143

186

140 | 811 ... 2

Punjab Vidhan Sabha Debates

11th March, 1987

Vol. V—No. 1

OFFICIAL REPORT

CONTENTS

Wednesday, the 11th March, 1987

PUNJAB VIDHAN SABHA SECRETARIAT, CHANDIGARH.

Price : Rs. 8.10

PUNJAB VIDHAN SABHA

Wednesday, the 11th March, 1987

The Vidhan Sabha met in the Punjab Vidhan Sabha Hall, Vidhan Bhawan, Chandigarh, at 4.30 p.m. Mr. Speaker (Sardar Surjit Singh Minhas) in the Chair.

OBITUARY REFERENCES

Mr. Speaker : Obituary references.

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਬੜੇ ਦੁੱਖ ਤੇ ਅਫਸੋਸ ਨਾਲ ਸ੍ਰੀ ਜੋਗਿੰਦਰ ਪਾਲ ਪਾਂਡੇ ਨੂੰ ਆਪਣੀ ਸਨਿਮਰ ਸ਼ਰਧਾਂਜਲੀ ਭੇਟ ਕਰਦਾ ਹਾਂ ਜਿਨ੍ਹਾਂ ਨੇ ਬੜੇ ਹੀ ਵਿਲੱਖਣ ਢੰਗ ਨਾਲ ਅਤੇ ਸ਼ਰਧਾ ਨਾਲ ਰਾਜ ਦੇ ਲੋਕਾਂ ਦੀ ਸੇਵਾ ਕੀਤੀ।

ਉਨ੍ਹਾਂ ਦਾ ਜਨਮ 9 ਮਈ, 1926 ਨੂੰ ਜਲੰਧਰ ਜ਼ਿਲ੍ਹੇ ਦੇ ਸ਼ੰਕਰ ਪਿੰਡ ਵਿਚ ਹੋਇਆ। ਉਥੋਂ ਆਪ ਲੁਧਿਆਣੇ ਚਲੇ ਗਏ ਅਤੇ ਛੋਟੀ ਉਮਰੇ ਹੀ ਰਾਜਨੀਤੀ ਵਿਚ ਕੁੱਦ ਪਏ। ਉਨ੍ਹਾਂ 1942 ਦੇ ਭਾਰਤ ਛੋੜੋ ਅੰਦੋਲਨ ਅਤੇ 1945 ਵਿਚ ਫਰੀਦਕੋਟ ਰਿਆਸਤ ਦੇ ਪ੍ਰਜਾ ਮੰਡਲ ਅੰਦੋਲਨ ਵਿਚ ਹਿੱਸ ਲਿਆ। ਸ੍ਰੀ ਪਾਂਡੇ ਕੁਝ ਸਮੇਂ ਸੋਸ਼ਲਿਸਟ ਪਾਰਟੀ ਦੀ ਲੁਧਿਆਣਾ ਜ਼ਿਲ੍ਹਾ ਦੀ ਬ੍ਰਾਂਚ ਦੇ ਸਕੱਤਰ ਵੀ ਰਹੇ। 1964 ਵਿਚ ਉਹ ਲੁਧਿਆਣਾ ਮਿਉਂਸੀਪਲ ਕਮੇਟੀ ਦੇ ਮੈਂਬਰ ਚੁਣੇ ਗਏ ਅਤੇ ਮਿਉਂਸੀਪਲ ਕਮੇਟੀ ਵਿਚ ਕਾਂਗਰਸ ਪਾਰਟੀ ਦੇ ਲੀਡਰ ਬਣੇ। 1969, 1972 ਅਤੇ 1980 ਵਿਚ ਉਹ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਸਨ।

1972 ਤੋਂ 1977 ਤੱਕ ਕਾਂਗਰਸ ਦੀ ਵਜ਼ਾਰਤ ਵਿਚ ਉਨ੍ਹਾਂ ਬਤੌਰ ਰਾਜ ਮੰਤਰੀ ਲੋਕ ਨਿਰਮਾਣ ਵਿਭਾਗ, ਟ੍ਰਾਂਸਪੋਰਟ, ਖੁਰਾਕ ਤੇ ਸਪਲਾਈ ਅਤੇ ਲੋਕ ਸੰਪਰਕ ਵਿਭਾਗਾਂ ਵਿਚ ਸੇਵਾ ਕੀਤੀ।

1980—83 ਤੱਕ ਕਾਂਗਰਸ ਦੀ ਵਜ਼ਾਰਤ ਸਮੇਂ ਉਹ ਸਿਹਤ ਅਤੇ ਲੋਕ ਸੰਪਰਕ ਵਿਭਾਗ ਦੇ ਮੰਤਰੀ ਰਹੇ।

ਸ੍ਰੀ ਪਾਂਡੇ ਅਸਾਧਾਰਨ ਤੇ ਉਤਮ ਗੁਣਾਂ ਨਾਲ ਵਰੋਸਾਏ ਸਨ ਅਤੇ ਉਨ੍ਹਾਂ ਨੂੰ ਜਮਹੂਰੀਅਤ, ਧਰਮ ਨਿਰਪੇਖਤਾ ਅਤੇ ਫਿਰਕੂ ਸਦਭਾਵਨਾ ਤੇ ਮੇਲ ਮਿਲਾਪ ਵਿਚ ਅਥਾਹ ਵਿਸ਼ਵਾਸ ਸੀ। ਮਿਤੀ 19 ਜਨਵਰੀ, 1987 ਵਿਚ ਆਤੰਕਵਾਦੀਆਂ ਹੱਥੋਂ ਹੋਏ ਉਨ੍ਹਾਂ ਦੇ ਕਤਲ ਨਾਲ ਰਾਜ ਪਾਸੋਂ ਇਕ ਸੁਘੜ ਨੀਤੀਵਾਨ, ਬੇਮਿਸਾਲ ਪਾਰਲੀਮੈਂਟੇਰੀਅਨ ਅਤੇ ਇਕ ਤਜਰਬੇਕਾਰ ਪ੍ਰਬੰਧਕ ਖੁਸ ਗਿਆ ਹੈ। ਇਹ ਬੜੇ ਅਫਸੋਸ ਦੀ ਗੱਲ ਹੈ, ਸਪੀਕਰ ਸਾਹਿਬ, ਉਹ ਆਤੰਕਵਾਦੀਆਂ ਦੇ ਹੱਥੋਂ ਆਪਣੇ ਹੀ ਸ਼ਹਿਰ ਵਿਚ ਮਾਰੇ ਗਏ। ਐਸੇ ਲੋਕ ਸ਼ਾਇਦ ਇਸ ਸਮੇਂ ਦੀ ਇੰਤਜ਼ਾਰ ਵਿਚ ਸਨ। ਜਦੋਂ ਉਨ੍ਹਾਂ ਨੂੰ ਮੌਕਾ ਮਿਲਿਆ, ਉਨ੍ਹਾਂ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ। ਇਸ ਤਰ੍ਹਾਂ ਇਕ ਬਹੁਤ ਅੱਛੇ ਦੇਸ਼ਭਗਤ ਸਾਡੇ ਪਾਸੋਂ ਵਿਛੜ ਗਏ।

[ਮੁੱਖ ਮੰਤਰੀ]

ਇਸੇ ਤਰ੍ਹਾਂ ਮੈਂ, ਸਪੀਕਰ ਸਾਹਿਬ, ਸਰਦਾਰ ਚੰਨਣ ਸਿੰਘ ਧੂਤ ਨੂੰ ਬੜੇ ਦੁੱਖ ਨਾਲ ਆਪਣੀ ਆਦਰਭਰੀ ਸ਼ਰਧਾਂਜਲੀ ਭੇਟ ਕਰਦਾ ਹਾਂ ਜਿਨ੍ਹਾਂ ਨੂੰ ਆਤੰਕਵਾਦੀਆਂ ਨੇ ਮਿਤੀ 15 ਫਰਵਰੀ, 1987 ਨੂੰ ਜਾਨੋਂ ਮਾਰ ਦਿੱਤਾ ਸੀ।

ਉਸ ਸਮੇਂ ਦੀ ਕਪੂਰਥਲਾ ਰਿਆਸਤ ਦੇ ਪਿੰਡ ਧੂਤ ਕਲਾਂ ਵਿਚ 1912 ਵਿਚ ਉਨ੍ਹਾਂ ਦਾ ਜਨਮ ਹੋਇਆ। ਸਰਦਾਰ ਚੰਨਣ ਸਿੰਘ ਧੂਤ ਨੇ ਸੁਤੰਤਰਤਾ ਦੀ ਲੜਾਈ ਵਿਚ ਹਿੱਸਾ ਲਿਆ ਅਤੇ ਕਈ ਵਾਰ ਜੇਲ੍ਹ ਗਏ। ਉਹ 5 ਸਾਲ ਤੱਕ ਰੂਪੋਸ਼ ਵੀ ਰਹੇ ਸਨ। ਉਨ੍ਹਾਂ ਨੇ ਸਾਬਕਾ ਕਪੂਰਥਲਾ ਰਿਆਸਤ ਵਿਚ ਮਾਲੀਏ ਵਿਚ ਕਮੀ ਕਰਨ ਦੇ ਅੰਦੋਲਨ ਵਿਚ ਸਰਗਰਮ ਹਿੱਸਾ ਲਿਆ ਸੀ ਅਤੇ 1938 ਵਿਚ ਉਨ੍ਹਾਂ ਹਰਸਾ ਛੀਨਾ ਵਿਖੇ ਕਿਸਾਨ ਮੋਰਚੇ ਵਿਚ ਵੀ ਭਾਗ ਲਿਆ ਸੀ। ਉਹ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਅਤੇ ਇਸੇ ਪਾਰਟੀ ਦੇ ਹੁਸ਼ਿਆਰਪੁਰ ਜ਼ਿਲ੍ਹਾ ਯੂਨਿਟ ਦੇ ਸਕੱਤਰ ਰਹੇ ਸਨ। ਉਹ 1952 ਵਿਚ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ ਅਤੇ 1957 ਤੱਕ ਇਸ ਦੇ ਮੈਂਬਰ ਰਹੇ।

ਸ੍ਰੀ ਧੂਤ ਨੇ ਆਪਣੇ ਜੀਵਨ ਦੌਰਾਨ ਸਮਾਜ ਦੇ ਲਿਤਾੜੇ ਸ਼ੋਸ਼ਿਤ ਵਰਗਾਂ ਦੇ ਲੋਕਾਂ ਦੀ ਬਿਹਤਰੀ ਲਈ ਲਗਾਤਾਰ ਕੰਮ ਕੀਤਾ। ਪਿਛਲੇ ਸਾਲਾਂ ਦੌਰਾਨ ਉਨ੍ਹਾਂ ਨੇ ਅਤਿਵਾਦੀ ਅਤੇ ਰਾਸ਼ਟਰ ਵਿਰੋਧੀ ਅਨਸਰਾਂ ਦੁਆਰਾ ਰਾਜ ਵਿਚ ਸ਼ੁਰੂ ਕੀਤੀ ਅਹਿੰਸਾ ਦਾ ਡਟ ਕੇ ਵਿਰੋਧ ਕੀਤਾ ਅਤੇ ਰਾਜ ਵਿਚ ਫਿਰਕੂ ਸਦਭਾਵਨਾ ਅਤੇ ਸ਼ਾਂਤੀ ਬਣਾਈ ਰੱਖਣ ਲਈ ਕੰਮ ਕੀਤਾ ਸੀ। ਜਲੰਧਰ ਵਿਖੇ ਸਰਬ-ਪਾਰਟੀ ਕਨਵੈਨਸ਼ਨ ਵਿਚ ਹਿੱਸਾ ਲੈਣ ਉਪਰੰਤ ਆਪਣੇ ਪਿੰਡ ਆਉਂਦੇ ਸਮੇਂ ਅਤਿਵਾਦੀਆਂ ਹੱਥੋਂ ਹੋਈ ਉਨ੍ਹਾਂ ਦੀ ਮੌਤ ਨਾਲ ਰਾਜ ਪਾਸੋਂ ਇਕ ਸੁਹਿਰਦ ਵਤਨਪਰਸਤ, ਇਕ ਸਮਰਪਿਤ ਸੇਵਕ ਅਤੇ ਗਰੀਬਾਂ ਦਾ ਇਕ ਮੁਜਾਹਦ ਖੁਸ ਗਿਆ ਹੈ। ਇਸ ਤਰ੍ਹਾਂ ਦੀਆਂ ਹਿੰਸਕ ਕਾਰਵਾਈਆਂ ਦਾ ਉਹ ਲੋਕ ਸ਼ਿਕਾਰ ਹੋ ਗਏ। ਉਨ੍ਹਾਂ ਨੇ ਹਿੰਸਾ ਦੇ ਖਿਲਾਫ ਆਵਾਜ਼ ਉਠਾਈ । ਧੂਤ ਜੀ ਵੀ ਉਨ੍ਹਾਂ ਮਹਾਨ ਬੰਦਿਆਂ ਵਿਚੋਂ ਸਨ ਜਿਨ੍ਹਾਂ ਨੇ ਹਿੰਸਾ ਦੇ ਖਿਲਾਫ ਪੰਜਾਬ ਵਿਚ ਪੁਰਅਮਨ ਤਰੀਕੇ ਨਾਲ ਆਵਾਜ਼ ਉਠਾਈ। ਅਤਿਵਾਦੀਆਂ ਹੱਥੋਂ ਉਨ੍ਹਾਂ ਦੀ ਮੌਤ ਹੋਈ, ਇਹ ਦੁਰਭਾਗੀ ਗੱਲ ਹੈ।

ਸਪੀਕਰ ਸਾਹਿਬ, ਮੈਂ ਆਪਣੀ ਸ਼ਰਧਾਂਜਲੀ ਵੈਦ ਰਾਮ ਦਿਆਲ ਨੂੰ ਵੀ ਭੇਟ ਕਰਦਾ ਹਾਂ। ਉਨ੍ਹਾਂ ਦਾ ਜਨਮ 1911 ਵਿਚ ਹੋਇਆ। ਉਹ ਇਕ ਮਹਾਨ ਦੇਸ਼ ਭਗਤ ਸਨ ਅਤੇ ਵਿਦੇਸ਼ੀ ਹਕੂਮਤ ਤੋਂ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਉਹ ਬੜੀ ਬਹਾਦਰੀ ਨਾਲ ਲੜੇ। ਉਹ ਕੁਝ ਸਮਾਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਵੀ ਰਹੇ। ਉਹ ਪਹਿਲਾਂ 1953 ਵਿਚ ਅਤੇ ਫਿਰ 1957 ਵਿੱਚ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ। ਰਾਸ਼ਟਰੀ ਅੰਦੋਲਨ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਭਾਰਤ ਸਰਕਾਰ ਦੁਆਰਾ ਉਨ੍ਹਾਂ ਨੂੰ 'ਤਾਮਰ ਪੱਤਰ' [illegible] ਪ੍ਰਦਾਨ ਕੀਤਾ ਗਿਆ ਸੀ। ਉਨ੍ਹਾਂ ਦੀ ਮੌਤ ਨਾਲ ਅਸੀਂ ਇਕ ਸਰਗਰਮ ਸੁਤੰਤਰਤਾ ਸੰਗਰਾਮੀ ਅਤੇ ਸਮਾਜ ਸੇਵਕ ਤੋਂ ਵਾਂਝੇ [illegible] ਗਏ ਹਾਂ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਗਰੀਬਾਂ ਤੇ ਲਿਤਾੜੇ ਲੋਕਾਂ ਦੇ ਲੇਖੇ ਲਾ ਦਿੱਤੀ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ (ਮੁਕਤਸਰ): ਸਪੀਕਰ ਸਾਹਿਬ, ਮੈਂ ਲੀਡਰ ਆਫ਼ ਦੀ ਹਾਊਸ ਦੀਆਂ ਭਾਵਨਾਵਾਂ ਨਾਲ ਸਹਿਮਤ ਹਾਂ ਅਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹਾਂ। ਸ੍ਰੀ ਜੋਗਿੰਦਰ ਪਾਲ ਪਾਂਡੇ ਦਾ ਜਨਮ 9 ਮਈ, 1926 ਨੂੰ ਪਿੰਡ ਸ਼ੰਕਰ, ਜ਼ਿਲ੍ਹਾ ਜਲੰਧਰ ਵਿਚ ਹੋਇਆ। ਉਹ ਛੋਟੀ ਉਮਰ ਤੋਂ ਹੀ ਰਾਜਨੀਤੀ ਵਿੱਚ ਸਰਗਰਮ ਰਹੇ। ਉਹ ਕਾਂਗਰਸ (ਆਈ) ਦੇ ਹਰਮਨ

ਪਿਆਰੇ ਨੇਤਾ ਸਨ। ਉਨ੍ਹਾਂ ਨੇ 1940-41 ਵਿੱਚ ਵਿਉਪਾਰ ਮੰਡਲ ਦੇ ਅੰਦੋਲਨ ਵਿੱਚ ਭਾਗ ਲਿਆ ਅਤੇ ਬਾਅਦ ਵਿੱਚ ਉਨ੍ਹਾਂ ਨੇ 1946 ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਦੀ ਗ੍ਰਿਫਤਾਰੀ ਤੋਂ ਬਅਦ ਫਰੀਦਕੋਟ ਵਿਖੇ ਵੱਡੇ ਸਤਿਆਗ੍ਰਹਿ ਵਿੱਚ ਹਿੱਸਾ ਲਿਆ। ਉਨ੍ਹਾਂ ਨੇ ਕਾਂਗਰਸ ਪਾਰਟੀ ਵਿੱਚ ਵੱਖ ਵੱਖ ਅਹੁਦਿਆਂ ਤੇ ਕੰਮ ਕੀਤਾ। ਉਹ 1953 ਸੋਸ਼ਲਿਸਟ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਪਾਰਟੀ ਦੇ ਸਕੱਤਰ ਬਣੇ। ਉਹ 1955 ਤੋਂ 1960 ਤੱਕ ਯੂਨਾਈਟਿਡ ਕਿੰਗਡਮ ਵਿੱਚ ਰਹੇ ਅਤੇ ਵਾਪਸ ਆ ਕੇ ਉਨ੍ਹਾਂ ਨੇ ਕਾਂਗਰਸ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਹ 1972 ਵਿਚ ਬਣਾਈ ਗਈ ਗੁਰੂ ਗੋਬਿੰਦ ਸਿੰਘ ਮਾਰਗ ਕਮੇਟੀ ਦੇ ਸਭਾਪਤੀ ਸਨ। ਉਹ ਦਯਾ ਨੰਦ ਮੈਡੀਕਲ ਕਾਲਜ, ਲੁਧਿਆਣਾ ਦੀ ਪ੍ਰਬੰਧਕੀ ਬਾਡੀ ਦੇ ਮੈਂਬਰ ਸਨ। ਉਹ ਗਾਂਧੀ ਨੇਚਰ ਕਿਉਰ ਹਸਪਤਾਲ, ਗਾਂਧੀ ਧਾਮ, ਫਿਲੌਰ ਦੇ ਸਭਾਪਤੀ ਸਨ। ਉਹ ਗੁਰੂ ਗੋਬਿੰਦ ਸਿੰਘ ਟਰੱਸਟ, ਚੰਡੀਗੜ੍ਹ ਦੇ ਬਾਨੀ ਮੈਂਬਰ ਸਨ। ਉਨ੍ਹਾਂ ਨੂੰ ਦਸੰਬਰ, 1978 ਵਿੱਚ ਸ੍ਰੀਮਤੀ ਇੰਦਰਾ ਗਾਂਧੀ ਦੇ ਗਿਫਤਾਰ ਕੀਤੇ ਜਾਣ ਤੇ ਲੁਧਿਆਣਾ ਵਿਖੇ ਸਤਿਆਗ੍ਰਹਿ ਕਰਨ ਕਰਕੇ ਗ੍ਰਿਫਤਾਰ ਕੀਤਾ ਗਿਆ ਅਤੇ ਉਹ 70 ਦਿਨਾਂ ਲਈ ਜੇਲ੍ਹ ਵਿੱਚ ਰਹੇ। ਉਹ 1969 ਵਿੱਚ ਮੱਧਕਾਲੀ ਚੋਣਾਂ ਵਿੱਚ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਉਹ ਦੁਬਾਰਾ ਫਿਰ 1972 ਅਤੇ 1980 ਵਿੱਚ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ। ਉਹ 1972 ਤੋਂ 1977 ਤਕ ਗਿਆਨੀ ਜ਼ੈਲ ਸਿੰਘ ਦੇ ਮੰਤਰੀ ਮੰਡਲ ਵਿੱਚ ਅਤੇ 1980 ਤੋਂ 1983 ਤਕ ਸਰਦਾਰ ਦਰਬਾਰਾ ਸਿੰਘ ਦੇ ਮੰਤਰੀ ਮੰਡਲ ਵਿੱਚ ਮੰਤਰੀ ਰਹੇ। ਟੈਰੋਰਿਸਟਸ ਨੇ 19 ਜਨਵਰੀ, 1987 ਨੂੰ ਲੁਧਿਆਣਾ ਵਿਖੇ ਉਨ੍ਹਾਂ ਨੂੰ ਕਤਲ ਕਰ ਦਿੱਤਾ। ਸਪੀਕਰ ਸਾਹਿਬ, ਉਨ੍ਹਾਂ ਦਾ ਜਿਸ ਦਿਨ ਸੰਸਕਾਰ ਹੋਇਆ ਉਸ ਵੇਲੇ ਮੇਰਾ ਖਿਆਲ ਹੈ ਕਿ ਕੋਈ ਐਸਾ ਆਦਮੀ ਨਹੀਂ ਹੋਵੇਗਾ ਜਿਹੜਾ ਉਨ੍ਹਾਂ ਦੇ ਸੰਸਕਾਰ ਤੇ ਨਾ ਪਹੁੰਚਿਆ ਹੋਵੇ ਹਾਲਾਂਕਿ ਉਸ ਦਿਨ ਉਥੇ ਕਰਫਿਊ ਲਾਇਆ ਗਿਆ ਔਰ ਕਈ ਕਿਸਮ ਦੇ ਹਾਦਸੇ ਹੋਏ ਲੇਕਿਨ ਲੋਕਾਂ ਨੇ ਆਪਣੇ ਦੁੱਖ ਦਾ ਇਜ਼ਹਾਰ ਉਥੇ ਕੀਤਾ ਕਿਉਂਕਿ ਹਸੂ ਹਸੂ ਕਰਦਾ ਚਿਹਰਾ ਹਮੇਸ਼ਾਂ ਲਈ ਖ਼ਤਮ ਕਰ ਦਿੱਤਾ ਗਿਆ।

ਕਾਮਰੇਡ ਚੰਨਣ ਸਿੰਘ ਧੂਤ 1952 ਤੋਂ 1957 ਤਕ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ। ਉਨ੍ਹਾਂ ਨੇ ਟਾਂਡਾ ਵਿਧਾਨ ਸਭਾ ਚੋਣ ਹਲਕੇ ਦੀ ਪ੍ਰਤੀਨਿਧਤਾ ਕੀਤੀ। ਉਹ ਪੰਜਾਬ ਵਿਧਾਨ ਸਭਾ ਵਿਚ ਕਮਿਊਨਿਸਟ ਗਰੁੱਪ ਦੇ ਨੇਤਾ ਸਨ। ਕਾਮਰੇਡ ਚੰਨਣ ਸਿੰਘ ਧੂਤ ਦੀ ਦਰਦਨਾਕ ਮੌਤ ਨਾਲ, ਕਿਉਂਕਿ ਇਹ ਵੀ ਟੈਰੋਰਿਸਟਸ ਦੇ ਹੱਥੋਂ ਮਾਰੇ ਗਏ, ਪੰਜਾਬ ਇਕ ਤਜਰਬੇਕਾਰ ਸੁਤੰਤਰਤਾ ਸੰਗਰਾਮੀ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਨੇ ਆਪਣਾ ਬਹੁਤ ਸਾਰਾ ਜੀਵਨ ਕਿਸਾਨ ਵਰਗ ਅਤੇ ਆਜ਼ਾਦੀ ਦੇ ਸੰਗਰਾਮ ਲਈ ਕੁਰਬਾਨ ਕਰ ਦਿੱਤਾ। ਉਹ 1930 ਵਾਲੇ ਦਹਾਕੇ ਦੇ ਸ਼ੁਰੂ ਸ਼ੁਰੂ ਵਿੱਚ ਸੰਯੁਕਤ ਕਮਿਊਨਿਸਟ ਪਾਰਟੀ ਆਫ ਇੰਡੀਆ ਅਤੇ ਬਾਅਦ ਵਿੱਚ ਕਮਿਊਨਿਸਟ ਪਾਰਟੀ (ਮਾਰਕਸ-ਵਾਦੀ) ਵਿੱਚ ਵੀ ਮੋਹਰੀ ਰਹੇ। ਉਨ੍ਹਾਂ ਨੇ ਪਾਰਟੀ ਦੁਆਰਾ ਕਿਸਾਨ ਵਰਗ ਦੀਆਂ ਮੁਸ਼ਕਲਾਂ ਹੱਲ ਕਰਵਾਉਣ ਲਈ ਸ਼ੁਰੂ ਕੀਤੇ ਗਏ ਲਗਭਗ ਸਾਰੇ ਅੰਦੋਲਨਾਂ ਵਿਚ ਹਿੱਸਾ ਲਿਆ। ਉਨ੍ਹਾਂ ਨੇ 'ਖੁਸ਼-ਹੈਸੀਅਤੀ ਕਰ' ਮੋਰਚੇ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ। ਉਹ 15 ਫਰਵਰੀ, 1987 ਨੂੰ ਟੈਰੋਰਿਸਟਾਂ ਦੇ ਹੱਥੋਂ ਮਾਰੇ ਗਏ।

ਵੈਦ ਰਾਮ ਦਿਆਲ, ਸਾਬਕਾ ਐਮ.ਐਲ.ਏ. ਦਾ ਜਨਮ 1911 ਵਿਚ ਹੋਇਆ। ਉਨ੍ਹਾਂ ਨੇ ਆਜ਼ਾਦੀ ਦੇ ਸੰਗ੍ਰਾਮ ਅਤੇ ਭਾਰਤ ਛੋੜੋ ਅੰਦੋਲਨ ਵਿਚ ਸਰਗਰਮ ਹਿੱਸਾ ਲਿਆ। ਕੁਝ ਸਮੇਂ ਲਈ ਉਹ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਹੇ। ਉਹ 1953 ਵਿਚ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ। 1957 ਵਿਚ ਉਹ ਦੁਬਾਰਾ ਸਿਰਸਾ ਆਮ ਚੋਣ ਹਲਕੇ ਤੋਂ ਪੰਜਾਬ ਵਿਧਾਨ

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਸਭਾ ਲਈ ਚੁਣੇ ਗਏ ਸਨ। ਉਨ੍ਹਾਂ ਨੂੰ ਭਾਰਤ ਸਰਕਾਰ ਵਲੋਂ ਸੁਤੰਤਰਤਾ ਸੰਗਰਾਮੀ ਦੇ ਤੌਰ ਤੇ 'ਤਾਮਰ ਪੱਤਰ' ਨਾਲ ਸਨਮਾਨਤ ਕੀਤਾ ਗਿਆ ਸੀ। ਉਹ 2 ਜਨਵਰੀ, 1987 ਨੂੰ ਅਕਾਲ ਚਲਾਣਾ ਕਰ ਗਏ। ਉਹ 77 ਵਰ੍ਹਿਆਂ ਦੇ ਕਰੀਬ ਉਮਰ ਦੇ ਸਨ।

ਮੈਂ ਆਪਣੀ ਔਰ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੀ ਹਾਂ ਅਤੇ ਲੀਡਰ ਆਫ਼ ਦੀ ਹਾਊਸ ਦੀਆਂ ਭਾਵਨਾਵਾਂ ਨਾਲ ਆਪਣੀ ਸਹਿਮਤੀ ਪ੍ਰਗਟ ਕਰਦੀ ਹਾਂ।

ਸ੍ਰੀ ਰਾਧਾ ਕ੍ਰਿਸ਼ਨ (ਫਾਜ਼ਿਲਕਾ): ਸਪੀਕਰ ਸਾਹਿਬ, ਮੈਂ ਵੀ ਆਪਣੀ ਪਾਰਟੀ ਵਲੋਂ ਸ਼ਰਧਾਂਜਲੀ ਦੇਣ ਲਈ ਅਤੇ ਇਸ ਸ਼ੋਕ ਪ੍ਰਸਤਾਵ ਦੀ ਸਹਿਮਤੀ ਲਈ ਖੜਾ ਹੋਇਆਂ। ਸ੍ਰੀ ਜੋਗਿੰਦਰ ਪਾਲ ਪਾਂਡੇ ਜੀ ਦਾ ਕਤਲ ਜਿਸ ਤਰ੍ਹਾਂ ਔਰ ਜਿਸ ਸ਼ਹਿਰ ਵਿਚ ਕੀਤਾ ਗਿਆ ਹੈ ਉਸ ਨੂੰ ਸਾਹਮਣੇ ਰਖਦੇ ਹੋਏ ਸਾਡੇ ਸਾਰਿਆਂ ਦਾ ਇਹ ਫਰਜ਼ ਬਣ ਜਾਂਦਾ ਹੈ ਕਿ ਇਸ ਕਿਸਮ ਦੇ ਕਤਲਾਂ ਨੂੰ ਰੋਕਿਆ ਜਾਏ। ਪਾਂਡੇ ਸਾਹਿਬ ਇਕ ਮਸ਼ਹੂਰ ਲੀਡਰ ਵੀ ਸਨ ਅਤੇ ਉਹ ਵਜ਼ੀਰ ਵੀ ਰਹਿ ਚੁਕੇ ਸਨ। ਲੁਧਿਆਣਾ ਕਾਫੀ ਵੱਡਾ ਸ਼ਹਿਰ ਹੈ ਉਥੇ ਪਿਛੇ ਜਿਹੇ ਸੀ.ਐਮ. ਸਾਹਿਬ ਅਤੇ ਸਾਰੀਆਂ ਪਾਰਟੀਆਂ ਨੇ ਇਕ ਮੀਟਿੰਗ ਕੀਤੀ ਸੀ। ਇਹ ਇਕ ਐਸਾ ਕਦਮ ਹੈ ਕਿ ਇਸ ਕਿਸਮ ਦੇ ਕਤਲਾਂ ਨੂੰ ਰੋਕਿਆ ਜਾ ਸਕੇ। ਇਸ ਦੇ ਨਾਲ ਹੀ ਸਰਕਾਰ ਨੂੰ ਜਿਹੜੇ ਹੋਰ ਆਪਣੇ ਫਰਜ਼ ਪੂਰੇ ਕਰਨੇ ਚਾਹੀਦੇ ਹਨ ਉਹ ਮੈਂ ਕਿਸੇ ਹੋਰ ਮੌਕੇ ਤੇ ਅਰਜ਼ ਕਰਾਂਗਾ। ਮੈਂ ਕਹਿੰਦਾ ਹਾਂ ਕਿ ਸਾਡੀ ਸਾਰੀ ਪਾਰਟੀ ਨੂੰ ਇਸ ਗਲ ਦਾ ਬੜਾ ਦੁੱਖ ਹੈ ਕਿ ਇਹ ਇਕ ਪੰਜਾਬ ਵਿਚ ਘਿਨਾਉਣੀ ਗਲ ਹੋਈ ਹੈ। ਸਾਡੇ ਕੋਲੋਂ ਇਕ ਇਸ ਕਿਸਮ ਦਾ ਲੀਡਰ ਚਲਾ ਗਿਆ ਹੈ ਜਿਸ ਕੋਲ ਗਰੀਬ ਤੋਂ ਗਰੀਬ ਆਦਮੀ ਸਿਧੇ ਤੌਰ ਤੇ ਜਾ ਸਕਦਾ ਸੀ ਔਰ ਆਪਣੇ ਕੰਮ ਕਰਵਾ ਸਕਦਾ ਸੀ। ਉਹ ਉਨ੍ਹਾਂ ਦੀ ਸਾਰੀ ਗਲ ਸੁਣ ਕੇ, ਸਮਝ ਕੇ ਜੋ ਵੀ ਉਸ ਦਾ ਸਹੀ ਹਲ ਹੁੰਦਾ ਸੀ ਉਹ ਕੱਢਦਾ ਸੀ। ਇਸ ਕਿਸਮ ਦੇ ਲੀਡਰ ਦੇ ਅਕਾਲ ਚਲਾਣਾ ਕਰਨ ਦਾ ਸਾਡੇ ਸਾਰਿਆਂ ਨੂੰ ਦੁੱਖ ਹੈ।

ਕਾਮਰੇਡ ਚੰਨਣ ਸਿਘ ਧੂਤ ਵੀ ਇਕ ਪੁਲੀਟੀਕਲ ਲੀਡਰ ਸਨ। ਉਨ੍ਹਾਂ ਦੀ ਵਿਚਾਰ ਧਾਰਾ ਭਾਵੇਂ ਕੁਝ ਵੀ ਹੋਵੇ ਪਰ ਉਹ ਵੀ ਪਬਲਿਕ ਵਿਚ ਕੰਮ ਕਰਦੇ ਸਨ। ਉਹ ਵੀ ਐਮ.ਐਲ.ਏ. ਸਨ ਅਤੇ ਉਨ੍ਹਾਂ ਦਾ ਵੀ ਪਬਲਿਕ ਨਾਲ ਤੁਅੱਲਕ ਹੁੰਦਾ ਸੀ। ਉਹ ਆਪਣੇ ਆਪ ਨੂੰ ਘਰ ਵਿਚ ਬੰਦ ਕਰਕੇ ਨਹੀਂ ਰਖ ਸਕਦੇ ਸਨ। ਉਨ੍ਹਾਂ ਨੇ ਵੀ ਲੋਕਾਂ ਵਿਚ ਫੰਕਸ਼ਨਜ਼ ਕਰਨੇ ਹੁੰਦੇ ਸਨ, ਲੋਕਾਂ ਵਿਚ ਜਾਣਾ ਹੁੰਦਾ ਸੀ। ਪਰ ਸਾਡੇ ਇਸ ਸਮੇਂ ਜਿਹੜਾ ਮਾਹੌਲ ਹੈ ਉਸਨੂੰ ਬਦਲਣ ਵਾਸਤੇ ਕਿਸੇ ਲਾਗ ਲਪੇਟ ਤੋਂ ਬਗੈਰ ਕਾਰਵਾਈ ਕਰਨੀ ਚਾਹੀਦੀ ਹੈ ਤਾਕਿ ਪੰਜਾਬ ਨੂੰ ਬਚਾਇਆ ਜਾ ਸਕੇ।

ਸ੍ਰੀ ਰਾਮ ਦਿਆਲ ਜੀ ਤਲਵਾਲੀ ਦੇ ਰਹਿਣ ਵਾਲੇ ਸਨ। ਉਹ ਬੜੇ ਪੁਰਾਣੇ ਫਰੀਡਮ ਫਾਈਟਰ ਸਨ। ਉਨ੍ਹਾਂ ਦੀ ਮੌਤ ਕੁਦਰਤੀ ਤੌਰ ਤੇ ਹੋਈ, ਜ਼ਿਆਦਾ ਉਮਰ ਕਰਕੇ, ਜਿਸ ਤਰ੍ਹਾਂ ਈਸ਼ਵਰ ਨੇ ਬੁਲਾ ਲਿਆ ਹੋਵੇ। ਜਿਸ ਤਰ੍ਹਾਂ ਲੀਡਰ ਆਫ ਦੀ ਹਾਊਸ ਅਤੇ ਮਿਸਿਜ਼ ਬਰਾੜ ਨੇ ਦਸਿਆ ਹੈ ਉਹ ਪੁਰਾਣੇ ਘੁਲਾਟੀਏ ਸਨ ਅਤੇ ਖਾਸ ਤਰ ਤੇ ਜਿਹੜੀ ਗਰੀਬ ਮੁਜ਼ਾਹਰਿਆਂ ਨੇ ਮੂਵਮੈਂਟ ਕੀਤੀ ਸੀ ਉਸ ਵਿਚ ਕਈ ਵਾਰੀ ਜੇਲ੍ਹਾਂ ਕਟੀਆਂ।

ਮੈਂ ਆਪਣੀ ਪਾਰਟੀ ਵਲੋਂ ਇਨ੍ਹਾਂ ਸਾਰੇ ਚਲਾਣਾ ਕਰਨ ਵਾਲਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਸਾਡੇ ਇਸ ਥੋੜ੍ਹੇ ਸਮੇਂ ਵਿਚ ਸਾਡੇ ਤਿੰਨ ਜਿਹੜੇ ਵਿਧਾਨ ਸਭਾ ਮੈਂਬਰ ਰਹਿ ਚੁੱਕੇ ਹਨ ਉਹ ਸਾਡੇ ਤੋਂ ਵਿਛੜ ਗਏ ਹਨ। ਲੀਡਰ ਆਫ ਦੀ ਹਾਊਸ ਨੇ ਜੋ ਸ਼ੋਕ ਪ੍ਰਸਤਾਵ ਪੇਸ਼ ਕੀਤਾ ਹੈ ਅਸੀਂ ਉਸ ਦੇ ਨਾਲ ਸਹਿਮਤ ਹਾਂ। ਸ੍ਰੀ ਜੋਗਿੰਦਰ ਪਾਲ ਪਾਂਡੇ, ਜਿਨ੍ਹਾਂ ਦੀ ਉਮਰ ਕਰਕੇ ਮੈਂ ਨਹੀਂ ਜਾਣਦਾ, ਉਹ ਦੇਸ਼ ਦੀ ਆਜ਼ਾਦੀ ਦੀ ਸੁਤੰਤਰਤਾ ਸੰਗਰਾਮ ਦੇ ਘੁਲਾਈਏ ਸਨ। ਉਨ੍ਹਾਂ ਨੇ ਸਾਰਾ ਜੀਵਨ ਦੇਸ਼ ਦੀ ਖਾਤਰ ਲਾਇਆ। ਉਨ੍ਹਾਂ ਦੀ ਘਿਨਾਉਣੇ ਢੰਗ ਨਾਲ ਹੱਤਿਆ ਕੀਤੀ ਗਈ ਇਸ ਦਾ ਮੈਨੂੰ ਬਹੁਤ ਦੁੱਖ ਹੈ। ਇਹ ਸਾਡੇ ਦੇਸ਼ ਨੂੰ , ਸਾਡੀ ਕੌਮ ਨੂੰ ਇਕ ਚੈਲੰਜ ਹੈ ਜਿਸ ਨਾਲ ਅਸੀਂ ਲੜ ਰਹੇ ਹਾਂ।

ਕਾਮਰੇਡ ਚੰਨਣ ਸਿੰਘ ਧੂਤ ਸਾਥੋਂ ਵਿੱਛੜ ਗਏ ਹਨ। ਉਨ੍ਹਾਂ ਦਾ ਸਾਰਾ ਜੀਵਨ ਸੰਘਰਸ਼ ਨਾਲ ਭਰਿਆ ਪਿਆ ਹੈ। ਪਹਿਲਾਂ ਦੇਸ਼ ਨੂੰ ਸੁਤੰਤਰ ਕਰਾਉਣ ਲਈ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਪਾਇਆ, ਫਿਰ ਵਿਧਾਨ ਸਭਾ ਵਿਚ ਸੰਨ 1952 ਤੋਂ 1957 ਤੱਕ ਆਪਣੀ ਪਾਰਟੀ ਦੇ ਅਸੈਂਬਲੀ ਗਰੁੱਪ ਦੇ ਲੀਡਰ ਰਹੇ ਅਤੇ ਪਾਰਟੀ ਦੇ ਮੁਫਾਦ ਲਈ ਲੜਦੇ ਰਹੇ। ਉਸ ਤੋਂ ਬਾਦ ਦਬੇ ਕੁਚਲੇ ਕਿਸਾਨਾਂ ਲਈ, ਗਰੀਬ ਲੋਕਾਂ ਲਈ ਘੋਲ ਕਰਦੇ ਰਹੇ। ਇਹ ਸਾਮਰਾਜ਼ੀ ਸਕਤੀਆਂ ਦੀ ਨਵੀਂ ਚਾਲ ਜਿਹੜੀ ਵਿਦੇਸ਼ੀ ਤਾਕਤਾਂ ਦੇ ਸਿਰ ਤੇ ਦੇਸ਼ ਨੂੰ ਖੇਰੂੰ ਖੇਰੂੰ ਕਰ ਰਹੀਆਂ ਹਨ, ਉਨ੍ਹਾਂ ਦੇ ਖਿਲਾਫ ਉਨ੍ਹਾਂ ਨੂੰ ਦਬਾਉਣ ਲਈ 15 ਫਰਵਰੀ ਨੂੰ ਸਰਬ-ਪਾਰਟੀ ਕਨਵੈਨਸ਼ਨ ਸੀ, ਉਥੇ ਵੀ ਆਪਣੀ ਪਾਰਟੀ ਵੱਲੋਂ ਭਾਸ਼ਣ ਕਰਕੇ ਗਏ ਸਨ ਔਰ ਪਾਰਟੀ ਵਿਚ ਕਿਹਾ ਸੀ ਕਿ ਅਸੀਂ ਰਲ ਮਿਲ ਕੇ ਦੇਸ਼ ਵਿਚ ਇਕਸੁਰਤਾ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰੀਏ। ਉਹ ਇਹ ਮਸ਼ਵਰਾ ਦੇ ਕੇ ਗਏ ਸਨ ਔਰ ਜਾਂਦਿਆਂ ਹੋਇਆਂ ਉਨ੍ਹਾਂ ਨੂੰ ਗੋਲੀ ਮਾਰ ਦਿੱਤੀ ਗਈ ਔਰ ਉਹ ਸਾਥੋਂ ਵਿਛੜ ਗਏ।

ਵੈਦ ਰਾਮ ਦਿਆਲ ਜੀ ਪੁਰਾਣੇ ਦੇਸ਼ ਭਗਤ ਸਨ। ਜਿਵੇਂ ਕਿ ਦੱਸਿਆ ਹੈ, ਮੈਂ ਵੀ ਆਪਣੀ ਪਾਰਟੀ ਵਲੋਂ ਆਪਣੇ ਵੱਲੋਂ ਸ਼ਰਧਾਂਜਲੀ ਭੇਂਟ ਕਰਦਾ ਹਾਂ। ਸਪੀਕਰ ਸਾਹਿਬ, ਸਾਡੀ ਲੜਾਈ ਮੁੱਕੀ ਨਹੀਂ ਹੈ। ਸਾਡੇ ਦੋ ਸਾਥੀ, ਜੋਗਿੰਦਰ ਪਾਲ ਪਾਂਡੇ ਔਰ ਚੰਨਣ ਸਿੰਘ ਧੂਤ ਪਿੱਛੇ ਜਿਹੇ ਵਿੱਛੜ ਗਏ ਹਨ। ਲੇਕਿਨ ਸਾਨੂੰ ਦ੍ਰਿੜ੍ਹਤਾ ਨਾਲ ਮਿਲ ਕੇ ਉਸ ਲੜਾਈ ਦਾ ਮੁਕਾਬਲਾ ਕਰਨਾ ਚਾਹੀਦਾ ਹੈ ਜੋ ਕਿ ਵਿਦੇਸ਼ੀ ਤਾਕਤਾਂ ਵੱਲੋਂ ਛੇੜੀ ਹੋਈ ਹੈ। ਉਨ੍ਹਾਂ ਲੋਕਾਂ ਦਾ ਜੋ ਵਿਦੇਸ਼ੀ ਤਾਕਤਾਂ ਦੀ ਸ਼ਹਿ ਤੇ ਇਹ ਕੰਮ ਕਰ ਰਹੇ ਹਨ ਉਨ੍ਹਾਂ ਦਾ ਖੁਰਾ ਖੋਜ ਮਿਟਾਉਣ ਲਈ, ਜਿਸ ਤਰ੍ਹਾਂ ਕਿ ਮੁੱਖ ਮੰਤਰੀ ਜੀ ਨੇ ਧਿਆਨ ਦਿੱਤਾ ਹੈ, ਪੂਰਾ ਯਤਨ ਹੋਣਾ ਚਾਹੀਦਾ ਹੈ। ਮੈਂ ਵਿੱਛੜੀਆਂ ਰੂਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਦੇ ਸ਼ੋਕ ਮਤੇ ਦੀ ਤਾਈਦ ਭੈਣ ਗੁਰਬ੍ਰਿੰਦਰ ਕੌਰ ਜੀ ਨੇ ਕੀਤੀ ਹੈ। ਮੈਂ ਆਪਣੀ ਪਾਰਟੀ ਵਲੋਂ ਉਸ ਮਤੇ ਦੀ ਤਾਈਦ ਵਾਸਤੇ ਚੰਦ ਸ਼ਬਦ ਉਨ੍ਹਾਂ ਨੇਕ ਬੰਦਿਆਂ ਵਾਸਤੇ ਕਹਿਣਾ ਚਾਹੁੰਦਾ ਹਾਂ ਜਿਨ੍ਹਾਂ ਦੇ ਦਿਲੋ-ਦਿਮਾਗ ਆਜ਼ਾਦੀ ਦੀ ਕੀਮਤ ਜਾਣਦੇ ਸਨ, ਜਿਨ੍ਹਾਂ ਨੇ ਆਜ਼ਾਦੀ ਦੇ ਘੋਲ ਵਿਚ ਹਿੱਸਾ ਲਿਆ ਔਰ ਜਿਨ੍ਹਾਂ ਦੀ ਸ਼ਰਧਾ ਦੇਸ਼ ਦੀ ਪਰੰਪਰਾ, ਇਸ ਦੀ ਏਕਤਾ ਇਸ ਦੀ ਅਖੰਡਤਾ ਵਾਸਤੇ ਸੀ। ਉਨ੍ਹਾਂ ਸਾਰਿਆਂ ਲਈ ਜੋ ਸੁਤੰਤਰਤਾ ਸੰਗਰਾਮੀਏ ਸਨ ਔਰ ਜੋ ਦੂਸਰੇ ਲੋਕ ਉਨ੍ਹਾਂ ਲਈ ਹੋਰ ਸ਼ਬਦ ਇਸਤੇਮਾਲ ਕਰਦੇ ਹਨ, ਲੇਕਿਨ ਉਹ ਉਸ ਫੇਜ਼ ਵਿਚੋਂ ਨਹੀਂ ਲੰਘੇ ਜਦੋਂ ਕਿ ਦੇਸ਼ ਦੀ ਆਜ਼ਾਦੀ ਔਰ ਵਕਾਰ ਰੁਲ ਰਿਹਾ ਸੀ ਔਰ ਜਿਨ੍ਹਾਂ ਲੋਕਾਂ ਨੇ ਉਸ ਵੇਲੇ ਲੜਾਈ ਕੀਤੀ ਹੈ, ਉਨ੍ਹਾਂ ਦਾ ਮੁਕਾਮ ਬੁਲੰਦ ਹੈ। ਅੱਜ ਐਸੇ ਲੋਕ ਨਜ਼ਰਾਂ ਵਿਚੋਂ ਓਝਲ ਹੁੰਦੇ ਜਾ ਰਹੇ ਹਨ।

ਵੋਹ ਸੂਰਤੇਂ ਖੁਦਾਇਆ ਕਿਸ ਦੇਸ਼ ਬਸਤੀਆਂ ਹੈਂ,
ਅਬ ਦੇਖਨੇ ਕੋ ਜਿਨ ਕੇ ਅਖੀਆਂ ਤਰਸਤੀਆਂ ਹੈਂ।

[ਸਰਦਾਰ ਕਿਰਪਾਲ ਸਿੰਘ]

ਇਕ ਇਕ ਦੀ ਜ਼ਿੰਦਗੀ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਤੇ ਰੋਸ਼ਨੀ ਪਾਈ ਗਈ ਹੈ। ਜੋਗਿੰਦਰ ਪਾਲ ਪਾਂਡੇ ਮੇਰੇ ਨਿੱਜੀ, ਜ਼ਾਤੀ ਦੋਸਤਾਂ ਵਿਚੋਂ ਸਨ। ਉਨ੍ਹਾਂ ਨੇ ਜੀਵਨ ਜਾਂਚ ਸੋਸ਼ਲਿਸਟ ਅਦਾਰੇ ਵਿਚੋਂ ਆਪਣੀ ਜ਼ਿੰਦਗੀ ਵਿਚ ਲਈ ਜਿਨ੍ਹਾਂ ਦੇ ਮੋਹਰੀਆਂ ਵਿਚੋਂ ਸਨ ਆਚਾਰੀਆ ਨਰਿੰਦਰ ਦੇਵ ਸ੍ਰੀ ਜੇ.ਪੀ. ਨਰਾਇਣ, ਡਾਕਟਰ ਲੋਹੀਆ, ਜੂਸਫ ਮੇਹਰ ਅਲੀ ਵਗੈਰਾ। ਉਨ੍ਹਾਂ ਨੇ ਆਪਣੇ ਦੇਸ਼ ਨੂੰ ਸੁਹਣਾ ਬਣਾਉਣ ਦੀ ਕਸਮ ਖਾ ਕੇ ਕੰਮ ਸ਼ੁਰੂ ਕੀਤਾ ਸੀ। ਸਾਰੇ ਜੀਵਨ ਦੇ ਸੁੱਖ ਇਸ ਪਾਸੇ ਲਗਾ ਦਿੱਤੇ। ਵਿਦੇਸ਼ ਵਿਚ ਰਹਿੰਦਿਆਂ ਦੇਸ਼ ਨੂੰ ਨਹੀਂ ਭੁੱਲੇ ਔਰ ਗਰੀਬ ਦੀ ਰਖਵਾਲੀ ਹੁੰਦੀ ਸੀ ਔਰ ਉਨ੍ਹਾਂ ਦੀ ਗੱਲ ਸੁਣਦੇ ਸਨ। ਉਨ੍ਹਾਂ ਬੰਦਿਆਂ ਦੇ ਚਲੇ ਜਾਣ ਦਾ ਖਾਸ ਤੌਰ ਤੇ ਉਸ ਵਰਗ ਨੂੰ, ਜਿਨ੍ਹਾਂ ਦੀ ਸੁਣਵਾਈ ਹੁਣ ਨਹੀਂ ਹੁੰਦੀ, ਬਹੁਤ ਜ਼ਿਆਦਾ ਅਫਸੋਸ ਹੈ। ਜੋਗਿੰਦਰ ਪਾਲ ਪਾਂਡੇ ਆਪਣੀਆਂ ਸਿਫਤਾਂ ਦੇ ਕਾਬਲ ਸਨ ਉਨ੍ਹਾਂ ਦੀ ਇਹ ਨਾਗਹਾਨੀ ਮੌਤ ਇਕ ਐਸੀ ਗਲਤ ਗੱਲ ਹੈ ਜਿਸ ਦਾ ਕੋਈ ਸਿਰ-ਪੈਰ ਨਹੀਂ। ਜਿਹੜੇ ਜ਼ਿੰਦਗੀ ਦੇ ਵਿਚ ਅਸੂਲਾਂ ਤੇ ਚਲਣ ਵਾਲੇ ਸਨ ਅਜਿਹੇ ਉਦੇਸ਼ਾਂ ਦੇ ਮਹਾਂਪੁਰਸ਼ਾਂ ਨੂੰ ਕਤਲ ਕਰਨਾ ਠੀਕ ਨਹੀਂ। ਉਨ੍ਹਾਂ ਨੇ ਆਪਣੀ ਜਾਨ ਦੇ ਕੇ, ਆਪਣੀ ਸ਼ਹੀਦੀ ਦੇ ਕੇ ਇਹ ਦਸ ਦਿੱਤਾ ਕਿ ਉਹ ਕਿਸੇ ਤਰ੍ਹਾਂ ਵੀ ਇਨ੍ਹਾਂ ਅੱਤਵਾਦ ਦੇ ਅਸੂਲਾਂ ਨੂੰ ਮੰਨਣ ਨੂੰ ਤਿਆਰ ਨਹੀਂ ਸਨ ਜਿਸ ਦਾ ਇਸ ਵੇਲੇ ਪੰਜਾਬ ਵਿਚ ਪਰਚਾਰ ਹੋ ਰਿਹਾ ਹੈ ਅਤੇ ਉਸ ਕਾਰਨ ਪੰਜਾਬ ਦੇ ਹਾਲਾਤ ਵਿਗੜੇ ਹਨ। ਅਸੀਂ ਉਨ੍ਹਾਂ ਨੂੰ ਅੱਜ ਆਪਣੀ ਸ਼ਰਧਾ ਦੇ ਫੁਲ ਭੇਂਟ ਕਰਦੇ ਹਾਂ।

ਬਿਲਕੁਲ ਇਸੇ ਤਰ੍ਹਾਂ ਦੇ ਸਿਫਤ ਵਾਲੇ ਕਾਮਰੇਡ ਚੰਨਣ ਸਿੰਘ ਧੂਤ ਸਨ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਗਰੀਬ ਲੋਕਾਂ ਦੀ ਸੇਵਾ ਵਿਚ ਲਾ ਦਿੱਤੀ। ਵੈਦ ਰਾਮ ਦਿਆਲ, ਜਿਨ੍ਹਾਂ ਨੂੰ ਮੈਂ ਜ਼ਾਤੀ ਤੌਰ ਤੇ ਜਾਣਦਾ ਹਾਂ, ਉਨ੍ਹਾਂ ਨੇ ਆਪਣਾ ਜੀਵਨ ਬਹੁਤ ਸੰਘਰਸ਼ਮਈ ਬਿਤਾਇਆ। ਉਹ ਹਰਿਆਣੇ ਦੇ ਦੋ ਵੱਡੇ ਨੇਤਾਵਾਂ ਵਿਚੋਂ ਗਿਣੇ ਜਾਂਦੇ ਸਨ। ਉਹ ਪਾਲਿਟਿਕਸ ਦੇ ਗਹਿਮਾ ਗਹਿਮੀ ਅਤੇ ਹਮਾ-ਹਮੀ ਰੱਖਣ ਵਾਲੇ ਸਜਣ ਮੰਨੇ ਜਾਂਦੇ ਸਨ। ਉਨ੍ਹਾਂ ਨੇ ਆਪਣੇ ਅਸੂਲਾਂ ਤੇ ਚਲਕੇ ਆਪਣੀ ਪਾਰਟੀ ਨੂੰ ਬਹੁਤ ਚੰਗੀ ਤਰ੍ਹਾਂ ਚਲਾਇਆ। ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਰੈਜ਼ੋਲਿਊਸ਼ਨ ਦੀ ਤਾਈਦ ਕਰਦਾ ਹਾਂ ਅਤੇ ਵਿਛੱੜੀਆਂ ਰੂਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ): ਮਾਨਯੋਗ ਸਪੀਕਰ ਸਾਹਿਬ, ਇਸ ਦਿਨ ਮਹਾਨ ਵਿਅਕਤੀਆਂ ਜਿਨ੍ਹਾਂ ਨੇ ਇਸ ਹਾਊਸ ਵਿਚ ਸਮੇਂ ਸਮੇਂ ਸਿਰ ਸੇਵਾ ਕੀਤੀ ਉਨ੍ਹਾਂ ਦੇ ਚਲੇ ਜਾਣ ਤੇ ਇਹ ਸਾਰਾ ਹਾਊਸ ਆਪਣਾ ਅਫਸੋਸ ਪ੍ਰਗਟ ਕਰ ਰਿਹਾ ਹੈ। ਵੈਦ ਰਾਮਦਿਆਲ ਜੀ ਜੋ ਪੰਜਾਬ ਕਾਂਗਰਸ ਦੇ ਮੋਹਰੀ ਅਤੇ ਉਚ ਕੋਟੀ ਦੇ ਲੀਡਰ ਰਹੇ ਹਨ। ਉਨ੍ਹਾਂ ਬਾਰੇ ਸਰਦਾਰ ਕਿਰਪਾਲ ਸਿੰਘ ਨੇ ਆਪਣੇ ਜ਼ਾਤੀ ਤੌਰ ਤੇ ਵੀ ਵਿਚਾਰ ਪ੍ਰਗਟ ਕੀਤੇ ਹਨ। ਮੈਂ ਉਨ੍ਹਾਂ ਦੀ ਤਾਈਦ ਕਰਦਾ ਹਾਂ। ਉਨ੍ਹਾਂ ਦੀ ਮੌਤ ਕੁਦਰਤੀ ਹੀ ਹੋਈ ਅਤੇ ਉਹ ਕਾਫੀ ਉਮਰ ਵੀ ਭੋਗ ਚੁੱਕੇ ਸਨ। ਸੋ ਉਨ੍ਹਾਂ ਦਾ ਚਲੇ ਜਾਣਾ ਤਾਂ ਕਾਬਲੇ ਬਰਦਾਸ਼ਤ ਹੈ ਪਰ ਜਿਹੜੇ ਹੋਰ ਦੋ ਮਹਾਨ ਵਿਅਕਤੀ ਜਿਨ੍ਹਾਂ ਦੀ ਮੌਤ ਗੈਰ-ਕੁਦਰਤੀ ਕਾਰਨਾਂ ਕਰਕੇ ਹੋਈ ਉਹ ਮੈਂ ਸਮਝਦਾ ਹਾਂ ਕਿ ਸਾਡੇ ਲਈ ਬਹੁਤ ਸ਼ਰਮ ਵਾਲੀ ਗੱਲ ਹੈ ਅਤੇ ਪੰਜਾਬ ਲਈ ਇਕ ਚੈਲਿੰਜ ਹੈ। ਕਾਮਰੇਡ ਚੰਨਣ ਸਿੰਘ ਧੂਤ ਇਕ ਸੁਲਝੇ ਹੋਏ ਸੁਤੰਤਰਤਾ ਸੰਗ੍ਰਾਮੀ ਸਨ। ਉਹ ਇਸ ਅਤਿਵਾਦ ਦੇ ਵਿਰੁਧ ਬਹੁਤ ਵੱਡਾ ਹਿੱਸਾ ਲੈ ਰਹੇ ਸਨ ਅਤੇ ਹਿੰਦੂ-ਸਿੱਖ ਭਾਈਚਾਰੇ ਦੇ ਹਾਮੀ ਸਨ। ਉਨ੍ਹਾਂ ਦੀ ਉਸ ਵੇਲੇ ਮੌਤ ਹੋ ਜਾਣੀ ਜਿਸ ਵੇਲੇ ਕਿ ਉਹ ਸਰਬ ਪਾਰਟੀ ਕਨਵੈਨਸ਼ਨ ਵਿਚ ਪੰਜਾਬ ਦੀ ਸ਼ਾਂਤੀ ਲਈ ਹਿੱਸਾ ਲੈ ਕੇ ਆ ਰਹੇ ਸਨ ਉਸ ਵੇਲੇ ਉਨ੍ਹਾਂ ਦਾ ਸ਼ਹੀਦ ਹੋ ਜਾਣਾ ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕਿ ਕੋਈ ਤੀਰਥ ਯਾਤਰਾ ਕਰਕੇ ਪਿੰਡ ਨੂੰ ਆ ਰਿਹਾ ਹੋਵੇ ਤੇ ਉਸ ਨੂੰ ਮਾਰ ਦਿੱਤਾ ਜਾਵੇ। ਇਹ ਪੰਜਾਬ ਦੀ ਆਤਮਾ ਨੂੰ ਚੈਲੰਜ ਹੈ।

ਇਸੇ ਤਰ੍ਹਾਂ ਸ੍ਰੀ ਪਾਂਡੇ ਜੋ ਕੌਮ ਪ੍ਰਸਤ ਖਿਆਲਾਂ ਦੇ ਹਾਮੀ ਸਨ, ਫਿਰਕਾਪ੍ਰਸਤੀ ਤੋਂ ਕੋਹਾਂ ਦੂਰ ਰਹਿਣ ਵਾਲੇ ਸਨ ਉਨ੍ਹਾਂ ਨੂੰ ਇਸ ਤਰ੍ਹਾਂ ਨਾਲ ਮਾਰ ਦੇਣਾ ਸਾਡੇ ਲਈ ਬਹੁਤ ਸ਼ਰਮ ਦੀ ਗਲ ਹੈ, ਉਹ ਪੰਜਾਬ ਦੀ ਆਤਮਾ ਨੂੰ ਚੈਲੰਜ ਕਰਨ ਵਾਲੀ ਗੱਲ ਹੈ। ਉਨ੍ਹਾਂ ਬਤੌਰ ਪੀ.ਡਬਲਿਊ. ਡੀ. ਮਨਿਸਟਰ ਦੇ ਹੁੰਦੇ ਹੋਇਆਂ ਗੁਰੂ ਗੋਬਿੰਦ ਸਿੰਘ ਮਾਰਗ ਦੀ ਉਸਾਰੀ ਕਰਵਾ ਕੇ ਬਹੁਤ ਵੱਡਾ ਕੰਮ ਕੀਤਾ। ਬਾਵਜੂਦ ਇਸ ਗੱਲ ਦੇ, ਸਪੀਕਰ ਸਾਹਿਬ ਕਿ ਅਜਿਹੀ ਸਥਿਤੀ ਆਈ ਜਦੋਂ ਕਈ ਜ਼ਹਿਰੀਲੇ ਦਿਲਾਂ ਵਾਲੇ ਮਾਰਗ ਦੀ ਉਸਾਰੀ ਨੂੰ ਅਪੋਜ਼ ਵੀ ਕਰਦੇ ਸਨ ਫਿਰ ਵੀ ਉਨ੍ਹਾਂ ਗੁਰੂ ਗੋਬਿੰਦ ਸਿੰਘ ਮਾਰਗ ਦੀ ਉਸਾਰੀ ਦੇ ਮੁਦਈ ਬਣ ਕੇ ਮਾਰਗ ਨੂੰ ਸਿਰੇ ਚੜ੍ਹਾਇਆ। ਸਪੀਕਰ ਸਾਹਿਬ, ਬੜਾ ਅਫਸੋਸ ਹੈ ਕਿ ਉਨ੍ਹਾਂ ਦਾ ਕਤਲ ਹੋਇਆ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਇਹ ਗਲਤ ਗੱਲ ਕਰ ਰਹੇ ਹਨ।

ਸ੍ਰੀ ਸਪੀਕਰ : ਇਹ ਆਬੀਚੁਅਰੀ ਰੈਫਰੈਂਸ ਹੈ। ਨੁਕਤਾਚੀਨੀ ਨਾ ਕੀਤੀ ਜਾਵੇ ਤਾਂ ਠੀਕ ਹੈ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਇਕ ਹੋਰ ਅਫਸੋਸ ਦੀ ਗੱਲ ਹੈ। ਇਹ ਦੁੱਖ ਸਭ ਦਾ ਸਾਂਝਾ ਹੈ। ਇਹ ਦੁੱਖ ਸਾਰੇ ਪੰਜਾਬ ਦਾ ਸਾਂਝਾ ਹੈ। ਪਰ ਅੱਜ ਇਸ ਦੁੱਖ ਦਾ ਅਫਸੋਸ ਕਰਨ ਲਈ ਇਕ ਵਰਗ ਹਾਊਸ ਵਿਚ ਮੌਜੂਦ ਨਹੀਂ ਹੈ। ਇਹ ਬੜੇ ਹੀ ਦੁੱਖ ਦੀ ਗੱਲ ਹੈ। ਉਨ੍ਹਾਂ ਨੂੰ ਵੀ ਇਸ ਦੇ ਨਾਲ ਸਹਿਮਤੀ ਦੇਣੀ ਚਾਹੀਦੀ ਸੀ। ਅਤਿਵਾਦੀਆਂ ਦਾ ਜਿਹੜੇ ਸ਼ਿਕਾਰ ਹੋਏ ਹਨ, ਉਨ੍ਹਾਂ ਦੀ ਉਸ ਨਾਲ ਕੀ ਹਮਦਰਦੀ ਹੈ। ਉਹ ਅਜ ਹਾਊਸ ਵਿਚੋਂ ਗੈਰਹਾਜ਼ਰ ਹਨ। ਇਨ੍ਹਾਂ ਦੇ ਲੀਡਰ ਅਤਿਵਾਦੀਆਂ ਦੇ ਭੋਗਾਂ ਵਿਚ ਸ਼ਾਮਿਲ ਹੋ ਕੇ ਉਥੇ ਜਾ ਕੇ ਉਨ੍ਹਾਂ ਨੂੰ ਭਾਈ ਸਾਹਿਬ ਕਹਿੰਦੇ ਹਨ। ਸਪੀਕਰ ਸਾਹਿਬ, ਇਹ ਜੋ ਪੰਜਾਬ ਵਿਚ ਅਸੀਂ ਦੇਖਦੇ ਹਾਂ, ਇਹ ਸਾਡੇ ਸਾਰਿਆਂ ਲਈ ਚੈਲੰਜ ਦੀ ਬਾਤ ਹੈ। ਜੇਕਰ ਉਹ ਅੱਜ ਹਾਜ਼ਰ ਹੁੰਦੇ ਤਾਂ ਚੰਦ ਹਮਦਰਦੀ ਦੇ ਲਫਜ਼ ਕਹਿ ਸਕਦੇ। ਜੋ ਮੁੱਖ ਮੰਤਰੀ ਸਾਹਿਬ ਨੇ ਮਤਾ ਰਖਿਆ ਹੈ, ਮੈਂ ਉਸ ਦੀ ਤਾਈਦ ਕਰਦਾ ਹਾਂ।

ਸ੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ) : ਸਪੀਕਰ ਸਾਹਿਬ, ਲੁਧਿਆਣੇ ਵਰਗੇ ਸ਼ਹਿਰ ਵਿੱਚ ਪੈਟਰੋਲ ਪੰਪ ਦੇ ਨੇੜੇ ਭਾਰੀ ਆਬਾਦੀ ਵਿਚ ਸ੍ਰੀ ਜੋਗਿੰਦਰ ਪਾਲ ਪਾਂਡੇ ਦਾ ਕਤਲ ਕੀਤਾ ਗਿਆ। ਇਹ ਇਕ ਬਹੁਤ ਹੀ ਅਫਸੋਸਨਾਕ ਘਟਨਾ ਵਾਪਰੀ ਹੈ। ਇਸ ਦਾ ਜਿਨ੍ਹਾਂ ਅਫਸੋਸ ਕੀਤਾ ਜਾਵੇ, ਥੋੜ੍ਹਾ ਹੈ। ਉਨ੍ਹਾਂ ਦੇ ਸੰਸਕਾਰ ਵਿਚ ਦਿੱਲੀ ਤੋਂ ਸੈਂਟਰ ਗੌਰਮਿੰਟ ਦੇ ਲੀਡਰ ਪੁਜੇ ਸਨ। ਜਿਸ ਤਰ੍ਹਾਂ ਇਥੇ ਹਾਊਸ ਵਿਚ ਆਪੋਜ਼ੀਸ਼ਨ ਦੇ ਲੀਡਰ ਨੇ ਵੀ ਦਸਿਆ ਹੈ, ਉਹ ਸ਼ੁਰੂ ਤੋਂ ਹੀ ਸਿਆਸਤ ਵਿਚ ਆਏ। ਉਹ ਬੜੇ ਹਰਮਨ ਪਿਆਰੇ ਲੀਡਰ ਸਨ। ਉਹ ਜਲੰਧਰ ਜ਼ਿਲ੍ਹੇ ਦੇ ਪਿੰਡ ਵਿਚ 9 ਮਈ, 1926 ਨੂੰ ਪੈਦਾ ਹੋਏ। ਸਪੀਕਰ ਸਾਹਿਬ, ਉਨ੍ਹਾਂ ਨੇ 1940 ਵਿਚ ਵਪਾਰ ਮੰਡਲ ਅੰਦੋਲਨ ਵਿਚ ਹਿੱਸਾ ਲਿਆ। ਉਸ ਤੋਂ ਬਾਅਦ ਕਾਂਗਰਸ ਪਾਰਟੀ ਵਿਚ ਬਿਰਾਜਮਾਨ ਹੋਏ। 1955 ਤੋਂ 1960 ਵਿਚ ਉਹ ਯੂ.ਕੇ. ਵਿਚ ਰਹੇ। ਵਾਪਿਸ ਆ ਕੇ ਕਾਂਗਰਸ ਵਿਚ ਆ ਗਏ। ਉਹ ਕਈ ਕਮੇਟੀਆਂ ਦੇ ਸਭਾਪਤੀ ਵੀ ਬਣੇ ਰਹੇ। 1969 ਵਿਚ ਪਹਿਲੀ ਦਫਾ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਸ ਤੋਂ ਬਾਅਦ ਕਈ ਦਫਾ ਵਜ਼ੀਰ ਵੀ ਬਣੇ। ਉਹ 1972 ਤੋਂ 1977 ਅਤੇ 1980 ਤੋਂ 1983 ਤੱਕ ਵਜ਼ੀਰ ਰਹੇ।

ਮੇਰੇ ਜ਼ਿਲ੍ਹੇ ਦੇ ਕਾਮਰੇਡ ਚੰਨਣ ਸਿੰਘ ਧੂਤ ਦਾ ਬੜਾ ਹੀ ਅਫਸੋਸ ਹੋਇਆ। ਉਨ੍ਹਾਂ ਨੂੰ ਇਨ-ਤਹਾ-ਪਸੰਦਾਂ ਨੇ ਕਤਲ ਕੀਤਾ। ਕਾਮਰੇਡ ਚੰਨਣ ਸਿੰਘ ਧੂਤ 1952 ਤੋਂ 1957 ਤੱਕ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਅਤੇ ਉਨ੍ਹਾਂ ਨੇ ਟਾਂਡਾ ਹਲਕੇ ਦੀ ਨੁਮਾਇੰਦਗੀ ਕੀਤੀ। ਉਹ ਉਸ ਵੇਲੇ ਵੀ

[ਸ੍ਰੀ ਰਾਮ ਕ੍ਰਿਸ਼ਨ ਕਟਾਰੀਆ]

ਆਪਣੀ ਪਾਰਟੀ ਦੇ ਹਾਊਸ ਵਿੱਚ ਲੀਡਰ ਰਹੇ ਹਨ। ਸਪੀਕਰ ਸਾਹਿਬ, ਮੈਂ ਉਨ੍ਹਾਂ ਨੂੰ ਪਰਸਨਲੀ ਜਾਣਦਾ ਹਾਂ। ਉਹ ਗਰੀਬਾਂ ਦੇ, ਮਜ਼ਦੂਰਾਂ ਦੇ, ਗਰੀਬ ਕਿਸਾਨਾਂ ਦੇ ਬਹੁਤ ਹੀ ਹਮਦਰਦ ਸਨ। ਜਿਥੇ ਵੀ ਕਹਿ ਦਿੱਤਾ ਜਾਂਦਾ ਸੀ, ਉਹ ਨਾਲ ਚਲ ਪੈਂਦੇ ਸਨ। ਉਹ ਗਰੀਬ, ਨਿਮਾਣੇ ਲੋਕ, ਸਾਰੇ ਹੀ ਜਿਨ੍ਹਾਂ ਦੀ ਕੋਈ ਅਪਰੋਚ ਨਹੀਂ ਹੈ, ਉਹ ਆਪਣੇ ਹਰਮਨ ਪਿਆਰੇ ਲੀਡਰ ਤੋਂ ਵਾਂਝੇ ਹੋ ਗਏ ਹਨ। ਮੈਂ ਉਨ੍ਹਾਂ ਨੂੰ ਅਪਣੇ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

ਵੈਦ ਰਾਮ ਦਿਆਲ ਜੀ ਨੇ ਆਜ਼ਾਦੀ ਦੇ ਸੰਗਰਾਮ ਵਿੱਚ ਅਤੇ ਭਾਰਤ ਛੋੜੋ ਅੰਦੋਲਨ ਵਿਚ ਬੜਾ ਸਰਗਰਮ ਹਿੱਸਾ ਪਾਇਆ। ਉਹ 1911 ਵਿੱਚ ਪ੍ਰਦੇਸ਼ ਕਾਂਗਰਸ ਦੇ ਜਨਰਲ ਸੈਕਟਰੀ ਰਹੇ ਅਤੇ 1953 ਵਿੱਚ ਵਿਧਾਨ ਸਭਾ ਵਿਚ ਚੁਣ ਕੇ ਆਏ। ਫੇਰ ਦੋਬਾਰਾ 1957 ਵਿੱਚ ਚੁਣੇ ਗਏ, ਬੇਸ਼ੱਕ ਬਾਅਦ ਵਿਚ ਉਨ੍ਹਾਂ ਦੀ ਚੋਣ ਰੱਦ ਕਰ ਦਿੱਤੀ ਗਈ ਸੀ। ਉਨ੍ਹਾਂ ਨੂੰ ਭਾਰਤ ਸਰਕਾਰ ਦੀ ਤਰਫ਼ੋਂ ਸਵਤੰਤਰਤਾ ਸੰਗਰਾਮੀ ਦੇ ਤੌਰ ਤੇ ਤਾਮਰ ਪੱਤਰ ਵੀ ਭੇਟ ਕੀਤਾ ਗਿਆ ਸੀ। ਉਨ੍ਹਾਂ ਦੀ ਮੌਤ 77 ਸਾਲ ਦੀ ਉਮਰ ਵਿੱਚ ਹੋਈ। ਮੈਂ ਐਸੇ ਅੱਛੇ ਸਿਆਸਤਦਾਨਾਂ ਦੀ ਮੌਤ ਤੇ, ਜਿਨ੍ਹਾਂ ਨੇ ਆਪਣੇ ਪ੍ਰਦੇਸ਼ ਦੇ ਲੋਕ, ਜਿਹੜੇ ਕਿ ਐਸੇ ਅੱਛੇ ਨੇਤਾਵਾਂ ਤੋਂ ਮਹਿਰੂਮ ਹੋ ਗਏ ਹਨ, ਉਨ੍ਹਾਂ ਵਾਸਤੇ ਸਾਰੀ ਜ਼ਿੰਦਗੀ ਸੇਵਾ ਵਿੱਚ ਲਗਾ ਦਿੱਤੀ, ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ ਕੇਂਦਰੀ) : ਸਪੀਕਰ ਸਾਹਿਬ, ਇਕ ਅਮੈਂਡਮੈਂਟ ਹੈ। ਅੱਜ ਦੇ ਦਿਨ ਅਸੀਂ ਪੰਜਾਬ ਦੇ ਉਨ੍ਹਾਂ ਮਹਾਨ ਲੋਕਾਂ, ਜਿਹੜੇ ਸਾਡੇ ਤੋਂ ਜੁਦਾ ਹੋਏ ਹਨ, ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਇਕੱਠੇ ਹੋਏ ਹਾਂ। ਇਸ ਸੰਸਾਰ ਵਿੱਚ ਜਿਹੜਾ ਪੈਦਾ ਹੋਇਆ ਹੈ, ਉਸ ਨੇ ਚਲੇ ਜਾਣਾ ਹੈ। ਪਰ ਅੱਜ ਇਕ ਗਰੁੱਪ, ਜਿਸ ਤਰ੍ਹਾਂ ਮਾਨਯੋਗ ਮੈਂਬਰ ਡੋਡ ਸਾਹਿਬ ਨੇ ਕਿਹਾ ਹੈ ਕਿ ਇਨਟੈਨਸ਼ਨਲੀ ਸਵੇਰੇ ਆ ਕੇ ਇਸ ਵੇਲੇ ਜਾਣ ਬੁਝ ਕੇ ਹਾਊਸ ਵਿਚ ਨਹੀਂ ਆਇਆ, ਇਸ ਤਰ੍ਹਾਂ ਕਰਕੇ ਉਸ ਨੇ ਸਮੁੱਚੇ ਹਾਊਸ ਦਾ ਹੀ ਅਪਮਾਨ ਨਹੀਂ ਕੀਤਾ ਬਲਕਿ ਸਮੁੱਚੇ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਠੇਸ ਲਾਈ ਹੈ। ਜਿਥੇ ਇਹ ਕੰਡੋਲੈਂਸ ਦਾ ਰੈਜ਼ੋਲਿਊਸ਼ਨ ਉਨ੍ਹਾਂ ਦੇ ਘਰਾਂ ਵਿੱਚ ਪਚਾਉਣਾ ਹੈ, ਉਥੇ ਉਨ੍ਹਾਂ ਦੇ ਖਿਲਾਫ ਵੀ ਕੰਡੈਮਨੇਸ਼ਨ ਦਾ ਰੈਜ਼ੋਲਿਊਸ਼ਨ ਕਰਨਾ ਚਾਹੀਦਾ ਹੈ ਕਿਉਂ— ਕਿ ਉਹ ਕਿਸੇ ਮਰਹੂਮ ਨੂੰ ਸ਼ਰਧਾਂਜਲੀ ਦੇਣ ਦੀ ਬਜਾਏ ਬਾਹਰ ਚਲੇ ਗਏ ਹਨ।

ਸ੍ਰੀ ਸਪੀਕਰ : ਲੀਡਰ ਆਫ ਦੀ ਹਾਊਸ, ਲੀਡਰ ਆਫ ਦੀ ਆਪੋਜ਼ੀਸ਼ਨ ਤੇ ਬਾਕੀ ਹੋਰ ਵਰਗਾਂ ਦੇ ਵੱਖ ਵੱਖ ਪਤਵੰਤੇ ਲੈਜਿਸਲੇਟਰਜ਼ ਨੇ ਅੱਜ ਉਨ੍ਹਾਂ ਤਿੰਨ ਮਹਾਨੁਭਾਵਾਂ, ਜਿਨ੍ਹਾਂ ਦੀ ਯਾਦ ਵਿਚ ਅੱਜ ਹਾਊਸ ਇਕੱਤਰ ਹੋਇਆ ਹੈ, ਆਪਣੇ ਵੱਲੋਂ ਭਰਪੂਰ ਸ਼ਰਧਾਂਜਲੀ ਭੇਂਟ ਕੀਤੀ ਹੈ, ਜੋ ਸ਼ਬਦ ਉਨ੍ਹਾਂ ਬਾਰੇ ਕਹੇ ਗਏ ਹਨ, ਮੈਂ ਵੀ ਉਨ੍ਹਾਂ ਨਾਲ ਆਪਣੇ ਆਪ ਨੂੰ ਐਸੋਸੀਏਟ ਕਰਦਾ ਹਾਂ। ਖਾਸ ਤੌਰ ਤੇ ਸ੍ਰੀ ਜੋਗਿੰਦਰ ਪਾਲ ਪਾਂਡੇ, ਜਿਨ੍ਹਾਂ ਨੇ ਬਹੁਤ ਹੀ ਸੰਘਰਸ਼ਮਈ ਜੀਵਨ ਗੁਜ਼ਾਰਿਆ ਅਤੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਹਿੱਸਾ ਲਿਆ। ਵਪਾਰ ਮੰਡਲ ਅੰਦੋਲਨ ਵਿੱਚ ਉਹ 1940—41 ਵਿੱਚ ਜੁੱਟ ਰਹੇ। ਫਰੀਦਕੋਟ ਵਿੱਚ ਜਿਹੜਾ ਸਤਿਆਗ੍ਰਹਿ ਹੋਇਆ, ਉਸ ਵਿੱਚ ਵੀ ਪੰਜਾਬ ਕਾਂਗਰਸ ਵਲੋਂ ਹਿੱਸਾ ਪਾਇਆ ਅਤੇ ਹੋਰ ਕਈ ਸੰਸਥਾਵਾਂ ਨਾਲ ਵੀ ਸਬੰਧਤ ਰਹੇ। ਉਨ੍ਹਾਂ ਦੀ ਬਹੁਤ ਹੀ ਦੁਖਦਾਈ ਮੌਤ ਹੋਈ ਅਤੇ ਜਿਨ੍ਹਾਂ ਅਵਸਥਾਵਾਂ ਵਿੱਚ ਹੋਈ, ਸਾਡੀ ਸਾਰਿਆਂ ਦੀ ਹਮਦਰਦੀ ਵੀ ਅਤੇ ਅਫਸੋਸ ਵੀ ਉਨ੍ਹਾਂ ਦੇ ਪਰਿਵਾਰ ਨਾਲ ਹੈ।

ਕਾਮਰੇਡ ਚੰਨਣ ਸਿੰਘ ਧੂਤ ਟਾਂਡਾ ਹਲਕੇ ਤੋਂ ਐਮ.ਐਲ.ਏ. ਰਹੇ। ਉਨ੍ਹਾਂ ਦੀ ਮੌਤ ਇਸ ਕਰਕੇ ਦੁਖਦਾਈ ਹੈ ਕਿ ਜਲੰਧਰ ਉਸ ਦਿਨ ਬਹੁਤ ਵੱਡਾ ਇਕੱਠ ਸੀ। ਪੰਜਾਬ ਵਿੱਚ ਅਮਨ, ਸ਼ਾਂਤੀ ਅਤੇ ਸਦਭਾਵਨਾ ਲਈ, ਉਹ ਵੀ ਆਪਣੇ ਆਪ ਨੂੰ ਸ਼ਾਮਲ ਕਰਨ ਤੋਂ ਬਾਅਦ ਆਪਣੇ ਪਿੰਡ ਜਾ ਰਹੇ ਸਨ ਜਦੋਂ ਇਹ ਘਟਨਾ ਵਾਪਰੀ। ਇਹ ਵਾਕਿਆ ਬਹੁਤ ਹੀ ਦੁਖਦਾਈ ਹੈ। ਸਾਡੀ ਸਾਰਿਆਂ ਦੀ ਹਮਦਰਦੀ ਉਨ੍ਹਾਂ ਦੀ ਪਾਰਟੀ ਨਾਲ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਵੀ ਹੈ।

ਵੈਦ ਰਾਮ ਦਿਆਲ ਜੀ ਦੋ ਦਫਾ 1953 ਵਿੱਚ ਅਤੇ 1957 ਵਿੱਚ ਸਰਸਾ ਹਲਕੇ ਤੋਂ ਚੁਣੇ ਗਏ। ਉਨ੍ਹਾਂ ਨੇ ਕੁਇਟ ਇੰਡੀਆ ਮੂਵਮੈਂਟ ਵਿੱਚ ਹਿੱਸਾ ਪਾਇਆ। ਉਹ ਪੁਰਾਣੇ ਸਵਤੰਤਰਤਾ ਸੰਗਰਾਮੀ ਸਨ। ਉਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿੱਚ ਵੀ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੇ ਵਿਛੋੜੇ ਉਤੇ ਸਾਨੂੰ ਅਥਾਹ ਦੁੱਖ ਹੈ। ਮੈਂ ਸਾਰੇ ਸਦਨ ਨੂੰ ਗੁਜ਼ਾਰਿਸ਼ ਕਰਾਂਗਾ ਕਿ ਸਾਰਾ ਸਦਨ ਇਸ ਦੁੱਖ ਵਿੱਚ ਸ਼ਰੀਕ ਹੁੰਦਾ ਹੋਇਆ ਦੋ ਮਿੰਟ ਲਈ ਉਨ੍ਹਾਂ ਦੀ ਯਾਦ ਵਿਚ ਮੋਨ ਧਾਰਨ ਕਰੇ।

(ਇਸ ਸਮੇਂ ਹਾਊਸ ਵਿਚ ਹਾਜ਼ਰ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਦੋ ਮਿੰਟਾਂ ਲਈ ਆਪਣੀਆਂ ਆਪਣੀਆਂ ਸੀਟਾਂ ਤੇ ਮੋਨ ਧਾਰਕੇ ਖੜੇ ਰਹੇ।)

ਮੁੱਖ ਮੰਤਰੀ : ਮੈਂ ਬੇਨਤੀ ਕਰਾਂਗਾ ਕਿ ਇਸ ਸਦਨ ਦੀਆਂ ਭਾਵਨਾਵਾਂ ਤਿੰਨੇ ਵਿਛੜੇ ਹੋਏ ਨੇਤਾਵਾਂ ਦੇ ਪਰਿਵਾਰਾਂ ਨੂੰ ਪਹੁੰਚਾ ਦਿੱਤੀਆਂ ਜਾਣ।

ਸ੍ਰੀ ਸਪੀਕਰ : ਕੀ ਇਸ ਨਾਲ ਸਾਰਾ ਹਾਊਸ ਸਹਿਮਤ ਹੈ ?

(**ਆਵਾਜ਼ਾਂ :** ਹਾਂ ਜੀ, ਹਾਂ ਜੀ।)

Mr Speaker: The House stands adjourned till 9.00 A.M. on Thursday, the 12nd March, 1987.

*5.07 P.M. | [*The Sabha then adjourned*till 9.00 A.M. on Thursday, the 12th March, 1987.*]

25789 PVS—Govt. Press, Chd.

Published under the authority of the Punjab Vidhan Sabha and printed by the Controller, Printing and Stationery Department U.T., Chandigarh.

2

Punjab Vidhan Sabha Debates

12th March, 1987

Vol. V—No. 2

OFFICIAL REPORT

CONTENTS

Thursday, the 12th March, 1987

Punjab Vidhan Sabha Secretariat, Chandigarh.

Price : Rs. 66.00

ERRATA

TO

PUNJAB VIDHAN SABHA DEBATES

Vol. V—No. 2

Dated 12th March, 1987

Read	*For*	*Page*	*Line*
these three	the sethree	(2)42	5
ਚੁੱਕੇ	ਚੱਕੇ	(2)62	17
ਰਾਖੇ	ਰਾਖ	(2)63	20
ਓਨ ਏ	ਆਏ	(2)66	14th from below
ਕੁਲਵੰਤ	ਕੁਲਵਤ	(2)68	6
ਟੋਲੇ	ਟਲੇ	(2)71	7th from below
Delete the word "ਲਈ"		(2)73	9
ਕੇ	ਕਿ	(2)76	4
ਕੁਝ	ਰੁਝ	(2)78	5
ਖੜ੍ਹੇ	ਖੜ੍ਹੋ	(2)80	14
ਪਾਸੇ	ਪਾਸ	(2)81	13th from below
ਕਹਿੰਦੀ	ਰਹਿੰਦੀ	(2)82	12th from below
ਰਾਡਜ਼	ਰੋਡਜ਼	(2)85	13

he
vis

ਚਾਨ
ਪਰੰ

ਚਾਹੁ
ਅਗ
ਕਿਹ
ਨਵੇਂ
ਲੋਕ

ਨਹੀਂ
ਦੇ ਕਿ
ਹਾ

ਵੀ
ਹੋਏ
ਵੀ
ਪ੍ਰੈਕਟਿ

ਸਹਿਮ
ਅਤੇ

PUNJAB VIDHAN SABHA

Thursday, the 12*th March*, 1987

'he Vidhan Sabha met in the Punjab Vidhan Sabha Hall, Vidhan Bhavan, Chandigarh, at 9.00 *A. M. of the Clock. Mr. Speaker (Sardar Surjit Singh Minhas) in the Chair.*

STARRED QUESTIONS AND ANSWERS

ਸ੍ਰੀ ਸਪੀਕਰ : ਕੁਐਸ਼ਚਨਜ਼ । ਸ੍ਰੀ ਰਾਮ ਪ੍ਰਕਾਸ਼ ਬਾਲੀ ਜੀ ।

New Primary Health Centres

***591. Shri Ram Parkash Bali :** Will the Chief Minister be pleased to state he number of new Primary Health Centres opened in the State, district-vise, during the current financial year (up-to-date) ?

ਸਰਦਾਰ ਨੱਥਾ ਸਿੰਘ ਦਾਲਮ (ਸੂਚਨਾ ਅਤੇ ਲੋਕ ਸੰਪਰਕ ਮੰਤਰੀ) : ਅਜੇ ਤੱਕ ਚਾਲੂ ਵਿੱਤੀ ਸਾਲ ਵਿੱਚ ਕੋਈ ਵੀ ਨਵਾਂ ਪ੍ਰਾਇਮਰੀ ਹੈਲਥ ਸੈਂਟਰ ਨਹੀਂ ਖੋਲ੍ਹਿਆ ਗਿਆ ਹੈ । ਪਰੰਤੂ 80 ਨਵੇਂ ਪ੍ਰਾਇਮਰੀ ਹੈਲਥ ਸੈਂਟਰਾਂ ਦਾ ਖੋਲ੍ਹਣਾ ਅਮਲ ਅਧੀਨ ਹੈ ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ 80 ਨਵੇਂ ਪ੍ਰਾਇਮਰੀ ਹੈਲਥ ਸੈਂਟਰਾਂ ਬਾਰੇ ਦੱਸਿਆ ਗਿਆ ਹੈ, ਕੀ ਇਹ ਅਗਲੇ ਫਾਈਨੈਂਸ਼ਲ ਯੀਅਰ 1987-88 ਵਿਚ ਖੋਲ੍ਹ ਦੇਣਗੇ ? ਅਗਰ ਖੋਲ੍ਹ ਦੇਣਗੇ ਤਾਂ ਉਹ ਕਿਹੜੇ ਏਰੀਆਜ਼ ਵਿਖੇ ਖੋਲ੍ਹਣਗੇ ਅਤੇ ਉਨ੍ਹਾਂ ਦੇ ਖੋਲ੍ਹਣ ਦਾ ਕਰਾਈਟੇਰੀਆ ਕੀ ਹੋਵੇਗਾ ? ਕੀ ਉਹ ਨਵੇਂ ਸਿਹਤ ਕੇਂਦਰ ਖੋਲ੍ਹਣ ਵਾਸਤੇ ਕੰਡੀ ਏਰੀਆ, ਸਬਮਾਉਂਟੇਨੀਅਸ ਏਰੀਆ ਅਤੇ ਜਿਥੇ ਗਰੀਬ ਲੋਕ ਰਹਿੰਦੇ ਹਨ, ਉਸ ਨੂੰ ਤਰਜੀਹ ਦੇਣਗੇ ?

ਸੂਚਨਾ ਅਤੇ ਲੋਕ ਸੰਪਰਕ ਮੰਤਰੀ : ਹੁਣ ਤੱਕ ਫੰਡਜ਼ ਦੀ ਘਾਟ ਦੇ ਕਾਰਨ ਇਨ੍ਹਾਂ ਨੂੰ ਮੁਕੰਮਲ ਨਹੀਂ ਕੀਤਾ ਜਾ ਸਕਿਆ । ਵੈਸੇ ਇਨ੍ਹਾਂ ਦੇ ਖੋਲ੍ਹਣ ਦਾ ਕਰਾਈਟੇਰੀਆ ਇਹ ਹੈ ਕਿ ਇਕ ਬਲਾਕ ਦੇ ਵਿਚ ਇਕ ਪ੍ਰਾਇਮਰੀ ਹੈਲਥ ਸੈਂਟਰ ਦਾ ਹੋਣਾ ਜ਼ਰੂਰੀ ਹੈ। ਮੈਂ ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਗਲੇ ਸਾਲ ਵਿਚ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸ਼ਹਿਰਾਂ ਵਿਚ ਕਾਫੀ ਇੰਤਜ਼ਾਮ ਹੁੰਦਾ ਹੈ । ਉਥੇ ਪ੍ਰਾਈਵੇਟ ਡਾਕਟਰ ਵੀ ਹੁੰਦੇ ਹਨ । ਸਬਮਾਉਂਟੇਨੀਅਸ ਏਰੀਆ, ਕੰਡੀ ਏਰੀਆ ਅਤੇ ਪਹਾੜੀ ਇਲਾਕਿਆਂ ਵਿਚ ਪਛੜੇ ਹੋਏ ਲੋਕ ਰਹਿੰਦੇ ਹਨ। ਕੀ ਉਨ੍ਹਾਂ ਨੂੰ ਜ਼ਿਆਦਾ ਪਰੈਫਰੈਂਸ ਦੇਣਗੇ ਕਿਉਂਕਿ ਉਥੇ ਪ੍ਰਾਈਵੇਟ ਡਾਕਟਰ ਵੀ ਨਹੀਂ ਹੁੰਦੇ ਅਤੇ ਲੋਕੀਂ ਇਲਾਜ ਨਾ ਹੋਣ ਕਾਰਨ ਮਰ ਜਾਂਦੇ ਹਨ। ਉਥੇ ਪ੍ਰਾਈਵੇਟ ਡਾਕਟਰ ਪ੍ਰੈਕਟਿਸ ਨਹੀਂ ਕਰਦੇ । ਇਸ ਲਈ ਕੀ ਇਹ ਉਸ ਪਾਸੇ ਸਪੈਸ਼ਲ ਅਟੈਨਸ਼ਨ ਦੇਣਗੇ ?

ਮੰਤਰੀ : ਮੈਂਬਰ ਸਾਹਿਬ ਨੇ ਕੰਡੀ ਏਰੀਆ ਦੇ ਮੁਤੱਲਕ ਫਰਮਾਇਆ ਹੈ, ਮੈਂ ਇਨ੍ਹਾਂ ਨਾਲ ਸਹਿਮਤ ਹਾਂ ਕਿ ਉਹ ਪਛੜੇ ਹੋਏ ਇਲਾਕੇ ਹਨ। ਅਗਲੇ ਸਾਲ ਇਨ੍ਹਾਂ ਨਾਲ ਸਲਾਹ ਕਰ ਲਵਾਂਗੇ ਅਤੇ ਜਿਥੇ ਕਹਿਣਗੇ ਉਥੇ ਕੰਡੀ ਏਰੀਆ ਵਿਚ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹਣ ਨੂੰ ਤਰਜੀਹ ਦਿਆਂਗੇ।

ਸ੍ਰੀ ਹੰਸ ਰਾਜ ਆਰੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਹੈਲਥ ਸੈਂਟਰਾਂ ਵਿਚ ਜਿਹੜੀ ਸਟਾਫ ਦੀ ਤਾਦਾਦ ਰੱਖੀ ਹੈ ਉਨ੍ਹਾਂ ਵਿਚੋਂ ਕਿੰਨੇ ਪਿੰਡਾਂ ਵਿਚ ਰਹਿੰਦੇ ਹਨ ਅਤੇ ਕਿੰਨਾ ਸਟਾਫ ਰੋਜ਼ ਸ਼ਹਿਰਾਂ ਵਿਚ ਚਲਾ ਜਾਂਦਾ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਕਲੀਅਰ ਨਹੀਂ ਹੋਇਆ। ਇਹ ਦੁਬਾਰਾ ਸਵਾਲ ਕਰ ਦੇਣ ।

ਸ੍ਰੀ ਸਪੀਕਰ : ਆਰੀਆ ਜੀ, ਤੁਸੀਂ ਦੁਬਾਰਾ ਸਵਾਲ ਕਰ ਦਿਓ ।

ਸ੍ਰੀ ਹੰਸ ਰਾਜ ਆਰੀਆ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਟਾਫ ਦੀ ਤਾਦਾਦ ਦੱਸ ਦੇਣ। ਇਨ੍ਹਾਂ ਸੈਂਟਰਾਂ ਵਿਚ ਨਰਸ ਅਤੇ ਦਾਈਆਂ ਆਦਿ ਉਥੇ ਰਹਿੰਦੇ ਵੀ ਹਨ ਜਾਂ ਨਹੀਂ ਰਹਿੰਦੇ ?

ਮੰਤਰੀ : ਮੈਂ ਮੈਂਬਰ ਸਾਹਿਬ ਦੀ ਗਿਆਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਹੈਲਥ ਸੈਂਟਰ ਪਿੰਡਾਂ ਵਿਚ ਹੀ ਖੋਲ੍ਹੇ ਜਾਂਦੇ ਹਨ ਅਤੇ ਆਮ ਤੌਰ ਤੇ ਜਿੰਨੇ ਵੀ ਪ੍ਰਾਇਮਰੀ ਹੈਲਥ ਸੈਂਟਰ ਪਿੰਡਾਂ ਵਿਚ ਖੋਲ੍ਹੇ ਗਏ ਹਨ, ਉਥੇ ਸਾਰਾ ਲੋੜੀਂਦਾ ਸਟਾਫ ਮੌਜੂਦ ਹੈ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਮੁਢਲੇ ਸਿਹਤ ਕੇਂਦਰ ਹਨ ਕੀ ਬਾਰਡਰ ਦੇ ਨਾਲ ਲੱਗਦੇ ਏਰੀਆ ਵਿਚ, ਪਾਕਿਸਤਾਨ ਦੇ ਨਾਲ ਲੱਗਦਾ ਜਿਹੜਾ ਏਰੀਆ ਹੈ ਜਿਥੇ ਕਿ 10—15 ਮੀਲ ਦੇ ਫਾਸਲੇ ਵਿਚ ਕੋਈ ਹਸਪਤਾਲ ਨਹੀਂ ਹੈ, ਕੀ ਉਥੇ ਇਹ ਖੋਲ੍ਹਣ ਲਈ ਪਰੈਫਰੈਂਸ ਦੇਣਗੇ ? ਉਥੇ ਲੋਕਾਂ ਨੂੰ ਕੋਈ ਡਾਕਟਰੀ ਸਹੂਲਤ ਨਹੀਂ ਹੈ । ਉਥੇ ਬਾਰਡਰ ਤੇ ਦਰਿਆ ਦੇ ਨਾਲ ਨਾਲ ਲੋਕ ਬੈਠੇ ਹਨ ਜਿਵੇਂ ਫਾਜ਼ਿਲਕਾ ਤਹਿਸੀਲ ਹੈ, ਕੀ ਉਥੇ ਦੇ ਪਿੰਡਾਂ ਵਿਚ ਲੋਕਾਂ ਨੂੰ ਇਹ ਸਹੂਲਤ ਦੇਣਗੇ ? ਉਥੇ ਉਨ੍ਹਾਂ ਦਾ ਕੋਈ ਇਲਾਜ ਦਾ ਇੰਤਜ਼ਾਮ ਨਹੀਂ ਹੈ । ਡਾਕਟਰੀ ਇਲਾਜ ਨਾ ਹੋਣ ਕਰਕੇ ਲੋਕ ਮਰ ਜਾਂਦੇ ਹਨ। ਇਸ ਲਈ ਕੀ ਇਹ ਸਿਹਤ ਕੇਂਦਰ ਖੋਲ੍ਹਣ ਵਾਸਤੇ ਉਥੇ ਲਈ ਪਹਿਲ ਦੇਣਗੇ ?

ਮੰਤਰੀ : ਬੱਜਟ ਸੈਸ਼ਨ ਤੋਂ ਬਾਅਦ ਇਨ੍ਹਾਂ ਨੂੰ ਬੁਲਾ ਕੇ ਸਲਾਹ ਕਰ ਲਵਾਂਗੇ ਅਤੇ ਜਿਥੇ ਲੋੜ ਹੋਵੇ ਇਨ੍ਹਾਂ ਦੀ ਸਲਾਹ ਨਾਲ ਉਥੇ ਸਾਰੀ ਸਹੂਲਤ ਦੇਣ ਦਾ ਇੰਤਜ਼ਾਮ ਕਰਾਂਗੇ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਇਹ ਜਿਹੜੇ ਅਗਲੇ ਸਾਲ 80 ਹੈਲਥ ਸੈਂਟਰਜ਼ ਖੋਲ੍ਹਣੇ ਹਨ ਕੀ ਉਨ੍ਹਾਂ ਦੇ ਨਾਲ ਨਰਸਾਂ ਦੇ ਰਹਿਣ ਲਈ ਕੋਈ ਅਕਾਮੋਡੇਸ਼ਨ ਹੈ ਕਿਉਂਕਿ ਮੇਰੇ ਨੋਟਿਸ ਵਿਚ ਆਇਆ ਹੈ ਕਿ ਕਈ ਸੈਂਟਰਜ਼ ਐਸੇ ਹਨ ਜਿਥੇ ਉਨ੍ਹਾਂ ਦੇ ਰਹਿਣ ਵਾਸਤੇ ਜਗ੍ਹਾਂ ਨਹੀਂ ਹੁੰਦੀ ਅਤੇ ਪਿੰਡਾਂ ਵਿੱਚ ਇਕ ਇਕ ਕਮਰਾ ਘਰ ਦਾ ਹੁੰਦਾ ਹੈ ਜਿਸ ਕਰਕੇ ਉਨ੍ਹਾਂ ਨੂੰ ਕਰਾਏ ਤੇ ਰਹਿਣ ਵਾਸਤੇ ਵੀ ਜਗ੍ਹਾ ਨਹੀਂ ਮਿਲਦੀ ? ਕੀ ਜਿੰਨੇ ਵੀ ਸੈਂਟਰਜ਼ ਇਹ ਖੋਲ੍ਹਣਗੇ ਉਨ੍ਹਾਂ ਵਿੱਚ ਪੂਰੀਆਂ ਦਵਾਈਆਂ ਅਤੇ ਉਥੇ ਦੇ ਸਟਾਫ ਲਈ ਅਕਾਮੋਡੇਸ਼ਨ, ਖਾਸ ਕਰਕੇ ਔਰਤਾਂ ਲਈ, ਹੋਵੇਗੀ ? ਮੈਂ ਮਨਿਸਟਰ ਸਾਹਿਬ ਨੂੰ ਇਹ ਪੁੱਛਣਾ ਚਾਹੁੰਦੀ ਹਾਂ ।

ਮੰਤਰੀ : ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਵਿਸ਼ਵਾਸ਼ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਵੀ ਨਵੇਂ ਪ੍ਰਾਈਮਰੀ ਹੈਲਥ ਸੈਂਟਰਜ਼ ਖੋਲ੍ਹੇ ਜਾਣਗੇ ਉਨ੍ਹਾਂ ਵਿਚ ਸਰਕਾਰ ਵਲੋਂ ਕੋਸ਼ਿਸ਼ ਕੀਤੀ ਜਾਵੇਗੀ ਕਿ ਸਾਰੀਆਂ ਹੀ ਲੋੜੀਂਦੀਆਂ ਚੀਜ਼ਾਂ ਮੁਹੱਈਆਂ ਕੀਤੀਆਂ ਜਾਣ । ਬਿਲਡਿੰਗ ਵੀ ਮੁਕੰਮਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ, ਦਵਾਈਆਂ ਆਦਿ ਵੀ ਭੇਜਣ ਲਈ ਸਰਕਾਰ ਵਲੋਂ ਪੂਰੀ ਕੋਸ਼ਿਸ਼ ਕੀਤੀ ਜਾਵੇਗੀ ।

Health Centres/Hospitals in Anandpur Sahib Tehsil

*592. **Shri Ram Parkash Bali** : Will the Chief Minister be pleased to state—

(a) the number of Allopathic/Ayurvedic Health Centres and Hospitals in Anandpur Sahib Tehsil, District Ropar ;

(b) whether any post of Doctor is vacant in the said Health Centres/Hospitals ; if so, since when ;

(c) the steps taken/proposed to be taken to fill up the said vacancies ?

ਸਰਦਾਰ ਨੱਥਾ ਸਿੰਘ ਦਾਲਮ (ਸੂਚਨਾ ਅਤੇ ਲੋਕ ਸੰਪਰਕ ਮੰਤਰੀ) : ਸਿਹਤ ਕੇਂਦਰ/ਹਸਪਤਾਲਾਂ ਦਾ ਨੰਬਰ :

ਐਲੋਪੈਥਿਕ :

(1) ਸਿਵਲ ਹਸਪਤਾਲ	...	1
(2) ਪੇਂਡੂ ਹਸਪਤਾਲ	...	2
(3) ਸਿਹਤ ਕੇਂਦਰ/ਡਿਸਪੈਂਸਰੀਆਂ	...	22
ਆਯੁਰਵੈਦਿਕ—		
ਡਿਸਪੈਂਸਰੀਆਂ	...	13 (ਇਕ ਯੂਨਾਨੀ ਡਿਸਪੈਂਸਰੀ ਸਮੇਤ)
ਹਸਪਤਾਲ	...	—
ਕੁੱਲ	...	38

(ਅ) ਹਾਂ ਜੀ । ਡਾਕਟਰਾਂ ਦੀਆਂ 4 ਅਸਾਮੀਆਂ ਖਾਲੀ ਹਨ। ਇਕ ਸਿਵਲ ਹਸਪਤਾਲ ਆਨੰਦਪੁਰ ਸਾਹਿਬ ਵਿਖੇ 1 ਜ਼ਨਵਰੀ, 1987 ਤੋਂ 2 ਪੇਂਡੂ ਹਸਪਤਾਲ ਭਲਾਨ ਅਤੇ ਇਕ ਮੁੱਢਲਾ ਸਿਹਤ ਕੇਂਦਰ ਖਾਨਪੁਰ ਖੁਈ ਮਿਤੀ 1 ਅਕਤੂਬਰ, 1986 ਤੋਂ ।

(ੲ) ਪੇਂਡੂ ਹਸਪਤਾਲ ਭਲਾਨ ਵਿਖੇ 2 ਮੈਡੀਕਲ ਅਫ਼ਸਰਾਂ ਦੀਆਂ ਖਾਲੀ ਅਸਾਮੀਆਂ ਹਸਪਤਾਲ ਦੀ ਇਮਾਰਤ ਮੁਕੰਮਲ ਹੋਣ ਤੋਂ ਬਾਅਦ ਭਰੀਆਂ ਜਾਣਗੀਆਂ । ਆਨੰਦਪੁਰ ਸਾਹਿਬ ਦੇ ਸਿਵਲ ਹਸਪਤਾਲ ਦੀ ਖਾਲੀ ਆਸਾਮੀ ਭਰਨ ਲਈ ਤਜਵੀਜ਼ ਵਿਚਾਰ ਅਧੀਨ ਹੈ।

ਮੁੱਢਲਾ ਸਿਹਤ ਕੇਂਦਰ ਖਾਨਪੁਰ ਖੁਈ ਵਿਖੇ ਇਕ ਡਾਕਟਰ ਸ਼੍ਰੀਮਤੀ ਅਮਰਜੀਤ ਕੌਰ ਮਿਤੀ 23 ਜਨਵਰੀ, 1987 ਨੂੰ ਨਿਯੁਕਤ ਕੀਤੀ ਗਈ ਸੀ ਪਰ ਮੈਡੀਕਲ ਬੋਰਡ ਵਲੋਂ ਮਿਤੀ 30 ਅਪਰੈਲ, 1987 ਤੱਕ ਆਰਜ਼ੀ ਤੌਰ ਤੇ ਅਯੋਗ ਕਰ ਦਿੱਤਾ ਗਿਆ ਹੈ ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਆਸਾਮੀਆਂ ਖਾਲੀ ਪਈਆਂ ਹਨ ਇਹ ਇਤਨੇ ਇਤਨੇ ਚਿਰ ਤੋਂ ਖਾਲੀ ਪਈਆਂ ਹਨ ਖਾਸ ਤੌਰ ਤੇ ਉਨ੍ਹਾਂ ਇਲਾਕਿਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਇਲਾਕਿਆਂ ਵਿੱਚ ਨਾ ਕੋਈ ਟਾਂਗਾ ਜਾਂਦਾ ਹੈ ਅਤੇ ਨਾ ਕੋਈ ਰਿਕਸ਼ਾ ਚਲਦਾ ਹੈ, ਲੋਕਾਂ ਨੂੰ ਦੂਰ ਦੁਰਾਡੇ ਜਾ ਕੇ ਆਪਣਾ ਇਲਾਜ ਕਰਾਉਣਾ ਪੈਂਦਾ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਕਾਰਨ ਹੈ ਕਿ ਇਤਨੇ ਚਿਰ ਤੋਂ ਇਹ ਪੋਸਟਾਂ ਫਿਲ ਅੱਪ ਨਹੀਂ ਹੋਈਆਂ ?

ਇਸ ਦੇ ਨਾਲ ਹੀ ਮੈਂ ਇਕ ਕਾਰਨ ਆਪ ਹੀ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿਉਂਕਿ ਮੈਨੂੰ ਉਥੇ ਲੋਕਲ ਰਹਿੰਦਿਆਂ ਇਸ ਗਲ ਦਾ ਪਤਾ ਹੈ ਕਿ ਜਿਨ੍ਹਾਂ ਡਾਕਟਰਾਂ ਦੀ ਉਥੇ ਪੋਸਟਿੰਗ ਕੀਤੀ ਜਾਂਦੀ ਹੈ ਉਨ੍ਹਾਂ ਏਰੀਆਜ਼ ਦੇ ਵਿੱਚ ਉਹ ਉਥੇ ਰਹਿਣਾ ਨਹੀਂ ਚਾਹੁਦੇ ਅਤੇ ਉਹ ਸਿਫਾਰਸ਼ ਕਰਵਾ ਕੇ ਆਪਣੀ ਬਦਲੀ ਉਥੋਂ ਉਨ੍ਹਾਂ ਇਲਾਕੀਆਂ ਵਿਚੋਂ ਕਰਵਾ ਲੈਂਦੇ ਹਨ। ਜਿਹੜੇ ਉਸ ਇਲਾਕੇ ਦੇ ਲੋਕ ਹਨ ਅਤੇ ਜਿਹੜੇ ਉਥੇ ਲਗਣਾ ਚਾਹੁੰਦੇ ਹਨ ਅਤੇ ਸੇਵਾ ਕਰਨਾ ਚਾਹੁੰਦੇ ਹਨ ਔਰ ਨੇੜੇ ਤੇੜੇ ਦੇ ਰਹਿਣ ਵਾਲੇ ਹਨ ਉਨ੍ਹਾਂ ਨੂੰ ਉਥੇ ਲਾਇਆ ਨਹੀਂ ਜਾਂਦਾ । ਕੀ ਮਨਿਸਟਰ ਸਾਹਿਬ ਕੋਈ ਐਸਾ ਯਤਨ ਕਰਨਗੇ ਕਿ ਜਿਹੜੇ ਡਾਕਟਰਜ਼ ਉਥੇ ਲਗਣਾ ਚਾਹੁੰਦੇ ਹਨ ਉਨ੍ਹਾਂ ਨੂੰ ਉਥੇ ਲਾਇਆ ਜਾਵੇ ਤਾਂਕਿ ਲੋਕਾਂ ਦੀ ਜੋ ਤਕਲੀਫ ਹੈ ਉਹ ਦੂਰ ਹੋ ਸਕੇ ?

ਸੂਚਨਾ ਅਤੇ ਲੋਕ ਸੰਪਰਕ ਮੰਤਰੀ : ਸਰ, ਪੇਂਡੂ ਹਸਪਤਾਲ, ਭਲਾਨ ਜੋ ਖਾਲੀ ਅਸਾਮੀ ਹੈ ਉਸ ਨੂੰ ਭਰਨ ਦੇ ਆਰਡਰ ਜਾਰੀ ਕਰ ਦਿੱਤੇ ਹਨ। ਇਸੇ ਤਰ੍ਹਾਂ ਖਾਨਪੁਰ ਖੁਈ ਸਿਹਤ ਕੇਂਦਰ ਵਿੱਚ ਵੀ ਡਾਕਟਰ ਪੋਸਟ ਕੀਤਾ ਗਿਆ ਹੈ । ਸਪੀਕਰ ਸਾਹਿਬ, ਬਾਲੀ ਸਾਹਿਬ ਦੀ ਗਲ ਨਾਲ ਮੈਂ ਸਹਿਮਤ ਹਾਂ ਕਿ ਪਿੰਡਾਂ ਵਿੱਚ ਬਹੁਤ ਸਾਰੀਆਂ ਐਸੀਆਂ ਜਗ੍ਹਾਂ ਹਨ ਜਿਥੇ ਡਾਕਟਰਜ਼ ਜਾਣਾ ਨਹੀਂ ਚਾਹੁਦੇ। ਇਨ੍ਹਾਂ ਨੇ ਲੋਕਲ ਡਾਕਟਰਜ਼ ਉਥੇ ਦੇ ਜੋ ਹਨ ਉਨ੍ਹਾਂ ਦਾ ਜ਼ਿਕਰ ਕੀਤਾ ਹੈ । ਇਹ ਮੇਰੇ ਕੋਲ ਆ ਜਾਣ ਅਤੇ ਦੱਸ ਦੇਣ । ਉਸ ਇਲਾਕੇ ਵਿੱਚ ਜੇ ਕੋਈ ਡਾਕਟਰ ਲਗਣਾ ਚਾਹੁੰਦਾ ਹੋਵੇਗਾ ਤਾਂ ਉਸ ਨੂੰ ਲਗਾ ਦੇਵਾਂਗੇ ।

ਸ਼੍ਰੀ ਸਪੀਕਰ : ਮਨਿਸਟਰ ਸਾਹਿਬ ਨੇ ਬੜੀ ਜੈਨਰਸ ਓਫਰ ਕਰ ਦਿੱਤੀ ਹੈ ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਮੰਤਰੀ ਸਾਹਿਬ ਨੇ ਭਰੋਸਾ ਦਿਲਾਇਆ ਹੈ, ਮੈਂ ਧੰਨਵਾਦੀ ਹਾਂ। ਦੂਸਰੀ ਗੱਲ ਮੈਂ ਇਹ ਪੁਛਣੀ ਚਾਹੁੰਦਾ ਹਾਂ, ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਵੀ ਦਸਿਆ ਹੈ, ਜਿੰਨੇ ਵੀ ਹੈਲਥ ਸੈਂਟਰਜ਼ ਖੋਲ੍ਹੇ ਹਨ ਉਨ੍ਹਾਂ ਵਿਚ ਡਾਕਟਰਾਂ ਦੀ ਰੈਜ਼ੀਡੈਂਸ ਦਾ ਕੋਈ ਇੰਤਜ਼ਾਮ ਨਹੀਂ ਹੈ । ਇਹ ਲੋਕ ਕਿਥੇ ਜਾ ਕੇ ਰਹਿਣ ਪਿੰਡਾਂ ਵਿਚ ਫ਼ਾਲਤੂ ਮਕਾਨ ਨਹੀਂ ਹੁੰਦੇ । ਜਿਨ੍ਹਾਂ ਡਿਸਪੈਂਸਰੀਆਂ ਵਾਸਤੇ ਮੁਲਾਜ਼ਮਾਂ ਦੇ ਕਵਾਟਰਜ਼ ਨਹੀਂ ਹਨ ਕੀ ਉਨ੍ਹਾਂ ਵਾਸਤੇ ਕਵਾਟਰਜ਼ ਬਣਾਉਣ ਲਈ ਇੰਤਜਾਮ ਕਰਨਗੇ ? ਜਿਹੜੀਆਂ ਨਵੀਆਂ ਡਿਸਪੈਂਸਰੀਆਂ ਬਣਾ ਰਹੇ ਹਨ ਉਨ੍ਹਾਂ ਵਿਚ ਜਦ ਤਕ ਡਾਕਟਰਾਂ ਦੇ ਰੈਜ਼ੀਡੈਂਸ ਨਾ ਤਿਆਰ ਹੋ ਜਾਣ ਤਦ ਤਕ ਉਹ ਕੰਪਲੀਟ ਨਾ ਮੰਨੀਆਂ ਜਾਣ, ਕੀ ਇਹ ਇਸ ਤਰ੍ਹਾਂ ਕਰਨਗੇ ?

ਮੰਤਰੀ : ਸਪੀਕਰ ਸਾਹਿਬ ਸਾਡੀ ਸਟੇਟ ਨੂੰ ਜਿਨ੍ਹਾਂ ਮਾਲੀ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਸ ਬਾਰੇ ਸਭ ਮੈਂਬਰ ਸਾਹਿਬਾਨ ਨੂੰ ਪਤਾ ਹੈ। ਇਹ ਠੀਕ ਹੈ ਬਹੁਤ ਸਾਰੀਆਂ ਡਿਸਪੈਂਸਰੀਆਂ ਵਿਚ ਡਾਕਟਰਾਂ ਦੀ ਰਿਹਾਇਸ਼ ਲਈ ਕੋਈ ਮਕਾਨ ਨਹੀਂ ਹਨ। ਜਿਹੜੀਆਂ ਨਵੀਆਂ ਡਿਸਪੈਂਸਰੀਆਂ ਬਣ ਰਹੀਆਂ ਹਨ ਉਨ੍ਹਾਂ ਵਿਚ ਡਾਕਟਰਾਂ ਦੀ ਰੈਜ਼ੀਡੈਂਸ ਦਾ ਪ੍ਰਬੰਧ ਕੀਤਾ ਜਾਵੇਗਾ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕ੍ਰਿਪਾ ਕਰਕੇ ਉਹ ਦਸ ਦੇਣ ਕਿ ਆਇਆ ਹੈਲਥ ਵਿਭਾਗ ਦਾਲਮ ਸਾਹਿਬ ਨੂੰ ਦੇ ਦਿਤਾ ਗਿਆ ਹੈ ? ਜੇ ਦਿਤਾ ਗਿਆ ਹੈ ਤਾਂ ਮੈਂ ਮੁਬਾਰਕਬਾਦ ਦਿੰਦਾ ਹਾਂ।

ਵੈਦ ਓਮ ਪ੍ਰਕਾਸ਼ ਦੱਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਜਲੰਧਰ ਗਾਂਧੀ ਕੈਂਪ ਵਿਚ ਵੀ ਕੋਈ ਆਯੁਰਵੈਦਿਕ ਡਿਸਪੈਂਸਰੀ ਖੋਲ੍ਹਣ ਲਈ ਤਿਆਰ ਹਨ ?

ਮੰਤਰੀ: ਇਹ ਨਵਾਂ ਸੁਆਲ ਭੇਜ ਦੇਣ ਮੈਂ ਜਵਾਬ ਦੇ ਦਿਆਂਗਾ। ਇਸ ਸਵਾਲ ਨਾਲ ਇਸ ਦੀ ਕੋਈ ਰੇਲੇਵੈਂਸੀ ਨਹੀਂ ਹੈ।

ਨਿਸ਼ਾਨਵਾਲਾ ਪ੍ਰਸ਼ਨ ਨ: 589*

ਸ੍ਰੀ ਸਪੀਕਰ : ਸੁਆਲ ਨੰ: 589 ਵਿਚ ਐਕਸਟੈਨਸ਼ਨ ਸੀਕ ਕੀਤੀ ਗਈ ਹੈ।

Sugarcane Crop in Village Aliana, Tehsil Fazilka damaged due to Water Logging

*608. **Comrade Mehtab Singh :** Will the Minister for Revenue and Rehabilitation be pleased to state—

(a) the total area under sugarcane crop in village Aliana Tehsil Fazilka damaged due to water logging during the years 1985-86 and 1986-87 (up-to-date) ;

(b) whether any compensation has been paid to the affected farmers of the said village ; if so, the details thereof ?

ਸਰਦਾਰ ਮੇਜਰ ਸਿੰਘ ਉਬੋਕੇ : (ੳ) ਖਰੀਫ 1985-86 ... ਕੋਈ ਨਹੀਂ

ਖਰੀਫ 1986-87 ... 30 ਏਕੜ।

(ਅ) ਨਹੀਂ ਜੀ

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ 30 ਏਕੜ ਏਰੀਆ ਬਾਰੇ ਜਵਾਬ ਦਿੱਤਾ ਹੈ ਉਥੇ ਦਾ ਸਾਰਾ ਕਮਾਦ ਬਰਬਾਦ ਹੋ ਗਿਆ, ਸੇਮ ਦੇ ਕਾਰਨ। ਉਥੇ ਨਵੀਂ ਮਿਲ ਲਗੀ ਸੀ ਅਤੇ ਇਸ ਲਈ ਗੰਨੇ ਦੀ ਬੜੀ ਲੋੜ ਸੀ। ਸਰਕਾਰ ਨੇ ਕਰਜ਼ਾ ਦੇ ਕੇ ਲੋਕਾਂ ਤੋਂ ਗੰਨਾਂ ਲਗਵਾਇਆ, ਪਰ ਉਹ ਗੰਨਾਂ ਸੇਮ ਨਾਲ ਤਬਾਹ ਹੋ ਗਿਆ, ਜਿਸ ਕਰਕੇ ਲੋਕ ਦਬੇ ਪਏ ਹਨ। ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਹੁਣ ਤੱਕ ਮੁਆਵਜ਼ਾ ਨਾ ਦੇਣ ਦੇ ਕੀ ਕਾਰਨ ਹਨ ?

---

*For Starred Question No. 589 and reply thereto, please see P.V.S. Debates dated the 31st March, 1987.

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਸੇਮ ਦਾ ਸਬੰਧ ਹੈ ਪੰਜਾਬ ਦੇ ਜਿਹੜੇ ਇਸ ਸਬੰਧੀ ਪੁਰਾਣੇ ਨਿਯਮ ਚਲੇ ਆਉਂਦੇ ਹਨ ਉਨ੍ਹਾਂ ਵਿਚ ਸੇਮ ਨੂੰ ਨੈਚੁਰਲ ਕਲੈਮਿਟੀ ਨਹੀਂ ਗਿਣਿਆ ਗਿਆ। ਇਹ ਜੋ ਐਮ.ਐਲ.ਏ. ਸਾਹਿਬ ਨੇ ਜ਼ਿਕਰ ਕੀਤਾ ਹੈ ਇਹ ਗੰਨਾਂ ਕੋਈ ਸੇਮ ਕਰਕੇ ਖ਼ਰਾਬ ਨਹੀਂ ਹੋਇਆ ਬਲਕਿ ਉਥੇ ਫਲੱਡ ਦਾ ਪਾਣੀ ਜਮ੍ਹਾਂ ਹੋ ਗਿਆ ਸੀ। ਇਹ ਕੋਈ 35 ਏਕੜ ਦਾ ਰਕਬਾ ਸੀ ਜਿਸ ਵਿਚੋਂ 30 ਏਕੜ ਰਕਬੇ ਦਾ ਨੁਕਸਾਨ ਹੋ ਗਿਆ ਹੈ। ਇਸ ਦਾ ਮੁਆਵਜ਼ਾ ਅਸੀਂ ਜਲਦੀ ਦਿਆਂਗੇ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਕਹਿੰਦਾ ਹਾਂ ਕਿ ਅਗਰ ਕੋਈ ਹੋਰ ਮੁਆਵਜ਼ਾ ਨਹੀਂ ਦੇਣਾ ਤਾਂ ਉਨ੍ਹਾਂ ਦਾ ਜਿਹੜਾ ਕਰਜ਼ਾ ਹੈ ਉਹ ਹੀ ਘੱਟੋ ਘੱਟ ਮੁਆਫ਼ ਕਰ ਦੇਣ ਤਾਕਿ ਉਹ ਕਿਸਾਨ ਆਪਣੇ ਪੈਰਾਂ ਤੇ ਖੜੇ ਹੋ ਸਕਣ।

ਮੰਤਰੀ : ਮੈਂ ਕਰਜ਼ੇ ਬਾਰੇ ਕੋਈ ਗਲ ਨਹੀਂ ਕਰ ਸਕਦਾ ਕਿਉਂਕਿ ਮੇਰਾ ਮਹਿਕਮਾ ਰਿਲੀਫ਼ ਦੇਣ ਦਾ ਹੈ। ਜਿੰਨਾਂ ਨੁਕਸਾਨ ਹੋਇਆ ਹੈ ਨਿਯਮ ਅਨੁਸਾਰ ਰਿਲੀਫ਼ ਜ਼ਰੂਰ ਦਿਆਂਗੇ।

Sugar Mill for Jagraon Sub-Division

*588. **Sardar Gurdip Singh :** Will the Minister for Cooperation be pleased to state whether a Sugar Mill has been sanctioned for Jagraon Sub-Division ; if so, the time by which that will start functioning ?

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ : ਨਹੀਂ ਸ੍ਰੀਮਾਨ ਜੀ। ਇਹ ਸਵਾਲ ਹੀ ਪੈਦਾ ਨਹੀਂ ਹੁੰਦਾ।

ਸਰਦਾਰ ਗੁਰਦੀਪ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਵਿਚ ਕੁੱਲ ਕਿੰਨਾਂ ਗੰਨਾਂ ਪੈਦਾ ਹੋਇਆ ਹੈ ਔਰ ਮਿਲਾਂ ਦੀ ਗੰਨਾ ਪੀੜਨ ਦੀ ਕਿੰਨੀ ਕਪੈਸਿਟੀ ਹੈ ਕਿਉਂਕਿ ਜ਼ਮੀਂਦਾਰਾਂ ਨੂੰ ਕਾਫੀ ਖਰਾਬ ਹੋਣਾ ਪੈ ਰਿਹਾ ਹੈ। ਇਨ੍ਹਾਂ ਨੇ ਬੜਾ ਨੈਗੇਟਿਵ ਜਿਹਾ ਜਵਾਬ ਦਿਤਾ ਹੈ। ਕਲ ਹੀ ਜਗਬਾਣੀ, ਟਰੀਬਿਊਨ ਵਿਚ ਆਇਆ ਹੈ ਕਿ ਪੰਜਾਬ ਵਿਚ 6 ਮਿਲਾਂ ਹੋਰ ਲਗ ਰਹੀਆਂ ਹਨ। ਜਿਹੜੀਆਂ ਮਿਲਾਂ ਲਗ ਰਹੀਆਂ ਹਨ ਉਨ੍ਹਾਂ ਦੀ ਕੀ ਪੁਜ਼ੀਸ਼ਨ ਹੈ ਔਰ ਕੀ ਤਜਵੀਜ਼ ਹੈ ਖਾਸ ਕਰਕੇ ਜਗਰਾਉਂ ਦੀ ਮਿਲ ਕਦੋਂ ਤਕ ਤਿਆਰ ਕਰ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਪੰਜਾਬ ਦੇ ਵਿਚ ਇਸ ਸਮੇਂ ਗੰਨੇ ਦੀ ਪੈਦਾਵਾਰ ਜਿਹੜੀ ਹੈ ਉਹ 58.5 ਲੱਖ ਟੰਨ ਹੈ ਜਦੋਂ ਕਿ ਕਰੱਸ਼ਿੰਗ ਕਪੈਸਿਟੀ ਸਾਡੀ ਛੇ ਸ਼ੂਗਰ ਮਿਲਾਂ ਦੀ ਜੋ ਸਹਿ-ਕਾਰਤਾ ਵਿਭਾਗ ਨੇ ਲਾਈਆਂ ਹਨ, ਦੋ ਪਬਲਿਕ ਸੈਕਟਰ ਦੇ ਵਿਚ, ਦੋ ਪ੍ਰਾਈਵੇਟ ਸੈਕਟਰ ਦੇ ਵਿਚ ਇਸ ਤਰ੍ਹਾਂ ਦੀਆਂ ਹਨ। ਟੋਟਲ ਕਰੱਸ਼ਿੰਗ ਕਪੈਸਿਟੀ 15.6 ਲੱਖ ਟਨ ਹੈ, ਇਹ ਕਰੱਸ਼ ਕੀਤਾ ਹੈ ਇਸ ਟਾਈਮ ਤਕ ਕੀਤਾ ਔਰ ਪਿਛਲੇ ਸਾਲ 15.1 ਲੱਖ ਟਨ ਕੀਤਾ ਸੀ। ਪਿਛਲੇ ਸਾਲ ਨਾਲੋਂ ਐਕਸੀਡ ਕਰ ਗਏ ਹਾਂ ਪਰੰਤੂ ਜਿੰਨਾਂ ਗੰਨਾਂ ਪੈਦਾ ਹੁੰਦਾ ਹੈ ਉਸ ਦਾ ਤੀਜਾ ਹਿੱਸਾ ਵੀ ਕਰੱਸ਼ ਨਹੀਂ ਹੁੰਦਾ। ਇਸ ਗੱਲ ਨੂੰ ਮੁੱਖ ਰੱਖ ਕੇ ਪੰਜਾਬ ਸਰਕਾਰ ਨੇ ਲਾਈਸੈਂਸ ਹੋਰ ਮਿੱਲਾਂ ਲਗਾਉਣ ਲਈ ਗੌਰਮਿੰਟ ਆਫ ਇੰਡੀਆ ਤੋਂ ਮੰਗੇ ਸੀ। ਪਰੰਤੂ ਉਨ੍ਹਾਂ ਨਵੀਂ ਸ਼ੂਗਰ ਪਾਲਿਸੀ ਬਣਾਈ ਹੈ। ਉਨ੍ਹਾਂ ਇਹ ਕਿਹਾ ਕਿ ਨਵੀਂ ਸ਼ੂਗਰ ਪਾਲਿਸੀ ਜਿਹੜੀ ਹੈ ਉਸਦੇ ਤਾਹਿਤ 25 ਸੌ ਟਨ ਡੇਲੀ ਕਰੱਸ਼ਿੰਗ

ਕਪੈਸਿਟੀ ਵਾਲੀਆਂ ਮਿੱਲਾਂ ਲਈ ਹੀ ਲਾਈਸੈਂਸ ਦੇਣੇ ਹਨ ਜਦੋਂ ਕਿ ਸਾਡੀਆਂ ਮਿੱਲਾਂ 1250 ਟਨ ਵਾਲੀਆਂ ਮਿੱਲਾਂ ਹਨ। ਉਨ੍ਹਾਂ ਇਹ ਕੰਡੀਸ਼ਨ ਪਹਿਲਾਂ ਨਹੀਂ ਸੀ ਲਗਾਈ। ਪੰਜਾਬ ਸਰਕਾਰ ਵਲੋਂ 2500 ਟਨ ਕਰੱਸ਼ਿੰਗ ਕਪੈਸਿਟੀ ਵਾਲੀਆਂ ਛੇ ਮਿੱਲਾਂ ਦੇ ਲਾਈਸੈਂਸ ਲੈਣ ਲਈ ਫਿਰ ਅਪਲਾਈ ਕੀਤਾ ਹੈ। ਜੋ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਅਖਬਾਰਾਂ ਵਿਚ ਦਿੱਤਾ ਹੈ। ਇਸ ਕਰਕੇ ਇਹ ਦਿੱਤਾ ਹੈ ਕਿ ਛੇ ਖੰਡ ਮਿੱਲਾਂ ਦੇ ਲਾਈਸੈਂਸ ਲਈ ਜੋ ਅਪਲਾਈ ਕੀਤਾ ਹੈ ਉਹ ਗੰਨਾ ਉਤ-ਪਾਦਕਾਂ ਨੂੰ ਪਤਾ ਲਗ ਸਕੇ। ਉਹ ਮਿੱਲਾਂ ਹਨ--

1. ਅੰਮ੍ਰਿਤਸਰ ਕੋਆਪ੍ਰੇਟਿਵ ਸ਼ੂਗਰ ਮਿੱਲ ਲਿਮਿਟਿਡ, ਅਜਨਾਲਾ।
2. ਮਮਦੋਟ ਕੋਆਪ੍ਰੇਟਿਵ ਸ਼ੂਗਰ ਮਿੱਲ ਲਿਮਿਟਿਡ ਮਮਦੋਟ, ਫਿਰੋਜ਼ਪੁਰ।
3. ਬੁਡਲਾਢਾ ਕੋਆਪ੍ਰੇਟਿਵ ਸ਼ੂਗਰ ਮਿੱਲ ਲਿਮਿਟਿਡ, ਬੁਡਲਾਢਾ, ਬਠਿੰਡਾ।
4. ਮਹਿਲ ਕਲਾਂ ਕੋਆਪ੍ਰੇਟਿਵ ਸ਼ੂਗਰ ਮਿੱਲ ਲਿਮਿਟਿਡ, ਮਹਿਲ ਕਲਾਂ।
5. ਫਰੀਦਕੋਟ ਕੋਆਪ੍ਰੇਟਿਵ ਸ਼ੂਗਰ ਮਿੱਲ ਲਿਮਿਟਿਡ, ਫਰੀਦਕੋਟ।
6. ਜਗਰਾਉਂ ਕੋਆਪ੍ਰੇਟਿਵ ਸ਼ੂਗਰ ਮਿੱਲ ਲਿਮਿਟਿਡ, ਜਗਰਾਉਂ।

ਇਸ ਪਾਸੇ ਲਗੇ ਹੋਏ ਹਾਂ। ਉਮੀਦ ਹੈ ਕਿ ਛੇ ਮਿੱਲਾਂ ਲਗਾਉਣ ਲਈ ਭਾਰਤ ਸਰਕਾਰ ਜਦੋਂ ਲਾਇਸੈਂਸ ਦੇ ਦੇਵੇਗੀ, ਲਗ ਜਾਣਗੀਆਂ। ਛੇ ਮਿੱਲਾਂ ਪੰਜਾਬ ਵਿਚ ਲਾਉਣੀਆਂ ਚਾਹੁੰਦੇ ਹਾਂ ਤਾਕਿ ਜਿੰਨਾਂ ਗੰਨਾ ਪੈਦਾ ਹੁੰਦਾ ਹੈ ਉਹ ਕਰੱਸ਼ ਕਰਨ ਦੀ ਯੋਗਤਾ ਰੱਖੀ ਜਾ ਸਕੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਇਸ ਵੇਲੇ ਗੰਨੇ ਦੀ ਰਿਕਵਰੀ ਇੰਡੀਆ ਵਿਚੋਂ ਨੰਬਰ ਇਕ ਤੇ ਹੈ ਲੇਕਿਨ ਕਰੱਸ਼ਿੰਗ ਕਪੈਸਿਟੀ 6ਵੇਂ/7ਵੇਂ ਨੰਬਰ ਤੇ ਹੈ। ਮਹਾਂਰਾਸ਼ਟਰਾ, ਗੁਜਰਾਤ ਸਟੇਟਾਂ ਵਿਚ 80/85% ਤਕ ਕਰੱਸ਼ਿੰਗ ਕਪੈਸਿਟੀ ਹੈ। ਜੋ ਲਾਈਸੈਂਸ ਰਿਜੈਕਟ ਹੋਏ ਹਨ ਉਹ ਟੈਕਨੀਕਲ ਗਰਾਊਂਡ ਤੇ ਹੋਏ ਹਨ। ਠੀਕ ਢੰਗ ਨਾਲ ਕੇਸ ਪੇਸ਼ ਨਹੀਂ ਕਰ ਸਕੇ। ਉਹ ਜ਼ਿਆਦਾ ਕਰਸ਼ਿੰਗ ਕਪੈਸਿਟੀ ਮੰਗਦੇ ਹਨ। ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜੋ ਕੇਸ ਪੰਜਾਬ ਦਾ ਹੈ, ਪੰਜਾਬ ਦਾ ਏਰੀਆ ਜਿਹੜਾ ਹੈ, ਪੰਜਾਬ ਦੀ ਅਕਾਨੌਮੀ ਨੂੰ ਐਕਸੈਲਰੇਟ ਕਰਨ ਵਾਸਤੇ ਔਰ ਡਾਈਵਰਸੀਫੀਕੇਸ਼ਨ ਆਫ ਐਗਰੀਕਲਚਰ ਵਾਸਤੇ ਹੈ। ਕਿਉਂਕਿ ਇਹ ਬਹੁਤ ਵੱਡਾ ਕੇਸ ਹੈ, ਕੀ ਚੀਫ ਮਨਿਸਟਰ ਸਾਹਿਬ ਆਪ ਜਾ ਕੇ ਦਿੱਲੀ ਜੋ ਇਹ ਟੈਕਨੀਕਲ ਗਰਾਊਂਡ ਤੇ ਰਿਜੈਕਟ ਹੋਏ ਹਨ, ਮਿੱਲਾਂ ਦੇ ਜਲਦੀ ਤੋਂ ਜਲਦੀ ਲਾਈਸੈਂਸ ਲੈਣ ਦੀ ਕੋਸ਼ਿਸ਼ ਕਰਨਗੇ ਤਾਕਿ ਪੰਜਾਬ ਅੱਗੇ ਵੱਧ ਸਕੇ ?

ਮੰਤਰੀ : ਸਪੀਕਰ ਸਾਹਿਬ, ਮੈਂ ਸਹਿਮਤ ਹਾਂ ਕਿ ਪੰਜਾਬ ਦੀ ਅਕਾਨੌਮੀ ਨੂੰ ਅਪਲਿਫਟ ਕਰਨ ਲਈ ਔਰ ਐਗਰੀਕਲਚਰ ਦੀ ਡਾਈਵਰਸੀਫਿਕੇਸ਼ਨ ਲਈ ਕੇਨ ਦੀ ਕਰੱਸ਼ਿੰਗ ਕਪੈਸਿਟੀ ਪੰਜਾਬ ਵਿਚ ਵਧਣੀ ਚਾਹੀਦੀ ਹੈ। ਏਸੇ ਨੂੰ ਮੁੱਖ ਰੱਖ ਕੇ ਹੀ ਇਹ ਮਿਲਾਂ ਦੇ ਲਾਈਸੈਂਸ ਲੈਣ ਲਈ ਯਤਨ ਕਰ ਰਹੇ ਹਾਂ ਜੋ ਮਾਨਯੋਗ ਮੈਂਬਰ ਨੇ ਕਿਹਾ ਹੈ ਟੈਕਨੀਕਲ ਗਰਾਊਂਡ ਤੇ ਰਿਜੈਕਟ ਹੋਏ ਹਨ, ਸ਼ਾਇਦ ਇਨ੍ਹਾਂ ਨੇ ਸੁਣਿਆ ਨਹੀਂ। ਮੈਂ ਦੱਸਿਆ ਹੈ ਕਿ ਪਹਿਲੀ ਸ਼ੂਗਰ ਪਾਲਿਸੀ ਸੀ ਗੌਰਮਿੰਟ ਆਫ ਇੰਡੀਆ ਦੀ ਉਸ ਦੇ ਤਹਿਤ ਕੋਈ ਕੰਡੀਸ਼ਨ ਨਹੀਂ ਸੀ। ਹੁਣ ਨਵੀਂ ਕੰਡੀਸ਼ਨ ਲਗਾ ਦਿੱਤੀ ਹੈ। ਜਦੋਂ ਕਿ ਪਹਿਲਾਂ ਅਸੀਂ ਕੋਈ 1000 ਤਕ ਦੀ ਕੋਈ 1200 ਟਨ ਵਾਲੀਆਂ ਮਿੱਲਾਂ

[ਸਹਿਕਾਰਤਾ ਮੰਤਰੀ]

ਲਾਈਆਂ ਸਨ ਉਸ ਤੋਂ ਬਾਦ ਐਕਸਟੇਨਸ਼ਨ ਕਰਦੇ ਰਹੇ ਹਾਂ। ਹੁਣ ਗੌਰਮਿੰਟ ਆਫ ਇੰਡੀਆ ਨੇ ਨਵੀਂ ਪਾਲਿਸੀ ਬਣਾਈ ਜਿਸ ਦੇ ਤਾਹਿਤ ਘੱਟੋ ਘੱਟ 2500 ਟਨ ਡੇਲੀ ਕਰੱਸ਼ਿੰਗ ਕਪੈਸਿਟੀ ਵਾਲੀਆਂ ਮਿੱਲਾਂ ਦੇ ਲਾਈਸੈਂਸ ਜਾਰੀ ਕਰਨੇ ਹਨ, ਉਸ ਤੋਂ ਘੱਟ ਵਾਲੀਆਂ ਦੇ ਨਹੀਂ ਕਰਨੇ। ਪਰ ਪਹਿਲਾਂ ਇਹ ਪਾਲਿਸੀ ਵਿਚ ਕੰਡੀਸ਼ਨ ਨਹੀਂ ਸੀ। ਇਸ ਕਰਕੇ ਦੁਬਾਰਾ ਅਪਲਾਈ ਕੀਤਾ ਹੈ। ਇਕ ਹੋਰ ਕੰਡੀਸ਼ਨ ਲਾਈ ਹੈ ਕਿ ਘੱਟੋ ਘੱਟ ਇਨਲਿਸਟਿਡ ਮਿਲਾਂ ਦਾ ਡਿਸਟੈਂਸ 40 ਕਿਲੋਮੀਟਰ ਦਾ ਹੋਣਾ ਚਾਹੀਦਾ ਹੈ। ਜਦੋਂ ਕੇਸ ਰਿਜੈਕਟ ਹੋਇਆ, ਬਹੁਤ ਤੇਜ਼ੀ ਨਾਲ 15 ਦਿਨਾਂ ਦੇ ਅੰਦਰ ਅੰਦਰ ਅਪਲਾਈ ਕੀਤਾ। ਮੈਂ ਆਪ ਵੀ ਦਿੱਲੀ ਜਾ ਕੇ ਆਇਆ ਹਾਂ ਅਤੇ ਮੁੱਖ ਮੰਤਰੀ ਜੀ ਤੋਂ ਵੀ ਪੱਤਰ ਲਿਖਵਾਇਆ ਹੈ। ਔਰ ਅਸੀਂ ਪੂਰਾ ਯਤਨ ਕਰ ਰਹੇ ਹਾਂ ਕਿ ਪੰਜਾਬ ਦੇ ਲੋਕਾਂ ਦੀ ਆਰਥਕਤਾ ਨੂੰ ਸੁਧਾਰਿਆ ਜਾਵੇ ਔਰ ਜਿਤਨਾ ਵੀ ਗੰਨਾਂ ਪੈਦਾ ਹੁੰਦਾ ਹੈ ਉਸ ਨੂੰ ਕਰੱਸ਼ ਕਰਨ ਲਈ ਪੂਰਾ ਯਤਨ ਕੀਤਾ ਜਾਵੇ।

ਸਰਦਾਰ ਬਚਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸੁਲਤਾਨਪੁਰ ਵਿਚ ਚੀਫ ਮਨਿਸਟਰ ਸਾਹਿਬ ਗਏ ਸਨ ਤਾਂ ਇਕ ਪਬਲਿਕ ਮੀਟਿੰਗ ਵਿਚ ਇਹ ਐਲਾਨ ਕਰਕੇ ਆਏ ਸਨ ਕਿ ਸੁਲਤਾਨਪੁਰ ਵਿਚ ਵੀ ਇਕ ਸ਼ੂਗਰ ਮਿਲ ਲਾਈ ਜਾਵੇਗੀ। ਹੁਣ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ 6 ਮਿੱਲਾਂ ਲਗ ਰਹੀਆਂ ਹਨ ਕੀ ਇਕ ਮਿੱਲ ਸੁਲਤਾਨਪੁਰ ਵਿਚ ਲਾਈ ਜਾਵੇਗੀ ?

ਮੰਤਰੀ : ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਜਿਥੋਂ ਜਿਥੋਂ ਵੀ ਕਿਸੇ ਨੇ ਐਪਲਾਈ ਕੀਤਾ ਸੀ ਉਨ੍ਹਾਂ ਦਾ ਕੇਸ ਵਿਚਾਰਿਆ ਸੀ। ਮੈਂ ਸਮਝਦਾ ਹਾਂ ਕਿ ਸੁਲਤਾਨਪੁਰ ਹਲਕੇ ਦੇ ਨੇੜੇ ਨਕੋਦਰ ਦੇ ਨੇੜੇ ਮਹਿਲਪੁਰ ਵਿਚ ਮਿਲ ਲੱਗ ਰਹੀ ਹੈ ਫਿਰ ਇਸ ਦੇ ਨਾਲ ਦੋ ਕੰਡੀਸ਼ਨਾਂ ਵੀ ਹਨ ਇੱਕ ਤਾਂ ਮੈਂ ਦੱਸੀ ਹੈ ਕਿ 2500 ਟਨ ਵਾਲੀ ਅਤੇ ਦੂਜੀ 40 ਕਿਲੋਮੀਟਰ ਦਾ ਡਿਸਟੈਂਸ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਧਰਤੀ ਦੀ ਪਰੋਡਕਸ਼ਨ ਨੂੰ ਵੇਖਿਆ ਜਾਂਦਾ ਹੈ। ਫਿਰ ਵੀ ਅਸੀਂ ਕੋਸ਼ਿਸ਼ ਕਰਾਂਗੇ ਕਿ ਜਿਥੇ ਜਿਥੇ ਵੀ ਲੋੜ ਹੈ ਉਨ੍ਹਾਂ ਦੀ ਲੋੜ ਪੂਰੀ ਕੀਤੀ ਜਾ ਸਕੇ।

ਜਥੇਦਾਰ ਨਰੰਜਨ ਸਿੰਘ ਪੱਟੀ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਤਰਨ ਤਾਰਨ ਦੇ ਹਲਕੇ ਵਿਚ ਜਿਹੜੀ ਸ਼ੂਗਰ ਮਿਲ ਲੱਗੀ ਹੈ ਉਥੇ ਜਿਹੜੇ ਮੈਂਬਰ ਬਣੇ ਹਨ ਉਹ ਮੇਰੇ ਹਲਕੇ ਦੇ ਸ਼ੇਰੋਂ ਦੇ ਕਈ ਬੰਦਿਆਂ ਤੋਂ 500-500 ਰੁਪਿਆ ਲੈ ਕੇ ਖਾ ਗਏ ਹਨ ਔਰ ਉਹ ਵਿਚਾਰੇ ਪਰਚੀਆਂ ਲਈ ਫਿਰਦੇ ਹਨ। ਕੀ ਮਨਿਸਟਰ ਸਾਹਿਬ ਕੋਈ ਇਨਕੁਆਇਰੀ ਕਰਾਉਣਗੇ ?

ਸ੍ਰੀ ਸਪੀਕਰ : ਤੁਹਾਡੀ ਸਪਲੀਮੈਂਟਰੀ ਦਾ ਇਸ ਸਵਾਲ ਨਾਲ ਕੋਈ ਸਬੰਧ ਨਹੀਂ। ਤੁਸੀਂ ਇਸ ਲਈ ਨਵਾਂ ਨੋਟਿਸ ਦੇ ਦਿਓ। ਇਹ ਸਵਾਲ ਤਾਂ ਨਵੀਆਂ ਸ਼ੂਗਰ ਮਿੱਲਾਂ ਲਾਉਣ ਬਾਰੇ ਹੈ।

ਸਰਦਾਰ ਕੁਲਵੰਤ ਸਿੰਘ ਐਡਵੋਕੇਟ : ਸਪੀਕਰ ਸਾਹਿਬ, ਗੁਰਦਾਸਪੁਰ ਵਿਚ ਦੋ ਮਿੱਲਾਂ ਚੱਲ ਰਹੀਆਂ ਹਨ, ਪਰ ਫਿਰ ਵੀ ਉਥੇ ਗੰਨੇ ਦੀ ਉਪਜ ਜ਼ਿਆਦਾ ਹੋਣ ਕਰਕੇ ਫਾਜ਼ਿਲਕਾ ਔਰ ਜ਼ੀਰਾ ਨੂੰ ਗੰਨਾ ਭੇਜਿਆ ਜਾਂਦਾ ਹੈ। ਕੀ ਇਸ ਗੱਲ ਨੂੰ ਮੱਦੇ ਨਜ਼ਰ ਰਖਕੇ ਉਥੇ ਇਕ ਹੋਰ ਮਿੱਲ ਲਾਉਣ ਦੀ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਗੁਰਦਾਸਪੁਰ ਵਿਚ ਤਾਂ ਅੱਗੇ ਵੀ 2 ਮਿੱਲਾਂ ਲੱਗੀਆਂ ਹੋਈਆਂ ਹਨ। ਜਿਥੋਂ ਤੱਕ ਗੰਨਾ ਫਾਜ਼ਿਲਕਾ ਲੈ ਜਾਣ ਵਾਲੀ ਗਲ ਹੈ, ਉਹ ਇਹ ਹੈ ਕਿ ਪੰਜਾਬ ਦੇ ਲੋਕਾਂ ਨੂੰ ਜਦੋਂ ਕਿਸੇ ਮਿੱਲ ਤੋਂ ਧੂੰਆਂ ਨਿਕਲਦਾ ਨਜ਼ਰ ਆਉਣ ਲਗ ਪਏ ਤਾਂ ਉਹ ਤੌਖਲੇ ਹੋ ਜਾਂਦੇ ਹਨ। ਉਸ ਵੇਲੇ ਅਸੀਂ ਲੋਕਾਂ ਦੀ ਸਹੂਲਤ ਲਈ ਤਾਕਿ ਉਨ੍ਹਾਂ ਦਾ ਗੰਨਾ ਜ਼ਿਆਦਾ ਦੇਰ ਖੇਤਾਂ ਵਿਚ ਖੜ੍ਹਾ ਨਾ ਰਹੇ ਕੁੱਝ ਗੰਨਾ ਫਾਜ਼ਿਲਕਾਂ ਭਿਜਵਾਇਆ ਸੀ। ਹੋਰ ਕੋਈ ਅਜਿਹੀ ਗਲ ਨਹੀਂ ਸੀ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਿਥੇ ਹੋਰ ਸ਼ੂਗਰ ਮਿਲਾਂ ਲਾਉਣ ਦੀ ਗੱਲ ਕੀਤੀ ਜਾ ਰਹੀ ਹੈ, ਕੀ ਤੁਸੀਂ ਕੋਈ ਹੁਸ਼ਿਆਰਪੁਰ ਵਿਚ ਮਿੱਲ ਲਾਉਣ ਦੀ ਕੋਸ਼ਿਸ਼ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸਿਆ ਹੈ ਕਿ ਇਸ ਲਈ ਕੁਝ ਕੰਡੀਸ਼ਨਾਂ ਹੁੰਦੀਆਂ ਹਨ, ਜਿਵੇਂ ਕਿ ਇਕ ਤਾਂ 40 ਕਿਲੋਮੀਟਰ ਡਿਸਟੈਂਸ ਵਾਲੀ ਗੱਲ ਹੈ, ਦੂਜੀ 2500 ਟਨ ਵਾਲੀ ਗਲ ਹੈ ਫਿਰ ਧਰਤੀ ਵਿਚ ਗੰਨਾ ਪੈਦਾ ਹੋਣ ਵਾਲੀ ਗੱਲ ਹੈ। ਫਿਰ ਵੀ ਅਸੀਂ ਜਿਥੇ ਵੀ ਲੋੜ ਹੋਵੇ ਉਥੇ ਪੂਰੀ ਕੋਸ਼ਿਸ਼ ਕਰਦੇ ਹਾਂ। ਹਾਲੇ ਤਾਂ ਇਨ੍ਹਾਂ 6 ਮਿਲਾਂ ਦਾ ਲਾਇਸੈਂਸ ਨਹੀਂ ਮਿਲਿਆ। ਲਾਇਸੈਂਸ ਮਿਲਣ ਤੇ ਹੀ ਕੋਈ ਗੱਲ ਸੋਚੀ ਜਾ ਸਕਦੀ ਹੈ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮਾਰਚ, 1986 ਦੇ ਵਿਚ ਵਿੱਤ ਮੰਤਰੀ ਸਾਹਿਬ ਦਸੂਆ ਵਿਚ ਇਕ ਕਾਲਜ ਵਿਚ ਕਨਵੋਕੇਸ਼ਨ ਦੇ ਐਡਰੈਸ ਤੇ ਬੋਲਦੇ ਹੋਏ ਕਹਿ ਆਏ ਸਨ ਕਿ ਅਗਲੇ ਸਾਲ ਲਾਇਸੈਂਸ ਮਿਲਣ ਤੇ ਦਸੂਆ ਵਿੱਚ ਸ਼ੂਗਰ ਮਿਲ ਲਾਈ ਜਾਵੇਗੀ। ਕੀ ਮੰਤਰੀ ਸਾਹਿਬ ਹੁਣ ਦਸੂਆ ਵਿਚ ਕੋਈ ਮਿਲ ਲਾਉਣ ਲਈ ਕੋਸ਼ਿਸ਼ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਇਹ ਦੁਬਾਰਾ ਸਪਲੀਮੈਂਟਰੀ ਰਿਪੀਟ ਕਰਨ, ਇਨ੍ਹਾਂ ਦੀ ਗੱਲ ਦੀ ਸਮਝ ਨਹੀਂ ਆਈ ਕਿ ਕਿਸ ਨੇ ਦਸੂਹਾ ਜਾ ਕੇ ਵਾਅਦਾ ਕੀਤਾ ਸੀ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮਾਨਯੋਗ ਫਾਈਨੈਂਸ ਮਨਿਸਟਰ ਸਾਹਿਬ, ਦਸੂਹਾ ਡੀ.ਏ.ਵੀ. ਕਾਲਜ ਕਨਵੋਕੇਸ਼ਨ ਵਿਚ ਗਏ ਸਨ, ਉਥੇ ਉਨ੍ਹਾਂ ਨੇ ਦਸੂਹਾ ਵਿਚ ਇਕ ਸ਼ੂਗਰ ਮਿੱਲ ਲਗਾਉਣ ਦਾ ਵਾਅਦਾ ਕੀਤਾ ਸੀ ਪਰ ਜਿਹੜੀ ਲਿਸਟ ਸ਼ੂਗਰ ਮਿਲਜ਼ ਵਾਸਤੇ ਭੇਜੀ ਗਈ ਹੈ ਉਸ ਦੇ ਵਿਚ ਦਸੂਹਾ ਦਾ ਨਾਂ ਨਹੀਂ ਹੈ।ਇਸ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਜਿਹੜੀ ਲਿਸਟ ਸ਼ੂਗਰ ਮਿੱਲਜ਼ ਦੀ ਭੇਜੀ ਗਈ ਹੈ ਉਸ ਦੇ ਵਿਚ ਦਸੂਹਾ ਦਾ ਨਾਂ ਪਾਇਆ ਜਾਵੇ ਅਤੇ ਇਹ ਕਦੋਂ ਤੱਕ ਕਰ ਦੇਣਗੇ ?

ਸ੍ਰੀ ਸਪੀਕਰ : ਤੁਸੀਂ ਆਪਸ ਵਿਚ ਮਿਲ ਕੇ ਕਰ ਲੈਣਾ।

ਮੰਤਰੀ : ਸਪੀਕਰ ਸਾਹਿਬ, ਇਹ ਲਿਖ ਕੇ ਭੇਜ ਦੇਣ, ਜੇਕਰ ਇਹ ਕੰਡੀਸ਼ਨ ਨੂੰ ਫੁਲਫਿਲ ਕਰਦੇ ਹੋਏ ਤਾਂ ਵਿਚਾਰ ਕਰ ਲਵਾਂਗੇ।

ਸ੍ਰੀ ਸਪੀਕਰ : ਇਹ ਸਵਾਲ ਸਾਰੇ ਹਾਊਸ ਦੇ ਮੈਂਬਰਜ਼ ਦੇ ਨਾਲ ਸਬੰਧਤ ਹੈ ਅਤੇ ਕਨ-ਸਰਨ ਕਰਦਾ ਹੈ। ਸਰਕਾਰ ਨੇ ਡਾਈਵਰਸੀਫੀਕੇਸ਼ਨ ਆਫ ਕਰਾਪ ਨੂੰ ਅਡਾਪਟ ਕਰਨ ਦਾ ਵਿਚਾਰ ਬਣਾਇਆ ਤਾਕਿ ਜਿਹੜਾ ਕਿਸਾਨਾਂ ਨੂੰ ਨੁਕਸਾਨ ਹੁੰਦਾ ਹੈ ਉਹ ਨਾ ਹੋਵੇ। ਕਣਕ ਅਤੇ ਝੋਨੇ ਦੀ ਪੈਦਾਵਾਰ ਤੋਂ ਹੁਣ ਅੱਗੇ ਕਿਸਾਨ ਦਾ ਪ੍ਰਾਫਿਟ ਘੱਟ ਜਾਵੇਗਾ ਜਿਸ ਕਰਕੇ ਸਰਕਾਰ ਨੇ ਗੰਨੇ ਲਗਾਉਣ

[ਸ੍ਰੀ ਸਪੀਕਰ]

ਬਾਰੇ ਸੋਚਿਆ ਹੈ। ਸਰਕਾਰ ਯਤਨ ਕਰ ਰਹੀ ਹੈ ਤਾਕਿ 6 ਮਿੱਲਜ਼ ਦੀ ਪ੍ਰਵਾਨਗੀ ਮਿਲ ਜਾਵੇ ਤਾਕਿ ਪੰਜਾਬ ਵਿਚ ਡਾਈਵਰਸੀਫੀਕੇਸ਼ਨ ਆਫ ਕਰਾਪ ਦਾ ਕੰਮ ਤੇਜ਼ ਹੋ ਸਕੇ ਅਤੇ ਇਸ ਕੰਮ ਨੂੰ ਸਿਰੇ ਚੜ੍ਹਾਇਆ ਜਾ ਸਕੇ। ਮੇਰੇ ਹਲਕੇ ਵਿਚ ਭੋਗਪੁਰ ਸ਼ੂਗਰ ਮਿੱਲ ਹੈ ਉਥੇ ਹਲਕੇ ਵਿਚ ਇਸ ਸਾਲ 360 ਕਵਿੰਟਲ ਫੀ ਏਕੜ ਗੰਨਾ ਪੈਦਾ ਹੋਇਆ ਹੈ। ਮਨਿਸਟਰ ਸਾਹਿਬ ਵੀ ਇਸ ਕੰਮ ਵਿਚ ਕਾਫੀ ਯਤਨ ਕਰ ਰਹੇ ਹਨ ਤਾਕਿ ਇਸ ਕੰਮ ਨੂੰ ਸਿਰੇ ਚੜ੍ਹਾਇਆ ਜਾਵੇ।

Starred Question No. **613

ਸ੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ।

Starred Question No. **626

ਸ੍ਰੀ ਸਪੀਕਰ : ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੇਰੇ ਸਵਾਲ ਦੀ ਐਕਸਟੈਨਸ਼ਨ ਕਿੰਨੀ ਮੰਗੀ ਗਈ ਹੈ ਅਤੇ ਕੀ ਇਸ ਸੈਸ਼ਨ ਵਿਚ ਜਵਾਬ ਆ ਜਾਵੇਗਾ?

ਸ੍ਰੀ ਸਪੀਕਰ : ਤੁਹਾਡੇ ਸਵਾਲ ਦੀ ਐਕਸਟੈਨਸ਼ਨ 25 ਮਾਰਚ, 1987 ਤੱਕ ਮੰਗੀ ਗਈ ਹੈ ਅਤੇ ਇਸੇ ਸੈਸ਼ਨ ਵਿਚ ਜਵਾਬ ਆਂ ਜਾਵੇਗਾ।ਬਾਕੀ ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ, ਐਗ-ਜ਼ੈਕਟ ਡੇਟ ਦੱਸ ਦੇਵਾਂਗਾ।

Cases of missing persons registered with Police Station, Sadar, Hoshiarpur

***612. Shri Arjan Singh Siag** : Will the Chief Minister be pleased to state—

(a) the number of cases of missing persons registered with the Police Station, Sadar, Hoshiarpur, during the month of November and December, 1986 alongwith the details thereof ;

(b) the steps taken by the Police to trace out the missing persons referred to in part (a) above ;

(c) the name of persons out of those referred to in part (a) above who have not been traced out so far alongwith the reasons thereof ;

ਕੈਪਟਨ ਕੰਵਲਜੀਤ ਸਿੰਘ (ਰਾਜ ਮੰਤਰੀ, ਗ੍ਰਹਿ) : (ੳ) ਨਵੰਬਰ ਅਤੇ ਦਸੰਬਰ, 1986 ਦੌਰਾਨ ਪੁਲਿਸ ਸਟੇਸ਼ਨ ਸਦਰ ਹੁਸ਼ਿਆਰਪੁਰ ਵਿਖੇ ਕੇਵਲ ਇਕ ਮੁਕੱਦਮਾ ਐਫ. ਆਈ. ਆਰ. ਨੰ: 237 ਮਿਤੀ 16-2-86 ਸੈਕਸ਼ਨ 364 ਆਈ. ਪੀ. ਸੀ. ਅਧੀਨ ਦਰਜ ਕੀਤਾ ਗਿਆ ਬਾਬਤ ਸ੍ਰੀ ਰਾਜ ਨੰਦਨ ਸਿੰਘ, ਜੂਨੀਅਰ ਇੰਜਨੀਅਰ, ਪੁੱਤਰ ਸ੍ਰੀ ਸੋਹਨ ਸਿੰਘ ਵਾਸੀ 240 ਬਸੰਤ ਵਿਹਾਰ ਮਾਹਲਪੁਰ ਰੋਡ ਹੁਸ਼ਿਆਰਪੁਰ ।

---

*For Starred Question No. 613 and reply thereto, please see P.V.S. Debates dated the 31st March, 1987.

**For Starred Question No. 626 and reply thereto, please see P.V.S. Dabates dated the 31st Maich, 1987.

(ਅ) ਸ੍ਰੀ ਰਾਜ ਨੰਦਨ ਸਿੰਘ ਨੂੰ ਲੱਭਣ ਹਿੱਤ ਸਥਾਨਕ ਪੁਲਿਸ ਵੱਲੋਂ ਕੇਸ ਦੀ ਤਫਤੀਸ਼ ਅਤੇ ਲੋੜੀਂਦੀ ਪੁੱਛ ਗਿੱਛ ਕੀਤੀ ਜਾ ਰਹੀ ਹੈ ।

(ੲ) ਸ੍ਰੀ ਰਾਜ ਨੰਦਨ ਸਿੰਘ ਅਜੇ ਤੀਕ ਨਹੀਂ ਲਭਿਆ ਜਾ ਸਕਿਆ ।

ਸ੍ਰੀ ਅਰਜਨ ਸਿੰਘ ਸਿਆਗ : ਸਪੀਕਰ ਸਾਹਿਬ, ਇਸ ਕੇਸ ਬਾਰੇ ਇਸ ਮੁੰਡੇ ਦੇ ਮਾਂ ਬਾਪ 16 ਦਸੰਬਰ, 1986 ਨੂੰ ਚੀਫ ਮਨਿਸਟਰ ਸਾਹਿਬ ਨੂੰ ਵੀ ਮਿਲੇ ਸਨ ਅਤੇ ਆਸ਼ਵਾਸਨ ਦਿੱਤਾ ਗਿਆ ਸੀ ਕਿ ਤੁਹਾਡਾ ਮੁੰਡਾ ਮਿਲ ਜਾਵੇਗਾ ਪਰ ਹਾਲੇ ਤੱਕ ਮੁੰਡਾ ਨਹੀਂ ਮਿਲਿਆ ਹੈ। ਕੀ ਵਜ਼ੀਰ ਸਾਹਿਬ, ਇਸ ਬਾਰੇ ਕੋਈ ਸਪੈਸ਼ਲ ਇਨਕੁਆਇਰੀ ਇਮੀਜੀਏਟਲੀ ਕਰਵਾਉਣਗੇ ?ਵੈਸੇ ਜਿਥੋਂ ਤੱਕ ਮੈਨੂੰ ਇਨਫਰਮੇਸ਼ਨ ਹੈ ਇਸ ਮੁੰਡੇ ਨੂੰ ਕਿਸੇ ਠੇਕੇਦਾਰ ਨੇ ਉਠਾਇਆ ਹੋਇਆ ਹੈ ਅਤੇ ਪੈਸੇ ਦਾ ਮਸਲਾ ਹੈ। ਤੁਸੀਂ ਕੋਈ ਹਾਈ ਲੈਵਲ ਇਨਕੁਆਇਰੀ ਕਰਵਾ ਕੇ ਐਕਸ਼ਨ ਲਵੋ।

ਰਾਜ ਮੰਤਰੀ, ਗ੍ਰਹਿ : ਸਪੀਕਰ ਸਾਹਿਬ, ਤਫਤੀਸ਼ ਬੜੀ ਤੇਜ਼ੀ ਨਾਲ ਕਰਵਾਈ ਜਾ ਰਹੀ ਹੈ ਔਰ ਪੁਲਿਸ ਡਿਪਾਰਟਮੈਂਟ ਵਿਚ ਇਸ ਕੇਸ ਨੂੰ ਹੱਲ ਕਰਨ ਲਈ ਬੜੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਬਾਕੀ ਜਿਹੜਾ ਸਵਾਲ ਮੈਂਬਰ ਸਾਹਿਬ ਨੇ ਕੀਤਾ ਹੈ ਸਪੈਸ਼ਲ ਇਨਕੁਆਇਰੀ ਕਰਵਾਉਣ ਦਾ, ਇਸ ਬਾਰੇ ਇਹ ਲਿਖ ਕੇ ਸਾਨੂੰ ਭੇਜ ਦੇਣ ਅਸੀਂ ਦੇਖ ਲਵਾਂਗੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਬੜਾ ਸੀਰੀਅੱਸ ਕੇਸ ਹੈ। ਮਨਿਸਟਰ ਸਾਹਿਬ ਨੇ ਆਪਣੇ ਜਵਾਬ ਵਿਚ ਕਿਹਾ ਹੈ ਕਿ ਬੜੀ ਤੇਜ਼ੀ ਨਾਲ ਇਨਕੁਆਇਰੀ ਕਰਵਾ ਰਹੇ ਹਾਂ।ਕੀ ਇਹ ਸਾਨੂੰ ਦੱਸ ਸਕਦੇ ਹਨ ਕਿ ਆਇਆ ਇਨ੍ਹਾਂ ਨੇ ਇਸ ਕੇਸ ਦੇ ਵਿਚ ਕਿਸੇ ਨੂੰ ਅਰੈਸਟ ਵੀ ਕੀਤਾ ਹੈ ਜਾਂ ਨਹੀਂ ਅਤੇ ਕੀ ਇਹ ਕੇਸ ਅੱਗੇ ਵੀ ਤੁਰਿਆ ਹੈ ਜਾਂ ਨਹੀਂ ? ਕੀ ਮੁੰਡਾ ਜਿਹੜਾ ਉਠਾਇਆ ਗਿਆ ਸੀ ਆਇਆ ਉਸ ਦਾ ਮਰਡਰ ਤਾਂ ਨਹੀਂ ਕਰ ਦਿੱਤਾ ਗਿਆ ਅਤੇ ਪੁਲਿਸ ਹਾਲੇ ਤੱਕ ਮੁੰਡੇ ਗਾਇਬ ਦਾ ਕੇਸ ਹੀ ਚਲਾ ਰਹੀ ਹੋਵੇ ? ਪੁਲਿਸ ਕਿਸ ਪਾਸੇ ਤੇਜ਼ੀ ਨਾਲ ਕੰਮ ਕਰ ਰਹੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਕੇਸ ਸਬੰਧੀ 5 ਵਿਅਕਤੀਆਂ ਤੋਂ ਪੱਛ ਗਿੱਛ ਕੀਤੀ ਗਈ ਹੈ। ਉਨ੍ਹਾਂ ਦੇ ਨਾਂ ਮੈਂ ਪੜ੍ਹ ਦਿੰਦਾ ਹਾਂ। ਸਪੀਕਰ ਸਾਹਿਬ, ਇਹ ਮਾਨਯੋਗ ਮੈਂਬਰ ਸਾਹਿਬ ਦੀ ਇਨਫਰਮੇਸ਼ਨ ਲਈ ਹੈ। ਸ੍ਰੀ ਆਰ.ਸੀ. ਸ਼ਰਮਾ, ਸ੍ਰੀ ਹਰੀ ਰਾਮ ਸ਼ਰਮਾ, ਸ੍ਰੀ ਰਮੇਸ਼ ਸਿੰਘ, ਐਸ.ਡੀ.ਓ. ਸ੍ਰੀ ਸਾਧੂ ਸਿੰਘ, ਇੰਜੀਨੀਅਰ ਅਤੇ ਸ੍ਰੀ ਕਰਨ ਸਿੰਘ ਹਨ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਪੁਲਿਸ ਦੇ ਕਬਜ਼ੇ ਵਿਚੋਂ ਨੌਜਵਾਨ ਭੱਜੇ ਹੋਏ ਹਨ। ਉਹ ਨੌਜਵਾਨ ਮਾਰੇ ਜਾਣ ਪਿੱਛੋਂ ਮਿਲਣਗੇ ਜੋ ਕਿ ਪੁਲਿਸ ਕੋਸ਼ਿਸ਼ ਕਰ ਰਹੀ ਹੈ। ਉਹ ਬੰਦੇ ਲਭਦੇ ਹੀ ਨਹੀਂ ਹਨ। ਕੀ ਮੰਤਰੀ ਜੀ ਉਨ੍ਹਾਂ ਨੌਜਵਾਨਾਂ ਨੂੰ ਲਭਾਉਣ ਵਾਸਤੇ ਯਤਨ ਕਰਨਗੇ ?

ਸ੍ਰੀ ਸਪੀਕਰ : ਤੁਸੀਂ ਸਪੈਸੇਫਿਕ ਕੁਐਸਚਨ ਕਰੋ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਰਾਜ ਨੰਦਨ ਦੇ ਪੇਅਰੇਂਟਸ ਚੀਫ ਮਨਿਸਟਰ ਸਾਹਿਬ ਨੂੰ ਮਿਲੇ ਹਨ।ਉਨ੍ਹਾਂ ਨੇ ਸਪੈਸੇਫਿਕ ਨਾਮ ਮੈਨਸ਼ਨ ਕੀਤਾ ਸੀ। ਸਪੀਕਰ ਸਾਹਿਬ, ਜਿਨ੍ਹਾਂ ਦੇ ਨਾਂ ਉਨ੍ਹਾਂ ਦੇ ਪੇਅਰੇਂਟਸ ਨੇ ਲਏ ਹਨ ਕੀ ਉਨ੍ਹਾਂ ਕੋਲੋਂ ਕੋਈ ਪੁੱਛ ਗਿੱਛ ਕੀਤੀ ਗਈ, ਜੇਕਰ ਪੁੱਛ ਗਿੱਛ ਕੀਤੀ ਗਈ ਤਾਂ ਉਸ ਦੇ ਕੀ ਨਤੀਜੇ ਨਿਕਲੇ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਮੈਂ ਪਹਿਲਾਂ ਦੇ ਚੁੱਕਾ ਹਾਂ। ਜਿਨ੍ਹਾਂ ਬੰਦਿਆਂ ਕੋਲੋਂ ਪੁੱਛ ਗਿੱਛ ਕੀਤੀ ਗਈ ਹੈ ਉਨ੍ਹਾਂ ਦੇ ਨਾ ਵੀ ਮੈਂ ਪੜ੍ਹ ਦਿੱਤੇ ਹਨ। ਇਹ ਕੋਈ ਨਵਾਂ ਸਵਾਲ ਨਹੀਂ ਹੈ।

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੰਡਿਆਲਾ ਪੁਲਿਸ ਸਟੇਸ਼ਨ ਵਿਚ ਜੈਮਲ ਸਿੰਘ ਪਿੰਡ ਹੈ ਉਥੇ ਸੀ. ਆਰ. ਪੀ. ਵਾਲੇ ਇੱਕ ਬੰਦੇ ਨੂੰ ਫੜ ਕੇ ਲੈ ਗਏ। ਅੰਮ੍ਰਿਤਸਰ ਦੇ ਐਸ.ਐਚ.ਓ. ਨੇ ਲਿਆਂਦਾ ਹੈ। ਮੈਂ ਅਤੇ ਇਕ ਹੋਰ ਐਮ.ਐਲ.ਏ. ਉਥੇ ਗਏ ਅਤੇ ਪੁੱਛ ਗਿੱਛ ਕੀਤੀ। ਦੋ ਤਿੰਨ ਦਿਨ ਬਾਅਦ ਪਤਾ ਲੱਗਾ ਕਿ ਜੋ ਬੰਦਾ ਪਕੜ ਕੇ ਲਿਆਏ ਸੀ, ਉਸ ਕੋਲੋਂ ਕੁੱਝ ਨਹੀਂ ਨਿਕਲਿਆ ਅਤੇ ਨਾ ਹੀ ਕੋਈ ਚਾਲਾਨ ਕੱਟਿਆ ਗਿਆ ਹੈ। ਜੰਡਿਆਲਾ ਤੋਂ ਜਿਹੜਾ ਬੰਦਾ ਪਕੜਿਆ ਸੀ, ਉਸ ਕੋਲੋਂ ਪੁਲਿਸ 20,000 ਰੁਪਏ ਦੀ ਡਿਮਾਂਡ ਕਰਦੀ ਹੈ। ਇਸ ਤਰ੍ਹਾਂ ਪੰਜਾਬ ਦੀ ਪੁਲਿਸ ਨੇ ਪੰਜਾਬ ਦਾ ਮਾਹੌਲ ਖਰਾਬ ਕੀਤਾ ਹੋਇਆ ਹੈ। ਗਲਤ ਬੰਦਿਆਂ ਨੂੰ ਮਾਰਿਆ ਕੁੱਟਿਆ ਜਾ ਰਿਹਾ ਹੈ। ਫਿਰ ਉਸ ਤੋਂ ਬਾਅਦ ਕਾਂਗਰਸ ਦੇ ਵਰਕਰਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ।

ਸ਼੍ਰੀ ਸਪੀਕਰ : ਡਾਕਟਰ ਦਲਬੀਰ ਸਿੰਘ ਜੀ ਤੁਸੀਂ ਬੈਠੋ। ਪਲੀਜ਼ ਸਿਟ ਡਾਊਨ ਤੁਸੀਂ ਗਵਰਨਰ ਸਾਹਿਬ ਦੇ ਐਡਰੈਸ ਤੇ ਸਭ ਕੁੱਝ ਕਹਿ ਦੇਣਾ। ਇਹ ਕੋਈ ਕੁਐਸਚਨ ਨਹੀਂ ਹੈ। ਤੁਸੀਂ ਕੋਈ ਸਪੈਸੇਫਿਕ ਕੁਐਸਚਨ ਦਿਓ। (ਵਿਘਨ) (ਸ਼ੋਰ)

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਮੈਂ ਹੁਣ ਸਵਾਲ ਤੇ ਆਉਣ ਲੱਗਾ ਹਾਂ।

ਸ਼੍ਰੀ ਸਪੀਕਰ : ਸਰਦਾਰ ਕਰਨੈਲ ਸਿਘ ਡੋਡ, ਨੈਕਸਟ ਕੁਐਸਚਨ।

Recruitment to the posts of District Food and Supplies Controller, etc.

***627. Sardar Karnail Singh Doad :** Will the Chief Minister be pleased to state—

(a) the date on which the last direct recruitment to the posts of District Food and Supplies Controllers, Assistant Directors and the District Food and Supplies Officers in the Food and Supplies Department was made alongwith the number thereof category-wise ;

(b) the number of persons who were promoted to the above mentioned posts, after the direct recruitment referred to in part (a) above, alongwith the number of persons who were promoted against the posts meant to be filled up by direct recruitment ;

(c) the manner in which the government now propose to fill up the posts meant for direct recuritment but have been filled up by promotion ?

ਸਰਦਾਰ ਬਲਦੇਵ ਸਿੰਘ ਮਾਨ (ਰਾਜ ਮੰਤਰੀ, ਖੁਰਾਕ ਤੇ ਸਪਲਾਈ) (ੳ) ਜ਼ਿਲ੍ਹਾ ਖੁਰਾਕ ਸਪਲਾਈ ਕੰਟਰੋਲਰ/ਸਹਾਇਕ ਡਾਇਰੈਕਟਰ ਦੇ ਕਾਡਰ ਵਿਚ ਆਖਰੀ ਸਿੱਧੀ ਭਰਤੀ ਮਾਰਚ, 1974 ਵਿਚ ਕੀਤੀ ਗਈ ਤੇ ਦੋ ਆਸਾਮੀਆਂ ਭਰੀਆਂ ਗਈਆਂ ਸਨ।

ਜ਼ਿਲ੍ਹਾ ਖ਼ੁਰਾਕ ਸਪਲਾਈ ਅਫਸਰਾਂ ਦੇ ਕਾਡਰ ਵਿਚ ਆਖਰੀ ਸਿੱਧੀ ਭਰਤੀ ਅਪ੍ਰੈਲ, 1975 ਵਿਚ ਕੀਤੀ ਗਈ ਅਤੇ 7 ਅਸਾਮੀਆਂ ਭਰੀਆਂ ਗਈਆਂ ਸਨ।

(ਅ) ਜ਼ਿਲ੍ਹਾ ਖ਼ੁਰਾਕ ਸਪਲਾਈ ਕੰਟਰੋਲਰ/ਸਹਾਇਕ ਡਾਇਰੈਕਟਰ ਦੀਆਂ ਤਰੱਕੀਆਂ	...	53
ਪੋਸਟਾਂ ਦੀ ਗਿਣਤੀ	...	23
ਸਿੱਧੀ ਭਰਤੀ ਦਾ ਕੋਟਾ	...	8
ਜ਼ਿਲ੍ਹਾ ਖ਼ੁਰਾਕ ਅਤੇ ਸਪਲਾਈ ਅਫਸਰਾਂ ਦੀਆਂ ਤਰੱਕੀਆਂ	...	56
ਪੋਸਟਾਂ ਦੀ ਗਿਣਤੀ	...	45
ਸਿੱਧੀ ਭਰਤੀ ਦਾ ਕੋਟਾ	...	15

(ੲ) ਸਿੱਧੀ ਭਰਤੀ ਦੇ ਹਿੱਸੇ ਵਿਚ ਆਉਣ ਵਾਲੀਆਂ ਆਸਾਮੀਆਂ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਭਰਣ ਦਾ ਪ੍ਰਸਤਾਵ ਹੈ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਦਾ ਹਾਂ ਕਿ ਇਹ ਜੋ ਨਿਯਮਿਤ ਪ੍ਰਣਾਲੀ ਭਰਤੀ ਕਰਨ ਦੀ ਹੈ, ਉਸ ਦੇ ਤਹਿਤ ਪਿਛਲੇ 12–13 ਸਾਲ ਤੋਂ ਕੋਈ ਵੀ ਸਿੱਧੀ ਭਰਤੀ ਨਹੀਂ ਹੋਈ, ਜਿਸ ਕਾਰਣ ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨਾਂ ਦੀ ਰਿਕਰੂਟਮੈਂਟ ਬਲਾਕ ਕੀਤੀ ਹੋਈ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਅਸਿਸਟੈਂਟ ਡਾਇਰੈਕਟਰਾਂ ਦੀਆਂ 53 ਪਰੋਮੋਸ਼ਨਾਂ ਹੋਈਆਂ ਪਰ ਇਕ ਵੀ ਸਿੱਧੀ ਭਰਤੀ ਰਾਹੀਂ ਨਹੀਂ ਹੋਈ। ਡੀ.ਐਫ.ਐਸ. ਓਜ਼ ਦੀਆਂ 56 ਪਰੋਮੋਸ਼ਨਾਂ ਹੋਈਆਂ, ਪਰ ਇਕ ਵੀ ਡਾਇਰੈਕਟ ਰਿਕਰੂਟ ਇਸ ਵਿੱਚ ਨਹੀਂ ਹੈ। ਇਹ ਮਹਿਕਮੇ ਵਿੱਚ ਇਕ ਧਾਂਧਲੀ ਮਚੀ ਹੋਈ ਹੈ ਕਿ ਕਿਸੇ ਨੂੰ ਕਲਰਕ ਭਰਤੀ ਕਰਕੇ ਪਰੋਮੋਸ਼ਨਾਂ ਰਾਹੀਂ ਉਪਰਲੀਆਂ ਪੋਸਟਾਂ ਤੇ ਪਹੁੰਚਾ ਦਿੱਤਾ ਜਾਂਦਾ ਹੈ, ਜਿਸ ਨਾਲ ਐਜੂਕੇਟਿਡ ਯੂਥ ਦੀ ਇਮ–ਪਲਾਇਮੈਂਟ ਨੂੰ ਬਲਾਕ ਕੀਤਾ ਹੋਇਆ ਹੈ ਜਿਹੜਾ ਕਿ ਅੱਜ ਪੰਜਾਬ ਦਾ ਇਕ ਬਹੁਤ ਵੱਡਾ ਦੁਖਾਂਤ ਬਣ ਗਿਆ ਹੈ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਲਈ ਕੋਈ ਉਚੇਚੇ ਉਦਮ ਕਰਨਗੇ ਕਿ ਇਹ ਜਿਹੜਾ ਡਾਇਰੈਕਟ ਰਿਕਰੂਟਮੈਂਟਸ ਲਈ ਕੋਟਾ ਫਿਕਸ ਕੀਤਾ ਹੋਇਆ ਹੈ, ਉਸਨੂੰ ਜਲਦੀ ਪੂਰਾ ਕੀਤਾ ਜਾ ਸਕੇ ?

ਰਾਜ ਮੰਤਰੀ, ਖ਼ੁਰਾਕ ਤੇ ਸਪਲਾਈ : ਸਪੀਕਰ ਸਾਹਿਬ , ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਟੇਟ ਸਰਵਿਸ ਰੂਲਜ਼, 1966 ਰਾਹੀਂ ਜਿਹੜੀਆਂ ਕਲਾਸ 2 ਦੀਆਂ ਪੋਸਟਾਂ ਹਨ, ਉਹ ਪਬਲਿਕ ਸਰਵਿਸ ਕਮਿਸ਼ਨ ਦੇ ਰਾਹੀਂ ਹੀ ਭਰੀਆਂ ਜਾਂਦੀਆਂ ਹਨ। ਇਹ ਪਿਛਲੀਆਂ ਸਰਕਾਰਾਂ ਦੇ ਸਮੇਂ 1983 ਦੀ ਰਿਕੁਇਜ਼ੀਸ਼ਨ ਭੇਜੀਆਂ ਹੋਈਆਂ ਹਨ। ਹੁਣ ਅਸੀਂ ਇਸ ਨੂੰ ਪਰਸਿਊ ਕਰਕੇ ਡਾਇਰੈਕਟ ਰਿਕਰੂਟਸ ਦਾ ਕੋਟਾ ਪੂਰਾ ਕਰਨ ਦਾ ਯਤਨ ਕਰਾਂਗੇ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਇਹ ਜਿਹੜਾ ਡੀ.ਐਫ.ਐਸ.ਓ. ਦਾ 15 ਦਾ ਕੋਟਾ ਹੈ, ਉਸ ਦੇ ਅਗੇਂਸਟ 8 ਦੀ ਰਿਕੁਇਜ਼ੀਸ਼ਨ ਭੇਜੀ ਹੈ। ਏਸੇ ਤਰ੍ਹਾਂ ਅਸਿਸਟੈਂਟ ਡਾਇਰੈਕਟਰਾਂ ਦੀ ਰਿਕੁਇਜ਼ੀਸ਼ਨ ਵੀ ਘੱਟ ਭੇਜੀ ਹੈ। ਇਹ ਕੋਟਾ ਅਗਲੇ 5 ਸਾਲ ਵਿੱਚ ਵੀ ਪੂਰਾ ਨਹੀਂ ਹੋ ਸਕਦਾ। ਮੈਨੂੰ ਨਹੀਂ ਪਤਾ ਕਿ ਇਹ ਪੜ੍ਹੇ ਲਿਖੇ ਨੌਜਵਾਨਾਂ ਨੂੰ ਅਕਾਮੋਡੇਟ ਕਿਉਂ

[ਸਰਦਾਰ ਕਰਨੈਲ ਸਿੰਘ ਡੋਡ]

ਨਹੀਂ ਕਰਦੇ। ਕੀ ਕੋਈ ਹੋਰ ਸਾਧਨ ਨਹੀਂ ਬਣਾਇਆ ਜਾ ਸਕਦਾ, ਜਿਵੇਂ ਏ.ਡੀ.ਓ. ਦੀ ਭਰਤੀ ਸਰਕਾਰ ਨੇ ਪਿਛੇ ਜਿਹੇ ਟੈਂਪਰੇਰੀ ਬੇਸਿਜ਼ ਤੇ ਕੀਤੀ ਸੀ, ਉਸੇ ਤਰ੍ਹਾਂ ਕੀਤਾ ਜਾਵੇ। ਇਸ ਤਰ੍ਹਾਂ ਨਾਲ ਜਿਹੜੇ ਅਨਡਿਊ ਪਰੋਮੋਸ਼ਨ ਲੈਂਦੇ ਹਨ, ਐਡਹਾਕ ਪਰੋਮੋਸ਼ਨ ਲੈਂਦੇ ਹਨ, ਉਹ ਹੋਰਾਂ ਦਾ ਰਸਤਾ ਬਲਾਕ ਕਰਦੇ ਹਨ। ਕੀ ਇਹ ਕੋਈ ਹੋਰ ਸਾਧਨ ਅਪਨਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਇਸ ਸਬੰਧੀ ਉਚੇਚੇ ਉਦਮ ਕਰ ਰਹੇ ਹਾਂ। ਇਹ ਜਿਹੜੀ ਰਿਕੁਇਜ਼ੀਸ਼ਨ 1984 ਵਿੱਚ ਭੇਜੀ ਸੀ, ਉਸ ਵਿੱਚ 8 ਦੇ ਵਿਰੁੱਧ 4 ਅਤੇ 15 ਦੇ ਵਿਰੁਧ 8 ਪੋਸਟਾਂ ਦੀ ਸੀ, ਇਹ ਆਸਾਮੀਆਂ ਕਿਉਂਕਿ ਖਾਲੀ ਨਹੀਂ ਰਹਿ ਸਕਦੀਆਂ ਸੀ ਜਿਸ ਕਾਰਣ ਡਿਪਾਰਟਮੈਂਟ ਵਿਚੋਂ ਹੀ ਐਡਹਾਕ ਬੇਸਿਜ਼ ਤੇ ਪਰੋਮੋਸ਼ਨਾਂ ਹੋ ਚੁਕੀਆਂ ਸਨ। ਨਵੇਂ ਬੰਦੇ ਕੰਮ ਤੋਂ ਪੂਰੀ ਤਰ੍ਹਾਂ ਜਾਣੂ ਨਾ ਹੋਣ ਕਰਕੇ ਸਾਰੀਆਂ ਆਸਾਮੀਆਂ ਇਕੋ ਸਮੇਂ ਨਹੀਂ ਭਰੀਆਂ ਜਾਂਦੀਆਂ। ਦੂਜੇ ਰਿਵਰਸ਼ਨਾਂ ਵੀ ਕਾਫੀ ਹੁੰਦੀਆਂ ਹਨ। ਅਸੀਂ ਇਹ ਕਹਿੰਦੇ ਹਾਂ ਕਿ ਅਗਲੇ 5 ਸਾਲਾਂ ਵਿੱਚ ਇਹ ਕੋਟਾ ਪੂਰਾ ਕਰ ਦਿੱਤਾ ਜਾਵੇਗਾ।

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਇਨ੍ਹਾਂ ਨੇ ਰਿਕਰੂਟਮੈਂਟ ਕੀਤੀ ਹੈ, ਕੀ ਇਸ ਵਿੱਚ ਰਿਜ਼ਰਵੇਸ਼ਨ ਦਾ ਧਿਆਨ ਰਖਿਆ ਗਿਆ ਹੈ ? ਅਤੇ ਇਹ ਵੀ ਦੱਸਿਆ ਜਾਵੇ ਕਿ ਕਿਹੜੇ ਕਿਹੜੇ ਮੁੰਡੇ ਹਨ ਜਿਨ੍ਹਾਂ ਦੀਆਂ ਪਰੋਮੋਸ਼ਨਾਂ ਕੀਤੀਆਂ ਗਈਆਂ ਹਨ ?

ਰਾਜ ਮੰਤਰੀ : ਇਹ ਸੈਪਰੇਟ ਨੋਟਿਸ ਦੇ ਦੇਣ। ਪਰ ਫੇਰ ਵੀ ਮੈਂ ਦੱਸ ਦੇਂਦਾ ਹਾਂ ਕਿ ਰਿਜ਼ਰਵੇਸ਼ਨ ਦਾ ਪੂਰਾ ਧਿਆਨ ਰਖਿਆ ਗਿਆ ਹੈ ਅਤੇ ਕਿਸੇ ਨਾਲ ਧੱਕਾ ਨਹੀਂ ਹੋਇਆ। ਇਹ ਤਾਂ ਵਾਧੂ ਪੋਸਟਾਂ ਲਈ ਬੈਠੇ ਹਨ। (ਵਿਘਨ)

ਸ਼੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਪੂਰਾ ਨਹੀਂ ਆਇਆ। ਮੈਂ ਪੁਛਿਆ ਸੀ ਕਿ ਕਿਹੜੇ ਕਿਹੜੇ ਮੁੰਡੇ ਰਖੇ ਗਏ ਹਨ ਅਤੇ ਕਿੰਨੀ ਪਰਸੈਂਟੇਜ ਰਿਜ਼ਰਵੇਸ਼ਨ ਹੋਈ ਹੈ ? ਕਿਹੜੇ ਕਿਹੜੇ ਮੁੰਡੇ ਪਰੋਮੋਟ ਕੀਤੇ ਹਨ ?

ਮਾਲ ਮੰਤਰੀ (ਬੈਠੇ ਬੈਠੇ) : ਇਹ ਤਾਂ ਤੁਸੀਂ ਸਰਦਾਰ ਦਰਬਾਰਾ ਸਿੰਘ ਵੇਲੇ ਦਾ ਜਵਾਬ ਮੰਗ ਰਹੇ ਹੋ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਸਬ-ਇੰਨਸਪੈਕਟਰਾਂ ਦੇ ਮੁਤੱਲਕ ਪਿਛੇ ਜਿਹੇ ਸਰਕਾਰ ਨੇ ਇਕ ਪਾਲਿਸੀ ਬਣਾਈ ਹੈ ਕਿ ਸਬ-ਇਨਸਪੈਕਟਰਾਂ ਨੇ 10 ਸਾਲ ਜ਼ਿਲ੍ਹਾ ਪੱਧਰ ਤੇ ਕੱਟਣੇ ਹਨ। ਅੰਮ੍ਰਿਤਸਰ ਵਾਲਾ ਹੁਸ਼ਿਆਰਪੁਰ ਅਤੇ ਹੁਸ਼ਿਆਰਪੁਰ ਵਾਲਾ ਫਿਰੋਜ਼ਪੁਰ ਲਗਾ ਦਿੱਤਾ ਜਾਂਦਾ ਹੈ, ਜਿਸ ਨਾਲ ਉਨ੍ਹਾਂ ਦੀਆਂ ਮੁਸ਼ਕਲਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਕੀ ਇਹ ਇਸ ਪਾਲਿਸੀ ਨੂੰ ਵਾਪਸ ਲੈਣਗੇ ਜਾਂ ਉਨ੍ਹਾਂ ਨੂੰ ਆਪਣੇ ਆਪਣੇ ਜ਼ਿਲ੍ਹਿਆਂ ਵਿੱਚ ਲਾਉਣਗੇ ? ਅਤੇ ਇਹ ਇਸ ਤਰ੍ਹਾਂ ਦੀ ਸਜ਼ਾ ਨਾ ਦਿੱਤੀ ਜਾਵੇ ! ਜੇ ਉਹ ਚੋਰ ਬਜ਼ਾਰੀ ਕਰਦੇ ਹਨ ਤਾਂ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਜਾਵੇ ਜਾਂ ਹੋਰ ਕੋਈ ਸਜ਼ਾ ਦੇ ਦਿੱਤੀ ਜਾਵੇ, ਪਰ ਕੀ ਇਸ ਪਾਲਿਸੀ ਨੂੰ ਇਹ ਵਾਪਸ ਲੈਣਗੇ ਤਾਂਕਿ ਉਹ ਆਪਣੇ ਆਪਣੇ ਜ਼ਿਲ੍ਹਿਆਂ ਵਿੱਚ ਰਹਿ ਸਕਣ ?

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਸਪੀਕਰ ਸਾਹਿਬ, ਇਹ ਬਦਲੀਆਂ ਤੇ ਆ ਗਏ ਹਨ। ਇਸ ਲਈ ਇਹ ਵਖਰਾ ਨੋਟਿਸ ਦੇ ਦੇਣ ਕਰਵਾਈ ਕਰ ਲਵਾਂਗੇ।

ਸ਼੍ਰੀ ਸਪੀਕਰ : ਕਾਮਰੇਡ ਸਾਹਿਬ ਗਵਰਨਰ ਸਾਹਿਬ ਦੇ ਐਡਰੈਸ ਤੇ ਤੁਹਾਨੂੰ ਮੌਕਾ ਮਿਲੇਗਾ ਤੁਸੀਂ ਉਸ ਵੇਲੇ ਇਸ ਬਾਰੇ ਜ਼ਿਕਰ ਕਰ ਸਕਦੇ ਹੋ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਇਤਨਾ ਹੀ ਪੁੱਛਣਾ ਚਾਹੁੰਦਾ ਹਾਂ ਕਿ ਇਹ ਮੈਂਬਰਾਂ ਦਾ ਇਤਰਾਜ਼ ਜਾਇਜ਼ ਲਗਾ ਹੈ ਕਿ ਲੱਖ ਰੁਪਿਆ ਪਰ ਪ੍ਰੋਮੋਸ਼ਨ ਲਿਆ ਗਿਆ ਹੈ (ਵਿਘਨ) ਜੋ ਮੈਂ ਸਾਬਤ ਕਰ ਦਿਆਂ ਫਿਰ ਕੀ ਕੋਈ ਕਾਰਵਾਈ ਕਰੋਗੇ ?

ਰਾਜ ਮੰਤਰੀ : ਇਸ ਬਾਰੇ ਇਨਕੁਆਇਰੀ ਕਰਾਵਾਂਗੇ ਜੇਕਰ ਤੁਸੀਂ ਲਿਖ ਕੇ ਦੇ ਦਿਉਗੇ ਅਤੇ ਜਿਸ ਨੇ ਲੱਖ ਰੁਪਿਆ ਲਿਆ ਹੋਏਗਾ ਉਸ ਨੂੰ ਜ਼ਰੂਰ ਸਜ਼ਾ ਦਿਆਂਗੇ। (ਵਿਘਨ) ਇਕ ਗਲ ਹੋਰ ਹੈ ਕਿ ਇਹ ਤਰੱਕੀਆਂ ਜਿਹੜੀਆਂ ਹੋਈਆਂ ਹਨ ਇਹ ਪਿਛਲੀ ਸਰਕਾਰ ਦੇ ਸਮੇਂ ਹੋਈਆਂ ਹਨ। ਇਸ ਸਰਕਾਰ ਦੇ ਸਮੇਂ ਨਹੀਂ ਤਰੱਕੀਆਂ ਹੋਈਆਂ। ਇਹ ਲਿਖ ਕੇ ਦੇ ਦੇਣ, ਇਨਕੁਆਇਰੀ ਕਰਾ ਲਵਾਂਗੇ।

ਗਿਆਨੀ ਅਰਜਨ ਸਿੰਘ ਲਿੱਟ : ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਰ ਜ਼ਮੀਂਦਾਰ ਨੇ ਡੇਢ, ਦੋ ਲੱਖ ਰੁਪਿਆ ਡੀ.ਐਫ.ਐਸ.ਓ. ਨੂੰ ਦਿੱਤਾ ਹੈ। ਕੀ ਉਸ ਵਿਚੋਂ ਸਰਕਾਰ ਆਪਣਾ ਹਿੱਸਾ ਲੈਂਦੀ ਹੈ ? (ਵਿਘਨ) ਇਕ ਰੁਪਿਆ ਫੀ ਬੋਰੀ ਕਿਸਾਨ ਤੋਂ ਲੈਂਦੇ ਹਨ। ਉਹ ਅੱਗੇ ਸਰਕਾਰ ਨੂੰ ਕੀ ਹਿੱਸੇ ਵਜੋਂ ਦਿੰਦੇ ਹਨ ?

ਰਾਜ ਮੰਤਰੀ : ਇਹ ਲਿਖ ਕੇ ਦੇ ਦੇਣ ਇਨਕੁਆਇਰੀ ਕਰਾ ਲਵਾਂਗੇ। ਲਿਖ ਕੇ ਕੋਈ ਦਿੰਦਾ ਨਹੀਂ ਹੈ ਔਰ ਸੁਣੀਆਂ ਸੁਣਾਈਆਂ ਗਲਾਂ ਤੇ ਕਹਿ ਦਿੰਦੇ ਹਨ। ਸਬੂਤ ਕਿਸੇ ਕੋਲ ਹੁੰਦਾ ਨਹੀਂ ਹੈ। ਜੇਕਰ ਲਿਖ ਕੇ ਦੇਣਗੇ ਤਾਂ ਜ਼ਰੂਰ ਇਨਕੁਆਇਰੀ ਹੋਏਗੀ ਤੇ ਕਸੂਰਵਾਰ ਨੂੰ ਸਜ਼ਾ ਮਿਲੇਗੀ।

ਸਰਦਾਰ ਕਰਨੈਲ ਸਿੰਘ ਡੋਡ : ਗਵਰਨਰ ਸਾਹਿਬ ਦੇ ਐਡਰੈਸ ਦੇ ਮੁਤਾਬਿਕ ਇਹ ਵਰਨਣ ਆਇਆ ਹੈ ਕਿ ਪੜ੍ਹੇ ਲਿਖੇ ਨੌਜਵਾਨਾਂ ਦੀ ਰਿਕਰੂਟਮੈਂਟ ਬੜੀ ਜ਼ਰੂਰੀ ਹੈ। ਇਹ ਮਹਿਕਮੇ ਦੀ ਮਿਸਾਲ ਸਾਡੇ ਸਾਹਮਣੇ ਆਈ ਹੈ। ਕਿਸ ਤਰ੍ਹਾਂ ਪਿਛਲੇ 13 ਸਾਲਾਂ ਤੋਂ ਕੋਈ ਡਾਇਰੈਕਟ ਭਰਤੀ ਨਹੀਂ ਕੀਤੀ ਗਈ। ਵੈਸਟਿਡ ਇਟ੍ਰੰਸਟ ਨਾਲ ਅਨਡਿਊ ਪ੍ਰੋਮੋਸ਼ਨਜ਼ ਦਿੱਤੀਆਂ ਗਈਆਂ ਹਨ। ਇਹ ਗਲਾਂ ਸਾਰੇ ਹੋਰ ਮਹਿਕਮਿਆਂ ਵਿਚ ਵੀ ਹਨ। ਕੀ ਮੁੱਖ ਮੰਤਰੀ ਸਾਹਿਬ ਪੜਤਾਲ ਕਰਕੇ ਇਸ ਸਿਸਟਮ ਨੂੰ ਸੈਟ ਰਾਈਟ ਕਰਾਉਣਗੇ ? (ਵਿਘਨ) ਕੀ ਮੁੱਖ ਮੰਤਰੀ ਸਾਹਿਬ ਇਸ ਬਾਰੇ ਕੋਈ ਅਫਸਰਾਂ ਦੀ ਕਮੇਟੀ ਬਣਾਕੇ ਜਾਂ ਮੈਂਬਰਾਂ ਦੀ ਕਮੇਟੀ ਬਣਾਕੇ ਸਾਰੇ ਮਹਿਕਮਿਆਂ ਵਿਚ ਜੋ ਇਸ ਵੇਲੇ ਯੂਥ ਨਾਲ ਧੱਕਾ ਹੋ ਰਿਹਾ ਹੈ ਔਰ ਡਾਇਰੈਕਟ ਰਿਕਰੂਟਮੈਂਟ ਨਹੀਂ ਕੀਤੀ ਜਾਂਦੀ ਇਸ ਬਾਰੇ ਕਾਰਵਾਈ ਕਰਨਗੇ ? ਜਿਥੇ ਜਿਥੇ ਵਕੈਂਸੀਆਂ ਪਈਆਂ ਹਨ ਉਥੇ ਉਥੇ ਡਾਇਰੈਕਟ ਰਿਕਰੂਟਮੈਂਟ ਰਾਹੀਂ ਇਹ ਭਰਨ ਵਾਸਤੇ ਕੀ ਇਹ ਉਪਰਾਲਾ ਕਰਨਗੇ ?

ਮੁੱਖ ਮੰਤਰੀ : ਵੇਗ ਜਿਹਾ ਕੁਐਸਚਨ ਹੈ। ਦਰਅਸਲ ਇਹ ਕੁਐਸਚਨ ਕੋਈ ਨਹੀਂ ਹੈ। ਔਰ ਦਰਅਸਲ ਵਿਚ ਇਹ ਤਕਰੀਰ ਹੈ। ਗਵਰਨਰ ਸਾਹਿਬ ਦੇ ਐਡਰੈਸ ਵਿਚ ਆਖ ਸਕਦੇ ਸੀ। ਪਰ ਇਥੇ ਇਸ ਸਬੰਧੀ ਕੋਈ ਅਸ਼ਿਉਰੈਂਸ ਨਹੀਂ ਦਿੱਤੀ ਜਾ ਸਕਦੀ।

Bridge on the Chand Pal Drain in District Ferozepur

***607. Comrade Mehtab Singh** : Will the Chief Minister be pleased to state whether there is any proposal under the consideration of the Government to construct a bridge on the Chand Pal drain crossing Jallalabad-Roranwali road *via* Tarewala in District Ferozepur ?

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਸਿੰਚਾਈ ਅਤੇ ਮਕਾਨ ਉਸਾਰੀ) : ਜਲਾਲਾਬਾਦ-ਰੋੜਾਂ ਵਾਂਲੀ ਪੱਕੀ ਪਹੁੰਚ ਮਾਰਗ ਜਲਾਲਾਬਾਦ ਮੁਅੱਜ਼ਮ ਡਰੇਨ ਨੂੰ ਪਾਰ ਕਰਦਾ ਹੈ ਅਤੇ ਨਾਂ ਕਿ ਚਾਂਦ ਪਾਲ (ਚਾਂਦ ਭਾਨ) ਡਰੇਨ ਨੂੰ। ਸਿੰਜਾਈ ਵਿਭਾਗ ਵੱਲੋਂ ਕਰਾਸਿੰਗ ਦੀ ਥਾਂ ਤੇ ਪੁਲ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ।

ਕਾਮਰੇਡ ਮਹਿਤਾਬ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਠੀਕ ਹੈ ਤਿੰਨ ਚਾਰ ਡਰੇਨਾਂ ਪਈਆਂ ਹੋਈਆਂ ਹਨ ਔਰ ਇਸ ਨੂੰ ਜਲਾਲਾਬਾਦ ਮੁਅੱਜ਼ਮ ਕਹਿ ਲਓ। ਇਸ ਵਿਚ ਤਾਰਾਵਾਲਾ ਪਿੰਡ ਔਰ ਰੂੜਾਂ ਵਾਲੀ ਮੰਡੀ ਆਉਂਦੀ ਹੈ। ਇਹ ਮੁਅੱਜ਼ਮ ਡਰੇਨ ਕੋਈ ਦਾਈ ਸੌ ਫੁਟ ਚੌੜੀ ਹੈ ਅਤੇ ਉਥੇ ਪਾਣੀ 7,8 ਫੁਟ ਵਗਦਾ ਹੈ। ਕੀ ਚੰਦਪਾਲ ਡਰੇਨ ਤੇ ਪੁਲ ਬਨਾਉਣ ਵਾਸਤੇ ਨਵੀਂ ਤਜਵੀਜ਼ ਬਣਾ ਕੇ ਉਥੇ ਪੁਲ ਦਾ ਕੰਮ ਸ਼ੁਰੂ ਕਰਨਗੇ ? ਉਥੇ ਇਸ ਪੁਲ ਦੀ ਬੜੀ ਲੋੜ ਹੈ।

ਰਾਜ ਮੰਤਰੀ, ਸਿੰਚਾਈ ਅਤੇ ਮਕਾਨ ਉਸਾਰੀ : ਮੈਂਬਰ ਸਾਹਿਬ ਨੇ ਕਿਹਾ ਹੈ ਕਿ ਉਥੇ ਪੁਲ ਦੀ ਬੜੀ ਲੋੜ ਹੈ। ਮੈਂ ਪਹਿਲਾਂ ਦਸਿਆ ਹੈ ਕਿ ਅਜੇ ਤਕ ਇਸ ਲਈ ਸਿੰਜਾਈ ਵਿਭਾਗ ਦੀ ਕੋਈ ਸਕੀਮ ਨਹੀਂ ਹੈ। ਰਫਲੀ ਐਸਟੀਮੇਟ ਮੁਤਾਬਿਕ ਕੋਈ 20 ਲੱਖ ਰੁਪਏ ਦਾ ਅੰਦਾਜ਼ਾ ਹੈ। ਮੈਂਬਰ ਸਾਹਿਬ ਇਸ ਸਬੰਧੀ ਲਿਖ ਕੇ ਭੇਜ ਦੇਣ, ਵਿਚਾਰ ਕੀਤਾ ਜਾ ਸਕਦਾ ਹੈ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਇਹ ਇਨ੍ਹਾਂ ਦੇ ਮਹਿਕਮੇ ਦਾ ਕੰਮ ਹੈ। ਇਹ ਲੋਕ ਭਲਾਈ ਦਾ ਕੰਮ ਹੈ। ਇਹ ਕਈ ਸਾਲਾਂ ਤੋਂ ਮਸਲਾ ਲਟਕ ਰਿਹਾ ਹੈ। ਇਹ ਮਹਿਕਮੇ ਕੋਲੋਂ ਐਸਟੀਮੇਟਸ ਬਣਵਾ ਲੈਣ ਅਤੇ ਉਨ੍ਹਾਂ ਐਸਟੀਮੇਟਸ ਦੀ ਮਨਜ਼ੂਰੀ ਦੇ ਕੇ ਕੀ ਇਹ ਕੰਮ ਜਲਦੀ ਕਰਵਾ ਦੇਣਗੇ ?

ਰਾਜ ਮੰਤਰੀ : ਮੈਂ ਪਹਿਲੇ ਵੀ ਕਿਹਾ ਹੈ ਕਿ ਇਸ ਤਰ੍ਹਾਂ ਦੇ ਡਰੇਨਾਂ ਤੇ ਪੁਲ ਪੰਜਾਬ ਵਿਚ ਹੋਰ ਵੀ ਰਹਿੰਦੇ ਹਨ ਅਤੇ ਪੈਸੇ ਦੀ ਕਮੀ ਹੋਣ ਕਰਕੇ ਇਹ ਜਲਦੀ ਨਹੀਂ ਕੀਤਾ ਜਾ ਸਕਿਆ। ਇਸ ਉਤੇ ਵਿਚਾਰ ਕੀਤਾ ਜਾ ਸਕਦਾ ਹੈ ਜਿੰਨਾਂ ਜਲਦੀ ਹੋ ਸਕੇ।

Mr. Speaker : Questions are over.

ANNOUNCEMENTS BY THE SPEAKER Re.—

(i) Panel of Chairmen

Mr. Speaker : Under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly), I nominate the following Members to serve on the Panel of Chairmen :—

(1) Sardar Parshotam Singh.

(2) Shri Radha Krishan.

(3) Shri Ram Kishan Kataria.

(4) Pandit Mohan Lal.

(ii) Governor's Address

ਸ੍ਰੀ ਸਪੀਕਰ : ਰਾਜਪਾਲ ਜੀ ਨੇ ਸੰਵਿਧਾਨ ਦੀ ਧਾਰਾ 176(1) ਅਧੀਨ ਪੰਜਾਬ ਵਿਧਾਨ ਸਭਾ ਵਿਚ 11 ਮਾਰਚ, 1987 ਨੂੰ ਬਾਅਦ ਦੁਪਹਿਰ 2.00 ਵਜੇ ਜਿਹੜਾ ਭਾਸ਼ਣ ਦਿੱਤਾ ਸੀ, ਮੈਂ ਉਸ ਦੀ ਕਾਪੀ ਕਾਰਜਕਾਰੀ ਅਤੇ ਨਿਯਮਾਵਲੀ ਦੇ ਰੂਲ 18 ਅਧੀਨ ਸਦਨ ਦੀ ਮੇਜ਼ ਤੇ ਰੱਖਦਾ ਹਾਂ।

ਮਾਨਯੋਗ ਸਪੀਕਰ ਸਾਹਿਬ ਅਤੇ ਮੈਂਬਰ ਸਾਹਿਬਾਨ,

ਮੈਂ ਸੁਰੂ ਤੋਂ ਹੀ ਦੱਸਣਾ ਚਾਹੁੰਦਾ ਹਾਂ ਕਿ ਮੇਰਾ ਬੜਾ ਮਨ ਸੀ ਕਿ ਮੈਂ ਪੰਜਾਬੀ ਵਿੱਚ ਬੋਲਦਾ (ਥੰਪਿੰਗ)। ਪਰ ਬਾਵਜੂਦ ਕੋਸ਼ਿਸ਼ ਕਰਨ ਦੇ ਮੈਂ ਪੰਜਾਬੀ ਨਹੀਂ ਬੋਲ ਸਕਦਾ। ਇਸ ਅਸਮਰਥਤਾ ਵਾਸਤੇ ਮੈਂ ਤੁਹਾਡੇ ਸਭ ਤੋਂ ਮੁਆਫੀ ਮੰਗਦਾ ਹਾਂ। ਇਸ ਵਿਚ ਮੈਨੂੰ ਕੋਈ ਸ਼ੱਕ ਨਹੀਂ ਕਿ ਤੁਸੀਂ ਮੈਨੂੰ ਅੰਗਰੇਜ਼ੀ ਵਿਚ ਬੋਲਣ ਦੀ ਇਜਾਜ਼ਤ ਦਿਉਗੇ (ਥੰਪਿੰਗ)।

I have great pleasure in welcoming you to this first Session of the 9th Punjab Vidhan Sabha in the year 1987. May I convey my cordial greetings and good wishes to you and through you to the hard working, earnest and patriotic people of the Punjab also.

There comes a time in the life of every nation when some of its basic and treasured values are subjected to serious attacks, sometimes anti-national in nature, sometimes anti-democratic, sometimes non secular and at all times violent and against the interests of the country as a whole. It is at such a time that the people and its leaders have to bury their differences and rise as one in total unison not only to meet squarely attacks such as these but to take every possible step firmly and strongly to thwart them as early as possible and for all times to come. It is also necessary at such a moment to reiterate the Nation's sacred values with force and without fear, no matter what the consequences.

India today is faced with an attack, particularly in our dear Punjab, from certain forces, who want to destroy the established pattern of our political institutions and thinking and dilute totally our firm commitment to secularism through sanctions in the name of religion, in order to achieve their political or anti-national ends. My Government will not allow any such thing to happen and (Thumping) it will resist these forces stubbornly and with determination.

Indeed we meet today at a time when our parliamentary democracy is passing through a serious challenge from various anti-national, divisive and destructive elements supported and abetted by external forces inimical to us, whose aim is to weaken us both politically and economically by whatever means possible. We face today a trauma of violence, terrorism and fear at the hands of these nefarious forces who are bent upon thwarting the progress of the State towards peace and prosperity. All this has resulted in the loss of many an innocent life in the Punjab. My Government has made it clear time and again that it is totally opposed to these forces of destruction and disaster and it is determined to deal with them in every possible manner so that peace and prosperity return to our beloved State as early as possible. Our very being—our teaching—our spiritual message—our culture is against terrorism of any kind and my Government is committed to fight it totally alongwith the people and bring back sanity and peace to the Punjab. This struggle derived its strength from my Gevernment's commiteent to thc maintenance of unity among the communities—Hindus, Sikhas and others.

[Mr. Speaker]

My Government had inherited a Punjab that was blood spattered and sick. The social scene was in a State of utter ravage and the economy was in shambles. The task of rebuilding the State and healing the grievous wounds of the past few years was a daunting one. But in this task my Government was inspired by the dreams of a great visionary who was to pass into Indian history as a symbol of moral resurgence, sagacity, statesmanship, patriotism and human love and brotherhood. This visionary, Sant Harchand Singh Longowal, blazed a trail of new moral heroism and soon became a living philosophy. This philosophy was that if the Sikhs, the State and the country had to be saved from afratricidal war, the teachings of our great Gurus and Saints were the only answer. He surveyed the scene and found that it was pervaded by a strange death wish. The situation called for an act of great moral daring and of personal sacrifice. Sant Ji decided to offer this sacrifice at the altar of national unity and integrity of communal harmony.

After a long wait, Punjab's history appears to be turning a new leaf. My Government which is waging the nation's fight against its foreign inspired enemies, has taken the issue of peace, communal harmony and national unity to the masses. I am delighted to say that the people of Punjab have responded heroically and massively to the call of sanity and human brotherhood at the Sikh Convention at Longowal held on the 20th February, 1987. The Convention was a turning point in the history of the country in which the Sikh masses completely rejected the forces of terrorism, anti-secularism and communally-inspired separatism abetted by their foreign conspirators. It was a decisive battle in which the Akali Dal and my Government turned back the challenge from those trying to undermine the massive popular verdict of September, 1985. The country witnessed a heartening spectacle of the Sikh masses defying intimidation and threats of violence to assemble in one of the biggest gatherings in living memory. The Longowal Convention was also a powerful vote for moderation and sanity and completely threw the disruptive forces on the defensive. This powerful verdict produced sympathetic reverberations throughout the length and breadth of the country as demonstrated forcefully in Parliament only a few days ago. All Party convention in Chandigarh on the 1st March last also expressed the nation's soulful response to the call from Longowal (Thumping).

In its fight against the enemies of the nation, my Government needs nation's solid backing, not in terms of verbal assurances of support but in the shape of a concrete political initiative to dress the wounds of the past few years. There are certain irritants that continue to affect the process of easing the situation. The implementation of the Memorandum of Settlement signed by late Sant Harchand Singh Longowal and the Prime Minister would remove one of the major psychological and political hurdles in the way of normalization. The slow pace of its implementation undermines the effectiveness of my Government in its efforts to bring back normalcy in the State. The innocent detainees held in Jodhpur Jail without trial for over two years now must be released immediately, (Thumping). The issue of the army personnel who had left their barracks in an emotional reaction to the events of June, 1984 has been another major irritant. In this regard, however, I am glad to say that thanks to the persistent efforts of my Government, 2,296 such personnel have been reinstated while 266 are in jail. We would very much want that these persons be granted reprieve and released.

My Government is fully convinced that the problem in Punjab is basically political which assumes the law and order dimension in the absence of an effective political initiative. A purely law and order approach towards a political and human problem would not succeed It was precisely with this in view that Sant Ji signed the historic Memorandum of Settlement with the Prime Minister. The Accord was an evidence of the nation's will to solve political issues through political means and was a watershed in the history of our country. It was a guarantee of amity of the Punjabis and of national unity and integrity and it recognised that the Punjab problem was not a local or a regional issue but it was a national problem and needed to be solved through a national initiative.

The people of Punjab defied communal, separatist and fundamentalist propaganda and endorsed the Accord through a massive vote in the elections in September 1985.

The Punjab Accord is still the best guarantee for peace in Punjab not because it would please the terrorists but because it would isolate them. Its implementation would take the wind out of the extremist propaganda and would prove to the people of Punjab that the nation really means business.

My Government set out to accomplish the mission that Sant Longowal Ji had started. Its policies are inspired by the philosophy of this great martyr. It also decided to revive the glorious traditions of Punjab as a vanguard in the nation's fight for the preservation

of freedom, democracy and communal amity. Certain elements are bent upon damaging Punjab's proud image and glorious traditions in the country and throughout the world. My Government is determined to defeat this conspiracy and to lead Punjab back to its rightful and glorious position in the national and international scene.

As a step towards restoration of peace and normalcy in the State, my Government has addressed itself earnestly to the immediate task of healing the wounds of the past few years by providing maximum help and succour to the victims of violence in Punjab and other parts of the country. Considerable progress has been achieved in providing relief to the Sikh families, which had migrated to this State in the wake of November, 1984 riots. 1,058 low income group houses have been allotted to migrants out of which 658 houses (Thumping) have been allotted free of cost to widows and destitutes. 653 commercial plots, 416 built-up booths/shops and 384 residential plots have also been allotted on reserve price. Financial assistance at the rate of Rs. 250 per month has been sanctioned to 617 widows and destitute and orphan migrants and *ex-gratia* grant of Rs. 5,000 each has been given to more than 700 migrants belonging to these categories. Loans free of margin money and security to the extent of Rs. 25,000 with a subsidy component of Rs. 5,000 have been disbursed to more than 4,000 families, the total amount of such loans being Rs. 7.74 crores.

My Government has also endeavoured to provide relief to terrorist affected Hindu and other families. They have been extended all concessions available to Sikh migrants like free L.I.G. houses, financial assistance to widows, loans up to Rs. 25,000 with subsidy component of Rs. 5,000 and priority in Government employment. *Ex-gratia* grant of Rs. 2,500 is given to each Hindu family returning to the State to meet its transport and other expenses. A Committee of M.L.As headed by Revenue and Rehabilitation Minister has been constituted to bring back these families to the State. (Thumping).

Ex-gratia grant totalling Rs. 2.84 crores has been disbursed to the families of the persons killed or those injured as a result of terrorist or mob violence and action by Security Forces.

The Government has also provided relief and succour to the families of innocent victims of Operation Blue Star. Rs. 70.20 lacs have been disbursed to the families of those killed in the Golden Temple Complex (Thumping). Compensation amounting to Rs. 30.24 lacs has been paid to the owners of the buildings damaged in this Operation. For other affected properties adjoining Golden Temple Complex, compensation of Rs. 50.51 lacs has been paid. For properties which were insured but regarding which insurance claims were not accepted, my Government has disbursed grants of Rs. 79.64 lacs to the owners. Likewise, relief totalling Rs. 68.32 lacs has been provided for the loss of household goods and merchandise in shops and factories. Injured persons have been given *ex-gratia* grant of Rs. 24.04 lacs. In this way, in spite of tremendous financial constraints, the Government has given liberal help and relief to the victims of the Operation Blue Star to the tune of Rs. 3,22,95,000 (Thumping).

My Government is also solicitous of the welfare of the Armed Forces Personnel who were discharged from the service in the aftermath of Operation Blue Star. In order to bring them back to the main-stream of national life, *ex-gratia* grant has been paid to 1,224 affected persons. 66 persons have been allotted L.I.G. houses. Those who have not been taken back in the army or are still unemployed are being paid monthly maintenance grant of Rs. 500 per month. About 425 Army Personnel or their dependents are getting this monthly grant. A total of about Rs. 57 lacs has been spent on the grant of these concessions to them. Government has also decided to give interest free loan up to Rs. 20,000 each with up to 25 per cent subsidy component to the female dependents of affected Army Personnel for setting up their own self-employment ventures. Government also proposes to provide capital subsidy on the loans obtained by the discharged Army Personnel or their dependents from the financial institutions under self-employment and training schemes.

Before I move on to the achievements of my Government and its plans for accelerating the development of the State, I consider it necessary to make a reference to the law and order situation in the State which has assumed high priority in view of the continued violent activities of the terrorists and anti-social elements. As a result of the co-ordinated efforts of the State Police and the Security Forces many hardcore terrorists have either been killed or arrested. In the current year 1,515 terrorists have been captured as against 491 in the previous year and a large quantity of arms and ammunition has been recovered from them. The Police and the Security Forces have performed the onerous task of

[Mr. Speaker]

tackling anti-social elements and countering and eliminating terrorism commendably. To deal with the terrorists effectively not only the Intelligence Wing of the Police has been streamlined, but it has also been provided improved communication and transport facilities.

It is a matter of great pride that due to the new policy initiatives taken by my Government and the relentless and determined hard work of our farmers, peasants, agricultural labourers, industrial workers and all others engaged in trying to revive the economy of Puhjab, our State has recorded outstanding achievements in various fields during this year. In the agricultural sector we had an all time record production of 109.92 lac tonnes of wheat in Rabi 1985-86 and again achieved record rice production of 60.22 lac tonnes in Kharif 1986 (Thumping). The acreage under sugarcane has increased by 19,000 hectares. In cotton we produced 16.41 lac bales in 1986 which was again an all time record (Thumping). Punjab stood first in 1985-86 in the implementation of 20 Point Programme and is likely to retain this distinction in 1986-87 also. Punjab has also won distinction in the average recovery of loans—the highest in India. Till December, 1986, the total collection of excise and taxation revenue was 24 percent higher than that of the corresponding period of the previous year. In Red Cross work, Punjab is again at the top in the country and in Family Welfare Movement, Punjab won first award (Thumping) of Rs.2 .5 crores for the 4th year in succession in 1985-86. To cap it all, Punjab has) turned the corner in the sphere of power generation and there is no shortage of electricity in the State now.

The Annual Plan outlay for 1986-87 was Rs. 575 crores. The Government of India has provided additional 35 crores for Thein Dam Project. Substantial portion of the Plan outlay i.e. Rs. 359.59 crores is earmarked for Power and Irrigation Sectors. The main thrust of the State's Five-Year Plan is to sustain the tempo of agricultural growth,- accelerate industrial development and create increased employment opportunities, especially for the educated unemployed youth. At the same time, my Government is striving its utmost to provide opportunities for economic development to all, especially the poor, downtrodden and weaker strata of the society.

Agriculture and its allied sectors are the mainstay of our economy. As already mentioned by me, we have not only succeeded, in increasing the production of foodgrains in spite of unsettled condition of the State but have out-stripped all the previous records. In fact we have already exceeded plan targets of 55 lac tonnes and 105 lac tonnes for production of rice and wheat respectively. The production of oil seeds during 1986-87 is estimated at 2.59 lac tonnes as against 1.99 lac tonnes during 1985-86. Similarly, production of pulses has shown significant increase during 1986-87 and is expected to be 2.50 lac tonnes. Ambitious programmes for diversification of agricutural production have been prepared with main emphasis on increasing production of sugarcane, oil seeds and pulses. The State Government envisages achievement of still higher growth and diversification in agricultural production during the year 1987-88.

One of the notable achievements in the agricultural sector has been phenomenal increase in the production of cotton from 7.07 lac bales in 1983-84 to 16.41 lac bales in 1986-87 (Thumping). In the beginning of the current cotton season, the prices of raw cotton crashed on account of expected higher production of cotton in the country. To ensure remunerative prices to the farmers, the Government authorised MARKFED to purchase cotton at the support price with the result that the prices of cotton recovered and even went above the support price. MARKFED continued commercial purchase of cotton even after that. In all, MARKFED purchased 1,55,000 bales of cotton (Thumping).

Improvement of the economic condition of the farmers is vital for our prosperity. To ensure remunerative prices for agricultural produce, the Government opened 973 and 804 purchase centres for Rabi and Kharif respectively during 1986-87 as against 948 and 736 centres during 1985-86. It is gratifying to note that the Government succeeded in maintaining the support price in spite of the bumper production of paddy and increased marketable surplus available during the year 1986-87. Total paddy purchased by various Government agencies as well as private trade during 1986-87 touched a new high of 75.03 lac tonnes against 71 lac tonnes during 1985-86. Punjab's contribution of foodgrains to the Central Pool is about 50 per cent; that of wheat being 61.5 per cent. (Thumping). In order to ensure remunerative price to the farmers for wheat my Government will make all out efforts to procure all the surplus wheat in the coming Rabi season.

In order to accelerate swifter movement of wheat from Punjab to the needy States, the State Government has successfully persuaded the Government of India and the FCI to move the wheat by road. The FCI has agreed to move 2 lac tonnes of wheat annually by road to Bombay and Calcutta (Thumping). The Government is insisting for movement of 10 lac tonnes of wheat annually by road to clear the backlog. If this is agreed to, the Punjab Truck Operators will get transportation charges at the rate of Rs. 49 per quintal for Calcutta (Thumping) and Rs. 42.70 per quintal for Bombay and will be benefitted by additional business to the extent of roughly Rs. 67 crores (Thumping). On their return these Punjab Truck Operators can bring coal/coke from these places to Punjab. For scientific storage of wheat on modern lines PUNSUP has been commissioned to construct godowns to the extent of 82,000 M.T.

The total outlay for the co-operative sector in the 7th Plan is Rs. 6,385 lacs, which represents an increase of 63.6 per cent (Thumping) over the outlay for the 6th Plan. Cane crushing will start in Co-operative Sugar Mill at Budhewal (Doraha) this month and the sugar mills at Sheron (Tarn Taran) and Nakodar are likely to be commissioned early next year. Co-operative Spinning Mill at Goindwal Sahib has already gone into production and that at Tapa (Sangrur) is nearing completion.

My Government has assigned high priority to Animal Husbandry and Veterinary. For the upliftment of the Scheduled Castes a Special Central Assistance Scheme for providing subsidies for the rearing of cross bred calves has been taken up with an allocation of Rs. 102.63 lacs this year and similar provision for the next year.

In the field of dairy development, the main thrust of my Government is to provide training to farmers and marketing facilities to the milk producers in the border submontane, bet and backward areas of the State by setting up Milk Chilling-cum-Demonstration Centres. Due to introduction of scientific breeding of live-stock, efficient health cover an improved management practices, the milk production during the year 1986-87 is likely to be 42.50 lac MT against (Thumping) 40.35 lac MT during 1985-86. Daily per capita availability of milk which was 576 gms. in 1984-85 against 142 gms. at national level is expected to be 616 gms. (Thumping) during 1986-87 and 665 gms. by the end of the Seventh Plan. For further diversification of agricutural subsidiary activities a number of schemes are being vigorously implemented to give fillip to fish farming.

For the upliftment of rural poor, All India programmes for alleviation of rural poverty by ensuring increased production and greater employment are being implemented vigorously. Under the Integrated Rural Development Programme, outlay for the year 1986-87 was Rs. 795.36 lacs with correspondig targets for subsidy of Rs. 640 lacs, loans from banks 1,280 lacs and number of rural beneficiaries to be covered 55,500. These targets will be fully achieved. The coverage of Scheduled Castes under this programme is as high as 52 per cent. Government of India has recently released additional amount of Rs. 400 lacs for utilisation during 1986-87 and matching grant is also to be provided by the State Government and thus outlay for 1986-87 now stands raised to Rs. 1,595,36 lacs. The target of generating 12 lac man-days under the National Rural Employment Programme and 15 lac man-days under Rural Landless Employment Guarantee Programme have already been exceeded.

Though year 1986-87 was a period of all-round progress in rural sector, Nature was not so kind to us. In the months of June and July, 1986, heavy rains and floods caused widespread loss of life and property in seven districts of the State. The Government launched a masssive relief programme to mitigate the sufferings of the people. An amount of Rs. 3,36,75,661 has been given to Deputy Commissioners of cencerned districts for distribution of gratuitous relief and meeting expenditure on de-watering and supply of food and fodder. The Central Government has also given assistance of Rs.18.08 crores for repair and restoration of works damaged during these floods. Gratutious relief amounting to Rs.2,28,61,089 has been disbursed to farmers whose crops were damaged due to hailstorm in 10 districts of the State in October, 1986.

With agricultural production reaching almost saturation stage, the future of the State lies in accelerating the pace of industrial development. Notwithstanding the disturbed conditions in the State, the current year has witnessed significant achievements in this field. To step up industrial development, the 7th Plan allocation has been increased by 50 per cent to Rs. 123.31 crores (Thumping) against Rs. 81.83 crores during the 6th Five Year Plan, of which Rs. 26.15 crores have been set apart for promotional activities during 1987-88.

[Mr. Speaker]

In the year 1986-87, 9,444 small, large and medium units have been set up thereby generating employment for 28,621 persons. 12 new large and medium units went into production besides the expansion of 4 units involving a total investment of Rs. 123 crores. This brings the total of large and medium units in the State to 358 with an investment of Rs. 1,327 crores and the number of small scale units to 1,19,701 involving investment of Rs. 806 crores. Due to unstinted efforts of my Government, 86 industrial licences had been issued up to December, 1986, by Government of India as against only 58 in 1985.

The Punjab State Industrial Development Corporation has commissioned 9 projects since the assumption of office by the present Ministry while 16 projects with capital outlay of Rs. 212 crores are under construction and 40 other projects costing about Rs. 500 crores under active implemention. By the end of 7th Plan, the State will have total investment of Rs. 2,000 crores (Thumping) in the large and medium sectors.

During the period from April 1 to December 31,1986, the Punjab Financial Corporation sanctioned loans amounting to Rs. 35 crores as against 11 crores in the corresponding period last year, thus registering an increase of more than 200 per cent (Thumping). Loans totalling Rs. 19 crores were disbursed as against Rs. 7 crores in the same period last year.

The State's 7th Plan envisages a growth rate of 10 per cent for investment, production and exports (Thumping). To stimulate the growth of industry in the border districts, the Government have decided to make available 25 per cent subsidy on the capital investment with a maximum of Rs. 25 lacs in the units coming up in the districts of Amritsar, Gurdaspur and Ferozepure.

Since irrigation and electricity hold key to agricutural and industrial production, high priority is being attached to creation of irrigation potential and increasing generation of electricity. With the completion of various irrigation projects 1.95 lac hectares of addtional irrigation potential is proposed to be created during Seventh Five-Year Plan. Out of this 85,000 hectares of addtional irrigation potential will be achieved from the Distributory system of SYL Canal Project. Work on the Distributary system of the SYL Canal has been started and a sum of Rs. 4.85 crores is being spent in the year 1986-87. Government is very keen to complete this project at the earliest. In the Kandi area two dams, namely, Dholbaha and Maili have already been completed and work on the development of irrigation facilities in other watersheds such as Janauri, Chauhal, Tibba Nangal Parch & Damsal etc. is progressing. Lining of channels Phase I Project will be completed during the year 1987-88, thereby lining 5,600 kms. of distributaries and minors. A length of 23,000 kms. of water courses has been lined upto June, 1986. Keeping in view the difficulties of the farmers, the Government decided to waive off the recovery on account of lining of water courses. (Thumping). In order to ensure that fertile tracts do not become unproductive, high priority is being given to anti-waterlogging projects for the south-western districts.

With the rapid pace of development, the demand for electricity has also increased manifold. During the year 1986-87 an amount of Rs. 335 crores has been provided in the power sector which is 55 per cent of the total Annual Plan outlay. Work is progressing at a fast pace to commission at the earliest the three ongoing important power generation projects of Ropar Thermal Plant Stage II, Mukerian Hydel Project Stage II and UBDC. In view of the increasing demand for power, non-conventional sources of energy in addition to the generation from Micro Hydel Scheme from various canal falls have also been taken up for harnessing. One Micro Hydel Scheme at Nidampur has been completed and two more schemes are nearing completion. The work on Thein Dam Project has been going on at accellerated pace so that it can be commissioned by the year 1992. An amount of Rs. 100 crores has been spent during the year 1986-87 on Thein Dam Project. To give fillip to Solar Energy Programme, the Government has released Rs. 15 lacs to Punjab Agro-Industries Corporation for setting up a 30 M.W. Solar Thermal Power Generation Plant. Rs. 17 lacs have been provided for the implementation of the Intergrated Rural Energy Programme.

The Government has also undertaken a prestigious programme for the development of entrepreneurship and provision of gainful employment for the youth of the State of Punjab with a view to provide them opportunities for gainful self-employment or direct wage employment in the public or private sector.

Under the self-employment scheme, more than 16,000 applications have been sponsored to various Banks for financial assistance. 15,000 youths are likely to be benefitted by provision of bank loans up to Rs. 35,000 each before the year rolls out.

At the same time, vigorous efforts are being made to provide wage employment to the unemployed youth, migrants and discharged army personnel. Uptil now 1164 persons comprising of 965 youths 171 migrants and 28 discharged army personnel have been absorbed in Class III services of the State Government. Similarly, 261 youths, 55 migrants and 38 discharged army personnel making a total of 354 persons have been absorbed in Class IV services of the State Government. In addition employment to a large number of persons belonging to these categories has been provided in Banks, Industrial Establishments and Public Sector Undertakings.

My Government is paying concerted attention to Urban Planning and Development in order to create healthy urban environment by providing civic amenities like drinking water supply, street lighting, drainage and sewerage. There has been 240 per cent achievement against the target fixed for improving the living conditions of slum dwellers under the new 20 Point Programme. To improve civic amenities my Government proposes to set up 11 more Notified Area Committees. To overcome the problem of financial constraints and to undertake a composite project for the Development of urban areas, Punjab Urban Dvelopment Authority is proposed to be set up. To provide houses to economically weaker and other needy sections of the society, a Site and Services Project has been undertaken at Ludhiana and Partial Self Financing Housing Schemes have been framed for Ludhiana, Jalandhar, Sahibzada Ajit Singh Nagar and Amritsar. During the coming year, 3400 houses will be completed under Social Housing Schemes for the general public.

My Government is keenly aware of the problem of environmental pollution. Steps are being taken to set up an independent Department of Environment Pollution. For maintaing proper ecological balance an amount of Rs. 1073.25 lacs is being spent in the current financial year on schemes of Intensive Afforestation and Soil Conservation.

For the year 1987-88, the budget provision for the State Roads Sector is Rs. 33.61 crores as against Rs. 30.40 crores for the current year. Punjab Agricultural Marketing Board is spending about Rs. 20 crores on construction and maintenance of village link roads every year. The proposed outlay for 1987-88 on the National Highways and the other Government of India funded roads scheme is Rs. 42.05 crores. This includes an outlay of Rs. 20 crores for the Project of four-laning 120 kilometres of Sher Shah Suri Marg from Sirhind to Jalandhar. The work on this project has started. The work of construction of high level Bridge Project on River Beas near Sri Hargobindpur is being taken up at an estimated cost of Rs. 10 crores.

Punjab can justifiably boast of having the best health infrastructure in the country especially in the rural areas (Thumping). It is a matter of pride that the State obtained the first prize of Rs. 2.5 crores under Family Welfare Programme for the year 1985-86 for the fourth consecutive year in spite of prevailing disturbed conditions in the State. It is hoped that 85 per cent of the eligible population will be covered under the Universal Immunisation Programme by the year 1990.

In keeping with its avowed policy of providing higher educational facilities nearer home. the Government has upgraded 300 schools in the current year (Thumping) against the target of 250 schools. Out of these, 175 schools have been upgraded from middle to high level and 125 from primary to middle level. 10+2 system has been introduced from the academic session 1986-87 and 8142 teachers have been imparted training in the methodology of this system. 3 "Navodaya Vidayayalays" i.e. Residential Schools have been opened in rural and backward areas which will provide an opportunity to talented rural children to develop their potential. A provision of Rs. 2.66 crores has been made next year as against Rs. 2.39 crores in the current year to provide Science Laboratories in schools. An amount of Rs. 5 crores has been made available in the 7th Five Year Plan to provide buildings to Government Primary Schools. Rs. 1. Crore will be spent this year to construct 500 class rooms.

My Government has always accorded high priority to the improvement of socio-economic conditions of the Scheduled Castes and Backward Classes in particular and all the weaker sections of the society in general. The grant for construction of new Dharmshalas for Scheduled Castes has been raised from Rs. 10,000 to Rs. 15,000. A scheme for the provision of one light point in every Scheduled Caste household not having electricity has been started this year. Residential Institution for preparing candidates from amongst

[Mr. Speaker]

the Scheduled Castes for State Services and other competitive examinations has been started at Sahibzada Ajit Singh Nagar this year. 20,000 Scheduled Castes persons have been benefitted in the current year through Punjab Scheduled Castes Land Development and Finance Corporation. Punjab Women and Children Development and Welfare Corporation is to provide similar loans to 3,000 Scheduled Caste women. Punjab Backward Classes Land Development and Finance Corporation is providing similar assistance through banks to persons belonging to Backward Classes and other weaker sections of the society.

My Government also proposes to bring a legislation to effectively implement the reservation policy in services (Thumping).

With a view to ameliorate the socio-economic conditions of the weaker section viz women, children, destitutes, infirms, mentally retarded and orthopaedically handicapped etc., my Government has provided pensionary benefits to about 1.18 lac beneficiaries and supplementry nutrition to about 2 lac expectant and lactating mothers and chidren below the age of 6 years. My Government also proposes to set up 'Ready to eat processed nutrition food plant', in the State.

My Government is aware of the plight of working class on account of rising prices. To mitigate their sufferings, minimum rates of wages are being revised for all categories of (Thumping) workers in 38 employments, and are being fixed for the first time in other 19 scheduled employments. My Government is also giving high priority to the promotion of safety measures to protect industrial workers from all possible hazards. Simultaneously, my Government is making efforts to improve the lot of agricultural workers.

Though there is no shortage of essential commodities in the State, the Government is running a subsidy scheme to cater to the demands for pulses of the economically backward consumers numbering about 50 lacs belonging to the Target Group with annual income below Rs. 3,600 per annum, class IV employees etc.

Honourable Members, the days ahead are full of challenges,. We have to brace ourselves to face the fundamentalist, secessionist and disruptive forces, which are spreading communal venom and weakening our collective resolve to stand togther. The current challenges and the tasks ahead beckon us to concerted effort and constructive endeavour These tasks cannot be accomplished through narrow or partisan efforts. These require the combined and unified efforts of all the Punjabis and to this end my Government will for ever strive. Thank you.

JAI HIND

ANNOUNCEMENT BY THE SECRETARY

Mr. Speaker : Now Secretary, Punjab Vidhan Sabha, to make a statement.

ਸ਼੍ਰੀ ਸਕੱਤਰ : ਮੈਂ ਉਨ੍ਹਾਂ ਬਿੱਲਾਂ ਦੀ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖਦਾ ਹਾਂ ਜੋ ਨੌਵੀਂ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਚੌਥੇ ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਸਨ ਅਤੇ ਜਿਨ੍ਹਾਂ ਨੂੰ ਰਾਜਪਾਲ ਦੁਆਰਾ ਸਹਿਮਤੀ ਦੇ ਦਿਤੀ ਹੈ।

ਉਨ੍ਹਾਂ ਬਿਲਾਂ ਦੀ ਸਟੇਟਮੈਂਟ ਜੋ ਨੌਵੀਂ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਚੌਥੇ ਸਮਾਗਮ ਦੇ ਦੌਰਾਨ ਪਾਸ ਕੀਤੇ ਗਏ ਅਤੇ ਜਿਨ੍ਹਾਂ ਨੂੰ ਰਾਜਪਾਲ ਦੁਆਰਾ ਸਹਿਮਤੀ ਦੇ ਦਿੱਤੀ ਗਈ ਹੈ :—

1. ਪੰਜਾਬ ਟਾਊਨ ਇੰਪਰੂਵਮੈਂਟ (ਸੋਧਨਾ) ਬਿਲ, 1986 ।
2. ਪੰਜਾਬ ਮਿਊਨਿਸਪਲ ਕਾਰਪੋਰੇਸ਼ਨ (ਸੋਧਨਾ) ਬਿਲ, 1986 ।
3. ਪੰਜਾਬ ਵਿਧਾਨ ਸਭਾ (ਮੈਂਬਰਾਂ ਦੇ ਭੱਤੇ) ਦੂਜੀ ਸੋਧਨਾ ਬਿਲ, 1986 ।
4. ਪੰਜਾਬ ਮੋਟਰ ਦੁਰਘਟਨਾਵਾਂ ਦੇ ਕਲੇਮਾਂ ਸਬੰਧੀ ਟ੍ਰਿਬਿਊਨਲਜ਼ (ਨਿਰਣਿਆਂ ਦਾ ਵੈਧੀਕਰਣ) ਬਿਲ, 1986 ।

5. ਪੰਜਾਬ ਪੰਚਾਇਤ ਸੰਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ (ਆਰਜ਼ੀ ਅਧਿਲੰਘਣ) ਸੋਧਨਾਂ ਬਿਲ, 1986 ।

6. ਪੰਜਾਬ ਪਸ਼ੂਆਂ ਅਤੇ ਪੰਛੀਆਂ ਦੀਆਂ ਬਿਮਾਰੀਆਂ (ਸੋਧਨਾ) ਬਿਲ, 1986

7. ਪੂਰਬੀ ਪੰਜਾਬ ਮੰਤਰੀਆਂ ਦੀਆਂ ਤਨਖਾਹਾਂ (ਸੋਧਨਾ) ਬਿਲ, 1986

8. ਉਪ-ਮੰਤਰੀਆਂ, ਪੰਜਾਬ ਦੀਆਂ ਤਨਖਾਹਾਂ ਅਤੇ ਭੱਤੇ (ਸੋਧਨਾ) ਬਿਲ, 1986 ।

9. ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿਲ, 1986 ।

10. ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਦੀ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 1986 ।

11. ਪੰਜਾਬ ਮੋਟਰ ਗੱਡੀਆਂ ਤੇ ਕਰ (ਸੋਧਨਾ) ਬਿਲ, 1986 ।

12. ਪੰਜਾਬ ਪ੍ਰਾਈਵੇਟ ਪ੍ਰਬੰਧ ਹੇਠਲੇ ਮਾਨਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀ (ਸੇਵਾ ਦੀ ਸੁਰੱਖਿਆ) ਸੋਧਨਾ ਬਿਲ, 1986 ।

CALL ATTENTION NOTICES UNDER RULE 66

Mr. Speaker : There are three Call Attention Notices. First by Shri Ram Kishan Kataria.

(Serial No. 7)

Shri Ram Kishan Kataria : Sir, I beg to draw the attention of the Government towards a matter of urgent public importance, namely, a small portion of road damaged by the pond on the side of main road at Karimpur Chabwala in district Hoshiarpur situated on Garhshankar—Anandpur Sahib road, thereby causing great hazard for traffic plying on busy road. The site had claimed numerous lives due to fatal accidents occurred thereat. There is great anxiety prevailing amongst the residents of the area on account of lapse on the part of P.W.D.(B & R).

In view of the urgency of the matter, the Government may be asked to make a statement in the House in this behalf.

Minister of State for Public Works (B. & R.) (Sardar Rajinder Singh Dhaliwal) : Garhshankar—Anandpur Sahib is a plan road and is maintained by the State Government from its funds. It passes through the built up area of village Karimpur Chabwala, which is at a distance of about 12 Kms. from Garhshankar. A pond exists in the village abadi of which one side having a length of about 80 feet runs along the road. During the rainy seasons, this pond generally gets flooded and the water over flows due to which the berms of the road get eroded. The damaged berms are set right as a part of normal maintenance by doing earth work .

[Minister of State for Public Works (B. & R.)]

However, as a permanent remedial measure, it has been decided to construct a retaining wall along the 80 feet length of the pond as mentioned above. The estimated cost of this work will be about Rs. 50,000 and the same will be executed shortly.

As per the inquiries made locally as well as from the District Administration, no fatal accident has occurrd at the site in any recent past, at least since 1979.

ਸ੍ਰੀ ਰਾਮ ਕਿਸ਼ਨ ਕਟਾਰੀਆ: ਉਥੇ ਕਿੰਨੇ ਬੰਦੇ ਮਰ ਜਾਂਦੇ ਹਨ। ਉਥੇ ਕਈ ਫੈਟਲ ਐਕਸੀਡੈਂਟਸ ਹੁੰਦੇ ਹਨ। ਹਾਲਾਂ ਪਿੱਛੇ ਜਿਹੇ ਇਕ ਨੌਜਵਾਨ ਦੀ ਮੌਤ ਉਥੇ ਹੋ ਗਈ ਸੀ। ਕੋਈ ਮਹੀਨਾ ਖਾਲੀ ਨਹੀਂ ਜਾਂਦਾ ਜਦੋਂ ਉਥੇ ਐਕਸੀਡੈਂਟ ਨਹੀਂ ਹੁੰਦਾ। ਉਸ ਨੂੰ ਖੂਨੀ ਮੋੜ ਕਿਹਾ ਜਾਂਦਾ ਹੈ। ਉਥੇ ਇਕ ਤਰਫ ਦੀਵਾਰ ਹੈ ਅਤੇ ਦੂਸਰੇ ਪਾਸੇ ਛੱਪੜ ਹੈ ਜਿਸ ਕਰਕੇ ਉਥੇ ਵਹੀਕਲ ਤੇ ਕੰਟਰੋਲ ਨਹੀਂ ਹੁੰਦਾ। ਬੰਦੇ ਮਰ ਜਾਂਦੇ ਹਨ। ਇਸ ਲਈ ਕੀ ਵਜ਼ੀਰ ਸਾਹਿਬ ਵਿਸ਼ਵਾਸ਼ ਦਿਵਾਉਣਗੇ ਕਿ ਇਹ ਬੜਾ ਸੰਗੀਨ ਮਸਲਾ ਹੈ ਕਿੰਨੇ ਅਰਸੇ ਵਿੱਚ ਰੀਟੇਨਿੰਗ ਵਾਲ ਬਣਾ ਦਿੱਤੀ ਜਾਵੇਗੀ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਬੇਨਤੀ ਕਰ ਚੁੱਕਾ ਹਾਂ ਕਿ ਬਹੁਤ ਛੇਤੀ ਇਸ ਰੋਡ ਨੂੰ ਬਣਾ ਦੇਵਾਂਗੇ ਪ੍ਰਾਬੇਬਲੀ ਅਪਰੈਲ ਵਿਚ ਹੀ (ਥੰਪਿੰਗ) ਲੇਕਿਨ ਮੇਰੇ ਪਾਸ 11 ਮਾਰਚ, 1987 ਦੀ ਰਿਪੋਰਟ ਹੈ, ਜੋ ਮੈਂ ਥਾਣੇ ਤੋਂ ਪ੍ਰਾਪਤ ਕੀਤੀ ਹੈ ਜਿਸ ਵਿੱਚ ਉਨ੍ਹਾਂ ਨੇ ਲਿਖਿਆ ਹੈ ਕਿ ਪਿੰਡ ਕਰੀਮਪੁਰ ਛਬਵਾਲਾ ਵਿੱਚ 1979 ਤੋਂ ਅੱਜ ਤਕ ਕੋਈ ਐਸੇ ਐਕਸੀਡੈਂਟ ਦਾ ਕੋਈ ਮੁਕੱਦਮਾ ਦਰਜ ਨਹੀਂ ਹੋਇਆ। ਇਸ ਰਿਪੋਰਟ ਦੇ ਅਧਾਰ ਤੇ ਸਟੇਟਮੈਂਟ ਦਿੱਤੀ ਗਈ ਹੈ।

(ਕ੍ਰਮ ਨੰ: 8)

ਸਰਦਾਰ ਕਿਰਪਾਲ ਸਿੰਘ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਮਿਤੀ 2 ਮਾਰਚ, 1987 ਦੀ ਰਾਤ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਜੀ ਤੇ ਚੌਂਕ ਚਾਟੀਵਿੰਡ, ਅੰਮ੍ਰਿਤਸਰ ਵਿਚ ਹੋਈ ਪੁਲੀਸ ਫਾਇਰਿੰਗ ਜਿਸ ਵਿਚ ਕਈ ਵਿਅਕਤੀ ਮਾਰੇ ਗਏ ਅਤੇ ਜ਼ਖਮੀ ਹੋਏ ਅਤੇ ਸਰਕਾਰ ਵਲੋਂ ਇਸ ਮਾਮਲੇ ਵਿਚ ਕੋਈ ਸਹਾਇਤਾ ਨਾ ਦੇਣ ਬਾਰੇ ਅਤੇ ਨਾ ਹੀ ਕੋਈ ਕਾਰਵਾਈ ਕਰਨ ਬਾਰੇ ਅਤੇ ਸਰਕਾਰ ਨੂੰ ਇਸ ਮਾਮਲੇ ਵਿਚ ਬਿਆਨ ਦੇਣ ਲਈ ਬੇਨਤੀ ਕਰਨਗੇ।

Minister of State for Home (Captain Kanwaljit Singh) : Mr. Speaker, the facts of the case are that at about 9.00 P.M., Inspector Jagat Narain Singh, C. Coy. 3rd Bn., C.R.P.F. was inspecting the sentry pickets outside Chatiwind Gate towards Mori Chowk. He was fired upon from the direction of Gurdwara Baba Deep Singh Ji by some unknown persons and a bullet hit the Inspector in his neck and he was killed at the spot. The C.R.P.F. Platoon present there returned the fire and in this exchange of firing 13 persons received injuries. 4 persons including C.R.P.F. Inspector died. Two of the other three deceased were inden-

tified as Mukhtiar Singh, son of Sucha Singh, resident of Katra Karam Singh, Amrirtsar, and Amarjit Singh son of Dhiraj Singh, resident of Amritsar. The injured were Paramjit Singh, Constable No. 1727/ Amritsar posted as Gunman to D. S. P./City, Amritsar, Jagjit Singh and Mittu son of Ajit Singh of Amritsar, Amar Nath son of Waryam Dass, Raghbir Singh son of Paul Singh, Joginder Singh son of Harnam Singh Parkash Ram son of Lubhaya Ram, all residents of Amritsar, Hazara Singh son of Ajaib Singh, resident of Magha, Joginder Singh son of Surinder Singh of Amritsar, Manjit Singh son of Sampuran Singh of Amritsar and Sat Pal son of Waryam Chand. In this connection, case F.I.R., No. 92 dated 1st March, 1987 under section 302/186 I.P.C., 3/4 T.D.A. Act, 25 of the Indian Arms Act, P.S.'C' Div., Amritsar, was registered and the same is under investigation.

2. The C.R.P.F. personnel did not deliberately aim at any religious place but had to return the fire coming from the direction of the aforesaid Gurdwara Sahib in self-defence. It is unfortunate that certain civilians died in this cross-firing. Compensation in the amount of Rs. 20,000 is paid to the next of kin of each such victim under the general policy guidelines of the State Government. As mentioned before, this unfortunate incident occurred because certain unknown terrorists fired upon the C.R.P.F. personnel which was peforming its lawful duties and this firing, killed an Inspector of that Force at the spot. The Para-Military Forces deployed on Law and Order duties in the State are under strict instructions to avoid any unjustified and excessive use of force and to ensure that no innocent persons are harmed in the process of performance of lawful duties by this Force. Any aberrations and excesses committed by such personnel are taken notice of by their superior controlling authorities for strict action against the guilty.

ਸਰਦਾਰ ਕਿਰਪਾਲ ਸਿੰਘ: ਸਰ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਗੁਰਦੁਆਰਾ ਸਾਹਿਬ ਵਲੋਂ ਗੋਲੀ ਆਈ ਅਤੇ ਗੋਲੀ ਇਨਸਪੈਕਟਰ ਦੀ ਪਿੱਠ ਅਤੇ ਰੀੜ੍ਹ ਦੀ ਹੱਡੀ ਦੇ ਗੋਲਿਆਂ ਵਿਚੋਂ ਲੰਘ ਕੇ ਗਲੇ ਦੇ ਦਰਮਿਆਨ ਵਿਚੋਂ ਗਈ। ਮੈਂ ਕਹਿੰਦਾ ਹਾਂ ਕਿ ਗੋਲੀ ਕਿਸੇ ਡਾਇਰੈਕਸ਼ਨ ਵਿਚੋਂ ਨਹੀਂ ਆ ਸਕਦੀ ਕਿਉਂਕਿ ਉਥੇ ਰੇਤ ਦੀਆਂ ਬੋਰੀਆਂ ਦਾ ਮੋਰਚਾ, ਫਿਰ ਟੈਲੀਫੂਨ ਦਾ ਬਕਸਾ ਅਤੇ ਦੋ ਪੋਲ ਹਨ ਜਿਸ ਦੇ ਵਿਚ ਉਹ ਇਨਸਪੈਕਟਰ ਖੜ੍ਹਾ ਹੈ। ਇਸ ਯੁਗ ਵਿਚ ਕੋਈ ਮਹਾਂਭਾਰਤ ਦਾ ਅਰਜੁਨ ਜੰਮ ਪਿਆ ਹੈ ਜਿਹੜਾ ਚਲਦੇ ਚੱਕਰ ਵਿਚ ਮੱਛੀ ਦੀ ਅੱਖ ਵਿਚ ਤੀਰ ਮਾਰ ਸਕਦਾ ਹੈ। ਇਹ ਗੱਲ ਅਕਲ ਤਾਂ ਮੰਨਦੀ ਨਹੀਂ। ਇਹ ਰਿਪੋਰਟ ਗਲਤ ਤੌਰ ਤੇ ਲਿਖਵਾਈ ਗਈ ਹੈ। ਮਾਰਨ ਵਾਲੇ ਅੱਤਵਾਦੀਆਂ ਤੋਂ ਨਾ ਕੋਈ ਜ਼ਖਮੀ ਹੋਇਆ ਨਾ ਮਰਿਆ (ਵਿਘਨ) (ਸ਼ੋਰ)।

ਸ਼੍ਰੀ ਸਪੀਕਰ: ਸਰਦਾਰ ਕਿਰਪਾਲ ਸਿੰਘ ਜੀ ਤੁਸੀਂ ਸਪੈਸਿਫਿਕ ਸੁਆਲ ਪੁਛੋ।

ਸਰਦਾਰ ਕਿਰਪਾਲ ਸਿੰਘ: ਸੁਆਲ ਮੇਰਾ ਹੈ, ਜਵਾਬ ਮੈਂ ਲੈਣਾ ਹੈ ਅਤੇ ਤਕਲੀਫ ਇਨ੍ਹਾਂ ਨੂੰ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਹੋ ਰਹੀ ਹੈ। ਇਹ ਕਹਿੰਦੇ ਹਨ ਕਿ ਗੋਲੀ ਗੁਰਦੁਆਰੇ ਵਲੋਂ ਚੱਲੀ। ਮੈਂ ਪੁੱਛਦਾ ਹਾਂ ਕਿ ਕੀ ਇਸ ਦੀ ਜੂਡੀਸ਼ਲ ਇਨਕੁਆਇਰੀ ਕਰਾਉਣ ਲਈ ਤਿਆਰ ਹਨ ਇਸ ਕੇਸ ਦੀ ਹਕੀਕਤ ਲਭਣ ਵਾਸਤੇ ? (ਵਿਘਨ) (ਸ਼ੋਰ)

ਮੁੱਖ ਮੰਤਰੀ: ਸਪੀਕਰ ਸਾਹਿਬ, ਉੱਤਰ ਵਿਚ ਕਿਤੇ ਨਹੀਂ ਕਿਹਾ ਗਿਆ ਕਿ ਗੋਲੀ ਗੁਰਦੁਆਰੇ ਵਿਚੋਂ ਆਈ ਸੀ। ਉਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਗੁਰਦੁਆਰਾ ਵਾਲੀ ਡਾਇਰੈਕਸ਼ਨ

[ਮੁੱਖ ਮੰਤਰੀ]

ਵਿਚੋਂ ਆਈ ਸੀ। ਮੈਂ ਕਹਿੰਦਾ ਹਾਂ ਕਿ ਜਿਸ ਪਾਸਿਉਂ ਗੋਲੀ ਆਈ ਉਸ ਪਾਸੇ ਫਾਇਰ ਕਰਨਾ ਪਿਆ। ਉਸ ਪਾਸੋਂ ਫਿਰ ਫਲੈਸ਼ ਆਉਂਦੀ ਹੈ ਅਤੇ ਫਿਰ ਦੂਸਰੀ ਵਾਰੀ ਗੋਲੀ ਚਲਾਈ ਗਈ। ਕੋਈ ਹੋਰ ਪੁਲਿਸ ਦਾ ਸਿਪਾਹੀ ਜ਼ਖਮੀ ਹੋਇਆ ਉਹ ਗੰਨਮੈਨ ਸੀ। ਇਹ ਅਨਫਾਰਚੂਨੇਟ ਵਾਕਿਆ ਹੋਇਆ ਹੈ। ਇਕ ਸਿਵਲਿਅਨ ਨੂੰ ਗੋਲੀਆਂ ਲੱਗੀਆਂ, ਦੋ ਮਰੇ ਹਨ ਬਾਕੀ ਜ਼ਖਮੀਆਂ ਦਾ ਜ਼ਿਕਰ ਵੀ ਕੀਤਾ ਹੈ ਔਰ ਇਨ੍ਹਾਂ ਵਾਸਤੇ ਜੋ ਕਰਨਾ ਚਾਹੁੰਦੇ ਹਾਂ ਉਸ ਦਾ ਜ਼ਿਕਰ ਕੀਤਾ ਹੈ। ਇਹ ਨਹੀਂ ਕਿਹਾ ਗਿਆ ਕਿ ਗੋਲੀ ਗੁਰਦੁਆਰੇ ਵਿਚੋਂ ਆਈ ਹੈ ਜਾਂ ਗੁਰਦੁਆਰੇ ਵਿਚੋਂ ਜਾਣ ਬੁਝ ਕੇ ਗੋਲੀ ਚਲਾਈ ਗਈ।

(*Serial No.* 11)

1. **Doctor Kewal Krishan**
2. **Shri Om Parkash Gupta**
3. **Shri Harnam Dass Johar**, **Advocate**

: Sir, I beg to draw the attention of the Government towards a matter of urgent public importance, namely, the death of a Head Constable and injuries to other Constables caused by bullets of terrorists in the precincts of Sri Darbar Sahib on 7th March, 1987 and the use of the Golden Temple complex for their activities by the separatists and terriorists.

Minister of State for Home (Captain Kanwaljit Singh) : Mr. Speaker, the detailed facts relating to this incident are that information was received by District Police on 7th March, 1987 at about 10.30 A.M. that Constable Davinderjit Singh of Gurdaspur District, who was on temporary duty near Golden Temple Complex was detained by some Sikh youths in Darbar Sahib Complex (Room No. 47). Mr Speaker, Davinderjit Singh is devout Sikh and he was reported to have gone to Darbar Singh in the evening on 6th March, 1987 to offer his prayers and he was in Civilian dress when he was captured by certain unknown Sikh youths. He was kept under illegal confinement in Room No. 47 of Darbar Sahib Complex and he was tortured. To get him released the police contacted the S.G.P.C. management but they showed their inability and reluctance. For further verification of the information that Constable Davinderjit Singh was being detained in Room No. 47 of Darbar Sahib Complex, six un-armed Head Constables and Constables in plain clothes and without shoes were sent inside the complex. When they reached near Room No. 47, they were fired upon by unknown persons. As a result of firing, Head Constable Sukhdev Singh No. 2695, Contable Sukhwinder Singh No. 2229, Constable Sucha Singh No. 743 and Constable Surinder Singh No. 1143 received bullet injuries. The other two policemen ran out of the complex to inform the police personnel on duty outside the complex. Thereafter, the police party conisting of 10/15 police and C.R.P.F. personnel led by S.P./D.S.P. went inside the Parkarama. They had also taken off their shoes before entering the sacred precincts. The four wounded policemen as well as Constable Davinderjit Singh were rescued and sent to the Hospital. Constable Davinderjit Singh had injuries on his person due to the torture to which he had been subjected. H.C. Sukhdev Singh who had received bullet injuries on his temple, unfortunately died in the Hospital at about 5.00 P.M. The entire police force had come out from the complex by around 1.30 P.M. on the same day after completing the requisite legal formalities. Case F.I.R. No. 65 dated 7th March, 1987 u/s 307/365/342/147/149 I.P.C. 25/54/59 Arms Act and 3/4 Terrorists and Disruptive Activities (Prevention) Act, 1985 was registered on the statement of S. I. Naranjan Singh of P. S. Kotwali, Amritsar. The Police

personnel during their stay inside the temple searched Room No. 47 and two or three nearby rooms of Darbar Sahib Complex. 87 Cartridges of ·303 Rifle and 2 empties of 9 MM Pistol were recovered from Room No. 47. The accused of this case have been indentified and Police investigation/efforts to apprehend them are continuing.

2. Mr. Speaker, I may mention here that the management of Gurdwaras is with the S.G.P.C. and it is their duty to ensure that unlawful activities are not carried on in the religious places and terrorists and undesirable persons are not allowed to take shelter in these holy shrines. The S.G.P.C. is also required to maintain the sanctity of these holy places The State Government is keen to uphold the sanctity of all the religious places in the State, including the Golden Temple and wants that this sanctity is not violated by any body. At the same time it is the bounden duty of the Government to enusre that terroirists and other anti-national elements do not use such sacred places for the commission of anti- national, illegal and criminal actions. When this happens and the management fails to check such activities, it bcomes unavoidable for the Police and the law enforcement machinery to enter such places with utmost reluctance as had to be done in the present instance. Even in such eventualities there are strict instructions of the Government that full respect is shown by the Police to the religious place by observing the necessary precautions and religious humilities so as to ensure that the sanctity of these places is maintained.

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਬਹੁਤ ਹੀ ਅਫਸੋਸਨਾਕ ਅਤੇ ਦੁਖਦਾਈ ਘਟਨਾ ਘਟੀ ਹੈ ਜੋ ਅਜਿਹੇ ਪਵਿੱਤਰ ਸਥਾਨ ਦੇ ਵਿਚ ਇਸ ਤਰ੍ਹਾਂ ਦੀ ਘਟਨਾ ਹੋਈ ਹੈ। ਇਸ ਸਬੰਧ ਵਿਚ ਮੈਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹਵਾਂਗਾ ਕਿ ਇਸ ਤੋਂ ਪਹਿਲਾਂ ਵੀ ਇਕ ਵਾਰ ਸਰਦਾਰ ਬਲਵੰਤ ਸਿੰਘ ਇਕ ਡੈਲੀਗੇਸ਼ਨ ਲੈ ਕੇ ਉਨ੍ਹਾਂ ਦੇ ਹੈਡ ਜੱਥੇਦਾਰ ਸਾਹਿਬ ਨੂੰ ਮਿਲਣ ਲਈ ਗਏ ਸਨ ਪਰ ਸਿਕਿਓਰਿਟੀ ਪੂਰੀ ਪਰੋਵਾਈਡ ਨਾ ਹੋਣ ਕਾਰਨ ਨਹੀਂ ਮਿਲ ਸਕੇ ......

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘਵਾਲਾ: (ਬੈਠੇ, ਬੈਠੇ) ਇਹ ਸਾਰੇ ਪੁਆੜੇ ਇਸ ਦੇ ਹੀ ਪਾਏ ਹੋਏ ਹਨ ...... (ਵਿਘਨ)

ਡਾਕਟਰ ਕੇਵਲ ਕ੍ਰਿਸ਼ਨ: ਇਕ ਪਵਿੱਤਰ ਸਥਾਨ ਤੇ ਅਜਿਹੀ ਘਟਨਾ ਹੋਈ ਔਰ ਉਹ ਐਕਿਊਜ਼ਡ ਅਜੇ ਤਕ ਪਕੜੇ ਨਹੀਂ ਜਾ ਸਕੇ ..... (ਵਿਘਨ)

ਸ੍ਰੀ ਸਪੀਕਰ: ਡਾਕਟਰ ਸਾਹਿਬ, ਤੁਸੀਂ ਆਪਣਾ ਕੁਐਸਚਨ ਕਰੋ।

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਅੱਗੇ ਤੋਂ ਕੋਈ ਅਜਿਹੀ ਘਟਨਾ ਪਵਿੱਤਰ ਸਥਾਨ ਤੇ ਨਾ ਵਾਪਰੇ, ਦਰਬਾਰ ਸਾਹਿਬ ਕ੍ਰਿਮਿਨਲਜ਼ ਦਾ ਅੱਡਾ ਨਾ ਬਣੇ, ਆਰਮਜ਼ ਦਾ ਅੱਡਾ ਨਾ ਬਣੇ, ਇਸ ਨੂੰ ਰੋਕਣ ਵਾਸਤੇ ਸਰਕਾਰ ਕੀ ਕਨਕਰੀਟ ਸਟੈਪਸ ਲੈ ਰਹੀ ਹੈ ਤਾਂਕਿ ਜਿਹੜੇ ਐਕਿਊਜ਼ਡ ਹਨ ਉਨ੍ਹਾਂ ਨੂੰ ਕੋਈ ਐਨਕਰੇਜਮੈਂਟ ਨਾ ਮਿਲੇ ਔਰ ਉਨ੍ਹਾਂ ਨੂੰ ਆਈਡੈਂਟੀਫਾਈ ਕਰਨ ਵਾਸਤੇ ਸਰਕਾਰ ਕੀ ਯਤਨ ਕਰ ਰਹੀ ਹੈ ?

ਰਾਜ ਮੰਤਰੀ ਗ੍ਰਹਿ: ਡਾਕਟਰ ਸਾਹਿਬ, ਕਈ ਸਵਾਲ ਪੁੱਛੇ ਗਏ ਹਨ। ਮੈਂ ਸਾਰਿਆਂ ਦਾ ਜਵਾਬ ਦੇਣ ਦਾ ਯਤਨ ਕਰਾਂਗਾ। ਸਪੀਕਰ ਸਾਹਿਬ, ਕੁਝ ਲੀਗਲ ਫਾਰਮੈਲਿਟੀਜ਼ ਹੁੰਦੀਆਂ ਹਨ, ਜਿਥੋਂ

[ਰਾਜ ਮੰਤਰੀ ਗ੍ਰਹਿ]

ਤਕ ਸਰਕਾਰ ਦਾ ਤਅੱਲੁਕ ਹੈ, ਡਾਕਟਰ ਸਾਹਿਬ ਨੇ ਇਸ ਬਾਰੇ ਪਰਿਵੈਂਟਿਵ ਐਕਟ ਦਾ ਜ਼ਿਕਰ ਕੀਤਾ ਹੈ, ਪਰ ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ ਇਸ ਵਿਚ ਸਭ ਤੋਂ ਵੱਡੀ ਜ਼ਿਮੇਵਾਰੀ ਐਸ. ਜੀ. ਪੀ. ਸੀ. ਦੀ ਆਉਂਦੀ ਹੈ। ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਤਰ੍ਹਾਂ ਨਿਭਾਉਣੀ ਚਾਹੀਦੀ ਹੈ ਤਾਂਕਿ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿਚ ਉਨ੍ਹਾਂ ਦੀ ਪਵਿੱਤਰਤਾ ਕਾਇਮ ਰਹਿ ਸਕੇ। ਜੇ ਇਸ ਦੇ ਬਾਵਜੂਦ ਵੀ ਉਥੇ ਕੋਈ ਮੰਦੀ ਘਟਨਾ ਵਾਪਰ ਜਾਂਦੀ ਹੈ ਤਾਂ ਸਰਕਾਰ ਵੇਖਦੀ ਹੈ ਲੇਕਿਨ ਇਹ ਜ਼ਿਮੇਵਾਰੀ ਪਹਿਲੀ ਅਤੇ ਆਖੀਰਲੀ ਐਸ. ਜੀ. ਪੀ. ਸੀ. ਦੀ ਬਤੌਰ ਕਾਨੂੰਨੀ ਬਣਦੀ ਹੈ ਔਰ ਜਿੱਥੋਂ ਤਕ ਜਿਹੜੇ ਅਨਸਰ ਆਈਡੈਂਟੀਫਾਈ ਹੋ ਚੁੱਕੇ ਹਨ, ਉਨ੍ਹਾਂ ਦੀ ਗ੍ਰਿਫਤਾਰੀ ਬੜੀ ਤੇਜ਼ੀ ਨਾਲ ਕੀਤੀ ਜਾਵੇਗੀ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਹ ਜਿਹੜੀ ਘਟਨਾ ਦਰਬਾਰ ਸਾਹਿਬ ਦੇ ਅੰਦਰ ਹੋਈ ਹੈ, ਇਸ ਨੇ ਸਾਰੇ ਹਿੰਦੁਸਤਾਨ ਨੂੰ ਫਿਰ ਹਿਲਾ ਦਿੱਤਾ ਹੈ। ਜਿਹੜਾ ਜਵਾਬ ਮਨਿਸਟਰ ਸਾਹਿਬ ਨੇ ਦਿਤਾ ਹੈ ਉਹ ਕੋਈ ਤਸੱਲੀਬਖਸ਼ ਨਹੀਂ ਹੈ। ਇਨ੍ਹਾਂ ਘਟਨਾਵਾਂ ਦੇ ਕਾਰਨ ਬਲਿਊਸਟਾਰ ਆਪਰੇਸ਼ਨ ਪਿਛੇ ਹੋਇਆ ਸੀ (ਵਿਘਨ)। ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਦਰਬਾਰ ਸਾਹਿਬ ਵਿਚ ਲਾਅ ਐਂਡ ਆਰਡਰ ਦੀ ਜ਼ਿਮੇਵਾਰੀ ਐਸ. ਜੀ. ਪੀ. ਸੀ. ਦੀ ਹੈ, ਪਰ ਜਿਹੜੇ ਗਲਤ ਅਨਸਰ ਉਥੇ ਕੰਮ ਕਰ ਰਹੇ ਹਨ ਉਹ ਐਸ. ਜੀ. ਪੀ. ਸੀ. ਦੇ ਨਾਲ ਮਿਲ ਕੇ ਕਰ ਰਹੇ ਹਨ ਅਤੇ ਐਕਸਟਰੀਮਿਸਟਾਂ ਨੂੰ ਸਪੋਰਟ ਕਰ ਰਹੇ ਹਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਤੁਸੀਂ ਕਾਲ ਅਟੈਨਸ਼ਨ ਵਿਚ ਪੁਆਇੰਟ ਆਫ ਆਰਡਰ ਰੇਜ਼ ਨਹੀਂ ਕਰ ਸਕਦੇ। ਗੁਪਤਾ ਸਾਹਿਬ, ਤੁਸੀਂ ਸਪੈਸਿਫਿਕ ਕੁਐਸਚਨ ਕਰੋ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਜਿਸ ਸੰਸਥਾ ਨੂੰ ਇਥੇ ਕੋਈ ਡੀਫੈਂਡ ਨਹੀਂ ਕਰ ਸਕਦਾ, ਉਸ ਬਾਰੇ ਇਨ੍ਹਾਂ ਨੂੰ ਕਹਿਣਾ ਨਹੀਂ ਚਾਹੀਦਾ।

ਸ੍ਰੀ ਸਪੀਕਰ : ਢੀਂਡਸਾ ਸਾਹਿਬ, ਤੁਸੀਂ ਬੈਠੋ। ਗੁਪਤਾ ਸਾਹਿਬ ਨੂੰ ਸਵਾਲ ਕਰਨ ਦਿਓ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਘਟਨਾ ਦੇ ਨਾਲ ਕੀ ਹੁਣ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਨਹੀਂ ਹੋਈ ਹੈ। ਉਥੇ ਅੰਦਰ ਕਤਲ ਹੋਇਆ ਹੈ ਅਤੇ ਉਥੇ ਅੰਦਰ ਕਿਸ ਤਰ੍ਹਾਂ ਦੇ ਕਰਾਈਮ ਹੋ ਰਹੇ ਹਨ। ਇਸ ਨੂੰ ਰੋਕਣ ਲਈ ਸਰਕਾਰ ਕੀ ਇੰਤਜ਼ਾਮ ਕਰ ਰਹੀ ਹੈ ? ਸਿਰਫ ਜ਼ਿਮੇਵਾਰੀ ਐਸ. ਜੀ. ਪੀ. ਸੀ. ਦੀ ਪਾ ਦੇਣੀ ਠੀਕ ਨਹੀਂ ਹੈ। ਲਾਅ ਐਂਡ ਆਰਡਰ ਨੂੰ ਕੰਟਰੋਲ ਕਰਨਾ ਪੰਜਾਬ ਸਰਕਾਰ ਦਾ ਕੰਮ ਹੈ ਅਤੇ ਸਰਕਾਰ ਦੀ ਜ਼ਿਮੇਵਾਰੀ ਹੈ ਔਰ ਇਸ ਜ਼ਿਮੇਵਾਰੀ ਤੋਂ ਸਰਕਾਰ ਨੂੰ ਭੱਜਣਾ ਨਹੀਂ ਚਾਹੀਦਾ।

ਰਾਜ ਮੰਤਰੀ : ਸਪੀਕਰ ਸਾਹਿਬ, ਗੁਪਤਾ ਸਾਹਿਬ, ਨੇ ਸਵਾਲ ਕਰਨ ਦੀ ਬਜਾਏ ਲੈਕਚਰ ਹੀ ਕਰ ਦਿੱਤਾ ਹੈ। ਲੇਕਿਨ ਫਿਰ ਵੀ ਮੈਂ ਐਨਾ ਦੱਸ ਦਿੰਦਾ ਹਾਂ ਕਿ ਬਤੌਰ ਕਾਨੂੰਨੀ ਤੌਰ ਤੇ ਪੰਜਾਬ ਸਰਕਾਰ ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ ਵਿਚ ਦਖਲ ਅੰਦਾਜ਼ੀ ਨਹੀਂ ਕਰ ਸਕਦੀ।

ਇਸ ਦੀ ਜ਼ਿੰਮੇਵਾਰੀ ਸਿੱਖ ਗੁਰਦੁਆਰਾ ਐਕਟ, 1925 ਅਧੀਨ ਐਸ. ਜੀ. ਪੀ. ਸੀ. ਦੀ ਆਉਂਦੀ ਹੈ। ਇਸ ਦੇ ਵਿਚ ਮੈਂ ਇਹ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪੁਲਿਸ ਨੇ ਦਰਬਾਰ ਸਾਹਿਬ ਦੇ ਅੰਦਰ ਜਾਣ ਤੋਂ ਪਹਿਲਾਂ ਐਸ. ਜੀ. ਪੀ. ਸੀ. ਦੇ ਨਾਲ ਸੰਪਰਕ ਕਾਇਮ ਕੀਤਾ ਅਤੇ ਗਿਆਨੀ ਰਾਮ ਸਿੰਘ ਜਿਹੜੇ ਪਰਕਰਮਾ ਦੇ ਇਨਚਾਰਜ ਸਨ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਕੰਸਟੇਬਲ ਨੂੰ ਰਿਹਾਅ ਕਰਵਾਉਣ ਪਰ ਪੁਲਿਸ ਦੇ ਕਹਿਣ ਦੇ ਬਾਵਜੂਦ ਵੀ ਗਿਆਨੀ ਰਾਮ ਸਿੰਘ ਨੇ ਕੋਈ ਐਕਸ਼ਨ ਨਹੀਂ ਲਿਆ ਤਾਂ ਪੁਲਿਸ ਅੰਦਰ ਗਈ ਸੀ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਸਪੀਕਰ ਸਾਹਿਬ, ਇਹ ਜਿਹੜੇ ਬਾਦਲ ਗਰੁੱਪ ਦੇ ਮੈਂਬਰਜ਼ ਸਾਹਮਣੇ ਬੈਠੇ ਹਨ, ਇਨ੍ਹਾਂ ਦਾ ਝਗੜਾ ਪਾਇਆ ਹੋਇਆ ਹੈ। ਇਨ੍ਹਾਂ ਨੇ ਐਸ. ਜੀ. ਪੀ. ਸੀ. ਦਾ ਆਪਣਾ ਪ੍ਰਧਾਨ ਚੁਣ ਲਿਆ ਹੈ ਜਿਸ ਕਰਕੇ ਉਥੇ ਗੜਬੜ ਹੋ ਰਹੀ ਹੈ ਅਤੇ ਟੌਹੜਾ ਸਾਹਿਬ ਦੇ ਪ੍ਰਧਾਨ ਬਣਨ ਤੋਂ ਬਾਅਦ ਉਥੋਂ ਟਾਸਕ ਫੋਰਸ ਨੂੰ ਹਟਾ ਦਿਤਾ ਹੈ। ਕੀ ਸਰਕਾਰ ਉਥੇ ਫੇਰ ਟਾਸਕ ਫੋਰਸ ਲਗਾਵੇਗੀ ਅਤੇ ਜਿਹੜੇ ਮੁਜਰਮ ਆਈਡੈਂਟੀਫਾਈ ਹੋ ਚੁੱਕੇ ਹਨ ਕੀ ਉਨ੍ਹਾਂ ਦੇ ਖਿਲਾਫ ਸਰਕਾਰ ਕੋਈ ਕਾਰਵਾਈ ਕਰ ਰਹੀ ਹੈ? ਅਗਰ ਐਸ. ਜੀ. ਪੀ. ਸੀ. ਆਪਣੀ ਜ਼ਿਮਵਾਰੀ ਨਹੀਂ ਨਿਭਾਉਂਦੀ ਤਾਂ ਕੀ ਸਰਕਾਰ ਉਨ੍ਹਾਂ ਦੇ ਖਿਲਾਫ ਐਕਸ਼ਨ ਲਵੇਗੀ ?

ਸ਼੍ਰੀ ਸਪੀਕਰ: ਤੁਸੀਂ ਇਕ ਸਵਾਲ ਪੁੱਛ ਸਕਦੇ ਹੋ ਔਰ ਮੰਤਰੀ ਸਾਹਿਬ ਇਕ ਸਵਾਲ ਦਾ ਜਵਾਬ ਵੀ ਦੇ ਸਕਦੇ ਹਨ।

ਰਾਜ ਮੰਤਰੀ: ਸਪੀਕਰ ਸਾਹਿਬ, ਜਿਥੋਂ ਤਕ ਦਰਬਾਰ ਸਾਹਿਬ ਵਿਚ ਟਾਸਕ ਫੋਰਸ ਲਿਆਉਣ ਦਾ ਸਵਾਲ ਹੈ ਇਸ ਸਵਾਲ ਦਾ ਜਵਾਬ ਫਿਰ ਮੈਂ ਕਹਾਂਗਾ ਕਿ ਸ਼੍ਰੋਮਣੀ ਪ੍ਰਬੰਧਕ ਕਮੇਟੀ ਵਾਲੇ ਦੇ ਸਕਦੇ ਹਨ ਜਾਂ ਮੇਰੇ ਇਥੇ ਬੈਠੇ ਸਾਥੀ ਦੇ ਸਕਦੇ ਹਨ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨ ਮੈਂ ਦਿੱਤੀ ਸੀ ** ** **

ਸ਼੍ਰੀ ਸਪੀਕਰ: ਜੋ ਪ੍ਰੋਫੈਸਰ ਦਰਬਾਰੀ ਲਾਲ ਬੋਲ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਜਿਹੜੀ ਕੱਲ੍ਹ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੋਈ ਸੀ, ਉਸ ਦੀ ਰਿਪੋਰਟ ਮੈਂ ਪੜ੍ਹ ਦਿੰਦਾ ਹਾਂ।

FIRST REPORT OF THE BUSINESS ADVISORY COMMITTEE

Mr. Speaker : I have to present to the House the First Report of the Business Advisory Committee which reads as under :—

After some discussion, the Committee recommended that the following business be transacted at the sittings of the Vidhan Sabha from the 12th March, 1987 to 20th March, 1987 :—

Thursday, the 12th March (9.00 A.M.)	(i) Laying of the copy of the Governor's Address by the Speaker on the Table of the House under rule 18 of the Rules of Procedure and Conduct of Business in the Punjab Vidhan Sabha (Punjab Legislative Assembly).

**Not recorded as ordered by the Chair.

[Mr. Speaker]

	(ii) Laying of papers, Reports and Ordinances etc.
	(iii) Presentation of the Supplementary Estimates, 1986-87.
	(iv) Presentation of Report of the— Estimates Committee on the Supplementary Estimates, 1986-87.
	(v) Non-official Business.
Friday, the 13th March (9.00 A.M.)	Discussion on the Governor's Address.
Saturday, the 14th March	Off day
Sunday, the 15th March	Holiday
Monday, the 16th March	Holiday
Tuesday, the 17th March (2.00 P.M.)	Resumption of discussion on the Governor's Address.
Wednesday, the 18th March (i) 9.00 A.M. (Morning Sitting)	Resumption of discussion on the Governor's Address and Voting on the Motion of Thanks on the Governor's Address.
(ii) 2.30 P.M. (Afternoon Sitting)	(i) Discussion and voting on Demands for Grants in respect of Supplementary Estimates, 1986-87.
	(ii) Appropriation Bill in respect of the Supplementary Estimates 1986-87.
Thursday, the 19th March (9.00 A.M.)	Non-official Business.
Friday, the 20th March (9.00 A.M.)	Presentation of Budget

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

Minister of State for Parliamentary Affairs (Sardar Baldev Singh Maan) : Sir , I beg to move—

That this House agrees with the recommendations contained in the First Report of the Business Advisory Committee.

Mr. Speaker : Motion moved—

That this House agrees with the recommendations contained in the First Report of the Business Advisory Committee.

Mr. Speaker : Question is—

That this House agrees with the recomendations contained in the First Report of the Business Advisory Committee.

The motion was carried.

PAPERS LAID/RE-LAID ON THE TABLE

Minister of State for Parliamentary Affairs (Sardar Baldev Singh Maan) : Sir, I beg to lay/relay papers on the Table, which have been listed on the Agenda for today from serial No. 1 to 16.

1. The Punjab Package Deal properties (Disposal) First Amendment Rules, 1986, as required under section 18(3) of the Punjab Package Deal Properties (Disposal) Act, 1976.

2. The Punjab Public Service Commission) Limitation of Functions) (First Amendment) Regulations, 1986, as required under Article 320(5) of the Constitution of India.

3. The Punjab State Legislature Members (Pension and Medical Facilities Regulation)(Second Amendment) Rules, 1986 ;

And

(ii) The Punjab State Legislature Members (Pension and Medical Facilities Regulation) (Third Amendment) Rules. 1986. as required under section 5(3) of the Punjab State Legislature Members (Pension and Medical Facilities Regulation) Act, 1977.

4. (i) The Salary and Allowances of Leader of Opposition in Legislative Assembly (First Amendment) Rules, 1986 ;

and

(ii) the Salary and Allowances of Leader of Opposition in Legislative Assembly (Second Amendment) Rules. 1986.

as required under section 10(3) of the Salary and Allowances of Leader of Opposition in Legislative Assembly Act, 1978.

5. The 5th and 6th Annual Reports of the Punjab State Electronics Development and Production Corporation Limited, for the years 1980-81 and 1981-82, as required under section 619-A of the Companies Act, 1956.

6. The 19th Annual Report of the Punjab State Warehousing Corporation for the year, 1985-86, as required under section 31(11) of the Warehousing Corporation Act, 1962.

7. The 16th Annual Report and Accounts of the Punjab Agro-Industries Corporation Limited for the year, 1981-82, as required under section 619-A of the Companies Act, 1956.

8. The Annual Report and Accounts of the Punjab State Board for the Prevention and Control of Water Pollution, Patiala, for the year, 1984-85, as required under section 39(2) of the Water (Prevention and Control of Pollution) Act, 1974.

9. The 16th Annual Report of the Punjab Poultry Development Corporation Limited for the year, 1979-80, as required under section 619-A of the Companies Act, 1956.

10. The 12th Annual Report of the Punjab State Tubewell Corporation Limited, for the year. 1982-83. alongwith Statement explaining the reasons for delay in laying the said Report on the Table of the House, as required under section 619-A of the Companies Act, 1956.

11. The Punjab Public Service Commission (Limitation of Functions) (Second Amendment) Regulations, 1986 as required under Article 320(5) of the Constitution of India.

12. The Annual Statement of Accounts of the Punjab State Electricity Board for the year, 1985-86. as required under section 69(5)(a) of the Electricity (Supply) Act, 1948.

13. The 10th Annual Report and Accounts of the Punjab Film and News Corporation Limited, for the year, 1982-83, as required under section 619-A of the Companies Act 1956.

14. The Annual Financial Statement incorporating 1985-86 (Actuals), 1986-87 (Budget/Revised Estimates) and 1987-88 (Budget Estimates) of the Punjab State Electricity Board, as required under section 61(3) of the Electricity (Supply) Act, 1948.

[Minister of State for Parliamentary Affairs]

15. The Balance Sheets of the Punjab School Education Board for the years from 1981-82 to 1984-85, as required under section 19(5) of the Punjab School Education Board Act, 1969.

16. The Punjab Ex-Servicemen Corporation (General) First Amendment Rules, 1986, as required under section 32(3) of the Punjab Ex-Servicemen Corporation Act, 1978.

FINANCIAL BUSINESS

(i) Presentation of Supplementary Demands for Grants for Expenditure of the Government of Punjab for the year 1986-87.

Finance Minister (Sardar Balwant Singh) : Sir, I beg to present the Supplementary Demands for Grants for Expenditure of the Government of Punjab for the year, 1986-87.

(ii) Presentation of Report of the Committee on Estimates on the Supplementary Demands for Grants for Expenditure of the Government of Punjab for the year, 1986-87.

The Chairman, Committee on Estimates (Giani Arjan Singh Litt) : Sir, I beg to present the Report of the Committee on Estimates on the Supplementary Demands for Grants for Expenditure of the Government of Punjab for the year, 1986-87.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਖ਼ੁਸ਼ੀ ਪਰਗਟ ਕਰਦਾ ਹਾਂ (ਥੰਪਿੰਗ)

ਸ਼੍ਰੀ ਸਪੀਕਰ : ਸਭ ਤੋਂ ਪਹਿਲਾਂ ਡਾਕਟਰ ਸਾਹਿਬ ਤੁਸੀਂ ਰੈਜ਼ੋਲਿਊਸ਼ਨ ਮੂਵ ਕਰੋ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਹੈ, ਉਹ ਸਾਰਿਆਂ ਨੂੰ ਸਵੀਕਾਰ ਹੋਵੇਗਾ ।

RESOLUTION RE, CONDEMNATION OF TERRORISM

Doctor Kewal Krishan : Sir, I beg to move—

"This House solemnly resolves to mobilise moral, constitutional and political sources at its disposal to re-dedicate the State and the people of Punjab to the unity, integrity and soliderity of India and our undying faith in communal harmony, . It places on record its utmost condemnation of terrorism in all its forms."

Mr. Speaker : Motion moved—

"This House solemnly resolves to mobilise moral, constitutional and political sources at its disposal to re-dedicate the State and the people of Punjab to the unity, integrity and solidarity of India and our undying faith in communal harmony. It places on record its utmost condemnation of terrorism in all its forms."

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਇਕ ਛੋਟੀ ਜਿਹੀ ਅਮੈਂਡਮੈਂਟ ਰੱਖ ਦੇਣਾ ਚਾਹੁੰਦਾ ਹਾਂ ।

ਸ੍ਰੀ ਸਪੀਕਰ: ਇਹ ਵੀ ਦੇ ਦੇਣਾ। ਹਾਲੇ ਮੈਂ ਕੁਐਸਚਨ ਪੁਟ ਕਰ ਰਿਹਾ ਹਾਂ। ਹਾਲੇ ਡਿਸਕਸ਼ਨ ਵੀ ਨਹੀਂ ਹੋਈ। ਇਸ ਲਈ ਅਮੈਂਡਮੈਂਟ ਦੀ ਇਹ ਕੋਈ ਸਟੇਜ ਨਹੀਂ ਹੈ।

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ): ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਐਸਾ ਹੈ, ਜਿਸ ਦੇ ਲਈ ਮੈਂ ਮਹਿਸੂਸ ਕਰਦਾ ਹਾਂ ਕਿ ਅੱਜ ਦੇ ਹਾਲਾਤ ਵਿੱਚ ਵੀ ਸਨਮਾਨਯੋਗ ਮੈਂਬਰ ਜਿਹੜਾ ਕਿ ਸਾਰੇ ਪੰਜਾਬ ਨੂੰ ਰਿਪਰੈਜ਼ੈਂਟ ਕਰਦੇ ਹਨ, ਉਸ ਦੀ ਕੋਈ ਵੀ ਮੁਖਾਲਫਤ ਨਹੀਂ ਕਰੇਗਾ ਔਰ ਇਸ ਦੇ ਜਜ਼ਬਾਤ ਜੋ ਕੁਝ ਹਨ, ਉਹ ਸਾਰੇ ਹਿੰਦੁਸਤਾਨ ਦੇ ਜਜ਼ਬਾਤ ਹਨ, ਉਨ੍ਹਾਂ ਜਜ਼ਬਾਤਾਂ ਦੀ ਪੁਸ਼ਟੀ ਕਰਦੇ ਹੋਏ ਅਸੀਂ ਇਥੋਂ ਰਿਜ਼ੌਲਵ ਕਰਕੇ ਜਾਣਾ ਹੈ, ਫੈਸਲਾ ਕਰਕੇ ਜਾਣਾ ਹੈ ਕਿ ਅਸੀਂ ਤਿੰਨ ਚੀਜ਼ਾਂ ਕਰਾਂਗੇ। ਸਭ ਤੋਂ ਪਹਿਲੀ ਚੀਜ਼ ਅਸੀਂ ਇਹ ਕਰ ਰਹੇ ਹਾਂ ਕਿ ਇਹ ਜਿਹੜਾ ਟੈਰੋਰਿਜ਼ਮ ਹੈ, ਜਿਸ ਨੇ ਕਿ ਪੰਜਾਬ ਨੂੰ ਖਾ ਲਿਆ ਹੈ, ਲਹੂਲੁਹਾਨ ਕਰ ਦਿੱਤਾ ਹੈ, ਜ਼ਖਮੀ ਕਰ ਦਿੱਤਾ ਹੈ, ਜਿਸ ਟੈਰੋਰਿਜ਼ਮ ਲਈ ਇਕੱਲਾ ਪੰਜਾਬ ਹੀ ਨਹੀਂ, ਬਲਕਿ ਸਾਰਾ ਹਿੰਦੁਸਤਾਨ ਚਿੰਤਤ ਹੈ ਔਰ ਇਸ ਦੀ ਪਰੇਸ਼ਾਨੀ ਵਿਦੇਸ਼ਾਂ ਵਿਚ ਵੀ ਹੈ, ਉਸ ਟੈਰੋਰਿਜ਼ਮ ਨੂੰ, ਵਾਇਲੈਂਸ ਨੂੰ, ਅਤਿਵਾਦ ਨੂੰ ਅਸੀਂ ਸਾਰੇ ਮਿਲ ਕੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਕੰਡੈਮ ਕਰਦੇ ਹਾਂ, ਨਿਖੇਧੀ ਕਰਦੇ ਹਾਂ। ਇਹ ਇਸ ਦਾ ਪਹਿਲਾ ਪਾਰਟ ਹੈ।

ਦੂਸਰਾ ਪਾਰਟ ਇਸ ਦਾ ਇਹ ਹੈ ਕਿ our undying faith in communal harmony ਸਾਡਾ ਆਪਸੀ ਭਾਈਚਾਰਾ ਜਿਹੜਾ ਸਦੀਆਂ ਦੀ ਵਿਰਾਸਤ ਹੈ, ਆਪਸੀ ਪਿਆਰ ਜਿਹੜਾ ਸਾਡਾ ਹੈ, ਉਸ ਦੇ ਵਿਚ ਅਸੀਂ ਪੱਕਾ ਵਿਸ਼ਵਾਸ ਪ੍ਰਗਟ ਕਰਦੇ ਹਾਂ। ਇਕ ਦੂਸਰੇ ਲਈ ਨਫਰਤ ਸਾਡੇ ਦਿਲਾਂ ਵਿਚ ਕਦੇ ਸੁਪਨੇ ਵਿਚ ਵੀ ਪੈਦਾ ਨਹੀਂ ਹੋਵੇਗੀ। ਜਿਹੜੇ ਲੋਕ ਅਸੀਂ ਕੁਝ ਕਰ ਰਹੇ ਹਾਂ ਉਸ ਦੇ ਕਰਨ ਵਿਚ ਅਸੀਂ ਪੁਰਜ਼ੋਰ ਮੁਖਾਲਫਤ ਕਰਦੇ ਹਾਂ। ਬੇਸ਼ਿਕ ਗੱਲ ਜਿਹੜੀ ਇਸ ਵਿੱਚ ਕਹੀ ਗਈ ਹੈ ਕਿ ਇਸ ਨੂੰ ਅਸੀਂ ਮੌਬਿਲਾਈਜ਼ ਕਰਾਂਗੇ। ਇਸ ਪੰਜਾਬ ਵਿੱਚ ਮੌਰਲ, ਇਖਲਾਕੀ ਸਪੋਰਟ ਇਸ ਗੱਲ ਲਈ ਹੈ ਕਿ ਹਿੰਦੁਸਤਾਨ, ਭਾਰਤਵਰਸ਼ ਸਾਡਾ ਦੇਸ਼ ਹੈ, ਔਰ ਅਸੀਂ ਇਸ ਦੇਸ਼ ਦੇ ਵਾਸੀ ਹਾਂ। ਅਸੀਂ ਬੇਸ਼ਕ ਪੰਜਾਬੀ ਹੋਈਏ, ਗੁਜਰਾਤੀ ਹੋਈਏ, ਕੁਝ ਵੀ ਹੋਈਏ, ਕਿਸੇ ਵੀ ਸੂਬੇ ਵਿਚ ਰਹਿਣ ਵਾਲੇ ਹੋਈਏ, ਕਿਸੇ ਵੀ ਧਰਮ ਨੂੰ ਅਪਣਾਈਏ, ਭਾਸ਼ਾ ਮੁਤਾਬਿਕ ਚਲੀਏ, ਪਰ ਅਸੀਂ ਮੁੱਖ ਤੌਰ ਤੇ ਹਿੰਦੁਸਤਾਨੀ ਹਾਂ, ਭਾਰਤੀ ਹਾਂ। ਇਹ ਜਿਹੜੀ ਬੜੀ ਮੁਸ਼ਕਲ ਨਾਲ ਆਜ਼ਾਦੀ ਲਈ ਹੈ, ਹਿਦੁਸਤਾਨ ਨੂੰ ਆਪਣੇ ਕੋਲ ਲਿਆ ਹੈ ਉਸ ਦੀ ਏਕਤਾ, ਅਖੰਡਤਾ ਵਾਸਤੇ ਅਸੀਂ ਵਚਨ-ਬੱਧ ਰਹਾਂਗੇ। ਇਸ ਵਿਚ ਇਕ ਲਫਜ਼ ਰੀ-ਡੈਡੀਕੇਸ਼ਨ ਇਸ ਲਈ ਪਾਇਆ ਗਿਆ ਹੈ ਕਿ ਸ਼ਾਇਦ ਸਾਡੇ ਸਾਰਿਆਂ ਤੋਂ ਪਹਿਲਾਂ ਕੁਝ ਵਕਤ ਵਿੱਚ ਇਹੋ ਜਿਹੀਆਂ ਉਣਤਾਈਆਂ ਰਹਿ ਗਈਆਂ ਹਨ, ਜਿਨ੍ਹਾਂ ਲਈ ਅਸੀਂ ਚਾਹੁੰਦੇ ਹਾਂ ਕਿ ਇਸ ਵਿੱਚ ਸਾਨੂੰ ਆਪਣੇ ਆਪ ਨੂੰ ਦੋਬਾਰਾ ਸਮਰਪਿਤ ਕਰਨਾ ਹੈ। ਮੈਂ, ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਕਿ It places on record its utmost condemnation of terrorism in all its forms ਇਸ ਭਾਗ ਨੂੰ ਲੈਣਾ ਚਾਹੁੰਦਾ ਹਾਂ ਔਰ ਮੈਂ ਮਹਿਸੂਸ ਕਰਦਾ ਹਾਂ ਕਿ ਟੈਰੋਰਿਜ਼ਮ ਦੇ ਨਾਂ ਨਾਲ ਅਤੇ ਅੱਤਵਾਦ ਦੇ ਨਾਂ ਨਾਲ ਜੁੜਿਆ ਹੋਇਆ ਹੈ ਵਾਇਲੈਂਸ। ਵਾਇਲੈਂਸ, ਬੇ-ਗੁਨਾਹਾਂ ਦਾ ਕਤਲ, ਉਨ੍ਹਾਂ ਦਾ ਖੂਨ ਜਿਸ ਨਾਲ ਯਤੀਮ ਬੱਚੇ ਔਰ ਸੁਹਾਗਣ ਭੈਣਾਂ ਦਾ ਸੁਹਾਗ ਉਜੜ ਜਾਣਾ ਹੈ। ਇਸ ਤਰ੍ਹਾਂ ਦੇ ਗੁਨਾਹ ਲਗਾਤਾਰ ਇਸ ਪੰਜਾਬ ਵਿਚ ਕੁਝ ਸਾਲਾਂ ਤੋਂ ਹੋ ਰਹੇ ਹਨ। ਇਸ ਵਿਚ ਮਤ-ਭੇਦ ਹੋ ਸਕਦੇ ਹਨ। ਜੇ ਮੈਂ ਕਹਾਂ ਕਿ ਇਹ ਉਸ ਵੇਲੇ ਸ਼ੁਰੂ ਹੋਇਆ ਜਦੋਂ 1978 ਵਿਚ ਬਾਦਲ ਸਾਹਿਬ ਦੀ ਮਨਿਸਟਰੀ ਸੀ ਔਰ ਨਿਰੰਕਾਰੀਆਂ ਦੇ ਖਿਲਾਫ ਇੱਕ ਜਜ਼ਬਾ ਪੈਦਾ ਹੋਣ ਨਾਲ ਉਹ ਇਨਸੀਡੈਂਟ ਹੋਇਆ ਵਿਸਾਖੀ ਵਾਲੇ ਦਿਨ 1978 ਵਿਚ ਸ਼ਾਇਦ

[ਡਾਕਟਰ ਕੇਵਲ ਕ੍ਰਿਸ਼ਨ]
ਮੇਰੇ ਨਾਲ ਬਾਕੀ ਸਾਥੀ ਇਤਫਾਕ ਕਰਨ ਜਾਂ ਨਾ ਕਰਨ ਲੇਕਿਨ ਇਹ ਸਚਾਈ ਹੈ ਕਿ ਧਰਮ ਦੇ ਨਾਂ ਤੇ ਟੈਰੋਰਿਜ਼ਮ, ਅੱਤਵਾਦ ਔਰ ਨਫਰਤ ਜ਼ਰੂਰ ਸ਼ੁਰੂ ਹੋਈ। ਇਹ ਇੱਕ ਪੱਖ ਹੈ। ਦੂਸਰਾ ਪੱਖ ਇਹ ਹੈ ਕਿ ਧਰਮ ਦੇ ਨਾਂ ਤੇ ਪਾਕਿਸਤਾਨ ਬਣਿਆ ਸੀ।

ਗਿਆਨੀ ਅਰਜਨ ਸਿੰਘ ਲਿੱਟ: ਆਨ ਏ ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇੱਕ ਬੀਬੀ ਬੜਕਾਂ ਦੇਵੀ ਸੀ, ਉਹ ਬੜਕਾਂ ਬਹੁਤ ਮਾਰਿਆ ਕਰਦੀ ਸੀ (ਵਿਘਨ) ਇਸੀ ਤਰ੍ਹਾਂ ਹੀ ਇਹ ਬੜਕਾਂ ਮਾਰਦੇ ਹਨ (ਵਿਘਨ)

ਡਾਕਟਰ ਕੇਵਲ ਕ੍ਰਿਸ਼ਨ: ਗਲ ਇਹ ਹੈ ਕਿ ਜੇ ਇਸ ਸਚਾਈ ਨੂੰ ਸਚਾਈ ਨਹੀਂ ਸਮਝਾਂਗੇ ਔਰ ਸਚਾਈ ਤੇ ਪੜਦਾ ਪਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਸ਼ਾਇਦ ਅਸੀਂ ਕਿਸੇ ਹੋਰ ਦੁਨੀਆਂ ਵਿਚ ਚਲੇ ਜਾਵਾਂਗੇ ਜੋ ਕਿ ਕਈ ਸਾਲਾਂ ਤੋਂ ਖੂਨ ਵਿਚ ਲੱਥ-ਪੱਥ ਹੈ। ਸਚਾਈ ਨੂੰ ਸਾਨੂੰ ਹੌਂਸਲੇ ਨਾਲ ਸੁਣਨਾ ਚਾਹੀਦਾ ਹੈ। ਧਰਮ ਬਹੁਤ ਪਵਿੱਤਰ ਚੀਜ਼ ਹੈ। ਮੈਂ ਸਮਝਦਾ ਹਾਂ ਕਿ ਇਹ ਅੰਮ੍ਰਿਤ ਹੈ। ਜਿਸ ਵੇਲੇ ਧਰਮ ਦੇ ਨਾਂ ਤੇ ਨਫਰਤ ਫੈਲਾਈ ਜਾਏ ਤਾਂ ਇਹ ਧਰਮ ਚੰਗਾ ਨਹੀਂ ਰਹਿੰਦਾ। ਜਿਸ ਵੇਲੇ ਧਰਮ ਦੇ ਨਾਂ ਤੇ ਲੋਕਾਂ ਵਿਚ ਨਫਰਤ ਫੈਲਾਈ ਜਾਏ ਉਸ ਵੇਲੇ ਇਹ ਧਰਮ ਨਹੀਂ ਬਲਕਿ ਜ਼ਹਿਰ ਬਣ ਜਾਂਦਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਇਸ ਹਿੰਦੁਸਤਾਨ ਵਿਚ ਹੋ ਚੁੱਕੀਆਂ ਹਨ। ਪਾਕਿਸਤਾਨ ਦੀ ਬੁਨਿਆਦ ਚਾਹੇ ਉਸ ਵੇਲੇ ਅੰਗਰੇਜ਼ ਦੀ ਸ਼ਰਾਰਤ ਸੀ ਪਰ ਉਸ ਨਾਲ ਪਿਆਰ ਨਹੀਂ ਘਟਿਆ। ਧਰਮ ਦੇ ਨਾਂ ਤੇ ਮੁਸਲਮਾਨ ਭਰਾਵਾਂ ਨੂੰ ਅਲੱਗ ਦੇਸ਼ ਬਣਾਉਣ ਵਾਸਤੇ ਕਿਹਾ ਗਿਆ। ਉਸ ਦਾ ਨਤੀਜਾ ਸਾਡੇ ਸਾਹਮਣੇ ਹੈ। ਨਤੀਜਾ ਇਹ ਹੈ ਕਿ ਧਰਮ ਦੇ ਨਾਂ ਤੇ ਐਕਸਪਲਾਇਟ ਕੀਤਾ ਗਿਆ ਔਰ ਉਸ ਨਾਲ ਹਿੰਦੁਸਤਾਨ ਦੇ ਟੁਕੜੇ ਹੋਏ। ਪਾਕਿਸਤਾਨ ਧਰਮ ਦੇ ਨਾਂ ਤੇ ਵਖਰਾ ਦੇਸ਼ ਬਣ ਗਿਆ। ਜੇਕਰ ਕੋਈ ਹੋਰ ਧਰਮ ਦੇ ਨਾਂ ਤੇ ਬਣਿਆ ਤਾਂ ਗਲਤ ਹੋਏਗਾ (ਵਿਘਨ)

ਰਾਜਾ ਨਰਿੰਦਰ ਸਿੰਘ: ਆਨ ਏ ਪੁਆਇੰਟ ਆਫ ਆਰਡਰ। (ਵਿਘਨ)

ਸ੍ਰੀ ਸਪੀਕਰ: ਮੈਂ ਬੇਨਤੀ ਕਰਾਂਗਾ ਕਿ ਅੱਜ ਜਿਹੜਾ ਮਤਾ ਲਿਆਂਦਾ ਗਿਆ ਹੈ ਇਹ ਸਾਰੇ ਹਾਊਸ ਦੀ ਰਾਏ ਨਾਲ ਲਿਆਂਦਾ ਗਿਆ ਹੈ। ਸਾਰੀਆਂ ਪਾਰਟੀਆਂ ਦੀ ਸਹਿਮਤੀ ਨਾਲ ਲਿਆਂਦਾ ਗਿਆ ਹੈ। ਇਸ ਲਈ ਥੋੜ੍ਹੀ ਜਿਹੀ ਸੈਂਕਟਿਟੀ ਰਖਣੀ ਚਾਹੀਦੀ ਹੈ। ਰਾਜਾ ਸਾਹਿਬ, ਤੁਸੀਂ ਆਪਣਾ ਪੁਆਇੰਟ ਆਫ ਆਰਡਰ ਦੱਸੋ।

ਰਾਜਾ ਨਰਿੰਦਰ ਸਿੰਘ: ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਦੋਂ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦੀ ਅਸੈਸੀਨੇਸ਼ਨ ਹੋਈ ਸੀ ਕੀ ਉਸ ਵੇਲੇ ਡਾਕਟਰ ਕੇਵਲ ਕ੍ਰਿਸ਼ਨ ਆਰ. ਐਸ. ਐਸ. ਵਿਚ ਨਹੀਂ ਸਨ? ਇਨ੍ਹਾਂ ਨੂੰ ਉਸ ਵੇਲੇ ਕਿਉਂ ਨਹੀਂ ਪਕੜਿਆ ਗਿਆ?

ਡਾਕਟਰ ਕੇਵਲ ਕ੍ਰਿਸ਼ਨ: ਮੈਂ ਜ਼ੋਰ ਨਾਲ ਕਹਾਂਗਾ ਕਿ ਧਰਮ ਦੇ ਪਾਗਲਪਨ ਨੇ ਹਿੰਦੁਸਤਾਨ ਦੇ ਟੁਕੜੇ ਕਰਾਏ। ਰਾਸ਼ਟਰ ਪਿਤਾ ਦੇ ਕਤਲ ਬਾਰੇ ਜੋ ਕਿਹਾ ਗਿਆ ਹੈ ਇਸ ਗਲ ਤੇ ਮੈਂ ਕਹਾਂਗਾ ਕਿ ਅੱਜ ਵੀ ਪੰਜਾਬ ਦੇ ਲੱਖਾਂ ਲੋਕ ਇਹ ਪੁਕਾਰ ਪੁਕਾਰ ਕੇ ਕਹਿੰਦੇ ਹਨ ਕਿ ਪੰਜਾਬੀਓ ਧਰਮ ਦੇ ਨਾਂ ਤੇ ਵੰਡੀਆਂ ਨਾ ਪਾਓ, ਨਫਰਤ ਨਾ ਫੈਲਾਓ, ਧਰਮ ਨੂੰ ਧਰਮ ਸਮਝ ਕੇ ਆਪਣੇ ਆਪ ਦਾ ਸੁਧਾਰ ਕਰੋ, ਨੇਕ ਬਣੋ, ਅਛੇ ਬਣੋ। ਦੂਸਰੀ ਗਲ ਮੈਂ ਕਹਾਂਗਾ ਕਿ ਮੁਲਕ ਦਾ ਬਟਵਾਰਾ

ਹੋਣ ਤੋਂ ਬਾਦ ਪਾਕਿਸਤਾਨ ਵਿਚ ਬੰਗਲਾ ਦੇਸ਼ ਬਣਿਆ। ਇਹ ਤਾਂ ਹੋਇਆ ਕਿਉਂਕਿ ਬੰਗਲਾ ਦੇਸ਼ ਧਰਮ ਦੇ ਨਾਂ ਤੇ ਬਣਿਆ ਸੀ। ਉਹ ਆਪਣੇ ਆਪ ਨੂੰ ਧਰਮ ਦੇ ਨਾਂ ਤੇ ਇਕੱਠਾ ਨਹੀਂ ਰਖ ਸਕੇ ਅੱਜ ਵੀ ਉਹ ਤਾਕਤਾਂ ਚਾਹੇ ਪਾਕਿਸਤਾਨ ਦੇ ਪਿਛੇ ਕੋਈ ਹੋਰ ਤਾਕਤ ਹੋਵੇ ਚਾਹੇ ਅਮਰੀਕਾ ਇਸ ਨੂੰ ਮੱਦਦ ਕਰਦਾ ਹੋਵੇ! ਇਹ ਤਾਕਤਾਂ ਚਾਹੁੰਦੀਆਂ ਹਨ ਕਿ ਹਿੰਦੁਸਤਾਨ ਮਜ਼ਬੂਤ ਨਾ ਹੋਵੇ ਔਰ ਇਸ ਦੇ ਟੁਕੜੇ ਹੋ ਜਾਣ ਔਰ ਇਹ ਹਿੱਸਾ ਇਸ ਮੁਲਕ ਦਾ ਅੱਡ ਹੋ ਜਾਏ।

ਖਾਸ ਕਰਕੇ ਪੰਜਾਬ ਦਾ ਖੁਸ਼ਹਾਲ ਇਲਾਕਾ ਦੇਸ਼ ਨਾਲੋਂ ਕੱਟਿਆ ਜਾਵੇ। ਇਹ ਅੱਤਵਾਦ ਦੀ ਸਾਜਿਸ਼ ਸੀ। ਬਦਲਾ ਲੈਣ ਦੀ ਭਾਵਨਾ ਨਾਲ ਵੀ ਅੱਤਵਾਦ ਫੈਲਦਾ ਹੈ। ਕਿਸੇ ਨੂੰ ਕੋਈ ਨੁਕਸਾਨ ਪਹੁੰਚਦਾ ਹੈ ਤਾਂ ਫਿਰ ਉਹ ਬਦਲਾ ਲੈਣ ਲਈ ਇਸ ਤਰ੍ਹਾਂ ਕਰਦਾ ਹੈ। ਰੁਪਏ ਦੇ ਲਾਲਚ ਵਿਚ ਵੀ ਇਸ ਤਰ੍ਹਾਂ ਕਰਦਾ ਹੈ। ਕਿਸੇ ਨੂੰ ਮਾਰ ਕੇ 1 ਲੱਖ ਰੁਪਿਆ ਲੈ ਲੈਣਾ, ਇਹ ਵੀ ਇਸ ਤਰ੍ਹਾਂ ਕਰਵਾਉਂਦਾ ਹੈ। ਦਬਾਅ ਹੇਠ ਆ ਕੇ ਵੀ ਇਸ ਤਰ੍ਹਾਂ ਹੁੰਦਾ ਹੈ। ਮੈਨੂੰ ਇਹ ਕਹਿਣ ਵਿਚ ਝਿਜਕ ਨਹੀਂ ਕਿ ਅੱਤਵਾਦ ਕਿਸੇ ਵੀ ਫਾਰਮ ਵਿਚ ਹੋਵੇ, ਮਾਬ ਵਾਇਲੈਂਸ ਹੋਵੇ, ਮੈਂ ਜ਼ੋਰਦਾਰ ਸ਼ਬਦਾਂ ਵਿਚ ਦਿੱਲੀ ਰਾਇਟਸ ਜਿਹੜੇ ਹੋਏ ਉਸ ਦੀ ਕੰਡੈਮਨੇਸ਼ਨ ਕਰਦਾ ਹਾਂ। ਇਹ ਸਾਡੇ ਹਿੰਦੁਸਤਾਨ ਦੇ ਉਤੇ ਇਕ ਐਸਾ ਸਲੱਗ ਹੈ, ਇਕ ਐਸਾ ਕਲੰਕ ਹੈ. ਲੇਕਿਨ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਵੀ ਉਸ ਨਾਲੋਂ ਜ਼ਿਆਦਾ ਕਲੰਕ ਹੈ ਜਿਸ ਨੂੰ ਪੰਜਾਬੀ ਰੋ ਰੋ ਕੇ ਨਹੀਂ ਮਿਟਾ ਸਕਦੇ। ਮਿਸ਼ਰਾ ਰਿਪੋਰਟ ਪੇਸ਼ ਹੋਈ ਹੈ ਅਤੇ ਉਸ ਦੇ ਵਾਸਤੇ ਦੋ ਕਮੇਟੀਆਂ ਬਣਾਉਣ ਵਾਸਤੇ ਸਰਕਾਰ ਨੇ ਫੈਸਲਾ ਕੀਤਾ ਹੈ। ਮੈਂ ਕਹਾਂਗਾ ਕਿ ਭਾਵੇਂ ਕੋਈ ਕਾਂਗਰਸੀ ਹੋਵੇ, ਭਾਵੇਂ ਕੋਈ ਹੋਵੇ, ਭਾਵੇਂ ਕਿਸੇ ਪਾਰਟੀ ਨਾਲ ਕਿਸੇ ਧਰਮ ਨਾਲ ਉਹ ਸਬੰਧ ਰੱਖਦਾ ਹੋਵੇ ਲੇਕਿਨ ਜਿਹੜਾ ਬੇਗੁਨਾਹ ਦਾ ਕਤਲ ਕਰਦਾ ਹੈ ਤਾਂ ਉਹ ਕਾਨੂੰਨ ਦੀ ਨਿਗਾਹ ਵਿਚ ਮੁਜਰਮ ਹੈ, ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ, ਉਸ ਨੂੰ ਜਲਦੀ ਤੋਂ ਜਲਦੀ ਸਜ਼ਾ ਮਿਲਣੀ ਚਾਹੀਦੀ ਹੈ ਤਾਕਿ ਇਸ ਅੱਤਵਾਦ ਨੂੰ ਖਤਮ ਕਰ ਸਕੀਏ ਇਸੇ ਤਰ੍ਹਾਂ ਹੀ ਪੁਲਿਸ ਦੇ ਜਿਹੜੇ ਕਰਮਚਾਰੀ ਹਨ ਅਗਰ ਉਹ ਕਸੂਰਵਾਰ ਨੂੰ ਨਹੀਂ ਪਕੜਦੇ ਅਗਰ ਉਨ੍ਹਾਂ ਕੋਲੋਂ ਜ਼ਿਆਦਤੀ ਹੋ ਜਾਂਦੀ ਹੈ, ਉਹ ਇਨ-ਕਾਉਂਟਰ ਕਰਦੇ ਹਨ, ਅਗਰ ਉਹ ਅੱਤਵਾਦੀਆਂ ਨਾਲ ਰਲ ਜਾਂਦੇ ਹਨ ਤਾਂ ਉਨ੍ਹਾਂ ਦੀ ਇਨ-ਕੁਆਇਰੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਵੀ ਸਜ਼ਾ ਮਿਲਣੀ ਚਾਹੀਦੀ ਹੈ। ਕਿਸੇ ਤਰ੍ਹਾਂ ਦਾ ਵੀ ਅੱਤਿਵਾਦ ਹੋਵੇ, ਕਿਸੇ ਵੀ ਸ਼ਕਲ ਵਿਚ ਹੋਵੇ, ਉਸ ਦੀ ਨਿੰਦਿਆ ਕਰਨੀ ਚਾਹੀਦੀ ਹੈ।

ਸਪੀਕਰ ਸਾਹਿਬ, ਮੈਂ ਦੂਸਰੀ ਗੱਲ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਗੁੰਮਰਾਹ ਕਰਨ ਦੀ ਵੀ ਇੰਤਹਾਅ ਹੋ ਗਈ ਹੈ। ਗਲਤ ਪ੍ਰਾਪੇਗੰਡਾ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾਂਦਾ ਹੈ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਸਾਲਾਂ ਵਿਚ ਸਾਡੇ ਧਰਮ ਸਥਾਨ ਚਾਹੇ ਮੰਦਰ ਹਨ ਜਾਂ ਗੁਰਦੁਆਰੇ ਹਨ ਉਨ੍ਹਾਂ ਵਿਚ ਇਕ ਐਸਾ ਪ੍ਰਾਪੇਗੰਡਾ ਹੁੰਦਾ ਰਿਹਾ ਹੈ ਜਿਹੜਾ ਕਿ ਜ਼ਹਿਰ ਫੈਲਾਉਂਦਾ ਰਿਹਾ ਹੈ। ਸਾਨੂੰ ਇਸ ਗੱਲ ਦੀ ਬਿਲਕੁਲ ਇਜਾਜ਼ਤ ਨਹੀਂ ਦੇਣੀ ਚਾਹੀਦੀ। ਗਲਤ ਪ੍ਰਾਪੇਗੰਡਾ ਨਫਰਤ ਫੈਲਾਉਂਦਾ ਹੈ। ਗਲਤ ਪ੍ਰਾਪੇਗੰਡਾ ਕਿਸੇ ਵੀ ਧਰਮ ਸਥਾਨ ਵਿਚ ਹੋਵੇ, ਉਹ ਠੀਕ ਨਹੀਂ ਹੈ ਕਿਉਂਕਿ ਸਪੀਕਰ ਸਾਹਿਬ, ਅੱਗ ਨਾਲ ਅੱਗ ਨਹੀਂ ਬੁਝਾਈ ਜਾ ਸਕਦੀ। ਅੱਗ ਨੂੰ ਪਾਣੀ ਨਾਲ ਬੁਝਾਇਆ ਜਾ ਸਕਦਾ ਹੈ, ਮਿੱਟੀ ਨਾਲ ਬੁਝਾਇਆ ਜਾ ਸਕਦਾ ਹੈ। ਇਸ ਲਈ ਅੱਤਿਵਾਦ ਦੀ ਦਿਲੋਂ ਕੰਡੈਮਨੇਸ਼ਨ ਹੋਣੀ ਚਾਹੀਦੀ ਹੈ। ਅੱਤਵਾਦ ਕਿਸੇ ਵੀ ਕਿਸਮ ਦਾ ਹੋਵੇ ਉਸ ਦੀ ਨਿਖੇਧੀ ਕਰਨੀ ਚਾਹੀਦੀ ਹੈ। ਅੱਜ ਖਾਲੀ ਸ਼ੁਹਰਤ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਸਾਂ ਆਪਣੇ ਆਪ ਨੂੰ ਬਹੁਤ ਵੱਡੇ ਲੀਡਰ ਸਮਝਣ ਲੱਗ ਪਏ ਹਾਂ। ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਜਿਸ ਨਾਲ ਪੰਜਾਬ ਵਿਚ ਅੱਗ ਭੜਕੇ। ਇਸ ਕਿਸਮ ਦੀਆਂ

[ਡਾਕਟਰ ਕੇਵਲ ਕ੍ਰਿਸ਼ਨ]
ਕਾਰਵਾਈਆਂ ਠੀਕ ਨਹੀਂ ਹਨ। ਪਿਛਲੇ ਸਾਲਾਂ ਵਿਚ ਅੱਤਵਾਦ ਬਹੁਤ ਵੱਧ ਗਿਆ ਹੈ। ਇਸ ਲਈ ਹਰ ਸਿਆਸੀ ਪਾਰਟੀ ਨੂੰ, ਸਾਰਿਆਂ ਨੂੰ ਇਸ ਦੀ ਨਿੰਦਿਆ ਹੀ ਨਹੀਂ ਕਰਨੀ ਚਾਹੀਦੀ ਬਲਕਿ ਇਸ ਅੱਤਵਾਦ ਦਾ ਤਕੜੇ ਹੋ ਕੇ ਮੁਕਾਬਲਾ ਕਰਨਾ ਚਾਹੀਦਾ ਹੈ। **We must have undying faith in communal harmony.**

ਸਪੀਕਰ ਸਾਹਿਬ, ਸਾਡਾ ਵਿਰਸਾ ਮਾਨਵਤਾ ਦਾ ਅਤੇ ਬਰੱਦਰਹੁੱਡ ਦਾ ਹੈ ਅਤੇ ਇਸ ਵਿਰਸੇ ਨੂੰ ਖਤਮ ਕਰਨ ਦੀਆਂ ਕੁਝ ਕੋਝੀਆਂ ਹਰਕਤਾਂ ਹੋਈਆਂ। ਉਹ ਲੋਕ ਕਾਤਲਾਂ ਦੇ ਭੋਗਾਂ ਤੇ ਜਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਨ। ਇਸ ਤਰ੍ਹਾਂ ਸਾਡੇ ਵਿਚ ਨਫਰਤ ਪੈਦਾ ਹੁੰਦੀ ਹੈ। ਇਹ ਜਿਹੜਾ ਸਾਡਾ ਸਦੀਆਂ ਤੋਂ ਰਿਸ਼ਤਾ ਬਣਿਆ ਹੋਇਆ ਹੈ ਉਸ ਨੂੰ ਕਾਇਮ ਰੱਖਣਾ ਸਾਡੀ ਸਭ ਤੋਂ ਵੱਡੀ ਗੱਲ ਹੋਵੇਗੀ। ਮੈਂ ਬੜੀ ਸ਼ਰਧਾ ਨਾਲ ਅਤੇ ਬੜੇ ਅਦਬ ਨਾਲ, ਸਤਿਕਾਰ ਨਾਲ ਕਹਾਂਗਾ ਕਿ ਜਦੋਂ ਮੁਗਲਾਂ ਦਾ ਰਾਜ ਸੀ ਤਾਂ ਉਸ ਵੇਲੇ ਜ਼ੁਲਮ ਬਹੁਤ ਜ਼ਿਆਦਾ ਸੀ। ਉਸ ਵੇਲੇ ਗੁਰੂ ਨਾਨਕ ਦੇਵ ਜੀ ਨੇ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ' ਮੰਗਿਆ ਸੀ। ਬਾਲਾ ਜੀ ਅਤੇ ਮਰਦਾਨਾ ਜੀ ਗੁਰੂ ਜੀ ਨਾਲ ਸਨ। ਗੁਰੂ ਜੀ ਨੇ ਲੋਕਾਂ ਨੂੰ ਉਪਦੇਸ਼ ਦਿਤਾ। ਉਨ੍ਹਾਂ ਨੇ ਮਾਨਵਤਾ ਦਾ ਸੰਦੇਸ਼ ਦਿਤਾ ਔਰ ਉਸ ਸੰਦੇਸ਼ ਵਿੱਚ ਸੈਕੂਲਰ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿਤਾ ਮੈਂ ਸਾਰੀਆਂ ਗਲਾਂ ਨੂੰ ਨਾ ਦੁਹਰਾਉਂਦਾ ਹੋਇਆ ਇਕ ਗਲ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਗੁਰੂ ਗਰੰਥ ਸਾਹਿਬ ਸਤਿਕਾਰਯੋਗ ਸਾਡਾ ਗਰੰਥ ਹੈ ਉਸ ਦੇ ਵਿਚ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ ਗਿਆ ਹੈ। ਉਸ ਦੇ ਵਿਚ ਜੇ ਦੇਖਿਆ ਜਾਵੇ ਤਾਂ ਆਪ ਨੂੰ ਪਤਾ ਲਗੇਗਾ ਕਿ ਉਸ ਸਤਿਕਾਰਯੋਗ ਗ੍ਰੰਥ ਸਾਹਿਬ ਦੇ ਵਿਚ ਹਰੀ ਦਾ ਨਾਮ 10 ਹਜ਼ਾਰ ਵਾਰੀ ਆਉਂਦਾ ਹੈ, ਰਾਮ ਦਾ ਨਾਮ 2400 ਵਾਰੀ ਆਉਂਦਾ ਹੈ, ਓਂਕਾਰ ਦਾ ਨਾਮ 400 ਵਾਰੀ ਆਉਂਦਾ ਹੈ, ਨਿਰੰਜਨ ਦਾ ਨਾਮ 2600 ਵਾਰੀ ਆਉਂਦਾ ਹੈ। ਇਸੇ ਤਰ੍ਹਾਂ ਮੁਰਾਰੀ, ਮਾਧਵ, ਕੇਸ਼ਵ ਤੇ ਮੋਹਨ ਦਾ ਨਾਮ 2 ਹਜ਼ਾਰ ਵਾਰੀ ਆਉਂਦਾ ਹੈ। ਇਸੇ ਤਰ੍ਹਾਂ ਮੇਰੀ ਅਰਜ਼ ਹੈ ਕਿ ਉਸ ਦੇ ਵਿਚ ਬਾਬਾ ਫਰੀਦ, ਕਬੀਰ, ਸਧਨਾ ਤੇ ਭਗਤ ਰਵਿਦਾਸ ਇਸ ਪਵਿੱਤਰ ਗੁਰੂ ਗਰੰਥ ਸਾਹਿਬ ਵਿੱਚ ਪ੍ਰਕਾਸ਼ ਤੇ ਰੌਸ਼ਨੀ ਦਿੰਦੇ ਹਨ ਅਤੇ ਉਹ ਰੋਸ਼ਨੀ ਆਪਸੀ ਭਾਈਚਾਰੇ ਅਤੇ ਪ੍ਰੇਮ ਦਾ ਮਾਰਗ ਦੱਸਦੀ ਹੈ ਪਰ ਇਸ ਦਾ ਮਤਲਬ ਕਈ ਮੇਰੇ ਦੋਸਤ ਹੋਰ ਹੀ ਕਢੀ ਜਾਂਦੇ ਹਨ ਅਤੇ ਉਹ ਇਸ ਪ੍ਰਕਾਸ਼ ਨੂੰ ਸੀਮਿਤ ਰਖਣਾ ਚਾਹੁੰਦੇ ਹਨ।

ਸਰਦਾਰ ਹਰਦਿਆਲ ਸਿੰਘ ਰਾਜਲਾ : ** ** **

Mr. Speaker : No point of order.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਫਿਰ ਉਸ ਗਲ ਦੀ ਨਿਖੇਧੀ ਕਰਦਾ ਹਾਂ। ਬੁਟਾਰੇ ਕਾਂਡ ਜਾਂ ਦਿੱਲੀ ਕਾਂਡ ਜੋ ਵੀ ਹੋਇਆ ਜਿਥੇ ਵੀ ਕਿਧਰੇ ਇਨਸਾਨੀਅਤ ਦਾ ਖੂਨ ਹੋਇਆ ਹੈ ਉਸ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਉਤਨੀ ਘੱਟ ਹੈ ਅਤੇ ਉਨ੍ਹਾਂ ਮੁਜਰਮਾਂ ਨੂੰ ਜਿੰਨੀ ਵੱਡੀ ਤੋਂ ਵਡੀ ਸਜ਼ਾ ਦਿੱਤੀ ਜਾਵੇ ਉਤਨੀ ਹੀ ਘੱਟ ਹੈ। (ਥੰਪਿੰਗ) ਇਹ ਦੇਸ਼ ਦਾ ਕਤਲ ਹੈ ਕਿਸੇ ਵਿਅੱਕਤੀ ਦਾ ਕਤਲ ਨਹੀਂ ਹੈ, ਇਹ ਆਦਰਸ਼ ਦਾ ਕਤਲ ਹੈ। ਸਪੀਕਰ ਸਾਹਿਬ, ਇਕ ਚੰਗਾ ਮੋੜ ਆਇਆ ਸੀ ਔਰ ਮੈਂ ਬੜੀ ਸ਼ਰਧਾ ਨਾਲ ਜੋ ਚੰਗਾ ਮੋੜ ਸ਼ੁਰੂ ਹੋਇਆ ਸੀ ਅਤੇ ਜਿਨ੍ਹਾਂ ਨੇ ਇਸ ਚੰਗੇ ਮੋੜ ਨੂੰ ਸ਼ੁਰੂ ਕੀਤਾ ਸੀ ਉਨ੍ਹਾਂ ਨੂੰ ਆਪਣੀ ਬੜੀ ਸ਼ਰਧਾ ਵਿਅੱਕਤ ਕਰਦਾ ਹਾਂ। ਉਨ੍ਹਾਂ ਦੇ ਜੋ

**Expunged as ordered by the Chair.

ਸ਼ਬਦ ਸਨ, ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਜੋ ਸ਼ਬਦ ਸਨ ਅਤੇ ਜਿਹੜੇ ਇਸ ਵੇਲੇ ਆਪ ਸਾਡੇ ਵਿੱਚ ਨਹੀਂ ਹਨ ਉਨ੍ਹਾਂ ਨੇ ਇਨ੍ਹਾਂ ਸ਼ਬਦਾਂ ਰਾਹੀਂ ਦੇਸ਼ ਦੀ ਅਖੰਡਤਾ ਅਤੇ ਏਕਤਾ ਅਤੇ ਆਪਸੀ ਭਾਈ-ਚਾਰੇ ਦਾ ਸੰਦੇਸ਼ ਦਿੱਤਾ ਸੀ । ਉਨ੍ਹਾਂ ਦੇ ਇਹ ਸ਼ਬਦ ਸਨ ਜੋ ਉਨ੍ਹਾਂ ਨੇ ਕਹੇ ਸਨ :—

"No true Sikh can kill an innocent Hindu. If a Sikh kill a innocent Hindu then he kills Guru Teg Bahadur and he cannot be considered a true Sikh. Hindus and Sikhs are the two children of the same family."

ਉਨ੍ਹਾਂ ਨੇ ਸ਼ੁਰੂਆਤ ਕੀਤੀ ਸੀ ਪਰ ਸਾਨੂੰ ਦੁੱਖ ਹੈ ਕਿ ਉਨ੍ਹਾਂ ਨੂੰ ਇਸ ਸੰਸਾਰ ਵਿੱਚ ਰਹਿਣ ਵਾਸਤੇ ਆਪਣਾ ਸੰਦੇਸ਼ ਪ੍ਰਸਾਰ ਕਰਨ ਵਾਸਤੇ ਮੌਕਾ ਨਹੀਂ ਦਿੱਤਾ ਗਿਆ । ਸਪੀਕਰ ਸਾਹਿਬ, ਇਸ ਪਵਿੱਤਰ, ਸਦਨ ਵਿੱਚ ਅਸੀਂ ਸਾਰੇ ਅੱਜ ਇਸ ਗਲ ਦਾ ਪੰਜਾਬ ਦੇ ਲੋਕਾਂ ਨੂੰ ਵਿਸ਼ਵਾਸ ਦੁਆਉਣਾ ਚਾਹੁੰਦੇ ਹਾਂ ਕਿ ਸੰਤ ਜੀ ਔਰ ਹੋਰ ਕਈ ਬੰਦੇ ਚਾਹੇ ਕਾਂਗਰਸ ਪਾਰਟੀ ਦੇ ਹਨ, ਚਾਹੇ ਸੀ.ਪੀ.ਆਈ. ਦੇ ਜਾਂ ਅਕਾਲੀ ਪਾਰਟੀ ਦੇ ਜਾਂ ਜਨਤਾ ਪਾਰਟੀ ਦੇ ਜਾਂ ਕਿਸੇ ਹੋਰ ਪਾਰਟੀ ਦੇ ਜਿਨ੍ਹਾਂ ਸਾਰਿਆਂ ਦਾ ਨਾਮ ਨਹੀਂ ਲਿਆ ਜਾ ਸਕਦਾ, ਜਿਨ੍ਹਾਂ ਨੇ ਆਪਣਾ ਖ਼ੂਨ ਦੇ ਕੇ ਪੰਜਾਬ ਦੇ ਲੋਕਾਂ ਨੂੰ ਪ੍ਰੇਰਨਾ ਦਿੱਤੀ ਹੈ, ਸੰਤ ਲੌਂਗੋਵਾਲ ਜੀ ਦੇ ਕਦਮਾਂ ਤੇ ਚਲਦਿਆਂ ਦੇਸ਼ ਦੀ ਅਖੰਡਤਾ ਅਤੇ ਏਕਤਾ ਨੂੰ ਮਜ਼ਬੂਤ ਕਰਦਿਆਂ ਜੋ ਸੰਦੇਸ਼ ਦਿੱਤਾ ਹੈ ਅਸੀਂ ਸਾਰੇ ਮੈਂਬਰ ਸਾਹਿਬਾਨ ਉਨ੍ਹਾਂ ਦੇ ਪਵਿੱਤਰ ਖ਼ੂਨ ਦੀ ਸੌਂਹ ਖਾ ਕੇ ਕਹਿੰਦੇ ਹਾਂ ਕਿ ਅਸੀਂ ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਉਨ੍ਹਾਂ ਵਲੋਂ ਦੱਸੇ ਹੋਏ ਰਸਤੇ ਤੇ ਚਲਾਂਗੇ।

ਸਾਡਾ ਸਦੀਆਂ ਦਾ ਜਿਹੜਾ ਭਾਈਚਾਰਾ ਹੈ ਉਸ ਨੂੰ ਟੁੱਟਣ ਨਹੀਂ ਦਿਆਂਗੇ । ਅਸੀਂ ਜੁੱਰਤ ਔਰ ਦਲੇਰੀ ਨਾਲ ਚਲਾਂਗੇ । ਜਿਸ ਦਿਨ ਬਰਨਾਲਾ ਸਾਹਿਬ ਨੇ ਚੰਡੀਗੜ੍ਹ ਵਿਚ ਹੋਈ ਕਨਵੈਨਸ਼ਨ ਵਿਚ ਕਿਹਾ ਸੀ ਔਰ ਬੜੀ ਜੁੱਰਤ ਨਾਲ ਕਿਹਾ ਸੀ ਕਿ ਅੱਤਵਾਦ ਦੇ ਖਿਲਾਫ਼ ਦੇਸ਼ ਦੀ ਅਖੰਡਤਾ ਲਈ ਗੋਲੀਆਂ ਨਾਲ ਮੈਨੂੰ ਮਰਨਾ ਪਏ ਤਾਂ ਮੈਂ ਤਿਆਰ ਹਾਂ ਔਰ ਇਹ ਪੰਜਾਬ ਵਾਸਤੇ ਸਭ ਤੋਂ ਨੇਕ ਕੰਮ ਹੋਵੇਗਾ ਅਗਰ ਇਸ ਚੀਜ਼ ਨੂੰ ਸਾਰੇ ਦੁਹਰਾਉਂਦੇ ਹੋਏ ਸੰਕਲਪ ਕਰਕੇ ਨਿਕਲਾਂਗੇ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਪੰਜਾਬ ਦੀ ਬਹੁਤ ਵੱਡੀ ਸੇਵਾ ਕਰਾਂਗੇ ।

ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਅੱਜ ਪੰਜਾਬ ਦੇ ਵਿਚ ਜਿਥੇ ਭਾਈਚਾਰੇ ਨੂੰ ਪੱਕਾ ਰਖਣ ਦੀ ਲੋੜ ਹੈ ਉਥੇ ਇਸ ਦੀ ਵੀ ਲੋੜ ਹੈ ਕਿ ਅਸੀਂ ਮਹਿਸੂਸ ਕਰੀਏ ਔਰ ਇਮਾਨਦਾਰੀ ਨਾਲ ਮਹਿਸੂਸ ਕਰੀਏ ਕਿ ਅਸੀਂ ਕੁਝ ਆਪਣਾ ਫ਼ਰਜ਼ ਅਦਾ ਕਰਨਾ ਹੈ ਅਤੇ ਸਿਰਫ਼ ਗਲਾਂ ਨਾਲ ਨਹੀਂ ਸਾਰਨਾ । ਅੱਜ ਜ਼ਰੂਰਤ ਹੈ ਕਿ ਅਸੀਂ ਗਲਾਂ ਨਾ ਕਰੀਏ, ਅਸੀਂ ਪਿੰਡਾਂ ਵਿਚ ਲੋਕਾਂ ਵਿਚ ਪਹੁੰਚੀਏ ਔਰ ਇਸ ਕਰਕੇ ਪਹੁੰਚੀਏ ਕਿ ਸਾਡਾ ਭਾਈਚਾਰਾ ਟੁੱਟੇ ਨਾ । ਇਸ ਕਰਕੇ ਕਿ ਜਿਥੇ ਅੱਤਵਾਦੀ ਰਹਿੰਦੇ ਹਨ ਇਹ ਦੇਸ਼ ਦੇ ਕੌਮ ਦੇ ਸਾਡੇ ਭਾਈਚਾਰੇ ਦੇ ਦੁਸ਼ਮਣ ਹਨ, ਅਸੀਂ ਜੁੱਰਤ ਨਾਲ ਉਨ੍ਹਾਂ ਦਾ ਮੁਕਾਬਲਾ ਕਰ ਸਕੀਏ । ਅਸੀਂ ਇਹ ਸਮਰਥਾ ਹਾਸਲ ਕਰ ਸਕੀਏ ਕਿ ਇਸ ਗਲ ਦੇ ਬਾਵਜੂਦ ਜ਼ਰੂਰਤ ਹੈ । ਮੈਂ ਇਹ ਕਹਿੰਦਾ ਹਾਂ ਕਿ ਅੱਜ ਇਸ ਚੀਜ਼ ਨੂੰ ਅਮਲ ਵਿਚ ਲਿਆਉਣ ਵਾਸਤੇ ਸਾਨੂੰ ਕੁਝ ਕਰਨਾ ਪਏਗਾ, ਜੇ ਕਰਾਂਗੇ ਨਹੀਂ ਤਾਂ ਸ਼ਾਇਦ ਹੋ ਨਹੀਂ ਸਕੇਗਾ । ਗੁਸਤਾਖ਼ੀ ਮੁਆਫ਼ ਮੈਂ ਯਾਦ ਕਰਾਉਣਾ ਚਾਹੁੰਦਾ ਹਾਂ ਬਰਨਾਲਾ ਸਾਹਿਬ ਨੂੰ ਕਿ ਅੱਜ ਧਰਮ ਔਰ ਸਿਆਸਤ ਦੇ ਚੀਜ਼ਾਂ ਬਾਰੇ ਅੱਜ ਇਕ ਸੁਆਲ ਉਠ ਖੜਾ ਹੋਇਆ ਹੈ । ਜੇਕਰ ਅਸੀਂ ਧਰਮ ਔਰ ਸਿਆਸਤ ਨੂੰ ਅੱਡ ਅੱਡ ਸੋਚਦੇ ਹਾਂ ਤਾਂ ਫਿਰ ਦੇਸ਼ ਦੀ ਏਕਤਾ ਔਰ ਅਖੰਡਤਾ ਵਾਸਤੇ ਕੋਈ ਲਾਈਨ ਅਖਤਿਆਰ ਕਰ ਸਕੀਏ।

[ਡਾਕਟਰ ਕੇਵਲ ਕ੍ਰਿਸ਼ਨ]

ਧਰਮ ਦੇ ਨਾਂ ਉਤੇ ਬਣਾਇਆ ਪਾਕਿਸਤਾਨ ਅੰਗਰੇਜ਼ਾਂ ਨੇ ਸਾਡਾ ਇਕ ਦੁਸ਼ਮਣ ਪੈਦਾ ਕਰ ਦਿੱਤਾ ਹੈ। ਉਸ ਦੇ ਕੋਲ ਨਾ ਸਿਰਫ ਐਟਮ ਬੰਬ ਹੈ ਬਲਕਿ ਉਹ ਹਾਈਡਰੋਜਨ ਬੰਬ ਵੀ ਬਣਾ ਰਿਹਾ ਹੈ। ਅਗਰ ਧਰਮ ਦੀ ਕੁੜੱਤਨ ਨੂੰ ਰੋਕਿਆ ਨਾ ਗਿਆ, ਧਰਮ ਨੂੰ ਸਿਆਸਤ ਤੋਂ ਅੱਡ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਕੀ ਬਣੇਗਾ ਕੋਈ ਅੰਦਾਜ਼ਾ ਨਹੀਂ ਲਗ ਸਕਦਾ। ਮੈਂ ਖੁਸ਼ ਹਾਂ ਕਿ ਸਰਦਾਰ ਬਲਵੰਤ ਸਿੰਘ ਨੇ ਕਿਹਾ ਸੀ, ਸਰਦਾਰ ਚੰਨਣ ਸਿੰਘ ਧੂਤ ਨੂੰ ਸ਼ਰਧਾਂਜਲੀ ਦਿੰਦੇ ਹੋਏ, ਔਰ ਬੜੀ ਜੁੱਰਤ ਨਾਲ ਕਿਹਾ ਸੀ ਕਿ ਅਸੀਂ ਅਕਾਲ ਤਖਤ ਨੂੰ ਸੁਪਰੀਮ ਸਮਝਦੇ ਹਾਂ। ਇਕ ਸਿੱਖ ਦੇ ਨਾਤੇ ਜੋ ਸਾਨੂੰ ਬਤੌਰ ਸਿੱਖ ਹੁਕਮ ਮਿਲੇਗਾ ਅਸੀਂ ਉਸ ਦੀ ਪਾਲਣਾ ਕਰਾਂਗੇ ਅਗਰ ਕੋਈ ਦਖ਼ਲ ਸਿਆਸਤ ਵਿਚ, ਰਾਜਨੀਤੀ ਵਿਚ, ਪੰਜਾਬ ਦੇ ਮਾਮਲੇ ਵਿਚ ਮਿਲੇਗਾ ਤਾਂ ਅਸੀਂ ਸਵੀਕਾਰ ਨਹੀਂ ਕਰਾਂਗੇ। (ਥੰਪਿੰਗ) ਮੈਂ ਸਮਝਦਾ ਹਾਂ ਕਿ ਇਹ ਗਲ ਸਿਧਾਂਤਿਕ ਤੌਰ ਤੇ ਬੜੀ ਅੱਛੀ ਹੈ ਜਿਸ ਦੇ ਨਾਲ ਪੰਜਾਬ ਵਿਚ ਆਉਣ ਵਾਲੇ ਵਕਤ ਵਿਚ ਭਲਾ ਹੋਵੇਗਾ। ਜੇਕਰ, ਸਪੀਕਰ ਸਾਹਿਬ, ਅਸੀਂ ਇਸ ਤਰ੍ਹਾਂ ਨਾ ਕਰ ਸਕਾਂਗੇ ਤਾਂ ਮੈਂ ਸਮਝਦਾ ਹਾਂ ਕਿ ਗਲ ਠੀਕ ਨਹੀਂ ਹੋਵੇਗੀ। ਲੁਧਿਆਣਾ ਵਿਚ ਰੈਲੀ ਹੋਈ ਸੀ, ਲੱਖਾਂ ਲੋਕ ਸਨ, ਮੇਰੇ ਕੰਨਾਂ ਵਿਚ ਸ਼ਬਦ ਪਹੁੰਚੇ ਇਹ ਲਫ਼ਜ਼ ਇਹ ਸੀ, ਸਰਦਾਰ ਬਲਵੰਤ ਸਿੰਘ ਨੇ ਕਿਹਾ ਸੀ, ਸਾਡੀ ਪੰਥਕ ਸਰਕਾਰ ਹੈ। ਮੁਆਫ਼ ਕਰਨਾ ਚੀਫ਼ ਮਨਿਸਟਰ ਸਾਹਿਬ ਉਨ੍ਹਾਂ ਨੇ ਵੀ ਕਿਹਾ ਸੀ ਕਿ ਪੰਥਕ ਸਰਕਾਰ ਹੈ। ਜੇ, ਸਪੀਕਰ ਸਾਹਿਬ, ਪੰਥਕ ਸਰਕਾਰ ਹੈ ਤਾਂ ਫਿਰ ਇਸ ਗਲ ਦਾ ਸਦਨ ਵਿਚ ਜ਼ਰੂਰ ਨਿਰਨਾ ਹੋ ਜਾਣਾ ਚਾਹੀਦਾ ਹੈ ਕਿ ਪੰਥ ਦਾ ਮਤਲਬ ਸਿਰਫ਼ ਸਿੱਖ ਸੰਪਰਦਾਏ ਹੈ ਔਰ ਉਨ੍ਹਾਂ ਦੀ ਹੀ ਸਰਕਾਰ ਹੈ। ਜੇ ਸਿਰਫ਼ ਉਨ੍ਹਾਂ ਦੀ ਹੀ ਸਰਕਾਰ ਹੈ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਅਸੀਂ ਬਾਕੀ ਪੰਜਾਬ ਦੇ ਲੋਕ ਇਸ ਸਰਕਾਰ ਤੋਂ ਇਨਸਾਫ਼ ਦੀ ਉਮੀਦ ਨਹੀਂ ਕਰ ਸਕਦੇ।

ਆਉਣ ਵਾਲਾ ਵਕਤ ਔਰ ਪਿਛਲਾ ਜਿਹੜਾ ਗੁਜ਼ਰ ਗਿਆ ਵਕਤ ਹੈ (ਵਿਘਨ) ਤੁਸੀਂ ਮੇਰੀ ਜ਼ਬਾਨ ਬੰਦ ਨਹੀਂ ਕਰ ਸਕਦੇ। ਸਪੀਕਰ ਸਾਹਿਬ, ਪਿਛਲਾ ਜਿਹੜਾ ਗੁਜ਼ਰਿਆ ਵਕਤ ਹੈ, ਮੈਂ ਸਮਝਦਾ ਹਾਂ ਕਿ ਉਹ ਭੁਲ ਜਾਣਾ ਚਾਹੀਦਾ ਹੈ, Forget and Forgive ਸਾਥੋਂ ਵੀ ਗਲਤੀ ਹੋਈ ਹੋਵੇਗੀ, ਇਨ੍ਹਾਂ ਤੋਂ ਵੀ ਗਲਤੀਆਂ ਹੁੰਦੀਆਂ ਹਨ, ਗਲਤੀਆਂ ਹੋ ਜਾਂਦੀਆਂ ਹਨ, ਸਾਥੋਂ ਵੀ ਹੁੰਦੀਆਂ ਹਨ, ਇਨ੍ਹਾਂ ਤੋਂ ਵੀ ਹੁੰਦੀਆਂ ਹਨ। ਮੈਂ ਕਹਾਂਗਾ ਕਿ ਪਿਛਲਾ ਜਿਹੜਾ ਡੇਢ ਸਾਲ ਸਰਕਾਰ ਦਾ ਗੁਜ਼ਰਿਆ ਹੈ, ਮੈਂ ਕਹਿ ਸਕਦਾ ਹਾਂ ਕਿ ਇਲਜ਼ਾਮ ਜਗ੍ਹਾ ਜਗ੍ਹਾ ਲਗਾਏ ਜਾਂਦੇ ਰਹੇ ਹਨ ਕਿ ਇਕ ਸਾਈਡ ਵਾਸਤੇ ਇਨਸਾਫ ਨਹੀਂ ਦਿੰਦੇ। ਚਾਹੇ ਰਿਕਟਰੂਮੈਂਟ ਹੋਵੇ, ਭਰਤੀ ਹੋਵੇ, ਪ੍ਰੋਮੋਸ਼ਨ ਹੋਵੇ ਵਿਤਕਰਾ ਹੁੰਦਾ ਹੈ। ਸਪੀਕਰ ਸਾਹਿਬ, ਸਰਕਾਰ ਤਾਂ ਪੰਜਾਬ ਸਰਕਾਰ ਹੈ, ਇਕ ਸਮੂਦਾਏ ਦੀ ਸਰਕਾਰ ਨਹੀਂ ਹੈ ਔਰ ਸਰਕਾਰ ਨੂੰ ਪੰਜਾਬ ਦੀ ਸਰਕਾਰ ਮਹਿਸੂਸ ਕਰਕੇ ਪੰਜਾਬ ਦੇ ਲੋਕਾਂ ਬਾਰੇ ਸੋਚਣਾ ਚਾਹੀਦਾ ਹੈ। ਮੈ ਪੰਜਾਬ ਦੀ ਸਰਕਾਰ ਦੇ ਸਟੈਂਡ ਦੀ ਸ਼ਲਾਘਾ ਕਰਦਾ ਹਾਂ ਜਿਹੜਾ ਇਨ੍ਹਾਂ ਨੇ 4 ਫਰਵਰੀ ਨੂੰ ਰੈਜ਼ੋਲਿਊਸ਼ਨ ਪਾਸ ਕੀਤਾ ਹੈ, ਅਕਾਲੀ ਪਾਰਟੀ ਨੇ ਜਿਹੜੀ ਸਰਕਾਰ ਚਲਾਉਂਦੀ ਹੈ—

"We are ready to make any sacrifice to bring back the factious and the dissident splinters into the mainstream under the Party Constitution. The question of forging Unity with those who do not have any faith in principles of Akali Dal, its Constitution, its political aims and the integrity and Unity of country simply does not arise."

ਇਨ੍ਹਾਂ ਸ਼ਬਦਾਂ ਵਿਚ ਜਿੱਥੇ ਸੁਪਰਮੇਸੀ ਮੰਨੀ ਹੈ, ਉਸ ਦੇ ਨਾਲ ਕੰਟਰੀ ਦੀ ਯੂਨਿਟੀ, ਇੰਟੈਗਰਿਟੀ ਦੇ ਵਾਸਤੇ ਵੀ ਇਨ੍ਹਾਂ ਨੇ ਸਟੈਂਡ ਲਿਆ ਹੈ, ਜਿਹੜਾ ਸ਼ਲਾਘਾ ਯੋਗ ਕਦਮ ਹੈ। ਮੈਂ ਕਨਵੈਨਸ਼ਨ ਦੀਆਂ ਲਾਈਨਾਂ ਪੜ੍ਹਨਾ ਚਾਹੁੰਦਾ ਹਾਂ ਜਿਹੜੀ ਲੌਂਗੋਵਾਲ ਵਿਚ ਹੋਈ ਸੀ—

"This Convention, representing Sikhs from all over India strongly condemns the activities of the extremists and secessionists and all the forces working against the interests of the Punjab and the country and pledges to fight them as one man. It appeals to all the Punjabis, all the political parties in the country and the whole nation to extend their whole-hearted support to meet this national challenge."

ਸਪੀਕਰ ਸਾਹਿਬ, ਮੈਂ ਦੁਬਾਰਾ ਇਹ ਰਿਪੀਟ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਵਿਚ 22 ਲੱਖ ਦੇ ਨਹੀਂ ਛੇ ਛੇ ਕਰੋੜ ਰੁਪਏ ਦੇ ਡਾਕੇ, ਪੰਜਾਬ ਵਿਚ ਸੈਂਕੜੇ ਲੋਕਾਂ ਦੇ ਕਤਲ ਹਾਲਾਂ ਕਿ ਪੰਜਾਬ ਸਰਕਾਰ ਦੀ ਪਿੱਠ ਉਤੇ ਸਾਰਾ ਹਿੰਦੁਸਤਾਨ ਹੈ, ਸਾਰੀਆਂ ਨੈਸ਼ਨਲ ਪੁਲੀਟੀਕਲ ਪਾਰਟੀਆਂ ਹਨ ਲੇਕਿਨ ਜਦੋਂ ਅਖ਼ਬਾਰ ਚੁਕੀਦੀ ਹੈ, ਕੋਈ ਕਤਲ ਹੋਇਆ ਹੁੰਦਾ ਹੈ, ਡਾਕਾ ਪਿਆ ਹੁੰਦਾ ਹੈ, ਇਹ ਵਾਕਿਆਤ ਠੇਸ ਪਹੁੰ-ਚਾਉਂਦੇ ਹਨ। ਲੇਕਿਨ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਠੀਕ ਕਰਨ ਲਈ ਟਾਈਮ ਜ਼ਰੂਰ ਚਾਹੀਦਾ ਹੈ ਲੇਕਿਨ ਵਾਕਿਆਤ ਸੰਦੇਸ਼ਾ ਦਿੰਦੇ ਹਨ, ਐਸਾ ਨਜ਼ਰ ਆਉਂਦਾ ਹੈ ਕਿ ਸਰਕਾਰ ਵਲੋਂ ਕੋਈ ਢਿੱਲ ਹੈ। ਢਿੱਲ ਇਕ ਕਿਸਮ ਦੀ ਹੈ ਕਿ ਬਰਨਾਲਾ ਸਾਹਿਬ ਨੂੰ ਕਹਾਂਗਾ ਕਿ ਬਹੁਤ ਸਾਰੇ ਜੋ ਉਨ੍ਹਾਂ ਵਿਚੋਂ ਡਬਲ ਰੋਲ ਨਹੀਂ ਅਦਾ ਕਰਦੇ, ਦੇਸ਼ ਦੀ ਅਖੰਡਤਾ ਵਿਚ ਵਿਸ਼ਵਾਸ ਰਖਦੇ ਹਨ, ਸੱਚੇ ਦਿਲ ਨਾਲ ਅਗਰ ਉਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦਾ ਰੋਲ ਠੀਕ ਨਹੀਂ ਹੈ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਆਪਣਾ ਘਰ ਵੀ ਠੀਕ ਕਰਨਾ ਚਾਹੀਦਾ ਹੈ ਤਾਂਕਿ ਪੰਜਾਬ ਦੇ ਲੋਕਾਂ ਦੀ ਰਾਖੀ ਕਰ ਸਕਣ ਔਰ ਦੇਸ਼ ਦੀ ਏਕਤਾ, ਅਖੰਡਤਾ ਦੀ ਰਾਖੀ ਕਰ ਸਕਣ । ਇਹ ਅਖ਼ਬਾਰ ਫਰਵਰੀ 25 ਦਾ ਹੈ। ਇਸ ਦੀਆਂ ਕੁਝ ਲਾਈਨਾਂ ਕੋਟ ਕਰਨਾ ਚਾਹੁੰਦਾ ਹਾਂ ਜਿਹੜੀ ਬਰਨਾਲਾ ਸਾਹਿਬ ਨਾਲ ਕੁਝ ਇੰਟਰਵਿਊ ਹੋਈ ਹੈ, ਜਿਸ ਦਾ ਹੈਡਿੰਗ ਦਿੱਤਾ ਹੈ।

"The alternative is fauji raaj". The question put by the journalist is :—

"Q. Your opponents say that the Centre is using you to confront the priests and challenge their authority."

The reply given by Sardar Surjit Singh Barnala is :—

"I have been saying all along that I have the greatest respect for the Akal Takht. And I never look to Delhi for guidance on administration, only to get the accord implemented. We have also been going to them to plead for the release of the Jodhpur detenues."

ਜੋਧਪੁਰ ਦੇ ਜਿਹੜੇ ਡੇਟੇਨਿਊਜ਼ ਹਨ ਜੇ ਉਹ ਛੱਡੇ ਜਾ ਸਕਦੇ ਹਨ ਤਾਂ ਸਾਨੂੰ ਕੋਈ ਇਤਰਾਜ਼ ਨਹੀਂ । ਪਰ ਇਹ ਫੈਸਲਾ ਗੌਰਮਿੰਟ ਆਫ਼ ਇੰਡੀਆ ਨੇ ਕਰਨਾ ਹੈ। ਜੇ ਉਹ ਛੱਡੇ ਜਾਂ ਸਕਦੇ ਹਨ ਔਰ ਉਨ੍ਹਾਂ ਦੇ ਛੱਡਣ ਨਾਲ ਪੰਜਾਬ ਦਾ ਮਾਹੌਲ ਠੀਕ ਹੋ ਸਕਦਾ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ । ਲੇਕਿਨ ਬਰਨਾਲਾ ਸਾਹਿਬ ਨੇ ਇਕ ਹੋਰ ਸਵਾਲ ਦੇ ਜਵਾਬ ਵਿਚ ਜੋ ਕਿਹਾ ਹੈ ਮੈਂ ਸਮਝਦਾ ਹਾਂ ਬਹੁਤ ਮਾੜਾ ਹੈ । ਮੈਂ ਸਵਾਲ ਪੜ੍ਹ ਦਿੰਦਾ ਹਾਂ—

"But Home Minister Buta Singh gave a statement that he had advised you to stand firm

ਇਸ ਦਾ ਆਂਨਸਰ ਬੜਾ ਮਾੜਾ ਹੈ। ਇਸ ਲਈ ਮੈਂ ਇਹ ਕਹਾਂਗਾ ਕਿ ਜੇ ਉਹ ਗਲਤ ਸਮਝਦੇ ਹਨ ਤਾਂ ਉਹ ਦਰੁਸਤ ਕਰ ਲੈਣ । ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ।

"He is a foolishman who makes foolish statements. He never asked me to stand firm or any such thing. Buta Singh phoned me and after the normal pleasantries he said *Kuchh Karna Payga.* This is what has been done now."

ਮੈਂ ਇਹ ਕਹਾਂਗਾ ਕਿ ਦਰਿਆ ਵਿਚ ਰਹਿਣਾ ਅਤੇ ਮਗਰਮੱਛ ਨਾਲ ਵੈਰ, ਇਹ ਗਲ ਠੀਕ ਨਹੀਂ ਹੈ। (ਵਿਘਨ) ਜੇ ਸੈਂਟਰ ਤੋਂ ਅਸੀਂ ਕੁੱਝ ਐਕਸਪੈਕਟ ਕਰਦੇ ਹਾਂ ਮਦੱਦ ਦੀ ਤਾਂ ਸਾਨੂੰ ਸਤਿਕਾਰ ਕਰਨਾ ਚਾਹੀਦਾ ਹੈ ਔਰ ਜੇ ਕੋਈ ਗਲਤੀ ਹੋਈ ਹੈ ਤਾਂ ਉਸ ਨੂੰ ਦਰੁਸਤ ਕਰ ਲੈਣਾ ਚਾਹੀਦਾ ਹੈ। ਇਸ

[ਡਾਕਟਰ ਕੇਵਲ ਕ੍ਰਿਸ਼ਨ]

ਰੇਜ਼ੋਲਿਊਸ਼ਨ ਨੂੰ ਪੇਸ਼ ਕਰਦਾ ਹੋਇਆ ਮੈਂ ਆਖਰ ਵਿਚ ਫਿਰ ਇਕ ਗਲ ਰੇਫਰ ਕਰਨੀ ਚਾਹਵਾਂਗਾ ਇਹ ਇਕ ਲਿਖਾਰੀ ਨੇ ਪੰਜਾਬ ਨੂੰ ਰੇਫਰ ਕਰਕੇ ਲਿਖੀ ਹੈ ।

"Dear Punjab : Irrigated by five rivers you came to be known as 'Punjab' but now you have only three rivers left. Even in the sethree you have allowed blood to flow so often. Now history has given you the opportunity to replace it with a stream of freindship love, communal harmony and national unity. Lest you fail."

ਸਪੀਕਰ ਸਾਹਿਬ, ਮੈਂ ਇਸ ਰੇਜ਼ੋਲਿਊਸ਼ਨ ਨੂੰ ਮੂਵ ਕਰਦਾ ਹੋਇਆ ਬੜੇ ਜਜ਼ਬਾਤ ਨਾਲ ਇਹ ਗਲ ਕਹਿਣੀ ਚਾਹਵਾਂਗਾ ਕਿ ਹੁਣ ਤਕ ਪੰਜਾਬ ਦਾ ਬਹੁਤ ਸਾਰਾ ਖੂਨ ਵਹਿ ਚੁੱਕਾ ਹੈ ਅਗਰ ਹੋਰ ਖੂਨ ਵਹੇਗਾ ਤਾਂ ਫਿਰ ਸਿਰਫ ਪੰਜਾਬ ਦਾ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਦਾ ਸਤਿਆਨਾਸ ਹੋ ਜਾਵੇਗਾ । ਇਹ ਰੇਜ਼ੋਲਿਊਸ਼ਨ 3 ਗਲਾਂ ਵਾਸਤੇ ਲਿਆਂਦਾ ਹੈ ; ਇੱਕ ਤਾਂ ਟੈਰੋਰਿਜ਼ਮ ਨੂੰ ਕੰਡੈਮ ਕੀਤਾ ਜਾਵੇ, ਦੂਜਾ ਦੇਸ਼ ਦੀ ਅਖੰਡਤਾ ਨੂੰ ਬਰਕਰਾਰ ਰਖਿਆ ਜਾਵੇ ਔਰ ਪੂਰੀ ਡੈਡੀਕੇਸ਼ਨ ਦੇ ਨਾਲ ਦੁਬਾਰਾ ਪਹਿਲੇ ਦੀ ਤਰ੍ਹਾਂ ਰਹੀਏ ਜਿਵੇਂ ਪਹਿਲੇ ਸੈਂਕੜੇ ਸਾਲਾਂ ਤੋਂ ਸਾਡਾ ਭਾਈਚਾਰਾ ਰਿਹਾ ਹੈ ਔਰ ਕਿਸੇ ਦੀ ਅੱਖ ਵਿਚ ਹੰਝੂ ਨਾ ਆਵੇ ਔਰ ਜੇ ਕਿਸੇ ਦੀ ਅੱਖ ਵਿਚ ਹੰਝੂ ਆਉਂਦਾ ਹੈ ਤਾਂ ਉਸ ਨੂੰ ਠੀਕ ਕਰਨ ਲਈ ਪੂਰਾ ਯਤਨ ਕਰੀਏ ।

(ਇਸ ਵੇਲੇ ਮੁੱਖ ਮੰਤਰੀ ਸਾਹਿਬ ਪਰਸਨਲ ਐਕਸਪਲੇਨੇਸ਼ਨ ਤੇ ਬੋਲਣ ਲਈ ਖੜੇ ਹੋਏ ।)

ਸ੍ਰੀ ਸਪੀਕਰ : ਮੁੱਖ ਮੰਤਰੀ ਸਾਹਿਬ ਪਰਸਨਲ ਐਕਸਪਲੇਨੇਸ਼ਨ ਤੇ ਕੁੱਝ ਕਹਿਣਾ ਚਾਹੁੰਦੇ ਹਨ

PERSONAL EXPLANATION BY THE CHIEF MINISTER

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਇਥੇ ਡਾਕਟਰ ਸਾਹਿਬ ਨੇ ਬੋਲਦੇ ਹੋਏ ਲੁਧਿਆਣਾ ਕਨਵੈਨਸ਼ਨ ਦੇ ਬਾਰੇ ਪੰਥਕ ਸਰਕਾਰ ਦਾ ਲਫਜ਼ ਇਸਤੇਮਾਲ ਕੀਤਾ ਹੈ। ਮੈਂ ਉਸ ਗੱਲ ਨੂੰ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਜਦੋਂ ਵੀ ਅਕਾਲੀ ਪਾਰਟੀ ਕੋਈ ਕੰਪੇਨ ਕਰਦੀ ਹੈ ਜਾਂ ਨਾਅਰੇ ਲਾਉਂਦੀ ਹੈ ਤਾਂ ਪੰਥਕ ਦਾ ਨਾਅਰਾ ਲਾਇਆ ਜਾਂਦਾ ਹੈ, ਪੰਥ ਦਾ ਪਰਚਾਰ ਕੀਤਾ ਜਾਂਦਾ ਹੈ। ਇਹ ਮਸਲਾ ਕਈ ਵਾਰ ਅਦਾਲਤਾਂ ਵਿਚ ਵੀ ਗਿਆ ਹੈ ਅਤੇ ਸੁਪਰੀਮ ਕੋਰਟ ਤਕ ਵੀ ਗਿਆ ਹੈ ਕਿ ਧਰਮ ਦੇ ਨਾਂ ਤੇ ਵੋਟਾਂ ਲਈਆਂ ਹਨ। ਸੁਪ੍ਰੀਮ ਕੋਰਟ ਨੇ ਇਹ ਕਿਹਾ ਹੈ ਕਿ ਇਹ ਪੰਥਕ ਲਫਜ਼ ਸਿਨੋਨੀਮਸ ਹੈ। ਇਹ ਗਲਤ ਨਹੀਂ ਕਿਹਾ ਜਾ ਸਕਦਾ। ਇਸ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਅਕਾਲੀ ਦਲ ਕਮਿਊਨਲ ਬਾਡੀ ਨਹੀਂ ਹੈ। ਅਕਾਲੀ ਦਲ ਪੰਜਾਬ ਨੂੰ ਰਿਪ੍ਰੇਜ਼ੈਂਟ ਕਰਦੀ ਹੈ। ਸੋ ਇਸ ਤਰ੍ਹਾਂ ਕਹਿ ਦੇਣਾ ਮੈਂ ਸਮਝਦਾ ਹਾਂ ਕਿ ਇਹ ਗਲਤ ਗੱਲ ਹੈ। ਅਕਾਲੀ ਵਜ਼ਾਰਤ ਵਿਚ ਹਿੰਦੂ ਵੀ ਹਨ, ਮੁਸਲਮਾਨ ਵੀ ਹਨ। ਇਸ ਲਈ ਅਕਾਲੀ ਦਲ ਕੋਈ ਵਖਰਾ ਨਹੀਂ ਇਹ ਸਾਰੇ ਪੰਜਾਬ ਨੂੰ ਰਿਪ੍ਰੇਜ਼ੈਂਟ ਕਰਦਾ ਹੈ।

RESOLUTION RE. CONDEMNATION OF TERRORISM

(Resumption of Discussion)

ਸ੍ਰੀ ਸਪੀਕਰ : ਇਸ ਰੈਜ਼ੋਲਿਊਸ਼ਨ ਦੇ 5 ਮੂਵਰਜ਼ ਹਨ। ਉਨ੍ਹਾਂ ਨੇ ਵੀ ਇਸ ਤੇ ਟਾਈਮ ਬੋਲਣ ਲਈ ਲੈਣਾ ਹੈ। ਇਸ ਤੋਂ ਇਲਾਵਾ ਹੋਰ ਵੀ ਕਈ ਮੈਂਬਰਜ਼ ਦੇ ਬੋਲਣ ਲਈ ਮੇਰੇ ਕੋਲ ਲਿਸਟ ਆਈ ਹੈ।

ਸਰਦਾਰ ਕਿਰਪਾਲ ਸਿੰਘ : ਮੈਂ ਵੀ ਬੋਲਣਾ ਹੈ।

ਸ੍ਰੀ ਸਪੀਕਰ : ਤੁਹਾਡੇ ਵੀ 3 ਮਿੰਟ ਹਨ। ਮੇਰੀ ਗੁਜ਼ਾਰਿਸ਼ ਹੈ ਕਿ ਜਿਹੜੇ ਮੂਵਰਜ਼ ਹਨ ਉਨ੍ਹਾਂ ਨੇ ਤਾਂ ਅੱਧਾ ਘੰਟਾ ਲੈਣਾ ਹੈ ਔਰ ਬਾਕੀ ਜਿਹੜੇ ਮੈਂਬਰਜ਼ ਨੇ ਬੋਲਣਾ ਹੈ ਜੇ ਉਹ ਥੋੜਾ ਥੋੜ੍ਹਾ ਘੱਟ ਬੋਲ ਲੈਣ ਤਾਂ ਸਾਰੇ ਮੈਂਬਰਜ਼ ਬੋਲਣ ਵਿਚ ਅਕਾਮੋਡੇਟ ਹੋ ਜਾਣਗੇ ਵਰਨਾ ਇਹ ਸਾਰੀ ਲਿਸਟ ਖਤਮ ਨਹੀਂ ਹੋਣੀ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਰੈਜ਼ੋਲਿਊਸ਼ਨ ਦਾ ਟਾਈਮ ਫਿਕਸ ਹੁੰਦਾ ਹੈ।

ਸ੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਮੂਵਰ ਹਨ ਉਹ 15 ਮਿੰਟ ਤੋਂ ਘੱਟ ਟਾਈਮ ਲੈਣ ਤਾਂ ਠੀਕ ਰਹੇਗਾ। ਪਹਿਲੇ ਅਸੀਂ ਮੂਵਰ ਨੂੰ ਟਾਈਮ ਦੇਵਾਂਗੇ ਉਸ ਤੋਂ ਬਾਦ ਦੂਜੇ ਮੈਂਬਰਜ਼ ਨੂੰ ਟਾਈਮ ਦਿੱਤਾ ਜਾਵੇਗਾ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਸਾਨੂੰ ਵੀ ਪਹਿਲੇ ਟਾਈਮ ਮਿਲਣਾ ਚਾਹੀਦਾ ਹੈ। ਇਸ ਮੂਵਰ ਤੋਂ ਬਾਅਦ ਨੈਕਸਟ ਟਾਈਮ ਸਾਨੂੰ ਮਿਲਣਾ ਚਾਹੀਦਾ ਹੈ।

ਸ੍ਰੀ ਸਪੀਕਰ : ਠੀਕ ਹੈ ਤੁਹਾਨੂੰ ਨੈਕਸਟ ਟਾਈਮ ਮਿਲ ਜਾਵੇਗਾ। ਬਾਕੀ ਸਾਰਿਆਂ ਨੂੰ ਟਾਈਮ ਮਿਲੇਗਾ। ਪ੍ਰੋਫੈਸਰ ਦਰਬਾਰੀ ਲਾਲ, ਤੁਸੀਂ ਇਸ ਉਤੇ ਬੋਲੋ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ ਕੇਂਦਰੀ) : ਸਪੀਕਰ ਸਾਹਿਬ, ਜਦੋਂ ਦੀ ਅਕਾਲੀ ਪਾਰਟੀ ਦੀ ਸਰਕਾਰ ਬਣੀ ਹੈ ਅਤੇ ਅਸੀਂ ਪਿਛੇ ਵੀ ਸੈਸ਼ਨ ਅਟੈਂਡ ਕਰਦੇ ਰਹੇ ਹਾਂ। ਅੱਜ ਇਸ ਸਮੁਚੇ ਪੰਜਾਬ ਵਿਚ ਮਹੌਲ ਨਜ਼ਰ ਆ ਰਿਹਾ ਹੈ। ਅਸੀਂ ਪਿਛਲੇ 5 ਸਾਲਾਂ ਦੀ ਸਿਆਸੀ ਦਲ ਦਲ ਵਿਚੋਂ ਪੰਜਾਬੀਆਂ ਨੂੰ ਕੱਢ ਕੇ ਔਰ ਪੁਰਾਣੇ ਪੰਜਾਬ ਨੂੰ ਸ਼ਕਤੀਸ਼ਾਲੀ ਅਤੇ ਖੁਸ਼ਹਾਲ ਅਤੇ ਪੰਜਾਬ ਅਤੇ ਪੰਜਾਬੀਅਤ ਦਾ ਨਾਂ ਉਸੇ ਤਰ੍ਹਾਂ ਫਿਰ ਉੱਚਾ ਕਰਨ ਦਾ ਇੰਤਜ਼ਾਮ ਕਰ ਰਹੇ ਹਾਂ ਜਿਵੇਂ ਪਹਿਲੇ ਸੀ। ਕਿਉਂਕਿ ਪਿਛਲੇ 5 ਸਾਲਾਂ ਦੇ ਦੌਰਾਨ ਕੁੱਝ ਇਸ ਤਰ੍ਹਾਂ ਦੀ ਕੁੜੱਤਣ ਭਰੀਆਂ ਗੱਲਾਂ ਹੋਈਆਂ ਹਨ ਜਿਸ ਦੇ ਰਿਜ਼ਲਟ ਬਹੁਤ ਗੱਲਤ ਨਿਕਲੇ ਹਨ ਅਤੇ ਪੰਜਾਬ ਦੇ ਹਾਲਾਤ ਬਹੁਤ ਮਾੜੇ ਹੋਏ ਹਨ ਜਿਸ ਤੋਂ ਵਾਪਸ ਨਹੀਂ ਜਾਇਆ ਜਾ ਸਕਦਾ ਸੀ। ਪਰ, ਸਪੀਕਰ ਸਾਹਿਬ, ਅੱਜ ਸਾਨੂੰ ਇਸ ਗੱਲ ਦਾ ਸਾਰਿਆਂ ਨੂੰ ਮਾਣ ਅਤੇ ਖੁਸ਼ੀ ਹੈ ਕਿ ਇਸ ਭਾਰਤ ਦੀ ਏਕਤਾ, ਅਖੰਡਤਾ ਅਤੇ ਮਹਾਨਤਾ ਲਈ ਸਾਰੇ ਪੰਜਾਬੀ ਇਕ ਮੁੱਠ ਹੋ ਕੇ ਖੜ੍ਹੇ ਹੋਏ ਹਨ ਅਤੇ ਇਸ ਤੋਂ ਸਾਨੂੰ ਇਕ ਆਸ ਨਜ਼ਰ ਆਈ ਹੈ। ਚਾਹੇ ਇਸ ਦੇ ਵਿਚ ਬੀ.ਜੇ.ਪੀ. ਨੇ ਹਿੱਸਾ ਲਿਆ ਹੈ ਔਰ ਚਾਹੇ ਜਨਤਾ ਪਾਰਟੀ ਕੁੱਝ ਪਿਛੇ ਹੱਟੀ ਹੈ ਪਰ ਸੀ.ਪੀ.ਆਈ. ਅਤੇ ਸੀ.ਪੀ.ਐਮ. ਨੇ ਪੂਰਾ ਸਾਥ ਦਿੱਤਾ ਹੈ। ਇਸ ਗੱਲ ਉਤੇ ਸਾਰੇ ਪੰਜਾਬੀਆਂ ਨੂੰ ਮਾਣ ਹੈ ਅਤੇ ਇਕ ਆਸ ਬਣੀ ਹੈ।

*10.57 A.M.

(ਇਸ ਸਮੇਂ *ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਮੈਂ ਇਸ ਬਾਰੇ ਭਾਰਤ ਦੇ ਪਿਛਲੇ ਇਤਿਹਾਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਇਹ ਸਮੱਸਿਆ ਪੈਦਾ ਕਿਉਂ ਹੋਈ ਅਤੇ ਕਿਸ ਤਰ੍ਹਾਂ ਦੀਆਂ ਘਟਨਾਵਾਂ ਸਾਡੇ ਸਾਹਮਣੇ ਆਈਆਂ ? ਡਿਪਟੀ ਸਪੀਕਰ ਸਾਹਿਬ, ਇਸ ਦੇਸ਼ ਵਿਚ ਕਦੇ ਇਕ ਕਮਿਊਨਿਟੀ ਦਾ ਰਾਜ ਨਹੀਂ ਰਿਹਾ ਹੈ। ਇਸ ਦੇਸ਼ ਦੇ ਵਿਚ ਕਦੇ ਆਰੀਆ ਲੋਕਾਂ ਨੇ ਰਾਜ ਕਾਇਮ ਕੀਤਾ ਅਤੇ ਕਦੇ ਸਨਤਮ, ਦਿਰਬਾ ਆਏ। ਜਦੋਂ ਜਦੋਂ ਹਿੰਦੂ ਧਰਮ ਦੇ ਵਿਚ ਗਿਰਾਵਟਾਂ ਆਈਆਂ ਤਾਂ ਕੁੱਝ ਨਵੀਆਂ ਸੰਸਥਾਵਾਂ ਪੈਦਾ ਹੋ ਗਈਆਂ।

[ਪ੍ਰੋਫੈਸਰ ਦਰਬਾਰੀ ਲਾਲ]

ਮਗਰ ਇਹ ਸਾਰਾ ਕੁੱਝ ਵਕਤ ਦੇ ਮੁਤਾਬਿਕ ਚੇਂਜ ਹੁੰਦਾ ਰਿਹਾ। ਜਿਸ ਦੇ ਨਾਲ ਇਥੇ ਬੁੱਧਇਜ਼ਮ, ਜੈਨਇਜ਼ਮ ਅਤੇ ਸਿੱਖਇਜ਼ਮ ਦੀਆਂ ਸੰਸਥਾਵਾਂ ਕਾਇਮ ਹੋਈਆਂ। ਸਿੱਖਇਜ਼ਮ ਨੇ ਸਾਰਿਆਂ ਨਾਲੋਂ ਵੱਧ ਕੰਟਰੀਬਿਊਸ਼ਨ ਰਾਜਨੀਤੀ ਵਿਚ ਪਾਈ ਅਤੇ ਪੰਜਾਬੀਆਂ ਨੇ ਪਾਈ। ਚਾਹੇ ਮੁਲਕ ਵਿਚ ਆਜ਼ਾਦੀ ਲੈਣ ਦਾ ਸਵਾਲ ਸੀ ਜਾਂ ਫੇਰ ਆਜ਼ਾਦੀ ਪ੍ਰਾਪਤ ਕਰਨ ਤੋਂ ਬਾਦ ਦੇਸ਼ ਦੀ ਆਰਥਿਕਤਾ ਅਤੇ ਐਗਰੀਕਲਚਰ ਦਾ ਅਤੇ ਨਿਰਮਾਣ ਦਾ ਸਵਾਲ ਸੀ ਇਸ ਦੇ ਵਿਚ ਪੰਜਾਬੀਆਂ ਨੇ ਬਹੁਤ ਵੱਡਾ ਰੋਲ ਅਦਾ ਕੀਤਾ ਅਤੇ ਦੇਸ਼ ਨੂੰ ਖੁਸ਼ਹਾਲ ਬਣਾਇਆ। ਜਿਸ ਤਰ੍ਹਾਂ ਸਾਡੇ ਨਾਲ ਇਥੇ ਹੋਇਆ ਹੈ ਉਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ 40 ਸਾਲ ਦੇ ਰਾਜ ਕਾਇਮ ਕਰਨ ਤੋਂ ਬਾਦ ਹੋਇਆ ਸੀ। ਮਹਾਰਾਜਾ ਦੀ ਮੌਤ ਤੋਂ ਬਾਦ ਸ਼ਾਹਇਜ਼ਮ ਪੈਦਾ ਹੋਇਆ ਅਤੇ ਉਨ੍ਹਾਂ ਨੇ ਸ਼ਰਾਰਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਕ ਦੂਜੇ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਕਦੇ ਕਿਸੇ ਰਾਜੇ ਨੂੰ ਮਾਰ ਦਿੱਤਾ ਅਤੇ ਕਦੇ ਕਿਸੇ ਦੂਜੇ ਮਨਿਸਟਰ ਨੂੰ ਮਾਰ ਦਿੱਤਾ ਅਤੇ ਕਿਸੇ ਨੇ ਦੂਜੇ ਦਾ ਖਜ਼ਾਨਾ ਲੁੱਟ ਲਿਆ ਅਤੇ ਕਿਸੇ ਨੇ ਦੂਜੇ ਨੂੰ ਨੁਕਸਾਨ ਪਹੁੰਚਾ ਦਿੱਤਾ। (ਵਿਘਨ)

ਇਹ ਲੋਕ ਇਕ ਦੂਜੇ ਨਾਲ ਮਿਲ ਕੇ ਪੰਜਾਬ ਨੂੰ ਨੁਕਸਾਨ ਕਰ ਰਹੇ ਹਨ। ਉਨ੍ਹਾਂ ਸਾਰਿਆਂ ਨੂੰ ਅਸੀਂ ਕੰਡੈਮ ਕਰ ਰਹੇ ਹਾਂ। ਉਸ ਤੋਂ ਬਾਅਦ ਸਾਨੂੰ ਮੌਕਾ ਨਾ ਮਿਲਿਆ। ਬਾਹਰਲੀ ਹਕੂਮਤ ਨੇ ਸਾਡੇ ਤੇ ਰਾਜ ਕੀਤਾ। ਡਿਪਟੀ ਸਪੀਕਰ ਸਾਹਿਬ, ਹੁਣ ਇਕ ਨਵਾਂ ਅਕਾਲੀ ਦਲ ਬਣਿਆਂ ਜਿਸ ਦਾ ਨਾਂ ਯੂਨਾਈਟਿਡ ਅਕਾਲੀ ਦਲ ਹੈ। (ਵਿਘਨ) ਇਨ੍ਹਾਂ ਦਾ ਕੰਮ ਹੈ ਕਿ "ਮੈਂ ਨਾ ਮਾਨੂੰ" ਅਕਾਲੀ ਦਲ ਕਹੋ ਤਾਂ ਠੀਕ ਹੈ। ਇਹ ਕੋਈ ਗੱਲ ਮੰਨਣ ਨੂੰ ਤਿਆਰ ਨਹੀਂ। ਇਸ ਰਿਪੋਰਟ ਵਿਚ ਕੀ ਲਿਖਿਆ ਹੈ। ਡਿਪਟੀ ਸਪੀਕਰ ਸਾਹਿਬ, ਰਿਪੋਰਟ ਮਗਰੋਂ ਆਉਂਦੀ ਹੈ ਪਰ ਇਹ ਨਾ ਪਹਿਲਾਂ ਕਰ ਦਿੰਦੇ ਹਨ। ਇਸ ਵੇਲੇ ਮੌਕਾ ਮਿਲਿਆ ਹੈ ਕਿ ਅਸੀਂ ਸਾਰੇ ਮਿਲਕੇ ਪੰਜਾਬ ਦੇ ਮਸਲੇ ਨੂੰ ਹੱਲ ਕਰੀਏ। ਅੱਤਵਾਦੀਆਂ ਨੂੰ ਬਾਹਰ ਕੱਢੀਏ। (ਵਿਘਨ)

ਗਿਆਨੀ ਅਰਜਨ ਸਿੰਘ ਲਿੱਟ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਇਨ੍ਹਾਂ ਕੋਲੋਂ ਤੁਸੀਂ ਹਾਂ ਕਰਾ ਲਓ, ਅਸੀਂ ਮੰਨ ਲੈਂਦੇ ਹਾਂ। (ਵਿਘਨ)

ਪ੍ਰੋਫੈਸਰ ਦਰਬਾਰੀ ਲਾਲ : ਡਿਪਟੀ ਸਪੀਕਰ ਸਾਹਿਬ, ਜਿਹੜੇ ਵਿਦੇਸ਼ੀ ਪਿੱਠੂ ਹਨ, ਉਨ੍ਹਾਂ ਦੀਆਂ ਚਾਲਾਂ ਵਿਚ ਨਹੀਂ ਆਉਣਾ ਚਾਹੀਦਾ। ਉਨ੍ਹਾਂ ਨੇ ਪੰਜਾਬ ਵਿਚ ਗੜਬੜ ਕੀਤੀ, ਪੰਜਾਬ ਵਿਚ ਨਿਹੱਥੇ ਲੋਕਾਂ ਦਾ ਖੂਨ ਕੀਤਾ। ਉਨ੍ਹਾਂ ਅਨਸਰਾਂ ਵਿਚੋਂ ਕੁਝ ਪਕੜੇ ਗਏ ਜਾਂ ਫਿਰ ਚਲੇ ਗਏ ਹਨ। ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਕੁਝ ਮੌਕਾ ਦਿੱਤਾ ਜਾਏ। ਉਹ ਆਪਣੇ ਹਥਿਆਰ ਪੁਲਿਸ ਕੋਲ ਜਮ੍ਹਾਂ ਕਰਾਉਣ ਔਰ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰਨ ਅਤੇ ਫਿਰ ਉਨ੍ਹਾਂ ਦੀ ਉਥੇ ਰਾਏ ਲਿਤੀ ਜਾਏ। ਜੇਕਰ ਉਹ ਨਾ ਮੰਨਣ ਤਾਂ ਜਿਹੜੀ ਜ਼ਬਾਨ ਉਹ ਬੋਲਦੇ ਹਨ, ਉਹ ਜ਼ਬਾਨ ਹੀ ਇਸਤੇਮਾਲ ਕੀਤੀ ਜਾਏ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਧਾਰਮਿਕ ਸਥਾਨ ਚਾਹੇ ਉਹ ਕਿਸੇ ਵੀ ਸੰਪਰਦਾਏ ਦੇ ਹਨ, ਪਵਿੱਤਰ ਹਨ। ਪੰਜਾਬ ਦੇ ਹਿੰਦੂ ਅਤੇ ਸਿੱਖਾਂ ਦਾ ਆਪਸ ਵਿਚ ਖੂਨ ਦਾ ਰਿਸ਼ਤਾ ਹੈ। ਰੋਟੀ ਬੇਟੀ ਦਾ ਰਿਸ਼ਤਾ ਹੈ। ਘਰ ਸਾਂਝੇ ਹਨ, ਪਰੰਪਰਾਵਾਂ ਸਾਂਝੀਆਂ ਹਨ, ਕਨਵੈਨਸ਼ਨਾਂ ਸਾਂਝੀਆਂ ਹਨ, ਅਤੇ ਤਿਉਹਾਰ ਸਾਂਝੇ ਹਨ। ਕੋਈ ਵੀ ਸ਼ਕਤੀ ਇਨ੍ਹਾਂ ਨੂੰ ਵਖਰਾ ਨਹੀਂ ਕਰ ਸਕਦੀ। ਅੱਤਵਾਦੀ ਹਿੰਦੂਆਂ ਤੇ ਸਿੱਖਾਂ ਨੂੰ ਆਪਸ ਵਿਚ ਲੜਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਹਿੰਦੂ ਅਤੇ ਸਿੱਖ ਇਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਏ। ਮੈਂ ਉਨ੍ਹਾਂ ਦੇ ਸਾਹਮਣੇ ਸਿਰ ਝੁਕਾਉਂਦਾ ਹਾਂ ਅਤੇ ਮੁਬਾਰਕਬਾਦ ਦਿੰਦਾ ਹਾਂ। 5 ਸਾਲ ਜ਼ੁਲਮ ਅਤੇ ਔਕੜਾਂ ਸਹਿੰਦੇ ਰਹੇ ਮਗਰ ਉਨ੍ਹਾਂ ਨੇ ਆਪਣੇ ਤੇ ਆਂਚ ਤਕ ਨਹੀਂ ਆਉਣ ਦਿਤੀ।

ਡਿਪਟੀ ਸਪੀਕਰ ਸਾਹਿਬ, ਧਾਰਮਿਕ ਸਥਾਨਾਂ ਦਾ ਇਤਿਹਾਸ ਹੈ ਜਿਹੜਾ ਹਿਸਟਰੀ ਦੇ ਪੰਨੇ ਫਰੋਲ ਕੇ ਦੇਖੀਏ ਤਾਂ ਪਤਾ ਲਗਦਾ ਹੈ ਕਿ ਧਾਰਮਿਕ ਜਗ੍ਹਾ ਤੇ ਕਦੇ ਵੀ ਲੋੜ ਨਹੀਂ ਪਈ ਕਿ ਫੌਜ ਜਾਂ ਪੁਲਿਸ ਭੇਜੀ ਜਾਵੇ ਪਰ ਜਿਸ ਜਗ੍ਹਾ ਤੇ ਧਰਮ ਦਾ ਕੰਮ ਛੱਡ ਕੇ ਧਰਮਾਂਧਤਾ ਸ਼ੁਰੂ ਹੋਵੇ, ਐਂਟੀ ਸੋਸ਼ਲ ਐਲੀਮੈਂਟਸ ਬੈਠੇ ਹੋਣ, ਤਾਂ ਕਈਆਂ ਸਰਕਾਰਾਂ ਨੇ ਉਥੇ ਐਕਸ਼ਨ ਲਿਆ ਹੈ। ਇਹ ਸਿਰਫ ਪੰਜਾਬ ਸਰਕਾਰ ਨੇ ਹੀ ਨਹੀਂ ਲਿਆ। ਇੰਗਲੈਂਡ ਵਿੱਚ 12ਵੀਂ ਸ਼ਤਾਬਦੀ ਵਿੱਚ ਜਦੋਂ ਐਂਟੀ ਸੋਸ਼ਲ ਐਲੀਮੈਂਟਸ ਲੁਟਮਾਰ ਕਰਕੇ, ਲੋਕਾਂ ਨੂੰ ਮਾਰ ਮਾਰ ਕੇ ਚਰਚ ਵਿੱਚ ਜਾਣ ਲੱਗ ਪਏ ਤਾਂ ਸਰਕਾਰ ਨੂੰ ਸਮਝ ਨਾ ਆਵ ਕਿ ਕੀ ਪੁਲਿਸ ਭੇਜੀ ਜਾਵੇ ਜਾਂ ਨਾ ਭੇਜੀ ਜਾਵੇ। ਫੇਰ ਲੰਡਨ ਵਿੱਚ ਲੋਕ ਇਕੱਠੇ ਹੋਏ ਅਤੇ ਉਨ੍ਹਾਂ ਨੇ ਅੰਦਰ ਜਾ ਕੇ ਐਂਟੀ ਸੋਸ਼ਲ ਐਲੀਮੈਂਟਸ ਨੂੰ ਬਾਹਰ ਕੱਢ ਦਿੱਤਾ। ਉਸ ਤੋਂ 800 ਸਾਲ ਬਾਅਦ ਅੱਜ ਤੱਕ ਕਦੇ ਲੋੜ ਨਹੀਂ ਪਈ ਕਿ ਉਥੇ ਕੋਈ ਕਾਰਵਾਈ ਕੀਤੀ ਜਾਵੇ ਅਤੇ ਨਾ ਹੀ ਕਿਸੇ ਨੇ ਉਥੇ ਸ਼ਰਣ ਲਈ ਹੈ। ਸਾਡੀ ਆਪਣੀ ਹੋਸ਼ ਵਿੱਚ ਆਜ਼ਾਦੀ ਤੋਂ ਪਹਿਲਾਂ ਸਰ ਸਿਕੰਦਰ ਹਯਾਤ ਦੀ ਇਕ ਬੇਲਚਾ ਪਾਰਟੀ ਬਣੀ ਅਤੇ ਉਹ ਇਸ ਦੇ ਪ੍ਰਾਈਮ ਮਨਿਸਟਰ ਬਣੇ ਸੀ। ਉਹ ਲੋਕ ਮੋਢਿਆਂ ਤੇ ਬੇਲਚੇ ਰੱਖ ਕੇ ਬਜ਼ਾਰਾਂ ਵਿੱਚ ਪਰੇਡਾਂ ਕਰਦੇ ਸਨ ਅਤੇ ਦੂਜੇ ਲੋਕਾਂ ਨੂੰ ਡਰਾਉਂਦੇ ਸਨ। ਉਨ੍ਹਾਂ ਨੇ ਕਈ ਜਗ੍ਹਾ ਤੇ ਲੋਕਾਂ ਨੂੰ ਮਾਰਿਆ। ਇਕ ਵਾਰੀ ਲੋਕ ਜ਼ਿਆਦਾ ਮਾਰੇ ਗਏ। ਫੇਰ ਉਹ ਲੋਕ ਮਾਰਨ ਵਾਲੇ ਸੁਨਹਿਰੀ ਮਸਜਿਦ ਵਿੱਚ ਲੁਕ ਗਏ। ਸਰ ਸਿਕੰਦਰ ਹਯਾਤ ਦੇ ਸਾਹਮਣੇ ਇਹ ਮਸਲਾ ਆਇਆ ਕਿ ਉਥੇ ਪੁਲਿਸ ਨੂੰ ਭੇਜਿਆ ਜਾਵੇ ਕਿ ਨਾ ਭੇਜਿਆ ਜਾਵੇ। ਉਹ ਸੋਚ ਵਿੱਚ ਪੈ ਗਏ। ਉਨ੍ਹਾਂ ਨੇ ਇਸਲਾਮ ਦੇ ਵਿਦਵਾਨਾਂ ਨੂੰ ਪੁਛਿਆ। ਉਨ੍ਹਾਂ ਦਸਿਆ ਕਿ ਹਜ਼ਰਤ ਮੁਹੰਮਦ ਸਾਹਿਬ ਨੂੰ ਇਕ ਆਦਮੀ ਬੜਾ ਭਲਾ ਬੁਰਾ ਕਹਿੰਦਾ ਸੀ। ਉਨ੍ਹਾਂ ਕੋਲ ਲੋਕੀ ਗਏ ਕਿ ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਉਨ੍ਹਾਂ ਕੁਝ ਨਾ ਕਿਹਾ। ਪਰ ਫੇਰ ਉਸ ਨੇ ਇਹ ਹਰਕਤ ਕੀਤੀ। ਫੇਰ ਉਨ੍ਹਾਂ ਨੂੰ ਦੱਸਿਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਉਸ ਆਦਮੀ ਨੂੰ ਫੜ ਕੇ ਮਾਰ ਦਿਓ। ਲੋਕਾਂ ਨੇ ਕਿਹਾ ਕਿ ਹਜ਼ਰਤ ਜੀ, ਉਹ ਤਾਂ ਕਾਬੇ ਦੇ ਅੰਦਰ ਹੈ। ਤਾਂ ਉਨ੍ਹਾਂ ਨੇ ਕਿਹਾ ਕਿ ਜੇ ਉਹ ਕਾਬੇ ਦੀ ਦੀਵਾਰ ਨੂੰ ਵੀ ਫੜ ਕੇ ਬੈਠਾ ਹੈ, ਤਾਂ ਵੀ ਉਸ ਦਾ ਸਿਰ ਕਲਮ ਕਰ ਦਿੱਤਾ ਜਾਵੇ। ਉਸ ਵੇਲੇ ਮਨ ਬਣਾਇਆ ਗਿਆ ਅਤੇ ਸੁਨਹਿਰੀ ਮਸਜਿਦ ਵਿੱਚ ਪੁਲਿਸ ਭੇਜੀ ਗਈ। ਢਾਈ ਦਿਨ ਦਾ ਕਰਫਿਊ ਲਗਾ ਅਤੇ ਫੇਰ ਮਸਜਿਦ ਦੀ ਪਵਿੱਤਰਤਾ ਕਾਇਮ ਕੀਤੀ ਗਈ। ਇਸ ਤੋਂ ਫੇਰ 7–8 ਸਾਲ ਬਾਅਦ ਦੋਬਾਰਾ ਮੱਕੇ ਤੇ ਕਬਜ਼ਾ ਕੀਤਾ ਗਿਆ ਤਾਂ ਬਾਦਸ਼ਾਹ ਨੇ ਪੁਲਿਸ ਭੇਜ ਕੇ ਐਂਟੀ ਸੋਸ਼ਲ ਐਲੀਮੈਂਟਸ ਨੂੰ ਬਾਹਰ ਕਢਾਇਆ। ਸਾਡੇ ਜ਼ਿਲ੍ਹੇ ਵਿੱਚ ਵੀ ਇਹ ਗੱਲ ਵਾਪਰੀ। ਇਹ ਕੰਮ ਇਥੇ ਪੁਲੀਟਿਕਲ ਇੰਟਰਸਟ ਦੀ ਖਾਤਰ ਚਲ ਪਿਆ ਜਿਸ ਨੂੰ ਕਿ ਰੋਕਣਾ ਚਾਹੀਦਾ ਸੀ। ਸਾਨੂੰ ਸਾਰੇ ਪੁਲੀਟਿਕਲ ਆਦਮੀਆਂ ਨੂੰ ਆਪਣਾ ਮਨ ਪੱਕਾ ਕਰ ਲੈਣਾ ਚਾਹੀਦਾ ਹੈ, ਅਤੇ ਨੈਰੋ-ਇੰਟਰੈਸਟਸ ਵਾਸਤੇ ਇਕ ਧਾਰਮਿਕ ਸਥਾਨ ਦੀ ਦੁਰਵਰਤੋਂ ਨਹੀਂ ਕਰਨੀ ਚਾਹੀਦੀ ਤਾਂ ਹੀ ਇਹ ਮਸਲਾ ਹਲ ਹੋਵੇਗਾ। ਏਥੇ ਨੈਕਸਟਲਾਈਟ ਮੂਵਮੈਂਟ ਵੀ ਚਲੀ ਸੀ। ਪਰ ਉਸ ਨੂੰ ਦਬਾਉਣ ਵਿੱਚ ਕਾਮਯਾਬ ਹੋ ਗਏ ਸੀ ਕਿਉਂਕਿ ਉਨ੍ਹਾਂ ਲੋਕਾਂ ਨੂੰ ਕਿਸੇ ਨੇ ਸ਼ਹਿ ਨਹੀਂ ਦਿੱਤੀ ਸੀ, ਸਰੋਪੇ ਨਹੀਂ ਦਿੱਤੇ, ਸ਼ਹੀਦ ਡਿਕਲੇਅਰ ਨਹੀਂ ਕੀਤਾ, ਘਰ ਬੁਲਾ ਕੇ ਜਗ੍ਹਾ ਨਹੀਂ ਦਿੱਤੀ ਤਾਂ ਉਹ ਲੋਕ ਕਾਬੂ ਆ ਗਏ। ਇਸ ਤਰ੍ਹਾਂ ਨੈਕਸੇਲਾਈਟ ਮੂਵਮੈਂਟ ਤੇ ਕਾਬੂ ਪਾ ਕੇ ਦੇਸ਼ ਨੂੰ ਬਚਾ ਲਿਆ ਗਿਆ। ਇਹ ਅੱਤਵਾਦ ਜਿਹੜਾ ਪੰਜਾਬ ਨੂੰ ਖਾ ਰਿਹਾ ਹੈ, ਉਸ ਨੇ ਸਾਡੇ ਸਾਹਮਣੇ ਕੁਝ ਸਵਾਲ ਖੜੇ ਕੀਤੇ ਹਨ ਕਿ ਹੁਣ ਕੀ ਬਾਕੀ ਦੀ ਜ਼ਿੰਦਗੀ ਸਾਨੂੰ ਸੰਗੀਨਾਂ ਦੇ ਸਾਏ ਥੱਲੇ ਬਸਰ ਕਰਨੀ ਪਵੇਗੀ, ਕਿ ਕੀ ਰੋਜ਼ ਅਸੀਂ ਦੇਖਾਂਗੇ ਕਿ ਨਿਹੱਥੇ, ਮਾਸੂਮ ਲੋਕਾਂ ਦੇ ਕਤਲ ਹੋ ਰਹੇ ਹਨ, ਉਨ੍ਹਾਂ ਦੇ ਖ਼ੂਨ ਨਾਲ ਅਖਬਾਰਾਂ ਦੇ ਪੰਨੇ ਲਥਪਥ ਹੋਏ ਪਏ ਹਨ, ਕੀ ਰੋਜ਼ ਸੁਣਾਂਗੇ ਕਿ ਮਾਵਾਂ, ਭੈਣਾਂ, ਬੱਚਿਆਂ

[ਪ੍ਰੋਫੈਸਰ ਦਰਬਾਰੀ ਲਾਲ]

ਅਤੇ ਪਰਵਾਰਾਂ ਨੂੰ ਕਤਲ ਕਰ ਦਿੱਤਾ ਗਿਆ ਹੈ। ਅਤੇ ਕੀ ਪੁਲੀਟਿਕਲ ਆਦਮੀ ਤਮਾਸ਼ਾਈ ਬਣ ਕੇ ਚੁਪਚਾਪ ਵੇਖਦੇ ਰਹਿਣਗੇ। ਸਾਨੂੰ ਨਿਕਲਣਾ ਪਵੇਗਾ, ਆਪਣਾ ਮਨ ਪੁਖਤਾ ਕਰਨਾ ਪਵੇਗਾ। ਜਦੋਂ ਹੁਣ ਪਾਰਲੀਮੈਂਟ ਵਿੱਚ ਡਿਸਕਸ਼ਨ ਹੋਈ ਪੰਜਾਬ ਦੇ ਮਸਲੇ ਤੇ ਤਾਂ ਤਮਾਮ ਨੇਤਾਵਾਂ ਨੇ ਚਾਹੇ ਉਹ ਕਾਂਗਰਸ ਦੇ ਸੀ, ਜਨਤਾ ਪਾਰਟੀ ਦੇ, ਭਾਰਤੀ ਜਨਤਾ ਪਾਰਟੀ ਦੇ, ਸੀ.ਪੀ.ਆਈ. ਦੇ ਸੀ ਜਾਂ ਸੀ.ਪੀ.ਆਈ. (ਐਮ.)ਦੇ ਸੀ, ਉਨ੍ਹਾਂ ਨੇ ਕਿਹਾ ਕਿ ਹੁਣ ਮੌਕਾ ਮਿਲਿਆ ਹੈ ਕਿ ਪੰਜਾਬ ਦੇ ਮਸਲੇ ਨੂੰ ਹੱਲ ਕੀਤਾ ਜਾਵੇ। ਉਨ੍ਹਾਂ ਨੇ ਬਰਨਾਲਾ ਜੀ ਦੀ ਖੁਲ੍ਹ ਕੇ ਪ੍ਰਸ਼ੰਸਾ ਕੀਤੀ ਤਾਂ ਇਹ ਸਾਬਤ ਹੋ ਗਿਆ ਕਿ ਸਾਰਾ ਦੇਸ਼ ਉਨ੍ਹਾਂ ਦੀ ਪਿੱਠ ਤੇ ਖੜਾ ਹੋਇਆ ਹੈ । ਮਗਰ ਜਿਸ ਵੇਲੇ ਅਸੀਂ ਇਹ ਦੇਖਿਆ ਕਿ ਇਨ੍ਹਾਂ ਨੂੰ ਅੰਮ੍ਰਿਤਸਰ ਵਿਚ ਤਨਖਾਈਆ ਘੋਸ਼ਿਤ ਕੀਤਾ ਗਿਆਹੈ, ਡਿਪਟੀ ਸਪੀਕਰ ਸਾਹਿਬ, ਬੜੇ ਬੜੇ ਸਿੱਖ ਇਤਿਹਾਸ ਦੇ ਵਿਦਵਾਨ ਇਥੇ ਬੈਠੇ ਹਨ ਔਰ ਮੈਂ ਵੀ ਸਿੱਖ ਹਿਸਟਰੀ ਪੜ੍ਹਦਾ ਰਿਹਾ ਹਾਂ । ਇਹ ਤਨਖਾਈਏ ਸ਼ਬਦ ਵਰਤਣ ਦੀ ਕਿਉਂ ਜ਼ਰੂਰਤ ਪਈ ਕਿਉਂ ਕਿਹਾ ਗਿਆ ਕਿਸੇ ਆਦਮੀ ਨੇ ਪਹਿਲੀ ਵਾਰੀ ਇਸ ਤਰ੍ਹਾਂ ਕਿਹਾ ਹੈ। ਜਿਥੋਂ ਤਕ ਹਿਸਟਰੀ ਦਾ ਰਿਕਾਰਡ ਹੈ, ਮੈਂ ਆਪ ਜੀ ਦੇ ਸਾਹਮਣੇ ਇਹ ਗਲ ਲਿਆਉਣਾ ਚਾਹੁੰਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਜਿਸ ਵੇਲੇ ਆਨੰਦਪੁਰ ਸਾਹਿਬ ਦੀ ਲੜਾਈ ਵਿਚ ਦੁਸ਼ਮਣਾਂ ਵਿਚ ਘਿਰ ਗਏ ਤਾਂ ਉਸ ਵੇਲੇ ਉਨ੍ਹਾਂ ਦੇ ਸਾਥੀ ਜਾਣਾ ਚਾਹੁੰਦੇ ਸਨ, ਉਹ ਡਰ ਗਏ। ਉਨ੍ਹਾਂ ਨੇ ਕਿਹਾ ਕਿ ਲੜਾਈ ਬੰਦ ਕਰਨੀ ਚਾਹੀਦੀ ਹੈ। ਗੁਰੂ ਜੀ ਨੇ ਕਿਹਾ ਕਿ ਤੁਸੀਂ ਤਨਖਾਈਆ ਹੋ ਜਾਂ ਸੇਵਕ ਹੋ। ਮੈਨੂੰ ਸੇਵਕਾਂ ਦੀ ਲੋੜ ਹੈ, ਜੋ ਕਿ ਆਪਣੇ ਮੁਲਕ ਨੂੰ ਬਚਾਉਣ ਵਾਸਤੇ ਲੜਨ। ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਅਨੁਸਾਰ ਇਹ ਜੋ ਹਿੰਦੂ-ਸਿੱਖ ਏਕਤਾ ਵਾਸਤੇ ਲੜ ਰਹੇ ਹਨ, ਸਰਦਾਰ ਸੁਰਜੀਤ ਸਿੰਘ ਬਰਨਾਲਾ ਜੀ, ਜੋ ਹਿੰਦੂ ਸਿੱਖ ਏਕਤਾ ਵਾਸਤੇ ਲੜ ਰਹੇ ਹਨ, ਇਹ ਅਸਲੀ ਸਿੱਖ ਹਨ (ਥੰਪਿੰਗ) ਮੈਂ ਇਸ ਦੀ ਤਾਈਦ ਕਰਦਾ ਹਾਂ। ਧੰਨਵਾਦ।

ਸਰਦਾਰ ਸੁਖਦੇਵ ਸਿੰਘ ਢੀਂਡਸਾ (ਸੁਨਾਮ) : ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਇਸ ਰੈਜ਼ੋਲਿਊਸ਼ਨ ਵਿਚ ਇਕ ਅਮੈਂਡਮੈਂਟ ਪੇਸ਼ ਕਰਨਾ ਚਾਹੁੰਦਾ ਹਾਂ। ਸਪੀਕਰ ਸਾਹਿਬ ਦਾ ਹੁਕਮ ਸੀ ਕਿ ਬੋਲਣ ਵੇਲੇ ਇਹ ਕਰ ਲਈਓ। ਮੈਂ ਪੰਜਾਬੀ ਵਿਚ ਪੜ੍ਹਦਾ ਹਾਂ :--

"ਇਹ ਸਦਨ ਭਾਰਤ ਦੀ ਏਕਤਾ, ਅਖੰਡਤਾ ਅਤੇ ਇਕ ਮੁੱਠਤਾ ਲਈ ਅਤੇ ਸੰਪਰਦਾਇਕ ਸਦਭਾਵਨਾ ਵਿਚ ਆਪਣਾ ਸਦੀਵੀ ਵਿਸ਼ਵਾਸ ਪ੍ਰਗਟ ਕਰਨ ਲਈ ਸੱਚੇ ਦਿਲੋਂ ਇਸ ਦੇ ਸਪੁਰਦ ਧਾਰਮਕ, ਨੈਤਿਕ, ਸੰਵਿਧਾਨਕ ਅਤੇ ਰਾਜਨੀਤਕ ਸਾਧਨਾਂ ਨੂੰ ਗਤੀਸ਼ੀਲ ਕਰਨ ਲਈ ਪੰਜਾਬ ਰਾਜ ਅਤੇ ਇਸ ਦੇ ਲੋਕਾਂ ਨੂੰ ਮੁੜ-ਸਮਰਪਤ ਕਰਨ ਵਾਸਤੇ ਮਤਾ ਪਕਾਉਂਦਾ ਹੈ। ਇਹ ਹਰ ਪ੍ਰਕਾਰ ਦੇ ਅੱਤਵਾਦ ਦੀ ਘੋਰ ਨਿੰਦਾ ਕਰਦਾ ਹੈ, ਸਰਕਾਰੀ ਹਜੂਮੀ ਅਤੇ ਵਿਅਕਤੀਗਤ।"

ਡਿਪਟੀ ਸਪੀਕਰ ਸਾਹਿਬ, ਪਹਿਲਾਂ ਉਪਰ "ਧਾਰਮਿਕ" ਅਤੇ ਅਖੀਰ ਵਿਚ "ਸਰਕਾਰੀ, ਹਜੂਮੀ ਅਤੇ ਵਿਅਕਤੀਗਤ" ਇਹ ਲਫਜ਼ ਇਸ ਵਿਚ ਐਡ ਕਰ ਲਏ ਜਾਣ।

ਡਿਪਟੀ ਸਪੀਕਰ ਸਾਹਿਬ, ਅੱਜ ਇਹ ਮਤਾ ਕਿਉਂ ਲਿਆਉਣਾ ਪਿਆ? ਇਸ ਦਾ ਕਾਰਨ ਕੀ ਸੀ? ਇਸ ਦੇ ਪਿਛੋਕੜ ਵਿਚ ਦੇਖੋ ਹਾਲਾਂ ਕਿ ਕਿਸੇ ਨੇ ਨਹੀਂ ਕਿਹਾ ਕਿ ਅਖੰਡਤਾ ਵਿਚ ਵਿਸ਼ਵਾਸ ਨਹੀਂ ਕੀਤਾ। ਕਿਸੇ ਪੁਲੀਟੀਕਲ ਪਾਰਟੀ ਨੇ ਨਹੀਂ ਕਿਹਾ ਕਿ ਮੁਲਕ ਤੋਂ ਵਖਰਾ ਹੋਣਾ ਚਾਹੀਦਾ ਹੈ। ਇਸ ਦੇ ਬਾਵਜੂਦ ਇਹ ਕਿਉਂ ਇਥੇ ਲਿਆਂਦਾ ਗਿਆ ਹੈ। ਕਿਉਂ ਇਨ੍ਹਾਂ ਨੂੰ ਖਦਸ਼ੇ ਪੈਦਾ

ਹੋ ਗਏ। ਜਦੋਂ ਆਜ਼ਾਦੀ ਦੀ ਲੜਾਈ ਲੜੀ ਗਈ ਉਸ ਵੇਲੇ ਹਿੰਦੁਸਤਾਨ ਦੇ ਲੋਕਾਂ ਨੂੰ ਸੈਂਟਰ ਵਿਚ ਅੱਜ ਦੀ ਰਾਜ ਕਰਨ ਵਾਲੀ ਪਾਰਟੀ ਨੇ ਵਿਸ਼ਵਾਸ ਦਿਵਾਇਆ ਸੀ ਔਰ ਖਾਸ ਕਰਕੇ ਸਿੱਖਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਤੁਸੀਂ ਹਿੰਦੁਸਤਾਨ ਵਿਚ ਖੁਸ਼ੀ ਨਾਲ ਰਹਿ ਸਕੋਗੇ। ਇਕ ਖਿੱਤਾ ਐਸਾ ਹੋਏਗਾ ਜਿਥੇ ਤੁਸੀਂ ਆਪਣੀ ਆਜ਼ਾਦੀ ਦਾ ਮੁਲ ਲੈ ਸਕੋਗੇ ਲੇਕਿਨ ਜਦੋਂ ਮੁਲਕ ਆਜ਼ਾਦ ਹੋਇਆ ਔਰ ਕਾਂਗਰਸ ਰਾਜ ਸੱਤਾ ਵਿਚ ਆਈ ਉਸ ਨੇ ਵਿਧਾਨਿਕ ਸੋਧਾਂ ਕਰਕੇ ਬੋਲੀਆਂ ਦੇ ਆਧਾਰ ਤੇ ਜੋ ਇਥੇ ਮਿਨਾਰਿਟੀਜ਼ ਸਨ ਜੋ ਉਸ ਅਧਾਰ ਤੇ ਇਥੇ ਸੂਬੇ ਸਨ ਉਹ ਇਨ੍ਹਾਂ ਨਾਲ ਮੇਲ ਨਹੀਂ ਖਾਂਦੇ ਸਨ। ਉਨ੍ਹਾਂ ਸੂਬਿਆਂ ਦੇ ਅੰਦਰ ਇਨ੍ਹਾਂ ਨੇ ਹਫੜਾ ਦਫੜੀ ਮਚਾ ਦਿੱਤੀ। ਪਹਿਲਾਂ ਤਾਂ ਬੋਲੀ ਦੇ ਆਧਾਰ ਤੇ ਪੰਜਾਬੀ ਸੂਬਾ ਨਹੀਂ ਦਿੱਤਾ। ਫਿਰ ਜਦੋਂ ਸ਼੍ਰੋਮਣੀ ਅਕਾਲੀ ਦਲ ਨੇ ਜ਼ੋਰ ਲਾਇਆ ਤਾਂ 1967 ਵਿਚ ਪੰਜਾਬੀ ਸੂਬਾ ਦਿੱਤਾ ਗਿਆ। ਔਰ ਅੱਜ ਪੰਜਾਬ ਦੇ ਲੋਕਾਂ ਨੂੰ ਕਿਹਾ ਜਾ ਰਿਹਾ ਹੈ ਜਿਨ੍ਹਾਂ ਨੇ ਮੁਲਕ ਦੀ ਅਖੰਡਤਾ ਲਈ, ਮੁਲਕ ਦੀ ਆਜ਼ਾਦੀ ਲਈ ਕਿੰਨਾਂ ਹਿੱਸਾ ਪਾਇਆ। ਕਿੰਨੀਆਂ ਕੁਰਬਾਨੀਆਂ ਮੁਲਕ ਦੀ ਖਾਤਰ ਦਿੱਤੀਆਂ। ਪਰ ਅੱਜ ਉਸ ਨੂੰ ਇਹ ਭੁੱਲ ਗਏ ਹਨ। ਅੱਜ ਇਹ ਲੋਕ (ਆਪੋਜ਼ੀਸ਼ਨ ਵੱਲ ਇਸ਼ਾਰਾ), ਆਪੋਜ਼ੀਸ਼ਨ ਪਾਰਟੀਆਂ ਇਸ ਗੱਲ ਵਿਚ ਲੱਗੀਆਂ ਹੋਈਆਂ ਹਨ ਕਿ ਸਿੱਖਾਂ ਨੂੰ ਬਦਨਾਮ ਕੀਤਾ ਜਾਵੇ, ਉਨ੍ਹਾਂ ਪ੍ਰਤੀ ਲੋਕਾਂ ਵਿਚ ਨਫਰਤ ਪੈਦਾ ਕੀਤੀ ਜਾਵੇ। ਕਿ ਉਹ ਮੁਲਕ ਦੀ ਅਖੰਡਤਾ ਨਹੀਂ ਰਖਣਾ ਚਾਹੁੰਦੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸ੍ਰੀਮਤੀ ਇੰਦਰਾ ਗਾਂਧੀ ਨੇ ਐਮਰਜੈਂਸੀ ਲਗਾਈ ਸੀ ਤਾਂ ਉਸ ਵੇਲੇ ਉਸ ਦੇ ਵਿਰੁੱਧ ਕਿਸ ਨੇ ਆਵਾਜ਼ ਉਠਾ-ਈ ਸੀ? ਕਿਸ ਨੇ ਉਸ ਦੇ ਵਿਰੁੱਧ ਲੜਾਈ ਕੀਤੀ ਸੀ? ਕਿਸ ਨੇ ਮੋਰਚਾ ਲਾਇਆ ਸੀ? ਤੁਸੀਂ ਇਨ੍ਹਾਂ ਗੱਲਾਂ ਨੂੰ ਨਾ ਭੁਲੋ। ਤੁਸੀਂ ਪਿਛੋਕੜ ਤੇ ਝਾਤੀ ਮਾਰੋ। ਤੁਹਾਨੂੰ ਇਹ ਮਤਾ ਲਿਆਉਣ ਦੀ ਲੋੜ ਕਿਉਂ ਪਈ?

ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮਾਈਨਾਰੇਟੀਜ਼ ਜਿੰਨੀਆਂ ਹਨ, ਉਨ੍ਹਾਂ ਬਾਰੇ ਪ੍ਰਧਾਨ ਮੰਤਰੀ ਦਾ ਪਾਰਲੀਮੈਂਟ ਵਿਚ ਬਿਆਨ ਆਇਆ ਕਿ ਮੇਰੀ ਸਰਕਾਰ ਮਾਈਨਾਰੇਟੀਜ਼ ਨੂੰ ਮੇਨ ਸਟਰੀਮ ਵਿਚ ਲਿਆਉਣਾ ਚਾਹੁੰਦੀ ਹੈ। ਇਸ ਦਾ ਮਤਲਬ ਇਹ ਹੋਇਆ ਕਿ ਮਾਈ-ਨਾਰੇਟੀਜ਼ ਪ੍ਰਧਾਨ ਮੰਤਰੀ ਦੇ ਮੁਤਾਬਿਕ ਅਜੇ ਤੱਕ ਮੇਨ ਸਟਰੀਮ ਵਿਚ ਨਹੀਂ ਆਈਆਂ। ਕਿਉਂ ਨਹੀਂ ਆਈਆਂ? ਕਿਉਂਕਿ ਖਦਸ਼ਾ ਹੈ, ਕਿਉਂਕਿ ਉਨ੍ਹਾਂ ਉਤੇ ਜ਼ੁਲਮ ਹੋ ਰਹੇ ਹਨ, ਉਨ੍ਹਾਂ ਉਤੇ ਅਤਿਆਚਾਰ ਹੋ ਰਹੇ ਹਨ, ਉਨ੍ਹਾਂ ਨਾਲ ਬੇਇਨਸਾਫੀ ਹੋ ਰਹੀ ਹੈ। ਮੈਂ ਸਿਰਫ ਪੰਜਾਬ ਦੀ ਹੀ ਗੱਲ ਕਰਾਂਗਾ ਕਿਉਂਕਿ ਮੈਨੂੰ ਟਾਈਮ ਥੋੜ੍ਹਾ ਦਿਤਾ ਹੈ। ਅੱਜ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ 1978 ਦੀ ਗੱਲ ਕੀਤੀ ਕਿ ਉਦੋਂ ਨਿਰੰਕਾਰੀਆਂ ਅਤੇ ਅਕਾਲੀਆਂ ਦਾ ਝਗੜਾ ਹੋਇਆ ਸੀ। ਡਾਕਟਰ ਸਾਹਿਬ ਬੈਠੇ ਹਨ, ਅੱਜ ਉਹ ਅੱਛਾ ਬੋਲੇ ਹਨ, ਮੈਂ ਉਨ੍ਹਾਂ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਦਰਬਾਰਾ ਸਿੰਘ ਦੀ ਮਨਿਸਟਰੀ ਵਿਚ ਉਹ ਦੋ ਨੰਬਰ ਦੇ ਮਨਿਸਟਰ ਸਨ, ਅਖਬਾਰਾਂ ਵਿਚ ਇਹ ਗੱਲ ਆਈ ਕਿ ਇਨ੍ਹਾਂ ਨੇ ਮੋਹਾਲੀ ਕੋਠੀ ਦੇ ਵਿਚ ਮੀਟਿੰਗ ਕਰਕੇ ਮੰਦਰਾਂ ਵਿਚ ਗਊਆਂ ਦੀਆਂ ਪੂਛਾਂ ਅਤੇ ਸਿੰਗ ਅਤੇ ਗੁਰਦੁਆਰਿਆਂ ਵਿਚ ਸਿਗਰਟਾਂ ਸੁਟਵਾਈਆਂ। (ਡਾਕਟਰ ਕੇਵਲ ਕ੍ਰਿਸ਼ਨ ਬੈਠ, ਬੈਠੇ : ਇਹ ਬਿਲਕੁਲ ਗਲਤ ਹੈ।) ਇਹ ਕੁੜੱਤਣ ਕਿਸ ਨੇ ਪੈਦਾ ਕੀਤੀ? ਲੇਕਿਨ, ਡਿਪਟੀ ਸਪੀਕਰ ਸਾਹਿਬ, ਇਸ ਮਸਲੇ ਦੇ ਹੱਲ ਦੇ ਕੁਝ ਆਸਾਰ ਨਜ਼ਰ ਆਏ ਸਨ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇਕੱਠ ਕਰਨ ਵਾਸਤੇ ਅਕਾਲ ਤਖਤ ਤੋਂ ਆਵਾਜ਼ ਦਿੱਤੀ ਸੀ ਕਿ ਜਿਹੜੇ ਵੀ ਲੋਕ ਵੱਖੋ ਵੱਖਰੇ ਥਾਂ ਬੈਠੇ ਹਨ ਉਹ ਇਕੱਠੇ ਹੋ ਜਾਣ ਤਾਕਿ ਇਸ ਮਸਲੇ ਦਾ ਹੱਲ ਕਰ ਸਕੀਏ। ਪੰਜਾਬ ਦਾ ਭਲਾ ਕਰ ਸਕੀਏ ਅਤੇ ਸਿੱਖਾਂ ਦੀ ਜੋ ਬਦਨਾਮੀ ਹੋ ਰਹੀ ਹੈ ਉਹ ਠੀਕ ਹੋ ਸਕੇ।

[ਸਰਦਾਰ ਸੁਖਦੇਵ ਸਿੰਘ ਢੀਂਡਸਾ]

ਲੇਕਿਨ ਇਨ੍ਹਾਂ ਨੂੰ (ਆਪੋਜ਼ੀਸ਼ਨ ਵੱਲ ਇਸ਼ਾਰਾ) ਇਹ ਮਨਜ਼ੂਰ ਨਹੀ ਸੀ, ਇਹ ਬੈਠੇ ਹਨ। ਡਿਪਟੀ ਸਪੀਕਰ ਸਾਹਿਬ, ਇਹ ਗੱਲ ਅਖਬਾਰਾਂ ਵਿਚ ਆਈ ਹੈ ਕਿ ਜਦੋਂ ਇਸ ਬਾਰੇ ਦਿੱਲੀ ਪਤਾ ਲੱਗਾ ਕਿ ਸੁਰਜੀਤ ਸਿੰਘ ਬਰਨਾਲਾ ਅਕਾਲ ਤਖਤ ਤੇ ਪੇਸ਼ ਹੋਣ ਜਾ ਰਹੇ ਹਨ ਤਾਂ ਟੈਲੀਫੋਨ ਖੜਕ ਗਏ, ਤਾਰਾਂ ਖੜਕ ਗਈਆਂ ਕਿ ਨਹੀਂ ਜਾਣਾ। ਡਿਪਟੀ ਸਪੀਕਰ ਸਾਹਿਬ, ਇਹ ਪਹਿਲਾ ਮੌਕਾ ਹੈ ਕਿ ਕਿਸੇ ਸਿੱਖ ਨੇ ਅਕਾਲ ਤਖਤ ਨੂੰ ਡਿਫਾਈ ਕੀਤਾ ਹੈ। (ਸ਼ੇਮ, ਸ਼ੇਮ ਦੀਆਂ ਆਵਾਜ਼ਾ) ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੀ ਮਨਿਸਟਰੀ ਵਿਚ ਉਹ ਦੋ ਨੰਬਰ ਦੇ ਮਨਿਸਟਰ ਹਨ ਜਿਹੜੇ ਆਪਣੇ ਆਪ ਨੂੰ ਸੁਪਰ ਚੀਫ ਮਨਿਸਟਰ ਕਹਿੰਦੇ ਹਨ। ਤੁਸੀਂ ਮੇਰੀ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਸਾਰੀਆਂ ਪਾਲਿਸੀ ਸਟੇਟਮੈਂਟ ਸਰਦਾਰ ਬਲਵੰਤ ਸਿੰਘ ਦਿੰਦਾ ਹੈ। ਉਸ ਨੇ ਆਪਣੇ ਹਲਕੇ ਵਿਚ ਕਿਹਾ ਸੀ ਕਿ ਇਹ ਪਹਿਲਾ ਮੌਕਾ ਹੈ ਕਿ ਅਕਾਲ ਤਖਤ ਤੇ ਅਕਾਲੀ ਫੂਲਾ ਸਿੰਘ ਤੋਂ ਬਾਅਦ ਇਕ ਐਸਾ ਜੱਥੇਦਾਰ ਨਿਯੁਕਤ ਹੋਇਆ ਹੈ, ਜਿਸ ਦਾ ਕਿਸੇ ਨੂੰ, ਸਰਕਾਰ ਨੂੰ ਇਤਰਾਜ਼ ਨਹੀਂ। ਅਕਾਲ ਤਖਤ ਦੇ ਜੱਥੇਦਾਰ ਦੇ ਸਾਹਮਣੇ ਹਥਿਆਰ ਸੁੱਟ ਦਿਓ। ਡਿਪਟੀ ਸਪੀਕਰ ਸਾਹਿਬ, ਇਹ ਸਰਦਾਰ ਬਲਵੰਤ ਸਿੰਘ ਨੇ ਕਿਹਾ ਸੀ। ਹੁਣ ਇਹ (ਆਪੋਜ਼ੀਸ਼ਨ ਵੱਲ ਇਸ਼ਾਰਾ) ਜਥੇਦਾਰ ਸਾਹਿਬ ਦੇ ਬਾਰੇ ਕਦੇ ਕੁਝ ਕਹਿੰਦੇ ਹਨ ਅਤੇ ਕਦੇ ਕੁਝ ਕਹਿੰਦੇ ਹਨ। ਕਦੇ ਇਹ ਕਹਿੰਦੇ ਹਨ ਕਿ ਉਥੇ ਅੱਤਵਾਦੀ ਰਹਿੰਦੇ ਹਨ। ਕਦੇ ਇਹ ਕਹਿੰਦੇ ਹਨ ਕਿ ਅਕਾਲ ਤਖਤ ਦੇ ਜੱਥੇਦਾਰ ਨੂੰ ਖਾੜਕੂਆਂ ਦੀ ਸਪੋਰਟ ਹੈ। ਅਸੀਂ ਸਮਝਦੇ ਸੀ ਕਿ ਹਾਲਾਤ ਠੀਕ ਹੋ ਜਾਣਗੇ। ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਦਿਨ ਐਸਾ ਸੀ ਕਿ ਇਹ ਮੇਰੇ ਭਰਾ ਡਾਕਟਰ ਸਾਹਿਬ ਬੈਠੇ ਹਨ, ਇਨ੍ਹਾਂ ਦੀ ਪਾਰਟੀ, ਬੀ.ਜੇ.ਪੀ. ਵਾਲੇ ਬੈਠੇ ਹਨ, ਇਨ੍ਹਾਂ ਦੀ ਪਾਰਟੀ, ਇਹ ਬੜੇ ਜ਼ੋਰ ਨਾਲ ਕਹਿੰਦੇ ਸਨ ਕਿ ਬਰਨਾਲਾ ਮਾੜਾ ਹੈ ਇਸ ਨੂੰ ਫਟਾ ਫਟ ਬਦਲ ਦਿਓ। ਇਥੇ ਗਵਰਨਰ ਰੂਲ ਕਰ ਦਿਓ, ਇਸ ਦਾ ਹੋਰ ਕੋਈ ਹੱਲ ਨਹੀਂ ਲੇਕਿਨ ਰਾਤੋ ਰਾਤ ਜਿਸ ਦਿਨ ਉਨ੍ਹਾਂ ਨੇ ਅਕਾਲ ਤਖਤ ਨੂੰ ਡਿਫਾਈ ਕੀਤਾ ਉਸ ਦਿਨ ਰਾਤੋ ਰਾਤ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੁਨੀਆਂ ਦਾ ਸਭ ਤੋਂ ਵੱਡਾ ਸਿਆਣਾ ਬੰਦਾ ਬਣ ਗਿਆ। ਤੁਸੀਂ ਉਨ੍ਹਾਂ ਨੂੰ ਅਕਾਲ ਤਖਤ ਤੋਂ ਡਿਫਾਈ ਕਰਨ ਵਾਸਤੇ ਸਪੋਰਟ ਦਿੱਤੀ। ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਖੇਲ ਬਹੁਤ ਖ਼ਤਰਨਾਕ ਹੈ, ਇਹ ਖੇਲ ਨਾ ਖੇਲੋ। ਅਕਾਲ ਤਖ਼ਤ ਸਾਹਿਬ ਨੂੰ ਜਿਸ ਨੇ ਵੀ ਪਿੱਠ ਦਿੱਤੀ ਹੈ ਉਸ ਬੰਦੇ ਨੂੰ ਕਦੀ ਕੋਈ ਕਾਮਯਾਬੀ ਹਾਸਲ ਨਹੀਂ ਹੋਈ। ਇਨ੍ਹਾਂ ਨੂੰ ਵੀ ਕਾਮਯਾਬੀ ਨਹੀਂ ਹੋਣੀ ਅਤੇ ਨਾ ਹੀ ਤੁਸੀਂ ਇਨ੍ਹਾਂ ਨੂੰ ਕਾਮਯਾਬ ਕਰ ਸਕਦੇ ਹੋ। (ਥੰਪਿੰਗ) ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਐਸਾ ਬੀਜ ਬੋਇਆ ਜਾ ਰਿਹਾ ਹੈ ਜਿਸ ਦੇ ਕੰਡੇ ਚੁਗਣੇ ਪੈਣਗੇ। ਇਸ ਤਰ੍ਹਾਂ ਦਾ ਰਵੱਈਆ ਨਾ ਕਰੋ। ਲੁਧਿਆਣੇ ਜਿਹੜੀ ਆਲ ਪਾਰਟੀ ਰੈਲੀ ਹੋਈ ਸੀ ਉਸ ਦੇ ਵਿੱਚ ਆਪੋਜ਼ੀਸ਼ਨ ਪਾਰਟੀਆਂ ਵਿੱਚੋਂ ਵੀ ਕਈ ਪਾਰਟੀਆਂ ਉਸ ਦੇ ਵਿੱਚ ਸ਼ਾਮਲ ਨਹੀਂ ਹੋਈਆਂ। ਮੈਨੂੰ ਦੱਸਣ ਵਿੱਚ ਖੁਸ਼ੀ ਹੈ ਕਿ ਜਨਤਾ ਪਾਰਟੀ ਲੁਧਿਆਣੇ ਵਿੱਚ ਨਹੀਂ ਗਈ। ਮੈਂ ਇਹ ਵੀ ਖੁਸ਼ੀ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਸ੍ਰੀ ਚੰਦਰ ਸ਼ੇਖਰ ਜੀ ਜਿਹੜੇ ਕਿ ਹਿੰਦੁਸਤਾਨ ਦੇ ਮੰਨੇ ਪ੍ਰਮੰਨੇ ਲੀਡਰ ਹਨ ਉਨ੍ਹਾਂ ਨੇ ਵੀ ਕਿਹਾ ਕਿ ਅਕਾਲ ਤਖ਼ਤ ਸਾਹਿਬ ਨਾਲ ਟੱਕਰ ਮੱਤ ਲਓ, ਸਿੱਖਾਂ ਦੀ ਪਾਲਿਟਿਕਸ ਵਿੱਚ ਦਖ਼ਲ ਮੱਤ ਦਿਓ। ਉਨ੍ਹਾਂ ਨੇ ਹਿੰਦੁਸਤਾਨ ਦੀ ਸਰਕਾਰ ਨੂੰ ਵੀ ਕਿਹਾ ਅਤੇ ਹੋਰ ਦੂਸਰੇ ਸੂਬਿਆਂ ਦੀਆਂ ਸਰਕਾਰਾਂ ਨੂੰ ਵੀ ਕਿਹਾ। ਅੱਜ ਸੰਤ ਸਮਾਜ ਦੇ ਧਾਰਮਕ ਆਗੂ ਜਦੋਂ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਗਏ, ਇਹ ਕਹਿੰਦੇ ਹਨ ਕਿ ਉਥੇ ਕੋਈ ਜਾ ਨਹੀਂ ਸਕਦਾ, ਉਹ ਉਥੇ ਗਏ

ਅਤੇ ਉਥੇ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਾਹਿਬ ਨਾਲ ਗੱਲਬਾਤ ਕੀਤੀ ਔਰ ਉਥੋਂ ਸੈਟਿਸ-ਫਾਈ ਹੋ ਕੇ ਗਏ ਔਰ ਉਨ੍ਹਾਂ ਨੇ ਕਿਹਾ ਕਿ ਧਰਮ ਔਰ ਸਿਆਸਤ ਵੱਖਰੀ ਨਹੀਂ ਕੀਤੀ ਜਾ ਸਕਦੀ। (ਥੰਪਿੰਗ) ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਗੋਂਦਾ ਗੁੰਦੀਆਂ ਜਾ ਰਹੀਆਂ ਹਨ ਕਿ ਸਿੱਖਾਂ ਨੂੰ ਧਰਮ ਅਤੇ ਰਾਜਨੀਤੀ ਤੋਂ ਅਲੱਗ ਕੀਤਾ ਜਾਵੇ, ਇਹ ਧਰਮ ਅਤੇ ਸਿਆਸਤ ਸਿੱਖਾਂ ਦੀ ਵੱਖ ਨਹੀਂ ਕੀਤੀ ਜਾ ਸਕਦੀ, ਇਹ ਹੋਰ ਕਿਧਰੇ ਵੀ ਨਹੀਂ ਹੋ ਸਕਦੀ। ਜੇ ਸਿੱਖਾਂ ਦੀ ਧਰਮ ਤੇ ਸਿਆਸਤ ਵੱਖ ਕਰਨ ਦਾ, ਅੱਡ ਕਰਨ ਦਾ ਕੋਈ ਉਪਰਾਲਾ ਕੀਤਾ ਤਾਂ ਇਥੇ ਸਿਵਿਲ ਵਾਰ ਹੋ ਜਾਵੇਗੀ, ਪੰਜਾਬ ਵਿੱਚ ਐਸੇ ਹਾਲਾਤ ਹੋ ਸਕਦੇ ਹਨ ਜਿਸ ਨੂੰ ਠੱਲ ਪਾਉਣੀ ਔਖੀ ਹੋ ਸਕਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੈਂਟਰਲ ਸਰਕਾਰ ਮੱਤ ਇਹ ਖੇਲ ਖੇਲੇ, ਮੱਤ ਇਸ ਅੱਗ ਨਾਲ ਖੇਲੇ। ਅਜੇ ਵੀ ਸਾਰਾ ਕੁਝ ਠੀਕ ਹੋ ਸਕਦਾ ਹੈ ਜੇ ਉਹ ਇਸ ਦੇ ਨਾਲ ਨਾ ਖੇਲੇ। ਅਜੇ ਵੀ ਉਹ ਐਸੇ ਹਾਲਾਤ ਪੈਦਾ ਨਾ ਕਰੇ ਜਿਸ ਦੇ ਨਾਲ ਪੰਜਾਬ ਦੇ ਹਾਲਾਤ ਖ਼ਰਾਬ ਹੋਣ।

ਦੂਸਰੀ ਗੱਲ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਸੈਂਟਰਲ ਸਰਕਾਰ ਇਹ ਕਹਿੰਦੀ ਹੈ ਕਿ ਅੱਜ ਸਰਦਾਰ ਸੁਰਜੀਤ ਸਿੰਘ ਬਰਨਾਲਾ ਮੁਲਕ ਦੇ ਬਹੁਤ ਜ਼ਿਆਦਾ ਵਫਾਦਾਰ ਹਨ, ਉਹ ਮੁਲਕ ਨੂੰ ਇਕ ਰੱਖਣ ਲਈ ਜੂਝ ਰਹੇ ਹਨ। ਕੱਲ ਦੇ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਸੰਤ ਲੌਂਗੋਵਾਲ ਜੀ ਦੀ ਸਰਾਹਨਾ ਕੀਤੀ ਗਈ ਹੈ। ਸੰਤ ਲੌਂਗੋਵਾਲ ਜੀ ਨੂੰ ਵੀ ਪਹਿਲਾਂ ਇਨ੍ਹਾਂ ਨੇ ਅਤਿਵਾਦੀ ਕਹਿ ਕੇ ਐਨ.ਐਸ.ਏ. ਅਧੀਨ ਅੰਦਰ ਦਿੱਤੀ ਰਖਿਆ ਸੀ। ਸਰਦਾਰ ਸੁਰਜੀਤ ਸਿੰਘ ਬਰਨਾਲਾ ਨੂੰ ਵੀ ਐਨ.ਐਸ.ਏ. ਅਧੀਨ ਅੰਦਰ ਰਖਿਆ ਸੀ। ਉਦੋਂ ਉਨ੍ਹਾਂ ਨੂੰ ਅੰਦਰ ਰਖਿਆ ਜਦੋਂ ਇਨ੍ਹਾਂ ਨੇ ਕਿਹਾ ਸੀ ਕਿ ਸਿੱਖਾਂ ਦੇ ਧਰਮ ਵਿੱਚ ਦਖਲ ਨਾ ਦਿੱਤਾ ਜਾਵੇ, ਬਲਿਊ ਸਟਾਰ ਓਪਰੇਸ਼ਨ ਨੂੰ ਜਦੋਂ ਇਨ੍ਹਾਂ ਮਾੜਾ ਕਿਹਾ ਸੀ ਅਤੇ ਫੌਜੀਆਂ ਲਈ ਇਨ੍ਹਾਂ ਨੇ ਆਵਾਜ ਉਠਾਈ ਸੀ ਤਾਂ ਉਦੋਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੂੰ ਵੀ ਅੱਤਵਾਦੀ ਕਹਿ ਕੇ ਅੰਦਰ ਕੀਤਾ ਗਿਆ ਸੀ। ਉਦੋਂ ਇਹ ਵੀ ਅੱਤਵਾਦੀ ਸਨ ਲੇਕਿਨ ਅੱਜ ਇਹ ਦੇਸ਼ ਭਗਤ ਹੋ ਗਏ। ਸੰਤ ਲੌਂਗੋਵਾਲ ਜੀ ਵੀ ਜਦੋਂ ਬਾਹਰ ਆਏ ਤਾਂ ਉਨ੍ਹਾਂ ਨੂੰ ਵੀ ਅੱਤਵਾਦੀ ਕਿਹਾ ਗਿਆ ਕਿ ਇਹ ਅੱਤਵਾਦੀਆਂ ਦੇ ਭੋਗਾਂ ਤੇ ਜਾਂਦੇ ਹਨ, ਉਨ੍ਹਾਂ ਬਾਰੇ ਹਮਦਰਦੀ ਭਰੇ ਸ਼ਬਦ ਕਹਿੰਦੇ ਹਨ। ਉਦੋਂ ਉਨ੍ਹਾਂ ਨੂੰ ਵੀ ਅੱਤਵਾਦੀ ਕਿਹਾ ਗਿਆ, ਸਰਦਾਰ ਸੁਰਜੀਤ ਸਿੰਘ ਬਰਨਾਲਾ ਨੂੰ ਵੀ ਅੱਤਵਾਦੀ ਕਿਹਾ ਗਿਆ ਪਰ ਅੱਜ ਰਾਤੋ ਰਾਤ ਜਦੋਂ ਅਕਾਲ ਤਖ਼ਤ ਸਾਹਿਬ ਨੂੰ ਇਨ੍ਹਾਂ ਨੇ ਡਿਫਾਈ ਕੀਤਾ ਤਾਂ ਇਹ ਦੇਸ਼ ਭਗਤ ਬਣ ਗਏ। ਅੱਜ ਸਾਨੂੰ ਅੱਤਵਾਦੀ ਕਿਹਾ ਜਾਂਦਾ ਹੈ ਕਿਉਂਕਿ ਅਸੀਂ ਦੁਖੀ ਪ੍ਰੀਵਾਰ ਨੂੰ ਧਰਵਾਸ ਦੇਣ ਵਾਸਤੇ ਉਨ੍ਹਾਂ ਦੇ ਭੋਗਾਂ ਤੇ ਜਾਂਦੇ ਹਾਂ। ਸਾਨੂੰ ਕਿਹਾ ਜਾਂਦਾ ਹੈ ਕਿ ਇਹ ਉਨ੍ਹਾਂ ਦੇ ਭੋਗਾਂ ਤੇ ਕਿਉਂ ਜਾਂਦੇ ਹਨ, ਇਸ ਲਈ ਇਹ ਵੀ ਅੱਤਵਾਦੀ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਮਸਲਾ ਹੱਲ ਕਰਨਾ ਚਾਹੁੰਦੇ ਹੋ ਤਾਂ ਸਾਡੇ ਧਰਮ ਦੇ ਵਿੱਚ ਦਖਲ ਨਾ ਦਿਓ। ਜਨਤਾ ਪਾਰਟੀ ਨੇ ਫੈਸਲਾ ਦਿੱਤਾ ਹੈ ਕਿ ਧਰਮ ਵਿੱਚ ਦਖਲ ਨਹੀਂ ਦੇਣਾ ਚਾਹੀਦਾ। ਸਿੱਖ ਨੂੰ ਛੱਡੋ ਜੇ ਕੋਈ ਹਿੰਦੂ ਵੀ ਜਾਂ ਕੋਈ ਕਿਸੇ ਸੰਸਥਾ ਦਾ ਬੰਦਾ ਪੰਜਾਬ ਦੇ ਹੱਕ ਵਿੱਚ ਗਲ ਕਹੇ, ਸਿੱਖਾਂ ਦੇ ਹੱਕ ਵਿਚ ਗਲ ਕਹੇ ਤਾਂ ਉਨ੍ਹਾਂ ਨੂੰ ਉਜਾੜਨ ਦੀ ਗੱਲ ਕੀਤੀ ਜਾਂਦੀ ਹੈ। ਆਚਾਰੀਆ ਰਜਨੀਸ਼ ਦੀ ਗਲ ਲੈ ਲਓ। ਉਨ੍ਹਾਂ ਨੂੰ ਉਥੇ ਰਹਿਣ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਨੇ ਸਿੱਖਾਂ ਦੀ ਗਲ ਕੀਤੀ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਖ਼ਤਮ ਕਰਨ ਲਗਾ ਹਾਂ। ਸਾਡਾ ਟਾਈਮ ਕਿੰਨਾਂ ਹੈ।

ਸ੍ਰੀ ਡਿਪਟੀ ਸਪੀਕਰ: ਛੇਤੀ ਕਨਕਲੂਡ ਕਰੋ, ਤੁਹਾਡਾ ਟਾਈਮ ਹੋ ਗਿਆ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਡਿਪਟੀ ਸਪੀਕਰ ਸਾਹਿਬ, ਤੁਸੀਂ ਇਸ ਦੇ ਨਾਲ ਰਹੇ, ਇਸ ਪਾਰਟੀ ਦੇ ਨਾਲ ਜੇਲਾਂ ਵਿਚ ਵੀ ਰਹੇ। ਜਿਹੜੇ ਲੋਕ ਅੱਜ ਵੀ ਇਹ ਕਹਿੰਦੇ ਹਨ ਕਿ ਲੌਂਗੋਵਾਲ ਸਮਝੌਤਾ ਅੱਜ ਵੀ ਕਾਇਮ ਹੈ ਉਹ ਕਿਸ ਅੰਧੇਰੀ ਦੁਨੀਆਂ ਵਿਚ ਫਿਰ ਰਹੇ ਹਨ। ਕਿਥੇ ਹੈ ਸਮਝੌਤਾ, ਕਿਸ ਮੰਗ ਤੇ ਹੈ ਸਮਝੌਤਾ ? ਸਮਝੌਤੇ ਨੇ ਸਿੱਖਾਂ ਨੂੰ ਦਵਾਇਆ ਕਮਿਸ਼ਨ। ਇਥੇ ਮਿਸ਼ਰਾ ਕਮਿਸ਼ਨ ਦੀ ਗਲ ਹੋਈ ਸੀ। ਮੈਂ ਪੰਜਾਬ ਦੇ ਲੋਕਾਂ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਦੇ ਵਿਚ ਹਿੰਦੂ ਸਿੱਖਾਂ ਵਿਚ ਕੋਈ ਫਰਕ ਨਹੀਂ ਪੈਣ ਦਿੱਤਾ। ਜਿਥੇ ਸਿੱਖਾਂ ਦੀ ਮੈਜਾਰਿਟੀ ਹੈ ਭਾਵੇਂ ਉਥੇ 2 ਹਿੰਦੂਆਂ ਦੇ ਘਰ ਹਨ ਉਥੇ ਕਿਸੇ ਨੇ ਹਿੰਦੂ ਨੂੰ ਕੁੱਝ ਨਹੀਂ ਕਿਹਾ, ਅਗਰ ਕਿਹਾ ਹੋਵੇ ਤਾਂ ਦੱਸਣ। ਹਾਂ ਸ਼ਹਿਰਾਂ ਵਿਚ ਕੁਝ ਜ਼ਰੂਰ ਹੋਇਆ ਹੈ। ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਬਾਹਰ ਦਿੱਲੀ ਦੇ ਅੰਦਰ, ਕਾਨਪੁਰ ਦੇ ਅੰਦਰ, ਬੁਕਾਰੋ ਦੇ ਅੰਦਰ ਜਿਸ ਸਮਝੌਤੇ ਅੰਦਰ ਮਿਸ਼ਰਾ ਕਮਿਸ਼ਨ ਬਣਿਆ ਸੀ ਜਿਨ੍ਹਾਂ ਨੇ ਕਤਲੇਆਮ ਕਰਾਇਆ ਸੀ, ਉਹ ਅੱਜ ਮਨਿਸਟਰ ਬਣੇ ਬੈਠੇ ਹਨ, ਮੈਂਬਰ ਪਾਰਲੀਆਮੈਂਟ ਬਣੇ ਬੈਠੇ ਹਨ। ਕਮਿਸ਼ਨ ਨੇ ਇਕ ਕੰਮ ਕੀਤਾ ਕਿ ਜਿਨ੍ਹਾਂ ਲੀਡਰਾਂ ਨੇ ਕਤਲ ਕਰਾਏ ਸਨ ਉਨ੍ਹਾਂ ਨੂੰ ਅੱਜ ਬਰੀ ਕਰ ਦਿੱਤਾ। ਕੀ ਇਹ ਹੈ ਲੌਂਗੋਵਾਲ ਸਮਝੌਤਾ ?

ਦੂਸਰੀ ਗਲ ਸਾਡੇ ਭਰਾ ਕਹਿੰਦੇ ਹਨ ਕਿ ਵੋਟਾਂ ਮਿਲੀਆਂ ਸਨ ਲੌਂਗੋਵਾਲ ਤੇ ਰਾਜੀਵ ਸਮਝੌਤੇ ਤੇ। ਪਰ ਇਨ੍ਹਾਂ ਨੇ ਇਹ ਵੀ ਗਲ ਕਹੀ ਸੀ ਕਿ ਜੇ ਸਾਡੀ ਸਰਕਾਰ ਬਣ ਜਾਏ ਤਾਂ ਅਸੀਂ ਜੋਧਪੁਰ ਦੇ ਕੈਦੀ ਛੁਡਵਾ ਦਿਆਂਗੇ, ਅਸੀਂ ਫੌਜੀਆਂ ਨੂੰ ਬਹਾਲ ਕਰ ਦਿਆਂਗੇ, ਮੁੜ ਕੇ ਕਿਸੇ ਨੂੰ ਜੇਲ ਵਿਚ ਨਹੀਂ ਸੁਟਣ ਦਿਆਂਗੇ, ਕਿਸੇ ਦੇ ਧਾਰਮਿਕ ਸਥਾਨਾਂ ਦੀ ਸਾਡੀ ਸਰਕਾਰ ਵਲੋਂ ਕੋਈ ਬੇਅਦਬੀ ਨਹੀਂ ਹੋਣ ਦਿਤੀ ਜਾਏਗੀ। ਲੇਕਿਨ ਕਿਹੜੀ ਗਲ ਨਹੀਂ ਹੋਈ ? ਕੀ ਹਰਿਮੰਦਰ ਸਾਹਿਬ ਵਿਚ ਪੁਲੀਸ ਨਹੀਂ ਭੇਜੀ, ਫੌਜ ਨਹੀਂ ਭੇਜਦੇ ਗੁਰਦੁਆਰਿਆਂ ਵਿਚ, ਕਤਲ ਨਹੀਂ ਕਰਾਉਂਦੇ ਪੁਲੀਸ ਨੂੰ ਭੇਜ ਕੇ ? ਕੀ ਫੌਜੀ ਛੁਡਵਾਏ ਗਏ ? ਤੁਸੀਂ ਬਾਹਰੋਂ ਦੇ ਲੋਕ ਇਕੱਠੇ ਕਰਕੇ ਇਕ ਰੈਲੀ ਕੀਤੀ ਲੁਧਿਆਣਾ ਵਿਚ, ਇਹ ਗੁੱਸਾ ਨਾ ਕਰਨ ਸਿਵਾਏ ਲਾਲ ਝੰਡਿਆਂ ਦੇ ਜਿਹੜੇ ਦੋ ਤਿੰਨ ਸਾਲਾਂ ਵਿਚ ਨਜ਼ਰ ਨਹੀਂ ਸਨ ਆਉਂਦੇ ਔਰ ਘੜਿਆਂ ਵਿਚ ਬੰਦ ਕਰ ਦਿਤੇ ਗਏ ਸਨ, ਉਹ ਹੀ ਦਿਖਾਈ ਦਿੰਦੇ ਸਨ ਅਤੇ ਉਨ੍ਹਾਂ ਵਿਚ ਅਜੇ ਵੀ ਬਲ ਪਏ ਹੋਏ ਸਨ। ਕੀ ਕੋਈ ਕੇਸਰੀ ਨਿਸ਼ਾਨ ਲੈ ਕੇ ਆਇਆ ਸੀ ? ਕੋਈ ਨਹੀਂ (ਸ਼ੋਰ) (ਵਿਘਨ)

ਡਾਕਟਰ ਸੱਤਪਾਲ ਪ੍ਰਾਸ਼ਰ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਲੌਂਗੋਵਾਲ ਪਿੰਡ ਵਿਚ ਕੌਮ ਪ੍ਰਸਤ ਸਿੱਖਾਂ ਦਾ ਇਕ ਬਹੁਤ ਵੱਡਾ ਇਕੱਠ ਹੋਇਆ ਸੀ, ਕੀ ਮੇਰੇ ਵੀਰ ਉਸ ਨੂੰ ਕੋਈ ਅਹਿਮੀਅਤ ਨਹੀਂ ਦਿੰਦੇ ?

ਸ੍ਰੀ ਡਿਪਟੀ ਸਪੀਕਰ : ਢੀਂਡਸਾ ਸਾਹਿਬ, ਤੁਸੀਂ ਵਾਈਂਡ ਅੱਪ ਕਰੋ।

**Expunged as ordered by the Chair.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਡਿਪਟੀ ਸਪੀਕਰ ਸਾਹਿਬ, ਅੱਜ ਇਕ ਗਲ ਡਾਕਟਰ ਸਾਹਿਬ ਨੇ ਕਹੀ, ਜਿਹੜੀ ਇਹ ਇਨ੍ਹਾਂ ਤੋਂ ਕਰਾਉਣਾ ਚਾਹੁੰਦੇ ਹਨ, ਉਹ ਗਲ ਅਜੇ ਕਲੀਅਰ ਨਹੀਂ ਹੋਈ ਕਿ ਆਇਆ ਤੁਸੀਂ ਧਰਮ ਨੂੰ ਸਿਆਸਤ ਨਾਲ ਜੋੜਦੇ ਹੋ। ਮੈਂ ਪਹਿਲਾਂ ਵੀ ਕਿਹਾ ਸੀ ਕਿ ਇਹ ਸਿੱਖਾਂ ਤੋਂ ਵੱਖ ਨਹੀਂ ਹੋ ਸਕਦੀ।

ਸ੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ਜੀ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਬੱਸ ਦੋ ਮਿੰਟ ਲੈਣੇ ਹਨ ਜੀ। ਇਨ੍ਹਾਂ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਰੇ ਹਿੰਦੁਸਤਾਨੀ ਮਹਾਤਮਾ ਗਾਂਧੀ ਨੂੰ ਦੇਸ਼ ਦਾ ਪਿਤਾ ਕਹਿੰਦੇ ਹਨ..... (ਇਕ ਆਵਾਜ਼—ਤੁਸੀਂ ਨਹੀਂ ਕਹਿੰਦੇ) ਸਾਡਾ ਪਿਤਾ ਗੁਰੂ ਗੋਬਿੰਦ ਸਿੰਘ ਹੈ। ਮਹਾਤਮਾ ਗਾਂਧੀ ਦੀ ਗੱਲ ਸੁਣ ਲਵੋ। ਮੈਂ ਤਾਂ ਤੁਹਾਡੀ ਗੱਲ ਕਰਨ ਲਗਾ ਹਾਂ। ਜਿਸ ਦੇ ਨਾਮ ਤੇ ਤੁਸੀਂ ਰਾਜ ਕਰੋ, ਉਨ੍ਹਾਂ ਦੀ ਪ੍ਰੇਅਰ ਮੀਟਿੰਗ ਹੁੰਦੀ ਸੀ ਹਰ ਰੋਜ਼। ਮੈਂ ਤਾਂ ਉਦੋਂ ਜੰਮਿਆਂ ਹੀ ਹੋਵਾਂਗਾ ਜਾਂ ਕੁਝ ਵੱਡਾ ਹੋਵਾਂਗਾ, ਪੰਡਿਤ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਡੇਲੀ ਪ੍ਰੇਅਰ ਕਰਦੇ ਸਨ ਕਹਿੰਦੇ ਸਨ ਕਿ ਮੈਂ ਧਾਰਮਿਕ ਹਾਂ ਲੇਕਿਨ ਪ੍ਰਾਰਥਨਾ ਤੋਂ ਬਾਦ ਕੀ ਸਪੀਚ ਹੁੰਦੀ ਸੀ, ਦੁਨੀਆਂ ਦੀ ਸਿਆਸਤ ਬਾਰੇ ਸਪੀਚ ਕਰਦੇ ਸੀ ਜਾਂ ਨਹੀਂ ਸੀ ਕਰਦੇ। ਤੁਸੀਂ ਕਿਸ ਤਰ੍ਹਾਂ ਕਹਿੰਦੇ ਹੋ ਕਿ ਧਰਮ ਨੂੰ ਸਿਆਸਤ ਤੋਂ ਵੱਖਰਾ ਕੀਤਾ ਜਾ ਸਕਦਾ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਜਿਹੜਾ ਮਹਾਤਮਾ ਗਾਂਧੀ ਜੀ ਦੇ ਬਾਰੇ ਵਿਚ ਕਿਹਾ ਹੈ ਉਹ ਕਾਂਗਰਸ ਦੇ ਕਦੇ ਵੀ ਮੈਂਬਰ ਨਹੀਂ ਸਨ ਬਣੇ ਔਰ ਉਹ ਧਾਰਮਿਕ ਸਨ ਔਰ ਕਦੇ ਵੀ ਲੜਾਈ ਵਾਲੀ ਗੱਲ ਨਹੀਂ ਕਰਵਾਈ, ਮੁਲਕ ਨੂੰ ਪਾੜਨ ਦੀ ਗੱਲ ਨਹੀਂ ਕੀਤੀ। ਇਹ ਸਾਰੇ ਦਾ ਸਾਰਾ ਮਿਸਲੀਡ ਕਰਦੇ ਹਨ! (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਬੰਦ ਕਰਵਾਓ ਜੀ, ਦੋ ਮਿੰਟ ਮਿਲੇ ਹਨ, ਉਹ ਲੈ ਲਵਾਂ। ਡਿਪਟੀ ਸਪੀਕਰ ਸਾਹਿਬ, ਇਕ ਗੱਲ ਜਿਹੜੀ ਪੰਜਾਬ ਦੀ ਸਰਕਾਰ ਅੱਜ ਵੀ ਕਹਿੰਦੀ ਹੈ ਕਿ ਅਸੀਂ ਜੋਧਪੁਰ ਦੇ ਕੈਦੀਆਂ ਨੂੰ ਛੁੜਾਉਣ ਲਈ ਬੜੇ ਜਾਂਦੇ ਹਾਂ ਪ੍ਰਧਾਨ ਮੰਤਰੀ ਕੋਲ। ਇਕ ਗੱਲ ਦੱਸ ਦੇਣ, ਅੰਮ੍ਰਿਤਸਰ ਦੀ ਕੋਤਵਾਲੀ ਵਿਚ ਕੇਸ ਰਜਿਸਟਰ ਹੋਇਆ ਹੈ, ਐਫ.ਆਈ.ਆਰ. ਜੋ ਦਰਜ ਹੈ, ਜੇਕਰ ਇਹ ਮੰਨਦੇ ਹਨ ਕਿ ਜੋ ਉਹ ਬੇਗੁਨਾਹ ਹਨ, ਜੋ ਇਨ੍ਹਾਂ ਨੇ ਵਾਇਦਾ ਕੀਤਾ ਸੀ, ਕੀ ਉਹ ਐਫ.ਆਈ.ਆਰ. ਵਾਪਸ ਲਈ ਹੈ ਜਾਂ ਨਹੀਂ ਲਈ ?

ਦੂਜਾ, ਫੌਜੀਆਂ ਬਾਰੇ ਬੜਾ ਰੌਲਾ ਪਾਇਆ ਹੋਇਆ ਹੈ, ਡਿਸਿਪਲੰਡ ਫੋਰਸ ਹੈ, ਡਿਸਿਪਲਨ ਭੰਗ ਹੋ ਜਾਵੇਗਾ, ਕੀ ਬੀ.ਐਸ.ਐਫ. ਔਰ ਸੀ.ਆਰ.ਪੀ.ਐਫ. ਡਿਸਿਪਲੰਡ ਫੋਰਸ ਨਹੀਂ ? ਉਸ ਨੇ ਡੇਰਾ ਬਾਬਾ ਨਾਨਕ ਵਿਚ 10 ਬੇਗੁਨਾਹਾਂ ਦਾ ਕਤਲ ਕੀਤਾ, ਵਜ਼ੀਰ ਦੀ ਰਿਪੋਰਟ ਹੈ ਕਿ ਉਨ੍ਹਾਂ ਨੇ ਜ਼ਿਆਦਤੀ ਕੀਤੀ, ਉਸ ਦੇ ਖਿਲਾਫ ਕੋਈ ਕੇਸ ਨਹੀਂ ਹੈ। ਇਸ ਤਰ੍ਹਾਂ ਬਰੇਹਮਪੁਰਾ ਵਿਚ ਹੋਇਆ ਹੈ। ਉਥੇ ਸੀ.ਆਰ.ਪੀ.ਐਫ. ਨੇ ਕਿਸ ਤਰ੍ਹਾਂ ਜ਼ਿਆਦਤੀ ਕੀਤੀ। ਵਜ਼ੀਰ ਸਰਦਾਰ ਹਰਭਜਨ ਸਿੰਘ ਸੰਧੂ ਉਥੇ ਗਏ, ਗਵਰਨਰ ਸਾਹਿਬ ਗਏ, ਸਾਰੀਆਂ ਪਾਰਟੀਆਂ ਗਈਆਂ, ਸਭ ਨੇ ਕਿਹਾ ਹੈ ਕਿ ਉਨ੍ਹਾਂ ਨੇ ਜ਼ਿਆਦਤੀ ਕੀਤੀ ਹੈ ਲੇਕਿਨ ਕੋਈ ਐਕਸ਼ਨ ਨਹੀਂ ਲਿਆ ਗਿਆ। ..... (ਵਿਘਨ)

ਸ੍ਰੀ ਡਿਪਟੀ ਸਪੀਕਰ : ਢੀਂਡਸਾ ਸਾਹਿਬ, ਵਾਈਂਡ ਅੱਪ ਕਰੋ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਉਹ ਤਾਂ ਸਿਰਫ਼ ਇਸ ਕਰਕੇ ਗਏ ਹਨ ਕਿ ਅਸੀਂ ਧਰਮ ਅਸਥਾਨ ਦੇ ਦਰਸ਼ਨ ਕਰਨੇ ਹਨ। ਡਿਪਟੀ ਸਪੀਕਰ ਸਾਹਿਬ, ਅਸੀਂ ਤਾਂ ਕਿਹਾ ਸੀ, ਇਹ ਲੋਕ ਬੈਠੇ ਹਨ, ਇਨ੍ਹਾਂ ਨੇ ਕਿਹਾ ਸੀ ਕਿ ਕਈ ਜੇਲ੍ਹ ਵਿਚ ਬੇਕਸੂਰ ਨੌਜਵਾਨ ਨਹੀਂ ਜਾਵੇਗਾ ਲੇਕਿਨ ਹੁਣ 3,000 ਨੌਜਵਾਨ ਜੇਲ੍ਹਾਂ ਵਿਚ ਬੰਦ ਹਨ, ਲੀਡਰ ਬੰਦ ਹਨ, ਜੋ ਇਨ੍ਹਾਂ ਦੀ ਗੱਲ ਨਹੀਂ ਮੰਨੇ। ਸਰਦਾਰ ਬਚਿੱਤਰ ਸਿੰਘ ਅਮ. ਐਲ ਏ ਹਨ, ਉਹ ਸਾਡੀ 13 ਮੈਂਬਰੀ ਕੌਂਸਲ ਦੇ ਮੈਂਬਰ ਹਨ। ਉਨ੍ਹਾਂ ਦੇ ਪੁੱਤਰ ਨੂੰ ਲੈ ਜਾ ਕੇ ਉਸ ਦਾ ਜੁਡੀਸ਼ੀਅਲ ਰਿਮਾਂਡ ਲਿਆ ਔਰ ਜੁਡੀਸ਼ੀਅਲ ਰਿਮਾਂਡ ਵਿਚ ਇਸ ਤਰ੍ਹਾਂ ਤਸ਼ੱਦਦ ਕੀਤਾ ਹੈ, ਜੇਕਰ ਕੋਈ ਵੀ ਇਨਸਾਨੀਅਤ ਹੋਵੇ ਤਾਂ ਮੁਆਫੀ ਮੰਗਣ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਜੇ ਸਰਦਾਰ ਗੁਰਚਰਨ ਸਿੰਘ ਟੌਹੜਾ ਇਨ੍ਹਾਂ ਦੇ ਕਹਿਣ ਤੇ, ਇਨ੍ਹਾਂ ਦੇ ਕੈਂਡੀਡੇਟ ਬਣ ਕੇ ਸ਼੍ਰੋਮਣੀ ਕਮੇਟੀ ਦੀ ਇਲੈਕਸ਼ਨ ਲੜਦਾ ਤਾਂ ਉਹ ਦੇਸ਼ ਭਗਤ ਸੀ, ਪਰ ਜੇਕਰ ਇਨ੍ਹਾਂ ਦੀ ਸਰਕਾਰ ਦੀ ਮਰਜ਼ੀ ਦੇ ਖਿਲਾਫ ਇਲੈਕਸ਼ਨ ਜਿੱਤੀ, ਸਿੱਖਾਂ ਨੇ ਜਤਾਈ, ਸਿੱਖਾਂ ਦੇ ਨੁਮਾਂਇੰਦਿਆਂ ਨੇ ਜਤਾਈ ਤਾਂ ਅੱਤਵਾਦੀ ਬਣ ਗਿਆ। 24 ਘੰਟਿਆਂ ਦੇ ਅੰਦਰ ਅਤਿਵਾਦੀ ਬਣ ਗਿਆ। ਸਿਰਫ਼ ਇਹੀ ਹੀ ਨਹੀਂ ਬਲਕਿ ਜਿਹੜੇ ਵੀ ਸ਼੍ਰੋਮਣੀ ਕਮੇਟੀ ਦੇ ਆਦਮੀ ਹਨ ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਬਲਵੰਤ ਸਿੰਘ ਨੇ ਇਹ ਗਲ ਕਹੀ ਸੀ ਕਿ ਸਿੰਘ ਸਾਹਿਬਾਨ ਦਾ ਜਿਹੜਾ ਵੀ ਚੰਗਾ ਫੈਸਲਾ ਹੋਵੇਗਾ ਉਸ ਨੂੰ ਅਸੀਂ ਪੂਰਾ ਸਹਿਯੋਗ ਦੇਵਾਂਗੇ ਪਰ ਹੋ ਕੀ ਰਿਹਾ ਹੈ। ਤੁਹਾਨੂੰ ਪਤਾ ਹੈ ਕਿ ਜਿਥੇ ਵੀ ਸਿੰਘ ਸਾਹਿਬਾਨ ਅੰਮ੍ਰਿਤ ਛਕਾਉਣ ਜਾਂਦੇ ਹਨ ਉਥੇ ਪਹਿਲੇ ਹੀ ਬੰਦੇ ਪਕੜ ਕੇ ਬੰਦ ਕਰ ਲਏ ਜਾਂਦੇ ਹਨ। ਉਥੇ ਕਿਸੇ ਨੂੰ ਪਹੁੰਚਣ ਨਹੀਂ ਦਿੱਤਾ ਜਾਂਦਾ। ਇਸ ਲਈ ਮੈਂ ਡਾਕਟਰ ਸਾਹਿਬ ਨੂੰ ਕਹਾਂਗਾ ਇਹ ਪੰਥਕ ਸਰਕਾਰ ਹੁਣ ਨਹੀਂ ਰਹੀ। ਜਿਸ ਆਦਮੀ ਨੂੰ ਅਕਾਲ ਤਖਤ ਤੇ ਪੰਥ ਵਿਚੋਂ ਛੇਕ ਦਿਤਾ ਹੋਵੇ ਉਹ ਤਾਂ ਪ੍ਰਾਇਮਰੀ ਮੈਂਬਰ ਵੀ ਨਹੀਂ ਰਹਿ ਸਕਦਾ ਹੋਰ ਤਾਂ ਕੀ ਹੋਣਾ ਹੈ। ਮੈਨੂੰ ਬੜੀ ਹੈਰਾਨੀ ਹੈ ਤੁਸੀਂ ਵੀ (ਕਾਂਗਰਸੀ ਪਾਰਟੀ ਵਲ ਇਸ਼ਾਰਾ) ਇਸ ਨੂੰ ਪੰਥਕ ਕਹੀ ਜਾਂਦੇ ਹੋ। ਮੈਂ ਤਾਂ ਇਹ ਸਮਝਦਾ ਹਾਂ ਕਿ ਜਿਹੜਾ ਇਸ ਨੂੰ ਪੰਥਕ ਕਹੇਗਾ ਉਹ ਲੋਕਾਂ ਨੂੰ ਬੇਵਕੂਫ ਬਣਾ ਰਿਹਾ ਹੈ ......

ਸ੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਹੋ ਗਿਆ ਹੈ। (ਘੰਟੀ) ਤੁਸੀਂ ਪਹਿਲੇ ਹੀ ਜ਼ਿਆਦਾ ਟਾਈਮ ਲੈ ਚੁਕੇ ਹੋ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਤੁਸੀਂ ਮੇਰੀ ਅਮੈਂਡਮੈਂਟ ਤਾਂ ਮਨਜ਼ੂਰ ਕਰ ਲਓ। (ਵਿਘਨ)

PERSONAL EXPLANATION BY DOCTOR KEWAL KRISHAN

ਡਾਕਟਰ ਕੇਵਲ ਕ੍ਰਿਸ਼ਨ : ਡਿਪਟੀ ਸਪੀਕਰ ਸਾਹਿਬ, ਮੇਰੀ ਪਰਸਨਲ ਐਕਸਪਲੇਨੇਸ਼ਨ ਹੈ ਕਿ ਇਥੇ ਇਹ ਕਿਹਾ ਗਿਆ ਹੈ ਕਿ ਮੁਹਾਲੀ ਵਿਚ ਕੋਈ ਕਾਂਸਪਰੇਸੀ ਹੋਈ ਹੈ ਔਰ ਉਸ ਵਿਚ ਕੋਈ ਇਹੋ ਜਿਹੀਆਂ ਗਲਾਂ ਹੋਈਆਂ ਹਨ ਜਿਹੜੀਆਂ ਕਿ ਠੀਕ ਨਹੀਂ ਹਨ। ਮੈਂ ਦੱਸਦਾ ਹਾਂ ਕਿ ਮੈਂ ਆਪਣੇ ਆਪ ਇੰਡੀਵਿਜੂਅਲ ਤੌਰ ਤੇ ਅਜਿਹੀ ਕਿਸੇ ਵੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਇਆ ਔਰ ਨਾ ਕਿਸੇ ਕਾਂਸਪਰੇਸੀ ਵਿਚ ਸ਼ਾਮਲ ਹੋਇਆ ਹਾਂ। ਔਰ ਮੈਂ ਦਾਹਵਾ ਕਰਦਾ ਹਾਂ ਕਿ ਜੇ ਕਿਸੇ ਵੀ ਕਾਂਸਪਰੇਸੀ ਵਿਚ ਇਹ ਮੇਰੀ ਇਨਵਾਲਵਮੈਂਟ ਸਾਬਤ ਕਰ ਦੇਣ ਤਾਂ ਮੈਂ ਰੀਜ਼ਾਈਨ ਕਰਨ ਨੂੰ ਤਿਆਰ ਹਾਂ ਨਹੀਂ ਤਾਂ ਇਹ ਰਿਜ਼ਾਈਨ ਕਰ ਦੇਣ। (ਵਿਘਨ)

RESOLUTION *RE*. CONDEMNATION OF TERRORISM
(*Resumption of Discussion*)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਤੁਹਾਨੂੰ ਯਾਦ ਹੋਣਾ ਹੈ ਇਹ ਅਖਬਾਰਾਂ ਵਿਚ ਵੀ ਆਇਆ ਹੈ ਔਰ ਤੁਹਾਡੀ ਪਾਰਟੀ ਨੇ ਵੀ ਕਿਹਾ ਹੈ ......

ਸ੍ਰੀ ਡਿਪਟੀ ਸਪੀਕਰ : ਤੁਸੀ ਚੇਅਰ ਨੂੰ ਐਡਰੈਸ ਕਰੋ। ਤੁਹਾਡਾ ਟਾਈਮ ਪੂਰਾ ਹੋ ਚੁੱਕਾ ਹੈ ਤੁਸੀਂ ਹੁਣ ਬੈਠੋ। ਸਰਦਾਰ ਬਲਵੰਤ ਸਿੰਘ ਸਰਹਾਲ ਬੋਲਣਗੇ।

ਸਰਦਾਰ ਬਲਵੰਤ ਸਿੰਘ ਸਰਹਾਲ (ਬੰਗਾ, ਐਸ.ਸੀ) : ਡਿਪਟੀ ਸਪੀਕਰ ਸਾਹਿਬ, ਅੱਜ ਹਾਉਸ ਦੇ ਸਾਹਮਣੇ ਜਿਹੜਾ ਰੇਜ਼ੋਲਿਊਸ਼ਨ ਡਾਕਟਰ ਸਾਹਿਬ ਨੇ ਅਤੇ ਕੁਝ ਹੋਰ ਸਾਥੀਆਂ ਨੇ ਮਿਲ ਕੇ ਪੇਸ਼ ਕੀਤਾ ਹੈ ਇਹ ਬੜਾ ਮਹੱਤਵਪੂਰਨ ਹੈ। ਇਸ ਵਿਚ ਦੇਸ਼ ਦੀ ਅਖੰਡਤਾ ਔਰ ਦੇਸ਼ ਦੇ ਇੱਕ ਮੁੱਠ ਹੋਣ ਵਿਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਸ ਮੱਤੇ ਤੇ ਕੋਈ ਨੁਕਤਾਚੀਨੀ ਨਹੀਂ ਹੋਣੀ ਚਾਹੀਦੀ। ਇਸ ਮੱਤੇ ਵਿਚ ਐਸੇ ਲਫਜ਼ ਹਨ ਜਿਹੜੇ ਸਾਰੇ ਦੇਸ਼ ਲਈ, ਸਾਡੇ ਪੰਜਾਬ ਲਈ ਬੜੇ ਹੀ ਮਹੱਤਵਪੂਰਨ ਅਤੇ ਲਾਭਦਾਇਕ ਹਨ। ਇਸ ਲਈ ਮੈਂ ਇਸ ਮੱਤੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਇਸ ਮਤੇ ਵਿਚ ਇਹ ਕਾਮਨਾ ਕੀਤੀ ਗਈ ਹੈ ਕਿ ਅਸੀਂ ਸਾਰੇ ਦੇਸ਼ ਦੀ ਅਖੰਡਤਾ ਅਤੇ ਇਖਲਾਕ ਨੂੰ ਕਾਇਮ ਰਖਣਾ ਹੈ ਔਰ ਟੈਰੋਰਿਜ਼ਮ ਚਾਹੇ ਉਹ ਕਿਸੇ ਵੀ ਰੂਪ ਵਿਚ ਹੈ ਉਸ ਨੂੰ ਖਤਮ ਕਰਨਾ ਹੈ। ਇਸ ਲਈ ਇਸ ਮਤੇ ਦਾ ਮੈਂ ਆਪਣੇ ਵਲੋਂ ਆਪਣੀ ਪਾਰਟੀ ਵਲੋਂ ਜਿਸ ਦੇ ਲੀਡਰ ਬਰਨਾਲਾ ਸਾਹਿਬ ਹਨ ਔਰ ਜਿਨ੍ਹਾਂ ਨੇ ਪੰਜਾਬ ਲਈ ਬਹੁਤ ਕੁਰਬਾਨੀਆਂ ਕੀਤੀਆਂ ਹਨ, ਸਹਿਮਤੀ ਪ੍ਰਗਟ ਕਰਦਾ ਹਾਂ। ਸਾਰੇ ਹਾਉਸ ਨੂੰ ਯਾਦ ਹੋਵੇਗਾ ਕਿ ਜਦੋਂ ਅਸੀਂ ਅੰਗਰੇਜ਼ਾਂ ਦੇ ਨਾਲ ਆਜ਼ਾਦੀ ਦੇ ਵਾਸਤੇ ਲੜ ਰਹੇ ਸੀ ਅਤੇ ਗੁਲਾਮੀ ਖਤਮ ਕਰਨ ਲਈ ਸਾਰਿਆਂ ਨਾਲੋਂ ਜ਼ਿਆਦਾ ਹਿੱਸਾ ਪੰਜਾਬੀਆਂ ਨੇ ਪਾਇਆ ਸੀ ਅਤੇ ਆਜ਼ਾਦੀ ਪ੍ਰਾਪਤ ਕੀਤੀ ਸੀ ਅਤੇ ਇਹ ਖਾਸ ਤੌਰ ਤੇ ਸਿੱਖਾਂ ਦੀ ਇਕ ਦੇਣ ਭਾਰਤ ਨੂੰ ਸੀ ਅਤੇ 80 ਪ੍ਰਤੀਸ਼ਤ ਸਿੱਖਾਂ ਨੇ ਆਜ਼ਾਦੀ ਦੀ ਖਾਤਿਰ ਫਾਂਸੀ ਦੇ ਰੱਸੇ ਗੱਲ ਵਿਚ ਪਾਏ ਸਨ ਅਤੇ ਆਜ਼ਾਦੀ ਪ੍ਰਾਪਤ ਕੀਤੀ ਸੀ। ਇਹ ਅਸੀਂ ਦੇਸ਼ ਦੀ ਵੰਡ ਦੀ ਖਾਤਿਰ ਨਹੀਂ ਕੁਰਬਾਨੀਆਂ ਕੀਤੀਆਂ ਸਨ। ਅਸੀਂ ਦੇਸ਼ ਦੀ ਇਕ ਮੁਠਤਾ ਲਈ, ਏਕਤਾ ਲਈ, ਅਖੰਡਤਾ ਲਈ ਕੁਰਬਾਨੀਆਂ ਕੀਤੀਆਂ ਸਨ। ਇਥੇ ਸੈਂਟਰਲ ਗੌਰਮਿੰਟ ਨੇ ਪੰਜਾਬੀਆਂ ਦੇ ਨਾਲ ਵਾਅਦੇ ਕੀਤੇ ਸਨ। ਪਰ ਬਦਕਿਸਮਤੀ ਨਾਲ ਉਹ ਵਾਅਦੇ ਪੰਜਾਬ ਦੇ ਨਾਲ ਕੀਤੇ ਹੋਏ ਪੂਰੇ ਨਹੀਂ ਕੀਤੇ ਗਏ। ਜਿਸ ਕਰਕੇ ਬਾਦਲ ਗਰੁਪ ਸਾਡੇ ਨਾਲ ਨਾਰਾਜ਼ ਹੋ ਕੇ ਅਲਗ ਹੋ ਗਿਆ ਹੈ, ਇਹ ਸਾਡੀ ਪਾਰਟੀ ਦੇ ਮੈਂਬਰ ਹਨ। ਸਾਨੂੰ ਸਾਰਿਆਂ ਨੂੰ ਇਕੱਠਾ ਹੋ ਕੇ ਸੈਂਟਰ ਦੀ ਸਰਕਾਰ ਤੋਂ ਕੀਤੇ ਵਾਅਦੇ ਪੂਰੇ ਕਰਵਾਉਣੇ ਚਾਹੀਦੇ ਹਨ। ਜਿਸ ਲਈ ਸਾਡੇ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਨੇ ਸ਼ਹੀਦੀ ਦਿੱਤੀ ਅਤੇ ਜੀਵਨ ਬਲੀਦਾਨ ਦਿੱਤਾ। ਇਹ ਕੁਰਬਾਨੀ ਉਨ੍ਹਾਂ ਦੀ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਸੀ। ਜੇਕਰ ਅਸੀਂ ਦੇਸ਼ ਤੋਂ ਵੱਖ ਹੋਣਾ ਚਾਹੁੰਦੇ ਤਾਂ ਮਾਸਟਰ ਤਾਰਾ ਸਿੰਘ ਦੇ ਵਕਤ ਹੋ ਸਕਦੇ ਸੀ ਪਰ ਉਨ੍ਹਾਂ ਨੇ ਦੇਸ਼ ਦੀ ਏਕਤਾ ਲਈ ਐਸਾ ਨਹੀਂ ਕੀਤਾ। ਡਿਪਟੀ ਸਪੀਕਰ ਸਾਹਿਬ, ਇਹ ਜੋ ਰੈਜ਼ੋਲਿਊਸ਼ਨ ਆਇਆ ਹੈ ਮੈਂ ਆਪਣੇ ਦੋਸਤਾਂ ਨੂੰ ਕਹਿੰਦਾ ਹਾਂ ਕਿ ਉਹ ਇਖਲਾਕੀ ਤੌਰ ਤੇ ਸਾਡਾ ਸਾਥ ਦੇਣ। ਢੀਂਡਸਾ ਸਾਹਿਬ ਨੇ ਕਿਹਾ ਹੈ ਕਿ ਇਸ ਦੇ ਵਿਚ ਧਰਮ ਦੀ ਗੱਲ ਜ਼ਰੂਰ ਹੋਣੀ ਚਾਹੀਦੀ ਹੈ। ਅਸੀਂ ਧਰਮ ਤੋਂ ਵੱਖ ਨਹੀਂ ਹੋ ਸਕਦੇ ਅਤੇ ਸਾਨੂੰ ਧਰਮ ਤੋਂ ਪ੍ਰੇਰਨਾ ਮਿਲਦੀ ਹੈ। ਅਸੀਂ ਹਮੇਸ਼ਾ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਤੋਂ ਫਾਇਦਾ ਉਠਾਉਂਦੇ ਹਾਂ ਅਤੇ ਉਨ੍ਹਾਂ ਨੂੰ ਕਿਵੇਂ ਅਸੀਂ ਭੁੱਲ ਸਕਦੇ ਹਾਂ। ਉਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਲਈ ਕੁਰਬਾਨੀ ਕੀਤੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਅਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇਸ਼ ਦੀ ਏਕਤਾ ਅਤੇ ਅਖੰਡਤਾ

[ਸਰਦਾਰ ਬਲਵੰਤ ਸਿੰਘ ਸਰਹਾਲ]

ਦੇ ਲਈ ਬਹੁਤ ਵੱਡੀ ਕੁਰਬਾਨੀ ਸੀ। ਜਿਸ ਨੂੰ ਅਸੀਂ ਕਦੇ ਵੀ ਨਹੀਂ ਭੁੱਲਾ ਸਕਦੇ। ਸਾਡੇ ਅਕਾਲੀ ਦਲ ਦੀ ਵੀ ਉਹ ਹੀ ਨੀਤੀ ਹੈ ਅਤੇ ਅਕਾਲੀ ਦਲ ਦਾ ਇਹ ਧਰਮ ਹੈ ਕਿ ਉਹ ਇਸ ਗੱਲ ਤੋਂ ਕਦੇ ਵੱਖ ਨਹੀਂ ਹੋ ਸਕਦਾ ਪਰ ਬਦਕਿਸਮਤੀ ਨਾਲ ਰਾਜਨੀਤਕ ਪਾਰਟੀਆਂ ਨੇ ਸਾਨੂੰ ਦੇਸ਼ ਤੋਂ ਵੱਖ ਕਰਨ ਦੀ ਗੱਲ ਕੀਤੀ ਹੈ। ਅਸੀਂ ਮੌਕੇ ਦੀ ਹਕੂਮਤ ਨੂੰ ਬੇਨਤੀ ਕਰਦੇ ਹਾਂ ਕਿ ਜਿੰਨਾਂ ਪੰਜਾਬ ਦਾ ਨੁਕਸਾਨ ਕਰਨਾ ਸੀ ਤੁਸੀਂ ਕਰ ਲਿਆ ਹੈ ਅਤੇ ਇਸ ਦੇ ਨਾਲ ਪੰਜਾਬ ਵਿਚ ਹਿੰਦੂ ਸਿੱਖ ਕਦੇ ਵੱਖਰਾ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਹਿੰਦੂ ਸਿੱਖ ਕਦੇ ਵੱਖਰੇਪਨ ਤੇ ਆ ਸਕਦਾ ਹੈ ਅਤੇ ਨਾ ਹੀ ਇਸ ਦੀ ਕੋਈ ਸੰਭਾਵਨਾ ਹੈ। ਜਿਨ੍ਹਾਂ ਗੱਲਾਂ ਤੇ ਸੈਂਟਰ ਦੀ ਸਰਕਾਰ ਨੇ ਵਾਅਦਾ ਕੀਤਾ ਸੀ ਉਨ੍ਹਾਂ ਨੂੰ ਉਹ ਮੰਜ਼ੂਰ ਕਰ ਲਵੇ ਅਤੇ ਇਸ ਮਸਲੇ ਨੂੰ ਹੱਲ ਕਰਨ ਲਈ ਇਕ ਰੇਜ਼ੋਲਿਊਸ਼ਨ ਪਾਸ ਕਰਨ ਤਾਕਿ ਪੰਜਾਬ ਵਿਚ ਮਾਹੌਲ ਠੀਕ ਹੋ ਸਕੇ। ਇਸ ਮਸਲੇ ਦਾ ਹੱਲ ਕੇਂਦਰ ਸਰਕਾਰ ਦੇ ਹੱਥ ਵਿਚ ਹੈ ਅਤੇ ਜਿਹੜਾ ਅਕਾਰਡ ਸੰਤ ਲੌਂਗੋਵਾਲ ਅਤੇ ਰਾਜੀਵ ਗਾਂਧੀ ਦੇ ਵਿਚਕਾਰ ਹੋਇਆ ਸੀ ਉਸ ਦਾ ਅੱਖਰ ਅੱਖਰ ਲਾਗੂ ਕੀਤਾ ਜਾਵੇ ਤਾਕਿ ਪੰਜਾਬ ਵਿਚ ਅਮਨ ਕਾਇਮ ਹੋ ਸਕੇ ਅਤੇ ਪੰਜਾਬ ਵਿਚ ਫਿਰ ਖੁਸ਼ਹਾਲੀ ਆ ਸਕੇ। ਇਹ ਦੇਸ਼ ਦੀ ਏਕਤਾ ਲਈ ਸਹੀ ਸਿੱਧ ਹੋਵੇਗਾ। ਕਾਂਸਟੀ-ਚਿਊਸ਼ਨਲ ਤੌਰ ਤੇ ਜਿਹੜੇ ਪ੍ਰਾਬਲਮਜ਼ ਸਾਡੇ ਸਾਹਮਣੇ ਹਨ ਉਸ ਨੂੰ ਸਾਰਿਆਂ ਨੂੰ ਮਿਲ ਬੈਠ ਕੇ ਹੱਲ ਕਰਨਾ ਚਾਹੀਦਾ ਹੈ ਅਤੇ ਇਕ ਮੁੱਠ ਹੋ ਕੇ ਫੈਸਲਾ ਕਰਨਾ ਚਾਹੀਦਾ ਹੈ ਔਰ ਇਸ ਦੇ ਨਾਲ ਸਾਰਾ ਹਾਊਸ ਸਹਿਮਤ ਹੋਵੇਗਾ। ਸਾਡੀ ਅਕਾਲੀ ਦਲ ਦੇ ਲੀਡਰ ਬਰਨਾਲਾ ਸਾਹਿਬ ਬਤੌਰ ਪ੍ਰਧਾਨ ਬੜੀ ਦਲੇਰੀ ਦੇ ਨਾਲ ਉਨ੍ਹਾਂ ਦੇ ਚੈਲੰਜ ਨੂੰ ਕਬੂਲ ਕੀਤਾ ਹੈ ਤਾਕਿ ਪੰਜਾਬ ਵਿਚ ਸ਼ਾਂਤੀ ਕਾਇਮ ਹੋ ਸਕੇ ਪਰ ਦੂਜੇ ਪਾਸੇ ਬੈਠੇ ਮੇਰੇ ਸਾਥੀ ਕਹਿੰਦੇ ਹਨ ਕਿ ਬਰਨਾਲਾ ਸਾਹਿਬ ਨੇ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ। ਆਨੰਦਪੁਰ ਸਾਹਿਬ 16 ਲੱਖ ਦੇ ਇਕੱਠ ਵਿਚ ਜਿਹੜਾ ਰੇਜ਼ੋਲਿਊਸ਼ਨ ਪਾਸ ਕੀਤਾ ਸੀ ਉਸ ਨੂੰ ਇਨ੍ਹਾਂ ਦੋਸਤਾਂ ਨੇ ਉਸ ਮਤੇ ਨੂੰ ਛਿੱਕੇ ਤੇ ਟੰਗ ਦਿੱਤਾ ਹੈ ਅਤੇ ਦੋ ਫਾੜ ਹੋ ਗਏ ਹਨ।

ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪਾਰਟੀ ਨੂੰ ਦੋ ਟੁੱਕ ਕੀਤਾ ਹੈ। ਪਾਰਟੀ ਦੇ ਇੱਮੇਜ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਹੁਕਮਨਾਮੇ ਦਾ ਕੋਈ ਵੀ ਸਿੱਖ ਉਲੰਘਣਾ ਨਹੀਂ ਕਰਨਾ ਚਾਹੁੰਦਾ ਔਰ ਨਾ ਹੀ ਦਰਬਾਰ ਸਾਹਿਬ ਤੇ ਹਮਲਾ ਕਰਨਾ ਚਾਹੁੰਦਾ ਹੈ। ਇਸ ਬਾਰੇ ਨਾ ਹੀ ਕੋਈ ਕਿਸੇ ਦੀ ਨੀਅਤ ਹੈ ਪਰ ਅਫਸੋਸ ਇਸ ਗੱਲ ਦਾ ਹੈ ਕਿ ਧਰਮ ਅਸਥਾਨ ਵਿਚ, ਦਰਬਾਰ ਸਾਹਿਬ ਵਿੱਚ ਗੋਲੀ ਚਲੇ ਅਤੇ ਕਤਲ ਕਰ ਦਿਤਾ ਜਾਏ। ਇਸ ਜ਼ਿੰਮੇਂਵਾਰੀ ਤੋਂ ਚੀਂਡਸਾ ਸਾਹਿਬ ਬਚ ਨਹੀਂ ਸਕਣਗੇ ਅਤੇ ਜਾਂ ਹੋਰ ਜਿਸ ਦੀ ਜ਼ਿੰਮੇਂਵਾਰੀ ਹੈ, ਉਹ ਬਚ ਨਹੀਂ ਸਕਣਗੇ। ਇਹ ਗੋਲੀ ਸਾਡੇ ਧਰਮ ਅਸਥਾਨ ਤੇ ਜਿਥੇ ਗੁਰੂ ਰਾਮਦਾਸ ਦੀ ਧਰਤੀ ਤੇ ਚਲੀ ਜਿਨ੍ਹਾਂ ਨੇ ਸਿੱਖ ਪੰਥ ਦੀ ਨੀਂਹ ਰੱਖੀ। ਇਹ ਧਰਤੀ ਗੁਰੂ ਰਾਮਦਾਸ ਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇੱਕ ਗਲ ਦੱਸਦਾ ਹਾਂ ਕਿ ਇਕ ਸੇਠ ਦੀ ਸੁੱਖ ਪੂਰੀ ਹੋ ਗਈ। ਸੇਠ ਸੁੱਖ ਪੂਰੀ ਹੋਣ ਤੋਂ ਬਾਅਦ ਦਰਬਾਰ ਸਾਹਿਬ ਦਾਖਲ ਹੋਏ, ਉਥੇ ਸੰਗਤਾਂ ਗੁਰੂ ਕਾ ਲੰਗਰ ਛੱਕ ਰਹੀਆਂ ਸਨ। ਸੇਠ ਨੇ ਪੁਛਿਆ ਕਿ ਗੁਰੂ ਰਾਮ ਦਾਸ ਕਿਥੇ ਹੈ। ਜਵਾਬ ਮਿਲਿਆ ਕਿ ਪਹਿਲਾਂ ਲੰਗਰ ਛੱਕੋ ਫਿਰ ਦਰਸ਼ਨ ਦੇਣਗੇ। ਸੇਠ ਨੇ ਲੰਗਰ ਛੱਕ ਲਿਤਾ ਅਤੇ ਉਨ੍ਹਾਂ ਨੂੰ ਜਲ ਵੀ ਪਿਲਾਇਆ ਗਿਆ। ਫਿਰ ਕਿਹਾ ਗਿਆ ਕਿ ਗੁਰੂ ਰਾਮ ਦਾਸ ਜੀ ਕਿਥੇ ਬੈਠੇ ਹਨ। ਉਨ੍ਹਾਂ ਨੇ ਕਿਹਾ ਕਿ ਅੰਦਰ ਚਲੇ ਜਾਓ ਅਤੇ ਦਰਸ਼ਨ ਕਰ ਲਓ। ਉਨ੍ਹਾਂ ਨੇ ਜਾਣ ਲਗਿਆਂ ਉਸ ਸਿੱਖ ਕੋਲੋਂ ਪੁਛਿਆ ਕਿ ਇਥੇਂ ਜੋੜੇ ਤਾਂ ਨਹੀਂ ਚੋਰੀ ਹੋਣ ਲੱਗੇ। ਉਸ ਸਿੱਖ ਨੇ ਕਿਹਾ ਨਹੀਂ ਅਤੇ ਗੁਰੂ ਰਾਮ ਦਾਸ ਜੋੜਿਆਂ ਦੀ ਰਾਖੀ ਕਰ ਰਹੇ ਸਨ ਅਤੇ ਸੇਠ ਜੀ ਅੰਦਰ ਚਲੇ ਗਏ। ਸੇਠ ਜੀ ਅੰਦਰ

ਜਾ ਕੇ ਮੱਥਾ ਟੇਕ ਕੇ ਵਾਪਸ ਆ ਗਏ । ਸੇਠ ਨੇ ਪੁਛਿਆ ਕਿ ਗੁਰੂ ਰਾਮ ਦਾਸ ਜੀ ਕਿਥੇ ਹਨ। ਉਨ੍ਹਾਂ ਨੇ ਉਥੇ ਅਰਦਾਸ ਕੀਤੀ ਅਤੇ ਪੁਛਿਆ ਕਿ ਗੁਰੂ ਰਾਮ ਦਾਸ ਕਿਹੜੇ ਹਨ। ਜਦੋਂ ਸੇਠ ਨੂੰ ਪਤਾ ਲਗਾ ਕਿ ਗੁਰੂ ਰਾਮ ਦਾਸ ਜੀ ਜੋੜਿਆਂ ਦੀ ਰਾਖੀ ਕਰ ਰਹੇ ਸਨ ਤਾਂ ਉਨ੍ਹਾਂ ਨੇ ਗੁਰੂ ਦੇ ਚਰਨਾਂ ਤੇ ਸੀਸ ਰੱਖ ਦਿੱਤਾ । ਇਤਨੀ ਸੇਵਾ ਔਰ ਇਤਨੀ ਕੁਰਬਾਨੀ । ਡਿਪਟੀ ਸਪੀਕਰ ਸਾਹਿਬ, ਅਸੀਂ ਪੰਥ ਤੇ ਕਲੰਕਤਨ ਨਹੀਂ ਆਣ ਦਿਆਂਗੇ । ਇਤਨੀ ਸੇਵਾ ਗੁਰੂ ਸਾਹਿਬ ਨੇ ਖੁਦ ਕੀਤੀ। ਉਨ੍ਹਾਂ ਦੇ ਬੱਚੇ ਸ਼ਹੀਦ ਹੋਏ, ਆਪ ਸ਼ਹੀਦ ਹੋਏ, ਉਨ੍ਹਾਂ ਦੇ ਪਿਤਾ ਜੀ ਸ਼ਹੀਦ ਹੋਏ । ਸਿੱਖ ਪੰਥ ਵਿਚ ਤਾਂ ਸੇਵਾ ਹੀ ਸੇਵਾ ਹੈ। ਅਸੀਂ ਦੇਸ਼ ਦੀ ਏਕਤਾ ਅਤੇ ਅਖੰਡਤਾ ਵਿਚ ਸੰਕਲਪ ਕਰਦੇ ਹਾਂ । ਚਾਹੇ ਕੋਈ ਪੁਲਿਸ ਦਾ ਆਦਮੀ ਕਿਸੇ ਨੂੰ ਮਾਰਦਾ ਹੈ ਜਾਂ ਕੋਈ ਹੋਰ ਵਿਅਕਤੀ ਕਿਸੇ ਆਦਮੀ ਨੂੰ ਮਾਰਦਾ ਹੈ, ਔਰ ਜਿਹੜੇ ਵੀ ਨਿਰਦੋਸ਼ ਲੋਕਾਂ ਦੇ ਕਤਲ ਹੁੰਦੇ ਹਨ, ਅਸੀਂ ਉਨ੍ਹਾਂ ਦੀ ਨਿੰਦਿਆ ਕਰਦੇ ਹਾਂ। ਮੈਂ ਡਿਪਟੀ ਸਪੀਕਰ ਸਾਹਿਬ, ਆਪਣੀ ਪਾਰਟੀ ਵਲੋਂ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਹਰ ਕਿਸਮ ਦੇ ਅਤਿਵਾਦ ਦੇ ਖਿਲਾਫ਼ ਹਾਂ। (ਥੰਪਿੰਗ) ਇਸ ਦੀ ਅਸੀਂ ਪੁਰਜ਼ੋਰ ਨਿੰਦਿਆ ਕਰਦੇ ਹਾਂ।

ਮਾਸਟਰ ਮੋਹਨ ਲਾਲ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਇਸ ਮਤੇ ਦੀ ਪ੍ਰੋੜਤਾ ਕਰਨ ਲਈ ਖੜ੍ਹਾ ਹੋਇਆ ਹਾਂ। ਡਾਕਟਰ ਸਾਹਿਬ ਨੇ ਜੋ ਇਹ ਮਤਾ ਸਦਨ ਦੇ ਸਾਹਮਣੇ ਰਖਿਆ ਹੈ, ਇਸ ਵਿਚ ਤਿੰਨ ਗਲਾਂ ਦਾ ਜ਼ਿਕਰ ਕੀਤਾ ਗਿਆ ਹੈ । ਪਹਿਲੀ ਗੱਲ ਤਾਂ ਇਹ ਹੈ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਤੇ ਅਟੁਟ ਵਿਸ਼ਵਾਸ ਹੋਣਾ ਚਾਹੀਦਾ ਹੈ। ਦੂਸਰੀ ਗੱਲ ਇਹ ਹੈ ਕਿ ਸੰਪਰਦਾਇਕ ਸਦਭਾਵਨਾ ਹੋਣੀ ਚਾਹੀਦੀ ਹੈ । ਤੀਸਰੀ ਗਲ, ਡਿਪਟੀ ਸਪੀਕਰ ਸਾਹਿਬ, ਇਹ ਹੈ ਕਿ ਅਤਿਵਾਦ ਦੀ ਨਿਖੇਧੀ ਕੀਤੀ ਜਾਵੇ ਔਰ ਨੈਤਿਕ ਸਦਭਾਵਨਾ ਔਰ ਰਾਜਨੀਤਕ ਤਾਕਤਾਂ ਜੁੱਟ ਕੇ ਦੇਸ਼ ਦੇ ਸਾਹਮਣੇ ਜੋ ਸੰਕਟ ਪੈਦਾ ਹੋਇਆ ਹੈ ਉਸ ਦਾ ਹੱਲ ਕੀਤਾ ਜਾਵੇ । ਇਨ੍ਹਾਂ ਤਿੰਨਾਂ ਚੀਜ਼ਾਂ ਦੀ ਬਹੁਤ ਲੋੜ ਹੈ।

ਦੇਸ਼ ਦੀ ਏਕਤਾ ਔਰ ਅਖੰਡਤਾ ਨਾ ਕੇਵਲ ਇਕ ਪਾਰਟੀ ਦੀ ਧਰੋਹਰ ਹੈ। ਕੋਈ ਵੀ ਪਾਰਟੀ ਅਗਰ ਇਹ ਸਮਝਦੀ ਹੈ ਕਿ ਦੇਸ਼ ਦੀ ਏਕਤਾ ਔਰ ਅਖੰਡਤਾ ਮੇਰੀ ਹੀ ਜ਼ਿੰਮੇਵਾਰੀ ਹੈ ਅਤੇ ਬਾਕੀ ਪਾਰਟੀਆਂ ਉਸ ਨੂੰ ਖਰਾਬ ਕਰਦੀਆਂ ਹਨ, ਤਾਂ ਮੈਂ ਸਮਝਦਾ ਹਾਂ ਕਿ ਇਹ ਕਿਸੇ ਵੀ ਪੁਲੀਟਿਕਲ ਪਾਰਟੀ ਦੀ ਭੁੱਲ ਹੋਵੇਗੀ । ਮੇਰੇ ਖੱਬੇ ਪਾਸੇ ਜਿਹੜੇ ਮੇਰੇ ਵੀਰ ਹਨ, ਮੈਂ ਸਮਝਦਾ ਹਾਂ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਉਹ ਉਨੇ ਹੀ ਮੁਦੱਈ ਹਨ, ਜਿਨ੍ਹੇ ਅਸੀਂ ਹਾਂ, ਕਾਂਗਰਸ ਪਾਰਟੀ ਹੈ, ਰੂਲਿੰਗ ਪਾਰਟੀ ਹੈ । ਕਿਸੇ ਨੂੰ ਇਸ ਵਿੱਚ ਅਵਿਸ਼ਵਾਸ ਨਹੀਂ, ਸੰਕੋਚ ਨਹੀਂ । ਅਸੀਂ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੇ ਤਨ, ਮਨ ਅਤੇ ਧਨ ਨੂੰ ਜਿਹੜਾ ਕਿ ਸਾਨੂੰ ਵਿਰਸੇ ਵਿੱਚ ਮਿਲਿਆ ਹੈ, ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹਾਂ । ਇਹ ਮਸਲਾ ਪੈਦਾ ਕਿਉਂ ਹੋਇਆ ? ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਮਤਾ ਇਸ ਸਦਨ ਦੇ ਅੰਦਰ ਰਖਣ ਵਾਸਤੇ ਮੌਕਾ ਕਿਉਂ ਆਇਆ। ਪੰਜਾਬ ਦੇ ਅੰਦਰ ਕੁਝ ਅਜੇਹੇ ਤੱਤ ਪੈਦਾ ਹੋ ਗਏ ਜੋ ਨਾ ਹਿੰਦੂ ਹੋ ਸਕਦੇ ਹਨ, ਨਾ ਸਿੱਖ ਹੋ ਸਕਦੇ ਹਨ, ਨਾ ਇਸਾਈ ਕ੍ਰਿਸਚਿਨ ਹੋ ਸਕਦੇ ਹਨ ਅਤੇ ਨਾ ਹੀ ਮੁਸਲਮਾਨ ਹੋ ਸਕਦੇ ਹਨ। ਉਹ ਚਾਹੁੰਦੇ ਹਨ ਕਿ ਇਕ ਡਰ ਪੈਦਾ ਕੀਤਾ ਜਾਵੇ, ਇਕ ਕਿਸਮ ਦਾ ਚਮਤਕਾਰ ਪੈਦਾ ਕਰਕੇ ਲੋਕਾਂ ਦੇ ਮਨਾਂ ਵਿੱਚ ਡਰ ਪੈਦਾ ਕੀਤਾ ਜਾਵੇ, ਜਿਸ ਨਾਲ ਦੇਸ਼ ਵਿੱਚ ਇਕ ਵਿਖਰਾਵ, ਤੋੜਫੋੜ ਪੈਦਾ ਕੀਤਾ ਜਾਵੇ। ਉਨ੍ਹਾਂ ਦੇ ਕੋਈ ਆਦਰਸ਼ ਜਾਂ ਆਈਡੀਓਲੋਜੀ ਨਹੀਂ ਹੈ । ਉਹ ਮਹਿਜ਼ ਆਪਣੇ ਜ਼ਾਤੀ ਸਵਾਰਥਾਂ ਦੀ ਖਾਤਰ ਅਤੇ ਵਿਦੇਸ਼ੀ ਸ਼ਕਤੀਆਂ ਦੀ ਸ਼ਹਿ ਦੇ ਉਤੇ ਪੰਜਾਬ ਦੇ ਸਦਵਭਾਵਨਾ ਭਰੇ ਵਾਤਾਵਰਣ ਨੂੰ ਖਰਾਬ ਕਰਨਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਹਿੰਦੂ-ਸਿੱਖ ਵਿੱਚ ਇਕ ਤਨਾਓ ਪੈਦਾ ਕੀਤਾ

[ਮਾਸਟਰ ਮੋਹਨ ਲਾਲ]

ਜਾਵੇ ਤਾਂਕਿ ਉਹ ਗਲੀਆਂ ਬਜ਼ਾਰਾਂ ਵਿਚ ਨਿਕਲ ਕੇ ਲੜਨ। ਮੈਂ ਪੰਜਾਬੀਆਂ ਨੂੰ ਇਸ ਗੱਲ ਦੀ ਮੁਬਾਰਕਬਾਦ ਦੇਂਦਾ ਹਾਂ ਕਿ 6 ਸਾਲ ਦੇ ਇਸ ਕਰੂਸ਼ਲ ਸਮੇਂ ਵਿੱਚ ਵੀ ਹਿੰਦੂ-ਸਿੱਖਾਂ ਨੇ ਆਹਮਣੇ-ਸਾਹਮਣੇ ਖੜੇ ਹੋ ਕੇ ਲੜਨ ਦੀ ਨੀਤੀ ਨਹੀਂ ਅਪਣਾਈ। ਦੋਨਾਂ ਧਿਰਾਂ ਨੇ ਆਪਣੀ ਅਤੇ ਆਪਣੇ ਲੀਡਰਾਂ ਦੀ ਸੂਝ-ਬੂਝ ਨਾਲ ਅੱਜ ਪੰਜਾਬ ਦੇ ਸਦਭਾਵਨਾ ਭਰੇ ਵਾਤਾਵਰਨ ਨੂੰ ਕਾਇਮ ਰਖਣ ਵਿੱਚ ਯੋਗਦਾਨ ਦਿੱਤਾ ਹੈ। ਸਿੱਖ ਧਰਮ ਨੇ ਇਸ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕਿੰਨੇ ਹੀ ਬਲੀਦਾਨ ਦਿੱਤੇ ਹਨ ਜਿਨ੍ਹਾਂ ਤੇ ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਸਿਰ ਝੁਕਾਉਂਦਾ ਹਾਂ। ਦਸ ਗੁਰੂਆਂ ਨੇ ਬਲੀਦਾਨ ਦਿੱਤੇ ਹਨ ਜਿਨ੍ਹਾਂ ਨੂੰ ਸਮਝਣ ਦੀ ਲੋੜ ਹੈ। ਉਨ੍ਹਾਂ ਨੇ ਇਕ ਪ੍ਰਾਸੈਸ ਅਡਾਪਟ ਕੀਤਾ। ਉਹ ਪ੍ਰਾਸੈਸ ਕੀ ਸੀ? ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲੇ ਗੁਰੂ ਨਾਨਕ ਦੇਵ ਜੀ ਨੇ ਇਸ ਦੇਸ਼ ਦੀ ਧੜਕਦੀ ਨਬਜ਼ ਨੂੰ ਪਛਾਣਿਆ। ਇਕ ਕੋਨੇ ਤੋਂ ਦੂਸਰੇ ਕੋਨੇ ਤੱਕ ਕੀ ਕੀ ਘਟਨਾ ਵਾਪਰਦੀਆਂ ਹਨ, ਲੋਕ ਕਿਸ ਤਰ੍ਹਾਂ ਦੇ ਰਹਿੰਦੇ ਹਨ, ਰਹਿਣੀ-ਬਹਿਣੀ ਕਿਸ ਤਰ੍ਹਾਂ ਦੀ ਹੈ, ਉਹ ਕਿਸ ਤਰ੍ਹਾਂ ਧਰਮ ਦੇ ਤਹਿਤ ਜਾਦੂ-ਟੋਣਿਆਂ ਵਿੱਚ ਫਸੇ ਹੋਏ ਹਨ, ਉਨ੍ਹਾਂ ਨੇ ਇਸ ਗੱਲ ਨੂੰ ਪਛਾਣਿਆਂ। ਛੇਵੇਂ ਗੁਰੂ, ਗੁਰੂ ਹਰਗੋਬਿੰਦ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਕੌਮ ਨੂੰ ਇਕ ਸਬਕ ਸਿਖਾਇਆ। ਫੇਰ ਨੌਵਾਂ ਪ੍ਰਾਸੈਸ ਆਇਆ। ਉਹ ਸੀ ਜਿਸ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ ਚਾਦਰ ਕੀ ਕਰਦੀ ਹੈ। ਚਾਦਰ ਇਨਸਾਨ ਦੇ ਐਬਾਂ ਨੂੰ ਢਕਦੀ ਹੈ, ਕਮਜ਼ੋਰੀਆਂ ਨੂੰ ਢਕਦੀ ਹੈ, ਜੇ ਕੋਈ ਠੰਡੀ ਹਵਾ ਦਾ ਝੋਂਕਾ ਆਵੇ ਤਾਂ ਉਸ ਤੋਂ ਸਾਡੀ ਰਕਸ਼ਾ ਕਰਦੀ ਹੈ। ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਇਸ ਦੇਸ਼ ਦੀ ਏਕਤਾ ਲਈ ਹਿੰਦ ਦੀ ਚਾਦਰ ਬਣ ਕੇ ਕੰਮ ਕੀਤਾ। ਹਿੰਦ ਜਿਹੜਾ ਕਿ ਕਸ਼ਮੀਰ ਤੋਂ ਕੰਨਿਆਕੁਮਾਰੀ, ਪੂਰਬ ਤੋਂ ਪਸ਼ਚਿਮ, ਬੰਗਾਲੀ, ਗੁਜਰਾਤੀ ਅਤੇ ਮਰਾਠੀ ਸਭ ਤਰ੍ਹਾਂ ਦੇ ਲੋਕਾਂ ਨਾਲ ਵਸਿਆ ਹੋਇਆ, ਗਰੀਬ ਅਤੇ ਅਮੀਰ, ਭੁਖੇ ਅਤੇ ਰੱਜੇ ਹੋਏ, ਪੜ੍ਹੇ ਲਿਖੇ ਅਤੇ ਅਨਪੜ੍ਹ ਲੋਕ ਜਿਨ੍ਹਾਂ ਦੀ ਰਹਿਣੀ-ਬਹਿਣੀ ਵਿੱਚ, ਖਾਣਪੀਣ ਵਿਚ ਫਰਕ ਹਨ, ਹਿੰਦ ਉਹ ਦੇਸ਼ ਹੈ। ਜਿਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਇਹ ਗੱਲ ਲੋਕਾਂ ਦੇ ਸਾਹਮਣੇ ਕਹਿ ਕੇ ਸਿਧ ਕਰ ਦਿੱਤਾ ਕਿ ਇਹ ਦੇਸ਼ ਇਕ ਹੈ। ਉਹ ਹਿੰਦ ਦੀ ਚਾਦਰ ਬਣ ਕੇ, ਢਾਲ ਬਣ ਕੇ, ਰਖਵਾਲੇ ਬਣ ਕੇ ਬੋਲੇ ਕਿ ਇਹ ਦੇਸ਼ ਇਕ ਹੈ। ਉਨ੍ਹਾਂ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣਾ ਸਰਬੰਸ ਵਾਰ ਦਿੱਤਾ।

ਇਸ ਦੇਸ਼ ਦੀ ਅਖੰਡਤਾ ਦੀ ਖਾਤਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਕਿਹਾ ਕਿ ਸਾਰੀ ਦੁਨੀਆਂ ਦੇ ਅੰਦਰ ਖਾਲਿਸ ਬੰਦੇ ਰਾਜ ਕਰਨਗੇ। ਸਾਰੀ ਦੁਨੀਆਂ ਨੂੰ ਇਸ ਗਲ ਦੀ ਪਰੇਰਨਾ ਦਿੱਤੀ ਕਿ ਆਪਣੇ ਦੇਸ਼ ਲਈ ਮਰਨਾ ਚਾਹੀਦਾ ਹੈ, ਇਸ ਲਈ ਹੀ ਜੀਊਣਾ ਚਾਹੀਦਾ ਹੈ ਅਤੇ ਇਸ ਦੇਸ਼ ਦੀ ਅਖੰਡਤਾ ਨੂੰ ਕਾਇਮ ਰਖਣਾ ਚਾਹੀਦਾ ਹੈ। ਇਸ ਦੇਸ਼ ਅੰਦਰ ਰਹਿਕੇ ਹੀ ਆਪਣਾ ਜੀਵਨ ਗੁਜ਼ਾਰਿਆ ਹੈ, ਇਥੇ ਹੀ ਸਕੂਲਾਂ, ਕਾਲਜਾਂ ਅੰਦਰ ਪੜ੍ਹਿਆ ਹੈ ਔਰ ਸਿਕਸ਼ਾ ਪ੍ਰਾਪਤ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੇਸ਼ ਦੀ ਏਕਤਾ ਲਈ, ਅਖੰਡਤਾ ਲਈ ਪ੍ਰਚਾਰ ਕੀਤਾ ਔਰ ਪਟਨਾ ਸਾਹਿਬ ਤੋਂ ਨੰਦੇੜ ਸਾਹਿਬ, ਫਿਰ ਹਜ਼ੂਰ ਸਾਹਿਬ ਅਤੇ ਫਿਰ ਆਨੰਦਪੁਰ ਸਾਹਿਬ ਮਤਲਬ ਸਾਰੇ ਦੇਸ਼ ਦਾ ਚੱਕਰ ਲਗਾਉਂਦੇ ਹੋਏ, ਏਕਤਾ ਦਾ ਸਬੂਤ ਦਿੰਦੇ ਹੋਏ, ਇਸ ਦੇਸ਼ ਦੇ ਲੋਕਾਂ ਨੂੰ ਅਖੰਡਤਾ, ਏਕਤਾ ਔਰ ਭਾਈਚਾਰੇ ਦਾ ਸਬਕ ਸਿਖਾਇਆ। ਜਿਹੜੇ ਅੱਜ ਆਪਣੇ ਨਿੱਜੀ ਸਵਾਰਥਾਂ ਕਰਕੇ ਕੰਮ ਕਰ ਰਹੇ ਹਨ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੈਰੋਕਾਰ ਨਹੀਂ ਹੋ ਸਕਦੇ। ਡਿਪਟੀ ਸਪੀਕਰ ਸਾਹਿਬ, ਅਜਿਹੇ ਆਦਮੀ ਅਗਰ ਹਿੰਦੂਆਂ ਵਿਚ ਹਨ ਤਾਂ ਉਹ ਦੇਸ਼ ਦੇ ਧਰੋਈ ਹਨ ਔਰ ਉਨ੍ਹਾਂ ਦਾ ਦੇਸ਼ ਦੀ ਅਖੰਡਤਾ ਨਾਲ ਕੋਈ ਤੁਅੱਲਕ ਨਹੀਂ ਹੈ। ਜੇਕਰ ਅਜਿਹੇ ਲੋਕ

ਮੁਸਲਮਾਨਾਂ ਅੰਦਰ ਹਨ ਤਾਂ ਉਹ ਦੇਸ਼ ਦੇ ਅਲੰਬਰਦਾਰ ਨਹੀਂ ਹਨ। ਅਗਰ ਅਜਿਹੇ ਲੋਕ ਸਿੱਖਾਂ ਅੰਦਰ ਹਨ ਔਰ ਉਹ ਅਗਰ ਚਾਹੁੰਦੇ ਹਨ ਕਿ ਦੇਸ਼ ਦੇ ਟੁਕੜੇ ਕਰਾ ਕੇ, ਇੱਕ ਦੂਜੇ ਨੂੰ ਲੜਾ ਕੇ ਆਪਣਾ ਰਾਜ ਕਾਇਮ ਕੀਤਾ ਜਾਏ ਤਾਂ ਉਹ ਸਿੱਖ ਵੀ ਨਹੀਂ ਹੋ ਸਕਦੇ ਹਨ। ਸਿੱਖ, ਹਿੰਦੂ, ਮੁਸਲਮਾਨ ਔਰ ਈਸਾਈ ਸਭ ਨੂੰ ਮਿਲ ਕੇ ਦੇਸ਼ ਦੀ ਅਖੰਡਤਾ ਔਰ ਇਸ ਦੀ ਏਕਤਾ ਨੂੰ ਬਰਕਰਾਰ ਰਖਣਾ ਚਾਹੀਦਾ ਹੈ। (ਵਿਘਨ) ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਛੇ ਸਾਲਾਂ ਅੰਦਰ ਪੰਜਾਬ ਅੰਦਰ ਜੋ ਅਨ੍ਹੇਰੀ ਚਲੀ ਹੋਈ ਹੈ, ਜਿਸ ਨਾਲ ਮਾਸੂਮ ਲੋਕਾਂ ਦਾ ਕਤਲ ਹੋ ਰਿਹਾ ਹੈ। ਇਹ ਇੱਕ ਫਿਰਕੇ ਦੇ ਲੋਕਾਂ ਦੇ ਹੀ ਕਤਲ ਨਹੀਂ ਹੋ ਰਹੇ ਬਲਕਿ ਸਿੱਖ, ਹਿੰਦੂ, ਬੱਚਾ, ਬੁਢਾ, ਗਰੀਬ, ਅਮੀਰ, ਦੁਕਾਨਦਾਰ, ਮਜ਼ਦੂਰ ਔਰ ਕਿਸਾਨ ਸਾਰੇ ਹੀ ਮਰ ਰਹੇ ਹਨ। ਕਮਿਊਨਿਸਟ ਮਰ ਰਿਹਾ ਹੈ, ਅਕਾਲੀ ਮਰ ਰਿਹਾ ਹੈ। ਸਭ ਵਰਗਾਂ ਦੇ ਲੋਕ ਇਸ ਉਗਰ-ਵਾਦੀ ਅੰਧੇਰੀ ਵਿਚ ਮਰ ਰਹੇ ਹਨ । ਇੱਕ ਫਿਰਕੇ ਦੇ ਹੀ ਲੋਕ ਨਹੀਂ ਮਰ ਰਹੇ ਹਨ ਬਲਕਿ ਉਗਰਵਾਦੀ-ਅੰਧੇਰੀ ਨੇ ਹਿੰਦੂਆਂ ਨੂੰ, ਸਿੱਖਾਂ ਨੂੰ, ਈਸਾਈਆਂ, ਮੁਸਲਮਾਨਾਂ ਨੂੰ ਕਿਸੇ ਨੂੰ ਨਹੀਂ ਬਖਸ਼ਿਆ ਹੈ। ਇਸ ਲਈ ਅੱਜ ਇਸ ਦੇਸ਼ ਅੰਦਰ ਸਾਰੀਆਂ ਸੂਝਵਾਨ ਪਾਰਟੀਆਂ ਨੂੰ ਸੋਚਣਾ ਚਾਹੀਦਾ ਹੈ ਕਿ ਜੇਕਰ ਇਹ ਦੇਸ਼ ਰਹੇਗਾ ਤਾਂ ਅਸੀਂ ਰਹਾਂਗੇ । ਅਗਰ ਇਹ ਦੇਸ਼ ਨਹੀਂ ਰਹੇਗਾ ਤਾਂ ਅਸੀਂ ਵੀ ਨਹੀਂ ਰਹਾਂਗੇ । ਦੇਸ਼ ਇੱਕ ਰਹੇਗਾ ਤਾਂ ਧਰਮ ਵੀ ਕਾਇਮ ਰਹਿਣਗੇ ਔਰ ਅਗਰ ਦੇਸ਼ ਨਹੀਂ ਰਹੇਗਾ ਤਾਂ ਧਰਮ ਦੀਆਂ ਵੀ ਧੱਜੀਆਂ ਉਡ ਜਾਣਗੀਆਂ । ਗੁਰੁਦਵਾਰੇ, ਮੰਦਰ, ਮਸਜਿਦ ਔਰ ਗਿਰਜਾਘਰ ਵੀ ਸੇਫ ਨਹੀਂ ਰਹਿਣਗੇ । ਜਦੋਂ ਦੇਸ਼ ਵਿਚ ਆਕਰਮਣ ਹੋਇਆ ਤਾਂ ਉਸ ਵੇਲੇ ਮਸਜਿਦਾਂ, ਗੁਰੁਦਵਾਰੇ ਅਤੇ ਗਿਰਜਾਘਰਾਂ ਨੂੰ ਵੀ ਨਹੀਂ ਬਖਸ਼ਿਆ ਗਿਆ । ਇਥੋਂ ਦੇ ਪੂਜਾ ਸਥਾਨਾਂ ਨੂੰ ਬੁਰੀ ਤਰ੍ਹਾਂ ਨਾਲ ਰੌਂਦਿਆ ਗਿਆ । ਦੇਸ਼ ਠੀਕ ਰਹੇਗਾ ਤਾਂ ਸਭ ਕੁਝ ਠੀਕ ਰਹੇਗਾ। ਇਸ ਲਈ ਮਿਲ ਕੇ ਚਲਣ ਦੀ ਲੋੜ ਹੈ। ਮਿਲ ਕੇ ਇਨ੍ਹਾਂ ਤਾਕਤਾਂ ਦੇ ਖਿਲਾਫ ਹੱਲਾ ਮਾਰਨਾ ਚਾਹੀਦਾ ਹੈ । ਔਰ ਇਸ ਦੇਸ਼ ਦੀ ਅਖੰਡਤਾ ਨੂੰ, ਏਕਤਾ ਨੂੰ ਕਾਇਮ ਰਖਣਾ ਚਾਹੀਦਾ ਹੈ । ਮੈਂ ਕਹਾਂਗਾ ਕਿ ਅੱਜ ਸਾਰੇ ਲੋਕ ਆਪਣੇ ਪੁਲਿਟੀਕਲ ਕਿਰਦਾਰ ਨੂੰ ਪਾਸੇ ਰੱਖ ਕੇ (ਘੰਟੀ) ਰਾਜਨੀਤੀ ਨੂੰ ਪਾਸੇ ਰੱਖ ਕੇ ਇਸ ਮਸਲੇ ਦਾ ਹੱਲ ਲੱਭਣ ਅਤੇ ਸਾਰਿਆਂ ਦੀ ਇਹ ਸੋਚਣੀ ਹੋਣੀ ਚਾਹੀਦੀ ਹੈ ਕਿ ਇਸ ਦੇਸ਼ ਦੇ ਟੋਟੇ ਨਹੀਂ ਹੋਣ ਦੇਣੇ । ਵੋਟਾਂ ਤਾਂ ਅਸੀਂ ਲੋਕਾਂ ਕੋਲੋਂ ਲੈਂਦੇ ਹੀ ਰਹਿਣਾ ਹੈ ਪਰ ਜਦੋਂ ਅਸੀਂ ਲੋਕਾਂ ਪਾਸੋਂ ਵੋਟ ਮੰਗਦੇ ਹਾਂ ਤਾਂ ਉਸ ਵੇਲੇ ਅਸੀਂ ਧਰਮ ਨੂੰ ਸਾਖੀ ਨਹੀਂ ਮੰਨਦੇ, ਉਸ ਵੇਲੇ ਧਰਮ ਨੂੰ ਸਾਮਣੇ ਨਹੀਂ ਰੱਖਿਆ ਜਾਂਦਾ । ਇਸ ਲਈ ਜੇ ਦੇਸ਼ ਬਚੇਗਾ ਤਾਂ ਅਸੀਂ ਬਚਾਂਗੇ, ਜੇ ਦੇਸ਼ ਨਹੀਂ ਬਚੇਗਾ ਤਾਂ ਅਸੀਂ ਨਹੀਂ ਬਚਾਂਗੇ । (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਤੁਹਾਡੇ ਕੋਲੋਂ ਦੋ ਮਿੰਟ ਹੋਰ ਲੈਣੇ ਹਨ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਾਜਨੀਤਿਕ ਗੱਲਾਂ ਨੂੰ ਇਕ ਪਾਸੇ ਰੱਖ ਕੇ ਪੰਜਾਬ ਦੇ ਮਸਲੇ ਦਾ ਹੱਲ ਸੋਚਣਾ ਚਾਹੀਦਾ ਹੈ । ਐਸਾ ਮਾਹੌਲ ਪੈਦਾ ਕਰਨਾ ਚਾਹੀਦਾ ਹੈ ਤਾਂ ਜੋ ਇਥੇ ਹਿੰਦੂਆਂ ਅਤੇ ਸਿੱਖਾਂ ਵਿਚ ਪਿਆਰ ਵਧੇ । ਕੋਈ ਐਸੀ ਗੱਲ ਨਹੀਂ ਕਰਨੀ ਚਾਹੀਦੀ ਕਿਉਂਕਿ ਅਸੀਂ ਵੱਖ ਨਹੀਂ ਹੋਣਾ ਕਿਉਂਕਿ ਸਾਡਾ ਖੂਨ ਸਾਂਝਾ ਹੈ, ਸਾਡਾ ਪਿਛੋਕੜ ਸਾਂਝਾ ਹੈ। ਜੇ ਮੈਂ ਹਿੰਦੂ ਹਾਂ ਤਾਂ ਮੇਰੇ ਸਾਲੇ ਸਿੱਖ ਹੋਣਗੇ। ਹਿੰਦੂ ਸਿੱਖਾਂ ਵਿਚ ਰਿਸ਼ਤੇ ਕਰਦੇ ਹਨ ਅਤੇ ਸਿੱਖ ਹਿੰਦੂਆਂ ਵਿਚ ਰਿਸ਼ਤੇ ਕਰਦੇ ਹਨ । (ਹਾਸਾ) (ਵਿਘਨ) ਤੁਸੀਂ ਸ਼ਬਦਾਂ ਵਿਚ ਨਾ ਜਾਓ, ਭਾਵਨਾ ਵਿਚ ਜਾਓ । ਜੇ ਮੈਂ ਕਿਸੇ ਦੀ ਸ਼ਾਨ ਦੇ ਖਿਲਾਫ ਕੋਈ ਸ਼ਬਦ ਕਿਹਾ ਹੋਵੇ ਤਾਂ ਮੈਂ ਉਹ ਸ਼ਬਦ ਵਾਪਸ ਲੈਂਦਾ ਹਾਂ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਾਲਾ ਭਣਵਈਆ ਦੋਵੇਂ ਸਿੱਖ ਹੋ ਸਕਦੇ ਹਨ। (ਹਾਸਾ)

ਮਾਸਟਰ ਮੋਹਨ ਲਾਲ : ਤੁਸੀਂ ਸ਼ਬਦਾਂ ਵਿਚ ਨਾ ਪਵੋ, ਭਾਵਨਾ ਵਿਚ ਜਾਓ ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ ।

ਮਾਸਟਰ ਮੋਹਨ ਲਾਲ : ਮੈਂ ਵਾਈਂਡ ਅੱਪ ਕਰਦਾ ਹਾਂ ਜੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਉਗਰਵਾਦ ਦੀ ਨਿਖੇਧੀ ਸਾਰੇ ਫਿਰਕਿਆਂ ਨੂੰ ਮਿਲ ਕੇ ਕਰਨੀ ਚਾਹੀਦੀ ਹੈ ਚਾਹੇ ਉਹ ਕਿਸੇ ਪਾਸੇ ਦਾ ਹੋਵੇ, ਭਾਵੇਂ ਉਸ ਪਾਸੇ ਦਾ ਹੋਵੇ ਅਤੇ ਭਾਵੇਂ ਇਸ ਪਾਸੇ ਦਾ ਹੋਵੇ । ਰਾਜਨੀਤਕ ਦੁਕਾਨਾਂ ਨੂੰ ਇਕ ਪਾਸੇ ਰੱਖ ਕੇ ਇਸ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ । ਉਗਰਵਾਦ ਦੁਨੀਆਂ ਵਿਚ ਕਿਤੇ ਵੀ ਰਾਜ ਨਹੀਂ ਕਰ ਸਕਿਆ । ਆਇਰਲੈਂਡ ਵਿਚ 300 ਸਾਲ ਅੱਤਵਾਦ ਨੇ ਕਿੰਨੀਆਂ ਜਾਨਾਂ ਲਈਆਂ ਪਰ ਉਹ ਰਾਜ ਨਹੀਂ ਕਰ ਸਕਿਆ। ਉਗਰਵਾਦ ਦੀ ਕੋਈ ਆਈਡਿਆਲੋਜੀ ਨਹੀਂ, ਕੋਈ ਧਰਮ ਨਹੀਂ, ਉਸ ਦੀ ਕੋਈ ਜ਼ਾਤ ਨਹੀਂ । ਇਸ ਲਈ ਮੈਂ ਕਹਾਂਗਾ ਕਿ ਅਸੀਂ ਸਾਰੇ ਇਕੱਠੇ ਮਿਲ ਕੇ, ਕਾਂਗਰਸ ਪਾਰਟੀ, ਭਾਰਤੀ ਜਨਤਾ ਪਾਰਟੀ, ਕਮਿਊਨਿਸਟ ਪਾਰਟੀ, ਜਨਤਾ ਪਾਰਟੀ, ਯੂਨਾਈਟਿਡ ਅਕਾਲੀ ਦਲ ਅਤੇ ਦੂਸਰਾ ਅਕਾਲੀ ਦਲ, ਇਹ ਸਾਰੇ ਕਮਰਕੱਸੇ ਕਰਕੇ ਇਕੱਠੇ ਹੋ ਕੇ ਉਗਰਵਾਦ ਦੇ ਖਿਲਾਫ ਖੜੇ ਹੋਈਏ ਤਾਕਿ ਪੰਜਾਬ ਦਾ ਮਸਲਾ ਜਿਹੜਾ ਪਿਛਲੇ 6 ਸਾਲਾਂ ਤੋਂ ਚਲ ਰਿਹਾ ਹੈ, ਇਸ ਪੰਜਾਬ ਨੂੰ ਫਿਰ ਪੁਰਾਣੀਆਂ ਲੀਹਾਂ ਤੇ ਖੜਾ ਕਰ ਸਕੀਏ ਅਤੇ ਇਸ ਪੰਜਾਬ ਨੂੰ ਜਿਹੜਾ ਗੁਰੂਆਂ, ਪੀਰਾਂ ਅਤੇ ਸੰਤਾਂ ਦਾ ਵਿਰਸਾ ਮਿਲਿਆ ਹੈ ਉਸ ਨੂੰ ਅੱਗੇ ਵਧਾਈਏ। ਧੰਨਵਾਦ ।

ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ (ਸਰਦਾਰ ਬਲਦੇਵ ਸਿੰਘ ਖਿਆਲਾ) : ਡਿਪਟੀ ਸਪੀਕਰ ਸਾਹਿਬ, ਅੱਜ ਬੜੇ ਹੀ ਮਹੱਤਵਪੂਰਨ ਮਤੇ ਤੇ ਵਿਚਾਰ ਹੋ ਰਹੀ ਹੈ। ਇਹ ਉਹ ਸਮੱਸਿਆ ਹੈ ਜਿਸ ਨੇ ਸਾਡੇ ਸੂਬੇ ਨੂੰ, ਦੇਸ਼ ਨੂੰ ਬੜਾ ਤੰਗ ਕੀਤਾ ਹੈ। ਅਸੀਂ ਸਾਰੇ ਹੀ ਸਿਆਸਤਦਾਨ ਆਪਣੇ ਆਪਣੇ ਹਲਕਿਆਂ ਵਿਚ ਲੋਕਾਂ ਦੀ ਨੁਮਾਇੰਦਗੀ ਕਰਦੇ ਹਾਂ। ਅਸੀਂ ਸਾਰੇ ਛੋਟੀਆਂ ਛੋਟੀਆਂ ਗੱਲਾਂ ਤੋਂ ਉਪਰ ਉਠੀਏ ਤਾਂਕਿ ਇਸ ਮਸਲੇ ਦਾ ਹੱਲ ਹੋ ਸਕੇ। ਮੇਰੇ ਤੋਂ ਪਹਿਲਾਂ ਬੜੀ ਚੰਗੀ ਵਿਚਾਰਧਾਰਾ ਵਾਲੇ ਸੱਜਣ ਬੋਲੇ ਹਨ, ਉਨ੍ਹਾਂ ਨੇ ਅੱਛੇ ਵਿਚਾਰ ਦਿੱਤੇ ਹਨ ਸੁਝਾਓ ਦਿਤੇ ਹਨ। ਸਾਨੂੰ ਇਕ ਦੂਜੇ ਦੀ ਪਾਰਟੀ, ਜ਼ਾਤ ਪਾਤ ਵਿਚ ਨਹੀਂ ਜਾਣਾ ਚਾਹੀਦਾ ਪਰ ਕਈ ਧਰਮ ਦੀਆਂ ਗਲਾਂ ਕੀਤੀਆਂ ਗਈਆਂ, ਅਕਾਲ ਤਖਤ ਸਾਹਿਬ ਦੀਆਂ ਗਲਾਂ ਕੀਤੀਆਂ ਗਈਆਂ ਜਿਨ੍ਹਾਂ ਦਾ ਇਨ੍ਹਾਂ ਨਾਲ ਕੋਈ ਵਾਸਤਾ ਨਹੀਂ। ਜੇ ਉਸ ਦਾ ਜ਼ਿਕਰ ਆਇਆ ਹੈ ਤਾਂ ਉਸ ਤੇ ਵਿਚਾਰ ਕਰਨਾ ਸਾਡਾ ਫਰਜ਼ ਬਣਦਾ ਹੈ। ਸਭ ਤੋਂ ਪਹਿਲੀ ਗਲ ਹੈ ਕਿ ਹਰ ਪਾਰਟੀ ਸਾਡੇ ਦੇਸ਼ ਦੇ ਵਿਧਾਨ ਵਿੱਚ ਰਹਿੰਦੀ ਹੋਈ ਹਰ ਤਰ੍ਹਾਂ ਦੀ ਐਜੀਟੇਸ਼ਨ ਪੂਰੇ ਅਮਨ ਤਰੀਕੇ ਨਾਲ ਕਰਨ ਦਾ ਹੱਕ ਰਖਦੀ ਹੈ। ਭਾਵੇਂ ਇਥੋਂ ਅੰਗਰੇਜ਼ਾਂ ਨੂੰ ਅਸੀਂ ਕਢਿਆ ਤਾਂ ਵੀ ਪੁਰ ਅਮਨ ਐਜੀਟੇਸ਼ਨ ਕੀਤੀ ਔਰ ਕਿਧਰੇ ਕੋਈ ਮਾਰ ਧਾੜ ਵਾਲੀ ਗੱਲ ਨਹੀਂ ਕੀਤੀ। ਜਦੋਂ ਦੇਸ਼ ਆਜ਼ਾਦ ਹੋਇਆ ਉਸ ਤੋਂ ਬਾਅਦ ਬਿਨਾਂ ਮਾਰ ਧਾੜ ਦੇ ਜੇ ਕੋਈ ਬੇਇਨਸਾਫੀ ਹੁੰਦੀ ਹੈ ਤਾਂ ਪੁਰ ਅਮਨ ਤਰੀਕੇ ਨਾਲ ਬਿਨਾਂ ਮਾਰ ਧਾੜ ਦੇ ਆਪਣਾ ਮਸਲਾ ਦੱਸਿਆ ਜਾ ਸਕਦਾ ਹੈ ਔਰ ਇਹੀ ਹਰ ਪਾਰਟੀ ਦਾ ਪ੍ਰੋਗਰਾਮ ਹੈ, ਹਰ ਪਾਰਟੀ ਦੀ ਨੀਤੀ ਹੈ। ਪਿੱਛੇ ਜਿਹੇ ਜਦੋਂ ਧਰਮ ਯੁੱਧ ਮੋਰਚਾ ਚਲਿਆ ਸੀ ਤਾਂ ਉਸ ਧਰਮ ਯੁਧ ਮੋਰਚੇ ਦੇ ਦੌਰਾਨ ਇਹੀ ਨੀਤੀ ਉਘੜ ਕੇ ਸਾਹਮਣੇ ਆਈ ਸੰਤ ਲੌਂਗੋਂਵਾਲ ਜੀ ਵਲੋਂ। ਉਸ ਵੇਲੇ 2 ਨੀਤੀਆਂ ਉਘੜ ਕੇ ਸਾਹਮਣੇ ਆਈਆਂ ਜਦੋਂ ਧਰਮ ਯੁਧ ਮੋਰਚਾ ਲਗਿਆ ਸੀ। ਇਕ ਨੀਤੀ ਸੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਅਤੇ ਇਕ ਨੀਤੀ ਕਿਸੇ ਹੋਰ ਸੰਤ ਦੀ ਸੀ। (ਇਕ ਆਵਾਜ਼: ਨਾਮ ਲੈ ਦਿਓ ਉਨ੍ਹਾਂ ਦਾ ਵੀ) ਚਲੋ ਨਾਮ ਵੀ ਲੈ ਦਿੰਦਾ ਹੈ।

*12·06 P.M. | (ਇਸ ਵਕੱਤ *ਸ਼੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

"ਨਾਂ ਸੰਤ ਜਰਨੈਲ ਸਿੰਘ ਸੀ। ਸੰਤ ਜਰਨੈਲ ਸਿੰਘ ਦੀ ਨੀਤੀ ਮਾਰ ਧਾੜ ਵਾਲੀ ਸੀ, ਗੋਲੀ ਦੀ ਤਾਕਤ ਨਾਲ, ਬੰਦੂਕ ਦੀ ਨਾਲੀ ਵਾਲੀ ਨੀਤੀ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੀ ਪੁਰਅਮਨ ਰਹਿੰਦਿਆ ਮੋਰਚਾ ਲਾ ਕੇ ਕੁਰਬਾਨੀ ਦੇ ਕੇ ਦਿੱਲੀ ਦੀ ਸਰਕਾਰ ਨੂੰ ਆਪਣੀਆਂ ਮੰਗਾਂ ਦੱਸੀਆਂ, ਆਪਣੇ ਹੱਕਾਂ ਦੀ ਰਾਖੀ ਲਈ ਪੁਰਅਮਨ ਤਰੀਕੇ ਨਾਲ ਮੋਰਚਾ ਲਾਇਆ। ਇਸੇ ਕਰਕੇ ਢਾਈ ਲੱਖ ਬੰਦੇ ਕੈਦ ਹੋਏ, ਢਾਈ ਸੌ ਬੰਦੇ ਸ਼ਹੀਦ ਹੋਏ ਪਰ ਕਿਧਰੇ ਵੀ ਕਿਸੇ ਜੱਥੇ ਨੇ ਮਾਰ ਧਾੜ ਨਹੀਂ ਕੀਤੀ ਜਿਸ ਦੇ ਨਾਲ ਕਿ ਸਾਡੀ ਪਾਰਟੀ ਤੇ ਬਲੇਮ ਆਵੇ। ਦੂਜੇ ਪਾਸੇ ਨਾਲ ਦੀ ਨਾਲ ਦੂਸਰੀ ਵਿਚਾਰ-ਧਾਰਾ ਚਲਦੀ ਰਹੀ, ਠੂਹ ਠਾਹ ਹੁੰਦੀ ਰਹੀ, ਲਿਸਟਾਂ ਬਣਦੀਆਂ ਰਹੀਆਂ ਅਤੇ ਲਿਸਟਾਂ ਤੇ ਅਮਲ ਹੁੰਦਾ ਰਿਹਾ ਲੇਕਿਨ ਅਕਾਲੀ ਪਾਰਟੀ ਨੇ ਹਮੇਸ਼ਾ ਹੀ ਇਸ ਗੱਲ ਦੀ ਵਿਰੋਧਤਾ ਕੀਤੀ। ਅਕਾਲੀ ਪਾਰਟੀ ਦਾ ਸਿਧਾਂਤ ਅਮਨ ਦਾ ਸਿਧਾਂਤ ਹੈ। ਇਸ ਅਮਨ ਦੇ ਸਿਧਾਂਤ ਤੇ ਖੜ ਕੇ ਹੀ ਸਾਡੀ ਪਾਰਟੀ ਨੇ ਦਿੱਲੀ ਦੇ ਤਖਤ ਨਾਲ ਟੱਕਰ ਲਈ, ਆਪਣੀਆਂ ਮੰਗਾਂ ਮੰਨਵਾਈਆਂ, ਆਪਣੀਆਂ ਮੰਗਾਂ ਪੇਸ਼ ਕੀਤੀਆਂ। ਇਹ ਅਮਨ ਦਾ ਸਿਧਾਂਤ ਸੰਤ ਲੌਂਗੋਵਾਲ ਜੀ ਨੇ ਨਹੀਂ ਸੀ ਨਿਕਾਲਿਆ ਮੈਂ ਸਮਝਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਇਹ ਨਿਕਾਲਿਆ ਸੀ। ਉਸ ਸਮੇਂ ਦੇ ਬਾਦਸ਼ਾਹ ਜਦੋਂ ਲੋਕਾਂ ਤੇ ਜ਼ੁਲਮ ਕਰਦੇ ਸੀ ਅਤੇ ਉਨ੍ਹਾਂ ਤੇ ਕਿਸੇ ਗੱਲ ਦਾ ਕੋਈ ਅਸਰ ਨਹੀਂ ਹੁੰਦਾ ਸੀ ਤਾਂ ਉਸ ਵੇਲੇ ਵੀ ਗੁਰੂ ਨਾਨਕ ਦੇਵ ਜੀ ਨੇ ਅਮਨ ਦੇ ਰਸਤੇ ਤੇ ਚਲ ਕੇ ਆਵਾਜ਼ ਉਠਾਈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ —

'ਰਾਜੇ ਸ਼ੀਹ ਮੁਕੱਦਮ ਕੁੱਤੇ, ਜਾਇ ਜਗਾਇਨ ਬੈਠੇ ਸੁੱਤੇ,

ਇਸੇ ਕਰਕੇ ਉਨ੍ਹਾਂ ਨੂੰ ਬਾਬਰ ਦੀਆਂ ਚੱਕੀਆਂ ਪੀਹਣੀਆਂ ਪਈਆਂ, ਉਨ੍ਹਾਂ ਦੀਆਂ ਜੇਲ੍ਹਾਂ ਕੱਟ-ਣੀਆਂ ਪਈਆਂ। ਸਾਰੇ ਗੁਰੂ ਸਾਹਿਬਾਨ ਉਨ੍ਹਾਂ ਤੋਂ ਬਾਅਦ ਇਸੇ ਰਸਤੇ ਤੇ ਹੀ ਚਲੇ। ਆਪ ਸਭ ਨੂੰ ਪਤਾ ਹੀ ਹੈ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਤੇ ਮੋਹਰ ਲਾਈ। ਦਿੱਲੀ ਦੇ ਤਖਤ ਤੇ ਜਦੋਂ ਬਾਦਸ਼ਾਹ ਔਰੰਗਜ਼ੇਬ ਆਪਣੀ ਤਲਵਾਰ ਦੀ ਨੋਕ ਨਾਲ ਧਰਮ ਬਦਲਣ ਬਾਰੇ ਆਪਣਾ ਪੂਰਾ ਜ਼ੋਰ ਲਾ ਰਿਹਾ ਸੀ ਤਾਂ ਉਸ ਵੇਲੇ ਗੁਰੂ ਤੇਗ ਬਹਾਦਰ ਸਾਹਿਬ ਦੇ ਕੋਲ ਕਸ਼ਮੀਰੀ ਪੰਡਿਤ ਆਏ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਅੱਗੇ ਆਪਣਾ ਧਰਮ ਬਚਾਉਣ ਵਾਸਤੇ ਬੇਨਤੀ ਕੀਤੀ। ਆਪ ਸਭ ਨੂੰ ਇਸ ਦੀ ਹਿਸਟਰੀ ਪਤਾ ਹੀ ਹੈ ਕਿ ਕਿਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਇਸ ਧਰਮ ਦੀ ਖਾਤਰ ਕੁਰਬਾਨੀ ਦਿੱਤੀ। ਉਹ ਆਪ ਗ੍ਰਿਫਤਾਰੀ ਦੇਣ ਲਈ ਦਿੱਲੀ ਦੇ ਵਿੱਚ ਗਏ ਅਤੇ ਉਥੇ ਉਨ੍ਹਾਂ ਨੂੰ ਕਈ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਪਿੰਜਰੇ ਵਿੱਚ ਰਖਿਆ ਗਿਆ ਅਤੇ ਹੋਰ ਕਈ ਤਸੀਹੇ ਦਿੱਤੇ। ਉਸ ਵਕਤ ਔਰੰਗਜ਼ੇਬ ਬਾਦਸ਼ਾਹ ਨੇ ਉਨ੍ਹਾਂ ਨੂੰ ਪੁਛਿਆ ਕਿ ਇਹ ਧਰਮ ਤਾਂ ਤੁਹਾਡਾ ਨਹੀਂ ਹੈ ਤਾਂ ਤੁਸੀਂ ਕਿਸੇ ਹੋਰ ਧਰਮ ਦੇ ਪਿੱਛੇ ਆਪਣੀ ਇਸ ਤਰ੍ਹਾਂ ਕਿਉਂ ਕੁਰਬਾਨੀ ਦੇ ਰਹੇ ਹੋ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਇਹ ਹਿੰਦੂ ਧਰਮ ਦੀ ਗੱਲ ਨਹੀਂ ਜੇ ਇਹ ਜ਼ੁਲਮ ਇਸਲਾਮ ਤੇ ਹੁੰਦਾ ਤਾਂ ਵੀ ਮੈਂ ਇਸ ਤਰ੍ਹਾਂ ਕਰਨਾ ਸੀ। (ਥੰਪਿੰਗ) ਅਸੀਂ ਆਪਣੀ ਸ਼ਹਾਦਤ ਨਾਲ ਤੇਰੇ ਇਸ ਜ਼ੁਲਮ ਨੂੰ ਠੰਡਾ ਕਰਨ ਵਾਸਤੇ ਆਏ ਹਾਂ ਔਰ ਵਾਹਿਗੁਰੂ ਦਾ ਜਾਪ ਜਪਦੇ, ਸਿਮਰਨ ਕਰਦੇ ਉਨ੍ਹਾਂ ਨੇ ਇਸ ਅਮਨ ਦੇ ਸਿਧਾਂਤ ਨੂੰ ਪ੍ਰਪੱਕ ਕੀਤਾ ਅਤੇ ਉਸੇ ਰਾਹ ਤੇ ਚਲ ਕੇ ਉਨ੍ਹਾਂ ਨੇ ਆਪਣੀ ਸ਼ਹਾਦਤ ਦਿੱਤੀ। ਸਤਿਨਾਮ, ਵਾਹਿਗੁਰੂ ਦਾ ਜਾਪ ਜੱਪ ਕੇ, ਅਮਨ ਦੇ ਰਾਹ ਤੇ ਚਲ ਕੇ ਮਸਲਾ ਹੱਲ ਕੀਤਾ ਜਾ ਸਕਦਾ ਹੈ। ਦਿੱਲੀ ਦੇ ਤਖਤ ਵੱਲੋਂ ਕੁਝ ਗੱਲਾਂ ਹੋਈਆਂ ਕੁਝ ਸਾਡੇ ਵਲੋਂ ਵੀ ਹੋਈਆਂ ਜੋ ਗੁਰੂ ਘਰ ਵਿੱਚ ਨਹੀਂ ਸੀ ਹੋਣੀਆਂ ਚਾਹੀਦੀਆਂ। ਮੈਂ ਨਹੀਂ ਸੀ ਕਹਿਣਾ ਚਾਹੁੰਦਾ ਪਰ ਟੌਹੜਾ ਸਾਹਿਬ ਦਾ ਜ਼ਿਕਰ ਇਨ੍ਹਾਂ ਨੇ ਕੀਤਾ ਹੈ ਮੈਨੂੰ ਇਹ ਗੱਲ ਕਹਿਣ ਵਿਚ ਕੋਈ ਝਿਜਕ ਨਹੀਂ ਲਗਦੀ ਕਿ ਟੌਹੜਾ ਸਾਹਿਬ ਦੀ ਬਦੌਲਤ ਸਿੱਖ ਧਰਮ ਨੂੰ ਠੇਸ ਪਹੁੰਚੀ ਹੈ। ਸਿੱਖ ਧਰਮ ਨੂੰ ਹਾਨੀ ਹੋਈ ਹੈ। ਕੀ ਤੁਹਾਨੂੰ ਸਾਰਿਆਂ ਨੂੰ ਯਾਦ ਨਹੀਂ, ਤੁਸੀਂ ਵੀ ਤਾਂ ਸਾਡੇ ਇਸ ਪਾਰਟੀ ਵਿਚ ਕੰਮ ਕਰਦੇ ਸੀ? ਅਕਾਲ ਤਖ਼ਤ ਨੂੰ ਉਸਾਰਨ ਦਾ ਫੈਸਲਾ ਹੋ ਗਿਆ ਅਤੇ ਅਕਾਲ ਤਖ਼ਤ ਨੂੰ ਉਸਾਰਨਾ ਸੀ..

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕਿਸੇ ਤੇ ਕੋਈ ਇਲਜ਼ਾਮ ਲਾਉਣਾ ਜਿਹੜਾ ਇਸ ਹਾਊਸ ਵਿਚ ਜਵਾਬ ਨਹੀਂ ਦੇ ਸਕਦਾ ਉਨ੍ਹਾਂ ਦਾ ਨਾਂ ਕਟਾਇਆ ਜਾਣਾ ਚਾਹੀਦਾ ਹੈ। (ਵਿਘਨ)

ਰਾਜ ਮੰਤਰੀ, ਪੇਂਡੂ ਵਿਕਾਸ ਤੇ ਪੰਚਾਇਤਾਂ: ਸਪੀਕਰ ਸਾਹਿਬ, ਇਨ੍ਹਾਂ ਨੇ ਆਪ ਨਾਂ ਲਿਆ ਸੀ ਤਾਂ ਮੈਂ ਲਿਆ ਹੈ। ਇਨ੍ਹਾਂ ਨੂੰ ਯਾਦ ਹੋਣਾ ਹੈ ਕਿ ਅਕਾਲ ਤਖਤ ਦੀ ਨਵੀਂ ਉਸਾਰੀ ਦਾ ਕੰਮ ਦਿੱਲੀ ਦੇ ਤਾਜਦਾਰਾਂ ਨੇ ਦਿਹਾੜੀਏ ਲਾ ਕੇ ਕੀਤਾ ਸੀ। ਕਿਉਂਕਿ ਦਿਹਾੜੀਆਂ ਤੇ ਬਣਿਆ ਹੈ, ਪ੍ਰਵਾਨ ਨਹੀਂ ਸਿਖਾਂ ਨੂੰ, ਅਸੀਂ ਨਾਲ ਸੀ ਸਾਰਿਆਂ ਨੇ ਕਰਿਆ ਫੈਸਲਾ ਕਿ 27 ਤਾਰੀਖ਼ ਨੂੰ ਕਾਰ ਸੇਵਾ ਸ਼ੁਰੂ ਕਰਾਂਗੇ ਤਾਂ ਨਾਲ ਦੀ ਨਾਲ 26 ਤਾਰੀਖ਼ ਆ ਗਈ। 26 ਤਾਰੀਖ਼ ਵਾਲਿਆਂ ਨੇ ਅਖ਼ਬਾਰ ਵਿਚ ਦਿਤਾ ਕਿ ਕਾਰ ਸੇਵਾ ਤੇ ਉਸ ਗੱਦਾਰ ਨੂੰ ਹੱਥ ਨਹੀਂ ਲਾਉਣ ਦਿਤਾ ਜਾਏਗਾ ਜਿਸ ਨੇ ਫੌਜ ਬੁਲਾਈ ਸੀ। ਉਹ ਕੌਣ ਸੀ ਇਹ ਆਪ ਹੀ ਦੱਸਣ ਕਿਸ ਦਾ ਨਾਮ ਸੀ? ਇਹ ਗੁਰਚਰਨ ਸਿੰਘ ਟੌਹੜਾ ਦਾ ਨਾਮ ਸੀ ਜਿਹੜਾ ਜ਼ੋਰ ਨਾਲ ਆਇਆ, ਗਲ ਜ਼ੋਰ ਨਾਲ ਆਉਣ ਤੋਂ ਬਾਅਦ ਅਖੀਰ ਫੈਸਲਾ ਹੋਇਆ 21 ਤਾਰੀਖ਼ ਨੂੰ ਜਿਸ ਵਿਚ ਇਹ ਸ਼ਾਮਲ ਸਨ 21 ਤਾਰੀਖ਼ ਨੂੰ ਫੈਸਲਾ ਹੋਇਆ, ਟੌਹੜਾ ਸਾਹਿਬ ਨੇ ਫੈਸਲਾ ਕੀਤਾ ਕਿ ਕਾਰ ਸੇਵਾ ਤਾਂ ਦੇ ਦਿਤੀ ਹੈ ਸੰਤਾਂ ਮਹੰਤਾਂ ਨੂੰ ਕੋਈ ਐਵੇਂ ਐਸੀ ਗਲ ਨਹੀਂ ਹੋਵੇਗੀ, ਕੋਈ ਅਪਰਾਧ ਵਾਲੀ ਗਲ ਨਹੀਂ ਹੋਏਗੀ, ਕਾਰ-ਸੇਵਾ ਸ਼੍ਰੋਮਣੀ ਕਮੇਟੀ ਦੀ ਦੇਖ ਰੇਖ ਵਿਚ ਹੋਵੇਗੀ। ਜਦੋਂ ਕਾਰ ਸੇਵਾ ਸ਼ੁਰੂ ਕਰਨੀ ਹੈ ਸਾਰੇ ਸਿੱਖਾਂ ਨੇ ਆਉਣਾ ਹੈ। ਸਾਨੂੰ ਹੁਕਮ ਦਿਤਾ ਗਿਆ ਭਾਵੇਂ ਸਾਰੇ ਸਿੱਖ ਤਾਂ ਉਥੇ ਪਹੁੰਚੇ ਕਾਰ ਸੇਵਾ 27 ਦੀ ਬਜਾਏ 26 ਨੂੰ ਸ਼ੁਰੂ ਹੋ ਗਈ, ਪਰ ਕੌਮ ਦਾ ਪ੍ਰਧਾਨ ਕਿਉਂ ਨਾ ਪਹੁੰਚਿਆ ਇਹ ਢੀਂਡਸਾ ਸਾਹਿਬ ਦੱਸਣ ਕੀ ਮਜਬੂਰੀ ਸੀ। ਤਖ਼ਤ ਦੀ ਸੇਵਾ ਹੋ ਰਹੀ ਸੀ, ਇਹ ਕਿਉਂ ਨਹੀਂ ਸੀ ਗਿਆ, ਇਹ ਖੁਦ ਨਹੀਂ ਗਿਆ ਉਥੇ ਦਸਣਾ ਚਾਹੀਦਾ ਹੈ (ਵਿਘਨ) ਬਿਲਕੁਲ ਕਿਹਾ, ਸਾਰੀ ਪਾਰਟੀ ਨੇ ਮਨਜ਼ੂਰ ਕੀਤਾ ਮੋਹਰਾਂ ਲਾਈਆਂ ਸਾਰਿਆਂ ਨੇ, ਆਪਾਂ ਸਾਰਿਆਂ ਨੇ ਮੋਹਰਾਂ ਲਾਈਆਂ ਮਨਜ਼ੂਰ ਕੀਤਾ। ਕਿੰਤੂ, ਪ੍ਰੰਤੂ ਕੀਤਾ ਦੋ ਚਾਰ ਨੇ ਪਰ ਸਾਡੀ ਮੰਨੀ ਨਹੀਂ ਗਈ। (ਵਿਘਨ)। (ਸ਼ੋਰ)/ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਦੱਸਣਾ ਚਾਹੁੰਦਾ ਹਾਂ ਕਿ ਕਾਰ ਸੇਵਾ ਸ਼ੁਰੂ ਹੋਈ ਉਸ ਕਾਰ ਸੇਵਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਖੁਦ ਨਹੀਂ ਹਾਜ਼ਰ ਹੋਏ। (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ: ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। ਖਿਆਲਾ ਜੀ ਮੈਂ ਬੇਨਤੀ ਕਰਾਂਗਾ ਕਿ ਚੇਅਰ ਨੂੰ ਐਡਰੈਸ ਕਰੋ।

ਰਾਜ ਮੰਤਰੀ, ਪੇਂਡੂ ਵਿਕਾਸ ਤੇ ਪੰਚਾਇਤਾਂ: ਠੀਕ ਹੈ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦਸਦਾ ਹਾਂ ਕਿ ਅਕਾਲ ਤਖ਼ਤ ਦੀ ਢੱਹਾ ਢੁਹਾਈ ਹੋਈ। ਜੋ ਉਸ ਤੇ ਸੋਨਾ ਲਗਾ ਸੀ ਚਾਹੀਦਾ ਇਹ ਸੀ ਕਿ ਸੋਨਾ ਲੁਹਾਇਆ ਜਾਂਦਾ ਉਸ ਦਾ ਤੋਲ ਕਰਕੇ ਮੋਹਰਾਂ ਲਾ ਕੇ ਕਿਸੇ ਕਮਰੇ ਵਿਚ ਰਖਿਆ ਜਾਂਦਾ, ਤੇ ਫਿਰ ਅਕਾਲ ਤਖ਼ਤ ਜਦੋਂ ਬਣ ਕੇ ਤਿਆਰ ਹੋਂਦਾ ਉਥੇ ਜੋਖ ਕੇ ਲਾਇਆ ਜਾਂਦਾ, ਪਰ ਢਾਹ ਤਾਂ ਦਿਤਾ 3 ਦਿਨਾਂ ਵਿਚ। ਕਾਸ ਵਾਸਤੇ ਢਾਇਆ ਕਿਉਂਕਿ ਸੋਨਾ ਹੜੱਪ ਕਰਨਾ ਸੀ। ਜਦੋਂ ਸੋਨੇ ਦੀ ਖਾਤਰ ਮੈਂ ਆਵਾਜ਼ ਉਠਾਈ ਤਾਂ ਉਸ ਦਾ ਜਵਾਬ ਇਹ ਦਿਤਾ ਗਿਆ ਸੀ ਮਾਨਸਾ ਵਿਚ, ਉਥੇ ਸਾਡੀ ਕਾਨਫਰੰਸ ਬੁਲਾਈ ਭੂੰਦੜ ਸਾਹਿਬ ਨੇ, ਉਥੇ ਟੌਹੜਾ ਸਾਹਿਬ ਨੇ ਜਵਾਬ ਦਿਤਾ ਕਿ ਖਿਆਲਾ ਸਾਹਿਬ ਕਹਿੰਦੇ ਹਨ ਕਿ ਸੋਨੇ ਦਾ ਹਿਸਾਬ 29 ਨੰਬਰ ਕਮਰੇ ਵਿਚ ਮਿਲਦਾ ਹੈ ਜਿਥੇ ਸਿਪਾਹੀ ਨੂੰ ਹੁਲਸਾ ਦਿਤਾ ਉਨ੍ਹਾਂ ਨੇ ਕਮਰਾ ਨੰ. 47 ਵਿਚ। ਮੈਂ ਕਿਹਾ ਮੈਂ ਕਿਉਂ ਜਾਵਾਂ ਤੂੰ ਜਾ, ਤੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੈਂ, 14 ਸਾਲ

**Expunged as ordered by the Chair,

ਕਮੇਟੀ ਦੀ ਪ੍ਰਧਾਨਗੀ ਕੀਤੀ ਹੈ ਤੂੰ ਜਾ ਹਿਸਾਬ ਲੈ ਆ 29 ਨੰਬਰ ਵਿਚ ਤੇਲੇ ਬਹਾਏ ਹੋਏ ਹਨ ਅਤੇ ਇਸ ਤੋਂ ਬਾਅਦ ਮੇਰੀ ਤਰਫੋਂ ਨਹੀਂ ਮਿਲਿਆ ਵੋਟਾਂ ਨਾਲ ਕੀਤਾ ਹੈ। ਉਸ ਤੋਂ ਬਾਅਦ ਜੋ ਕੁਝ ਉਥੇ ਹੋਇਆ ਕੌਣ ਨਹੀਂ ਜਾਣਦਾ; ਅਕਾਲਤਖਤ ਦੀ ਬੇਅਦਬੀ ਬਰਨਾਲਾ ਸਾਹਿਬ ਦੇ ਜ਼ਿਮੇਂ ਮੜ੍ਹ ਦੇਣਾ ਬਲਵੰਤ ਸਿੰਘ ਦੇ ਜ਼ਿਮੇ ਮੜ੍ਹ ਦੇਣੀ ਸਾਡੇ ਜ਼ਿਮੇਂ ਮੜ੍ਹ ਦੇਣੀ! ਇਹ ਕਦੋਂ ਸ਼ੁਰੂ ਹੋਈ ਬੇਅਦਬੀ ਦੀ। ਅਕਾਲ ਤਖ਼ਤ ਦੀ ਸੇਵਾ ਸ਼ੁਰੂ ਹੋਈ ਸਾਰੇ ਅਕਾਲ ਤਖ਼ਤ ਦੇ ਸਿੰਘ ਸਾਹਿਬਾਨ ਨੂੰ ਬਾਹਰ ਕੱਢ ਦਿਤਾ ਗਿਆ। ਬਾਹਰ ਹੀ ਨਹੀਂ ਕਢਿਆ ਗਿਆ ਕਿਰਪਾਲ ਸਿੰਘ ਦੇ ਗੋਲੀ ਮਾਰੀ, ਸਾਹਿਬ ਸਿੰਘ ਦੇ ਉਦੋਂ ਮਾਰੀ ਜਦੋਂ ਹਰਿਮੰਦਰ ਸਾਹਿਬ ਦੀ ਪਰਕਰਮਾ ਤੇ ਮੱਥਾ ਟੇਕ ਰਹੇ ਸਨ। ਗਨ ਮੈਨ ਮਾਰਿਆ ਗਿਆ ਤੇ ਉਹ ਫੱਟੜ ਹੋ ਗਏ ਸਾਨੂੰ ਦੋਸ਼ੀ ਦਸਦੇ ਹਨ ਕਿ ਅਕਾਲ ਤਖ਼ਤ ਦਾ ਹੁਕਮ ਨਹੀਂ ਮੰਨਦੇ! ਇਹ ਗਲ ਮੈਂ ਅਗਾਂਹ ਜਾ ਕੇ ਦੱਸਾਂਗਾ। ਇਸ ਤੇ ਬਾਅਦ ਸਰਬੱਤ ਖਾਲਸਾ ਆਇਆ, ਸਰਬੱਤ ਖਾਲਾਸਾ ਬੁਲਾਇਆ ਗਿਆ ਕਹਿੰਦੇ ਹਨ ਆਉਣ ਦਿਓ ਸਰਬਤ ਖਾਲਸਾ ਨੂੰ ਵੀ ਸੋਧਾਂਗੇ। . . . . .

ਸਰਦਾਰ ਗੁਰਦੇਵ ਸਿੰਘ ਬਾਦਲ: ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ।

ਸਰਦਾਰ ਗੁਰਦੇਵ ਸਿੰਘ ਬਾਦਲ ** ** **

Mr. Speaker: No point of order.

ਰਾਜ ਮੰਤਰੀ, ਪੇਂਡੂ ਵਿਕਾਸ ਤੇ ਪੰਚਾਇਤਾਂ: ਸਪੀਕਰ ਸਾਹਿਬ, ਬੜੇ ਤਹੱਮਲ ਮਜਾਜ਼ ਨਾਲ ਮੇਰੇ ਸਾਥੀਆਂ ਨੂੰ ਸੁਣਨਾ ਚਾਹੀਦਾ ਹੈ। ਇਨ੍ਹਾਂ ਨੂੰ ਅਸੀਂ ਪੂਰਾ ਮੌਕਾ ਦਿਤਾ ਹੈ। ਕੋਈ ਟੋਕਾ ਟਾਕੀ ਨਹੀਂ ਕੀਤੀ ਔਰ ਜਦੋਂ ਇਨ੍ਹਾਂ ਦੇ ਜਜ਼ਬਾਤ, ਜੋ ਕੁਝ ਇਹ ਕਹਿਣਗੇ ਤਹੱਮਲ ਮਜ਼ਾਜ਼ ਨਾਲ ਸੁਣਾਂਗੇ, ਗ੍ਰਹਿਣ ਕਰਾਂਗੇ। ਸਦਨ ਨੂੰ ਪੂਰਾ ਹੱਕ ਹੈ ਗੱਲ ਸੁਣਨ ਦਾ। ਸਰਬਤ ਖਾਲਸਾ ਆਨੰਦਪੁਰ ਸਾਹਿਬ ਵਿਚ ਹੋਇਆ। ਉਥੇ ਜਿਹੜੇ ਰੇਜ਼ੋਲਿਊਸ਼ਨ ਲਿਖੇ ਗਏ, ਮੈਂ ਸਪੀਕਰ ਸਾਹਿਬ, ਤੁਹਾਡੀ ਰਾਹੀਂ ਪੁੱਛਣਾ ਚਾਹੁੰਦਾ ਹਾਂ ਮੇਰੇ ਸਾਥੀਆਂ ਨੂੰ ਕਿ ਉਹ ਕਿਹਨੇ ਲਿਖੇ ਸਨ, ਓਸੇ ਪ੍ਰਧਾਨ ਨੇ ਸ਼੍ਰੋਮਣੀ ਕਮੇਟੀ ਦੇ ਨੇ, ਮੈਂ ਹੁਣ ਨਾਂ ਨਹੀਂ ਲੈਂਦਾ ਉਹਦਾ ਉਸੇ ਨੇ ਲਿਖ ਕੇ, ਉਸੇ ਮਨਜੀਤ ਸਿੰਘ ਨੇ ਕਲਕੱਤੇ ਵਾਲੇ ਨੇ ਉਹ ਹੱਥ ਨਾਲ ਲਿਖੇ, ਫੇਰ ਪੇਸ਼ ਕੀਤੇ। ਕਿਹਾ ਗਿਆ ਕਿ ਐਸੇ ਗੁਨਾਹਗਾਰ ਲੋਕਾਂ ਨੂੰ, ਐਸੇ ਅਪਰਾਧੀਆਂ ਨੂੰ ਅਕਾਲ-ਤਖਤ ਚੋਂ ਤੁਰੰਤ ਕੱਢ ਦੇਣਾ ਚਾਹੀਦਾ ਹੈ, ਅੱਜ ਹੀ ਕੱਢ ਦੇਣਾ ਚਾਹੀਦਾ ਹੈ। ਉਦੋਂ ਕੁਝ ਸੁਝਾਓ ਦੇਣਾ ਸੀ ਕਿ ਬਈ ਅਸੀਂ ਚਲੇ ਹਾਂ, ਕਿਉਂਕਿ ਕਢਣ ਕਾਹਦੇ ਨਾਲ? ਬਰਨਾਲਾ ਸਾਹਿਬ ਤੇ ਲਗਾ ਦਿਤੀ ਡਿਊਟੀ ਕਿ ਤੂ ਮੁੱਖ ਮੰਤਰੀ ਹੈ, ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹੈਂ, ਤੈਨੂੰ ਅਸੀਂ ਦਿਦੇ ਹਾਂ ਸਾਰੀਆਂ ਪਾਵਰਾਂ, ਤੂੰ ਕੱਢ ਇਨ੍ਹਾਂ ਨੂੰ ਤੇ ਜੇ ਬਗੈਰ ਪੁਲਿਸ ਤੋਂ ਕੱਢਣ ਦੀ ਸ਼ਕਤੀ ਹੁੰਦੀ ਫਿਰ ਚਾਹੀਦਾ ਸੀ, ਉਸ ਪ੍ਰਧਾਨ ਨੂੰ, ਸਪੀਕਰ ਸਾਹਿਬ, ਚਾਹੀਦਾ ਸੀ ਉਸ ਪ੍ਰਧਾਨ ਨੂੰ (ਵਿਘਨ) (ਸ਼ੋਰ) ਪ੍ਰਧਾਨ ਨੂੰ ਚਾਹੀਦਾ ਸੀ, ਉਸ ਨੂੰ ਜੇ ਉਹੋ ਗੁਰੂ ਘਰ ਦਾ ਪੈਰੋਕਾਰ ਸੀ, ਗੁਰੂ ਘਰ ਦਾ ਸੇਵਾਦਾਰ ਸੀ, ਗੁਰੂ ਘਰ ਦਾ ਪੈਰੋਕਾਰ ਸੀ, ਗੁਰੂ ਘਰ ਦਾ ਸੇਵਾਦਾਰ ਸੀ ਆਨੰਦਪੁਰ ਤੋਂ ਜੱਥਾ ਲੈ ਕੇ ਜਾਂਦਾ ਸਤਿਨਾਮ ਦਾ ਜਾਪ ਕਰਦਾ ਜਾਂਦਾ ਦਰਬਾਰ ਸਾਹਿਬ ਨੂੰ ਆਜ਼ਾਦ ਕਰਾਉਣ ਖਾਤਰ, ਸਾਰੇ ਸਿੱਖ ਉਸ ਦਾ ਸਤਿਕਾਰ ਕਰਦੇ। ਉਹ ਤੇ ਛੱਡ ਕੇ ਲਾਂਭੇ ਹੋ ਕੇ ਬਹਿ ਗਿਆ। ਫੇਰ ਵੀ ਬਰਨਾਲਾ ਸਾਹਿਬ ਨੇ ਬੜੇ ਤਹੱਮਲ ਮਜਾਜ਼ ਤੋਂ ਕੰਮ ਲਿਆ। ਤਿੰਨ ਮਹੀਨੇ ਲੰਘ ਗਏ। ਤਿੰਨ ਮਹੀਨਿਆਂ ਤੋਂ ਬਾਦ ਫੇਰ ਖਾਲਿਸਤਾਨ ਦਾ ਐਲਾਨ ਹੋ ਗਿਆ। ਉਸ ਖਾਲਿਸਤਾਨ ਨਾਲ ਜਿਥੇ ਪੰਜਾਬ' ਚ ਰਹਿੰਦੇ ਸਿੱਖਾਂ ਵਾਸਤੇ, ਹਿੰਦੂਆਂ ਵਾਸਤੇ ਤਕਲੀਫ ਹੈ, ਬਾਹਰ ਰਹਿੰਦੇ ਸਿੱਖਾਂ ਦੀ ਜਾਨ ਵੀ ਮੁੱਠੀ ਵਿਚ ਆਉਂਦੀ ਹੈ। ਔਰ ਫੇਰ ਉਥੇ ਪੁਲਿਸ

**Expunged as ordered by the Chair.

[ਰਾਜ ਮੰਤਰੀ, ਪੇਂਡੂ ਵਿਕਾਸ ਤੇ ਪੰਚਾਇਤਾਂ]

ਗਈ। ਪੁਲਿਸ ਨੇ ਉਸ ਨੂੰ ਆਜ਼ਾਦ ਕਰਵਾਇਆ, ਉਥੇ ਜਿਹੜੀਆਂ ਰਸਮਾਂ ਬਹਾਲ ਹੋਈਆਂ, ਮਾੜੇ ਅੰਸਰ ਨੂੰ ਕੱਢਿਆ ਗਿਆ, ਫਿਰ ਸਾਡੇ ਲੀਡਰਾਂ ਨੇ ਕਿਹਾ ਸੀ ਅਸੀ ਉਥੇ ਮੱਥਾ ਟੇਕਣ ਚਲੇ ਹਾਂ ਗੱਲ ਵਧੀਆ ਹੋ ਗਈ ਪਰ ਪੁਲਿਸ ਨੇ ਕਰਨੀ ਨਹੀਂ ਸੀ, ਇਹ ਮਾੜੀ ਕਰੀ। ਸੋ, ਮੇਰਾ ਕਹਿਣ ਦਾ ਭਾਵ ਹੈ ਫਿਰ ਉਥੇ ਇਨ੍ਹਾਂ ਨੂੰ ਉਦੋਂ ਮੱਥਾ ਟੇਕਣ ਦਾ ਮੌਕਾ ਮਿਲਿਆ ਹੈ। ਚਲੋ ਛੱਡੋ ਉਹ ਵੀ ਗੱਲਾਂ, ਉਹ ਵੀ ਹੋਈਆਂ ਨਿਬੜੀਆਂ। ਹੁਣ ਆ ਗਈ ਪ੍ਰਧਾਨਗੀ ਦੀ ਗੱਲ। ਹੁਣ ਇਹ ਕਹੀ ਜਾਂਦੇ ਨੇ ਜੀ ਉਹ ਨੂੰ ਪ੍ਰਧਾਨ ਕਿਉਂ ਬਣਾਇਆ ਸੀ। ਅਸੀਂ ਤੇ ਬਣਾਇਆ ਸੀ ਪ੍ਰਧਾਨ ਉਸ ਨੂੰ ਉਸ ਸਮੇਂ ਜਦੋਂ ਉਹ ਜੇਲ੍ਹ ਵਿਚ ਸੀ। ਉਸ ਸਮੇਂ ਸਾਡੀ ਦਿੱਲੀ ਦੇ ਤਖਤ ਨਾਲ ਲੜਾਈ ਹੋ ਰਹੀ ਸੀ, ਜੰਗ ਲਗੀ ਹੋਈ ਸੀ, ਸਮਝੌਤੇ ਖਾਤਰ ਮੋਰਚਾ ਲਗਿਆ ਹੋਇਆ ਸੀ। ਉਨ੍ਹਾਂ ਨੂੰ ਮਨਾਉਣ ਵਾਸਤੇ ਪੰਥ ਨੂੰ ਲੋੜ ਸੀ ਇਕੱਠੇ ਹੋਣ ਦੀ। ਅਸੀਂ ਕਿਹਾ ਇਸ ਸਮੇਂ ਸੰਤ ਜੀ ਦਾ ਪ੍ਰਧਾਨ ਦਾ ਹੁਕਮ ਆ ਗਿਆ ਚੋਣ ਨਹੀਂ ਲੜਨੀ ਚਾਹੀਦੀ ਤੇ ਸਾਡੇ ਵਿਚੋਂ ਇਕ ਲਾਣਾ ਉਠਿਆ, ਕਹਿੰਦੇ ਐਸੇ ਗੱਦਾਰ ਨੂੰ ਅਸੀਂ ਕਿਵੇਂ ਵੋਟ ਪਾ ਦੇਈਏ ਜਿਸ ਨੇ ਮਤਲਬ ਖਾ ਲਿਆ ਲੁਟ ਕੇ, ਆਹ ਸਾਰੇ ਹੀ ਥੇ, ਐਸੇ ਗੱਦਾਰ ਨੂੰ ਵੋਟ ਨਹੀਂ ਪਾਈ ਜਾ ਸਕਦੀ। ਏਸ ਵਾਸਤੇ ਅਸੀਂ ਤਾਂ ਚੋਣ ਲੜਾਂਗੇ। ਬਾਵਜੂਦ ਸਾਰੀਆਂ ਕੋਸ਼ਿਸ਼ਾਂ ਦੇ 52 ਵੋਟਾਂ ਪਈਆਂ ਇਨ੍ਹਾਂ ਨੂੰ। ਅਸੀਂ ਉਦੋਂ ਵੀ ਮੱਦਦ ਕੀਤੀ ਸੀ ਜਦੋਂ ਕੌਮ ਨੂੰ ਲੋੜ ਸੀ। ਪੰਥ ਨੂੰ ਲੋੜ ਸੀ, ਅਕਾਲੀ ਦਲ ਨੂੰ ਲੋੜ ਸੀ ਪਰ ਉਸ ਤੋਂ ਬਾਦ ਜੋ ਕਾਰਨਾਮੇ ਉਹਨੇ ਕਰਵਾਏ, ਹੁਣ ਉਹਦੀ ਫੇਰ ਦੁਬਾਰਾ ਚੋਣ ਹੋਈ, ਹੁਣ ਮੇਰੇ ਕਹਿਣ ਦਾ ਭਾਵ ਹੈ ਦੁਬਾਰਾ ਚੋਣਾ ਵਿਚ ਇਨ੍ਹਾਂ ਭਾਈਆਂ ਨੇ ਉਹ ਨੂੰ ਉਮੀਦਵਾਰ ਬਣਾਇਆ। ਏਸ ਵਾਸਤੇ ਨਹੀਂ ਬਣਾਇਆ ਏਸ ਵਾਸਤੇ ਬਣਾਇਆ ਕਿਉਂਕਿ ਗੱਦਾਰ ਹੋ ਚੁੱਕੇ ਸਨ, 25 ਬੰਦੇ ਭੱਜ ਚੁੱਕੇ ਸਨ ਇਹ ਲੌਂਗੋਵਾਲ ਕਾਜ਼ ਨੂੰ ਛੱਡ ਚੁਕੇ ਸਨ। ਜਦੋਂ ਕੋਈ ਸ਼ਕਤੀ ਨਾ ਚਲੀ ਫਿਰ ਇਹ ਅਕਾਲ ਤਖਤ ਨੂੰ ਵਰਤ ਕੇ ਸਿੱਖ ਧਰਮ ਦਾ ਹਊਆ ਦੇ ਕੇ ਸਰਕਾਰ ਨੂੰ ਤੋੜਨਾ ਚਾਹੁੰਦੇ ਐ, ਪੰਜਾਬ ਨੂੰ ਤੇਸ਼ ਨੈਸ਼ ਕਰਨਾ ਚਾਹੁੰਦੇ ਐ। ਇਸ ਕਰਕੇ ਇਨ੍ਹਾਂ ਨੂੰ ਮੈਂ ਕਿਹਾ ਉਸੇ ਪ੍ਰਧਾਨ ਨੂੰ, ਉਹ ਪ੍ਰਧਾਨ ਜਿੱਤ ਜਾਣ ਤੋਂ ਬਾਦ ਉਹਦਾ ਹੱਕ ਬਣਦਾ ਸੀ ਕਿ ਗੁਰੂ ਘਰ ਦੀਆਂ ਪਰੰਪਰਾਵਾਂ ਕਾਇਮ ਕਰਾਉਂਦਾ। ਬਹਿੰਦਿਆਂ ਸਾਰ ਪਹਿਲਾਂ ਫੋਰਸ ਛੋੜੀ, ਫੋਰਸ ਤੋੜਨ ਤੋਂ ਬਾਦ ਐਸੇ ਬੰਦੇ ਫੇਰ ਭਰਤੀ ਕੀਤੇ, (ਵਿਘਨ) ਭਰਤੀ ਕਰਨ ਤੋਂ ਬਾਦ......

ਸ੍ਰੀ ਸਪੀਕਰ : ਖਿਆਲਾ ਸਾਹਿਬ, ਲਿੱਟ ਸਾਹਿਬ ਪੁਆਇੰਟ ਆਫ ਆਰਡਰ ਤੇ ਖੜੇ ਹਨ।

ਗਿਆਨੀ ਅਰਜਨ ਸਿੰਘ ਲਿੱਟ ** ** **

Mr. Speaker : No point of order ਤੁਸੀਂ ਤਾਂ ਪੁਰਾਣੇ ਮੈਂਬਰ ਹੋ। ਇਸ ਤਰ੍ਹਾਂ ਇੰਟਰੱਪਟ ਨਹੀਂ ਕਰਨਾ ਚਾਹੀਦਾ।

ਰਾਜ ਮੰਤਰੀ, ਪੇਂਡੂ ਵਿਕਾਸ ਤੇ ਪੰਚਾਇਤਾਂ: ਸਪੀਕਰ ਸਾਹਿਬ, ਇਨ੍ਹਾਂ ਨੇ ਆਉਂਦੇ ਹੀ ਸਿੰਘ ਸਾਹਿਬਾਨ ਬਦਲ ਦਿੱਤੇ। ਜੇ ਕੋਈ ਚੰਗੇ ਬੰਦੇ ਲਿਆਂਦੇ ਜਾਂਦੇ ਤਾਂ ਸਾਨੂੰ ਕੋਈ ਇਤਰਾਜ਼ ਨਾ ਹੁੰਦਾ। ਹੋਇਆ ਕੀ, ਹਰ ਇਕ ਨੇ ਇਕ ਇਕ ਆਪਣਾ ਬੰਦਾ ਸਿਘ ਸਾਹਿਬਾਨ ਵਿਚ ਰਖ ਲਿਆ ਔਰ ਉਨ੍ਹਾਂ ਨੂੰ ਇਹ ਕਿਹਾ ਗਿਆ ਕਿ ਤੁਸੀਂ ਬਰਨਾਲਾ ਸਾਹਿਬ, ਅਤੇ ਇਸ ਅਕਾਲੀ ਪਾਰਟੀ ਦੇ ਬੰਦਿਆਂ ਨੂੰ ਤਨਖਈਆ ਕਰਾਰ ਦੇਣਾ ਹੈ, ਇਨ੍ਹਾਂ ਸਾਰਿਆਂ ਨੂੰ ਛੇਕਣਾ ਹੈ। ਤੁਹਾਨੂੰ ਪਤਾ ਹੈ ਕਿ ਕਿਸ ਤਰ੍ਹਾਂ ਨਾਲ ਵਿਸ਼ੇਸ਼ ਅਦਾਲਤਾਂ ਬਣਾ ਕੇ ਸਾਡੇ ਤੇ ਹੁਕਮ ਕੀਤੇ ਗਏ। ਅਸੀਂ ਇਕ 7 ਮੈਂਬਰੀ ਕਮੇਟੀ ਬਣਾ ਕੇ

**Expunged as ordered by the Chair

ਭੇਜੀ ਪਰ ਕੋਈ ਪੜਤਾਲ ਨਹੀਂ, ਕੋਈ ਸੁਣਵਾਈ ਨਹੀਂ। ਉਨ੍ਹਾਂ ਨੇ ਤਾਂ ਮੰਨ ਬਣਾ ਲਿਆ ਸੀ ਕਿ ਇਨ੍ਹਾਂ ਨੂੰ ਸਜ਼ਾ ਦੇਣੀ ਹੈ। ਅਸੀਂ ਧਰਮ ਦਾ ਸਤਿਕਾਰ ਕਰਦੇ ਹਾਂ। ਧਰਮ ਨਾਲ ਟਕਰ ਨਹੀਂ ਲੈਂਦੇ। ਪਰ ਜੇ ਕੋਈ ਜਥੇਦਾਰ ਗੁਰਚਰਨ ਸਿੰਘ ਵਰਗਾ ਜਾਂ ਮੱਸੇ ਰੰਗੜ ਵਰਗਾ ਆ ਜਾਵੇ ਜਿਹੜਾ ਧਰਮ ਦੇ ਵਿਰੁਧ ਕੰਮ ਕਰੇ, ਮਾੜੇ ਕੰਮ ਕਰੇ ਤਾਂ ਉਸ ਵੇਲੇ ਤਾਂ ਸਾਡਾ ਫਰਜ਼ ਬਣ ਜਾਂਦਾ ਹੈ ਕਿ ਧਰਮ ਦੀ ਰਾਖੀ ਲਈ ਉਸ ਦਾ ਮੁਕਾਬਲਾ ਕਰੀਏ। (ਵਿਘਨ) (ਸ਼ੋਰ) ਇਹ ਕਹਿੰਦੇ ਹਨ ਕਿ ਅੰਮ੍ਰਿਤ ਪਰਚਾਰ ਨਹੀਂ ਕਰਨ ਦਿੰਦੇ। ਮੈਂ ਦਸਦਾ ਹਾਂ ਕਿ ਭਵਾਨੀ ਗੜ੍ਹ ਵਿਖੇ ਅੰਮ੍ਰਿਤ ਪਰਚਾਰ ਹੋ ਰਿਹਾ ਸੀ ਉਸੇ ਹੀ ਸ਼ਹਿਰ ਵਿਚ ਢੀਂਡਸਾ ਸਾਹਿਬ ਬੈਠੇ ਸਨ ਪਰ ਉਹ ਤਾ ਉਸ ਵੇਲੇ ਉਥੇ ਨਹੀਂ ਆਏ। ਸਿਰਫ 3 ਸਿੰਘ ਸਾਹਿਬਾਨ ਆਏ। ਉਹ ਖਾਲਿਸਤਾਨ ਦੀਆਂ ਗਲਾਂ ਕਰ ਰਹੇ ਸਨ। ਅੰਮ੍ਰਿਤਪਾਨ ਖਾਲਿਸਤਾਨ ਦੇ-ਬਣਾਉਣ ਲਈ ਕਰਾਇਆ ਜਾ ਰਿਹਾ ਹੈ। ਸੰਤ ਲੌਂਗੋਵਾਲ ਦੇ ਕਾਤਲਾਂ ਨੂੰ ਸਰੋਪੇ ਦੇ ਕੇ ਅੰਮ੍ਰਿਤਪਾਨ ਕਰ-ਵਾਇਆ ਜਾ ਰਿਹਾ ਹੈ। (ਵਿਘਨ)

(ਇਸ ਵੇਲੇ ਢੀਂਡਸਾ ਸਾਹਿਬ ਪਰਸਨਲ ਐਕਸਪਲੇਨੇਸ਼ਨ ਲਈ ਬੋਲਣ ਲਈ ਜ਼ੋਰ ਨਾਲ ਕਹਿ ਰਹੇ ਸਨ।)

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਪਰਸਨਲ ਐਕਸਪਲੇਨੇਸ਼ਨ ਤਾਂ ਸਪੀਚ ਦੇ ਮਗਰੋਂ ਹੁੰਦਾ ਹੈ। ਪਹਿਲੇ ਤਾਂ ਪੁਆਇੰਟ ਆਫ਼ ਆਰਡਰ ਹੋ ਸਕਦਾ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : * * * * *

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਖਿਆਲਾ ਸਾਹਿਬ ਤੁਸੀਂ ਬੋਲੋ।

ਰਾਜ ਮੰਤਰੀ, ਪੇਂਡੂ ਵਿਕਾਸ ਤੇ ਪੰਚਾਇਤਾਂ : ਜਿਥੋਂ ਤਕ ਧਰਮ ਦੀ ਗਲ ਹੈ, ਅਸੀਂ ਧਰਮ ਦਾ ਪੂਰਾ ਸਤਿਕਾਰ ਕਰਦੇ ਹਾਂ। ਅਸੀਂ ਸਾਰੇ, ਅਕਾਲੀ ਪਾਰਟੀ ਹੀ ਧਰਮ ਨੂੰ ਮੰਨਦੀ ਹੈ। ਪਰ ਜੇ ਕਦੇ ਅਕਾਲ ਤਖਤ ਤੇ ਕੋਈ ਐਸੇ ਬੰਦੇ ਆ ਜਾਣ ਜਿਹੜੇ ਗਲਤ ਹੁਕਮ ਕਰਨ ਤਾਂ ਉਨ੍ਹਾਂ ਹੁਕਮਾਂ ਨੂੰ ਨਹੀਂ ਮੰਨਿਆ ਜਾ ਸਕਦਾ। ਅਸੀਂ ਧਰਮ ਦੇ ਰਾਖ ਹਾਂ। ਧਰਮ ਦਾ ਪੂਰਾ ਸਤਿਕਾਰ ਕਰਦੇ ਹਾਂ। ਨੰਬਰ ਦੋ ਇਥੇ ਦੋ ਵਿਚਾਰ ਉਭਰ ਕੇ ਸਾਡੇ ਸਾਹਮਣੇ ਆਏ ਉਹ ਸਨ ਕਿ ਗੋਲੀ ਚਾਹੁੰਦੇ ਹੋ ਜਾਂ ਅਮਨ ਚਾਹੁੰਦੇ ਹੋ। ਅਸੀਂ ਅਮਨ ਚਾਹੁੰਦੇ ਹਾਂ। ਔਰ ਇਸ ਅਮਨ ਵਾਸਤੇ ਹੀ ਸੰਤ ਲੌਂਗੋਵਾਲ ਨੇ ਰਾਜੀਵ ਗਾਂਧੀ ਨਾਲ ਇਹ ਸਮਝੌਤਾ ਕੀਤਾ ਸੀ। ਇਹ ਸਮਝੌਤਾ ਅਸੀਂ ਸਾਰਿਆਂ ਨੇ ਪਰਵਾਨ ਕੀਤਾ। ਉਸ ਤੇ ਸਾਡੀ ਵੀ ਮੋਹਰ ਲਗੀ। ਪਰ ਇਨ੍ਹਾਂ ਨੂੰ ਇਸ ਵਿਚ ਵਿਸ਼ਵਾਸ ਨਹੀਂ ਸੀ। ਕਿਉਂਕਿ ਇਹ ਦੇਸ਼ ਦੇ ਭਲੇ ਵਾਸਤੇ ਸੀ, ਦੇਸ਼ ਦੀ ਅਖੰਡਤਾ ਵਾਸਤੇ ਸ਼ੀ। ਉਸ ਤੋਂ ਬਾਦ ਚੋਣਾਂ ਹੋਈਆਂ ਅਤੇ ਅਸੀਂ ਸਾਰਿਆਂ ਨੇ ਸੰਤ ਜੀ ਦੀ ਅਕਾਲੀ ਪਾਰਟੀ ਤੋਂ ਟਿਕਟਾਂ ਲਈਆਂ ਅਤੇ ਇਲੈਕਸ਼ਨਾਂ ਵਿਚ ਕਹਿੰਦੇ ਸੀ ਕਿ ਸਾਨੂੰ ਵੋਟਾਂ ਦਿਉ ਤਾਂ ਕਿ ਅਸੀਂ ਉਸ ਅੱਤਵਾਦ ਦੇ ਖਿਲਾਫ ਲੜਾਈ ਕਰ ਸਕੀਏ ਜਿਸ ਨੇ ਸੰਤ ਜੀ ਦੀ ਜਾਨ ਲਈ ਹੈ। ਜਿਸ ਅੱਤਵਾਦ ਨੇ ਸੰਤ ਜੀ ਦੀ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਹਤਿਆਂ ਕੀਤੀ ਹੈ ਅਤੇ ਅਸੀਂ ਸੰਤ ਜੀ ਦੇ ਪਾਏ ਪੂਰਣਿਆਂ ਉਤੇ ਅਤੇ ਜਿਹੜੀ ਸੇਧ ਸਾਨੂੰ ਉਨ੍ਹਾਂ ਨੇ ਦਿੱਤੀ ਹੈ ਉਸ ਉਤੇ ਚਲਾਂਗੇ ਅਤੇ ਉਨ੍ਹਾਂ ਦੇ ਸਿਧਾਤਾਂ ਉਤੇ ਕਦੇ ਆਂਚ ਨਹੀਂ ਆਉਣ ਦੇਵਾਂਗੇ। ਲੋਕਾਂ ਨੇ ਇਨ੍ਹਾਂ ਨੂੰ ਚੋਣਾ ਵਿਚ ਤਾਕਤ ਦਿਤੀ ਅਤੇ 73 ਮੈਂਬਰ ਇਸ ਪਾਰਟੀ ਦੇ ਚੁਣ ਕੇ ਆਏ। ਅਸੀਂ ਵੋਟਰਾਂ ਨੂੰ ਕਹਿੰਦੇ ਸੀ ਕਿ ਜਿਹੜਾ ਸਮਝੌਤਾ ਦਿੱਲੀ ਦੀ ਸਰਕਾਰ ਨਾਲ ਸੰਤ ਜੀ ਦਾ ਹੋਇਆ ਹੈ ਉਸ ਨੂੰ ਅਸੀਂ ਪੂਰੀ ਤਰ੍ਹਾਂ ਲਾਗੂ ਕਰਵਾਉਣ ਵਿਚ ਯਤਨ ਕਰਾਂਗੇ ਅਤੇ ਅੱਤਵਾਦ ਨੂੰ ਖਤਮ ਕਰਾਂਗੇ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦੇ ਹੋਏ

**Expunged as ordered by the Chair.

[ਰਾਜ ਮੰਤਰੀ, ਪੇਂਡੂ ਵਿਕਾਸ ਤੇ ਪੰਚਾਇਤਾਂ]

ਲੋਕਾਂ ਨੇ ਸਾਨੂੰ ਤਾਕਤ ਦਿੱਤੀ ਅਤੇ ਸਰਕਾਰ ਬਣ ਗਈ ਪਰ ਕੁਝ ਤਾਕਤ ਦੇ ਭੁੱਖੇ ਲੋਕਾਂ ਨੇ ਅਲਗ ਹੋਣ ਵਾਸਤੇ ਬਹਾਨੇ ਲੱਭਣੇ ਸ਼ੁਰੂ ਕਰ ਦਿੱਤੇ ਕਿਉਂਕਿ ਉਨ੍ਹਾਂ ਨੂੰ ਕੁਰਸੀ ਨਹੀਂ ਮਿਲੀ ਸੀ ਅਤੇ ਕੁਰਸੀ ਦੀ ਭੁੱਖ ਕਰ ਕੇ ਉਨ੍ਹਾਂ ਨੇ ਬਹਾਨਾ ਕਰ ਲਿਆ ਕਿ ਚੂੰਕਿ ਸਰਕਾਰ ਨੇ ਦਰਬਾਰ ਸਾਹਿਬ ਵਿਚ ਪੁਲਿਸ ਭੇਜੀ ਹੈ ਇਸ ਲਈ ਅਸੀਂ ਇਸ ਪਾਰਟੀ ਤੋਂ 25 ਮੈਂਬਰ ਅਲਗ ਹੁੰਦੇ ਹਾਂ। ਇਸ ਤੋਂ ਪਹਿਲਾਂ ਇਨ੍ਹਾਂ ਨੇ ਦਿੱਲੀ ਦੇ ਤਖਤ ਦੇ ਨਾਲ ਗੱਲ ਬਾਤ ਕੀਤੀ ਕਿ ਜੇਕਰ ਅਸੀਂ ਅਲਗ ਹੋ ਜਾਈਏ ਤਾਂ ਤੁਸੀ ਸਾਨੂੰ ਤਾਕਤ ਦੇਵੋਗੇ। ਦਿੱਲੀ ਦੀ ਸਰਕਾਰ ਨੇ ਕਹਿ ਦਿੱਤਾ ਅਸੀਂ ਦੇਵਾਂਗੇ ਕਿਉਂਕਿ ਉਹ ਤਾਂ ਚਾਹੁੰਦੇ ਸਨ ਕਿ ਇਹ ਦੋ ਫਾੜ ਹੋ ਜਾਣ। ਇਹ ਤਾਕਤ ਦੀ ਖਾਤਿਰ 25 ਮੈਂਬਰ ਅਲਗ ਹੋ ਗਏ ਅਤੇ ਇਹ ਦਿੱਲੀ ਦੇ ਚੱਕਰ ਕੱਢਦੇ ਰਹੇ ਪਰ ਇਨ੍ਹਾਂ ਦੀ ਗਲ ਨਾ ਬਣੀ ਤਾਂ ਇਨ੍ਹਾਂ ਨੇ ਅਕਾਲ ਤਖਤ ਸਾਹਿਬ ਦੀ ਆੜ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਢਾਉਣ ਦੀ ਕੋਸ਼ਿਸ਼ ਕੀਤੀ। ਇਥੋਂ ਫੇਹਲ ਹੋ ਕੇ ਇਹ ਤੇ ਅਕਾਲ ਤਖਤ ਦੇ ਨੇੜੇ ਚਲੇ ਗਏ। ਇਹ ਜਿਹੜਾ ਸਾਡਾ ਅਕਾਰਡ ਹੋਇਆ ਸੀ ਇਸ ਨੂੰ ਲਾਗੂ ਕਰਵਾਉਣ ਦਾ ਫਰਜ਼ ਸਾਰੇ 73 ਮੈਂਬਰਾਂ ਦਾ ਸੀ ਨਾ ਕਿ ਕੁਝ ਦਾ ਸੀ। ਜਦੋਂ ਇਹ ਅਕਾਰਡ ਹੋਇਆ ਸੀ ਤਾਂ ਇਹ ਸੰਤ ਜੀ ਦੀਆਂ ਫੋਟੋ ਲੈ ਕੇ ਵੋਟਰਾਂ ਕੋਲੋਂ ਵੋਟਾਂ ਮੰਗਦੇ ਫਿਰਦੇ ਸਨ ਪਰ ਹੁਣ ਇਹ ਕੁਰਸੀ ਦੀ ਖਾਤਿਰ ਅਲਗ ਹੋ ਗਏ ਹਨ (ਸ਼ੇਮ) ਕੀ ਇਨ੍ਹਾਂ ਨੇ ਲੋਕਾਂ ਦੇ ਨਾਲ ਗੱਦਾਰੀ ਨਹੀਂ ਕੀਤੀ ਅਤੇ ਪਾਰਟੀ ਦੇ ਨਾਲ ਗੱਦਾਰੀ ਨਹੀਂ ਕੀਤੀ। ਸਾਨੂੰ ਸਾਰਿਆਂ ਨੂੰ ਅੱਤਵਾਦ ਦੇ ਖਿਲਾਫ ਲੜਨਾ ਚਾਹੀਦਾ ਹੈ ਜਿਸ ਨੇ ਸੰਤ ਜੀ ਦੀ ਜਾਨ ਲਈ। ਮੈਂ ਮੈਂਬਰੀ ਛੱਡ ਸਕਦਾ ਹਾਂ, ਮਰ ਸਕਦਾ ਹਾਂ ਪਰ ਮੈਂ ਇਨ੍ਹਾਂ ਵਾਂਗ ਸੰਵਿਧਾਨ ਨੂੰ ਬਦਲ ਨਹੀਂ ਸਕਦਾ। ਤੁਸੀਂ ਕੀ ਰਾਖੀ ਕਰ ਰਹੇ ਹੋ ਅਸੀਂ ਰਾਖੀ ਤੇ ਬੈਠੇ ਹੋਏ ਹਾਂ। ਅਸੀਂ ਪੈਹਿਰਾ ਦੇ ਰਹੇ ਹਾਂ। ਸਾਡੀਆਂ ਲਿਸਟਾਂ ਬਣ ਰਹੀਆਂ ਹਨ ਕਿ ਇਹ ਤਖਤ ਨੂੰ ਨਹੀਂ ਮਨਦੇ, ਇਨ੍ਹਾਂ ਨੂੰ ਸੋਧਾਂਗੇ। ਪਰ ਇਹ ਲੋਕ ਆਪਣੀਆਂ ਜਾਨਾਂ ਬਚਾਉਣ ਦੀ ਖਾਤਰ ਇਨ੍ਹਾਂ ਲੋਕਾਂ ਨਾਲ ਗਨਮੈਨ ਹੁੰਦਾ। ਪਰ ਅੱਜ ਇਹ ਲੋਕ ਬਿਨਾ ਗਨਮੈਨਾਂ ਦੇ ਫਿਰਦੇ ਹਨ ਕਿਉਂਕਿ ਇਨ੍ਹਾਂ ਦੀ ਅੱਤਵਾਦ ਨਾਲ ਸਾਂਝ ਹੈ। ਇਹ ਲੋਕ ਦੇਸ਼ ਦੇ ਭਲੇ ਦੀ ਗਲ ਨਹੀਂ ਕਰ ਸਕਦੇ ਕਿਉਂਕਿ ਤੁਸੀਂ ਕਲ ਹੀ ਵੇਖ ਲਿਆ ਕਿ ਜਦੋਂ ਵਿੱਛੜੀਆਂ ਰੂਹਾਂ ਨੂੰ ਜਿੰਨ੍ਹਾਂ ਗੁਨਾਹਗਾਰ ਅਪਰਾਧੀਆਂ ਨੇ ਮਾਰਿਆ ਸੀ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਲਈ ਇਕੱਠ ਜੋੜਿਆ ਸੀ। ਇਹ ਹਾਜ਼ਰ ਨਹੀਂ ਹੋਏ (ਸ਼ੇਮ ਸ਼ੇਮ) ਭਾਵੇਂ ਕੋਈ ਦੁਸ਼ਮਣ ਹੀ ਕਿਉਂ ਨ ਹੋਵੇ ਉਸ ਦੇ ਸੱਥਰ ਤੇ ਜਾਈਦਾ ਹੈ ਪਰ ਇਹ ਤੁਰਦੇ ਕਿਵੇਂ। ਇਹ ਡਰਦੇ ਤਲਵਾਰਾਂ, ਪਸਤੋਲਾਂ ਤੋਂ ਇਹ ਆਪਣਾ ਸਿਧਾਂਤ ਬਦਲ ਗਏ ਹਨ ਅਤੇ ਸੰਤ ਲਹਿਰ ਨੂੰ ਛੱਡ ਗਏ ਹਨ। ਇਹ ਸਿਖੀ ਧਰਮ ਦੀ ਗੱਲ ਕਰਦੇ ਹਨ ਅਤੇ ਸਿੱਖ ਧਰਮ ਵਿਚ ਕਿਥੇ ਲਿਖਿਆ ਹੋਇਆ ਹੈ ਕਿ ਬੰਦੂਕਾਂ ਤੋਂ ਡਰ ਜਾਈਏ, ਤਲਵਾਰਾਂ ਤੋਂ ਡਰ ਜਾਈਏ (ਵਲੋਂ ਵਿਘਨ) ਜੇ ਡਰਦੇ ਨਹੀਂ ਸਨ ਤਾਂ ਨੌਵੀਂ ਪਾਤਸ਼ਾਹੀ ਨੇ ਕੁਰਬਾਨੀ ਦਿੱਤੀ ਅਤੇ ਦਸਵੀਂ ਪਾਤਸ਼ਾਹੀ ਦੇ ਬੱਚੇ ਨੀਹਾਂ ਵਿਚ ਚੁਣੇ ਨਾ ਜਾਂਦੇ। ਸਾਨੂੰ ਅਤ-ਵਾਦ ਦੇ ਖਿਲਾਫ ਲੜਨਾ ਚਾਹੀਦਾ ਹੈ।

ਸ੍ਰੀ ਸਪੀਕਰ : ਖਿਆਲਾ ਸਾਹਿਬ, ਤੁਸੀਂ ਬੈਠੋ (ਵਿਘਨ)

ਰਾਜ ਮੰਤਰੀ, ਪੇਂਡੂ ਵਿਕਾਸ ਤੇ ਪੰਚਾਇਤਾਂ : ਮੈਂ ਸਾਰੇ ਇਸ ਸਦਨ ਦੇ ਮੈਂਬਰਾਂ ਨੂੰ ਕਹਾਂਗਾ ਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਅੱਤਵਾਦ ਦੇ ਖਿਲਾਫ ਯੁੱਧ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਅੱਤਵਾਦ ਅਤੇ ਭੈੜੇ ਲੋਕਾਂ ਦੀ ਅੱਜ ਲੋੜ ਹੈ ਕਿ ਮਿਲ ਕੇ ਮੁਕਾਬਲਾ ਕਰੀਏ। ਜਿਹੜੇ ਲੋਕ ਸਿਖਾਂ ਦੇ ਨਾਮ ਤੇ ਅਤੇ ਗੁਰੂਆਂ ਦੇ ਨਾਂ ਤੇ ਧੱਬਾ ਲਗਾਉਂਦੇ ਹਨ, ਉਨ੍ਹਾਂ ਦੀ ਮੱਦਦ ਨਾ ਕਰੀਏ ਅਤੇ ਮਤੇ ਦੀ ਪ੍ਰੋੜਤਾ ਕਰਦਾ ਹੋਇਆ ਬੈਠਦਾ ਹਾਂ। (ਥੰਪਿੰਗ)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਤੁਹਾਡੀ ਪਾਰਟੀ ਦੇ ਸਰਦਾਰ ਕਿਰਪਾਲ ਸਿੰਘ ਜੀ ਤਿੰਨ ਮਿੰਟ ਆਉਂਦੇ ਹਨ ਪਰ ਤੁਸੀਂ ਪੰਜ ਮਿੰਟ ਵਿਚ ਸਮਾਪਤ ਕਰ ਦਿਓ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਭਾਵੇਂ ਮੇਰੀ ਪਾਰਟੀ ਦੇ ਹਿੱਸੇ ਪੰਜ ਮਿੰਟ ਆਉਂਦੇ ਹਨ ਜਾਂ ਤਿੰਨ ਮਿੰਟ ਆਉਂਦੇ ਹਨ ਜਾਂ 6 ਮਿੰਟ ਆਉਂਦੇ ਹਨ, ਮੇਰੀ ਇਹ ਦੋਸਤਾਂ ਨੂੰ ਗੁਜ਼ਾਰਿਸ਼ ਹੈ ਕਿ ਇਹ ਮੈਨੂੰ ਸੁਣ ਲੈਣ। ਉਸ ਦੀ ਇਕ ਵਜ੍ਹਾ ਹੈ। ਸਾਡੇ ਹਾਊਸ ਦਾ ਇੱਕ ਅਜਿਹਾ ਹਿੱਸਾ ਹੈ, ਜਿਨ੍ਹਾਂ ਨੂੰ ਮੇਰੇ ਤੋਂ ਐਲਰਜੀ ਬੜੀ ਹੈ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਛੇ ਮਿੰਟ ਉਦੋਂ ਸ਼ੁਰੂ ਹੋਣੇ ਹਨ।

ਸ਼੍ਰੀ ਸਪੀਕਰ : ਤੁਸੀਂ ਮਤੇ ਤੇ ਬੋਲ ਲਵੋ।

ਸਰਦਾਰ ਕਿਰਪਾਲ ਸਿੰਘ : ਮੈਂ ਸਪੀਕਰ ਸਾਹਿਬ, **ਦੇ ਖਤਮ ਹੋਣ ਤੋਂ ਬਾਅਦ ਹੀ ਬੋਲ ਸਕਦਾ ਹਾਂ। ਮੈਂ ਕਿਸੇ ਦੀ ਤਕਰੀਰ ਵਿਚ ਕੋਈ ਲਫਜ਼ ਨਹੀਂ ਬੋਲਿਆ।

ਸ਼੍ਰੀ ਸਪੀਕਰ : **ਲਫਜ਼ ਜੋ ਕਿਹਾ ਗਿਆ ਹੈ, ਉਹ ਐਕਸਪੰਜ ਕਰ ਦਿਤਾ ਜਾਵੇ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਤੁਸੀਂ ਹੀ ਦੱਸੋ ਕਿ ਮੈਂ ਸਾਰੇ ਹਾਊਸ ਵਿਚ ਕਿਸੇ ਨੂੰ ਵੀ ਟੋਕਿਆ ਹੈ। ਮੈਂ ਹਾਲੇ ਸ਼ੁਰੂ ਹੀ ਨਹੀਂ ਕੀਤਾ ਪਰ ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਹੈ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਬੜੀ ਹੀ ਗੰਭੀਰ ਗੱਲ ਹੈ। ਸਪੀਕਰ ਸਾਹਿਬ, ਸਰਦਾਰ ਕਿਰਪਾਲ ਸਿੰਘ ਜੀ ਨੇ ਆਪਣਾ ਭਾਸ਼ਣ ਸ਼ੁਰੂ ਕਰਨ ਵੇਲੇ ਹੀ ਕਾਂਗਰਸ ਵਾਲਿਆਂ ਨੂੰ ਐਲਰਜੀ ਕਿਹਾ ਹੈ। ਇਹ ਲਫਜ਼ ਅਨਪਾਰਲੀਆਮੈਂਟਰੀ ਹੈ। ਇਸ ਲਫਜ਼ ਨੂੰ ਕਟਾ ਦਿਓ।

ਸ਼੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ ਤੁਸੀਂ ਸ਼ੁਰੂ ਨਹੀਂ ਕਰਨਾ ਚਾਹੁੰਦੇ, ਤੁਹਾਨੂੰ ਬੋਲਣ ਲਈ ਟਾਇਮ ਦਿੱਤਾ ਗਿਆ ਹੈ। ਤੁਸੀਂ ਆਪਣਾ ਟਾਈਮ ਵੇਸਟ ਕਰ ਰਹੇ ਹੋ।

ਸਰਦਾਰ ਕਿਰਪਾਲ ਸਿੰਘ ; ਸਪੀਕਰ ਸਾਹਿਬ, ਤੁਸੀਂ ਦੇਖੋ ਹਾਊਸ ਵਿਚ ਸਾਰੇ ਸਪੀਕਰ ਬੋਲ ਰਹੇ ਹਨ।

ਸ਼੍ਰੀ ਸਪੀਕਰ : ਤੁਸੀਂ ਕਿਸੇ ਨੂੰ ਰੈਫਰ ਨਾ ਕਰੋ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਅਜੇ ਸ਼ੁਰੂ ਹੀ ਨਹੀਂ ਕੀਤਾ।

"ਅਭੀ ਤੋਂ ਮੈਂਨੇ ਤਮਹੀਦੇ ਗ਼ਮੇ-ਦਿਲ ਹੀ ਬਿਆਂ ਕੀ ਹੈ,
ਅਭੀ ਸੇ ਬੰਦਾ ਪਰਵਰ ਆਪ ਕਿਉਂ ਘਬਰਾਏ ਜਾਤੇ ਹੈ।"

ਸਪੀਕਰ ਸਾਹਿਬ ਇਹ ਇਕ ਨੈਸ਼ਨਲ ਇਨਟੈਗਰੇਸ਼ਨ ਦੀ ਬਾਤ ਹੈ, ਜਿਸ ਦਾ ਕਿ ਮੈਂ ਜਜ਼ਬਾਤੀ ਤੌਰ ਤੇ ਕਾਇਲ ਹਾਂ, ਔਰ ਇਨ੍ਹਾਂ ਵਿਚੋਂ ਬਹੁਤੇ ਜਿਹੜੇ ਆਜ਼ਾਦੀ ਤੋਂ ਬਾਅਦ ਦੀ ਪੈਦਾਇਸ਼ ਹਨ, ਉਨ੍ਹਾਂ ਦੀ ਗੱਲ ਛੱਡ ਕੇ, ਇਸ ਦੇਸ਼ ਦੀ ਆਜ਼ਾਦੀ ਵਾਸਤੇ ਕੋਈ ਭਾਵੇਂ ਇਕ ਦਿਨ ਅਤੇ ਭਾਵੇਂ 2 ਸਾਲ, ਮੇਰੀ ਵੀ ਕੁਝ ਜਾਨ ਇਸ ਤੇ ਲਗੀ ਹੈ, ਇਹ ਦੇਸ਼ ਰਹੇ, ਅਖੰਡ ਰਹੇ, ਇਸ ਦੀ ਪ੍ਰਭਤਾ ਕਾਇਮ ਰਹੇ, ਇਸ ਵਿਚੋਂ ਕਮਿਊਨਿਲਿਜ਼ਮ ਨਾ ਹੋਵੇ, ਜ਼ਾਤੀਵਾਦ ਨਾ ਹੋਵੇ, ਤਾਅਸਬੀ ਨਾ ਹੋਵੇ,

**Expunged as ordered by the Chair.

[ਸਰਦਾਰ ਕਿਰਪਾਲ ਸਿੰਘ]

ਇਹ ਮੇਰਾ ਈਮਾਨ ਹੈ ਜਿਸ ਨੂੰ ਇਜ਼ਹਾਰ ਕਰਨ ਲਗਿਆ ਮੈਂ ਇਕ ਗੱਲ ਕਹਿਣ ਲਗਾ ਹਾਂ ਕਿ ਅਸੀਂ ਕੌਮੀ ਏਕਤਾ ਨੂੰ ਈਮਾਨ ਦਾ ਹਿੱਸਾ ਸਮਝਦੇ ਹਾਂ ਤੇ ਪੰਜਾਬੀ ਇਸ ਲਈ ਸਰਪ੍ਰਸਤ ਰਹੇ ਹਨ। ਪੰਜਾਬੀਆਂ ਨੇ ਇਖਲਾਕੀ ਤੌਰ ਤੇ ਵੀ ਇਸ ਦੀ ਪਾਬੰਦੀ ਕੀਤੀ ਹੈ।

ਇਸ ਸਭ ਦੇ ਬਾਵਜੂਦ, ਜਿਹੜੇ ਅਤਿਵਾਦ ਦਾ ਅਸੀਂ ਜ਼ਿਕਰ ਕਰਦੇ ਹਾਂ, ਜਿਸ ਦੀ ਕਿ ਨਿਖੇਧੀ ਕਰਨੀ ਹਰ ਇਨਸਾਨ ਦਾ ਅਤੇ ਇਨਸਾਨੀਅਤ ਦੇ ਕਿਸੇ ਵੀ ਐਸੇ ਆਦਮੀ ਦਾ ਜਿਸ ਦਾ ਯਕੀਨ ਮਨੁਖਤਾ ਵਿੱਚ ਹੈ, ਉਹ ਇਸ ਦੇਸ਼ ਨੂੰ ਦੋ ਤਰ੍ਹਾਂ ਨਾਲ ਇਸ ਦੀ ਅਖੰਡਤਾ ਵਿਚ ਯਕੀਨ ਪੇਸ਼ ਕਰੇਗਾ। ਇਕ ਇਖਲਾਕੀ ਤੇ ਧਾਰਮਿਕ ਤੇ ਦੂਜੇ ਸਿਆਸੀ। ਇਸ ਅਖੰਡਤਾ ਦਾ ਇਕ ਜਜ਼ਬਾਤੀ ਪਹਿਲੂ ਵੀ ਹੈ- ਮੇਰੇ ਸਤਿਗੁਰਾਂ ਦੇ ਮੁਬਾਰਕ ਕਦਮਾਂ ਦੇ ਨਿਸ਼ਾਨ ਇਸ ਧਰਤੀ ਦੇ ਹਰ ਹਿੱਸੇ ਵਿਚ ਮੌਜੂਦ ਹਨ ਤੇ ਮੇਰਾ ਯਕੀਨ ਹੈ ਕਿ ਜਿਥੇ ਜਾਇ ਬਹਿ ਮੇਰਾ ਸਤਿਗੁਰੂ ਸੋਈ ਥਾਨ ਸੋਹਾਵਾ ਰਾਮ ਰਾਜੇ। ਮੈਂ ਉਨ੍ਹਾਂ ਸਤਿਗੁਰਾਂ ਅੱਗੇ ਜਿਨ੍ਹਾਂ ਦੀ ਚਰਣ ਧੂੜ ਮਹਾਂਰਾਸ਼ਟਰ ਵਿੱਚ ਵੀ, ਬਿਹਾਰ ਵਿੱਚ ਵੀ, ਉੜੀਸਾ ਵਿੱਚ ਵੀ, ਸਾਰੇ ਯੂ. ਪੀ. ਵਿਚ ਵੀ ਅਤੇ ਸਾਰੇ ਹਿੰਦੁਸਤਾਨ ਵਿਚ ਵੀ ਹੈ, ਸੀਸ ਨਿਵਾਉਂਦਾ ਹਾਂ ਅਤੇ ਇਹ ਮੇਰਾ ਪੂਜਨੀਕ ਦੇਸ਼ ਹੈ। ਲੇਕਿਨ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ:—

"ਤਸਬੀ ਕੋ ਤੋੜਨੇ ਮੇਂ ਇਨ ਹੀ ਕਾ ਹਾਥ ਹੈ,
ਜੋ ਰੋ ਰਹੇ ਹੈਂ ਦੇਖ ਕਰ ਦਾਨੇ ਬਿਖਰੇ ਹੁਏ।"

ਸਪੀਕਰ ਸਾਹਿਬ, ਮਿਸ਼ਰਾ ਕਮਿਸ਼ਨ ਦੀ ਰਿਪੋਰਟ ਹੈ। ਉਸ ਮੁਤੱਲਕ ਮੈਂ ਇਕ ਰੇਜ਼ਲਿਊਸ਼ਨ ਭੇਜਿਆ ਹੈ ਜਿਹੜਾ ਆਊਟ ਆਫ ਆਰਡਰ ਕਰਾਰ ਦੇ ਦਿੱਤਾ ਹੈ। ਹਜ਼ਾਰਾਂ ਬੰਦੇ ਗਲ ਵਿਚ ਜਲਦੇ ਟਾਇਰ ਪਾ ਪਾ ਕੇ ਮਾਰੇ ਗਏ ਹਨ, ਕਈ ਕਈ ਪਰਿਵਾਰ ਉਜੜ ਗਏ, ਪਰ ਉਸ ਜੱਜ ਨੇ ਜਿਹੜਾ ਰਿਪੋਰਟ ਦੇ ਰਿਹਾ ਹੈ ਉਸ** ਜੱਜ ਨੇ ਇਹ ਲਿਖ ਦਿੱਤਾ ਕਿ ਇਹ ਸਭ ਕੁਝ ਇਤਫਾਕੀਆ ਸੀ, ਇਹ ਆਰਗੇਨਾਈਜ਼ਡ ਨਹੀਂ। ਇਹ ਇਕ ਕੇਪ ਹੈ, ਜਿਸ ਦੀ ਇਹ ਸਾਜ਼ਿਸ਼ ਹੈ। ਮੈਂ ਇਹ ਚੀਜ਼ ਇਸ ਲਈ ਪੇਸ਼ ਕਰ ਰਿਹਾ ਹਾਂ...

ਸ੍ਰੀ ਸੇਵਾ ਰਾਮ ਅਰੋੜਾ: ਆਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਉਹ ਜੱਜ ਹਨ ਅਤੇ ਉਨ੍ਹਾਂ ਦੀਆਂ ਫਾਇੰਡਿੰਗਜ਼ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ। ਲੇਕਿਨ ਇਕ ਜੱਜ ਨੂੰ ਕਹਿਣਾ ਅਨਪਾਰਲੀਆਮੈਂਟਰੀ ਹੈ।

ਸ੍ਰੀ ਸਪੀਕਰ: ** ਸ਼ਬਦ ਪਰੋਸੀਡਿੰਗਜ਼ ਵਿਚੋਂ ਕੱਟ ਦਿੱਤਾ ਜਾਵੇ।

ਸਰਦਾਰ ਕਿਰਪਾਲ ਸਿੰਘ: ਜੇ ਕੋਈ ਦੇਖਦੇ ਹੋਏ ਵੀ ਇਸ ਤਰ੍ਹਾਂ ਲਿਖੇਗਾ ਤਾਂ ਮੈਂ ਉਸ ਨੂੰ ਸੁਜਾਖਾ ਨਹੀਂ ਕਹਾਂਗਾ। ਉਹ ਤਾਂ ** ਦਾ ਵੀ ** ਸੀ।

ਸ੍ਰੀ ਸਪੀਕਰ: **ਇਹ ਐਕਸਪੰਜ ਕੀਤਾ ਜਾਵੇ।

ਸ੍ਰੀ ਹਰਨਾਮ ਦਾਸ ਜੌਹਰ ਐਡਵੋਕੇਟ: ਸਪੀਕਰ ਸਾਹਿਬ, ਇਤਨੀ ਘਟੀਆ ਗੱਲ ਮੁੜ ਮੁੜ ਕੇ ਕਹਿਣੀ ਅਤੇ ਤੁਸੀਂ ਉਸ ਨੂੰ ਮਨਾਹ ਨਾ ਕਰੋ ਅਤੇ ਉਹ ਮੁਆਫੀ ਨਾ ਮੰਗੇ ਤਾਂ ਇਹ ਬੜੀ ਸ਼ਰਮ ਦੀ ਗੱਲ ਹੈ। ਜੁਡੀਸ਼ੀਅਰੀ ਲਈ ਵੀ ਅਤੇ ਇਸ ਹਾਊਸ ਲਈ ਵੀ ਸ਼ਰਮ ਦੀ ਗੱਲ ਹੈ। ਇਤਨੇ ਵੱਡੇ ਜੱਜ ਨੂੰ ** ਕਹਿਣਾ ਅਤੇ ਉਹ ਵੀ ਮੁੜ ਮੁੜ ਕੇ ਕਹਿਣਾ, ਠੀਕ ਨਹੀਂ ਹੈ।

ਸ੍ਰੀ ਸਪੀਕਰ: **ਸ਼ਬਦ ਜਿਥੇ ਵੀ ਆਵੇ, ਉਸ ਨੂੰ ਕੱਟ ਦਿੱਤਾ ਜਾਵੇ।

Pandit Mohan Lal: This word should be dropped. You should have expunged the word. This is most unparliamentary.

**Expunged as ordered by the Chair.

ਸ੍ਰੀ ਸਪੀਕਰ : **ਸ਼ਬਦ ਜਿਥੇ ਵੀ ਇਸਤੇਮਾਲ ਹੋਇਆ ਹੈ, ਕੱਟ ਦਿੱਤਾ ਜਾਵੇ- ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਲੋਕਾਂ ਦੇ ਦਿਲਾਂ ਵਿਚੋਂ ਤਾਂ ਨਹੀਂ ਕਟਿਆ ਜਾਵੇਗਾ। ਇਥੋਂ ਹੀ ਕਟਿਆ ਜਾਵੇਗਾ। ਬੇਇਨਸਾਫੀਆਂ ਹੀ ਅੱਤਵਾਦ ਪੈਦਾ ਕਰਦੀਆਂ ਹਨ, ਲੜਾਈਆਂ ਪੈਦਾ ਕਰਦੀਆਂ ਹਨ। ਏਥੇ ਮੇਰੇ ਮੁਤੱਲਕ ਵੀ ਕਿਹਾ ਗਿਆ। ਮੈਂ ਉਸ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਜਨਤਾ ਪਾਰਟੀ ਅਤਿਵਾਦ ਦੇ ਖਿਲਾਫ਼ ਅਤੇ ਨੈਸ਼ਨਲ ਇਨਟੈਗਰੇਸ਼ਨ ਦੇ ਹੱਕ ਵਿੱਚ ਹਰ ਆਦਮੀ ਹਰ ਪਾਰਟੀ ਅਤੇ ਹਰ ਲੜਾਈ ਵਿੱਚ ਸਾਥ ਦੇਣਾ ਚਾਹੁੰਦੀ ਹੈ।

ਜਿਥੋਂ ਤਕ ਅਕਾਲ ਤਖਤ ਦਾ ਮੁਕਾਬਲਾ ਕਰਨ ਦਾ ਤੁਅੱਲਕ ਹੈ, ਇਸ ਨਾਲ ਸਿੱਖ ਸਿੱਖ ਦੀ ਲੜਾਈ ਵਧੀ ਹੈ। ਕਿਹੜੀ ਨੈਸ਼ਨਲ ਪਾਰਟੀ ਇਨ੍ਹਾਂ ਨੂੰ ਸਪੋਰਟ ਕਰਦੀ ਹੈ ਉਹ ਕਈ ਲੁਕੀ ਛਿਪੀ ਨਹੀਂ ਤੇ ਨਾ ਹੀ ਉਨ੍ਹਾਂ ਦੇ ਇਰਾਦਿਆਂ ਤੋਂ ਲੋਕ ਨਾਵਾਕਫ ਹਨ. (ਥੰਪਿੰਗ) ਦੇਸ਼ ਦੀ ਏਕਤਾ ਲਈ, ਅਖੰਡਤਾ ਲਈ ਔਰ ਇਨਸਾਨੀਅਤ ਦੇ ਖਿਲਾਫ ਇਹ ਜੋ ਸੀ. ਆਰ. ਪੀ. ਐਫ. ਔਰ. ਬੀ. ਐਸ. ਐਫ. ਵਾਲੇ ਕੰਮ ਕਰ ਰਹੇ ਹਨ ਇਹ ਲਾਹਨਤ ਦੇ ਪਾਤਰ ਹਨ (ਘੰਟੀ)। ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਵਾਕਿਆ ਹੀ ਕੋਈ ਦਿਲ ਤੋਂ, ਦਿਮਾਗ ਤੋਂ ਔਰ ਸੀਨੇ ਤੋਂ ਇਸ ਲਈ ਕੰਮ ਕਰਨਾ ਚਾਹੁੰਦਾ ਹੈ ਤਾਂ ਫਿਰ ਇਨਸਾਫ ਦੀ ਬੁਨਿਆਦ ਤੇ ਗਲ ਕਰਨੀ ਪਏਗੀ। ਜਿਨ੍ਹਾਂ ਨੇ ਸਮਝੌਤੇ ਕੀਤੇ ਉਸ ਨੂੰ ਕਤਲ ਕਰ ਦਿੱਤਾ ਗਿਆ ਹੈ। ਉਹ ਦੇਸ਼ ਦੀ ਅਖੰਡਤਾ ਔਰ ਪਿਆਰ ਦੀ ਗਲ ਕਰਦੇ ਸੀ ਲੇਕਿਨ ਉਸ ਦਾ ਮੁੱਲ ਕੀ ਪਾਇਆ ਗਿਆ ਉਸ ਨਾਲ ਕੀਤੇ ਸਮਝੌਤਿਆਂ ਦਾ ਕੀ ਮੁੱਲ ਪਾਇਆ ਗਿਆ ਸੰਤ ਲੋਗੋਂਵਾਲ ਨੇ ਮੈਨੂੰ ਦਸਿਆ ਕਿ ਉਹ ਸਵਾਲ ਕਰੀ ਜਾਂਦੇ ਸਨ ਔਰ ਪ੍ਰਧਾਨ ਮੰਤਰੀ ਹਾਂ ਕਹਿਣੋਂ ਨਹੀਂ ਸੀ ਰੁਕਦੇ। ਉਹ ਸਵਾਲ ਕਰਦੇ ਗਏ ਔਰ ਇਹ ਹਾਂ ਕਹਿੰਦੇ ਗਏ (ਸ਼ੇਮ ਸ਼ੇਮ) ਬੂਟਾ ਸਿੰਘ ਨੇ ਸੰਤਾ ਸਿੰਘ ਤੋਂ ਸਰਬਤ ਖਾਲਸਾ ਕਰਾਇਆ (ਵਿਘਨ) ਦੂਜਿਆਂ ਨੇ ਹੋਰ ਸਰਬਤ ਖਾਲਸਾ ਕਰਾਇਆ (ਵਿਘਨ) ਇਹ ਮਖੌਲ ਬਣ ਗਿਆ ਹੈ। (ਵਿਘਨ)

ਸ੍ਰੀ ਸਪੀਕਰ : ਖਤਮ ਕਰੋ ਜੀ।

ਸਰਦਾਰ ਕਿਰਪਾਲ ਸਿੰਘ : ਇਸ ਵਾਸਤੇ ਮੈਂ ਕਹਿਣਾ ਚਾਹੁੰਦਾ ਹਾਂ ਅਕਾਲ ਤਖਤ ਬਾਰੇ ਕੰਮ ਨਿਰੋਲ ਸਿੱਖਾਂ ਦਾ ਹੈ ਅਕਾਲੀਆਂ ਦਾ ਹੈ। ਇਸ ਵਿਚ ਸੈਕੂਲਰ ਪਾਰਟੀਆਂ ਨੂੰ ਕੋਈ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ ਹੈ। ਇਨ੍ਹਾਂ ਸੈਕੂਲਰ ਪਾਰਟੀਆਂ ਨੂੰ ਖਾਮੁਖਾਹ ਇਸ ਵਿਚ ਹਵਾ ਨਹੀਂ ਦੇਣੀ ਚਾਹੀਦੀ ਹੈ। ਇਸ ਹਾਊਸ ਵਿਚ ਕਾਲੇ ਕੋਟ ਪਾਉਣ ਵਾਲੇ, ਕਾਲੇ ਬਿੱਲੇ ਲਗਾਉਣ ਵਾਲੇ (ਵਿਘਨ) ਠੀਕ ਕੰਮ ਨਹੀਂ ਕਰਦੇ ਹਨ। ਪਹਿਲਾਂ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਵਿਚ ਸੰਤ ਫਤਹਿ ਸਿੰਘ ਨੂੰ ਲਿਆਂਦਾ ਗਿਆ। ਹੁਣ ਫਿਰ ਪੁਰਾਣੀ ਪਾਲਿਸੀ ਨੂੰ ਨਿਆ ਰੂਪ ਦੇਣ ਦੀ ਗਲ ਇਹ ਕਰਨਾ ਚਾਹੁੰਦੇ ਹਨ। (ਘੰਟੀ) ਅੱਤਵਾਦ ਦਾ ਮੁਕਾਬਲਾ ਕਰਨਾ ਬਹੁਤ ਜ਼ਰੂਰੀ ਹੈ। ਇਹ ਰੈਜ਼ੋਲਿਊਸ਼ਨ ਜਿਹੜਾ ਸਭ ਕੁਝ ਹੁੰਦਿਆਂ ਕੁਝ ਨਹੀਂ ਇਸ ਵਿਚ ਇਸ ਕਰਕੇ ਕੁਝ ਨਹੀਂ ਕਿ ਇਹ ਕੋਈ ਇਫੈਕਟਿਵ ਲਾਈਨ ਨਹੀਂ ਦੇ ਰਿਹਾ ਕਿ ਸਾਡੇ ਨਾਲ ਇਨਸਾਫ ਕੀਤਾ ਜਾਏ। ਜਿਨ੍ਹਾਂ ਦੇ ਮਰ ਰਹੇ ਹਨ। ਇਸ ਲਈ ਸਾਰਾ ਹਿੰਦੁਸਤਾਨ ਕਹਿ ਰਿਹਾ ਹੈ, ਉਨ੍ਹਾਂ ਨੂੰ ਇਨਸਾਫ ਦਿੱਤਾ ਜਾਏ। ਰਿਟਾਇਰਡ ਚੀਫ ਜਸਟਿਸ ਸੀਕਰੀ ਤੇ ਹੋਰ ਜਨਤਕ ਇਨਕੁਆਇਰੀ ਕਮੇਟੀ ਦੀਆਂ ਰਿਪੋਰਟਾਂ ਦੇ ਆਧਾਰ ਤੇ ਦੋਸ਼ੀਆਂ ਦੇ ਖਿਲਾਫ ਕਾਰਵਾਈ ਕੀਤੀ ਜਾਏ। (ਵਿਘਨ) ਕਿਸ ਤਰ੍ਹਾਂ ਅਸੀਂ ਗਲ ਕਰੀਏ ਜਿਨ੍ਹਾਂ ਦੇ ਬੱਚੇ ਤੜਫ ਰਹੇ ਹਨ. ਜਿਨ੍ਹਾਂ ਸਿੱਖਾਂ ਨੂੰ ਅਰੈਸਟ ਕੀਤਾ ਗਿਆ ਸੀ। (ਘੰਟੀ) ਉਨ੍ਹਾਂ ਦੀ ਕੀ ਗੱਲ ਕਰੀਏ? ਕਿਤੇ ਗੋਲੀ ਨਹੀਂ ਦਲੀ,

[ਸਰਦਾਰ ਕਿਰਪਾਲ ਸਿੰਘ]

ਕਿਸੇ ਨੂੰ ਫੜਿਆ ਨਹੀਂ ਗਿਆ। ਲੱਖਾਂ ਹਜ਼ਾਰਾਂ ਬੰਦੇ ਮਰੇ ਔਰ ਪ੍ਰਧਾਨ ਮੰਤਰੀ ਦੀਆਂ ਅੱਖਾਂ ਦੇ ਸਾਹਮਣੇ ਮਰੇ ਉਨ੍ਹਾਂ ਤੇ ਕੋਈ ਅਸਰ ਨਹੀਂ ਹੋਇਆ (ਵਿਘਨ) ਅੱਤਵਾਦ ਨੂੰ ਅਗਰ ਖਤਮ ਕਰਨਾ ਹੈ ਤਾਂ ਇਨਸਾਫ ਲਿਆਉਣਾ ਚਾਹੀਦਾ ਹੈ। ਇਹ ਸਾਰੇ ਗੰਦਗੀ ਦੇ ਢੇਰ ਤੇ ਜਿੰਨੀ ਮਰਜ਼ੀ ਚਿੱਟੀ ਚਾਦਰ ਪਾਓ ਇਹ ਦੀ ਬਦਬੂ ਨਹੀਂ ਹਟ ਸਕਦੀ। (ਵਿਘਨ)

ਸ੍ਰੀ ਸਪੀਕਰ : ਸਰਦਾਰ ਕੁਲਵਤ ਸਿੰਘ ਕਾਦੀਆਂ ਤੁਸੀਂ ਬੋਲੋ। ਸਰਦਾਰ ਕਿਰਪਾਲ ਸਿੰਘ ਜੀ ਤੁਸੀਂ ਤਸ਼ਰੀਫ ਰਖੋ।

ਸਰਦਾਰ ਕੁਲਵੰਤ ਸਿੰਘ ਐਡਵੋਕੇਟ (ਕਾਦੀਆਂ) : ਸਪੀਕਰ ਸਾਹਿਬ; ਜੋ ਅੱਜ ਮਤਾ ਹਾਊਸ ਵਿਚ ਪੇਸ਼ ਹੋਇਆ ਹੈ ਅਤੇ ਦੇਸ਼ ਦੀ ਅਖੰਡਤਾ ਅਤੇ ਏਕਤਾ ਦਾ ਹਾਮੀ ਹੈ, ਮੈਂ ਉਸ ਦੀ ਪ੍ਰੋੜਤਾ ਕਰਦਾ ਹਾਂ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਦੋਂ ਵੀ ਦੱਰਾ ਖ਼ੈਬਰ ਤੇ ਹਮਲਾ ਹੋਇਆ ਤਾਂ ਬਹਾਦਰ ਪੰਜਾਬੀਆਂ ਨੇ ਉਸ ਦਾ ਟਾਕਰਾ ਕੀਤਾ ਅਤੇ ਦੱਰਾ ਖੈਬਰ ਦਾ ਰਸਤਾ ਬੰਦ ਕਰ ਦਿਤਾ ਸੀ। ਦੇਸ਼ ਦੀ ਆਜ਼ਾਦੀ ਦੇ ਵਿਚ ਜੋ ਹਿੱਸਾ ਪੰਜਾਬੀਆਂ ਨੇ ਪਾਇਆ ਉਹ ਸਭ ਨੂੰ ਪਤਾ ਹੈ। ਜਲਿਆਂ ਵਾਲਾ ਬਾਗ ਦਾ ਜੋ ਵਾਕਿਆ ਹੋਇਆ, ਉਥੇ ਹਿੰਦੂ ਸਿੱਖ ਅਤੇ ਮੁਸਲਮਾਨ ਸਭ ਦਾ ਖੂਨ ਡੁੱਲਿਆ। ਉਹ ਸਾਡੀ ਏਕਤਾ ਅਤੇ ਸਾਡੀ ਸਾਂਝੀਵਾਲਤਾ ਦਾ ਸਬੂਤ ਹੈ। ਦੇਸ਼ ਆਜ਼ਾਦ ਹੋਇਆ। ਆਜ਼ਾਦੀ ਤੋਂ ਬਾਅਦ ਜੋ ਪੰਜਾਬ ਨੇ ਤਰੱਕੀ ਕੀਤੀ, ਉਹ ਤੁਹਾਡੇ ਸਾਹਮਣੇ ਹੈ। ਹਿੰਦੁਸਤਾਨ ਅੰਦਰ ਐਮਰਜੰਸੀ ਲੱਗੀ, ਕੀ ਕੁਝ ਹੋਇਆ, ਸਪੀਕਰ ਸਾਹਿਬ, ਮੈਂ ਕਿਸੇ ਦਾ ਨਾਮ ਨਹੀਂ ਲੈਣਾ। ਉਹ ਲੋਕ ਅੱਜ ਵੀ ਬੈਠੇ ਹਨ। ਉਹ ਉਦੋਂ ਵੀ ਵਜ਼ੀਰ ਸਨ। ਲੇਕਿਨ ਉਸ ਵੇਲੇ ਪੰਜਾਬੀਆਂ, ਪੰਜਾਬ ਦਾ ਜੋ ਹਾਲ ਹੋਇਆ ਜਿਸ ਬਾਰੇ ਅੱਜ ਉਹ ਹਾਊਸ ਵਿਚ ਬੈਠਕੇ ਟਾਰਾਂ ਮਾਰਕੇ ਕਹਿੰਦੇ ਹਨ, ਇਨ੍ਹਾਂ ਦੀ ਉਦੋਂ ਜ਼ਬਾਨ ਨਹੀਂ ਖੁਲ੍ਹੀ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਕੁਰਸੀ ਦਾ ਲਾਲਚ ਹੈ, ਕੁਰਸੀ ਨਾਲ ਪਿਆਰ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਦੇ ਰਿਸ਼ਤੇਦਾਰ, ਇਨ੍ਹਾਂ ਦੇ ਰਿਸ਼ਤੇਦਾਰ ਅੱਤਿਵਾਦ ਨਾਲ ਰਲੇ ਹੋਏ ਹਨ। (ਵਿਘਨ) ਮੈਂ ਕਹਿਣਾ ਚਾਹੁੰਦਾ ਹਾਂ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪਣੀ ਸ਼ਹਾਦਤ ਦੇ ਕੇ ਜੋ ਪੰਜਾਬ ਐਗਰੀਮੈਂਟ ਕੀਤਾ ਸੀ ਉਸੇ ਐਗਰੀਮੈਂਟ ਸਦਕਾ ਅਸੀਂ ਲੋਕਾਂ ਕੋਲੋਂ ਵੋਟਾਂ ਲੈ ਕੇ ਇਥੇ ਸਦਨ ਵਿਚ ਬੈਠੇ ਹਾਂ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਕੀ ਇਥੇ ਸਦਨ ਵਿਚ ਜਿਥੇ ਮਹਾਤਮਾ ਗਾਂਧੀ ਦੀ ਫੋਟੋ ਲਗਾਈ ਹੋਈ ਹੈ ਉਥੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਵੀ ਫੋਟੋ ਇਸ ਸਦਨ ਵਿਚ ਲਗਾਉਣੀ ਚਾਹੀਦੀ ਹੈ। (ਥੰਪਿੰਗ) ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਅਕਾਲੀ ਦਲ ਦੇ ਤੱਕੜੀ ਚੋਣ ਨਿਸ਼ਾਨ ਦੇ ਉਤੇ ਇਨ੍ਹਾਂ ਮੇਰੇ ਵੀਰਾਂ ਨੇ ਟਿਕਟਾਂ ਲਈਆਂ, ਲੋਕਾਂ ਕੋਲੋਂ ਵੋਟਾਂ ਲਈਆਂ, ਸੰਤ ਜੀ ਦੀ ਸ਼ਹਾਦਤ ਸਦਕਾ ਲੋਕਾਂ ਕੋਲੋਂ ਵੋਟਾਂ ਲਈਆਂ, ਪਰ ਅਫਸੋਸ ਦੀ ਗੱਲ ਹੈ ਕਿ ਉਹ ਅੱਜ ਕਾਤਲਾਂ ਨੂੰ ਚੁੱਕਦੇ ਹਨ, ਉਨ੍ਹਾਂ ਨੂੰ ਸ਼ਹਿ ਦਿੰਦੇ ਹਨ, ਮੌਤ ਤੇ ਲੱਡੂ ਵੰਡੇ ਜਾਂਦੇ ਹਨ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਨੂੰ ਪੰਜਾਬ ਦੀ ਏਕਤਾ ਨਾਲ ਪਿਆਰ ਨਹੀਂ। ਇਨ੍ਹਾਂ ਨੂੰ ਕੁਰਸੀ ਨਲ ਪਿਆਰ ਹੈ। ਮੈਂ ਇਨ੍ਹਾਂ ਵੀਰਾਂ ਨੂੰ ਜਿਹੜੇ ਇਸ ਪਾਸੇ ਬੈਠੇ ਹਨ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਅੱਤਵਾਦ ਦੀ ਨਿੰਦਿਆ ਕਰਦੇ ਹਨ, ਜਾਂ ਨਹੀਂ ? ਇਹ ਪੰਜਾਬ ਦੇ ਅਮਨ ਨੂੰ ਤਬਾਹ ਕਰਨਾ ਚਾਹੁੰਦੇ ਹਨ। (ਵਿਘਨ) 14 ਸਾਲ ਜਿਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਰਿਹਾ ਹੋਵੇ, ਉਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੁਰੱਪਟ ਕੀਤਾ ਹੋਵੇ, ਹਰ ਇਕ ਮੁਲਾਜ਼ਮ ਨੂੰ ਪੈਸੇ ਦੇ ਕੇ ਖਰੀਦਿਆ ਹੋਵੇ, ਉਸ ਦੇ ਪਿਛੇ ਇਹ ਫਿਰਦੇ ਹਨ। (ਵਿਘਨ) ਇਹ ਜਿਹੜੀ ਪਿੰਡ ਲੌਂਗੋਵਾਲ ਵਿਖੇ ਕਾਨਫਰੰਸ ਹੋਈ ਸੀ ਜੋ ਕਿ 20 ਫਰਵਰੀ ਨੂੰ ਹੋਈ ਸੀ,

ਉਥੇ ਬਹੁਤ ਭਾਰੀ ਇਕੱਠ ਹੋਇਆ ਸੀ ਉਹ ਕੇਸਰੀ ਨਿਸ਼ਾਨ ਥੱਲੇ ਹੋਇਆ ਸੀ। ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਸਰਕਾਰ ਦਾ ਮਕਸਦ ਸੀ ਕਿ ਪੰਜਾਬ ਵਿਚ ਅਮਨ, ਏਕਤਾ ਅਤੇ ਭਾਈਚਾਰਾ ਕਾਇਮ ਹੋਵੇ ਅਤੇ ਇਹ ਜਿਹੜਾ ਅੱਤਵਾਦ ਚਲ ਰਿਹਾ ਹੈ-ਉਸ ਨੂੰ ਦਬਾਉਣਾ ਹੈ ਅਤੇ ਅੱਤਿਵਾਦ ਨੂੰ ਸ਼ਹਿ ਨਹੀਂ ਦੇਣੀ । ਮੈਂ ਇਨ੍ਹਾਂ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਕੱਠੇ ਹੋ ਕੇ ਪੰਜਾਬ ਦੇ ਮਾਹੌਲ ਨੂੰ ਠੀਕ ਕਰਨਾ ਚਾਹੀਦਾ ਹੈ ਅਤੇ ਅੱਤਵਾਦ ਦੇ ਵਿਰੁੱਧ ਇਕੱਠੇ ਹੋ ਕੇ ਲੜਨਾ ਚਾਹੀਦਾ ਹੈ। ਐਨਾ ਕਹਿੰਦਾ ਹੋਇਆ ਮੈਂ ਇਸ ਮਤੇ ਦੀ ਪ੍ਰੋੜਤਾ ਕਰਦਾ ਹੋਇਆ, ਸਪੀਕਰ ਸਾਹਿਬ, ਆਪ ਦਾ ਧੰਨਵਾਦ ਕਰਦਾ ਹਾਂ ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ) : ਮਾਨਯੋਗ ਸਪੀਕਰ ਸਾਹਿਬ, ਅੱਜ ਜੋ ਮਤਾ ਇਸ ਸਭਾ ਦੇ ਸਾਹਮਣੇ ਪੇਸ਼ ਹੈ ਉਹ ਇਕ ਬਹੁਤ ਹੀ ਅਹਿਮ ਮੱਤਾ ਹੈ ਜਿਸ ਵਿੱਚ ਦੇਸ਼ ਦੀ ਅਖੰਡਤਾ ਤੇ ਏਕਤਾ ਦੇ ਨਾਲ ਜੋ ਬੁਨਿਆਦੀ ਸਿਧਾਂਤ ਹੈ ਬਰਾਦਰੀ ਭਾਵ, ਕਮਿਊਨਲ ਹਾਰਮਨੀ, ਉਸ ਦੀ ਗੱਲ ਕੀਤੀ ਗਈ ਹੈ। ਕੋਈ ਵੀ ਧਰਮ ਇਸ ਸਿਧਾਂਤ ਦੇ ਖਿਲਾਫ਼ ਨਹੀਂ ਹੈ ਪਰ ਮੇਰਾ ਧਰਮ ਜੋ ਸਿਖੀ ਦਾ ਹੈ ਉਹ ਗੁਰੂ ਨਾਨਕ ਦੇਵ ਜੀ ਦੀ ਦਿੱਤੀ ਸੇਧ ਜੋ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ਼ ਦੀ ਦਿੱਤੀ ਸੇਧ ਹੈ, ਉਹ ਕਹਿੰਦੀ ਹੈ —

'ਸਭੇ ਸਾਂਝੀਵਾਲ ਸਦਾਇਨ ਕੋਈ ਨਾ ਦਿਸਹਿ ਬਾਹਰਾ ਜੀਉ ।'

ਇਹ ਸਿਧਾਂਤ ਹੈ ਮੇਰੇ ਧਰਮ ਦਾ । ਉਹ ਕਹਿੰਦਾ ਹੈ—

ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ।'

ਮੇਰਾ ਧਰਮ ਕਹਿੰਦਾ ਹੈ —

'ਏਕ ਪਿਤਾ ਏਕਸ ਕੇ ਹਮ ਬਾਰਕ'

ਮੇਰਾ ਧਰਮ ਇਹ ਬਾਤ ਕਰਦਾ ਹੈ । ਮੇਰਾ ਧਰਮ ਵੱਖਵਾਦ ਦੀ ਬਿਨਾਂ ਤੇ, ਵਿਚਾਰਾਂ ਦਾ ਫਰਕ ਰਖਣ ਤੇ ਕਤਲ ਕੀਤੇ ਜਾਣ ਦੀ ਹਮਾਇਤ ਨਹੀਂ ਕਰਦਾ, ਇਹ ਮੇਰੇ ਧਰਮ ਦੇ ਸਿਧਾਂਤ ਦੇ ਉਲਟ ਹੈ। ਮੈਂ ਕਹਾਂਗਾ ਕਿ ਅੱਤਵਾਦ ਦੀ ਜੋ ਤਹਿਰੀਕ ਹੈ ਉਹ ਸਿੱਖੀ ਦਾ ਕਤਲ ਹੈ, ਸਿੱਖੀ ਦੇ ਖਿਲਾਫ਼ ਹੈ। ਇਹ ਸਿੱਖੀ ਦੀ ਕੋਈ ਸੇਵਾ ਨਹੀਂ ਕਰ ਰਿਹਾ । ਇਹ ਚੰਦ ਸਜਣ ਜੋ ਗੁੱਮਰਾਹ ਹੋਏ ਕੁਝ ਨੌਜਵਾਨ ਹਨ, ਜਿਨ੍ਹਾਂ ਨਾਲ ਇਹ ਭਰਾ ਵੀ ਨਾਲ ਰਲ ਗਏ ਹਨ, ਉਹ ਚੰਦ ਲੋਕ ਧਰਮ ਦੀ ਆੜ ਵਿੱਚ ਇਹ ਸਾਰਾ ਕੁਝ ਕਰਦੇ ਹਨ ਭਾਵੇਂ ਇਸ ਦੇ ਵਿੱਚ ਕ੍ਰਿਮਿਨਲ ਅਨਸਰ ਜੋ ਕਰਾਈਮ ਕਰਨਾ ਚਾਹੁੰਦਾ ਹੈ, ਜੋ ਡਾਕੇ ਮਾਰਨਾ ਚਾਹੁੰਦਾ ਹੈ, ਜੋ ਜੁਰਾਇਮ ਕਰਨਾ ਚਾਹੁੰਦਾ ਹੈ ਇਨ੍ਹਾਂ ਵਿੱਚ ਉਹ ਅਨਸਰ ਵੀ ਖੁਦਗਰਜ਼ੀ ਨਾਲ, ਸਿਆਸੀ ਨੁਕਤਾਨਿਗਾਹ ਨਾਲ ਆ ਰਲਿਆ ਹੈ ਲੇਕਿਨ ਇਨ੍ਹਾਂ ਸਾਰਿਆਂ ਦਾ ਅੱਤਵਾਦ ਦਾ ਸਿਧਾਂਤ ਸਿਖੀ ਦਾ ਕਾਤਲ ਹੈ, ਸਿਖੀ ਦੇ ਖਿਲਾਫ਼ ਹੈ । ਸਪੀਕਰ ਸਾਹਿਬ, ਮੇਰੇ ਜ਼ਿਲੇ ਵਿੱਚ ਸਮਾਧ ਭਾਈ ਪਿੰਡ ਹੈ ਉਥੇ ਸਰਦਾਰ ਤੇਜ ਸਿੰਘ ਅਸੈਂਬਲੀ ਦੇ ਮੈਂਬਰ ਰਹੇ ਹਨ। ਉਥੋਂ ਦਾ ਇਕ ਨੌਜਵਾਨ ਡਾਕਟਰ ਬਰਜਿੰਦਰ ਸਿੰਘ ਕਤਲ ਹੋਇਆ ਹੈ। ਡਾਕਟਰ ਬਰਜਿੰਦਰ ਸਿੰਘ ਤੇ ਪਹਿਲਾਂ ਹਮਲਾ ਕੀਤਾ । ਪਟਿਆਲੇ ਵਿਚ ਡਾਕਟਰ ਬਲਜੀਤ ਸਿੰਘ ਤੇ ਜੋ ਆਈ.ਜੀ. ਮਾਂਗਟ ਸਾਹਿਬ ਦਾ ਲੜਕਾ ਸੀ ਉਸ ਦਾ ਕਤਲ ਕੀਤਾ । ਮਾਂਗਟ ਆਈ.ਜੀ. ਜੋ ਹਿੱਟ ਲਿਸਟ ਤੇ ਸੀ ਉਸ ਦੀ ਸਜ਼ਾ ਉਸ ਦੇ ਲੜਕੇ ਨੂੰ ਦਿੱਤੀ ਗਈ । ਜਦੋਂ ਕੋਈ ਗੱਲ ਕਰਦੇ ਹਨ ਉਦੋਂ ਹੀ ਕਹਿੰਦੇ

[ਸਰਦਾਰ ਕਰਨੈਲ ਸਿੰਘ ਡੋਡ]

ਹਨ ਕਿ ਅਸੀਂ ਉਨ੍ਹਾਂ ਦੇ ਪਰੀਵਾਰ ਨੂੰ ਨਹੀਂ ਛੱਡਾਂਗੇ । ਜਦੋਂ ਲੁਧਿਆਣੇ ਦੇ ਵਿੱਚ ਰੈਲੀ ਹੋਈ ਤਾਂ ਇਹ ਕਿਹਾ ਗਿਆ ਕਿ ਅਸੀਂ ਉਨ੍ਹਾਂ ਦੇ ਟਰੱਕਾਂ ਨੂੰ ਸਾੜਾਂਗੇ, ਅਸੀਂ ਉਨ੍ਹਾਂ ਨੂੰ ਮਾਰ ਦਿਆਂਗੇ, ਅਸੀਂ ਉਨ੍ਹਾਂ ਦੇ ਪਰੀਵਾਰਾਂ ਨੂੰ ਸਜ਼ਾ ਦੇਵਾਂਗੇ । ਇਹ ਕੋਈ ਧਰਮ ਦੀ ਗੱਲ ਨਹੀਂ ਹੈ। ਮਾਂਗਟ ਦੇ ਲੜਕੇ ਬਲਜੀਤ ਸਿੰਘ ਨੂੰ ਮਾਰਿਆ ਗਿਆ ਉਸ ਦੇ ਵਾਸਤੇ ਤਾਂ ਇਹ ਕਿਹਾ ਗਿਆ ਕਿ ਅਸੀਂ ਉਸ ਨੂੰ ਸਜ਼ਾ ਦਿੱਤੀ ਹੈ ਪਰ ਡਾਕਟਰ ਬਲਜਿੰਦਰ ਸਿੰਘ ਨੂੰ ਜੋ ਵਿਚਾਰਾ 23 ਸਾਲਾਂ ਨੌਜਵਾਨ ਲੜਕਾ ਸੀ ਅਤੇ ਡਾਕਟਰੀ ਪਾਸ ਕਰਕੇ ਹਾਲੀ ਨੌਕਰੀ ਤੇ ਲਗਿਆ ਹੀ ਸੀ। ਹੁਣੇ ਹੁਣੇ ਪੰਜਾਬ ਸਰਕਾਰ ਨੇ ਕੁਝ ਡਾਕਟਰ ਲਗਾਏ ਸੀ ਅਤੇ ਉਨ੍ਹਾਂ ਦੇ ਵਿੱਚ ਇਹ ਵੀ ਡਾਕਟਰ ਲਗ ਗਿਆ ਸੀ । 12 ਦਿਨ ਹਾਲੀਂ ਉਸ ਨੂੰ ਡਾਕਟਰ ਲੱਗੇ ਨੂੰ ਹੀ ਹੋਏ ਸਨ । ਜਦੋਂ ਉਹ ਹਾਜ਼ਰੀ ਦੇ ਕੇ ਪਿੰਡ ਵਿੱਚ ਆਇਆ ਸੀ ਤਾਂ ਅੱਤਵਾਦੀਆਂ ਨੇ ਉਸ ਨੂੰ ਕਤਲ ਕਰ ਦਿੱਤਾ । ਪਹਿਲਾਂ ਅੱਤਿਵਾਦੀ ਇਕ ਸੁਨਿਆਰ ਬਚਿੱਤਰ ਸਿੰਘ ਦੇ ਘਰ ਗਏ ਅਤੇ ਉਥੇ ਉਨ੍ਹਾਂ ਨੇ 18 ਤੋਲੇ ਸੋਨਾ ਲੁਟਿਆ ਅਤੇ ਫਿਰ ਉਥੋਂ ਉਹ ਡਾਕਟਰ ਬਲਜਿੰਦਰ ਸਿੰਘ ਦੇ ਘਰ ਗਏ ਅਤੇ ਉਥੇ ਉਨ੍ਹਾਂ ਨੂੰ ਕਹਿਣ ਲਗੇ ਕਿ ਆਪਣੀ ਬੰਦੂਕ ਦੇ ਦਿਓ। ਉਸ ਨੇ ਕਿਹਾ ਕਿ ਮੇਰੇ ਬਾਪ ਨੂੰ ਮਰੇ ਨੂੰ ਸਾਲ ਹੋ ਗਿਆ ਹੈ ਅਤੇ ਮੈਂ ਉਹ ਬੰਦੂਕ ਜਮ੍ਹਾਂ ਕਰਵਾ ਦਿੱਤੀ ਹੈ । ਫਿਰ ਉਸ ਨੂੰ ਕਹਿਣ ਲਗੇ ਕਿ ਰਿਵਾਲਵਰ ਦੇ ਦਿਓ । ਉਹ ਕਹਿਣ ਲਗਾ ਕਿ ਸਾਡੇ ਕੋਲ ਰਿਵਾਲਵਰ ਨਹੀਂ ਹੈ । ਫਿਰ ਉਸ ਨੂੰ ਕਹਿਣ ਲਗੇ ਕਿ ਖਰਚਾ ਦੇ ਦਿਓ ਅਤੇ ਫਿਰ ਜਦੋਂ ਬਲਜਿੰਦਰ ਸਿੰਘ ਉਨ੍ਹਾਂ ਨੂੰ ਖਰਚਾ ਦੇਣ ਦੇ ਵਾਸਤੇ ਆਪਣੇ ਕੋਟ ਜਾਂ ਬਲਾਊਜ਼ ਵਿਚੋਂ ਪੈਸੇ ਲੈਣ ਗਿਆ ਤਾਂ ਬਾਹਰੋ ਆਵਾਜ਼ ਆਈ ਕਿ ਅਸੀਂ ਖਰਚਾ ਨਹੀਂ ਲੈਣਾ ਚਾਹੁੰਦੇ ਜਾਂ ਅਸਲਾ ਜਾਂ ਧਨ । ਅਜੇ ਬਲਜਿੰਦਰ ਸਿੰਘ ਆਪਣੇ ਕੋਟ ਕੋਲ ਪਹੁੰਚਿਆ ਨਹੀਂ ਸੀ ਕਿ ਉਸ ਦਾ ਕਤਲ ਕਰ ਦਿੱਤਾ ਗਿਆ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਬਲਜਿੰਦਰ ਸਿੰਘ ਦੇ ਕੋਲ ਉਸ ਦੀ ਭਰਜਾਈ ਖੜੀ ਸੀ ਅਤੇ ਉਸ ਨੂੰ ਉਹ ਆਪਣੀਆਂ ਕਿਰਪਾਨਾਂ ਕਢ ਕਢ ਕੇ ਦਿਖਾ ਕੇ ਕਹਿੰਦੇ ਸੀ ਕਿ ਬੀਬੀ ਅਸੀਂ ਅੰਮ੍ਰਿਤਧਾਰੀ ਹਾਂ। ਲਾਹਨਤ ਹੈ ਅਜਿਹੇ ਅੰਮ੍ਰਿਤਧਾਰੀਆਂ ਨੂੰ । ਸੋ ਮੈਂ ਕਹਾਂਗਾ ਕਿ ਇਹ ਵੀ ਤਾਂ ਪੰਜਾਬ ਦੀ ਅਤੇ ਸਿਖਾਂ ਦੀ ਜ਼ਿੰਦਗੀ ਅਤੇ ਕੌਮ ਦੀ ਜ਼ਿੰਦਗੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ । ਮੈਂ ਤਾਈਦ ਕਰਦਾ ਹਾਂ ਅਖਰ ਅਖਰ ਦੀ ਜੋ ਸਰਦਾਰ ਬਲਦੇਵ ਸਿੰਘ ਖਿਆਲਾ ਨੇ ਕਿਹਾ ਹੈ। ਸਿਖਾਂ ਦੇ ਸਹਿਮਣੇ ਦੋ ਸਿਧਾਂਤ ਹਨ। ਇਕ ਤਾਂ ਇਹ ਕਿ ਆਇਆ ਸਿਖੀ ਰਖਣੀ ਹੈ ਜਾਂ ਸਿਖੀ ਤਬਾਹ ਕਰਨੀ ਹੈ। ਇਕ ਸਿਧਾਂਤ ਤਾਂ ਉਹ ਹੈ ਜੋ ਮੈਂ ਪਹਿਲਾਂ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਵਾਲਾ, ਜਿਸ ਸੇਧ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਚਲਦੇ ਸਨ। ਇਹ ਸਿਧਾਂਤ ਲਿਆਉਣ ਵਾਲਾ ਸ਼ਹੀਦ ਹੋ ਗਿਆ ਹੈ। ਦੂਜਾ ਉਹ ਹੈ ਜਿਹੜੇ ਬੰਦੂਕ ਲੈਣ ਵਾਸਤੇ, ਸਕੂਟਰ ਲੈਣ ਵਾਸਤੇ, ਬੈਂਕ ਲੁੱਟਣ ਵਾਸਤੇ, ਡਾਕਖਾਨੇ ਲੁੱਟਣ ਵਾਸਤੇ ਕਿਸੇ ਨੂੰ ਮਾਰ ਦਿਓ । ਕੀ ਇਹ ਸਿਖੀ ਦੇ ਭਲੇ ਦਾ ਸਿਧਾਂਤ ਹੈ।

30 ਅਪਰੈਲ ਦੀ ਗਲ ਦਾ ਕੋਈ ਜਵਾਬ ਨਹੀਂ ਦਿਤਾ ਗਿਆ । ਅਪਰੈਲ, 1979 ਨੂੰ ਗੁਰਦੁਆਰਾ ਸਰਾਏ ਨਾਗਾ ਜੋ ਦੂਜੀ ਪਾਤਸ਼ਾਹੀ ਦਾ ਗੁਰਦੁਆਰਾ ਹੈ ਉਥੇ ਸ਼ਾਮ ਦੇ 6 ਵਜੇ ਤੋਂ ਲੈ ਕੇ ਅਗਲੇ ਦਿਨ ਦੇ 11 ਵਜੇ ਤਕ ਗੋਲੀ ਚਲਦੀ ਰਹੀ ਸੀ । ਉਸ ਵਕਤ ਬਾਦਲ ਸਾਹਿਬ ਚੀਫ਼ ਮਨਿਸਟਰ ਸਨ ਅਤੇ ਸਿਮਰਨਜੀਤ ਸਿੰਘ ਮਾਨ ਉਥੋਂ ਦਾ ਐਸ.ਐਸ.ਪੀ. ਸੀ, ਫਰੀਦਕੋਟ ਜ਼ਿਲੇ ਦਾ ਉਸ ਸਮੇਂ । ਇਨ੍ਹਾਂ ਨੇ ਗੁਰਦੁਆਰਾ ਤੇ ਗੋਲੀਆਂ ਚਲਾਈਆਂ ਔਰ ਨਿਹੰਗਾਂ ਨੇ ਸੁਰੰਡਰ ਕਰ ਦਿਤਾ । ਇਕੱਲੇ ਇਕੱਲੇ ਨਿਹੰਗ ਨੂੰ ਖੜਾ ਕਰਕੇ ਗੋਲੀ ਨਾਲ ਭੁੰਨ ਦਿਤਾ । ਇਹ ਗੋਲੀਆਂ ਜਾਂ ਸਿਮਰਨਜੀਤ ਸਿੰਘ ਨੇ ਖੁਦ ਚਲਾਈਆਂ ਸਨ ਜਾਂ ਉਨ੍ਹਾਂ ਦੇ ਹੁਕਮ ਨਾਲ ਚਲਾਈਆਂ ਗਈਆਂ ਸਨ । ਅਪਰੈਲ ਦੀ ਗਲ

ਸੀ ਅਤੇ ਹੁਣ ਜਦੋਂ ਅਕਾਲ ਤਖ਼ਤ ਦੀ ਗੱਲ ਆਈ ਤਾਂ ਇਹ ਸਮਝੇ ਕਿ ਧੜਮ ਧੜਮ ਕਰਕੇ ਮੈਂਬਰ ਸਾਹਿਬ ਗਿਰਨਗੇ ਅਤੇ ਮੁੱਖ ਮੰਤਰੀ ਜਾਂ ਤੇ ਸਰਦਾਰ ਅਮ੍ਰਿੰਦਰ ਸਿੰਘ ਬਣਨਗੇ ਜਾਂ ਫਿਰ ਬਾਦਲ ਸਾਹਿਬ ਬਣਨਗੇ, ਇਸ ਭੁਲੇਖੇ ਵਿਚ ਇਹ ਦੂਜੇ ਪਾਸੇ ਆ ਗਏ। ਸਪੀਕਰ ਸਾਹਿਬ, ਗੱਲ ਆਈ ਸੀ ਅਕਾਲ ਤਖ਼ਤ ਸਾਹਿਬ ਦੀ ਇਸ ਦਾ ਝਗੜਾ ਤਾਂ ਅਪਰੈਲ, 1985 ਤੋਂ ਸ਼ੁਰੂ ਹੋਇਆ ਸੀ। ਬਾਬਾ ਜੋਗਿੰਦਰ ਸਿੰਘ ਨੇ ਪੰਥਕ ਏਕਤਾ ਜਿਹੜੀ ਸੀ ਉਸ ਨੂੰ ਖ਼ਤਮ ਕਰ ਦਿਤਾ ਅਤੇ ਫਿਰ ਪੰਥਕ ਏਕਤਾ ਲਿਆਉਣ ਦੇ ਨਾਂ ਤੇ ਇਕ ਨਵੀਂ ਪਾਰਟੀ ਬਣਾ ਲਈ। ਪੰਥਕ ਏਕਤਾ ਲਿਆਉਣ ਵਾਲਾ ਸੱਚਾ ਸਪੂਤ ਲੌਂਗੋਵਾਲ ਜੀ ਸ਼ਹੀਦ ਹੋ ਗਏ। ਉਸ ਦੇ ਨਾਲ ਸਾਨੂੰ ਪੂਰੀ ਹਮਦਰਦੀ ਹੈ। ਉਹ ਜੱਥੇ-ਬੰਦੀ ਦਾ ਇਕ ਵਾਹਦ ਲੀਡਰ ਸੀ ਔਰ ਜਿਸ ਨੇ ਏਕਤਾ ਲਿਆਂਦੀ ਹੋਈ ਸੀ। ਉਹ ਏਕਤਾ ਕਿਸ ਨੇ ਭੰਗ ਕੀਤੀ, ਉਹ ਏਕਤਾ ਸਭ ਤੋਂ ਪਹਿਲਾਂ ਬਾਬਾ ਜੋਗਿੰਦਰ ਸਿੰਘ ਨੇ ਭੰਗ ਕੀਤੀ ਔਰ ਇਹ ਉਸ ਵੇਲੇ ਕੀਤੀ ਜਦੋਂ ਉਸ ਨੇ ਨੌ ਮੈਂਬਰੀ ਕਮੇਟੀ ਬਣਾਈ। ਇਸ ਦੇ ਮੈਂਬਰ ਸਨ, ਬਾਬਾ ਜੋਗਿੰਦਰ ਸਿੰਘ, ਸਰਦਾਰ ਜਗਦੇਵ ਸਿੰਘ ਤਲਵੰਡੀ, ਜਗੀਰ ਸਿੰਘ ਰੋਡੇ, ਸਰਦਾਰ ਗੁਰਚਰਨ ਸਿੰਘ ਟੌਹਰਾ, ਸਰਦਾਰ ਪ੍ਰਕਾਸ਼ ਸਿੰਘ ਬਾਦਲ ਆਦਿ ਇਹ ਨੌ ਮੈਂਬਰੀ ਕਮੇਟੀ ਬਣ ਗਈ ਸੀ। ਉਸ ਕਮੇਟੀ ਨੂੰ ਨਵਾਂ ਰੂਪ ਦੇ ਕੇ ਇਹ ਹੁਣ 13 ਮੈਂਬਰੀ ਕਮੇਟੀ ਬਣਾ ਦਿਤੀ ਅਤੇ ਉਸ ਨੂੰ ਅਕਾਲ ਤਖ਼ਤ ਦਾ ਹੁਕਮ ਦੇ ਦਿਤਾ। ਇਹ ਪੁਰਾਣੀ ਸ਼ਰਾਬ ਨਵੀਂ ਬੋਤਲ ਵਿਚ ਵਾਲੀ ਗੱਲ ਹੈ। ਔਰ ਇਸ ਦੇ ਨਾਲ ਨਵੀਂ ਏਕਤਾ ਦੀ ਗੱਲ ਕਰ ਦਿਤੀ। ਮੈਂ ਕਹਿੰਦਾ ਹਾਂ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਏਕਤਾ ਨੂੰ ਭੰਗ ਕਿਸ ਨੇ ਕੀਤਾ, ਕਿਸ ਨੇ ਚੈਲੰਜ ਕੀਤਾ ਉਸ ਏਕਤਾ ਨੂੰ। ਸੰਤ ਜੀ ਨੇ ਸਮਝੌਤਾ ਕੀਤਾ ਅਤੇ ਬਾਬਾ ਜੋਗਿੰਦਰ ਸਿੰਘ ਨੇ ਕਹਿ ਦਿਤਾ ਕਿ ਸਾਨੂੰ ਇਹ ਮਨਜ਼ੂਰ ਨਹੀਂ। ਇਸ ਤਰ੍ਹਾਂ ਇਲੈਕਸ਼ਨਜ਼ ਹੋਏ ਔਰ ਬਾਬਾ ਜੋਗਿੰਦਰ ਸਿੰਘ ਨੇ ਇਲੈਕਸ਼ਨਾਂ ਦਾ ਬਾਈਕਾਟ ਕਰ ਦਿਤਾ। ਇਹ ਸੱਜਣ ਉਸ ਵੇਲੇ ਸਾਡੇ ਨਾਲ ਸਨ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸ਼ਹੀਦੀ ਦਿਤੀ ਔਰ ਉਨ੍ਹਾਂ ਦੀ ਜਿੱਤ ਹੋਈ। ਬਾਬਾ ਜੋਗਿੰਦਰ ਸਿੰਘ ਦੀ ਹਾਰ ਹੋਈ . . .

(ਇਸ ਸਮੇਂ ਕੁਝ ਨਾਅਰੇ ਲਗਾਏ ਜਾ ਰਹੇ ਸਨ ਅਤੇ ਸਪੀਕਰ ਸਾਹਿਬ ਨੇ ਹੁਕਮ ਦਿਤਾ ਕਿ ਇਹ ਨਾਅਰੇ ਰਿਕਾਰਡ ਤੇ ਨਾ ਲਿਆਂਦੇ ਜਾਣ)

ਮੈਂ ਅਰਜ਼ ਕਰਾਂ ਕਿ ਫਰੀਦਕੋਟ ਤੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਕੈਂਡੀਡੇਟ ਕਰਨੈਲ ਸਿੰਘ ਡੋਡ ਹੀ ਸੀ।

ਬਾਬਾ ਜੋਗਿੰਦਰ ਸਿੰਘ ਵੀ ਹਾਰਿਆ ਹੋਇਆ ਦਲ ਸੀ। ਉਸ ਦੀ ਬਾਤ ਸੰਗਤਾਂ ਨੇ ਨਹੀਂ ਸੁਣੀ। ਉਨ੍ਹਾਂ ਨੂੰ ਆਸ ਸੀ ਕਿ ਉਨ੍ਹਾਂ ਵਲੋਂ ਕੋਈ ਅਪੀਲ ਤੇ, ਆਨੰਦਪੁਰ ਸਾਹਿਬ ਦੇ ਨਾਮ ਤੇ, ਸਾਰੇ ਮੈਂਬਰ ਟੁੱਟ ਕੇ ਆ ਜਾਣਗੇ, ਪਰ ਉਹ ਨਾ ਹੋਇਆ। ਪਿਛਲੇ ਦਸ ਮਹੀਨਿਆਂ ਤੋਂ ਬਾਦਲ ਧੜੇ ਦਾ ਕਿਤੇ ਹੱਥ ਨਹੀਂ ਪਿਆ ਅਤੇ ਹੁਣ ਇਹ ਦੋ ਨਾ-ਮੁਰਾਦ ਟਲੇ ਇਕੱਠੇ ਹੋ ਗਏ। ਬਾਦਲ ਦਾ ਟੋਲਾ ਤੇ ਦੂਸਰਾ ਬਾਬਾ ਜੁਗਿੰਦਰ ਸਿੰਘ ਦਾ ਟੋਲਾ। ਨਾ-ਮੁਰਾਦ ਫੇਰ ਇਹ ਲੋਕ ਜੋ ਛੇਕੇ ਹੋਏ, ਕੱਢੇ ਹੋਏ ਸਨ ਇਕੱਠੇ ਹੋ ਗਏ ਔਰ ਇਨ੍ਹਾਂ ਨੇ ਅਕਾਲ ਤਖ਼ਤ ਨੂੰ ਇਨਵਾਲਵ ਕਰ ਲਿਆ। ਕੀ ਸਿੰਘ ਸਾਹਿਬਾਨ ਕਿਰਪਾਲ ਸਿੰਘ ਅਕਾਲ ਤਖ਼ਤ ਦਾ ਜੱਥੇਦਾਰ ਨਹੀਂ ਸੀ? ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਨੂੰ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਦਿਹਾੜੇ ਤੇ ਚਾਰ ਵਜੇ ਆਪਣਾ ਮਸਤਕ ਜਦੋਂ ਝੁਕਾਇਆ ਪਰਕਰਮਾ ਤੇ ਉਨ੍ਹਾਂ ਨੂੰ ਗੋਲੀ ਚਲਾ ਕੇ ਜ਼ਖਮੀ ਕਰ ਦਿੱਤਾ ਗਿਆ। ਕੀ ਸੰਤ ਲੱਖਾ ਸਿੰਘ, ਮਾਹਲੋਂ ਹਰਚਰਨ ਸਿੰਘ, ਸਿੰਘ ਸਾਹਿਬਾਨ ਨਹੀਂ ਸਨ? ਗਿਆਨੀ ਪ੍ਰੀਤਮ ਸਿੰਘ, ਸਿੰਘ ਸਾਹਿਬ

[ਸਰਦਾਰ ਕਰਨੈਲ ਸਿੰਘ ਡੋਡ]

ਨਹੀਂ ਸੀ । ਇਨ੍ਹਾਂ ਹਾਰੇ ਹੋਏ ਲੋਕਾਂ ਨੇ ਉਨ੍ਹਾਂ ਨੂੰ ਥੱਲੇ ਲਾਹਿਆ ਔਰ ਉਸ ਵਾਸਤੇ ਐਕਸਟਰੀਮਿਸਟਾਂ ਦਾ, ਅੱਤਵਾਦ ਦਾ ਸਹਾਰਾ ਲਿਆ । ਇਨ੍ਹਾਂ ਦਾ ਇਕ ਨੁਕਤਾ ਪ੍ਰੋਗਰਾਮ ਹੈ, 'ਬਰਨਾਲਾ ਲਾਹੋ'। ਬਾਦਲ ਸਾਹਿਬ ਦਾ ਰਵੀਇੰਦਰ ਸਿੰਘ ਦਾ ਕਈ ਸਾਲਾਂ ਤੋਂ ਪ੍ਰੋਗਰਾਮ ਸੀ ਕਿ ਟੌਹੜਾ ਲਾਹੋ, ਅੱਜ ਟੌਹੜੇ ਦੇ ਭਗਤ ਬਣ ਗਏ । ਪਿਛਲੇ 10 ਮਹੀਨਿਆਂ ਤੋਂ ਇਨ੍ਹਾਂ ਦਾ ਪ੍ਰੋਗਰਾਮ ਇਕ ਨੁਕਾਤੀ ਦਿੱਸਦਾ ਹੈ ਸਾਹਮਣੇ ਕਿ ਬਰਨਾਲਾ ਲਾਹੁਣਾ ਹੈ। ਲਾਹ ਸਕੇ ਨਹੀਂ ਔਰ ਨਾ ਲਾਹ ਸਕਣ ਕਰਕੇ ਇਹ ਆਪਣੀ ਅਕਲ ਗਵਾ ਬੈਠੇ ਹਨ। ਆਲ-ਬਤਾਲ ਬੋਲਦੇ ਹਨ । ਕਲ੍ਹ ਤਾਂ ਇਹ ਨਹੀਂ ਆਏ । ਕਿਉਂ ਜੋ ਅੱਤਵਾਦੀਆਂ ਹਥੋਂ ਕਤਲ ਹੋਇਆਂ ਦਾ ਸ਼ੋਕ ਕਰਨਾ ਪੈਣਾ ਸੀ । ਪਰ ਨਹੀਂ, ਇਨ੍ਹਾਂ ਦੀ ਦੋਸਤੀ ਟੁੱਟਦੀ ਸੀ। ਅਤਿਵਾਦੀਆਂ ਨਾਲ ਦੋਸਤੀ ਹੈ । ਫਿਰ ਇਹ ਕਿਸੇ ਪਾਸੇ ਦੇ ਨਹੀਂ ਰਹਿਣੇ ਸੀ। 'ਧੋਬੀ ਦਾ ਕੁੱਤਾ, ਨਾ ਘਰ ਦਾ ਨਾ ਘਾਟ ਦਾ'। ਇਨ੍ਹਾਂ ਦੀ ਦੋਸਤੀ ਟੁੱਟਦੀ ਸੀ। ਸਪੀਕਰ ਸਾਹਿਬ,।... (ਹਾਸਾ) (ਥੰਪਿੰਗ)

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ੍ਰੀ ਸਪੀਕਰ : ਜਿਹੜੇ ਸ਼ਬਦ ਕਹੇ ਜਾ ਰਹੇ ਹਨ ਬਾਦਲ ਸਾਹਿਬ ਵਲੋਂ ਇਹ ਐਕਸਪੰਜ ਕੀਤੇ ਜਾਣ । (ਵਿਘਨ) (ਸ਼ੋਰ) ਜੋ ਬਾਦਲ ਸਾਹਿਬ ਤੁਸੀਂ ਸ਼ਬਦ ਇਸਤੇਮਾਲ ਕਰ ਰਹੇ ਹੋ ਗਲਤ ਕਰ ਰਹੇ ਹੋ । ਡੋਡ ਸਾਹਿਬ ਤੁਸੀਂ ਬੋਲੋ । (ਵਿਘਨ) (ਸ਼ੋਰ)

(ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਸੀ ਤੇ ਕੁਝ ਸੁਣਾਈ ਨਹੀਂ ਸੀ ਦਿੰਦਾ)

ਜੋ ਸ਼ਬਦ ਬਾਦਲ ਸਾਹਿਬ ਨੇ ਇਸਤੇਮਾਲ ਕੀਤੇ ਹਨ ਉਹ ਸਾਰੇ ਐਕਸਪੰਜ ਕੀਤੇ ਜਾਣ।

ਸਰਦਾਰ ਕਰਨੈਲ ਸਿੰਘ ਡੋਡ : ਹਾਂ ਜੀ, ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਸੀ....

(ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ)

ਸ੍ਰੀ ਸਪੀਕਰ : ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਕੀ ਇਹ ਸ਼ਬਦ ਵਾਜਬ ਨਹੀਂ ਹਨ ਜੋ ਦੋ ਤਿੰਨ ਮੈਂਬਰਾਂ ਨੇ ਇਸਤੇਮਾਲ ਕੀਤੇ ਹਨ ?

ਮੁੱਖ ਮੰਤਰੀ : ਭਾਵੇਂ ਕਿਸੇ ਕਾਂਟੈਕਸਟ ਵਿਚ ਯੂਜ਼ ਕੀਤਾ ਗਿਆ ਹੋਵੇ ਲੇਕਿਨ ਉਹ ਲਫ਼ਜ਼ ਕਟਾ ਦੇਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਹਾਂ ਜੀ, ਉਹ ਕਢਾ ਦਿੱਤਾ ਹੈ ।

ਪ੍ਰੋਫੈਸਰ ਦਰਬਾਰੀ ਲਾਲ : ਇਹ ਕਿਸੇ ਨੂੰ ਗਾਲ੍ਹ ਨਹੀਂ ਕੱਢੀ ਗਈ। ਇਹ ਤਾਂ ਡੋਡ ਸਾਹਿਬ ਵਲੋਂ ਈਡੀਅਮ ਦੇ ਤੌਰ ਤੇ ਵਰਤਿਆ ਗਿਆ ਹੈ ।

(ਇਸ ਸਮੇਂ ਸਦਨ ਵਿਚ ਬਹੁਤ ਸ਼ੋਰ ਪੈ ਰਿਹਾ ਸੀ ।)

ਸ੍ਰੀ ਸਪੀਕਰ : ਬਾਦਲ ਸਾਹਿਬ ਦਾ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਪਲੀਜ਼ ਟੇਕ ਯੂਅਰ ਸੀਟ । ਪਲੀਜ਼ ਬੈਠੋ । ਡੋਡ ਸਾਹਿਬ, ਬੋਲੋ । ਆਫਟਰ ਆਲ ਰਿਸਪਾਂਸੀਬਲ ਸੱਜਣ ਹੈ।

**Expunged as ordered by the Chair.

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ।)

ਸ਼੍ਰੀ **ਸਪੀਕਰ** : ਡੋਡ ਸਾਹਿਬ ਤੁਸੀਂ ਆਪਣਾ ਬੋਲਣਾ ਸ਼ੁਰੂ ਕਰੋ। (ਵਿਘਨ) ਡੋਡ ਸਾਹਿਬ ਤੁਸੀਂ ਬੋਲਦੇ ਕਿਉਂ ਨਹੀਂ ? (ਵਿਘਨ)

(ਇਸ ਵੇਲੇ ਮੈਂਬਰਜ਼ ਖੜ੍ਹੇ ਹੋ ਕੇ ਬੋਲ ਰਹੇ ਸਨ)

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਪੰਜ ਸਿੰਘ ਸਾਹਿਬਾਨ ਨੂੰ ਬਦਲ ਦਿੱਤਾ। ਦੋ ਸਿੰਘ ਸਾਹਿਬਾਨ ਤੋਂ ਤਾਂ ਅਸਤੀਫੇ ਲੈ ਲਏ ਅਤੇ 3 ਨੂੰ ਡਿਸਮਿਸ ਕਰ ਦਿੱਤਾ ਗਿਆ। . . .

(ਇਸ ਵੇਲੇ ਹਾਊਸ ਵਿਚ ਬਹੁਤ ਸਾਰੇ ਮੈਂਬਰਜ਼ ਬੋਲਣ ਲਈ ਬਾਰ ਬਾਰ ਕਹਿ ਰਹੇ ਸਨ ਅਤੇ ਕਈ ਅਕਾਲੀ ਦਲ ਦੇ ਮਾਨਯੋਗ ਮੈਂਬਰਜ਼ ਨਾਅਰੇ ਵੀ ਲਾ ਲਏ ਰਹੇ ਸਨ **।)

ਸ਼੍ਰੀ ਸਪੀਕਰ : ਇਹ ਜੋ ਕੁਝ ਕਿਹਾ ਜਾ ਰਿਹਾ ਹੈ ਰਿਕਾਰਡ ਨਹੀਂ ਕਰਨਾ। (ਵਿਘਨ)
(ਇਸ ਵੇਲੇ ਸਪੀਕਰ ਸਾਹਿਬ ਖੜੇ ਹੋਕੇ ਬੋਲਣ ਲਗੇ)
ਸਾਰੇ ਮਾਨਯੋਗ ਮੈਂਬਰਜ਼ ਸਾਹਿਬਾਨ ਬੈਠ ਜਾਣ। ਇਥੇ ਸਾਰੇ ਮੈਂਬਰਜ਼ ਨੂੰ ਬੜੇ ਅਦਬ ਨਾਲ ਔਰ ਪਿਆਰ ਨਾਲ ਗਲ ਕਰਨੀ ਚਾਹੀਦੀ ਹੈ। ਇਹ ਠੀਕ ਹੈ ਕਿ ਕਿਸੇ ਵੀ ਗੱਲ ਤੇ ਸਾਡੇ ਆਪਸ ਵਿਚ ਕੋਈ ਇਖਤਲਾਫ ਵੀ ਹੋ ਸਕਦੇ ਹਨ ਇਹ ਸਿਆਸੀ ਹੋਣ ਜਾਂ ਕੋਈ ਹੋਰ ਹੋਣ ਪਰ ਉਸ ਤੇ ਇਹੋ ਜਿਹੇ ਸ਼ਬਦਾਂ ਦਾ ਇਸਤੇਮਾਲ ਕਰਨਾ ਜਿਸ ਨੂੰ ਸਕੂਲ ਦੇ ਨਿਆਣੇ ਵੀ ਨਹੀਂ ਬੋਲਦੇ, ਇਹੋ ਜਿਹੀਆਂ ਗੱਲਾਂ ਨੂੰ ਟੌਲਰੇਟ ਨਹੀਂ ਕੀਤਾ ਜਾ ਸਕਦਾ। ਜੇ ਕੋਈ ਕਿਸੇ ਨੇ ਕੋਈ ਗੱਲ ਕਹਿਣੀ ਹੈ ਤਾਂ ਉਹ ਪੁਆਇੰਟ ਆਫ ਆਰਡਰ ਤੇ ਕਹੀ ਜਾ ਸਕਦੀ ਹੈ, ਪਰਸਨਲ ਐਕਸਪਲੇਨੇਸ਼ਨ ਤੇ ਕਹੀ ਜਾ ਸਕਦੀ ਹੈ। ਪਰ ਇਥੇ ਜੋ ਲਫਜ਼ ਕਹੇ ਗਏ ਹਨ ਇਹ ਠੀਕ ਨਹੀਂ ਹਨ। ਇਹ ਸਾਰੇ ਐਕਸਪੰਜ ਕੀਤੇ ਜਾਂਦੇ ਹਨ।

(ਇਸ ਵੇਲੇ ਬਹੁਤ ਸਾਰੇ ਅਕਾਲੀ ਪਾਰਟੀ ਦੇ ਮੈਂਬਰਜ਼ ਸ਼ੋਰ ਪਾ ਰਹੇ ਸਨ)
ਤੁਸੀਂ ਕਿਸੇ ਨੂੰ ਬੋਲਣ ਦਿਓਗੇ ਤਾਂ ਹੀ ਕਿਸੇ ਦਾ ਪੁਆਇੰਟ ਆਫ ਆਰਡਰ ਵੀ ਹੋਵੇਗਾ। ਸਰਦਾਰ ਕਰਨੈਲ ਸਿੰਘ ਡੋਡ। (ਵਿਘਨ)

ਸਰਦਾਰ ਕਰਨੈਲ ਸਿੰਘ ਡੋਡ : ਮੈਂ ਇਹ ਗੱਲ ਕਰ ਰਿਹਾ ਸੀ ਕਿ SGPC ਦੀ ਨਵੀਂ Executive ਕਮੇਟੀ ਬਣ ਗਈ। ਉਸ ਨੇ ਕਈ ਫੈਸਲੇ ਕੀਤੇ . . . . (ਵਿਘਨ)

ਸ਼੍ਰੀ ਸਪੀਕਰ : ਉਹ ਲਫਜ਼ ਐਕਸਪੰਜ ਕਰ ਦਿੱਤੇ ਹਨ। ਤੁਸੀਂ ਬੈਠੋ।
(ਇਸ ਵੇਲੇ ** ** **ਨਾਰੇ ਲਾਏ ਜਾ ਰਹੇ ਸਨ)

ਸ਼੍ਰੀ ਸਪੀਕਰ : ਟੇਕ ਯੂਅਰ ਸੀਟ। ਇਹ ਜੋ ਨਾਅਰੇ ਲਗ ਰਹੇ ਹਨ ਇਹ ਐਕਸਪੰਜ ਕੀਤੇ ਜਾਂਦੇ ਹਨ। ਸੀ.ਐਮ. ਸਾਹਿਬ ਬੋਲਣ ਲਈ ਖੜੇ ਹਨ।

SUSPENSION OF A MEMBER

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਕ ਆਨਰੇਬਲ ਮੈਂਬਰ ਨੇ, ਆਨਰੇਬਲ ਤਾਂ ਉਸ ਨੂੰ ਨਹੀਂ ਕਿਹਾ ਜਾ ਸਕਦਾ, ਕਿਉਂਕਿ

**Not recorded/Expunged as ordered by the Chair.

[ਮੁੱਖ ਮੰਤਰੀ]

ਉਸ ਨੇ ਤੁਹਾਡੇ ਖਿਲਾਫ ਅਨਪਾਰਲੀਆਮੈਂਟਰੀ ਲਫਜ਼ ਹੀ ਇਸਤੇਮਾਲ ਨਹੀਂ ਕੀਤੇ ਬਲਕਿ ਗਾਲ੍ਹ ਕੱਢਣ ਵਾਲੀ ਗੱਲ ਕੀਤੀ ਹੈ, ਮੈਂ ਨਾਂ ਲੈਕੇ ਕਹਿੰਦਾ ਹਾਂ। ਉਹ ਸਰਦਾਰ ਗੁਰਦੇਵ ਸਿੰਘ ਬਾਦਲ, ਉਨ੍ਹਾਂ ਨੇ ਗਲਤ ਲਫਜ਼ ਇਸਤੇਮਾਲ ਕੀਤੇ ਹਨ, ਇਸ ਲਈ ਉਨ੍ਹਾਂ ਨੂੰ ਇਸ ਹਾਊਸ ਦੀ ਸਿਟਿੰਗ ਤੋਂ ਸਸਪੈਂਡ ਕਰਨਾ ਚਾਹੀਦਾ ਹੈ ।

(ਵਿਘਨ) (ਸ਼ੋਰ) (ਕਈ ਮੈਂਬਰਜ਼ ਬੋਲਣ ਲਈ ਖੜੇ ਸਨ।)

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਇਹ ਜਿਹੜਾ ਮਤਾ ਲਿਆਂਦਾ ਗਿਆ ਸੀ ਇਹ ਬਹੁਤ ਅੱਛੇ ਮਾਹੌਲ ਵਿਚ ਲਿਆਂਦਾ ਗਿਆ ਸੀ ਔਰ ਬੜੇ ਅੱਛੇ ਢੰਗ ਨਾਲ ਸਪੀਚਾਂ ਹੋ ਰਹੀਆਂ ਸਨ । ਪਰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਜਿਹੜੇ ਸਾਹਮਣੇ ਬੈਠੇ ਮੈਂਬਰਜ਼ ਹਨ। ਇਨ੍ਹਾਂ ਨੂੰ ਇਨਾਂ ਗੱਲਾਂ ਦਾ ਪਤਾ ਹੈ ਅਤੇ ਜੇਕਰ ਇਹ ਅੱਤਵਾਦ ਦੇ ਖਿਲਾਫ ਗੱਲਾਂ ਨਹੀਂ ਸੁਨਣਾ ਚਾਹੁੰਦੇ ਤਾਂ ਵੀ ਇਨ੍ਹਾਂ ਨੂੰ ਇਸ ਹਾਊਸ ਦਾ ਮਹੌਲ ਖਰਾਬ ਨਹੀਂ ਕਰਨਾ ਚਾਹੀਦਾ। ਮੈਂ ਤੁਹਾਨੂੰ ਇਹ ਰਿਕੁਐਸਟ ਕਰਦੀ ਹਾਂ ਕਿ ਜੋ ਗਲਤ ਸਬਦ ਇਥੇ ਕਹੇ ਗਏ ਹਨ ਉਨ੍ਹਾਂ ਨੂੰ ਤੁਸੀਂ ਐਕਸਪੰਜ ਕਰਵਾ ਦਿਉ । ਜੋ ਮੈਂਬਰ ਵੀ ਹਾਊਸ ਦੇ ਵਿਚ ਪੂਰੀ ਤਰ੍ਹਾਂ ਬਾਰ ਬਾਰ ਕਿਸੇ ਗੱਲ ਨੂੰ ਨਹੀਂ ਮੰਨਦਾ ਹੈ ਤੁਸੀਂ ਉਸ ਦੇ ਖਿਲਾਫ ਪੂਰੀ ਤਰ੍ਹਾਂ ਐਕਸ਼ਨ ਲਵੋ । ਹਾਊਸ ਨੂੰ ਕੋਡ ਆਫ ਕੰਡਕਟ ਦੇ ਮੁਤਾਬਿਕ ਚਲਾਉਣਾ ਚਾਹੀਦਾ ਹੈ । ਇਸ ਤਰ੍ਹਾਂ ਰੌਲਾ ਨਹੀਂ ਪਾਉਣਾ ਚਾਹੀਦਾ।

Chief Minister (Sardar Surjit Singh Barnala) : Sir, I beg to move—

That Sardar Gurdev Singh Badal, M.L.A., who has used unparliamentary and derogatory remarks against the Chair, be suspended from the service of the House for the remainder of the today's Sitting.

Mr. Speaker : Motion moved—

That Sardar Gurdev Singh Badal, M.L.A., who has used unparliamentary and derogatory remarks against the Chair, be suspended from the service of the House for the remainder of the today's Sitting.

Mr. Speaker : Question is—

That Sardar Gurdev Singh Badal, M.L.A., who has used unparliamentary and derogatory remarks against the Chair, be suspended from the service of the House for the remainder of the today's Sitting.

The motion was carried

Mr. Speaker : Mr. Badal should go out of the House for today's Sitting.

WALK OUT

ਸਰਦਾਰ ਸੁਖਦਵ ਸਿੰਘ ਢੀਂਡਸਾ : ਅਸੀਂ ਇਸ ਦੇ ਪ੍ਰੋਟੈਸਟ ਵਿਚ ਵਾਕ ਆਊਟ ਕਰਦੇ ਹਾਂ । (ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮਾਨਯੋਗ ਮੈਂਬਰਜ਼ ਵਾਕ-ਆਊਟ ਕਰਦੇ ਸਮੇਂ ** ਨਾਹਰੇ ਲਗਾ ਰਹੇ ਸਨ, ਜੋ ਕਿ ਚੇਅਰ ਦੇ ਹੁਕਮ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ) ।

ਸ੍ਰੀ ਸਪੀਕਰ : ਇਹ ਜੋ ਮੈਂਬਰ ਸਾਹਿਬਾਨ ਬਾਹਰ ਜਾਣ ਦੇ ਸਮੇਂ ਨਾਹਰੇ ਲਗਾ ਰਹੇ ਹਨ, ਉਹ ਰਿਕਾਰਡ ਨਾ ਕੀਤੇ ਜਾਣ ਅਤੇ ਪ੍ਰੋਸੀਡਿੰਗਜ਼ ਦਾ ਪਾਰਟ ਨਾ ਬਣਨ ।

**Not recorded as ordered by the Chair.

RESOLUTION *Re.* CONDEMNATION OF TERRORISM
(*Resumption of discussion*)

ਸਰਦਾਰ ਕਰਨੈਲ ਸਿੰਘ ਡੋਡ : ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਤਰੀਕੇ ਨਾਲ ਦੋ ਸਿੰਘ ਸਾਹਿਬਾਨ ਨੂੰ ਦਬਾਉ ਪਾ ਕੇ ਰੀਜ਼ਾਈਨ ਕਰਵਾਇਆ ਗਿਆ ਅਤੇ ਤਿੰਨ ਨੂੰ ਡਿਸਮਿਸ ਕਰ ਦਿੱਤਾ ਗਿਆ ਇਹ ਸਾਰੀ ਇਕ ਪੱਖਪਾਤ ਦੀ ਗੱਲ ਸੀ । ਇਹ ਨਵੀਂ ਐਸ.ਜੀ.ਪੀ.ਸੀ. ਦੀ executive ਦੀ ਇਕ ਚਾਲ ਸੀ। ਬਾਬਾ ਜੋਗਿੰਦਰ ਸਿੰਘ ਅਤੇ ਬਾਦਲ ਦਲ ਨੇ ਜਲਦੀ ਜਲਦੀ ਨਵੇਂ ਸਿੰਘ ਸਾਹਿਬਾਨ ਨੂੰ ਲਗਾ ਦਿੱਤਾ । ਇਹ ਅਕਾਲ ਤਖ਼ਤ ਸਾਰੇ ਸਿੱਖ ਜਗਤ ਦਾ ਸਾਂਝਾ ਹੈ, ਇਹ ਸਿਰਫ ਅਕਾਲੀ ਸਿੱਖਾਂ ਦਾ ਹੀ ਨਹੀਂ ਹੈ। ਇਸ ਦੇ ਵਿਚ ਅਕਾਲੀ ਵੀ ਸਿੱਖ ਹਨ, ਕਾਂਗਰਸੀ ਵੀ ਸਿੱਖ ਹਨ। ਜਨਤਾ ਪਾਰਟੀ ਵਿਚ ਵੀ ਸਿੱਖ ਹਨ ਜਿਵੇਂ ਕਿ ਸਰਦਾਰ ਕਿਰਪਾਲ ਸਿੰਘ। ਇਸ ਵਿਚ ਨਾਮਧਾਰੀ ਸਿੱਖ ਵੀ ਆ ਜਾਂਦੇ ਹਨ। ਸਿੰਘ ਸਾਹਿਬਾਨ ਨੂੰ ਪਾਰਟੀ ਪਾਲੇਟਿਕਸ ਵਿਚ ਨਹੀਂ ਆਉਣਾ ਚਾਹੀਦਾ ਅਤੇ ਦਖਲ ਨਹੀਂ ਦੇਣਾ ਚਾਹੀਦਾ । ਪ੍ਰੋਫੈਸਰ ਦਰਸ਼ਨ ਸਿੰਘ ਜੋ ਅਕਾਲ ਤਖ਼ਤ ਦੇ ਸਿੰਘ ਸਾਹਿਬਾਨ ਬਣੇ ਹਨ ਉਹ ਆਪਣੇ ਅਖ਼ਤਿਆਰਾਂ ਤੋਂ ਬਹੁਤ ਬਾਹਰ ਚਲੇ ਗਏ ਹਨ । ਪਾਰਟੀ ਵਿਚ ਏਕਤਾ ਕਰਨ ਦੀ ਬਜਾਏ ਸਗੋਂ ਹੋਰ ਫੁੱਟ ਪਾ ਦਿੱਤੀ । ਪਹਿਲੇ ਪਾਰਟੀ ਵਿਚ ਫੁੱਟ ਬਾਬਾ ਜੋਗਿੰਦਰ ਸਿੰਘ ਨੇ ਪਾਈ ਸੀ, ਫੇਰ ਕੁਰਸੀ ਦੀ ਖ਼ਾਤਿਰ ਬਾਦਲ ਅਤੇ ਅਮਰਿੰਦਰ ਸਿੰਘ ਨੇ ਪਾਈ ਔਰ ਇਨ੍ਹਾਂ ਨੇ ਆਪਣੇ ਪ੍ਰਧਾਨ ਦੇ ਰਾਹੀਂ ਪ੍ਰੋਫੈਸਰ ਦਰਸ਼ਨ ਸਿੰਘ ਰਾਗੀ ਨੂੰ ਅਕਾਲ ਤਖ਼ਤ ਸਾਹਿਬ ਦਾ ਹੈਡ ਬਣਾ ਦਿਤਾ । ਸਰਦਾਰ ਬਲਵੰਤ ਸਿੰਘ ਨੇ ਉਨ੍ਹਾਂ ਦੇ ਨਾਲ ਪ੍ਰਾਈਵੇਟ ਤੌਰ ਤੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੇ ਕਿਹਾ ਕਿ ਮੈਂ ਤਾਂ ਪੰਜ ਪਿਆਰੇ ਅਤੇ 40 ਮੁਕਤੇ ਬਣਾਉਣਾ ਚਾਹੁੰਦਾ ਹਾਂ । ਸਰਦਾਰ ਦਰਸ਼ਨ ਸਿੰਘ ਰਾਗੀ ਨੂੰ ਗੁਰੂ ਗੋਬਿੰਦ ਸਿੰਘ ਵਰਗੇ ਅਖ਼ਤਿਆਰ ਨਹੀਂ ਹਨ, ਜਿਸ ਕਰਕੇ ਉਹ ਕਦੇ ਪੰਜ ਪਿਆਰੇ ਬਨਾਉਣ ਦੀ ਗੱਲ ਕਰਦੇ ਹਨ ਅਤੇ ਕਦੇ 40 ਮੁਕਤੇ ਬਨਾਉਣ ਦੀ ਗੱਲ ਕਰਦੇ ਹਨ ।

ਸਪੀਕਰ ਸਾਹਿਬ, ਉਸ ਦਾ ਦਿਮਾਗ ਖਰਾਬ ਹੋ ਗਿਆ ਹੈ । ਉਹ ਆਪਣੇ ਆਪ ਨੂੰ ਗੁਰੂ ਸਮਝਣ ਲਗ ਪਿਆ ਹੈ। ਇਹ ਧਰਮ ਦਾ ਦੋਖੀ ਹੈ । ਇਹ ਗੱਲ ਉਨ੍ਹਾਂ ਨੂੰ ਸਮਝ ਲੈਣੀ ਚਾਹੀਦੀ ਹੈ। ਉਹ ਸਿੱਖਾਂ ਦਾ ਭਲਾ ਨਹੀਂ ਕਰ ਰਹੇ ਹਨ । ਅੱਤਵਾਦ ਵਾਲੇ ਪਾਸੇ ਜਾ ਕੇ ਸਿੱਖੀ ਨੂੰ ਮਾਰ ਦਿੱਤਾ ਹੈ । ਜੇਕਰ ਸੱਚੀ ਸਿੱਖੀ ਸੇਵਾ ਹੈ ਤਾਂ ਸਭ ਕੁਝ ਛਡ ਦਿਓ । ਇਸ ਬਾਰੇ ਸੋਚੋ । ਅਕਾਲੀ ਦਲ ਦੀ ਹੋਂਦ ਦੀ ਫ਼ਿਕਰ ਨਾ ਕਰੋ ਸਿੱਖੀ ਦੀ ਹੋਂਦ ਦਾ ਫ਼ਿਕਰ ਕਰੋ । ਜਿਧਰ ਸਹੀ ਫੈਸਲਾ ਹੈ, ਉਧਰ ਚਲੇ ਜਾਓ । ਸਪੀਕਰ ਸਾਹਿਬ, ਅੱਤਵਾਦੀ ਜੋ ਕਾਰਵਾਈ ਕਰ ਰਹੇ ਹਨ, ਉਹ ਮਾੜੀ ਗੱਲ ਹੈ। (ਥੰਪਿੰਗ) ਜੋ ਸੱਚਾ ਸਿੱਖ ਹੈ ਚਾਹੇ ਉਹ ਵਜ਼ੀਰੀ ਵਿਚ ਹੋਵੇ ਜਾਂ ਮੈਂਬਰ ਹੋਵੇ ਜਾਂ ਕੋਈ ਹੋਰ ਅਹੁਦੇ ਤੇ ਹੋਵੇ, ਉਹ ਉਸ ਦੀ ਪਰਵਾਹ ਨਹੀਂ ਕਰਦਾ । (ਥੰਪਿੰਗ) ਚਾਹੇ ਕਿਸੇ ਸਿੱਖ ਦੀ ਜਾਨ ਚਲੀ ਜਾਏ, ਚਾਹੇ ਮੇਰੀ ਜਾਨ ਵੀ ਚਲੀ ਜਾਵੇ, ਅੱਤਿਵਾਦੀ ਸਭ ਨੂੰ ਖਤਮ ਨਹੀਂ ਕਰ ਸਕਦੇ । ਅੱਤਵਾਦ ਤਾਂ ਖਤਮ ਹੋਵੇਗਾ ਜੇਕਰ ਸਾਡੇ ਦਿਲ ਵਿਚ ਜੋ ਭੈਅ ਹੈ, ਉਹ ਖਤਮ ਹੋ ਜਾਵੇਗਾ । ਅਸੀਂ, ਸਪੀਕਰ ਸਾਹਿਬ, ਸਾਂਝੀਵਾਲਤਾ ਤੇ ਚੱਲਣਾ ਹੈ। ਇਨ੍ਹਾਂ ਨੂੰ ਕੁਰਸੀ ਨਾਲ ਪਿਆਰ ਹੈ। ਸਪੀਕਰ ਸਾਹਿਬ, ਮੈਂ ਇਨ੍ਹਾਂ ਸ਼ਬਦਾਂ ਨਾਲ (ਘੰਟੀ) ਰੇਜ਼ੋਲਿਊਸ਼ਨ ਦੀ ਹਮਾਇਤ ਕਰਦਾ ਹੋਇਆ ਕਹਿੰਦਾ ਹਾਂ ਕਿ ਕੱਲ੍ਹ ਇਹ ਵਾਕ ਆਊਟ ਕਰ ਗਏ ਕਿਉਂਕਿ ਅੱਤਵਾਦ ਦੇ ਖਿਲਾਫ ਇਹ ਨਹੀਂ ਸੀ ਕਹਿਣਾ ਚਾਹੁੰਦੇ, ਇਹ ਸ੍ਰੀ ਜੋਗਿੰਦਰ ਪਾਲ ਪਾਂਡੇ ਅਤੇ ਕਾਮਰੇਡ ਚੰਨਣ ਸਿੰਘ ਧੂਤ ਦੀ ਹਮਦਰਦੀ ਨਹੀਂ ਸੀ ਕਰ ਸਕਦੇ । ਤੁਹਾਡੇ ਰੇਜ਼ੋਲਿਊਸ਼ਨ ਤੇ ਵੋਟ ਨਹੀਂ ਸੀ ਪਾਉਣਾ ਚਾਹੁੰਦੇ । ਇਸ ਲਈ ਬਹਾਨਾ ਲਾ

[ਸਰਦਾਰ ਕਰਨੈਲ ਸਿੰਘ ਡੋਡ]

ਕੇ ਬਾਹਰ ਚਲੇ ਗਏ। (ਥੰਪਿੰਗ) ਸਪੀਕਰ ਸਾਹਿਬ, ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਰਾਜੀਵ ਗਾਂਧੀ ਨਾਲ ਜੋ ਸਮਝੌਤਾ ਕੀਤਾ, ਉਸ ਤੋਂ ਬਾਅਦ ਲੋਕਾਂ ਕੋਲ ਜਾਕੇ ਲੌਂਗੋਵਾਲ ਦਾ ਨਾਂ ਲੈ ਕੇ ਲੋਕਾਂ ਕੋਲੋਂ ਵੋਟਾਂ ਲਈਆਂ ਅਤੇ ਇਥੇ ਜਿੱਤ ਕਿ ਆਏ ਪਰ ਇਹ ਹੁਣ ਉਸ ਅਕਾਰਡ ਨੂੰ ਨਹੀਂ ਮੰਨਦੇ। ਕੱਲ੍ਹ ਜਦੋਂ ਸਪੀਕਰ ਸਾਹਿਬ, ਤੁਸੀਂ ਮੀਟਿੰਗ ਦੀ ਪ੍ਰਧਾਨਗੀ ਕੀਤੀ ਤਾਂ ਮੈਂ ਕਿਹਾ ਸੀ ਕਿ ਅਜ ਦੇ ਮਤੇ ਵਿਚ ਇਹ ਵੀ ਲਿਖੋ ਅਕਾਰਡ ਦੇ ਅੱਖਰ ਅੱਖਰ ਤੇ ਅਮਲ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਅਕਾਰਡ ਦਾ ਲਫਜ਼ ਇਸ ਰਜ਼ੋਲਿਊਸ਼ਨ ਵਿਚ ਨਹੀਂ ਪਾਉਣਾ ਚਾਹੁਦੇ ਕਿਉਂਕਿ ਅਸੀਂ ਅਕਾਰਡ ਦੇ ਹਮਾਇਤੀ ਨਹੀਂ। ਸਪੀਕਰ ਸਾਹਿਬ, ਇਲੈਕਸ਼ਨਾਂ ਵੇਲੇ ਪਿੰਡਾਂ ਵਿਚ ਗੱਡੀਆਂ ਤੇ ਜਾਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਨਾਂ ਲੈਕੇ ਜਿਤੇ ਹਨ। ਅੱਜ ਇਹ ਜਿਨ੍ਹਾਂ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਦਾ ਕਤਲ ਕੀਤਾ, ਉਨ੍ਹਾਂ ਦੇ ਸਾਥੀ ਹਨ। ਪਹਿਲਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਾਥੀ ਸਨ। ਅੱਜ ਜਿਹੜੇ ਲੋਕ ਗੱਦਾਰ ਹਨ, ਇਹ ਉਨ੍ਹਾਂ ਦੇ ਸਾਥੀ ਹਨ। (ਘੰਟੀ) ਸਪੀਕਰ ਸਾਹਿਬ, ਇਹ ਬੜੇ ਹੀ ਅਫਸੋਸ ਦੀ ਗੱਲ ਹੈ ਕਿ ਜਿਹੜਾ ਅਕਾਰਡ ਹੋਇਆ ਹੈ, ਇਸ ਬਾਰੇ ਮੈਂ ਆਪਣੇ ਸਾਥੀ ਵਕੀਲਾਂ ਨਾਲ ਗੱਲ ਵੀ ਕੀਤੀ ਹੈ। ਵੈਂਕਟਰਮੱਈਆ ਕਮਿਸ਼ਨ ਨੇ ਅਤੇ ਮਿਸਰਾ ਕਮਿਸ਼ਨ ਨੇ ਆਪਣੀ ਰਿਪੋਰਟ ਦਿਤੀ ਹੈ। ਉਹ ਠੀਕ ਨਹੀਂ ਹੈ। ਇਸ ਬਾਰੇ ਸਰਦਾਰ ਕਿਰਪਾਲ ਸਿੰਘ ਜੀ ਨੇ ਵੀ ਕਿਹਾ ਹੈ ਕਿ ਮਿਸਰਾ ਕਮਿਸ਼ਨ ** ਹੈ।

ਸ੍ਰੀ ਸਪੀਕਰ : ** ਲਫਜ਼ ਐਕਸਪੰਜ ਕਰ ਦਿਤਾ ਜਾਵੇ। ਹੁਣ ਸਰਦਾਰ ਕਰਨੈਲ ਸਿੰਘ ਡੋਡ ਜੀ ਖਤਮ ਕਰੋ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, 7.2 ਕਲਾਜ਼ ਥੱਲੇ ਅਕਾਰਡ ਹੋਇਆ ਹੈ। According to it, Chandigarh was to go to Punjab and some Hindi speaking areas to Haryana.

ਸਪੀਕਰ ਸਾਹਿਬ, ਵੈਂਕਟਰਮੱਈਆ ਕਮਿਸ਼ਨ ਨੇ 45,000 ਏਕੜ ਰਕਬਾ ਕੱਢਿਆ ਫਿਰ ਦੂਸਰਾ ਕਮਿਸ਼ਨ ਬੈਠਾ।

ਸ੍ਰੀ ਸਪੀਕਰ : ਤੁਸੀਂ ਸਮਾਪਤ ਕਰੋ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੈਂ ਕਮਿਸ਼ਨ ਦੇ ਹਰਿਆਣੇ ਦੇ ਵਕੀਲਾਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਨੂੰ ਕਿਹਾ ਗਿਆ ਕਿ 45,000 ਏਕੜ ਤੋਂ ਇਲਾਵਾ ਹੋਰ ਇਲਾਕਾ ਦੱਸੋ ਜਿਹੜਾ ਹਿੰਦੀ ਇਲਾਕਾ ਹੈ ਪਰ ਉਹ ਦੱਸ ਨਹੀਂ ਸਕੇ। ਦੂਸਰੇ ਕਮਿਸ਼ਨ ਨੇ ਚੰਡੀਗੜ੍ਹ ਬਦਲੇ 70,000 ਏਕੜ ਕਹਿ ਦਿੱਤਾ। 25,000 ਏਕੜ ਹੋਰ ਰਹਿੰਦਾ ਹੈ। ਸੈਂਟਰ ਦੇ ਹੋਮ ਮਨਿਸਟਰ ਬੂਟਾ ਸਿੰਘ ਨੇ ਬਿਆਨ ਦਿੱਤਾ ਹੈ। ਇਹ ਰਕਬਾ ਵੱਖਰਾ ਹੈ। ਇਹ ਕੀ ਅਕਾਰਡ ਤੇ ਅਮਲ ਕਰਨ ਦੀ ਗੱਲ ਹੈ ? ਇਹ ਸੈਂਟਰ ਵਾਲੇ ਭੁੱਲ ਜਾਂਦੇ ਹਨ। ਇਹ ਚੀਜ਼ ਮੇਰੇ ਕੋਲ ਹੈ ਤੁਸੀਂ ਪੜ੍ਹ ਲਓ, ਲੀਡਰ ਆਫ ਦੀ ਆਪੋਜ਼ੀਸ਼ਨ ਪੜ੍ਹ ਲਵੇ, ਡਾਕਟਰ ਸਾਹਿਬ ਪੜ੍ਹ ਲੈਣ। ਪੰਜਾਬੀ ਸਪੀਕਿੰਗ ਏਰੀਆਂ ਉਨ੍ਹਾਂ ਨੂੰ ਦਿੱਤਾ ਜਾਵੇ। ਹਿੰਦੀ ਸਪੀਕਿੰਗ ਏਰੀਆ ਲਿਖਿਆ ਹੈ। 45,000 ਏਕੜ ਆਈਡੈਂਟੀਫਾਈ ਕੀਤਾ ਹੈ। ਰਾਜੀਵ ਗਾਂਧੀ ਸਾਹਿਬ ਦੀ ਇਹ ਗੱਲ ਗਲਤ ਹੈ। 70,000 ਏਕੜ ਦੀ ਗੱਲ ਕਰਦੇ ਹਨ। ਇਹ ਅਕਾਰਡ ਨੂੰ ਸਿਰੇ ਨਾ ਲਗਾਉਣ ਦੀਆਂ ਗੱਲਾਂ ਹਨ। ਜਦ ਕਿ ਅਕਾਰਡ ਦੇ ਹਰ ਅੱਖਰ ਤੇ ਅਮਲ ਹੋਣਾ ਚਾਹੀਦਾ ਹੈ। ਇਸ ਵਿਚ ਹੀ ਦੇਸ਼ ਦਾ ਅਤੇ ਪੰਜਾਬ ਦਾ ਭਲਾ ਹੋ ਸਕਦਾ ਹੈ।

**Exp inged as ordered by the Chair.

ਸ਼੍ਰੀ ਸਪੀਕਰ : ਡੋਡ ਸਾਹਿਬ, ਤੁਸੀਂ ਬੈਠੋ । 1.20 ਹੋ ਗਏ ਹਨ ।

Professor Darbari Lal : Prime Minister is very much sincere in the implementation of the Accord.

ਡੋਡ ਸਾਹਿਬ ਨੇ ਪ੍ਰਾਈਮ-ਮਨਿਸਟਰ ਬਾਰੇ ਇਹ ਸ਼ਬਦ ਕਹੇ ਹਨ, ਇਹ ਅਕਸਪੰਜ ਕਰਾਓ।

EXTENSION OF TIME OF THE SITTING

ਸ਼੍ਰੀ ਸਪੀਕਰ : ਹਾਲੇ ਸੀ.ਐਮ. ਸਾਹਿਬ ਨੇ ਰਿਪਲਾਈ ਦੇਣਾ ਹੈ। ਸਾਡੇ ਹਾਊਸ ਦੀ ਸਿਟਿੰਗ 1.30 ਤੱਕ ਹੋਣੀ ਸੀ। ਜੇ ਹਾਊਸ ਦੀ ਰਜ਼ਾਮੰਦੀ ਹੋਵੇ ਤਾਂ ਹਾਊਸ ਦਾ ਸਮਾਂ ਅੱਧਾ ਘੰਟਾ ਹੋਰ ਵਧਾ ਲਿਆ ਜਾਵੇ ।

ਅਵਾਜ਼ਾਂ : ਠੀਕ ਹੈ ਜੀ ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ ਅੱਧੇ ਘੰਟੇ ਲਈ ਵਧਾਇਆ ਜਾਂਦਾ ਹੈ ।

RESOLUTION *Re.* CONDEMNATION OF TERRORISM
(*Resumption of discussion*)

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੈਂ ਵੀ ਬੋਲਣਾ ਹੈ। ਮੈਨੂੰ ਵੀ ਸਮਾਂ ਦਿਓ।

Mr. Speaker : Sorry. You will get opportunity.

ਮੁੱਖ ਮੰਤਰੀ : ਸਤਿਕਾਰਯੋਗ ਸਪੀਕਰ ਸਾਹਿਬ . . . .

ਸ਼੍ਰੀ ਸਪੀਕਰ : ਕਾਮਰੇਡ ਸਾਹਿਬ, ਸੀ.ਐਮ. ਸਾਹਿਬ ਨੇ ਵੀ ਰਿਪਲਾਈ ਦੇਣਾ ਹੈ। ਤੁਹਾਨੂੰ ਗਵਰਨਰ ਐਡਰਸ ਤੇ ਬੋਲਣ ਲਈ ਕਾਫੀ ਸਮਾਂ ਮਿਲੇਗਾ । ਹੁਣ ਤੁਸੀਂ 2—3 ਮਿੰਟ ਵਿੱਚ ਕਨ-ਕਲੂਡ ਕਰ ਦਿਓ ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋਲਿਊਸ਼ਨ ਹਾਊਸ ਵਿਚ ਆਇਆ ਹੈ, ਇਹ ਠੀਕ ਹੈ । ਇਹ ਆਉਣਾ ਵੀ ਚਾਹੀਦਾ ਹੈ। ਪ੍ਰੋਫੈਸਰ ਦਰਬਾਰੀ ਲਾਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ। ਇਸ ਦਾ ਸਾਰੇ ਭਾਰਤਵਰਸ਼ ਤੇ ਪ੍ਰਭਾਵ ਪਵੇਗਾ । ਉਹ ਕਿਹੜੇ ਲੋਕ ਹਨ ਜਿਹੜੇ ਅਤਿਵਾਦ ਨਾਲ ਲੜਨਾ ਚਾਹੁੰਦੇ ਹਨ, ਅਖੰਡਤਾ ਚਾਹੁੰਦੇ ਹਨ, ਇਹ ਪਤਾ ਲਗੇਗਾ । ਨਾਲ ਹੀ ਇਹ ਵੀ ਪਤਾ ਲਗੇਗਾ ਕਿ ਉਹ ਲੋਕ ਕਿਹੜੇ ਹਨ ਜਿਹੜੇ ਅਤਿਵਾਦ ਦੀਆਂ ਘਿਨੌਣੀਆਂ ਹਰਕਤਾਂ ਕਰਦੇ ਹਨ, ਧਾਰਮਿਕ ਸੰਪਰਦਾਇਕਤਾ ਵਿੱਚ ਪਏ ਹੋਏ ਹਨ, ਉਹ ਕਿਹੜੀਆਂ ਪਾਰਟੀਆਂ ਹਨ ਜਿਨ੍ਹਾਂ ਵਿੱਚ ਐਸੀਆਂ ਗੱਲਾਂ ਨਜ਼ਰ ਆਉਂਦੀਆਂ ਹਨ। ਕਲ ਸ਼ਰਧਾਂਜਲੀ ਦਾ ਮਤਾ ਆਇਆ। ਸਾਰੇ ਉਸ ਤੇ ਬੋਲ ਰਹੇ ਸਨ ਕਿ ਕਿਸ ਤਰ੍ਹਾਂ ਸ਼੍ਰੀ ਜੋਗਿੰਦਰ ਪਾਲ ਪਾਂਡੇ ਅਤੇ ਕਾਮਰੇਡ ਚੰਨਣ ਸਿੰਘ ਧੂਤ ਅਤਿਵਾਦ ਦੀ ਇਕ ਘਿਨੌਣੀ ਹਰਕਤ ਕਾਰਣ ਬੇਰਹਿਮੀ ਨਾਲ ਕਤਲ ਹੋਏ ਜਿਹੜੇ ਕਿ ਅਮਨ ਦੇ ਮੁਦੱਈ ਸਨ, ਉਦੋਂ ਕੁਝ ਸੱਜਣ ਬਾਹਰ ਭੱਜ ਗਏ ਤਾਕਿ ਇਸ ਅਤਿਵਾਦ ਦੇ ਮੁਤੱਲਕ ਉਨ੍ਹਾਂ ਨੂੰ ਕੋਈ ਸ਼ਬਦ ਨਾ ਕਹਿਣਾ ਪਵੇ । ਜੇ ਕੋਈ ਦੁਸ਼ਮਨ ਵੀ ਹੋਵੇ ਤਾਂ ਵੀ ਇਨਸਾਨ ਉਸਦੇ ਘਰ ਜਾ ਕੇ ਅਫਸੋਸ ਕਰ ਆਉਂਦਾ ਹੈ। ਪਰ ਇਹ ਕੋਈ ਬਹਾਨਾ ਜਿਹਾ ਮਾਰ ਕੇ ਇਥੋਂ ਭੱਜ ਗਏ । ਕੈਪਟਨ ਅਮਰਿੰਦਰ ਸਿੰਘ ਜਿਹੜੇ ਕਿ ਮਹਾਰਾਜਾ ਹਨ ਅਤੇ ਇਹ ਇਕ ਜਾਗੀਰਦਾਰਾਂ ਦੀ ਲਾਬੀ ਹੈ, ਇਹ ਸਭ ਇਕੱਠੇ ਚਲੇ ਗਏ। ਸਾਡੀ ਕੋਈ ਆਪਸੀ ਲੜਾਈ ਤਾਂ ਨਹੀਂ ਹੈ।

[ਕਾਮਰੇਡ ਮਹਿਤਾਬ ਸਿੰਘ]

ਸਾਡੀ ਵਿਚਾਰ ਧਾਰਾਵਾਂ ਦੀ ਲੜਾਈ ਹੋ ਸਕਦੀ ਹੈ, ਪੁਲੀਟਿਕਲ ਲੜਾਈ ਹੈ, ਪਰ ਮਨੁਖਤਾ ਦਾ ਕਤਲ ਕਰਨਾ ਤਾਂ ਬਹੁਤ ਘਿਨੌਣੀ ਗੱਲ ਹੈ, ਇਹ ਤਾਂ ਜਾਨਵਰਾਂ ਵਾਲੀ ਗੱਲ ਹੈ। ਅਸੀਂ ਪੁਲੀਟਿਕੱਲੀ ਲੜੀਏ, ਆਪਣੇ ਵਿਚਾਰ ਪੇਸ਼ ਕਰੀਏ, ਪਰ ਇਹ ਤਾਂ ਭੱਜ ਹੀ ਗਏ। ਸਪੀਕਰ ਸਾਹਿਬ, ਸਾਡੇ ਸੰਵਿਧਾਨ ਵਿੱਚ ਵੀ ਕਮਜ਼ੋਰੀਆਂ ਹਨ। ਜਿਨ੍ਹਾਂ ਦਾ ਨਤੀਜਾ ਦੇਸ਼ ਨੂੰ ਅਤੇ ਖਾਸ ਕਰਕੇ ਪੰਜਾਬ ਸਟੇਟ ਨੂੰ ਅੱਜ ਭੁਗਤਣਾ ਪੈ ਰਿਹਾ ਹੈ। ਸੰਵਿਧਾਨ ਵਿੱਚ ਤਰਮੀਮ ਕਰ ਦਿੱਤੀ ਜਾਵੇ ਕਿ ਕੋਈ ਵੀ ਵਿਅਕਤੀ ਕਿਸੇ ਵੀ ਸੰਪਰਦਾਇ ਦੀ ਪੂਜਾ ਕਰ ਸਕਦਾ ਹੈ, ਸਤਿਕਾਰ ਕਰ ਸਕਦਾ ਹੈ ਪਰ ਉਸਦਾ ਪਰਚਾਰ ਖੁਲ੍ਹੇ ਆਮ ਤਰਸ਼ੂਲਾਂ ਅਤੇ ਕਿਰਪਾਨਾਂ ਕੱਢਕੇ ਨਹੀਂ ਕਰ ਸਕਦਾ। ਇਸ ਤੇ ਸੰਵਿਧਾਨਕ ਪਾਬੰਦੀ ਲਗਾ ਦਿੱਤੀ ਜਾਵੇ ਤਾਂਕਿ ਆਉਣ ਵਾਲੇ ਸਮੇਂ ਲਈ ਵੀ ਇਨ੍ਹਾਂ ਹਾਲਾਤਾਂ ਤੋਂ ਦੇਸ਼ ਨੂੰ ਬਚਾਇਆ ਜਾ ਸਕੇ। ਥਾਂ ਥਾਂ ਤੇ ਧਰਮ ਦਾ ਪਰਚਾਰ ਕਰਕੇ, ਲੋਕਾਂ ਨੂੰ ਐਕਸਪਲਾਇਟ ਕਰਕੇ, ਗੁਮਰਾਹ ਕਰਕੇ ਧਰਮ ਦੇ ਨਾਂ ਤੇ ਵੋਟਾਂ ਲੈ ਕੇ ਏਥੇ ਕੁਰਸੀਆਂ ਤੇ ਆਉਂਦੇ ਹਨ ਪਰ ਬਾਅਦ ਵਿੱਚ ਨਤੀਜੇ ਲੋਕਾਂ ਨੂੰ ਭੁਗਤਣੇ ਪੈਂਦੇ ਹਨ। ਹੁਣੇ ਆਲ ਪਾਰਟੀ ਸਮਾਰੋਹ, ਲੁਧਿਆਣਾ ਵਿੱਚ ਹੋਇਆ ਜਿਸ ਬਾਰੇ ਢੀਂਡਸਾ ਸਾਹਿਬ ਕਹਿ ਗਏ ਹਨ ਕਿ ਉਥੇ ਸਰਕਾਰ ਨੇ ਲਾਲ ਝੰਡੀ ਵਾਲੇ ਬੁਲਾਏ ਹੋਏ ਸਨ। ਸਰਕਾਰ ਨੇ ਮੁੜ ਕੇ ਉਨ੍ਹਾਂ ਨੂੰ ਸ਼ਹਿ ਦਿੱਤੀ ਹੈ। ਮੈਂ ਢੀਂਡਸਾ ਸਾਹਿਬ ਨੂੰ ਕਹਿ ਦੇਣਾ ਚਾਹੁੰਦਾ ਹਾਂ ਕਿ ਇਹ ਗਰੀਬ ਮਜ਼ਦੂਰਾਂ ਦੀ ਤਾਕਤ ਹੈ ਜਿਸ ਨੂੰ ਹਿਟਲਰ ਅਤੇ ਮੁਸੋਲਿਨੀ ਵੀ ਨਹੀਂ ਰੋਕ ਸਕੇ ਅਤੇ ਉਹ ਆਪ ਆਪਣੇ ਆਪ ਨੂੰ ਗੋਲੀ ਮਾਰ ਕੇ ਮਰ ਗਿਆ। ਇਹ ਪਾਰਟੀ ਮਜ਼ਦੂਰਾਂ ਵਾਸਤੇ ਲੜਦੀ ਹੈ, ਇਹ ਭਾਰਤ ਵਿੱਚ ਵੀ ਅਤੇ ਪੰਜਾਬ ਵਿੱਚ ਵੀ ਏਸੇ ਲਈ ਲੜਦੀ ਰਹੇਗੀ। ਅਸੀਂ ਬਰਨਾਲਾ ਸਾਹਿਬ ਦੀ ਸ਼ਲਾਘਾ ਕਰਾਂਗੇ ਜਿਹੜੇ ਮੈਦਾਨ ਵਿਚ ਨਿਤਰਕੇ ਆਏ ਹਨ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਚਾਹੇ ਇਸ ਪਾਸੇ ਦੇ ਹੋਣ ਚਾਹੇ ਉਸ ਪਾਸੇ ਦੇ ਹੋਣ। ਇਹ ਸਾਰਿਆਂ ਨਾਲ ਰਲ ਕੇ ਅੱਤਵਾਦ ਦੇ ਖਿਲਾਫ ਲੜ ਰਹੇ ਹਨ। ਇਸ ਸਬੰਧ ਵਿਚ ਅਸੀਂ ਬਰਨਾਲਾ ਸਾਹਿਬ ਦੇ ਨਾਲ ਹਾਂ। ਇਹ ਰੈਜ਼ੋਲਿਊਸ਼ਨ ਇਸ ਗਲ ਦੀ ਸੇਧ ਦਿੰਦਾ ਹੈ ਕਿ ਕੌਣ ਇਸ ਦੇ ਨਾਲ ਹੈ ਔਰ ਕੌਣ ਇਸ ਦੇ ਨਾਲ ਨਹੀਂ ਹੈ, ਕੌਣ ਦੇਸ਼ ਦੇ ਹਿੱਤ ਵਿਚ ਹੈ ਔਰ ਕੌਣ ਦੇਸ਼ ਦੇ ਹਿੱਤ ਵਿਚ ਨਹੀਂ ਹੈ, ਕੌਣ ਅੱਤਵਾਦ ਦੇ ਖਿਲਾਫ ਹੈ, ਇਹ ਰੈਜ਼ੋਲਿਊਸ਼ਨ ਤੋਂ ਇਸ ਬਾਰੇ ਪਤਾ ਲਗਦਾ ਹੈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਇਹ ਰੈਜ਼ੋਲਿਊਸ਼ਨ ਅਗਰ ਯੂਨੈਨੇਮਸਲੀ ਪਾਸ ਹੁੰਦਾ ਤਾਂ ਠੀਕ ਸੀ, ਇਸ ਰੈਜ਼ੋਲਿਊਸ਼ਨ ਦਾ ਮੰਤਵ ਦੇਸ਼ ਦੇ ਕੋਨੇ ਕੋਨੇ ਵਿਚ ਪਹੁੰਚਾਉਣਾ ਚਾਹੀਦਾ ਹੈ। (ਵਿਘਨ) ਜਿਸ ਤਰ੍ਹਾਂ ਹਿਟਲਰ ਨੇ ਆਤਮ-ਘਾਤ ਕੀਤਾ ਉਸੇ ਤਰ੍ਹਾਂ ਹੀ ਅੱਤਵਾਦੀਆਂ ਨੇ ਵੀ ਆਤਮ-ਘਾਤ ਕਰਕੇ ਮਰਨਾ ਹੈ (ਵਿਘਨ) ਇਨ੍ਹਾਂ ਲੋਕਾਂ ਨੇ ਵੀ ਪੰਜਾਬ ਵਿਚ ਜ਼ਹਿਰ ਖਾਕੇ ਆਤਮ-ਹਤਿਆ ਕਰਕੇ ਮਰਨਾ ਹੈ। ਮੈਂ ਇਸ ਰੈਜ਼ੋ-ਲੂਸ਼ਨ ਦੀ ਪ੍ਰੋੜਤਾ ਕਰਦਾ ਹਾਂ।

SUSPENSION OF A MEMBER (*Resumption*)

ਰਾਜ ਮੰਤਰੀ, ਸੰਸਦੀ ਮਾਮਲੇ (ਸਰਦਾਰ ਬਲਦੇਵ ਸਿੰਘ ਮਾਨ) : ਸਪੀਕਰ ਸਾਹਿਬ, ਮੈਂ ਰੂਲ 90 ਵਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਸ ਸਦਨ ਵਿਚ ਭਾਗ ਲੈਣ ਵਾਸਤੇ ਕੁਝ ਰੂਲ ਆਬਜ਼ਰਵ ਕਰਨੇ ਪੈਂਦੇ ਹਨ।

"Whilst the House is sitting, a member—

(ii) shall not interrupt any Member while speaking by disorderly expression or noises or in any other disorderly manner ;" (Rule 90)

ਇਥੇ ਜੋ ਕੁਝ ਅੱਜ ਹੋਇਆ ਹੈ। ਸਰਦਾਰ ਗੁਰਦੇਵ ਸਿੰਘ ਬਾਦਲ ਨੇ ਮੈਂਬਰ ਦੇ ਖਿਲਾਫ਼ ਹੀ ਨਹੀਂ ਸਗੋਂ ਚੇਅਰ ਦੇ ਖਿਲਾਫ਼ ਵੀ ਉਹ ਲਫਜ਼ ਵਰਤੇ ਹਨ ਜੋ ਪਿੰਡ ਵਿਚ ਬੈਠਾ ਹੋਇਆ ਬੰਦਾ ਵੀ ਨਹੀਂ ਵਰਤਦਾ ਹੈ। ਇਸ ਤੋਂ ਘਿਨਾਉਣੀ ਘਟਨਾ ਹੋਰ ਕੀ ਹੋ ਸਕਦੀ ਹੈ। ਮੈਂ ਇਸ ਸਦਨ ਦੇ ਸਾਹਮਣੇ ਇਹ ਪ੍ਰਸਤਾਵ ਰਖਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਇਸ ਸੈਸ਼ਨ ਦੇ ਬਕਾਏ ਪੀਰੀਅਡ ਲਈ ਸਸਪੈਂਡ ਕਰ ਦਿੱਤਾ ਜਾਏ।

Minister of State for Parliamentary Affairs (Sardar Baldev Singh Maan) : Sir, I beg to move—

That Rule 97 of the Rules of Procedure and Conduct of Business in the Punjab Vidhan Sabha be suspended and that Sardar Gurdev Singh Badal, M.L.A., who has deliberately obstructed the proceedings of the House against the repeated orders of the Chair and thereby committed contempt of the House, be suspended from the service of the House for the remainder of the Session

ਮੈਂ ਇਹ ਬੇਨਤੀ ਕਰਾਂਗਾ ਕਿ ਇਹ ਪ੍ਰਸਤਾਵ ਪਾਸ ਕੀਤਾ ਜਾਏ ਔਰ ਇਨ੍ਹਾਂ ਨੂੰ ਇਸ ਬਜਟ ਸੈਸ਼ਨ ਦੇ ਬਕਾਏ ਸਮੇਂ ਵਾਸਤੇ ਸਸਪੈਂਡ ਕਰ ਦਿੱਤਾ ਜਾਏ।

Mr. Speaker : Motion moved—

That Rule 97 of the Rules of Procedure and Conduct of Business in the Punjab Vidhan Sabha be suspended and that Sardar Gurdev Singh Badal, M.L.A. who has deliberately obstructed the proceedings of the House against the repeated orders of the Chair and thereby committed contempt of the House, be suspended from the service of the House for the remainder of the Session.

ਪੰਡਤ ਮੋਹਨ ਲਾਲ (ਹੁਸ਼ਿਆਰਪੁਰ) : ਹਾਊਸ ਦਾ ਇੱਕ ਡਿਸੀਜ਼ਨ ਪਹਿਲਾਂ ਲੈ ਚੁਕੇ ਹਾਂ ਇਨ੍ਹਾਂ ਨੂੰ ਅੱਜ ਦੇ ਦਿਨ ਵਾਸਤੇ ਸਸਪੈਂਡ ਕਰ ਚੁੱਕੇ ਹਾਂ। ਇਹ ਦੇਖ ਲਓ, ਇਹ ਸੈਕਿੰਡ ਰੈਜ਼ੋਲਿਊਸ਼ਨ ਅੱਜ ਆ ਸਕਦਾ ਹੈ, ਜਾਂ ਨਹੀਂ। ਮੇਰੀ ਰਾਏ ਵਿਚ ਇਹ ਨਹੀਂ ਆ ਸਕਦਾ। ਅਗਰ ਲਿਆਉਣਾ ਹੈ ਤਾਂ ਉਨ੍ਹਾਂ ਨੂੰ ਐਨੀ ਅਪਰਚੂਨਿਟੀ ਜ਼ਰੂਰ ਦੇਣੀ ਚਾਹੀਦੀ ਹੈ ਔਰ ਅਗਰ ਉਹ ਅਪਾਲੋਜਾਈਜ਼ ਕਰ ਲਏ (ਵਿਘਨ) ਇਹ ਮੇਰੀ ਆਪਣੀ ਰਾਏ ਹੈ। (ਵਿਘਨ)

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਸਪੀਕਰ ਸਾਹਿਬ, ਮਾਨ ਸਾਹਿਬ ਨੇ ਜਿਹੜਾ ਰੈਜ਼ੋਲਿਊਸ਼ਨ ਲਿਆਂਦਾ ਹੈ, ਇਸ ਵਿਚ ਕੋਈ ਸ਼ਕ ਨਹੀਂ ਕਿ ਉਸ ਨੂੰ ਅੱਜ ਦੇ ਦਿਨ ਲਈ ਸਸਪੈਂਡ ਕੀਤਾ ਹੈ, ਇਸ ਹਾਊਸ ਦੇ ਬਕਾਏ ਸਮੇਂ ਵਾਸਤੇ। ਅਗਰ ਹਾਊਸ ਯੂਨੈਨੇਮਸਲੀ ਫੈਸਲਾ ਕਰ ਦੇਵੇ ਤਾਂ ਉਹ ਠੀਕ ਹੈ। ਹਾਊਸ ਸੁਪਰੀਮ ਹੈ ਔਰ ਤੁਸੀਂ ਹਾਊਸ ਦੇ ਸਰਵੈਂਟ ਹੋ। ਹਾਊਸ ਸੁਪਰੀਮ ਹੈ ਔਰ ਅਗਰ ਸਾਰੇ ਮੈਂਬਰ ਮੁਤਫਿਕ ਹੋਣ ਇਸ ਨਾਲ ਤਾਂ ਇਹ ਪਾਸ ਹੋ ਸਕਦਾ ਹੈ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ ਕੇਂਦਰੀ) : ਇਸ ਤਰ੍ਹਾਂ ਦੇ ਘਿਨਾਉਣੇ ਲਫਜ਼ ਵਰਤੇ ਗਏ ਹਨ ਕਮ-ਅਜ਼-ਕਮ- ਮੇਰੇ ਨੋਟਿਸ ਵਿਚ ਨਹੀਂ ਕਿ ਅਜਿਹੇ ਲਫਜ਼ ਕਿਸੇ ਮੈਂਬਰ ਨੇ ਵਰਤੇ ਹੋਣ। ਪੰਜਾਬ ਦੀ ਹਿਸਟਰੀ ਵਿਚ ਇਸ ਦੀ ਮਿਸਾਲ ਨਹੀਂ ਮਿਲੇਗੀ (ਵਿਘਨ) ਜੋ ਮਾਨ ਸਾਹਿਬ ਨੇ ਰੈਜ਼ੋਲੂਸ਼ਨ ਲਿਆਂਦਾ ਹੈ, ਇਹ ਠੀਕ ਹੈ ਔਰ ਇਹ ਪਾਸ ਹੋਣਾ ਚਾਹੀਦਾ ਹੈ ਔਰ ਇਨ੍ਹਾਂ ਨੂੰ ਸਸਪੈਂਡ ਕਰਨਾ ਚਾਹੀਦਾ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਜਿਹੜਾ ਰੈਜ਼ੋਲੂਸ਼ਨ ਆਇਆ ਹੈ ਇਹ ਵਾਜਬ ਹੈ (ਵਿਘਨ) ਇਹ ਬਗੈਰ ਗਾਲ੍ਹ ਤੋਂ ਕੋਈ ਗਲ ਨਹੀਂ ਕਰਦਾ ਹੈ । ਹਰ ਵੇਰੀ ਇਹ ਇਸ ਤਰ੍ਹਾਂ ਹੀ ਕਰਦਾ ਰਹਿੰਦਾ ਹੈ। ਜੋ ਕੁਝ ਮੇਰੇ ਡਿਪਟੀ ਲੀਡਰ ਨੇ ਕਿਹਾ ਹੈ, ਜੋ ਇਨ੍ਹਾਂ ਨੇ ਸੁਜੈਸ਼ਨ ਦਿੱਤੀ ਹੈ, ਇਹ ਸੋਚ ਸਕਦੇ ਹਾਂ ਹੁਣ ਇਨ੍ਹਾਂ ਨੂੰ ਕਢ ਦੇਣਾ ਚਾਹੀਦਾ ਹੈ ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਪਰਪੋਜ਼ ਕਰਦਾ ਹਾਂ ਕਿ ਜਨਤਾ ਪਾਰਟੀ ਵਾਲਾ ਵੀ ਇਥੇ ਬਕਵਾਸ ਕਰਦਾ ਹੈ, ਉਸ ਦਾ ਵੀ ਪੱਤਾ ਕੱਟ ਦਿਓ ।

ਸ੍ਰੀ ਸਪੀਕਰ : ਇਸ ਬਾਰੇ ਪਹਿਲਾਂ ਹਾਊਸ ਨੇ ਬਾਈ ਵਾਇਸ ਫੈਸਲਾ ਕੀਤਾ ਹੈ ਪਰ ਹਾਊਸ ਸੁਪਰੀਮ ਹੈ। ਹਾਊਸ ਦੇ ਮੈਂਬਰਾਂ ਨੂੰ ਅਖਤਿਆਰ ਹੈ ਉਸ ਫੈਸਲੇ ਨੂੰ ਰਿਵਿਊ ਕਰਨ ਦਾ। ਪਹਿਲੇ ਫੈਸਲਾ ਬਾਈ ਵਾਇਸ ਪਾਸ ਹੋ ਗਿਆ ਹੈ, ਇਹ ਸੋਚ ਲਵੋ ।

ਰਾਜ ਮੰਤਰੀ, ਸੰਸਦੀ ਮਾਮਲੇ (ਸਰਦਾਰ ਬਲਦੇਵ ਸਿੰਘ ਮਾਨ) : ਸਪੀਕਰ ਸਾਹਿਬ, ਤੁਸੀਂ ਵੋਟਿੰਗ ਕਰਵਾ ਲਓ ।

ਸ੍ਰੀ ਸਪੀਕਰ : ਜਿਹੜੇ ਇਸ ਦੇ ਹੱਕ ਵਿਚ ਹਨ ਉਹ ਆਪਣੇ ਹੱਥ ਖੜ੍ਹੇ ਕਰ ਦਿਓ ।

(ਇਸ ਵਕਤ ਸਾਰੇ ਮਾਨਯੋਗ ਮੈਂਬਰਾਂ ਨੇ ਹੱਥ ਖੜੇ ਕੀਤੇ।)

ਹੱਥ ਖੜ੍ਹੇ ਕਰਨ ਦੇ ਨਾਲ ਮੈਂ ਇਹ ਵੀ ਪੁੱਛ ਲਵਾਂ (ਵਿਘਨ)

Mr. Speaker : Question is—

That Rule 97 of the Rules of Procedure and Conduct of Business in the Punjab Vidhan Sabha be suspended and that Sardar Gurdev Singh Badal, M.L.A., who has deliberately obstructed the proceedings of the House against the repeated orders of the Chair and thereby committed contempt of the House, be suspended from the service of the House for the remainder of the Session.

The Motion was carried

RESOLUTION *Re.* CONDEMNATION OF TERRORISM
(*Resumption of discussion*)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਮਾਨਯੋਗ ਸਪੀਕਰ ਸਾਹਿਬ, ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨੇ ਸਲਾਹ ਕਰਕੇ ਫੈਸਲਾ ਕੀਤਾ ਸੀ ਕਿ ਇਸ ਕਿਸਮ ਦਾ ਰੈਜ਼ੋਲਿਊਸ਼ਨ ਪੇਸ਼ ਕੀਤਾ ਜਾਵੇਗਾ । ਰੈਜ਼ੋਲਿਊਸ਼ਨ ਨੂੰ ਬਣਾਉਣ ਦੇ ਵਿਚ ਵੀ ਤਕਰੀਬਨ ਸਾਰੀਆਂ ਪਾਰਟੀਆਂ ਦੇ ਆਗੂਆਂ ਦਾ ਹੱਥ ਸੀ । ਬੜਾ ਖੂਬਸੂਰਤ ਰੈਜ਼ੋਲਿਊਸ਼ਨ ਬਣਿਆ ਖਿਆਲ ਸੀ ਕਿ ਇਥੇ ਕੰਟਰੋਵਰਸੀ ਨਹੀਂ ਹੋਵੇਗੀ। ਖਿਆਲ ਇਹ ਕੀਤਾ ਜਾਂਦਾ ਸੀ ਕਿ ਇਸ ਤਰ੍ਹਾਂ ਦਾ ਸੂਬੇ ਵਿਚ ਐਟਮਾਸਫੀਅਰ ਬਣਾਇਆ ਜਾਵੇ ਕਿਉਂਕਿ ਲਫਜ਼ ਮੈਂ ਇਸ ਦੇ ਵਿਚ ਰਪੀਟ ਕਰਨਾ ਚਾਹੁੰਦਾ ਹਾਂ :

"....to rededicate the State and the people of Punjab to the unity, integrity and solidarity of India and our undying faith in communal harmony. It places on reeord its utmost condemnation of terrorism in all its forms."

ਸਾਰੀਆਂ ਗੱਲਾਂ ਦੂਸਰੇ ਪਾਸਿਆਂ ਤੋਂ ਜਿਹੜੇ ਸੁਝਾਓ ਆਏ ਸਨ ਉਹ ਇਸ ਵਿਚ ਸ਼ਾਮਿਲ ਕਰ ਲਏ ਗਏ ਸਨ । ਖਿਆਲ ਸੀ ਕਿ ਇਸ ਦੀ ਕੰਟਰੋਵਰਸੀ ਨਹੀ ਹੋਵੇਗੀ । ਲੇਕਿਨ ਕੁਝ ਇਸ ਕਿਸਮ ਦੇ ਲੋਕ ਇਸ ਹਾਊਸ ਵਿਚ ਬੈਠੇ ਸਨ ਜਿਨ੍ਹਾਂ ਨੇ ਨਾਨ-ਕੰਟਰੋਵਰਸ਼ੀਅਲ ਨੂੰ ਕੰਟਰੋਵਰਸ਼ੀਅਲ ਬਣਾ ਦਿਤਾ । ਉਹ ਹੁਣ ਇਥੋਂ ਹਾਊਸ ਵਿਚੋਂ ਉਠ ਕੇ ਚਲੇ ਗਏ ਹਨ । ਮੈਂ ਉਨ੍ਹਾਂ ਦੀਆਂ ਗੱਲਾਂ ਦਾ ਜਵਾਬ ਦੇਣਾ ਚਾਹੁੰਦਾ ਸੀ ਜਿਹੜੀਆਂ ਗੱਲਾਂ ਉਨ੍ਹਾਂ ਨੇ ਇਥੋਂ ਰੋਜ਼ ਕੀਤੀਆਂ ਸਨ । ਕਈ ਮੇਰੇ ਮਾਨਯੋਗ ਮੈਂਬਰ ਇਸ ਰੇਜ਼ੋਲਿਊਸ਼ਨ ਤੇ ਬਹੁਤ ਅੱਛਾ ਬੋਲੇ ਹਨ । ਜਿਹੜੇ ਬਾਹਿਰ ਉਠਕੇ ਚਲੇ ਗਏ ਹਨ, ਮੇਰਾ ਖਿਆਲ ਸੀ ਕਿ ਉਹ ਮੇਰਾ ਜਵਾਬ ਸੁਣਕੇ ਜਾਣਗੇ ਪਰ ਉਨ੍ਹਾਂ ਵਿਚ ਜਵਾਬ ਸੁਣਨ ਦੀ ਹਿੰਮਤ ਨਹੀਂ ਸੀ ਉਹ ਸ਼ਾਇਦ ਇਸ ਕਰਕੇ ਬਾਹਰ ਚਲੇ ਗਏ ਹਨ ਕਿ ਸਾਨੂੰ ਵੋਟ ਕਰਨਾ ਪਵੇਗਾ । ਉਹ ਇਸ ਰੇਜ਼ੋਲਿਊਸ਼ਨ ਦੇ ਹੱਕ ਵਿਚ ਵੋਟ ਨਹੀਂ ਸੀ ਕਰਨਾ ਚਾਹੁਦੇ । ਉਹ ਉਨ੍ਹਾਂ ਲੋਕਾਂ ਦੀ ਗੋਲੀ ਤੋਂ ਡਰਦੇ ਹਨ ਜਿਹੜੇ ਅੱਤਿਵਾਦ ਵਿਚ ਵਿਸ਼ਵਾਸ ਰੱਖਦੇ ਹਨ । ਉਹ ਵਾਕ-ਆਊਟ ਦਾ ਬਹਾਨਾ ਬਣਾਕੇ ਇਥੋਂ ਚਲੇ ਗਏ ਹਨ ।

ਇਸ ਵੇਲੇ ਪੰਜਾਬ ਦੀ ਜੋ ਸਥਿਤੀ ਹੈ ਉਸ ਨੂੰ ਹਰ ਇਕ ਜਾਣਦਾ ਹੈ । ਸਾਰੇ ਚਾਹੁੰਦੇ ਹਨ ਕਿ ਪੰਜਾਬ ਵਿਚ ਅਮਨ ਹੋਵੇ । ਪੰਜਾਬ ਦੇ ਲੋਕ ਮਿਹਨਤੀ ਅਤੇ ਹਿੰਮਤੀ ਹਨ । ਪੰਜਾਬ ਦੇ ਲੋਕ ਵਿਹਲੇ ਨਹੀਂ ਰਹਿਣਾ ਚਾਹੁੰਦੇ ਜਿਸ ਤਰ੍ਹਾਂ ਕਈ ਲੋਕ ਵਿਹਲੇ ਰਹਿਦੇ ਹਨ ਅਤੇ ਵਿਹਲਾ ਰਹਿਣਾ ਚਾਹੁੰਦੇ ਹਨ । ਪੰਜਾਬ ਤਰੱਕੀ ਕਰੀ ਜਾ ਰਿਹਾ ਹੈ । ਗਵਰਨਰ ਦਾ ਐਡਰੈਸ ਆਪ ਦੇ ਸਾਹਮਣੇ ਹੈ, ਮੈਂ ਉਸ ਦੀ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ । ਉਸ ਵਿਚ ਪੱਖ ਪੇਸ਼ ਕੀਤੇ ਗਏ ਹਨ ਕਿ ਹਾਲਾਤ ਐਸੇ ਹਨ ਪਰ ਉਸ ਦੇ ਬਾਵਜੂਦ ਪੰਜਾਬ ਤਰੱਕੀ ਦੀਆਂ ਪੌੜੀਆਂ ਚੜ੍ਹ ਰਿਹਾ ਹੈ । ਪੰਜਾਬ ਦੇ ਲੋਕ ਦਿਲੀ ਚਾਹੁੰਦੇ ਹਨ ਕਿ ਇਥੇ ਅਮਨ ਹੋਵੇ ਸ਼ਾਂਤੀ ਹੋਵੇ। ਕੁਝ ਲੋਕ ਜਿਹੜੇ ਅਤੰਕਵਾਦ ਵਿਚ ਵਿਸ਼ਵਾਸ਼ ਰਖਣ ਵਾਲੇ ਹਨ ਉਹ ਚਾਹੁੰਦੇ ਹਨ ਕਿਸੇ ਤਰੀਕੇ ਨਾਲ ਮਸਲਾ ਹੱਲ ਨਾ ਹੋਵੇ । ਉਨ੍ਹਾਂ ਦੇ ਖਿਲਾਫ ਅੱਜ ਸਾਰਾ ਸਮੁੱਚਾ ਪੰਜਾਬ ਖੜ੍ਹਾ ਹੋ ਗਿਆ, ਸਾਰੀਆਂ ਪਾਰਟੀਆਂ ਖੜੀਆਂ ਹਨ, ਸਾਰੇ ਧਰਮਾਂ ਦੇ ਲੋਕ, ਸਾਰੇ ਵਿਚਾਰਾਂ ਦੇ ਲੋਕ ਇਕੱਠੇ ਹੋ ਗਏ । ਇਥੇ ਡੋਡ ਜੀ ਨੇ ਕਿਹਾ ਸੀ ਕਿ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਜਾਣਾ ਚਾਹੀਦਾ ਹੈ। ਪੰਜਾਬ ਲਾਮਬੰਦ ਹੋ ਗਿਆ ਹੈ। ਇਕ ਬੀਮਾਰੀ ਇਕ ਪਾਸ ਸ਼ੁਰੂ ਹੋ ਗਈ ਹੈ, ਉਸ ਨੂੰ ਖਤਮ ਕੀਤਾ ਜਾ ਸਕਦਾ ਹੈ। To nip the evil in the bud ਇਹ ਇਸ ਵੇਲੇ ਸੁਝਾਓ ਆਏ ਹਨ, ਮੈਂ ਉਨ੍ਹਾਂ ਨਾਲ ਸਹਿਮਤ ਹਾਂ।

ਇਥੇ ਬਿਨਾ ਵਜਾਹ ਅਕਾਲ ਤਖਤ ਨੂੰ ਖਿਚ ਲਿਆਂਦਾ ਗਿਆ ਹਾਲਾਂ ਕਿ ਇਸ ਦੀ ਲੋੜ ਨਹੀਂ ਸੀ। ਇਸ ਕੰਟਰੋਵਰਸੀ ਵਿਚ ਇਸ ਹਾਊਸ ਵਿਚ ਅਕਾਲ ਤਖਤ ਦਾ ਜ਼ਿਕਰ ਕਰਨ ਦੀ ਲੋੜ ਨਹੀਂ ਸੀ ਔਰ ਅਕਾਲ ਤਖਤ ਦੇ ਜਥੇਦਾਰ ਸਾਹਿਬਾਨ ਦੀ ਲੋੜ ਨਹੀਂ ਸੀ ਪੈਣੀ । ਬਿਨਾ ਵਜਾਹ ਕੁਝ ਲੋਕ ਇਸ ਤਰ੍ਹਾਂ ਦਾ ਵਾਤਾਵਰਣ ਪੈਦਾ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਅਕਾਲ ਤਖਤ ਦੇ ਨਾਮ ਨੂੰ ਵੀ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਤਰ੍ਹਾਂ ਅਕਾਲ ਤਖ਼ਤ ਸਾਹਿਬ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਹੈ . ਇਥੇ ਸਦਨ ਵਿੱਚ ਉਨ੍ਹਾਂ ਦੇ ਨਾਮ ਤੋਂ ਲਾਭ ਲੈਣ ਦੀ ਕੋਸ਼ਿਸ਼ ਕੀਤੀ ਹੈ ਔਰ ਇਥੇ ਕਿਹਾ ਗਿਆ ਕਿ ਇਹ ਅਕਾਲ ਤਖ਼ਤ ਸਾਹਿਬ ਦੇ ਵਿਰੋਧ ਵਿੱਚ ਖੜ੍ਹਾ ਹੋ ਗਿਆ ਹੈ। ਮੈਂ ਇਸ ਗਲ ਨੂੰ ਫਿਰ ਦੁਹਰਾਉਣਾ ਚਾਹੁੰਦਾ ਹਾਂ ਕਿ ਅਸੀਂ ਕੋਈ ਐਸੀ ਗੱਲ ਨਹੀਂ ਕੀਤੀ। ਇਧਰੋਂ ਸਾਰੇ ਦੇ ਸਾਰੇ ਹੀ ਅਕਾਲ ਤਖ਼ਤ ਸਾਹਿਬ ਦੇ, ਇਕੱਲੇ ਸਿਖ ਹੀ ਨਹੀਂ ਦੂਸਰੇ ਵੀ ਜੋ ਹਨ, ਅਕਾਲ ਤਖ਼ਤ ਸਾਹਿਬ ਦੀ ਸ਼ਰਧਾ ਆਪਣੇ ਮਨਾਂ ਵਿੱਚ ਰਖਦੇ ਹਨ। (ਥੰਪਿੰਗ) ਅਕਾਲ ਤਖ਼ਤ ਸਾਹਿਬ ਦੀ ਅਥਾਰਿਟੀ ਛੋਵੇਂ

[ਮੁੱਖ ਮੰਤਰੀ]

ਪਾਤਸ਼ਾਹ ਤੋਂ ਬਣੀ ਚਲੀ ਆ ਰਹੀ ਹੈ ਅਤੇ ਇਸ ਪ੍ਰਤੀ ਸ਼ਰਧਾ ਸਾਡੇ ਮਨਾਂ ਵਿੱਚ ਹੈ ਲੇਕਿਨ ਉਸ ਦਾ ਮਿਸਯੂਜ਼ ਜੇ ਕੋਈ ਹੋ ਜਾਏ ਤਾਂ ਉਹ ਮਿਸਯੂਜ਼ ਸਿਖ ਸੰਗਤ ਨੇ ਬਰਦਾਸ਼ਤ ਨਹੀਂ ਕੀਤਾ। ਇਤਿਹਾਸ ਵਿੱਚ ਕਈ ਐਸੇ ਮੌਕੇ ਆਏ ਜਿਥੇ ਇਸ ਅਥਾਰਿਟੀ ਦਾ ਮਿਸਯੂਜ਼ ਹੋਇਆ ਤਾਂ ਸਿੱਖਾਂ ਨੇ ਖੜ੍ਹੇ ਹੋ ਕੇ ਕਿਹਾ ਕਿ ਇਹ ਨਹੀਂ ਹੋਣਾ ਚਾਹੀਦਾ। ਇਹੀ ਨਹੀਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਨੇ ਸਿਖ ਕੌਮ ਨੂੰ ਸਾਜਿਆਂ, ਜਿਨ੍ਹਾਂ ਨੇ ਖਾਲਸਾ ਸਾਜਿਆ ਉਨ੍ਹਾਂ ਨੇ ਵੀ ਕਿਹਾ ਕਿ ਗਲਤੀ ਮੇਰੇ ਪਾਸੋਂ ਵੀ ਹੋ ਸਕਦੀ ਹੈ ਔਰ ਜਿਥੇ ਕਿਧਰੇ ਮੈਂ ਕੋਈ ਗਲਤੀ ਕਰਾਂ ਤਾਂ ਮੈਨੂੰ ਟੋਕਿਆ ਜਾ ਸਕਦਾ ਹੈ ਔਰ ਕਈ ਜਗ੍ਹਾਂ ਤੇ ਸਿੱਖਾਂ ਨੇ ਗੁਰੂ ਸਾਹਿਬ ਨੂੰ ਟੋਕਿਆ ਵੀ ਅਤੇ ਜਿਥੇ ਜਿਥੇ ਕਿਧਰੇ ਉਨ੍ਹਾਂ ਨੂੰ ਕੋਈ ਗਲਤੀ ਨਜ਼ਰ ਆਈ ਉਸ ਦੇ ਬਾਰੇ ਸਿੱਖਾਂ ਨੇ ਗੁਰੂ ਨੂੰ ਕਿਹਾ ਔਰ ਗੁਰੂ ਸਾਹਿਬ ਨੇ ਉਸ ਨੂੰ ਮੰਨਿਆ ਅਤੇ ਇਸ ਗੱਲ ਦਾ ਸਤਿਕਾਰ ਕੀਤਾ ਅਤੇ ਸ਼ਾਬਾਸ਼ ਦਿੱਤੀ ਕਿ ਤੁਹਾਡੇ ਵਿੱਚ ਹਿੰਮਤ ਹੈ ਕਿ ਤੁਸੀਂ ਮੈਨੂੰ ਟੋਕਣ ਵਾਲੇ ਬਣੇ ਹੋ। ਜੇ ਕੋਈ ਗਲਤੀ ਹੋ ਜਾਵੇ, ਜੇ ਅਕਾਲ ਤਖ਼ਤ ਸਾਹਿਬ ਨੂੰ ਗਲਤ ਤਰੀਕੇ ਨਾਲ ਵਰਤਿਆ ਜਾਵੇ, ਉਸ ਦਾ ਨਾਮ ਇਸ ਤਰ੍ਹਾਂ ਵਰਤਿਆ ਜਾਵੇ ਤਾਂ ਉਸ ਤੇ ਕਿੰਤੂ ਪ੍ਰੰਤੂ ਜ਼ਰੂਰ ਹੋ ਸਕਦਾ ਹੈ। ਅਸੀਂ ਸਿਰਫ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਾਹਿਬ ਨੂੰ ਇਸ ਅਥਾਰਿਟੀ ਦਾ ਪੂਰਾ ਸਤਿਕਾਰ ਰਖਦਿਆਂ ਇਤਨੀ ਗਲ ਕਹੀ ਸੀ ਕਿ ਸਾਡਾ ਇਕ ਪੁਰਾਣਾ ਇਤਿਹਾਸ ਹੈ, ਸਾਡੀ ਇਸ ਪਾਰਟੀ ਦਾ 70 ਸਾਲਾਂ ਪੁਰਾਣਾ ਇਤਿਹਾਸ ਹੈ ਔਰ ਇਸ ਪਾਰਟੀ ਨੂੰ ਝੱਟ ਪੱਟ ਆਪਣੀ ਜ਼ਬਾਨ ਤੋਂ ਇਹ ਕਹੋ ਕਿ ਪਾਰਟੀ ਇਹ ਖ਼ਤਮ ਕਰ ਦਿੱਤੀ ਜਾਵੇ, ਇਹ ਅਸਤੀਫਾ ਦੇ ਦੇਣ ਔਰ ਇਸ ਦਾ ਨਵਾਂ ਵਿਧਾਨ ਬਣ ਗਿਆ ਜਾਂ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਕਰਨੀਆਂ ਇਹ ਤੁਹਾਡੇ ਅਖ਼ਤਿਆਰ ਤੋਂ ਬਾਹਰ ਦੀਆਂ ਗੱਲਾਂ ਹਨ। ਇਹ ਗੱਲਾਂ ਕਰਨ ਨਾਲ ਅਕਾਲ ਤਖ਼ਤ ਸਾਹਿਬ ਨੂੰ ਕੰਟਰੋਵਰਸੀ ਵਿੱਚ ਪਾਉਣ ਵਾਲੀਆਂ ਗੱਲਾਂ ਹਨ। ਉਹੀ ਗੱਲ ਹੋਈ। ਲੋਕਾਂ ਨੇ ਵਾਦਵਿਵਾਦ ਖੜ੍ਹਾ ਕਰ ਦਿੱਤਾ, ਅਕਾਲ ਤਖ਼ਤ ਸਾਹਿਬ ਦੀ ਅਥਾਰਿਟੀ ਨੂੰ ਕੰਟਰੋਵਰਸੀ ਵਿੱਚ ਪਾ ਦਿੱਤਾ। ਲੋਕਾਂ ਵਿੱਚ ਬਹਿਸ ਛਿੜਨ ਲਗ ਪਈ ਜਿਹੜੀ ਕਿ ਅਸੀਂ ਨਹੀਂ ਸੀ ਚਾਹੁੰਦੇ ਕਿ ਇਸ ਕਿਸਮ ਦੇ ਕਿੰਤੂ ਵਿੰਤੂ ਦੀ ਗਲ ਅਕਾਲ ਤਖ਼ਤ ਸਾਹਿਬ ਦੇ ਬਾਰੇ ਹੋਵੇ। ਪਹਿਲਾਂ ਜੋ ਪ੍ਰੰਪਰਾ ਸੀ ਉਸ ਨੂੰ ਵੀ ਵਿਗਾੜਿਆ ਗਿਆ। ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਤੇ ਕਾਤਲਾਨਾ ਹਮਲਾ ਹੋਇਆ। ਮੈਂ ਉਸ ਗੱਲ ਵਿੱਚ ਨਹੀਂ ਪੈਣਾ ਚਾਹੁੰਦਾ, ਜੇ ਮੈਂ ਇਸ ਗੱਲ ਵਿੱਚ ਪੈ ਗਿਆ ਤ ਗੱਲ ਲੰਮੀ ਹੋ ਜਾਵੇਗੀ। ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਜਿਸ ਨੂੰ ਇਹ ਆਪਣੇ ਸਮੇਂ ਸਾਰੇ ਹੀ ਮੰਨੇ ਤੇ ਜਿਸ ਵੇਲੇ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਵਲੋਂ ਸਰਬਤ ਖਾਲਸਾ ਬੁਲਾਉਣ ਦੀ ਲੋੜ ਪਈ ਤਾਂ ਉਸ ਵੇਲੇ ਦੇ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਜੋ ਭਾਈ ਕਿਰਪਾਲ ਸਿੰਘ ਜੀ ਸਨ ਉਨ੍ਹਾਂ ਵਲੋਂ ਸਰਬਤ ਖਾਲਸਾ ਬੁਲਾਇਆ ਗਿਆ ਜਿਸ ਦੇ ਬਾਰੇ ਵਿਚਾਰ ਹੋਈ ਤੇ ਸਾਰੀ ਸੋਚ ਵਿਚਾਰ ਤੋਂ ਬਾਅਦ ਫੈਸਲਾ ਹੋਇਆ ਕਿ ਜੇ ਸਰਬਤ ਖਾਲਸਾ ਅੰਮ੍ਰਿਤਸਰ ਬੁਲਾਇਆ ਗਿਆ ਤਾਂ ਇਸ ਦੇ ਨਾਲ ਨਾਲ ਹੋ ਸਕਦਾ ਹੈ ਖੂਨ ਖ਼ਰਾਬਾ ਹੋਵੇ, ਦੂਸਰੇ ਲੋਕ ਜੋ ਉਸ ਪਵਿੱਤਰ ਪ੍ਰਕਰਮਾ ਵਿੱਚ ਖੂਨ ਖ਼ਰਾਬਾ ਕਰਨ ਲਈ ਤਿਆਰ ਸਨ, ਉਸ ਖੂਨ ਖ਼ਰਾਬੇ ਤੋਂ ਬਚਾਉਣ ਦੇ ਲਈ ਸਾਰਿਆਂ ਨੇ ਮਿਲਕੇ ਫੈਸਲਾ ਕੀਤਾ ਜਿਸ ਦੇ ਵਿੱਚ ਇਹ ਵੀ ਸ਼ਾਮਲ ਸਨ ਅਤੇ ਇਸ ਦੇ ਲਈ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਾਹਿਬ ਤੋਂ ਮਨਜ਼ੂਰੀ ਲਈ ਅਤੇ ਉਨ੍ਹਾਂ ਤੋਂ ਇਸ ਗੱਲ ਦਾ ਹੁਕਮਨਾਮਾ ਕਰਵਾਇਆ ਗਿਆ ਕਿ ਸਰਬਤ ਖਾਲਸਾ ਅੰਮ੍ਰਿਤਸਰ ਦੀ ਥਾਂ ਸ੍ਰੀ ਅਨੰਦਪੁਰ ਸਾਹਿਬ ਹੋਵੇਗਾ ਔਰ ਉਥੇ ਸਰਬਤ ਖਾਲਸਾ ਹੋਇਆ। ਖਿਆਲਾ ਜੀ ਨੇ ਸਾਰਾ ਕੁਝ ਦੱਸਿਆ ਹੈ ਕਿ ਉਥੇ ਜੋ ਰੈਜ਼ੋਲਿਊਸ਼ਨ ਹੋਇਆ ਉਹ ਕਿਸ ਨੇ ਲਿਖਿਆ ਅਤੇ ਕਿਸ ਤਰ੍ਹਾਂ ਕੀ ਕੁਝ ਹੋਇਆ ਉਸ ਦੇ ਬਾਰੇ ਸਾਰਾ ਕੁਝ ਉਨਾਂ ਨੇ ਦੱਸਿਆ ਹੈ। ਅੱਜ ਇਹ ਲੋਕ ਜੋ ਭੱਜੇ ਹਨ ਜਿਨ੍ਹਾਂ ਨੇ ਰੈਜ਼ੋਲਿਊਸ਼ਨ ਕਰਵਾਇਆ, ਜਿਨ੍ਹਾਂ ਆਦੇਸ਼ ਦਿੱਤਾ ਔਰ ਇਹ ਆਦੇਸ਼ ਮੇਰੀ ਖ਼ਾਤਰ ਸੀ। ਮੈਂ

ਪਾਰਟੀ ਦਾ ਪ੍ਰਧਾਨ ਵੀ ਸੀ ਔਰ ਪੰਜਾਬ ਦਾ ਚੀਫ਼ ਮਨਿਸਟਰ ਵੀ ਸੀ ਇਸ ਕਰਕੇ ਉਸ ਦੇ ਵਿੱਚ ਮੈਨੂੰ ਆਖਿਆ ਗਿਆ ਕਿ ਕਿਉਂਕਿ ਇਸ ਵੇਲੇ ਪਾਰਟੀ ਦਾ ਮੈਂ ਪ੍ਰਧਾਨ ਹਾਂ ਇਸ ਕਰਕੇ ਤੁਹਾਡਾ ਫਰਜ਼ ਬਣਦਾ ਹੈ ਕਿ ਤੁਸੀਂ ਇਨ੍ਹਾਂ ਨੂੰ ਇਥੋਂ ਕੱਢੋ। ਉਸ ਮੱਤੇ ਦੇ ਵਿੱਚ ਉਨ੍ਹਾਂ ਨੂੰ ਬਹੁਤ ਸਖਤ ਸ਼ਬਦ ਕਹੇ ਅਤੇ ਉਨ੍ਹਾਂ ਨੂੰ ਧਾੜਵੀ, ਕਾਤਲ ਅਤੇ ਡਕਾਇਤ ਦੱਸਿਆ ਗਿਆ ਅਤੇ ਕਿਹਾ ਗਿਆ ਕਿ ਇਨ੍ਹਾਂ ਨੂੰ ਕਢਣਾ ਇਥੋਂ ਤੁਹਾਡਾ ਫਰਜ਼ ਬਣਦਾ ਹੈ। ਜਦੋਂ ਇਨ੍ਹਾਂ ਨੂੰ ਕਢਿਆ ਗਿਆ ਉਦੋਂ ਇਨ੍ਹਾਂ ਨੇ ਐਸੇ ਹਾਲਾਤ ਪੈਦਾ ਕਰ ਦਿਤੇ । ਸਾਡੀ ਮਜਬੂਰੀ ਹੋ ਗਈ ਸੀ ਸਾਨੂੰ ਕਢਣਾ ਪਿਆ। ਉਥੇ ਇਨ੍ਹਾਂ ਲੋਕਾਂ ਨੇ ਮੌਕਾ ਦੇਖਿਆ ਕਿਉਂਕਿ ਇਹ ਕੁਰਸੀ ਲੈਣਾ ਚਾਹੁੰਦੇ ਸਨ ਧਰਮ ਦੇ ਨਾਂ ਤੇ ਜਹਾਦ ਖੜ੍ਹਾ ਕਰ ਦਿਤਾ, ਪੁਲੀਸ ਦੇ ਨਾਂ ਤੇ ਕਿ ਦਰਬਾਰ ਸਾਹਿਬ ਵਿਚ ਪੁਲੀਸ ਨਹੀਂ ਜਾਣੀ ਚਾਹੀਦੀ ਹੈ। ਬੜਾ ਵਾਅ ਵੇਲਾ ਹੋਇਆ, ਪਰ ਇਨ੍ਹਾਂ ਨੂੰ ਲੋਕਾਂ ਨੇ ਮੂੰਹ ਨਹੀਂ ਲਾਇਆ । ਅਸੀਂ ਲੱਖਾਂ ਦੇ ਇਕੱਠ ਕੀਤੇ ਔਰ ਹਰ ਜ਼ਿਲ੍ਹੇ ਵਿਚ ਕੀਤੇ ਬਾਰਡਰ ਏਰੀਆ ਸਮੇਤ ਹਰ ਜਗ੍ਹਾ ਤੇ ਇਕੱਠ ਕੀਤੇ ਗਏ, ਲੋਕਾਂ ਨੇ ਬੜਾਂ ਉਤਸ਼ਾਹ ਦਿਖਾਇਆ ਇਹ ਹਾਰ ਖਾ ਗਏ। ਇਨ੍ਹਾਂ ਨੇ ਕਈ ਤਰੀਕੇ ਵਰਤੇ, ਕਈ ਹਮਲੇ ਕੀਤੇ ਪਰ ਕੁਝ ਨਾ ਬਣਿਆ। ਆਖਰ ਵਿਚ ਇਹ ਤਰੀਕਾ ਲਭਿਆ ਕਿ ਅਕਾਲ ਤਖ਼ਤ ਨੂੰ ਵਰਤ ਲਿਆ ਜਾਵੇ। ਸਿਖ ਸੰਗਤਾਂ ਅਕਾਲ ਤਖ਼ਤ ਦਾ ਹਮੇਸ਼ਾ ਸਤਿਕਾਰ ਕਰਦੀਆਂ ਹਨ, ਇਸ ਲਈ ਇਨ੍ਹਾਂ ਨੇ ਅਤਿ-ਵਾਦੀਆਂ ਨਾਲ ਮਿਲ ਕੇ ਕੁਰਸੀ ਹਾਸਲ ਕਰਨ ਵਾਸਤੇ ਇਹ ਕੰਮ ਕੀਤਾ ।

ਪਹਿਲੀ ਗਲ ਜੋ ਕੀਤੀ ਉਹ ਇਹ ਸੀ ਕਿ ਟਾਸਕ ਫ਼ੋਰਸ ਜਿਸ ਵਿਚ ਕੋਈ 134, 135 ਬੰਦੇ ਸਨ ਜੋ ਰਿਟਾਇਰਡ ਫ਼ੌਜੀ ਸਨ, ਜਾ ਐਕਸ ਸਰਵਿਸਮੈਨ ਸਨ ਜਾਂ ਉਹ ਜਿਹੜੇ ਬੈਰਕਾਂ ਛੱਡ ਕੇ ਆਏ ਸਨ; ਉਨ੍ਹਾਂ ਦੀ ਛੋਟੀ ਜਿਹੀ ਟੁਕੜੀ ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਦੀ ਸੰਭਾਲ ਲਈ ਨਿਯੁਕਤ ਕੀਤੀ ਸੀ। ਇਲੈਕਸ਼ਨਾਂ ਤੋਂ ਬਾਅਦ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਹਟਾਂ ਦਿਤਾ ਗਿਆ। ਟਾਸਕ ਫ਼ੋਰਸ ਹਟਾ ਦਿਤੀ ਗਈ, ਫਿਰ ਉਨ੍ਹਾਂ ਦੀ ਪ੍ਰੋਟੈਕਸ਼ਨ ਕੌਣ ਕਰੇਗਾ। ਉਥੇ ਦੂਜਿਆਂ ਨੇ ਆ ਕੇ ਕਬਜ਼ਾ ਕਰ ਲਿਆ। ਉਥੇ ਟਾਰਚਰ ਹਾਊਸ ਬਣਾ ਦਿਤਾ ਗਿਆ ਕਮਰਾ ਨੰ: 47 ਨੂੰ। ਕਿਸੇ ਸ਼ਰਧਾਵਾਨ ਸਿੰਘ ਨੂੰ ਜੋ ਮੁਲਾਜ਼ਮ ਵੀ ਹੈ ਉਸ ਦੀ ਸ਼ਰਧਾ ਹੈ ਦਰਬਾਰ ਸਾਹਿਬ ਵਿਚ ਮੱਥਾ ਟੇਕਣ ਦੀ। ਉਹ ਗਿਆ ਅਤੇ ਉਸ ਨੂੰ ਕਮਰੇ ਵਿਚ ਬੰਦ ਕਰਕੇ ਅਗਰ ਟਾਰਚਰ ਕੀਤਾ ਜਾਵੇ ਤਾਂ ਕਿੰਨੀ ਮਾੜੀ ਗੱਲ ਹੈ। ਮੈਂ ਦਸਣਾ ਚਾਹੁੰਦਾ ਹਾਂ ਕਿ ਉਸ ਦੀ ਕੀ ਹਾਲਤ ਕੀਤੀ ਗਈ ਹੈ। ਮੇਰੇ ਕੋਲ ਮੈਡੀਕਲ ਰਿਪੋਰਟ ਹੈ ਜੋ ਬੰਦਾ ਪਕੜ ਕੇ ਰਖਿਆ ਗਿਆ ਹੈ ਉਸ ਦੇ ਜਿਸਮ ਤੇ 16 ਸੱਟਾਂ ਮਾਰੀਆਂ ਗਈਆਂ। ਮੈਡੀਕਲ ਰਿਪੋਰਟ ਰਹਿੰਦੀ ਹੈ ਕਿ ਉਸ ਦੇ ਪੱਟਾਂ ਨੂੰ ਕੱਟ ਕੱਟ ਕੇ ਉਥੇ ਨਮਕ ਮਿਰਚਾਂ ਪਾਈਆਂ ਗਈਆਂ। ਪਿੰਡਲੀਆਂ ਤੇ ਮੋਢਿਆਂ ਤੇ ਟਾਰਚਰ ਦੇ ਨਿਸ਼ਾਨ ਸਨ। ਉਸ ਕਮਰੇ ਨੂੰ ਟਾਰਚਰ ਹਾਊਸ ਬਣਾ ਕੇ ਵਰਤਿਆ ਗਿਆ। ਅਸੀਂ ਕਹਿੰਦੇ ਹਾਂ ਕਿ ਅਜਿਹੇ ਕੰਮਾਂ ਲਈ ਦਰਬਾਰ ਸਾਹਿਬ ਕੰਪਲੈਕਸ ਦੀ ਵਰਤੋਂ ਨਹੀਂ ਹੋਣੀ ਚਾਹੀਦੀ। ਅਕਾਲ ਤਖ਼ਤ ਉਤੋਂ ਇਹ ਹੁਕਮ ਹੋਣਾ ਚਾਹੀਦਾ ਹੈ ਕਿ ਜਿਸ ਕਿਸਮ ਦੇ ਕੰਮ ਉਥੇ ਕੀਤੇ ਜਾ ਰਹੇ ਹਨ, ਇਹ ਨਹੀਂ ਹੋਣੇ ਚਾਹੀਦੇ। ਉਸ ਪਵਿੱਤਰ ਸਥਾਨ ਤੇ ਸਾਰੇ ਸ਼ਰਧਾਲੂਆਂ ਨੇ ਆਉਣਾ ਹੈ, ਉਥੋਂ ਮੁਰਾਦਾਂ ਮੰਗਣ ਵਾਸਤੇ ਆਉਣਾ ਹੈ। ਸਾਡਾ ਸਭ ਤੋਂ ਵੱਡਾ ਫਰਜ਼ ਇਹ ਸੀ ਕਿ ਇਹੋ ਜਿਹੀਆਂ ਚੀਜ਼ਾਂ ਨੂੰ ਉਥੋਂ ਖ਼ਤਮ ਕੀਤਾ ਜਾਵੇ, ਪਰ ਚੂੰਕਿ ਕਮਰੇ ਐਸੇ ਕੰਮਾਂ ਲਈ ਵਰਤੇ ਜਾ ਰਹੇ ਹਨ ਔਰ ਜੇ ਕੋਈ ਬਚਾਉਣ ਵਾਸਤੇ ਗਿਆ ਤਾਂ ਗੋਲੀ ਮਾਰ ਦਿਤੀ। ਇਕ ਬੰਦਾ ਮਰ ਗਿਆ ਹੈ ਕੁਝ ਜ਼ਖ਼ਮੀ ਹੋਏ ਕਿਉਂਕਿ ਅੱਤਵਾਦੀਆਂ ਨੇ ਉਥੇ ਕਬਜ਼ਾ ਕੀਤਾ ਹੋਇਆ ਹੈ ਔਰ ਉਸ ਪਵਿੱਤਰ ਪ੍ਰਕਰਮਾ ਦੀ ਦੁਰਵਰਤੋਂ ਹੋ ਰਹੀ ਹੈ ਮੈਨੂੰ ਇਨ੍ਹਾਂ ਗੱਲਾਂ ਵਿਚ ਜਾਣ ਦੀ ਲੋੜ ਨਹੀਂ ਸੀ ਕਿਉਂਕਿ ਉਧਰੋਂ ਆਖਿਆ ਗਿਆ, ਇਸ ਲਈ ਕਹਿਣਾ ਪੈ ਰਿਹਾ ਹੈ, ਅਸੀਂ ਇਸ ਬਹਿਸ ਵਿਚ ਨਹੀਂ ਸੀ ਆਉਣਾ ਚਾਹੁੰਦੇ। ਅਕਾਲ ਤਖ਼ਤ ਦੇ ਜੱਥੇਦਾਰ ਨੂੰ ਡਿਸਮਿਸ ਕਰ ਦਿਤਾ ਜਾਵੇ, ਉਨ੍ਹਾਂ ਨੂੰ ਐਸ. ਜੀ. ਪੀ. ਸੀ. ਦੇ ਮਲਾਜ਼ਮ ਨਹੀਂ ਸਮਝਿਆ

[ਮੁੱਖ ਮੰਤਰੀ]

ਜਾਂਦਾ। ਉਨ੍ਹਾਂ ਨੂੰ ਡਿਸਮਿਸ ਨਹੀਂ ਕੀਤਾ ਜਾਂਦਾ ਐਸੀ ਮਰਿਆਦਾ ਨਹੀਂ ਹੈ। ਉਨ੍ਹਾਂ ਦੀ ਸਮਰੀ ਡਿਸਮਿਸਲ ਕੀਤੀ ਗਈ ਹੈ। ਉਨ੍ਹਾਂ ਨੂੰ ਪੁਛਣਾ ਚਾਹੀਦਾ ਸੀ ਕਿ ਕੀ ਤੁਸੀਂ ਇਹ ਡਿਊਟੀ ਨਿਭਾਉਣਾ ਚਾਹੁੰਦੇ ਹੋ, ਨਹੀਂ ਪਰ ਉਨ੍ਹਾਂ ਨੂੰ ਕੱਢ ਦਿਤਾ ਗਿਆ। ਨੰਬਰ ਇਕ ਪੁਆਇੰਟ ਜੋ ਇਨ੍ਹਾਂ ਦੇ ਪ੍ਰੋਗਰਾਮ ਵਿਚ ਦਸਿਆ ਗਿਆ ਸੀ ਉਹ ਸੀ ਇਸ ਸਰਕਾਰ ਨੂੰ ਡੇਗਣਾ ਹੈ।

ਕਿਸੇ ਨਾ ਕਿਸੇ ਤਰੀਕੇ ਨਾਲ ਇਨ੍ਹਾਂ ਨੂੰ ਢਾਉਣਾ ਹੈ। ਬਾਈਕਾਟ ਇਲੈਕਸ਼ਨਾਂ ਦਾ ਕਰਕੇ ਹਾਰ ਚੁਕੇ ਸਨ। ਵੇਖ ਲਿਆ ਸੀ ਕਿ ਪੰਜਾਬ ਦੇ ਲੋਕਾਂ ਨੇ ਬਿਲਕੁਲ ਸਾਥ ਨਹੀਂ ਦਿੱਤਾ, ਧਰਮ ਦਾ ਨਾਮ ਲੈ ਕੇ ਲੋਕਾਂ ਪਾਸ ਗਏ ਪਰ ਨਾ ਗੱਲ ਬਣੀ ਸੀ। ਹੁਣ ਇਕ ਹੋਰ ਹਮਲਾ ਅਕਾਲ ਤਖ਼ਤ ਦੇ ਨਾਮ ਤੇ ਕੀਤਾ ਜਿਸ ਵਿਚ ਵੀ ਹਾਰ ਖਾਣੀ ਪਈ। ਮੈਂ ਇਸ ਦੇ ਬਾਰੇ, ਸਪੀਕਰ ਸਾਹਿਬ, ਅਰਜ਼ ਕਰਨੀ ਚਾਹਵਾਂਗਾ, ਅਸੀਂ ਏਕਤਾ ਦੇ ਯਤਨ ਕਰਦੇ ਰਹੇ ਹਾਂ। ਅਸੀਂ ਦੇਸ਼ ਦੀ ਏਕਤਾ ਚਾਹੁੰਦੇ ਹਾਂ, ਸਦ-ਭਾਵਨਾ ਦੀ ਗੱਲ ਕਰਦੇ ਹਾਂ ਕਿ ਹਿੰਦੂ ਸਿੱਖ ਇਕ ਹੋ ਜਾਣ, ਇਸਾਈ, ਮੁਸਲਮਾਨ ਸਭ ਇਕ ਹੋ ਜਾਣ। ਅਸੀਂ 73 ਆਏ ਸੀ। ਬੜਾ ਲੋਕਾਂ ਨੇ ਕਾਮਯਾਬ ਕਰਕੇ ਭੇਜੇ ਸਨ ਲੇਕਿਨ ਐਸੇ ਹਾਲਾਤ ਪੈਦਾ ਕੀਤੇ ਗਏ ਅੱਜ ਕੁਝ ਉਧਰ ਜਾ ਕੇ ਬੈਠੇ ਹਨ। ਅਸੀਂ ਬੜੇ ਯਤਨ ਕਰਦੇ ਰਹੇ ਕਿ ਏਕਤਾ ਹੋ ਜਾਵੇ। ਇਕ ਸਮਾਂ ਐਸਾ ਵੀ ਆਇਆ, ਪਿਛਲੇ ਜੱਥੇਦਾਰ ਕਿਰਪਾਲ ਸਿੰਘ ਹੋਰਾਂ ਨੇ ਇਹ ਮਾਮਲਾ ਆਪਣੇ ਹੱਥ ਵਿਚ ਲਿਆ ਸੀ। ਸਾਨੂੰ ਵੀ ਬੁਲਾਇਆ. ਸਾਰਿਆਂ ਨੂੰ ਬੁਲਾਇਆ। ਬਾਦਲ ਸਾਹਿਬ ਨੂੰ ਬੁਲਾਇਆ ਅਮਰਿੰਦਰ ਸਿੰਘ ਨੂੰ ਬੁਲਾਇਆ। ਉਨ੍ਹਾਂ ਹੋਰ ਲੋਕਾਂ ਨੂੰ ਵੀ ਬੁਲਾਇਆ ਸ਼ਾਇਦ ਟੌਹੜਾ ਸਾਹਿਬ ਨੂੰ ਵੀ ਬੁਲਾਇਆ ਹੈ। ਇਹੋ ਹੀ ਅਮਰਿੰਦਰ ਸਿੰਘ ਰਜਵਾੜਾਸ਼ਾਹੀ ਦਾ ਆਗੂ ਹੈ ਅਤੇ ਸਰਮਾਏਦਾਰ ਆਗੂਆਂ ਨੇ ਏਕਤਾ ਦੀ ਗੱਲ ਨੂੰ ਰਿਜੈਕਟ ਕਰ ਦਿੱਤਾ। ਕਿਹਾ ਕਿ ਸਿੰਘ ਸਾਹਿਬਾਨ ਨੂੰ ਕੋਈ ਅਧਿਕਾਰ ਨਹੀਂ, ਅੱਜ ਅਕਾਲ ਤਖਤ ਦੀ ਗਲ ਕਰਨ ਲਗੇ ਹਨ। ਮਹਿਜ਼ ਉਹ ਇਕੋ ਗੱਲ ਵਾਸਤੇ ਬੁਲਾ ਰਹੇ ਸਨ ਕਿ ਏਕਤਾ ਹੋਵੇ,। ਸੰਤ ਜੀ ਤੋਂ ਬਾਦ ਸ਼੍ਰੋਮਣੀ ਅਕਾਲੀ ਦਲ ਨੇ ਇਲੈਕਸ਼ਨ ਕਮਿਸ਼ਨ ਪਾਸ ਕੇਸ ਫਾਈਟ ਕਰਕੇ ਸਿੰਬਲ ਲਿਆ ਹੈ। ਸਾਧਾਰਣ ਗੱਲ ਨਹੀਂ ਹੈ। ਇਲੈਕਸ਼ਨ ਕਮਿਸ਼ਨ ਕੋਲ ਕੇਸ ਫਾਈਟ ਕਰਨਾ ਪਿਆ। ਤਲਵੰਡੀ ਸਾਹਿਬ ਨੇ ਇਲੈਕਸ਼ਨ ਕਮਿਸ਼ਨ ਪਾਸ ਕੇਸ ਫਾਈਲ ਕਰ ਦਿੱਤਾ। ਉਹ ਕੇਸ ਅਸੀਂ ਫਾਈਟ ਕੀਤਾ। ਇਨ੍ਹਾਂ ਦਾ ਰੋਸ ਹੋਰ ਹੈ। ਏਕਤਾ ਦਾ ਬਹਾਨਾ ਬਣਾ ਕੇ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ। ਜੋ ਲੋਕ ਹਾਰ ਗਏ, ਫੇਲ੍ਹ ਹੋ ਗਏ, ਧਰਮ ਦਾ ਜਹਾਦ ਖੜ੍ਹਾ ਕਰਕੇ, ਇਹ ਕਹਿਕੇ ਕਿ ਪੁਲਿਸ ਅੰਦਰ ਭੇਜ ਦਿੱਤੀ ਹਰ ਉਨ੍ਹਾਂ ਲੋਕਾਂ ਨੂੰ ਇਕੱਠਾ ਕੀਤਾ, ਤਲਵੰਡੀ ਦੱਲ ਜਿਨ੍ਹਾਂ ਦੀ ਹੋਂਦ ਨਹੀਂ ਸੀ ਰਹਿ ਗਈ, ਉਨ੍ਹਾਂ ਨੂੰ ਨਾਲ ਲੈ ਕੇ 13 ਮੈਂਬਰਾਂ ਦੀ ਕਮੇਟੀ ਬਣਾ ਦਿੱਤੀ ਗਈ। ਕੋਈ ਮੈਂਬਰ ਜਿਹੜਾ ਜੇਲ੍ਹ ਵਿਚ ਸੀ ਉਸ ਨੂੰ ਮੈਂਬਰ ਤੇ ਕਿਸੇ ਨੂੰ ਪ੍ਰਧਾਨ ਬਣਾ ਦਿੱਤਾ। ਇਕ ਪੰਨੇ ਦਾ ਵਿਧਾਨ ਬਣਾ ਦਿੱਤਾ। ਕਿਹਾ ਕਿ ਇਹ ਪਾਰਟੀ ਦਾ ਵਿਧਾਨ ਹੈ। ਇਹ ਐਗਜ਼ੈਕਟਿਵ ਕਮੇਟੀ ਬਣ ਗਈ। ਇਸ ਤਰ੍ਹਾਂ ਕੀਤਾ ਗਿਆ ਜਿਸ ਤਰ੍ਹਾਂ ਕਿ ਕੋਈ ਅਕਾਲੀ ਦਲ ਦਾ ਪ੍ਰਧਾਨ ਕਰਨਾ ਚਾਹੁੰਦਾ ਹੈ। ਮੈਂ ਇਸ ਪਾਸੇ ਨਹੀਂ ਸੀ ਜਾਣਾ ਚਾਹੁੰਦਾ ਪਰ ਇਸ ਕਰਕੇ ਜਾਣਾ ਪਿਆ ਕਿਉਂਕਿ ਢੀਂਡਸਾ ਸਾਹਿਬ ਨੇ ਬਹੁਤ ਸਾਰੀਆਂ ਗੱਲਾਂ ਇਸ ਪਾਸੇ ਨੂੰ ਕਹੀਆਂ ਸਨ। ਟੈਰੋਰਿਜ਼ਮ ਨੂੰ ਸ਼ਹਿ ਦੇਣ ਬਾਰੇ ਕਹਿੰਦੇ ਰਹੇ ਹਾਂ। ਜੋ ਟੈਰੋਰਿਜ਼ਮ ਨੂੰ ਸ਼ਹਿ ਦਿੰਦਾ ਹੈ ਉਹ ਪੰਜਾਬ ਦਾ ਦੁਸ਼ਮਣ ਹੈ ਇਹ ਕਹਿੰਦੇ ਹਨ ਕਿ ਅਸੀਂ ਸ਼ਹਿ ਨਹੀਂ ਦਿੰਦੇ ਮਹਿਜ਼ ਭੋਗਾਂ ਤੇ ਜਾਂਦੇ ਹਾਂ। ਇਨ੍ਹਾਂ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਮੰਜੀ ਸਾਹਿਬ ਹਾਲ ਵਿਚ ਕਾਨਫਰੰਸ ਕੀਤੀ ਪਰ ਸਟੇਜ ਇਨ੍ਹਾਂ ਦੇ ਹਥ ਵਿਚ ਨਾ ਰਹੀ, ਸਟੇਜ ਖੋਹ ਲਈ ਅਤੇ ਉਥੇ ਨੌਜਵਾਨਾਂ ਨੇ ਖਾਲਿਸਤਾਨ ਦੇ ਨਾਅਰੇ ਲਾਏ। ਉਸ ਸਟੇਜ ਤੇ ਇਸੇ ਤਰ੍ਹਾਂ ਦੇ ਰੈਜ਼ੋਲਿਊਸ਼ਨ ਪਾਸ ਕੀਤੇ ਔਰ ਕੁਝ ਇਸੇ ਤਰ੍ਹਾਂ ਦੀ ਸਪੀਚਾਂ ਕੀਤੀਆਂ ਜਿਸ ਨਾਲ ਸਾਰੇ ਮਾਹੌਲ

ਵਿਚ ਗਰਮੀ ਆ ਗਈ ਸੀ। ਉਥੇ ਇਹ ਐਲਾਨ ਕੀਤਾ ਗਿਆ ਕਿ ਅਸੀਂ ਕੰਪਲੈਕਸ ਵਿਚ ਵੜ ਕੇ ਟਾਸਕ ਫੋਰਸ ਨੂੰ ਬਾਹਰ ਕਢਾਂਗੇ। ਫਿਰ 200 ਦੇ ਕਰੀਬ ਨੌਜਵਾਨ ਉਥੇ ਚਲੇ ਗਏ ਉਸ ਵਿਚ ਅਸੈਂ-ਬਲੀ ਮੈਂਬਰਜ਼ ਵੀ ਸਨ। ਸਪੀਕਰ ਸਾਹਿਬ, ਲੀਡਰ ਜੋ ਹੁੰਦਾ ਹੈ ਉਹ ਅੱਗ ਲਾ ਕੇ ਪਰੇ ਹੋ ਜਾਂਦਾ ਹੈ। ਇਸ ਲਈ ਉਨ੍ਹਾਂ ਦੇ ਲੀਡਰ ਵੀ ਉਥੋਂ ਖਿਸਕ ਆਏ ਪਰ ਉਨ੍ਹਾਂ ਮੁੰਡਿਆਂ ਨੇ ਜਾ ਕੇ ਉਥੇ ਸੇਵਾਦਾਰਾਂ ਨੂੰ ਕੁਟਣਾ ਸ਼ੁਰੂ ਕਰ ਦਿੱਤਾ। ਜਿਹੜੇ ਕੰਨਵੈਨਸ਼ਨਲ ਹਥਿਆਰ ਉਨ੍ਹਾਂ ਕੋਲ ਸਨ ਉਨ੍ਹਾਂ ਨਾਲ ਸਿਰਫ ਕੁੱਟਿਆ ਹੀ ਨਹੀਂ ਗਿਆ ਬਲਕਿ ਇਕ ਅਵਤਾਰ ਸਿੰਘ ਦੇ ਨਾਂ ਤੇ ਇਕ ਬੰਦੇ ਨੂੰ ਮਾਰ ਦਿੱਤਾ ਗਿਆ। ਉਸ ਦੇ ਛੋਟੇ ਛੋਟੇ ਬੱਚੇ ਸਨ। ਕਈ ਬੱਚੇ ਉਹ ਛਡ ਗਿਆ ਅਸੀਂ ਉਨ੍ਹਾਂ ਦੀ ਕੁਝ ਦੇਖ ਭਾਲ ਕੀਤੀ ਹੈ। ਮੇਰੇ ਕੋਲ ਉਸ ਵੇਲੇ ਦੀਆਂ ਕੁਝ ਤਸਵੀਰਾਂ ਵੀ ਆਈਆਂ ਹਨ, ਮੈਂ ਹਾਊਸ ਨੂੰ ਦਿਖਾਉਣਾ ਚਾਹੁੰਦਾ। ਉਹ ਇਹ ਤਸਵੀਰਾਂ ਹਨ...

(ਇਸ ਵੇਲੇ ਕੁਝ ਤਸਵੀਰਾਂ ਮੁੱਖ ਮੰਤਰੀ ਸਾਹਿਬ ਨੇ ਸਪੀਕਰ ਸਾਹਿਬ ਨੂੰ ਦੂਰ ਤੋਂ ਵਿਖਾ-ਈਆਂ।)

ਉਸ ਵਿਚਾਰੇ ਨੇ ਮਾਰ ਤੋਂ ਜਾਨ ਬਚਾ ਕੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਤਲਵਾਰਾਂ ਅਤੇ ਰੋਡਜ਼ ਨਾਲ ਉਸ ਨੂੰ ਪਰਿਕਰਮਾ ਵਿਚ ਮਾਰ ਦਿੱਤਾ ਗਿਆ। (ਸ਼ੇਮ, ਸ਼ੇਮ ਦੀਆਂ ਅਵਾਜ਼ਾਂ) ਪਰ ਇਨ੍ਹਾਂ ਨੇ ਇਸ ਤਸ਼ੱਦਦ ਦੇ ਖਿਲਾਫ਼ ਕਿਸੇ ਨੇ ਕੋਈ ਆਵਾਜ਼ ਨਾ ਕੱਢੀ। ਕਿਸੇ ਨੇ ਇਹ ਨਹੀਂ ਕਿਹਾ ਕਿ ਇਹ ਮਾੜੀ ਗੱਲ ਹੈ ਕਿਉਂਕਿ ਉਸ ਵਿਚ ਇਨ੍ਹਾਂ ਦਾ ਆਪਣਾ ਹੱਥ ਸੀ। ਹੁਣ ਵੀ ਜੋ ਦਰਬਾਰ ਸਾਹਿਬ ਵਿਚ ਮਾਹੌਲ ਵਿਗੜਿਆ ਹੈ ਉਸ ਬਾਰੇ ਇਨ੍ਹਾਂ ਨੇ ਨਹੀਂ ਕਿਹਾ ਕਿ ਮਾੜੀ ਗਲ ਹੋਈ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਅਤਿਵਾਦ ਫੈਲਾਉਂਦੇ ਹਨ ਅਸੀਂ ਜਾਣਦੇ ਹਾਂ ਉਹ ਥੋੜ੍ਹੇ ਹੀ ਹਨ। ਉਹ ਕੁਝ ਆਈਡੈਂਟੀਫਾਈ ਵੀ ਹੋ ਚੁੱਕੇ ਹਨ ਪਰ ਸਪੀਕਰ ਸਾਹਿਬ ਜੇ ਉਨ੍ਹਾਂ ਨੂੰ ਕੋਈ ਸ਼ਹਿ ਦੇ ਰਿਹਾ ਹੋਵੇ, ਪੁਲੀਟੀਕਲ ਸ਼ਹਿ ਦੇ ਰਿਹਾ ਹੋਵੇ ਤਾਂ ਉਹ ਫੜੇ ਨਹੀਂ ਜਾ ਸਕਦੇ। ਜੇ ਉਨ੍ਹਾਂ ਵਿਚੋਂ ਕੋਈ ਮਾਰਿਆ ਜਾਵੇ ਔਰ ਇਹ ਲੀਡਰ ਜਾ ਕੇ ਉਨ੍ਹਾਂ ਦੇ ਭੋਗਾਂ ਤੇ ਸ਼ਾਮਲ ਹੋਣ, ਤੁਹਾਨੂੰ ਪਤਾ ਹੀ ਹੈ ਕਿ ਮੁਕਤਸਰ ਕਾਂਡ ਦੇ ਵਿਚ ਜਦੋਂ 16 ਬੰਦੇ ਬਸ ਵਿਚੋਂ ਲਾਹ ਕੇ ਮਾਰੇ ਸਨ ਤਾਂ ਉਨ੍ਹਾਂ ਦੋਸ਼ੀਆਂ ਵਿਚੋਂ ਇਕ ਬੰਦਾ ਬਾਅਦ ਵਿਚ ਮਾਰਿਆ ਗਿਆ ਸੀ ਪਰ ਇਨ੍ਹਾਂ ਦੇ ਲੀਡਰਾਂ ਨੇ, ਮੈਂਬਰਾਂ ਨੇ, ਮੈਂਬਰ ਪਾਰਲੀਆਮੈਂਟ ਨੇ ਉਥੇ ਜਾਕੇ ਉਨ੍ਹਾਂ ਦੇ ਭੋਗ ਵਿਚ ਸ਼ਾਮਲ ਹੋਏ ਔਰ ਉਸ ਨੂੰ ਸ਼ਹੀਦ ਕਿਹਾ ਔਰ ਇਹ ਕਿਹਾ ਕਿ ਇਸ ਦੀ ਯਾਦ ਵਿਚ ਯਾਦਗਾਰ ਬਣਾਵਾਂਗੇ। ਅਜਿਹੇ ਆਦਮੀ ਦੇ ਖਿਲਾਫ਼ ਜਿਨ੍ਹਾਂ ਨੇ 15-15 ਬੰਦੇ ਇਕੋ ਵਾਰ ਹਲਾਕ ਕਰ ਦਿੱਤੇ ਉਨ੍ਹਾਂ ਦੇ ਬਾਰੇ ਇਸ ਤਰ੍ਹਾਂ ਕਹਿਣਾ, ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਨੂੰ ਬਹੁਤ ਵੱਡੀ ਸ਼ਹਿ ਦੇਣੀ ਹੈ। ਉਨ੍ਹਾਂ ਲੀਡਰਾਂ ਨੇ ਕਿਸੇ ਨੇ ਅਜਿਹੀਆਂ ਘਟਨਾਵਾਂ ਦੀ ਕੋਈ ਕੰਡੈਮਨੇਸ਼ਨ ਨਹੀਂ ਕੀਤੀ। ਦਰਬਾਰ ਸਾਹਿਬ ਤੇ ਇਹ ਜਿਹੜਾ ਵਾਕਿਆ ਹੋਇਆ ਉਸ ਦੀ ਵੀ ਕੰਡੈਮਨੇਸ਼ਨ ਨਹੀਂ ਕੀਤੀ। ਕਿਸੇ ਸਿੰਘ ਸਾਹਿਬਾਨ ਨੇ ਰੀ-ਐਕਟ ਨਹੀਂ ਕੀਤਾ। ਇਥੇ ਅੱਜ ਸਟੇਟ ਹੋਮ ਮਨਿਸਟਰ ਨੇ ਕਿਹਾ ਹੈ ਕਿ ਇਹ ਐਸ.ਜੀ.ਪੀ.ਸੀ. ਦੀ ਜ਼ਿਮੇਵਾਰੀ ਸੀ ਪਰ ਉਹ ਇਸ ਜ਼ਿਮੇਵਾਰੀ ਤੋਂ ਭਜ ਰਹੇ ਹਨ। ਅੱਜ ਐਸ.ਜੀ.ਪੀ.ਸੀ. ਦਾ ਕਿਸੇ ਤੇ ਕੋਈ ਕੰਟਰੋਲ ਨਹੀਂ ਰਿਹਾ। ਅੱਜ ਹਾਲਤ ਇਹ ਹੋ ਰਹੀ ਹੈ ਕਿ ਪ੍ਰਧਾਨ ਦੇ ਝੂਠੇ ਦਸਖ਼ਤ ਕਰਕੇ ਉਥੇ ਕੰਪਲੈਕਸ ਵਿਚ 700-800 ਬੰਦੇ ਮੁਲਾਜ਼ਮ ਹੋ ਗਏ ਹਨ ਜਿਹੜੇ ਕਿ ਪਹਿਲੇ 150-200 ਬੰਦੇ ਹੁੰਦੇ ਸਨ ਪਰ ਉਨ੍ਹਾਂ ਕੋਲ ਤਨਖਾਹ ਦੇਣ ਨੂੰ ਪੈਸਾ ਨਹੀਂ। ਇਹ ਮਤੇ ਤੇ ਟਿੱਕਣਾ ਨਹੀਂ ਚਾਹੁੰਦੇ ਸਨ। ਦਰਬਾਰ ਸਾਹਿਬ ਦੀ ਆਮਦਨੀ ਬਹੁਤ ਘੱਟ, ਗਈ ਹੈ। ਜਿਸ ਵੇਲੇ ਅਪ੍ਰੈਲ ਵਿਚ ਅਸੀਂ ਇਨ੍ਹਾਂ ਨੂੰ ਕੰਪਲੈਕਸ ਵਿਚੋਂ ਹਟਾਇਆ ਸੀ ਉਸ ਵੇਲੇ ਨਾਰਮਲ ਆਮਦਨੀ 1/10 ਹਿੱਸਾ ਰਹਿ ਗਈ ਸੀ। ਆਹਿਸਤਾ ਆਹਿਸਤਾ ਅਸੀਂ

[ਮੁੱਖ ਮੰਤਰੀ]

ਹਾਲਾਤ ਠੀਕ ਕੀਤੇ ਅਤੇ ਮੌਹਾਲ ਅੱਛਾ ਕੀਤਾ ਜਿਸ ਨਾਲ ਆਮਦਨੀ 80% ਤੱਕ ਹੋ ਗਈ ਸੀ। ਤੁਸੀਂ ਦੇਖ ਲਓ ਅਸੀਂ 10% ਤੋਂ 80% ਤੱਕ ਆਮਦਨੀ ਵਧਾ ਦਿੱਤੀ। ਲੋਕ ਜਾਣ ਲਗ ਗਏ ਸਨ ਅਤੇ ਦਰਬਾਰ ਸਾਹਿਬ ਦਾ ਖਰਚਾ ਠੀਕ ਚਲਣ ਲਗ ਗਿਆ ਸੀ ਅਤੇ ਬੜਾ ਅੱਛਾ ਲੰਗਰ ਚਲਦਾ ਸੀ ਪਰ ਹੁਣ ਫੇਰ ਉਨ੍ਹਾਂ ਲੋਕਾਂ ਨੇ ਇਸ ਦੀ ਆਮਦਨੀ 10% ਤੱਕ ਫੇਰ ਲੈ ਆਂਦੀ ਹੈ ਅਤੇ ਅਖਬਾਰਾਂ ਵਿਚ ਖਬਰ ਹੈ ਕਿ ਉਥੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਵਾਸਤੇ ਵੀ ਪੈਸੇ ਨਹੀਂ ਹਨ। ਇਹ ਹਾਲ ਸ਼੍ਰੋਮਣੀ ਕਮੇਟੀ ਦਾ ਹੋ ਗਿਆ ਹੈ। ਅਕਾਲ ਤਖਤ ਦੀ ਬੜੀ ਪਵਿੱਤਰਤਾ ਹੈ। ਪਰ ਇਨ੍ਹਾਂ ਨੇ ਅਕਾਲ ਤਖਤ ਨੂੰ ਪਾਲੇਟਿਕਸ ਵਿਚ ਲਿਆਂਦਾ ਹੈ, ਜਿਸ ਕਰਕੇ ਉਸ ਉਤੇ ਕਿਤੂੰ ਪ੍ਰੰਤੂ ਹੋਣ ਲਗ ਗਿਆ ਹੈ। ਇਸ ਨੂੰ ਪਾਰਟੀ ਪਾਲੇਟਿਕਸ ਵਿਚ ਘਸੀਟਿਆ ਜਾ ਰਿਹਾ ਹੈ। ਸਾਡੀ ਪਾਰਟੀ ਵੀ ਅੰਮ੍ਰਿਤ ਪ੍ਰਚਾਰ ਕਰਦੀ ਰਹੀ ਹੈ ਹੁਣ ਇਹ ਕਹਿੰਦੇ ਹਨ ਕਿ ਸਰਕਾਰ ਅੰਮ੍ਰਿਤ ਪ੍ਰਚਾਰ ਵਿਚ ਅੜਿਕੇ ਪਾਉਂਦੀ ਹੈ। ਅਸੀਂ ਖੁਦ ਅੰਮ੍ਰਿਤ ਪ੍ਰਚਾਰ ਕਰਦੇ ਰਹੇ ਹਾਂ ਅਤੇ ਬਤੌਰ ਪਾਰਟੀ ਵੀ ਕਰਦੇ ਰਹੇ ਹਾਂ। ਅਸੀਂ ਜੇਲ੍ਹਾਂ ਦੇ ਵਿਚ ਕੈਂਪ ਲਗਾ ਕੇ ਅੰਮ੍ਰਿਤ ਪ੍ਰਚਾਰ ਕਰਦੇ ਰਹੇ ਹਾਂ। ਪਿਛੇ ਅਮਰੀਕਾ ਵਿਚ ਕੁਝ ਅਮਰੀਕਨ ਅੰਮ੍ਰਿਤ ਛਕਣਾ ਚਾਹੁੰਦੇ ਸਨ। ਮੈਂ ਵੀ ਉਥੇ ਗਿਆ ਹੋਇਆ ਸੀ ਅਤੇ ਟੌਹੜਾ ਸਾਹਿਬ ਅਤੇ ਸਰਦਾਰ ਹੁਕਮ ਸਿੰਘ ਜੋ ਲੋਕ ਸਭਾ ਦੇ ਸਪੀਕਰ ਹੁੰਦੇ ਸਨ ਉਹ ਵੀ ਸਨ ਅਤੇ 3–4 ਸੱਜਣ ਹੋਰ ਵੀ ਸਨ। ਅਸੀਂ ਪੰਜ ਪਿਆਰਿਆਂ ਤੋਂ ਉਨ੍ਹਾਂ 50-52 ਅਮਰੀਕਨਾਂ ਨੂੰ ਅੰਮ੍ਰਿਤ ਛਕਾਇਆ ਸੀ। ਲੋਕਾਂ ਦੀ ਬਿਰਤੀ ਅਕਾਲ ਨਾਲ ਜੋੜਨੀ ਚਾਹੀਦੀ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਅਕਾਲ ਤਖਤ ਵਰਸਿਸ ਦਿੱਲੀ ਦਰਬਾਰ ਵਾਲੀਆਂ ਗੱਲਾਂ ਕੀਤੀਆਂ ਜਾਣ। ਇਸ ਦੇ ਨਾਲ ਐਟਮਾਸਫੀਅਰ ਖਰਾਬ ਹੁੰਦਾ ਹੈ। ਅੰਮ੍ਰਿਤ ਪਰਚਾਰ ਸਮਾਗਮ ਤੇ ਇਕੱਠੇ ਹੋਏ ਲੋਕਾਂ ਨੂੰ ਭੜਕਾਊ ਭਾਸ਼ਣ ਦਿੰਦੇ ਹਨ, ਜਿਸ ਨਾਲ ਨੌਜਵਾਨ ਫੇਰ ਤਲਵਾਰਾਂ ਅਤੇ ਬੰਦੂਕਾਂ ਲੈ ਕੇ ਨਿਕਲ ਪੈਂਦੇ ਹਨ। ਕੋਈ ਕੁਝ ਕਹਿੰਦਾਹੈ ਅਤੇ ਕੋਈ ਹੋਰ ਗੱਲ ਕਹਿੰਦਾ ਹੈ ਜਿਸ ਨਾਲ ਮਾਹੌਲ ਸੂਬੇ ਦਾ ਖਰਾਬ ਹੁੰਦਾ ਹੈ। ਅਕਾਲ ਤਖਤ ਤੇ ਅੰਮ੍ਰਿਤ ਪ੍ਰਚਾਰ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ ਆਨੰਦਪੁਰ ਸਾਹਿਬ ਵਿਖੇ ਵੀ ਹੋਣਾ ਚਾਹੀਦਾ ਹੈ। ਪਰ ਇਸ ਸਥਾਨ ਨੂੰ ਕਿਸੇ ਸਿਆਸੀ ਮਕਸਦ ਲਈ ਇਸਤੇਮਾਲ ਕੀਤਾ ਜਾਵੇ, ਇਹ ਨਜਾਇਜ਼ ਹੋਵੇਗਾ ਔਰ ਇਸ ਦੇ ਨਾਲ ਅਕਾਲ ਤਖਤ ਦੀ ਮਾਣ ਮਰਿਯਾਦਾ ਵੀ ਘਟੇਗੀ ਅਤੇ ਸਿੰਘ ਸਾਹਿਬਾਨ ਦੀ ਸ਼ਖ਼ਸੀਅਤ ਵੀ ਘਟੇਗੀ।

EXTENSION OF TIME OF THE SITTING

ਸ੍ਰੀ ਸਪੀਕਰ : ਅਗਰ ਤੁਸੀਂ ਹੋਰ ਟਾਈਮ ਲੈਣਾ ਹੈ ਤਾਂ ਹਾਊਸ ਦਾ ਟਾਈਮ 15 ਮਿੰਟ ਹੋਰ ਐਕਸਟੈਂਡ ਕਰ ਦਿੱਤਾ ਜਾਵੇ।

ਆਵਾਜ਼ਾਂ : ਕਰ ਦਿਓ।

ਸ਼੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟ ਹੋਰ ਵਧਾ ਦਿੱਤਾ ਜਾਂਦਾ ਹੈ।

RESOLUTION *Re.* CONDEMNATION OF TERRORISM

(Resumption of discussion)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਕੱਲ੍ਹ ਇਥੇ ਰੈਜ਼ੋਲਿਊਸ਼ਨ ਆਇਆ ਕਿ ਜਿਹੜੀਆਂ ਰੂਹਾਂ ਸਾਡੇ ਤੋਂ ਵਿਛੜ ਗਈਆਂ ਸਨ, ਜਿਸ ਤਰ੍ਹਾਂ ਪਾਂਡੇ ਸਾਹਿਬ ਅਤੇ ਧੂਤ ਸਾਹਿਬ ਅੱਤਵਾਦ ਦਾ ਸ਼ਿਕਾਰ ਹੋਏ ਸਨ ਅਤੇ ਇਸ ਹਾਊਸ ਦੀ ਇਕ ਰਵਾਇਤ ਹੈ ਕਿ

ਅਸੀਂ ਸਾਰੇ ਇਸ ਮੌਕੇ ਤੇ ਹਾਜ਼ਰ ਹੁੰਦੇ ਹਾਂ ਅਤੇ ਇਸ ਵਿਚ ਸ਼ਰਧਾਂਜਲੀ ਪੇਸ਼ ਕਰਦੇ ਹਾਂ ਅਤੇ ਐਸੇ ਮੌਕੇ ਤੇ ਅੱਤਵਾਦ ਦੀ ਨਿੰਦਾ ਵੀ ਕਰਦੇ ਹਾਂ ਲੇਕਿਨ ਇਸ ਨੂੰ ਅਵਾਇਡ ਕਰਨ ਲਈ ਕਿ ਸਾਨੂੰ ਕੰਡੈਮਨੇਸ਼ਨ ਕਰਨੀ ਪਵੇਗੀ ਉਹ ਹਾਊਸ ਵਿਚ ਨੌਨ ਹਾਜ਼ਰ ਹੋ ਗਏ। ਇਸ ਚੀਜ਼ ਨੂੰ ਸਾਰੇ ਹਾਊਸ ਨੇ ਨੋਟਿਸ ਵਿਚ ਲਿਆ ਹੈ। ਕਿਉਂਕਿ ਅੱਜ ਗੱਲ ਇਥੇ ਪੰਜਾਬ ਵਿਚ ਅਮਨ ਕਾਇਮ ਕਰਨ ਦੀ ਚਲ ਰਹੀ ਸੀ ਅਤੇ ਅੱਤਵਾਦ ਦੇ ਵਿਰੁਧ ਗੱਲ ਚਲ ਰਹੀ ਸੀ ਤਾਂ ਉਹ ਬਹਾਨਾ ਲੱਭ ਰਹੇ ਸਨ ਬਾਹਰ ਜਾਣ ਲਈ। ਸਪੀਕਰ ਸਾਹਿਬ, ਉਹ ਅਤਿਵਾਦ ਦੀ ਵਿਰੋਧਤਾ ਨਹੀਂ ਸੀ ਕਰਨਾ ਚਾਹੁੰਦੇ। ਇਸ ਲਈ ਉਹ ਕੋਈ ਨਾ ਕੋਈ ਬਹਾਨਾ ਭਾਲਦੇ ਸੀ। ਸਪੀਕਰ ਸਾਹਿਬ, ਸਾਰੇ ਹਾਊਸ ਦੀ ਇੱਛਾ ਦੇ ਮੁਤਾਬਿਕ ਇਹ ਮਤਾ ਬਣਿਆ ਸੀ। ਇਸ ਬਾਰੇ ਸਾਰੇ ਹਾਊਸ ਨੇ ਸਹਿਮਤੀ ਦਿੱਤੀ ਹੈ। ਇਸ ਨੂੰ ਇਸੇ ਤਰ੍ਹਾਂ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਜੋ ਅਮੈਂਡਮੈਂਟ ਬਾਰੇ ਉਨ੍ਹਾਂ ਨੇ ਜ਼ਬਾਨੀ ਕਿਹਾ ਸੀ, ਉਨ੍ਹਾਂ ਨੇ ਕੋਈ ਨੋਟਿਸ ਨਹੀਂ ਦਿਤਾ ਜਿਹੜਾ ਕਿ ਦੋ ਦਿਨ ਦਾ ਨੋਟਿਸ ਚਾਹੀਦਾ ਹੈ। ਉਹ ਜ਼ਬਾਨੀ ਕਹੀ ਗਈ ਅਮੈਂਡਮੈਂਟ ਨੂੰ ਰਿਜੈਕਟ ਕਰ ਦਿਓ। ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਕਰ ਦੇਣਾ ਚਾਹੀਦਾ ਹੈ।

EXTENSION OF TIME OF THE SITTING

ਸ੍ਰੀ ਸਪੀਕਰ : ਜੇਕਰ ਹਾਊਸ ਦੀ ਮਰਜ਼ੀ ਹੋਵੇ ਤਾਂ ਹਾਊਸ ਦਾ ਸਮਾਂ 2-15 ਮਿੰਟ ਤਕ ਐਕਸਟੈਂਡ ਕਰ ਦਿਤਾ ਜਾਵੇ।

ਆਵਾਜ਼ਾਂ : ਠੀਕ ਹੈ ਜੀ।

ਸ੍ਰੀ ਸਪੀਕਰ : ਹਾਊਸ ਦਾ ਸਮਾਂ 2.15 ਵਜੇ ਤਕ ਐਕਸਟੈਂਡ ਕੀਤਾ ਜਾਂਦਾ ਹੈ।

RESOLUTION *Re* CONDEMNATION OF TERRORISM
(Resumption of discussion)

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਸਪੀਕਰ ਸਾਹਿਬ, ਇਥੇ ਹਾਊਸ ਵਿਚ ਮਾਨਯੋਗ ਮੈਂਬਰ ਸਾਹਿਬਾਨ ਨੇ ਅਤੇ ਸਰਦਾਰ ਬਲਦੇਵ ਸਿੰਘ ਖਿਆਲਾ ਮੰਤਰੀ ਅਤੇ ਮੁੱਖ ਮੰਤਰੀ ਸਾਹਿਬ ਨੇ ਬੜੇ ਅੱਛੇ ਵਿਚਾਰ ਦਿਤੇ ਹਨ। ਮੈਂ ਸਪੀਕਰ ਸਾਹਿਬ, ਸਮਝਦਾ ਹਾਂ ਕਿ ਇਹ ਮਤਾ ਬਿਲਕੁਲ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ ਜੀ ਦੇ ਮੁਤਾਬਿਕ ਆਇਆ ਹੈ। ਜਿਹੜਾ ਪ੍ਰਧਾਨ ਮੰਤਰੀ ਜੀ ਨੇ ਜੁਆਇੰਟ ਪਲਾਨ ਐਕਸ਼ਨ ਬਣਾਇਆ ਸੀ, ਉਸ ਦੀ ਰੋਸ਼ਨੀ ਵਿਚ ਹੀ ਇਹ ਮਤਾ ਤਿਆਰ ਕੀਤਾ ਗਿਆ ਹੈ। ਇਹ ਸਾਰੀਆਂ ਪਾਰਟੀਆਂ ਵਲੋਂ ਹੀ ਆਇਆ ਹੈ। ਇਸ ਮਤੇ ਦੀ ਝਲਕ ਵਧੀਆ ਨਜ਼ਰ ਆਉਂਦੀ ਹੈ। ਅੱਜ ਦੇਸ਼ ਵਿਚ ਜ਼ਰੂਰਤ ਹੈ ਕਿ ਅੱਤਿਵਾਦ ਨੂੰ ਕੰਡੈਮ ਹੀ ਨਾ ਕੀਤਾ ਜਾਵੇ ਸਗੋਂ ਉਸ ਦੇ ਨਾਲ ਮੁਕਾਬਲਾ ਵੀ ਕੀਤਾ ਜਾਵੇ। ਦੇਸ਼ ਦੀ ਯੂਨਿਟੀ ਅਤੇ ਇੰਟੈਗਰੇਟੀ ਨੂੰ ਕਾਇਮ ਰਖਿਆ ਜਾਵੇ। ਇਸ ਲਈ ਅਸੀਂ ਆਪਣੀ ਜਾਨ ਵੀ ਦੇਣ ਲਈ ਤਿਆਰ ਹਾਂ। (ਥੰਪਿੰਗ) ਇਸ ਮਤੇ ਦੀ ਕਿਸੇ ਨੇ ਵੀ ਵਿਰੋਧਤਾ ਨਹੀਂ ਕੀਤੀ ਔਰ ਸਾਰਿਆਂ ਨੇ ਹੀ ਸਮਰਥਨ ਕੀਤਾ ਹੈ, ਜੋ ਸਪੀਕਰ ਸਾਹਿਬ, ਸਾਥੀ ਚਲੇ ਗਏ ਹਨ; ਉਨ੍ਹਾਂ ਨੇ ਆਪਣੀ ਅਮੈਂਡਮੈਂਟ ਵੀ ਕਾਇਦੇ ਕਾਨੂੰਨ ਦੇ ਮੁਤਾਬਿਕ ਮੂਵ ਨਹੀਂ ਕੀਤੀ। ਸਪੀਕਰ ਸਾਹਿਬ, ਤੁਸੀਂ ਉਸ ਨੂੰ ਅਸੈਪਟ ਵੀ ਨਹੀਂ ਕੀਤਾਂ। ਇਸ ਵਿਚ ਸਭ ਕੁਝ ਆ ਜਾਂਦਾ ਹੈ। ਸਪੀਕਰ ਸਾਹਿਬ, ਇਸ ਮਤੇ ਨੂੰ ਹਾਊਸ ਵਿਚ ਲਿਆ ਕੇ ਇਹ ਚੀਜ਼ ਸਾਹਮਣੇ ਆ ਗਈ ਹੈ ਕਿ ਇਸ ਨੂੰ ਕੌਣ ਆਪੋਜ਼ ਕਰਦਾ ਹੈ ਅਤੇ ਕੌਣ ਇਸ ਦੇ ਹੱਕ ਵਿਚ ਹੈ। (ਥੰਪਿੰਗ) ਇਹ ਵਾਕ ਆਊਟ ਕਰਦੇ ਵੇਲੇ ਜਿਹੜੀ ਗੱਲ ਕਹਿ ਗਏ ਹਨ, ਉਸ ਨੂੰ ਸਪੀਕਰ ਸਾਹਿਬ ਬੜਾ

[ਡਾਕਟਰ ਕੇਵਲ ਕ੍ਰਿਸ਼ਨ]

ਹੀ ਸੀਰੀਅਸਲੀ ਲੈਣਾ ਚਾਹੀਦਾ ਹੈ। ਇਹ ਗੱਲ ਇਕੱਲੇ ਪੰਜਾਬ ਲਈ ਨਹੀਂ ਬਲਕਿ ਸਾਰੇ ਦੇਸ਼ ਲਈ ਹੈ। ਇਹ ਅਲਾਰਮ ਕਰਨ ਦੀ ਗੱਲ ਹੈ। ਸਪੀਕਰ ਸਾਹਿਬ, ਹਿੰਦੁਸਤਾਨ ਇਤਨਾ ਕਮਜ਼ੋਰ ਨਹੀਂ ਹੈ। ਦੇਸ਼ ਦੀ ਏਕਤਾ ਅਤੇ ਅਖੰਡਤਾ ਹਰ ਕੀਮਤ ਤੇ ਕਾਇਮ ਰਖੀ ਜਾਵੇਗੀ। ਇਸ ਲਈ ਅਸੀਂ ਹਰ ਕੁਰਬਾਨੀ ਕਰਨ ਲਈ ਤਿਆਰ ਹਾਂ। (ਥੰਪਿੰਗ) ਦੇਸ਼ ਦੇ ਸਿਰਫਿਰੇ ਚੰਦ ਗੱਦਾਰਾਂ ਨੂੰ ਜੋ ਦੇਸ਼ ਦੇ ਦੁਸ਼ਮਣ ਹਨ, ਉਹ ਇਸ ਦੇਸ਼ ਵਿਚ ਰਹਿਣ ਦੇ ਕਾਬਲ ਨਹੀਂ ਹਨ। ਸਪੀਕਰ ਸਾਹਿਬ ਇਨ੍ਹਾਂ ਸ਼ਬਦਾਂ ਨਾਲ ਮੈਂ ਸਤਿਕਾਰਯੋਗ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਕਿ ਇਹ ਮਤਾ ਸਰਬਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ।

Mr. Speaker: The verbal amendment moved by Sardar Sukhdev Singh Dhindsa, M.L.A. is not in order.

Now I will put the Resolution to the vote of the House.

Mr. Speaker : Question is—

"This House solemnly resolves to mobilise moral, constitutional and political sources at its disposal to re-dedicate the State and the people of Punjab to the unity, integrity and solidarity of India and our undying faith in communal harmony. It places on record its utmost condemnation of terrorism in all its forms."

The motion was carried unanimously.

Mr. Speaker : The House stands adjourned* till 9.00 A.M. on Friday, the 13th March, 1987.

(*The Sabha then adjourned till* 9.00 *A.M. on Friday, the* 13*th March* 1987.)

*2.05 P.M.

26198 PVS—Govt. Press, Chd.

1987

ਰੇ ਦੇਸ਼
ਕਮਜ਼ੋਰ
ਲਈ
ਾਰਾਂ ਨੂੰ
ਸਾਹਿਬ
ਸੰਮਤੀ

dc v

ical
jab
in
of

ay,

be

Published under the authority of the Punjab Vidhan Sabha and printed by the Controller, Printing and Stationery Deptt., U.T., Chandigarh.

Punjab Vidhan Sabha Debates

13th March, 1987

Vol. V—No. 3

OFFICIAL REPORT

CONTENTS

Friday, the 13th March, 1987

Punjab Vidhan Sabha Secretariat, Chandigarh

Price : Rs. : 65.00

ERRATA

TO

PUNJAB VIDHAN SABHA DEBATES

Vol. V No. 3

Dated the 13th March, 1987

Read	*For*	*Page*	*Line*
ਮੰਤਰੀ	ਮਤਰੀ	(3)9	2
,	I	(3)24	13
ਕੌਮ	ਕਮ	(3)29	19
Add. the word ਵੱਡਮੁਲੀਆਂ between 'ਤੇ' and 'ਕਦਰਾਂ-ਕੀਮਤਾਂ'		(3)29	20
ਜਿਹੜੇ	ਜਿਹੜੇ	(3)31	4
ਸਰਦਾਰ	ਸਰਦੋਾਰ	(3)36	1
Delete the word 'ਜੋ'		(3)39	15
ਕਹਾਉਣ	ਕਹਿਣ	(3)42	23
ਨਿਊਟ੍ਰੀਸ਼ਨ	ਨਿਊਟੀਸ਼ਨ	(3)51	10th from below
ਪੂਰਾ	ਪਰਾ	(3)51	7th from below
remainder	reminder	(3)59	5
ਕੈਪਟਨ ਅਮਰਿੰਦਰ ਸਿੰਘ	ਕੈਪਟਨ ਅਮਰਿਦਰ ਸਿਘ	(3)59	11th from below
ਲੌਂਗੋਵਾਲ	ਲੌਗੋਵਾਲ	(3)73	7th from below

PUNJAB VIDHAN SABHA

Friday, the 13*th March,* 1987

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 *A.M. of the Clock. Mr. Speaker (Sardar Surjit Singh Minhas) in the Chair.*

STARRED QUESTIONS AND ANSWERS

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਵੈਸੇ ਤਾਂ ਇਹ ਕੁਐਸਚਨ ਆਵਰ ਹੈ ਲੇਕਿਨ ਫੇਰ ਵੀ ਮੈਂ ਇਹ ਗੱਲ ਆਪ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਕੁਐਸਚਨਜ਼ ਦੇ ਰਿਪਲਾਈ ਦੀ ਕਾਪੀ ਹੈ, ਉਹ ਅੱਧਾ ਘੰਟਾ ਪਹਿਲਾਂ ਇਥੇ ਹਾਊਸ ਵਿੱਚ ਹੋਣੀ ਚਾਹੀਦੀ ਹੈ ਤਾਕਿ ਮੈਂਬਰਜ਼ ਆਪਣੇ ਸਵਾਲਾਂ ਦੇ ਜਵਾਬ ਦੇਖ ਸਕਣ। ਜੇ ਇਹ ਨਾ ਹੋਵੇਗੀ ਤਾਂ ਕੋਈ ਮੈਂਬਰ ਆਪਣੇ ਸਵਾਲ ਕਿਥੋਂ ਪੁੱਛੇਗਾ। ਇਸ ਕਰਕੇ ਤੁਸੀਂ ਪਤਾ ਕਰੋ ਕਿ ਇਹ ਡਿਲੇਅ ਕਿਉਂ ਹੋਈ ਹੈ ਅਤੇ ਅੱਗੇ ਤੋਂ ਐਨਸ਼ਿਓਰ ਕਰੋ ਕਿ ਇਹ ਕਾਪੀ ਇਥੇ ਅੱਧਾ ਘੰਟਾ ਪਹਿਲਾਂ ਹੋਇਆ ਕਰੇਗੀ ।

Bridge over Choe near crossing of Phases IX and X at S.A.S. Nagar

***615. Doctor Rattan Singh** : Will the Minister of State for Housing and Urban Development be pleased to state whether there is any proposal under the consideration of the Government to construct a bridge over the choe near the crossing of phases IX and X of S.A.S. Nagar, near village Kumbra; if so, the time by which that is likely to be done ?

ਸਰਦਾਰ ਹਰੀ ਸਿੰਘ ਜ਼ੀਰਾ : ਐਸ. ਏ. ਐਸ. ਨਗਰ ਦੇ ਫੇਜ਼ 9 ਅਤੇ 10 ਦੇ ਕਰੌਸਿੰਗ ਨੇੜੇ ਲੰਘਦੇ ਚੋਅ ਉਤੇ ਪੁਲ ਉਸਾਰਨ ਦੀ ਹਾਲ ਦੀ ਘੜੀ ਕੋਈ ਤਜਵੀਜ਼ ਸਰਕਾਰ ਦੇ ਤਤਕਾਲ ਵਿਚਾਰ ਅਧੀਨ ਨਹੀਂ ਹੈ। ਜਿਸ ਵੇਲੇ ਫੇਜ਼ 9 ਦੇ ਦੱਖਣੀ-ਪੱਛਮੀ ਸੈਕਟਰਾਂ ਦਾ ਵਿਕਾਸ ਕੀਤਾ ਜਾਵੇਗਾ, ਉਸ ਵੇਲੇ ਇਸ ਨੂੰ ਵੀ ਹੱਥ ਵਿਚ ਲਿਆ ਜਾਵੇਗਾ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਐਸ. ਏ. ਐਸ. ਨਗਰ ਦੇ ਦੱਖਣੀ-ਪੱਛਮੀ ਸੈਕਟਰ ਕਦੋਂ ਤਕ ਡਿਵੈਲਪ ਕਰਨਗੇ ਕਿਉਂਕਿ ਲੋਕਾਂ ਵਿਚ ਇਸ ਪੁਲ ਦੀ ਡਿਮਾਂਡ ਬੜੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ 9, 10 ਅਤੇ 11 ਫੇਜ਼ 63-64-65 ਸੈਕਟਰਾਂ ਨਾਲ ਜਾਣੇ ਜਾਂਦੇ ਹਨ। ਇਸ ਪੁਲ ਦੀ ਲੋੜ 66-67 ਅਤੇ 68 ਸੈਕਟਰਜ਼ ਡਿਵੈਲਪ ਹੋਣ ਤੇ ਪੈਣੀ ਹੈ। ਹਾਲੇ ਇਨ੍ਹਾਂ ਸੈਕਟਰਾਂ ਦੀ ਕੋਈ ਪਲਾਨਿੰਗ ਵੀ ਨਹੀਂ ਬਣੀ, ਇਸ ਲਈ ਇਸ ਪੁਲ ਬਾਰੇ ਵੀ ਦਸਿਆ ਨਹੀਂ ਜਾ ਸਕਦਾ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਕੀ ਇਨ੍ਹਾਂ ਕੋਲ ਪੰਜਾਬ ਦੀ ਡਿਵੈਲਪਮੈਂਟ ਵਾਸਤੇ ਕੋਈ ਪੈਸਾ ਹੈ ?

(ਕੋਈ ਜਵਾਬ ਨਹੀਂ ਆਇਆ)

ਸ੍ਰੀ ਸਪੀਕਰ : ਹਾਲੇ ਤਾਂ ਬਜਟ ਪੇਸ਼ ਹੋਣਾ ਹੈ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ ਐਸ. ਏ. ਐਸ. ਨਗਰ ਹੈ, ਇਸ ਨੂੰ ਪੰਜਾਬ ਸਰਕਾਰ ਦਾ ਬੇਬੀ ਕਿਹਾ ਜਾਂਦਾ ਹੈ ਲੇਕਿਨ ਇਸ ਵੱਲ ਕੋਈ ਤਵੱਜੋ ਹੀ ਨਹੀਂ ਦਿੱਤੀ ਜਾ ਰਹੀ। ਇਥੋਂ ਦੇ ਨਾਲਿਆਂ ਦੇ ਮਸਲੇ ਹਨ, ਪੁਲ ਦੇ ਮਸਲੇ ਹਨ ਅਤੇ ਰੋਡਜ਼ ਦੇ ਮਸਲੇ ਹਨ ਜਿਨ੍ਹਾਂ ਵੱਲ ਕੋਈ ਧਿਆਨ ਨਹੀਂ ਦਿਤਾ ਜਾਂਦਾ। ਤੁਸੀਂ ਵੀ, ਜਦੋਂ ਆਪਣੀ ਕਾਂਸਟੀਚਿਊਐਂਸੀ ਜਾਂਦੇ ਹੋ ਤਾਂ ਐਸ. ਏ. ਐਸ. ਨਗਰ ਦੀ ਹਾਲਤ ਦੇਖਦੇ ਹੋਣੇ ਹੋ। ਇਸ ਦੀ ਬਹੁਤ ਭੈੜੀ ਹਾਲਤ ਹੈ। ਇਹ ਤਾਂ ਚੰਡੀਗੜ੍ਹ ਦੇ ਮੁਕਾਬਲੇ ਵਿਚ ਬਣਾਇਆ ਗਿਆ ਸੀ ਪਰ ਹੁਣ ਇਹ ਆਰਫਨ ਬੇਬੀ ਜਿਹਾ ਬਣ ਕੇ ਰਹਿ ਗਿਆ ਹੈ। ਜਿਹੜੇ ਵੀ ਇਸ ਨਾਲ ਮਨਿਸਟਰਜ਼ ਕਨਸਰਨਡ ਹਨ, ਉਨ੍ਹਾਂ ਨੂੰ ਤੁਸੀਂ ਕਹੋ ਕਿ ਇਸ ਦੀਆਂ ਰੋਡਜ਼ ਵੱਲ ਅਤੇ ਹੋਰ ਡਿਵੈਲਪਮੈਂਟ ਵੱਲ ਧਿਆਨ ਦੇਣਾ ਚਾਹੀਦਾ ਹੈ। ਸੀਵਰੇਜ ਸਿਸਟਮ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ ਐਮ. ਐਲ. ਏ. ਸਾਹਿਬ ਦਾ ਕੁਐਸਚਨ ਸੀ, ਉਹ ਇਹ ਸੀ ਕਿ ਪੁਲ ਬਣਾਇਆ ਜਾਵੇ ਜਦ ਕਿ ਮੈਂ ਇਹ ਦਸਿਆ ਹੈ ਕਿ 66-67 ਅਤੇ 68 ਸੈਕਟਰਾਂ ਦੀ ਹਾਲੇ ਕੋਈ ਡਿਵੈਲਪਮੈਂਟ ਹੀ ਨਹੀਂ ਹੋਈ। ਜਦੋਂ ਉਨ੍ਹਾਂ ਦੀ ਪਲਾਨਿੰਗ ਹੋਈ, ਡਿਵੈਲਪਮੈਂਟ ਹੋਈ ਉਦੋਂ ਉਥੇ ਪੁਲ ਦੀ ਲੋੜ ਪੈਣੀ ਹੈ। ਇਹ ਇਸਦੀ ਪਹਿਲਾਂ ਹੀ ਗਲ ਕਰ ਰਹੇ ਹਨ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਚੰਡੀਗੜ੍ਹ ਵਰਗਾ ਐਸ. ਏ. ਐਸ. ਨਗਰ ਨਹੀਂ ਬਣ ਸਕਦਾ ਤਾਂ ਕੀ ਜਦੋਂ ਚੰਡੀਗੜ੍ਹ ਪੰਜਾਬ ਨੂੰ ਮਿਲ ਜਾਵੇ ਤਾਂ ਇਹ ਚੰਡੀਗੜ੍ਹ ਨੂੰ ਐਸ. ਏ. ਐਸ. ਨਗਰ ਵਰਗਾ ਬਣਾ ਦੇਣਗੇ ?

(ਕੋਈ ਜਵਾਬ ਨਹੀਂ ਆਇਆ)

Sullage water of S.A.S. Nagar

***614. Doctor Rattan Singh :** Will the Minister of State for Local Government be pleased to state—

(a) whether it is a fact that the sullage water of S.A.S. Nagar falls in the choe at the crossing of Phases IX and X of S.A.S. Nagar near village Kumbra which is proving a health hazard for the residents of the surrounding areas ;

(b) if the reply to part (a) above be in the affirmative, whether there is any proposal under the consideration of the Govt. to construct an underground sewerage Nullah ; if so, the time by which that is likely to be done ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : (ੳ) ਹਾਂ, ਇਹ ਠੀਕ ਹੈ ਕਿ ਐਸ. ਏ. ਐਸ. ਨਗਰ ਦੇ ਸੀਵੇਜ਼ ਦੇ ਪਾਣੀ ਦਾ ਨਿਕਾਸ ਇਸ ਸਮੇਂ ਫੇਜ਼ ੯ ਅਤੇ 10 ਵਿਚੋਂ ਲੰਘਦੇ ਚੋਅ ਵਿਚ ਕੀਤਾ ਜਾਂਦਾ ਹੈ।

(ਅ) ਤਜਵੀਜ਼ ਅਨੁਸਾਰ ਰਿਹਾਇਸ਼ੀ ਸੈਕਟਰਾਂ ਤੋਂ ਸੀਵੇਜ ਟਰੀਟਮੈਂਟ ਪਲਾਂਟ ਤੀਕ ਸੀਵੇਜ ਲੈ ਜਾਣ ਲਈ 707.29 ਲੱਖ ਰੁਪਏ ਦੇ ਖਰਚ ਦਾ ਅਨੁਮਾਨ ਹੈ, ਅਤੇ ਇਹ ਕੰਮ 5-6 ਸਾਲਾਂ ਵਿਚ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ, ਬਸ਼ਰਤੇ-ਕਿ ਲੋੜੀਂਦੇ ਫੰਡਜ਼ ਉਪਲਭਦ ਹੋ ਜਾਣ, ਜਿਨ੍ਹਾਂ ਦੇ ਲਈ ਪੂਰੇ ਉਪਰਾਲੇ ਕੀਤੇ ਜਾਣਗੇ। ਇਸ ਔਕੜ ਦੇ ਤੁਰਤ-ਹਲ ਲਈ ਸੀਵੇਜ ਨੂੰ ਸੀਵੇਜ ਟਰੀਟਮੈਂਟ ਪਲਾਂਟ ਦੇ ਆਖਰੀ ਹਿੱਸੇ ਤੀਕ ਲੈ ਜਾਣ ਲਈ 35.83 ਲੱਖ ਰੁਪਏ ਦਾ ਅਨੁਮਾਨਤ ਤਖਮੀਨਾ ਤਿਆਰ ਕੀਤਾ ਗਿਆ ਹੈ ਅਤੇ ਇਸ ਕੰਮ ਦਾ ਕੁਝ ਹਿੱਸਾ ਅਗਲੇ ਸਾਲ ਵਿਚ ਕਰਨ ਦੀ ਤਜਵੀਜ਼ ਹੈ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ ਹਾਲੇ 5-6 ਸਾਲ ਲਾਉਣੇ ਹਨ ਤਾਂ ਜਿਹੜੀ ਗੰਦਗੀ ਕਾਰਣ ਉਥੋਂ ਦੇ ਲੋਕੀਂ ਬੀਮਾਰ ਹੋਣਗੇ, ਕੀ ਇਹ ਉਨ੍ਹਾਂ ਦੇ ਇਲਾਜ ਦਾ ਵੀ ਪ੍ਰਬੰਧ ਕਰ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਹਾਲੇ 35 ਲੱਖ ਰੁਪਏ ਦੀ ਤਜਵੀਜ਼ ਹੈ ਜਿਸ ਨਾਲ ਗੰਦਾ ਪਾਣੀ ਟਰੀਟਮੈਂਟ ਪਲਾਂਟ ਤੱਕ ਲਿਜਾਇਆ ਜਾਵੇਗਾ ਅਤੇ ਇਹ ਕੰਮ ਅਗਲੇ ਸਾਲ ਸ਼ੁਰੂ ਕਰ ਦਿੱਤਾ ਜਾਵੇਗਾ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਟਰੀਟਮੈਂਟ ਪਲਾਂਟ ਲਾਉਣਾ ਹੈ, ਕੀ ਇਸ ਗੰਦੇ ਪਾਣੀ ਨੂੰ ਟਰੀਟ ਕਰਨ ਤੋਂ ਬਾਅਦ ਕੋਈ ਉਦੋਂ ਮੈਨਿਓਰ ਤਿਆਰ ਹੋਵੇਗਾ ਜਿਹੜਾ ਕਿਸਾਨਾਂ ਨੂੰ ਦਿਤਾ ਜਾ ਸਕੇਗਾ ਔਰ ਕੀ ਉਸ ਪਾਣੀ ਦਾ ਵੀ ਕੋਈ ਇਸਤੇਮਾਲ ਹੋ ਸਕੇਗਾ ?

ਰਾਜ ਮੰਤਰੀ : ਮੈਨੂੰ ਇਹ ਲਿਖ ਕੇ ਭੇਜ ਦੇਣ ਮੈਂ ਜਵਾਬ ਦੇ ਦਿਆਂਗਾ (ਵਿਘਨ)।

ਸ੍ਰੀ ਓਮ ਪ੍ਰਕਾਸ਼ ਗੁਪਤਾ : ਇਨ੍ਹਾਂ ਨੇ ਸ਼ਾਇਦ ਫਿਰ ਕਹਿ ਦੇਣਾ ਹੈ ਕਿ ਲਿਖ ਕੇ ਭੇਜ ਦਿਓ। ਲੁਧਿਆਣਾ ਦੀ ਕਾਫੀ ਸੈਰ ਕੀਤੀ ਹੈ। ਲੁਧਿਆਣਾ ਵਿਚ ਇੱਕ ਗੰਦਾ ਨਾਲਾ ਕਾਫੀ ਮਸ਼ਹੂਰ ਹੈ (ਵਿਘਨ) ਮੈਂ ਬੇਨਤੀ ਕਰਨ ਲੱਗਾ ਹਾਂ ਇਨ੍ਹਾਂ ਦੇ ਨੋਟਿਸ ਵਿਚ ਵੀ ਹੋਵੇਗਾ ਕਿ ਉਥੇ ਪਾਲਿਊਸ਼ਨ ਹੋਈ ਹੈ। ਥਲੇ ਦਾ ਪਾਣੀ ਹੈਂਡ ਪੰਪ ਨਾਲ ਕਢੋ ਤਾਂ ਰੰਗਦਾਰ ਜ਼ਹਿਰੀਲਾ ਨਿਕਲਦਾ ਹੈ। ਉਥੇ 20,000 ਦੀ ਆਬਾਦੀ ਹੈ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿੰਨੀ ਦੇਰ ਤਕ ਉਥੇ ਟਰੀਟਮੈਂਟ ਪਲਾਂਟ ਲਗਾ ਦੇਣਗੇ ? ਦਸ ਸਾਲ ਦਾ ਉਥੇ ਟਰੀਟਮੈਂਟ ਪਲਾਂਟ ਨਹੀਂ ਲਗ ਰਿਹਾ ਹੈ। ਪੈਸੇ ਵੀ ਇਨ੍ਹਾਂ ਕੋਲ ਹੋਣੇ ਹਨ। ਕੀ ਇਸ ਪਾਸੇ ਇਹ ਧਿਆਨ ਦੇਣਗੇ ਔਰ ਉਥੇ ਟਰੀਟ-ਮੈਂਟ ਪਲਾਂਟ ਲਗਾਉਣਗੇ ?

ਰਾਜ ਮੰਤਰੀ : ਇਹ ਇਸ ਸਵਾਲ ਨਾਲ ਸਬੰਧ ਨਹੀਂ ਰਖਦਾ। ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਹੈ ਮੈਂ ਜਵਾਬ ਦੇ ਦਿਆਂਗਾ ਲੇਕਿਨ ਇਸ ਮਾਮਲੇ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ।

ਸ੍ਰੀ ਸਪੀਕਰ : ਇਸਦਾ ਜਵਾਬ ਇਨ ਡਿਊ ਕੋਰਸ ਆਏਗਾ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਇਹ ਵਜ਼ੀਰ ਹਨ, ਇਨ੍ਹਾਂ ਨੂੰ ਸਭ ਕੁਝ ਪਤਾ ਹੈ। (ਵਿਘਨ)

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਬੁੱਢਾ ਨਾਲਾ ਸਾਫ ਕਰਨ ਵਾਸਤੇ ਬੁੱਢਾ ਨਾਲਾ ਕਲੀਨਿੰਗ ਅਥਾਰਿਟੀ ਹੈ, ਪਰ ਇਸ ਬਾਰੇ ਸਾਨੂੰ ਕੋਈ ਪਤਾ ਨਹੀਂ ਹੈ। ਸਾਡੇ ਗੁਪਤਾ ਜੀ ਵੀ ਇਸ ਬਾਰੇ ਪੁੱਛ ਰਹੇ ਸੀ। ਜੇਕਰ ਕੋਈ ਅਜਿਹੀ ਅਥਾਰਿਟੀ ਬਣੀ ਹੈ ਤਾਂ ਇਹ ਦੱਸਣ ਦੀ ਕਿਰ-ਪਾਲਤਾ ਕੀਤੀ ਜਾਏ ਕਿ ਇਸ ਦੇ ਕੌਣ ਕੌਣ ਮੈਂਬਰ ਹਨ, ਇਸ ਦਾ ਕੀ ਪ੍ਰੋਗਰਾਮ ਹੈ ?

ਰਾਜ ਮੰਤਰੀ : ਇਹ ਮੇਰੀ ਨਾਲਿਜ ਵਿਚ ਨਹੀਂ ਹੈ। ਬਾਕੀ ਸੀ. ਐਮ. ਸਾਹਿਬ ਨੂੰ ਪਤਾ ਹੋਏਗਾ।

Veterinary Dispensaries in Anandpur Sahib Tehsil

*593. **Shri Ram Parkash Bali** : Will the Minister of State for Animal Husbandry, Fisheries and Dairy Development be pleased to state—

(a) the number of Veterinary Dispensaries in Anandpur Sahib Tehsil, District Ropar;

(b) whether any post of doctor is vacant in the said dispensaries ; if so, since when ;

(c) the steps taken/proposed to be taken to fill up the said vacancies ?

Sardar Jagdev Singh Tajpuri : (a) Six.

(b) No, Sir.

(c) Question does not arise.

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਨੋਟਿਸ ਵਿਚ ਆਇਆ ਹੈ ਕਿ ਕੁਝ ਡਿਸਪੈਂਸਰੀਆਂ ਡਾਕਟਰਜ਼ ਤੋਂ ਬਿਨਾਂ ਹਨ, ਕੁਝ ਡਾਕਟਰ ਛੁੱਟੀਆਂ ਚਲੇ ਜਾਂਦੇ ਹਨ। ਕੀ ਮੰਤਰੀ ਜੀ ਇਹ ਦੱਸਣਗੇ ਕਿ ਅਗਰ ਕਿਸੇ ਜਗ੍ਹਾ ਵਕੈਂਟ ਪੋਸਟਾਂ ਹਨ, ਕੋਈ ਲੰਬੀ ਛੁੱਟੀ ਤੇ ਚਲਾ ਗਿਆ ਹੈ, ਤਾਂ ਕੀ ਉਥੇ ਡਾਕਟਰਾਂ ਦੀਆਂ ਪੋਸਟਾਂ ਜਲਦੀ ਤੋਂ ਜਲਦੀ ਭਰ ਦਿੱਤੀਆਂ ਜਾਣਗੀਆਂ ?

ਰਾਜ ਮੰਤਰੀ : ਮੈਂ ਤੁਹਾਡੇ ਰਾਹੀਂ ਆਨਰੇਬਲ ਮੈਂਬਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਕਿਤੇ ਵੀ ਡਾਕਟਰ ਦੀ ਪੋਸਟ ਖਾਲੀ ਨਹੀਂ ਹੈ। ਹਰ ਜਗ੍ਹਾ ਤੇ ਡਾਕਟਰ ਲਗੇ ਹੋਏ ਹਨ। ਜੇਕਰ ਮੈਂਬਰ ਸਾਹਿਬ ਮੈਨੂੰ ਦਸ ਦੇਣ ਕਿ ਕਿਸੇ ਜਗ੍ਹਾ ਪੋਸਟ ਵੇਕੈਂਟ ਪਈ ਹੈ, ਤਾਂ ਮੈਂ ਜ਼ਰੂਰ ਉਥੇ ਡਾਕਟਰ ਲਗਾ ਦਿਆਂਗਾ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਕੁਝ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਡਾਕਟਰ ਬਾਹਰਲੇ ਇਲਾਕੇ ਦੇ ਸਾਡੇ ਇਲਾਕੇ ਵਿਚ ਲਗਦੇ ਹਨ ਉਹ ਉਥੇ ਨਹੀਂ ਰਹਿੰਦੇ। ਮੇਰੇ ਕਹਿਣ ਤੇ ਮਨਿਸਟਰ ਸਾਹਿਬ ਨੇ ਉਥੇ ਲੋਕਲ ਡਾਕਟਰ ਲਗਾ ਦਿੱਤਾ ਪਰ ਉਸ ਲਈ ਆਬਜੈਕਸ਼ਨ ਲਗ ਗਿਆ ਕਿ ਹੋਮ ਡਿਸਟ੍ਰਿਕਟ ਦੇ ਡਾਕਟਰ ਨਹੀਂ ਲਗ ਸਕਦੇ। ਹੈਲਥ ਡਿਪਾਰਟਮੈਂਟ ਵਿਚ ਸੈਕਿੰਡ ਗਰੇਡ ਦੇ ਡਾਕਟਰਾਂ ਵਾਸਤੇ ਇਹ ਸ਼ਰਤ ਉਡਾ ਦਿੱਤੀ ਹੈ। ਕੀ ਇਹ ਦੱਸਣਗੇ ਕਿ ਆਪਣੇ ਮਹਿਕਮੇ ਵਿਚ ਵੀ ਹੋਮ ਡਿਸਟ੍ਰਿਕਟ ਦੀ ਸ਼ਰਤ ਉਡਾ ਦੇਣਗੇ ਤਾਕਿ ਸ਼ਹਿਰਾਂ ਦੇ ਡਾਕਟਰ ਪਿੰਡਾਂ ਵਿਚ ਲੋਕਾਂ ਦੀ ਸੇਵਾ ਕਰ ਸਕਣ ?

ਰਾਜ ਮੰਤਰੀ: ਜੋ ਇਨ੍ਹਾਂ ਨੇ ਸੁਝਾਓ ਦਿੱਤਾ ਹੈ ਕਈ ਹੋਰ ਮੈਂਬਰ ਸਾਹਿਬਾਨ ਦਾ ਵੀ ਇਸ ਤਰ੍ਹਾਂ ਦਾ ਸੁਝਾਓ ਆਇਆ ਹੈ, ਪਰ ਇਸ ਤੇ ਸੋਚ ਵਿਚਾਰ ਕਰ ਲਵਾਂਗੇ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਹਾਊਸ ਨੂੰ ਗੁਮਰਾਹ ਕਰ ਰਹੇ ਹਨ। ਬਹੁਤ ਸਾਰੀਆਂ ਡਿਸਪੈਂਸਰੀਆਂ ਹਨ ਜਿਥੇ ਡਾਕਟਰ ਨਹੀਂ ਹਨ। ਇਸ ਲਈ ਜੋ ਸਚਾਈ ਹੈ, ਉਹ ਦੱਸਣ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਹਸਪਤਾਲਾਂ ਵਿਚ ਡਾਕਟਰ ਨਹੀਂ ਹਨ ?

ਸ਼੍ਰੀ ਸਪੀਕਰ : ਜਵਾਬ ਦੇ ਦਿੱਤਾ ਹੈ। ਸਾਰੀ ਜਗ੍ਹਾ ਹਨ, ਜਿਥੇ ਨਹੀਂ ਹਨ ਤੁਸੀਂ ਪੁਆਇੰਟ ਆਊਟ ਕਰ ਦਿਓ। ਨੈਕਸਟ ਕੁਐਸਚਨ ਨੰ: 594.

New Veterinary Hospitals in the State

*594. **Shri Ram Parkash Bali**: Will the Minister of State for Animal Husbandry, Fisheries and Dairy Development be pleased to state the number of Veterinary Hospitals, opened in the State, disctrictwise during the current financial year (up to date) ?

ਸਰਦਾਰ ਜਗਦੇਵ ਸਿੰਘ ਤਾਜਪੁਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕਿਤੇ ਵੀ ਕੋਈ ਹਸਪਤਾਲ ਨਹੀਂ ਖੋਲ੍ਹਿਆ। ਫੋਕਲ ਪੁਆਇੰਟ ਤੇ ਹਸਪਤਾਲ ਖੋਲ੍ਹਣ ਦੀ ਪਰੋਵੀਜ਼ਨ ਹੈ। ਅਸੀਂ ਹੋਰ ਕਿਤੇ ਹਸਪਤਾਲ ਨਹੀਂ ਖੋਲ੍ਹ ਸਕਦੇ, ਅਸੀਂ ਅੱਪਗਰੇਡ ਕਰ ਸਕਦੇ ਹਾਂ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਕਿ ਹਸਪਤਾਲ ਖੋਲ੍ਹਣ ਦੀ ਕੋਈ ਪਰਪੋਜ਼ਲ ਨਹੀਂ ਹੈ ? ਮੈਂ ਇਹ ਮਹਿਸੂਸ ਕਰਦਾ ਹਾਂ ਕਿ ਜੇ ਕੋਈ ਬੰਦਾ ਬਿਮਾਰ ਹੋ ਜਾਵੇ ਤਾਂ ਉਸ ਨੂੰ ਤਾਂ ਸਾਈਕਲ ਤੇ ਜਾਂ ਰਿਕਸ਼ੇ ਤੇ ਬਿਠਾ ਕੇ ਲਿਜਾਇਆ ਜਾ ਸਕਦਾ ਹੈ ਪਰ ਪਿੰਡ ਵਿਚ ਜੇ ਕੋਈ ਡੰਗਰ ਬੀਮਾਰ ਹੋ ਜਾਵੇ ਤਾਂ ਉਸਨੂੰ 25-30 ਮੀਲ ਦੀ ਦੂਰੀ ਤੇ ਲੈ ਜਾਣਾ ਬਹੁਤ ਮੁਸ਼ਕਿਲ ਹੈ। ਇਸ ਲਈ ਕੀ ਇਹ ਰੂਰਲ ਏਰੀਆ ਵੱਲ ਜਿਥੇ ਕਿ ਜ਼ਿਮੀਂਦਾਰ ਅਤੇ ਕਿਸਾਨ ਹਨ ਉਨ੍ਹਾਂ ਵਲ ਸਪੈਸ਼ਲ ਧਿਆਨ ਦੇਣਗੇ ? ਇਹ ਸਰਕਾਰ ਕਿਸਾਨਾਂ ਦੀ ਸੇਵਾਦਾਰ ਸਰਕਾਰ ਕਹਾਉਂਦੀ ਹੈ। ਇਸ ਲਈ ਇਹ ਬਹੁਤ ਵੱਡਾ ਮਾਣ ਪ੍ਰਾਪਤ ਕਰਨ ਵਾਲੀ ਗੱਲ ਹੋਵੇਗੀ ਜੇ ਇਹ ਪਿੰਡਾਂ ਵਿਚ ਡਿਸਪੈਂਸਰੀਆਂ ਖੋਲ੍ਹ ਦੇਣ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੰਡੀ ਏਰੀਆ, ਸਬਮਾਉਂਟੇਨੀਅਸ ਅਤੇ ਪਹਾੜੀ ਏਰੀਆ ਨੂੰ ਡਿਸਪੈਂਸਰੀਆਂ ਖੋਲ੍ਹਣ ਵਿਚ ਪਹਿਲ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਕ ਡੇਅਰੀ ਫਾਰਮਰ ਹੋਣ ਦੇ ਨਾਤੇ ਵਿਚ ਇਨ੍ਹਾਂ ਨਾਲੋਂ ਵੀ ਇਸ ਵਿਚ ਜ਼ਿਆਦਾ ਦਿਲਚਸਪੀ ਲੈ ਰਿਹਾ ਹਾਂ। ਪਰ ਇਨ੍ਹਾਂ ਨੇ ਸਵਾਲ ਇਸ ਢੰਗ ਦਾ ਪੇਸ਼ ਕੀਤਾ ਹੈ ਉਸ ਦੇ ਬਾਰੇ ਇਸ ਤਰ੍ਹਾਂ ਹੈ ਕਿ ਅਸੀਂ ਡਿਸਪੈਂਸਰੀ ਤਾਂ ਅੱਪਗਰੇਡ ਕਰ ਦਿਆਂਗੇ ਪਰ ਹਸਪਤਾਲ ਕੋਈ ਡਾਇਰੈਕਟ ਨਹੀਂ ਖੋਲ੍ਹਦੇ। ਫੋਕਲ ਪੁਆਇੰਟ ਤੇ ਪਰੋਵੀਜ਼ਨ ਹੈ, ਹੋਰ ਕਿਸੇ ਜਗ੍ਹਾ ਨਹੀਂ ਖੋਲ੍ਹ ਸਕਦੇ। ਅੱਪਗਰੇਡ ਕਰਦੇ ਹਾਂ, ਵੈਟਰਨਰੀ ਡਿਸਪੈਂਸਰੀਆਂ ਅੱਪਗਰੇਡ ਕਰਕੇ ਹਸਪਤਾਲ ਬਣਾਏ ਜਾਂਦੇ ਹਨ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਤੁਹਾਡੇ ਪਾਸ ਪਰੋਵੀਜ਼ਨ ਨਹੀਂ ਤਾਂ ਕਾਨੂੰਨ ਤਾਂ ਤੁਸੀਂ ਬਣਾਉਣਾ ਹੈ। ਇਸ ਅਸੈਂਬਲੀ ਵਿਚ ਕਾਨੂੰਨ ਬਣਾਕੇ ਰੂਰਲ

[ਸ੍ਰੀ ਰਾਮ ਪ੍ਰਕਾਸ਼ ਬਾਲੀ]

ਡਿਸਪੈਂਸਰੀਆਂ ਖੋਲ੍ਹੀਆਂ ਜਾਣ ਤਾਕਿ ਲੋਕਾਂ ਦੀ ਤਕਲੀਫ ਦੂਰ ਹੋਵੇ। ਇਹ ਚੰਗਾ ਰਹੇਗਾ ਜੇ ਇਸ ਤਰ੍ਹਾਂ ਕੀਤਾ ਜਾਵੇ ਕਿ ਜਿਹੜੇ ਵੱਡੇ ਡਾਕਟਰ ਹਨ ਉਹ ਪਿੰਡਾਂ ਵਿਚ ਆਪਣਾ ਕੋਈ ਨਾ ਕੋਈ ਦਿਨ ਮੁਕੱਰਰ ਕਰ ਲੈਣ ਅਤੇ ਪੰਜ ਪੰਜ ਪਿੰਡਾਂ ਦੇ ਦਰਮਿਆਨ ਉਹ ਕੰਮ ਕਰਨ ਅਤੇ ਬਾਕੀ ਦੇ ਹੈਡ-ਕੁਆਰਟਰ ਤੇ ਰਹਿਕੇ ਕੰਮ ਕਰਨ ਤਾਕਿ ਲੋਕਾਂ ਦੀ ਤਕਲੀਫ ਦੂਰ ਹੋ ਸਕੇ।

ਰਾਜ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਕਰਨ ਦਾ ਢੰਗ ਗਲਤ ਹੈ। ਬਾਕੀ ਸਾਰੀਆਂ ਗੱਲਾਂ ਦੀ ਪਰੋਵੀਜ਼ਨ ਹੈ, ਹਸਪਤਾਲ ਬਣਦੇ ਹਨ ਪਰ ਉਹ ਡਾਇਰੈਕਟਲੀ ਓਪਨ ਨਹੀਂ ਹੁੰਦੇ। ਛੋਟੀਆਂ ਡਿਸਪੈਂਸਰੀਆਂ ਨੂੰ ਅਪਗਰੇਡ ਕਰਕੇ ਹਸਪਤਾਲ ਬਣਾਉਂਦੇ ਹਾਂ। ਇਹ ਸਾਰੀ ਚੀਜ਼ ਹੋ ਰਹੀ ਹੈ। ਐਸੀ ਗੱਲ ਕਿਤੇ ਨਹੀਂ ਹੈ ਜਾਂ ਕੋਈ ਡਾਕਟਰ ਨਹੀਂ ਹੈ। ਸਾਰੀਆਂ ਚੀਜ਼ਾਂ ਮੌਜੂਦ ਹਨ।

ਡਾਕਟਰ ਕੇਵਲ ਕ੍ਰਿਸ਼ਨ: ਮੈਂ ਮੰਤਰੀ ਜੀ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਪਾਲਿਸੀ ਮੈਟਰ ਹੈ। ਪਰ ਜਿਹੜੀਆਂ ਡਿਸਪੈਂਸਰੀਆਂ ਬਣੀਆਂ ਹੋਈਆਂ ਹਨ ਉਨ੍ਹਾਂ ਨੂੰ ਅਪਗਰੇਡ ਕਰਨਾ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਦੀ ਸੈਂਕਸ਼ਨ ਹੋ ਗਈ ਹੈ ਔਰ ਉਹ ਅਜੇ ਤਕ ਅੱਪਗਰੇਡ ਨਹੀਂ ਹੋਏ, ਉਸ ਉਤੇ ਪੈਸਾ ਨਹੀਂ ਖਰਚਿਆ, ਡਾਕਟਰ ਨਹੀਂ ਭੇਜਿਆ ਗਿਆ, ਕੀ ਉਨ੍ਹਾਂ ਨੂੰ ਇਸ ਸਾਲ ਵਿਚ 31 ਮਾਰਚ ਤੱਕ ਕੰਪਲੀਟ ਕਰ ਦੇਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿੰਨੇ ਵੀ ਹਸਪਤਾਲ ਜਾਂ ਡਿਸਪੈਂਸਰੀਆਂ ਮਨਜ਼ੂਰ ਹੁੰਦੀਆਂ ਹਨ ਤੁਰੰਤ ਉਨ੍ਹਾਂ ਦੀ ਰਕਮ, ਜਿੰਨਾ ਪੈਸਾ ਉਨ੍ਹਾਂ ਉਤੇ ਖਰਚ ਕਰਨਾ ਹੈ ਉਸੇ ਵਕਤ ਰਿਲੀਜ਼ ਕੀਤਾ ਜਾਂਦਾ ਹੈ। ਸਬੰਧਤ ਮਹਿਕਮੇਂ ਕੋਲ, ਭਾਵ- ਐਸ. ਈ. ਪੰਚਾਇਤੀ ਰਾਜ ਕੋਲ ਪਹੁੰਚ ਜਾਂਦਾ ਹੈ ਔਰ ਕੋਈ ਐਸੀ ਗੱਲ ਰਹਿ ਨਹੀਂ ਜਾਂਦੀ। ਉਹ ਪੈਸਾ ਤੁਰੰਤ ਉਥੇ ਭੇਜਿਆ ਜਾਂਦਾ ਹੈ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਜਮਾਲਪੁਰ ਅਬਾਣਾ ਪਿੰਡ ਹੈ ਉਥੇ ਡੰਗਰਾਂ ਦੇ ਹਸ-ਪਤਾਲ ਲਈ ਪਿੰਡ ਦੀ ਜ਼ਮੀਨ ਐਕੁਆਇਰ ਕਰ ਲਈ ਗਈ ਹੈ, ਬਿਲਡਿੰਗ ਖਾਲੀ ਪਈ ਹੈ, ਕੀ ਉਥੇ ਕੋਈ ਵਜ਼ੀਰ ਸਾਹਿਬ ਪ੍ਰਬੰਧ ਕਰਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਜੋ ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਫੁਰਮਾਇਆ ਹੈ ਉਹ ਬਿਲਕੁਲ ਦਰੁਸਤ ਹੈ ਔਰ ਵਾਜਿਬ ਗੱਲ ਹੈ। ਉਥੇ ਹਸਪਤਾਲ ਖੋਲ੍ਹਿਆ ਜਾਵੇਗਾ।

Construction of Missing Link Roads

*616. **Shri Ram Kishan Kataria** : Will the Minister of State for Public Works be pleased to state—

(a) whether any request has been received by the Government from the Legislator of Balachaur on the 27th January, 1987, for the construction of link roads from village Chuhar Pur to Boothgarh in the Saroa Block and Adowana to Khewal and Khewewal to Rattewal Udhanwal in Balachaur Block District Hoshiarpur ;

(b) if the reply to part (a) above be in the affirmative the details of action taken thereon ?

ਸ਼ਰਦਾਰ ਰਾਜਿੰਦਰ ਸਿੰਘ ਧਾਲੀਵਾਲ : (ੳ) ਹਾਂ ਜੀ।

(ਅ) ਸਵਾਲ ਵਿਚ ਦਰਸਾਏ ਪਿੰਡ ਪਹਿਲਾਂ ਹੀ ਪੱਕੀ ਸੜਕ ਨਾਲ ਪਹਿਲੀ ਲਿੰਕਸ ਰਾਹੀਂ ਜੁੜੇ ਹੋਏ ਹਨ। ਸਰਕਾਰ ਪੇਂਡੂ ਸੜਕ ਦੀ ਉਸਾਰੀ ਲਈ ਆਪਣੇ ਬਜਟ ਵਿਚੋਂ ਕੋਈ ਰਾਸ਼ੀ ਨਹੀਂ ਦਿੰਦੀ ਅਤੇ ਇਨ੍ਹਾਂ ਦੀ ਉਸਾਰੀ ਸਬੰਧਤ ਮਾਰਕੀਟ ਕਮੇਟੀਆਂ ਜਾਂ ਪੰਜਾਬ ਮੰਡੀਕਰਨ ਬੋਰਡ ਵਲੋਂ ਦਿੱਤੇ ਧਨ ਰਾਹੀਂ ਕੀਤੀ ਜਾਂਦੀ ਹੈ। ਕਿਉਂਕਿ ਮੰਡੀਕਰਨ ਬੋਰਡ ਵਲੋਂ ਦਰਸਾਈਆਂ ਸੜਕਾਂ ਲਈ ਕੋਈ ਪ੍ਰਵਾਨਗੀ ਨਹੀਂ, ਇਸ ਕਰਕੇ ਹਾਲ ਦੀ ਘੜੀ ਇਨ੍ਹਾਂ ਦੀ ਉਸਾਰੀ ਦੀ ਕੋਈ ਤਜਵੀਜ਼ ਨਹੀਂ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਇਹ ਜੋ ਮੇਰੀ ਬੇਨਤੀ ਠੁਕਰਾਈ ਗਈ ਹੈ ਉਸ ਦੇ ਬਾਰੇ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੜੀ ਨਿਮਰਤਾ ਪੂਰਬਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਨੂੰ ਰੀਮਾਈਂਡ ਵੀ ਕਰਵਾਇਆ ਸੀ ਕਿ ਮੇਰੇ ਹਲਕੇ ਵਿਚ 199 ਪਿੰਡ ਹਨ ਅਤੇ ਜਦੋਂ ਇਹ ਆਪ ਉਥੇ ਗਏ ਸੀ ਤਾਂ ਹਲਕੇ ਦੇ ਲੋਕ ਇਨ੍ਹਾਂ ਨੂੰ ਮਿਲੇ ਸੀ ਅਤੇ ਉਨ੍ਹਾਂ ਨੂੰ ਦਸਿਆ ਗਿਆ ਸੀ ਕਿ ਇਹ 6-6 ਕਿਲੋਮੀਟਰ ਦੇ ਲਿੰਕਸ ਹਨ ਅਤੇ ਜਿਨ੍ਹਾਂ ਦੇ ਨਾ ਹੋਣ ਦੀ ਵਜ੍ਹਾ ਕਰਕੇ 10-10 ਮੀਲ ਦਾ ਚੱਕਰ ਲਾ ਕੇ ਜਾਣਾ ਆਉਣਾ ਪੈਂਦਾ ਹੈ ਔਰ ਇਸ ਦੇ ਬਾਰੇ ਲਿਖ ਕੇ ਭੇਜਿਆ ਸੀ ਕਿ ਇਹ 6 ਕਿਲੋਮੀਟਰ ਦੀ ਸੜਕ ਬਣਾਈ ਜਾਵੇ ਅਤੇ ਮੁੱਖ ਮੰਤਰੀ ਸਾਹਿਬ ਨੇ ਇਸ ਦੇ ਲਈ ਐਸ਼ੋਰੈਂਸ ਵੀ ਦਿੱਤੀ ਸੀ। ਮੈਂ ਮੰਤਰੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਹ ਖੁਦ ਇਸ ਦੇ ਬਾਰੇ ਦੱਸ ਦੇਣ ਤਾਂ ਮੈਂ ਇਨ੍ਹਾਂ ਦਾ ਅਤਿ ਧੰਨਵਾਦੀ ਹੋਵਾਂਗਾ। ਮੁੱਖ ਮੰਤਰੀ ਸਾਹਿਬ ਨੂੰ ਇਹ ਵੀ ਯਾਦ ਹੋਵੇਗਾ ਕਿ ਇਨ੍ਹਾਂ ਨੂੰ ਆਪਣੇ ਹਲਕੇ ਵਿੱਚ ਲਿਜਾਣ ਵਾਸਤੇ ਜਿਥੇ ਅਸੀਂ 15 ਕਿਲੋਮੀਟਰ ਦਾ ਫਾਸਲਾ ਤਹਿ ਕਰਨਾ ਸੀ ਉਥੇ ਸਾਨੂੰ 65 ਕਿਲੋਮੀਟਰ ਦਾ ਫਾਸਲਾ ਤਹਿ ਕਰਕੇ ਉਥੇ ਪਹੁੰਚਣਾ ਪਿਆ। ਇਸ ਕਰਕੇ ਮੇਰੀ ਬੇਨਤੀ ਹੈ ਕਿ ਇਹ ਮਿਸਿੰਗ ਲਿੰਕਸ ਇਸ ਤਰ੍ਹਾਂ ਦੇ ਜੋ ਹਨ ਉਨ੍ਹਾਂ ਦੇ ਵਾਸਤੇ ਉਪਰਾਲਾ ਕਰਨਾ ਚਾਹੀਦਾ ਹੈ ਔਰ ਮੁੱਖ ਮੰਤਰੀ ਸਾਹਿਬ ਖੁਦ ਇਸ ਦੇ ਲਈ ਐਸ਼ੋਰੈਂਸ ਦੇ ਦੇਣ ਤਾਂ ਮੈਂ ਇਸ ਦੇ ਲਈ ਇਨ੍ਹਾਂ ਦਾ ਅਤਿ ਧੰਨਵਾਦੀ ਹੋਵਾਂਗਾ।

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੀ ਲੰਬਾਈ ਕੋਈ ਸਾਢੇ 7 ਕਿਲੋਮੀਟਰ ਹੈ ਔਰ ਇਸ ਤੇ ਤਕਰੀਬਨ ਸਾਢੇ 7 ਲੱਖ ਰੁਪਏ ਦਾ ਖਰਚਾ ਆਉਣਾ ਹੈ। ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਇਹ ਖਰਚਾ ਮੰਡੀਕਰਣ ਬੋਰਡ ਜਾਂ ਮਾਰਕਿਟ ਕਮੇਟੀਆਂ ਨੇ ਬਰਦਾਸ਼ਤ ਕਰਨਾ ਹੈ। ਅਸੀਂ ਇਸ ਗੱਲ ਤੇ ਵਿਚਾਰ ਕਰ ਰਹੇ ਹਾਂ ਕਿ ਕੁਝ ਕੰਡੀ ਏਰੀਆਜ਼ ਨੂੰ ਰੋਡਜ਼ ਦੇਣ ਵਾਸਤੇ ਬਜਟ ਵਿਚ ਕੋਈ ਪ੍ਰੋਵੀਜ਼ਨ ਕਰ ਸਕੀਏ। ਜੇ ਬਜਟ ਵਿੱਚ ਕੋਈ ਪ੍ਰੋਵੀਜ਼ਨ ਕਰ ਸਕਾਂਗੇ ਤਾਂ ਜ਼ਰੂਰ ਕਰਾਂਗੇ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੇਰੇ ਹਲਕੇ ਤੋਂ ਇਲਾਵਾ ਹੋਰ ਸਾਰਿਆਂ ਹਲਕਿਆਂ ਵਿੱਚ ਵੀ ਇੰਟਰ ਲਿੰਕਸ ਬਣਾਉਣੇ ਹਨ। ਮੈਂ ਮੰਤਰੀ ਜੀ ਨੂੰ ਵੀ ਕਿਹਾ ਸੀ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਉਥੇ ਸੜਕ ਬਣਾਈ ਗਈ ਹੈ ਉਥੇ ਕੋਈ ਸੜਕ ਨਹੀਂ ਬਣਾਈ ਗਈ। ਪਿਛਲੇ ਸੈਸ਼ਨ ਵਿੱਚ ਮੈਂ ਇਕ ਸਟਾਰਡ ਸਵਾਲ ਨੰਬਰ 298 ਕੀਤਾ ਸੀ ਔਰ ਉਸਦੇ ਜਵਾਬ ਵਿਚ ਇਨ੍ਹਾਂ ਨੇ ਕਿਹਾ ਸੀ ਕਿ 23 ਕਿਲੋਮੀਟਰ ਸੜਕ ਤੁਹਾਡੇ ਹਲਕੇ ਵਿਚ ਬਣਾਈ ਗਈ ਹੈ। ਪਰ ਮੈਂ ਕਿਹਾ ਸੀ ਕਿ 23 ਕਿਲੋਮੀਟਰ ਤਾਂ ਕੀ 23 ਫੁੱਟ ਸੜਕ ਵੀ ਉਥੇ ਨਹੀਂ ਬਣਾਈ ਗਈ। ਇਸ

[ਸ੍ਰੀ ਰਾਮ ਕਿਸ਼ਨ ਕਟਾਰੀਆ]

ਗਲ ਨੂੰ ਇਕ ਸਾਲ ਹੋ ਗਿਆ ਹੈ। ਮੈਂ ਆਪ ਜੀ ਨੂੰ ਵੀ ਲਿਖਿਆ ਸੀ ਔਰ ਤੁਸੀਂ ਜਵਾਬ ਦਿੱਤਾ ਕਿ ਮੈਂ ਮਨਿਸਟਰ ਸਾਹਿਬ ਨੂੰ ਡੀ. ਓ. ਲੈਟਰ ਲਿਖ ਦਿਤਾ ਹੈ ਪਰ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿੱਚ ਕੋਈ ਸੜਕ ਨਹੀਂ ਬਣਾਈ ਗਈ ਅਤੇ ਇਹ 23 ਕਿਲੋ ਮੀਟਰ ਦੀ ਸੜਕ ਕਾਗਜ਼ਾਂ ਵਿੱਚ ਬਣਾਈ ਗਈ ਹੈ। ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਅਤੇ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਜਦੋਂ ਜ਼ਿਲ੍ਹੇ ਵਿਚ ਉਥੇ ਗਏ ਤਾਂ ਮੈਂ ਆਪ ਜਾਕੇ ਉਥੇ ਦੇਖਾਂਗਾ ਕਿ ਐਸਾ ਕਿਉਂ ਹੋਇਆ ਹੈ। ਇਸ ਤਰ੍ਹਾਂ ਦੀ ਧਾਂਦਲੀ ਉਥੇ ਪਈ ਹੋਈ ਹੈ। ਕੀ ਇਸ ਦੇ ਬਾਰੇ ਮਨਿਸਟਰ ਸਾਹਿਬ ਸਪੱਸ਼ਟੀਕਰਨ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਸਪੱਸ਼ਟੀਕਰਨ ਮੰਗਿਆ ਸੀ ਜਾਂ ਪਿਛੇ ਜੋ ਓਬਜੈਕਸ਼ਨ ਰੇਜ਼ ਕੀਤਾ ਸੀ ਉਸ ਦਾ ਜਵਾਬ ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਲਿਖ ਕੇ ਭੇਜ ਦਿਤਾ ਹੈ ਔਰ ਤੁਹਾਡੇ ਪਾਸ ਵੀ ਲੈਟਰ ਸ਼ਾਇਦ ਆ ਗਈ ਹੋਣੀ ਹੈ ਕਿਉਂਕਿ ਤੁਹਾਨੂੰ ਸੂਚਨਾ ਦੇ ਦਿੱਤੀ ਸੀ। ਸੜਕ ਨਾ ਬਣਨ ਬਾਰੇ ਜੋ ਇਨ੍ਹਾਂ ਨੇ ਕਿਹਾ ਹੈ ਇਨ੍ਹਾਂ ਨੂੰ ਮੈਂ ਕਿਹਾ ਸੀ ਕਿ ਕੋਈ ਪਰੋਗਰਾਮ ਬਣਾਓ ਤੁਹਾਡੇ ਨਾਲ ਜਾ ਕੇ ਮੌਕੇ ਤੇ ਦੇਖ ਲਵਾਂਗੇ। ਪ੍ਰੋਗਰਾਮ ਉਲੀਕਿਆ ਗਿਆ ਔਰ ਇਨ੍ਹਾਂ ਦੀ ਨਾ-ਪਹੁੰਚ ਕਾਰਨ ਅਸੀਂ ਨਹੀਂ ਜਾ ਸਕੇ।

ਗਿਆਨੀ ਅਰਜਨ ਸਿੰਘ ਲਿੱਟ : ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਕ ਨਵਾਂ ਰਿਵਾਜ ਵੇਖਿਆ ਹੈ ਕਿ ਜੀ. ਟੀ. ਰੋਡ ਤੇ ਪਿੰਡ ਹੁਸੈਨ ਪੁਰਾ, ਕੈਦੀਆਂ ਆਦਿ ਹਨ ਉਥੇ ਪਹਿਲਾਂ ਸੜਕ ਬਣੀ ਹੋਈ ਹੈ ਸੋਲਿੰਗ ਹੋਈ ਹੋਈ ਹੈ ਪਰ ਉਥੇ ਫਿਰ ਨਵੇਂ ਸਿਰੇ ਤੋਂ ਬਣਾਉਣ ਲੱਗੇ ਹਨ। ਕੀ ਇਸ ਦਾ ਕਾਰਨ ਦੱਸਣਗੇ ?

ਰਾਜ ਮੰਤਰੀ : ਮੈਂਬਰ ਸਾਹਿਬ ਨਵਾਂ ਸੁਆਲ ਦੇ ਦੇਣ ਮੈਂ ਪੜਤਾਲ ਕਰਾ ਲਵਾਂਗਾ।

ਸ੍ਰੀ ਰਮੇਸ਼ ਚੰਦਰ ਡੋਗਰਾ : ਮੈਂ ਮਾਨਯੋਗ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਦਸੂਹਾ ਹਲਕੇ ਵਿਚ ਕੋਈ 10 ਪਿੰਡ ਐਸੇ ਹਨ ਜਿਥੇ ਫਸਟ ਲਿੰਕ ਨਹੀਂ ਹਨ ਔਰ ਇਥੇ ਸੈਕਿੰਡ ਲਿੰਕ ਦੀਆਂ ਗੱਲਾਂ ਹੋ ਰਹੀਆਂ ਹਨ। ਕੀ ਮੰਤਰੀ ਸਾਹਿਬ ਇਸ ਚੀਜ਼ ਦੀ ਪੜਤਾਲ ਕਰਾਉਣਗੇ ਅਤੇ ਅਸ਼ਿਓਰ ਕਰਨਗੇ ਕਿ ਅਗਲੇ ਸਾਲ ਇਹ ਲਿੰਕ ਸਾਨੂੰ ਮਿਲ ਜਾਣਗੇ ? ਕੀ ਮੰਤਰੀ ਜੀ ਉਪਰਾਲਾ ਕਰਨਗੇ ?

ਰਾਜ ਮੰਤਰੀ : ਇਸ ਬਾਰੇ ਜ਼ਰੂਰ ਉਪਰਾਲਾ ਕਰਾਂਗੇ ।

ਸਰਦਾਰ ਪਰਕਾਸ਼ ਸਿੰਘ ਗੜ੍ਹਦੀਵਾਲਾ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਢੋਲੇਵਾਲ ਤਾਂ ਡੈਮ ਬਣ ਗਿਆ ਹੈ ਪਰ ਮੇਰੇ ਹਲਕੇ ਦੇ 7 ਪਿੰਡ ਪ੍ਰਭਾਵਤ ਹਨ ਕਿਉਂਕਿ ਰਸਤਾ ਬੰਦ ਹੋ ਗਿਆ ਹੈ। ਉਹ ਰਸਤਾ ਮਾਰਚ ਵਿਚ ਚਾਲੂ ਹੋਣਾ ਸੀ ਪਰ ਅਜੇ ਤਕ ਚਾਲੂ ਨਹੀਂ ਹੋਇਆ, ਸੜਕ ਬੰਦ ਹੈ। ਕੀ ਇਸ ਨੂੰ ਚਾਲੂ ਕਰਨ ਵਾਸਤੇ ਕੋਈ ਉਪਰਾਲਾ ਕਰਨਗੇ ਕਿਉਂਕਿ ਲੋਕਾਂ ਨੂੰ 17 ਕਿਲੋਮੀਟਰ ਦਾ ਫਾਸਲਾ ਤਹਿ ਕਰਕੇ ਆਉਣਾ ਪੈਂਦਾ ਹੈ ਔਰ ਲੋਕ ਇਸ ਗੱਲ ਲਈ ਮੇਰਾ ਘਿਰਾਓ ਕਰਦੇ ਹਨ ?

ਰਾਜ ਮੰਤਰੀ : ਮੈਨੂੰ ਨਵਾਂ ਸੁਆਲ ਲਿਖ ਕੇ ਭੇਜ ਦੇਣ ਮੈਂ ਵੇਖ ਲਵਾਂਗਾ।

ਸ਼੍ਰੀ ਸਪੀਕਰ: ਇਹ ਸੁਆਲ ਕਿਸੇ ਇੰਡੀਵਿਜੁਅਲ ਬਾਰੇ ਸੀ ਔਰ ਕਿਸੇ ਸਪੈਸਿਫਿਕ ਸੜਕ ਬਾਰੇ ਸੁਆਲ ਆਇਆ ਸੀ। ਇਸ ਤਰਾਂ ਬਾਕੀਆਂ ਬਾਰੇ ਮਤਰੀ ਸਾਹਿਬ ਪੂਰਾ ਜਵਾਬ ਸ਼ਾਇਦ ਹੀ ਦੇ ਸਕਣ।

ਸਰਦਾਰ ਭਾਗ ਸਿੰਘ: ਸਪੀਕਰ ਸਾਹਿਬ, ਮੈਂ ਮਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਚਮਕੌਰ ਸਾਹਿਬ ਵਿਚ ਦੋ ਅਗਸਤ ਨੂੰ ਢੂਡੀਕੇ ਪੁਲ ਦਾ ਨੀਂਹ ਪੱਥਰ ਰਖਿਆ ਸੀ ਅਤੇ ਹਾਈ ਕੋਰਟ ਨੇ ਸਟੇਅ ਕਰ ਦਿਤਾ ਸੀ ਅਤੇ ਪਿਛਲੇ ਸੈਸ਼ਨ ਵਿਚ ਮੰਤਰੀ ਸਾਹਿਬ ਨੇ ਆਸ਼ਵਾਸਨ ਦਿੱਤਾ ਸੀ ਕਿ ਪੁਲ ਸ਼ੁਰੂ ਕਰ ਦਿਆਂਗੇ। ਮੈਂ ਇਹ ਆਸ਼ਵਾਸਨ ਲੈਣਾ ਚਾਹੁੰਦਾ ਹਾਂ ਕਿ ਆਇਆ ਇਸ ਬ੍ਰਿਜ ਦੇ ਪੈਸੇ ਕਿਸੇ ਹੋਰ ਪਾਸੇ ਤਾਂ ਨਹੀਂ ਲਗਾਏ ਜਾਣਗੇ ?

ਰਾਜ ਮੰਤਰੀ: ਇਸ ਦੇ ਬਾਰੇ ਮੈਂ ਪਿਛਲੇ ਸੈਸ਼ਨ ਵਿਚ ਗੱਲ ਆਖੀ ਸੀ ਕਿ ਟੈਕਨੀਕਲ ਗਰਾਊਂਡ ਤੇ ਹਾਈ ਕੋਰਟ ਨੇ ਸਟੇਅ ਕਰ ਦਿਤਾ ਅਤੇ ਇਸ ਦਾ ਫੈਸਲਾ ਕੀਤਾ ਸੀ ਕਿ ਡਿਪਾਰਟ-ਮੈਂਟਲ ਕੰਮ ਸ਼ੁਰੂ ਕਰ ਦਿੰਦੇ ਹਾਂ ਅਤੇ ਕਰ ਵੀ ਦਿੱਤਾ ਸੀ, ਪਰ ਦੂਸਰੀ ਪਾਰਟੀ ਨੇ ਸੁਪਰੀਮ ਕੋਰਟ ਤੋਂ ਸਟੇਅ ਲੈ ਲਿਆ। ਚੂੰਕਿ ਹੁਣ ਮੈਂਟਰ ਸਬਜੂਡਿਸ ਹੈ ਇਸ ਲਈ ਹਾਲੇ ਨਹੀਂ ਹੋ ਸਕਦਾ।

ਕਾਮਰੇਡ ਮਹਿਤਾਬ ਸਿੰਘ: ਸਪੀਕਰ ਸਾਹਿਬ, ਕਾਫੀ ਮਸਲਾ ਗੰਭੀਰ ਹੈ। ਮੇਰਾ ਹਲਕਾ ਜਲਾਲਾ-ਬਾਦ ਅਤੇ ਕੁਝ ਹਿੱਸਾ ਫਾਜ਼ਿਲਕਾ ਦਾ ਜਿਹੜਾ ਮੇਰੇ ਹਲਕੇ ਵਿਚ ਪੈਂਦਾ ਹੈ ਉਥੇ ਲਿੰਕ ਸੜਕਾਂ ਪਿੰਡਾਂ ਨੂੰ ਨਹੀਂ ਮਿਲ ਸਕੀਆਂ ਅਤੇ ਮਾਰਕਿਟਿੰਗ ਬੋਰਡ ਨੇ ਪੈਸੇ ਜਮ੍ਹਾਂ ਕਰਾ ਦਿਤੇ ਹਨ। ਕੀ ਮੰਤਰੀ ਸਾਹਿਬ ਇਸ ਗੱਲ ਦੀ ਪੜਤਾਲ ਕਰਾਉਣਗੇ ਅਤੇ ਉਹ ਪਿੰਡ ਲਿੰਕ ਸੜਕਾਂ ਨਾਲ ਜੋੜੇ ਜਾਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਪੰਜਾਬ ਵਿਚ 692 ਕਿਲੋਮੀਟਰ ਸੜਕਾਂ ਇੰਟਰਲਿੰਕਡ ਹਨ। ਹੁਣ ਅਸੀਂ ਇਕ ਨਵੀਂ ਪਾਲਿਸੀ ਦੇ ਤਹਿਤ ਇਹ ਕੀਤਾ ਹੈ ਕਿ 50% ਰਕਮ ਅਸੀਂ ਨਵੀਆਂ ਸੜਕਾਂ ਤੇ ਲਾਵਾਂਗੇ ਅਤੇ 50% ਰਕਮ ਰਿਪੇਅਰਜ਼ ਤੇ, ਜਿਵੇਂ ਜਿਵੇਂ ਫੰਡਜ਼ ਆਉਣਗੇ ਉਸੇ ਤਰ੍ਹਾਂ ਬਣਾਵਾਂਗੇ।

ਡਾਕਟਰ ਰਤਨ ਸਿੰਘ: ਸਪੀਕਰ ਸਾਹਿਬ, ਮਾਰਕਿਟਿੰਗ ਕਮੇਟੀਆਂ ਨੇ ਲੱਖਾਂ ਰੁਪਏ ਇਨ੍ਹਾਂ ਦੇ ਮਹਿਕਮੇਂ ਕੋਲ ਜਮ੍ਹਾਂ ਕਰਵਾ ਰਖੇ ਹਨ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਪੈਸੇ ਜਮ੍ਹਾਂ ਹੋ ਜਾਣ ਤਾਂ ਉਸ ਦੇ ਕਿੰਨੇ ਦਿਨਾਂ ਬਾਅਦ ਸੜਕ ਬਣਾ ਦਿੰਦੇ ਹਨ ?

ਰਾਜ ਮੰਤਰੀ: ਮੈਂ ਇਸ ਬਾਰੇ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ ਕਿ ਪੈਸੇ ਜਮ੍ਹਾਂ ਹੋਣ ਦੇ 6 ਮਹੀਨੇ ਦੇ ਅੰਦਰ ਅੰਦਰ ਸੜਕ ਬਣਾਉਂਦੇ ਹਾਂ।

ਮਾਸਟਰ ਮੋਹਨ ਲਾਲ: ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਪੈਸਾ ਸੜਕਾਂ ਤੇ ਐਸਟੀਮੇਟ ਬਣਾ ਕੇ ਖਰਚ ਕੀਤਾ ਗਿਆ ਹੈ, ਆਇਆ ਉਹ ਸਹੀ ਮਹਿਨਿਆਂ ਵਿਚ ਉਥੇ ਲਗਾ ਹੈ ਜਾਂ ਨਹੀਂ ? ਮੇਰੇ ਹਲਕੇ ਵਿਚ ਦੋ ਸੜਕਾਂ ਬਣੀਆਂ ਨੂੰ ਦੋ ਮਹੀਨੇ ਹੋਏ ਹਨ ਉਹ ਟੁੱਟ ਵੀ ਗਈਆਂ ਹਨ। ਕੀ ਵਜ਼ੀਰ ਸਾਹਿਬ ਕੋਈ ਇਸ ਦੀ ਇਨਕੁਆਇਰੀ ਕਰਾਉਣਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਮਾਨਯੋਗ ਮੈਂਬਰ ਉਨ੍ਹਾਂ ਸੜਕਾਂ ਦਾ ਜ਼ਿਕਰ ਕਰਕੇ ਜ਼ਰੂਰ ਦੱਸਣ, ਇਨਕੁਆਇਰੀ ਕਰਵਾਵਾਂਗੇ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਛੇ ਮਹੀਨਿਆਂ ਦੇ ਅੰਦਰ ਅੰਦਰ ਸੜਕ ਬਣਾਉਣੀ ਹੁੰਦੀ ਹੈ। ਮੇਰੇ ਹਲਕੇ ਵਿਚ ਸੜਕ ਲਈ ਸਾਢੇ ਛੇ ਲੱਖ ਰੁਪਿਆ ਮਿਲਿਆ ਹੈ, ਪਰ ਸੜਕ ਨਹੀਂ ਬਣੀ। 10 ਹਜ਼ਾਰ ਰੁਪਿਆ ਵੀ ਖਰਚ ਨਹੀਂ ਹੋਇਆ। ਕੀ ਵਜ਼ੀਰ ਸਾਹਿਬ ਐਕਸ਼ਨ ਲੈਣਗੇ ਉਸ ਅਫਸਰ ਦੇ ਖਿਲਾਫ ਜਿਸ ਨੇ ਅਜੇ ਤਕ ਸੜਕ ਨਹੀਂ ਬਣਾਈ ?

ਸ੍ਰੀ ਸਪੀਕਰ : ਉਸ ਸੜਕ ਦਾ ਨਾਮ ਵਗੈਰਾ ਦੱਸੋ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਮੋਥਾਪੁਰ ਸੜਕ ਹੈ ਜੀ, ਨੂਰਪੁਰ ਬੇਦੀ ਬਲਾਕ ਵਿਚ ।

ਰਾਜ ਮੰਤਰੀ : ਜ਼ਰੂਰ ਗੌਰ, ਪੜਤਾਲ ਕਰਾਂਗੇ ਔਰ ਜੇਕਰ ਨਾ ਬਣੀ ਹੋਈ ਤਾਂ ਐਕਸ਼ਨ ਲਵਾਂਗੇ ।

STARRED QUESTION NO. *617

ਸ੍ਰੀ ਸਪੀਕਰ : ਇਸ ਲਈ ਐਕਸਟੈਨਸ਼ਨ ਸੀਕ ਕੀਤੀ ਗਈ ਹੈ।

Foodgrain stores under the control of District Food and Supplies Controller, Ferozepur

***610. Comrade Mehtab Singh** : Will the Chief Minister, be pleased to state—

(a) the total number of foodgrain stores falling under the control of District Food and Supplies Controller, Ferozepur, together with the yearwise stocks of foodgrains stored in each of the said stores from the year 1980 to date;

(b) whether any stock checking of the stores mentioned in part (a) above was done during the above mentioned period; if not, the reasons therefor ?

ਸਰਦਾਰ ਬਲਦੇਵ ਸਿੰਘ ਮਾਨ (ਰਾਜ ਮੰਤਰੀ, ਖੁਰਾਕ ਅਤੇ ਸਪਲਾਈ) : (ੳ) ਫਿਰੋਜ਼ਪੁਰ ਜ਼ਿਲ੍ਹੇ ਵਿਚ 17 ਅਨਾਜ ਦੇ ਸਟੋਰ ਹਨ। ਇਨ੍ਹਾਂ ਸਟੋਰਾਂ ਵਿੱਚ 1980 ਤੋਂ ਹੁਣ ਤਕ ਸਾਲਵਾਰ ਭੰਡਾਰ ਕੀਤੀ ਕਣਕ ਦਾ ਵੇਰਵਾ ਸਦਨ ਦੀ ਮੇਜ਼ ਤੇ ਰਖਿਆ ਜਾਂਦਾ ਹੈ।

(ਅ) ਹਾਂ ਸ੍ਰੀ ਮਾਨ ਜੀ।

---

*For Starred Question No. 617 and reply thereto, please see Appendix to this Debate.

PROFORMA-A
ਪ੍ਰੋਫਾਰਮਾਂ-ੲੇ

DISTRICT : FEROZEPUR
ਜ਼ਿਲ੍ਹਾ: ਫਿਰੋਜ਼ਪੁਰ

Serial No. ਲੜੀ ਨੰ:	Name of the Centre ਕੇਂਦਰ ਦਾ ਨਾਂ	Years of Storage ਸਟੋਰੇਜ ਦੇ ਸਾਲ	1980-81		1981-82		1982-83		1983-84		1984-85	(Figures in Tonnes as on 31st July of the year) ਅੰਕੜੇ ਟਨਾਂ ਵਿਚ ਮਿਤੀ 31 ਜੁਲਾਈ ਦੀ ਪੁਜੀਸ਼ਨ	1985-86		1986-87
1	2		3		4		5		6		7		8		9
1	Ferozepur City	1979-80	5,394	1981-82	21,821	1981-82	2,620	1983-84	15,660	1983-84	4,513	1984-85	406	1984-85	9
	ਫਿਰੋਜ਼ਪੁਰ ਸਿਟੀ	1980-81	12,307			1982-83	20,344			1984-85	14,711	1985-86	17,178	1985-86 1986-87	3,505 15618
			17,701		21,821		22,964		15,660		19,224		17,584		19,132
2	Mamdot	1979-80	608	1979-80	56	1981-82	3,034	1981-82	212	1982-83	113	1983-84	1,501	1983-84	1,095
	ਮਮਦੋਟ	1980-81	4,354	1980-81 1981-82	1,995 6,999	1982-83	10,315	1982-83 1983-84	133 11,116	1983-84 1984-85	1,777 7,370	1984-85 1985-86	3,400 4,281	1984-85 1985-86	1,563 4,281
			4962		9,050		13,349		11,461		9,260		9,182	1986-87	6,243
															13,182
3	Ferozepur Cantt. ਫਿਰੋਜ਼ਪੁਰ ਕੈਂਟ	1979-80 1980-81	3,874 8 ,030	1979-80 1980-81 1981-82	3,874 7,932 8,718	1981-82 1982-83	8,080 10,314	1982-83 1983-84	5,003 8,516	1983-84 1984-85	125 13,366	1984-85 1985-86	7,516 19,495	1984-85 1985-86 1986-87	73 5,211 21,039
			11,904		20,524		18,394		13,519		13,491		27,011		26,323

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

1	2	3		4		5		6		7		8		9	
4	Guru Harsahai ਗੁਰ ਹਰ ਸਹਾਏ	1979-80	8,038	1979-80	691	1979-80	691	1979-80	646	1979-80	312	1984-85	7,533	1984-85	4,080
		1980-81	14,376	1980-81	20,845	1981-82	9,419	1981-82	4,845	1981-82	941	1985-86	26,600	1985-86	16,783
						1982-83	14,997	1982-83	234	1982-83	115			1986-87	
			23,314		21,536			1983-84	7,959	1983-84	509		34,133		17,934
							25,107			1984-85	18,981				
									13,684		2,0858				30,797
5	Talwandi ਤਲਵੰਡੀ	1979-80	11,608	1979-80	775	1981-82	2,880	1983-84	25,642	1983-84	515	1984-85	11,850	1984-85	6,908
		1980-81	12,113	1981-82	18,531	1982-83	13,902			1984-85	30,240	1985-86	32,405	1985-86	17,566
														1986-87	21,163
			23,721		19,306		16,782				30,755		44,255		45,637
6.	Mudki ਮੁਦਕੀ	1980-81	7,395	1980-81	256	1980-81	257	1983-84	12,249	1983-84	1,698	1983-84	258	1983-84	258
				1981-82	10,984	1981-82	503			1984-85	12,090	1984-85	10,060	1984-85	2,076
						1982-83	14,489					1985-86	13,303	1985-86	5,501
					11,240		15,249				13,788		23,621		7,835
7	Fazilka ਫ਼ਾਜ਼ਿਲਕਾ	1979-80	7,231	1980-81	2,080	1982-83	17,977	1983-84	1,460	1983-84	408	1984-85	9,934	1985-86	8,094
		1980-81	16,347	1981-82	17,995					1984-85	28,176	1985-86	28,756	1986-87	20,810
			23,578		**20,075**						**28,584**		**38,690**		**28,904**

	Ladhuka ਲਾਧੂਕਾ	1979-80	1,296	1980-81	72	1981-82	150	1982-83	73	1982-83	73	1984-85	5,383	1984-85	4,256
		1980-81	4,582	1981-82	6,530	1982-83	7,630	1983-84	9,252	1984-85	10,021	1985-86	9,390	1985-86	4,917
														1986-87	9,770
			5,878		6,602		7,780		9,325		10,094		14,773		18,943
9	Zira ਜ਼ੀਰਾ	1979-80	8,637	1979-80	2,432	1979-80	1,383	1982-83	213	1983-84	1,085	1985-86	27,307	1983-84	897
		1980-81	11,476	1980-81	17	1981-82	9,557	1983-84	23,811	1984-85	26,055	1984-85	8,886	1985-86	19,638
				1981-82	12,440	1982-83	10,947							1986-87	31,053
			20,113		14,889		21,887		24,024		27,140		36,193		51,588
10	Dharamkot ਧਰਮਕੋਟ	1979-80	383	1980-81	1,410	1981-82	1,155	1983-84	12,589	1983-84	3,292	1985-86	19,248	1984-85	431
		1980-81	8,774	1981-82	8,387	1982-83	5,984			1984-85	14,538	1984-85	9,315	1985-86	11,336
														1986-87	11,057
			9,157		8,797		7,139				17,830		28,563		22,824
11	Makhu ਮਖੂ	1979-80	87	1980-81	1,655	1981-82	11,229	1982-83	1,242	1983-84	802	1983-84	458	1983-84	548
		1980-81	7,084	1981-82	13,522	1982-83	7,689	1983-84	11,142	1984-85	10,546	1984-85	4,327	1984-85	3,677
												1985-86	12,115	1985-86	6,429
			7,171		15,177		18,918		12,384		11,348			1986-87	11,095
													16,900		21,749

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

1	2		3		4		5		6		7		8		9
12	Kote Ise Khan ਕੋਟ ਇਸੇ-ਖਾਂ	1980-81	13,371	1981-82	16,707	1981-82	7,208	1983-84	17,078	1983-84	6,677	1983	947	1983-84	540
						1982-83	18,646			1984-85	13,892	1984-85	10,807	1984-85	3,597
												1985-86	11,048	1985-86	11,005
							25,854				20,569		22,802		15142
13	Abohar ਅਬੋਹਰ	1979-80	6,426	1979-80	16	1981-82	2,031	1981-82	942	1981-82	133	1983-84	2,219	1983-84	2,219
		1980-81	13,595	1981-82	19,356	1982-83	22,015	1982-83	3,775	1983-84	11,089	1984-85	19,367	1984-85	6,577
								1983-84	35,797	1984-85	35,558	1985-86	30,894	1985-86	13,049
														1986-87	42,187
			20,021		19,372		24,052		40,514		46,780		52,480		64,032
14	Jalalabad ਜਲਾਲਾਬਾਦ	1979-80	3,537	1980-81	24	1981-82	450	1981-82	270	1981-82	496	1984-85	5,249	1985-86	7,838
		1980-81	16,532	1981-82	21,438	1982-83	20,974	1982-83	5,173	1982-83	3,098	1985-86	21,616	1986-87	19,757
								1983-84	14,347	1983-84	469				
										1984-85	10,616				
			20,069		21,462		21,424		19,790		14,679		26,865		27,595
15	Ferozeshah ਫਿਰੋਜ਼ਸ਼ਾਹ	1980-81	1,899	1981-82	1,445	1982-83	1,662	1983-84	344	1984-85	346	1985-86	965	1986-87	965

16 Mallanwala ਮੱਲਾਂਵਾਲਾ	1979-80	1,062	1980-81	845	1980-81	296	1980-81	296	1980-81	156	..	..	..	..
	1980-81	8,078	1981-82	10,222	1981-82	8,480	1981-82	7,368	1981-82	4,046				
		9,140		11,067		8,716		7,664		4,202				
17 Bhai Ka Wara ਭਾਈਕਾਵਾੜਾ											1985-86	1,384		

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਭੰਡਾਰ ਦਾ ਵੇਰਵਾ ਦਿਤਾ ਹੈ, ਨਾਲ ਚੈਕਿੰਗ ਕਰਵਾਈ ਹੈ, ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਥੇ ਕੋਈ ਸ਼ਾਰਟੇਜ ਡਿਪੂਆਂ ਤੇ ਹੋਈ ਹੈ? ਜੇਕਰ ਸ਼ਾਰਟੇਜ ਆਈ ਹੈ ਤਾਂ ਕਾਰਨ ਕੀ ਸਨ, ਜੇਕਰ ਘਪਲੇ-ਬਾਜ਼ੀ ਸੀ ਤਾਂ ਉਨ੍ਹਾਂ ਅਫਸਰਾਂ ਦੇ ਖਿਲਾਫ ਕੀ ਕੋਈ ਇਨਕੁਆਇਰੀ ਕੀਤੀ ਹੈ ?

ਰਾਜ ਮੰਤਰੀ : ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਕ ਮੰਥਲੀ ਇਨਸਪੈਕਸ਼ਨ ਰਿਪੋਰਟ ਆਉਂਦੀ ਹੈ। ਉਹ ਆਏ ਮਹੀਨੇ ਹੁੰਦੀ ਹੈ। ਇਹ ਵੇਖਦੇ ਹਾਂ ਕਿ ਕੋਈ ਕੁਆਲਿਟੀ ਖਰਾਬ ਤਾਂ ਨਹੀਂ ਹੋਈ। ਇਕ ਹਾਫ ਯੀਅਰਲੀ ਇਨਸਪੈਕਸ਼ਨ ਹੁੰਦੀ ਹੈ, ਮਾਰਚ ਔਰ ਸਤੰਬਰ ਵਿਚ ਹੁੰਦੀ ਹੈ ਔਰ ਰੈਗੂਲਰਲੀ ਹੁੰਦੀ ਰਹੀ ਹੈ। ਸ਼ਾਰਟੇਜ ਪਾਈਆਂ ਗਈਆਂ ਹਨ ਬਹੁਤ ਸਾਰੀਆਂ ਥਾਵਾਂ ਤੇ। ਇਹ ਅਫਸਰਾਂ ਦੀ ਬਹੁਤ ਲੰਬੀ ਲਿਸਟ ਹੈ। ਇਹ ਆ ਜਾਣ ਮੇਰੇ ਕੋਲ ਚੈਂਬਰ ਵਿਚ ਮੈਂ ਲਿਸਟ ਵਿਖਾ ਦੇਵਾਂਗਾ। ਇਨਕੁਆਇਰੀ ਹੋਈ ਹੈ। ਬਹੁਤ ਸਾਰੇ ਬੰਦੇ ਸਸਪੈਂਡ ਹੋਏ ਹਨ।

STARRED QUESTION NO. 590

(ਸਬੰਧਤ ਮਾਨਯਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਸਵਾਲ ਪੁੱਛਟ ਨਹੀਂ ਹੋਇਆ।)

Link road from village Nokerian to Chak Pakhiwala in District Ferozepur

*609. **Comrade Mehtab Singh** : Will the Minister of State for Public Works, be pleased to state—

(a) whether there is any proposal under the consideration of the Government to construct a link road from village Nokerian to Chak Pakhiwala in District Ferozepur ;

(b) if the reply to part (a) above be in the affirmative, the time by which the said link road is likely to be constructed ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਨੋਕੇਰੀਆਂ ਅਤੇ ਚਕ ਪਖੀਵਾਲ ਪਿੰਡ ਪੀਹਲਾਂ ਹੀ ਪੱਕੀਆਂ ਸੜਕਾਂ ਨਾਲ ਜੁੜੇ ਹੋਏ ਹਨ। ਜਿਸ ਸੜਕ ਦਾ ਸੁਆਲ ਵਿਚ ਜ਼ਿਕਰ ਹੈ ਉਹ ਪਹਿਲੀ ਲਿੰਕ ਨਹੀਂ ਹੈ ਬਲਕਿ ਇੰਟਰਲਿੰਕ ਹੈ। ਇਸ ਸੜਕ ਤੇ ਸਾਲ 1976 ਵਿੱਚ ਕੰਮ ਸ਼ੁਰੂ ਕੀਤਾ ਗਿਆ ਸੀ ਪਰ ਇਸ ਨੂੰ ਪੈਸੇ ਦੀ ਘਾਟ ਕਾਰਨ ਮੁਕੰਮਲ ਨਹੀਂ ਕੀਤਾ ਜਾ ਸਕਿਆ। ਹੋਰ ਲੋੜੀਂਦੇ ਪੈਸੇ ਮਿਲਣ ਤੇ ਇਸ ਕੰਮ ਨੂੰ ਮੁਕੰਮਲ ਕੀਤਾ ਜਾ ਸਕੇਗਾ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਕੀ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਕਿ ਸੰਨ 1976 ਵਿਚ ਇਹ ਸੜਕ ਬਣੀ ਸੀ ਔਰ ਸਾਰੀ ਸੋਲਿੰਗ ਹੋ ਚੁਕੀ ਹੈ ਔਰ ਪੱਥਰ ਵੀ ਪੈ ਚੁਕਾ ਪਰ ਕੁੱਝ ਹਿੱਸੇ ਤੇ ਕੰਮ ਨਹੀਂ ਹੋਇਆ ਮੇਰੇ ਖੇਤਾਂ ਦੇ ਕੋਲ ਪੱਥਰ ਦੇ ਢੇਰ ਲਗੇ ਹੋਏ ਹਨ ਔਰ ਉਹ ਰਸਤਾ ਬਲਾਕ ਹੋਇਆ ਪਿਆ ਹੈ। ਮੈਟੀਰੀਅਲ ਹੈ, ਸਿਰਫ ਛੋਟਾ ਪੱਥਰ ਚਾਹੀਦਾ ਹੈ। ਲੱਖਾਂ ਰੁਪਏ ਦਾ ਮੈਟੀਰੀਅਲ ਪਿਆ ਹੈ ਉਤਨੇ ਟੋਟੇ ਨੂੰ ਬਣਾਉਣ ਵਾਸਤੇ। ਕੀ ਉਸ ਦੀ ਦੁਬਾਰਾ ਰਿਪੇਅਰ ਕਰਕੇ ਉਸ ਪੱਥਰ ਨੂੰ ਵਰਤਣਗੇ? ਕੀ ਰਿਪੇਅਰ ਜਲਦੀ ਕਰਵਾ ਦੇਣਗੇ?

ਰਾਜ ਮੰਤਰੀ : ਇਹ ਐਸਟੀਮੇਟ 1976 ਵਿਚ ਬਣਿਆ ਸੀ। ਸੜਕ ਦੀ ਲੰਬਾਈ 4.36 ਕਿਲੋਮੀਟਰ ਹੈ, ਜਿਸ ਦੇ ਡੇਢ ਕਿਲੋਮੀਟਰ ਤੇ ਸੋਲਿੰਗ ਕੀਤੀ ਗਈ ਹੈ ਔਰ ਬਾਕੀ ਤੇ ਜਦੋਂ ਪੈਸੇ ਕੁਲੈਕਟ ਹੋ ਜਾਣਗੇ ਕੰਮ ਹੋ ਜਾਵੇਗਾ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਪਤਾ ਨਹੀਂ ਕਦੋਂ ਪੈਸੇ ਲੈਣਗੇ। ਉਥੇ ਵੱਡਾ ਪੱਥਰ ਢੇਰਾਂ ਦੇ ਢਰ ਪਿਆ ਹੋਇਆ ਹੈ। ਕੀ ਉਸ ਪੱਥਰ ਨੂੰ ਕੁੱਟਕੇ ਇਹ ਕੰਮ ਕਰਨਗੇ ? ਕੀ

ਉਸ ਪੱਥਰ ਨੂੰ ਵਰਤਕੇ ਸੜਕ ਨੂੰ ਪੱਧਰਾ ਕਰਨ ਵਾਸਤੇ ਜਲਦੀ ਉਸ ਨੂੰ ਵਿਛਾ ਦੇਣਗੇ ਕਿਉਂਕਿ ਇਹ ਮੈਟੀਰੀਅਲ ਜ਼ਾਇਆ ਹੋ ਰਿਹਾ ਹੈ ?

ਰਾਜ ਮੰਤਰੀ : ਜਿਸ ਤਰ੍ਹਾਂ ਦੀ ਪੁਜ਼ੀਸ਼ਨ ਦੱਸੀ ਹੈ ਜੇਕਰ ਇਸ ਤਰ੍ਹਾਂ ਦੀ ਹੈ ਤਾਂ ਉਸ ਦੇ ਮੁਤਾਬਕ ਇਹ ਔਕੜ ਜ਼ਰੂਰ ਦੂਰ ਕਰਾਂਗੇ।

ਸ੍ਰੀ ਰਾਧਾ ਕ੍ਰਿਸ਼ਨ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਦਸਿਆ ਹੈ ਕਿ ਲਿੰਕ ਰੋਡਜ਼ ਦਾ ਖਰਚਾ ਮਾਰਕਿਟ ਕਮੇਟੀਆਂ ਜਾਂ ਮਾਰਕੀਟਿੰਗ ਬੋਰਡ ਮੀਟ ਕਰਦੇ ਹਨ। ਮੈਂ ਇਹ ਪੁੱਛਣਾ ਹੈ ਕਿ ਕੀ ਕੋਈ ਫੰਡ ਮਹਿਕਮਾ ਵੀ ਰੋਡਜ਼ ਦੀ ਰਿਪੇਅਰ ਵਾਸਤੇ ਦਿੰਦਾ ਹੈ ਜਾਂ ਨਹੀਂ ?

ਰਾਜ ਮੰਤਰੀ : ਲਿੰਕ ਰੋਡਜ਼ ਵਾਸਤੇ ਮਹਿਕਮਾ ਕੋਈ ਫੰਡ ਨਹੀਂ ਰਖਦਾ।

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਹਲਕਾ ਵੇਰਕਾ ਵਿਚ ਮਹਿਤਾ ਰੋਡ ਮਜੀਠਾ ਤਕ ਜਾਂਦੀ ਹੈ ਉਸ ਦੇ ਰਸਤੇ ਵਿਚ ਚਕ ਮੁਕੰਦ ਆਉਂਦਾ ਹੈ ਉਥੋਂ ਕੋਈ ਡੇਢ ਕਿਲੋਮੀਟਰ ਸੜਕ ਕੱਚੀ ਹੈ। ਉਹ ਸੜਕ ਕੱਚੀ ਹੋਣ ਕਰਕੇ ਜਿਹੜੀ ਬੱਸ ਹੈ ਉਹ 10—15 ਕਿਲੋਮੀਟਰ ਦਾ ਰਸਤਾ ਵਲ ਕੱਟ ਕੇ ਜਾਂਦੀ ਹੈ। ਕੀ ਮਨਿਸਟਰ ਸਾਹਿਬ ਉਹ ਕੱਚਾ ਟੋਟਾ ਜਿਹੜਾ ਪਿਆ ਹੈ ਉਸ ਨੂੰ ਪੱਕਾ ਕਰਵਾ ਦੇਣਗੇ ?

ਰਾਜ ਮੰਤਰੀ : ਜਿਸ ਤਰ੍ਹਾਂ ਮਾਰਕੀਟਿੰਗ ਬੋਰਡ ਜਾਂ ਮਾਰਕਿਟ ਕਮੇਟੀਆਂ ਨੇ ਪੈਸੇ ਦੇਣੇ ਹਨ, ਔਰ ਇਸ ਤੋਂ ਇਲਾਵਾ ਡਿਸਟ੍ਰਿਕਟ ਲੈਵਲ ਤੇ ਕਮੇਟੀਆਂ ਵੀ ਬਣਾਈਆਂ ਹੋਈਆਂ ਹਨ ਜਦੋਂ ਉਨ੍ਹਾਂ ਰਾਹੀਂ ਐਪਰੂਵ ਹੋ ਕੇ ਕੋਈ ਕੇਸ ਆਵੇਗਾ ਤਾਂ ਵੇਖ ਲਵਾਂਗੇ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਲੁਧਿਆਣਾ-ਅੰਬਾਲਾ ਰੋਡ ਤੇ ਇਕ ਬ੍ਰਿਜ ਦਾ ਨੀਂਹ ਪੱਥਰ ਰਖਦੇ ਹਏ ਕਿਹਾ ਸੀ ਕਿ ਇਹ ਕੰਮ ਜਲਦੀ ਹੀ ਕੰਪਲੀਟ ਹੋ ਜਾਵੇਗਾ। ਪਰ ਉਹ ਕੰਮ ਹਾਲੇ ਸ਼ੁਰੂ ਨਹੀਂ ਹੋਇਆ। ਕੀ ਮਨਿਸਟਰ ਸਾਹਿਬ ਉਹ ਕੰਮ ਜਲਦੀ ਸ਼ੁਰੂ ਕਰਵਾ ਦੇਣਗੇ ?

ਰਾਜ ਮੰਤਰੀ : ਮੈਂ ਸਵਾਲ ਸਮਝ ਨਹੀਂ ਸਕਿਆ।

ਸ੍ਰੀ ਸਪੀਕਰ : ਮੈਂ ਇਹ ਕਹਾਂਗਾ ਕਿ ਜੇ ਇੰਡਿਵਿਜੁਅਲ ਸੜਕਾਂ ਬਾਰੇ ਪੁੱਛਣਾ ਹੈ ਤਾਂ ਹਰ ਸੜਕ ਵਾਸਤੇ ਵਖਰਾ ਨੋਟਿਸ ਚਾਹੀਦਾ ਹੈ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਉਹ ਮੇਰਾ ਸਵਾਲ ਸਮਝ ਨਹੀਂ ਸਕੇ।

ਸ੍ਰੀ ਸਪੀਕਰ : ਤੁਸੀਂ ਵਕੀਲ ਹੋ ਕੇ ਵੀ ਸਵਾਲ ਸਮਝਾ ਨਹੀਂ ਸਕੇ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਹੱਦਬਸਤ ਨੂੰ ਅਧਾਰ ਮੰਨਿਆ ਜਾਂਦਾ ਹੈ ਜਾਂ ਪਿੰਡਾਂ ਨੂੰ ਅਧਾਰ ਮੰਨ ਕੇ ਸੜਕਾਂ ਬਣਾਈਆਂ ਜਾਂਦੀਆਂ ਹਨ। ਪਿੰਡ ਅਲਹਿਦਾ ਅਲਹਿਦਾ ਵੀ ਹੋ ਸਕਦੇ ਹਨ। ਜਿਸ ਤਰ੍ਹਾਂ ਕੋਈ ਵੀ ਸਕੂਲ ਜਾਂ ਡਿਸਪੈਂਸਰੀ ਖੋਲ੍ਹਣੀ ਹਵੇ ਤਾਂ ਪਿੰਡਾਂ ਦੇ ਅਧਾਰ ਤੇ ਖੋਲ੍ਹੀ ਜਾਂਦੀ ਹੈ। ਮੇਰੇ ਹਲਕੇ ਵਿਚ ਇਕ ਦਰਜੋਲਾ ਪਿੰਡ ਹੈ ਕੀ ਉਸ ਪਿੰਡ ਵਾਸਤੇ ਵੀ ਇਕ ਲਿੰਕ ਰੋਡ ਦੇਣਗੇ ?

ਰਾਜ ਮੰਤਰੀ : ਇਸ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਵਜ਼ੀਰ ਸਾਹਬ ਇਹ ਦਸਦੇ ਹਨ ਕਿ ਪੈਸੇ ਦੀ ਘਾਟ ਹੋਣ ਕਰਕੇ ਇਹ ਸੜਕਾਂ ਮੁਕੰਮਲ ਨਹੀਂ ਹੋ ਸਕੀਆਂ। ਪਰ ਇਨ੍ਹਾਂ ਦੀ ਇਕ ਸ਼ਰਤ ਹੈ ਕਿ ਜੇ ਕੋਈ ਪਿੰਡ ਪੈਸੇ ਜਮ੍ਹਾਂ ਕਰਵਾ ਦੇਵੇ ਜਾਂ ਸਮਾਨ ਦੇ ਦੇਵੇ ਤਾਂ ਉਹ ਸੜਕ 6 ਮਹੀਨੇ ਦੇ ਅੰਦਰ ਅੰਦਰ ਕੰਪਲੀਟ ਕਰ ਦਿੱਤੀ ਜਾਵੇਗੀ। ਮੈਂ ਪੁਛਦਾ ਹਾਂ ਕਿ ਕੀ ਇਹ ਸੰਭਵ ਹੈ ਕਿ ਬਰਸਾਤ ਔਰ ਸਰਦੀ ਦੇ ਵਿਚ ਵੀ ਇਹ 6 ਮਹੀਨੇ ਵਾਲੀ ਸ਼ਰਤ ਰੱਖੀ ਜਾਵੇਗੀ ?

ਰਾਜ ਮੰਤਰੀ : ਜੇ ਸਾਰੀਆਂ ਗੱਲਾਂ ਠੀਕ ਹੋਣ ਤਾਂ 6 ਮਹੀਨੇ ਦਾ ਸਮਾਂ ਦਿੱਤਾ ਜਾਂਦਾ ਹੈ। ਜੇ ਕੋਈ ਕੁਦਰਤੀ ਆਫ਼ਤ ਨਾ ਆ ਜਾਵੇ ਤਾਂ ਅਸੀਂ 6 ਮਹੀਨੇ ਵਿਚ ਇਹ ਕੰਪਲੀਟ ਕਰਵਾ ਸਕਦੇ ਹਾਂ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਸੜਕ ਬਣਾਉਣ ਲਈ ਕੱਚੀ ਸੜਕ ਦੇ ਕਿਨਾਰੇ ਵਾਧੂ ਪੱਥਰ ਪਏ ਰਹਿੰਦੇ ਹਨ। ਇਹ ਸਮਝ ਨਹੀਂ ਆਉਂਦੀ ਕਿ ਉਹ ਸੜਕ ਬਣਾਉਣ ਲਈ ਮਹਿਕਮੇ ਦੇ ਮੱਥੇ ਤੇ ਪਏ ਪੱਥਰ ਕਦੋਂ ਤਕ ਹੱਟ ਜਾਣਗੇ ? (ਹਾਸਾ)

(ਕੋਈ ਜਵਾਬ ਨਹੀਂ ਆਇਆ।)

Mr. Speaker : Questions are over.

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ। ਕੱਲ੍ਹ ਹਾਊਸ ਦੇ ਵਿਚ ਭਾਰਤ ਦੀ ਏਕਤਾ, ਅਖੰਡਤਾ ਅਤੇ ਇਕਮੁੱਠਤਾ ਵਾਸਤੇ ਇਕ ਮਤਾ ਪਾਸ ਕੀਤਾ ਗਿਆ ਹੈ, ਜਿਸ ਦੀ ਪੰਜਾਬ ਦੇ ਲੋਕਾਂ ਨੇ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਦੇ ਲੋਕਾਂ ਨੇ ਸਰਾਹਨਾ ਕੀਤੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸਾਰੇ ਪੰਜਾਬੀਆਂ ਨੇ ਇਸ ਦੀ ਕਸਮ ਲਈ ਹੈ। ਪੰਜਾਬ ਵਿਚ ਕੋਈ ਦਿਨ ਖਾਲੀ ਨਹੀਂ ਜਾਂਦਾ ਜਿਸ ਦਿਨ ਪੰਜਾਬ ਵਿਚ 2–4–7 ਕਤਲ ਨਾ ਹੁੰਦੇ ਹੋਣ। ਪੰਜਾਬ ਵਿਚ ਅੱਤਵਾਦ ਇਤਨਾ ਹਾਵੀ ਹੋ ਰਿਹਾ ਹੈ। ਕੱਲ੍ਹ ਸਾਡੇ ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਗੁਲਸ਼ਨ ਕੁਮਾਰ ਨੂੰ ਦਿਨ ਦਿਹਾੜੇ ਕਤਲ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਪਿਛੇ ਇਕ ਕਾਨਫਰੰਸ ਗੁਰਦਾਸਪੁਰ ਵਿਚ ਬੁਲਾਈ ਸੀ ਉਸ ਵਿਚ ਵੀ ਸਾਡੇ ਸਰਪੰਚ ਨੂੰ ਮਾਰ ਦਿੱਤਾ ਸੀ ਅਤੇ ਇਸੇ ਤਰ੍ਹਾਂ ਹੁਸ਼ਿਆਰਪੁਰ ਵਿਚ ਕਲ੍ਹ 3 ਸਕੂਲਾਂ ਨੂੰ ਅੱਗ ਲਗਾ ਕੇ ਸਾੜ ਦਿੱਤਾ ਗਿਆ। ਇਹ ਇਕ ਲਗਾਤਾਰ ਦਾ ਸਿਲਸਿਲਾ ਬਣ ਗਿਆ ਹੈ ਅਤੇ ਲੋਕਾਂ ਵਿਚ ਡਰ ਪੈਦਾ ਹੋ ਗਿਆ ਹੈ। ਮੈਂ ਮੁੱਖ ਮੰਤਰੀ ਜੀ ਨੂੰ ਕਹਾਂਗਾ ਕਿ ਉਹ ਇਸ ਉਤੇ ਆਪਣਾ ਬਿਆਨ ਦੇਣ ਅਤੇ ਇਹ ਵੀ ਦੱਸਣ। ਸਾਨੂੰ ਆਪਣੀ ਡੀਫੈਂਸ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ ਅਤੇ ਅੱਤਵਾਦ ਨੂੰ ਖ਼ਤਮ ਕਰਨ ਲਈ ਸਾਨੂੰ ਚਾਹੇ ਆਪਣੀਆਂ ਜਾਨਾਂ ਤੇ ਕਿਉਂ ਨਾ ਖੇਲ੍ਹਣਾ ਪਵੇ ਤਾਕਿ ਪੰਜਾਬ ਦੇ ਮਾਸੂਮਾਂ ਦੀਆਂ ਜਾਨਾਂ ਨਾ ਜਾਣ। ਇਸ ਉਤੇ ਮੁੱਖ ਮੰਤਰੀ ਜੀ ਆਪਣਾ ਬਿਆਨ ਦੇਣ।

ਸ੍ਰੀ ਸਪੀਕਰ : ਗਵਰਨਰ ਐਡਰੈਸ ਤੇ ਡਿਸਕਸ਼ਨ ਸ਼ੁਰੂ ਹੋਣ ਲਗੀ ਹੈ ਅਤੇ ਇਸ ਵਿਚ ਲਾਅ ਐਂਡ ਆਰਡਰ ਤੇ ਵੀ ਡਿਸਕਸ਼ਨ ਹੋਣੀ ਹੈ। ਤੁਸੀਂ ਉਸ ਵਕਤ ਕਹਿ ਲੈਣਾ। ਜਵਾਬ ਆ ਜਾਵੇਗਾ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ। ਇਹ ਮਾਮਲਾ ਬੜਾ ਚਿੰਤਾਜਨਕ ਹੈ। ਇਹ ਵਾਕਿਆ ਉਸ ਥਾਂ ਤੇ ਹੋਇਆ ਹੈ ਜਿਥੇ ਬੰਦਾ ਆਸਾਨੀ ਨਾਲ ਨਿਕਲ ਨਹੀਂ ਸਕਦਾ ਔਰ ਉਸ ਗੁਲਸ਼ਨ ਕੁਮਾਰ ਨੂੰ ਦੁਕਾਨ ਤੇ ਬੈਠੇ ਹੋਏ ਮਾਰਿਆ ਗਿਆ ਹੈ। ਲਾਅ ਐਂਡ ਆਰਡਰ ਦੀ ਵਿਵਸਥਾ ਬੜੀ ਭੈੜੀ ਹੋ ਗਈ ਹੈ। ਜੋ ਪ੍ਰੋਫੈਸਰ ਦਰਬਾਰੀ ਲਾਲ ਨੇ ਬਿਆਨ ਵਾਸਤੇ ਕਿਹਾ ਹੈ ਇਹ ਗੱਲ ਸਹੀ ਹੈ ਕਿ ਸਟੇਟਮੈਂਟ ਚੀਫ਼ ਮਨਿਸਟਰ ਸਾਹਿਬ ਵਲੋਂ ਆਉਣੀ ਚਾਹੀਦੀ ਹੈ। ਇਨ੍ਹਾਂ ਕੋਲ ਇਨਫਰਮੇਸ਼ਨ ਪਹੁੰਚ ਗਈ ਹੋਣੀ ਹੈ। ਹਾਲਾਤ ਇਤਨੇ ਵਿਗੜ ਗਏ ਹਨ ਕਿ ਅੱਜ ਹੀ ਟ੍ਰਿਬਿਊਨ ਅਖਬਾਰ ਵਿਚ ਖਬਰ ਆਈ ਹੈ ਕਿ ਇਕ ਮਨਿਸਟਰ ਆਪਣੇ ਲੜਕੇ ਨੂੰ ਜੇਲ੍ਹ ਵਿਚੋਂ ਛੁਡਵਾ ਕੇ ਲਿਆਇਆ ਹੈ ਜਿਸ ਦੇ ਖਿਲਾਫ ਸੀ.ਬੀ.ਆਈ. ਦੀ ਇਨਕੁਆਇਰੀ ਚਲ ਰਹੀ ਹੈ। ਇਹ ਪੰਜਾਬ ਦੀ ਲਾਅ ਐਂਡ ਆਰਡਰ ਦੀ ਵਿਵਸਥਾ ਚਲ ਰਹੀ ਹੈ, ਜਿਸ ਵਿਚ ਮਨਿਸਟਰ ਦੀ ਇਨਵਾਲਵਮੈਂਟ ਹੋਵੇ। ਇਸ ਬਾਰੇ ਚੀਫ਼ ਮਨਿਸਟਰ ਸਾਹਿਬ ਬਿਆਨ ਦੇਣ।

ਸ੍ਰੀ ਸਪੀਕਰ : ਮਹਿਰਾ ਸਾਹਿਬ, ਗਵਰਨਰ ਐਡਰੈਸ ਤੇ ਡਿਸਕਸ਼ਨ ਸ਼ੁਰੂ ਹੋਣ ਵਾਲੀ ਹੈ ਅਤੇ ਲਾਅ ਐਂਡ ਆਰਡਰ ਤੇ ਵੀ ਡਿਸਕਸ਼ਨ ਹੋਣੀ ਹੈ। ਸਰਕਾਰ ਵਲੋਂ ਜਵਾਬ ਵੀ ਆਉਣਾ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ। ਇਸ ਹਾਊਸ ਦੀ ਪ੍ਰਥਾ ਰਹੀ ਹੈ ਕਿ ਜੇਕਰ ਕੋਈ ਸੀਰੀਅਸ ਇਨਸੀਡੈਂਟ ਹੋ ਜਾਵੇ ਜਾਂ ਕਿਸੇ ਮਨਿਸਟਰ ਦੀ ਇਨਵਾਲਵਮੈਂਟ ਹੋ ਜਾਵੇ ਤਾਂ ਉਸ ਬਾਰੇ ਚੀਫ਼ ਮਨਿਸਟਰ ਸਾਹਿਬ ਆਪਣਾ ਬਿਆਨ ਦਿੰਦੇ ਹਨ ਔਰ ਇਨ੍ਹਾਂ ਕੋਲ ਇਨਫਰਮੇਸ਼ਨ ਪਹੁੰਚ ਗਈ ਹੋਣੀ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਮੈਂਬਰਾਂ ਦੇ ਜਜ਼ਬਾਤ ਨੂੰ ਦੇਖਦੇ ਹੋਏ ਅਤੇ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਨੂੰ ਦੇਖਦੇ ਹੋਏ ਚੀਫ਼ ਮਨਿਸਟਰ ਸਾਹਿਬ ਜ਼ਰੂਰ ਇਸ ਉਤੇ ਰੋਸ਼ਨੀ ਪਾਉਣ। ਇਹ ਇਕ ਹਾਊਸ ਦੀ ਪ੍ਰਥਾ ਬਣ ਚੁੱਕੀ ਹੈ। ਜਦੋਂ ਵੀ ਕਿਸੇ ਗੱਲ ਉਤੇ ਮੈਂਬਰਜ਼ ਐਜੀਟੇਟਿਡ ਹੋ ਜਾਣ ਤਾਂ ਸਰਕਾਰ ਵਲੋਂ ਜਵਾਬ ਆ ਜਾਂਦਾ ਹੈ।

ਮੁੱਖ ਮੰਤਰੀ : ਸਪੀਕਰ ਸਾਹਿਬ, ਆਪ ਨੇ ਠੀਕ ਫਰਮਾਇਆ ਸੀ ਕਿ ਗਵਰਨਰ ਐਡਰੈਸ ਤੇ ਬਹਿਸ ਸ਼ੁਰੂ ਹੋ ਰਹੀ ਹੈ ਅਤੇ ਇਸ ਉਤੇ ਸਾਰੀਆਂ ਗੱਲਾਂ ਤੇ ਡਿਸਕਸ਼ਨ ਹੋਣੀ ਹੈ ਅਤੇ ਉਸ ਉਤੇ ਇਕ ਇਕ ਇਸ਼ੂ ਤੇ, ਇਨਸੀਡੈਂਟ ਤੇ ਜਵਾਬ ਮੈਂ ਦੇਣਾ ਹੈ। ਇਹ ਕਦੇ ਨਹੀਂ ਹੁੰਦਾ ਕਿ ਉਧਰ ਤੋਂ ਕਿਸੇ ਨੇ ਸਵਾਲ ਕਰ ਦਿੱਤਾ ਅਤੇ ਉਸ ਦਾ ਜਵਾਬ ਉਸੇ ਵਕਤ ਸਰਕਾਰ ਵਲੋਂ ਝਟ ਪੱਟ ਜਾਂਦਾ ਹੈ। ਇਸ ਤਰ੍ਹਾਂ ਕਦੇ ਨਹੀਂ ਹੁੰਦਾ ਹੈ। ਇਸ ਬਾਰੇ ਮੈਂ ਕੱਲ੍ਹ ਜਵਾਬ ਦੇ ਸਕਾਂਗਾ। ਅੱਜ ਜਵਾਬ ਨਹੀਂ ਦੇ ਸਕਦਾ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਠੀਕ ਹੈ ਜੀ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਸ ਤਰ੍ਹਾਂ ਪੰਜਾਬ ਸਰਕਾਰ ਲਾਅ ਐਂਡ ਆਰਡਰ ਨੂੰ ਕਿਸ ਤਰ੍ਹਾਂ ਕੰਟਰੋਲ ਕਰੇਗੀ, ਜਦੋਂ ਕਿ ਇਕ ਵਜ਼ੀਰ ਦਾ ਲੜਕਾ ਵੀ ਵਿਚ ਸ਼ਾਮਿਲ ਹੋਵੇ। (ਵਿਘਨ) (ਸ਼ੋਰ)

ਡਾਕਟਰ ਦਲਬੀਰ ਸਿੰਘ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਦੀਵੇ ਥੱਲੇ ਹਨੇਰਾ ਹੈ।

Mr. Speaker : I have already asked Sardar Narinder Singh. ਡਾਕਟਰ ਸਾਹਿਬ, ਤੁਹਾਨੂੰ ਮੈਂ ਤਿੰਨ ਵਾਰ ਅਪਰਚੂਨਿਟੀ ਦੇ ਚੁੱਕਾ ਹਾਂ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕੱਲ੍ਹ ਹਾਊਸ ਵਿਚ ਅਨ-ਪਲੈਜ਼ੈਂਟ ਇਨਸੀਡੈਂਟ ਹੋਇਆ ਹੈ। ਜਿਸ ਦੇ ਵਿਚ ਕੁਝ ਰੂਲਜ਼ ਦੀ ਉਲੰਘਣਾ ਹੋਈ ਹੈ। ਤੁਸੀਂ ਇਸ ਹਾਊਸ ਦੇ ਕਸਟੋਡੀਅਨ ਹੋ ਔਰ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਨੈਚੂਰਲ ਜਸਟਿਸ ਵੀ ਅਲਾਓ ਨਹੀਂ ਕਰਦੇ। ਰੂਲਜ਼ ਵੀ, ਸਪੀਕਰ ਸਾਹਿਬ, ਅਲਾਓ ਨਹੀਂ ਕਰਦੇ। ਸਪੀਕਰ ਸਾਹਿਬ, ਰੂਲ 97 ਜੋ ਇਥੇ ਦਿੱਤਾ ਗਿਆ ਹੈ, ਜੇਕਰ ਇਜਾਜ਼ਤ ਹੋਵੇ ਤਾਂ ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ:—

"(1) The Speaker shall preserve order and have all powers necessary for the purpose of enforcing his decisions on all points of order.

(2) He may direct any member whose conduct is, in his opinion, grossly disorderly to withdraw immediately from the House and any member so ordered to withdraw shall do so forthwith and shall absent himself during the remainder of the day's meeting. If any member is ordered to withdraw a second time in the Session, the Speaker may direct the member to absent himself from the meetings of the House for any period not longer than the remainder of the Session and the member so directed shall absent . . . .etc. etc."

ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਦੋਂ ਮੈਂਬਰ ਸਾਹਿਬਾਨ ਸਾਡੇ ਹਾਊਸ ਵਿਚ ਬੈਠੇ ਸਨ ਉਦੋਂ ਚੀਫ ਮਨਿਸਟਰ ਸਾਹਿਬ ਨੇ ਕਿਹਾ ਔਰ ਆਪਣੀ ਰਾਏ ਦੇ ਕੇ ਕਿਹਾ ਕਿ ਇਸ ਗੱਲ ਤੇ ਮੈਂਬਰ ਸਾਹਿਬ ਨੂੰ ਬਾਕੀ ਦੇ ਇਕ ਦਿਨ ਲਈ ਕਢੋ। ਮੈਂਬਰ ਸਾਹਿਬਾਨ ਚਲੇ ਗਏ ਅਤੇ ਦੋਬਾਰਾ ਕੱਲ੍ਹ ਸੈਸ਼ਨ ਵਿਚ ਨਹੀਂ ਆਏ। ਦੋਬਾਰਾ ਜੋ ਫੈਸਲਾ ਕੀਤਾ ਗਿਆ, ਉਸ ਬਾਰੇ ਮੈਂਬਰ ਸਾਹਿਬਾਨ ਨੂੰ ਮੌਕਾ ਨਹੀਂ ਦਿੱਤਾ ਗਿਆ। ਦੋਬਾਰਾ ਉਨ੍ਹਾਂ ਨੇ ਕਿਸੇ ਨੂੰ ਪਰਵੋਕ ਨਹੀਂ ਕੀਤਾ। ਜੇਕਰ ਕਿਸੇ ਨੂੰ ਕੀਤਾ ਹੁੰਦਾ ਤਾਂ ਉਹ ਸੌਰੀ ਕਹਿ ਦਿੰਦੇ ਜਾਂ ਦੂਸਰਾ ਵੀ ਸੌਰੀ ਕਹਿ ਦਿੰਦਾ। ਉਸ ਤੋਂ ਬਾਅਦ ਹਾਊਸ ਦੇ ਸਾਰੇ ਮੈਂਬਰ ਬਾਹਰ ਚਲੇ ਗਏ। ਉਹ ਐਜੀਟੇਟਿਡ ਹੋ ਗਏ। ਜੋ ਪਹਿਲਾਂ ਫੈਸਲਾ ਕੀਤਾ ਗਿਆ ਸੀ ਔਰ ਜੋ ਉਸ ਨੂੰ ਪਨਿਸ਼ਮੈਂਟ ਦਿੱਤੀ ਗਈ ਸੀ, ਉਹ ਮੁਨਾਸਿਬ ਸੀ ਪਰ ਉਸ ਤੋਂ ਬਾਅਦ ਸਾਰੇ ਸੈਸ਼ਨ ਲਈ ਕੱਢਣਾ ਠੀਕ ਨਹੀਂ ਹੈ। ਜੇਕਰ, ਸਪੀਕਰ ਸਾਹਿਬ, ਤੁਸੀਂ ਹੁਕਮ ਦੇਵੋ ਤਾਂ ਅਸੀਂ ਸਾਰੇ ਹਾਊਸ ਵਿਚੋਂ ਬਾਹਰ ਚਲੇ ਜਾਂਦੇ ਹਾਂ।

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਸਪੀਕਰ ਸਾਹਿਬ, ਕਿਸੇ ਆਨਰੇਬਲ ਮੈਂਬਰ ਨੂੰ ਇਸ ਹਾਊਸ ਵਿਚੋਂ ਕੱਢਣਾ ਦੁੱਖ ਦਿੰਦਾ ਹੈ। ਜਦੋਂ ਕੋਈ ਵੀ ਮੈਂਬਰ ਆਪਣੀ ਲਿਮਿਟ ਤੋਂ ਬਾਹਰ ਨਿਕਲ ਜਾਂਦਾ ਹੈ ਔਰ ਅਜਿਹੇ ਲਫਜ਼ਾਂ ਦੀ ਵਰਤੋਂ ਕਰਦਾ ਹੈ ਜਿਹੜੇ ਕਿ ਨਹੀਂ ਕਰਨੇ ਚਾਹੀਦੇ ......। ਅਜਿਹੇ ਲਫ਼ਜ਼, ਸਪੀਕਰ ਸਾਹਿਬ, ਉਨ੍ਹਾਂ ਨੇ ਹਾਊਸ ਵਿਚ ਕਹੇ ਜਿਹੜੇ ਅਨਪਾਰਲੀਆਮੈਂਟਰੀ, ਡੈਰੋਗੇਟਰੀ ਹਨ ਅਤੇ ਇਨਸਲਟਿੰਗ ਟੂ ਦ ਹਾਊਸ ਵੀ ਹਨ। ਸਪੀਕਰ ਸਾਹਿਬ, ਅੰਡਰ ਰੂਲ 114 ਕੋਈ ਵੀ ਰੂਲਜ਼ ਨੂੰ ਸਸਪੈਂਡ ਕੀਤਾ ਜਾ ਸਕਦਾ ਹੈ। ਜੋ ਤੁਸੀਂ ਹੁਣ ਵਿਦਡਰਾ ਕਰਨ ਵਾਸਤੇ ਕਿਹਾ ਹੈ, ਇਨ੍ਹਾਂ ਦੇ ਮੈਂਬਰ ਨੇ ਚੇਅਰ ਦੇ ਖਿਲਾਫ ਗੱਲ ਕਹੀ ਹੈ। ਇਹ ਰੂਲ ਨੂੰ ਸਸਪੈਂਡ ਕਰਕੇ ਫੈਸਲਾ ਲਿਆ ਗਿਆ ਹੈ। ਉਨ੍ਹਾਂ ਨੂੰ ਸਸਪੈਂਡ ਕਰਕੇ ਤਾਂ ਇਹ ਫੈਸਲਾ ਲਿਆ ਗਿਆ ਸੀ ਤੇ ਜੋ ਆਪਣਾ ਏਥੇ ਮੈਂਬਰ ਵਿਉਹਾਰ ਠੀਕ ਕਰਨ ਤਾਂ ਕੋਈ ਦਿੱਕਤ ਨਹੀਂ ਆਉਂਦੀ। ਏਥੇ ਸਾਰਿਆਂ ਨੂੰ ਹੈਲਦੀ ਕ੍ਰਿਟਿਸਿਜ਼ਮ ਕਰਨਾ ਚਾਹੀਦਾ ਹੈ ਜਿਸ ਦਾ ਗੌਰਮਿੰਟ ਨੂੰ ਵੀ ਫਾਇਦਾ ਹੁੰਦਾ ਹੈ। ਇਹ ਤਾਂ ਲੋਕਾਂ ਲਈ ਵੀ ਫਾਇਦੇਮੰਦ ਹੋਵੇਗਾ ਅਤੇ ਸਰਕਾਰ ਲਈ ਵੀ ਫਾਇਦੇਮੰਦ

ਹੋਵੇਗਾ। ਸਾਨੂੰ ਏਥੇ ਹਾਊਸ ਦਾ ਸਮਾਂ ਵੀ ਜ਼ਾਇਆ ਨਹੀਂ ਕਰਨਾ ਚਾਹੀਦਾ । ਇਸ ਤਰ੍ਹਾਂ ਢੰਗ ਨਾਲ ਅਸੀਂ ਲੋਕਾਂ ਦੀ ਵੀ ਸੇਵਾ ਕਰਦੇ ਹਾਂ ਅਤੇ ਸੂਬੇ ਦੀ ਵੀ ਸੇਵਾ ਕਰਦੇ ਹਾਂ। ਇਹ ਹਾਊਸ ਦੇ ਕਿਸੇ ਵੀ ਮੈਂਬਰ ਦਾ ਮੰਤਵ ਨਹੀਂ ਕਿ ਕਿਸੇ ਮੈਂਬਰ ਨੂੰ ਬਿਨਾਂ ਕਾਰਣ ਤੋਂ ਕੱਢਿਆ ਜਾਵੇ। ਜੇ ਉਹ ਠੀਕ ਵਰਤਾਓ ਕਰਨਾ ਚਾਹੁੰਦੇ ਹੋਣ ਤਾਂ ਹਾਊਸ ਸੁਪਰੀਮ ਹੈ, ਫੈਸਲਾ ਦੋਬਾਰਾ ਦੇਖਿਆ ਜਾ ਸਕਦਾ ਹੈ।

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਅਗਰ ਹਾਊਸ ਵਿਚ ਨਾਹਰੇ ਲਗੇ ਸੀ ਤਾਂ ਸਾਡੀ ਪਾਰਟੀ ਵਲੋਂ ਲਗੇ ਸੀ । ਸਾਨੂੰ ਸਾਰਿਆਂ ਨੂੰ ਹੀ ਕੱਢ ਦਿਓ। ਜੋ ਇਸ ਮੁਲਕ ਦਾ ਕਾਨੂੰਨ ਹੈ, ਜੋ ਹਾਊਸ ਦਾ ਲਾਅ ਸਾਨੂੰ ਦਿੱਤਾ ਹੋਇਆ ਹੈ ਉਹ ਇਹੀ ਕਹਿੰਦਾ ਹੈ ਕਿ ਜੇ ਕਿਸੇ ਨੇ ਇਕ ਗਲਤੀ ਕੀਤੀ ਹੈ ਤਾਂ ਉਸਨੂੰ ਸਜ਼ਾ ਮਿਲਣੀ ਚਾਹੀਦੀ ਹੈ। ਲੇਕਿਨ ਉਸ ਜ਼ੁਲਮ ਤੇ ਦੋਬਾਰਾ ਸਜ਼ਾ ਨਹੀਂ ਹੋ ਸਕਦੀ। ਅਸੀਂ ਅਪੀਲ ਕਰਦੇ ਹਾਂ ਕਿ ਅਗਰ ਕਿਸੇ ਮੈਂਬਰ ਨੇ ਕੋਈ ਗਲਤ ਐਕਸ਼ਨ ਲਿਆ ਹੈ ਤਾਂ ਦੋਬਾਰਾ ਉਸੇ ਜ਼ੁਲਮ ਤੇ ਤੁਸੀਂ ਐਕਸ਼ਨ ਨਹੀਂ ਲੈ ਸਕਦੇ।

ਰਾਜ ਮੰਤਰੀ, ਖੁਰਾਕ ਤੇ ਸਪਲਾਈ (ਸਰਦਾਰ ਬਲਦੇਵ ਸਿੰਘ ਮਾਨ) (ਬੈਠੇ ਬੈਠੇ) : ਉਸ ਨੇ ਦੋਬਾਰਾ ਗਲਤੀ ਕੀਤੀ ਹੈ। (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਸ ਹਾਊਸ ਵਿੱਚ ਅਣਸੁਖਾਵਾਂ ਮਾਹੌਲ ਬੜੀ ਦਫ਼ਾ ਹੋਇਆ ਹੈ ਔਰ ਹਰ ਵਿਧਾਨ ਸਭਾ ਵਿੱਚ ਕਿਸੇ ਨਾ ਕਿਸੇ ਟਾਈਮ ਇਸ ਤਰ੍ਹਾਂ ਦਾ ਵਾਤਾਵਰਣ ਪੈਦਾ ਹੁੰਦਾ ਰਿਹਾ ਹੈ। ਆਨਰੇਬਲ ਮੈਂਬਰਜ਼ ਨੂੰ ਐਜੀਟੇਟ ਕਰਨ ਲਈ ਵੀ ਗਲਤ ਗੱਲਾਂ ਕੀਤੀਆਂ ਜਾਂਦੀਆਂ ਹਨ ਅਤੇ ਉਹ ਐਜੀਟੇਟ ਹੋ ਕੇ ਅਜਿਹਾ ਕਰ ਜਾਂਦੇ ਹਨ। ਕੀ ਤੁਸੀਂ ਇਹ ਮਹਿਸੂਸ ਕਰਦੇ ਹੋ ਕਿ ਜੋ ਕੁਝ ਪਿਛਲੇ ਸੈਸ਼ਨ ਵਿੱਚ ਹੋਇਆ ਸੀ, ਉਹ ਇਸ ਤੋਂ ਵੱਡੀ ਗੱਲ ਨਹੀਂ ਹੋਈ ਸੀ ? (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਨੂੰ ਬੜੇ ਸਤਿਕਾਰ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਸ ਕੁਰਸੀ ਤੇ ਬੈਠ ਕੇ, ਮੈਂ ਹੋਰ ਕਹਿ ਦੇਵਾਂ, ਕਲੀਅਰ ਕਰ ਦੇਵਾਂ ਕਿ ਠੀਕ ਹੈ, ਉਸ ਮੈਂਬਰ ਸਾਹਿਬ ਨੇ ਇਹ ਗੱਲ ਜ਼ਰੂਰ ਕਹਿ ਦਿੱਤੀ। ਉਸ ਨੇ ਟਾਊਟ ਵੀ ਨਹੀਂ ਕਿਹਾ, ਟਾਂਟ ਕਿਹਾ ਸੀ। ਇਸ ਤੋਂ ਇਲਾਵਾ ਕੁਝ ਨਹੀਂ ਕਿਹਾ। ਤੁਸੀਂ ਉਨ੍ਹਾਂ ਨੂੰ ਇਕ ਵਾਰ ਮੌਕਾ ਵੀ ਨਹੀਂ ਦਿੱਤਾ ਤਾਕਿ ਉਹ ਆਪਣੀ ਗੱਲ ਨੂੰ ਵਾਪਸ ਲੈ ਸਕਦੇ। ਸਾਡੇ ਇਹ ਨਾਰਮਜ਼ ਰਹੇ ਹਨ, ਪ੍ਰੋਸੀਜਰ ਰਿਹਾ ਹੈ। ਜੇ ਕੋਈ ਮੈਂਬਰ ਆਪਣੀ ਗਲਤ ਗੱਲ ਵਾਪਸ ਨਾ ਲਏ ਤਾਂ ਤੁਸੀਂ ਕਾਰਵਾਈ ਕਰ ਸਕਦੇ ਹੋ। ਤੁਸੀਂ ਤਾਂ ਪਹਿਲਾਂ ਹੀ ਫੈਸਲਾ ਦੇ ਦਿੱਤਾ। ਇਕ ਮਿੰਟ ਅੰਦਰ ਸੀ.ਐਮ. ਸਾਹਿਬ ਨੇ ਕਹਿ ਦਿੱਤਾ ਅਤੇ ਤੁਸੀਂ ਹੱਥ ਖੜੇ ਕਰਵਾ ਦਿੱਤੇ। ਅਸੀਂ ਤਾਂ ਬਾਹਰ ਚਲੇ ਗਏ ਸੀ। ਤੁਸੀਂ ਬਾਅਦ ਵਿੱਚ ਫੈਸਲਾ ਦੇ ਦਿੱਤਾ।

ਸ੍ਰੀ ਸਪੀਕਰ : : ਢੀਂਡਸਾ ਸਾਹਿਬ, ਤੁਸੀਂ ਹਾਊਸ ਦੇ ਫੈਸਲੇ ਤੇ ਐਸਪਰਸ਼ਨਜ਼ ਕਾਸਟ ਨਾ ਕਰੋ। ਤੁਸੀਂ ਇਹ ਗਲਤ ਗੱਲ ਕਹੀ ਹੈ। ਇਹ ਡਿਸੀਜ਼ਨ ਹਾਊਸ ਨੇ ਲਿਆ। That was not the personal decision of the Chair. It is aspersion upon the judgement of the House.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਚਾਂਸ ਤਾਂ ਤੁਸੀਂ ਦੇਣਾ ਹੈ। ਫੈਸਲਾ ਤਾਂ ਤੁਸੀਂ ਕਰਨਾ ਹੈ।

ਸ੍ਰੀ ਸਪੀਕਰ : : ਢੀਂਡਸਾ ਸਾਹਿਬ, ਤੁਸੀਂ ਇਹ ਸ਼ਬਦ ਕਹਿ ਕੇ ਹਾਊਸ ਦਾ ਫਰਦਰ ਅਪਮਾਨ ਕਰਨ ਦੀ ਕਾਰਵਾਈ ਨਾ ਕਰੋ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਹੁਣ ਤੁਸੀਂ ਸਾਨੂੰ ਵੀ ਕੱਢ ਦਿਓ। ਕੀ ਅਸੀਂ ਇਨਸਾਫ ਵੀ ਨਹੀਂ ਮੰਗ ਸਕਦੇ, ਆਪਣੇ ਡੈਮੋਕਰੇਟਿਕ ਰਾਈਟਸ ਵੀ ਨਹੀਂ ਮੰਗ ਸਕਦੇ ? ਤੁਸੀਂ ਸਾਨੂੰ ਵੀ ਸਾਰਿਆਂ ਨੂੰ ਕੱਢ ਦਿਓ। ਤੁਸੀਂ ਬਾਤ ਹੀ ਨਹੀਂ ਸੁਣਨਾ ਚਾਹੁੰਦੇ। ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ ਡਿਸੀਜ਼ਨ ਤੇ ਦੋਬਾਰਾ ਵਿਚਾਰ ਕਰੋ।

ਸ੍ਰੀ ਸਪੀਕਰ :: ਠੀਕ ਹੈ, ਢੀਂਡਸਾ ਸਾਹਿਬ, ਤੁਸੀਂ ਬੈਠੋ। (ਵਿਘਨ)

ਆਵਾਜ਼ਾਂ : ** ** **

ਸ੍ਰੀ ਸਪੀਕਰ : ਕੋਈ ਵੀ ਰਿਮਾਰਕ ਰਿਕਾਰਡ ਤੇ ਨਾ ਆਵੇ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਕੱਲ੍ਹ ਜੋ ਕੁਝ ਹੋਇਆ ਹੈ, ਉਹ ਬਹੁਤ ਹੀ ਅਫਸੋਸਨਾਕ ਸੀ। ਚੇਅਰ ਦੇ ਬਾਰੇ ਵਿੱਚ ਐਸਪਰਸ਼ਨਜ਼ ਔਰ ਕੁਝ ਬੁਰੇ ਲਫਜ਼ ਕਹਿਣਾ ਕਿਸੇ ਵੀ ਮੈਂਬਰ ਲਈ ਚੰਗਾ ਨਹੀਂ। ਇਹ ਸਾਰੇ ਹਾਊਸ ਦੀ ਇਨਸੱਲਟ ਹੈ। ਹਾਊਸ ਨੂੰ ਇਹ ਹੱਕ ਹਾਸਲ ਹੈ ਕਿ ਕਿਸੇ ਮੈਂਬਰ ਦੇ ਬਾਰੇ ਵਿਚ ਅਗਰ ਉਸ ਦਾ ਕੋਈ ਐਸਾ ਡੈਰੋਗੇਟਰੀ ਰਵਈਆ ਹੋਵੇ ਤਾਂ ਬਾਕਾਇਦਾ ਮਤਾ ਲਿਆ ਕੇ ਪਾਸ ਕਰ ਸਕਦਾ ਹੈ। ਇਹ ਯੂਨੈਨੀਮਸਲੀ ਹੋਇਆ। ਇਸ ਦੇ ਬਾਵਜੂਦ ਉਹ ਮੈਂਬਰ ਅਗਰ ਆਪਣੇ ਕੀਤੇ ਤੇ ਪਛਤਾਉਂਦਾ ਹੈ, ਮੁਆਫੀ ਮੰਗਦਾ ਹੈ ਤਾਂ ਹਾਊਸ ਉਸ ਸ਼ਖਸ ਨੂੰ ਮੁਆਫੀ ਦੇ ਸਕਦਾ ਹੈ। ਅਗਰ ਐਸੀ ਫੀਲਿੰਗ ਸਾਡੇ ਸਾਥੀਆਂ ਵਿਚ ਹੈ ਔਰ ਉਹ ਮੈਂਬਰ ਵੀ ਇਸ ਤਰ੍ਹਾਂ ਮਹਿਸੂਸ ਕਰਦੇ ਹਨ ਔਰ ਅਗਰ ਉਹ ਮੈਂਬਰ ਸਾਹਿਬ ਇਸ ਤਰ੍ਹਾਂ ਰਿਕਾਰਡ ਕਰਾਉਣ ਤਾਂ ਉਸਨੂੰ ਹਾਊਸ ਦੁਬਾਰਾ ਕਨਸਿਡਰ ਕਰ ਸਕਦਾ ਹੈ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਜੋ ਕੁਝ ਕੱਲ੍ਹ ਇਥੇ ਹੋਇਆ ਹੈ, ਸਾਰੇ ਹਾਊਸ ਨੇ ਦੇਖਿਆ। ਇਕ ਪਰਸਿਸਟੈਂਟ ਐਫਰਟ ਸੀ ਇਸ ਗਲ ਦੀ ਕਿ ਹਾਊਸ ਦਾ ਸਪੀਕਰ ਜਿਹੜਾ ਕਿ ਹਾਊਸ ਦਾ ਕਸਟੋਡੀਅਨ ਹੈ ਉਸ ਨੂੰ ਡੈਨੀਗਰੇਡ ਕੀਤਾ ਜਾਏ। ਕਿਸੇ ਨੂੰ ਸੁਣਨ ਨਹੀਂ ਦਿੱਤਾ ਗਿਆ। ਸਾਰੇ ਦੇ ਸਾਰੇ ਖੜੇ ਹੋ ਕੇ ਇਸ ਕਿਸਮ ਦਾ ਸ਼ੋਰ ਪਾਇਆ ਜਿਸ ਤੋਂ ਲਗਦਾ ਸੀ ਕਿ ਸਪੀਕਰ ਸਦਨ ਵਿਚ ਹੈ ਨਹੀਂ। ਮਜ਼ਬੂਰ ਹੋ ਕੇ ਮੈਂਬਰਾਂ ਨੂੰ ਕਹਿਣਾ ਪਿਆ, ਸਾਰਾ ਹਾਊਸ ਇਸ ਨਾਲ ਸਹਿਮਤ ਸੀ, ਇਸ ਤਰ੍ਹਾਂ ਦੀ ਗਲ ਕੀਤੀ ਜਾ ਰਹੀ ਹੈ। ਇਸ ਨੂੰ ਰੋਕਣਾ ਚਾਹੀਦਾ ਹੈ ਔਰ ਕੋਈ ਨਾ ਕੋਈ ਡੈਕੋਰਮ ਚਾਹੀਦਾ ਹੈ। ਪਿਛਲੇ ਸਾਲ ਦਾ ਜ਼ਿਕਰ ਕੀਤਾ ਗਿਆ ਹੈ, ਪਿਛਲੇ ਸਾਲ ਬਹੁਤ ਵਧੀਆ ਕੰਮ ਕੀਤਾ ਸੀ। ਉਦੋਂ ਉਥੋਂ ਤਕ ਕਰ ਗਏ ਪਰ ਫਿਰ ਵੀ ਹਾਊਸ ਨੇ ਮੁਆਫ ਕਰ ਦਿੱਤਾ ਸੀ। ਅੱਜ ਥੋੜ੍ਹਾ ਕੀਤਾ ਹੈ ? ਫਿਰ ਇਹ ਕਹਿੰਦੇ ਹਨ ਕਿ ਸਾਨੂੰ ਮੁਆਫ ਕਰ ਦਿੱਤਾ ਜਾਏ। ਇਕ ਵਾਰੀ ਜੋ ਮੁਆਫੀ ਮੰਗਦਾ ਹੈ, ਫਿਰ ਉਸ ਨੂੰ ਹਾਊਸ ਵਿਚ ਡੈਕੋਰਮ ਰਖਣਾ ਚਾਹੀਦਾ ਹੈ। ਲਾਸਟ ਟਾਈਮ ਮਾੜਾ ਕੰਮ ਕੀਤਾ ਗਿਆ (ਵਿਘਨ) ਪੱਗ ਲਾਹੁਣੀ, ਮਾੜੀ ਤੋਂ ਮਾੜੀ ਗਲ ਸੀ। ਉਥੋਂ ਤੁਰ ਕੇ ਆਏ ਔਰ ਪੋਡੀਅਮ ਤੇ ਚਲੇ ਗਏ ਔਰ ਬਹੁਤ ਜ਼ੋਰ ਨਾਲ ਸਪੀਕਰ ਦੀ ਪੱਗ ਲਾਹੀ ਗਈ, ਇਹ ਸਪੀਕਰ ਦੀ ਹੀ ਪੱਗ ਨਹੀਂ ਲਹੀ ਬਲਕਿ ਸਾਰੇ ਹਾਊਸ ਦੀ ਪੱਗ ਲਾਹੀ ਗਈ ਸੀ। ਕਸੂਰ ਮੰਨਣ ਤੇ ਹਾਊਸ ਨੇ ਉਸ ਵੇਲੇ ਮੁਆਫ ਕਰ ਦਿੱਤਾ ਸੀ। ਹੁਣ ਫਿਰ ਇਨ੍ਹਾਂ ਨੇ ਰਿਪੀਟ ਕੀਤੀ ਹੈ। ਆਖਿਰ ਕੋਈ ਡੈਕੋਰਮ ਰੱਖਣਾ ਹੈ। ਥੋੜ੍ਹੇ ਜਿਹੇ ਮੈਂਬਰ ਉਠ ਕੇ ਸ਼ੋਰ

**Not recorded as ordered by the Chair.

ਸ਼ਰਾਬਾ ਕਰ ਦੇਣ ਹਾਊਸ ਤੋਂ ਬਰਦਾਸ਼ਤ ਨਹੀਂ ਹੁੰਦਾ। ਤੁਸੀਂ ਹੁਕਮ ਦਿੱਤਾ ਪਰ ਫਿਰ ਵੀ ਇਹਨਾਂ ਨੇ ਨਹੀਂ ਮੰਨਿਆਂ। ਤੁਹਾਡੇ ਖਿਲਾਫ ਨਾਅਰੇ ਲਗਾਕੇ ਇਥੋਂ ਲੰਘੇ, ਫਿਰ ਕਹਿੰਦੇ ਹਨ ਕਿ ਕੋਈ ਕਸੂਰ ਨਹੀਂ ਕੀਤਾ। ਹਾਊਸ ਨੇ ਪਹਿਲਾਂ ਵੀ ਲੋਕਾਂ ਨੂੰ ਬਖਸ਼ਿਆ ਔਰ ਅੱਜ ਫਿਰ ਬਖਸ਼ ਸਕਦਾ ਹੈ। ਜੇਕਰ ਇਹ ਲਿਖਕੇ ਮੁਆਫੀ ਮੰਗਣ ਤਾਂ ਉਸ ਵਿਚ ਸਾਨੂੰ ਕੋਈ ਇਤਰਾਜ਼ ਨਹੀਂ ਹੈ (ਵਿਘਨ)।

QUESTION OF PRIVILEGE

ਸ੍ਰੀ ਸਪੀਕਰ : ਇੱਕ ਸਰਦਾਰ ਕੁਲਵੰਤ ਸਿੰਘ, ਐਮ.ਐਲ.ਏ. ਵਲੋਂ ਕੁਐਸਚਨ ਆਫ ਪ੍ਰਿਵਲਿਜ ਉਠਾਇਆ ਗਿਆ ਹੈ, ਮੈਂ ਪੜ੍ਹ ਦਿੰਦਾ ਹਾਂ :--

> "The House met on the 11th March, 1987 for making obituary references because two of its ex-Members namely Shri Joginder Pal Pandey and Com. Chanan Singh Dhoot were killed with the bullets of terrorists· A group of the Members of this House who claim themselves to be Members of the Akali Dal (Badal) deliberately boy-cotted the proceedings of this House on this solemn occassion because they did not want to condemn the crimes committed by the terrorists. It is customary that on such solemn occasions all sections of the House pay their homage to the departed Members, but in this case these Members by boy-cotting the proceedings of this House have behaved in a most undignified manner. Their conduct is thus derogatory to the dignity of the House and is not consistent with the standard which this House is entitled to expect from its Members. They are thus guilty of the contempt of the House and are liable to be punished for the breach of privilege of the House.".

ਇਹ ਇਨ੍ਹਾਂ ਨੇ ਦਿੱਤਾ ਹੈ। ਕੀ ਤੁਸੀਂ ਇਸ ਬਾਰੇ ਕੁਝ ਕਹਿਣਾ ਚਾਹੋਗੇ ?

ਸਰਦਾਰ ਕੁਲਵੰਤ ਸਿੰਘ ਐਡਵੋਕੇਟ (ਕਾਦੀਆਂ) : ਸਪੀਕਰ ਸਾਹਿਬ, ਇਸ ਹਾਊਸ ਦੀ ਮਰਿਆਦਾ ਬਣੀ ਆਈ ਹੈ, ਉਸ ਦੇ ਮੁਤਾਬਿਕ ਅਗਰ ਕੋਈ ਇਸ ਹਾਊਸ ਦਾ ਮੈਂਬਰ ਰਹਿ ਚੁੱਕਾ ਹੈ ਜਾਂ ਕੋਈ ਵਜ਼ੀਰ ਰਹਿ ਚੁੱਕਾ ਹੈ ਜਦੋਂ ਇਸ ਤਰ੍ਹਾਂ ਦਾ ਵਾਕਿਆ ਹੋਵੇ ਜਾਂ ਉਸ ਨੂੰ ਮਾਰ ਦਿੱਤਾ ਜਾਏ ਤਾਂ ਸਾਰੇ ਹਾਊਸ ਦੀ ਪਰੰਪਰਾ ਹੈ ਕਿ ਉਸ ਨੂੰ ਸ਼ਰਧਾ ਦੇ ਫੁਲ ਭੇਟ ਕਰਨੇ ਹੁੰਦੇ ਹਨ। ਹੋਰ ਕੁਝ ਕਰ ਨਹੀਂ ਸਕਦੇ ਲੇਕਿਨ ਮੈਂਬਰਾਂ ਵਿਚ ਐਨਾ ਵੀ ਹੌਂਸਲਾ ਨਹੀਂ, ਐਨਾ ਵੀ ਆਪਣਾ ਦਿਮਾਗ ਨਹੀਂ ਹੈ ਕਿ ਅਜਿਹਾ ਅਗਰ ਕੋਈ ਮੈਂਬਰ ਸਾਡੇ ਤੋਂ ਵਿਛੜ ਗਿਆ ਹੋਵੇ ਤਾਂ ਉਸ ਲਈ ਹਮਦਰਦੀ ਦੇ ਕੁਝ ਲਫਜ਼ ਵੀ ਨਾ ਕਹਿ ਸਕਦੇ ਹੋਈਏ।

ਇਹ ਹਾਊਸ ਦੀ ਤੌਹੀਨ ਹੈ। ਇਸ ਉਤੇ ਕਾਰਵਾਈ ਕਰਨੀ ਚਾਹੀਦੀ ਹੈ।

ਕੈਪਟਨ ਅਮਰਿੰਦਰ ਸਿੰਘ : ਮੈਂ ਆਪਣੀ ਪਾਰਟੀ ਵਲੋਂ ਕਹਿਣਾ ਚਾਹੁੰਦਾ ਹਾਂ। ਕੋਈ ਡਿਸਰਿਸਪੈਕਟ ਦਾ ਮਸਲਾ ਨਹੀਂ ਹੈ।

ਸ੍ਰੀ ਸਪੀਕਰ : ਕੈਪਟਨ ਸਾਹਿਬ, ਇਸ ਦਾ ਅਜੇ ਐਡਮਿਟ ਕਰਨ ਦਾ ਫੈਸਲਾ ਨਹੀਂ ਹੋਇਆ। ਜੇ ਐਡਮਿਟ ਹੋਇਆ then you will certainly get an opportunity to speak.

ਸਰਦਾਰ ਕੁਲਵੰਤ ਸਿੰਘ ਨੇ ਕੁਐਸ਼ਚਨ ਆਫ ਪ੍ਰਿਵਿਲਜ ਲਿਆਂਦਾ ਹੈ। ਇਸ ਬਾਰੇ ਮੇਰੀ ਰਾਏ ਹੈ ਕਿ ਉਹ ਟੈਕਨੀਕਲੀ ਆਊਟ ਆਫ ਆਰਡਰ ਹੈ। ਤੇ ਇਸ ਕਰਕੇ ਉਹ ਡਰਾਪਡ ਹੈ।

I want to make another announcement.

Captain Amarinder Singh : I want to speak on a Point of Order.

ਸ਼੍ਰੀ ਸਪੀਕਰ : ਮੈਂ ਟੈਕਨੀਕਲੀ ਗਰਾਊਂਡ ਤੇ ਕੀਤੀ ਹੈ ਪਰ ਜਿਹੜੇ ਮੈਰਿਟਸ ਹਨ ਉਹ ਸਟੈਂਡ ਕਰਦੇ ਹਨ।

ਕੈਪਟਨ ਅਮਰਿੰਦਰ ਸਿੰਘ : ਇਹ ਜਿਹੜੀ ਗੱਲ ਹੋਈ ਹੈ ਮੈਂ ਇਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ..... (ਵਿਘਨ)।

ਸ਼੍ਰੀ ਸਪੀਕਰ : ਮੈਂ ਕਹਿ ਦਿੱਤਾ ਹੈ ਕਿ ਸਰਦਾਰ ਕੁਲਵੰਤ ਸਿੰਘ ਨੇ ਜੋ ਕੁਐਸ਼ਚਨ ਆਫ ਪ੍ਰਿਵਿਲਜ ਲਿਆਂਦਾ ਹੈ ਉਹ ਟੈਕਨੀਕਲੀ ਗਰਾਊਂਡ ਤੇ ਆਊਟ ਆਫ ਆਰਡਰ ਹੈ ਪਰ ਜਿਹੜੇ ਉਸ ਦੇ ਮੈਰਿਟਸ ਹਨ ਉਹ ਸਟੈਂਡ ਕਰਦੇ ਹਨ। (ਵਿਘਨ) ਕੈਪਟਨ ਸਾਹਿਬ, ਤੁਸੀਂ ਬੈਠੋ। ਸਰਦਾਰ ਰਣਜੀਤ ਸਿੰਘ ਜੰਡਿਆਲਾ ਵਲੋਂ ਜਿਹੜਾ ਨੋਟਿਸ ਆਇਆ ਹੈ, ਉਹ ਮੈਂ ਪੜ੍ਹ ਦਿੰਦਾ ਹਾਂ।

"I give notice of my intention to raise the following question of breach of privilege today immediately after the Question Hour :—

Yesterday the 12th March, 1987 on account of defiance of the orders of the Chair and disorderly behaviour I the House had suspended S. Gurdev Singh Badal, M.L.A. from the service of the House and was ordered to withdraw from the House. The Members of the House who claim to be the Members of the Akali Dal (Badal) protested against the decision of the House and withdrew from the House alongwith S. Gurdev Singh Badal. While doing so, they raised derogatory slogans against S. Karnail Singh Doad, M.L.A. and the Hon. Speaker. In these slogans they also cast reflections on the impartiality of the Hon. Speaker. This House would not be able to discharge the high functions entrusted to it properly, if it does not impose disciplinary regulations upon its Members. To enforce the obedience to its command for disapproving the action of S. Gurdev Singh Badal, M.LA., and for raising objectionable slogans against the Hon. Member of this House and the Hon. Speaker, these Members have committed contempt of the House and are liable to be punished for the breach of privilege of this august House.

ਸਰਦਾਰ ਰਣਜੀਤ ਸਿੰਘ ਜੰਡਿਆਲਾ ਵਲੋਂ ਮੂਵ ਕੀਤਾ ਗਿਆ ਸੀ। ਕੀ ਤੁਸੀਂ ਕੁਝ ਕਹਿਣਾ ਹੈ ? (ਵਿਘਨ)

ਰਾਜ ਮੰਤਰੀ, ਖੁਰਾਕ ਤੇ ਸਪਲਾਈ (ਬੈਠੇ, ਬੈਠੇ) : ਸਪੀਕਰ ਸਾਹਿਬ ਇਸ ਦਾ ਤੁਸੀਂ ਕੀ ਕਰ ਰਹੇ ਹੋ ?

Mr. Speaker : I will examine the matter. The matter is under my consideration. I will consider it and let the House know at the appropriate time.

CALL ATTENTION NOTICES UNDER RULE 66

Mr. Speaker : Call Attention Notices. Master Mohan Lal.

Master Mohan Lal : Sir, I would like to draw the attention of the Government towards a matter of urgent public importance.... (Interruptions)

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਟੈਕਨੀਕਲੀ ਇਸ ਵਿਚ ਕੋਈ ਨੁਕਸ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਉਹ ਇਹ ਨੁਕਸ ਦੂਰ ਕਰ ਦੇਣ ਤਾਂ ਕੀ ਤੁਸੀਂ ਐਕਸੈਪਟ ਕਰ ਲਵੋਗੇ ? (ਵਿਘਨ)

Mr. Speaker: Please take your seat. (*Interruptions*)

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਮੈਂ ਸਮਾਂ ਮੰਗ ਰਿਹਾ ਹਾਂ ਪਰ ਤੁਸੀਂ ਸਮਾਂ ਨਹੀਂ ਦੇ ਰਹੇ। (ਵਿਘਨ)

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਬੈਠੋ।

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਇਹ ਗੱਲ ਠੀਕ ਨਹੀਂ ਹੈ, ਕਦੇ ਤੁਸੀਂ ਕਿਸੇ ਨੂੰ ਉਠਣ ਵਾਸਤੇ ਕਹਿ ਦਿੰਦੇ ਹੋ ਅਤੇ ਕਦੇ ਕਿਸੇ ਨੂੰ ਉਠਣ ਵਾਸਤੇ ਕਹਿ ਦਿੰਦੇ ਹੋ। ਇਹ ਮਾੜੀ ਗੱਲ ਹੈ। ਮਾਨਯੋਗ ਮੈਂਬਰ ਜੋ ਹਾਊਸ ਵਿਚ ਕਹਿਣਾ ਚਾਹੁੰਦਾ ਹੈ ਅਗਰ ਉਸ ਦੀ ਗੱਲ ਨਾ ਸੁਣੀ ਜਾਏ ਤਾਂ ਇਹ ਠੀਕ ਨਹੀਂ ਹੈ।

Mr. Speaker : Please take your seat. I have called Master Mohan Lal.

(Serial No. 25)

Master Mohan Lal : Sir, I beg to draw the attention of the Government towards a matter of urgent public importance, namely, the resentment prevailing in the employees of the Department of Public Health, Punjab, on account of the decision of the State Government to merge that Department with the Punjab Water Supply and Sewerage Board which is an autonomous body and is not a Department of the Government and request the Government to make a statement in the House.

ਰਾਜ ਮੰਤਰੀ, ਜਨ ਸਿਹਤ (ਸਰਦਾਰ ਸ਼ਸ਼ਪਾਲ ਸਿੰਘ) : ਸਪੀਕਰ ਸਾਹਿਬ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਇਕ ਅਟਾਨਮਸ ਬਾਡੀ ਹੈ ਔਰ ਇਨ੍ਹਾਂ ਦੇ ਜ਼ਿੰਮੇ ਸ਼ਹਿਰਾਂ ਦੇ ਵਿੱਚ ਸੀਵਰੇਜ ਦਾ ਕੰਮ ਕਰਨਾ ਹੈ ਅਤੇ ਵਾਟਰ ਸਪਲਾਈ ਦੇਣਾ ਹੈ। ਡੀਪਾਰਟਮੈਂਟ ਪਾਸੋਂ ਪੇਂਡੂ ਜਲ ਸਪਲਾਈ ਦੇ ਕੰਮਾਂ ਦੀ ਤਬਦੀਲੀ ਲਈ ਪਿਛਲੇ ਸਾਲ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬਰਡ ਵਲੋਂ ਇਕ ਤਜਵੀਜ਼ ਪੇਸ਼ ਕੀਤੀ ਸੀ ਕਿ ਉਹ ਜਲ ਸਪਲਾਈ ਸਕੀਮਾਂ ਦੇ ਅਮਲ ਲਿਆਉਣ ਵਿੱਚ ਇਕ ਵਿਸ਼ੇਸ਼ ਬਾਡੀ ਹਨ ਭਾਵੇਂ ਇਹ ਸ਼ਹਿਰੀ ਇਲਾਕਿਆਂ ਵਿੱਚ ਹੋਣ ਜਾਂ ਦਿਹਾਤੀ ਪੇਂਡੂ ਇਲਾਕਿਆਂ ਵਿੱਚ ਹੋਣ। ਉਨ੍ਹਾਂ ਦੀ ਤਜਵੀਜ਼ ਦਾ ਮੁੱਖ ਜ਼ੋਰ ਇਹ ਸੀ ਕਿ ਸੀਵਰੇਜ ਬੋਰਡ ਵਿੱਤੀ ਸੰਸਥਾਵਾਂ ਪਾਸੋਂ ਕਰਜ਼ਾ ਲੈ ਸਕੇਗਾ ਜਿਸ ਨਾਲ ਸਰਕਾਰੀ ਵਿੱਤੀ ਸਾਧਨਾਂ ਵਿੱਚ ਵਾਧਾ ਹੋਵੇਗਾ; ਜਿਸ ਨਾਲ ਪੇਂਡੂ ਜਨ ਸਪਲਾਈ ਸਕੀਮਾਂ ਦੇ ਕੰਮ ਦੀ ਰਫ਼ਤਾਰ ਵੱਧ ਸਕੇਗੀ। ਇਸ ਵੇਲੇ ਪੰਜਾਬ ਸੀਵਰੇਜ ਬੋਰਡ ਕੇਵਲ ਕਮੇਟੀ ਦੇ ਇਲਾਕਿਆਂ ਵਿੱਚ ਜਨ ਸਪਲਾਈ ਸਕੀਮਾਂ ਨੂੰ ਚਲਾ ਰਿਹਾ ਹੈ ਅਤੇ ਪਿੰਡਾਂ ਵਿੱਚ ਜਲ ਸਪਲਾਈ ਸਕੀਮਾਂ ਲੋਕ ਨਿਰਮਾਣ ਵਿਭਾਗ ਦੀ ਜਨ ਸਿਹਤ ਸ਼ਾਖਾ ਵਲੋਂ ਚਲਾਈਆਂ ਜਾ ਰਹੀਆਂ ਹਨ। ਇਸ ਕੰਮ ਲਈ ਫੰਡਜ਼ ਦਾ ਉਪਲਬਧ ਸਟੇਟ ਪਲਾਨ ਵਿੱਚ ਕੀਤਾ ਜਾਂਦਾ ਹੈ। ਪੰਜਾਬ ਸੀਵਰੇਜ ਬੋਰਡ ਦੇ ਸੁਝਾਓ ਤੇ ਗੌਰ ਕਰਨ ਵਾਸਤੇ ਅਫ਼ਸਰਾਂ ਦੀ ਇਕ ਉੱਚ ਪੱਧਰੀ ਕਮੇਟੀ ਬਣਾਈ ਗਈ ਸੀ। ਕਮੇਟੀ ਵਲੋਂ ਕੇਂਦਰੀ ਸਰਕਾਰ ਅਤੇ ਜੀਵਨ ਬੀਮਾਂ ਨਿਗਮ, ਕੇਂਦਰੀ ਵਿੱਤੀ ਸੰਸਥਾਵਾਂ ਪਾਸੋਂ ਪੁੱਛ ਗਿੱਛ ਕੀਤੀ ਗਈ। ਉਹ ਕਮੇਟੀ ਇਸ ਨਤੀਜੇ ਤੇ ਪਹੁੰਚੀ ਕਿ ਪੇਂਡੂ ਜਲ ਸਪਲਾਈ ਸਕੀਮ ਵਾਸਤੇ ਐਲ.ਆਈ.ਸੀ. ਜਾਂ ਕਿਸੇ ਹੋਰ ਵਿੱਤੀ ਸੰਸਥਾ ਤੋਂ ਕਰਜ਼ਾ ਲੈਣ ਦੀ ਸੰਭਾਵਨਾ ਨਹੀਂ। ਇਹ ਸਾਰੀ ਚੀਜ਼ ਕਮੇਟੀ ਨੇ ਐਗਜ਼ਾਮਿਨ ਕੀਤੀ ਔਰ ਕਿਹਾ ਕਿ ਫੰਡਜ਼ ਦੀ ਅਵੇਲੇਬਿਲਟੀ ਮੁਸ਼ਕਲ ਹੋਵੇਗੀ। ਕਿਉਂਕਿ ਫੰਡਜ਼ ਵਗੈਰਾ ਐਲ.ਆਈ.ਸੀ. ਤੋਂ ਜਾਂ ਕਿਸੇ ਹੋਰ ਵਿੱਤੀ ਸੰਸਥਾ ਤੋਂ

[ਰਾਜ ਮੰਤਰੀ, ਜਨ ਸਿਹਤ]
ਅਵੇਲੇਬਲ ਨਹੀਂ ਹੋਣਗੇ, ਇਸ ਲਈ ਪਿੰਡਾਂ ਦੀ ਵਾਟਰ ਸਪਲਾਈ ਸਕੀਮ ਅਵੇਲੇਬਲ ਨਹੀਂ ਹੋ ਸਕਦੀ। ਇਨ੍ਹਾਂ ਕਾਰਨਾਂ ਕਰਕੇ ਇਸ ਸਕੀਮ ਨੂੰ ਜਨ ਸਿਹਤ ਵਿਭਾਗ ਕੋਲ ਪੰਜਾਬ ਸੀਵਰੇਜ ਬੋਰਡ ਵਿਖੇ ਬਦਲਣ ਦੇ ਸੁਝਾਓ ਨੂੰ ਅਗੇ ਨਹੀਂ ਚਲਾਇਆ ਗਿਆ ਔਰ ਇਨ੍ਹਾਂ ਗੱਲਾਂ ਨੂੰ ਮੁੱਖ ਰਖ ਕੇ ਕਮੇਟੀ ਨੇ ਫੈਸਲਾ ਕੀਤਾ ਕਿ ਸਟੇਟੱਸ-ਕੋ ਰਖਿਆ ਜਾਵੇ ਔਰ ਕੋਈ ਤਬਦੀਲੀ ਨਾ ਕੀਤੀ ਜਾਵੇ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਤੋਂ ਜਾਣਕਾਰੀ ਹਾਸਲ ਕਰਨਾ ਚਾਹੁੰਦਾ ਹਾਂ ਕਿ ਪਬਲਿਕ ਹੈਲਥ ਡੀਪਾਰਟਮੈਂਟ ਦੇ ਇਮਪਲਾਈਜ਼ 30-30 ਸਾਲ ਹੋ ਗਏ ਹਨ ਸਰਵਿਸ ਕਰਦਿਆਂ ਨੂੰ ਅਤੇ ਉਨ੍ਹਾਂ ਨੂੰ ਉਹ ਸਾਰੀਆਂ ਸਹੂਲਤਾਂ ਮਿਲਦੀਆਂ ਹਨ ਜੋ ਗੌਰਮਿੰਟ ਇਮਪਲਾਈਜ਼ ਨੂੰ ਮਿਲਦੀਆਂ ਹਨ। ਜੇ ਡੀਪਾਰਟਮੈਂਟ ਨੂੰ ਮਰਜ ਕਰ ਦਿੱਤਾ ਜਾਵੇ ਤਾਂ ਉਹ ਸਾਰੀਆਂ ਸਹੂਲਤਾਂ ਜੋ ਉਨ੍ਹਾਂ ਨੂੰ ਇਸ ਵੇਲੇ ਮਿਲ ਰਹੀਆਂ ਹਨ ਤਾਂ ਉਹ ਚਲੀਆਂ ਜਾਣਗੀਆਂ। ਜੇ ਇਹ ਡਿਪਾਰਟਮੈਂਟ ਮਰਜ ਕਰਨਾ ਹੀ ਹੈ ਤਾਂ ਇਸ ਗਲ ਦੀ ਐਸ਼ੋਰੈਂਸ ਕੀ ਮਨਿਸਟਰ ਸਾਹਿਬ ਦੇਣਗੇ ਕਿ ਉਨ੍ਹਾਂ ਦੀਆਂ ਸਰਵਿਸਿਜ਼ ਨੂੰ ਮੁੱਖ ਰਖਦੇ ਹੋਏ ਜੋ ਗੌਰਮਿੰਟ ਇਮਪਲਾਈਜ਼ ਨੂੰ ਪੈਨਸ਼ਨ ਜਾਂ ਗਰੈਚੂਟੀ ਜਾਂ ਹੋਰ ਸਹੂਲਤਾਂ ਮਿਲਦੀਆਂ ਹਨ ਉਹ ਸਹੂਲਤਾਂ ਉਨ੍ਹਾਂ ਨੂੰ ਵੀ ਦਿੱਤੀਆਂ ਜਾਣਗੀਆਂ ? ਕੀ ਮਨਿਸਟਰ ਸਾਹਿਬ ਇਸ ਗਲ ਦੀ ਐਸ਼ੋਰੈਂਸ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਮਰਜਰ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ਔਰ ਇਸ ਦੇ ਬਾਰੇ ਫੈਸਲਾ ਹੋ ਗਿਆ ਹੈ ਕਿ There is no merger at all.

(Serial No. 26)

1. **Prof. Darbari Lal :**
2. **Shri Brahm Mohindra**
3. **Shri Harnam Dass Johar**

Sir, I beg to draw the attention of the Government towards a matter of urgent public importance, namely, delinking of sewerage charges from water charges in the State. With the introduction of sewerage system and laying of sewerage lines even if these remain unconnected with residential lines the people have to pay sewerage charges equivalent to the water charges. The people (Safaid Posh) in general and economically backward and Scheduled Castes, in particular cannot afford to pay such exorbitant water and sewerage charges. At many places when the poor people have failedt o deposit such charges the municipal committee/corporation have deprived the people of drinking-water by disconnecting the water connections. This has created a great resentment amongst the people of the State. Hence it is a fit matter for the Government to make a statement on the Floor of the House.

ਰਾਜ ਮੰਤਰੀ, ਸਥਾਨਕ ਸਰਕਾਰ (ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ): ਸਪੀਕਰ ਸਾਹਿਬ, ਵਰਲਡ ਬੈਂਕ ਤੋਂ 32 ਕਰੋੜ ਰੁਪਿਆ ਪੰਜਾਬ ਸਰਕਾਰ ਨੇ ਸੀਵਰੇਜ ਲਾਈਨਾਂ ਵਾਸਤੇ ਲੋਨ ਲਿਆ ਸੀ ਅਤੇ ਉਸ ਦੇ ਲਈ ਇਕ ਐਗਰੀਮੈਂਟ ਹੋਇਆ ਸੀ। ਉਸ ਐਗਰੀਮੈਂਟ ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਜੋ ਵਾਰਡ ਮੁਕੰਮਲ ਹੋ ਜਾਵੇਗਾ ਭਾਵੇਂ ਕੋਈ ਘਰ ਉਸ ਵਿਚੋਂ ਕਨੈਕਸ਼ਨ ਲਵੇ ਜਾਂ ਨਾ ਲਵੇ ਪੈਸੇ ਦੇਣੇ ਪੈਣਗੇ। ਪੰਜਾਬ ਸਰਕਾਰ ਨੇ ਇਹ ਜੋ ਪੈਸੇ ਲਏ ਸਨ ਇਹ 8 ਵੱਡੇ ਸ਼ਹਿਰਾਂ ਲਈ ਸਨ ਅਤੇ ਪੰਜਾਬ ਸਰਕਾਰ ਐਗਰੀਮੈਂਟ ਦੇ ਮੁਤਾਬਕ ਕੋਈ ਤਰਮੀਮ ਨਹੀਂ ਕਰ ਸਕਦੀ। ਇਸ ਬਾਰੇ ਐਗਰੀਮੈਂਟ ਹੋ ਗਿਆ ਹੈ ਔਰ ਐਗਰੀਮੈਂਟ ਦੀ ਕਾਪੀ ਮੇਰੇ ਕੋਲ ਹੈ। ਇਹ ਜਿਹੜੇ ਚਾਰਜਿਜ਼

ਹਨ ਇਹ ਬੜੇ ਨਾਮੀਨਲ ਹਨ। ਜਿਹੜਾ ਸੀਟ ਲਵਾ ਲੈਂਦਾ ਹੈ 25 ਪੈਸੇ ਪ੍ਰਤੀ ਹਜ਼ਾਰ ਲਿਟਰ ਦੇ ਲਗਦੇ ਹਨ ਔਰ ਜਿਹੜਾ ਨਹੀਂ ਲਵਾਉਂਦਾ ਉਸ ਦਾ ਹੋਰ ਕੋਈ ਤਰੀਕਾ ਨਹੀਂ ਸਿਵਾਏ ਇਸ ਗਲ ਦੇ ਕਿ ਜਿੰਨੇ ਪੈਸੇ ਉਸ ਦੇ ਪਾਣੀ ਦੇ ਬਿਲ ਦੇ ਆਉਂਦੇ ਹਨ ਉਤਨਾ ਹੀ ਐਡੀਸ਼ਨਲ ਲੈ ਲਿਆ ਜਾਵੇ, ਜੇਕਰ ਇਹ ਚਾਰਜਿਜ਼ ਨਾ ਲਏ ਜਾਣ ਤਾਂ ਜਿਹੜੀਆਂ ਕਿਸ਼ਤਾਂ ਵਰਲਡ ਬੈਂਕ ਨੂੰ ਵਾਪਸ ਕਰਨੀਆਂ ਹਨ, ਉਹ ਨਹੀਂ ਕਰ ਸਕਾਂਗੇ। ਇਹ ਜਿਹੜੀ ਸੀਵਰੇਜ ਦੀ ਸਹੂਲਤ ਹੈ ਇਹ ਪਬਲਿਕ ਨੂੰ ਮਿਲੀ ਹੈ ਅਤੇ ਚਾਰਜਿਜ਼ ਸੀਵਰੇਜ ਮਹਿਕਮੇ ਨੇ ਲਗਾਏ ਹਨ। ਇਸ ਵਿਚ ਕੋਈ ਐਸੀ ਗਲ ਨਹੀਂ ਹੈ। ਕਾਨੂੰਨੀ ਤੌਰ ਤੇ ਪੰਜਾਬ ਸਰਕਾਰ ਨੂੰ ਇਹ ਚਾਰਜਿਜ਼ ਮਾਫ਼ ਕਰਨ ਦਾ ਕੋਈ ਅਖਤਿਆਰ ਨਹੀਂ। ਇਹ ਵਰਲਡ ਬੈਂਕ ਦਾ ਕਰਜ਼ਾ ਹੈ ਜਿਹੜਾ ਕਿ ਵਾਪਸ ਕਰਨਾ ਹੈ।ਸਾਡੀ ਇਕ ਮਜ਼ਬੂਰੀ ਹੈ ਉਸ ਮਜਬੂਰੀ ਦੇ ਤਹਿਤ ਇਹ ਕਰਨਾ ਪੈ ਰਿਹਾ ਹੈ। ਜਿਨ੍ਹਾਂ 8 ਸ਼ਹਿਰਾਂ ਲਈ ਇਹ ਕਰਜ਼ਾ ਲਿਆ ਸੀ ਉਨ੍ਹਾਂ ਅੱਠਾਂ ਵਿਚ ਤਕਰੀਬਨ ਕੰਮ ਮੁਕੰਮਲ ਹੋ ਚੁੱਕਾ ਹੈ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਵਾਟਰ ਐਂਡ ਸੀਵਰੇਜ ਦਾ ਐਗਰੀਮੈਂਟ ਜਿਹੜਾ ਵਰਲਡ ਬੈਂਕ ਨਾਲ ਹੋਇਆ ਸੀ ਇਹ ਅਕਾਲੀ ਸਰਕਾਰ ਵੇਲੇ 1978 ਵਿਚ ਹੋਇਆ ਸੀ। ਇਸ ਦੇ ਵਿਚ ਇਹ ਜ਼ਰੂਰ ਕਿਹਾ ਗਿਆ ਸੀ ਕਿ ਜਿੰਨਾ ਪਾਣੀ ਦਾ ਬਿਲ ਹੋਵੇਗਾ ਉਨਾਂ ਹੀ ਸੀਵਰੇਜ ਦਾ ਬਿਲ ਹੋਵੇਗਾ। ਮੈਂ ਕਿਸੇ ਮੁਆਫੀ ਵਾਸਤੇ ਨਹੀਂ ਕਿਹਾ। ਮੈਂ ਤਾਂ ਇਹ ਕਹਿੰਦਾ ਹਾਂ ਕਿ ਵਾਟਰ ਨੂੰ ਸੀਵਰੇਜ ਨਾਲੋਂ ਡੀਲਿੰਕ ਕੀਤਾ ਜਾਏ। ਇਕ ਆਦਮੀ 50 ਰੁਪਏ ਮਹੀਨੇ ਦਾ ਪਾਣੀ ਇਸਤੇਮਾਲ ਕਰਦਾ ਹੈ ਅਤੇ ਉਸ ਨੂੰ 50 ਰੁਪਏ ਸੀਵਰੇਜ ਦੇ ਦੇਣੇ ਪੈਂਦੇ ਹਨ। ਜੇ ਸੌ ਰੁਪਏ ਦਾ ਕਰਦਾ ਹੈ ਤਾਂ ਸੌ ਰੁਪਏ ਦੇਣੇ ਪੈਂਦੇ ਹਨ। ਇਹ ਫੈਸਲਾ ਯੌਰਪੀਨ ਦੇਸ਼ਾਂ ਦੇ ਪੈਟਰਨ ਤੇ ਹੋਇਆ ਹੈ ਜਿਥੇ ਲੋਕ ਅੱਧੀ ਬਾਲਟੀ ਨਾਲ ਨਹਾਉਂਦੇ ਹਨ ਅਤੇ ਮਹੀਨਾ ਮਹੀਨਾ ਨਹਾਉਂਦੇ ਵੀ ਨਹੀਂ। ਇਥੇ ਪੰਜਾਬ ਵਿਚ ਗਰਮੀ ਪੈਂਦੀ ਹੈ ਅਤੇ ਪਾਣੀ ਦੀ ਬੜੀ ਲੋੜ ਹੈ। ਇਸ ਦੇ ਨਾਲ ਜਿਸ ਨੇ ਮੱਝ ਰਖੀ ਹੋਈ ਹੈ ਉਸ ਨੂੰ ਵੀ ਉਹ ਨਵ੍ਹਾਉਂਦਾ ਹੈ ਉਸ ਦੇ ਵੀ ਪੈਸੇ ਸੀਵਰੇਜ ਸਾਈਡ ਤੇ ਦੇਣੇ ਪੈਂਦੇ ਹਨ। ਬੇਸੀ-ਕਲੀ ਜਿਹੜਾ ਐਗਰੀਮੈਂਟ ਹੈ ਉਹ ਸਰਦਾਰ ਬਲਵੰਤ ਸਿੰਘ ਦੇ ਵੇਲੇ ਹੋਇਆ ਸੀ ਉਸ ਦੇ ਵਿਚ ਇਹ ਖਾਮੀ ਸੀ। ਹੁਣ ਪਿਛੇ ਜਿਹੇ 326 ਕਰੋੜ ਰੁਪਿਆ ਚੀਫ ਮਨਿਸਟਰ ਸਾਹਿਬ ਨੇ ਮਾਫ ਕਰ ਦਿਤਾ ਸੀ ਭਾਵੇਂ ਵਰਲਡ ਬੈਂਕ ਨਾਲ ਐਗਰੀਮੈਂਟ ਹੋਇਆ ਸੀ। ਜੇਕਰ ਉਹ ਛੱਡਿਆ ਜਾ ਸਕਦਾ ਹੈ ਤਾਂ ਕੀ ਇਸ ਨੂੰ ਛੱਡਣ ਵਾਸਤੇ ਕੋਈ ਗਲ ਕੀਤੀ ਹੈ। ਅਸੀਂ ਤਾਂ ਇਹ ਕਹਿੰਦੇ ਹਾਂ ਕਿ ਇਨ੍ਹਾਂ ਨੂੰ ਡੀਲਿੰਕ ਕਰੋ। ਪਾਣੀ ਦਾ ਬਿਲ ਲਿਆ ਜਾਵੇ ਬਾਕੀ ਫਲੱਸ਼ ਦੇ ਜੋ ਗੌਰਮਿੰਟ ਦੇ ਚਾਰ ਰੁਪਏ ਮੁਨਾਸਬ ਸਮਝੇ ਲੈ ਲਵੇ। ਕੀ ਸਰਕਾਰ ਇਸ ਤੇ ਗੌਰ ਕਰੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਵਿਚਾਰ ਲਿਆ ਜਾਵੇਗਾ। ਵੈਸੇ ਗਰੀਬਾਂ ਨੂੰ ਜਿਹੜੇ ਇਕਨੌਮੀਕਲੀ ਬੈਕਵਰਡ ਹਨ ਜਾਂ ਪੀਲੇ ਕਾਰਡਾਂ ਵਾਲੇ ਹਨ ਉਨ੍ਹਾਂ ਨੂੰ 33% ਦੀ ਛੋਟ ਦਿੱਤੀ ਜਾਂਦੀ ਹੈ। ਮੈਂ ਇਹ ਚੀਜ਼ ਇਨ੍ਹਾਂ ਦੀ ਜਾਣਕਾਰੀ ਲਈ ਦੱਸ ਦੇਣਾ ਚਾਹੁੰਦਾ ਹਾਂ।

ਸ੍ਰੀ ਬ੍ਰਹਮ ਮਹਿੰਦਰਾ : ਸਪੀਕਰ ਸਾਹਿਬ, ਵਾਟਰ ਸਪਲਾਈ ਨੂੰ ਸੀਵਰੇਜ ਤੋਂ ਡੀਲਿੰਕ ਕਰਨ ਵਾਸਤੇ ਜਿਹੜੀ ਕਾਲ ਅਟੈਨਸ਼ਨ ਦਿੱਤੀ ਉਸ ਦੇ ਮੁਤਾਬਕ ਜਿਹੜੇ ਡਿਸਪੋਜ਼ਲ ਚਾਰਜਿਜ਼ ਹਨ ਉਹ ਘੱਟ ਕਰਨੇ ਚਾਹੀਦੇ ਹਨ। ਉਦੋਂ ਸਿਰਫ ਇਕ ਮੋਟਰ ਕੰਮ ਆਉਂਦੀ ਹੈ। ਡਿਸਪੋਜ਼ਲ ਵਾਸਤੇ ਉਥੇ ਵੀ ਖਰਚਾ ਘਟਦਾ ਹੈ। ਹਿਊਮੈਨ ਕਨਜ਼ਮਪਸ਼ਨ ਵੀ ਹੈ। ਮੈਂ ਸਮਝਦਾ ਹਾਂ ਕਿ 40% ਤਾਂ 100% ਵਿਚੋਂ ਇਵੈਪੋਰੇਟ ਹੋ ਜਾਂਦਾ ਹੈ। ਇਸ ਲਈ ਰੇਟ ਰਿਡਿਊਸ ਕਰਨਾ ਜ਼ਰੂਰੀ ਹੈ।

Mr. Speaker: Mr. Mohindra, you can ask a question but cannot make a speech.

ਸ੍ਰੀ ਬ੍ਰਹਮ ਮਹਿੰਦਰਾ: ਸਪੀਕਰ ਸਾਹਿਬ, ਡੀਲਿੰਕ ਕਰਨਾ ਤਾਂ ਜ਼ਰੂਰੀ ਹੈ ਹੀ, ਪਰ ਨਾਲ ਹੀ ਰੇਟਸ ਨੂੰ ਵੀ ਘੱਟ ਰੱਖਣਾ ਜ਼ਰੂਰੀ ਹੈ ਕਿਉਂਕਿ ਵਾਟਰ ਦੀ ਡਿਸਪੋਜ਼ਲ ਦੇ ਮਿਉਂਸਪਲ ਕਮੇਟੀਆਂ ਚਾਰਜਿਜ਼ ਕਰਦੀਆਂ ਹਨ। ਇਸ ਕਰਕੇ ਡੀਲਿੰਕ ਕਰਨਾ ਜ਼ਰੂਰੀ ਹੈ ਅਤੇ ਰੇਟ ਰਿਡਿਊਸ ਕਰਨਾ ਵੀ ਜ਼ਰੂਰੀ ਹੈ।

(ਇਸ ਸਮੇਂ ਸਰਦਾਰ ਕਿਰਪਾਲ ਸਿੰਘ ਢਿੱਲੋਂ ਸਪਲੀਮੈਂਟਰੀ ਕਰਨ ਲਈ ਖੜ੍ਹੇ ਸਨ।)

ਸ੍ਰੀ ਸਪੀਕਰ: ਬ੍ਰਹਮ ਮੁਹਿੰਦਰਾ ਜੀ, ਤੁਸੀਂ ਕੁਐਸ਼ਚਨ ਤਾਂ ਕਰਦੇ ਨਹੀਂ ਹੋ, ਢਿੱਲੋਂ ਸਾਹਿਬ ਤੋਂ ਗਾਈਡੈਂਸ ਲੈ ਲਵੋ।

ਸ੍ਰੀ ਬ੍ਰਹਮ ਮਹਿੰਦਰਾ: ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਡੀਲਿੰਕ ਵਲ ਅਤੇ ਚਾਰਜਿਜ਼ ਰਿਡਿਊਸ ਕਰਨ ਵਲ ਧਿਆਨ ਦੇਣਗੇ ?

ਰਾਜ ਮੰਤਰੀ: ਤਜਵੀਜ਼ ਦਿੱਤੀ ਹੈ, ਵਿਚਾਰ ਲਈ ਜਾਵੇਗੀ ਅਤੇ ਰੀ-ਐਗਜ਼ਾਮਿਨ ਵੀ ਕਰਵਾ ਲਿਆ ਜਾਵੇਗਾ, ਜੇਕਰ ਕੋਈ ਵਜ਼ਨ ਹੋਇਆ ਤਾਂ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਸਪੀਕਰ ਸਾਹਿਬ, ਸ਼ਹਿਰਾਂ ਵਿਚ ਪੜ੍ਹੇ ਲਿਖੇ ਲੋਕ ਹਨ ਅਤੇ ਪੰਥ ਦੇ ਨਾਮ ਤੇ ਗੁਮਰਾਹ ਨਹੀਂ ਹੁੰਦੇ। ਸ਼ਹਿਰਾਂ ਵਿਚ ਇਨ੍ਹਾਂ ਦੇ ਨੁਮਾਇੰਦੇ ਨਹੀਂ ਹੁੰਦੇ ਇਸ ਕਰਕੇ ਇਹ ਆਪਣੇ ਆਪ ਨੂੰ ਪਿੰਡਾਂ ਦੇ ਨੁਮਾਇੰਦੇ ਸਮਝਦੇ ਹਨ ਅਤੇ ਸ਼ਹਿਰੀਆਂ ਨੂੰ ਕੋਈ ਸਹੂਲਤ ਨਹੀਂ ਦਿੰਦੇ। ਕੀ ਇਹ ਸਜ਼ਾ ਸ਼ਹਿਰੀਆਂ ਨੂੰ ਹੀ ਦੇਣੀ ਹੈ ਜਿਥੇ ਡਾਕਟਰ ਲੋਕ ਹਨ, ਇੰਡਸਟਰੀਅਲਿਸਟਸ ਹਨ, ਵੱਡੇ ਵੱਡੇ ਲੋਕ ਰਹਿੰਦੇ ਹਨ ਜਾਂ ਕੋਈ ਕਮੇਟੀ ਬਣਾਉਣਗੇ ਜਿਹੜੀ ਕਿ ਸੋਚ ਕਰੇਗੀ ਕਿ ਇਸ ਨੂੰ ਡੀਲਿੰਕ ਕਰਨਾ ਚਾਹੀਦਾ ਹੈ। ਜੇ ਇਸ ਤਰ੍ਹਾਂ ਨਹੀਂ ਕਰਨਗੇ ਤੇ ਅਗੇ ਤੋਂ ਇਹ ਸਮਝ ਲੈਣ ਕਿ ਵਰਲਡ ਬੈਂਕ ਪੈਸੇ ਨਹੀਂ ਦੇਵੇਗਾ। ਕੀ ਇਹ ਕਮੇਟੀ ਬਣਾਉਣਗੇ ਅਤੇ ਇਸ ਤਰ੍ਹਾਂ ਜੋ ਸੀਵਰੇਜ ਦਾ ਬਿਲ ਹੈ ਉਸ ਨੂੰ ਡੀਲਿੰਕ ਕੀਤਾ ਜਾਵੇ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ): ਸਪੀਕਰ ਸਾਹਿਬ, ਇਹ ਅਹਿਮ ਮਸਲਾ ਹੈ। ਵਿਚਾਰ ਦੋ ਕਿਸਮ ਦੇ ਆ ਗਏ। ਇਸ ਕਰਕੇ ਮੈਨੂੰ ਇਹ ਕਹਿਣਾ ਪਿਆ। ਇਕ ਪਾਸੇ ਕਿਹਾ ਜਾ ਰਿਹਾ ਸੀ ਕਿ ਗਰੀਬ ਤਬਕਾ ਹੈ, ਰਿਆਇਤ ਦੇਣੀ ਚਾਹੀਦੀ ਹੈ। ਹੁਣੇ ਜੌਹਰ ਸਾਹਿਬ ਨੇ ਕਿਹਾ ਹੈ ਕਿ ਇੰਡਸਟਰੀਅਲਿਸਟਸ ਇਸ ਵਿਚ ਆ ਜਾਂਦੇ ਹਨ, ਬੜੇ ਬੜੇ ਡਾਕਟਰ, ਇੰਡਸਟਰੀਅਲਿਸਟਸ ਆ ਜਾਂਦੇ ਹਨ, ਰਿਆਇਤ ਦੇਣੀ ਚਾਹੀਦੀ ਹੈ। ਕੋਈ ਸਟੈਂਡ ਸਹੀ ਨਹੀਂ ਹੈ। ਇਨ੍ਹਾਂ ਪਾਸੋਂ ਇਹ ਕੰਮ ਰਿਹਾ ਹੈ ਬਹੁਤ ਸਮੇਂ ਤਕ ਇਨ੍ਹਾਂ ਨੇ ਕੀਤਾ ਹੈ, ਸੁਹਣਾ ਕੀਤਾ ਹੈ, ਮੈਂ ਦਾਦ ਦਿੰਦਾ ਹਾਂ, ਅੱਛਾ ਕੰਮ ਕਰਦੇ ਰਹੇ ਹਨ। ਪਰ ਮੁਤਜ਼ਾਤ ਰਾਏ ਹੈ, ਆਪਸ ਵਿਚ ਕੋਈ ਫੈਸਲਾ ਕਰ ਲੈਣ ਤਾਂ ਫਿਰ ਅਸੀਂ ਕੋਈ ਸੋਚਾਂਗੇ।

PAPER RE-LAID ON THE TABLE

Minister of State for Parliamentary Affairs (Sardar Baldev Singh Maan): Sir, I beg to re-lay on the Table the Punjab Municipal Services

(Recruitment and Conditions of Service) (First Amendment), Rules, 1985, as required under section 397(2) of the Punjab Municipal Corporation Act, 1976.

DISCUSSION ON GOVERNOR'S ADDRESS

ਸ੍ਰੀ ਸਪੀਕਰ : ਹੁਣ ਗਵਰਨਰ ਸਾਹਿਬ ਦਾ ਐਡਰੈਸ ਜੋ ਸੁਣਿਆ ਸੀ ਉਸ ਤੇ ਡਿਸਕਸ਼ਨ ਹੋਵੇਗੀ। ਪਲੀਜ਼। ਮਾਸਟਰ ਜੌਹਰ ਸਿੰਘ (ਚੱਪਿੰਗ)

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਆਨਰੇਬਲ ਮੈਂਬਰ ਦਾ ਸਵਾਲ ਸੀ।

ਸ੍ਰੀ ਸਪੀਕਰ : ਮੇਰੀ ਬੇਨਤੀ ਸੁਣੋ। ਕਾਲ ਅਟੈਨਸ਼ਨ ਨੋਟਿਸ ਤੇ ਜਿਨ੍ਹਾਂ ਨੇ ਨੋਟਿਸ ਦਿੱਤਾ ਹੈ ਉਹ ਐਨਟਾਈਟਲਡ ਹਨ, ਤੁਸੀਂ ਤਾਂ ਐਨਟਾਈਟਲਡ ਨਹੀਂ ਹੋ।

Sardar Johar Singh (Kahnuwan) : Sir, I beg to move—

"That an Address be presented to the Governor in the following terms :—

'That the Members of this House assembled in this Session are deeply grateful to the Governor for the address which he has been pleased to deliver to the House on the 11th March, 1987."

ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਇਹ ਜਿਹੜੀ ਮੋਸ਼ਨ ਮੂਵ ਕੀਤੀ ਹੈ ਉਹ ਗਵਰਨਰ ਸਾਹਿਬ ਨੇ ਜੋ ਭਾਸ਼ਣ ਇਸ ਹਾਊਸ ਵਿਚ ਦਿੱਤਾ ਹੈ ਉਹ ਬਹੁਤ ਹੀ ਵਧੀਆ ਅਤੇ ਸਚਾਈ ਤੇ ਅਧਾਰਿਤ ਹੈ। ਇਸ ਭਾਸ਼ਣ ਵਿਚ ਸ਼ੁਰੂ ਤੋਂ ਪਹਿਲੇ ਅੱਖਰਾਂ ਵਿਚ ਜੋ ਵਰਤੋਂ ਕੀਤੀ ਹੈ ਉਹ ਮੈਂ ਪੜ੍ਹਨਾ ਚਾਹੁੰਦਾ ਹਾਂ :

'ਹਰ ਕੌਮ ਦੀ ਜ਼ਿੰਦਗੀ ਵਿਚ ਇਕ ਅਜਿਹਾ ਸਮਾ ਵੀ ਆਉਂਦਾ ਹੈ ਜਦੋਂ ਇਸ ਦੀਆਂ ਕੁਝ ਮੁਢਲੀਆਂ ਤੇ ਕਦਰਾਂ-ਕੀਮਤਾਂ ਨੂੰ ਗੰਭੀਰ ਹਮਲਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ"।

ਸਪੀਕਰ ਸਾਹਿਬ ਅਜਿਹਾ ਸਮਾਂ ਸਿੱਖ ਕੌਮ ਤੇ ਵੀ ਆਇਆ, ਅਜਿਹਾ ਸਮਾਂ ਪੰਜਾਬ ਤੇ ਵੀ ਆਇਆ, ਅਜਿਹਾ ਸਮਾਂ ਪੰਜਾਬੀਆਂ ਤੇ ਵੀ ਆਇਆ ਜਦੋਂ ਕਿ ਪੰਜਾਬ ਨੂੰ ਗੰਭੀਰ ਹਮਲਿਆਂ ਦਾ ਸ਼ਿਕਾਰ ਹੋਣਾ ਪਿਆ। ਸਾਰੇ ਪੰਜਾਬ ਨੂੰ ਫੌਜ ਨੇ ਘੇਰਾ ਪਾ ਲਿਆ, ਅਕਾਲ ਤਖ਼ਤ ਸਾਹਿਬ ਤੇ ਗੋਲੀਆਂ ਮਾਰੀਆਂ ਗਈਆਂ, ਟੈਂਕ ਚਲਾਕੇ ਉਸ ਨੂੰ ਢਹਿ ਢੇਰੀ ਕਰ ਦਿਤਾ ਔਰ ਜੋ ਨੌਜਵਾਨ ਪਕੜੇ ਉਨ੍ਹਾਂ ਨੂੰ ਜੋਧਪੁਰ ਦੀਆਂ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਇਸ ਤੋਂ ਬਾਅਦ ਜਿਹੜੇ ਕੋਈ ਫੌਜੀ ਧਰਮ ਅਸਥਾਨ ਦੇ ਉਤੇ ਹਮਲਾ ਹੋਣ ਕਰਕੇ, ਦਰਬਾਰ ਸਾਹਿਬ ਤੇ ਹਮਲਾ ਹੁੰਦਾ ਸੁਣ ਕੇ ਬੈਰਕਾਂ ਛੱਡ ਆਏ ਉਨ੍ਹਾਂ ਨੂੰ ਵੀ ਰਸਤੇ ਵਿਚ ਸ਼ਹੀਦ ਕਰ ਦਿੱਤਾ ਗਿਆ ਜਾਂ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਫਿਰ ਦਰਬਾਰ ਸਾਹਿਬ ਦੇ ਨਾਲ ਜਿਹੜੇ ਘਰ ਸਨ ਜਾਂ ਦੁਕਾਨਾਂ ਸਨ ਉਨ੍ਹਾਂ ਨੂੰ ਵੀ ਢਾਹ ਦਿੱਤਾ ਗਿਆ। ਪਰ ਫਿਰ ਵੀ ਕੇਂਦਰ ਦੀਆਂ ਫੌਜਾਂ ਦੀ ਤਸੱਲੀ ਨਾ ਹੋਈ। ਫਿਰ ਜਦੋਂ ਇੰਦਰਾ ਗਾਂਧੀ ਦੀ ਮੌਤ ਹੋਈ ਤਾਂ ਉਸ ਤੋਂ ਬਾਅਦ ਦਿੱਲੀ, ਬੋਕਾਰੋ ਅਤੇ ਕਾਨਪੁਰ ਵਿਚ ਜੋ ਸਿੱਖਾਂ ਦੇ ਖ਼ੂਨ ਦੀ ਹੋਲੀ ਖੇਡੀ ਗਈ, ਹਜ਼ਾਰਾਂ ਲੋਕਾਂ ਨੂੰ ਸ਼ਹੀਦ ਕਰ ਦਿੱਤਾ ਗਿਆ, ਮਾਸੂਮ ਬੱਚਿਆਂ ਨੂੰ ਕੁਚਲ ਦਿੱਤਾ ਗਿਆ, ਦੁਕਾਨਾਂ ਸਾੜ ਦਿੱਤੀਆਂ ਗਈਆਂ, ਟਰੱਕ ਸਾੜ ਦਿੱਤੇ ਗਏ, ਕਾਰਖਾਨੇ ਸਾੜ ਦਿੱਤੇ ਗਏ। ਇਹ ਜੋ ਕੁਝ ਹੋਇਆ ਤੁਸੀਂ ਸਭ ਜਾਣਦੇ ਹੋ। ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ

[ਸਰਦਾਰ ਜੋਹਰ ਸਿੰਘ]

ਹਾਂ ਕਿ ਜਦੋਂ ਸੰਤ ਹਰਚੰਦ ਸਿੰਘ ਜੀ ਨੂੰ ਰਿਹਾਅ ਕੀਤਾ ਅਤੇ ਉਹ ਪੰਜਾਬ ਵਿਚ ਆਏ ਤਾਂ ਲੱਖਾਂ ਲੋਕਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ । ਉਨ੍ਹਾਂ ਨੇ ਸਬਰ ਨਾਲ ਲੋਕਰਾਜੀ ਤਰੀਕੇ ਨਾਲ ਚੱਲਣ ਲਈ ਲੋਕਾਂ ਨੂੰ ਹੌਂਸਲਾ ਦਿੱਤਾ। ਇਹ ਵੇਖ ਕੇ ਸਰਕਾਰ ਨੂੰ ਮਜ਼ਬੂਰ ਹੋ ਕੇ ਸੰਤ ਹਰਚੰਦ ਸਿੰਘ ਨਾਲ ਸਮਝੌਤਾ ਕਰਨਾ ਪਿਆ। ਉਹ ਸਮਝੌਤਾ ਪ੍ਰਧਾਨ ਮੰਤਰੀ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਚਕਾਰ ਹੋਇਆ ਔਰ ਬਾਅਦ ਵਿਚ ਉਹ ਸਮਝੌਤਾ ਪਾਰਲੀਆਮੈਂਟ ਵਿਚ ਵੀ ਪੇਸ਼ ਕੀਤਾ ਗਿਆ । ਉਸ ਸਮਝੌਤੇ ਤੋਂ ਬਾਅਦ ਇਲੈਕਸ਼ਨ ਹੋਏ। ਸਾਡੀ ਪਾਰਟੀ ਨੇ ਇਲੈਕਸ਼ਨ ਲੜਨ ਲਈ ਤਿਆਰੀ ਕੀਤੀ ਪਰ ਉਸ ਵੇਲੇ ਕੁਝ ਦੇਸ਼ ਧਰੋਹੀ ਤਾਕਤਾਂ ਨੇ ਸੰਤ ਹਰਚੰਦ ਸਿੰਘ ਨੂੰ ਸਾਡੇ ਤੋਂ ਖੋਹ ਲਿਆ। ਕੌਮ ਦਾ ਹੀਰਾ ਸਾਡੇ ਤੋਂ ਵਿਛੜ ਗਿਆ। ਲੇਕਿਨ ਫਿਰ ਵੀ ਅਸੀਂ ਲੋਕਰਾਜੀ ਤਰੀਕੇ ਨਾਲ ਚੋਣ ਲੜੀ ਔਰ ਸਾਡੇ ਕੁਝ ਵਿਰੋਧੀਆਂ ਨੇ ਇਸ ਇਲੈਕਸ਼ਨ ਦਾ ਬਾਈਕਾਟ ਵੀ ਕੀਤਾ ਔਰ ਸਾਡੇ ਸਾਹਮਣੇ ਬੈਠੇ ਸਾਥੀਆਂ ਨੇ ਵੀ ਇਹ ਇਲੈਕਸ਼ਨ ਲੜਨ ਲਈ ਬੜਾ ਯਤਨ ਕੀਤਾ ਪਰ ਉਹ ਲੋਕਾਂ ਕੋਲੋਂ ਵੋਟ ਨਾ ਲੈ ਸਕੇ । ਸਾਡੇ ਅਕਾਲੀ ਪਾਰਟੀ ਦੇ 73 ਮੈਂਬਰਜ਼ ਇਸ ਹਾਊਸ ਵਿਚ ਜਿੱਤ ਕੇ ਆਏ। ਫਿਰ ਬਰਨਾਲਾ ਸਾਹਿਬ ਨੂੰ ਆਪਣਾ ਲੀਡਰ ਬਣਾਇਆ ਜਿਹੜੇ ਕਿ ਅੱਜ ਇਸ ਹਾਊਸ ਵਿਚ ਮੁੱਖ ਮੰਤਰੀ ਦੇ ਰੂਪ ਵਿਚ ਬੈਠੇ ਹਨ ।

ਬਰਨਾਲਾ ਸਾਹਿਬ ਨੇ ਬੜੇ ਤਕੜੇ ਹੋ ਕੇ ਉਨ੍ਹਾਂ ਤਾਕਤਾਂ ਦਾ ਮੁਕਾਬਲਾ ਕੀਤਾ ਜਿਹੜੀਆਂ ਦੇਸ਼ ਵਿਰੋਧੀ ਸਨ। ਉਸ ਤੋਂ ਬਾਅਦ ਮਸਲਾ ਸੀ ਕਿ ਜਿਹੜਾ ਕੇਂਦਰੀ ਸਰਕਾਰ ਦੇ ਨਾਲ ਸੰਤ ਹਰਚੰਦ ਸਿੰਘ ਦਾ ਸਮਝੌਤਾ ਹੋਇਆ ਸੀ ਉਸ ਨੂੰ ਲਾਗੂ ਕਰਵਾਉਣਾ ਸੀ। ਇਸ ਅਕਾਰਡ ਨੂੰ ਲਾਗੂ ਕਰਨ ਲਈ ਬਰਨਾਲਾ ਸਾਹਿਬ ਨੇ ਆਪਣੀ ਬੜੀ ਸੂਝ ਬੂਝ ਦਾ ਸਬੂਤ ਦਿੱਤਾ ਲੇਕਿਨ ਇਹ ਜਿਹੜੇ ਅੱਤਵਾਦੀ ਅਤੇ ਵੱਖਵਾਦੀ ਐਲੀਮੈਂਟ ਸਨ ਉਨ੍ਹਾਂ ਨੇ ਬਰਨਾਲਾ ਸਾਹਿਬ ਨੂੰ ਹਟਾਉਣ ਵਾਸਤੇ ਸਾਜ਼ਿਸ਼ ਕਰਨੀ ਸ਼ੁਰੂ ਕਰ ਦਿੱਤੀ ਅਤੇ ਅੱਤਵਾਦ ਨੂੰ ਸ਼ਹਿ ਦੇਣ ਲਗ ਗਏ। ਬਰਨਾਲਾ ਸਾਹਿਬ ਦੀ ਕੁਰਸੀ ਖੋਹਣ ਲਈ ਯਤਨ ਪਾਰਟੀ ਵਿਚ ਸ਼ੁਰੂ ਕਰ ਦਿੱਤੇ, ਜਿਸ ਦਾ ਮੁਕਾਬਲਾ ਬਰਨਾਲਾ ਸਾਹਿਬ ਨੇ ਬੜੀ ਦਲੇਰੀ ਨਾਲ ਕੀਤਾ ਅਤੇ ਕੇਂਦਰ ਦੇ ਨਾਲ ਅਕਾਰਡ ਦੀ ਇੰਪਲੀਮੈਂਟੇਸ਼ਨ ਲਈ ਗਲ ਬਾਤ ਕੀਤੀ। ਸਾਨੂੰ ਇਹ ਵੀ ਪਤਾ ਹੈ ਕਿ ਜਦੋਂ ਪੰਜਾਬ ਵਿਚ ਅੱਤਵਾਦ ਅਤੇ ਵੱਖਵਾਦ ਦਾ ਦੌਰ ਕਾਫੀ ਵੱਧ ਗਿਆ ਤਾਂ ਉਸ ਵਕਤ ਸਿੰਘ ਸਾਹਿਬਾਨ ਨੇ ਅੰਮ੍ਰਿਤਸਰ ਵਿਖੇ ਸਰਬੱਤ ਖਾਲਸਾ ਬੁਲਾਉਣ ਦਾ ਫੈਸਲਾ ਕੀਤਾ ਲੇਕਿਨ ਅੰਮ੍ਰਿਤਸਰ ਦੇ ਵਾਤਾਵਰਨ ਨੂੰ ਦੇਖਦੇ ਹੋਏ ਉਨ੍ਹਾਂ ਨੇ ਇਹ ਸਰਬਤ ਖਾਲਸਾ ਅੰਨਦਪੁਰ ਸਾਹਿਬ ਵਿਖੇ ਬੁਲਾ ਲਿਆ ਤਾਕਿ ਵਾਤਾਵਰਨ ਹੋਰ ਨਾ ਖਰਾਬ ਹੋ ਜਾਵੇ । ਉਥੇ ਲੱਖਾਂ ਲੋਕਾਂ ਦੇ ਇਕੱਠ ਨੇ ਇਕਮੁੱਠ ਹੋ ਕੇ ਇਸ ਵਿਰੁੱਧ ਲੜਨ ਦਾ ਫੈਸਲਾ ਕੀਤਾ ਅਤੇ ਬਰਨਾਲਾ ਸਾਹਿਬ ਨੂੰ ਕਿਹਾ ਗਿਆ ਕਿ ਉਹ ਅਕਾਲੀ ਪਾਰਟੀ ਦੇ ਪ੍ਰਧਾਨ ਵੀ ਹਨ ਅਤੇ ਪੰਜਾਬ ਦੇ ਚੀਫ਼ ਮਨਿਸਟਰ ਵੀ ਹਨ ਉਹ ਇਸ ਅੱਤਵਾਦ ਨੂੰ ਖਤਮ ਕਰਨ ਲਈ ਸ਼ਕਤੀ ਦਾ ਇਸਤੇਮਾਲ ਕਰਨ ਅਤੇ ਗੁਰਦੁਆਰਿਆਂ ਵਿਚ ਹੋ ਰਹੀ ਗਲਤ ਅਨਸਰਾਂ ਵਲੋਂ ਕਾਰਵਾਈਆਂ ਨੂੰ ਰੋਕਣ । ਬਰਨਾਲਾ ਸਾਹਿਬ ਆਪਣੀ ਪਾਵਰਜ਼ ਦਾ ਇਸਤੇਮਾਲ ਕਰਨ। ਇਸ ਸਰਬਤ ਖਾਲਸਾ ਵਿਚ ਬਾਦਲ ਸਾਹਿਬ, ਟੌਹੜਾ ਸਾਹਿਬ, ਬਰਨਾਲਾ ਸਾਹਿਬ ਅਤੇ ਹੋਰ ਸਿੰਘ ਸਾਹਿਬਾਨ ਅਤੇ ਕਾਫੀ ਧਾਰਮਿਕ ਸੰਸਥਾਵਾਂ ਦੇ ਲੀਡਰ ਮੌਜੂਦ ਸਨ ਅਤੇ ਸਾਰਿਆਂ ਨੇ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਸੀ ਕਿ ਬਰਨਾਲਾ ਸਾਹਿਬ ਆਪਣੀ ਸ਼ਕਤੀ ਦਾ ਇਸਤੇਮਾਲ ਪੂਰਾ ਕਰਨ ਅਤੇ ਬਤੌਰ ਚੀਫ਼ ਮਨਿਸਟਰ ਆਪਣਾ ਫਰਜ਼ ਨਿਭਾਉਣ ਅਤੇ ਪੰਜਾਬ ਦੇ ਮਾਹੌਲ ਨੂੰ ਸ਼ਾਂਤ ਕਰਨ ਅਤੇ ਹਰਿਮੰਦਰ ਸਾਹਿਬ ਦੇ ਵਾਤਾਵਰਨ ਨੂੰ ਸਹੀ ਰੱਖਣ ਲਈ ਵੱਧ ਤੋਂ ਵੱਧ ਹਰ ਕਿਸਮ ਦੇ ਤੌਰ ਤਰੀਕੇ ਨੂੰ ਇਸਤੇਮਾਲ ਕਰਕੇ ਅਤੇ ਆਪਣੀ ਡਿਊਟੀ

ਸਮਝਦੇ ਹੋਏ ਦਰਬਾਰ ਸਾਹਿਬ ਦੇ ਮਹੌਲ ਨੂੰ ਠੀਕ ਕਰਨ। ਜਿਸ ਕਰਕੇ ਬਰਨਾਲਾ ਸਾਹਿਬ ਨੂੰ ਮਜ਼ਬੂਰਨ ਪੁਲਿਸ ਦਰਬਾਰ ਸਾਹਿਬ ਵਿਖੇ ਭੇਜਣੀ ਪਈ ਅਤੇ ਇਸ ਗੱਲ ਦਾ ਸ਼ਹਿਵਾਦੀਆਂ ਨੇ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਪੁਲਿਸ ਐਕਸ਼ਨ ਕਰਕੇ ਕਈ ਮਨਿਸਟਰਾਂ ਨੇ ਅਸਤੀਫੇ ਵੀ ਦੇ ਦਿੱਤੇ। ਅਸਤੀਫਾ ਦੇਣ ਵਾਲਿਆਂ ਵਿਚੋਂ ਉਹ ਵੀ ਸਨ ਜਿਹੜੇ ਸ਼੍ਰੋਮਣੀ ਅਕਾਲੀ ਦਲ ਦੇ ਮੁਢਲੀ ਮੈਂਬਰਸ਼ਿਪ ਵੀ ਨਹੀਂ ਰਖਦੇ ਸਨ ਔਰ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਵਜ਼ੀਰ ਬਣਾਇਆ ਹੋਇਆ ਸੀ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਪਾਰਲੀਮੈਂਟਰੀ ਬੋਰਡ ਦਾ ਮੈਂਬਰ ਵੀ ਬਣਾਇਆ ਹੋਇਆ ਸੀ। ਉਹ ਸੱਜਣ ਵੀ ਸਾਡੇ ਤੋਂ ਵੱਖ ਹੋ ਗਏ।

ਸਰਦਾਰ ਹਰਦਿਆਲ ਸਿੰਘ ਰਾਜਲਾ : ** ** **

ਸ੍ਰੀ ਸਪੀਕਰ :: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਜੌਹਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੇ ਪੰਥ ਦੇ ਨਾਲ ਬੀਟਰੇ ਕੀਤਾ ਅਤੇ ਹਰ ਤਰੀਕੇ ਨਾਲ ਚੀਫ਼ ਮਨਿਸਟਰ ਦੀ ਕੁਰਸੀ ਤੇ ਬੈਠਣ ਲਈ ਯਤਨ ਕਰਦੇ ਰਹੇ। ਮੈਨੂੰ ਖੁਸ਼ੀ ਹੈ ਕਿ ਬਰਨਾਲਾ ਸਾਹਿਬ ਨੇ ਆਪਣੀ ਸੂਝ ਬੂਝ ਦਾ ਸਬੂਤ ਦਿੱਤਾ ਅਤੇ ਇਨ੍ਹਾਂ ਅਲਗ ਹੋਏ ਮੈਂਬਰਾਂ ਨੂੰ ਮੂੰਹ ਦੀ ਖਾਣੀ ਪਈ। ਇਸ ਤੋਂ ਬਾਅਦ ਸਮਾਂ ਚਲਦਾ ਰਿਹਾ ਅਤੇ ਹਾਲਾਤ ਬਦਲਦੇ ਰਹੇ ਅਤੇ ਇਨ੍ਹਾਂ ਨੇ ਅੱਤਵਾਦ ਨੂੰ ਸ਼ਹਿ ਦੇਣੀ ਸ਼ੁਰੂ ਕਰ ਦਿੱਤੀ ਅਤੇ ਬਾਬਾ ਦਲ ਨਾਲ ਸ਼੍ਰੋਮਣੀ ਕਮੇਟੀ ਦੀ ਇਲੈਕਸ਼ਨ ਲਈ ਸਮਝੌਤਾ ਕਰ ਲਿਆ। ਕੇਂਦਰ ਨਾਲ ਵੀ ਗਲ ਕਰ ਲਈ। ਸ਼੍ਰੋਮਣੀ ਕਮੇਟੀ ਦੀਆਂ ਇਲੈਕਸ਼ਨਾਂ ਵਿਚ ਬਰਨਾਲਾ ਸਾਹਿਬ ਹਰ ਤਰੀਕੇ ਨਾਲ ਚੀਫ਼ ਮਨਿਸਟਰ ਹੋਣ ਦੇ ਤੌਰ ਤੇ ਤਾਕਤ ਵਰਤ ਸਕਦੇ ਸਨ ਪਰ ਉਨ੍ਹਾਂ ਨੇ ਨਾ ਕਿਸੇ ਤੇ ਦਬਾਅ ਪਾਇਆ ਨਾ ਹੀ ਕਿਸੇ ਮੈਂਬਰ ਦੀ ਤੌਹੀਨ ਕੀਤੀ ਅਤੇ ਬੜੇ ਅਮਨ ਅਮਾਨ ਨਾਲ ਵੋਟਾਂ ਪਈਆਂ ਅਤੇ ਇਹ ਟੋਲਾ ਇਲੈਕਸ਼ਨਾਂ ਵਿਚ ਜਿੱਤ ਗਿਆ। ਫੇਰ ਵੀ ਅਸੀਂ ਸੋਚਿਆ ਕਿ ਸ਼ਾਇਦ ਹੁਣ ਹਾਲਾਤ ਠੀਕ ਹੋ ਜਾਣਗੇ ਪਰ ਇਨ੍ਹਾਂ ਦੇ ਪ੍ਰਧਾਨ ਨੇ ਆਉਂਦੇ ਹੀ ਹਰਿਮੰਦਰ ਸਾਹਿਬ ਵਿਚੋਂ ਟਾਸਕ ਫੋਰਸ ਜਿਹੜੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਰੱਖੀ ਗਈ ਸੀ ਉਸ ਨੂੰ ਕੱਢ ਦਿੱਤਾ ਅਤੇ ਉਸ ਤੋਂ ਬਾਅਦ ਜੋ ਕੁਝ ਉਥੇ ਹੋਇਆ ਉਹ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ। ਇਸ ਤੋਂ ਬਾਅਦ ਇਨ੍ਹਾਂ ਨੇ ਅਕਾਲੀ ਪਾਰਟੀ ਦੀ ਸਰਕਾਰ ਨੂੰ ਤੋੜਨ ਦਾ ਫਿਰ ਯਤਨ ਸ਼ੁਰੂ ਕੀਤਾ ਅਤੇ ਬਰਨਾਲਾ ਸਾਹਿਬ ਦੀ ਕੁਰਸੀ ਖੋਹਣ ਦਾ ਯਤਨ ਕੀਤਾ ਗਿਆ ਪਰ ਇਹ ਸਫਲ ਨਹੀਂ ਹੋ ਸਕੇ। ਇਸ ਮਨੋਰਥ ਲਈ ਇਨ੍ਹਾਂ ਨੇ ਸਿੰਘ ਸਾਹਿਬਾਨ ਨੂੰ ਜਿਹੜੇ ਉੱਚ ਹਸਤੀਆਂ ਸਨ ਅਤੇ ਮਹਾਨ ਸਮਝੇ ਜਾਂਦੇ ਹਨ ਉਨ੍ਹਾਂ ਨੂੰ ਬਿਲਕੁਲ ਗੈਰ ਕਾਨੂੰਨੀ ਤਰੀਕੇ ਨਾਲ ਹਟਾ ਦਿੱਤਾ। ਜੇਕਰ ਕਿਸੇ ਛੋਟੇ ਤੋਂ ਛੋਟੇ ਮੁਲਾਜ਼ਮ ਨੂੰ ਵੀ ਰਿਟਾਇਰ ਕੀਤਾ ਜਾਂਦਾ ਹੈ ਤਾਂ ਉਸ ਨੂੰ ਵੀ ਵਿਦਾਇਗੀ ਬੜੇ ਸਤਿਕਾਰ ਨਾਲ ਦਿੱਤੀ ਜਾਂਦੀ ਹੈ ਪਰ ਇਨ੍ਹਾਂ ਨੇ ਸਿੰਘ ਸਾਹਿਬਾਨ ਦਾ ਸਤਿਕਾਰ ਨਹੀਂ ਕੀਤਾ। ਅਸੀਂ ਤਾਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ ਅਤੇ ਕਰਦੇ ਰਹਾਂਗੇ।

ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਇਨ੍ਹਾਂ ਨੇ ਸਿੰਘ ਸਾਹਿਬਾਨ ਨੂੰ ਮਾਨ ਜਾਂ ਸਤਿਕਾਰ ਨਹੀਂ ਦਿੱਤਾ। ਸਿੰਘ ਸਾਹਿਬਾਨ ਨਵੇਂ ਨੀਯਤ ਕੀਤੇ ਗਏ। ਇਹ ਕੋਈ ਗਹਿਰੀ ਸਾਜਸ਼ ਸੀ ਜਾਂ ਕੋਈ ਗਹਿਰੀ ਚਾਲ ਸੀ। ਦੋਬਾਰਾ ਇਨ੍ਹਾਂ ਨੇ ਧਰਮ ਦੇ ਨਾਂ ਤੇ ਮਿੰਟਾਂ ਸੈਕਿੰਟਾਂ ਵਿਚ ਨਵੇਂ ਹੁਕਮਨਾਮੇ ਜਾਰੀ ਕਰਵਾਏ। ਸਿੰਘ ਸਾਹਿਬਾਨ ਨੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੀ ਸਰਕਾਰ ਨੂੰ

**Expunged as ordered by the Chair.

[ਸਰਦਾਰ ਜੌਹਰ ਸਿੰਘ]

ਤੋੜਨ ਦਾ ਯਤਨ ਕੀਤਾ। ਸਪੀਕਰ ਸਾਹਿਬ, ਬਹਾਦਰ ਮੈਂਬਰਾਂ ਨੇ ਆਪਣੇ ਜ਼ੋਰ ਨਾਲ ਔਰ ਇਮਾਨ-ਦਾਰੀ ਦੇ ਨਾਲ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਕਾਇਮ ਰਖਿਆ। ਇਸ ਪਾਰਟੀ ਨੂੰ ਮਜ਼ਬੂਤ ਕੀਤਾ। ਸਪੀਕਰ ਸਾਹਿਬ, ਜਿਹੜੇ ਮੈਂਬਰ ਆਪਣੇ ਆਪ ਨੂੰ ਧਰਮੀ ਕਹਿੰਦੇ ਹਨ, ਮੈਂ ਉਨ੍ਹਾਂ ਵਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਹ ਸਮਝਦੇ ਹਨ ਕਿ ਅਸੀਂ ਹੀ ਅਕਾਲ ਤਖਤ ਦੇ ਮੁਦੱਈ ਹਾਂ। ਇਨ੍ਹਾਂ ਦੇ ਬਜ਼ੁਰਗ ਨੇ ਆਪਣੇ ਰਾਜ ਭਾਗ ਵਿਚ ਗੁਰਦੁਆਰੇ ਨਹੀਂ ਸੀ ਬਣਨ ਦਿਤੇ ਔਰ ਗੁਰ-ਦੁਆਰੇ ਬਣਾਉਣ ਲਈ ਮਨਜ਼ੂਰੀ ਲੈਣੀ ਪੈਂਦੀ ਸੀ। ਇਨ੍ਹਾਂ ਦੇ ਵੱਡੇ ਵਡੇਰਿਆਂ ਨੇ ਸਰਦਾਰ ਸੇਵਾ ਸਿੰਘ ਠੀਕਰੀਵਾਲੇ ਨੂੰ ਸ਼ਹੀਦ ਕੀਤਾ। ਸਪੀਕਰ ਸਾਹਿਬ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਖਾਲਸਾ ਜੀ ਨੇ ਕਿਹਾ ਸੀ ਕਿ ਜਿਤਨੇ ਸੀਨੀਅਰ ਲੀਡਰ ਹਨ, ਉਨ੍ਹਾਂ ਨੂੰ ਅੰਮ੍ਰਿਤ ਛਕਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਬੇਟੇ ਅਤੇ ਬੇਟੀ ਦੇ ਰਿਸ਼ਤੇ ਧਰਮੀ ਪੰਥਕ ਬੰਦਿਆਂ ਦੇ ਨਾਲ ਕਰਨੇ ਚਾਹੀਦੇ ਹਨ। ਸਪੀਕਰ ਸਾਹਿਬ, ਨਾ ਹੀ ਉਨ੍ਹਾਂ ਲੀਡਰਾਂ ਨੇ ਅੰਮ੍ਰਿਤ ਛਕਿਆ ਔਰ ਨਾ ਹੀ ਉਨ੍ਹਾਂ ਨੇ ਆਪਣੇ ਬਚਿਆਂ ਦੇ ਰਿਸ਼ਤੇ ਧਰਮੀ ਬੰਦਿਆਂ ਦੇ ਨਾਲ ਕੀਤੇ ਸਗੋਂ ਦੂਸਰੇ ਇਹੋ ਜਿਹੇ ਬੰਦਿਆਂ ਦੇ ਨਾਲ ਕੀਤੇ ਜੋ ਪੰਥ ਵਿਰੋਧੀ ਸਨ। ਇਹ ਲੋਕ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦਾ ਮੁਕਾਬਲਾ ਕਰ ਰਹੇ ਹਨ। ਮੈਂ, ਸਪੀਕਰ ਸਾਹਿਬ, ਦਸਣਾ ਚਾਹੁੰਦਾ ਹਾਂ ਕਿ ਬਰਨਾਲਾ ਸਾਹਿਬ ਬਚਪਨ ਤੋਂ ਹੀ ਅੰਮ੍ਰਿਤ ਧਾਰੀ ਹਨ। ਉਹ ਪਾਰਟੀ ਵਿਚ ਸੱਚੇ ਸਿੱਖ ਸਿਪਾਹੀ ਹਨ।

10.30 ਸਵੇਰੇ (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ, ਐਮ.ਐਲ.ਏ. ਰਹੇ ਅਤੇ ਫਿਰ ਪੰਜਾਬ ਦੇ ਵਜ਼ੀਰ ਰਹੇ। ਉਸ ਤੋਂ ਬਾਅਦ ਉਹ ਸੈਂਟਰ ਵਿਚ ਵੀ ਵਜ਼ੀਰ ਰਹੇ। ਉਸ ਵੇਲੇ ਬਾਦਲ ਸਾਹਿਬ ਬਹਾਨਾ ਲਾ ਕੇ ਸੈਂਟਰ ਤੋਂ ਵਾਪਿਸ ਭਜੇ ਸਨ। ਡਿਪਟੀ ਸਪੀਕਰ ਸਾਹਿਬ, ਸਾਨੂੰ ਮਾਣ ਹੈ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਤੇ ਜਿਹੜੇ ਸੈਂਟਰ ਵਿਚ ਐਗਰੀਕਲਚਰ ਮਨਿਸਟਰ ਦੇ ਤੌਰ ਤੇ ਸਫ਼ਲ ਰਹੇ। ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਹੀ ਮੁੱਖ ਮੰਤਰੀ ਸਾਡੇ ਹਨ ਔਰ ਸਾਡੀ ਪਾਰਟੀ ਦੇ ਪ੍ਰਧਾਨ ਵੀ ਬਰਨਾਲਾ ਸਾਹਿਬ ਹੀ ਹਨ। ਬਰਨਾਲਾ ਸਾਹਿਬ ਨੇ ਬੜੀ ਮਿਹਨਤ ਕੀਤੀ ਅਤੇ ਸੇਵਾ ਪੰਥ ਦੀ ਕੀਤੀ। ਉਨ੍ਹਾਂ ਦਾ ਮੁਕਾਬਲਾ ਇਹ ਸੱਜਣ ਕਿਵੇਂ ਕਰ ਸਕਦੇ ਹਨ। ਇਹ ਜਿਸ ਅਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਕਰਦੇ ਹਨ ਉਹ ਸਰਦਾਰ ਬਰਨਾਲਾ ਜੀ ਨੇ ਹੀ ਲਿਖਿਆ ਸੀ। ਸਾਨੂੰ ਪੂਰਾ ਮਾਣ ਹੈ ਕਿ ਸਾਡੀ ਪਾਰਟੀ ਦਾ ਲੀਡਰ ਮੁੱਖ ਮੰਤਰੀ ਹੈ ਅਤੇ ਉਹ ਧਰਮੀ ਵੀ ਹੈ। ਮੈਂ ਆਪਣੇ ਵਿਰੋਧੀ ਸਜਣਾਂ ਨੂੰ ਕਹਾਂਗਾ ਕਿ ਤੁਹਾਡਾ ਲੀਡਰ ਸਰਦਾਰ ਸਿਮਰਨਜੀਤ ਸਿੰਘ ਮਾਨ ਹੈ। ਉਹ ਸਾਂਝਾ ਪ੍ਰਧਾਨ ਕਿਵੇਂ ਹੈ? ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਇਕ ਜ਼ਿਲ੍ਹੇ ਦਾ ਐਸ. ਐਸ. ਪੀ. ਸੀ। ਉਸ ਨੇ ਗੁਰਦੁਆਰਿਆ ਅੰਦਰ ਨਿਹੰਗ ਸਿੰਘਾਂ ਨੂੰ ਆਪਣੇ ਰੀਵਾਲਵਰ ਦੀਆਂ ਗੋਲੀਆਂ ਨਾਲ ਮਾਰਿਆ। ਸਰਾਏਨਾਗਾ ਗੁਰਦੁਵਾਰੇ ਦੀ ਬੇਅਦਬੀ ਕੀਤੀ। ਉਹ ਸੱਜਨ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਜਾ ਰਿਹਾ ਹੈ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਜਿਸ ਸੱਜਣ ਨੂੰ ਅਕਾਲੀ ਦਲ ਦੇ ਸਿਧਾਂਤ ਦਾ ਪਤਾ ਨਹੀਂ, ਸਿੱਖ ਧਰਮ ਦਾ ਪਤਾ ਨਹੀਂ ਉਹ ਅਕਾਲੀ ਦਲ ਦਾ ਪ੍ਰਧਾਨ ਵੀ ਨਹੀਂ ਬਣ ਸਕਦਾ। ਉਸ ਸੱਜਣ ਨੂੰ ਅਕਾਲੀ ਦਲ ਦਾ ਲੀਡਰ ਕਿਵੇਂ ਬਣਾਇਆ ਜਾ ਸਕਦਾ ਹੈ? ਉਹ ਕਿਵੇਂ ਸਫਲ ਹੋ ਸਕਦਾ ਹੈ? ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਦਾਨੇਵਾਲੀਆ ਅਕਾਲੀ ਦਲ ਬਾਰੇ ਵੀ ਪਤਾ ਹੋਣਾ ਹੈ। ਉਹ ਵੀ ਇਕ ਪੁਲਿਸ ਅਫਸਰ ਆਇਆ ਹੈ ਤੇ ਉਸਨੂੰ ਵੀ ਬੜਾ ਸ਼ੌਕ ਆ ਗਿਆ ਕਿ ਮੈਂ ਵੀ ਅਕਾਲੀ ਦਲ ਬਣਾਵਾਂ।

ਉਹ ਆ ਗਿਆ ਮੈਦਾਨ ਵਿੱਚ । ਲੋਕਾਂ ਨੇ ਕਿਹਾ ਕਿ ਪੁਲਿਸ ਅਫਸਰ ਕੀ ਤੇ ਅਕਾਲੀ ਦਲ ਕੀ, ਪੁਲਿਸ ਅਫਸਰ ਕੀ ਤੇ ਸਿਆਸਤ ਕੀ। ਫੇਰ ਉਹ ਅਕਾਲੀ ਦਲ ਜਿਵੇਂ ਫੇਲ੍ਹ ਹੋਇਆ, ਉਸੇ ਤਰ੍ਹਾਂ ਮੈਂ ਬੜੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਇਹ ਵੀ ਏਸੇ ਤਰ੍ਹਾਂ ਫੇਲ੍ਹ ਹੋਣਗੇ ਅਤੇ ਇਹ ਵੀ ਦਾਨੇਵਾਲੀਏ ਵਾਂਗ ਘਰਾਂ ਨੂੰ ਜਾਣਗੇ। ਬਾਕੀਆਂ ਨੂੰ ਮੁੜ ਕੇ ਏਥੇ ਹੀ ਸ਼ਾਮਲ ਹੋਣਾ ਪਵੇਗਾ ਅਤੇ ਇਹ ਹੋਣਗੇ। (ਥੰਪਿੰਗ) ਇਹ ਸੱਜਣ ਜਿਹੜੇ ਅੱਜ ਸਾਡੇ ਵਿਰੋਧੀ ਬਣੇ ਬੈਠੇ ਹਨ, ਸਾਡੇ ਵਿਚੋਂ ਗਏ ਹਨ, ਸਾਡੇ ਸਤਿਕਾਰਯੋਗ ਭਰਾ ਹਨ, ਇਹ ਸੱਜਣ ਜਦੋਂ ਦਿੱਲੀ ਜਾਂਦੇ ਹਨ ਤਾਂ ਇਨ੍ਹਾਂ ਦੀ ਬੋਲੀ ਹੋਰ ਹੈ, ਪੰਜਾਬ ਵਿੱਚ ਆਉਂਦੇ ਹਨ ਤਾਂ ਇਨ੍ਹਾਂ ਦੀ ਬੋਲੀ ਹੋਰ ਹੈ, ਜਦੋਂ ਅਕਾਲ ਤਖਤ ਜਾਂਦੇ ਹਨ ਤਾਂ ਇਨ੍ਹਾਂ ਦੀ ਬੋਲੀ ਹੋਰ ਹੈ ਅਤੇ ਜਦੋਂ ਹਾਈ ਕੋਰਟ ਜਾਂਦੇ ਹਨ ਤਾਂ ਇਨ੍ਹਾਂ ਦੀ ਬੋਲੀ ਹੋਰ ਹੈ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਭਾਈ ਸਵਿੰਦਰ ਸਿੰਘ, ਮੈਂਬਰ ਪਾਰਲੀਆਮੈਂਟ, ਇਨ੍ਹਾਂ ਦਾ ਸੱਜਨ ਹੈ,। ਦਿੱਲੀ ਪ੍ਰਾਈਮ ਮਨਿਸਟਰ ਨਾਲ ਆਪੋਜ਼ੀਸ਼ਨ ਪਾਰਟੀਆਂ ਦੀ ਮੀਟਿੰਗ ਹੋ ਰਹੀ ਸੀ, ਉਥੇ ਭਾਈ ਸ਼ਮਿੰਦਰ ਸਿੰਘ, ਐਮ.ਪੀ. ਇਨ੍ਹਾਂ ਵਲੋਂ ਸੀ। ਉਨ੍ਹਾਂ ਉਥੇ ਕਿਹਾ ਕਿ ਮੈਂ ਚਾਹੁੰਦਾ ਹਾਂ ਕਿ ਪੰਜਾਬ ਦਾ ਮਸਲਾ, ਪੰਜਾਬ ਦਾ ਅਤਿਵਾਦ ਖਤਮ ਹੋਣਾ ਚਾਹੀਦਾ ਹੈ, ਉਸ ਤੇ ਕੰਟਰੋਲ ਹੋਣਾ ਚਾਹੀਦਾਂ ਹੈ। ਮੈਂ ਬਰਨਾਲਾ ਸਾਹਿਬ ਨੂੰ ਸੁਜੈਸ਼ਨ ਦੇਵਾਂਗਾ, ਰਾਏ ਦੇਵਾਂਗਾ ਕਿ ਜਿਵੇਂ ਬਾਦਲ ਸਾਹਿਬ ਨੇ ਆਪਣੇ ਰਾਜਭਾਗ ਵਿੱਚ ਕਾਰਵਾਈ ਕੀਤੀ ਸੀ, ਉਸੇ ਤਰ੍ਹਾਂ ਕਰੋ। ਬਾਦਲ ਸਟਾਈਲ ਦੀ ਵਰਤੋਂ ਕਰੋ ਉਨ੍ਹਾਂ ਨੇ ਆਪਣੇ ਰਾਜ ਸਮੇਂ 131 ਨੈਕਸਲਾਈਟਾਂ ਨੂੰ ਇਕ ਦੋ ਦਿਨ ਵਿੱਚ ਮਾਰਿਆ ਸੀ। ਤੁਸੀਂ ਬੇਸ਼ਕ 150 ਮਾਰ ਦਿਓ। ਅਤਿਵਾਦੀਆਂ ਤੇ ਕੰਟਰੋਲ ਹੋਣਾ ਚਾਹੀਦਾ ਹੈ। ਇਹ ਇਨ੍ਹਾਂ ਦੇ ਸੱਜਨ ਦੇ ਸ਼ਬਦ ਸਨ। (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਰਾਜੀਵ ਗਾਂਧੀ ਦੇ ਦਫਤਰ ਵਿੱਚ ਇਹ ਕੇਸ ਮੌਜੂਦ ਹੈ, ਜੋ ਭਾਈ ਸ਼ਮਿੰਦਰ ਸਿੰਘ ਨੇ ਸਟੇਟਮੈਂਟ ਦਿੱਤੀ ਹੈ, ਉਹ ਵੀ ਮੌਜੂਦ ਹੈ। ਪਰ ਪੰਜਾਬ ਵਿੱਚ ਆ ਕੇ ਉਸ ਦੀ ਸਟੇਟਮੈਂਟ ਹੋਰ ਸੀ, ਬੋਲਚਾਲ ਹੋਰ ਸੀ। ਜਿਹੜੇ ਸੱਜਨ ਬੱਸਾਂ ਵਿਚੋਂ ਲਾਹ ਲਾਹ ਕੇ 10–10 ਬੱਚੇ ਅਤੇ ਔਰਤਾਂ ਦੇ ਕਤਲ ਕਰਨ, ਇਹ ਉਨ੍ਹਾਂ ਨੂੰ ਅਗੋਂ ਸ਼ਰਧਾਂਜਲੀਆਂ ਦੇਂਦੇ ਹਨ। ਉਨ੍ਹਾਂ ਨੂੰ ਸ਼ਹੀਦ ਕਹਿੰਦੇ ਹਨ। (ਸ਼ੇਮ, ਸ਼ੇਮ ਦੀਆ ਆਵਾਜ਼ਾਂ) ਡਿਪਟੀ ਸਪੀਕਰ ਸਾਹਿਬ, ਸਾਡਾ ਸਿਧਾਂਤ, ਸ਼੍ਰੋਮਣੀ ਅਕਾਲੀ ਦਲ ਦਾ ਸਿਧਾਂਤ ਗੁਰੂ ਨਾਨਕ ਦੇ ਮਿਸ਼ਨ ਦਾ ਸਿਧਾਂਤ ਹੈ, ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਦਾ ਸਿਧਾਂਤ ਹੈ, ਜੋ ਕਹਿੰਦੇ ਸਨ :—

"ਸਭ ਸਾਂਝੀਵਾਲ ਸਦਾਇਣ
ਕੋਈ ਨ ਦਿੱਸੇ ਬਾਹਿਰਾ ਜੀਓ।"

"ਅੱਵਲ ਅੱਲਾ ਨੂਰ ਉਪਾਇਆ
ਕੁਦਰਤ ਕੇ ਸਭ ਬੰਦੇ।
ਏਕ ਨੂਰ ਤੇ ਸਭ ਜਗ ਉਪਜਿਆ
ਕੌਣ ਭਲੇ ਕੌਣ ਮੰਦੇ।"

ਸਿੱਖੀ ਸਿਧਾਂਤਾਂ ਨੂੰ ਸਾਡੀ ਸਰਕਾਰ ਨੇ ਹਮੇਸ਼ਾਂ ਆਪਣੇ ਸਨਮੁੱਖ ਰਖਿਆ ਹੈ ਅਤੇ ਇਸੇ ਪੰਥ ਤੇ ਇਹ ਅਗਾਂਹ ਵਧੀ ਹੈ। ਮੈਨੂੰ ਇਸ ਗੱਲ ਦਾ ਅਫਸੋਸ ਹੈ ਕਿ ਜਿਹੜੇ ਦਿੱਲੀ ਦੰਗੇ ਹੋਏ, ਉਦੋਂ ਕੇਂਦਰ ਦੀ ਸਰਕਾਰ ਨੇ, ਪ੍ਰਧਾਨ ਮੰਤਰੀ ਨੇ ਇਹ ਤਾਂ ਕਿਹਾ ਕਿ ਅਸੀਂ ਜ਼ਖ਼ਮਾਂ ਤੇ ਮਲ੍ਹਮ ਲਾਵਾਂਗੇ ਲੇਕਿਨ ਮਲ੍ਹਮ ਤਾਂ ਕੀ ਲਾਣੀ ਸੀ ਕਿਸੇ ਨੇ ਮੁੜ ਕੇ ਸਾਰ ਵੀ ਨਾ ਲਈ। ਸਾਡੀ ਸਰਕਾਰ ਨੇ ਜੋ ਦੰਗਿਆਂ ਦੇ ਦੌਰਾਨ ਨੁਕਸਾਨ ਹੋਇਆ ਹੈ, ਬਰਨਾਲਾ ਸਾਹਿਬ ਦੀ ਸਰਕਾਰ ਨੇ ਦੰਗਿਆਂ ਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਵੱਧ ਤੋਂ ਵੱਧ ਰਾਹਤ ਦਿੱਤੀ ਹੈ। ਇਸ ਨੇ ਦੰਗਾ ਪੀੜਤਾਂ ਨੂੰ 1058 ਐਲ.ਆਈ.ਜੀ. ਮਕਾਨ ਅਲਾਟ ਕੀਤੇ ਹਨ, ਜਿਨ੍ਹਾਂ ਵਿਚੋਂ 658 ਵਿਧਵਾਵਾਂ ਅਤੇ ਬੇਸਹਾਰਾ ਵਿਅਕਤੀਆਂ ਨੂੰ ਮੁਫਤ

[ਸਰਦਾਰ ਜ਼ੋਹਰ ਸਿੰਘ]

ਦਿੱਤੇ ਹਨ। 653 ਵਪਾਰਕ ਪਲਾਟ 416 ਬਣੇ ਬਣਾਏ ਬੂਥ/ਦੁਕਾਨਾਂ ਅਤੇ 384 ਰਿਹਾਇਸ਼ੀ ਪਲਾਟ ਵੀ ਰਾਖਵੀਂ ਕੀਮਤ ਤੇ ਅਲਾਟ ਕੀਤੇ ਹਨ। ਪਰ ਸਾਡੇ ਆਪੋਜ਼ੀਸ਼ਨ ਵਿੱਚ ਬੈਠੇ ਵੀਰ ਸਰਦਾਰ ਅਮਰਇੰਦਰ ਸਿੰਘ ਨੇ ਇਨ੍ਹਾਂ ਦੰਗਾ ਪੀੜਤਾਂ ਦੇ ਨਾਂ ਤੇ, ਧਰਮ ਦੇ ਨਾਂ ਤੇ ਉਗਰਾਹੀ ਕੀਤੀ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ** ** **

ਸ਼੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਜ਼ੋਹਰ ਸਿੰਘ : ਸਾਡੀ ਸਰਕਾਰ ਨੇ, ਡਿਪਟੀ ਸਪੀਕਰ ਸਾਹਿਬ, ਦੰਗਾ ਪੀੜਤਾਂ ਦੀ ਬੜੀ ਮੱਦਦ ਕੀਤੀ ਹੈ। ਇਨ੍ਹਾਂ ਸੱਜਨਾਂ ਨੇ ਜਿਹੜੀਆਂ ਉਗਰਾਹੀਆਂ ਕੀਤੀਆਂ ਹਨ ਉਹ ਨਾਂ ਤਾਂ ਉਨ੍ਹਾਂ ਨੂੰ ਦਿੱਤੀਆਂ ਹਨ ਅਤੇ ਨਾ ਹੀ ਉਨ੍ਹਾਂ ਦਾ ਕੋਈ ਹਿਸਾਬ-ਕਿਤਾਬ ਹੀ ਦਿੱਤਾ ਹੈ। ਸਾਡੀ ਸਰਕਾਰ ਨੇ ਵੱਧ ਤੋਂ ਵੱਧ ਇਨ੍ਹਾਂ ਲੋਕਾਂ ਨੂੰ ਵਸਾਉਣ ਦਾ ਯਤਨ ਕੀਤਾ ਹੈ।

ਇਸ ਦੇ ਨਾਲ ਹੀ 617 ਵਿਧਵਾਵਾਂ ਨੂੰ ਢਾਈ ਢਾਈ ਸੌ ਰੁਪਏ ਦੀ ਸਹਾਇਤਾ ਪ੍ਰਤੀ ਮਹੀਨਾ ਦਿੱਤੀ ਜਾ ਰਹੀ ਹੈ। ਇਸ ਦੇ ਨਾਲ ਹੀ ਪੰਜ ਹਜ਼ਾਰ ਰੁਪਿਆ ਸ਼ਹੀਦਾਂ ਦੇ ਪ੍ਰੀਵਾਰਾਂ ਨੂੰ ਐਕਸ-ਗ੍ਰੇਸ਼ੀਆ ਗ੍ਰਾਂਟ ਦੇ ਤੌਰ ਤੇ ਦਿੱਤਾ।

ਸ਼੍ਰੀ ਸ਼ਿਵ ਚੰਦ ਮਲੋਟ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਜ਼ੋਹਰ ਸਿੰਘ : ਬਰਨਾਲਾ ਸਾਹਿਬ ਦੀ ਸਰਕਾਰ ਨੇ 25,000 ਰੁਪਿਆ 25% ਸਬਸਿਡੀ ਦੇ ਤੌਰ ਤੇ ਦਿੱਤਾ ਹੈ ਤਾਕਿ ਉਹ ਦੰਗਾ ਪੀੜਤ ਲੋਕ ਆਪਣਾ ਕਾਰੋਬਾਰ ਚਲਾ ਸਕਣ। ਡਿਪਟੀ ਸਪੀਕਰ ਸਾਹਿਬ, ਬੇਦੋਸ਼ੇ ਲੋਕ ਮਾਰੇ ਗਏ ਜਿਨ੍ਹਾਂ ਵਿਚ ਹਿੰਦੂ ਮਾਰੇ ਗਏ, ਪੁਲੀਟੀਕਲ ਲੋਕ ਵੀ ਮਾਰੇ ਗਏ। ਇਨ੍ਹਾਂ ਸਾਰਿਆਂ ਨੂੰ ਸਾਡੀ ਸਰਕਾਰ ਨੇ ਕਈ ਪ੍ਰਕਾਰ ਦੀ ਰਾਹਤ ਦਿੱਤੀ ਔਰ ਐਕਸ-ਗਰੇਸ਼ੀਆਂ ਗਰਾਂਟ ਵੀ ਦਿੱਤੀ। ਇਨ੍ਹਾਂ ਦੇ ਬੱਚਿਆਂ ਨੂੰ ਪਹਿਲ ਦੇ ਅਧਾਰ ਤੇ ਨੌਕਰੀਆਂ ਦੇਣ ਬਾਰੇ ਵੀ ਸਾਡੀ ਸਰਕਾਰ ਨੇ ਵਾਅਦਾ ਕੀਤਾ ਹੈ ਅਤੇ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਬਰਨਾਲਾ ਸਾਹਿਬ ਸਾਰਿਆਂ ਨੂੰ ਇਕੋ ਜਿਹਾ ਤੱਕਦੇ ਹਨ। ਪੀੜਤ ਪਰਿਵਾਰਾਂ ਦਾ, ਦੁਖੀ ਪਰਿਵਾਰਾਂ ਦਾ ਜਿਨ੍ਹਾਂ ਦਾ ਪੰਜਾਬ ਵਿਚ ਨੁਕਸਾਨ ਹੋਇਆ ਹੈ ਇਨ੍ਹਾਂ ਨੂੰ 2.84 ਕਰੋੜ ਰੁਪਿਆ ਬਤੌਰ ਐਕਸ-ਗਰੇਸ਼ੀਆ ਗਰਾਂਟ ਦਾ ਦਿੱਤਾ ਗਿਆ ਹੈ। ਜਿਹੜੇ ਹਰਿਮੰਦਰ ਸਾਹਿਬ ਵਿਖੇ ਸ਼ਹੀਦ ਹੋਏ ਉਨ੍ਹਾਂ ਦੇ ਪਰਿਵਾਰਾਂ ਲਈ 70.20 ਲੱਖ ਰੁਪਿਆ ਦਿੱਤਾ ਗਿਆ। ਜ਼ਖਮੀ ਹੋਇਆਂ ਲਈ 24.04 ਲੱਖ ਰੁਪਿਆ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਤੁਹਾਨੂੰ ਪਤਾ ਹੈ ਕਿ ਹਰਿਮੰਦਰ ਸਾਹਿਬ ਦੇ ਨਾਲ ਕਾਫੀ ਬਿਲਡਿੰਗਾਂ ਦਾ ਨੁਕਸਾਨ ਹੋਇਆ ਉਨ੍ਹਾਂ ਨੂੰ ਮੁਆਵਜ਼ੇ ਦੇ ਤੌਰ ਤੇ ਕੋਈ 30.24 ਲੱਖ ਦੇ ਲਗ ਭਗ ਮੱਦਦ ਦਿੱਤੀ ਗਈ। ਹੋਰ ਜਿਹੜੇ ਹਰਿਮੰਦਰ ਸਾਹਿਬ ਦੇ ਇਰਦ-ਗਿਰਦ ਮਕਾਨ ਢਹਿ ਗਏ ਉਨ੍ਹਾਂ ਲਈ 50.51 ਲੱਖ ਰੁਪਿਆ ਸਾਡੀ ਸਰਕਾਰ ਨੇ ਸਹਾਇਤਾ ਦੇ ਤੌਰ ਤੇ ਦਿੱਤਾ।

ਮੈਂ, ਡਿਪਟੀ ਸਪੀਕਰ ਸਾਹਿਬ, ਇਕ ਹੋਰ ਬੇਨਤੀ ਕਰਨਾ ਚਾਹੁੰਦਾ ਹਾਂ।

**Expunged as ordered by the Chair.

(ਇਸ ਵੇਲੇ ਸਰਦਾਰ ਕਿਰਪਾਲ ਸਿੰਘ ਚੀਫ਼ ਮਨਿਸਟਰ ਦੇ ਨਾਲ ਬੈਠੇ ਸਨ) (ਵਿਘਨ)

(ਇਕ ਆਵਾਜ਼ : ਸਰਦਾਰ ਕਿਰਪਾਲ ਸਿੰਘ ਵਲ ਇਸ਼ਾਰਾ, ਇਹ ਚੀਫ਼ ਮਨਿਸਟਰ ਦਾ ਚਾਰਜ ਲੈਕੇ ਬੈਠ ਗਿਆ ਹੈ) (ਵਿਘਨ) ਜਿਹੜੇ ਫੌਜੀ ਸ਼ਹੀਦ ਹੋ ਗਏ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਐਲ. ਆਈ. ਜੀ. ਮਕਾਨ ਅਲਾਟ ਕੀਤੇ ਗਏ ਹਨ (ਵਿਘਨ) ਇਸ ਦੇ ਨਾਲ ਹੀ ਜੋ ਫੌਜੀਆਂ ਦੀਆਂ ਵਿਧਵਾਵਾਂ ਹਨ ਉਨ੍ਹਾਂ ਨੂੰ 20,000 ਰੁਪਿਆ ਬਤੌਰ 25% ਸਬਸਿਡੀ ਦੇ ਦਿੱਤਾ ਗਿਆ ਹੈ ਤਾਕਿ ਉਹ ਆਪਣਾ ਕਾਰੋਬਾਰ ਚਲਾ ਸਕਣ ਔਰ ਆਪਣਾ ਗੁਜ਼ਾਰਾ ਚਲਾ ਸਕਣ। ਫੌਜੀ ਪਰਿਵਾਰਾਂ ਦੇ ਬੱਚਿਆਂ ਲਈ ਹਾਇਰ ਐਜੂਕੇਸ਼ਨ ਦੇਣ ਲਈ ਪੈਸਾ ਰਖਿਆ ਗਿਆ ਹੈ।

ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਕਈ ਪ੍ਰਾਪਤੀਆਂ ਕੀਤੀਆਂ ਹਨ। ਇਹ ਦੱਸਣ ਤੋਂ ਪਹਿਲਾਂ ਮੈਂ ਆਪੋਜ਼ੀਸ਼ਨ ਦੇ ਲੀਡਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬਰਨਾਲਾ ਸਾਹਿਬ ਦੀ ਸਰਕਾਰ ਨੇ ਬਹੁਤ ਪ੍ਰਾਪਤੀਆਂ ਕੀਤੀਆਂ ਹਨ। ਪੰਜਾਬ ਦੇ ਮਾਹੌਲ ਨੂੰ ਕੰਟਰੋਲ ਕਰਨ ਵਾਸਤੇ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਪ੍ਰਧਾਨ ਮੰਤਰੀ ਨੂੰ ਕਹਿਣ ਕਿ ਪੰਜਾਬ ਅਕਾਰਡ ਲਾਗੂ ਕਰਨਾ ਚਾਹੀਦਾ ਹੈ ਜਿਹੜੇ ਫੌਜੀ ਜੋਧਪੁਰ ਜੇਲ੍ਹ ਵਿਚ ਰਹਿ ਗਏ ਹਨ ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ। ਜੋਧਪੁਰ ਵਾਲੇ ਸਿੰਘ ਰਿਹਾਅ ਕਰਨੇ ਚਾਹੀਦੇ ਹਨ। ਮੈਂ ਸਮਝਦਾ ਹਾਂ ਕਿ ਇਹ ਜ਼ੋਰ ਦੇ ਕੇ ਗੱਲ ਕਰਨ। ਇਨ੍ਹਾਂ ਦਾ ਕਹਿਣ ਦਾ ਫਰਜ਼ ਬਣਦਾ ਹੈ। 266 ਫੌਜੀ ਹੀ ਬਾਕੀ ਹਨ, ਉਹ ਵੀ ਛੱਡ ਦੇਣੇ ਚਾਹੀਦੇ ਹਨ। ਸਾਡੇ ਸੱਜਣ ਇਧਰਲੇ ਜਨਤਾ ਪਾਰਟੀ ਵਾਲੇ ਚਲੇ ਗਏ ਹਨ। ਸਰਦਾਰ ਕਿਰਪਾਲ ਸਿੰਘ ਦੀ ਮੈਂ ਗੱਲ ਕਰਨਾ ਚਾਹੁੰਦਾ ਸੀ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਦਾਰ ਕਿਰਪਾਲ ਸਿੰਘ ਦਾ ਰੋਲ ਬਹੁਤ ਵਧੀਆ ਰਿਹਾ ਹੈ, ਵਿਧਾਨ ਸਭਾ ਵਿਚ ਵੀ ਅਤੇ ਬਾਹਿਰ ਵੀ। ਉਹ ਬਹੁਤ ਸਿਆਣੇ ਸੁਲਝੇ ਹੋਏ ਲੀਡਰ ਹਨ, ਪਾਰਲੀਮੈਂਟੇਰੀਅਨ ਹਨ ਲੇਕਿਨ ਪਤਾ ਨਹੀਂ ਉਨ੍ਹਾਂ ਨੂੰ ਹੁਣ ਕੀ ਹੋ ਗਿਆ ਹੈ, ਉਨ੍ਹਾਂ ਦੀ ਪਾਰਟੀ ਨੂੰ ਕੀ ਹੋ ਗਿਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਨੂੰ ਕਿਸੇ ਅੱਤਵਾਦੀ ਨੇ ਚਿੱਠੀ ਪਾਈ ਹੋਣੀ ਹੈ ਕਿ ਜੇ ਅਸੈਂਬਲੀ ਵਿਚ ਬੋਲਿਆ, ਸਹੀ ਇਨਸਾਨੀਅਤ ਦੀ ਗੱਲ ਕੀਤੀ ਤਾਂ ਵੇਖੀਂ ਤੇਰਾ ਵੀ ਉਹੀ ਹਾਲ ਹੋਵੇਗਾ। ਮੇਰਾ ਖਿਆਲ ਹੈ ਕਿ ਉਹ ਡਰਦੇ ਮਾਰੇ ਕਿਰਪਾਲ ਸਿੰਘ ਆਪਣੇ ਮਨ ਤੇ ਪੱਥਰ ਰੱਖ ਕੇ ਬੋਲ ਰਹੇ ਹਨ। ਮੈਂ ਜਨਤਾ ਪਾਰਟੀ ਦੇ ਵੱਡੇ ਲੀਡਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਸਮਾਂ ਹੈ ਜਦ ਤੁਸੀਂ ਪੰਜਾਬ ਦੇ ਮਾਹੌਲ ਨੂੰ ਠੀਕ ਕਰਨ ਵਾਸਤੇ ਹਿੱਸਾ ਪਾ ਸਕਦੇ ਹੋ। ਅਸੀਂ ਅਪੀਲ ਕਰਦੇ ਹਾਂ ਕਿ ਤੁਸੀਂ ਪੰਜਾਬ ਦੇ ਮਾਹੌਲ ਨੂੰ ਸ਼ਾਂਤ ਕਰਨ ਲਈ ਬਹੁਤ ਵੱਡਾ ਹਿੱਸਾ ਪਾਓ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦਾ ਧਿਆਨ ਪੰਜਾਬ ਵਿਚ ਜੋ ਡੀ-ਵੈਲਪਮੈਂਟ ਹੋਈ ਹੈ, ਜੋ ਪੰਜਾਬ ਨੇ ਹਰ ਪਾਸੇ ਤਰੱਕੀ ਕੀਤੀ ਹੈ, ਉਸ ਵੱਲ ਦਿਵਾਉਣਾ ਚਾਹੁੰਦਾ ਹਾਂ। ਸਾਡੇ ਗੁਰਦਾਸਪੁਰ ਜ਼ਿਲ੍ਹੇ ਨੇੜੇ ਥੀਨ ਡੈਮ ਹੈ। ਪਹਿਲੇ ਥੀਨ ਡੈਮ ਤੇ ਐਨੀ ਸਪੀਡ ਨਾਲ ਕੰਮ ਸ਼ੁਰੂ ਨਹੀਂ ਸੀ ਹੋਇਆ ਲੇਕਿਨ ਪਿਛਲੇ ਸਾਲ ਤੋਂ ਉਥੇ ਕਾਫੀ ਜ਼ੋਰ ਸ਼ੋਰ ਨਾਲ ਕੰਮ ਸ਼ੁਰੂ ਹੋਇਆ ਹੈ। ਜਦੋਂ ਬਰਨਾਲਾ ਸਾਹਿਬ ਦੀ ਸਰਕਾਰ ਆਈ ਤਾਂ ਸਭ ਤੋਂ ਪਹਿਲਾਂ ਬਰਨਾਲਾ ਸਾਹਿਬ ਪ੍ਰਧਾਨ ਮੰਤਰੀ ਨੂੰ ਥੀਨ ਡੈਮ ਤੇ ਲੈ ਕੇ ਗਏ। ਹੁਣ ਬੜੀ ਤੇਜ਼ੀ ਨਾਲ ਉਥੇ ਕੰਮ ਹੋ ਰਿਹਾ ਹੈ। ਬੜੀ ਤੇਜ਼ੀ ਨਾਲ ਥੀਨ ਡੈਮ ਦੀਆਂ ਸੁਰੰਗਾਂ ਬਣ ਰਹੀਆਂ ਹਨ। ਸੈਂਟਰ ਨੇ 35 ਕਰੋੜ ਰੁਪਿਆ ਥੀਨ ਡੈਮ ਵਾਸਤੇ ਦਿਤਾ ਹੈ ਲੇਕਿਨ ਜੋ ਅਸੀਂ ਪਲਾਨ ਕੀਤੀ ਹੈ, ਸਾਡੀ 1986-87 ਦੀ ਜੋ ਯੋਜਨਾ ਹੈ ਉਸ ਵਿਚ 575 ਕਰੋੜ ਰੁਪਿਆ ਖਰਚ ਕਰਨਾ ਹੈ। ਲੇਕਿਨ ਇਸ ਕੰਮ ਉਤੇ ਅਸੀਂ ਬਹੁਤ ਵੱਡਾ ਹਿੱਸਾ

[ਸਰਦੋਰ ਜੌਹਰ ਸਿੰਘ]

ਯਾਨੀ 379.79 ਕਰੋੜ ਰੁਪਿਆ ਬਿਜਲੀ, ਸਿੰਜਾਈ ਤੇ ਪੰਜਾਬ ਵਿਚ ਖਰਚ ਕਰਨਾ ਹੈ। ਸਾਡੀ ਸਰਕਾਰ ਬਿਜਲੀ ਨੂੰ, ਸਿੰਜਾਈ ਨੂੰ ਬਹੁਤ ਤਰਜੀਹ ਦੇ ਰਹੀ ਹੈ ਜਿਸ ਨਾਲ ਕਿਸਾਨ ਤਕੜਾ ਹੋ ਸਕਦਾ ਹੈ, ਸੂਬਾ ਅਤੇ ਦੇਸ਼ ਤਕੜਾ ਹੋ ਸਕਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਜਿਵੇਂ ਗਵਰਨਰ ਸਾਹਿਬ ਨੇ ਦੱਸਿਆ ਹੈ ਕਿ ਪੰਜਾਬ ਦੇ ਲੋਕਾਂ ਨੇ ਕਣਕ ਅਤੇ ਝੋਨੇ ਦੇ ਰਿਕਾਰਡ ਤੋੜ ਦਿਤੇ। ਐਨੀ ਕਣਕ ਅਤੇ ਝੋਨਾ ਪੈਦਾ ਕੀਤਾ ਜਿੰਨਾਂ ਪਹਿਲਾਂ ਕਦੇ ਨਹੀਂ ਸੀ ਹੋਇਆ। ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਸੈਂਟਰ ਦੀ ਸਰਕਾਰ ਨੂੰ ਅਪਰੋਚ ਕਰਕੇ ਐਫ.ਸੀ.ਆਈ. ਨਾਲ ਟਰੱਕਾਂ ਰਾਹੀਂ ਕਣਕ ਬਾਹਿਰ ਸੂਬਿਆਂ ਨੂੰ ਭੇਜਣ ਦਾ ਫੈਸਲਾ ਕਰ ਲਿਆ ਹੈ। ਕਣਕ ਜੋ ਸਾਡੀ ਇਥੇ ਖਰਾਬ ਹੋ ਰਹੀ ਹੈ, ਰੇਲਵੇ ਦਾ ਪ੍ਰਬੰਧ ਨਹੀਂ, ਇਸ ਲਈ ਸਾਡੀ ਕਣਕ ਬਾਹਿਰ ਦੇ ਸੂਬਿਆਂ ਵਿਚ ਲੈ ਜਾਣ ਨਾਲ ਕੰਮ ਵਧੇਗਾ। ਸਾਡਾ ਅਨਾਜ ਬਾਹਿਰ ਜਾਵੇਗਾ, ਸਾਨੂੰ ਪੈਸੇ ਆਉਣਗੇ। ਇਸ ਦੇ ਨਾਲ ਹੀ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਪਾਲਿਸੀ ਨਾਲ ਸਾਡੇ ਜਿਹੜੇ ਟਰੱਕ ਓਪਰੇਟਰ ਹਨ, ਬਾਹਿਰ ਦੇ ਦੰਗਾ ਪੀੜਤ ਜਿਹੜੇ ਆਏ ਹਨ ਉਨ੍ਹਾਂ ਦੀ ਮੱਦਦ ਹੋਵੇਗੀ। ਟਰੱਕ ਓਪਰੇਟਰ ਜਦ ਕਣਕ ਲੈ ਕੇ ਕਲਕੱਤਾ ਜਾਣਗੇ ਤਾਂ ਉਨ੍ਹਾਂ ਨੂੰ 49 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਿਰਾਇਆ ਮਿਲੇਗਾ ਅਤੇ ਜਦੋਂ ਉਹ ਬੰਬਈ ਜਾਣਗੇ ਤਾਂ 42.70 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਉਨ੍ਹਾਂ ਨੂੰ ਕਿਰਾਇਆ ਮਿਲੇਗਾ। ਬਾਕੀ ਟਰੱਕਾਂ ਵਾਲੇ ਉਥੋਂ ਕੋਲਾ ਲੈ ਕੇ ਆਉਣਗੇ, ਇਸ ਦਾ ਵੀ ਫਾਇਦਾ ਹੋਵੇਗਾ। ਇਸ ਤਰ੍ਹਾਂ ਪੰਜਾਬ ਖੁਸ਼ਹਾਲ ਹੋਵੇਗਾ। ਇਸ ਤਰ੍ਹਾਂ ਉਜੜੇ ਲੋਕਾਂ ਨੂੰ ਰਾਹਤ ਮਿਲੇਗੀ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਦਨ ਦਾ ਧਿਆਨ ਇੰਡਸਟਰੀ ਵੱਲ ਦਿਵਾਉਣਾ ਚਾਹੁੰਦਾ ਹਾਂ। ਗਵਰਨਰ ਸਾਹਿਬ ਨੇ ਇੰਡਸਟਰੀ ਵੱਲ ਸਦਨ ਦਾ ਧਿਆਨ ਦਿਵਾਇਆ ਹੈ। ਪੰਜਾਬ ਨੇ ਇੰਡਸਟਰੀ ਵਿਚ ਕਾਫੀ ਤਰੱਕੀ ਕੀਤੀ ਹੈ। ਕੋਈ ਸੂਬਾ, ਦੇਸ਼ ਤਰੱਕੀ ਨਹੀਂ ਕਰ ਸਕਦਾ ਜਿੰਨਾ ਚਿਰ ਉਸ ਦੀ ਇੰਡਸਟਰੀ ਤਰੱਕੀ ਨਹੀਂ ਕਰਦੀ। ਇਕੱਲੀ ਐਗਰੀਕਲਚਰ ਨਾਲ ਤਰੱਕੀ ਨਹੀਂ ਹੋ ਸਕਦੀ। ਲੋੜ ਹੈ ਇੰਡਸਟਰੀ ਵੱਲ ਧਿਆਨ ਦੇਣ ਦੀ। ਸਾਡੀ ਸਰਕਾਰ ਨੇ ਇਸ ਪਾਸੇ ਧਿਆਨ ਦਿੱਤਾ ਹੈ। ਸਾਡੀ ਸਰਕਾਰ ਨੇ ਪਿਛਲੇ ਸਾਲ ਸੈਂਟਰ ਤੋਂ 58 ਲਾਈਸੰਸ ਜਾਰੀ ਕਰਵਾਏ ਸਨ। 1986 ਵਿਚ 94 ਲਾਈਸੰਸ ਜਾਰੀ ਕਰਵਾਏ ਸਨ। ਇਹ ਬਹੁਤ ਵੱਡੀ ਗੱਲ ਹੈ ਅਤੇ ਖੁਸ਼ੀ ਦੀ ਗੱਲ ਹੈ। ਇਸ ਦੇ ਨਾਲ ਸਾਡੇ ਵੀਰਾਂ ਨੂੰ ਰੁਜ਼ਗਾਰ ਮਿਲੇਗਾ।

ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਸਾਡੇ ਜਿਹੜੇ ਬਾਰਡਰ ਦੇ ਡਿਸਟ੍ਰਿਕਟ ਹਨ ਜਿਵੇਂ ਕਿ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਉਥੇ ਕਾਰਖਾਨੇ ਲਾਉਣ, ਇੰਡਸਟਰੀ ਲਾਉਣ ਲਈ 25% ਸਬਸਿਡੀ ਦੇਣ ਦਾ ਫੈਸਲਾ ਕੀਤਾ ਹੈ। ਇਹ ਸਬਸਿਡੀ 25 ਲੱਖ ਰੁਪਏ ਤੱਕ ਦਿੱਤੀ ਜਾ ਸਕਦੀ ਹੈ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਆਪਣੀ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਬਾਰਡਰ ਦੇ ਜ਼ਿਲ੍ਹੇ ਹਨ, ਜਿੱਥੇ ਅੱਤਿਵਾਦ ਦਾ ਬਹੁਤ ਜ਼ੋਰ ਹੈ, ਉਥੇ ਇੰਡਸਟਰੀ ਲਈ ਉਨ੍ਹਾਂ ਜ਼ਿਲ੍ਹਿਆਂ ਨੂੰ 'ਏ' ਕੈਟੇਗਰੀ ਵਿਚ ਲਿਆਂਦਾ ਜਾਵੇ ਤਾਕਿ ਉਥੇ ਜੋ ਲੋਕ ਰਹਿੰਦੇ ਹਨ ਉਨ੍ਹਾਂ ਦਾ ਅਸੀਂ ਭਲਾ ਕਰ ਸਕੀਏ, ਤਾਕਿ ਉਥੋਂ ਦੇ ਲੋਕ ਤਕੜੇ ਹੋ ਕੇ ਮਿਹਨਤ ਕਰ ਸਕਣ। ਉਥੇ ਦੇ ਨੌਜਵਾਨ ਆਪੋ ਆਪਣਾ ਕਾਰੋਬਾਰ ਕਰ ਸਕਣਗੇ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਪੁਲਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਤੁਹਾਨੂੰ ਪਤਾ ਹੀ ਹੈ ਕਿ ਹੁਸ਼ਿਆਰ-ਪੁਰ ਦੇ ਜ਼ਿਲ੍ਹੇ ਵਿੱਚ ਥੋੜ੍ਹਾ ਜਿਹਾ ਵੀ ਮੀਂਹ ਪੈ ਜਾਵੇ ਤਾਂ ਚੋਆਂ ਵਿੱਚ ਪਾਣੀ ਆਉਣ ਨਾਲ ਸਾਰੇ ਰਸਤੇ ਬੰਦ ਹੋ ਜਾਂਦੇ ਸੀ। ਸਾਡੀ ਸਰਕਾਰ ਨੇ ਪੁਲਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਇਹ ਥੋੜ੍ਹੇ ਸਮੇਂ ਦੀ ਗਲ ਹੈ ਕਿ ਸਾਡੇ ਮੁੱਖ ਮੰਤਰੀ ਬਰਨਾਲਾ ਸਾਹਿਬ ਉਥੇ ਅਨੰਦਪੁਰ ਸਾਹਿਬ ਦੇ ਪੁਲਾਂ ਦਾ ਉਦਘਾਟਨ ਕਰਕੇ ਆਏ ਸੀ। ਧਾਲੀਵਾਲ ਸਾਹਿਬ ਬਾਰੇ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕਿਧਰੇ ਵੀ ਪੁੱਛੋ ਕਿ ਧਾਲੀਵਾਲ ਸਾਹਿਬ ਕਿਥੇ ਹਨ ਤਾਂ ਦੱਸਿਆ ਜਾਂਦਾ ਹੈ ਕਿ ਅੱਜ ਉਹ ਫਲਾਣੀ ਥਾਂ ਤੇ ਪੁਲ ਦਾ ਨੀਂਹ ਪੱਥਰ ਰੱਖਣ ਗਏ ਹਨ, ਅੱਜ ਉਹ ਫਲਾਣੀ ਥਾਂ ਤੇ ਉਦਘਾਟਨ ਕਰਨ ਗਏ ਹਨ। ਪਤਾ ਨਹੀਂ ਸਾਡੀ ਸਰਕਾਰ ਨੇ ਇਸ ਥੋੜ੍ਹੇ ਜਿਹੇ ਸਮੇਂ ਵਿੱਚ ਕਿੰਨੇ ਹੀ ਪੁਲ ਬਣਾ ਦਿਤੇ ਹਨ। ਗੁਰਦਾਸਪੁਰ ਦੇ ਜ਼ਿਲ੍ਹੇ ਵਿੱਚ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੋ ਛੇਵੀਂ ਪਾਤਸ਼ਾਹੀ ਹਨ ਉਨ੍ਹਾਂ ਦੇ ਨਾਮ ਤੇ ਉਥੇ ਸ਼ਹਿਰ ਵਸਿਆ ਹੋਇਆ ਹੈ ਉਥੇ ਦਰਿਆ ਬਿਆਸ ਤੇ ਪੁੱਲ ਨਹੀਂ ਸੀ ਬਣ ਸਕਿਆ। 1950 ਤੋਂ ਉਥੇ ਦੇ ਲੋਕਾਂ ਦੀ ਮੰਗ ਚਲੀ ਆ ਰਹੀ ਸੀ ਪਰ ਕਿਸੇ ਵੀ ਸਰਕਾਰ ਨੇ ਉਸ ਇਲਾਕੇ ਦੀ ਮੰਗ ਨੂੰ ਪੂਰਾ ਨਹੀਂ ਕੀਤਾ ਔਰ ਇਸ ਮੰਗ ਵਲ ਕੋਈ ਧਿਆਨ ਨਹੀਂ ਦਿਤਾ। ਸਾਡੀ ਸਰਕਾਰ ਨੇ ਇਹ ਮੰਗ ਇਲਾਕੇ ਦੀ ਪੂਰੀ ਕੀਤੀ ਔਰ ਮੁੱਖ ਮੰਤਰੀ ਸਾਹਿਬ ਆਪਣੇ ਕਰ ਕਮਲਾਂ ਨਾਲ ਉਥੇ ਨੀਂਹ ਪੱਥਰ ਰੱਖ ਕੇ ਆਏ ਹਨ। ਗੁਰਦਾਸਪੁਰ ਤੋਂ ਜਾਲੰਧਰ ਆਉਣ ਲਈ, ਗੁਰਦਾਸ-ਪੁਰ ਤੋਂ ਚੰਡੀਗੜ੍ਹ ਆਉਣ ਲਈ ਕਾਫੀ ਮਾਈਲੇਜ ਦਾ ਫਰਕ ਪੈ ਜਾਂਦਾ ਹੈ, ਹੁਸ਼ਿਆਰਪੁਰ ਦਾ ਫਾਸਲਾ ਬਹੁਤ ਹੀ ਘੱਟ ਜਾਂਦਾ ਹੈ। ਇਸ ਦੇ ਨਾਲ ਪੈਟਰੋਲ ਦੀ ਵੀ ਬੱਚਤ ਹੁੰਦੀ ਹੈ ਅਤੇ ਸਮੇਂ ਦੀ ਵੀ ਬੱਚਤ ਹੁੰਦੀ ਹੈ । ਇਸ ਦੇ ਨਾਲ ਲੋਕਾਂ ਨੂੰ ਕਾਫੀ ਸਹੂਲਤ ਮਿਲੀ ਹੈ। ਇਸ ਪੁਲ ਦੀ ਉਸਾਰੀ ਦੇ ਕੰਮ ਲਈ ਸਾਡੀ ਸਰਕਾਰ ਨੇ 10 ਕਰੋੜ ਰੁਪਿਆ ਖਰਚ ਕਰਨ ਦਾ ਫੈਸਲਾ ਕੀਤਾ ਹੈ, 10 ਕਰੋੜ ਰੁਪਿਆ ਇਸ ਕੰਮ ਦੇ ਲਈ ਰਖਿਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੀ ਇਕ ਗਲ ਕਰਨਾ ਚਾਹੁੰਦਾ ਹਾਂ। ਮੈਨੂੰ ਯਾਦ ਹੈ ਕਿ ਲੋਕਾਂ ਦੀ ਕਿੰਨੇ ਚਿਰ ਤੋਂ ਡਲਾ ਗੋਰੀਆਂ ਪੁਲਾਂ ਨੂੰ ਬਣਾਉਣ ਦੀ ਮੰਗ ਚਲੀ ਆਉਂਦੀ ਸੀ, ਮੇਰੇ ਹਲਕੇ ਵਿੱਚ ਇਕ ਪਿੰਡ ਡਲਾ ਗੋਰੀਆਂ ਹੈ ਜੋ ਕਿ ਰਾਜਪੂਤਾਂ ਦਾ ਪਿੰਡ ਹੈ ਅਤੇ ਉਥੇ ਬਹੁਤ ਸਾਰੇ ਘਰ ਹਿੰਦੂਆਂ ਦੇ ਹਨ, ਕੇਵਲ 2-3 ਘਰ ਸਰਦਾਰਾਂ ਦੇ ਹਨ, ਉਸ ਪਿੰਡ ਦੇ ਸਾਹਮਣੇ ਅਪਰਬਾਰੀ ਦੁਆਬ ਹੈ ਔਰ ਉਥੇ ਦੇ ਲੋਕਾਂ ਦੀ ਇਹ ਮੰਗ ਸੀ ਕਿ ਇਥੇ ਪੁਲ ਬਣਾਇਆ ਜਾਵੇ। ਜਦੋਂ ਮੈਂ ਉਸ ਪਿੰਡ ਵਿੱਚ ਵੋਟਾਂ ਲਈ ਗਿਆ ਤਾਂ ਉਥੇ ਲੋਕਾਂ ਨੇ ਕਿਹਾ ਕਿ 1952 ਤੋਂ ਲੈ ਕੇ ਅਸੀਂ ਇਹੀ ਮੰਗ ਕਰਦੇ ਚਲੇ ਆ ਰਹੇ ਹਾਂ ਕਿ ਇਥੇ ਪੁਲ ਬਣਾਇਆ ਜਾਵੇ ਪਰ ਭਾਵੇਂ ਇਥੇ ਗੁਰਬਚਨ ਸਿੰਘ ਆਇਆ ਹੈ ਤੇ ਭਾਵੇਂ ਸਤਨਾਮ ਸਿੰਘ ਬਾਜਵਾ ਆਇਆ ਹੈ ਅਤੇ ਭਾਵੇਂ ਜੱਥੇਦਾਰ ਉਜਾਗਰ ਸਿੰਘ ਸੇਖਵਾਂ ਆਇਆ ਹੈ ਸਾਰੇ ਹੀ ਵੋਟਾਂ ਮੰਗਣ ਜਦੋਂ ਆਏ ਤਾਂ ਹਾਂ ਕਹਿ ਕੇ ਚਲੇ ਗਏ ਪਰ ਮਗਰੋਂ ਬਾਅਦ ਵਿੱਚ ਇਥੇ ਪੁਲ ਬਣਾਉਣ ਵਾਸਤੇ ਕੋਸ਼ਿਸ਼ ਤਾਂ ਕੀ ਕਦੇ ਪਿੰਡ ਵਿੱਚ ਵੀ ਨਹੀਂ ਵੜੇ। ਮੈਂ ਉਨ੍ਹਾਂ ਨਾਲ ਇਸ ਗੱਲ ਦਾ ਵਾਇਦਾ ਕੀਤਾ ਕਿ ਵੋਟਾਂ ਤੁਸੀਂ ਮੈਨੂੰ ਪਾਓ ਜਾਂ ਨਾ ਪਾਓ ਔਰ ਮੈਂ ਇਸ ਗੱਲ ਨੂੰ ਨਹੀਂ ਦੇਖਣਾ ਕਿ ਤੁਹਾਡੇ ਪੋਲਿੰਗ ਕੇਂਦਰ ਵਿੱਚ ਮੈਨੂੰ ਕੋਈ ਵੋਟਾਂ ਪਈਆਂ ਹਨ ਜਾਂ ਨਹੀਂ ਪਈਆਂ ਪਰ ਮੈਂ ਇਸ ਗਲ ਦਾ ਵਾਇਦਾ ਕਰਦਾ ਹਾਂ ਕਿ ਜੇ ਮੈਨੂੰ ਪੰਜਾਬ ਵਿਧਾਨ ਸਭਾ ਵਿੱਚ ਜਾਣ ਦਾ ਮੌਕਾ ਮਿਲਿਆ ਤਾਂ ਮੈਂ ਸਭ ਤੋਂ ਪਹਿਲਾਂ ਇਸ ਪੁਲ ਬਣਾਉਣ ਦੇ ਲਈ ਯਤਨ ਕਰਾਂਗਾ। ਇਹ ਕੋਈ 2-3 ਮਹੀਨੇ ਦੀ ਗਲ ਹੈ ਕਿ ਸਰਦਾਰ ਹਰੀ ਸਿੰਘ ਜੀ ਜ਼ੀਰਾ ਉਥੇ ਉਸ ਪਿੰਡ ਵਿੱਚ ਇਹ ਪੁਲ ਬਣਾਉਣ ਲਈ ਨੀਂਹ ਪੱਥਰ ਰੱਖ ਕੇ ਆਏ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ

[ਸਰਦਾਰ ਜੌਹਰ ਸਿੰਘ]

ਜਦੋਂ ਉਹ ਨੀਂਹ ਪੱਥਰ ਰੱਖ ਕੇ ਆਏ ਤਾਂ ਉਥੇ ਬਹੁਤ ਵੱਡਾ ਇਕੱਠ ਹੋਇਆ ਔਰ ਇਕ ਉਥੇ ਦੇ ਪਿੰਡ ਦਾ ਨੰਬਰਦਾਰ ਜੋ ਤਕਰੀਬਨ 80–90 ਸਾਲ ਦਾ ਹੋਣਾ ਹੈ ਉਹ ਉਥੇ ਇਕੱਠ ਵਿੱਚ ਸਾਡੇ ਸਾਹਮਣੇ ਆ ਕੇ ਭੰਗੜਾ ਪਾਉਣ ਲੱਗ ਪਿਆ। ਜ਼ੀਰਾ ਸਾਹਿਬ ਮੇਰੀ ਗੱਲ ਦੇ ਗਵਾਹ ਹੋਣਗੇ। ਉਹ ਬਜ਼ੁਰਗ ਉਥੇ ਭੰਗੜਾ ਪਾਉਣ ਲਗ ਪਿਆ ਔਰ ਬਰਨਾਲਾ ਸਾਹਿਬ ਦੀ ਸਰਕਾਰ ਜ਼ਿੰਦਾਬਾਦ ਦੇ ਨਾਹਰੇ ਮਾਰਨ ਲਗ ਪਿਆ। ਸਾਨੂੰ ਇਸ ਗਲ ਦਾ ਖਿਆਲ ਤਕ ਵੀ ਨਹੀਂ ਸੀ ਕਿ ਇਤਨਾ ਬਜ਼ੁਰਗ ਆਦਮੀ ਇਸ ਤਰ੍ਹਾਂ ਭੰਗੜਾ ਪਾਵੇਗਾ। ਜਦੋਂ ਉਸ ਨੂੰ ਸਾਹ ਚੜ੍ਹ ਗਿਆ ਤੇ ਰੁਕਿਆ ਤਾਂ ਉਸ ਨੂੰ ਪੁਛਿਆ ਕਿ ਤੂੰ ਇਹ ਭੰਗੜਾ ਕਿਸ ਲਈ ਪਾ ਰਿਹਾ ਸੀ ਤਾਂ ਉਸ ਨੇ ਦੱਸਿਆ ਕਿ ਮੈਂ ਇਸ ਪਿੰਡ ਦਾ ਨੰਬਰਦਾਰ ਹਾਂ ਔਰ ਮੈਂ ਜਵਾਨੀ ਦੇ ਵੇਲੇ ਤੋਂ ਇਥੇ ਪੁਲ ਬਣਾਉਣ ਲਈ ਕੋਸ਼ਿਸ਼ ਕਰ ਰਿਹਾ ਸੀ ਔਰ ਜੋ ਵੀ ਇਥੇ ਆਉਂਦਾ ਹੈ ਉਸ ਨੂੰ ਕਹਿੰਦਾ ਹਾਂ ਪਰ ਕਿਸੇ ਸਰਕਾਰ ਵੇਲੇ ਵੀ ਇਥੇ ਪੁੱਲ ਨਹੀਂ ਬਣਿਆ ਔਰ ਅੱਜ ਮੈਨੂੰ ਇਸ ਗੱਲ ਦੀ ਖੁਸ਼ੀ ਚੜ੍ਹੀ ਹੋਈ ਹੈ ਕਿ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੀ ਸਰਕਾਰ ਨੇ ਇਹ ਪੁੱਲ ਬਣਾਇਆ ਹੈ। ਉਥੇ ਹੁਣ ਇਹ ਪੁਲ ਤਿਆਰ ਹੋ ਰਿਹਾ ਹੈ ਔਰ ਜਿਹੜੀਆਂ ਸੜਕਾਂ ਹਨ ਉਹ ਵੀ ਬਣ ਜਾਣਗੀਆਂ।

ਸੜਕਾਂ ਦੀ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਅਸੀਂ ਇਲੈਕਸ਼ਨ ਲੜ ਰਹੇ ਸੀ ਤਾਂ ਦੇਖਿਆ ਕਿ ਨਵੀਆਂ ਸੜਕਾਂ ਤਾਂ ਕੀ ਬਣਨੀਆਂ ਸੀ ਜੋ ਪੁਰਾਣੀਆਂ ਬਣੀਆਂ ਹੋਈਆਂ ਹਨ ਉਨ੍ਹਾਂ ਦੀ ਵੀ ਬਹੁਤ ਬੁਰੀ ਹਾਲਤ ਸੀ ਅਤੇ ਕੋਈ ਰਿਪੇਅਰ ਵਗੈਰਾ ਨਹੀਂ ਸੀ ਹੋਈ। ਪਹਿਲੀ ਸਰਕਾਰ ਨੇ ਮਾਰਕਿਟ ਫੀਸ ਵੀ ਲਾਈ ਹੋਈ ਸੀ ਲੇਕਿਨ ਜਦੋਂ ਸਾਡੀ ਸਰਕਾਰ ਆਈ ਤਾਂ ਸਭ ਤੋਂ ਪਹਿਲਾਂ ਬਰਨਾਲਾ ਸਾਹਿਬ ਦੀ ਸਰਕਾਰ ਨੇ ਉਹ ਮਾਰਕਿਟ ਫੀਸ ਬੰਦ ਕੀਤੀ, ਜੋ ਪਹਿਲਾਂ ਕਿਸਾਨਾਂ ਤੇ ਜਜ਼ੀਆ ਲਗਿਆ ਹੋਇਆ ਸੀ ਉਹ ਬੰਦ ਕੀਤਾ। ਸੜਕਾਂ ਲਈ ਸਾਲ 1987–88 ਵਿੱਚ 33.61 ਕਰੋੜ ਰੁਪਿਆ ਹੋਰ ਖਰਚ ਕਰਨ ਦਾ ਅਨੁਮਾਨ ਹੈ। ਵੱਡੀਆਂ ਸੜਕਾਂ ਲਈ ਖਰਚ ਕੀਤੇ ਜਾਣਗੇ। ਜੋ ਲਿੰਕ ਸੜਕਾਂ ਹਨ ਉਨ੍ਹਾਂ ਲਈ ਮਾਰਕੀਟਿੰਗ ਬੋਰਡ 20 ਕਰੋੜ ਰੁਪਏ ਖਰਚ ਕਰੇਗਾ। ਸ਼ੇਰਸ਼ਾਹ ਸੂਰੀ ਮਾਰਗ ਤੇ ਵੀ 20 ਕਰੋੜ ਰੁਪਏ ਖਰਚ ਹੋਣਗੇ ਅਤੇ 120 ਕਿਲੋਮੀਟਰ ਚਾਰ ਵਾਹਨਾਂ ਦੇ ਚਲਣ ਵਾਲੀ ਇਸ ਸਾਲ ਬਣਾਈ ਜਾਏਗੀ। ਤੁਹਾਨੂੰ ਪਤਾ ਹੈ ਜਦੋਂ ਅਸੀਂ ਸ਼ੇਰਸ਼ਾਹ ਸੂਰੀ ਮਾਰਗ ਤੇ ਜਾਂਦੇ ਹਾਂ ਤਾਂ ਹਰਿਆਣਾ ਦੀ ਸਰਕਾਰ ਬੜੀਆਂ ਡੀਗਾਂ ਮਾਰਦੀ ਹੈ, ਸਾਨੂੰ ਕਾਫੀ ਤਕਲੀਫਾਂ ਆਉਂਦੀਆਂ ਹਨ ਪਰ ਅਸੀਂ ਕਦੇ ਨਹੀਂ ਸਮਝਿਆ ਭਾਵੇਂ ਇਹ ਸੜਕ ਹਰਿਆਣਾ ਵਿਚ ਹੈ ਜਾਂ ਕਿਤੇ ਹੋਰ। ਪੰਜਾਬ ਸਰਕਾਰ ਪੰਜਾਬ ਵਿਚ ਇਹ ਸੜਕ ਚਾਰ ਗੱਡੀਆਂ ਵਾਲੀ ਤਿਆਰ ਕਰਨ ਲਈ ਪੂਰੀ ਕੋਸ਼ਿਸ਼ ਕਰੇਗੀ।

ਐਜੂਕੇਸ਼ਨ ਜੋ ਇਹ ਜ਼ਿੰਦਗੀ ਦਾ ਖਾਸ ਅੰਗ ਹੈ, ਐਜੂਕੇਸ਼ਨ ਦਾ ਹੋਣਾ ਬਹੁਤ ਜ਼ਰੂਰੀ ਹੈ। ਬਗੈਰ ਐਜੂਕੇਸ਼ਨ ਦੇ ਆਦਮੀ ਅਧੂਰਾ ਹੈ। ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਐਜੂਕੇਸ਼ਨ ਕਿਸਾਨਾਂ ਨੂੰ ਦੇਣ ਲਈ, ਮਜ਼ਦੂਰਾਂ ਨੂੰ ਦੇਣ ਲਈ ਪ੍ਰਬੰਧ ਕੀਤਾ ਜਾਏ। ਮੈਨੂੰ ਅਫਸੋਸ ਹੈ ਕਿ ਸਾਡੇ ਤੋਂ ਪਹਿਲੀ ਸਰਕਾਰ ਜੋ ਕਿ ਦੋ ਤਿੰਨ ਸਾਲ ਚਲੀ ਉਸ ਨੇ ਕੋਈ ਸਕੂਲ ਅਪਗ੍ਰੇਡ ਨਹੀਂ ਸੀ ਕੀਤਾ ਅਤੇ ਨਾ ਹੀ ਕੋਈ ਐਜੂਕੇਸ਼ਨ ਪਾਲਿਸੀ ਬਣਾਈ ਸੀ। ਸਾਡੀ ਸਰਕਾਰ ਨੇ ਫੈਸਲਾ ਕੀਤਾ ਕਿ ਢਾਈ ਸੌ ਸਕੂਲ ਅੱਪਗਰੇਡ ਕਰਾਂਗੇ ਪਰ ਅਸੀਂ ਤਿੰਨ ਸੌ ਸਕੂਲ ਅੱਪਗਰੇਡ ਕੀਤੇ। 175 ਮਿਡਲ ਤੋਂ ਹਾਈ ਅਤੇ 125 ਪ੍ਰਾਇਮਰੀ ਤੋਂ ਮਿਡਲ ਕੀਤੇ ਗਏ ਹਨ। ਇਸ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਇਹ ਵੀ ਕੀਤਾ ਗਿਆ ਹੈ ਜਿਥੇ ਅਸੀਂ ਸਕੂਲ ਅੱਪਗਰੇਡ ਕੀਤੇ ਹਨ ਉਥੇ ਤਿੰਨ ਕਾਲਜ ਵੀ ਖੋਲ੍ਹੇ ਹਨ। ਤਲਵਾੜਾ ਜਿਹੜਾ ਇਕ ਬਹੁਤ ਵੱਡਾ ਕਸਬਾ ਹੈ ਔਰ ਕੰਡੀ ਏਰੀਆ ਵਿਚ ਹੈ ਉਥੇ ਹਜ਼ਾਰਾਂ

ਦੀ ਗਿਣਤੀ ਵਿਚ ਮਜ਼ਦੂਰ। ਹਨ ਉਥੇ ਪਹਿਲੀ ਸਰਕਾਰ ਨੇ ਕਾਲਜ ਬਣਾਉਣ ਲਈ ਕੋਈ ਧਿਆਨ ਨਹੀਂ ਦਿਤਾ। ਇਸ ਦਾ ਕਰੈਡਿਟ ਬਰਨਾਲਾ ਸਾਰਕਾਰ ਨੂੰ ਜਾਂਦਾ ਹੈ ਜਿਥੇ ਜ਼ਰੂਰੀ ਸੀ ਉਥੇ ਕਾਲਜ ਦਿਤਾ ਗਿਆ ਹੈ ਔਰ ਦੋ ਕਾਲਜ ਹੋਰ ਖੋਲ੍ਹੇ ਗਏ ਹਨ। ਪੰਜਾਬ ਵਿਚ ਕਾਲਜ ਇਸ ਲਈ ਖੋਲ੍ਹੇ ਤਾਕਿ ਪਿੰਡਾਂ ਦੇ ਬੱਚੇ ਕੰਪੀਟੀਸ਼ਨਾਂ ਵਿਚ ਜਾ ਸਕਣ ਅਤੇ ਦੇਸ਼ ਦੀ ਇੰਟੈਗਰੇਸ਼ਨ ਵਿਚ ਪੂਰਾ ਹਿੱਸਾ ਪਾ ਸਕਣ। ਮੈਨੂੰ ਸਾਰੀਆਂ ਗਲਾਂ ਦਾ ਪਤਾ ਹੈ ਕਿਉਂਕਿ ਮੈਂ ਅਧਿਆਪਕ ਰਿਹਾ ਹਾਂ। ਕਿਸੇ ਸਰਕਾਰ ਨੇ ਕਦੇ ਕੋਈ ਸਕੂਲ ਦਾ ਕਮਰਾ ਨਹੀਂ ਬਣਾਇਆ। ਅਸੀਂ ਛੋਟੇ ਛੋਟੇ ਕਮਰਿਆਂ ਵਿਚ ਬੈਠਦੇ ਰਹੇ। ਸਾਡੀ ਸਰਕਾਰ ਨੇ ਪੰਜ ਸੌ ਕਮਰੇ ਬਣਾਏ ਹਨ ਅਤੇ ਇਕ ਕਰੋੜ ਰੁਪਿਆ ਖਰਚ ਕੀਤਾ ਹੈ। ਸਾਨੂੰ ਪਤਾ ਹੈ ਕਿ ਪਿੰਡਾਂ ਦੇ ਬੱਚੇ ਕਿਵੇਂ ਧੁੱਪਾਂ ਵਿਚ ਬੈਠਦੇ ਸਨ। ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਸਾਡੀ ਸਰਕਾਰ ਨੇ ਵੱਡੀ ਪੱਧਰ ਤੇ ਕੰਮ ਕੀਤਾ ਹੈ। ਸਰਕਾਰ ਨੇ 10+2 ਪਰਨਾਲੀ ਚਾਲੂ ਕਰਕੇ ਬੱਚਿਆਂ ਨੂੰ ਹਾਇਰ ਐਜੂਕੇਸ਼ਨ ਦੇਣ ਲਈ ਪ੍ਰਬੰਧ ਕੀਤਾ ਹੈ। ਮੈਨੂੰ ਪਤਾ ਹੈ ਕਿ ਪਿੰਡਾਂ ਦੇ ਲੋਕ ਉੱਚ ਪੱਧਰ ਦੀ ਐਜੂਕੇਸ਼ਨ ਲਈ ਕਿੰਨੇ ਤਰਲੇ ਲੈਂਦੇ ਰਹਿੰਦੇ ਹਨ। ਬਰਨਾਲਾ ਸਾਹਿਬ ਮੇਰੇ ਹਲਕੇ ਵਿਚ ਗਏ। ਲੱਖਾਂ ਦੀ ਗਿਣਤੀ ਵਿਚ ਲੋਕਾਂ ਦਾ ਇਕੱਠ ਸੀ, ਲੋਕਾਂ ਨੇ ਮੰਗ ਕੀਤੀ ਕਿ ਕਾਹਨੂੰਵਾਲ ਕਾਲਜ ਬਣਾਉਣਾ ਚਾਹੀਦਾ ਹੈ। ਬਰਨਾਲਾ ਸਾਹਿਬ ਉਥੇ ਕਾਲਜ ਲਈ ਇਲਾਨ ਕਰਕੇ ਆਏ। ਡੀ.ਪੀ.ਆਈ. ਸਾਹਿਬ ਨੇ ਸਰਵੇ ਕਰਵਾਇਆ। ਸਾਰੀ ਰਿਪੋਰਟ ਦਿੱਤੀ। ਮੈਂ ਹੈਰਾਨ ਹਾਂ ਕਿ ਐਜੂਕੇਸ਼ਨ ਦੇ ਪੱਖ ਨੂੰ ਮੁੱਖ ਰਖ ਕੇ ਲੋਕਾਂ ਨੇ ਤੀਹ ਸੌ ਕਿਲੇ ਜ਼ਮੀਨ ਮੁਫ਼ਤ ਦਿਤੀ ਅਤੇ ਨਾਲ ਹੀ 10 ਕਮਰੇ ਵੀ ਬਣਵਾ ਕੇ ਦੇਣ ਦਾ ਵਾਇਦਾ ਕੀਤਾ। ਇਸ ਤੋਂ ਪਤਾ ਚਲਦਾ ਹੈ ਕਿ ਲੋਕ ਕਾਲਜ ਲਈ ਕਿੰਨੇ ਚਾਹਵਾਨ ਹਨ। ਮੇਰਾ ਖਿਆਲ ਹੈ ਕਿ ਇਸ ਸੈਸ਼ਨ ਵਿਚ ਉਹ ਕਾਲਜ ਸ਼ੁਰੂ ਹੋ ਜਾਏਗਾ ਕਿਉਂਕਿ ਉਸ ਦੀ ਬਿਲਡਿੰਗ ਲਈ ਪ੍ਰਬੰਧ ਹੋ ਚੁੱਕਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਸ ਕਰਦਾ ਹਾਂ ਅਤੇ ਸਰਕਾਰ ਨੂੰ ਜ਼ੋਰ ਦੇ ਕੇ ਕਹਾਂਗਾ ਜਿਵੇਂ ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਦਸਿਆ ਹੈ ਕਿ 1987......

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਹਾਊਸ ਦੇ ਡੈਕੋਰਮ ਨੂੰ ਠੀਕ ਰੱਖਣਾ ਤੁਹਾਡਾ ਫਰਜ਼ ਹੈ। ਤੁਸੀਂ ਦੇਖ ਲਵੋ ਕਿ ਤਕਰੀਬਨ 40 ਮੈਂਬਰ ਸਾਹਿਬਾਨ ਇਧਰ ਉਧਰ ਤੁਰ ਫਿਰ ਰਹੇ ਹਨ।

ਸ੍ਰੀ ਡਿਪਟੀ ਸਪੀਕਰ: ਤੁਹਾਡਾ ਪੁਆਇੰਟ ਆਫ਼ ਆਰਡਰ ਠੀਕ ਹੈ। ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਜੋ ਬੁਲਾਰਾ ਬੋਲ ਰਿਹਾ ਹੈ ਉਸ ਦੇ ਸਾਹਮਣੇ ਨਹੀਂ ਲੰਘਣਾ ਚਾਹੀਦਾ ਅਤੇ ਨਾ ਹੀ ਕਿਸੇ ਕਿਸਮ ਦੀ ਕੋਈ ਇੰਟਰਪਸ਼ਨ ਹੋਣੀ ਚਾਹੀਦੀ ਹੈ।

ਸਰਦਾਰ ਜੌਹਰ ਸਿੰਘ: ਡਿਪਟੀ ਸਪੀਕਰ ਸਾਹਿਬ, ਜਿਵੇਂ ਮੈਂ ਪਹਿਲਾਂ ਦਸਿਆ ਹੈ ਕਿ ਸਾਡੀ ਸਰਕਾਰ ਦਾ ਸਿਧਾ ਗੁਰੂ ਮਹਾਰਾਜ ਦਾ ਸਿਧਾਂਤ ਹੈ 'ਅੱਵਲ ਅੱਲਾ ਨੂਰ ਉਪਾਇਆ' ਦਾ ਸ਼ਬਦ ਮੈਂ ਤੁਹਾਡੇ ਨਾਲ ਪਹਿਲਾਂ ਹੀ ਸਾਂਝਾ ਕਰ ਚੁੱਕਾ ਹਾਂ। ਸਾਡੀ ਸਰਕਾਰ ਨੇ ਅਨੁਸੂਚਿਤ ਜਾਤੀਆਂ ਨੂੰ, ਪਛੜੀਆਂ ਜਾਤੀਆਂ ਨੂੰ ਕਾਫੀ ਰਿਆਇਤਾਂ ਦਿੱਤੀਆਂ ਹਨ। ਫੈਸਲਾ ਕੀਤਾ ਸੀ ਕਿ ਉਨ੍ਹਾਂ ਗਰੀਬ ਮਜ਼ਦੂਰ ਲੋਕਾਂ ਲਈ ਧਰਮਸ਼ਾਲਾਵਾਂ ਬਣਾਈਆਂ ਜਾਣ। ਆਪਣੇ ਸਾਂਝੇ ਫਰੰਟ ਸਮੇਂ ਪਹਿਲਾ ਮੌਕਾ ਸੀ ਜਦੋਂ ਅਕਾਲੀ ਦਲ ਦੀ ਸਰਕਾਰ ਨੇ ਇਸ ਕਿਸਮ ਦਾ ਕਦਮ ਚੁਕਿਆ। ਲੇਕਿਨ ਇਸ ਵੇਲੇ 10 ਹਜ਼ਾਰ ਰੁਪਏ ਦਿਤੇ ਜਾ ਰਹੇ ਸਨ। ਸਾਡੀ ਸਰਕਾਰ ਨੇ ਫੈਸਲਾ ਕੀਤਾ ਕਿ ਇਹ ਪੈਸਾ ਥੋੜ੍ਹਾ ਹੈ, ਮਹਿੰਗਾਈ ਵੱਧ ਗਈ ਹੈ। ਹੁਣ 15,000 ਰੁਪਏ ਦਾ ਫੈਸਲਾ ਕੀਤਾ ਹੈ, ਹੁਣ 15,000 ਰੁਪਿਆ ਬਸਤੀਆਂ ਨੂੰ ਦਿੱਤਾ ਜਾਵੇਗਾ। ਨਾਲ ਹੀ ਫੈਸਲਾ ਕੀਤਾ ਹੈ ਕਿ ਤਿੰਨ ਹਜ਼ਾਰ ਰੁਪਿਆ ਹੋਰ ਵਿਆਹਾਂ

[ਸਰਦਾਰ ਜੌਹਰ ਸਿੰਘ]

ਸ਼ਾਦੀਆਂ ਲਈ ਭਾਂਡੇ ਖਰੀਦਣ ਲਈ ਦਿੱਤੇ ਜਾਣਗੇ। ਫਿਰ ਸਾਡੀ ਹਰੀਜਨ ਕਾਰਪੋਰੇਸ਼ਨ ਹੈ। ਉਸ ਨੇ ਸਬਸਿਡੀ ਤੇ ਬਹੁਤ ਰੁਪਿਆ ਹਰੀਜਨ ਵੀਰਾਂ ਨੂੰ ਜ਼ਮੀਨ ਲਈ ਦਿੱਤਾ ਹੈ। ਔਰ ਇਹ ਵੀ ਫੈਸਲਾ ਕੀਤਾ ਹੈ ਕਿ ਜਿਹੜੇ ਹਰੀਜਨ ਭਰਾਵਾਂ ਦੇ ਘਰ ਬਿਜਲੀ ਨਹੀਂ ਹੈ, ਲਾਈਨ ਨਹੀਂ ਹੈ, ਇਕ ਪੁਆਇੰਟ ਦਿੱਤਾ ਜਾਵੇਗਾ। ਉਨ੍ਹਾਂ ਨੂੰ ਲਾਈਟ ਦਿੱਤੀ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਮਾਣ ਨਾਲ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਨੌਕਰੀਆਂ ਵਿਚ ਭਾਵੇਂ ਰਿਜ਼ਰਵੇਸ਼ਨ ਹੈ, ਪਰ ਘਪਲਾ-ਬਾਜ਼ੀ ਹੋ ਜਾਂਦੀ ਹੈ। ਹਰੀਜਨ ਭਰਾ ਪਿੱਛੇ ਰਹਿ ਜਾਂਦੇ ਹਨ। ਰਿਜ਼ਰਵੇਸ਼ਨ ਨੂੰ ਸਹੀ ਕਰਨ ਲਈ ਇਕ ਐਕਟ ਬਣਾਇਆ ਜਾ ਰਿਹਾ ਹੈ ਜਿਹੜਾ ਕਿ ਛੇਤੀ ਇਥੇ ਹਾਊਸ ਵਿਚ ਆਵੇਗਾ। ਇਹ ਵੀ ਬਰਨਾਲਾ ਸਾਹਿਬ ਨੂੰ ਮਾਣ ਜਾਂਦਾ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਹਾਊਸ ਨੂੰ, ਸਾਰੇ ਮੈਂਬਰਾਂ ਨੂੰ ਦੱਸ ਦੇਣਾ ਚਾਹੁਦਾ ਹਾਂ ਕਿ ਅਕਾਰਡ ਦਾ ਅੱਖਰ ਅੱਖਰ ਲਾਗੂ ਕਰਵਾਇਆ ਜਾਵੇਗਾ। ਜੋਧਪੁਰ ਵਿਚ ਬੰਦ ਜੋ ਨਿਰਦੋਸ਼ ਹਨ ਉਨ੍ਹਾਂ ਨੂੰ ਰਿਹਾਅ ਕਰਵਾਇਆ ਜਾਵੇਗਾ, ਮਿਸ਼ਰਾ ਰਿਪੋਰਟ ਜਿਹੜੀ ਹੈ, ਭਾਵੇਂ ਅਧੂਰੀ ਹੈ, ਫਿਰ ਵੀ ਮਹਿਸੂਸ ਕਰਦੇ ਹਾਂ ਕਿ ਅਣ-ਗਹਿਲੀ ਨਹੀਂ ਹੋਣੀ ਚਾਹੀਦੀ ਹੈ। ਸਾਡੀ ਸਰਕਾਰ ਪੂਰਾ ਯਤਨ ਕਰੇਗੀ ਔਰ ਕਰ ਰਹੀ ਹੈ ਅਮਲ ਕਰਾਉਣ ਵਾਸਤੇ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਏਕਤਾ, ਸਾਂਝੀਵਾਲਤਾ ਭਾਈਚਾਰੇ ਨੂੰ ਮੱਦੇਨਜ਼ਰ ਰਖਦੇ ਹੋਏ ਅੱਤਵਾਦ ਦੇ ਖਿਲਾਫ ਜਦੋ-ਜਹਿਦ ਕਰਨੀ ਚਾਹੀਦੀ ਹੈ ਔਰ ਸਾਡੀ ਸਰਕਾਰ ਜਦੋ-ਜਹਿਦ ਕਰੇਗੀ ਔਰ ਆਖਰੀ ਦਮ ਤਕ ਲੜੇਗੀ। ਆਖਿਰ ਵਿਚ ਇਨ੍ਹਾਂ ਸ਼ਬਦਾਂ ਨਾਲ ਮੈਂ ਬੇਨਤੀ ਕਰਦਾ ਹਾਂ ਕਿ ਹਾਊਸ ਵਿਚ ਜਿਹੜਾ ਰੈਜ਼ੋਲਿਊਸ਼ਨ ਮੂਵ ਕੀਤਾ ਹੈ, ਇਹ ਸਰਬ-ਸੰਮਤੀ ਨਾਲ ਪਾਸ ਕੀਤਾ ਜਾਵੇ। ਧੰਨਵਾਦ।

ਸਰਦਾਰ ਬਚਨ ਸਿੰਘ (ਸੁਲਤਾਨਪੁਰ) **:** ਡਿਪਟੀ ਸਪੀਕਰ ਸਾਹਿਬ, ਅੱਜ ਜੋ ਮਤਾ ਗਵਰਨਰ ਸਾਹਿਬ ਦੇ ਭਾਸ਼ਣ ਤੇ ਮਾਨਯੋਗ ਮਾਸਟਰ ਜੌਹਰ ਸਿੰਘ ਜੀ ਨੇ ਰਖਿਆ ਹੈ, ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਨ ਲਈ ਖੜਾ ਹੋਇਆ ਹਾਂ। ਇਹ ਗਵਰਨਰ ਸਾਹਿਬ ਦਾ ਭਾਸ਼ਣ ਬਹੁਤ ਸੁੰਦਰ ਤੇ ਆਲ੍ਹਾ ਹੈ। (ਵਿਘਨ)

ਬਲਿਊ ਸਟਾਰ ਐਕਸ਼ਨ ਵੇਲੇ ਦੇ ਪੀੜਤ ਜੋ ਲੋਕ ਸਨ, ਸੰਨ 1984 ਦੇ ਦੰਗਿਆਂ ਤੇ ਬੈਰਕਾਂ ਛੱਡ ਕੇ ਆਏ ਫੌਜੀ ਹਨ, ਜੋਧਪੁਰ ਦੇ ਕੈਦੀ ਹਨ, ਲੋਕਾਂ ਦੇ ਜ਼ਖਮਾਂ ਤੇ ਮਲ੍ਹਮ ਲਗਾਉਣ ਵਾਲਾ ਭਾਸ਼ਣ ਸੀ। ਦੰਗਾ ਪੀੜਤਾਂ ਦੇ ਪੰਜਾਬ ਦੇ ਲੋਕਾਂ ਤੇ ਮਲ੍ਹਮ ਲਗਾਉਣ ਲਈ ਉਪਰਾਲਾ ਕੀਤਾ ਹੈ ਲੇਕਿਨ ਸੈਂਟਰ ਨੇ ਇਸ ਵਿਚ ਕੋਈ ਜ਼ਿਆਦਾ ਮੱਦਦ ਨਹੀਂ ਕੀਤੀ। ਚਾਹੀਦਾ ਸੀ ਕਿ ਮੱਦਦ ਕਰਕੇ ਪੰਜਾਬ ਨੂੰ ਹੁਸ਼ਿਆਰ ਬਣਾਉਣ ਲਈ, ਪੰਜਾਬ ਦੀ ਵਿਗੜੀ ਹਾਲਤ ਨੂੰ ਸੁਧਾਰਨ ਲਈ, ਪੰਜਾਬ ਦੇ ਜ਼ਖਮਾਂ ਤੇ ਮਲ੍ਹਮ ਲਗਾਉਣ ਲਈ, ਨਾਲ ਸਹਾਇਤਾ ਕਰਦੀ, ਮੱਦਦ ਕਰਦੀ ਪਰ ਇਸ ਪੰਜਾਬ ਦੇ ਜ਼ਖਮਾਂ ਤੇ, ਦੰਗਾ ਪੀੜਤਾਂ ਦੇ ਜ਼ਖਮਾਂ ਤੇ ਮਲ੍ਹਮ ਲਗਾਉਣ ਲਈ ਪੰਜਾਬ ਸਰਕਾਰ ਨੇ ਬੜਾ ਤਕੜਾ ਉਪਰਾਲਾ ਕੀਤਾ ਹੈ। ਬੜਾ ਯੋਗਦਾਨ ਪਾਇਆ ਹੈ। ਜਿਵੇਂ ਕਿ ਬਾਹਰੋਂ ਆਏ ਸਨ 1984 ਦੇ ਦੰਗਾ ਪੀੜਤ ਆਵਾਸੀਆਂ ਨੂੰ 1058 ਐਲ.ਆਈ.ਜੀ. ਮਕਾਨ ਅਲਾਟ ਕੀਤੇ ਗਏ ਹਨ ਜਿਨ੍ਹਾਂ ਵਿਚੋਂ 658 ਮਕਾਨ ਵਿਧਵਾਵਾਂ ਅਤੇ ਬੇਸਹਾਰਾ ਵਿਅਕਤੀਆਂ ਨੂੰ ਮੁਫਤ ਦਿੱਤੇ ਗਏ ਹਨ। ਇਸ ਤੋਂ ਇਲਾਵਾ 653 ਵਪਾਰਕ ਪਲਾਟ ਅਤੇ 384 ਰਿਹਾਇਸ਼ੀ ਪਲਾਟ ਵੀ ਦਿੱਤੇ ਗਏ ਹਨ। ਇਸ ਤੋਂ ਇਲਾਵਾ 617 ਵਿਧਵਾਵਾਂ ਅਤੇ ਬੇਸਹਾਰਾ ਤੇ ਅਨਾਥ ਅਵਾਸੀਆਂ ਲਈ 250 ਰੁਪਏ ਪ੍ਰਤੀ ਮਹੀਨਾ ਦੀ ਦਰ ਨਾਲ ਵਿੱਤੀ ਸਹਾਇਤਾ ਵੀ ਦਿੱਤੀ ਗਈ ਹੈ। ਇਨ੍ਹਾਂ ਸ਼੍ਰੇਣੀਆਂ ਨਾਲ ਸਬੰਧਤ 700 ਤੋਂ ਵੱਧ ਆਵਾਸੀਆਂ

ਵਿਚੋਂ ਹਰੇਕ ਨੂੰ 5,000 ਰੁਪਏ ਐਕਸ ਗ੍ਰੇਸ਼ੀਆ ਗ੍ਰਾਂਟ ਦਿੱਤੀ ਗਈ ਹੈ। ਇਸ ਤੋਂ ਇਲਾਵਾ 5,000 ਰੁਪਏ ਦੀ ਸਬਸਿਡੀ ਸਹਿਤ 25,000 ਰੁਪਏ ਤਕ ਦੇ ਕਰਜ਼ੇ ਵੀ ਦੇਣ ਦਾ ਉਪਰਾਲਾ ਕੀਤਾ ਹੈ। ਇਹ ਕਰਜ਼ੇ 4000 ਤੋਂ ਵੱਧ ਪਰਿਵਾਰਾਂ ਨੂੰ ਵੰਡੇ ਗਏ ਹਨ ਅਜਿਹੇ ਕਰਜ਼ਿਆਂ ਦੀ ਕੁਲ ਰਕਮ 7.74 ਕਰੋੜ ਰੁਪਏ ਬਣਦੀ ਹੈ। ਮੈਂ ਸਮਝਦਾ ਹਾਂ ਕਿ ਇਹ ਸਾਡੀ ਸਰਕਾਰ ਦਾ ਬਹੁਤ ਵਡਾ ਉਪਰਾਲਾ ਸੀ। ਫਿਰ ਆਤੰਕ ਪੀੜਤਾਂ ਹਿੰਦੂ ਅਤੇ ਹੋਰਨਾਂ ਪਰਿਵਾਰਾਂ ਨੂੰ ਸਹਾਇਤਾ ਦੇਣ ਦਾ ਵੀ ਉਪਰਾਲਾ ਕੀਤਾ ਹੈ। ਇਹ ਰਿਆਇਤਾਂ ਇਨ੍ਹਾਂ ਨੂੰ ਵੀ ਦਿੱਤੀਆਂ ਗਈਆਂ ਹਨ, ਜਿਵੇਂ ਮੁਫਤ ਮਕਾਨ ਆਦਿ ਜਿਹੜੇ ਕਿ ਵਾਪਸ ਆਉਣ ਵਾਲੇ ਹਿੰਦੂ ਪਰਿਵਾਰ ਹਨ। ਬਾਹਰੋਂ ਆਉਣ ਵਾਲੇ ਹਿੰਦੂ ਪਰਿਵਾਰਾਂ ਨੂੰ ਵੀ ਸਬਸਿਡੀ ਅਤੇ ਐਕਸ-ਗਰੇਸ਼ੀਆ ਗ੍ਰਾਂਟ 2500 ਰੁਪਏ ਦੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਸਾਡੀ ਸਰਕਾਰ ਨੇ 2.84 ਕਰੋੜ ਰੁਪਏ ਦੀ ਐਕਸ-ਗਰੇਸ਼ੀਆ ਗ੍ਰਾਂਟ ਆਤੰਕ ਜਾਂ ਹਿੰਸਕ ਭੀੜ ਦੇ ਸਿੱਟੇ ਵਜੋਂ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਜਾਂ ਜ਼ਖ਼ਮੀ ਹੋਏ ਵਿਅਕਤੀਆਂ ਨੂੰ ਇਹ ਸਹੂਲਤਾਂ ਦਿੱਤੀਆਂ ਗਈਆਂ ਹਨ ਔਰ ਉਨ੍ਹਾਂ ਦੇ ਜ਼ਖ਼ਮਾਂ ਤੇ ਮਲੱਮ ਲਾਉਣ ਦਾ ਕੰਮ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਪਿਛੜੇ ਵਰਗ ਦੇ ਲੋਕਾਂ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧ ਰਖਣ ਵਾਲੇ ਵਿਅਕਤੀਆਂ ਨੂੰ ਵੀ ਬਹੁਤ ਸਹੂਲਤਾਂ ਦਿੱਤੀਆਂ ਹਨ। ਜਿਹੜੇ ਸਮਾਜ ਦੇ ਕਮਜ਼ੋਰ ਵਰਗ ਦੇ ਲੋਕ ਹਨ ਉਨ੍ਹਾਂ ਦੀਆਂ ਵੀ ਆਰਥਕ ਹਾਲਤਾਂ ਸੁਧਾਰਨ ਲਈ ਸਾਡੀ ਸਰਕਾਰ ਨੇ ਬੜੀ ਉੱਚ ਅਗੇਤ ਦਿੱਤੀ ਹੈ। ਇਸ ਲਈ ਮੈਂ ਆਪਣੇ ਸਾਹਮਣੇ ਬੈਠੇ ਕਾਂਗਰਸੀਆਂ ਭਰਾਵਾਂ ਨੂੰ ਵੀ ਕਹਾਂਗਾ ਕਿ ਉਹ ਵੀ ਸਰਕਾਰ ਦੇ ਇਨ੍ਹਾਂ ਕੰਮਾਂ ਵਿਚ ਪੂਰਾ ਸਹਿਯੋਗ ਦੇਣ ਔਰ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੈਂਟਰ ਨੂੰ ਬੇਨਤੀ ਕਰਨ ਕਿ ਉਹ ਪੰਜਾਬ ਸਰਕਾਰ ਨੂੰ ਹੋਰ ਸਹਾਇਤਾ ਦੇਵੇ ਤਾਕਿ ਪੰਜਾਬ ਸਰਕਾਰ ਗਰੀਬ ਵਰਗ ਦੇ ਲੋਕਾਂ ਦੀ ਮੱਦਦ ਕਰ ਸਕੇ।

ਡਿਪਟੀ ਸਪੀਕਰ ਸਾਹਿਬ, ਰਾਜਪਾਲ ਸਾਹਿਬ ਨੇ ਆਪਣੇ ਭਾਸ਼ਣ ਦੇ ਸਫ਼ਾ 3 ਤੇ ਬਹੁਤ ਚੰਗੇ ਸੁਝਾਓ ਦਿੱਤੇ ਹਨ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਦੀਆਂ ਰਾਜਸੀ ਅਤੇ ਮਾਨਵੀ ਸਮਸਿਆਵਾਂ ਹੱਲ ਕਰਨ ਲਈ ਹੀ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪ੍ਰਧਾਨ ਮੰਤਰੀ ਨਾਲ ਇਕ ਬਹੁਤ ਵੱਡਾ ਇਤਿਹਾਸਕ ਸਮਝੌਤਾ ਕੀਤਾ ਹੈ, ਜਿਸ ਨੂੰ ਕਿ ਹੁਣ ਪੂਰੀ ਤਰ੍ਹਾਂ ਲਾਗੂ ਕਰਨਾ ਬਹੁਤ ਜ਼ਰੂਰੀ ਹੈ। ਸੋ ਮੈਂ ਸਮਝਦਾ ਹਾਂ ਕਿ ਇਸ ਪੰਜਾਬ ਅਕਾਰਡ ਨੂੰ ਲਾਗੂ ਕਰਵਾਉਣ ਵਿਚ ਸਾਹਮਣੇ ਬੈਠੇ ਕਾਂਗਰਸੀ ਵੀਰ ਸਾਡੀ ਮੱਦਦ ਕਰ ਸਕਦੇ ਹਨ ਕਿਉਂਕਿ ਇਹਨਾਂ ਦੀ ਬੋਲੀ ਸੈਂਟਰ ਸਮਝਦਾ ਹੈ। ਜਦ ਤਕ ਪੰਜਾਬ ਸਮਝੌਤਾ ਲਾਗੂ ਨਹੀਂ ਹੁੰਦਾ ਉਤਨੀ ਦੇਰ ਤੱਕ ਪੰਜਾਬ ਵਿਚ ਵਾਤਾਵਰਨ ਸ਼ਾਂਤ ਨਹੀਂ ਹੋਣਾ ਹੈ, ਲੋਕਾਂ ਦੇ ਮਨ ਸ਼ਾਂਤ ਨਹੀਂ ਹੋਣੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਰਲ ਕੇ ਇਸ ਸਮਝੌਤੇ ਨੂੰ ਲਾਗੂ ਕਰਵਾਉਣ ਵਿਚ ਮੱਦਦ ਕਰਨੀ ਚਾਹੀਦੀ ਹੈ। ਲੋਕਾਂ ਨੂੰ ਸਰਕਾਰ ਨੇ ਬਹੁਤ ਸਾਰੀਆਂ ਸਹੂਲਤਾਂ ਦਿੱਤੀਆਂ ਹਨ। ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੱਲ੍ਹ ਜਦੋਂ ਟੈਰੋਰਿਜ਼ਮ ਦੇ ਮਸਲੇ ਤੇ ਬਹਿਸ ਚਲ ਰਹੀ ਸੀ ਤਾਂ ਉਸ ਵਕਤ ਮੇਰੇ ਸੱਜੇ ਪਾਸੇ ਬੈਠੇ ਵੀਰਾਂ ਨੇ ਬੜੀ ਨੁਕਤਾਚੀਨੀ ਕੀਤੀ। ਅਸਲ ਵਿਚ ਮੈਂ ਸਮਝਦਾ ਹਾਂ ਕਿ ਕੋਈ ਵੀ ਸਿੱਖ ਅੱਤਵਾਦੀ ਨਹੀਂ ਹੋ ਸਕਦਾ। ਇਹ ਅੱਤਵਾਦ ਸਿੱਖ ਦੇ ਗੱਲ ਮੜ੍ਹੀ ਜਾ ਰਹੇ ਹਨ। ਇਹ ਅਤਵਾਦ ਦਾ ਮਸਲਾ ਇਕ ਹੋਰ ਚੀਜ਼ ਹੈ। ਸਿੱਖ ਕੌਮ ਇਕ ਗੁਰੂ ਨਾਨਕ ਦੇਵ ਜੀ ਦੇ ਸਿੱਖ ਹਨ। ਗੁਰੂ ਨਾਨਕ ਦੇਵ ਜੀ ਨੇ ਹਮੇਸ਼ਾ ਅੱਤਿਵਾਦ ਅਤੇ ਜ਼ੁਲਮ ਦੇ ਖਿਲਾਫ ਮੁਕਾਬਲਾ ਕੀਤਾ ਸੀ ਅਤੇ ਜ਼ੁਲਮ ਦਾ ਮੁਕਾਬਲਾ ਕਰਦੇ ਹੋਏ ਉਨ੍ਹਾਂ ਨੇ ਜ਼ਾਲਿਮ ਬਾਬਰ ਦੀ ਜੇਲ੍ਹ ਵੀ ਕੱਟੀ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਜ਼ੁਲਮ ਦਾ ਮੁਕਾਬਲਾ ਕੀਤਾ ਅਤੇ ਮੁਕਾਬਲਾ ਕਰਦੇ ਹੋਏ ਸ਼ਹੀਦੀ ਪਾਈ ਸੀ ਅਤੇ ਆਪਣੀ ਉਨ੍ਹਾਂ ਨੇ ਸ਼ਹਾਦਤ

[ਸਰਦਾਰ ਬਚਨ ਸਿੰਘ]

ਦਿਤੀ।ਉਸ ਤੋਂ ਬਾਅਦ ਛੇਵੇਂ ਗੁਰੂ ਹਰਗੋਬਿੰਦ ਜੀ ਨੇ ਜ਼ੁਲਮ ਦਾ ਟਾਕਰਾ ਕਰਨ ਲਈ ਤਲਵਾਰ ਦੀ ਮੱਦਦ ਲਈ ਅਤੇ ਤਲਵਾਰ ਲੈ ਕੇ ਜ਼ੁਲਮ ਦਾ ਮੁਕਾਬਲਾ ਕੀਤਾ ਸੀ ਅਤੇ ਤਲਵਾਰ ਦਾ ਉਪਰਾਲਾ ਕੀਤਾ ਸੀ ਇਸੇ ਤਰ੍ਹਾਂ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਜੰਜੂ ਦੀ ਖਾਤਿਰ ਅਤੇ ਜ਼ੁਲਮ ਦੇ ਖਾਤਮੇਂ ਲਈ ਦਿੱਲੀ ਵਿਚ ਜਾਕੇ ਆਪਣਾ ਬਲਿਦਾਨ ਦਿੱਤਾ ਉਸ ਤੋਂ ਬਾਦ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਖਾਲਸਾ ਪੰਥ ਦੀ ਨੀਂਹ ਰੱਖੀ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਅੱਤਵਾਦ ਅਤੇ ਜ਼ੁਲਮ ਦੇ ਖਾਤਮੇਂ ਲਈ ਲੜਾਈ ਕੀਤੀ ਅਤੇ ਆਪਣੇ ਬੱਚੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਇਆ ਅਤੇ ਆਪਣੇ ਮਾਂ ਬਾਪ ਨੂੰ ਸ਼ਹੀਦ ਕਰਵਾਇਆ ਅਤੇ ਆਪਣੇ ਪਿਆਰੇ ਸਿੱਖਾਂ ਨੂੰ ਸ਼ਹੀਦ ਕਰਵਾਇਆ। ਇਹ ਸਿਰਫ ਉਨ੍ਹਾਂ ਨੇ ਅੱਤਵਾਦ ਅਤੇ ਜ਼ੁਲਮ ਦੇ ਖਿਲਾਫ ਕਰਵਾਇਆ ਸੀ। ਜ਼ੁਲਮ ਅਤੇ ਅੱਤਵਾਦ ਦਾ ਆਪਣੀ ਸਾਰੀ ਜ਼ਿੰਦਗੀ ਮੁਕਾਬਲਾ ਕੀਤਾ। ਪਹਿਲੇ ਦਿਨ ਦੀ ਸਿਟਿੰਗ ਵਿਚ ਜਦੋਂ ਗਵਰਨਰ ਸਾਹਿਬ ਦੇ ਐਡਰੈਸ ਤੋਂ ਬਾਅਦ 4.00 ਵਜੇ ਸ਼ਰਧਾਂਜਲੀਆਂ ਪੇਸ਼ ਕਰਨੀਆਂ ਸਨ ਜਿਹੜੇ ਅੱਤਵਾਦ ਦੇ ਸ਼ਿਕਾਰ ਲੀਡਰ ਹੋਏ ਸਨ ਪਰ ਇਹ ਸੱਜੇ ਪਾਸੇ ਬੈਠੇ ਵੀਰ ਉਸ ਸਿਟਿੰਗ ਵਿਚ ਹਾਜ਼ਰ ਨਹੀਂ ਹੋਏ। ਇਸ ਤੋਂ ਇਹ ਸਾਬਤ ਹੁੰਦਾ ਹੈ ਕਿ ਇਹ ਲੋਕ ਅੱਤਵਾਦ ਨੂੰ ਸ਼ਹਿ ਦੇ ਰਹੇ ਹਨ ਅਤੇ ਆਪਣੇ ਆਪ ਨੂੰ ਸਿੱਖ ਕਹਾਉਂਦੇ ਹਨ ਅਤੇ ਗੁਰੂ ਨਾਨਕ ਸਾਹਿਬ ਦੇ ਸਿੱਖ ਕਹਾਉਂਦੇ ਹਨ ਜਦ ਕਿ ਗੁਰੂ ਨਾਨਕ ਸਾਹਿਬ ਨੇ ਆਪਣੀ ਸਾਰੀ ਜ਼ਿੰਦਗੀ ਅੱਤਵਾਦ ਅਤੇ ਜ਼ੁਲਮ ਦੇ ਖਿਲਾਫ ਲੜਾਈ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪਰਿਵਾਰ ਅੱਤਵਾਦ ਅਤੇ ਜ਼ੁਲਮ ਦੇ ਖਾਤਮੇ ਲਈ ਬਲੀਦਾਨ ਕਰ ਦਿਤਾ ਆਪਣੇ ਆਪ ਨੂੰ ਇਹ ਕਾਹਦੇ ਸਿੱਖ ਕਹਾਂਉਂਦੇ ਹਨ। ਇਨ੍ਹਾਂ ਨੇ ਸਿੱਖ ਕੌਮ ਨੂੰ ਬਦਨਾਮ ਕੀਤਾ ਹੋਇਆ ਹੈ ਅਤੇ ਬਦਨਾਮ ਕਰ ਰਹੇ ਹਨ ਔਰ ਇਹ ਬਰ-ਨਾਲਾ ਸਾਹਿਬ ਨੂੰ ਕਹਿੰਦੇ ਹਨ ਕਿ ਇਨ੍ਹਾਂ ਨੂੰ ਸਿੱਖੀ ਵਿਚੋਂ ਛੇਕਿਆ ਹੋਇਆ ਹੈ ਜਦ ਕਿ ਉਹ ਬਚਪਨ ਤੋਂ ਹੀ ਅੰਮ੍ਰਿਤਧਾਰੀ ਹਨ ਅਤੇ ਨਾਮ ਲੇਵਾ ਹਨ। ਜੇਕਰ ਇਹ ਗੁਰੂ ਗੋਬਿੰਦ ਸਿੰਘ ਦੇ ਸਿੱਖ ਹਨ ਤਾਂ ਇਨ੍ਹਾਂ ਨੂੰ ਅਤਿਵਾਦ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਨਿੰਦਾ ਕਰਨੀ ਚਾਹੀਦੀ ਹੈ। ਇਹ ਨਿੰਦਾ ਕਿਉਂ ਨਹੀਂ ਕਰਦੇ ? ਇਨ੍ਹਾਂ ਨੂੰ ਆਪਣੇ ਆਪ ਨੂੰ ਸਿੱਖ ਨਹੀਂ ਕਹਾਉਣਾ ਚਾਹੀਦਾ ਅਤੇ ਨਾ ਹੀ ਇਨ੍ਹਾਂ ਨੂੰ ਸਿੱਖ ਕਹਿਣ ਦਾ ਹੱਕ ਹੈ। ਨਾ ਹੀ ਉਹ ਸਿੱਖ ਹੋ ਸਕਦਾ ਹੈ। ਇਹ ਸਿਰਫ ਸਿੱਖਾਂ ਨੂੰ ਬਦਨਾਮ ਕਰ ਰਹੇ ਹਨ। ਇਹ ਇਸ ਮਸਲੇ ਨੂੰ ਧਿਆਨ ਨਾਲ ਸੋਚਣ ਅਤੇ ਵਿਚਾਰ ਕਰਨ। ਦੋਵੇਂ ਗੱਲਾਂ ਕਦੇ ਇਕੱਠੀਆਂ ਨਹੀਂ ਚਲ ਸਕਦੀਆਂ। ਅੱਤਵਾਦੀ ਅਤੇ ਸੱਤ ਵਾਦੀ ਕਦੇ ਇਕੱਠੇ ਨਹੀਂ ਹੋ ਸਕਦੇ। ਅਗਰ ਤੁਸੀਂ ਸੱਤਵਾਦੀ ਬਣਾਉਣਾ ਚਾਹੁੰਦੇ ਹੋ ਤਾਂ ਤੁਹਾਨੂੰ ਅੱਤਵਾਦ ਦੇ ਖਿਲਾਫ ਲੜਾਈ ਕਰਨੀ ਚਾਹੀਦੀ ਹੈ, ਨਿੰਦਾ ਕਰਨੀ ਚਾਹੀਦੀ ਹੈ ਅਤੇ ਤੁਹਾਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਚਲਾਏ ਪੂਰਨਿਆਂ ਉਤੇ ਚਲਣਾ ਚਾਹੀਦਾ ਹੈ ਅਤੇ ਅੱਤਵਾਦ ਦੇ ਖਾਤਮੇ ਲਈ ਸਾਡੀ ਮੱਦਦ ਕਰਨੀ ਚਾਹੀਦੀ ਹੈ। ਮੈਂ ਇਸ ਪਾਸੇ ਜ਼ਿਆਦਾ ਨਾ ਜਾਂਦਾ ਹੋਇਆ ਫਿਰ ਦੋਬਾਰਾ ਅਰਜ਼ ਕਰਾਂਗਾ ਕਿ ਸਾਨੂੰ ਸਾਰਿਆਂ ਨੂੰ ਰਲ ਕੇ ਜਿਹੜਾ ਅਨੰਦਪੁਰ ਸਾਹਿਬ ਦਾ ਮਤਾ ਹੈ ਉਸ ਨੂੰ ਲਾਗੂ ਕਰਾਉਣ ਵਿਚ ਪੂਰਾ ਯਤਨ ਕਰਨਾ ਚਾਹੀਦਾ ਹੈ। ਜਦ ਤਕ ਅਨੰਦਪੁਰ ਸਾਹਿਬ ਦਾ ਮਤਾ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦਾ ਉਤਨੇ ਚਿਰ ਤਕ ਪੰਜਾਬ ਦਾ ਮਸਲਾ ਹੱਲ ਨਹੀਂ ਹੋ ਸਕਦਾ। ਡਿਪਟੀ ਸਪੀਕਰ ਸਾਹਿਬ, ਅਨੰਦਪੁਰ ਸਾਹਿਬ, ਦੇ ਮਤੇ ਨੂੰ ਲਾਗੂ ਕਰਾਉਣਾ ਕੋਈ ਟੈਰੋਰਿਜ਼ਮ ਨੂੰ ਖੁਸ਼ ਕਰਨਾ ਨਹੀਂ ਹੈ। ਸਗੋਂ ਅਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਾਉਣ ਨਾਲ ਟੈਰੋਰਿਜ਼ਮ ਖਤਮ ਹੋਵੇਗਾ। ਸੈਂਟਰ ਦੀ ਸਰਕਾਰ ਨੂੰ ਪੰਜਾਬ ਨਾਲ ਇਨਸਾਫ ਕਰਨਾ ਚਾਹੀਦਾ ਹੈ। ਇਸ ਲਈ ਮੈਂ ਸਮਝਦਾ ਹਾਂ ਕਿ ਪੰਜਾਬ ਦਾ ਮਸਲਾ ਹੱਲ ਕਰਨਾ ਜਿਸ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਸ਼ਹੀਦੀ ਪਰਾਪਤ

ਕਰ ਗਏ ਹਨ। ਇਹ ਸਮਝੌਤਾ ਲਾਗੂ ਕਰਾਉਣਾ ਬਹੁਤ ਜ਼ਰੂਰੀ ਹੈ। ਇਸ ਵਿਚ ਤੁਹਾਡੇ ਸਾਰਿਆਂ ਦੀ ਮੱਦਦ ਦੀ ਜ਼ਰੂਰਤ ਹੈ। ਜੇਕਰ ਜਿਹੜਾ ਅਕਾਰਡ ਹੋਇਆ ਹੈ, ਉਹ ਪੂਰੀ ਤਰ੍ਹਾਂ ਲਾਗੂ ਨਾ ਹੋਇਆ ਤਾਂ ਪੰਜਾਬ ਦਾ ਨੁਕਸਾਨ ਹੁੰਦਾ ਜਾਵੇਗਾ। ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਦੇ ਯਤਨਾਂ ਨਾਲ ਔਰ ਭਰਪੂਰ ਯਤਨਾ ਨਾਲ 2296 ਅਜਿਹੇ ਫੌਜੀ ਹਨ ਜਿਹੜੇ ਕਿ ਬਹਾਲ ਕਰ ਦਿਤੇ ਗਏ ਹਨ ਔਰ ਬਾਕੀ 266 ਅਜੇ ਵੀ ਜੇਲ੍ਹਾਂ ਵਿਚ ਹਨ। ਸਾਡੀ ਸਰਕਾਰ ਦਾ ਭਰਪੂਰ ਯਤਨ ਹੈ ਕਿ 266 ਫੌਜੀ ਜਿਹੜੇ ਜੇਲ੍ਹਾਂ ਵਿਚ ਹਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਬਹਾਲ ਕਰਾਇਆ ਜਾਏ। ਸਾਨੂੰ ਸਾਰਿਆਂ ਨੂੰ ਰਲ ਕੇ ਇਸ ਬਾਰੇ ਸੈਂਟਰ ਦੀ ਸਰਕਾਰ ਨੂੰ ਕਹਿਣਾ ਚਾਹੀਦਾ ਹੈ। ਇਸ ਮਸਲੇ ਵੱਲ ਸੈਂਟਰ ਦੀ ਸਰਕਾਰ ਪੂਰਾ ਧਿਆਨ ਦੇਵੇ ਅਤੇ ਫੌਜੀਆਂ ਨੂੰ ਆਮ ਮੁਆਫੀ ਦੇ ਕੇ ਛੱਡ ਦਿਤਾ ਜਾਵੇ। ਇਸ ਤਰ੍ਹਾਂ ਪੰਜਾਬ ਦੇ ਜ਼ਖਮਾਂ ਉਤੇ ਮਲ੍ਹਮ ਲਾਉਣ ਦਾ ਕੰਮ ਕੀਤਾ ਜਾਵੇ। ਪੰਜਾਬ ਸਮਝੌਤਾ ਇਨ ਬਿਨ ਲਾਗੂ ਕਰਾਉਣ ਲਈ ਸਾਰਿਆਂ ਦੀ ਮੱਦਦ ਦੀ ਜ਼ਰੂਰਤ ਹੈ। ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਪੰਜਾਬ ਸਰਕਾਰ ਨੇ ਸਰਬਪੱਖੀ ਵਿਕਾਸ ਵੱਲ ਬਹੁਤ ਜ਼ਿਆਦਾ ਹਿੱਸਾ ਪਾਇਆ ਹੈ। ਜਿਸ ਤਰ੍ਹਾਂ ਦੰਗਾ ਪੀੜਤਾਂ ਨੂੰ ਮਕਾਨ ਦੇਣਾ, ਵਿਧਵਾਵਾਂ ਨੂੰ ਮਕਾਨ ਦੇਣਾ ਅਤੇ ਵਿੱਤੀ ਸਹਾਇਤਾ ਦੇਣਾ, ਇਸ ਵਿਚ ਪੰਜਾਬ ਸਰਕਾਰ ਨੇ ਬਹੁਤ ਵਡਮੁੱਲਾ ਹਿੱਸਾ ਪਾਇਆ ਹੈ। ਇਸ ਤੋਂ ਇਲਾਵਾ ਪਿੰਡਾਂ ਦੇ ਵਿਕਾਸ ਲਈ ਗਲੀਆਂ ਨਾਲੀਆਂ ਸੜਕਾਂ ਅਤੇ ਹੋਰ ਵਿਕਾਸ ਦੀਆਂ ਚੀਜ਼ਾਂ ਜਿਵੇਂ ਕਿ ਸ਼ੂਗਰ ਮਿਲਾਂ ਲਗਾਉਣ ਲਈ ਪੰਜਾਬ ਸਰਕਾਰ ਨੇ ਸੈਂਟਰ ਦੀ ਸਰਕਾਰ ਨੂੰ ਲਾਇਸੈਂਸ ਦੇਣ ਵਾਸਤੇ ਬੇਨਤੀ ਕੀਤੀ ਗਈ ਹੈ। ਕਿਸਾਨਾਂ ਨੂੰ ਝੋਨੇ ਦੀ ਫਸਲ ਪਰਾਫਿਟ ਨਹੀਂ ਦੇ ਰਹੀ ਹੈ। ਪੰਜਾਬ ਵਿਚ ਸ਼ੂਗਰਮਿਲਾਂ ਲਾਉਣ ਨਾਲ ਪੰਜਾਬ ਦਾ ਕਿਸਾਨ ਚੰਗੀ ਤਰ੍ਹਾਂ ਤਰੱਕੀ ਕਰ ਸਕਦਾ ਹੈ। ਮੈਨੂੰ ਇੱਕ ਹੋਰ ਗੱਲ ਯਾਦ ਆਈ ਹੈ ਸਾਡੇ ਸੱਜੇ ਪਾਸੇ ਬੈਠੇ ਵੀਰ, ਬਾਦਲ ਸਾਹਿਬ ਵੇਲੇ ਆਲੂਆਂ ਦੀ ਫਸਲ ਵਿਚ ਜਿਸ ਤਰ੍ਹਾਂ ਦਾ ਰੰਗ ਪੀਲਾ ਹੁੰਦਾ ਹੈ, ਉਸ ਦਾ ਰੰਗ ਟਮਾਟਰ ਵਰਗਾ ਲਾਲ ਹੋ ਜਾਂਦਾ ਹੈ। ਸਾਡੀ ਪੰਜਾਬ ਸਰਕਾਰ ਦੀ ਮੱਦਦ ਨਾਲ ਆਲੂਆਂ ਦਾ ਭਾਅ ਕਿਸਾਨਾਂ ਲਈ ਵਧੀਆ ਰਿਹਾ। ਬਾਦਲ ਸਾਹਿਬ ਦੀ ਸਰਕਾਰ ਵੇਲੇ, ਡਿਪਟੀ ਸਪੀਕਰ ਸਾਹਿਬ, ਮੈਂ ਵੀ ਕਿਸਾਨ ਦੇ ਰੂਪ ਵਿਚ ਆਲੂ ਬੀਜੇ ਸੀ। ਪਰ ਹੋਇਆ ਕੀ ? ਆਲੂ ਕਿਸੇ ਨੇ ਚੁੱਕਣ ਦੀ ਖੇਚਲ ਨਾ ਕੀਤੀ। ਇਸ ਦੇ ਲਈ ਕੋਈ ਉਪਰਾਲਾ ਨਾ ਕੀਤਾ ਗਿਆ। ਮੈਂ ਤਾਂ ਆਪਣੇ ਆਲੂ ਪੁੱਟ ਕੇ ਦਰਿਆ ਵਿਚ ਸੁੱਟ ਆਇਆ। ਪਰ ਮੇਰੇ ਗੁਆਂਢੀ ਕੋਲ ਕੋਈ ਸਾਧਨ ਨਹੀਂ ਸੀ। ਕੋਈ ਸਾਧਨ ਨਾ ਹੋਣ ਕਰਕੇ ਉਸਨੇ ਉਥੇ ਹੀ ਆਲੂਆਂ ਦਾ ਢੇਰ ਲਾਇਆ ਹੋਇਆ ਸੀ। ਉਸ ਨੂੰ ਮੈਂ ਪੁਛਿਆ ਕਿ ਤੂੰ ਇਨ੍ਹਾਂ ਦੀ ਰਾਖੀ ਕਿਸ ਗੱਲ ਦੀ ਕਰ ਰਿਹਾ ਹੈਂ ? ਤਾਂ ਉਸ ਨੇ ਕਿਹਾ ਕਿ ਭਾਈ ਸਾਹਿਬ, ਮੈਂ ਰਾਖੀ ਇਸ ਗੱਲ ਦੀ ਕਰ ਰਿਹਾ ਹਾਂ ਕਿ ਹੋਰ ਕੋਈ ਆਲੂ ਲਿਆ ਕੇ ਮੇਰੇ ਢੇਰ ਤੇ ਨਾ ਸੁਟ ਦੇਵੇ। ਇਹ ਬਾਦਲ ਸਰਕਾਰ ਦੀ ਦੇਣ ਸੀ। ਸਾਡੇ ਸੱਜੇ ਪਾਸੇ ਬੈਠੇ ਵੀਰ ਉਨ੍ਹਾਂ ਦੀ ਸਰਕਾਰ ਦੀਆਂ ਘੋੜੀਆਂ ਤਾਂ ਬੜੀਆਂ ਗਾਉਂਦੇ ਹਨ। ਮੈਂ ਕਹਿੰਦਾ ਹਾਂ ਕਿ ਜ਼ਰੂਰ ਗਾਉਣ ਲੇਕਿਨ ਕੁਝ ਕਿਸੇ ਗੱਲ ਦਾ ਅਮਲ ਵੀ ਹੋਣਾ ਚਾਹੀਦਾ ਹੈ। ਇਹ ਬੜੀ ਜ਼ਰੂਰੀ ਗੱਲ ਹੈ। ਹੋਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੱਲ ਇਥੇ ਅਤਿਵਾਦ ਤੇ ਬਹਿਸ ਹੋ ਰਹੀ ਸੀ ਜਿਸ ਵਿਚ ਸਾਡੇ ਇਨ੍ਹਾਂ ਭਰਾਵਾਂ ਨੇ ਇਕ ਗੱਲ ਵੀ ਨਹੀਂ ਕਹੀ। ਜਿਸ ਤਰ੍ਹਾਂ 11 ਤਾਰੀਖ ਨੂੰ ਬਾਅਦ ਦੁਪਹਿਰ ਦੇ ਸ਼ੋਕ ਮਤੇ ਵਿਚ ਇਹ ਸ਼ਾਮਲ ਨਹੀਂ ਹੋਏ, ਏਸੇ ਤਰ੍ਹਾਂ ਅਤਿਵਾਦ ਦੇ ਖਿਲਾਫ ਕੋਈ ਗੱਲ ਨਹੀਂ ਕਹੀ। ਇਨ੍ਹਾਂ ਨੂੰ ਇਕ ਪਾਸੇ ਜ਼ਰੂਰ ਲਗ ਜਾਣਾ ਚਾਹੀਦਾ ਹੈ। ਇਹ ਜੇ ਨਾ ਲਗਣਗੇ ਤਾਂ ਇਹ ਆਪਣੀ ਹੋਂਦ ਵੀ ਖਤਮ ਕਰ ਲੈਣਗੇ। ਸਾਡੀ ਸਰਕਾਰ ਨੇ, ਅੱਜ ਜਿਸ ਤਰ੍ਹਾਂ ਮੇਰੇ ਵੀਰ ਨੇ ਦਸਿਆ ਹੈ, 300 ਸਕੂਲ ਅਪਗਰੇਡ ਕੀਤੇ ਹਨ। 300 ਸਕੂਲ ਅਪਗ੍ਰੇਡ ਜਿਹੜੇ ਕੀਤੇ ਹਨ, ਉਹ ਸਾਰੇ ਪੰਜਾਬ ਵਿਚ ਵੰਡੇ

[ਸਰਦਾਰ ਬਚਨ ਸਿੰਘ]

ਗਏ। ਪਰ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹਵਾਂਗਾ ਕਿ ਇਨ੍ਹਾਂ ਸਕੂਲਾਂ ਦੀ ਵੰਡ ਠੀਕ ਨਹੀਂ ਹੋਈ। ਉਹ ਸਾਨੂੰ ਠੀਕ ਕਰਨੀ ਚਾਹੀਦੀ ਹੈ ਕਿਉਂਕਿ ਉਸ ਵੇਲੇ ਦੇ ਸਾਡੇ ਜਿਹੜੇ ਮੰਤਰੀ ਸਨ, ਜਿਹੜੇ ਅੱਜ ਕਲ੍ਹ ਸਾਬਕਾ ਮੰਤਰੀ ਹਨ, ਉਹ ਤਾਂ ਆਪਣੀ ਜ਼ਮੀਰ ਦੀ ਅਵਾਜ਼ ਵਿੱਚ ਹੀ ਰੁਝੇ ਹੋਏ ਸਨ, ਜਿਸ ਕਰਕੇ ਇਹ ਵੰਡ ਠੀਕ ਨਹੀਂ ਕੀਤੀ ਗਈ। ਉਨ੍ਹਾਂ ਮੈਨੂੰ ਵੀ ਲਾਰਾ ਲੱਪਾ ਲਾ ਦਿਤਾ ਸੀ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਸਕੂਲਾਂ ਦੀ ਵੰਡ ਵੱਲ ਪੂਰਨ ਧਿਆਨ ਦੇ ਕੇ ਸਾਰੇ ਹਲਕਿਆਂ ਨੂੰ ਤਰਤੀਬਵਾਰ ਵੰਡ ਕੇ ਸਕੂਲ ਦੇਣ। ਸਾਡੀ ਸਰਕਾਰ ਨੇ ਬਹੁਤ ਵੱਡਾ ਹਿੱਸਾ ਪਾ ਕੇ ਪੰਜਾਬ ਨੂੰ ਅੱਗੇ ਲਿਜਾਣ ਲਈ ਪੂਰਨ ਯੋਗਦਾਨ ਪਾਇਆ ਹੈ। ਮੈਂ ਹੋਰ ਜ਼ਿਆਦਾ ਨਾ ਕਹਿੰਦਾ ਹੋਇਆ ਆਪਣੇ ਮਾਨਯੋਗ ਮੈਂਬਰ ਦੇ ਰੱਖੇ ਹੋਏ ਮਤੇ ਤੇ ਆਪਣੇ ਵਿਚਾਰ ਦੇਂਦਾ ਹੋਇਆ ਅਤੇ ਉਸ ਦੀ ਪ੍ਰੋੜ੍ਹਤਾ ਕਰਦਾ ਹੋਇਆ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜਾ ਸਰਦਾਰ ਜੌਹਰ ਸਿੰਘ ਜੀ ਵੱਲੋਂ ਮਤਾ ਰਖਿਆ ਗਿਆ ਹੈ, ਇਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਜਾਵੇ। ਧੰਨਵਾਦ।(ਥੰਪਿੰਗ)

Mr. Deputy Speaker : Motion moved—

"That an Address be presented to the Governor in the following terms :—

"That the Members of this House assembled in this Session are deeply grateful to the Governor for the address which he has been pleased to deliver to the House on the 11th March, 1987."

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਆਨ ਏ ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ। ਲੀਡਰ ਆਫ ਦੀ ਆਪੋਜ਼ੀਸ਼ਨ ਬੋਲਣ ਲਗੇ ਹਨ, ਇਹ ਬੜੀ ਇੰਪਾਰਟੈਂਟ ਗੱਲ ਹੈ। ਇਥੇ ਸੀ. ਐਮ. ਸਾਹਿਬ ਨੂੰ ਜਾਂ ਡਿਪਟੀ ਸੀ. ਐਮ. ਸਾਹਿਬ ਨੂੰ ਜ਼ਰੂਰ ਹੋਣਾ ਚਾਹੀਦਾ ਹੈ। ਅੱਜ ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ।

ਸੂਚਨਾ ਅਤੇ ਲੋਕ ਸੰਪਰਕ ਮੰਤਰੀ : ਮੈਂ ਬੈਠਾ ਹੋਇਆ ਹਾਂ। ਸੀ. ਐਮ. ਸਾਹਿਬ ਆ ਰਹੇ ਹਨ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਨਹੀਂ ਜੀ, ਸੀ. ਐਮ. ਸਾਹਿਬ ਜਾਂ ਡਿਪਟੀ ਸੀ. ਐਮ. ਸਾਹਿਬ ਨੂੰ ਇਥੇ ਹੋਣਾ ਚਾਹੀਦਾ ਹੈ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੇ ਸਿਰਫ 13 ਬੰਦੇ ਬੈਠੇ ਹਨ।

ਸ਼੍ਰੀ ਡਿਪਟੀ ਸਪੀਕਰ : ਕੋਰਮ ਪੂਰਾ ਹੈ। ਕੋਰਮ ਪੂਰਾ ਹੋਣਾ ਚਾਹੀਦਾ ਹੈ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ (ਮੁਕਤਸਰ) : ਡਿਪਟੀ ਸਪੀਕਰ ਸਾਹਿਬ, ਅੱਜ ਗਵਰਨਰ ਸਾਹਿਬ ਦੇ ਐਡਰੈਸ ਤੇ ਧੰਨਵਾਦ ਦਾ ਮੋਸ਼ਨ ਮੂਵ ਹੋਇਆ ਹੈ। ਮੈਂ ਗਵਰਨਰ ਸਾਹਿਬ ਦੀ ਧੰਨਵਾਦੀ ਹਾਂ ਅਤੇ ਇਸ ਮੋਸ਼ਨ ਦਾ ਸਮਰਥਨ ਕਰਨ ਵਾਸਤੇ ਖੜ੍ਹੀ ਹੋਈ ਹਾਂ। ਉਨ੍ਹਾਂ ਜਿਹੜਾ ਭਾਸ਼ਣ ਪੰਜਾਬ ਵਿਧਾਨ ਸਭਾ ਵਿੱਚ ਬੁੱਧਵਾਰ ਨੂੰ ਮਿਤੀ 11 ਮਾਰਚ, 1987 ਨੂੰ ਦਿਤਾ ਸੀ ਉਸ ਰਾਹੀਂ ਉਨ੍ਹਾਂ ਨੇ ਪੰਜਾਬ ਦੇ ਮਿਹਨਤਕਸ਼ ਅਤੇ ਸਾਹਸੀ ਤੇ ਦੇਸ਼ਭਗਤ ਲੋਕਾਂ ਨੂੰ ਵੀ ਸ਼ੁਭ ਕਾਮਨਾਵਾਂ ਭੇਜੀਆਂ

ਹਨ। ਅਗਰ ਇਸ ਐਡਰੈਸ ਨੂੰ ਦੇਖਿਆ ਜਾਏ ਤਾਂ ਤਕਰੀਬਨ 8 ਸਫਿਆਂ ਤਕ ਜੋ ਅੱਜ ਕਲ੍ਹ ਦੇ ਹਾਲਾਤ ਹਨ, ਜਿਸ ਵਿਚੋਂ ਦੀ ਪੰਜਾਬ ਗੁਜ਼ਰ ਰਿਹਾ ਹੈ, ਉਸ ਦੇ ਬਾਰੇ ਹੀ ਜ਼ਿਕਰ ਕੀਤਾ ਗਿਆ ਹੈ। ਮੈਂ ਵੀ ਜਿਹੜਾ ਇਨ੍ਹਾਂ ਨੇ ਪੇਜ 1 ਤੇ ਪੈਰਾ 3 ਵਿਚ ਜ਼ਿਕਰ ਕੀਤਾ ਹੈ, ਉਹ ਕੋਟ ਕਰਦੀ ਹਾਂ।

The Governor in his Address at page-1 para-3, says :

"India today is faced with an attack, particularly in our dear Punjab, from certain forces, who want to destroy the established pattern of our political institutions and thinking to dilute totally our firm commitment to secularism through sanctions in the name of religion, in order to achieve their political or anti-national ends".

Then he says :

"My Government will not allow any such thing to happen and it will resist these forces stubbornly and with determination".

ਇਹ ਦੇਖਦਿਆਂ ਹੋਇਆਂ ਔਰ ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਵਿਦੇਸ਼ੀ ਤਾਕਤਾਂ ਦਾ ਜ਼ਿਕਰ ਕੀਤਾ ਹੈ ਔਰ ਵਿਦੇਸ਼ੀ ਤਾਕਤਾਂ ਕਿਸ ਤਰ੍ਹਾਂ ਕੰਮ ਕਰ ਰਹੀਆਂ ਹਨ। ਉਹ ਚਾਹੁੰਦੀਆਂ ਨਹੀਂ ਹਨ ਕਿ ਹਿੰਦੁਸਤਾਨ ਤਰੱਕੀ ਕਰੇ ਹਿੰਦੁਸਤਾਨ ਦੀ ਤਾਕਤ ਬੜ੍ਹੇ ਔਰ ਖਾਸ ਕਰਕੇ ਹਿੰਦੁਸਤਾਨ ਲੀਡਰ ਹੈ ਨਾਨ-ਅਲਾਈਂਡ ਮੂਵਮੈਂਟ ਦਾ ਇਹ ਬਰਦਾਸ਼ਤ ਨਹੀਂ ਕਰਦੀਆਂ ਔਰ ਸਾਡੇ ਗਵਾਂਢੀ ਦੇਸ਼ ਦੇ ਰਾਹੀਂ ਸਾਡੇ ਪੰਜਾਬ ਵਿਚ ਗੜਬੜ ਕਰਾ ਰਹੀਆਂ ਹਨ। ਨਤੀਜਾ ਇਹ ਹੈ ਕਿ ਇਥੇ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਤੁਸੀਂ ਦੇਖ ਰਹੇ ਹੋ। ਕੋਈ ਵੀ ਸਰਕਾਰ ਹੋਵੇ ਉਸ ਦਾ ਪਹਿਲਾ ਫਰਜ਼ ਹੈ ਲੋਕਾਂ ਦੀ ਜਾਨ ਔਰ ਮਾਲ ਦੀ ਰਾਖੀ ਕਰੇ। ਦੇਖਣ ਵਾਲੀ ਇਹ ਚੀਜ਼ ਹੈ ਕਿ ਆਇਆ ਇਥੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਹੋ ਰਹੀ ਹੈ। ਰੋਜ਼ ਅਖਬਾਰਾਂ ਵਿਚ ਖਬਰਾਂ ਪੜ੍ਹਦੇ ਹੋ ਸਵੇਰੇ ਉਠਦਿਆਂ ਹੀ ਸਭ ਤੋਂ ਪਹਿਲਾਂ ਜੋ ਕੋਈ ਵਾਕਿਆ ਪੰਜਾਬ ਵਿਚ 24 ਘੰਟਿਆਂ ਵਿਚ ਹੋਇਆ ਹੁੰਦਾ ਹੈ ਉਹ ਤੁਹਾਡੇ ਸਾਹਮਣੇ ਆ ਜਾਂਦਾ ਹੈ। ਦੋ ਦਿਨਾਂ ਤੋਂ ਖਬਰਾਂ ਅੰਮ੍ਰਿਤਸਰ ਬਾਰੇ ਆ ਰਹੀਆਂ ਹਨ ਕਿ ਕਿਸ ਤਰ੍ਹਾਂ ਨਾਲ ਖਾਲਸਾ ਕਾਲਜ ਦੇ ਸਟੂਡੈਂਟਸ ਨੇ ਪੁਲਿਸ ਤੇ ਬਰਿਕ ਬੈਟਿੰਗ ਕੀਤੀ ਔਰ ਗੋਲੀ ਚਲੀ। ਅਖਬਾਰ ਲਿਖਦਾ ਹੈ ਕਿ 90 ਮਿੰਟ ਤਕ ਗੋਲੀ ਚੱਲੀ ਪਰ ਪਤਾ ਨਹੀਂ ਕਿ 90 ਮਿੰਟ ਚਲੀ ਜਾਂ ਥੋੜ੍ਹੀ ਚਲੀ ਇਸ ਵਿਚ ਕਾਲਜ ਦੇ ਪ੍ਰਿੰਸੀਪਲ ਸਾਹਿਬ ਜ਼ਖਮੀ ਹੋਏ। ਇਸੇ ਤਰ੍ਹਾਂ ਫਿਰ ਖਬਰ ਆਈ ਕਿ ਗੁਲਸ਼ਨ ਰਾਏ, ਸਕੱਤਰ, ਕਾਂਗਰਸ (ਸਿਟੀ) ਦੀ ਹੱਤਿਆ ਕੀਤੀ ਗਈ। ਇਸ ਤੇ ਵਿਚਾਰ ਕਰਨਾ ਬਹੁਤ ਜ਼ਰੂਰੀ ਹੈ। ਪੇਜ 8 ਤੇ ਜੋ ਅਚੀਵਮੈਂਟਸ ਸਰਕਾਰ ਦੀਆਂ ਹਨ, ਉਸ ਬਾਰੇ ਜ਼ਿਕਰ ਕੀਤਾ ਗਿਆ ਹੈ। ਅਚੀਵਮੈਂਟਸ ਬਹੁਤ ਅੱਛੀਆਂ ਹਨ। ਪਰ ਬਾਵਜੂਦ ਇਸ ਦੇ ਲੋਕਾਂ ਦਾ ਧਿਆਨ ਲਾਅ ਐਂਡ ਆਰਡਰ ਤੇ ਲਗਾ ਹੋਇਆ ਹੈ।

[11-40 ਸਵੇਰੇ] (ਇਸ ਸਮੇਂ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਪਿਛੇ ਜਿਹੇ ਲੁਧਿਆਣਾ ਵਿਚ ਡਾਕਾ ਪਿਆ ਔਰ 5.70 ਕਰੋੜ ਰੁਪਿਆ ਲੁਟਿਆ ਗਿਆ। ਇਸ ਨੇ ਸਾਰੇ ਹਿੰਦੁਸਤਾਨ ਨੂੰ ਹਿਲਾ ਕੇ ਰੱਖ ਦਿਤਾ। ਕੀ ਕੀ ਕੁਝ ਉਥੇ ਹੋਇਆ ਹੈ ਉਸ ਬਾਰੇ ਤੁਸੀਂ ਸਾਰੇ ਜਾਣਦੇ ਹੋ। ਸਭ ਤੋਂ ਵੱਡੀ ਹੈਰਾਨੀ ਦੀ ਗੱਲ ਇਹ ਹੈ ਕਿ ਉਹ ਬੜੇ ਅਰਾਮ ਨਾਲ ਆਪਣਾ ਕੰਮ ਕਰਦੇ ਰਹੇ। ਦੁਨੀਆਂ ਵਿਚ ਡਾਕੇ ਪੈਂਦੇ ਹਨ ਲੇਕਿਨ ਉਹ ਮਿੰਟਾਂ ਸਕਿੰਟਾਂ ਵਿਚ ਆ ਕੇ ਚਲੇ ਜਾਂਦੇ ਹਨ ਲੇਕਿਨ ਲੁਧਿਆਣਾ ਵਿਚ ਪੌਣੇ ਦੋ ਘੰਟੇ ਉਹ ਕਾਰਵਾਈ ਕਰਦੇ ਰਹੇ। ਟਰੱਕ ਲੈ ਕੇ ਬੋਰੀਆਂ ਵਿਚ ਨੋਟ ਭਰਦੇ ਰਹੇ, ਇਕ, ਦੋ ਰੁਪਏ ਦੇ ਨੋਟ ਨਹੀਂ ਬਲਕਿ 100 ਰੁਪਏ ਦੇ ਨੋਟ ਜਾਂ 50 ਰੁਪਏ ਦੇ ਨੋਟ ਬੋਰੀਆਂ ਵਿਚ ਭਰਦੇ ਰਹੇ। ਜਦੋਂ ਬੋਰੀਆਂ ਖਤਮ ਹੋ ਗਈਆਂ ਤਾਂ ਕੰਬਲਾਂ ਵਿਚ, ਰਜ਼ਾਈਆਂ ਦੇ ਗਲਾਫਾਂ ਵਿਚ ਨੋਟ ਭਰਦੇ ਰਹੇ। ਮੇਰੀ ਇਨਫਰਮੇਸ਼ਨ ਹੈ ਕਿ ਸਾਇਰਨ 15 ਮਿੰਟ ਵਜਦਾ ਰਿਹਾ ਪਰ ਕੋਈ

[ਸਰਦਾਰਨੀ ਗੁਰਬਿੰਦਰ ਕੌਰ ਬਰਾੜ]

ਪੁਲਿਸ ਉਥੇ ਨਹੀਂ ਆਈ। ਜਦੋਂ ਉਹ ਚਲੇ ਗਏ ਤਾਂ ਫਿਰ ਪੁਲਿਸ ਆਈ ਔਰ ਬੜੀ ਹੈਰਾਨੀ ਦੀ ਗੱਲ ਹੈ ਕਿ ਪੌਣੇ ਦੋ ਘੰਟੇ ਉਹ ਕਾਰਵਾਈ ਕਰਦੇ ਰਹੇ ਔਰ ਪੁਲਿਸ ਨਹੀਂ ਪਹੁੰਚੀ। ਜੇਕਰ ਪੁਲਿਸ ਉਸ ਵੇਲੇ ਪਹੁੰਚ ਜਾਂਦੀ ਤਾਂ ਲੋਕ ਵੀ ਨਾਲ ਮਿਲ ਜਾਂਦੇ ਔਰ ਉਹ ਜ਼ਰੂਰ ਪਕੜੇ ਜਾਣੇ ਸੀ। ਪੁਲਿਸ ਨੇ ਕਹਿ ਦਿਤਾ ਕਿ ਉਨ੍ਹਾਂ ਦਾ ਕੋਈ ਸੁਰਾਗ ਨਹੀਂ ਮਿਲਦਾ। ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਓ ਕਿ ਲੋਕ ਕਿੰਨੇ ਭੈ-ਭੀਤ ਹੋ ਗਏ ਹਨ, ਕੋਈ ਉਨ੍ਹਾਂ ਦੇ ਨਜ਼ਦੀਕ ਨਹੀਂ ਫਟਕਿਆ। ਅਗਰ ਪੁਲਿਸ ਲੋਕਾਂ ਦੇ ਨਾਲ ਮਿਲ ਕੇ ਕੰਮ ਕਰਦੀ ਤਾਂ ਉਹ ਲੋਕ ਪਕੜੇ ਜਾਣੇ ਸੀ। ਪਿਛਲੇ ਸੈਸ਼ਨ ਵਿਚ ਜ਼ਿਕਰ ਕੀਤਾ ਗਿਆ ਸੀ ਕਿ ਖੁਡਾ ਵਿਖੇ ਕਾਂਡ ਹੋਇਆ ਹੁਸ਼ਿਆਰ-ਪੁਰ ਦੇ ਨਜ਼ਦੀਕ। ਉਥੇ ਇਕ ਕਮਿਊਨਿਟੀ ਦੇ ਬੰਦਿਆਂ ਨੂੰ ਮਾਰਿਆ ਗਿਆ, ਕਿੰਨੀ ਦਰਦਨਾਕ ਘਟਨਾ ਸੀ। ਤੁਸੀਂ ਸੋਚੋ ਕਿ ਉਨ੍ਹਾਂ 22 ਘਰਾਂ ਵਿਚ ਕੀ ਹਾਲ ਹੋਇਆ ਹੋਵੇਗਾ। ਕਲ੍ਹ ਹੀ ਚੀਫ ਮਨਿਸਟਰ ਸਾਹਿਬ ਨੇ ਮੁਕਤਸਰ ਦੇ ਕਾਂਡ ਦਾ ਜ਼ਿਕਰ ਕੀਤਾ ਸੀ, ਜਿਸ ਵਿਚ 14 ਆਦਮੀ ਮਾਰੇ ਗਏ। ਕੁਝ ਦੂਸਰੀ ਪਾਰਟੀ ਦੇ (Break away group) ਲੋਕ ਉਨ੍ਹਾਂ ਦੇ ਭੋਗਾਂ ਤੇ ਜਾਂਦੇ ਹਨ। ਉਨ੍ਹਾਂ ਨੂੰ ਰਿਸਪੈਕਟੇਬਿਲਿਟੀ ਦਿਵਾਉਣ ਦੀ ਕੋਸ਼ਿਸ਼ ਕਰਦੇ ਹਨ। ਲੀਡਰ ਆਫ ਦੀ ਹਾਊਸ ਦੇ ਲਫਜ਼ ਸਨ ਕਿ ਜਦ ਤੁਸੀਂ ਉਨ੍ਹਾਂ ਨੂੰ ਇਨਕਰੇਜ ਕਰਦੇ ਹੋ ਤਾਂ ਉਨ੍ਹਾਂ ਦੇ ਹੌਂਸਲੇ ਵੱਧ ਜਾਂਦੇ ਹਨ। ਮੈਂ ਉਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹਾਂ।

ਸਪੀਕਰ ਸਾਹਿਬ, ਪਿਛੇ ਮੈਨੂੰ ਕਹਿਣ ਦਾ ਮੌਕਾ ਮਿਲਿਆ, ਤੁਸੀਂ ਸੁਣਿਆ ਹੋਣਾ ਹੈ, ਮਾਂਗਟ ਸਾਹਿਬ ਦੇ ਲੜਕੇ ਡਾਕਟਰ ਮਾਂਗਟ ਨੂੰ ਮਾਰਿਆ ਗਿਆ ਹੈ। ਉਹ ਨੌਜਵਾਨ ਸੀ। ਉਸ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਸੀ। ਕਿਸ ਤਰ੍ਹਾਂ ਉਸ ਨੂੰ ਕਤਲ ਕੀਤਾ ਗਿਆ। ਉਸ ਦੀ ਵਾਈਫ ਨੂੰ ਜਦੋਂ ਮੈਂ ਦੇਖਿਆ, ਉਸ ਦੀਆਂ ਅੱਖਾਂ ਵਿਚ ਕਿਤਨੀ ਨਿਰਾਸ਼ਾ ਸੀ, ਉਸ ਨੂੰ ਦੇਖ ਕੇ ਮਨ ਕੰਬ ਜਾਂਦਾ ਹੈ। ਉਹ ਨੌਜਵਾਨ ਲੜਕੀ ਹੈ ਅਤੇ ਸ਼ਾਦੀ ਹੋਈ ਨੂੰ ਸਾਲ ਨਹੀਂ ਸੀ ਹੋਇਆ, ਪਰ ਉਸ ਉੱਤੇ ਐਡਾ ਵੱਡਾ ਜ਼ੁਲਮ ਢਾਇਆ ਗਿਆ। ਉਸ ਸਾਰੀ ਜ਼ਿੰਦਗੀ ਇਸ ਸਮਾਜ ਵਿਚ ਰਹਿਣਾ ਹੈ, ਸਮਾਜ ਦਾ ਸਾਹਮਣਾ ਕਰਨਾ ਹੈ। ਸੋ, ਸਪੀਕਰ ਸਾਹਿਬ, ਇਹ ਚੰਦ ਮਿਸਾਲਾਂ ਹਨ। ਪ੍ਰੋਫੈਸਰ ਸਹਿਗਲ ਨੂੰ ਕਿਸ ਤਰ੍ਹਾਂ ਮਾਰਿਆ ਗਿਆ। ਫਿਰ ਇਸ ਤਰੀਕੇ ਨਾਲ ਮਾਰੀ ਜਾਂਦੇ ਹਨ ਕਿ ਹਿੰਦੂ ਸਿੱਖਾਂ ਦੀ ਆਪਸ ਵਿਚ ਲੜਾਈ ਹੋਵੇ। ਪਰ ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਹਿੰਦੂਆਂ ਅਤੇ ਸਿੱਖਾਂ ਦੀ ਰੋਟੀ ਬੇਟੀ ਦੀ ਸਾਂਝ ਹੈ। ਐਨਾ ਕੁਝ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੀ ਆਪਸ ਵਿਚ ਲੜਾਈ ਨਹੀਂ ਲੇਕਿਨ ਫਰਕ ਜ਼ਰੂਰ ਪਿਆ ਹੈ ਇਹ ਮੈਂ ਮੰਨਣ ਨੂੰ ਤਿਆਰ ਹਾਂ।

ਸਰਦਾਰ ਸੁਖਦੇਵ ਸਿੰਘ ਢੀਂਡਸਾ ਨੇ ਕੱਲ ਆਪਣੀ ਸਪੀਚ ਵਿਚ ਕਿਹਾ ਕਿ ਤੁਸੀਂ ਅਕਾਲ ਤਖਤ ਨਾਲ ਲੜਨ ਦੀ ਕੋਸ਼ਿਸ਼ ਕਰ ਰਹੇ ਹੋ। ਢੀਂਡਸਾ ਜੀ, ਮੈਂ ਤੁਹਾਨੂੰ ਯਕੀਨ ਦਿਵਾਉਂਦੀ ਹਾਂ ਕਿ ਸੈਂਟਰ ਜਾਂ ਪ੍ਰਧਾਨ ਮੰਤਰੀ ਦੀ ਕੋਈ ਕੋਸ਼ਿਸ਼ ਨਹੀਂ ਹੈ ਅਕਾਲ ਤਖਤ ਨਾਲ ਲੜਨ ਦੀ। ਅਕਾਲ ਤਖਤ ਬਹੁਤ ਉਚੀ ਸਚੀ ਚੀਜ਼ ਹੈ। ਤੁਸੀਂ ਅਕਾਲ ਤਖਤ ਨੂੰ ਇਸ ਵਿਚ ਨਾ ਲਿਆਓ। ਅਕਾਲ ਤਖਤ ਦੀ ਸਿੱਖ ਹੀ ਨਹੀਂ ਸਾਰੇ ਹਿੰਦੂ ਅਤੇ ਮੁਸਲਮਾਨ ਇੱਜ਼ਤ ਕਰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਸਾਈਂ ਮੀਆਂ ਮੀਰ ਪਾਸੋਂ ਨੀਂਹ ਰਖਾਈ ਸੀ। ਇਸ ਲਈ ਅਕਾਲ ਤਖਤ ਨੂੰ ਤੁਸੀਂ ਇਸ ਵਿਚ ਨਾ ਲਿਆਓ। ਅਕਾਲ ਤਖਤ ਨੂੰ ਤੁਸੀਂ ਪਾਲਿਟਿਕਸ ਵਿਚ ਨਾ ਲਿਆਓ। ਅਕਾਲ ਤਖਤ ਦਾ ਨਾਮ ਇਸ ਤਰ੍ਹਾਂ ਪੋਲਿਟਿਕਸ ਵਿਚ ਲਿਆਉਣਾ ਠੀਕ ਨਹੀਂ ਹੈ ਫਿਰ ਤੁਸੀਂ ਕਿਹਾ ਕਿ ਅਗਰ ਇਸ ਤਰ੍ਹਾਂ ਹੋਇਆ ਤਾਂ ਸਿਵਲ ਵਾਰ ਹੋ ਜਾਵੇਗੀ। ਤੁਸੀਂ ਇਸ ਤਰ੍ਹਾਂ ਦੇ ਡਰਾਵੇ ਹੋਰ

ਕਿਸੇ ਨੂੰ ਦਿਓ। (ਥੰਪਿੰਗ) ਮੈਂ ਬੇਨਤੀ ਕਰਾਂਗੀ ਕਿ ਤੁਸੀਂ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਪਿਛੇ ਰੱਖੋ।

ਪਿਛੇ ਜਿਹੇ ਤੁਹਾਨੂੰ ਪਤਾ ਹੈ ਕਿ ਇਨ੍ਹਾਂ ਨੇ ਕਾਂਗਰਸ ਦੇ ਲੀਡਰਾਂ ਉਤੇ ਅਟੈਕ ਕਰਨੇ ਸ਼ੁਰੂ ਕਰ ਦਿੱਤੇ। ਜੋਗਿੰਦਰ ਪਾਲ ਪਾਂਡੇ ਜੀ ਨੂੰ ਲੁਧਿਆਣਾ ਵਿਚ ਦਿਨ ਦਿਹਾੜੇ ਮਾਰਿਆ ਗਿਆ। ਉਥੇ ਪੈਟਰੋਲ ਪੰਪ ਦੇ ਥੋੜੀ ਦੂਰ ਹੀ ਪੁਲਿਸ ਸਟੇਸ਼ਨ ਹੈ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਬਾਡੀ ਗਾਰਡ 20-22 ਸਾਲ ਦਾ ਜਵਾਨ ਬੈਠਾ ਸੀ, ਉਸ ਨੂੰ ਮਾਰਿਆ ਗਿਆ। ਸਿੱਖ ਵੀ ਮਾਰੇ ਜਾ ਰਹੇ ਹਨ। ਅਸੀਂ ਇਹ ਨਹੀਂ ਕਹਿ ਸਕਦੇ ਕਿ ਇਕੱਲੇ ਹਿੰਦੂ ਹੀ ਮਾਰੇ ਜਾ ਰਹੇ ਹਨ, ਸਿੱਖ ਵੀ ਮਾਰੇ ਜਾ ਰਹੇ ਹਨ। ਕੋਈ ਸ਼ਹਿਰੀ ਜਾਂ ਪੇਂਡੂ ਸੁਰੱਖਿਅਤ ਨਹੀਂ ਮਹਿਸੂਸ ਕਰ ਰਿਹਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗੀ ਕਿ ਤੁਸੀਂ ਤਕੜੇ ਹੋ ਕੇ ਇਸ ਦਾ ਮੁਕਾਬਲਾ ਕਰੋ। ਕੱਲ੍ਹ ਰੂਲਿੰਗ ਗਰੁੱਪ ਵਲੋਂ ਜਿਹੜੀਆਂ ਸਪੀਚਾਂ ਹੋਈਆਂ, ਉਹ ਕਾਫੀ ਹੌਂਸਲੇ ਵਾਲੀਆਂ ਸਨ। ਖਿਆਲਾ ਸਾਹਿਬ ਨੇ ਤਾਂ ਕਮਾਲ ਹੀ ਕਰ ਦਿਤੀ ਸੀ। ਉਨ੍ਹਾਂ ਨੇ ਬੜੇ ਤਕੜੇ ਹੋ ਕੇ ਹੌਂਸਲੇ ਨਾਲ ਸਪੀਚ ਕੀਤੀ ਸੀ ਅਤੇ ਕਿਹਾ ਕਿ ਅਸੀਂ ਮਰਨ ਮਾਰਨ ਨੂੰ ਤਿਆਰ ਹਾਂ ਪਰ ਅਤਿਵਾਦ ਨਹੀਂ ਚੱਲਣ ਦੇਣਾ।

ਪਿਛੇ ਜਿਹੇ ਕਾਮਰੇਡਾਂ ਉਤੇ ਬੜੇ ਜ਼ੁਲਮ ਹੋਏ। ਕਾਮਰੇਡ ਕਨੇਡੀਅਨ ਦਾ ਨਾਮ ਅਸੀਂ ਛੋਟੇ ਛੋਟੇ ਹੁੰਦੇ ਸੁਣਦੇ ਰਹੇ ਹਾਂ। ਉਹ ਵੀਰ ਬੜੇ ਦੇਸ਼ ਭਗਤ ਸਨ। ਫਿਰ ਕਾਮਰੇਡ ਚੰਨਣ ਸਿੰਘ ਧੂਤ ਜੀ ਹਨ। ਉਨ੍ਹਾਂ ਨੂੰ ਵੀ ਮਾਰਿਆ ਗਿਆ। ਜਦੋਂ ਉਨ੍ਹਾਂ ਦਾ ਭੋਗ ਪਿਆ ਤਾਂ ਬਹੁਤ ਗਿਣਤੀ ਵਿਚ ਲੋਕ ਉਥੇ ਪਹੁੰਚੇ ਸਨ। ਪਿੰਡ ਵਿਚ ਕਿੰਨੀ ਕੁ ਦੁਨੀਆਂ ਇਕੱਠੀ ਹੋ ਸਕਦੀ ਹੈ ਪਰ ਉਨ੍ਹਾਂ ਦੇ ਭੋਗ ਸਮੇਂ ਬਹੁਤ ਲੋਕ ਉਥੇ ਇਕੱਠੇ ਹੋਏ ਸਨ। ਉਥੇ ਲੋਕਾਂ ਨੂੰ ਕੋਈ ਟਰੱਕਾਂ ਵਿਚ ਨਹੀਂ ਸੀ ਲਿਆਂਦਾ ਗਿਆ। ਉਨ੍ਹਾਂ ਨੂੰ ਇਕੱਠੇ ਨਹੀਂ ਕੀਤਾ ਗਿਆ ਲੇਕਿਨ ਲੋਕ ਆਪਣੀ ਮਰਜ਼ੀ ਦੇ ਨਾਲ ਉਥੇ ਸਾਰੇ ਆਏ। ਉਹ ਦੱਸਣਾ ਚਾਹੁੰਦੇ ਸਨ ਕਿ ਉਹ ਇਸ ਅਤਿਵਾਦ ਨੂੰ ਖਤਮ ਕਰਨਾ ਚਾਹੁੰਦੇ ਹਨ।

ਕੱਲ੍ਹ ਤੁਹਾਨੂੰ ਪਤਾ ਹੈ ਕਿ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਇਥੇ ਹਾਊਸ ਵਿਚ ਰੈਜ਼ੋਲਿਊਸ਼ਨ ਪੇਸ਼ ਕੀਤਾ ਸੀ, ਉਸ ਉਤੇ ਬੜੀ ਅੱਛੀ ਤਰ੍ਹਾਂ ਬਹਿਸ ਹੋਈ ਸੀ। ਪਰ, ਸਪੀਕਰ ਸਾਹਿਬ, ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਜਿਹੜੇ ਕੁਲੀਗ ਖੱਬੇ ਪਾਸੇ ਬੈਠੇ ਹਨ, ਸਪੀਕਰ ਸਾਹਿਬ, ਤੁਹਾਡੇ ਉਹ ਸਾਹਮਣੇ ਬੈਠੇ ਹਨ, ਉਹ ਉਸ ਵਕਤ ਸਾਡੇ ਨਾਲ ਸ਼ਾਮਲ ਨਹੀਂ ਹੋਏ। ਜਦੋਂ ਵੋਟਿੰਗ ਦਾ ਟਾਈਮ ਸੀ ਤਾਂ ਉਨ੍ਹਾਂ ਨੂੰ ਉਸ ਵਿਚ ਸ਼ਾਮਲ ਹੋਣਾ ਚਾਹੀਦਾ ਸੀ। ਪਰ ਉਹ ਸ਼ਾਮਿਲ ਨਹੀਂ ਹੋਏ। ਫਿਰ ਇਥੇ ਕਿਸ ਤਰ੍ਹਾਂ ਦੇ ਲਫਜ਼ ਵਰਤੇ ਗਏ। ਮਜਬੂਰਨ ਇਨ੍ਹਾਂ ਨੂੰ ਕਹਿਣਾ ਪਿਆ ਕਿ ਗੁਰਦੇਵ ਸਿੰਘ ਬਾਦਲ ਨੂੰ ਸਸਪੈਂਡ ਕੀਤਾ ਜਾਵੇ। ਉਸ ਦੇ ਨਾਲ ਉਨ੍ਹਾਂ ਵੀਰਾਂ ਨੂੰ ਬਹਾਨਾ ਮਿਲ ਗਿਆ ਅਤੇ ਫਿਰ ਉਹ ਉਠਕੇ ਚਲੇ ਗਏ। ਉਸ ਦੇ ਨਾਲ ਫਿਰ ਇਨ੍ਹਾਂ ਨੂੰ ਬਹਾਨਾ ਮਿਲ ਗਿਆ ਔਰ ਇਹ ਸਾਰੇ ਇਕੱਠੇ ਚਲੇ ਗਏ।

ਸਰਦਾਰ ਸੁਜਾਨ ਸਿੰਘ : ** ** **

ਸ੍ਰੀ ਸਪੀਕਰ : ਇਸ ਦੇ ਵਿੱਚ ਕੋਈ ਐਕਸਪਲੇਨੇਸ਼ਨ ਦੀ ਲੋੜ ਨਹੀਂ ਹੈ। **This is no point of order** ਮਿਸਿਜ਼ ਬਰਾੜ, ਤੁਸੀਂ ਕੰਟੀਨਿਊ ਕਰੋ।

**Expunged as ordered by the Chair.

ਸਰਦਾਰ ਸੁਜਾਨ ਸਿੰਘ : ** ** **

ਸ੍ਰੀ ਸਪੀਕਰ : ਬੈਠੋ ਤੁਸੀਂ। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਇਹ ਆਪਣੇ ਆਪ ਨੂੰ ** ਕਹਿ ਰਹੇ ਹਨ। ਇਹ ਲਫਜ਼ ਅਨਪਾਰਲੀਮੈਂਟਰੀ ਹੈ ਇਸ ਨੂੰ ਐਕਸਪੰਜ ਕੀਤਾ ਜਾਵੇ।

ਸ੍ਰੀ ਸਪੀਕਰ: ਜਿਥੇ ਕਿਤੇ ** ਲਫਜ਼ ਕਿਹਾ ਗਿਆ ਹੈ ਉਹ ਐਕਸਪੰਜ ਕੀਤਾ ਜਾਵੇ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ: ਸਪੀਕਰ ਸਾਹਿਬ, ਇਕ ਕਵੀ ਨੇ ਬੜੇ ਸੋਹਣੇ ਸ਼ਬਦਾਂ ਵਿੱਚ ਇਕ ਕਵਿਤਾ ਲਿਖੀ ਹੈ, ਉਹ ਲਫਜ਼ ਤਾਂ ਮੈਨੂੰ ਇਸ ਵੇਲੇ ਯਾਦ ਨਹੀਂ ਪਰ ਉਸ ਨੇ ਬੜੇ ਸੋਹਣੇ ਸ਼ਬਦਾਂ ਵਿੱਚ ਲਿਖਿਆ ਹੈ ਕਿ ਮੇਰੇ ਪੰਜਾਬ ਨੂੰ ਨਜ਼ਰ ਲਗ ਗਈ ਹੈ। ਇਕ ਪੁਰਾਣੀ ਰਵਾਇਤ ਹੈ ਕਿ ਜੇ ਕਿਸੇ ਨੂੰ ਕੋਈ ਨਜ਼ਰ ਲਗ ਜਾਏ ਤਾਂ ਮਿਰਚਾਂ ਵਾਰੀਆਂ ਜਾਂਦੀਆਂ ਹਨ ਤਾਂਕਿ ਉਸ ਨੂੰ ਜੋ ਨਜ਼ਰ ਲਗੀ ਹੈ ਉਹ ਨਜ਼ਰ ਉਤਾਰੀ ਜਾਵੇ। ਸੱਚੀ ਮੁੱਚੀ ਪੰਜਾਬ ਨੂੰ ਨਜ਼ਰ ਲਗ ਗਈ ਹੈ। ਇਥੇ ਦੇ ਮਿਹਨਤੀ ਲੋਕ ਆਪਸ ਵਿਚ ਪਿਆਰ ਨਾਲ ਰਹਿੰਦੇ ਸਨ, ਹਿੰਦੂ ਸਿੱਖ ਆਪਸ ਵਿੱਚ ਭਰਾ ਭਰਾ ਬਣ ਕੇ ਰਹਿੰਦੇ ਸਨ ਅਤੇ ਪ੍ਰੇਮ ਪਿਆਰ ਨਾਲ ਰਹਿੰਦੇ ਸਨ। ਇਥੇ ਸਿਵਿਲ ਵਾਰ ਨਾ ਹੋਣ ਦੇ ਕਾਰਨ ਹੀ ਇਹੀ ਸਨ ਕਿ ਇਥੇ ਹਿੰਦੂ ਸਿੱਖ ਆਪਸ ਵਿੱਚ ਪਿਆਰ ਨਾਲ ਰਹਿੰਦੇ ਸਨ ਅਤੇ ਆਪਸ ਵਿੱਚ ਇਕ ਦੂਜੇ ਨਾਲ ਰਿਸ਼ਤੇਦਾਰੀਆਂ ਹਨ। ਇਥੇ ਸ਼ਾਇਦ ਮਾਸਟਰ ਮੋਹਨ ਲਾਲ ਜਾਂ ਕਿਸੇ ਹੋਰ ਨੇ ਕਿਹਾ ਸੀ ਕਿ ਹਿੰਦੂਆਂ ਦੇ ਸਿੱਖ ਸਾਲੇ ਕਿੰਨੇ ਹਨ ਤਾਂ ਇਸ ਦੇ ਵਿੱਚ ਕੋਈ ਗੁੱਸੇ ਵਾਲੀ ਗੱਲ ਨਹੀਂ ਸੀ। ਜੇ ਸਾਲੇ ਨਾ ਕਹਿੰਦੇ ਤਾਂ ਇਹੀ ਕਹਿ ਦਿੰਦੇ ਕਿ ਮੇਰੀ ਬੀਵੀ ਦੇ ਭਾਈ। ਤੋਂ, ਸਪੀਕਰ ਸਾਹਿਬ, ਮੈਂ ਇਹ ਗਲ ਕਹਿ ਰਹੀ ਸੀ ਕਿ ਇਸ ਨੂੰ ਮੰਨਣ ਨਾਲ ਜ਼ਿਆਦਾ ਅੱਛਾ ਹੋਵੇਗਾ, ਦੋਨੋਂ ਕਮਿਊਨਿਟੀਜ਼ ਦੇ ਮਨਾਂ ਵਿੱਚ ਸੁਧਾਰ ਹੋ ਸਕਦਾ ਹੈ ਔਰ ਸਾਨੂੰ ਸਾਰਿਆਂ ਨੂੰ ਇਸ ਦੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਸ ਗਲ ਨੂੰ ਠੀਕ ਕਰੀਏ। ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਸ਼ਹਾਦਤ ਦਿੱਤੀ ਹੈ ਤਾਂ ਉਹ ਕੇਵਲ ਸਿੱਖਾਂ ਵਾਸਤੇ ਸ਼ਹਾਦਤ ਨਹੀਂ ਦਿੱਤੀ ਉਨ੍ਹਾਂ ਨੇ ਹਿੰਦੂ ਸਿੱਖ ਦੋਨਾਂ ਵਾਸਤੇ ਆਪਣੀ ਸ਼ਹਾਦਤ ਦਿੱਤੀ ਸੀ। ਹੋਰ ਵੀ ਬਹੁਤ ਸਾਰੀਆਂ ਹਸਤੀਆਂ ਨੇ ਕੁਰਬਾਨੀਆਂ ਦਿੱਤੀਆਂ ਹਨ। ਮਹਾਤਮਾ ਗਾਂਧੀ ਜੀ ਤੇ ਹੋਰ ਬਹੁਤ ਸਾਰੇ ਮਹਾਨ ਵਿਅੱਕਤੀਆਂ ਨੇ ਕੁਰਬਾਨੀਆਂ ਦਿੱਤੀਆਂ। Maintenance of unity among the communities-Hindu, Sikh and others ਇਹ ਬੜੀ ਜ਼ਰੂਰੀ ਗਲ ਹੈ।

ਦੂਸਰੀ ਗਲ, ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਅੰਮ੍ਰਿਤਸਰ ਔਰ ਗੁਰਦਾਸਪੁਰ ਦੇ ਜ਼ਿਲ੍ਹੇ ਜ਼ਿਆਦਾ ਅਫੈਕਟਿਡ ਹਨ। ਅੰਮ੍ਰਿਤਸਰ ਵਿੱਚ ਤਰਨਤਾਰਨ ਔਰ ਗੁਰਦਾਸਪੁਰ ਵਿੱਚ ਬਟਾਲਾ ਡਿਵੀਜ਼ਨ। ਤੁਹਾਨੂੰ ਪਤਾ ਹੈ ਕਿ ਪਿੱਛੇ ਜਿਹੇ ਇਕ ਕੋਸ਼ਿਸ਼ ਕੀਤੀ ਗਈ ਸੀ ਕਿ ਇਥੋਂ ਮਾਈਨਾਰਿਟੀ community ਬਾਹਰ ਚਲੀ ਜਾਵੇ ਔਰ ਤੁਹਾਨੂੰ ਯਾਦ ਹੋਵੇਗਾ ਕਿ ਇਸ ਸਬੰਧ ਵਿੱਚ ਇਕ ਕਮੇਟੀ ਬਣਾਈ ਗਈ ਸੀ ਪਰ ਉਸ ਦਾ ਸਾਨੂੰ ਫਿਰ ਪਤਾ ਨਹੀਂ ਲਗਿਆ ਕਿ ਉਸ ਦੀ ਰਿਪੋਰਟ ਮਿਲ ਗਈ ਹੈ ਜਾਂ ਉਸ ਦਾ ਕੀ ਬਣਿਆ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗੀ ਕਿ ਜੋ ਇਸ ਸਬੰਧ ਵਿੱਚ ਕਮੇਟੀ ਬਣਾਈ ਗਈ ਸੀ ਕਿ ਕਿੰਨੇ ਲੋਕ ਮਾਈਗਰੇਟਸ ਇਥੋਂ ਬਾਹਰ ਨੂੰ ਚਲੇ ਗਏ ਅਤੇ ਕਿੰਨੇ ਲੋਕਾਂ ਨੂੰ ਇਥੇ ਵਾਪਸ ਪੰਜਾਬ ਵਿੱਚ ਲਿਆਂਦਾ ਗਿਆ, ਇਨ੍ਹਾਂ ਦੀ ਬੜੀ ਮਿਹਰਬਾਨੀ ਹੋਵੇਗੀ ਜੇ ਚੀਫ ਮਨਿਸਟਰ ਸਾਹਿਬ ਆਪਣੀ ਸਪੀਚ ਵਿੱਚ ਇਸ ਦਾ ਜ਼ਿਕਰ ਕਰਨ। ਇਸੇ ਹਾਊਸ ਵਿੱਚ ਉਹ ਕਮੇਟੀ ਬਣਾਈ ਗਈ ਸੀ ਔਰ ਮੈਂ ਚਾਹੁੰਦੀ ਹਾਂ

**Expunged as ordered by the Chair.

ਕਿ ਉਸ ਦੇ ਬਾਰੇ ਸਾਨੂੰ ਚੀਫ਼ ਮਨਿਸਟਰ ਸਾਹਿਬ ਦੱਸਣ ਕਿ ਉਸ ਦਾ ਕੀ ਬਣਿਆ । ਇਕ ਗੱਲ, ਸਪੀਕਰ ਸਾਹਿਬ, ਮੈਂ ਰੂਲਿੰਗ ਪਾਰਟੀ ਦੇ ਮਾਨਯੋਗ ਮੈਂਬਰਜ਼ ਨੂੰ ਕਹਿਣਾ ਚਾਹੁੰਦੀ ਹਾਂ ਕਿ ਪ੍ਰਧਾਨ ਮੰਤਰੀ ਸਾਹਿਬ ਦਿਲੋਂ ਚਾਹੁੰਦੇ ਹਨ ਕਿ ਪੰਜਾਬ ਦੀ ਸਮੱਸਿਆ ਦਾ ਹੱਲ ਹੋਵੇ ਔਰ ਉਹ ਇਸ ਅਕਾਰਡ ਨੂੰ ਲਾਗੂ ਕਰਨ ਵਾਸਤੇ ਤਿਆਰ ਹਨ । ਤੁਸੀਂ ਵੀ ਉਨ੍ਹਾਂ ਵਿੱਚ ਫੇਥ ਰਖੋ ਔਰ ਫੇਥ ਰੱਖ ਕੇ ਮੰਗ ਕਰੋ ਔਰ ਦੂਸਰੇ ਭਰਾ ਵੀ ਮੰਗਣ ਔਰ ਸਾਰੇ ਹੀ ਪੰਜਾਬ ਦੇ ਹਿੱਤਾਂ ਵਾਸਤੇ ਇਕੱਠੇ ਹੋ ਕੇ ਇਸ ਅਕਾਰਡ ਨੂੰ ਲਾਗੂ ਕਰਾਈਏ ਔਰ ਬਾਕੀ ਜੋ ਇਰੀਟੈਂਟਸ ਹਨ ਉਨ੍ਹਾਂ ਨੂੰ ਵੀ ਦੂਰ ਕਰਾਈਏ। ਜੋਧਪੁਰ ਵਿੱਚ ਜੋ ਡੈਟੇਨਿਊਜ਼ ਹਨ ਉਨ੍ਹਾਂ ਦੀ screaning ਕੀਤੀ ਜਾਵੇ ਤੇ ਬੇਗੁਨਾਹਾਂ ਨੂੰ ਛਡਿਆ ਜਾਵੇ । ਅਗਰ ਹੋਰ ਕੋਈ ਇਰੀਟੈਂਟਸ ਹਨ ਤਾਂ ਉਨ੍ਹਾਂ ਨੂੰ ਵੀ ਠੀਕ ਕੀਤਾ ਜਾਵੇ । ਪੰਜਾਬ ਦੀ ਸਮੱਸਿਆ ਇਕ ਬੁਨਿਆਦੀ ਤੌਰ ਤੇ ਰਾਜਸੀ ਸਮੱਸਿਆ ਹੈ, ਇਹ ਕੋਈ ਸਥਾਨਕ ਜਾਂ ਪ੍ਰਦੇਸ਼ਕ ਸਮੱਸਿਆ ਨਹੀਂ ਹੈ । ਇਹ ਇਕ ਰਾਸ਼ਟਰੀ ਸਮੱਸਿਆ ਹੈ ਅਤੇ ਰਾਸ਼ਟਰੀ ਉਦੱਮਾਂ ਨਾਲ ਸੁਲਝਾਉਣ ਦੀ ਲੋੜ ਹੈ । ਬਾਕੀ, ਸਪੀਕਰ ਸਾਹਿਬ, ਮੈਂ ਤੁਹਾਨੂੰ ਦਸਿਆ ਹੈ ਕਿ ਅਠਵੇਂ ਸਫ਼ੇ ਤਕ ਜੋ ਸਾਰੇ ਪੰਜਾਬ ਦੇ ਵਿਚ ਵਾਤਾਵਰਨ ਹੈ ਉਸ ਦੇ ਬਾਰੇ ਗਲਾਂ ਹਨ । ਉਸ ਤੋਂ ਅਗੇ ਜਾ ਕੇ ਜੋ ਅਚੀਵ-ਮੈਂਟਸ ਹਨ ਉਹ ਹੌਸਲਾਕੁਨ ਹਨ । ਖਰੀਫ਼, 1986 ਦੀ ਵ੍ਹੀਟ ਪ੍ਰੋਡੱਕਸ਼ਨ 109.92 ਲੱਖ ਟਨ ਹੈ ਔਰ ਰਾਈਸ ਦੀ 60.22 ਲੱਖ ਟਨ ਹੈ। ਫਿਰ ਸ਼ੂਗਰਕੇਨ 19000 ਹੈਕਟੇਅਰਜ਼ ਹੋਰ ਜ਼ਿਆਦਾ ਵੱਧ ਗਿਆ ਹੈ। ਕਾਟਨ ਦੀਆਂ 16.41 ਲੱਖ ਬੇਲਜ਼ ਪਰੋਡਿਊਸ ਹੋਈਆਂ ਬਾਵਜੂਦ ਇਸ ਗਲ ਦੇ ਕਿ ਮੁਕੱਤਸਰ ਦਾ ਜਿਹੜਾ ਕਾਟਨ ਏਰੀਆ ਹੈ ਉਹ ਸਾਰੇ ਦਾ ਸਾਰਾ ਵਾਟਰ-ਲੋਗਿੰਗ ਥਲੇ ਹੈ। ਫਿਰ ਇਹ ਕਿਹਾ ਗਿਆ ਹੈ ਕਿ ਪੰਜਾਬ 20-ਪੁਆਇੰਟ ਪਰੋਗਰਾਮ ਵਿਚ ਸਭ ਤੋਂ ਅਗੇ ਹੈ । ਫਿਰ ਫੈਮਿਲੀ ਪਲਾਨਿੰਗ ਦੀ ਮੂਵਮੈਂਟ ਵਿਚ ਚੌਥੀ ਦਫ਼ਾ 2.5 ਕਰੋੜ ਰੁਪਏ ਦੇ ਇਨਾਮ ਲਏ । ਇਸ ਤਰ੍ਹਾਂ ਰੈਡ ਕਰੌਸ ਬਾਰੇ ਲਿਖਿਆ ਗਿਆ ਹੈ । ਇਨ੍ਹਾਂ ਨੂੰ ਵੇਖ ਕੇ ਬੜਾ ਹੌਸਲਾ ਇਨਸਾਨ ਵਿਚ ਆਉਂਦਾ ਹੈ। ਇਨ੍ਹਾਂ ਮੁਸ਼ਕਲ ਹਾਲਾਤ ਵਿਚੋਂ ਪੰਜਾਬ ਗੁਜ਼ਰ ਰਿਹਾ ਹੈ ਲੇਕਿਨ ਫਿਰ ਵੀ ਅਸੀਂ ਪੰਜਾਬ ਦੇ ਲੋਕ ਮਿਹਨਤ ਕਰਕੇ ਇਸ ਨੂੰ ਅਗੇ ਲਿਜਾ ਰਹੇ ਹਾਂ। ਬਾਕੀ ਪੇਜ ਨੌਂ ਤੋਂ ਐਜੂਕੇਟਿਡ ਅਨਐਂਪਲਾਇਡ ਯੂਥ ਦੇ ਬਾਰੇ ਲਿਖਿਆ ਗਿਆ ਹੈ :

> "The main thrust of the State's Five-Year Plan is to sustain the tempo of agricultural growth, accelerate industrial development and create increased employment opportunities, especially for the educated unemployed youth."

ਸੋ ਇਸ ਸਾਰੇ ਕੁਝ ਨੂੰ ਵੇਖਦਿਆਂ ਹੋਇਆਂ ਅਗੇ ਚਲੀਏ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਉਨ੍ਹਾਂ ਨੂੰ ਪਤਾ ਹੈ ਕਿ 80 ਪ੍ਰਤੀਸ਼ਤ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ । ਪਿੰਡਾਂ ਦੇ ਲੋਕ ਕਣਕ ਪੈਦਾ ਕਰਦੇ ਹਨ, ਚਾਵਲ ਪੈਦਾ ਕਰਦੇ ਹਨ ਜਦੋਂ ਇੰਨੀ ਜ਼ਿਆਦਾ ਪਰੋਡੱਕਸ਼ਨ ਹੋ ਜਾਂਦੀ ਹੈ ਤਾਂ ਉਨ੍ਹਾਂ ਲੋਕਾਂ ਨੂੰ ਫਸਲ ਸੰਭਾਲਣੀ ਮੁਸ਼ਕਲ ਹੋ ਜਾਂਦੀ ਹੈ। ਪਿਛੇ ਜਿਹੇ ਤੁਸੀਂ ਮਾਰਕਫੈਡ ਨੂੰ ਕਿਹਾ ਅਤੇ ਉਨ੍ਹਾਂ ਨੇ ਵਿਕਰੀ ਕਰ ਦਿਤੀ । ਮੈਂ ਕਹਿਣਾ ਚਾਹੁੰਦੀ ਹਾਂ ਕਿ ਜਿਸ ਵੇਲੇ ਪਰੋਡਿਊਸ ਆਉਂਦੀ ਹੈ ਤਾਂ ਉਸ ਨੂੰ ਅੱਛੀ ਤਰ੍ਹਾਂ ਰਖਿਆ ਜਾਵੇ । ਤੁਸੀਂ ਗਵਰਨਰ ਐਡਰੈਸ ਵਿਚ ਕਿਹਾ ਹੈ ਕਿ ਬਹੁਤ ਸਾਰੇ ਗੋਦਾਮ ਬਣਾਏ ਜਾ ਰਹੇ ਹਨ ਜਿਥੇ ਪਰੋਡਿਊਸ ਨੂੰ ਠੀਕ ਤਰ੍ਹਾਂ ਰਖਿਆ ਜਾ ਸਕੇ । ਮੈਂ ਤਾਂ ਇਹ ਵੇਖਿਆ ਹੈ ਜੋ ਫਸਲ procure ਕਰਦੇ ਹਨ ਉਸ ਉਤੇ ਤਰਪਾਲਾਂ ਪਾ ਦਿਤੀਆਂ ਜਾਂਦੀਆਂ ਹਨ ਜਿਸ ਦੇ ਸਿੱਟੇ ਵਜੋਂ ਥਲੇ ਹਿੱਸੇ ਦੀ ਪਰੋਡਿਊਸ ਖਰਾਬ ਹੋ ਜਾਂਦੀ ਹੈ । ਇਸ ਤਰ੍ਹਾਂ ਇਧਰ ਵੀ ਧਿਆਨ ਦੇਣਾ ਚਾਹੀਦਾ ਹੈ।

ਬਾਕੀ ਰੂਰਲ ਏਰੀਆ ਬਾਰੇ ਜੋ ਸਕੀਮਾਂ ਹਨ ਪੇਜ—12 ਤੇ, ਉਹ ਵੀ ਬੜੀਆਂ ਹੌਸਲੇ ਵਾਲੀਆਂ ਹਨ। ਇਕ ਮੈਂ ਜੌਬਜ਼ ਦੇ ਬਾਰੇ ਕਹਿਣਾ ਚਾਹੁੰਦੀ ਹਾਂ । ਉਸ ਦੇ ਬਾਰੇ ਅੱਨਰੈਸਟ ਹੈ ਪਿੰਡਾਂ ਵਿਚ ਵੀ ਔਰ ਸ਼ਹਿਰਾਂ ਵਿਚ ਵੀ । ਸਪੀਕਰ ਸਾਹਿਬ, ਪਬਲਿਕ ਸਰਵਿਸ ਕਮਿਸ਼ਨ 3 ਪ੍ਰਤੀਸ਼ਤ ਦੇ ਕਰੀਬ

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਨੌਕਰੀਆਂ ਦਿੰਦਾ ਹੈ ਲੇਕਿਨ ਬਾਕੀ ਦੀਆਂ ਕੌਣ ਦਿੰਦਾ ਹੈ । ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦੀ ਹਾਂ ਕਿ ਕਲੀਅਰ ਸਟੇਟਮੈਂਟ ਦੇਣ ਰਿਗਾਰਡਿੰਗ ਯੁਅੱਰ ਪਾਲਿਸੀ ਆਫ਼ ਰਿਕਰੂਟ-ਮੈਂਟ । ਜਿਹੜੀਆਂ ਵੀ ਨੌਕਰੀਆਂ ਨਿਕਲਦੀਆਂ ਹਨ, ਉਨ੍ਹਾਂ ਦੀ ਇੰਟਰਵਿਊ ਹੋ ਜਾਂਦੀ ਹੈ ਪਰ ਤਿੰਨ, ਤਿੰਨ, ਚਾਰ ਚਾਰ, ਮਹੀਨੇ ਰਿਜ਼ਲਟ ਆਊਟ ਨਹੀਂ ਹੁੰਦਾ । The delay breeds corruption ਇਸ ਦੇ ਬਾਰੇ ਸਾਰੇ ਪੰਜਾਬ ਵਿਚ ਚਰਚਾ ਹੈ। ਚੀਫ਼ ਮਨਿਸਟਰ ਸਾਹਿਬ ਦੂਸਰੀਆਂ ਜਿਹੜੀਆਂ ਜਾਬਜ਼ ਆਉਂਦੀਆਂ ਹਨ ਉਨ੍ਹਾਂ ਨੂੰ ਫਿਲ-ਅਪ ਕਰਨ ਦਾ ਕੀ ਕਰਾਈਟੇਰੀਆ ਹੈ ਔਰ ਉਹ ਕਿਨ੍ਹਾਂ ਨੂੰ ਦੇ ਰਹੇ ਹੋ ? ਅਸੀਂ ਖੁਸ਼ ਹਾਂ ਔਰ ਸਾਡਾ ਫ਼ਰਜ਼ ਵੀ ਬਣਦਾ ਹੈ ਜਿਹੜੇ ਲੋਕ 1984 ਦੇ ਰਾਇਟਸ ਦੇ ਵਿਕਟੱਮਜ਼ ਹਨ, ਉਨ੍ਹਾਂ ਨੂੰ ਨੌਕਰੀਆਂ ਦਿਓ ਔਰ ਜਿਹੜੇ ਟੈਰੋਰਿਸਟਸ ਦੇ ਵਿਕਟਮਜ਼ ਹਨ ਉਨ੍ਹਾਂ ਨੂੰ ਵੀ ਨੌਕਰੀਆਂ ਦਿਓ ਲੇਕਿਨ ਬਾਕੀ ਦੇ ਨੌਜਵਾਨਾਂ ਦਾ ਵੀ ਧਿਆਨ ਰਖਿਆ ਜਾਵੇ । ਇਸ ਤਰ੍ਹਾਂ ਧਿਆਨ ਨਾ ਰਖਿਆ ਜਾਵੇ ਕਿ ਇਕ ਪਾਰਟੀ ਦੇ ਲੋਕਾਂ ਨੂੰ ਨੌਕਰੀਆਂ ਮਿਲਣ । ਮੈਂ ਕਹਿੰਦੀ ਹਾਂ ਕਿ ਜੋ ਉਨ੍ਹਾਂ ਦਾ ਮੈਰਿਟ ਹੈ ਜੋ ਕੁਆਲੀਫਿਕੇਸ਼ਨ ਹੈ ਉਨ੍ਹਾਂ ਦੇ ਮੁਤਾਬਿਕ ਨੌਕਰੀਆਂ ਦੇਣੀਆਂ ਚਾਹੀਦੀਆਂ ਹਨ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਨੂੰ request ਕੀਤੀ ਹੈ ਕਿ ਉਹ ਆਪਣੀ ਕਲੀਅਰ ਕਟ ਪਾਲਿਸੀ ਹਾਊਸ ਵਿਚ ਰਖਣ ।

ਇੰਡਸਟਰੀਅਲ ਡਿਵੈਲਪਮੈਂਟ ਤੇ ਮੇਰੇ ਕੁਲੀਗ ਮਹਿਰਾ ਜੀ ਬੋਲ ਰਹੇ ਹਨ। ਉਹ ਬਹੁਤ ਅੱਛੀ ਤਰ੍ਹਾਂ ਦੱਸਣਗੇ ਕਿ ਸਾਰੇ ਪੰਜਾਬੀਆਂ ਲਈ ਕਿਤਨੀ ਗੌਰਵ ਦੀ ਗੱਲ ਹੈ। ਨਾ ਹਾਲਾਤ ਠੀਕ ਹੁੰਦੇ ਹੋਏ ਵੀ, ਨਾਖੁਸ਼ਗਵਾਰ ਹਾਲਤ ਹੁੰਦੇ ਹੋਏ ਵੀ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ । ਸਰਕਾਰ ਨੂੰ ਮੰਨਦੇ ਹਾਂ ਕਿ ਬਹੁਤ ਸਾਰੇ ਫਰੰਟਾਂ ਤੇ ਲੜਾਈ ਲੜਨੀ ਪੈ ਰਹੀ ਹੈ ਪਰ ਇਹ ਸਾਡੀ ਪਹਿਲੀ ਜ਼ਿੰਮੇਵਾਰੀ ਹੈ ਕਿ ਸੂਬੇ ਦੇ ਹਾਲਾਤ ਨੂੰ ਸੁਧਾਰੀਏ । ਜੇਕਰ ਇਹ ਨਹੀਂ ਹੋਵੇਗਾ ਤਾਂ ਜੋ ਕੁਝ ਵੀ ਕਰ ਰਹੇ ਹਾਂ, ਠੀਕ ਨਹੀਂ ਹੋਵੇਗਾ । ਅੱਜ ਉਨ੍ਹਾਂ ਨੇ ਰੱਖਿਆ ਸੀ ਇਕ ਕਾਲ ਅਟੈਨਸ਼ਨ ਨੋਟਿਸ, ਉਸ ਵਿਚ ਇਕ ਬੜਾ ਗੰਭੀਰ ਮਸਲਾ ਹੈ ਔਰ ਹਰ ਸ਼ਹਿਰੀ ਨੂੰ ਇਹ ਤੰਗ ਕਰ ਰਹੀ ਹੈ । ਉਨ੍ਹਾਂ ਦੇ ਪੀਣ ਦੇ ਪਾਣੀ ਦੇ ਔਰ ਸੀਵਰੇਜ ਦੇ ਪਾਣੀ ਦੇ ਬਰਾਬਰ ਬਰਾਬਰ ਰੇਟ ਹਨ, ਕੋਈ ਹੱਲ ਕੱਢੋ । ਜੇਕਰ ਇਹ ਹਲ ਕਰ ਦਿਓਗੇ ਤਾਂ ਲੋਕ ਤੁਹਾਡੇ ਧੰਨਵਾਦੀ ਹੋਣਗੇ ਕਿਉਂਕਿ ਸ਼ਹਿਰਾਂ ਦਾ ਇਹ ਭਾਰੀ ਮਸਲਾ ਹੈ ।

ਬਾਕੀ ਮੈਂ ਇੰਪਲਾਇਮੈਂਟ ਬਾਰੇ ਤੁਹਾਨੂੰ ਕਹਿ ਹੀ ਚੁਕੀ ਹਾਂ । ਦੂਸਰਾ ਇੱਕ ਨਿਆ ਡਿਪਾਰਟ-ਮੈਂਟ ਹੈ, ਪੇਜ—17 ਤੇ ਦੱਸਿਆ ਹੈ। ਇਨ੍ਹਾਂ ਨੇ ਕਿਹਾ ਹੈ ਕਿ—

> "Steps are being taken to set up an independent Department of Environment Pollution. For maintaining proper ecological balance and amount of Rs. 1073.25 lacs is being spent in the current year on schemes of Intensive Afforestation and Soil Conservation."

ਇਸ ਦੇ ਬਾਰੇ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਾਰਿਆਂ ਨੂੰ ਅਪੀਲ ਕਰਾਂਗੀ ਕਿ ਇਹ ਸਾਰਿਆਂ ਦਾ ਕੰਮ ਹੈ, ਸਾਰਿਆਂ ਨੂੰ ਕਰਨਾ ਚਾਹੀਦਾ ਹੈ ਔਰ ਪਲਾਂਟਸ ਨੂੰ ਲਗਾਉਣਾ ਇਹ ਸਾਰਿਆਂ ਵਾਸਤੇ ਹੀ ਅੱਛਾ ਹੈ । ਜਿਥੇ ਇਨਵਾਇਰਨਮੈਂਟ ਠੀਕ ਹੋਵੇਗਾ ਉਥੇ ਸਾਰਿਆਂ ਨੂੰ ਫਾਇਦਾ ਹੋਵੇਗਾ, ਕਿਸੇ ਵੀ ਪਾਰਟੀ ਦਾ ਹੋਵੇ Noise pollution is also very important. ਏਸ ਪੌਲਿਊਸ਼ਨ ਵਿਚ ਨਾਇਜ਼ ਪੌਲਿਊਸ਼ਨ ਵੀ ਠੀਕ ਹੋਣਾ ਚਾਹੀਦਾ ਹੈ ।

ਕੀ ਹੁੰਦਾ ਹੈ ਕਿ ਪਿੰਡਾਂ ਦੇ ਵਿਚ ਲਾਊਡਸਪੀਕਰ ਬਹੁਤ ਉੱਚੀ ਉੱਚੀ ਲਗਾਉਂਦੇ ਹਨ, ਜੇਕਰ 2/3 ਵਿਆਹ ਹੋ ਜਾਣ ਤਾਂ ਤਿੰਨਾਂ ਪਾਸਿਆਂ ਤੋਂ ਹੀ ਲਾਊਡਸਪੀਕਰ ਬੋਲਦੇ ਹਨ, ਸਮਝ ਕਿਸੇ

ਦੀ ਵੀ ਨਹੀਂ ਆਉਂਦੀ। ਜਿਹੜੇ ਕੰਨ ਹਨ ਉਨ੍ਹਾਂ ਦੀ ਬਹੁਤ ਬੁਰੀ ਹਾਲਤ ਹੋ ਜਾਂਦੀ ਹੈ। So noise pollution is also very necessary ਜਿਸ ਤਰ੍ਹਾਂ ਬਾਕੀ ਪੌਲਿਊਸ਼ਨ ਹਨ ਉਨ੍ਹਾਂ ਵਾਂਗ ਇਹ ਵੀ ਹਟਾਉਣਾ ਚਾਹੀਦਾ ਹੈ। ਪੇਜ—17 ਤੇ ਲਾਸਟ ਪੈਰਾ ਹੈ। ਉਸ ਵਿਚ ਕਿਹਾ ਹੈ ਕਿ Punjab can justifiably boast of having the best health infrastructure in the country especially in the rural areas. ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡੇ ਕੋਲ ਰੂਰਲ ਏਰੀਆ ਜੋ ਹੈ ਉਥੇ ਪ੍ਰਾਇਮਰੀ ਹੈਲਥ ਸੈਂਟਰ ਹਨ। ਉਹ ਮੇਰਾ ਖਿਆਲ ਹੈ ਕਿ 25, 25 ਪਿੰਡਾਂ ਨੂੰ ਟੈਕਲ ਕਰਦੇ ਹਨ ਲੇਕਿਨ ਇਕ ਗੱਲ ਹੈ ਕਿ ਜਿਹੜਾ ਸਟਾਫ ਜਾਣਾ ਹੈ ਉਸ ਦੀ ਹਿਫ਼ਾਜ਼ਤ ਹੋਣੀ ਚਾਹੀਦੀ ਹੈ। ਉਥੇ ਸੈਂਟਰ ਬਣਾਓ ਜਿਥੇ ਕੁਆਟਰ ਦੇ ਸਕੀਏ, ਖਾਸ ਤੌਰ ਤੇ ਨਰਸਿਜ਼ ਵਾਸਤੇ। ਮੈਨੂੰ ਕਈ ਨਰਸਿਜ਼ ਮਿਲੀਆਂ ਹਨ ਤੇ ਦੱਸਿਆ ਹੈ ਕਿ ਉਹ 12—13 ਕਿਲੋਮੀਟਰ ਚਲ ਕੇ Primary Health Centre ਜਾਂਦੀਆਂ ਹਨ। ਮੇਰਾ ਖਿਆਲ ਹੈ ਕਿ ਜੇਕਰ ਉਥੇ ਖੋਲ੍ਹੋ ਜਿਥੇ ਹਾਊਸਿਜ਼ ਬਣਾ ਕੇ ਦੇ ਸਕੋ ਤਾਂ ਠੀਕ ਹੈ।

ਦੂਸਰਾ ਹੈ ਮੈਡੀਸਨ ਦਾ ਮਸਲਾ। ਹੁਣ ਜੇਕਰ ਮੈਡੀਸਨ ਨਹੀਂ ਮਿਲਦੀਆਂ ਤਾਂ ਕੋਈ ਅੱਛਾ ਲਾਭ ਨਹੀਂ ਹੋ ਸਕਦਾ। ਇਸ ਕਰਕੇ ਇਹ ਕੰਮ ਬੇਹੱਦ ਜ਼ਰੂਰੀ ਹੈ। ਮੈਂ ਬਹੁਤੀ ਡਿਟੇਲ ਦੇ ਵਿਚ ਇਰੀਗੇਸ਼ਨ ਔਰ ਇਲੈਕਟ੍ਰੀਸਿਟੀ ਨੂੰ ਨਹੀਂ ਲੈਂਦੀ। ਮੈਂ ਵਧਾਈ ਦਿੰਦੀ ਹਾਂ ਕਿ ਜੋ ਇਨ੍ਹਾਂ ਨੇ ਕਿਹਾ ਹੈ ਕਿ ਬਿਜਲੀ ਦੀ ਕਮੀ ਨਹੀਂ ਹੈ। ਥੀਨ ਡੈਮ ਤੇ ਤਾਂ ਦਰਬਾਰਾ ਸਿੰਘ ਦੀ ਮਨਿਸਟਰੀ ਤੋਂ ਕੰਮ ਸ਼ੁਰੂ ਹੋਇਆ ਸੀ। ਖੁਸ਼ੀ ਦੀ ਗੱਲ ਹੈ ਕਿ ਸੈਂਟਰ ਦੀ ਸਰਕਾਰ ਨੇ 35 ਕਰੋੜ ਰੁਪਿਆ ਦਿੱਤਾ ਹੈ। 100 ਕਰੋੜ ਰੁਪਿਆ ਅੱਗੇ ਲਗ ਚੁਕਾ ਹੈ। ਇਕ, ਸਪੀਕਰ ਸਾਹਿਬ, ਆ ਜਾਂਦਾ ਹੈ ਜਿਹੜਾ ਇੰਪਾਰ-ਟੈਂਟ ਮਸਲਾ ਬੱਚਿਆਂ ਦਾ ਹੈ। ਤੁਹਾਨੂੰ ਪਤਾ ਹੈ ਕਿ ਅੱਜ ਦਾ ਬੱਚਾ ਕੱਲ ਦਾ ਸ਼ਹਿਰੀ ਹੈ ਔਰ ਉਸ ਵੱਲ ਤੁਹਾਨੂੰ ਧਿਆਨ ਦੇਣਾ ਜ਼ਰੂਰੀ ਹੈ। ਉਸ ਵਿਚ 2—3 ਗਲਾਂ ਹਨ। ਇਕ ਤਾਂ 0 ਤੋਂ ਲੈਕੇ 6 ਸਾਲ ਦੇ ਬੱਚੇ ਤਕ ਅਰਥਾਤ ਜਿਸ ਵੇਲੇ ਤੋਂ ਬੱਚਾ ਜਨਮ ਲੈਂਦਾ ਹੈ। 6 ਸਾਲ ਤਕ ਉਸ ਨੂੰ ਕੁਝ ਇਮੀਨੂਇਸ਼ਨ ਹੋਣੀ ਚਾਹੀਦੀ ਹੈ ਅਰਥਾਤ ਟੀਕੇ ਲਗਣੇ ਚਾਹੀਦੇ ਹਨ ਜਿਹੜੇ ਕਿ ਇਸ ਏਜ ਤਕ ਦੇ ਬੱਚਿਆਂ ਲਈ ਬਹੁਤ ਜ਼ਰੂਰੀ ਹਨ। ਇਸ ਉਮਰ ਦੇ ਬੱਚਿਆਂ ਨੂੰ ਬਿਮਾਰੀਆਂ ਬਹੁਤ ਲਗ ਜਾਂਦੀਆਂ ਹਨ ਔਰ ਜੇ ਇਹ ਟੀਕੇ ਲਗਾਏ ਜਾਣ ਤਾਂ ਉਨ੍ਹਾਂ ਨੂੰ ਇਨ੍ਹਾਂ ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ। ਦੂਜੀ ਗੱਲ ਮੈਂ ਨਿਊਟ੍ਰੀਸ਼ਨ ਦੇ ਬਾਰੇ ਕਹਿਣੀ ਹੈ। ਇਹ ਬੱਚਿਆਂ ਲਈ ਬਹੁਤ ਜ਼ਰੂਰੀ ਹੈ। ਇਹ ਪ੍ਰੋਗਰਾਮ ਚਲ ਵੀ ਰਿਹਾ ਹੈ ਪਰ ਪੈਸੇ ਥੋੜ੍ਹੇ ਹਨ ਇਸ ਕਰਕੇ ਪੂਰੀ ਨਿਊਟ੍ਰੀਸ਼ਨ ਬੱਚੇ ਨੂੰ ਨਹੀਂ ਮਿਲ ਸਕਦੀ। ਠੀਕ ਹੈ ਇਨ੍ਹਾਂ ਨੇ ਲਿਖਿਆ ਵੀ ਹੈ ਕਿ ਨਿਊਟ੍ਰੀਸ਼ਨ ਵਾਸਤੇ ਇਕ ਕਾਰਖਾਨਾ ਲਾਇਆ ਜਾਵੇਗਾ ਜਿਥੋਂ ਮਾਲ ਤਿਆਰ ਹੋ ਕੇ ਆਵੇਗਾ। ਪਰ ਮੈਂ ਇਹ ਜ਼ਰੂਰ ਕਹਾਂਗੀ ਕਿ ਬੱਚਿਆਂ ਦੀ ਨਿਊਟ੍ਰੀਸ਼ਨ ਦਾ ਜਿਥੋਂ ਤਕ ਸਬੰਧ ਹੈ ਇਸ ਵੇਲੇ ਤਕ ਇਹ ਪੂਰੀ ਨਹੀਂ ਮਿਲ ਰਹੀ ਇਸ ਵਲ ਹੁਣ ਪਰਾ ਧਿਆਨ ਦੇਣਾ ਚਾਹੀਦਾ ਹੈ ਤਾਕਿ ਉਨ੍ਹਾਂ ਨੂੰ ਪੂਰੀ ਨਿਊਟਰੇਸ਼ਨ ਮਿਲ ਸਕੇ ਔਰ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚਾਇਆ ਜਾ ਸਕੇ।

ਇਕ ਗੱਲ ਮੈਂ ਇਹ ਵੀ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਪਿੰਡਾਂ ਵਿਚ, ਬਲਾਕਾਂ ਵਿਚ ਜਿਹੜੀਆਂ ਲੇਡੀਜ਼ ਕੰਮ ਕਰਦੀਆਂ ਹਨ ਉਨ੍ਹਾਂ ਦੇ ਬੱਚਿਆਂ ਵਾਸਤੇ ਆਈ.ਡੀ.ਪੀ.ਐਲ. ਸਕੀਮ ਦੇ ਅੰਦਰ ਕੁਝ ਵਾਲੰਟਰੀ ਆਰਗੇਨਾਈਜ਼ੇਸ਼ਨ ਬਣਾਕੇ ਕੁਝ ਬਾਲਵਾੜੀਆਂ ਖੋਲ੍ਹੀਆਂ ਹੋਈਆਂ ਹਨ ਲੇਕਿਨ ਮੈਂ ਚੀਫ ਮਨਿਸਟਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਉਨ੍ਹਾਂ ਨੂੰ ਜਿਹੜੀ ਤਨਖ਼ਾਹ

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਦਿੱਤੀ ਜਾਂਦੀ ਹੈ ਉਹ ਬਹੁਤ ਥੋੜ੍ਹੀ ਹੈ। ਉਹੀ ਕੰਮ ਜੋ ਕੋਈ ਸਰਕਾਰੀ ਨਰਸਿਜ਼ ਵਗੈਰਾ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਜ਼ਿਆਦਾ ਪੈਸੇ ਮਿਲਦੇ ਹਨ ਪਰ ਵਾਲੰਟਰੀ ਆਰਗੇਨਾਈਜ਼ੇਸ਼ਨ ਦੇ ਵਿਚ ਇਨ੍ਹਾਂ ਲੇਡੀਜ਼ ਨੂੰ ਉਤਨੇ ਪੈਸੇ ਨਹੀਂ ਦਿੱਤੇ ਜਾਂਦੇ। ਮੇਰੀ ਬੇਨਤੀ ਹੈ ਕਿ ਉਨ੍ਹਾਂ ਦੀ ਵੀ ਸਰਕਾਰ ਨੂੰ ਪੂਰੀ ਮੱਦਦ ਕਰਨੀ ਚਾਹੀਦੀ ਹੈ ਤਾਕਿ ਉਹ ਬਾਲਵਾੜੀਆਂ ਦਾ ਕੰਮ ਚੰਗੀ ਤਰ੍ਹਾਂ ਚਲਾ ਸਕਣ । ਇਕ ਗਲ ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਪੰਜਾਬ ਵਿਚ ਇਕ B.G.M.S. Bhartya Grameen ਮਹਿਲਾ ਸੰਘ ਦੇ ਨਾਂ ਤੇ ਇਕ ਹੋਰ ਆਰਗੇਨਾਈਜੇਸ਼ਨ ਕੰਮ ਕਰ ਰਹੀ ਹੈ ਇਨ੍ਹਾਂ ਨੇ ਵੀ ਕੋਈ 75 ਦੇ ਕਰੀਬ ਬਾਲ-ਵਾੜੀਆਂ ਖੋਲ੍ਹੀਆਂ ਹੋਈਆਂ ਹਨ। ਇਨ੍ਹਾਂ ਦੀਆਂ ਜਿਹੜੀਆਂ ਸੇਵਕਾਵਾਂ ਹਨ ਉਨ੍ਹਾਂ ਨੂੰ ਵੀ ਬਹੁਤ ਘੱਟ ਤਨਖ਼ਾਹ ਮਿਲਦੀ ਹੈ। ਜੇ ਸਰਕਾਰ ਇਨ੍ਹਾਂ ਦੀ ਕੁਝ ਮੱਦਦ ਕਰੇ ਤਾਂ ਇਨ੍ਹਾਂ ਦੀ ਤਰਫੋਂ ਪਿੰਡਾਂ ਦੇ ਲੋਕਾਂ ਨੂੰ ਕਾਫ਼ੀ ਸਹਾਇਤਾ ਮਿਲ ਸਕਦੀ ਹੈ। ਇਸ ਲਈ ਇਸ ਵਲ ਵੀ ਧਿਆਨ ਦੇਣਾ ਚਾਹੀਦਾ ਹੈ ।

ਬਾਕੀ ਪੋਲਿਓ ਬਾਰੇ, ਇਹ ਬਹੁਤ ਭੈੜੀ ਬਿਮਾਰੀ ਹੈ, ਮੈਂ ਇਸ ਬਾਰੇ ਟੀਕੇ ਲਾਉਣ ਵਾਸਤੇ ਪਹਿਲੇ ਹੀ ਕਹਿ ਦਿੱਤਾ ਹੈ, ਸਰਕਾਰ ਨੂੰ ਇਸ ਵਲ ਵੀ ਪੂਰਾ ਧਿਆਨ ਦੇਣਾ ਚਾਹੀਦਾ ਹੈ।

ਇਕ ਹੋਰ ਗੱਲ ਜਿਸ ਵਲ ਜ਼ਰੂਰ ਧਿਆਨ ਦੇਣ ਦੀ ਲੋੜ ਹੈ ਉਹ ਹੈ ਕਿ ਸਾਡੇ ਮੁਲਕ ਨੂੰ ਅਜ਼ਾਦ ਹੋਇਆਂ ਨੂੰ ਬਹੁਤ ਸਮਾਂ ਹੋ ਗਿਆ ਹੈ ਪਰ ਹਾਲੇ ਵੀ ਓਪਨ ਲੈਟਰੀਨਜ਼ ਦਾ ਸਿਸਟਮ ਖਤਮ ਨਹੀਂ ਹੋਇਆ । ਚੰਗੇ ਚੰਗੇ ਸਮਝਦਾਰ ਪੜ੍ਹੇ ਲਿਖੇ ਵਿਅਕਤੀ ਵੀ ਇਸ ਤਰ੍ਹਾਂ ਕਰਦੇ ਹਨ। ਤੁਹਾਨੂੰ ਪਤਾ ਹੈ ਕਿ ਇਸ ਨਾਲ ਟਾਈਫਾਈਡ ਵਗੈਰਾ ਬਹੁਤ ਬਿਮਾਰੀਆਂ ਫੈਲਣ ਦਾ ਡਰ ਰਹਿੰਦਾ ਹੈ। ਸਾਡੀ ਸਰਕਾਰ ਨੂੰ ਇਸ ਵਲ ਖਾਸ ਧਿਆਨ ਦੇ ਕੇ ਇਸ ਦਾ ਵੀ ਕੋਈ ਇੰਤਜ਼ਾਮ ਕਰਨਾ ਚਾਹੀਦਾ ਹੈ ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗੀ ਕਿ ਜਿਹੜੇ ਵਾਟਰ ਵਰਕਸ ਹਨ ਉਨ੍ਹਾਂ ਰਾਹੀਂ ਜੋ open ਨਾਲੀਆਂ ਰਾਹੀਂ ਪਾਣੀ ਪਹੁੰਚਾਇਆ ਜਾਂਦਾ ਹੈ ਇਨ੍ਹਾਂ ਨੂੰ ਕਵਰ ਹੋਣਾ ਚਾਹੀਦਾ ਹੈ। ਖੁਲ੍ਹੇ ਹੋਣ ਨਾਲ ਇਸ ਵਿਚੋਂ ਕਈ ਬਿਮਾਰੀਆਂ ਫੈਲਦੀਆਂ ਹਨ। ਇਸ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ।

ਇਸ ਗੱਲ ਲਈ ਮੈਂ ਸਰਕਾਰ ਦੀ ਬਹੁਤ ਸ਼ੁਕਰਗੁਜ਼ਾਰ ਹਾਂ ਕਿ ਪਿਛਲੇ ਸੈਸ਼ਨ ਵਿਚ ਸਾਡੇ ਕੁਝ ਹਰੀਜਨ ਮੈਂਬਰਾਂ ਨੇ ਇਸ ਹਾਊਸ ਵਿਚ ਧਰਨਾ ਦਿੱਤਾ ਸੀ ਹੁਣ ਸਰਕਾਰ ਨੇ ਉਨ੍ਹਾਂ ਦੀ ਗੱਲ ਮੰਨ ਲਈ ਹੈ ਔਰ ਇਹ ਲਿਖਿਆ ਹੈ ਕਿ my Government also proposes to bring a legislation to effectively implement the reservation policy in the services. ਇਸ ਨਾਲ ਉਮੀਦ ਹੈ ਕਿ ਉਨ੍ਹਾਂ ਦਾ ਖਾਸ ਧਿਆਨ ਰਖਿਆ ਜਾਵੇਗਾ।

ਇਕ ਗੱਲ ਸਰਕਾਰ ਨੇ ਹੋਰ ਵੀ ਬਹੁਤ ਚੰਗੀ ਕੀਤੀ ਹੈ ਉਹ ਇਹ ਕਿ ਇਨ੍ਹਾਂ ਨੇ ਜਿਹੜਾ ਲਿਖਿਆ ਹੈ ਕਿ ਅਨੁਸੂਚਿਤ ਜਾਤੀਆਂ ਲਈ ਕੁਝ ਐਸੇ ਇੰਸਟੀਚਿਊਸ਼ਨ ਖੋਲ੍ਹੇ ਹਨ, ਜਿਸ ਵਿਚ ਸ਼ਡਿਊਲਡ ਕਾਸਟ ਦੇ ਬੱਚਿਆਂ ਨੂੰ ਟਰੇਨਿੰਗ ਦਿੱਤੀ ਜਾਵੇਗੀ ਤਾਕਿ ਉਹ ਕੰਪੀਟੀਸ਼ਨ ਵਿਚ ਆਉਣ ਦੇ ਕਾਬਲ ਹੋ ਸਕਣ । ਇਹ ਬਹੁਤ ਹੀ ਚੰਗਾ ਕੰਮ ਕੀਤਾ ਹੈ। ਇਹ ਸਰਕਾਰ ਦੀ ਇਕ ਅੱਛੀ ਸੋਚ ਹੈ।

ਬਾਕੀ ਵੇਜਿਜ਼ ਇੰਪਲੀਮੈਂਟ ਦੀ ਗੱਲ ਹੈ । ਇਹ ਇਕ ਅੱਛੀ ਕੋਸ਼ਿਸ਼ ਹੈ ਇਸ ਦੇ ਵਿਚ ਐਗਰੀਕਲਚਰ ਵਰਕਰਜ਼ ਅਤੇ ਲੇਬਰਰਜ਼ ਆ ਜਾਣਗੇ । ਇਸ ਸਕੀਮ ਲਈ ਇਹ ਵਧਾਈ ਦੇ ਪਾਤਰ ਹਨ। ਮੈਂ ਹੁਣ ਲੇਡੀਜ਼ ਬਾਰੇ ਕਹਿਣਾ ਚਾਹੁੰਦੀ ਹਾਂ। ਕਾਂਸਟੀਚਿਊਸ਼ਨ ਵਿਚ ਔਰਤਾਂ ਨੂੰ ਇਕੁਐਲਿਟੀ ਦਾ ਰਾਈਟ ਹੈ ਅਤੇ ਉਨ੍ਹਾਂ ਨੂੰ ਇੰਪਲਾਇਮੈਂਟ ਵਿਚ ਬਰਾਬਰ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਲੇਕਿਨ ਇਸ ਨੂੰ ਜਸਟੀਫਾਈ ਕਰਨ ਲਈ ਦੋ ਕਿਸਮ ਦੀ ਸਿਖਿਆ ਲੇਡੀਜ਼ ਨੂੰ ਦੇਣ ਦੀ ਲੋੜ ਹੈ । ਇਕ ਗੈਰ-ਰਸਮੀ ਸਿਖਿਆ ਅਤੇ ਦੂਜੀ ਔਰਤਾਂ ਨੂੰ ਬਾਲਿਗ ਸਿਖਿਆ ਦੇਣ ਬਾਰੇ ਹੈ । ਇਨ੍ਹਾਂ ਨੂੰ ਐਂਪਲਾਏ ਕਰਨ ਲਈ ਸਰਕਾਰ ਨੂੰ ਵਾਲੰਟਰੀ ਆਰਗੇਨਾਈਜ਼ੇਸ਼ਨਜ਼ ਦੀ ਮੱਦਦ ਲੈਣੀ ਚਾਹੀਦੀ ਹੈ ਕਿਉਂਕਿ ਇਨ੍ਹਾਂ ਦਾ ਉਨ੍ਹਾਂ ਦੇ ਨਾਲ ਰੋਜ਼ ਦਾ ਵਾਹ ਹੁੰਦਾ ਹੈ । ਇਕ ਫੈਮਿਲੀਜ਼ ਕੋਰਟਾਂ ਬਣੀਆਂ ਸਨ ਪਰ ਉਨ੍ਹਾਂ ਬਾਰੇ ਹਾਲੇ ਤੱਕ ਕੋਈ ਰੂਲਜ਼ ਨਹੀਂ ਬਣੇ ਅਤੇ ਨਾ ਹੀ ਸੋਸ਼ਲ ਵਰਕਰਜ਼ ਅਤੇ ਡਾਕਟਰ ਐਪੁਆਇੰਟ ਹੋਏ ਹਨ। ਇਸ ਬਾਰੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ । ਇਕ ਪਿਛੇ ਜਿਹੇ ਨੈਸ਼ਨਲ ਵੂਮੈਨ ਮੀਟਿੰਗ ਹੋਈ ਸੀ, ਜਿਸ ਵਿਚ ਸੋਸ਼ਲ ਲੈਜਿਸਲੇਸ਼ਨ ਦੀ ਇੰਪਲੀਮੈਂਟੇਸ਼ਨ ਬਾਰੇ ਜ਼ੋਰ ਦਿੱਤਾ ਗਿਆ ਸੀ ਔਰ ਉਸ ਵਿਚ ਫੈਸਲਾ ਕੀਤਾ ਗਿਆ ਸੀ ਕਿ ਗੌਰਮਿੰਟ ਨੂੰ ਚਾਹੀਦਾ ਹੈ ਕਿ ਉਹ ਯੂਨੀਫਾਰਮ ਸਿਵਿਲ ਕੋਡ ਬਣਾਵੇ so that we can fight our social evils and improve the status of women. ਇਹ ਬੜੀਆਂ ਜ਼ਰੂਰੀ ਹਨ । ਇਸ ਦੇ ਨਾਲ ਵਾਲੰਟਰੀ ਆਰਗੇਨਾਈਜ਼ੇਸ਼ਨ ਨੂੰ ਸਟੈਚੂਟਰੀ ਪਾਵਰਜ਼ ਦਿਓ ਤਾਕਿ ਉਹ ਡੋਮੀਨੇਅਲ ਰੋਲ ਪਲੇਅ ਕਰ ਸਕਣ and take up women issues at various levels including judicial level ਮੈਂ ਇਕ ਹੋਰ ਰਿਕੁਐਸਟ ਕਰਾਂਗੀ ਕਿ ਜਿੰਨੀਆਂ ਵਾਲੰਟੀਅਰ ਆਰਗੇਨਾਈਜ਼ੇਸ਼ਨਾਂ ਹਨ ਅਗਰ ਚੀਫ ਮਨਿਸਟਰ ਸਾਹਿਬ ਉਨ੍ਹਾਂ ਸਾਰਿਆਂ ਦੀ ਇਕ ਕੋਆਰਡੀਨੇਸ਼ਨ ਕਮੇਟੀ ਬਣਾ ਦੇਣ ਅਤੇ ਉਨ੍ਹਾਂ ਤੋਂ ਸੁਜੇਸ਼ਨ ਲੈਣ ਤਾਂ ਉਹ ਬੜੀ ਹੈਲਪਫੁਲ ਸਾਬਤ ਹੋ ਸਕਦੀ ਹੈ ਕਿਉਂਕਿ ਉਨ੍ਹਾਂ ਦੇ ਨਾਲ ਵਾਹ ਰੋਜ਼ ਦਾ ਰਹਿੰਦਾ ਹੈ । ਦੂਸਰੇ ਜਿਹੜੀਆਂ ਡੈਸਟੀਚਿਊਟ ਲੇਡੀਜ਼ ਹਨ ਉਨ੍ਹਾਂ ਨੂੰ ਵੋਕੇਸ਼ਨਲ ਟਰੇਨਿੰਗ-ਕਮ-ਜੌਬ ਦੇਣੀ ਚਾਹੀਦੀ ਹੈ ਤਾਕਿ ਉਨ੍ਹਾਂ ਨੂੰ ਇੰਡਸਟਰੀਅਲ ਹਾਊਸਿਜ਼ ਵਿਚ ਇੰਪਲਾਇਮੈਂਟ ਮਿਲ ਸਕੇ । ਇਹ ਗਲ ਧਿਆਨ ਵਿਚ ਰਖਣ ਵਾਲੀ ਹੈ। Economic independence should be given the top priority.

ਬਾਕੀ ਜਿਹੜੇ ਸਵਾਲ ਇਥੇ ਕੱਲ੍ਹ ਅਤੇ ਅੱਜ ਉਠਾਏ ਗਏ ਹਨ, ਇਸ ਬਾਰੇ ਮੈਂ ਥੋੜ੍ਹਾ ਜਿਹਾ ਕਹਿਣਾ ਚਾਹੁੰਦੀ ਹਾਂ । ਇਥੇ ਧਰਮ ਅਤੇ ਸਿਆਸਤ ਦੇ ਬਾਰੇ ਕਿਹਾ ਗਿਆ ਹੈ। ਇਥੇ ਕਿਸ ਤਰ੍ਹਾਂ ਢੀਂਡਸਾ ਸਾਹਿਬ ਨੇ ਅਕਾਲ ਤਖਤ ਦਾ ਨਾਂ ਲੈ ਕੇ ਉਸ ਨੂੰ ਹੋਰ ਰੰਗ ਦੇਣ ਦੀ ਕੋਸ਼ਿਸ਼ ਕੀਤੀ ਲੇਕਿਨ ਉਹ ਰੂਪ ਦੇ ਨਹੀਂ ਸਕੇ ਕਿਉਂਕਿ ਅਲੈਕਟਿਡ ਗੌਰਮਿੰਟ ਵਿਚ ਕੋਈ ਵੀ ਇੰਡੀਵੀਜੁਅਲ ਇੰਟਰਫੀਅਰੈਂਸ ਨਹੀਂ ਹੋ ਸਕਦੀ ਹੈ ਜਿਸ ਨੂੰ ਬਰਨਾਲਾ ਸਾਹਿਬ ਨੇ ਰਿਜ਼ਿਸਟ ਕੀਤਾ ਅਤੇ ਇਨ੍ਹਾਂ ਦੀ ਪਿੱਠ ਤੇ ਅੱਜ ਸਾਰਾ ਹਿੰਦੁਸਤਾਨ ਇਕਮੁੱਠ ਹੋ ਕੇ ਖੜ੍ਹਾ ਹੈ ਔਰ ਇਹ ਪਹਿਲੀ ਵਾਰੀ ਹਿਸਟਰੀ ਵਿਚ ਹੋਇਆ ਹੈ । ਸਾਰੀਆਂ ਪੁਲੀਟੀਕਲ ਪਾਰਟੀਆਂ ਇਕ ਸਟੇਜ ਤੇ ਇਕੱਠੀਆਂ ਹੋਈਆਂ ਅਤੇ ਇਕੋ ਸਬਜੈਕਟ ਉਤੇ ਬੋਲੀਆਂ । ਮੈਂ ਦੋਨਾਂ ਨੂੰ ਅਟੈਂਡ ਕੀਤਾ ਸੀ। ਪਹਿਲੀ ਲੌਂਗੋਵਾਲ ਕਨਵੈਨਸ਼ਨ ਹੋਈ ਜਿਹੜੀ ਪੀ.ਜੀ.ਆਈ. ਆਡੀਟੋਰੀਅਮ ਵਿਚ ਹੋਈ ਅਤੇ ਹਰ ਪਾਰਟੀ ਦੇ ਲੀਡਰ ਆਏ । ਇਸ ਦੇ ਵਿਚ ਸਾਰੀਆਂ ਨੈਸ਼ਨਲ ਪਾਰਟੀਆਂ ਦੇ ਲੀਡਰਜ਼ ਨੇ ਹਿੱਸਾ ਲਿਆ ਅਤੇ ਸਟੇਟ ਪਾਰਟੀ ਦੇ ਲੀਡਰਜ਼ ਨੇ ਪਾਰਟ ਪਲੇਅ ਨਹੀਂ ਕੀਤਾ । ਇਸ ਦੇ ਵਿਚ ਹਰ ਇਕ ਨੇ ਇਨ੍ਹਾਂ ਦੀ ਸਪੋਰਟ ਕੀਤੀ ਅਤੇ ਸਾਰੇ ਲੋਕਾਂ ਨੇ ਇਕੱਠੇ ਹੋ ਕੇ, ਇਕਮੁੱਠ ਹੋ ਕੇ ਕਿਹਾ ਕਿ ਇਸ ਵਕਤ ਦੇਸ਼ ਨੂੰ ਅੱਤਵਾਦ ਤੋਂ ਖਤਰਾ ਹੈ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਖਤਰੇ ਵਿਚ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ । ਇਸ ਤੋਂ ਬਾਦ ਲੁਧਿਆਣੇ ਵਿਚ ਕਨਵੈਨਸ਼ਨ ਹੋਈ, ਜਿਸ ਵਿਚ

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਲੱਖਾਂ ਲੋਕਾਂ ਨੇ ਹਿੱਸਾ ਲਿਆ ਅਤੇ ਇਸ ਦੇ ਵਿਚ ਸਾਰੀਆਂ ਪਾਰਟੀਆਂ ਨੇ ਹਿੱਸਾ ਲਿਆ । ਉਥੇ 3-4 ਘੰਟੇ ਲੋਕ ਧੁੱਪ ਵਿਚ ਬੈਠੇ ਰਹੇ ਅਤੇ ਕੋਈ ਵੀ ਨਹੀਂ ਉਠ ਕੇ ਗਿਆ ਅਤੇ ਸਾਰੇ ਲੀਡਰਜ਼ ਨੇ ਹਿੱਸਾ ਲਿਆ ਅਤੇ ਲੋਕ ਆਰਾਮ ਨਾਲ ਸੁਣਦੇ ਰਹੇ । ਇਹ ਜਿਹੜਾ ਮਸਲਾ ਫੰਡਾਮੈਂਟਲਿਜ਼ਮ ਅਤੇ ਕਮਿਊਨਿਜ਼ਮ ਦਾ ਹੈ, ਇਹ ਇਕ ਦੇ ਨਾਲ ਨਹੀਂ ਜੁੜਿਆ ਹੋਇਆ । ਇਸ ਦੇ ਨਾਲ ਹੁਣ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਬਣ ਗਈਆਂ ਹਨ ਇਹ ਸਾਰੀਆਂ ਪਾਰਟੀਆਂ ਪੁਲੀਟੀਕਲ ਫਾਇਦਾ ਉਠਾ-ਉਣਾ ਚਾਹੁੰਦੀਆਂ ਹਨ । ਇਹ ਧਰਮ ਦੇ ਨਾਂ ਉਤੇ ਲਾਭ ਲੈਣਾ ਚਾਹੁੰਦੀਆਂ ਹਨ, ਜਿਸ ਤਰ੍ਹਾਂ ਮੁਸਲਿਮ ਲੀਗ ਨੇ ਲਿਆ ਸੀ । ਇਹ ਬਿਮਾਰੀ ਸਾਰੇ ਹਿੰਦੁਸਤਾਨ ਵਿਚ ਫੈਲ ਰਹੀ ਹੈ ਅਤੇ ਕੇਵਲ ਪੰਜਾਬ ਵਿਚ ਹੀ ਨਹੀਂ ਫੈਲ ਰਹੀ । ਇਸ ਦਾ ਮੁਕਾਬਲਾ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਕਰਨਾ ਚਾਹੀਦਾ ਹੈ । ਸਪੀਕਰ ਸਾਹਿਬ, ਹਿੰਦੁਸਤਾਨ ਵਿਚ ਤੁਹਾਨੂੰ ਪਤਾ ਹੈ ਕਿ ਸੈਕੂਲਰਇਜ਼ਮ ਬਹੁਤ ਜ਼ਰੂਰੀ ਹੈ । ਮਹਾਰਾਜਾ ਰਣਜੀਤ ਸਿੰਘ ਸੈਕੂਲਰ ਸਨ । ਉਨ੍ਹਾਂ ਨੇ ਆਪਣੀ ਕੈਬਨਿਟ ਵਿਚ ਮੁਸਲਮਾਨ ਵੀ ਰੱਖੇ, ਫਕੀਰ ਅਜ਼ੀਜ਼ੁਦੀਨ ਵੀ ਰਖਿਆ, ਹਿੰਦੂ ਅਤੇ ਡੋਗਰਿਆਂ ਨੂੰ ਵੀ ਰਖਿਆ । ਉਹ ਸਾਰਿਆਂ ਦੀ ਰਾਏ ਲੈਂਦੇ ਸੀ । ਉਨ੍ਹਾਂ ਨੇ ਛੋਟਿਆਂ ਨੂੰ ਵੀ ਨਾਲ ਰਖਿਆ । ਉਨ੍ਹਾਂ ਨੇ ਅਕਾਲ ਸਹਾਏ ਨਾਂ ਤੇ ਸਿੱਕਾ ਚਲਾਇਆ । ਉਹ ਬੜੇ ਮਸ਼ਹੂਰ ਰੂਲਰ ਸਨ ਅਤੇ ਉਹ ਇਕ ਬਹੁਤ ਵੱਡੇ ਆਦਮੀ ਸਨ । ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਿਹਾ ਸੀ ਕਿ —

"ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ।"

ਸਪੀਕਰ ਸਾਹਿਬ, ਗੁਰੂ ਨਾਨਕ ਦੇਵ ਜੀ ਨੇ ਵੀ ਕਿਹਾ ਸੀ ਕਿ—

"ਸਭੇ ਸਾਂਝੀਵਾਲ ਸਦਾਇਨ, ਕੋਈ ਨਾ ਦਿਸੈ ਬਾਹਰਾ ਜੀਓ ।"

ਗੁਰੂ ਸਾਹਿਬਾਨ ਦੀਆਂ ਗੱਲਾਂ ਵੱਲ ਧਿਆਨ ਦੇਣਾ ਚਾਹੀਦਾ ਹੈ । ਮਹਾਤਮਾ ਗਾਂਧੀ ਜੀ ਵਰਗੇ ਮਹਾਂਪੁਰਸ਼ਾਂ ਨੇ ਜਾਨਾਂ ਦਿਤੀਆਂ । ਉਹ ਸਾਰੇ ਸੈਕੂਲਰ ਸਨ । ਸਪੀਕਰ ਸਾਹਿਬ, ਪੁਲੀਟੀਕਲ ਪਾਲੇ-ਟਿਕਸ ਵਿਚ ਇੰਟਰਫੀਅਰੈਂਸ ਨਹੀਂ ਹੋਣੀ ਚਾਹੀਦੀ । ਇਲੈਕਟਿਡ ਲੋਕਾਂ ਨੂੰ ਡਰਾਇਆ ਧਮਕਾਇਆ ਨਹੀਂ ਜਾ ਸਕਦਾ । ਕੁਝ ਮੈਂਬਰ, ਸਪੀਕਰ ਸਾਹਿਬ, ਇਨ੍ਹਾਂ ਨੂੰ ਛੱਡ ਗਏ ਹਨ ਔਰ ਉਹ ਉਚੀ ਜਗ੍ਹਾਂ ਤੇ ਬੈਠੇ ਹਨ । ਲੋਕਾਂ ਨੇ ਇਨ੍ਹਾਂ ਨੂੰ ਵੋਟਾਂ ਪਾ ਕੇ 73 ਨੁਮਾਇੰਦਿਆਂ ਨੂੰ ਭੇਜਿਆ ਸੀ । ਮੈਂ ਸ਼ੁਰੂ ਵਿਚ ਹੀ, ਸਪੀਕਰ ਸਾਹਿਬ, ਕਹਿ ਦਿਤਾ ਸੀ ਕਿ ਸਰਕਾਰ ਦੇ ਕੰਸਟਰੱਕਟਿਵ ਪਰੋਗਰਾਮ ਵਿਚ ਅਸੀਂ ਤੁਹਾਡੀ ਮੱਦਦ ਕਰਾਂਗੇ । ਜੇਕਰ ਲਾਅ ਐਂਡ ਆਰਡਰ ਦੀ ਪਰਾਬਲਮ ਹੋਵੇਗੀ ਤਾਂ ਅਸੀਂ ਫਾਈਟ ਕਰਾਂਗੇ । ਸਪੀਕਰ ਸਾਹਿਬ, ਭਾਈ ਘਨਈਆ ਜੀ ਨੇ ਲੜਾਈ ਵਿਚ ਦੁਸ਼ਮਣਾ ਨੂੰ ਵੀ ਪਾਣੀ ਪਿਲਾਇਆ । ਜਦੋਂ ਭਾਈ ਘਨਈਆਂ ਦੀ ਸ਼ਿਕਾਇਤ ਗੁਰੂ ਜੀ ਕੋਲ ਕੀਤੀ ਤਾਂ ਭਾਈ ਘਨਈਆਂ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਮੈਨੂੰ ਤਾਂ ਗੁਰੂ ਜੀ ਹਰ ਇਕ ਵਿਚ ਤੁਸੀਂ ਹੀ ਨਜ਼ਰ ਆਉਂਦੇ ਹੋ ਗੁਰੂ ਜੀ ਜਾਣੀ ਜਾਣ ਸਨ ਅਤੇ ਉਨ੍ਹਾਂ ਨੇ ਭਾਈ ਘਨਈਆ ਜੀ ਨੂੰ ਪਾਣੀ ਦੇ ਨਾਲ ਉਨ੍ਹਾਂ ਦੇ ਜ਼ਖਮਾਂ ਤੇ ਮੱਲਮ ਵੀ ਲਗਾਉਣ ਲਈ ਦਿਤੀ । ਸਪੀਕਰ ਸਾਹਿਬ, ਤੁਸੀਂ ਇਮੇਜਨ ਕਰੋ ਕਿ ਉਸ ਲੜਾਈ ਵਿਚ ਗੁਰੂ ਜੀ ਦੇ ਬੇਟੇ ਵੀ ਲੜਦੇ ਸਨ ਪਰ ਉਨ੍ਹਾਂ ਨੇ ਭਾਈ ਘਨਈਆ ਜੋ secular ਸਨ ਉਨ੍ਹਾਂ ਨੂੰ ਸੰਭਾਲਿਆ, ਤਰਜੀਹ ਦਿਤੀ । ਸਪੀਕਰ ਸਾਹਿਬ, ਅੱਜ ਇਨੋਸੈਂਟ ਬੇਰੁਜ਼ਗਾਰ ਆਦਮੀ ਮਰ ਰਹੇ ਹਨ, ਅੱਜ ਔਰਤਾਂ ਨੂੰ ਮਾਰਿਆ ਜਾ ਰਿਹਾ ਹੈ, ਨਿਹੱਥੇ ਬੱਚੇ ਮਰ ਰਹੇ ਹਨ । (ਵਿਘਨ) (ਸ਼ੋਰ) ਘਰਾਂ ਵਿਚ ਬੈਠੇ ਟੈਲੀਵੀਜ਼ਨ ਵੇਖਦੇ ਹੋਇਆਂ ਲੋਕਾਂ ਨੂੰ ਮਾਰਿਆ ਜਾ ਰਿਹਾ

ਹੈ। ਅਗਰ ਤੁਸੀਂ ਇਸ ਗੱਲ ਨੂੰ ਸੁਣਨ ਲਈ ਵੀ ਤਿਆਰ ਨਹੀਂ ਤਾਂ ਬੜੇ ਹੀ ਦੁੱਖ ਦੀ ਗੱਲ ਹੈ। ਮੇਰੇ ਕਹਿਣ ਦਾ ਮਤਲਬ ਹੈ ਕਿ ਗੁਰੂ ਦੇ ਪਾਏ ਹੋਏ ਪੂਰਨਿਆਂ ਤੇ ਸਾਨੂੰ ਚਲਣਾ ਚਾਹੀਦਾ ਹੈ, ਸਾਰਿਆਂ ਦਾ ਇਸ ਗੱਲ ਤੇ ਜ਼ੋਰ ਹੋਵੇ ਕਿ ਅਸੀਂ ਪੰਜਾਬ ਨੂੰ ਖੁਸ਼ਹਾਲ ਰਖੀਏ। ਸਪੀਕਰ ਸਾਹਿਬ, ਮੈਂ ਰੈਜ਼ੋਲਿਊਸ਼ਨ ਦਾ ਸਮਰਥਨ ਕਰਦੀ ਹੋਈ ਅਤੇ ਤੁਹਾਡਾ ਧੰਨਵਾਦ ਕਰਦੀ ਹੋਈ ਬੈਠਦੀ ਹਾਂ। (ਥੰਪਿੰਗ)।

EXPULSION OF SARDAR GURDEV SINGH BADAL, M.L.A., FOR THE DURATION OF THE SESSION

ਕੈਪਟਨ ਅਮਰਿੰਦਰ ਸਿੰਘ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਮੈਂ ਦੋ ਗਲਾਂ ਹਾਊਸ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ। ਮੈਂ, ਸਪੀਕਰ ਸਾਹਿਬ, ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਮੈਨੂੰ ਦੋ ਮਿੰਟ ਦੇ ਦਿਓ। ਪਹਿਲੀ ਗੱਲ ਤਾਂ ਇਹ ਹੈ ਕਿ ਸਵੇਰੇ ਵੀ ਜ਼ਿਕਰ ਹੋਇਆ ਹੈ ਅਤੇ ਹੁਣ ਵੀ ਜ਼ਿਕਰ ਹੋਇਆ ਹੈ। ਲੀਡਰ ਆਫ ਦੀ ਆਪੋਜ਼ੀਸ਼ਨ ਨੇ ਵੀ ਆਬੀਚੁਅਰੀ ਰੈਫਰੈਂਸ ਦਾ ਜ਼ਿਕਰ ਕੀਤਾ ਹੈ। ਸਪੀਕਰ ਸਾਹਿਬ, ਸਾਡੀ ਪਾਰਟੀ ਕਿਸੇ ਦੀ ਵੀ ਡਿਸਰਿਸਪੈਕਟ ਨਹੀਂ ਕਰਨਾ ਚਾਹੁੰਦੀ। ਮੈਨੂੰ, ਸਪੀਕਰ ਸਾਹਿਬ, ਮੀਟਿੰਗ ਅਟੈਂਡ ਕਰਨ ਲਈ ਜਾਣਾ ਪੈ ਗਿਆ ਸੀ ਔਰ ਮੈਂ ਆਪਣੇ ਸੀਨੀਅਰ ਲੈਜਿਸਲੇਟਰ ਦੀ ਡਿਊਟੀ ਲਗਾ ਕੇ ਗਿਆ ਸੀ ਕਿ ਉਹ ਇਥੇ ਸ਼ਰਧਾਂਜਲੀ ਭੇਂਟ ਕਰਨ ਲੇਕਿਨ ਉਸ ਤੋਂ ਬਾਅਦ ਫੇਰ ਅਸੀਂ ਵਾਕ ਆਊਟ ਕਰ ਗਏ ਸੀ। ਗਲਤੀ ਮੇਰੀ ਹੈ। ਮੈਂ ਇਸ ਗਲਤੀ ਨੂੰ ਮਹਿਸੂਸ ਕਰਦਾ ਹਾਂ। ਮੈਂ ਹਾਊਸ ਤੋਂ ਮੁਆਫੀ ਵੀ ਚਾਹੁੰਦਾ ਹਾਂ ਕਿ ਮੈਂ ਆਪਣੀ ਪਾਰਟੀ ਨੂੰ ਦੋਬਾਰਾ ਨਹੀਂ ਕਿਹਾ ਸੀ ਕਿ ਉਹ ਅਗਲੀ ਸੈਕਿੰਡ ਮੀਟਿੰਗ ਵਿੱਚ ਜਾਣ। ਸਾਡੀ ਪਾਰਟੀ ਵਲੋਂ ਉਨ੍ਹਾਂ ਲਈ ਕੋਈ ਡਿਸਰਿਸਪੈਕਟ ਨਹੀਂ। ਸ਼੍ਰੀ ਜੋਗਿੰਦਰ ਪਾਲ ਪਾਂਡੇ ਮੇਰੇ ਆਪਣੇ 13 ਸਾਲ ਤਕ ਸਾਥੀ ਰਹੇ ਹਨ ਅਤੇ ਦੂਸਰੇ ਮੈਂਬਰ ਸਾਹਿਬਾਨ ਵੀ ਬੜੇ ਰਿਸਪੈਕਟਿਡ ਮੈਂਬਰ ਰਹੇ ਹਨ। ਸਾਡੀ ਪਾਰਟੀ ਦਾ ਕੋਈ ਡਿਸਰਿਸਪੈਕਟ ਸ਼ੋਅ ਕਰਨ ਦਾ ਮਤਲਬ ਨਹੀਂ ਸੀ। ਦੂਸਰੀ ਗੱਲ, ਮੈਂ ਇਕ ਸਟੇਟ-ਮੈਂਟ ਪੜ੍ਹਨਾ ਚਾਹੁੰਦਾ ਹਾਂ :—

> "An incident occurred in the House yesterday during which one of our M.L.As, Sardar Gurdev Singh Badal, was suspended by the House for the duration of the Session.
>
> The incident took place in the heat of the moment due to a misunderstanding. The Member now realises the situation and regrets the incident".

ਮੈਂ ਇਹ ਬੇਨਤੀ ਵੀ ਕਰਾਂਗਾ ਕਿ ਜੇ ਸਾਰੇ ਮੈਂਬਰ ਸਾਹਿਬਾਨ ਠੀਕ ਸਮਝਣ ਤਾਂ ਬਾਦਲ ਸਾਹਿਬ ਬੈਠੇ ਹਨ। ਜੇ ਹਾਊਸ ਦੀ ਪਲਈਅਰ ਹੋਵੇ ਤਾਂ ਉਹ ਆਪਣਾ ਸਟੇਟਮੈਂਟ ਦੇਣਾ ਚਾਹੁੰਦੇ ਹਨ।

ਅਵਾਜ਼ਾਂ : ਠੀਕ ਹੈ, ਠੀਕ ਹੈ।

ਸ਼੍ਰੀ ਸਪੀਕਰ : ਇਹ ਸਟੇਟਮੈਂਟ ਕੈਪਟਨ ਅਮਰਿੰਦਰ ਸਿੰਘ ਹੋਰਾਂ ਨੇ ਦਿਤੀ ਹੈ। ਕੱਲ੍ਹ ਸਾਰੇ ਹਾਊਸ ਦੀ ਪ੍ਰਵਾਨਗੀ ਨਾਲ ਇਹ ਮੋਸ਼ਨ ਮੂਵ ਕੀਤੀ ਗਈ ਸੀ ਅਤੇ ਉਸ ਦੇ ਮੁਤਾਬਿਕ ਇਹ ਨਿਰਣਾ ਲਿਆ ਗਿਆ ਸੀ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਮੈਂ, ਸਪੀਕਰ ਸਾਹਿਬ, ਬੇਨਤੀ ਕਰਨੀ ਚਾਹਵਾਂਗਾ ਕਿ ਸਾਡੀ ਸਾਰਿਆਂ ਦੀ ਇਹੀ ਖਾਹਿਸ਼ ਰਹੀ ਹੈ ਕਿ ਹਾਊਸ ਠੀਕ ਚਲੇ, ਇਸ ਦੀਆਂ ਕਦਰਾਂ, ਇਸ ਦੀਆਂ ਕੀਮਤਾਂ ਨੂੰ ਲੋਕ ਸਮਝਣ। ਇਥੇ ਲੋਕ 2-2 ਲੱਖ ਬੰਦਿਆਂ ਦੇ ਰਿਪਰੇ-ਜ਼ੈਂਟੇਟਿਵ ਬਣ ਕੇ ਆਏ ਹਨ। ਸਾਡੀ ਹਮੇਸ਼ਾ ਇਹੀ ਖਾਹਿਸ਼ ਰਹੀ ਹੈ ਕਿ ਇਥੋਂ ਦਾ ਮਾਹੌਲ ਠੀਕ ਰਹੇ। ਇਹ ਕਿਸੇ ਦੀ ਖਾਹਿਸ਼ ਨਹੀਂ ਸੀ ਕਿ ਕਿਸੇ ਮੈਂਬਰ ਨੂੰ ਹਾਊਸ ਤੋਂ ਬਾਹਰ ਭੇਜ ਦੇਈਏ।

[ਮੁੱਖ ਮੰਤਰੀ]

ਇਹ ਆਦੇਸ਼ ਮਜਬੂਰ ਹੋ ਕੇ ਦਿਵਾਇਆ ਗਿਆ। ਇਹ ਆਪ ਵੀ ਰਿਗਰੈਟ ਸ਼ੋਅ ਕਰ ਰਹੇ ਹਨ, ਇਹ ਇਨ੍ਹਾਂ ਦੇ ਆਗੂ ਹਨ। ਦੂਸਰਾ ਇਹ ਮੈਂਬਰ ਨੂੰ ਬੁਲਾ ਦੇਣ, ਜੇ ਉਹ ਵੀ ਰਿਗਰੈਟ ਸ਼ੋਅ ਕਰ ਦੇਣ ਕਿ ਹਾਊਸ ਵਿਚ ਕੱਲ੍ਹ ਜੋ ਕੁਝ ਹੋਇਆ ਸੀ, ਗਲਤ ਹੋਇਆ ਸੀ ਅਤੇ ਮੈਂ ਮੁਆਫੀ ਮੰਗਦਾ ਹਾਂ ਤਾਂ ਮੈਂ ਸਮਝਦਾ ਹਾਂ ਕਿ ਹਾਊਸ ਨੂੰ, ਸਾਰੇ ਮੈਂਬਰ ਸਾਹਿਬਾਨ ਨੂੰ ਉਨ੍ਹਾਂ ਨੂੰ ਮੁਆਫ ਕਰ ਦੇਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਜੋ ਤਜਵੀਜ਼ ਲੀਡਰ ਆਫ਼ ਦੀ ਹਾਊਸ ਨੇ ਰੱਖੀ ਹੈ, ਉਸ ਨਾਲ ਸਾਰੇ ਹਾਊਸ ਦੀ ਸਹਿਮਤੀ ਪ੍ਰਗਟ ਹੁੰਦੀ ਹੈ। ਮੈਂ ਸਮਝਦਾ ਹਾਂ ਕਿ he may be allowed to enter the House ਕਿਉਂਕਿ ਮਸਲਾ ਹੁਣ ਇਸ ਵੇਲੇ ਸਾਹਮਣੇ ਆ ਗਿਆ ਹੈ। ਮੇਰੀ ਬੇਨਤੀ ਹੈ ਕਿ ਅੱਧੇ ਮਿੰਟ ਵਿਚ ਉਹ ਹਾਊਸ ਵਿਚ ਆ ਜਾਣ। ਇਹ ਹਾਊਸ ਦੀ ਰਜ਼ਾਮੰਦੀ ਨਾਲ ਹੀ ਹੋਵੇਗਾ। He must come to make a statement.

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਉਨ੍ਹਾਂ ਲਈ ਕੋਈ ਟਾਈਮ ਲਿਮਿਟ ਰਖ ਲਓ। ਬਾਕੀ ਜਿਹੜੀ ਪਾਰਟੀ ਦਾ ਟਾਈਮ ਬਣਦਾ ਹੈ, ਉਹ ਬੋਲ ।

ਸ੍ਰੀ ਸਪੀਕਰ : ਪਾਰਟੀਆਂ ਦਾ ਟਾਈਮ ਲੀਡਰ ਆਫ ਦੀ ਹਾਊਸ, ਆਪੋਜ਼ੀਸ਼ਨ ਅਤੇ ਹੋਰ ਪਾਰਟੀਆਂ ਦੀ ਸਲਾਹ ਨਾਲ ਰਖ ਲਿਆ ਗਿਆ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਹਾਊਸ ਵਿੱਚ ਵੈਕਿਊਮ ਨਹੀਂ ਰਹਿਣਾ ਚਾਹੀਦਾ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਹਾਊਸ ਨੂੰ ਪ੍ਰੋਸੀਡ ਕਰਨਾ ਚਾਹੀਦਾ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ: ਸਪੀਕਰ ਸਾਹਿਬ, ਉਨ੍ਹਾਂ ਨੂੰ ਹਾਲੇ ਸ਼ਾਇਦ ਟਾਈਮ ਲਗਦਾ ਹੋਵੇ। ਮਨਾਉਣਾ ਵਗੈਰਾ ਹੈ ।

(ਇਸ ਵਕਤ ਸਰਦਾਰ ਗੁਰਦੇਵ ਸਿੰਘ ਬਾਦਲ ਹਾਊਸ ਵਿਚ ਆ ਗਏ।)

ਸਰਦਾਰ ਗੁਰਦੇਵ ਸਿੰਘ ਬਾਦਲ ** ** **

ਰਾਜ ਮੰਤਰੀ, ਖੁਰਾਕ ਤੇ ਸਪਲਾਈ (ਸਰਦਾਰ ਬਲਦੇਵ ਸਿੰਘ ਮਾਨ) : ਜੋ ਕੁਝ ਮੈਂਬਰ ਨੇ ਕਿਹਾ ਹੈ, ਇਹ ਐਕਸਪੰਜ ਕਰ ਦਿੱਤਾ ਜਾਏ ।

ਸ੍ਰੀ ਸਪੀਕਰ : ਜੋ ਗਲ ਤਹਿ ਹੋਈ ਸੀ, ਜੋ ਫੈਸਲਾ ਹੋਇਆ ਉਸ ਦੇ ਮੁਤਾਬਿਕ ਜੋ ਹੁਣ ਸਰਦਾਰ ਗੁਰਦੇਵ ਸਿੰਘ ਬਾਦਲ ਨੇ ਕਿਹਾ ਹੈ, ਉਹ ਠੀਕ ਨਹੀਂ ਹੈ। (ਵਿਘਨ) ਜੋ ਅਕਾਲ ਤਖਤ ਬਾਰੇ ਸਰਦਾਰ ਗੁਰਦੇਵ ਸਿੰਘ ਬਾਦਲ ਨੇ ਸ਼ਬਦ ਕਹੇ ਹਨ ਉਹ ਐਕਸਪੰਜ ਕਰ ਦਿੱਤੇ ਜਾਣ।

ਸਰਦਾਰ ਕਿਰਪਾਲ ਸਿੰਘ ਢਿੱਲੋਂ : ਐਸਪਰਸ਼ਨਜ਼ ਆ ਰਹੀਆਂ ਹਨ ਕਿ ਅਸੀਂ ਧਰਮ ਦੇ ਖਿਲਾਫ ਹਾਂ, ਅਕਾਲ ਤਖਤ ਦੇ ਖਿਲਾਫ਼ ਹਾਂ। ਇਹ ਐਕਸਪੰਜ ਹੋਣਾ ਚਾਹੀਦਾ ਹੈ।

**Expunged as ordered by the Chair.

ਸ੍ਰੀ ਸਪੀਕਰ : ਜੋ ਕੁਝ ਸਰਦਾਰ ਗੁਰਦੇਵ ਸਿੰਘ ਬਾਦਲ ਨੇ ਕਿਹਾ ਹੈ, ਉਹ ਐਕਸਪੰਜ ਕਰ ਦਿੱਤਾ ਜਾਏ ।

ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ (ਸਰਦਾਰ ਬਲਦੇਵ ਸਿੰਘ ਖਿਆਲਾ) : ਜੋ ਕੁਝ ਸਰਦਾਰ ਗੁਰਦੇਵ ਸਿੰਘ ਬਾਦਲ ਕਹਿ ਰਹੇ ਹਨ, ਇਹ ਠੀਕ ਨਹੀਂ ਹੈ (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਜੋ ਕੁਝ ਗਲਤ ਫਹਿਮੀ ਵਿਚ ਹੋਇਆ, ਉਸ ਲਈ ਮੈਂ ਖੇਦ ਪ੍ਰਗਟ ਕਰਦਾ ਹਾਂ (ਵਿਘਨ)

ਰਾਜ ਮੰਤਰੀ, ਖੁਰਾਕ ਤੇ ਸਪਲਾਈ (ਸਰਦਾਰ ਬਲਦੇਵ ਸਿੰਘ ਮਾਨ) : ਚੈਂਬਰ ਵਿਚ ਗਲ ਹੋਈ ਸੀ, ਉਥੇ ਢੀਂਡਸਾ ਸਾਹਿਬ ਔਰ ਕੈਪਟਨ ਅਮਰਿੰਦਰ ਸਿੰਘ ਵੀ ਮੌਜੂਦ ਸਨ। ਇਹ ਹੋਰ ਭੜਕਾਉਣ ਵਾਲੀਆਂ ਗੱਲਾਂ ਕਰ ਰਹੇ ਹਨ। (ਵਿਘਨ) ਮੈਂ ਫਿਰ ਵੀ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਬਾਦਲ ਸਾਹਿਬ ਇਸ ਹਾਊਸ ਦੇ ਬੜੇ ਪੁਰਾਣੇ ਮੈਂਬਰ ਹਨ ਸਿੱਧੀ ਗਲ ਕਹਿ ਕੇ ਇਨ੍ਹਾਂ ਨੂੰ ਮੁਕਾਉਣਾ ਚਾਹੀਦਾ ਹੈ। (ਵਿਘਨ)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਸਰਦਾਰ ਗੁਰਦੇਵ ਸਿੰਘ ਬਾਦਲ ਨੂੰ ਜੋ ਗਲ ਤਹਿ ਹੋਈ ਸੀ ਉਸ ਤਰ੍ਹਾਂ ਕਹਿਣਾ ਚਾਹੀਦਾ ਹੈ। ਉਸ ਵੇਲੇ ਤਹਿ ਹੋਇਆ ਸੀ ਕਿ ਅਗਰ ਸਰਦਾਰ ਗੁਰਦੇਵ ਸਿੰਘ ਬਾਦਲ ਉਹ ਕਹਿਣ ਨੂੰ ਤਿਆਰ ਹਨ ਤਾਂ ਮੈਂ ਹਾਊਸ ਨੂੰ ਕਨਸਿਡਰ ਕਰਨ ਵਾਸਤੇ ਕਹਾਂਗਾ।

ਸਰਦਾਰ ਗੁਰਦੇਵ ਸਿੰਘ ਬਾਦਲ : ਜੋ ਗਲ ਗਰਮੀ ਗਰਮੀ ਵਿਚ ਹੋ ਗਈ, ਉਸ ਲਈ ਮੈਂ ਅਫਸੋਸ ਪ੍ਰਗਟ ਕਰਦਾ ਹਾਂ (ਵਿਘਨ)

ਸ੍ਰੀ ਸਪੀਕਰ : ਖਿਮਾ ਦਾ ਜਾਚਕ ਹਾਂ, ਇਹ ਕਹਿਣ ਬਾਰੇ ਗਲ ਹੋਈ ਸੀ ਉਸ ਵੇਲੇ। ਅਗਰ ਬਾਦਲ ਸਾਹਿਬ ਇਹ ਗਲ ਕਹਿਣਗੇ ਤਾਂ ਮੈਂ ਹਾਊਸ ਨੂੰ ਕਹਾਂਗਾ ਕਿ ਹਾਊਸ ਇਸ ਨੂੰ ਕਨਸਿਡਰ ਕਰੇ।

(ਇਸ ਸਮੇਂ ਕੈਪਟਨ ਅਮਰਿੰਦਰ ਸਿੰਘ ਬੋਲਣ ਲਈ ਖੜ੍ਹੇ ਹੋਏ।)

ਬਾਦਲ ਸਾਹਿਬ ਕਹਿਣ। ਕੈਪਟਨ ਸਾਹਿਬ ਤੁਸੀਂ ਬੈਠੋ । ਜੇ ਬਾਦਲ ਸਾਹਿਬ ਮੁਆਫੀ ਮੰਗਦੇ ਹਨ ਤਾਂ ਫਿਰ ਮੈਂ ਹਾਊਸ ਨੂੰ ਉਸ ਉਤੇ ਵਿਚਾਰ ਕਰਨ ਵਾਸਤੇ ਕਹਾਂਗਾ।

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਕਹਿ ਦਿਤਾ ਹੈ ਕਿ ਮੈਂ ਅਫਸੋਸ ਪ੍ਰਗਟ ਕਰਦਾ ਹਾਂ। (ਵਿਘਨ) ਮੈਨੂੰ ਅੰਗਰੇਜ਼ੀ ਦਾ ਸ਼ਬਦ ਨਹੀਂ ਆਉਂਦਾ।

ਸ੍ਰੀ ਸਪੀਕਰ : ਤੁਸੀਂ ਜੋ ਕਹਿਣਾ ਹੈ ਗਰੇਸ ਰੱਖਕੇ ਗੱਲ ਕਰੋ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਮੈਂ ਬੇਨਤੀ ਕਰਾਂਗਾ ਕਿ ਉਹ ਤਿਆਰ ਨਹੀਂ। ਮੈਂ ਬੇਨਤੀ ਕਰਾਂਗਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਕਹਿਣ ਉਤੇ ਸਾਰੇ ਸਹਿਮਤ ਹੋ ਗਏ ਸਨ। ਉਨ੍ਹਾਂ ਨੇ ਕਿਹਾ ਸੀ ਕਿ ਉਹ ਹਾਊਸ ਤੋਂ ਮੁਆਫੀ ਮੰਗਣ ਲਈ ਤਿਆਰ ਹੋ ਗਏ ਹਨ। ਮੁਆਫੀ ਹਾਊਸ ਤੋਂ ਮੰਗਣੀ ਹੈ, ਹੋਰ ਕਿਸੇ ਤੋਂ ਨਹੀਂ ਮੰਗਣੀ। ਹਾਊਸ ਸੁਪਰੀਮ ਹੈ। ਮੈਂ ਬੇਨਤੀ

[ਮੁੱਖ ਮੰਤਰੀ]

ਕਹਾਂਗਾ ਕਿ ਜੇ ਤਾਂ ਉਹ ਮੁਆਫੀ ਮੰਗਣ ਵਾਸਤੇ ਤਿਆਰ ਹਨ, ਉਹ ਮੁਆਫੀ ਮੰਗਦੇ ਹਨ ਤਾਂ ਹਾਊਸ ਮੁਆਫੀ ਦੇਵੇਗਾ ਨਹੀਂ ਤਾਂ ਫਿਰ ਪਹਿਲਾਂ ਜੋ ਫੈਸਲਾ ਹੋਇਆ ਹੈ ਉਹ ਬਹਾਲ ਰਹੇਗਾ।

ਕੈਪਟਨ ਅਮਰਿੰਦਰ ਸਿੰਘ: ਹੁਣੇ ਮੈਂਬਰ ਸਾਹਿਬ ਨੇ ਕਿਹਾ ਸੀ ਕਿ ਮੈਂ ਰਿਗਰੇਟ ਕਰਦਾ ਹਾਂ। (ਵਿਘਨ) ।

ਸ਼੍ਰੀ ਸਪੀਕਰ: ਮੈਂ ਇਕ ਵਾਰ ਫਿਰ ਮੌਕਾ ਦਿੰਦਾ ਹਾਂ ਕਿ ਆਇਆ ਉਹ ਗਲਤੀ ਮੰਨ ਕੇ ਮੁਆਫੀ ਮੰਗਦੇ ਹਨ ।

ਸਰਦਾਰ ਗੁਰਦੇਵ ਸਿੰਘ ਬਾਦਲ: ਹੋਰ ਕੀ ਚਾਹੁੰਦੇ ਹਨ ? (ਵਿਘਨ) (ਸ਼ੋਰ)

ਸਰਦਾਰ ਕਿਰਪਾਲ ਸਿੰਘ ਢਿੱਲੋਂ (ਬੈਠੇ, ਬੈਠੇ) : ਉਹ ਕਹਿਣ ਕਿ ਜਿਹੜੇ ਮੈਂ ਲਫਜ਼ ਵਰਤੇ ਸਨ ਉਹ ਮੈਂ ਵਾਪਸ ਲੈਂਦਾ ਹਾਂ ਅਤੇ ਮੈਂ ਮੁਆਫੀ ਮੰਗਦਾ ਹਾਂ।

ਸ਼੍ਰੀ ਸਪੀਕਰ: ਇਕ ਮਿੰਟ ਦਾ ਸਮਾਂ ਮੈਂ ਆਖਰੀ ਦੇ ਰਿਹਾ ਹਾਂ। ਜੇ ਉਹ ਖਿਮਾਂ ਮੰਗਣ ਵਾਸਤੇ ਤਿਆਰ ਹਨ ਤਾਂ ਫਿਰ ਹਾਊਸ ਉਸ ਉਤੇ ਵਿਚਾਰ ਕਰੇਗਾ ਨਹੀਂ ਤਾਂ ਫਿਰ ਮੈਨੂੰ ਕਹਿਣਾ ਪਵੇਗਾ ਕਿ ਉਹ ਹਾਊਸ ਤੋਂ ਬਾਹਰ ਚਲੇ ਜਾਣ।

ਰਾਜ ਮੰਤਰੀ, ਖੁਰਾਕ ਤੇ ਸਪਲਾਈ (ਸਰਦਾਰ ਬਲਦੇਵ ਸਿੰਘ ਮਾਨ) : ਸਪੀਕਰ ਸਾਹਿਬ, ਜਿਹੜੀਆਂ ਗੱਲਾਂ ਤਹਿ ਹੋਈਆਂ ਹਨ ਉਹ ਨਹੀਂ ਹੋ ਰਹੀਆਂ This is an insult to the House ਮੈਨੂੰ ਸਮਝ ਨਹੀਂ ਆਉਂਦੀ ਕਿ ਜਦ ਕੈਪਟਨ ਸਾਹਿਬ, ਢੀਂਡਸਾ ਜੀ ਅਤੇ ਰਾਜਾ ਨਰਿੰਦਰ ਸਿੰਘ ਮੰਨ ਕੇ ਆਏ ਹਨ ਤਾਂ ਫਿਰ ਹਾਊਸ ਵਿਚ ਇਹ ਗੱਲ ਕਹਿਣ ਤੇ ਉਨ੍ਹਾਂ ਉਤੇ ਕੀ ਭਾਰ ਪੈ ਰਿਹਾ ਹੈ। ਮੈਂਬਰ ਸਾਹਿਬ ਸਮਝਦਾਰ ਹਨ। ਗਲਤੀ ਹੋ ਜਾਂਦੀ ਹੈ ਅਤੇ ਗਲਤੀ ਦੀ ਖਿਮਾ ਮੰਗਣਾ ਗਲਤ ਗੱਲ ਨਹੀਂ ਹੈ। ਸਾਰੇ ਬੜੇ ਸਮਝਦਾਰ ਹਨ। ਆਪਣੀ ਗਲਤੀ ਦੀ ਮੁਆਫੀ ਮੰਗਣਾ ਉਸ ਵਿਚ ਸੰਗ ਨਹੀਂ ਹੁੰਦੀ ਪਰ ਅੜੀ ਵਿਖਾਉਣਾ ਠੀਕ ਨਹੀਂ ਹੈ। ਐਵੇਂ ਸਮਾਂ ਵੇਸਟ ਨਾ ਕਰੋ। ਜ਼ਿਆਦਾ ਸਮਾਂ ਨਾ ਲਾਇਆ ਜਾਵੇ ਨਹੀਂ ਤਾਂ ਅਸੀਂ ਜੋ ਕੀਤਾ ਹੈ, ਠੀਕ ਹੈ।

ਕੈਪਟਨ ਅਮਰਿੰਦਰ ਸਿੰਘ: ਜੋ ਤੁਹਾਡੇ ਚੈਂਬਰ ਵਿਚ ਫੈਸਲਾ ਹੋਇਆ ਸੀ, ਉਸ ਮੁਤਾਬਿਕ ਉਨ੍ਹਾਂ ਨੇ ਆਪ ਹਾਊਸ ਵਿਚ ਕਿਹਾ ਹੈ ਕਿ ਮੈਂ ਰਿਗਰੇਟ ਕਰਦਾ ਹਾਂ। ਫਿਰ ਉਹ ਕਹਿ ਚੁਕੇ ਹਨ ਕਿ ਹੁਣ ਤੁਸੀਂ ਕੀ ਚਾਹੁੰਦੇ ਹੋ। ਸੋ ਹੁਣ ਤੁਸੀਂ ਕੀ ਚਾਹੁੰਦੇ ਹੋ ?

ਸ਼੍ਰੀ ਸਪੀਕਰ: ਇਹ ਕਹਿਣਾ ਹੈ ਕਿ ਮੈਂ ਖਿਮਾ ਦਾ ਜਾਚਕ ਹਾਂ । (ਵਿਘਨ) ਉਨ੍ਹਾਂ ਨੇ ਕਿਹਾ ਹੈ ਕਿ ਮੈਂ ਰਿਗਰੇਟ ਕਰਦਾ ਹਾਂ। (ਵਿਘਨ) ਤੁਸੀਂ ਇਹ ਸਟੇਟਮੈਂਟ ਬਾਦਲ ਜੀ ਤੋਂ ਪੜ੍ਹਾ ਦਿਓ ।

ਸਰਦਾਰ ਗੁਰਦੇਵ ਸਿੰਘ ਬਾਦਲ: ਸਪੀਕਰ ਸਾਹਿਬ, ਬੜਾ ਅਫਸੋਸ ਹੈ ਜੇ ਮੈਂ ਕਿਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧ ਨਾ ਰਖਦਾ ਹੁੰਦਾ ਤਾਂ ਜੋ ਮੈਂ ਮਰਜ਼ੀ ਕਹਿ ਦਿੰਦਾ, ਸਾਰਾ ਪਰਵਾਨ ਹੋ ਜਾਣਾ ਸੀ।

ਸ਼੍ਰੀ ਸਪੀਕਰ: ਤੁਸੀਂ ਰੈਲੇਵੈਂਟ ਰਹੋ ਨਹੀਂ ਤਾਂ ਰਿਕਾਰਡ ਨਹੀਂ ਹੋਵੇਗਾ।

ਸਰਦਾਰ ਗੁਰਦੇਵ ਸਿੰਘ ਬਾਦਲ: ਮੈਂ ਬੇਨਤੀ ਕਰਦਾ ਹਾਂ ਕਿ ਜੋ ਕੱਲ੍ਹ ਗਰਮਾ ਗਰਮੀ ਵਿਚ ਹੋਇਆ ਮੈਂ ਉਸਦੀ ਖਿਮਾ ਪ੍ਰਗਟ ਕਰਦਾ ਹਾਂ। (ਥੰਪਿੰਗ)

Chief Minister (Sardar Surjit Singh Barnala): Sir, I beg to move—

That this House rescinds its earlier decision, suspending Sardar Gurdev Singh Badal, M.L.A., from the service of the House for the reminder of the Session, taken on the 12th March, 1987, in view of the apology tendered by him.

Mr. Speaker: Motion moved.

That this House rescinds its earlier decision suspending Sardar Gurdev Singh Badal, M.L.A., from the service of the House for the remainder of the Session, taken on the 12th March, 1987, in view of the apology tendered by him

Mr. Speaker: Question is—

That this House rescinds its earlier decision, suspending Sardar Gurdev Singh Badal, M.L.A., from the service of the House for the remainder of the Session taken on the 12th March, 1987, in view of the apology tendered by him.

The motion was carried

ਸ਼੍ਰੀ ਸਪੀਕਰ: ਸਰਦਾਰ ਗੁਰਦੇਵ ਸਿੰਘ ਬਾਦਲ ਨੇ ਕੱਲ੍ਹ ਦੇ ਇੰਸੀਡੈਂਟ ਤੇ ਹਾਊਸ ਤੋਂ ਮੁਆਫੀ ਮੰਗੀ ਹੈ ਔਰ ਮੈਂ ਸਮਝਦਾ ਹਾਂ ਕਿ ਹਾਊਸ ਨੇ ਵਿਸ਼ਾਲ ਹਿਰਦੇ ਨਾਲ, ਬੜੇ ਵੱਡੇ ਹਿਰਦੇ ਨਾਲ ਉਨ੍ਹਾਂ ਨੂੰ ਮੁਆਫ ਕਰ ਦਿੱਤਾ ਹੈ। ਮੈਨੂੰ ਆਸ ਹੈ ਕਿ ਫਿਰ ਐਸਾ ਕੋਈ ਇੰਸੀਡੈਂਟ ਨਹੀਂ ਹੋਵੇਗਾ।

DISCUSSION ON GOVERNOR'S ADDRESS (*Resumption*)

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ: (ਅੰਮ੍ਰਿਤਸਰ ਉੱਤਰੀ): ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਲਈ ਸਮਾਂ ਦਿੱਤਾ ਹੈ। ਕੱਲ੍ਹ ਸਵੇਰੇ, ਸਪੀਕਰ ਸਾਹਿਬ, ਅੰਮ੍ਰਿਤਸਰ ਵਿੱਚ ਉਥੇ ਦੇ ਕਾਂਗਰਸ (ਆਈ) ਦੇ ਜਨਰਲ ਸੈਕਟਰੀ ਸ਼੍ਰੀ ਗੁਲਸ਼ਨ ਕੁਮਾਰ ਨੂੰ ਉਸ ਦੀ ਦੁਕਾਨ ਤੇ ਮਾਰਿਆ ਗਿਆ ਔਰ ਜਦੋਂ ਉਹ ਦੁਕਾਨ ਤੇ ਬੈਠਾ ਹੋਇਆ ਸੀ ਤਾਂ ਉਸ ਨੂੰ ਮਾਰਿਆ ਗਿਆ ਹੈ। ਉਹ ਐਸੀ ਜਗ੍ਹਾ ਹੈ ਔਰ ਇਤਨੀ ਭੀੜੀ ਜਗ੍ਹਾ ਹੈ ਕਿ ਉਥੇ ਦਿਨ ਨੂੰ ਕੋਈ ਲੰਘ ਨਹੀਂ ਸਕਦਾ ਜਿਥੇ ਇਤਨਾ ਰਸ਼ ਹੁੰਦਾ ਹੈ। (ਵਿਘਨ)

ਕੈਪਟਨ ਅਮਰਿੰਦਰ ਸਿੰਘ: ਸਪੀਕਰ ਸਾਹਿਬ, ਲੀਡਰ ਆਫ ਦੀ ਆਪੋਜ਼ੀਸ਼ਨ ਬੋਲ ਚੁੱਕੇ ਹਨ ਔਰ ਹੁਣ ਸਾਨੂੰ ਟਾਈਮ ਮਿਲਣਾ ਚਾਹੀਦਾ ਹੈ।

Mr. Speaker: Let the time come. After Mr. Mehra you will have the opportunity.

(Interruptions, noise, nothing audible)

(At this stage some hon. Members were standing)

He (Captain Amarinder Singh) will get the time. Let Mr. Mehra Finish. Thereafter he will get the time. Let us again (interruptions). I request hon. Members to maintain decorum of the House.

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਤੁਸੀਂ ਕੈਪਟਨ ਸਾਹਿਬ ਨੂੰ ਕਾਲ ਅਪਾਨ ਕੀਤਾ ਸੀ।

ਸ੍ਰੀ ਸਪੀਕਰ : ਕਾਲ ਅਪਾਨ ਉਨ੍ਹਾਂ ਨੂੰ ਜਿਸ ਇਸ਼ੂ ਵਾਸਤੇ ਕੀਤਾ ਸੀ ਉਹ ਇਸ਼ੂ ਮੁੱਕ ਗਿਆ ਹੈ ।

Captain Amarinder Singh: The convention of the House is . . (Interruption and Noise in the House, ਹਾਊਸ ਦੀ ਕਨਵੈਨਸ਼ਨ ਹੈ ਕਿ ਪਹਿਲਾਂ ਲੀਡਰ ਆਫ ਦੀ ਆਪੋਜ਼ੀਸ਼ਨ ਫਿਰ ਉਨ੍ਹਾਂ ਤੋਂ ਬਾਅਦ ਅਦਰ ਪਾਰਟੀਜ਼ .... (*Interruption*)

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਸਪੀਕਰ ਸਾਹਿਬ, ਕੀ ਇਨ੍ਹਾਂ ਦੀ ਤੁਹਾਨੂੰ ਕੋਈ ਇਨ-ਫਰਮੇਸ਼ਨ ਆਈ ਹੈ ?

ਸ੍ਰੀ ਸਪੀਕਰ : ਜਦੋਂ ਇਨ੍ਹਾਂ ਨੇ ਕਹਿ ਦਿੱਤਾ ਕਿ ਬੋਲਣਾ ਹੈ ਤਾਂ ਮੈਂ ਮੰਨ ਲਿਆ। ਪਹਿਲਾਂ ਮਹਿਰਾ ਸਾਹਿਬ ਨੂੰ ਬੋਲ ਲੈਣ ਦਿਓ, ਉਸ ਦੇ ਬਾਅਦ ਤੁਹਾਨੂੰ ਟਾਈਮ ਦੇ ਦੇਵਾਂਗਾ।

ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ : ਸਪੀਕਰ ਸਾਹਿਬ, ਕੈਪਟਨ ਸਾਹਿਬ ਕਹਿੰਦੇ ਹਨ ਕਿ ਸਾਡੀ ਪਾਰਟੀ, ਇਹ ਹਾਊਸ ਵਿੱਚ ਦੱਸਣ ਕਿ ਕਿਹੜੀ ਪਾਰਟੀ, ਜਿਹੜੀ ਪਾਰਟੀ ਉਹ ਕਹਿੰਦੇ ਹਨ ਉਹ ਪਾਰਟੀ ਤਾਂ ਭੰਗ ਹੋ ਚੁਕੀ ਹੈ।

Mr. Speaker : I never accepted him as a leader of any party.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਹੁਣੇ ਚੈਂਬਰ ਵਿੱਚ ਤੁਹਾਡੇ ਨਾਲ ਗੱਲ ਹੋਈ ਹੈ ਔਰ ਤੁਸੀਂ ਕਿਹਾ ਕਿ ਬਿਲਕੁਲ ਠੀਕ ਹੈ ਔਰ ਪ੍ਰੋਸੀਜਰ ਦੇ ਮੁਤਾਬਿਕ ਟਾਈਮ ਦੇਵਾਂਗੇ। ਆਪੋਜ਼ੀਸ਼ਨ ਦੇ ਲੀਡਰ ਸਾਹਿਬ ਬੋਲ ਚੁਕੇ ਹਨ ਔਰ ਨੈਕਸਟ ਨੰਬਰ ਸਾਡਾ ਆਉਂਦਾ ਹੈ। ਕੈਪਟਨ ਸਾਹਿਬ ਨੂੰ ਬੋਲਣ ਦਿਓ।

ਸ੍ਰੀ ਸਪੀਕਰ : ਇਧਰੋਂ 2 ਮੈਂਬਰ ਬੋਲ ਚੁੱਕੇ ਹਨ, ਇਸ ਕਰਕੇ ਉਧਰੋਂ ਹੁਣ 2 ਮੈਂਬਰ ਬੋਲਣਗੇ । Please take your seats. (Interruption) I never accepted you as leader of the Akali Legislature Party.

Captain Amarinder Singh : We are not going to sit, Mr. Speaker. We have got our case. We will not sit today. ਸਾਨੂੰ ਹਾਊਸ ਵਿੱਚ ਤੁਹਾਨੂੰ ਟਾਈਮ ਦੇਣਾ ਪਵੇਗਾ, ਜੇ ਤੁਸੀਂ ਇਨ੍ਹਾਂ ਨੂੰ ਬੁਲਵਾ ਕੇ ਸਾਨੂੰ 10 ਮਿੰਟ ਦੇਵੋਂਗੇ ਤਾਂ ਫਿਰ ਅਸੀਂ ਨਹੀਂ ਬੋਲਾਂਗੇ ।

ਸ੍ਰੀ ਸਪੀਕਰ : ਹਿਸਾਬ ਨਾਲ ਜੋ ਤੁਹਾਡਾ ਟਾਈਮ ਬਣਦਾ ਹੈ ਉਹ ਪੂਰਾ ਦਿਆਂਗੇ।

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਅਸੀਂ ਅੱਜ ਨਹੀਂ ਬੋਲਾਂਗੇ ਔਰ ਜੇ ਕੱਲ੍ਹ ਨੂੰ ਤੁਸੀਂ ਸਾਨੂੰ ਪੂਰਾ ਟਾਈਮ ਦਿਓਗੇ ਤਾਂ ਬੋਲਾਂਗੇ ।

ਸ੍ਰੀ ਸਪੀਕਰ : ਮੈਂ ਹਾਊਸ ਨੂੰ ਭਰੋਸਾ ਦਿਲਾਉਣਾ ਚਾਹੁੰਦਾ ਹਾਂ ਕਿ ਕਿਸੇ ਮੈਂਬਰ ਨਾਲ ਕੋਈ ਅੰਨਿਆਏ ਨਹੀਂ ਹੋਵੇਗਾ। ਜੋ ਇਨਸੀਡੈਂਟ ਕੱਲ੍ਹ ਵੀ ਹੋਇਆ ਅਤੇ ਪਿਛੇ ਵੀ ਹੁੰਦੇ ਰਹੇ ਉਹ ਠੀਕ ਨਹੀਂ ਸਨ। ਕੋਈ ਤਾਂ ਹਾਊਸ ਦਾ ਡੈਕੋਰਮ ਹੋਣਾ ਚਾਹੀਦਾ ਹੈ।

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਪਹਿਲਾਂ ਸਰਕਾਰੀ ਬੈਂਚਾਂ ਵਲੋਂ ਬੋਲੇ ਫਿਰ ਲੀਡਰ ਆਫ ਦੀ ਆਪੋਜ਼ੀਸ਼ਨ ਬੋਲੇ ਹਨ, ਹੁਣ ਸਾਡੀ ਪਾਰਟੀ ਦੇ ਲੀਡਰ ਦੀ ਵਾਰੀ ਹੈ ਆਪੋਜ਼ੀਸ਼ਨ ਦੇ ਤੌਰ ਤੇ। (ਵਿਘਨ)

Mr. Speaker : You are not the leader of the party (Interruption) Let the decision of the court come, you are not the leader of any party.

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਇੰਟੈਨਸ਼ਨਲੀ ਹੋ ਰਹੀਆਂ ਹਨ ਤਾਂ ਕਿ ਸਾਡੀ ਪਾਰਟੀ ਨੂੰ ਟਾਈਮ ਨਾ ਦਿਤਾ ਜਾਏ।

***M*r. Speaker** : You will get the tlme. ਮਹਿਰਾ ਸਾਹਿਬ, ਤੁਸੀਂ ਬੋਲੋ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਹਾਊਸ ਦੇ ਨੋਟਿਸ ਵਿਚ ਲਿਆਂਦਾ ਸੀ ਕਿ ਕਿੰਨੇ ਮੈਂਬਰ ਐਜੀਟੇਟਿਡ ਮਹਿਸੂਸ ਕਰਦੇ ਸਨ। ਪੰਜਾਬ ਦੀ ਧਰਤੀ ਤੇ ਫਿਰ ਖੂਨ ਦੀ ਹੋਲੀ ਖੇਡੀ ਜਾ ਰਹੀ ਹੈ, ਇਹ ਧਰਤੀ ਮਾਸੂਮਾਂ ਦੇ ਖੂਨ ਨਾਲ ਰੰਗੀ ਜਾ ਰਹੀ ਹੈ। ਪੰਜਾਬ ਅੱਜੇ ਕਬਰਸਤਾਨ ਅਤੇ ਮਰਘਟ ਬਣ ਗਿਆ ਹੈ। ਇਹ ਚੀਜ਼ ਅੱਜ ਬੜੀ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ ਪੰਜਾਬੀਆਂ ਵਾਸਤੇ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ 1985 ਦੇ ਵਿਚ ਪੰਜਾਬ ਦੇ ਵਿਚ ਫਿਰ ਠੰਢੀਆਂ ਮਿੱਠੀਆਂ ਹਵਾਵਾਂ ਚਲਣੀਆਂ ਸ਼ੁਰੂ ਹੋ ਗਈਆਂ ਸਨ। ਸ਼ਾਂਤੀ ਦਾ ਵਾਤਾ-ਵਰਣ ਬਣ ਗਿਆ ਸੀ, ਜਿਸ ਦੇ ਫਲਸਰੂਪ ਪੰਜਾਬ ਦੇ ਇਲੈਕਸ਼ਨ ਕਾਮਯਾਬੀ ਨਾਲ ਹੋ ਸਕੇ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਮੈਂ ਹਾਊਸ ਦਾ ਧਿਆਨ ਦਿਲਾਉਣਾ ਚਾਹੁੰਦਾ ਹਾਂ ਕਿ ਉਸ ਵੇਲੇ ਅੱਤਵਾਦੀਆਂ ਅਤੇ ਵੱਖਵਾਦੀਆਂ ਨੇ ਬੜਾ ਧਮਕਾਇਆ ਅਤੇ ਡਰਾਇਆ ਅਤੇ ਆਪਣੀਆਂ ਕੋਸ਼ਿਸ਼ਾਂ ਕੀਤੀਆਂ ਕਿ ਪੰਜਾਬ ਦੇ ਲੋਕ ਇਲੈਕਸ਼ਨਾਂ ਵਿਚ ਹਿੱਸਾ ਨਾ ਲੈਣ। ਪਰ ਪੰਜਾਬ ਦੀ ਜਨਤਾ ਨੇ ਮੂੰਹ ਤੋੜ ਜਵਾਬ ਦਿਤਾ ਅਤੇ ਵੋਟਾਂ ਪਾਈਆਂ। ਇਹ ਰਿਕਾਰਡ ਦੀ ਗਲ ਹੈ ਕਿ ਜਿੰਨੀਆਂ ਵੋਟਾਂ ਪੰਜਾਬ ਨੇ 1985 ਵਿਚ ਪਾਈਆਂ ਉਨੀਆਂ ਕਿਸੇ ਵੀ ਇਲੈਕਸ਼ਨ ਦੇ ਸਮੇਂ ਨਹੀਂ ਪਾਈਆਂ। ਪਰਸੈਂਟੇਜ ਦੇਖੀ ਜਾ ਸਕਦੀ ਹੈ। ਇਸ ਤੋਂ ਜ਼ਾਹਰ ਹੈ ਕਿ ਪੰਜਾਬ ਦਾ ਅਵਾਮ ਪ੍ਰਜਾਤੰਤਰ ਵਿਚ ਵਿਸ਼ਵਾਸ ਰਖਦਾ ਹੈ, ਸਾਂਝੀਵਾਲਤਾ ਵਿਚ ਵਿਸ਼ਵਾਸ ਰਖਦਾ ਹੈ, ਦੇਸ਼ ਦੀ ਅਖੰਡਤਾ ਤੇ ਏਕਤਾ ਵਿਚ ਵਿਸ਼ਵਾਸ ਰਖਦਾ ਹੈ। ਜਿਸ ਵੇਲੇ ਅਕਾਲੀਆਂ ਦੀ ਸਰਕਾਰ ਬਣੀ ਕਿਉਂਕਿ ਲੋਕਾਂ ਨੇ ਵੋਟਾਂ ਪਾਈਆਂ ਸਨ ਉਸ ਵੇਲੇ ਜਿਹੜਾ ਟੈਰੋਰਿਜ਼ਮ ਹੈ ਇਹ ਆਪਣੇ ਪੰਖ ਫੈਲਾਉਣ ਲਗ ਪਿਆ ਔਰ ਆਪਣੀਆਂ ਕਾਰਵਾਈਆਂ ਸ਼ੁਰੂ ਕਰ ਦਿਤੀਆਂ। ਸਪੀਕਰ ਸਾਹਿਬ, ਇਹ ਵਿਚਾਰਨ ਵਾਲੀ ਗਲ ਹੈ। ਸਪੀਕਰ ਸਾਹਿਬ, ਮੈਂ ਜਦੋਂ ਇਸ ਬਾਰੇ ਸੋਚਦਾ ਹਾਂ ਤਾਂ ਹਰ ਉਂਗਲ ਇਕ ਚੀਜ਼ ਵਲ ਇਸ਼ਾਰਾ ਕਰਦੀ ਹੈ। ਸਾਡੇ ਚੀਫ ਮਨਿਸਟਰ ਸਾਹਿਬ ਬੜੇ ਸੁਦੱਜੇ ਆਦਮੀ ਹਨ, ਇਮਾਨਦਾਰ ਅਦਮੀ ਹਨ, ਉਨ੍ਹਾਂ ਦੀ ਇੰਟੈਨਸ਼ਨ ਬੜੀ ਚੰਗੀ ਹੈ, ਲੇਕਿਨ ਜਿਹੜੇ ਉਨ੍ਹਾਂ ਦੀ ਕੈਬਨਿਟ ਦੇ ਕੁਝ ਆਦਮੀ ਸਨ ਜਿਹੜੇ ਪ੍ਰੋਟੈਕਸ਼ਨ ਟੈਰੋਰਿਜ਼ਮ ਨੂੰ ਦੇਣਾ ਚਾਹੁੰਦੇ ਸਨ, ਉਨ੍ਹਾਂ ਦੇ ਪਾਸ ਟੈਰੋਰਿਸਟਾਂ ਨੇ ਆਉਣਾ ਹੈ। ਮੈਂ ਕਹਿੰਦਾ ਹਾਂ ਕਿ ਟੈਰੋਰਿਸਟਾਂ ਨਾਲ ਸਬੰਧਤ ਲੋਕਾਂ ਦੀ ਇਕ ਲਛਮਣ ਰੇਖਾ ਖਿਚ ਦਿਓ। ਗਲ ਕੀ ਉਹ ਟੈਰੋਰਿਸਟ ਵਾਕਿਆ ਕਰਦੇ ਸਨ ਅਤੇ ਮਾਸੂਮ ਲੋਕਾਂ ਨੂੰ ਮਾਰਦੇ ਸਨ ਅਤੇ ਜਾ ਕੇ ਵਜ਼ੀਰਾਂ ਦੀਆਂ ਕੋਠੀਆਂ ਵਿਚ ਲੁਕ ਜਾਂਦੇ ਸਨ। ਸੁਖਦੇਵ ਸਿੰਘ ਸਖੀਰਾ ਅਤੇ ਅਨੋਖ ਸਿੰਘ ਵਰਗੇ ਟੈਰੋਰਿਸਟ ਜਿਨ੍ਹਾਂ ਦੇ ਨਾਂ ਤੇ ਇਕ ਇਕ ਲੱਖ ਰੁਪਿਆ ਰਖਿਆ ਹੋਇਆ ਸੀ ਉਹ ਵਜ਼ੀਰਾਂ ਦੀਆਂ

[ਸ੍ਰੀ ਬ੍ਰਿਜ ਭੂਸ਼ਨ ਮਹਿਰਾ]

ਕੋਠੀਆਂ ਵਿਚ ਵੜੇ ਰਹਿੰਦੇ ਸਨ, ਫਿਰ ਕਿਸ ਤਰ੍ਹਾਂ ਟੈਰੋਰਿਜ਼ਮ ਨਾਲ ਨਿਬੜਿਆ ਜਾ ਸਕਦਾ ਸੀ। ਇਸ ਲਹਿਰ ਦੇ ਜਿਹੜੇ ਥੋੜ੍ਹੇ ਜਿਹੇ ਮੈਂਬਰ ਸਨ ਉਹ ਹਾਊਸ ਦੇ ਖੱਬੇ ਪਾਸੇ ਜਾ ਬੈਠੇ ਔਰ ਇਸ ਤਰ੍ਹਾਂ ਤਾਂ ਟੈਰੋਰਿਜ਼ਮ ਕਦੇ ਵੀ ਨਹੀਂ ਖਤਮ ਹੋ ਸਕਦਾ। ਅੱਜ ਇਹ ਲੋਕ ਪੰਜਾਬ ਨੂੰ ਜਵਾਬਦੇਹ ਹਨ ਔਰ ਕੁਝ ਸਰਕਾਰ ਦੇ ਵਿਚ ਬੈਠੇ ਹੋਏ ਹਨ। ਜਿਨ੍ਹਾਂ ਦੇ ਬਰਖਿਲਾਫ ਸਾਰਾ ਪੰਜਾਬ, ਸਾਰਾ ਹਿੰਦੁਸਤਾਨ ਲੜਨਾ ਚਾਹੁੰਦਾ ਹੋਵੇ, ਉਹ ਉਨ੍ਹਾਂ ਦੀਆਂ ਕੋਠੀਆਂ ਵਿਚ ਬੈਠੇ ਹੋਣ। ਮੇਜਰ ਸਿੰਘ ਵਜ਼ੀਰ ਦੇ ਪੀ.ਏ. ਦਾ ਪੁੱਤਰ ਸੀ ਅਤੇ ਅੱਜ ਇਕ ਵਜ਼ੀਰ ਸਾਹਿਬ ਦੇ ਪੁੱਤਰ ਦਾ ਨਾਂ ਅਖਬਾਰਾਂ ਵਿਚ ਆਇਆ ਹੈ ਜਿਹੜਾ ਕੁਲਵੰਤ ਸਿੰਘ ਨਾਲ ਪਕੜਿਆ ਗਿਆ ਸੀ। ਉਸ ਦੇ ਟੈਰੋਰਿਸਟਾਂ ਨਾਲ ਤੁਅੱਲਕਾਤ ਹਨ। ਬਰਨਾਲਾ ਸਾਹਿਬ ਨੂੰ ਇਸ ਪਾਸੇ ਧਿਆਨ ਦੇਣਾ ਪਏਗਾ। ਜਿਹੜੇ ਇਹੋ ਜਿਹੇ ਆਦਮੀ ਹਨ ਜਿਨ੍ਹਾਂ ਤੇ ਜ਼ਰਾ ਵੀ ਸ਼ੱਕ ਹੈ, ਇਹ ਲੜਨਾ ਚਾਹੁੰਦੇ ਹਨ। ਇਕ ਨਵੀਂ ਕਿਰਨ ਮਿਲੀ ਹੈ। ਉਨ੍ਹਾਂ ਨੇ ਸਟੈਂਡ ਲਿਆ ਹੈ ਲੇਕਿਨ ਜੇਕਰ ਇਹ ਹੋ ਸਕਦਾ ਹੈ, ਜਿਹੜਾ ਆਦਮੀ ਟੈਰੋਰਿਸਟਾਂ ਨਾਲ ਕੋਈ ਤੁਅਲਕ ਰਖਦਾ ਹੈ, ਜਿਹੜਾ ਗਲਫੱਕੜੀਆਂ ਪਾਉਂਦਾ ਹੈ, ਉਸ ਨੂੰ ਅਲੱਗ ਕਰੋ ਤਾਕਿ ਮਾਹੌਲ ਸ਼ਾਂਤ ਹੋਵੇ ਔਰ ਬਰਨਾਲਾ ਜੀ ਨੂੰ ਕਾਮਯਾਬੀ ਹੋਵੇ। ਜੇਕਰ ਇਹ ਨਹੀਂ ਕਰ ਸਕਣਗੇ ਤਾਂ ਬਾਵਜੂਦ ਚੰਗੇ ਇਰਾਦੇ ਹੋਣ ਦੇ, ਚੰਗੀਆਂ ਮਨੋਕਾਮਨਾਵਾਂ ਹੋਣ ਦੇ ਇਹ ਕਾਮਯਾਬੀ ਹਾਸਲ ਨਹੀਂ ਕਰ ਸਕਣਗੇ। ਵੇਖੋ ਪੰਜਾਬ ਦੇ ਵਿਚ ਅੱਜ ਬੜੇ ਆਦਮੀ ਸ਼ਹੀਦ ਹੋ ਗਏ ਹਨ। ਲੜਾਈ ਵਿਚ ਆਦਮੀ ਮਰਦੇ ਸਨ, ਆਜ਼ਾਦੀ ਲੈਣ ਲਈ ਦੇਸ਼ ਦੀ, ਪਰ ਜਿਹੜੇ ਅੱਜ ਸ਼ਹੀਦ ਹੋ ਰਹੇ ਹਨ, ਜਿਹੜੇ ਮੁਲਕ ਦੇ ਭਾਈ-ਚਾਰੇ ਵਾਸਤੇ, ਮੁਲਕ ਦੀ ਏਕਤਾ ਵਾਸਤੇ ਜਿਹੜੇ ਲੋਕ ਮੁਕਾਬਲਾ ਕਰ ਰਹੇ ਹਨ ਅੱਤਵਾਦ ਦਾ, ਉਹ ਵੀ ਉਸ ਤਰ੍ਹਾਂ ਦੇ ਹੀ ਸ਼ਹੀਦ ਹਨ। ਇਹ ਮਾਣ ਦੀ ਗੱਲ ਹੈ ਕਿ ਇਨ੍ਹਾਂ ਵਿਚੋਂ ਬਹੁਤਾ ਹਿੱਸਾ ਉਨ੍ਹਾਂ ਨੇ ਪਾਇਆ ਹੈ ਜਿਹੜੇ ਕਿਸੇ ਵੇਲੇ ਹਾਊਸ ਦੇ ਮੈਂਬਰ ਸਨ। ਸ੍ਰੀ ਹਰਬੰਸ ਲਾਲ ਖੰਨਾ, ਐਕਸ ਐਮ.ਐਲ.ਏ., ਲਾਲਾ ਜਗਤ ਨਰਾਇਣ, ਸ੍ਰੀ ਰੁਮੇਸ਼ ਚੰਦਰ, ਦੋ ਹੋਰ ਵੀਰ ਮਾਰੇ ਗਏ, ਜੁਗਿੰਦਰ ਪਾਲ ਪਾਂਡੇ ਤੇ ਚੰਨਣ ਸਿੰਘ ਧੂਤ, ਸਰਦਾਰ ਸੰਤ ਸਿੰਘ ਸਿਟਿੰਗ ਐਮ. ਐਲ. ਏ. ਔਰ ਇਹ ਮਾਰੇ ਗਏ ਹਨ। ਇਨ੍ਹਾਂ ਨੇ ਸ਼ਹੀਦੀ ਦਿੱਤੀ ਹੈ, ਇਹ ਅਸੀਂ ਸ਼ਹੀਦੀ ਦਿੱਤੀ ਹੈ ਤਾਕਿ ਪੰਜਾਬ ਦੇ ਵਿਚ ਕੋਈ ਨਖੇੜ ਨਾ ਪਏ ਭਾਵੇਂ ਜਿੰਨੀਆਂ ਮਰਜ਼ੀ ਕੁਰਬਾਨੀਆਂ ਦੇਣੀਆਂ ਪੈਣ। ਇਕ ਗੱਲ ਹਿੰਦੁਸਤਾਨ ਦੇ ਵਕਾਰ ਵਾਸਤੇ, ਆਜ਼ਾਦੀ ਵਾਸਤੇ ਹਮੇਸ਼ਾ ਇਥੇ ਸ਼ਹੀਦ ਮਿਲਦੇ ਰਹੇ ਹਨ ਔਰ ਮਰਦੇ ਰਹੇ ਹਨ। ਦੁਨੀਆਂ ਵਿਚੋਂ ਇਥੇ ਇਹ ਗੱਲ ਮਿਲਦੀ ਹੈ। ਦੁਨੀਆਂ ਵਿਚ ਹੋਰ ਭਾਵੇਂ ਕੁਝ ਬਦਲਿਆ ਹੋਵੇ ਪਰ ਮੁੱਖ ਧਾਰਾ ਉਥੇ ਹੀ ਰਹੀ ਹੈ। ਕੋਈ ਉਸ ਨੂੰ ਨਖੇੜ ਨਹੀਂ ਸਕਿਆ ਨਾ ਕੋਈ ਨਖੇੜ ਸਕੇਗਾ। ਮੈਨੂੰ ਕੋਈ ਪੁੱਛਦਾ ਹੈ ਤਾਂ ਮੈਂ ਕਹਿੰਦਾ ਹਾਂ ਕਿ ਅੰਧੇਰੀ ਆਈ ਹੈ, ਹਟ ਜਾਵੇਗੀ, ਲੰਘ ਜਾਵੇਗੀ, ਕੁਝ ਪੱਤੇ ਝਾੜ ਦੇਵੇਗੀ। ਸ਼ਹੀਦਾਂ ਦੀ ਮੈਂ ਇਕ ਗੱਲ ਕਹਿੰਦਾ ਹਾਂ। ਮੁੱਖ ਮੰਤਰੀ ਜੀ ਨਹੀਂ ਬੈਠੇ, ਪਰ ਵਜ਼ੀਰ ਬੈਠੇ ਹਨ। ਜਿਨ੍ਹਾਂ ਲੋਕਾਂ ਦੀ ਸ਼ਹੀਦੀ ਹੁੰਦੀ ਹੈ ਉਨ੍ਹਾਂ ਦੀ ਤੁਲਨਾ ਕਰੀਏ, ਭਗਤ ਸਿੰਘ ਜੀ ਜਿਨ੍ਹਾਂ ਨੇ ਆਜ਼ਾਦੀ ਵਾਸਤੇ ਸ਼ਹੀਦੀ ਦਿੱਤੀ, ਤਾਂ ਇਹ ਏਕਤਾ ਵਾਸਤੇ ਸ਼ਹੀਦ ਹੋਏ ਹਨ। ਇਸ ਲਈ ਉਨ੍ਹਾਂ ਦੇ ਨਾਮ ਤੇ ਕੋਈ ਯਾਦਗਾਰ ਹੋਣੀ ਚਾਹੀਦੀ ਹੈ। ਕੋਈ ਸਮਾਰਕ ਹੋਣਾ ਚਾਹੀਦਾ ਹੈ। ਜੁਗਿੰਦਰ ਪਾਲ ਪਾਂਡੇ ਸਾਨੂੰ ਯਾਦ ਹੈ ਜਦੋਂ ਮੈਂਬਰ ਸੀ, ਏਹੋ ਜਿਹਾ ਸੁਚੱਜਾ ਆਦਮੀ, ਏਨਾ ਦਾਨਸ਼ਮੰਦ ਆਦਮੀ ਸ਼ਹੀਦ ਹੋ ਗਿਆ ਹੈ। ਹੋਰ ਸ਼ਹੀਦ ਹੋ ਗਏ ਹਨ ਪੰਜਾਬ ਵਿਚ। ਉਨ੍ਹਾਂ ਬਾਰੇ ਸੋਚਣਾ ਚਾਹੀਦਾ ਹੈ। ਇਕ ਵੀਰ ਨੇ ਸਿਵਲ ਵਾਰ ਦੀ ਗੱਲ ਕਹੀ ਸੀ। ਪਿਛਲੇ ਸੈਸ਼ਨ ਵਿਚ ਰਾਜਾ ਜੀ ਨੇ ਕਿਹਾ ਸੀ ਕਿ ਬੰਦ ਬੰਦ ਕਟਵਾ ਦੇਵਾਂਗੇ। ਅਸੀਂ ਸਿਰ ਕਟਵਾ ਦੇਵਾਂਗੇ। ਅਸੀਂ ਤੁਫਾਨਾਂ ਵਿਚ ਪਲੇ ਹਾਂ। ਪਾਕਿਸਤਾਨ ਬਣਿਆ ਸੀ। ਅਸੀਂ

ਗੋਲੀਆਂ ਨਾਲ ਮੁਕਾਬਲਾ ਕਰਦੇ ਰਹੇ ਹਾਂ। ਝੁਕੇ ਨਹੀਂ। ਲੇਕਿਨ ਸਾਡੇ ਮਹਾਤਮਾ ਗਾਂਧੀ ਜੀ ਦੀ ਸਿਖਿਆ ਇਸ ਗੱਲ ਦੀ ਹੈ ਕਿ ਸਾਰੇ ਹਿੰਦੁਸਤਾਨੀ ਇਕ ਲਗਦੇ ਹਨ, ਸਾਡੇ ਵੀਰ ਹਨ, ਸਾਡੇ ਭਰਾ ਹਨ। ਅਸੀਂ ਅਹਿੰਸਾ ਨਾਲ ਤਸ਼ੱਦਦ ਦਾ ਮੁਕਾਬਲਾ ਕਰ ਰਹੇ ਹਾਂ। ਅਹਿੰਸਾ ਨਾਲ ਕਰ ਰਹੇ ਹਾਂ ਔਰ ਕਰਦੇ ਰਹਿਣਾ ਹੈ ਔਰ ਖਿੜੇ ਮੱਥੇ ਕੁਰਬਾਨੀਆਂ ਦੇਵਾਂਗੇ। ਇਸ ਤੋਂ ਵੱਡੀ ਗੱਲ ਨਹੀਂ ਹੋਵੇਗੀ ਸਾਡੇ ਲਈ ਜੇਕਰ ਦੇਸ਼ ਵਾਸਤੇ ਮਰ ਸਕੀਏ। ਜੇਕਰ ਰੱਬ ਮੇਹਰ ਕਰੇ, ਸਾਨੂੰ ਇਹ ਮੌਤ ਦੇਵੇ। ਲੇਕਿਨ ਦੋਸਤੋ ਇਕ ਗਲ ਹੈ, ਲੜਨਾ ਹੈ ਤਾਂ ਢਿੱਲ ਨਾਲ ਨਹੀਂ ਲੜਿਆ ਜਾਂਦਾ, ਸਖਤੀ ਨਾਲ ਹਮੇਸ਼ਾ ਲੜਿਆ ਜਾਂਦਾ ਹੈ। ਇਹ ਠੀਕ ਹੈ ਕਿ ਇਹ ਵੀਰ ਬੜੇ ਬੜੇ ਖਾਨਦਾਨਾਂ ਵਿਚੋਂ ਆਏ ਹਨ। ਇਹ ਗੋਲੀਆਂ ਦੇ ਪਲੇ ਹੋਏ ਹਨ (ਵਿਘਨ) ਪੰਘੂੜੇ ਦੀਆਂ ਗੋਲੀਆਂ ਵਿਚ ਪਲੇ ਹੋਏ ਹਨ ਤੇ ਪੰਘੂੜਿਆਂ ਵਿਚ ਹਲੂਣੇ ਹੋਏ ਇਹ ਅਜ ਇਸ ਗਲ ਨੂੰ ਨਹੀਂ ਸਮਝ ਸਕਦੇ ਕਿ ਪੰਜਾਬ ਦੇ ਅਵਾਮ ਦੀ ਅੱਜ ਮੰਗ ਕੀ ਹੈ। ਸਪੀਕਰ ਸਾਹਿਬ, ਅੱਜ ਪੰਜਾਬ ਦੇ ਅਵਾਮ ਦੀ ਮੰਗ ਹੈ ਕਿ ਪੰਜਾਬ ਵਿਚ ਸ਼ਾਂਤੀ ਲਿਆਓ। ਜਿਹੜੇ ਸ਼ਾਂਤੀ ਨੂੰ ਭੰਗ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਫੜੋ। ਜਿਹੜੇ ਹਿੰਦੂ ਸਿੱਖ ਦਾ ਫਸਾਦ ਪਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਰੋਕੋ ਇਸ ਵਾਸਤੇ ਪੁਲਿਟੀਕਲ ਲੜਾਈ ਕਰੋ, ਹੋਰ ਕੋਈ ਲੜਾਈ ਕਰੋ ਪਰ ਪੰਜਾਬ ਵਿਚ ਸ਼ਾਂਤੀ ਲਿਆਓ। ਜਿਸ ਤਰ੍ਹਾਂ ਹਿੰਦੁਸਤਾਨ ਦੀ ਹੋਰ ਸਾਰੀਆਂ ਪਾਰਟੀਆਂ ਨੇ ਬਰਨਾਲਾ ਸਾਹਿਬ ਨੂੰ ਇਸ ਗਲ ਵਾਸਤੇ ਸਪੋਰਟ ਦਿਤੀ ਹੈ ਇਸੇ ਤਰ੍ਹਾਂ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਵੀ ਆਪਣੀ ਸਰਕਾਰ ਦੇ ਚੁਣੇ ਹੋਏ ਬਰਨਾਲਾ ਸਾਹਿਬ ਨੂੰ ਪੂਰੀ ਸਪੋਰਟ ਕਰਨੀ ਚਾਹੀਦੀ ਹੈ ਨਹੀਂ ਤਾਂ ਕਦੇ ਇਨ੍ਹਾਂ ਨੂੰ ਕੋਈ ਪੰਜਾਬੀ ਮੁਆਫ ਨਹੀਂ ਕਰੇਗਾ, ਹਿਸਟਰੀ ਇਨ੍ਹਾਂ ਨੂੰ ਮੁਆਫ ਨਹੀਂ ਕਰੇਗੀ। ਕੋਈ ਇਹ ਨਹੀਂ ਕਹੇਗਾ ਕਿ ਤੁਸੀਂ ਪੰਜਾਬ ਦੇ ਭਲੇ ਦੀ ਗਲ ਕੀਤੀ ਹੈ।

ਸਪੀਕਰ ਸਾਹਿਬ, ਇਹ ਜਿਹੜਾ ਗਵਰਨਰ ਐਡਰੈਸ ਹੈ ਇਸ ਵਿਚ ਇਹ ਦਸਿਆ ਹੈ ਕਿ 1984 ਦੇ ਜਿਹੜੇ ਦੰਗਾ ਪੀੜਤ ਸਨ ਉਨ੍ਹਾਂ ਨੂੰ ਕਾਫੀ ਰਿਆਇਤਾਂ ਦਿੱਤੀਆਂ ਹਨ। ਉਨ੍ਹਾਂ ਨੂੰ ਪਲਾਟ ਵੀ ਦਿੱਤੇ ਗਏ ਹਨ, ਕਰਜ਼ੇ ਵੀ ਦਿੱਤੇ ਗਏ ਹਨ, ਇਹ ਅੱਛੀ ਗਲ ਹੈ। ਪਰ ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਪੰਜਾਬ ਦੀ ਧਰਤੀ ਤੇ ਸ਼ਹੀਦ ਹੋ ਗਏ ਹਨ, ਜਿਨ੍ਹਾਂ ਦੇ ਨਾਲ ਉਜੜ ਗਏ ਹਨ ਉਨ੍ਹਾਂ ਨੂੰ ਵੀ ਇਹ ਰਿਆਇਤਾਂ ਦੇਣ ਵਾਸਤੇ ਇਸ ਐਡਰੈਸ ਵਿਚ ਜ਼ਿਕਰ ਕਰਨਾ ਚਾਹੀਦਾ ਸੀ। ਲੇਕਿਨ ਮੈਂ ਸਮਝਦਾ ਹਾਂ ਕਿ ਇਸ ਵਿਚ ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਜੇ ਅਜਿਹਾ ਕੋਈ ਉਨ੍ਹਾਂ ਨੂੰ ਸਹੂਲਤਾਂ ਬਾਰੇ ਜ਼ਿਕਰ ਕੀਤਾ ਗਿਆ ਹੁੰਦਾ ਤਾਂ ਉਨ੍ਹਾਂ ਦੇ ਜ਼ਖਮਾਂ ਤੇ ਵੀ ਕੋਈ ਮੱਲ੍ਹਮ ਲਗ ਜਾਂਦੀ।

ਇਕ ਗਲ, ਸਪੀਕਰ ਸਾਹਿਬ, ਇਹ ਆਮ ਕਹੀ ਜਾਂਦੀ ਰਹੀ ਹੈ ਕਿ ਇਹ ਜਿਹੜੀ ਸਰਕਾਰ ਹੈ ਇਹ ਦਿਹਾਤੀਆਂ ਦੀ ਸਰਕਾਰ ਹੈ ਸ਼ਹਿਰੀ ਆਬਾਦੀ ਦੇ ਬਰਖਿਲਾਫ ਹੈ। ਐਂਟੀ ਅਰਬਨ ਬਾਈਸ ਕਹਿ ਕੇ ਇਨ੍ਹਾਂ ਨੂੰ ਸ਼ਿਕਾਇਤ ਕੀਤੀ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਇਹ ਦਿਹਾਤੀ ਲੋਕਾਂ ਵਾਸਤੇ ਸੋਚਿਆ ਜਾਂਦਾ ਹੈ, ਉਨ੍ਹਾਂ ਨੂੰ ਸਹੂਲਤਾਂ ਦਿਤੀਆਂ ਜਾਂਦੀਆਂ ਹਨ, ਇਸੇ ਤਰ੍ਹਾਂ ਸ਼ਹਿਰੀਆਂ ਵਾਸਤੇ ਵੀ ਸੋਚਣਾ ਚਾਹੀਦਾ ਹੈ। ਜਿਸ ਤਰ੍ਹਾਂ 35 ਕਰੋੜ ਰੁਪਏ ਦੇ ਕਰਜ਼ੇ ਦਿਹਾਤੀਆਂ ਨੂੰ ਮੁਆਫ ਕੀਤੇ ਹਨ ਇਸ ਤਰ੍ਹਾਂ ਜੇ ਸ਼ਹਿਰੀਆਂ ਨੂੰ ਵੀ ਕੋਈ ਸੀਵਰੇਜ ਔਰ ਵਾਟਰ ਵਿਚ ਕੋਈ ਸਹੂਲਤ ਮਿਲ ਜਾਂਦੀ ਤਾਂ ਕੋਈ ਸ਼ਿਕਾਇਤ ਨਾ ਰਹਿੰਦੀ। ਸੀਵਰੇਜ ਔਰ ਵਾਟਰ ਵਾਸਤੇ ਅੱਜ ਲੋਕਾਂ ਲਈ ਵੱਡੀ ਪਰਾਬਲਮ ਬਣੀ ਹੋਈ ਹੈ। 150 ਕਰੋੜ ਰੁਪਏ ਦੇ ਕਰਜ਼ੇ ਉਨ੍ਹਾਂ ਸ਼ਹਿਰੀਆਂ ਤੇ ਚੜ੍ਹੇ ਹਨ। ਜੇ ਸਰਕਾਰ ਇਹ ਵੀ ਮੁਆਫ ਕਰ ਦਿੰਦੀ ਤਾਂ ਇਹ ਕਿਹਾ ਜਾਂਦਾ ਕਿ ਇਹ ਚੀਫ਼ ਮਨਿਸਟਰ

[ਸ਼੍ਰੀ ਬ੍ਰਿਜ ਭੂਸ਼ਨ ਮਹਿਰਾ]

ਸਿਰਫ ਦਿਹਾਤੀਆਂ ਦਾ ਹੀ ਨਹੀਂ ਸ਼ਹਿਰੀਆਂ ਦਾ ਵੀ ਹੈ। ਇਸ ਸਬੰਧ ਵਿਚ ਅਸੀਂ ਆਪਣੇ ਲੀਡਰ ਦੇ ਨਾਲ 3 ਸਤੰਬਰ, 1986 ਨੂੰ ਬਰਨਾਲਾ ਜੀ ਨੂੰ ਵੀ ਮਿਲੇ ਸੀ ਔਰ ਕਿਹਾ ਸੀ ਕਿ ਇਹ ਮੁਆਫ ਕਰ ਦਿਓ । ਉਸ ਵੇਲੇ ਚੀਫ਼ ਮਨਿਸਟਰ ਸਾਹਿਬ ਨੇ ਵੀ ਕਿਹਾ ਸੀ ਕਿ ਮੈਂ ਇਸ ਨੂੰ ਸਿੰਪੈਥੈਟੀਕਲੀ ਕੰਸਿਡਰ ਕਰਾਂਗਾ ਲੇਕਿਨ ਇਸ ਐਡਰੈਸ ਵਿਚ ਉਸ ਦਾ ਕੋਈ ਜ਼ਿਕਰ ਨਹੀਂ ਆਇਆ। ਜੇ ਉਹ ਸ਼ਹਿਰੀਆਂ ਦਾ ਭਾਰ ਮੁਆਫ ਕਰਨ ਬਾਰੇ ਵੀ ਕੋਈ ਰੈਫਰੈਂਸ ਗਵਰਨਰ ਐਡਰੈਸ ਵਿਚ ਪਾ ਦਿੰਦੇ ਤਾਂ ਬਹੁਤ ਚੰਗਾ ਹੁੰਦਾ। ਪਰ ਮੈਂ ਸਮਝਦਾ ਹਾਂ ਕਿ ਹੋਇਆ ਇਸ ਦੇ ਵੀ ਉਲਟ ਹੈ। ਜਿਹੜਾ ਕਰਜ਼ਾ ਇਸ ਵਾਸਤੇ ਵਰਲਡ ਬੈਂਕ ਤੋਂ ਲਿਆ ਸੀ ਉਹ ਕਰਜ਼ਾ ਹੁਣ ਵਰਲਡ ਬੈਂਕ ਨੇ ਵਾਪਸ ਮੰਗ ਲਿਆ ਹੈ। ਇਨ੍ਹਾਂ ਨੇ ਉਹ ਕਰਜ਼ਾ ਮੋੜਨ ਵਾਸਤੇ ਕਾਰਪੋਰੇਸ਼ਨ ਨੂੰ ਕਿਹਾ ਤਾਂ ਉਨ੍ਹਾਂ ਨੇ ਸੀਵਰੇਜ ਔਰ ਵਾਟਰ ਦੇ ਰੇਟ ਹੀ ਦੁਗਣੇ ਕਰ ਦਿਤੇ ਹਨ। ਪੈਸਾ ਇਕੱਠਾ ਕਰਨ ਵਾਸਤੇ, ਇਸ ਸਬੰਧ ਵਿਚ ਅੱਜ ਇਕ ਕਾਲ ਅਟੈਨਸ਼ਨ ਮੋਸ਼ਨ ਵੀ ਸ਼੍ਰੀ ਦਰਬਾਰੀ ਲਾਲ ਜੀ ਨੇ ਦਿਤੀ ਹੈ ਮੈਂ ਵੀ ਦਿਤੀ ਹੈ, ਐਨੇ ਪੈਸੇ ਨਹੀਂ ਦੇ ਸਕਦੇ। ਅਸੀਂ ਇਸ ਵਾਸਤੇ ਮਿਲ ਵੀ ਚੁਕੇ ਹਾਂ ਕਿ ਸ਼ਹਿਰੀ ਲੋਕ ਵੀ ਇਹ ਐਨੇ ਪੈਸੇ ਨਹੀਂ ਦੇ ਸਕਦੇ। ਇਸ ਲਈ ਜਿਸ ਤਰ੍ਹਾਂ ਦਿਹਾਤੀਆਂ ਨੂੰ ਰਾਹਤ ਦਿੱਤੀ ਹੈ ਇਸੇ ਤਰ੍ਹਾਂ ਸ਼ਹਿਰੀਆਂ ਨੂੰ ਵੀ ਇਹ ਰਾਹਤ ਦੇ ਕੇ ਇਹ ਜਿਹੜੀ ਐਂਟੀ ਅਰਬਨ ਬਾਈਸ ਹੈ ਉਸ ਨੂੰ ਖਤਮ ਕਰੋ ।

ਇਕ ਗੱਲ ਮੈਂ ਹੋਰ ਇਹ ਕਹਾਂਗਾ ਕਿ ਸਰਦਾਰ ਦਰਬਾਰਾ ਸਿੰਘ ਦੇ ਵੇਲੇ ਇਕ ਫੈਸਲਾ ਹੋਇਆ ਸੀ ਔਰ ਉਸ ਫੈਸਲੇ ਮੁਤਾਬਿਕ ਜਿੰਨੀਆ ਵੀ ਟੁੱਟੀਆਂ ਹੋਈਆਂ ਬਸਾਂ ਸਨ ਉਹ ਕਾਰਪੋਰੇਸ਼ਨ ਨੂੰ ਦੇ ਦਿੱਤੀਆ ਗਈਆਂ ਸਨ ਕਿ ਤੁਸੀਂ ਇਨ੍ਹਾਂ ਨੂੰ ਚਲਾਓ। ਉਸ ਨਾਲ ਕਾਰਪੋਰੇਸ਼ਨ ਨੂੰ ਬਹੁਤ ਘਾਟਾ ਪਿਆ ਹੈ। ਕਿਸੇ ਕਾਰਪੋਰੇਸ਼ਨ ਨੂੰ 60 ਲੱਖ ਰੁਪਏ ਦਾ ਘਾਟਾ ਹੈ। ਇਹ ਘਾਟਾ ਟਰਾਂਸਪੋਰਟ ਕਰਕੇ ਪੈ ਰਿਹਾ ਸੀ, ਇਸ ਲਈ ਦਰਬਾਰਾ ਸਿੰਘ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਇਹ ਜਿਹੜਾ ਘਾਟਾ ਹੈ ਉਸ ਨੂੰ ਪੂਰਾ ਕਰਨ ਲਈ ਸਰਕਾਰ 75% ਪੈਸੰਜਰ ਟੈਕਸ ਦਾ ਹਿੱਸਾ ਕਾਰਪੋਰੇਸ਼ਨ ਨੂੰ ਰੀਫੰਡ ਕਰੇ। ਇਹ ਗੱਲ 3 ਸਾਲ ਤੱਕ ਚਲਦੀ ਰਹੀ ਲੇਕਿਨ ਹੁਣ ਮੈਨੂੰ ਪਤਾ ਲਗਾ ਹੈ ਕਿ ਇਸ ਸਰਕਾਰ ਨੇ ਫੇਰ ਫੈਸਲਾ ਕੀਤਾ ਹੈ ਕਿ ਇਹ ਰੁਪਿਆ ਕਾਰਪੋਰੇਸ਼ਨ ਨੂੰ ਰੀਫੰਡ ਨਾ ਕੀਤਾ ਜਾਵੇ। ਅੱਜ ਕਾਰਪੋਰੇਸ਼ਨ ਦੇ ਹਾਲਾਤ ਇਸ ਤਰ੍ਹਾਂ ਦੇ ਹੋ ਗਏ ਹਨ ਕਿ ਉਹ ਆਪਣੇ ਮੁਲਾਜ਼ਮ ਨੂੰ ਤਨਖਾਹਾਂ ਤੱਕ ਨਹੀ ਦੇ ਸਕਦੇ। ਇਸ ਲਈ ਜਿਹੜਾ ਮਿਊਂਸਪਲ ਕਾਰਪੋਰੇਸ਼ਨ ਦਾ ਹੱਕ ਬਣਦਾ ਹੈ ਉਹ ਉਨ੍ਹਾਂ ਨੂੰ ਮਿਲਣਾ ਚਾਹੀਦਾ ਹੈ ਨਹੀਂ ਤਾਂ ਇਹ ਸ਼ਹਿਰੀਆਂ ਦੇ ਨਾਲ ਬਹੁਤ ਵੱਡਾ ਧੱਕਾ ਹੋਵੇਗਾ । ਮੈਂ ਇਹ ਕਹਿੰਦਾ ਹਾਂ ਕਿ ਜਿਹੜਾ ਫੈਸਲਾ ਪਹਿਲਾਂ ਹੈ ਉਸ ਨੂੰ ਸਟੇਟਸਕੋ ਕਰ ਦਿੱਤਾ ਜਾਵੇ ਅਤੇ 75% ਪੈਸੰਜਰ ਟੈਕਸ ਰੀਫੰਡ ਕਾਰਪੋਰੇਸ਼ਨ ਨੂੰ ਕੀਤਾ ਜਾਵੇ। ਦੂਸਰਾ ਸਰਕਾਰ ਸ਼ਹਿਰੀਆਂ ਕੋਲੋਂ 300 ਰੁਪਿਆ ਵਾਟਰ ਅਤੇ ਸੀਵਰੇਜ ਦਾ ਬਿਲ ਚਾਰਜ ਕਰ ਰਹੀ ਹੈ ਅਤੇ 300 ਰੁਪਿਆ ਬਿਜਲੀ ਦਾ ਬਿਲ ਚਾਰਜ ਕਰ ਰਹੀ ਹੈ। ਬਿਜਲੀ ਦੇ ਰੇਟ ਇਤਨੇ ਵਧਾ ਦਿੱਤੇ ਹਨ ਕਿ ਡੋਮੈਸਟਿਕ ਪਾਵਰ ਪਰ ਯੂਨਿਟ ਇਕ ਰੁਪਿਆ ਕਰ ਦਿੱਤਾ ਹੈ। ਇਹ ਰੇਟ ਨਾ ਦਿੱਲੀ ਨਾਲ ਮੇਲ ਖਾਂਦੇ ਹਨ ਅਤੇ ਨਾ ਇਹ ਰੇਟ ਚੰਡੀਗੜ੍ਹ ਨਾਲ ਮੇਲ ਖਾਂਦੇ ਹਨ। ਜਿਸ ਸ਼ਹਿਰੀ ਦੀ 600—700 ਰੁਪਿਆ ਮਹੀਨਾ ਆਮਦਨੀ ਹੋਵੇਗੀ ਔਰ ਉਸ ਕੋਲੋਂ 300 ਸੀਵਰੇਜ ਅਤੇ ਵਾਟਰ ਦਾ ਚਾਰਜ ਕਰ ਲਿਆ ਅਤੇ 300 ਰੁਪਿਆ ਬਿਜਲੀ ਦਾ ਚਾਰਜ ਕਰ ਲਿਆ ਤਾਂ ਉਹ ਖਾਏਗਾ ਕੀ ਅਤੇ ਸਰਕਾਰ ਨੇ 600 ਰੁਪਿਆ ਉਸ ਕੋਲੋਂ ਲੈ ਲਿਆ। ਇਨ੍ਹਾਂ ਰੇਟਸ ਨੂੰ ਰੈਸ਼ਨੇਲਾਈਜ਼ ਕਰਨ ਦੀ ਲੋੜ ਹੈ। ਇਸ ਨੂੰ ਘਟਾਉਣ ਦੀ ਲੋੜ ਹੈ। ਔਕਟਰਾਏ ਵਿਚੋਂ ਕਮੇਟੀਜ਼/ਕਾਰਪੋਰੇਸ਼ਨਜ਼ ਦੀ ਆਮਦਨੀ 10—15% ਘੱਟ ਗਈ ਹੈ। ਇਸ ਲਈ

ਸਰਕਾਰ ਨੂੰ ਕਾਰਪੋਰੇਸ਼ਨ ਦੀ ਮੱਦਦ ਲਈ ਕੁੱਝ ਨਾ ਕੁੱਝ ਕਰਨਾ ਚਾਹੀਦਾ ਹੈ। ਇਕ ਸ਼ਹਿਰਾਂ ਵਿਚ ਹਾਊਸਿੰਗ ਪ੍ਰਾਬਲਮ ਬੜੀ ਹੈ। ਹੁਣ ਸਰਕਾਰ ਨੇ ਅਰਬਨ ਡਿਵੈਲਪਮੈਂਟ ਅਥਾਰਿਟੀ ਬਣਾ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਇਸ ਮਸਲੇ ਨੂੰ ਹੱਲ ਕਰਨ ਲਈ ਕੁਝ ਕਰਨਾ ਚਾਹੀਦਾ ਹੈ। ਜਿਹੜੀ ਸ਼ਹਿਰਾਂ ਦੇ ਵਿਚ ਐਮ.ਆਈ.ਜੀ. ਦੇ ਹਾਊਸਿਜ਼ ਬਨਾਉਣੇ ਹਨ ਉਨ੍ਹਾਂ ਨੂੰ ਪ੍ਰਾਈਵੇਟ ਸੈਕਟਰ ਵਿਚ ਸ਼ਾਮਲ ਕਰ ਲੈਣਾ ਚਾਹੀਦਾ ਹੈ, ਜਿਸ ਤਰ੍ਹਾਂ ਤੁਸੀਂ ਟਰਾਂਸਪੋਰਟ ਵਿਚ ਕੀਤਾ ਹੋਇਆ ਹੈ। ਤਾਕਿ ਹਾਊਸਿਜ਼ ਬਣ ਸਕਣ ਅਤੇ ਅਗਰ ਲੈਂਡ ਸੀਲਿੰਗ ਐਕਟ ਵਿਚ ਅਮੈਂਡਮੈਂਟ ਕਰਨ ਦੀ ਲੋੜ ਪਵੇ ਤਾਂ ਅਮੈਂਡਮੈਂਟ ਕਰ ਲਵੋ। ਹਾਊਸਿਜ਼ ਬਨਾਉਣ ਲਈ ਇਸ ਵਾਰ ਕੇਂਦਰ ਸਰਕਾਰ ਨੇ ਆਪਣੇ ਬਜਟ ਵਿਚ ਇਸ ਚੀਜ਼ ਦੇ ਵਾਸਤੇ 125 ਕਰੋੜ ਰੁਪਏ ਦਾ ਇਕ ਬੈਂਕ ਬਣਾਇਆ ਹੈ ਤਾਕਿ ਇਸ ਦੇ ਨਾਲ ਮਕਾਨ ਬਣਾਏ ਜਾ ਸਕਣ। ਪੰਜਾਬ ਵਿਚ ਇਸ ਬਾਰੇ ਕੁੱਝ ਸਰਕਾਰ ਨੂੰ ਕਰਨਾ ਚਾਹੀਦਾ ਹੈ। ਸ਼ਹਿਰਾਂ ਦੇ ਵਿਚ ਮਕਾਨਾਂ ਦੀ ਪ੍ਰਾਬਲਮਜ਼ ਨੂੰ ਹੱਲ ਕਰਨਾ ਚਾਹੀਦਾ ਹੈ ਸਪੀਕਰ ਸਾਹਿਬ, ਜਦੋਂ ਇਥੇ ਅਕਾਲੀ ਪਾਰਟੀ ਦੀ ਸਰਕਾਰ ਬਣੀ ਅਤੇ ਪਹਿਲੀ ਵਾਰ 16 ਅਕਤੂਬਰ, 1985 ਨੂੰ ਜਦੋਂ ਗਵਰਨਰ ਐਡਰੈਸ ਹੋਇਆ ਸੀ, ਉਸ ਵਿਚ 13 ਪੇਜ਼ ਤੇ ਸਰਕਾਰ ਨੇ ਇਕ ਜਨਤਾ ਦੇ ਨਾਲ ਵਚਨ ਕੀਤਾ ਸੀ ਕਿ ਇਸ ਵਿਚ ਇਨ੍ਹਾਂ ਦੀ ਇਕ ਪਾਲਿਸੀ ਦਾ ਚਿੰਨ ਨਜ਼ਰ ਆਉਂਦਾ ਸੀ।

"However, my Government proposes to hold early election to the Municipal Bodies in the State.".

ਬਰਨਾਲਾ ਸਾਹਿਬ ਨੂੰ ਚਾਹੀਦਾ ਹੈ ਕਿ ਕਾਰਪੋਰੇਸ਼ਨ ਅਤੇ ਮਿਊਂਸਪਲ ਕਮੇਟੀਜ਼ ਦੀਆਂ ਇਲੈਕਸ਼ਨਾਂ ਕਰਵਾ ਦੇਣ। ਜਿੰਨਾਂ ਤੁਸੀਂ ਤਾਕਤ ਨੂੰ ਜੱਫਾ ਮਾਰ ਕੇ ਬੈਠੋਗੇ ਉਤਨਾ ਤੁਸੀਂ ਤੰਗ ਹੋਵੋਗੇ। ਇਸ ਲਈ ਪਾਵਰ ਡੈਮੋਕਰੈਟਿਕ ਤੌਰ ਤੇ ਲੋਕਾਂ ਵਿਚ ਦੇਣੀ ਚਾਹੀਦੀ ਹੈ। ਤਾਕਤ ਨੂੰ ਇਕ ਹੱਥ ਵਿਚ ਇਕੱਠੀ ਨਹੀਂ ਹੋਣ ਦੇਣਾ ਚਾਹੀਦਾ। ਮੈਂ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ 1976 ਵਿਚ ਕਾਰਪੋਰੇਸ਼ਨ ਦਾ ਐਕਟ ਬਣਾਇਆ ਸੀ, ਪਰ ਹੁਣ 1987 ਹੋ ਗਿਆ ਹੈ ਅਤੇ 11 ਸਾਲ ਬੀਤ ਗਏ ਹਨ ਪਰ ਉਥੇ ਹਾਲੇ ਤੱਕ ਇਲੈਕਸ਼ਨਾਂ ਨਹੀਂ ਹੋਈਆਂ ਹਨ। ਉਹ ਐਕਟ ਮਹਿਜ਼ ਇਕ ਕਾਗਜ਼ ਬਣ ਕੇ ਰਹਿ ਗਿਆ ਹੈ। ਇਸ ਲਈ ਸਰਕਾਰ ਨੂੰ 3–6 ਮਹੀਨਿਆਂ ਦੇ ਵਿਚ ਕਾਰਪੋਰੇਸ਼ਨਾਂ ਦੇ ਇਲੈਕਸ਼ਨ ਕਰਵਾ ਦੇਣੇ ਚਾਹੀਦੇ ਹਨ ਤਾਕਿ ਤਾਕਤ ਲੋਕਾਂ ਦੇ ਹੱਥ ਵਿਚ ਆ ਸਕੇ। ਸਾਡੇ ਅੰਮ੍ਰਿਤਸਰ ਸ਼ਹਿਰ ਇਕ ਇਤਿਹਾਸਕ ਸ਼ਹਿਰ ਹੈ, ਇਥੇ ਬਹੁਤ ਵੱਡੇ ਮੇਲੇ ਲਗਦੇ ਹਨ। ਇਥੇ ਹਰ 6 ਮਹੀਨੇ ਬਾਅਦ ਦੀਵਾਲੀ ਅਤੇ ਵੈਸਾਖੀ ਵਿਚ ਮੇਲੇ ਲਗਦੇ ਹਨ ਔਰ ਇਹ ਮੇਲੇ ਪਾਕਿਸਤਾਨ ਬਣਨ ਤੋਂ ਪਹਿਲੇ ਦੇ ਲਗਦੇ ਹਨ ਅਤੇ ਇਹ ਮੇਲਿਆਂ ਵਿਚ ਸਾਰੇ ਪੰਜਾਬ ਤੋਂ ਲੋਕ ਆਉਂਦੇ ਸਨ। ਸਪੀਕਰ ਸਾਹਿਬ, ਮੰਡੀਆਂ ਦਾ ਮਾਲ ਉਥੇ ਲਗਦਾ ਸੀ ਜਿਥੇ ਕਿ ਕਿਸਾਨ ਮਾਲ ਵੇਚਦਾ ਸੀ। ਅੱਜ ਉਹ ਮੰਡੀਆਂ ਚੰਡੀਗੜ੍ਹ ਟਰਾਂਸਫਰ ਹੋ ਗਈਆਂ ਹਨ। ਸਪੀਕਰ ਸਾਹਿਬ, ਕੁਰੱਪਸ਼ਨ ਦਾ ਲੈਣ ਦੇਣ ਸੈਕ੍ਰੇ–ਟੇਰੀਏਟ ਦੇ ਕੌਰੀਡੋਰ ਵਿਚ ਹੋਣ ਲੱਗ ਪਿਆ ਹੈ। ਇਸ ਚੀਜ਼ ਵੱਲ ਧਿਆਨ ਮੁੱਖ ਮੰਤਰੀ ਸਾਹਿਬ ਨੂੰ ਦੇਣਾ ਚਾਹੀਦਾ ਹੈ। 38 ਸਾਲਾਂ ਵਿਚ ਪਿਛੇ ਇਸ ਤਰ੍ਹਾਂ ਨਹੀਂ ਹੋਇਆ, ਜੋ ਕਿ ਪਿਛਲੇ ਸਵਾ ਸਾਲ ਵਿਚ ਹੋ ਰਿਹਾ ਹੈ। ਪੰਜਾਬ ਦੀ ਜਨਤਾ ਮੰਗ ਕਰਦੀ ਹੈ ਕਿ ਇਸ ਪਾਸੇ ਧਿਆਨ ਦਿੱਤਾ ਜਾਵੇ। ਜਿਹੜਾ ਮੋਰਲ ਪਾਲਿਊਸ਼ਨ ਹੈ ਉਸ ਨੂੰ ਰੋਕਣ ਦੀ ਜ਼ਰੂਰਤ ਹੈ। ਇੱਕ ਗੱਲ ਇਨ੍ਹਾਂ ਨੇ, ਸਪੀਕਰ ਸਾਹਿਬ, ਬੜੇ ਚੰਗੇ ਲਫਜ਼ਾਂ ਵਿਚ ਇੰਡਸਟਰੀ ਦੇ ਵਪਾਰ ਦੀ ਗੱਲ ਕੀਤੀ ਹੈ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ, ਪਰ ਅਸਲੀਅਤ ਬਿਲਕੁਲ ਇਸ ਦੇ ਉਲਟ ਹੈ। ਅੱਜ ਸ਼ਹਿਰਾਂ ਵਿਚ ਇੰਡਸਟਰੀ ਦੀ ਹਾਲਤ ਦੇਖੋ। ਅੰਮ੍ਰਿਤਸਰ, ਅਹਿਮਦਾਬਾਦ ਤੋਂ ਬਾਅਦ ਵਿਚ ਆਉਂਦਾ ਹੈ। ਅੰਮ੍ਰਿਤਸਰ ਇੰਡਸਟਰੀ ਸੈਂਟਰ ਹੈ ਉਥੇ ਕਾਰਖਾਨੇ ਬੰਦ ਪਏ ਹਨ। ਅੱਜ ਲੇਬਰ ਐਨਇੰਪਲਾਇਡ

[ਸ੍ਰੀ ਬ੍ਰਿਜ ਭੂਸ਼ਨ ਮਹਿਰਾ]

ਫਿਰਦੀ ਹੈ। ਲੇਬਰ ਨੂੰ ਕੰਮ ਤੇ ਲਗਾਉਣਾ ਬਹੁਤ ਜ਼ਰੂਰੀ ਹੈ। ਅੰਮ੍ਰਿਤਸਰ ਸ਼ਹਿਰ ਵਿਚ ਲੋਕਾਂ ਨੇ ਇੰਡਸਟਰੀ ਲਗਾਉਣ ਲਈ ਪਲਾਟ ਲੈਣੇ ਸਨ। 5000 ਐਪਲੀਕੇਸ਼ਨਾਂ ਆਈਆਂ ਮਗਰ ਸਿਰਫ 150-200 ਬੰਦੇ ਹੀ ਅਕਾਮੋਡੇਟ ਹੋਏ ਸਨ। ਮੈਂ ਪੰਜਾਬ ਸਰਕਾਰ ਨੂੰ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਕਿ ਇੰਡਸਟਰੀ ਅੱਗੇ ਜਾਣ ਦੀ ਬਜਾਏ ਪਿਛੇ ਜਾ ਰਹੀ ਹੈ। ਜੇਕਰ ਪੰਜਾਬ ਦੇ ਹਾਲਾਤ ਠੀਕ ਨਾ ਹੋਏ ਤਾਂ ਪੰਜਾਬ ਦੀ ਇੰਡਸਟਰੀ ਦੀ ਹਾਲਤ ਬਹੁਤ ਹੀ ਭੈੜੀ ਹੋ ਜਾਵੇਗੀ। ਇਸ ਲਈ ਸਰਕਾਰ ਨੂੰ ਕੋਈ ਨਾ ਕੋਈ ਉਪਰਾਲਾ ਕਰਨਾ ਚਾਹੀਦਾ ਹੈ ਜਿਸ ਨਾਲ ਲੋਕਾਂ ਵਿਚ ਸਾਹਸ ਪੈਦਾ ਹੋਏ। ਪੰਜਾਬ ਵਿਚ ਕੁੱਝ ਇੰਡਸਟਰੀ ਲਗੇ। ਮੇਰੇ ਕੋਲ ਸਪੀਕਰ ਸਾਹਿਬ, ਕੁੱਝ ਅੰਕੜੇ ਮੌਜੂਦ ਹਨ, ਜੋ ਕਿ ਮੈਂ ਇਨ੍ਹਾਂ ਦੇ ਸਾਹਮਣੇ ਰਖਣਾ ਚਾਹੁੰਦਾ ਹਾਂ। ਸਮਾਲ ਸਕੇਲ ਇੰਡਸਟਰੀਜ਼ 744 ਕਰੋੜ ਰੁਪਏ ਦੀ ਲਗੀ ਹੋਈ ਹੈ ਔਰ ਇੰਮਪਲਾਇਮੈਂਟ 5,90,000 ਵਰਕਰਜ਼ ਦੀ ਹੈ। ਇਸ ਦਾ ਮਤਲਬ ਹੈ ਕਿ 100 ਕਰੋੜ ਰੁਪਏ ਦੀ ਇਨਵੈਸਟਮੈਂਟ ਮਗਰ 80,000 ਵਰਕਰਜ਼ ਦੀ ਐਂਪਲਾਇਮੈਂਟ ਹੁੰਦੀ ਹੈ। ਸਪੀਕਰ ਸਾਹਿਬ, ਲਾਰਜ ਸਕੇਲ ਇੰਡਸਟਰੀ ਵਿਚ ਇਨਵੈਸਟਮੈਂਟ 1 ਹਜ਼ਾਰ 94 ਕਰੋੜ ਹੈ ਮਗਰ ਇੰਸਪਲਾਇਮੈਂਟ 1,54,000 ਹੈ। ਇਸ ਦਾ ਮਤਲਬ ਹੈ ਕਿ 100 ਕਰੋੜ ਰੁਪਏ ਦੀ ਇਨਵੈਸਟਮੈਂਟ ਮਗਰ 14,000 ਦੀ ਇਮਪਲਾਇਮੈਂਟ ਹੁੰਦੀ ਹੈ। ਸਾਡੇ ਵਿੱਤ ਮੰਤਰੀ ਜੀ ਵੱਡੀ ਇੰਡਸਟਰੀ ਪੰਜਾਬ ਵਿਚ ਲਗਾਉਣਾ ਚਾਹੁੰਦੇ ਹਨ। ਵੱਡੀ ਇੰਡਸਟਰੀ ਇੰਪਲਾਇਮੈਂਟ ਜੈਨਰੇਟ ਨਹੀਂ ਕਰਦੀ। ਮੈਂ ਅੰਕੜੇ ਸਪੀਕਰ ਸਾਹਿਬ ਹਾਊਸ ਵਿਚ ਇਸ ਕਰਕੇ ਹੀ ਦੱਸੇ ਹਨ। ਇਹ ਇਥੇ ਅਮਰੀਕਾ ਵਰਗੇ ਦੇਸ਼ਾਂ ਦੀ ਉਦਾਹਰਣ ਦਿੰਦੇ ਹਨ, ਪੈਪਸੀ ਕੋਲਾ ਦੀ ਗੱਲ ਕਰਦੇ ਹਨ। ਜੇਕਰ ਸਪੀਕਰ ਸਾਹਿਬ, ਪੰਜਾਬ ਵਿਚ ਲੇਬਰ ਨੂੰ ਇੰਪਲਾਇਮੈਂਟ ਦੇਣੀ ਹੈ ਤਾਂ ਜ਼ਰੂਰੀ ਹੈ ਕਿ ਸਮਾਲ ਸਕੇਲ ਇੰਡਸਟਰੀਜ਼ ਨੂੰ ਪ੍ਰੋਤਸਾਹਨ ਦਿੱਤਾ ਜਾਏ। ਸਾਡੇ ਕੋਲ ਸਮਾਲ ਸਕੇਲ ਇੰਡਸਟਰੀ ਲਈ ਕਾਰੀਗਰ ਵਧੀਆ ਹਨ ਅਤੇ ਛੋਟੇ ਇੰਜੀਨੀਅਰਜ਼ ਵਧੀਆ ਹਨ ਪਰ ਵਿੱਤ ਮੰਤਰੀ ਸਾਹਿਬ ਥਾਪਰ ਅਤੇ ਬਿਰਲਿਆਂ ਵੱਲ ਦੇਖਦੇ ਹਨ ਜਦ ਕਿ ਇਨ੍ਹਾਂ ਨੂੰ ਛੋਟਿਆਂ ਵੱਲ ਦੇਖਣਾ ਚਾਹੀਦਾ ਹੈ। ਸਮਾਲ ਸਕੇਲ ਇੰਡਸਟਰੀ ਨਾਲ ਹੀ ਅੱਗੇ ਵਧਿਆ ਜਾ ਸਕਦਾ ਹੈ। ਇਕ ਇੰਮਪਲਾਇਮੈਂਟ ਦੀ ਗੱਲ ਮੇਰੇ ਵੀਰ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਹੀ। ਉਸ ਦੇ ਮੁਤੱਲਕ ਮੈਂ ਤਾਂ ਇਹ ਗੱਲ ਕਹਾਂਗਾ ਕਿ ਇੰਮਪਲਾਇਮੈਂਟ ਜਿਹੜੀ ਹੈ, ਉਹ ਸੋਲਲੀ ਮੈਰਿਟ ਤੇ ਹੋਣੀ ਚਾਹੀਦੀ ਹੈ। ਹਰ ਪ੍ਰਾਂਤ ਦਾ ਜਿਹੜਾ ਢਾਂਚਾ ਹੈ, ਇਹ ਐਡਮਨਿਸਟ੍ਰੇਟਿਵ ਢਾਂਚਾ ਹੈ ਉਸ ਨੇ ਤਰੱਕੀ ਕਰਨੀ ਹੈ ਤੇ ਗਿਰਨਾ ਹੈ। ਜੇ ਇਸ ਐਡਮਨਿਸਟ੍ਰੇਟਿਵ ਢਾਂਚੇ ਵਿੱਚ ਅਸੀਂ ਸਿਫਾਰਿਸ਼ੀ ਆਦਮੀ ਭਰਤੀ ਕੀਤੇ, ਮੈਰਿਟ ਨੂੰ ਦੂਰ ਛੱਡਿਆ ਤਾਂ ਪੰਜਾਬ ਦਾ ਐਡਮਨਿਸਟਰੇਟਿਵ ਢਾਂਚਾ ਬਹੁਤ ਕਮਜ਼ੋਰ ਹੋ ਜਾਵੇਗਾ। ਇਸ ਨਾਲ ਅਸੀਂ ਪੰਜਾਬੀਆਂ ਦੀ ਸੇਵਾ ਨਹੀਂ ਕਰਾਂਗੇ ਇਹ ਉਨ੍ਹਾਂ ਨਾਲ ਧੱਕਾ ਕਰਾਂਗੇ। ਮੈਂ ਤੁਹਾਡੇ ਰਾਹੀਂ ਸਪੀਕਰ ਸਾਹਿਬ, ਬਰਨਾਲਾ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਇਹੋ ਜਿਹਾ ਨੌਕਰੀਆਂ ਦੇਣ ਦਾ, ਰਿਕਰੂਟਮੈਂਟ ਦਾ ਢਾਂਚਾ ਬਨਾਉਣ ਜਿਹੜਾ ਇਸ ਗੱਲ ਤੋਂ ਰਹਿਤ ਹੋਵੇ ਜਿਹੜਾ ਮੁੰਡਾ ਅੱਜ ਫਸਟ ਕਲਾਸ ਫਸਟ ਆਇਆ ਹੈ, ਉਸ ਨੂੰ ਘਰ ਬੈਠੇ ਨੂੰ ਹੀ ਇਹ ਯਕੀਨ ਹੋਵੇ ਕਿ ਉਹ ਇਮਤਿਹਾਨ ਦੇ ਕੇ ਮੈਰਿਟ ਦੇ ਅਧਾਰ ਤੇ ਲੱਗ ਹੀ ਜਾਵੇਗਾ। ਸਾਡੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਜੀ ਨੇ ਇਕ ਗੱਲ ਕਹੀ ਹੈ, ਜਿਸ ਤੇ ਅੱਜ ਨੈਸ਼ਨਲ ਡਿਬੇਟ ਵੀ ਚਲ ਰਹੀ ਹੈ ਕਿ ਰਿਲੀਜੀਅਨ ਨੂੰ ਪਾਲਿਟਿਕਸ ਤੋਂ ਅਲਹਿਦਾ ਕੀਤਾ ਜਾਵੇ। ਸਾਡੇ ਸੰਵਿਧਾਨ ਵਿੱਚ ਇਹ ਪ੍ਰਥਮ ਗੱਲ ਹੈ ਅਤੇ ਸੰਵਿਧਾਨ ਦੀ ਧਾਰਾ ਦੇ ਮੁਤਾਬਿਕ ਇਹ ਗੱਲ ਜਲਦੀ ਲਾਗੂ ਹੋਣੀ ਚਾਹੀਦੀ ਹੈ। ਹਿੰਦੁਸਤਾਨ ਨੇ ਇਸ ਕਰਕੇ ਬਹੁਤ ਘਾਟਾ ਪਾਇਆ ਹੈ। ਪੰਜਾਬ ਜਿਸ ਤਰ੍ਹਾਂ ਸ਼ਹੀਦੀਆਂ ਦੇਣ ਵਿੱਚ ਹਮੇਸ਼ਾ ਅੱਗੇ ਰਿਹਾ ਹੈ, ਮੈਂ ਸਮਝਦਾ ਹਾਂ ਕਿ ਇਹ ਅਗਾਂਹਵਧੂ ਪਾਲਿਸੀ ਜਿਹੜੀ ਹੈ, ਜਿਸ ਵਿੱਚ ਵੀ ਪੰਜਾਬ ਪਹਿਲ ਕਰੇ ਅਤੇ ਪੰਜਾਬ ਦੇ ਸਦਨ

ਵਿੱਚ ਇਸ ਗੱਲ ਨੂੰ ਪੇਸ਼ ਕਰੇ ਕਿ ਅਸੀਂ ਸੈਂਟਰ ਨੂੰ ਰਿਕੁਮੈਂਡ ਕਰਦੇ ਹਾਂ ਕਿ ਧਰਮ ਤੇ ਸਿਆਸਤ ਨੂੰ ਅਲਹਿਦਾ ਕਰੋ। ਚੂੰਕਿ ਇਕ ਗੱਲ ਯਕੀਨੀ ਹੈ ਕਿ ਧਰਮ ਤਦ ਹੀ ਪਨਪਦਾ ਹੈ, ਧਰਮ ਵੱਡੀ ਉਡਾਰੀ ਤਦ ਹੀ ਮਾਰਦਾ ਹੈ ਜੇ ਉਹ ਸਿਆਸਤ ਨਾਲ ਨਾ ਲਾਇਆ ਜਾਵੇ। ਗੁਰੂ ਨਾਨਕ ਦੇਵ ਜੀ ਕੋਈ ਸਿਆਸੀ ਆਦਮੀ ਨਹੀਂ ਸਨ। ਜਿਹੜੇ ਬਾਕੀ ਗੁਰੂ ਵੀ ਸਨ, ਉਹ ਵੀ ਕੋਈ ਸਿਆਸੀ ਆਦਮੀ ਨਹੀਂ ਸਨ। ਤਦ ਹੀ ਉਦੋਂ ਧਰਮ ਪਨਪਿਆ। ਜਿਸ ਵੇਲੇ ਇਨ੍ਹਾਂ ਦੋਨਾਂ ਗੱਲਾਂ ਨੂੰ ਜੋੜ ਦਿਓ, ਧਰਮ ਨੀਵਾਂ ਹੋ ਜਾਂਦਾ ਹੈ, ਉਹ ਨੀਵੀਂ ਥਾਂ ਤੇ ਆ ਜਾਂਦਾ ਹੈ। ਇਸ ਤਰ੍ਹਾਂ ਅਸੀਂ ਧਰਮ ਦੀ ਸੇਵਾ ਨਹੀਂ ਕਰਦੇ, ਬਲਕਿ ਉਸਨੂੰ ਨੀਵਾਂ ਕਰਦੇ ਹਾਂ। ਭਾਰਤ ਦੀ ਸਾਰੀ ਧਾਰਮਿਕ ਫਿਲਾਸਫੀ, ਸਾਰੀ ਸੋਚ ਇਕ ਗੱਲ ਤੇ ਹੈ, ਉਹ ਸਾਡੀ ਮੁੱਖ ਧਾਰਾ ਵਿੱਚ ਹੈ ਕਿ "ਮਾਨਸ ਕੀ ਜਾਤ ਸਭੇ ਏਕੈ ਪਹਿਚਾਨਬੋ।" ਭਾਵੇਂ ਵੇਦਾਂ ਨੂੰ ਦੇਖ ਲਓ, ਗੀਤਾ ਨੂੰ ਦੇਖ ਲਓ, ਗੁਰੂ ਨਾਨਕ ਜੀ ਦੀ ਬਾਣੀ ਲੈ ਲਓ, ਗੁਰੂ ਗੋਬਿੰਦ ਸਿੰਘ ਜੀ ਦੀ ਦੇਖ ਲਓ, ਸਭ ਦੀ ਵਿਚਾਰਧਾਰਾ ਦਾ ਮੂਲਮੰਤਰ ਏਕਤਾ ਹੀ ਰਿਹਾ ਹੈ। ਜੇ ਕੋਈ ਇਸ ਦੇ ਖਿਲਾਫ ਚਲੇਗਾ ਤਾਂ ਉਸਦੀ ਜ਼ਿੰਦਗੀ ਕੁਝ ਦਿਨਾਂ ਦੀ ਤਾਂ ਹੋ ਸਕਦੀ ਹੈ ਲੇਕਿਨ ਹਮੇਸ਼ਾਂ ਰਹਿਣ ਵਾਲੀ ਏਕਤਾ ਹੀ ਹੈ। ਮੈਂ ਇਕ ਸ਼ਬਦ ਵੇਦਾਂਤ ਵਿਚੋਂ ਕਹਿੰਦਾ ਹਾਂ

From unreal lead us to real, from darkness lead us to light, from disharmony lead us to harmony".

ਇਸ ਲਈ ਹਰ ਪੰਜਾਬੀ ਦੇ ਦਿਲ ਦੀ ਧੜਕਨ ਹਰ ਵਿਧਾਇਕ ਦੇ ਦਿਲ ਦੀ ਧੜਕਨ ਏਕਤਾ ਹੀ ਹੋਣੀ ਚਾਹੀਦੀ ਹੈ। ਤਦ ਹੀ ਸਾਡਾ ਪੰਜਾਬ ਜਿਉਂਦਾ ਹੈ, ਪੰਜਾਬ ਜੀਏਗਾ ਤਾਂ ਹਿੰਦੁਸਤਾਨ ਵੀ ਜੀਏਗਾ। ਏਕਤਾ ਦਾ ਮਤਲਬ ਇਕਾਈ ਵੱਲ ਤੁਰਨਾ ਹੈ। ਇਸ ਦੇ ਨਾਲ ਹੀ ਮੈਂ ਸ਼ੁਕਰੀਆ ਅਦਾ ਕਰਦਾ ਹਾਂ। ਜੈ ਹਿੰਦ। (ਥੰਪਿੰਗ)

ਕੈਪਟਨ ਅਮਰਿੰਦਰ ਸਿੰਘ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਤੇ ਜਿਹੜੀ ਡਿਸਕਸ਼ਨ ਚਲ ਰਹੀ ਹੈ, ਮੈਂ ਕੁਝ ਕਹਿਣ ਤੋਂ ਪਹਿਲਾਂ ਇਸ ਦੇ 5 ਸਫੇ ਸਿਰਫ ਪੁਲੀਟਿਕਲ ਹਾਲਾਤ ਬਾਰੇ ਦੱਸੇ ਹਨ, ਉਸ ਵਿਚੋਂ ਥੋੜ੍ਹਾ ਜਿਹਾ ਪੜ੍ਹਨਾ ਚਾਹੁੰਦਾ ਹਾਂ। ਵੈਸੇ ਸਾਰਿਆਂ ਨੇ ਇਸ ਨੂੰ ਪੜ੍ਹਿਆ ਹੀ ਹੈ। ਪਰ ਇਹ ਕਿਉਂਕਿ ਮੇਰੀ ਸਪੀਚ ਨਾਲ ਸਬੰਧਤ ਹੈ, ਇਸ ਲਈ ਪੜ੍ਹ ਰਿਹਾ ਹਾਂ। ਉਨ੍ਹਾਂ ਨੇ ਕਿਹਾ ਹੈ

On the first page (of the Governor's Address) it is stated :

"There comes a time in the life of every nation when some of its basic and treasured values are subjected to serious attacks, sometimes anti-national in nature, sometime anti-democratic, sometimes non-secular..... .

Then again it is stated :

"India today is faced with an attack, particularly in our dear Punjab, from certain forces, who want to destroy the established pattern of our political institutions and thinking and dilute totally our firm commitment to secularism through sanctions in the name of religion, in order to achieve their political or anti-national ends.".

Then again on page 3, it is stated :—

"After a long wait, Punjab's history appears to be turning a new leaf. . . . ."

Again on page 4, it is stated : (ਵਿਘਨ)

[ਕੈਪਟਨ ਅਮਰਿੰਦਰ ਸਿੰਘ]

ਮੈਂ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਸਾਰੇ ਹਾਲਾਤ ਪੰਜਾਬ ਦੇ ਹਨ ਇਸ ਤੇ 20 ਸਫੇ ਲਿਖੇ ਹਨ, ਇਸ ਵਿਚੋਂ 6 ਸਫੇ ਹਨ ਜਿਨ੍ਹਾਂ ਵਿਚ ਕੋਈ ਵੀ ਚੱਜ ਦੀ ਗੱਲ ਨਹੀਂ ਕਹੀ ਗਈ। ਮੈਂ ਪੁਲੀਟੀਕਲ ਪੇਜਿਜ਼ ਦੀ ਗੱਲ ਕਰ ਰਿਹਾ ਹਾਂ। ਇੱਕ ਗਲ ਕਹੀ ਗਈ ਹੈ --

It is on page 4 of the Governor's Address :

> "My Government is fully convinced that the problem in Punjab is basically political which assumes the law and order dimension in the absence of an effective political initiative".

ਇਸ ਵਿਚ ਇਹ ਵੀ ਐਡ ਕਰ ਦਿਓ That my Government is incapable of doing it.

ਇਹ ਮੈਂ ਇਸ ਲਈ ਕਿਹਾ ਹੈ ਕਿ ਜੋ ਕੁਝ ਅਸੀਂ ਪੰਜਾਬ ਵਿਚ ਦੇਖਦੇ ਹਾਂ, ਜੋ ਹਾਲਾਤ ਇਥੇ ਬਣੇ ਹਨ, ਜੋ ਬਣਾਏ ਜਾ ਰਹੇ ਹਨ। ਹਾਊਸ ਦੇ ਦੋਨੋਂ ਸਾਈਡਜ਼ ਤੋਂ ਇਹ ਤਕਰੀਰਾਂ ਹੋਈਆਂ ਹਨ। ਪਰ ਇਸ ਦੀ ਜੜ੍ਹ ਇਹ ਹੈ ਜੋ ਤੁਸੀਂ ਰੋਜ਼ ਅਖਬਾਰਾਂ ਵਿਚ ਪੜ੍ਹਦੇ ਹੋ। ਇਹ ਜੋ ਸਾਰੀਆਂ ਪਾਰਟੀਆਂ ਨੇ ਕਨਵੈਨਸ਼ਨ, ਆਲ ਪਾਰਟੀਜ਼ ਕਨਵੈਨਸ਼ਨ ਸ਼ੁਰੂ ਕੀਤੀਆਂ ਹਨ, ਇਸ ਵਿਚ ਸਾਨੂੰ ਕੋਈ ਹਰਜ ਨਹੀਂ, ਪਰ ਇਨ੍ਹਾਂ ਕਨਵੈਨਸ਼ਨਾਂ ਨੇ ਪੰਜਾਬ ਦੀ ਆਬੋ ਹਵਾ ਨੂੰ ਖਰਾਬ ਕੀਤਾ ਹੈ। ਇਹ ਕਹਿ ਰਹੇ ਹਨ ਕਿ ਟੈਰੋਰਿਜ਼ਮ ਲਈ ਲੜਾਈ ਲੜ ਰਹੇ ਹਾਂ। ਇਹ "ਮੀਰੀ ਔਰ ਪੀਰੀ" ਦੀ ਲੜਾਈ ਲੜ ਰਹੇ ਹਨ। ਪਾਰਲੀਮੈਂਟ ਵਿਚ ਗ੍ਰਹਿ ਮੰਤਰੀ ਨੇ ਕਿਹਾ ਹੈ। (ਵਿਘਨ) ਇਹ ਮੀਰੀ ਔਰ ਪੀਰੀ ਦੀ ਲੜਾਈ ਸਿਆਸਤ ਔਰ ਧਰਮ ਨੂੰ ਇਲਹਿਦਾ ਕਰਨ ਵਾਸਤੇ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਸ ਵਿਚ ਅਸੀਂ ਪਤਾ ਨਹੀਂ ਕਾਮਯਾਬ ਹੋਵਾਂਗੇ ਜਾਂ ਨਹੀਂ ਕਾਮਯਾਬ ਹੋਵਾਂਗੇ। ਕੋਈ ਫੈਸਲਾ ਕਰ ਲਓ। ਸਭ ਤੋਂ ਵੱਡੀ ਗੱਲ ਇਹ ਹੈ ਕਿ ਪੰਜਾਬ ਵਿਚ ਸ਼ਾਂਤੀ ਹੋਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਹ ਜੋ ਕਰ ਰਹੇ ਹਨ ਇਸ ਨਾਲ ਹਾਲਾਤ ਹੋਰ ਵਿਗੜਣਗੇ। ਹੋਰ ਧਰਮਾਂ ਦੇ ਲੋਕ ਨਹੀਂ ਜਾਣਦੇ ਕਿ ਅਕਾਲ ਤਖਤ ਦੀ ਪਰੰਪਰਾ ਕੀ ਹੈ। ਇਸ ਦਾ ਇਤਿਹਾਸ ਕੀ ਹੈ ? 1608 ਵਿਚ ਸ੍ਰੀ ਹਰਗੋਬਿੰਦ ਸਾਹਿਬ ਨੇ ਅਕਾਲ ਤਖਤ ਬਣਾਇਆ ਸੀ। ਇਹ ਕਿਉਂ ਬਣਾਇਆ ਸੀ ? ਇਨ੍ਹਾਂ ਨੂੰ ਅਸੀਂ ਕਹਿੰਦੇ ਹਾਂ ਕਿ ਇਹ ਗਲਤ ਰਸਤੇ ਤੇ ਨਾ ਪੈਣ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਜਾ ਜਾ ਕੇ ਲੋਕਾਂ ਨੂੰ ਅਸੀਂ ਦੱਸੀਏ (ਵਿਘਨ) ਮੈਂ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜੋ ਯੂਨਿਟੀ ਦੀ ਗੱਲ ਹੋਈ ਸੀ, ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਬਹੁਤ ਭਾਰੀ ਚਰਚਾ ਹੋਇਆ ਸੀ ਔਰ ਸਤੰਬਰ, ਵਿਚ ਇਹ ਗੱਲ ਹੋਈ ਸੀ। ਮੁੱਖ ਮੰਤਰੀ ਔਰ ਸਰਦਾਰ ਬਲਵੰਤ ਸਿੰਘ ਨੇ ਉਥੇ ਜਾ ਕੇ ਪੰਜ ਸਿੰਘ ਸਾਹਿਬਾਨ ਨੂੰ ਇਕੱਠਾ ਕੀਤਾ ਸੀ। ਉਨ੍ਹਾਂ ਦਾ ਬਿਆਨ ਮੈਂ ਪੜ੍ਹਣਾ ਚਾਹੁੰਦਾ ਹਾਂ। 26 ਸਤੰਬਰ ਨੂੰ ਬਿਆਨ ਵਿਚ ਕਿਹਾ ਹੈ—

In the Tribune dated the 26th September, 1986, there is a news item, which reads as under :—

> "In separate talks with newsmen here, while Mr. Surjit Singh welcomed the move for unity initiated by the five head priests, Mr. Parkash Singh Badal asserted that he was "not aware" of any such move.".

ਸਾਨੂੰ ਤਾਂ ਪਤਾ ਨਹੀਂ ਸੀ ਕਿ ਮੂਵ ਚਲ ਰਹੀ ਹੈ। ਇਹ ਮੂਵ ਕਿਨ੍ਹਾਂ ਨੇ ਚਲਾਈ ? ਪੰਜ ਸਿੰਘ ਸਾਹਿਬਾਨ ਨੂੰ ਸੱਦਕੇ ਕਰਵਾਈ ਗਈ। ਇਨ੍ਹਾਂ ਨੇ ਉਨ੍ਹਾਂ ਨਾਲ ਮੁਲਾਕਾਤਾਂ ਕਿੰਨੀਆਂ ਕੀਤੀਆਂ। ਜਨਰਲ ਕੰਸੈਸਿਜ਼ ਬਾਰੇ 30 ਅਕਤੂਬਰ ਦੀ ਟ੍ਰਿਬਿਊਨ ਦੀ ਰਿਪੋਰਟ ਇਸ ਤਰ੍ਹਾਂ ਹੈ ਕਿ ਸਰਦਾਰ

ਬਲਵੰਤ ਸਿੰਘ ਨੇ ਡਿਨਰ ਪਾਰਟੀ ਕੀਤੀ ਅਤੇ ਉਸ ਦੀ ਰਿਪੋਰਟ ਇਸ ਤਰ੍ਹਾਂ ਹੈ। (ਵਿਘਨ) ਸਰਦਾਰ ਬਲਵੰਤ ਸਿੰਘ ਨੇ ਮੀਟਿੰਗ ਕੀਤੀ। ਉਸ ਬਾਰੇ ਜਨਰਲ ਕੰਸੈਸਿਜ਼ ਇਸ ਤਰ੍ਹਾਂ ਹੈ:—

"The General consensus at the meeting of the ruling Akali group held at the residence of Mr. Balwant Singh last night over dinner was in favour of Panthic unity and extending all cooperation to the head priests in their difficult task".

ਇਹ ਇਨ੍ਹਾਂ ਨੇ ਕਹੀ, ਅਸੀਂ ਨਹੀਂ ਕਹੀ। ਫਿਰ ਇੰਡੀਅਨ ਐਕਸਪ੍ਰੈਸ ਵਿਚ ਸਟੇਟਮੈਂਟ ਆਈ ਜੋ ਕਿ ਇਸ ਪ੍ਰਕਾਰ ਹੈ:—

"The Akali Dal unity efforts initiated by the Sikh head priests today entered a crucial stage with the Chief Minister, Mr. Surjit Singh Barnala and the dissident leaders, Mr. Parkash Singh Badal and Mr. Amarinder Singh, calling on them at Anandpur Sahib separately.

Mr. Barnala met the head priests this morning. . . . .

Mr. Balwant Singh, Finance Minister, who has already met the head priests twice, will call on them again tomorrow."

ਇਹ ਸਾਰੀਆਂ ਗੱਲਾਂ ਅੱਜ ਤੁਸੀਂ ਦੁਨੀਆਂ ਦੇ ਸਾਹਮਣੇ ਕਹਿੰਦੇ ਹੋ ਕਿ ਇਹ ਅਕਾਲ ਤਖਤ ਨੂੰ ਵਰਤਦੇ ਹਨ। ਇਹ ਪ੍ਰੰਪਰਾ ਕਿਸ ਨੇ ਸਟਾਰਟ ਕੀਤੀ? ਅਸੀਂ ਯੂਨਿਟੀ ਚਾਹੁੰਦੇ ਸੀ। ਕਾਂਗਰਸ ਪਾਰਟੀ ਵੀ ਕਹਿੰਦੀ ਸੀ ਕਿ ਸਾਰੇ ਯੂਨਾਈਟ ਹੋ ਕੇ ਅਸੀਂ ਇਸ ਪੰਜਾਬ ਦੇ ਮਸਲੇ ਦਾ ਸਾਹਮਣਾ ਕਰੀਏ। ਲੇਕਿਨ ਜਦੋਂ ਯੂਨਾਈਟ ਹੋ ਗਏ, ਯੂਨਿਟੀ ਦਾ ਕਦਮ ਚੁਕਿਆ ਤਾਂ ਉਹ ਇਨ੍ਹਾਂ ਨੂੰ ਸੂਟ ਨਹੀਂ ਸੀ ਕਰਦਾ, ਇਸ ਲਈ ਇਹ ਮੰਨੇ ਨਹੀਂ ਕਿ ਅਕਾਲ ਤਖਤ ਕਿਉਂ ਇਸ ਵਿਚ ਇੰਟਰਵੀਨ ਕਰ ਰਿਹਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੰਸੈਪਟ ਆਫ ਮੀਰੀ ਪੀਰੀ ਹੈ ਕੀ? ਇਹ ਆਪੋਜ਼ੀਸ਼ਨ ਪਾਰਟੀ ਵਾਲੇ ਕਹਿੰਦੇ ਹਨ ਕਿ ਧਰਮ ਅਤੇ ਸਿਆਸਤ ਅਲੱਗ ਹੋਵੇ, ਠੀਕ ਹੈ ਇਹ ਤੁਹਾਡਾ ਖਿਆਲ ਹੋ ਸਕਦਾ ਹੈ ਲੇਕਿਨ ਤੁਸੀਂ ਕਿਸ ਨੂੰ ਕਨਵਿੰਸ ਕਰਵਾਉਣਾ ਚਾਹੁੰਦੇ ਹੋ? ਕੀ ਤੁਸੀਂ ਗੁਜਰਾਤ ਦੇ ਲੋਕਾਂ ਨੂੰ, ਕੇਰਲਾ ਦੇ ਲੋਕਾਂ ਨੂੰ ਕਨਵਿੰਸ ਕਰਾਉਣਾ ਚਾਹੁੰਦੇ ਹੋ ਜਾਂ ਪੰਜਾਬ ਦੇ ਲੋਕਾਂ ਨੂੰ ਕਨਵਿੰਸ ਕਰਾਉਣਾ ਚਾਹੁੰਦੇ ਹੋ, ਜਿਥੇ ਝਗੜਾ ਚਲ ਰਿਹਾ ਹੈ। ਅਕਾਲ ਤਖਤ ਜਦੋਂ ਬਣਿਆ ਸੀ, ਸਿਆਸਤ ਦੀਆਂ ਗੱਲਾਂ ਉਥੇ ਚਲਦੀਆਂ ਰਹੀਆਂ ਹਨ। ਹਰਿਮੰਦਰ ਸਾਹਿਬ ਸਾਡਾ ਧਰਮ ਸਥਾਨ ਹੈ। ਛੇਵੇਂ ਪਾਤਸ਼ਾਹ ਮੀਰੀ ਪੀਰੀ ਪਾ ਕੇ ਉਥੇ ਫੈਸਲੇ ਕਰਦੇ ਰਹੇ ਹਨ। ਉਥੇ ਦੋ ਨਿਸ਼ਾਨ ਸਾਹਿਬ ਲੱਗੇ ਹੋਏ ਹਨ। ਕੀ ਸੀ.ਐਮ. ਸਾਹਿਬ ਉਠ ਕੇ ਕਹਿ ਸਕਦੇ ਹਨ ਕਿ ਧਰਮ ਅਤੇ ਸਿਆਸਤ ਇਕੱਠੇ ਨਹੀਂ ਹਨ। ਇਕ ਪਾਸੇ ਉਹ ਲੜਾਈ ਲੜ ਰਹੇ ਹਨ। 25 ਫਰਵਰੀ ਨੂੰ ਸਰਦਾਰ ਬਲਵੰਤ ਸਿੰਘ ਦਾ ਹੁਸ਼ਿਆਰਪੁਰ ਤੋਂ ਬਿਆਨ ਆਇਆ, ਉਹ ਮੈਂ ਪੜ੍ਹ ਦਿੰਦਾ ਹਾਂ ਜੋ ਕਿ ਇਸ ਤਰ੍ਹਾਂ ਹੈ:—

"ਖਜ਼ਾਨਾ ਮੰਤਰੀ ਸ੍ਰੀ ਬਲਵੰਤ ਸਿੰਘ ਨੇ ਕਿਹਾ ਕਿ ਅਸੀਂ ਇਸ ਗੱਲ 'ਚ ਹੁਣ ਵੀ ਯਕੀਨ ਰਖਦੇ ਹਾਂ ਕਿ ਸਿੱਖਾਂ ਦਾ ਧਰਮ ਤੇ ਰਾਜਨੀਤੀ ਇਕੱਠੇ ਹਨ।"

ਜਿਹੜੀ ਤੁਸੀਂ ਜੰਗ ਲੜ ਰਹੇ ਹੋ, ਉਹ ਕਹਿੰਦੇ ਹਨ ਕਿ ਧਰਮ ਅਤੇ ਸਿਆਸਤ ਇਕੱਠੇ ਹਨ। ਇਹ ਕਿਉਂ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਸੀ.ਐਮ. ਕਹਿਣ ਕਿ ਧਰਮ ਅਤੇ ਸਿਆਸਤ ਇਕੱਠੇ ਨਹੀਂ। ਲੇਕਿਨ ਇਹ ਨਹੀਂ ਹੋ ਸਕਦਾ। ਤੁਸੀਂ ਇਕ ਇਸ਼ੂ ਬਣਾਉਂਦੇ ਹੋ ਅਤੇ ਉਹ ਇਕ ਬੰਦਾ ਜਿਸ ਦੇ ਖਿਲਾਫ ਅਕਾਲ ਤਖਤ ਨੇ ਸਟਰਿਕਚਰ ਪਾਸ ਕੀਤੇ, ਤੁਸੀਂ ਉਸ ਨੂੰ ਸਪੋਰਟ ਕਰਦੇ ਹੋ, ਇਹ ਮੈਂ ਸਮਝਦਾ ਹਾਂ ਕਿ ਗਲਤ ਕਰ ਰਹੇ ਹੋ। ਇਸ ਤਰ੍ਹਾਂ ਪੰਜਾਬ ਵਿਚ ਆਬੋ ਹਵਾ ਖਰਾਬ

[ਕੈਪਟਨ ਅਮਰਿੰਦਰ ਸਿੰਘ]
ਹੋਵੇਗੀ। (ਵਿਘਨ) ਇਹ ਪੰਜਾਬ ਦੇ ਲੋਕ ਦੱਸਣਗੇ ਕਿ ਆਬੋ ਹਵਾ ਕੌਣ ਖਰਾਬ ਕਰ ਰਿਹਾ ਹੈ। ਇਨ੍ਹਾਂ ਦੀ ਵਰਕਿੰਗ ਕਮੇਟੀ ਨੇ ਆਪ ਫੈਸਲਾ ਕੀਤਾ ਕਿ ਅਸੀਂ ਅਕਾਲ ਤਖਤ ਨੂੰ ਮੰਨਦੇ ਹਾਂ। ਇਨ੍ਹਾਂ ਦੀ ਪਾਰਟੀ ਦਾ ਬੜਾ ਇੰਟਰੈਸਟਿੰਗ ਬਿਆਨ ਹੈ। ਸਰਦਾਰ ਬਲਵੰਤ ਸਿੰਘ ਨੇ 6 ਫਰਵਰੀ ਨੂੰ ਅੰਮ੍ਰਿਤਸਰ ਤੋਂ ਬਿਆਨ ਦਿਤਾ, ਜੋ ਕਿ ਇਸ ਪ੍ਰਕਾਰ ਹੈ:—

"The ruling party considered Akal Takht as "Supreme". It always bowed to its authority. We are ready to make any sacrifice that may be demanded by Akal Takht."

ਇਹ ਉਨ੍ਹਾਂ ਦਾ ਬਿਆਨ ਹੈ। ਫਿਰ ਪਰੈਸ਼ਰ ਪਿਆ। ਪਰੈਸ਼ਰ ਐਨਾ ਪਿਆ ਕਿ ਬਾਅਦ ਵਿਚ ਉਨ੍ਹਾਂ ਨੇ ਬਿਆਨ ਡਾਈਲਿਊਟ ਕਰ ਦਿਤਾ। 28 ਫਰਵਰੀ ਨੂੰ ਸਰਦਾਰ ਬਲਵੰਤ ਸਿੰਘ ਨੇ ਕਿਹਾ......

"The Akali Dal was basically a political party but it also had a "religious content." "In religious affairs we accept the supremacy of Akal Takht but in political affairs we regard the Akali Dal as supreme."

ਸਰਦਾਰ ਰਣਜੀਤ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਵਰਕਿੰਗ ਕਮੇਟੀ ਦੇ ਫੈਸਲੇ ਦਾ ਕੀ ਤੁਅੱਲਕ ਹੈ ?

ਸ੍ਰੀ ਸਪੀਕਰ : ਗਵਰਨਰ ਐਡਰੈਸ ਤੇ ਸਾਰੇ ਅਸਪੈਕਟਸ ਆ ਸਕਦੇ ਹਨ। Please take your seat.

ਕੈਪਟਨ ਅਮਰਿੰਦਰ ਸਿੰਘ : ਫਿਰ ਸਰਦਾਰ ਬਲਵੰਤ ਸਿੰਘ ਨੇ ਕਿਹਾ:—

"Never in the history of Akal Takht had the Jathedar given a verdict on matters not referred to him by the parties concerned. In case of Mr. Barnala, the verdict was "unilateral and premediated" against all norms of justice."

ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਥੇ ਏਕਤਾ ਦੀ ਗੱਲ ਚਲੀ ਤਾਂ ਇਹ ਏਕਤਾ ਦੀ ਗੱਲ ਕਦੋਂ ਚਲੀ ? ਇਹ ਫਤਹਿਗੜ੍ਹ ਸਾਹਿਬ ਦੇ ਜੋੜ ਮੇਲੇ ਤੋਂ ਬਾਅਦ, 27 ਦਸੰਬਰ ਤੋਂ ਬਾਅਦ ਇਥੇ ਪਹਿਲਾਂ ਇਕ ਇਹ ਫੈਸਲਾ ਹੋਇਆ ਸੀ ਕਿ ਏਕਤਾ ਕਰੋ, ਇਹ ਪੰਜਾਬ ਦਾ ਮਸਲਾ ਹੈ ਜੋ ਇਹ ਹੱਲ ਕਰਾਉਣਾ ਹੈ। ਉਸ ਦੇ ਲਈ ਜੱਥੇਦਾਰ ਦਰਸ਼ਨ ਸਿੰਘ ਜੀ ਨੇ ਫੈਸਲਾ ਕੀਤਾ ਕਿ ਸਾਰੀਆਂ ਪਾਰਟੀਆਂ ਨਾਲ ਗੱਲ ਬਾਤ ਕਰੀਏ। ਇਨ੍ਹਾਂ ਦੀ ਪਾਰਟੀ ਵਲੋਂ ਮੁੱਖ ਮੰਤਰੀ ਸਾਹਿਬ ਦਾ ਇਹ ਬਿਆਨ ਆਇਆ ਕਿ ਮੈਂ ਨਹੀਂ ਉਨ੍ਹਾਂ ਨੂੰ ਮਿਲਿਆ। ਮੈਂ ਜਾਣਦਾ ਹਾਂ ਕਿ ਇਹ ਆਪ ਉਨ੍ਹਾਂ ਨੂੰ ਉਨ੍ਹਾਂ ਦੀ ਨਿਯੁਕਤੀ ਤੋਂ ਬਾਅਦ ਨਹੀਂ ਮਿਲੇ। ਇਹ ਜੱਥੇਦਾਰ ਸਾਹਿਬ ਨੂੰ, ਉਨ੍ਹਾਂ ਨੂੰ ਨਿਯੁਕਤੀ ਤੋਂ ਪਹਿਲਾਂ ਮਿਲੇ ਔਰ ਉਨ੍ਹਾਂ ਨੂੰ ਮਿਲਕੇ ਇਹ ਗੱਲ ਕਹੀ ਸੀ:—

"Mr. Surjit Singh also said that "He had not established any direct contact with Mr. Darshan Singh after he became the Jathedar of Akal Takht. Referring to reports about the party criticism of the "dubious role" being played by Mr. Balwant Singh in the present crisis".

ਇਹ ਮੈਂ ਨਹੀਂ ਕਹਿਣਾ ਚਾਹੁੰਦਾ, ਇਹ ਡੂਬਾਂਅਸ ਰੋਲ ਆਫ ਸਰਦਾਰ ਬਲਵੰਤ ਸਿੰਘ ਦੇ ਬਾਰ ਹੈ, ਉਸ ਦਾ ਜ਼ਿਕਰ ਮੈਂ ਨਹੀਂ ਕਰਨਾ ਚਾਹੁੰਦਾ। ਇਹ 28 ਦਸੰਬਰ ਦੀ ਸਟੇਟਮੈਂਟ ਹੈ ਜਿਥੇ ਜੱਥੇਦਾਰ ਦਰਸ਼ਨ ਸਿੰਘ ਜੀ ਨੂੰ ਮੁੱਖ ਮੰਤਰੀ ਸਾਹਿਬ ਮਿਲੇ ਔਰ ਉਥੇ ਉਨ੍ਹਾਂ ਇਹ ਗੱਲ ਕਹੀ ਕਿ—

"That the Anandpur Sahib resolution should be made the basis for unity and for drawing militants to a democratic platform had reportedly been discussed by the Chief Minister, Mr. Surjit Singh Barnala and Jathedar Darshan Singh when the latter had met him before his elevation as the Chief of the Akal Takht. Mr. Barnala had suggested to the Jathedar that he should explain to the militants the true import of the resolution and ask them to support it.".

ਇਨ੍ਹਾਂ ਨੇ ਇਹ ਗੱਲ ਕੀਤੀ ਸੀ। ਇਨ੍ਹਾਂ ਨੂੰ ਪੁੱਛੋ ਕਿ ਇਨ੍ਹਾਂ ਨੇ ਯੂਨਿਟੀ ਦੀ ਟਾਕਸ ਕੀਤੀ ਸੀ ? ਫਿਰ ਯੂਨਿਟੀ ਦੇ ਲਈ ਰੂਲਿੰਗ ਪਾਰਟੀ ਦੇ 5 ਬੰਦੇ ਨਿਯੁਕਤ ਕੀਤੇ ਗਏ। ਜਾਂ ਤਾਂ ਇਹ ਕਹਿ ਦੇਣ ਕਿ ਅਸੀਂ ਨਹੀਂ ਗੱਲ ਕੀਤੀ। ਜਿਹੜੇ 5 ਬੰਦੇ ਨਿਯੁਕਤ ਕੀਤੇ ਉਹ ਹਨ

ਸਰਦਾਰ ਸੁਖਦੇਵ ਸਿੰਘ ਢਿੱਲੋਂ, ਸਰਦਾਰ ਬਸੰਤ ਸਿੰਘ ਖਾਲਸਾ, ਸਰਦਾਰ ਬਲਵੰਤ ਸਿੰਘ, ਸਰਦਾਰ ਹਰਭਜਨ ਸਿੰਘ ਸੰਧੂ ਔਰ ਇਕ ਇਨ੍ਹਾਂ ਦਾ ਪ੍ਰੈਸ ਸੈਕਟਰੀ, ਇਹ 5 ਮੈਂਬਰ ਸਨ ਜੋ ਇਨ੍ਹਾਂ ਨੇ ਨਿਯੁਕਤ ਕੀਤੇ। ਮੁੱਖ ਮੰਤਰੀ ਸਾਹਿਬ ਕਹਿ ਦੇਣ ਕਿ ਅਸੀਂ ਇਹ ਨਿਯੁਕਤ ਨਹੀਂ ਕੀਤੇ ਔਰ ਇਹ ਉਨ੍ਹਾਂ ਨੂੰ ਨਹੀਂ ਮਿਲੇ। ਇਹ ਪੰਜੇ ਸਿੰਘ ਸਾਹਿਬ ਨੂੰ ਮਿਲੇ। ਸਾਡੀ ਪਾਰਟੀ ਨਾਲ ਗੱਲ ਕੀਤੀ, ਬਾਬਾ ਜੋਗਿੰਦਰ ਸਿੰਘ ਦੀ ਪਾਰਟੀ ਨਾਲ ਗੱਲ ਕੀਤੀ ਔਰ ਇਹ ਫੈਸਲਾ ਹੋਇਆ। 25 ਤਾਰੀਖ਼ ਨੂੰ ਇਹ ਐਲਾਨ ਕਰ ਦਿੱਤਾ ਕਿ 3 ਤਾਰੀਖ ਤਕ ਅਸਤੀਫੇ ਦਿੱਤੇ ਜਾਣ ਔਰ 3 ਤਾਰੀਖ ਤੋਂ 5 ਤਾਰੀਖ ਤਕ ਇਕੱਲੇ ਇਕੱਲੇ ਉਥੇ ਜਾ ਕੇ ਮਿਲਣਗੇ। 7 ਤਾਰੀਖ ਨੂੰ ਲੈਜਿਸਲੇਟਿਵ ਪਾਰਟੀ ਦੀ ਮੀਟਿੰਗ ਦਾ ਫੈਸਲਾ ਹੋਇਆ। ਸਾਡੀ ਪਾਰਟੀ ਦਾ ਸਟੈਂਡ ਤਾਂ ਤੁਹਾਨੂੰ ਪਤਾ ਹੀ ਹੈ ਕਿ ਸਾਡਾ ਸਟੈਂਡ ਸੀ ਕਿ ਅਸੀਂ ਮੁੱਖ ਮੰਤਰੀ ਬਰਨਾਲਾ ਸਾਹਿਬ ਨੂੰ ਨਹੀਂ ਮੰਨਦੇ। ਜੱਥੇਦਾਰ ਦਰਸ਼ਨ ਸਿੰਘ ਨੇ ਜੋ ਕੁਝ ਕਿਹਾ ਉਹ ਵੀ ਤੁਹਾਨੂੰ ਪਤਾ ਹੈ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਐਸਾ ਕਿਉਂ ਨਹੀਂ ਕੀਤਾ। ਉਨ੍ਹਾਂ ਦੀ ਮੰਗ ਹੈ ਜਾਂ ਇਹ ਮੁੱਖ ਮੰਤਰੀ ਰਹੇਗਾ ਜਾਂ ਪਾਰਟੀ ਪ੍ਰੈਜ਼ੀਡੈਂਟ। ਇਹ ਕਹਿੰਦਾ ਹੈ ਕਿ ਮੈਂ ਦੋਨੋਂ ਰਹਿਣਾ ਚਾਹੁੰਦਾ ਹਾਂ, ਭਾਵੇਂ ਪੰਜਾਬ ਨੂੰ ਕੁਝ ਹੋ ਜਾਵੇ, ਭਾਵੇਂ ਪੰਜਾਬ ਦੇ ਲੋਕਾਂ ਨੂੰ ਕੁਝ ਹੋ ਜਾਵੇ। ਇਹ ਮਜ਼ਬੂਰੀ ਹੈ ਜਿਸ ਨੂੰ ਅਸੀਂ ਅੱਜ ਫੇਸ ਕਰ ਰਹੇ ਹਾਂ। (ਵਿਘਨ) ਫਿਰ ਸਪੀਕਰ ਸਾਹਿਬ, ਥੋੜੇ ਦਿਨਾਂ ਦੀ ਗਲ ਹੈ ਇਨ੍ਹਾਂ ਨੇ ਇਕ ਅਨਾਊਂਸਮੈਂਟ ਕੀਤੀ ਪਹਿਲਾਂ ਤਾਂ ਮੁੱਖ ਮੰਤਰੀ ਜੀ ਨੇ ਕਿਹਾ ਔਰ ਉਨ੍ਹਾਂ ਦੀ ਪਾਰਟੀ ਵਲੋਂ ਯੂਨਿਟੀ ਤੇ ਇਲਜ਼ਾਮ ਲਗੇ ਹਨ। ਸਾਡੇ ਤੇ ਨਹੀਂ ਫਿਰ 12 ਫ਼ਰਵਰੀ ਨੂੰ ਮੁੱਖ ਮੰਤਰੀ ਜੀ ਨੇ ਗਲ ਕਹੀ :

> "He put his ideological differences with other Akali factions in perspective by 'pointing out the "differences". He pointed out that while one party had faith in the electoral process, the other boycotted them."

ਇਸ ਦੇ ਉਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਾਬਾ ਜੋਗਿੰਦਰ ਸਿੰਘ ਨੇ ਇਲੈਕਸ਼ਨਾਂ ਦਾ ਬਾਈਕਾਟ ਕੀਤਾ, ਲੇਕਿਨ ਸਾਡੀ ਯੂਨਿਟੀ ਤੋਂ ਬਾਅਦ ਜੋ 27 ਐਮ.ਐਲ.ਏ. ਇਥੇ ਬੈਠੇ ਹਨ ਅਤੇ 5 ਐਮ.ਪੀ. ਹਨ, ਉਨ੍ਹਾਂ ਨੂੰ ਮੰਨ ਕੇ ਅਗਰ ਉਹ ਡੈਮੋਕਰੇਟਿਕ ਪ੍ਰਾਸੈਸ ਵਿਚ ਆ ਗਏ ਤਾਂ ਕੀ ਮਾੜੀ ਗਲ ਹੈ। ਇਹ ਤਾਂ ਚੰਗੀ ਗਲ ਹੈ। ਅਗਰ ਬਾਬਾ ਜੋਗਿੰਦਰ ਸਿੰਘ ਸਾਡੇ ਡੈਮੋਕਰੇਟਿਕ ਫਰੇਮ ਵਿਚ ਆ ਗਿਆ ਹੈ ਤਾਂ ਇਹ ਵੀ ਚੰਗੀ ਗਲ ਹੈ।

> One party supported extremism and separatism while the other firmly opposed it.
>
> His party followed the path of national unity and integrity and of human brotherhood as preached by Sant Harchand Singh Longowal, while the other faction rejoiced at the brutal killing of the Sant.

ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਸਾਰੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਸਿਪਾਹੀ ਹਾਂ। ਉਹ ਸਾਡੇ ਸਾਰਿਆਂ ਦਾ ਪ੍ਰਧਾਨ ਸੀ। ਅਸੀਂ ਉਨ੍ਹਾਂ ਨੂੰ ਪੂਰੇ ਤਰੀਕੇ ਨਾਲ ਮੰਨਦੇ ਸੀ। ਫਿਰ ਜਦੋਂ ਉਨ੍ਹਾਂ ਦਾ ਕਤਲ ਹੋਇਆ ਤਾਂ ਫਿਰ ਮੁੱਖ ਮੰਤਰੀ ਸਾਹਿਬ ਨੇ ਬਗੈਰ ਸੋਚੇ ਸਮਝੇ ਬਿਆਨ ਦਿਤਾ ਕਿ ਇਨ੍ਹਾਂ ਨੇ ਰਿਜਾਇਸ ਕੀਤਾ। (ਵਿਘਨ) ਸਾਡੇ ਪ੍ਰਧਾਨ ਦਾ ਕਤਲ ਹੋਵੇ ਔਰ ਅਸੀਂ ਲਡੂ ਵੰਡੀਏ। (ਵਿਘਨ)

ਇਥੇ ਨੈਸ਼ਨਲ ਯੂਨਿਟੀ ਔਰ ਇੰਟੈਗਰਿਟੀ ਦੀ ਗਲ ਕੀਤੀ ਹੈ। ਇਹ ਗਲ ਮੁੱਖ ਮੰਤਰੀ ਜੀ ਨੇ ਕਹੀ ਹੈ। ਪਬਲੀਕਲੀ ਵੀ ਅਤੇ ਇਥੇ ਵੀ ਗਲ ਹੋਈ ਹੈ। ਨੈਸ਼ਨਲ ਯੂਨਿਟੀ ਅਤੇ ਮੁਲਕ ਦੀ ਇੰਟੈਗਰਿਟੀ ਸਾਡਾ ਟੀਚਾ ਹੈ। ਸਾਡੇ ਐਮ.ਪੀ. ਸ਼ਮਿੰਦਰ ਸਿੰਘ ਤੇ ਵੀ ਇਹ ਗਲ ਆਈ ਹੈ ਅਤੇ ਕਿਹਾ ਗਿਆ ਹੈ ਕਿ ਤੁਸੀਂ ਜਾਓ ਲੋਕਾਂ ਵਿਚ। ਮੈਂ ਇਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਅਸੀਂ 30 ਅਪ੍ਰੈਲ ਨੂੰ ਅੱਡ ਹੋਏ ਸੀ ਅਤੇ 30 ਅਪ੍ਰੈਲ ਤੋਂ ਲੈ ਕੇ ਹੁਣ ਤਕ ਅਸੀਂ ਸਾਰੇ ਦੇਸ਼ ਵਿਚ ਸਾਰੇ ਪੰਜਾਬ ਵਿਚ ਸਾਰੀਆਂ ਸਟੇਜਾਂ ਤੇ ਗਏ ਔਰ ਦੇਸ਼ ਦੀ ਏਕਤਾ ਲਈ ਕਿਹਾ। ਜਦ ਅਸੀਂ ਇਸ

[ਕੈਪਟਨ ਅਮਰਿੰਦਰ ਸਿੰਘ]

ਤਰ੍ਹਾਂ ਕਰਦੇ ਹਾਂ ਔਰ ਸਾਡਾ ਇਹ ਮਨਸ਼ਾ ਵੀ ਹੈ। ਫਿਰ ਕੀ ਅਸੀਂ ਸਕੂਲ ਦੇ ਬੱਚੇ ਹਾਂ ਕਿ ਗਿਣਤੀ ਸੁਣਾਈਏ। ਅਸੀਂ ਕਹਿ ਦਿਤਾ ਕਿ ਅਸੀਂ ਮੁਲਕ ਨੂੰ ਬਣਾਉਣ ਲਈ ਖੂਨ ਦਿਤਾ ਹੈ। ਸਾਡੀਆਂ ਵੱਡੀਆਂ ਚਾਰ ਲੜਾਈਆਂ ਹੋਈਆਂ, ਪਾਕਿਸਤਾਨ ਨਾਲ, ਬੰਗਲਾ ਦੇਸ਼ ਦੀ, ਚੀਨ ਦੀ ਅਸੀਂ ਸਿੱਖਾਂ ਨੇ ਕਿਸ ਤਰ੍ਹਾਂ ਅੱਗੇ ਵੱਧ ਕੇ ਦੇਸ਼ ਲਈ ਖੂਨ ਡੋਲ੍ਹਿਆ। ਕਿਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਦੇਸ਼ ਦੀ ਏਕਤਾ ਦੇ ਹੱਕ ਵਿਚ ਨਹੀਂ ਹਾਂ। ਬਾਰ ਬਾਰ ਸਾਡੇ ਤੇ ਇਲਜ਼ਾਮ ਲਗਾਏ ਜਾਂਦੇ ਹਨ। that one party supported extremism and separatism while the other was firmly opposed to it.

ਇਸ ਦਾ ਮਤਲਬ ਕੀ ਹੈ? ਫਿਰ ਇਨਾਂ ਨੇ ਕਿਹਾ ਅਸੀਂ ਸਪੋਰਟ ਕਰਦੇ ਹਾਂ ਸੈਪਰੇਟਿਸਟਸ ਨੂੰ, ਖਾਲਿਸਤਾਨ ਨੂੰ। ਅਸੀਂ ਕਿਹਾ ਸਾਡਾ ਜਿਹੜਾ ਆਨੰਦਪੁਰ ਸਾਹਿਬ ਦਾ ਮੱਤਾ ਹੈ ਅਸੀਂ ਉਹੀ ਚਾਹੁੰਦੇ ਹਾਂ। ਇਸ ਦੇ ਬਾਰੇ 1972 ਵਿਚ ਇਕ ਕਮੇਟੀ ਬਣਾਈ ਸੀ ਅਤੇ ਸਰਦਾਰ ਬਲਵੰਤ ਸਿੰਘ ਵੀ ਉਸ ਦੇ ਵਿਚ ਸਨ। ਫਿਰ 18 ਨਵੰਬਰ, 1977 ਨੂੰ ਲੁਧਿਆਣਾ ਵਿਚ ਓਪਨ ਸੈਸ਼ਨ ਵਿਚ 12ਵਾਂ ਮਤਾ ਰੱਖ ਕੇ ਪਾ ਦਿਤਾ। ਇਸ ਬਾਰੇ ਉਸ ਵਰਕਿੰਗ ਕਮੇਟੀ ਵਿਚ ਇਹ ਫੈਸਲਾ ਹੋਇਆ ਸੀ। ਇਹ ਵੀ ਉਸੇ ਕਮੇਟੀ ਵਿਚ ਸਨ ਅਤੇ ਬਰਨਾਲਾ ਸਾਹਿਬ ਨੇ ਉਨ੍ਹਾਂ ਦੇ ਸਾਹਮਣੇ ਮਤਾ ਰਖਿਆ ਸੀ। ਹੁਣ ਜਿਹੜੀ ਅਸੀਂ ਮੰਗ ਰਖੀ ਉਸ ਦਾ ਬੇਸ ਸਾਡਾ ਉਹੀ ਮਤਾ ਹੈ ਔਰ ਇਹ ਬੇਸਿਜ਼ ਅਸੀਂ ਸ਼ੁਰੂ ਤੋਂ ਕਹਿੰਦੇ ਆ ਰਹੇ ਹਾਂ ਔਰ ਉਸ ਬੇਸਿਜ਼ ਤੇ 'ਖਾਲਸਾ ਜੀ ਦਾ ਬੋਲ ਬਾਲਾ' ਨਹੀਂ ਪਾਇਆ। ਜਿਹੜਾ ਬੋਲ ਬਾਲਾ ਦਾ ਇਨਫਰੰਸ ਹੈ ਇੰਪਾਰਟੈਂਟ ਹੈ। 1980 ਵਿਚ ਜਦੋਂ ਆਨੰਦਪੁਰ ਸਾਹਿਬ ਦਾ ਮਤਾ ਲੈ ਲਿਆ ਗਿਆ ਸੀ ਉਸ ਵਿਚ ਹੈ ਕਿ—

"the pre-eminence of the Khalsa within the Indian Union"

ਅਗਰ ਮੈਂ ਐਮੀਨੈਂਟ ਹੋਣਾ ਚਾਹੁੰਦਾ ਹਾਂ ਤੁਹਾਨੂੰ ਕੀ ਤਕਲੀਫ ਹੈ। ਅਗਰ ਕਿਸੇ ਕਾਂਗਰਸ ਪਾਰਟੀ ਨੇ, ਬੀ.ਜੇ.ਪੀ. ਨੇ ਐਮੀਨੈਂਟ ਹੋਣਾ ਹੈ ਤਾਂ ਹੋਵੇ ਪਰ ਅਗਰ ਅਸੀਂ ਚੜ੍ਹਦੀ ਕਲਾ ਵਿਚ ਰਹਿਣਾ ਚਾਹੁੰਦੇ ਹਾਂ ਤਾਂ ਹੋਰਾਂ ਨੂੰ ਕੀ ਤਕਲੀਫ ਹੁੰਦੀ ਹੈ। ਚੀਫ ਮਨਿਸਟਰ ਸਾਹਿਬ ਦੀ ਜੋ ਕਲੈਰੀ-ਫਿਕੇਸ਼ਨ ਦਿੱਤੀ ਹੈ, ਤਿੰਨ ਕਲੈਰੀਫਿਕੇਸ਼ਨ ਕਰ ਦਿੱਤੀਆਂ ਹਨ। ਅਸੀਂ ਇਨ੍ਹਾਂ ਨਾਲ ਸਹਿਮਤ ਹਾਂ। ਫਿਰ ਇਸ ਤੋਂ ਕੁਝ ਦਿਨਾਂ ਬਾਦ ਸਰਦਾਰ ਬਲਵੰਤ ਸਿੰਘ ਨੇ ਆਪਣੀ ਪਾਰਟੀ ਵਲੋਂ ਕਿਹਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਯੂਨਿਟੀ ਕਰ ਸਕਦੇ ਹਾਂ ਅਗਰ ਇਹ ਚਾਰ ਪੁਆਇੰਸ ਤੇ ਸਹਿਮਤ ਹੋਣ।

ਯੂਨੀਫਾਈਡ ਅਕਾਲੀ ਦਲ, ਜਿਹੜਾ ਕਿ ਇਕੱਠਾ ਹੋਇਆ ਹੈ, ਇਕ ਤਾਂ ਅਸੀਂ ਜਮਹੂਰੀਅਤ ਵਿਚ ਵਿਸ਼ਵਾਸ ਰਖਦੇ ਹੋਈਏ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੂਰਾ ਵਿਸ਼ਵਾਸ ਹੈ। ਇਹ ਡੈਮੋਕ੍ਰੇਸੀ ਦਾ ਘਰ ਹੈ। ਅਸੀਂ ਡੈਮੋਕ੍ਰੇਸੀ ਮੰਨਦੇ ਹਾਂ। ਫਿਰ ਸੀ ਅਗਰ ਇਹ ਚੜ੍ਹਦੀ ਕਲਾ ਪੰਥ ਦੀ ਮੰਗਣ। ਅਸੀਂ ਕਿਹਾ ਹੈ ਕਿ ਮੰਗਦੇ ਹਾਂ। ਫਿਰ ਵੀ ਤੀਸਰਾ ਪੁਆਇੰਟ। ਅਸੀਂ ਤਾਂ ਦੇਸ਼ ਦੇ ਵਾਸਤੇ ਖੜੇ ਹੋਏ ਹਾਂ। ਫਿਰ ਇਹ ਕਹਿੰਦੇ ਹਨ ਕਿ ਪ੍ਰੋਗਰਾਮ ਸ਼੍ਰੋਮਣੀ ਦਲ ਦਾ ਮੰਨੋ। ਅਸੀਂ ਮੰਨਦੇ ਹਾਂ।

ਇਸ ਦਾ ਤੀਸਰਾ ਹਿੱਸਾ ਅਕਾਲੀ ਦਲ ਦਾ ਵਿਧਾਨ ਹੈ, ਉਹ ਇਸ ਵਿਚ ਹੈ, ਆਨੰਦਪੁਰ ਸਾਹਿਬ ਦਾ ਮਤਾ ਹੈ, ਉਹ ਗੱਲ ਹੈ, ਬਰਨਾਲਾ ਸਾਹਿਬ ਨੇ ਆਪ ਪਾਇਆ ਹੈ, ਅਸੀਂ ਵੀ ਮੰਨਦੇ ਹਾਂ। ਜਦੋਂ ਸਾਰੀਆਂ ਗੱਲਾਂ ਮੰਨਦੇ ਹਨ ਫਿਰ ਇਨ੍ਹਾਂ ਨੂੰ ਕੀ ਗੱਲ ਹੈ। ਅਕਾਲ ਤਖਤ ਦਾ ਹੁਕਮ ਮੰਨ ਕੇ ਸਾਡੇ ਕੋਲ ਕਿਉਂ ਨਹੀਂ ਆਉਂਦੇ। ਸਿਰਫ ਇਹ ਖੁਦ-ਗਰਜ਼ੀ ਕਰਕੇ ਨਹੀਂ ਆਉਂਦੇ। ਇਹ 40 ਦੀ ਟੋਲੀ ਬੈਠੀ ਹੈ ਇਨ੍ਹਾਂ ਨੂੰ ਪਤਾ ਹੈ ਸਾਰੀ ਗੱਲ ਦਾ। ਇਹ ਹੀ ਇਨ੍ਹਾਂ ਦੀ ਗੱਲ ਹੈ।

ਔਰ ਇਸ ਕਰਕੇ ਸਾਰੇ ਪੰਜਾਬ ਦੇ ਭੈੜੇ ਹਾਲਾਤ ਕਰਨ ਤੇ ਤੁਲੇ ਹੋਏ ਹਨ। ਇਸ ਤੋਂ ਪਹਿਲਾਂ ਕਿ ਮੈਂ ਹੋਰ ਪਾਸੇ ਆਪਣੀ ਤਕਰੀਰ ਨਾ ਲੈ ਜਾਵਾਂ ਮੈਂ ਕਹਿਣਾ ਚਾਹੁੰਦਾ ਹਾਂ......

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਦੀ ਆਪਣੀ ਲੜਾਈ ਹੈ। ਇਕ ਪਬਲਿਕ ਦੀ ਲੜਾਈ ਹੈ। ਮਹਾਰਾਜਾ ਸਾਹਿਬ ਨੇ ਜ਼ਿਕਰ ਨਹੀਂ ਕੀਤਾ ਜਿਹੜੇ ਕਤਲ ਕਰਕੇ ਦਰਬਾਰ ਸਾਹਿਬ ਵਿਚ ਵੜ ਜਾਂਦੇ ਹਨ।, ਖਾਲਿਸਤਾਨ ਦੇ ਨਾਹਰੇ ਲਗਾਉਂਦੇ ਹਨ, ਇਹ ਉਥੇ ਜਾ ਕੇ ਆਏ ਹਨ, ਸਪੀਚ ਕਰਕੇ ਆਏ ਹਨ। ਇਹ ਕੀ ਕਹਿੰਦੇ ਹਨ ਉਸ ਦੇ ਬਾਰੇ ਵਿਚ ?

ਕੈਪਟਨ ਅਮਰਿੰਦਰ ਸਿੰਘ : ਮੈਂ ਪਹਿਲਾਂ ਕਿਹਾ ਸੀ ਕਿ ਸਾਡੇ 2 ਘੰਟੇ 5 ਮਿੰਟ ਹਨ। ਮੈਂ ਕਿਹਾ ਸੀ ਕਿ ਤੁਸੀਂ ਸਫਾਈ ਦੇਣ ਨੂੰ ਟਾਈਮ ਨਹੀਂ ਛੱਡਣਾ। ਮੈਂ ਜਵਾਬ ਦੇਵਾਂਗਾ ਲੇਕਿਨ ਮੈਂ ਟਾਈਮ ਚਾਹੁੰਦਾ ਹਾਂ। ਮੈਂ ਤੁਹਾਨੂੰ ਕਿਹਾ ਸੀ ਕਿ ਮੈਂ ਉਨ੍ਹਾਂ ਦੀਆਂ ਗੱਲਾਂ ਦੱਸੀਆਂ ਹਨ ਮੈਂ ਉਨ੍ਹਾਂ ਦੋਸਤਾਂ ਤੇ ਆਉਣਾ ਚਾਹੁੰਦਾ ਹਾਂ। ਇਹ ਦੋਸਤ ਹਨ ਪਿਛਲਾ ਜਦੋਂ ਮੌਨਸੂਨ ਦਾ ਸੈਸ਼ਨ ਹੋਇਆ ਸੀ ਰੋਜ਼ ਵਾਕ ਆਊਟ ਕਰਦੇ ਸਨ। ਇਹ ਕਹਿੰਦੇ ਸਨ ਕਿ ਇਹ ਸਰਕਾਰ ਮਾੜੀ ਹੈ, ਰੋਜ਼ ਵਾਕ ਆਊਟ ਕਰਦੇ ਸਨ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਵਿਚ ਪਤਾ ਨਹੀਂ ਕਿ ਕਿਉਂ ਇਹ ਗੱਲ ਆ ਗਈ ਹੈ ਕਿ ਦਿਲ ਵਿਚ ਹੋਰ ਗੱਲ ਹੈ, ਘਰ ਵਿਚ ਹੋਰ ਗੱਲ ਹੈ, ਪਬਲਿਕ ਵਿਚ ਹੋਰ ਗੱਲ ਤੇ ਇਥੇ ਸਦਨ ਵਿਚ ਹੋਰ ਗੱਲ ਇਨ੍ਹਾਂ ਦੀ ਹੈ। ਪਤਾ ਨਹੀਂ ਹੈ ਕਿ ਕੀ ਮਜਬੂਰੀਆਂ ਹਨ। 25 ਤਾਰੀਖ ਨੂੰ ਜਿਹੜੀ ਗੱਲ ਹੋਈ; 22 ਤਾਰੀਖ ਨੂੰ ਇਨ੍ਹਾਂ ਦੇ ਪ੍ਰਧਾਨ ਨੇ ਬੜਾ ਸਿਆਣਾ ਬਿਆਨ ਦਿੱਤਾ —

> "The Punjab Pradesh Congress (I) President, Mr. Beant Singh, today said the time had come when it was impossible for his party to continue support to the "minority" Barnala government which had "utterly failed" to protect the life and property of the people of the State.
>
> Reacting to the Chief Minister, Mr. Surjit Singh Barnala's news conference yesterday in which he had given a clean chit to certain ministers charged with having links with terrorists and blamed the Centre for delay in the implementation of the Punjab accord, the PCC(I) President said it was "totaly dishonest" on the part of the Akali Government to say that the Centre was responsible for the dalay.
>
> 'The Chief Minister's attempt to hide the sins of his ministerial colleagues will not carry conviction with the people who had reposed confidence in the Akali Government in the election", Mr. Beant Singh said in a statement.

ਸਪੀਕਰ ਸਾਹਿਬ, ਦੋ ਦਿਨ ਪਹਿਲੇ ਇਹ ਕਾਂਗਰਸ ਪਾਰਟੀ ਇਸ ਤਰ੍ਹਾਂ ਕਹਿੰਦੀ ਹੈ ਕਿ ਇਹ ਮਾਈਨਾਰਿਟੀ ਵਿਚ ਹੈ, ਅਟਰਲੀ ਫੇਲਿਉਰ ਹੈ, ਟੋਟਲ ਡਿਸਆਨੈਸਟ ਹੈ ਔਰ ਫਿਰ ਦੋ ਦਿਨ ਬਾਅਦ ਉਸੇ ਪਾਰਟੀ ਨੂੰ ਸਪੋਰਟ ਕਰਦੇ ਹਨ। ਫਿਰ ਗਵਰਨਰ ਐਡਰੈਸ ਵਿਚ ਲੌਂਗੋਵਾਲ ਸਮਾਗਮ ਤੇ ਅਨਪਰੇਸੀਡੈਂਟਿਡ ਕਰਾਊਡ ਦਾ ਜ਼ਿਕਰ ਕੀਤਾ ਹੈ ਪਰ ਕਿਸੇ ਅਖਬਾਰ ਨੇ ਕਿਹਾ ਕਿ 45 ਹਜ਼ਾਰ ਦਾ ਕਰਾਊਡ ਹੈ ਕਿਸੇ ਨੇ ਇਸ ਤੋਂ ਥੋੜਾ ਵੱਧ ਅਤੇ ਕਿਸੇ ਨੇ ਥੋੜਾ ਇਸ ਤੋਂ ਘੱਟ ਦਸਿਆ ਹੈ। ਮੈਂ ਵੀ ਜਲਸੇ ਕੀਤੇ ਹਨ। ਜਦੋਂ ਐਗਰੀਕਲਚਰਿਸਟਸ ਨੇ ਦਿੱਲੀ ਵਿਚ ਇਕੱਠ ਕੀਤਾ ਸੀ ਤਾਂ 14 ਲੱਖ ਦਾ ਇਕੱਠ ਹੋਇਆ ਸੀ ਔਰ ਸਾਰੀਆਂ ਅਖਬਾਰਾਂ ਵਿਚ ਆਇਆ ਸੀ। ਪਰ ਜਿਹੜਾ ਇਨ੍ਹਾਂ ਦਾ ਇਕੱਠ ਸੀ ਉਸ ਦਾ ਇਹ ਹਾਲ ਸੀ ਕਿ ਜਦੋਂ ਇਸ ਇਕੱਠ ਦੇ ਵਿਚ ਇਨ੍ਹਾਂ ਦੇ ਸਟੇਜ ਸੈਕਟਰੀ ਨੇ ਪੰਜ ਜੈਕਾਰੇ ਲਵਾਏ ਤਾਂ ਜਵਾਬ ਹੀ ਕਿਸੇ ਵਲੋਂ ਨਹੀਂ ਆਇਆ। (ਵਿਘਨ) ਫਿਰ ਲੁਧਿਆਣੇ ਦੇ

[ਕੈਪਟਨ ਅਮਰਿੰਦਰ ਸਿੰਘ]

ਇਕੱਠ ਬਾਰੇ ਇਥੇ ਜ਼ਿਕਰ ਕੀਤਾ ਗਿਆ। ਕਿਹਾ ਗਿਆ ਕਿ ਬੜਾ ਭਾਰੀ ਇਕੱਠ ਸੀ। ਲੱਖਾਂ ਬੰਦੇ ਸਨ ਪਰ ਮੇਰੇ ਕੋਲ ਇਹ ਸਪੋਰਟਸ ਡਿਪਾਰਟਮੈਂਟ ਦੀਆਂ ਫਿਗਰਜ਼ ਹਨ ਜਿਨ੍ਹਾਂ ਨੇ ਉਹ ਸਟੇਡੀਅਮ ਬਣਾਇਆ ਹੈ। ਉਨ੍ਹਾਂ ਨੇ ਦਸਿਆ ਹੈ ਕਿ ਸਿਰਫ 42 ਹਜ਼ਾਰ ਦੀ ਕਪੈਸਿਟੀ ਹੈ। ਉਸ ਵਿਚ ਵੀ ਕੁੱਝ ਜਗ੍ਹਾ ਤੇ ਤਾਂ ਮੈਟਲ ਡਿਟੈਕਟਰ ਵਾਲੇ ਬਿਠਾਏ ਹੋਏ ਸਨ ਅਤੇ ਕੁਝ ਹਿੱਸਾ ਟੈਲੀਵੀਜ਼ਨ ਵਾਲਿਆਂ ਨੇ ਲਿਆ ਹੋਇਆ ਸੀ ਔਰ ਜਿਹੜੇ ਬੰਦੇ ਉਥੇ ਆਏ ਉਨ੍ਹਾਂ ਵਿਚ ਵੀ 70 ਐਸੇ ਬੰਦੇ ਸਨ ......

ਸ੍ਰੀ ਸਪੀਕਰ: ਸ੍ਰੀ ਹਰਨਾਮ ਦਾਸ ਜੌਹਰ ਨੂੰ ਪੁਆਇੰਟ ਆਫ ਆਰਡਰ ਕਰ ਲੈਣ ਦਿਓ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਸਪੀਕਰ ਸਾਹਿਬ, ਕੈਪਟਨ ਸਾਹਿਬ ਸੱਚ ਨੂੰ ਝੂਠ ਵਿਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਹੋਰ ਵੀ ਕਈ ਗਲਤ ਗਲਾਂ ਕਰ ਰਹੇ ਹਨ। ਲੇਕਿਨ ਲੁਧਿਆਣਾ ਦੇ ਬਾਰੇ ਮੈਨੂੰ ਪਤਾ ਹੈ ਕਿ ਜਿਸ ਸਟੇਡੀਅਮ ਦੀ ਇਹ 42 ਹਜ਼ਾਰ ਦੀ ਕਪੈਸਿਟੀ ਦਸ ਰਹੇ ਹਨ ਉਸ ਸਟੇਡੀਅਮ ਦੀ ਢਾਈ ਲੱਖ ਦੀ ਕਾਊਂਟਿਡ ਕਪੈਸਿਟੀ ਹੈ।

ਕੈਪਟਨ ਅਮਰਿੰਦਰ ਸਿੰਘ: ਸਟੇਡੀਅਮ ਦੀ ਕਪੈਸਿਟੀ ਦਾ ਮੈਂ ਜ਼ਿਕਰ ਕਰ ਦਿਆਂ ਕਿ ਜਦੋਂ ਏਸ਼ੀਅਨ ਗੇਮਜ਼ ਇਥੇ ਹੋਈਆਂ ਸਨ ਉਸ ਵਾਸਤੇ ਸਟੇਡੀਅਮ ਦੀ ਜਿਹੜੀ ਕੰਸਟਰੱਕਸ਼ਨ ਕਮੇਟੀ ਬਣੀ ਸੀ ਉਸ ਦਾ ਚੇਅਰਮੈਨ ਮੈਂ ਸੀ ਔਰ ਉਹ ਨਹਿਰੂ ਸਟੇਡੀਅਮ ਸਭ ਤੋਂ ਵਡਾ ਸਟੇ-ਡੀਅਮ ਬਣਿਆ ਹੈ ਔਰ ਉਸ ਦੀ ਕਪੈਸਿਟੀ ਇਕ ਲੱਖ 80 ਹਜ਼ਾਰ ਹੈ। (ਵਿਘਨ) ਸੋ ਮੈਂ ਚਾਹੁੰਦਾ ਹਾਂ ਕਿ ਲੁਧਿਆਣਾ ਵਿਚ ਵੀ ਕੋਈ ਐਸਾ ਸਟੇਡੀਅਮ ਬਣ ਜਾਵੇ ਤਾਂ ਬਹੁਤ ਚੰਗਾ ਹੈ। ਬਾਕੀ ਮੈਂ ਤਾਂ ਸਟੇਡੀਅਮ ਦੀ ਕਪੈਸਿਟੀ ਦੀ ਗਲ ਕਰ ਰਿਹਾ ਸੀ। ਇਥੇ ਵੀ ਬਾਹਰ ਵੀ ਸਾਡੇ ਤੇ ਬਹੁਤ ਸਾਰੇ ਝੂਠੇ ਇਲਜ਼ਾਮ ਲਗਾਏ ਜਾਂਦੇ ਹਨ। ਅਸੀਂ ਇਹ ਅਸਲੀਅਤ ਦੱਸਣ ਵਾਸਤੇ ਪ੍ਰਧਾਨ ਮੰਤਰੀ ਤੋਂ ਵੀ ਟਾਈਮ ਲਿਆ ਸੀ, ਇਹ ਕਹਿਣ ਵਾਸਤੇ ਕਿ ਸਾਨੂੰ ਟਾਈਮ ਦਿੱਤਾ ਜਾਵੇ। ਇਸ ਵਾਸਤੇ ਅਸੀਂ ਬਰੌਡ ਕਾਸਟਿੰਗ ਮਨਿਸਟਰ ਨੂੰ ਵੀ ਕਿਹਾ ਕਿ ਸਾਨੂੰ ਟਾਈਮ ਦਿੱਤਾ ਜਾਵੇ। ਉਨ੍ਹਾਂ ਨੇ ਜਵਾਬ ਦਿੱਤਾ ਕਿ 10 ਮਿੰਟ ਦਾ ਟਾਈਮ ਦਿੱਤਾ ਜਾਵੇਗਾ ਅਸੀਂ ਕਿਹਾ ਕਿ ਇਹ ਟਾਈਮ ਬਹੁਤ ਥੋੜਾ ਹੈ ਇਕ ਘੰਟੇ ਦਾ ਟਾਈਮ ਜ਼ਰੂਰ ਦਿੱਤਾ ਜਾਵੇ।

ਪੰਡਿਤ ਸਰਵਣ ਰਾਮ ਮਨਸੋਵਾਲੀਆ: ਸਪੀਕਰ ਸਾਹਿਬ, ਇਹ ਸਟੇਡੀਅਮ ਦੀ ਕਪੈਸਿਟੀ ਦੀ ਗਲ ਕਰਦੇ ਹਨ। ਜਿਹੜੀ ਇਨ੍ਹਾਂ ਨੇ ਕਪੈਸਿਟੀ ਦਸੀ ਹੈ ਉਹ ਕੁਰਸੀਆਂ ਰਖਣ ਦੀ ਕਪੈਸਿਟੀ ਹੈ। ਦੂਸਰਾ ਰਾਜਾ ਸਾਹਿਬ ਇਸ ਤਰ੍ਹਾਂ ਬੋਲ ਰਹੇ ਹਨ ਕਿ ਜਿਸ ਤਰ੍ਹਾਂ ਪੰਜਾਬ ਇਨ੍ਹਾਂ ਦੇ ਨਾਲ ਹੋਏ। ਪੰਜਾਬ ਦੇ ਤਾਂ ਸਿੱਖ ਵੀ ਇਨ੍ਹਾਂ ਦੇ ਨਾਲ ਨਹੀਂ ਹਨ, ਹਿੰਦੂਆਂ ਵਿਚ ਤਾਂ ਇਹ ਸਾਰਿਆਂ ਤੋਂ ਵਿਸ਼ਵਾਸ ਖੋਹ ਬੈਠੇ ਹਨ। (ਵਿਘਨ)

ਕੈਪਟਨ ਅਮਰਿੰਦਰ ਸਿੰਘ: ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਨੈਸ਼ਨਲ ਟੀ.ਵੀ. ਤੇ ਬਰੌਡਕਾਸਟਿੰਗ ਮਨਿਸਟਰ ਸ੍ਰੀ ਪੰਜਾ ਤੋਂ ਟਾਈਮ ਮੰਗਿਆ ਸੀ ਅਤੇ ਇਹ ਵੀ ਕਿਹਾ ਸੀ ਕਿ ਤੁਸੀਂ 7 ਮੈਂਬਰ ਪੈਨਲ ਬਣਾ ਦਿਓ ਅਤੇ 8ਵਾਂ ਸਾਨੂੰ ਬੁਲਾ ਲਵੋ। ਸਾਰੇ ਨੈਸ਼ਨਲ ਨੈਟ ਵਰਕ ਤੇ ਜਿਨੇ ਤੁਹਾਡੇ ਮਨ ਵਿਚ ਸਵਾਲ ਹੋਣ ਤੁਸੀਂ ਕਰ ਸਕਦੇ ਹੋ ਅਤੇ ਜਿਹੜੀ ਗੱਲ ਪੁੱਛਣਾ ਚਾਹੁੰਦੇ ਹੋ ਪੁਛ ਲਵੋ। ਪਹਿਲੇ ਪੰਜਾ ਸਾਹਿਬ ਦਾ ਬਿਆਨ ਆਇਆ ਕਿ ਅਸੀਂ ਕਨਸਿਡਰ ਕਰ ਰਹੇ ਹਾਂ ਅਤੇ ਇਸ ਉਤੇ ਵਿਚਾਰ ਕਰ ਰਹੇ ਹਾਂ।

ਸ੍ਰੀ ਹਰਨਾਮ ਦਾਸ ਜੌਹਰ ਐਡਵੋਕੇਟ: : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ। ਤੁਹਾਡੇ ਭਾਈ ਸ਼ਮਿੰਦਰ ਸਿੰਘ ਨੇ ਆਫਰ ਕੀਤੀ ਸੀ ਕਿ ਪਹਿਲੇ ਤੁਸੀਂ ਸਾਡੇ ਬੰਦੇ ਛੱਡੋ ਤਾਂ ਬਹਿਸ ਕਰਾਂਗੇ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ। ਜਦੋਂ ਇਨ੍ਹਾਂ ਦੀ ਲੀਡਰ ਆਫ ਆਪੋਜ਼ੀਸ਼ਨ ਬੋਲ ਰਹੀ ਸੀ ਤਾਂ ਕਈ ਗੱਲਾਂ ਉਨ੍ਹਾਂ ਨੇ ਇਤਰਾਜ਼ਯੋਗ ਕਰੀਆਂ ਸਨ ਤਾਂ ਉਸ ਵਕਤ ਅਸੀਂ ਕਿਸੇ ਨੇ ਇਨ੍ਹਾਂ ਨੂੰ ਇੰਟਰਪਟ ਨਹੀਂ ਕੀਤਾ ਸੀ। ਇਹ ਹੁਣ ਰਵਾਇਤ ਗਲਤ ਪਾ ਰਹੇ ਹਨ। ਇਨ੍ਹਾਂ ਨੂੰ ਰੋਕੋ।

ਸਰਦਾਰ ਦਿਲਬਾਗ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਮਹਾਰਾਜਾ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਦੇ ਦਿਲ ਵਿਚ ਕੀ ਹੈ। ਸਾਡੇ ਦਿਲ ਵਿਚ ਇਹ ਹੈ ਕਿ ਤੁਸੀਂ ਛਾਲ ਮਾਰ ਕੇ ਇਧਰ ਆ ਜਾਓ ਤਾਂ ਸਾਰੀ ਗੱਲ ਮੁੱਕ ਜਾਵੇਗੀ ਅਤੇ ਸਾਰਾ ਕੰਮ ਠੀਕ ਹੋ ਜਾਵੇਗਾ।

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਅਸੀਂ ਪਹਿਲੇ ਹੀ ਕਹਿ ਚੁੱਕੇ ਹਾਂ ਕਿ ਅਸੀਂ ਦੇਸ਼ ਦੇ ਨਾਲ ਹਾਂ ਅਤੇ ਸਾਡੇ ਖਿਆਲਾਤ ਦੇਸ਼ ਦੇ ਨਾਲ ਹਨ ਲੇਕਿਨ ਸਰਕਾਰ ਨੇ ਫਿਰ ਵੀ ਸਾਡੇ 7 ਐਮ.ਐਲ.ਏਜ਼. ਨੂੰ ਫੜ ਲਿਆ ਹੋਇਆ ਹੈ। ਇਕ ਮੈਂਬਰ ਸਰਦਾਰ ਸੁੱਚਾ ਸਿੰਘ ਛੋਟੇਪੁਰ 10 ਸਤੰਬਰ ਨੂੰ ਮੇਰੇ ਕੋਲ ਆਏ ਅਤੇ ਅਸੀਂ 7 ਮੈਂਬਰੀ ਡੈਲੀਗੇਸ਼ਨ ਲੀਡਰਜ਼ ਨੂੰ ਮਿਲਣ ਲਈ ਦਿੱਲੀ ਗਏ ਸੀ। ਅਸੀਂ ਉਥੇ ਬਹੁਗੁਣਾ, ਚੰਦਰ ਸ਼ੇਖਰ, ਵਾਜਪਾਈ ਅਤੇ ਹੋਰ ਨੈਸ਼ਨਲ ਲੀਡਰ ਨੂੰ ਮਿਲੇ ਸੀ, 11 ਵਜੇ ਕੰਡੀ ਏਰੀਆ ਵਿਚ ਐਡਰੈਸ ਕੀਤਾ ਸੀ। ਉਨ੍ਹਾਂ ਨੂੰ ਸਰਕਾਰ ਨੇ ਅਰੈਸਟ ਉਸ ਦਿਨ ਦੀ ਸ਼ੋ ਕੀਤੀ ਹੈ ਜਿਸ ਦਿਨ ਉਹ ਦਿੱਲੀ ਵਿਚ ਸਨ ਅਤੇ ਕਹਿੰਦੇ ਹਨ ਕਿ ਅਸੀਂ ਗੁਰਦਾਸਪੁਰ ਤੋਂ ਅਰੈਸਟ ਕੀਤਾ ਹੈ। (ਸ਼ੇਮ, ਸ਼ੇਮ) (ਵਿਘਨ) ਮੈਂ ਕਹਿੰਦਾ ਹਾਂ ਸਰਕਾਰ ਇਹ ਤਾਂ ਦੇਖ ਲਵੇ ਕਿ ਕਿਹੜੀ ਤਾਰੀਖ ਨੂੰ ਕੋਈ ਕਿਥੇ ਸੀ। ਇਨ੍ਹਾਂ ਨੂੰ ਇਹ ਵੀ ਪਤਾ ਨਹੀਂ ਹੁੰਦਾ ਹੈ। ਅੰਮ੍ਰਿਤਸਰ ਵਿਚ 2 ਮਹੀਨੇ ਪਹਿਲੇ ਡਿਸਟ੍ਰਿਕਟ ਕੋਰਟ ਵਿਚ ਸਾਡਾ ਮੁਜਾਹਰਾ ਹੋਇਆ ਸੀ ਜਿਸ ਵਿਚ ਡਾਕਟਰ ਰਤਨ ਸਿੰਘ ਨੇ ਤਕਰੀਰ ਕੀਤੀ ਸੀ ਅਤੇ ਮੈਂ ਵੀ ਤਕਰੀਰ ਕੀਤੀ ਸੀ, ਪਰ ਹੁਣ ਉਨ੍ਹਾਂ ਨੂੰ ਐਨ.ਐਸ.ਏ. ਦੇ ਥੱਲੇ ਅਰੈਸਟ ਕਰਨਾ ਚਾਹੁੰਦੇ ਹਨ। ਇਹ ਇਸ ਤਰੀਕੇ ਨਾਲ ਪਾਵਰਜ਼ ਗਰੈਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸੇ ਮੁੱਖ ਮੰਤਰੀ ਨੇ ਖੁਦ ਕਾਂਸਟੀਚਿਊਸ਼ਨ ਦੀ ਧਾਰਾ 25 ਨੂੰ ਸਾੜਿਆ ਸੀ ਔਰ ਹੁਣ ਇਹ ਕਾਂਸਟੀਚਿਊਸ਼ਨ ਦਾ ਪ੍ਰੋਟੈਕਟਰ ਬਣ ਗਿਆ ਹੈ। (ਵਿਘਨ) (ਘੰਟੀ) ਸਪੀਕਰ ਸਾਹਿਬ, ਮੈਨੂੰ ਹਾਲੇ ਟਾਈਮ ਲਗੇਗਾ, ਕਿਉਂਕਿ ਹਾਲੇ ਤਾਂ ਮੈਂ ਆਪਣੀ ਅੱਧੀ ਗੱਲ ਵੀ ਨਹੀਂ ਕੀਤੀ ਹੈ। ਜੋ ਗੱਲਾਂ ਵਿਚ ਹੋ ਰਹੀਆਂ ਹਨ ਅਸੀਂ ਵੀ ਚਾਹੁੰਦੇ ਹਾਂ ਕਿ ਪੰਜਾਬ ਵਿਚ ਨਾਰਮੇਲਸੀ ਆਵੇ ਜਿਸ ਤਰ੍ਹਾਂ ਸਾਰਾ ਹਿੰਦੁਸਤਾਨ ਚਾਹੁੰਦਾ ਹੈ। ਇਥੇ ਸਾਡੇ ਬੱਚਿਆਂ ਨੇ ਰਹਿਣਾ ਹੈ ਅਤੇ ਸਾਡੇ ਬੱਚਿਆਂ ਦਾ ਭਵਿੱਖ ਇਸ ਦੇ ਨਾਲ ਜੁੜਿਆ ਹੋਇਆ ਹੈ। ਇਹ ਜਿਹੜਾ ਅਕਾਰਡ ਸੈਂਟਰ ਦੇ ਨਾਲ ਹੋਇਆ ਸੀ ਉਸ ਵਿਚ ਅਸੀਂ ਵੀ ਸ਼ਾਮਲ ਸੀ। ਇਹ ਅਕਾਰਡ ਪਾਰਟੀ ਵਲੋਂ ਹੋਇਆ ਸੀ ਨਾ ਕਿ ਕੇਵਲ ਇਨ੍ਹਾਂ ਨੇ ਹੀ ਕੀਤਾ ਸੀ। ਸਾਡੇ ਸਾਰਿਆਂ ਵਲੋਂ ਅਕਾਰਡ ਕੀਤਾ ਗਿਆ ਸੀ। (ਵਿਘਨ ਸ੍ਰੀ ਹਰਨਾਮ ਦਾਸ ਜੌਹਰ ਵੱਲੋਂ)

ਸਪੀਕਰ ਸਾਹਿਬ, ਮੈਂ ਇਤਨੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੀ ਪਾਰਟੀ ਦਾ ਟਾਈਮ ਸਾਨੂੰ ਦਿਓ ਔਰ ਸਾਡੀ ਪਾਰਟੀ ਦਾ ਟਾਈਮ 2 ਘੰਟੇ 5 ਮਿੰਟ ਬਣਦਾ ਹੈ। ਮੈਂ ਤਾਂ ਹਾਲੇ ਅੱਧਾ ਹੀ ਬੋਲਿਆ ਹੈ ਅਤੇ ਹਾਲੇ ਕਾਫੀ ਕੁਝ ਕਹਿਣਾ ਮੇਰਾ ਬਾਕੀ ਹੈ।

ਸ੍ਰੀ ਸਪੀਕਰ : ਕੈਪਟਨ ਸਾਹਿਬ, ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਤੁਸੀਂ ਹੋਰ ਕਿੰਨਾ ਟਾਈਮ ਲਵੋਗੇ ?

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਮੇਰੀ ਪਾਰਟੀ ਦਾ ਟਾਈਮ 2 ਘੰਟੇ 5 ਮਿੰਟ ਹੈ।

ਸ੍ਰੀ ਸਪੀਕਰ : ਕੈਪਟਨ ਸਾਹਿਬ, ਮੈਂ ਪੁਛਿਆ ਹੈ ਕਿ ਤੁਸੀਂ ਹੋਰ ਕਿੰਨਾ ਟਾਈਮ ਬੋਲਣ ਲਈ ਲਵੋਗੇ?

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਅੱਧਾ ਕੁ ਘੰਟਾ ਹੋਰ ਲਗੇਗਾ।

ਸ੍ਰੀ ਸਪੀਕਰ : ਅੱਜ ਤਾਂ ਫਿਰ, ਕੈਪਟਨ ਸਾਹਿਬ, ਹਾਊਸ ਐਡਜਰਨ ਕਰ ਲੈਂਦੇ ਹਾਂ।

The House stands adjourned till 2.00 P.M. on Tuesday, the 17th March, 1987.

*1-27 p.m.

*(The Sabha then *adjourned till 2.00 P.M. on Tuesday, the 17th March, 1987).*

APPENDIX

TO

PUNJAB VIDHAN SABHA DEBATES

Dated the 13*th March,* 1987

VOL. V NO. 3

STARRED QUESTION AND ANSWER

New Link Roads Constructed in the State

*617. **Shri Ram Kishan Kataria** : Will the Minister of State for Public Works be pleased to state the block-wise total length of new link roads, first link roads and minor link roads separately constructed in the State during the period from Ist November, 1985 to 28th February, 1987?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਲੋੜੀਂਦੀ ਸੂਚਨਾ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

STATEMENT

Blockwise construction of new link roads in the State during 1st November, 1985 to 28th February, 1987.

District	Serial No.	Block	New link roads constructed (kms)		Total
			First Links	Inter links/ Missing links	
1	2	3	4	5	6
Gurdaspur	1.	Pathankot	..	4·06	4·06
	2.	Dhar	..	1·61	1·61
	3.	Dinanagar	6·28	..	6·28
	4.	Gurdaspur	1·23	..	1·23
	5.	Dhaliwal	4·24	..	4·24
	6.	Kalanaur	2·52	..	2·52

1	2	3	4	5	6
	7.	Kahnuwan ..	..	0·80	0·80
	8.	Batala ..	..	20·27	20·27
	9.	Siri Hargobindpur ..	..	6·22	6·22
	10.	Fatehgarh Churian ..	..	2·81	2·81
	11.	Dera Baba Nanak ..	..	1·00	1·00
	12.	Narot Jaimal Singh ..	..	..	..
	13.	Bamial ..	..	..	..
		Total ..	14·27	36·77	51·04
Amritsar	1.	Ajnala ..	..	11·03	11·03
	2.	Chogawan ..	..	6·89	6·89
	3.	Jandiala ..	..	1·77	1·77
	4.	Tarn Taran ..	..	9·70	9·70
	5.	Majitha ..	..	1·13	1·13
	6.	Bhikhiwind ..	..	0·60	0·60
	7.	Patti ..	..	2·00	2·00
	8.	Chola Sahib ..	..	5·50	5·50
	9.	Verka ..	..	..	..
	10.	Tarsika ..	..	..	..
	11.	Naushehra Punnuan ..	..	..	..
	12.	Valtoha ..	..	..	..
	13.	Gandiwal ..	..	..	..
	14.	Raya ..	..	..	..
	15.	Khandur Sahib ..	..	..	..
		Total ..	..	38·62	38·62
Faridkot	1.	Faridkot ..	..	12·48	12·48
	2.	Kotkapura ..	..	37·80	37·80
	3.	Mukatsar ..	..	12·05	12·05
	4.	Moga-I ..	..	7·05	7·05
	5.	Moga-II ..	..	3·45	3·45
	6.	Baghapurana ..	..	2·36	2·36
		Total ..	..	75·19	75·19

1	2	3	4	5	6
Jalandhar	1.	Jalandhar West	..	..	6·00	6·00
	2.	Jalandhar East	..	..	5·28	5·28
	3.	Bhogpur	..	..	1·67	1·67
	4.	Adampur	..	..	5·71	5·71
	5.	Nurmahal	..	..	1·50	1·50
	6.	Shahkot	..	..	3·70	3·70
	7.	Nawan Shahar	..	..	24·38	24·38
	8.	Banga	..	..	15·17	15·17
	9.	Aur	..	..	1·63	1·63
	10.	Phillaur	..	..	29·74	29·74
	11.	Rurka Kalan	..	..	..	..
	12.	Nakodar	..	..	..	..
		Total	..	..	94·78	94·78
Kapurthala	1.	Nadala	..	..	2·50	2·50
	2.	Sultanpur	..	..	3·81	3·81
	3.	Phagwara	..	..	7·50	7·50
	4.	Kapurthala	..	..	..	..
		Total	..	..	13·81	13·81
Patiala	1.	Samana	..	..	19·23	19·23
	2.	Sirhind	..	..	11·80	11·80
	3.	Patiala	..	..	5·19	5·19
	4.	Bassi Pathana	..	..	3·46	3·46
	5.	Rajpura	..	..	4·89	4·89
	6.	Bhunerheri	..	..	4·51	4·51
	7.	Nabha	..	..	22·38	22·38
	8.	Lalru	..	..	4·99	4·99
	9.	Dera Bassi	..	..	2·97	2·97
		Total	..	..	79·42	79·42

1	2	3	4	5	6
Ludhiana		1. Ludhiana	.. ..	23·22	23·22
		2. Mangat	.. ..	1·99	1·99
		3. Machhiwara	.. ..	20·75	20·75
		4. Doraha	.. ..	14·56	14·56
		5. Samrala	.. ..	35·04	35·04
		6. Dehlon	.. ..	5·66	5·66
		7. Pakhowal	.. ..	1·72	1·72
		8. Sidhar	.. ..	7·74	7·74
		9. Sidhwan	.. ..	5·84	5·84
		10. Jagraon	.. ..	20·60	20·60
		Total	.. ..	137·10	137·10
Sangrur		1. Sangrur	.. ..	5·86	5·86
		2. Dhuri	.. ..	25·85	25·85
		3. Lehragaga	.. ..	26·86	26·86
		4. Khanauri	.. ..	2·93	2·93
		5. Malerkotla	.. ..	26·89	26·89
		6. Ahmedgarh	.. ..	25·21	25·21
		7. Barnala	.. ..	18·16	18·16
		8. Mahli Kalan	.. ..	4·13	4·13
		9. Sohna	.. ..	3·31	3·31
		10. Sunam	.. ..	5·90	5·90
		11. Bhawanigarh	.. ..	1·40	1·40
		Total	.. ..	145·50	145·50
Bhatinda		1. Bhatinda	.. ..	13·89	13·89
		2. Rampura	.. ..	9·92	9·92
		3. Phul	.. ..	24·81	24·81
		4. Nathana	.. ..	29·75	29·75
		5. Talwandi Sabo	.. ..	16·15	16·15

1	2	3	4	5	6
	6.	Mansa ..	..	23·57	23·57
	7.	Budhlada ..	..	23·59	23·59
	8.	Jhunir ..	..	17·74	17·74
	9.	Kot Bhai ..	..	8·04	8·04
	10.	Lambi ..	..	28·92	28·92
	11.	Malout ..	..	4·74	4·74
	12.	Sangat ..	..	3·43	3·43
		Total ..	..	204·55	204·55
Ferozepur	1.	Ferozepur ..	..	7·67	7·67
	2.	Ghal Khurd ..	..	7·62	7·62
	3.	Guruharsahai ..	..	2·97	2·97
	4.	Jalalabad ..	..	16·19	16·19
	5.	Dharamkot ..	..	7·50	7·50
	6.	Zira ..	..	0·93	0·93
	7.	Abohar ..	..	..	..
	8.	Fazilka ..	..	..	..
	9.	Khuian Sarwar ..	..	..	..
		Total ..	..	42·88	42·88
Rupar	1.	Kharar ..	..	19·81	19·81
	2.	Majri ..	..	8·02	8·02
	3.	Chamkaur Sahib ..	..	21·08	21·08
	4.	Ropar ..	..	2·29	2·29
	5.	Anandpur Sahib ..	..	4·06	4·06
		Total ..	..	55·26	55·26
Hoshiarpur	1.	Hoshiarpur-I ..	1·10	..	1·10
	2.	Hoshiarpur-II ..	..	1·58	1·58

1	2	3		4	5	6
	3.	Bhunga	..	14·60	1·00	15·60
	4.	Dasuya	..	..	2·12	2·12
	5.	Tanda	..	3·81	..	3·81
	6.	Mukerian	..	..	0·70	0·70
	7.	Talwara	..	..	1·31	1·31
	8.	Garhshankar	..	..	5·37	5·37
	9.	Mahalpur	..	..	..	..
	10.	Balachaur	..	..	..	..
	11.	Saroya	..	..	..	..
		Total	..	19·51	12·08	31·59
		Grand Total	..	33·78	935·96	969·74

Note.—Link roads are either first links, inter-links or missing links. The term 'Minor link' is not used for any village roads. The information in respect of all links, other than First links, is given in column No. 4 of the statement.

25933/PVS—Govt Press, U.T., Chd.

Published under the authority of the Punjab Vidhan Sabha and printed by the Controller, Printing and Stationary Department (U. T.) Chd.

4

Punjab Vidhan Sabha Debates

17th March, 1987

Vol. V—No. 4

OFFICIAL REPORT

CONTENTS

Tuesday, the 17th March, 1987

PUNJAB VIDHAN SABHA SECRETARIAT, CHANDIGARH.

Price : Rs. 6-60

PUNJAB VIDHAN SABHA

Tuesday, the 17th March, 1987

The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. *of the Clock. Mr. Speaker (Sardar Surjit Singh Minhas) in the Chair.*

OBITUARY REFERENCE

Mr. Speaker . Obituary reference ਸੀ.ਐਮ. ਸਾਹਿਬ ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਅੱਜ ਬੜੇ ਹੀ ਦੁੱਖ ਨਾਲ ਅਸੀਂ ਆਪਣੇ ਵਿਛੜੇ ਵੀਰ ਐਮ.ਐਲ.ਏ. ਸਰਦਾਰ ਅਮਰਜੀਤ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਸਤੇ ਬੇਨਤੀ ਕਰਨ ਲਗੇ ਹਾਂ। ਪਰਸੋਂ ਦੁਪਹਿਰ ਦੇ ਟਾਈਮ, ਦੁਪਹਿਰ ਤੋਂ ਬਾਅਦ ਕੁਝ ਹਤਿਆਰਿਆਂ ਨੇ ਗੋਲੀਆਂ ਮਾਰ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਅਤੇ ਹਮੇਸ਼ਾ ਵਾਸਤੇ ਸਾਥੋਂ ਇਕ ਬਹੁਤ ਹੀ ਨੇਕ ਇਨਸਾਨ , ਲੋਕਾਂ ਦਾ ਹਿਤੂ ਖੋਹ ਲਿਆ। ਉਨ੍ਹਾਂ ਦਾ ਜਨਮ 26 ਜਨਵਰੀ, 1936 ਨੂੰ ਲੁਧਿਆਣਾ ਦੇ ਇਕ ਪਿੰਡ ਖਾਨਪੁਰ ਵਿੱਚ ਹੋਇਆ ਸੀ। ਬੜੀ ਕਰੜੀ ਮਿਹਨਤ ਵਾਲਾ ਜੀਵਨ ਉਨ੍ਹਾਂ ਨੇ ਜੀਵਿਆ। ਉਹ ਬੜੀ ਛੋਟੀ ਪੱਧਰ ਤੋਂ ਉਠ ਕੇ ਅਹਿਸਤਾ ਅਹਿਸਤਾ ਲੋਕਪ੍ਰਿਯ ਬਣ ਗਏ। ਉਹ ਸਮਰਾਲਾ ਮਿਉਨਿਸਪਲ ਕਮੇਟੀ ਦੇ ਮੈਂਬਰ ਰਹੇ। ਬੜੇ ਅਰਸੇ ਤੱਕ ਰਹੇ, ਤਕਰੀਬਨ 10 ਸਾਲ ਤੱਕ ਰਹੇ। ਉਹ ਇਲਾਕੇ ਦੇ ਲੋਕਲ ਗੁਰਦਵਾਰੇ ਦੇ ਪ੍ਰਧਾਨ ਚੁਣੇ ਗਏ ਅਤੇ ਬੜੇ ਅਰਸੇ ਤੱਕ ਪ੍ਰਧਾਨ ਰਹੇ। 1964 ਵਿੱਚ ਉਨ੍ਹਾਂ ਨੇ ਆਪਣੇ ਆਪ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸੇਵਾ ਵਿੱਚ ਅਰਪਤ ਕੀਤਾ ਅਤੇ ਆਹਿਸਤਾ ਆਹਿਸਤਾ ਆਪਣੇ ਇਲਾਕੇ ਦੇ ਲੋਕਾਂ ਦੇ ਪ੍ਰਤੀਨਿਧ ਬਣ ਗਏ। ਉਹ ਜਨਰਲ ਸਕੱਤਰ ਵੀ ਬੜੀ ਦੇਰ ਤੱਕ ਰਹੇ ਅਤੇ ਫੇਰ ਆਗੂ ਬਣ ਗਏ। ਪਿਛਲੀਆਂ ਇਲੈਕਸ਼ਨਾਂ ਦੇ ਸਮੇਂ 1985 ਵਿੱਚ ਉਹ 10,000 ਵਾਧੂ ਵੋਟਾਂ ਨਾਲ ਜਿੱਤ ਕੇ ਆਪਣੇ ਇਲਾਕੇ ਵਿਚੋਂ ਕਾਮਯਾਬ ਹੋ ਕੇ ਆਏ। ਉਹ ਲੋਕਾਂ ਦੇ ਬੜੇ ਹਰਮਨ ਪਿਆਰੇ ਪ੍ਰਤੀਨਿਧ ਸਨ। ਉਨ੍ਹਾਂ ਦਾ ਰੁਝਾਨ ਬੜੀ ਮਿਹਨਤ ਕਰਨ ਵੱਲ ਹਮੇਸ਼ਾ ਰਹਿੰਦਾ ਸੀ। ਉਨ੍ਹਾਂ ਦੀ ਹਮੇਸ਼ਾ ਇਹ ਇੱਛਾ ਰਹਿੰਦੀ ਸੀ ਕਿ ਉਹ ਆਪਣੇ ਇਲਾਕੇ ਦੇ ਲੋਕਾਂ ਦੀ, ਪਿੰਡਾਂ ਦੀ, ਸ਼ਹਿਰ ਦੀ ਪੂਰੀ ਪੂਰੀ ਸੇਵਾ ਕਰ ਸਕਣ। ਐਸਾ ਸਮਾਂ ਆਇਆ, ਸਪੀਕਰ ਸਾਹਿਬ, ਜਦੋਂ ਕਿ ਇਹ ਸਰਕਾਰ ਬਣਨ ਲਗੀ ਸੀ ਤਾਂ ਬਹੁਤਿਆਂ ਲੋਕਾਂ ਦੀ ਇਹ ਖਾਹਿਸ਼ ਸੀ ਕਿ ਮਨਿਸਟਰ ਬਣ ਜਾਵਾਂ, ਸਟੇਟ ਮਨਿਸਟਰ ਬਣ ਜਾਵਾਂ, ਡਿਪਟੀ ਮਨਿਸਟਰ ਬਣ ਜਾਵਾਂ ਜਾਂ ਫਿਰ ਕਿਧਰੇ ਚੇਅਰਮੈਨ ਹੀ ਲਗ ਜਾਵਾਂ, ਇਹ ਕੋਸ਼ਿਸ਼ ਸੀ। ਲੇਕਿਨ ਇਕ ਵਾਹਦ ਐਮ,ਐਲ.ਏ. ਮੈਂ ਇਹੋ ਦੇਖੇ ਜਿਨ੍ਹਾਂ ਨੇ ਕਿਸੇ ਕਿਸਮ ਦੀ ਕੋਈ ਇੱਛਾ ਜ਼ਾਹਿਰ ਨਹੀਂ ਕੀਤੀ। ਉਨ੍ਹਾਂ ਦੀ ਇਕੋ ਇੱਛਾ ਬਣੀ ਰਹੀ ਕਿ ਲੋਕਾਂ ਦੀ ਸੇਵਾ ਕਰ ਲਵਾਂ। ਇਹ ਜ਼ਰੂਰ ਸੀ ਕਿ ਉਹ ਦੂਸਰਿਆਂ ਨਾਲੋਂ ਡੇਢਾ ਜਾਂ ਸਵਾਇਆ ਕੰਮ ਜ਼ਿਆਦਾ ਲੈ ਲੈਂਦੇ ਰਹੇ ਹਨ, ਲੇਕਿਨ ਉਨ੍ਹਾਂ ਨੇ ਆਪਣੇ ਲਈ ਕੋਈ ਅਹੁਦਾ ਨਹੀਂ ਲਿਆ। ਲੋਕਾਂ ਦੀ ਸੇਵਾ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੇ ਰੱਜ ਕੇ ਸੇਵਾ ਕੀਤੀ ਵੀ। ਇਸ ਤਰ੍ਹਾਂ ਉਹ ਲੋਕਾਂ ਵਿੱਚ ਬਹੁਤ ਹਰਮਨ ਪਿਆਰੇ ਹੋਏ ਸਨ। ਜਦੋਂ ਇਸ ਤਰ੍ਹਾਂ ਦੀਆਂ ਵਾਰਦਾਤਾਂ ਹੋਣ ਲਗੀਆਂ, ਅਤਿਵਾਦੀਆਂ ਵਲੋਂ ਹਾਲਾਤ ਪੈਦਾ ਹੋਣ ਲਗੇ ਤਾਂ ਅਸੀਂ ਕੋਸ਼ਿਸ਼ ਕੀਤੀ ਕਿ ਇਨ੍ਹਾਂ ਨੂੰ ਵੀ ਗੰਨਮੈਨ ਦੇ ਦੇਈਏ। ਅਸੀਂ ਉਨ੍ਹਾਂ ਨੂੰ ਆਫਰ ਵੀ ਕੀਤਾ ਪਰ ਉਨ੍ਹਾਂ ਨੇ ਜਵਾਬ ਦੇ ਦਿੱਤਾ ਅਤੇ ਕਿਹਾ ਕਿ ਮੈਨੂੰ ਗੰਨਮੈਨ ਦੀ ਲੋੜ ਨਹੀਂ। ਮੇਰੀ ਕਿਸੇ ਨਾਲ ਦੁਸ਼ਮਣੀ ਨਹੀਂ। ਮੈਨੂੰ ਗੰਨਮੈਨ ਚਾਹੀਦੇ ਹੀ ਨਹੀਂ। ਹਮੇਸ਼ਾ ਉਨ੍ਹਾਂ ਦੇ ਨਾਲ ਇਲਾਕੇ ਦੇ ਲੋਕ ਲਗੇ ਰਹਿੰਦੇ ਸਨ।

[ਮੁੱਖ ਮੰਤਰੀ]

ਇਹ ਅੱਤਿਵਾਦ ਤੱਤ ਜਿਨ੍ਹਾਂ ਨੇ ਕਿ ਪੰਜਾਬ ਵਿਚ ਹਾਲਾਤ ਨੂੰ ਵਿਗਾੜਨ ਦਾ ਯਤਨ ਕੀਤਾ ਹੈ ਇਸ ਪਾਸੇ ਵੀ ਉਨ੍ਹਾਂ ਨੇ ਕੋਝੀ ਚਾਲ ਚੱਲੀ। ਮੈਂ ਸਮਝਦਾ ਹਾਂ ਕਿ ਇਹ ਨਿਹਾਇਤ ਹੀ ਮੰਦ-ਭਾਗੀ ਚਾਲ ਹੈ ਜੋ ਕਿ ਇਸ ਤਰ੍ਹਾਂ ਨਾਲ ਹਰਮਨ ਪਿਆਰੇ ਐਮ.ਐਲ.ਏ. ਨੂੰ ਲੋਕਾਂ ਕੋਲੋਂ ਖੋਹਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਦੇ ਇਨ੍ਹਾਂ ਦੇ ਯਤਨ ਬਹੁਤ ਕਾਵਰਡਲੀ ਔਰ ਬੇਰਹਿਮਾਨਾ ਹਨ। ਕੱਲ੍ਹ ਜਦੋਂ ਸੰਸਕਾਰ ਤੇ ਪਹੁੰਚੇ, ਸਪੀਕਰ ਸਾਹਿਬ, ਤੁਸੀਂ ਵੀ ਉਥੇ ਮੌਜੂਦ ਸੀ, ਇਸ ਹਾਊਸ ਦੇ ਮੈਂਬਰ ਮੌਜੂਦ ਸੀ, ਉਥੇ ਲੋਕਾਂ ਦਾ ਸ਼ੋਕ ਵੇਖਿਆ ਨਹੀਂ ਸੀ ਜਾ ਰਿਹਾ। ਹਜ਼ਾਰਾਂ ਦੀ ਤਾਦਾਦ ਵਿਚ ਲੋਕ ਟਰੱਕਾਂ ਵਿਚ, ਟਰਾਲੀਆਂ ਵਿਚ ਉਥੇ ਆਏ ਔਰ ਸਾਰੇ ਹੀ ਮਹਿਸੂਸ ਕਰ ਰਹੇ ਸਨ ਕਿ ਬਹੁਤ ਵੱਡਾ ਗੁਨਾਹ ਕੀਤਾ ਗਿਆ ਹੈ। ਜਿਨ੍ਹਾਂ ਲੋਕਾਂ ਨੇ ਇਹ ਗੁਨਾਹ ਕੀਤਾ ਹੈ ਉਨ੍ਹਾਂ ਲਈ ਇੱਕ ਨਫਰਤ ਦੀ ਫਿਜ਼ਾ ਉਥੇ ਬਣੀ ਹੋਈ ਸੀ। ਇਨ੍ਹਾਂ ਦੇ ਰਿਸ਼ਤੇਦਾਰ ਔਰ ਔਰਤਾਂ ਮਾਰਨ ਵਾਲਿਆਂ ਦਾ ਸਿਆਪਾ ਕਰਦੇ ਹੋਏ ਇਹ ਕਹਿੰਦੇ ਸਨ ਕਿ ਮਾਰਨ ਵਾਲਿਓ ਤੁਹਾਡਾ ਕੱਖ ਨਾ ਰਹੇ। ਜਿੰਨੇ ਮੌਜੂਦ ਸੀ ਸਾਰੇ ਹੀ ਕਹਿ ਰਹੇ ਸਨ ਕਿ ਇਹੋ ਜਿਹੇ ਇਨਸਾਨ ਨੂੰ ਮਾਰਨ ਵਾਲਿਓ ਤੁਹਾਡਾ ਕੱਖ ਨਾ ਰਹੇ। ਲੋਕਾਂ ਦੇ ਮਨਾਂ ਵਿਚ ਨਫਰਤ ਪੈਦਾ ਹੋਈ ਹੈ ਉਨ੍ਹਾਂ ਲੋਕਾਂ ਦੇ ਖਿਲਾਫ ਜਿਹੜੇ ਹਿੰਸਕ ਵਾਰਦਾਤਾਂ ਕਰਨਾ ਚਾਹੁੰਦੇ ਹਨ ਅਤੇ ਜਿਨ੍ਹਾ ਲੋਕ-ਪ੍ਰਿਯ ਬੰਦੇ ਨੂੰ ਗੋਲੀਆਂ ਮਾਰਕੇ ਇਹ ਕੁਕਰਮ ਕੀਤਾ ਹੈ। ਸਾਰੇ ਪੰਜਾਬ ਦੇ ਲੋਕਾਂ ਵਿਚ ਨਫਰਤ ਦਾ ਪ੍ਰਭਾਵ ਬਣਿਆ ਹੋਇਆ ਹੈ। ਬਹੁਤ ਦੇਰ ਨਹੀਂ ਲਗੇਗੀ ਔਰ ਇਹ ਹੱਤਿਆ ਕਰਨ ਵਾਲੇ ਲੋਕ ਆਈਸੋਲੇਟ ਹੋ ਜਾਣਗੇ। ਜਿਹੜੇ ਇਨ੍ਹਾਂ ਨੂੰ ਸ਼ਹਿ ਦਿੰਦੇ ਹਨ, ਉਤਸ਼ਾਹ ਦਿੰਦੇ ਹਨ ਕੁਝ ਨਾ ਕੁਝ ਕਹਿਕੇ ਇਨ੍ਹਾਂ ਲੋਕਾਂ ਨੂੰ ਸਾਹਸ ਦਿੰਦੇ ਹਨ ਉਹ ਲੋਕ ਵੀ ਆਈਸੋਲੇਟ ਹੋ ਜਾਣਗੇ। ਐਸੇ ਹਾਲਾਤ ਬਣਦੇ ਜਾ ਰਹੇ ਹਨ। ਇਸ ਤਰੀਕੇ ਦੀ, ਹੱਤਿਆ ਇਤਿਹਾਸ ਵਿਚ ਹਮੇਸ਼ਾਂ ਉਸ ਨੂੰ ਅਮਰ ਕਰੇਗੀ। ਲੇਕਿਨ ਹਤਿਆਰਿਆਂ ਨੂੰ ਦੁਨੀਆਂ ਭਰ ਵਿਚ ਗਾਲ੍ਹਾਂ ਕਢੀਆਂ ਗਈਆਂ ਹਨ ਔਰ ਮੰਦਾ ਕਿਹਾ ਗਿਆ ਹੈ। ਇਹੋ ਜਿਹੇ ਅਨਸਰ ਦੇ ਖਿਲਾਫ ਕਾਰਵਾਈ ਕਰ ਰਹੇ ਹਾਂ। ਸਪੀਕਰ ਸਾਹਿਬ, ਬਹੁਤ ਦੁੱਖ ਨਾਲ ਸਾਰੇ ਹਾਊਸ ਵਲੋਂ ਇਸ ਮੌਕੇ ਤੇ ਸ਼ਰਧਾਂਜਲੀ ਦੇ ਫੁੱਲ ਸਰਦਾਰ ਅਮਰਜੀਤ ਸਿੰਘ ਨੂੰ, ਜੋ ਸਾਡੇ ਤੋਂ ਵਿਛੜ ਗਏ ਹਨ, ਭੇਂਟ ਕਰਦਾ ਹਾਂ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ (ਮੁਕਤਸਰ): ਸਪੀਕਰ ਸਾਹਿਬ, ਅੱਜ ਦੀ ਸਿਟਿੰਗ ਲਈ ਐਮ.ਐਲ.ਏ. ਸਰਦਾਰ ਅਮਰਜੀਤ ਸਿੰਘ ਦੀ ਅਣਿਆਈ ਮੌਤ ਤੇ ਸ਼ੋਕ ਪ੍ਰਸਤਾਵ ਹਾਊਸ ਦੇ ਲੀਡਰ ਵਲੋਂ ਪੇਸ਼ ਹੋਇਆ ਹੈ, ਉਸ ਨਾਲ ਅਸੀਂ ਸਾਰੇ ਸਹਿਮਤ ਹਾਂ। ਉਨ੍ਹਾਂ ਨੇ ਪਹਿਲਾਂ ਦੱਸਿਆ ਹੈ ਕਿ ਸਰਦਾਰ ਅਮਰਜੀਤ ਸਿੰਘ ਇੱਕ ਹਰਮਨ ਪਿਆਰੇ ਲੀਡਰ ਸਨ ਔਰ, ਸਪੀਕਰ ਸਾਹਿਬ, ਸਭ ਤੋਂ ਅੱਛੀ ਗਲ ਇਹ ਹੈ ਕਿ ਇਹ ਦਸਾਂ ਨੌਹਾਂ ਦੀ ਕਿਰਤ ਕਰਦੇ ਸਨ। **Self made** ਉਹ ਆਦਮੀ ਸਨ ਔਰ ਛੋਟਿਆਂ ਹੁੰਦਿਆਂ ਤੋਂ ਹੀ ਮੈਨੂੰ ਅਖਬਾਰ ਰਾਹੀਂ ਪਤਾ ਲਗਿਆ ਹੈ ਕਿ ਉਹ ਮਾਂ ਦੇ ਪਿਆਰ ਤੋਂ ਵਾਂਝੇ ਰਹੇ। 1964 ਵਿਚ ਉਨ੍ਹਾਂ ਨੇ ਐਕਟਿਵ ਪਾਲਿਟਿਕਸ ਜੁਆਇਨ ਕੀਤਾ ਔਰ ਫਿਰ ਉਸ ਤੋਂ ਬਾਅਦ ਉਹ ਐਕਟਿਵਲੀ ਪਾਲਿਟਿਕਸ ਵਿਚ ਰਹੇ। ਗੁਰਦਵਾਰਾ ਸਿੰਘ ਸਭਾ, ਸਮਰਾਲਾ ਦੇ ਪ੍ਰੈਜ਼ੀਡੈਂਟ ਰਹੇ। 1971 ਵਿਚ ਸਮਰਾਲਾ ਯੂਨਿਟ ਅਕਾਲੀ ਦਲ ਦੇ ਜਨਰਲ ਸੈਕਟਰੀ ਰਹੇ ਦਸ ਸਾਲ ਤਕ ਮਿਊਨਿਸਪਲ ਕਮਿਸ਼ਨਰ, ਸਮਰਾਲਾ ਰਹੇ, ਇਥੋਂ ਤਕ ਕਿ 1964 ਦੇ ਬਾਅਦ ਜਦੋਂ ਵੀ ਐਜੀਟੇਸ਼ਨ ਹੋਈ ਹਰ ਐਜੀਟੇਸ਼ਨ ਵਿਚ ਇਨ੍ਹਾਂ ਨੇ ਹਿੱਸਾ ਲਿਆ। 18 ਦਫਾ ਉਹ ਜੇਲ੍ਹ ਵਿਚ ਗਏ। ਆਪਣੇ ਹਾਊਸ ਦੀਆਂ ਦੋ ਕਮੇਟੀਆਂ-ਪਬਲਿਕ ਅਕਾਊਂਟਸ ਕਮੇਟੀ ਔਰ ਗੌਰਮਿੰਟ ਐਸ਼ੋਰੈਂਸ ਕਮੇਟੀ-

ਦੇ ਮੈਂਬਰ ਰਹੇ। ਜਿੰਨੇ ਵੀ ਮੈਂਬਰ ਉਨ੍ਹਾਂ ਨਾਲ ਕੰਮ ਕਰਦੇ ਰਹੇ ਉਨ੍ਹਾਂ ਨੇ ਹਰ ਵਕਤ ਉਨ੍ਹਾਂ ਦੀ ਤਾਰੀਫ ਕੀਤੀ। ਫਿਰ, ਸਪੀਕਰ ਸਾਹਿਬ, ਪਤਾ ਨਹੀਂ ਹਤਿਆਰੇ ਲੋਕਾਂ ਦਾ ਕੀ ਮੁਕਸਦ ਹੈ ਚੰਗੇ ਆਦਮੀ ਨੂੰ ਮਾਰਨ ਦਾ ? ਤੁਹਾਨੂੰ ਪਤਾ ਹੈ ਸਰਦਾਰ ਸੰਤ ਸਿੰਘ ਗਿੱਲ ਜੋ ਕਿ ਕਾਂਗਰਸ (ਆਈ) ਦੇ ਮੈਂਬਰ ਸਨ ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਹੀ ਖਤਮ ਕੀਤਾ ਗਿਆ ਸੀ। ਮੈਂ, ਸਪੀਕਰ ਸਾਹਿਬ, ਆਪਣੇ ਲੀਡਰ ਆਫ ਦੀ ਹਾਊਸ ਨਾਲ ਸਹਿਮਤ ਹਾਂ ਕਿ ਜੋ ਆਮ ਪਬਲਿਕ ਹੈ, ਉਸ ਦੇ ਉਤੇ ਇਸ ਗਲ ਦਾ ਬੜਾ ਭੈੜਾ ਅਸਰ ਹੈ ਕਿ ਇਸ ਤਰ੍ਹਾਂ ਦੇ ਲੋਕਾਂ ਨੂੰ ਮਾਰਿਆ ਜਾਂਦਾ ਹੈ। ਮੈਂ ਆਪਣੀ ਵਲੋਂ, ਆਪਣੀ ਪਾਰਟੀ ਵਲੋਂ ਕਹਿਣਾ ਚਾਹੁੰਦੀ ਹਾਂ ਕਿ ਇਹ ਸ਼ੋਕਮਈ ਪ੍ਰਸਤਾਵ ਉਨ੍ਹਾਂ ਦੇ ਰਿਸ਼ਤੇਦਾਰਾਂ, ਉਨ੍ਹਾਂ ਦੇ ਬਚਿਆਂ ਨੂੰ ਭੇਜਣਾ ਚਾਹੀਦਾ ਹੈ।

ਦੂਸਰੇ, ਸਪੀਕਰ ਸਾਹਿਬ, ਆਮ ਕਨਵੈਨਸ਼ਨ ਹੈ ਕਿ ਜਦੋਂ ਸਿਟਿੰਗ ਐਮ.ਐਲ.ਏ. ਇਸ ਤਰ੍ਹਾਂ ਗੁਜ਼ਰ ਜਾਵੇ ਤਾਂ ਹਾਊਸ ਨੂੰ ਉਠਾ ਦਿੱਤਾ ਜਾਂਦਾ ਹੈ। ਤੁਸੀਂ ਵੀ ਇਸ ਗੱਲ ਤੇ ਵਿਚਾਰ ਕਰੋ ਕਿ ਆਇਆ ਅੱਜ ਦੀ ਕਾਰਵਾਈ ਕਰੋਗੇ ਜਾਂ ਇਸ ਨੂੰ ਬੰਦ ਕੀਤਾ ਜਾਵੇਗਾ। ਮੈਂ ਫਿਰ ਆਪਣੇ ਸਾਰਿਆਂ ਵਲੋਂ ਇਸ ਦੁੱਖ ਵਿਚ ਸ਼ਾਮਲ ਹੁੰਦੀ ਹਾਂ।

ਸ੍ਰੀ ਰਾਧਾ ਕਿਸ਼ਨ (ਫਾਜ਼ਿਲਕਾ) : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਜਿਹੜਾ ਸ਼ਰਧਾਂਜਲੀ ਭੇਂਟ ਕਰਨ ਵਾਸਤੇ ਮਤਾ ਲਿਆਂਦਾ ਹੈ, ਮੈਂ ਆਪਣੀ ਪਾਰਟੀ ਵਲੋਂ ਇਸ ਸਰਦਾਰ ਅਮਰਜੀਤ ਸਿੰਘ ਸਿਟਿੰਗ ਐਮ.ਐਲ.ਏ. ਦੇ ਬੇਰਹਿਮ ਕਤਲ ਤੇ ਦੁੱਖ ਪਰਗਟ ਕਰਦਾ ਹਾਂ ਔਰ ਅਸੀਂ ਮਹਿਸੂਸ ਕਰਦੇ ਹਾਂ ਕਿ ਅੱਜ ਇਸ ਪੰਜਾਬ ਦਾ ਕੀ ਹੋ ਰਿਹਾ ਹੈ। ਇਹ ਸਾਡੇ ਦੂਸਰੇ ਸਿਟਿੰਗ ਐਮ.ਐਲ.ਏ. ਹਨ। ਉਹ ਹਰਮਨ ਪਿਆਰੇ ਐਮ.ਐਲ.ਏ. ਸਨ। ਮੈਂ ਸਮਝਦਾ ਹਾਂ ਕਿ ਉਹ ਪੁਲਿਟੀਕਲੀ ਘੱਟ ਸੀ, ਸੋਸ਼ਲ ਵਰਕਰ ਜ਼ਿਆਦਾ ਸੀ। ਉਨ੍ਹਾਂ ਨੇ ਸੇਵਾ ਹੀ ਸੇਵਾ ਕੀਤੀ ਹੈ ਅਤੇ ਹਰਮਨ ਪਿਆਰੇ ਹੋ ਗਏ। ਇਹੋ ਜਿਹੇ ਹਰਮਨ ਪਿਆਰਿਆਂ ਨੂੰ, ਸਾਡੇ ਸੀ.ਐਮ. ਸਾਹਿਬ ਦੀ ਹਰਮਨ ਪਿਆਰੀ ਸਰਕਾਰ ਨੂੰ ਉਹ ਮਾਰ ਦੇਣਾ ਚਾਹੁੰਦੇ ਹਨ। ਇਸ ਪੰਜਾਬ ਦੇ ਸਾਰੇ ਵਾਤਾਵਰਨ ਨੂੰ ਖਰਾਬ ਕਰਕੇ ਪਤਾ ਨਹੀਂ ਉਹ ਕੀ ਕਰਨਾ ਚਾਹੁੰਦੇ ਹਨ। ਇਸ ਨੂੰ ਅਸੀਂ ਕੰਟਰੋਲ ਕਦੋਂ ਕਰ ਸਕਾਂਗੇ ? ਅੱਜ ਜਿੰਨੀ ਅਫਸੋਸਨਾਕ ਗੱਲ ਹੋਈ ਉਸ ਨਾਲ ਸਾਰਿਆਂ ਦਾ ਦਿਲ ਭਰ ਆਇਆ ਹੈ। ਅੱਜ ਸਾਰੇ ਬੜੇ ਦੁਖੀ ਹਨ। ਇਹ ਜਿਹੜਾ ਇਸ ਤਰ੍ਹਾਂ ਇਕ ਐਮ.ਐਲ.ਏ. ਨੂੰ ਮਾਰਿਆ ਗਿਆ ਹੈ, ਪਤਾ ਨਹੀਂ ਆਉਣ ਵਾਲੇ ਦਿਨਾਂ ਵਿਚ ਕਿਸ ਐਮ.ਐਲ.ਏ. ਦੀ ਵਾਰੀ ਆ ਜਾਵੇਗੀ। ਮੈਂ ਦਰਖਾਸਤ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਤਕੜੇ ਹੋ ਕੇ ਹਮਲਾ ਮਾਰਕੇ ਕੋਈ ਨਾ ਕੋਈ ਐਸੀ ਕਾਰਵਾਈ ਅੱਜ ਕਰਨੀ ਚਾਹੀਦੀ ਹੈ ਤਾਕਿ ਜਿਹੜੇ ਅਤਿਵਾਦੀ ਬੇਰਹਿਮੀ ਦਾ ਕਤਲ ਕਰਦੇ ਹਨ ਉਹ ਨਾ ਕਰ ਸਕਣ। ਮੈਂ ਕਹਿਣਾ ਚਾਹੁੰਦਾ ਹਾਂ ਚੀਫ ਮਨਿਸਟਰ ਸਾਹਿਬ, ਅੱਜ ਸਾਰੀਆਂ ਪਾਰਟੀਆਂ ਤੁਹਾਡੀ ਪਿੱਠ ਤੇ ਹਨ । ਪਰ ਅਗਰ ਇਸ ਦੇ ਬਾਵਜੂਦ ਵੀ ਇਹੋ ਜਿਹੇ ਹਾਲਾਤ ਜਾਰੀ ਰਹਿੰਦੇ ਹਨ ਤਾਂ ਪਤਾ ਨਹੀਂ ਇਸ ਦਾ ਹਸ਼ਰ ਕੀ ਹੋਵੇਗਾ। ਇਹ ਬੜੀ ਦੁਖਦਾਈ ਗੱਲ ਹੋਈ ਹੈ। ਉਹ ਬੜੇ ਅੱਛੇ ਆਦਮੀ ਸਨ। ਅੱਜ ਬੇਰਹਿਮਾਂ ਨੇ ਉਨ੍ਹਾਂ ਨੂੰ ਸਾਡੇ ਕੋਲੋਂ ਖੋਹ ਲਿਆ ਹੈ ਜਿਸ ਦਾ ਘਾਟਾ ਪੂਰਾ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਫੁੱਲ ਭੇਂਟ ਕਰਦਾ ਹਾਂ।

ਰਾਜਾ ਨਰਿੰਦਰ ਸਿੰਘ (ਨਾਭਾ) : ਸਪੀਕਰ ਸਾਹਿਬ, ਇਕ ਸਾਥੀ ਦੇ ਚਲੇ ਜਾਣ ਦਾ ਜਿੰਨਾ ਦੁਖ ਹਾਊਸ ਦੇ ਹੋਰ ਮੈਂਬਰਾਂ ਨੂੰ ਹੈ, ਸਾਡੇ ਸਾਰਿਆਂ ਵਲੋਂ ਇਸ ਬਾਰੇ ਦੁੱਖ ਹੈ ਅਤੇ ਇਸ ਦੁਰ- ਘਟਨਾ ਦੀ ਕੋਈ ਵੀ ਸ਼ਲਾਘਾ ਨਹੀਂ ਕਰੇਗਾ ਔਰ ਜਿਵੇਂ ਹੁਣੇ ਬੋਲਦੇ ਹੋਏ ਸਾਥੀ ਨੇ ਕਿਹਾ ਸੀ ਕਿ

[ਰਾਜਾ ਨਰਿੰਦਰ ਸਿੰਘ]

ਇਨ੍ਹਾਂ ਹਾਲਾਤ ਵਿਚ ਕੋਈ ਪਤਾ ਨਹੀਂ ਕਿ ਕਦੋਂ ਕਿਸੇ ਦੀ ਵਾਰੀ ਆ ਜਾਂਦੀ ਹੈ। ਇਕ ਚੰਗੇ ਵਿਅਕਤੀ ਜਿਹੜੇ ਦਸਾਂ ਨੌਹਾਂ ਦੀ ਕਿਰਤ ਕਰਕੇ ਆਪਣਾ ਜੀਵਨ ਬਤੀਤ ਕਰਦੇ ਸਨ, ਸਿਆਸਤ ਵਿਚ ਬਾਹਲੀ ਦੇਰ ਨਹੀਂ ਹੋਇਆ ਆਇਆਂ ਨੂੰ, ਫਿਰ ਵੀ ਆਪਣਾ ਯੋਗ ਹਿੱਸਾ ਉਨ੍ਹਾਂ ਨੇ ਪਾਇਆ। ਇਕ ਆਪੋਜ਼ੀਸ਼ਨ ਪਾਰਟੀ, ਅਕਾਲੀ ਪਾਰਟੀ ਵਿਚ ਹੁੰਦੇ ਹੋਏ ਜੇਲ੍ਹ ਜਾ ਕੇ ਲੋਕਾਂ ਦਾ ਮਨ ਜਿਤ ਕੇ ਐਮ.ਐਲ.ਏ. ਬਣੇ ਸਨ। ਇਹ ਗੱਲ ਗੁਰੂ ਨੂੰ ਪਤਾ ਹੈ, ਹੋਰ ਕਿਸੇ ਵਿਅਕਤੀ ਨੂੰ ਨਹੀਂ ਪਤਾ ਕਿ ਕਿਸ ਸਮੇਂ ਕਿਸ ਨੂੰ ਅਕਾਲ ਪੁਰਖ ਦਾ ਬੁਲਾਵਾ ਆ ਜਾਣਾ ਹੈ। ਇਕ ਸਾਥੀ ਦੇ ਚਲੇ ਜਾਣ ਬਾਰੇ ਹਾਊਸ ਵਿਚ ਜਿਹੜਾ ਸ਼ੋਕ ਪ੍ਰਸਤਾਵ ਲਿਆਂਦਾ ਗਿਆ ਹੈ, ਆਪਣੇ ਗਰੁੱਪ ਦੀ ਤਰਫੋਂ ਮੈਂ ਵੀ ਉਸ ਵਿਚ ਸ਼ਾਮਲ ਹੋ ਕੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਆਤਮਾ ਨੂੰ ਪ੍ਰਮਾਤਮਾ ਸ਼ਾਂਤੀ ਬਖਸ਼ੇ। (ਆਵਾਜ਼ਾਂ: ਤੁਸੀਂ ਇਸ ਕਤਲ ਨੂੰ ਕੰਡੈਮ ਕਰੋ।) ਕੋਈ ਲਫਜ਼ ਮੇਰੇ ਮੂੰਹ ਵਿਚ ਪਾਉਣ ਦੀ ਬਜਾਏ ਤੁਸੀਂ ਕਹਿ ਲਿਓ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਲਵਾਕੀਨ ਨੂੰ ਸਾਡੀ ਹਮਦਰਦੀ ਦੇ ਲਫਜ਼ ਭੇਜ ਦਿਤੇ ਜਾਣ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ): ਮਾਨਯੋਗ ਸਪੀਕਰ ਸਾਹਿਬ, ਜੋ ਸੋਗ ਪ੍ਰਸਤਾਵ ਲੀਡਰ ਆਫ਼ ਦੀ ਹਾਊਸ ਨੇ ਸਰਦਾਰ ਅਮਰਜੀਤ ਸਿੰਘ ਦੇ ਦੁਖਦਾਇਕ ਕਤਲ ਤੇ ਪੇਸ਼ ਕੀਤਾ ਹੈ ਉਸ ਵਿੱਚ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਖੜਾ ਹੋਇਆ ਹਾਂ ਔਰ ਆਪਣੇ ਵਲੋਂ ਤੇ ਆਪਣੀ ਪਾਰਟੀ ਵਲੋਂ ਉਸ ਮੈਂਬਰ ਨਾਲ, ਉਸ ਦੇ ਪਰੀਵਾਰ ਨਾਲ ਡੂੰਘੀ ਹਮਦਰਦੀ ਕਰਦਾ ਹੋਇਆ ਕਾਤਲਾਂ ਤੇ ਬੁਜ਼ਦਿਲਾਂ ਦੀ ਘੋਰ ਨਿੰਦਾ ਕਰਦਾ ਹਾਂ। ਸਪੀਕਰ ਸਾਹਿਬ, ਪਿਛੇ ਜਦੋਂ ਪਿਛਲੇ ਹਫ਼ਤੇ ਇਹ ਸੈਸ਼ਨ ਸ਼ੁਰੂ ਹੋਇਆ ਤਾਂ ਪਹਿਲੇ ਦਿਨ ਹੀ ਜਿਹੜੇ ਸਾਡੇ ਸਾਥੀ ਪਹਿਲਾਂ ਸਾਡੇ ਤੋਂ ਵਿੱਛੜ ਗਏ ਸਨ ਅਤੇ ਐਸੇ ਹੀ ਭੈੜੇ ਵਿਅਕਤੀਆਂ ਨੇ ਜਿਨ੍ਹਾਂ ਨੂੰ ਖ਼ਤਮ ਕੀਤਾ ਸੀ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਸੀ ਔਰ ਫਿਰ ਹੁਣ ਥੋੜ੍ਹੇ ਦਿਨਾਂ, ਚਾਰ ਪੰਜ ਦਿਨਾਂ ਵਿਚ ਹੀ ਸਾਡੇ ਇਕ ਹੋਰ ਸਾਥੀ ਦਾ ਕਤਲ ਹੋ ਗਿਆ ਹੈ। ਇਸ ਦੇ ਬਾਰੇ ਸਾਡੇ ਮੈਂਬਰਜ਼ ਜੋ ਜਨਤਾ ਦੇ ਚੁਣੇ ਹੋਏ ਨੁਮਾਇੰਦੇ ਹਨ ਔਰ ਕਾਫੀ ਪੰਜਾਬ ਦਾ ਹਿੱਸਾ ਇਸ ਗਲ ਦੀ ਨਿੰਦਾ ਕਰਦਾ ਹੈ। ਸਰਕਾਰ ਵਲੋਂ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਸੀ.ਆਰ.ਪੀ.ਐਫ. ਤੇ ਹੋਰ ਪੁਲਿਸ ਅਤੇ ਦੂਸਰੇ ਜਵਾਨ ਵੀ ਪੰਜਾਬ ਵਿੱਚ ਬਹੁਤ ਹਨ ਪਰ ਉਹ ਲੋਕ ਕਤਲ ਕਰਕੇ ਚੁੱਪ ਕਰਕੇ ਚਲੇ ਜਾਂਦੇ ਹਨ ਅਤੇ ਉਹ ਕਤਲ ਕਰਕੇ ਫੜੇ ਨਾ ਜਾਣ ਦਾ ਕਾਰਨ ਵੀ ਸਾਨੂੰ ਦੇਖਣਾ ਪਵੇਗਾ ਕਿ ਐਸਾ ਕਿਉਂ ਸਭ ਕੁਝ ਹੈ। ਆਇਆ ਪੰਜਾਬ ਵਿੱਚ ਕੋਈ ਐਸੇ ਅਫਸਰ ਹਨ ਜਿਹੜੇ ਇਸ ਗੱਲ ਵਲ ਘੱਟ ਧਿਆਨ ਦਿੰਦੇ ਹਨ ਔਰ ਇਸ ਵੱਲ ਪੂਰੀ ਚੌਕਸੀ ਨਹੀਂ ਰਖਦੇ ? ਇਸ ਵੱਲ ਪੂਰੀ ਚੌਕਸੀ ਦੀ ਲੋੜ ਹੈ ਔਰ ਹਰ ਪਾਸੇ ਤੋਂ ਇਸ ਦੀ ਸਕਰੀਨਿੰਗ ਦੀ ਲੋੜ ਹੈ। ਪੂਰੀ ਸਕਰੀਨਿੰਗ ਕਰਨ ਦੀ ਲੋੜ ਹੈ ਕਿ ਇਹ ਘਟਨਾਵਾਂ ਫਿਰ ਵਾਪਰ ਜਾਂਦੀਆਂ ਹਨ, ਫਿਰ ਵਾਪਰ ਜਾਂਦੀਆਂ ਹਨ। ਇਸ ਤਰ੍ਹਾਂ ਘਟਨਾਵਾਂ ਦਾ ਵਾਪਰਨਾਂ ਇਕ ਬੜੀ ਹਾਸੋਹੀਣੀ ਗਲ ਬਣ ਗਈ ਹੈ, ਇਸ ਕਰਕੇ ਇਸ ਤੇ ਪੂਰਾ ਪੂਰਾ ਧਿਆਨ ਦੇਣ ਦੀ ਲੋੜ ਹੈ। ਸਰਦਾਰ ਅਮਰਜੀਤ ਸਿੰਘ ਜੋ ਸਾਡੇ ਤੋਂ ਵਿੱਛੜ ਗਏ ਹਨ ਉਨ੍ਹਾਂ ਨਾਲ ਇਥੇ ਸਾਨੂੰ ਥੋੜ੍ਹਾ ਸਮਾਂ ਮਿਲਿਆ ਹੈ ਪਰ ਜਿੰਨਾ ਵੀ ਸਾਨੂੰ ਮਿਲ ਬੈਠਣ ਦਾ ਮੌਕਾ ਮਿਲਿਆ ਹੈ ਅਸੀਂ ਕਹਿ ਸਕਦੇ ਹਾਂ ਕਿ ਉਨ੍ਹਾਂ ਦੀ ਕਿਸੇ ਨਾਲ ਕੋਈ ਕੰਟਰੋਵਰਸੀ ਨਹੀਂ ਸੀ, ਕਿਸੇ ਨਾਲ ਕੋਈ ਵਾਧੂ ਗੱਲ ਨਹੀਂ ਸੀ ਕਰਦੇ ਔਰ ਜਿਸ ਕਾਜ਼ ਲਈ ਸਾਨੂੰ ਲੋਕਾਂ ਨੇ ਭੇਜਿਆ ਹੈ ਉਸੇ ਕਾਜ਼ ਨੂੰ ਮੁੱਖ ਰਖਦੇ ਹੋਏ ਆਪਣਾ ਕੰਮ ਕਰਦੇ ਰਹਿੰਦੇ ਸਨ। ਉਹ ਜਿੰਨਾ ਵੀ ਬੋਲਦੇ ਸਨ ਉਸ ਤੋਂ ਇਹੀ ਗੱਲ ਹੁੰਦੀ ਸੀ ਕਿ ਉਸ ਦੇ ਨਾਲ ਚੰਗਾ ਮਾਹੌਲ ਪੈਦਾ ਹੋਵੇ। ਅੱਜ ਉਹ ਸਾਡੇ ਤੋਂ ਵਿੱਛੜ ਗਏ ਹਨ। ਮੈਂ ਆਪਣੇ ਵਲੋਂ ਅਤੇ ਆਪਣੀ ਪਾਰਟੀ ਵਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਜੋ ਮਤਾ ਲੀਡਰ ਆਫ਼ ਦੀ ਹਾਊਸ ਨੇ ਰਖਿਆ ਹੈ ਉਸ ਦੇ ਨਾਲ ਸਹਿਮਤੀ ਪ੍ਰਗਟ ਕਰਦਾ ਹਾਂ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਇਸ ਹਾਊਸ ਦੇ ਬੜੇ ਤਾਮੀਰੀ ਤੇ ਖਾਮੋਸ਼ ਤਬੀਅਤ ਨੌਜਵਾਨ ਨੂੰ ਉਨ੍ਹਾਂ ਇਨਸਾਨਾਂ ਨੇ ਕਤਲ ਕਰ ਦਿੱਤਾ ਜਿਨ੍ਹਾਂ ਨੇ ਕਤਲ ਦੀ ਮਾਰਕਿਟ ਨੂੰ ਗਰਮ ਕੀਤਾ ਹੋਇਆ ਹੈ ਔਰ ਮੌਤ ਇਤਨੀ ਸਸਤੀ ਕਰ ਦਿੱਤੀ ਹੈ ਜਿਨ੍ਹਾਂ ਦੇ ਮਕਸਦ ਦਾ ਕੋਈ ਪਤਾ ਨਹੀਂ ਲਗਦਾ ਕਿ ਉਹ ਕਿਉਂ ਮਾਰੀ ਜਾ ਰਹੇ ਹਨ, ਉਸ ਦੇ ਵਿਚੋਂ ਉਨ੍ਹਾਂ ਨੂੰ ਕੀ ਹਾਸਲ ਹੋਵੇਗਾ। ਉਨ੍ਹਾਂ ਉਤੇ ਨਾ ਕਿਸੇ ਸ਼ਰਾਫਤ, ਨਾ ਕਿਸੇ ਇਨਸਾਨੀਅਤ, ਨਾ ਕਿਸੇ ਭਾਈਚਾਰੇ, ਨਾ ਕਿਸੇ ਕੁਰਬਾਨੀ, ਨਾ ਕਿਸੇ ਗੁਰੂ ਅਤੇ ਨਾ ਕਿਸੇ ਗੁਰੂ ਸਾਹਿਬਾਨ ਦੀ ਫਿਲਾਸਫੀ ਦਾ, ਕਿਸੇ ਚੀਜ਼ ਦਾ ਵੀ ਕੋਈ ਅਸਰ ਨਹੀਂ। ਉਹ ਪੰਜਾਬ ਦੀਆਂ ਸਾਰੀਆਂ ਕਦਰਾਂ ਕੀਮਤਾਂ ਨੂੰ, ਸਾਡੇ ਸਾਰੇ ਵਿਰਸੇ ਨੂੰ ਤਬਾਹ ਕਰਨ ਤੇ ਤੁਲੇ ਹੋਏ ਹਨ। ਇਸ ਨੌਜਵਾਨ ਨੇ ਪੁਲੀਟੀਕਲ ਖੇਤਰ ਵਿੱਚ ਹਾਲਾਂ ਪਹਿਲੀ ਵਾਰ ਐਮ.ਐਲ.ਏ. ਬਣ ਕੇ ਕਦਮ ਰਖਿਆ ਸੀ। ਇਸ ਦਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਸੀ, ਕਿਸੇ ਨੂੰ ਕੋਈ ਐਸਾ ਬਚਨ ਨਹੀਂ ਸੀ ਕਿਹਾ ਜਿਹੜਾ ਕਿਸੇ ਨੂੰ ਅਖੜਦਾ ਹੋਵੇ ਪਰ ਇਸ ਨੌਜਵਾਨ ਨੂੰ ਨਾਗਹਾਨੀ ਮੌਤ ਜਵਾਨੀ ਵਿੱਚ ਆ ਗਈ—

ਆ ਕੇ ਜਾਣਾ ਤੋ ਸਬ ਕੋ ਹੋਤਾ ਹੈ,
ਹੈਫ ਯੇ ਹੈ ਤੂ ਜਵਾਂ ਗਿਆ।

ਬੜੀ ਸ਼ਰਮ ਦੀ ਗਲ ਹੈ। ਅਕਾਲ ਪੁਰਖ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਦਭਾਵਨਾ ਦਾ ਮਾਹੌਲ ਬਣੇ। ਇਹ ਚੀਜ਼ ਇਨਸਾਨੀਅਤ ਦੇ ਖਿਲਾਫ ਹੈ ਅਤੇ ਸ਼ਰਮਨਾਕ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਨੂੰ ਵਾਹਿਗੁਰੂ ਅਕਲ ਦੇਵੇ, ਉਨ੍ਹਾਂ ਵਿਚ ਇਨਸਾਨੀਅਤ ਦੀਆਂ ਕਦਰਾਂ ਆਉਣ ਔਰ ਉਹ ਇਹ ਰਸਤਾ ਬੰਦ ਕਰਨ ਤਾਕਿ ਸਾਡੇ ਸਾਰਿਆਂ ਦੇ ਮੱਥੇ ਤੇ, ਪੰਜਾਬੀਆਂ ਦੇ ਮੱਥੇ ਤੇ ਖਾਸ ਕਰਕੇ ਸਿੱਖਾਂ ਦੇ ਮੱਥੇ ਤੇ ਜਿਹੜੀ ਕਾਲਖ ਥੋਪੀ ਜਾ ਰਹੀ ਹੈ ਉਹ ਧੁਲ ਸਕੇ। ਅਸੀਂ ਅਫਸੋਸ ਕਰਦੇ ਹਾਂ ਉਨ੍ਹਾਂ ਦੇ ਲਵਾਕੀਨ ਨਾਲ, ਸਾਰੇ ਪਰੀਵਾਰ ਨਾਲ। ਉਨ੍ਹਾਂ ਦੇ ਪਰੀਵਾਰ ਵਿਚ ਬਹਾਰਾਂ ਆਉਣ-ਗੀਆਂ, ਪਰ—

ਜੋ ਕਲੀ ਮੁਰਝਾ ਗਈ ਮੁਰਝਾ ਗਈ,
ਅਬ ਗੁਲਸਤਾਂ ਮੇਂ ਬਹਾਰ ਆਤੀ ਰਹੇ।

ਉਥੇ ਇਹ ਘਾਟ ਆਉਂਦੀ ਰਹੇਗੀ। ਮੈਂ ਆਪਣੀ ਪਾਰਟੀ ਵਲੋਂ, ਜੋ ਮਤਾ ਹਾਊਸ ਵਿਚ ਆਇਆ ਹੈ, ਉਸ ਦੀ ਤਾਈਦ ਕਰਦਾ ਹਾਂ। ਉਨ੍ਹਾਂ ਦੇ ਲਵਾਕੀਨ ਨਾਲ ਹਮਦਰਦੀ ਕਰਦਾ ਹਾਂ ਅਤੇ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਅਤੇ ਅਰਜ਼ੋਈ ਕਰਦਾ ਹਾਂ ਕਿ ਮਾਰਨ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਸਬੁੱਧੀ ਬਖਸ਼ੇ ਕਿ ਉਹ ਇਸ ਤੋਂ ਬਾਜ਼ ਆਉਣ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ) : ਸਰਦਾਰ ਅਮਰਜੀਤ ਸਿੰਘ ਸਮਰਾਲਾ ਨੇਕੀ ਔਰ ਸ਼ਰਾਫਤ ਦੇ ਮੁਜੱਸਮਾਂ ਸਨ। ਬੜੀ ਮਿਹਨਤ ਮੁਸ਼ੱਕਤ ਕਰਕੇ, ਲੋਕਾਂ ਦੀ ਸੇਵਾ ਕਰਕੇ, ਬੜੀਆਂ ਘਾਲਣਾਂ ਘਾਲ ਕੇ ਉਹ ਇਸ ਪਦਵੀ ਤੇ ਪਹੁੰਚੇ ਸਨ ਅਤੇ ਇਹ ਕੈਰੀਅਰ ਉਨ੍ਹਾਂ ਨੇ ਆਪਣਾ ਬਣਾਇਆ ਅਤੇ ਆਪਣੇ ਹਲਕੇ ਵਿਚ ਬਹੁਤ ਹੀ ਸਨਮਾਨੇ ਜਾਂਦੇ ਸਨ। ਉਹ ਬੜੇ ਹਰਮਨ ਪਿਆਰੇ ਸਨ। ਉਹ ਐਸੇ ਸੱਜਣ ਸਨ ਜਿਨ੍ਹਾਂ ਨੇ ਸ਼ਾਇਦ ਹੀ ਕਿਸੇ ਵਿਅਕਤੀ ਦੇ ਦਿਲ ਨੂੰ ਦੁਖਾਇਆ ਹੋਵੇ। ਉਹ ਭਗਤ ਟਾਈਪ ਸੱਜਣ ਸਨ। ਪਰਸੋਂ ਇਕ ਭੋਗ ਤੋਂ ਆਉਂਦੇ ਹੋਏ ਸਮਰਾਲੇ ਦੀ ਹੱਦ ਤੇ ਉਨ੍ਹਾਂ ਦੀ ਕਿਲਿੰਗ ਬੜੀ ਜ਼ਬਰਦਸਤ ਟਰੈਜਡੀ ਹੈ, ਬੜਾ ਘਿਰਨਾਯੋਗ ਕੰਮ ਹੈ ਔਰ ਸਾਡੇ

[ਸਰਦਾਰ ਕਰਨੈਲ ਸਿੰਘ ਡੋਡ]

ਸਾਰਿਆਂ ਲਈ ਚਿੰਤਾ-ਜਨਕ ਹੈ। ਅੱਜ ਸਾਨੂੰ ਮਹਿਸੂਸ ਹੋ ਰਿਹਾ ਹੈ ਕਿ ਪੰਜਾਬ ਦੇ ਵਿਚ ਕੋਈ ਵੀ ਵਿਅਕਤੀ ਮਹਿਫੂਜ਼ ਨਹੀਂ ਔਰ ਖਾਸ ਕਰਕੇ ਐਮ.ਐਲ.ਏ. ਸਾਹਿਬਾਨ ਜੋ ਦੋ ਦੋ ਲੱਖ ਦੇ ਨੁਮਾਇੰਦੇ ਹਨ ਅਤੇ ਵੋਟਾਂ ਨਾਲ ਚੁਣ ਕੇ ਆਏ ਹਨ। ਉਹ ਆਪਣੇ ਹਲਕੇ ਦੀ ਨੁਮਾਇੰਦਗੀ ਲਈ, ਆਪਣੀ ਪਾਰਟੀ ਦੇ ਡਿਸਪਿਲਿਨ ਵਿਚ ਬਣੇ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਲਈ ਪੂਰੇ ਜ਼ੋਰ ਨਾਲ ਪੈਰਵੀ ਕਰਦੇ ਹਨ। ਇਸ ਦੇ ਲਈ ਉਨ੍ਹਾਂ ਨੂੰ ਆਪਣੀ ਕੰਸਟੀਚਿਊਐਂਸੀ ਵਿਚ ਜਾਣਾ ਪੈਂਦਾ ਹੈ। ਇਹ ਵਾਕਿਆ ਸਪੱਸ਼ਟ ਕਰਦਾ ਹੈ ਅਤੇ ਪੰਜਾਬ ਦੇ ਲਈ ਕਲੰਕ ਹੈ, ਸਿੱਖਾਂ ਤੇ ਕਲੰਕ ਹੈ, ਸਿਖੀ ਦੇ ਸਿਧਾਂਤਾਂ ਦੇ ਬਰਖਿਲਾਫ ਗਲ ਹੈ। ਕਿਸੇ ਨੂੰ ਵਿਚਾਰਾਂ ਦੇ ਫ਼ਰਕ ਕਰਕੇ ਕਤਲ ਕਰ ਦੇਣਾ, ਕਿਸੇ ਨੂੰ ਧਰਮ ਦੇ ਫ਼ਰਕ ਕਰਕੇ ਕਤਲ ਕਰ ਦੇਣਾ, ਇਸ ਤਰ੍ਹਾਂ ਕਤਲ ਕੀਤਾ ਜਾਣਾ ਇਹ ਇਕ ਬੜਾ ਚੈਲੰਜ ਹੈ। ਪੰਜਾਬ ਦੇ ਸਮਾਜ ਨੂੰ ਪੰਜਾਬ ਦੀ ਸਰਕਾਰ ਨੂੰ ਔਰ ਮੈਂ ਸਮਝਦਾ ਹਾਂ ਕਿ ਕੋਈ ਵੀ ਸਾਡੇ ਵਿਚੋਂ ਆਪਣੇ ਆਪ ਨੂੰ ਮਹਿਫੂਜ਼ ਨਹੀਂ ਸਮਝਦਾ। ਸਰਕਾਰ ਨੂੰ ਇਸ ਗੱਲ ਦੀ ਜ਼ਰੂਰ ਚਿੰਤਾ ਕਰਨੀ ਚਾਹੀਦੀ ਹੈ। ਐਮ.ਐਲ.ਏ. ਸਾਹਿਬਾਨ ਜੋ ਇੰਨੇ ਇੰਨੇ ਲੱਖ ਦੇ ਨੁਮਾਇੰਦੇ ਹਨ ਉਨ੍ਹਾਂ ਦੀ ਰਾਖੀ ਲਈ ਉਚੇਚੇ ਪ੍ਰਬੰਧ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਭੇਡਾਂ ਬਕਰੀਆਂ ਵਾਂਗ ਜਨਤਾ ਦੇ ਨੁਮਾਇੰਦਿਆਂ ਨੂੰ ਖ਼ਤਮ ਕਰ ਦੇਣਾ ਇਹ ਇਕ ਚੈਲੰਜ ਹੈ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਬਾਵਜੂਦ ਫ਼ਾਇਨਾਂਸ਼ਲ ਸਟਰੇਨ ਦੇ, ਐਮ.ਐਲ.ਏਜ਼ ਦੀਆਂ ਡਿਊਟੀਜ਼ ਇਸ ਤਰ੍ਹਾਂ ਦੀਆਂ ਹਨ ਕਿ ਉਨ੍ਹਾਂ ਨੂੰ ਆਪਣੀ ਕਾਂਸਟੀਚਿਊਐਂਸੀ ਵਿਚ ਹਰ ਰੋਜ਼ ਜਾਣਾ ਪੈਂਦਾ ਹੈ ਤਾਂ ਜੋ ਉਹ ਆਪਣੇ ਲੋਕਾਂ ਦੇ ਦੁਖ ਸੁਖ ਵਿਚ ਸ਼ਰੀਕ ਹੋ ਸਕਣ। ਉਨ੍ਹਾਂ ਦੀ ਹਫਾਜ਼ਤ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਕਲ ਮੈਂ ਆਉਂਦਾ ਹੋਇਆ ਸਰਦਾਰ ਅਮਰਜੀਤ ਸਿਘ ਜੀ ਦੇ ਨਿਵਾਸ ਸਥਾਨ ਤੇ ਅਫ਼ਸੋਸ ਕਰਨ ਲਈ ਗਿਆ। ਪਤਾ ਲਗਾ ਕਿ ਉਹ ਉਸ ਤੋਂ ਪਹਿਲਾਂ ਦੋ ਤਿੰਨ ਪ੍ਰੋਗਰਾਮਾਂ ਵਿਚ ਜਾ ਕੇ ਆਏ ਸਨ। ਕਈ ਜਗ੍ਹਾ ਉਨ੍ਹਾਂ ਨੇ ਪ੍ਰੋਗਰਾਮ ਦਿਤੇ ਸਨ। ਬਾਅਦ ਦੁਪਹਿਰ ਜਾਣਾ ਸੀ। ਸਾਰਾ ਦਿਨ ਇਸ ਤਰ੍ਹਾਂ ਸੋਸ਼ਲ ਸ਼ਮੂਲੀਅਤਾਂ ਵਿਚ ਲੰਘਦਾ ਹੈ ਔਰ ਹਰ ਐਮ.ਐਲ.ਏ. ਦਾ ਫ਼ਰਜ਼ ਹੈ ਕਿ ਹਲਕੇ ਵਿਚ ਜਾਣ ਅਤੇ ਹਲਕੇ ਦੇ ਲੋਕਾਂ ਦੀ ਸੇਵਾ ਕਰਨ, ਪਰ ਅੱਜ ਹਰ ਐਮ.ਐਲ. ਏ. ਜਦੋਂ ਵੀ ਉਹ ਆਪਣੇ ਹਲਕੇ ਵਿਚ ਜਾਂਦਾ ਹੈ ਤਾਂ ਉਸ ਦੀ ਜਾਨ ਖ਼ਤਰੇ ਵਿਚ ਰਹਿੰਦੀ ਹੈ। ਜਿਹੜੀ ਲਾਅ ਐਂਡ ਆਰਡਰ ਦੀ ਏਜੰਸੀ ਹੈ ਉਨ੍ਹਾਂ ਦੀ ਜ਼ਿਮੇਵਾਰੀ ਹੋਰ ਜ਼ਿਆਦਾ ਵਧ ਜਾਂਦੀ ਹੈ ਕਿ ਜਦੋਂ ਕੋਈ ਐਮ.ਐਲ.ਏ. ਆਪਣੀ ਪਬਲਿਕ ਡਿਊਟੀ ਤੇ ਜਾਵੇ ਆਪਣੇ ਫ਼ਰਾਇਜ਼ ਅਦਾ ਕਰਨ ਲਈ ਜਾਂ ਘੱਟੋ ਘੱਟ ਆਪਣੇ ਹਲਕੇ ਵਿਚ ਜਦੋਂ ਫਿਰ ਰਿਹਾ ਹੋਵੇ ਤਾਂ ਉਸ ਦੀ ਰਾਖੀ ਦਾ ਯੋਗ ਪ੍ਰਬੰਧ ਕੀਤਾ ਜਾਏ। ਜਿੱਥੇ ਅੱਗੇ ਐਨਾ ਖਰਚਾ ਸਰਕਾਰ ਦਾ ਹੋ ਰਿਹਾ ਹੈ ਮੈਂ ਤਜਵੀਜ਼ ਕਰਾਂਗਾ ਕਿ ਕਮ-ਅਜ਼-ਕਮ ਜਦੋਂ ਐਮ.ਐਲ.ਏ. ਆਪਣੀ ਕਾਸਟੀਚਿਊਐਂਸੀ ਵਿਚ ਦੌਰੇ ਤੇ ਫਿਰ ਰਿਹਾ ਹੋਵੇ ਉਸ ਵੇਲੇ ਸਰਕਾਰ ਨੂੰ, ਡਿਸਟ੍ਰਿਕਟ ਐਡਮਨਿਸਟਰੇਸ਼ਨ ਨੂੰ ਉਸ ਨੂੰ ਐਸਕਾਰਟ ਪ੍ਰੋਵਾਈਡ ਕਰਨੀ ਚਾਹੀਦੀ ਹੈ। ਇਹ ਤਾਂ ਉਨ੍ਹਾਂ ਦੀ ਮਿਹਰਬਾਨੀ ਹੈ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਸਾਨੂੰ ਬਖਸ਼ਿਆ ਹੋਇਆ ਹੈ। ਜਿਹੜਾ ਟਾਰਗੈਟ ਹੈ ਉਸ ਤੇ ਅਟੈਕ ਕਰਦੇ ਹਨ, ਸੇਫ ਕੋਈ ਨਹੀਂ ਹੈ। ਸਾਰੇ ਐਮ.ਐਲ.ਏਜ਼ ਨੂੰ ਐਸਕਾਰਟ ਜਦੋਂ ਉਹ ਆਪਣੇ ਆਪਣੇ ਹਲਕਿਆਂ ਵਿਚ ਜਾਣ ਤਾਂ ਪ੍ਰੋਵਾਈਡ ਕਰਨੀ ਚਾਹੀਦੀ ਹੈ।

ਇਨ੍ਹਾਂ ਸ਼ਬਦਾਂ ਨਾਲ ਜੋ ਮੁੱਖ ਮੰਤਰੀ ਸਾਹਿਬ ਨੇ ਜੋ ਮਤਾ ਪੇਸ਼ ਕੀਤਾ ਹੈ, ਮੈਂ ਉਸ ਦੇ ਨਾਲ ਸ਼ਾਮਲ ਹੁੰਦਾ ਹਾਂ। ਉਸ ਪਰਵਾਰ ਨਾਲ ਬੜੀ ਹਮਦਰਦੀ ਪ੍ਰਗਟ ਕਰਦਾ ਹਾਂ। ਉਹ ਬੜੇ ਹਰਮਨ ਪਿਆਰੇ ਸਨ। ਜਿੰਨੇ ਅਫ਼ਸੋਸ ਕਰਨ ਉਥੇ ਆਏ ਸਨ ਉਹ ਕਿਤਨੇ ਗੰਭੀਰ ਸਨ। ਕਿੰਨਾਂ

ਉਨ੍ਹਾਂ ਦਾ ਸੁਭਾਅ ਚੰਗਾ ਸੀ। ਇਲਾਕੇ ਵਿਚ ਕੱਲ੍ਹ ਦਾ ਇਕੱਠ ਵੀ ਦੱਸਦਾ ਸੀ ਕਿ ਉਹ ਬਹੁਤ ਹਰਮਨ ਪਿਆਰੇ ਸਨ, ਹਰ ਦਿਲ ਅਜੀਜ਼ ਸਨ। ਹਰ ਕਿਸੇ ਦੀ ਸੇਵਾ ਕਰਦੇ ਸਨ। ਇਥੇ 22 ਨੰਬਰ ਕਮਰਾ ਐਮ.ਐਲ.ਏ. ਹੋਸਟਲ ਵਿਚ ਉਨ੍ਹਾਂ ਕੋਲ ਸੀ। ਸਭ ਨੂੰ ਕਹਿ ਦਿੰਦੇ ਸਨ 22 ਨੰਬਰ ਵਿਚ ਪੁੱਜ ਜਾਵੋ, ਮੈਂ ਆਇਆ। ਸਾਰਾ ਦਿਨ ਕਿਸ ਤਰ੍ਹਾਂ ਅਫਸਰਾਂ ਅਤੇ ਵਜ਼ੀਰਾਂ ਦੇ ਕਮਰਿਆਂ ਵਿਚ ਫਿਰਦੇ ਰਹਿੰਦੇ ਸਨ। ਸਮਰਾਲੇ ਦੇ ਲੋਕ ਮੈਂ ਮਹਿਸੂਸ ਕੀਤੇ ਹਨ ਬਹੁਤ ਗਮਗੀਨ ਸਨ, ਪੰਜਾਬ ਦੇ ਲੋਕ ਗਮਗੀਨ ਹਨ।

ਮੈਂ ਇਸ ਮਤੇ ਨਾਲ ਸ਼ਾਮਲ ਹੁੰਦਾ ਹੋਇਆ ਇਹ ਪ੍ਰਾਰਥਨਾ ਕਰਾਂਗਾ ਕਿ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਬੱਚਿਆਂ ਨੂੰ ਉਨ੍ਹਾਂ ਦੇ ਪਾਇਆਂ ਪੂਰਨਿਆਂ ਤੇ ਚਲਣ ਦਾ ਬਲ ਬਖਸ਼ੇ। ਮੈਂ ਸਰਦਾਰ ਕਿਰਪਾਲ ਸਿੰਘ ਜੀ ਦੇ ਇਕ ਇਕ ਲਫਜ਼ ਦੀ ਤਾਈਦ ਕਰਦਾ ,ਹਾਂ ਔਰ ਅਪੀਲ ਕਰਦਾ ਹਾਂ ਉਨ੍ਹਾਂ ਵੀਰਾਂ ਨੂੰ ਜਿਹੜੇ ਸ਼ਾਇਦ ਗਲਤ ਜਜ਼ਬੇ ਥੱਲੇ ਇਹ ਕੰਮ ਕਰ ਰਹੇ ਹਨ, ਵਾਹਿਗੁਰੂ ਉਨ੍ਹਾਂ ਨੂੰ ਰੋਸ਼ਨੀ ਦੇਵੇ, ਉਹ ਸਹੀ ਸਿੱਖੀ ਮਾਰਗ ਤੇ ਚਲ ਸਕਣ।

(ਇਸ ਸਮੇਂ ਸ੍ਰੀ ਰਾਮ ਕਿਸ਼ਨ ਕਟਾਰੀਆ ਬੋਲਣ ਲਈ ਖੜੇ ਹੋਏ)

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਪਿਛਲੇ ਪੰਜ ਦਿਨਾਂ ਤੋਂ .....

ਸ੍ਰੀ ਸਪੀਕਰ: ਪ੍ਰੋਫੈਸਰ ਸਾਹਿਬ, ਕਟਾਰੀਆ ਜੀ ਖੜੇ ਹਨ।

ਸ੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ): ਸਪੀਕਰ ਸਾਹਿਬ, ਲੀਡਰ ਆਫ ਦੀ ਹਾਊਸ ਵਲੋਂ ਪੇਸ਼ ਕੀਤੇ ਮਤੇ ਨਾਲ ਮੈਂ ਸਹਿਮਤ ਹਾਂ। ਸਪੀਕਰ ਸਾਹਿਬ, ਸ਼ੁਕਰਵਾਰ ਸਾਡੇ ਕੋਲੋਂ ਵਿਛੜ ਕੇ ਗਏ ਔਰ ਅੱਜ ਮੁੜ ਮਿਲਣ ਦੀ ਆਸ ਵਿਚ ਗਏ, ਸਰਦਾਰ ਅਮਰਜੀਤ ਸਿੰਘ ਜੀ ਸਮਰਾਲਾ ਦੀ ਮੌਤ ਘਟੀਆ ਔਰ ਖੂਨੀ, ਘਿਨਾਉਣੀ, ਇੰਤਹਾਪਸੰਦਾਂ ਦੇ ਹੱਥੋਂ ਬਹੁਤ ਹੀ ਦਰਦਨਾਕ, ਅਫਸੋਸਨਾਕ ਹੋਈ ਹੈ। ਸਪੀਕਰ ਸਾਹਿਬ, ਅੱਜ ਸਰਦਾਰ ਕਿਰਪਾਲ ਸਿੰਘ ਦੇ ਮੁਤਾਬਿਕ, ਇਹ ਰੋਜ਼ਮੱਰਾ ਦੀ ਗੱਲ ਹੋ ਗਈ ਹੈ ਔਰ ਦੋ ਦੋ ਲੱਖ ਦੇ ਨੁਮਾਇੰਦੇ ਕਾਰ ਵਿਚ ਵੀ ਸੇਫ ਨਹੀਂ ਹਨ। ਅਸੀਂ ਸਭ ਕਟਹਿਰੇ ਦੇ ਕਬੂਤਰ ਵਾਂਗ ਇਥੇ ਆਉਂਦੇ ਹਾਂ ਔਰ ਜਿਹੜਾ ਮਰ ਜਾਂਦਾ ਹੈ ਸ਼ਰਧਾਂਜਲੀ ਦੇ ਦਿੰਦੇ ਹਾਂ ਪਰ ਇਹ ਬਹੁਤ ਹੀ ਸੋਚਣ ਵਾਲੀ ਚੀਜ਼ ਹੈ। ਉਨ੍ਹਾਂ ਉਮਰ ਭਰ ਜਦੋਜਹਿਦ ਕੀਤੀ ਔਰ ਕਾਮਯਾਬੀ ਇਥੋਂ ਤਕ ਹੋਈ ਕਿ ਪਿਛਲੀ ਇਲੈਕਸ਼ਨ ਵਿਚ 10 ਹਜ਼ਾਰ ਵੋਟਾਂ ਵੱਧ ਲੈ ਕੇ ਪੰਜਾਬ ਵਿਧਾਨ ਸਭਾ ਵਿਚ ਆਏ। ਉਨ੍ਹਾਂ ਦੀ ਦਰਦਨਾਕ ਮੌਤ ਹੋ ਜਾਣੀ ਬਹੁਤ ਘਟੀਆ ਗੱਲ ਹੈ। ਉਨ੍ਹਾਂ ਸਿਵਾਏ ਆਪਣੇ ਇਲਾਕੇ ਦੀ ਗੱਲ ਕਰਨ ਤੋਂ ਕੋਈ ਹੋਰ ਸ਼ਬਦ ਕਦੀ ਕਿਹਾ ਹੀ ਨਹੀਂ ਸੀ ਔਰ ਇਸ ਤਰ੍ਹਾਂ ਜ਼ਾਲਮਾਨਾ ਹੱਥਾਂ ਨਾਲ ਕਤਲ ਕਰ ਦੇਣਾ ਇਸ ਤੋਂ ਵੱਡੀ ਸ਼ਰਮਨਾਕ ਗੱਲ ਹੋਰ ਕੀ ਹੋ ਸਕਦੀ ਹੈ। ਮੇਰੀ ਇਹ ਬੇਨਤੀ ਹੈ ਕਿ ਸਰਕਾਰ ਇਸ ਵੱਲ ਉਚੇਚਾ ਧਿਆਨ ਦੇਵੇ। ਉਹ ਦਸ ਸਾਲ ਮਿਊਂਸਪਲ ਕਮੇਟੀ, ਸਮਰਾਲਾ ਦੇ ਪ੍ਰਧਾਨ ਰਹੇ ਔਰ ਗੁਰਦਵਾਰੇ ਦੇ ਵੀ ਪ੍ਰਧਾਨ ਰਹੇ।

ਉਨ੍ਹਾਂ ਨੇ ਆਪਣੇ ਜੀਵਨ ਵਿਚ ਇਲਾਕੇ ਦੇ ਲੋਕਾਂ ਦੀ ਬਹੁਤ ਸੇਵਾ ਕੀਤੀ। ਜਿੱਥੇ ਵੀ ਰਹੇ ਬਹੁਤ ਲੋਕਾਂ ਨੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ। ਸਾਰੇ ਇਲਾਕੇ ਵਿਚ, ਲੋਕਾਂ ਵਿਚ, ਸਾਰੇ ਦੇਸ਼ ਵਿਚ ਉਨ੍ਹਾਂ ਦੀ ਖਬਰ ਸੁਣ ਕੇ ਗਮ ਛਾ ਗਿਆ ਸੀ। ਮੈਂ ਲੀਡਰ ਆਫ ਦੀ ਆਪੋਜ਼ੀਸ਼ਨ ਨਾਲ ਸਹਿਮਤ ਹਾਂ ਕਿ ਪਿਛਲੀਆਂ ਰਵਾਇਤਾਂ ਨੂੰ ਮੱਦੇਨਜ਼ਰ ਰਖਦੇ ਹੋਏ, ਇਹ ਵਿਚਾਰ ਲੈਣਾ ਚਾਹੀਦਾ ਹੈ ਕਿ ਅਗਲੀ ਕਾਰਵਾਈ ਮੁਅੱਤਲ ਕਰ ਦੇਣੀ ਚਾਹੀਦੀ ਹੈ।

ਪ੍ਰੋਫੈਸਰ ਦਰਬਾਰੀ ਲਾਲ (ਅੰਮ੍ਰਿਤਸਰ ਕੇਂਦਰੀ) : ਮੇਰੀ ਅਮੈਂਡਮੈਂਟ ਹੈ। ਸਪੀਕਰ ਸਾਹਿਬ, ਪਿਛਲੇ ਮੰਗਲਵਾਰ ਤੋਂ ਸੈਸ਼ਨ ਚਲ ਰਿਹਾ ਹੈ ਅਤੇ ਅੱਜ ਮੰਗਲਵਾਰ ਤਕ ਕਰੀਬ ਸੱਤ ਦਿਨਾਂ ਦੇ ਅੰਦਰ ਅੰਦਰ ਦੋ ਵਾਰੀ ਪੰਜਾਬ ਦੇ ਵੱਡੇ ਜਿਹੜੇ ਰਹਿਨੁਮਾਂ ਸਨ, ਵਰਕਰ ਸਨ, ਪੁਲਿਟੀਕਲ ਲੀਡਰ ਸਨ, ਉਨ੍ਹਾਂ ਦੀ ਹੱਤਿਆ ਤੇ ਸ਼ਰਧਾਂਜਲੀ ਦੇਣ ਵਾਸਤੇ ਅਸੀਂ ਇਕੱਠੇ ਹੋਏ ਹਾਂ।ਸਪੀਕਰ ਸਾਹਿਬ, ਜਿਥੇ ਮਾਨਯੋਗ ਮੁੱਖ ਮੰਤਰੀ ਜੀ ਨੇ ਇਹ ਮੱਤਾ ਰਖਿਆ ਹੈ ਉਥੇ ਨਾਲ ਦੀ ਨਾਲ ਜਿਨ੍ਹਾਂ ਅਤਿਵਾਦੀਆਂ ਦੀਆਂ ਘਿਨੌਣੀਆਂ ਕਾਰਵਾਈਆਂ ਨਾਲ ਸਾਡੇ ਮਾਸੂਮ ਲੋਕ ਮਾਰੇ ਜਾਂਦੇ ਹਨ ਉਨ੍ਹਾਂ ਦੀ ਨਿੰਦਾ ਵੀ ਕਰਨੀ ਚਾਹੀਦੀ ਹੈ। ਜਿਹੜੀਆਂ ਧਾਰਮਿਕ ਸੰਸਥਾਵਾਂ, ਪੁਲਿਟੀਕਲ ਜਾਂ ਇਡੀਵਿਜੂਅਲ ਕੋਈ ਵੀ ਜਿਹੜੀਆਂ ਅੱਤਿਵਾਦੀਆਂ ਨੂੰ ਸ਼ਹਿ ਦਿੰਦੀਆਂ ਹਨ ਜਾਂ ਸ਼ਰਨ ਦਿੰਦੀਆਂ ਹਨ ਉਨ੍ਹਾਂ ਨੂੰ ਵੀ ਖੁਲ੍ਹ ਕੇ ਕੰਡੈਮ ਕਰਨਾ ਚਾਹੀਦਾ ਹੈ। ਇਹ ਪਵਿੱਤਰ ਸਦਨ ਸਿਰਫ਼ ਸ਼ਰਧਾਂਜਲੀਆਂ ਹੀ ਪੇਸ਼ ਕਰਨ ਵਾਲਾ ਸਦਨ ਬਣ ਕੇ ਨਾ ਰਹਿ ਜਾਏ ਬਲਕਿ ਤਕੜੇ ਹੋ ਕੇ ਉਸ ਅੱਤਿਵਾਦ ਦੀ ਨਿੰਦਾ ਕਰਨੀ ਚਾਹੀਦੀ ਹੈ ਜਿਹੜੇ ਇਹ ਕਾਰਵਾਈਆਂ ਕਰਦੇ ਹਨ ਜਾਂ ਉਨ੍ਹਾਂ ਨੂੰ ਸ਼ਹਿ ਦਿੰਦੇ ਹਨ। ਮੈਂ ਇਹ ਮੋਸ਼ਨ ਮੂਵ ਕਰਦਾ ਹਾਂ।

ਸ੍ਰੀ ਰਮੇਸ਼ ਚੰਦਰ ਡੋਗਰਾ (ਦਸੂਆ) : ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਜਿਹੜਾ ਇਹ ਸ਼ੋਕ ਮਤਾ ਰਖਿਆ ਹੈ ਮੈਂ ਉਸ ਤੇ ਬੋਲਣ ਲਈ ਖੜਾ ਹੋਇਆ ਹਾਂ। ਬੜਾ ਦੁੱਖ ਹੋਇਆ ਹੈ। ਅਸੀਂ ਸੋਚਦੇ ਹਾਂ ਕਿ ਇਹ ਅੱਤਿਵਾਦ ਦਾ ਖਾਤਮਾ ਕਿਸ ਤਰ੍ਹਾਂ ਹੋਵੇਗਾ ਜਾਂ ਇਹ ਸਾਨੂੰ ਸਾਰਿਆਂ ਨੂੰ ਖਤਮ ਕਰਕੇ ਹੀ ਖਤਮ ਹੋਵੇਗਾ। ਮੈਂ ਲੀਡਰ ਆਫ ਦੀ ਹਾਊਸ ਨੂੰ ਇਹ ਬੇਨਤੀ ਕਰਾਂਗਾ ਕਿ ਅੱਜ ਸਾਰੀ ਨੇਸ਼ਨ ਉਨ੍ਹਾਂ ਦੇ ਪਿਛੇ ਹੈ ਉਹ ਜ਼ੋਰ ਲਾ ਕੇ ਪੂਰੀ ਤਰ੍ਹਾਂ ਇਹੋ ਜਿਹੇ ਅੱਤਿਵਾਦੀਆਂ ਨੂੰ ਕੁਚਲ ਦੇਣ ਸਾਡੇ ਵਲੋਂ ਇਨ੍ਹਾਂ ਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ। ਜੇ ਉਹ ਨਾ ਕੁਚਲੇ ਗਏ ਤਾਂ ਅੱਜ ਸਰਦਾਰ ਅਮਰਜੀਤ ਸਿੰਘ ਜੀ ਚਲੇ ਗਏ ਹਨ, ਕਲ੍ਹ ਨੂੰ ਕੋਈ ਹੋਰ ਜਾਏਗਾ ਔਰ ਅਗਲੇ ਦਿਨ ਕੋਈ ਹੋਰ। ਇਸ ਤਰ੍ਹਾਂ ਇਸ ਦਾ ਅੰਤ ਨਹੀਂ ਹੋਵੇਗਾ। ਇਸ ਲਈ ਮੈਂ ਮੁੱਖ ਮੰਤਰੀ ਸਾਹਿਬ ਨੂੰ ਫਿਰ ਬੇਨਤੀ ਕਰਾਂਗਾ ਕਿ ਉਹ ਪੂਰੇ ਜ਼ੋਰ ਨਾਲ ਕੰਮ ਕਰਨ ਔਰ ਇਸ ਅੱਤਿਵਾਦ ਦਾ ਖਾਤਮਾ ਕਰ ਦੇਣ।

ਇਨ੍ਹਾਂ ਸ਼ਬਦਾਂ ਨਾਲ ਮੈਂ ਸਰਦਾਰ ਅਮਰਜੀਤ ਸਿੰਘ ਜੀ ਨੂੰ ਸ਼ਰਧਾ ਦੇ ਫੂਲ ਭੇਂਟ ਕਰਦਾ ਹਾਂ ਅਤੇ ਈਸ਼ਵਰ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਉਨ੍ਹਾਂ ਦੇ ਪਰਵਾਰ ਨੂੰ ਤਾਕਤ ਬਖਸ਼ੇ ਕਿ ਉਹ ਇਸ ਘਾਟੇ ਨੂੰ ਸਹਿ ਸਕਣ ਅਤੇ ਸਰਦਾਰ ਅਮਰਜੀਤ ਸਿੰਘ ਜੀ ਦੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰੇ।

ਸ੍ਰੀ ਸਪੀਕਰ : ਅੱਜ ਇਸ ਸਦਨ ਵਿਚ ਆਬਿਚੁਅਰੀ ਰੈਫਰੈਂਸ ਤੇ ਲੀਡਰ ਆਫ ਦੀ ਹਾਊਸ, ਲੀਡਰ ਆਫ਼ ਦੀ ਆਪੋਜ਼ੀਸ਼ਨ ਅਤੇ ਹੋਰ ਸਾਰੇ ਵਰਗਾਂ ਦੇ ਵਖਰੇ ਵਖਰੇ ਸੱਜਣ ਬੋਲੇ ਹਨ ਅਤੇ ਉਨ੍ਹਾਂ ਨੇ ਸ਼ਰਧਾਂਜਲੀ ਭੇਂਟ ਕੀਤੀ ਹੈ। ਸਰਦਾਰ ਅਮਰਜੀਤ ਸਿੰਘ ਜੀ ਦੀ ਪਵਿੱਤਰ ਯਾਦ ਵਿਚ ਉਨ੍ਹਾਂ ਦੀ ਦੁਖਦਾਈ ਘਟਨਾ ਦੇ ਵਿਚ ਜੋ ਉਨ੍ਹਾਂ ਤੇ ਵਾਪਰੀ, ਜਦੋਂ ਕਿ ਉਹ ਆਪਣੇ ਕਰਤਵ, ਨਿਸ਼ਟਾ ਦੀ ਪਾਲਣਾ ਕਰਦੇ ਹੋਏ ਇਕ ਭੋਗ ਤੋਂ ਆਪਣੇ ਘਰ ਨੂੰ ਵਾਪਸ ਆ ਰਹੇ ਸਨ, ਤੇ ਇਸ ਹਾਊਸ ਤੇ ਦੁੱਖ ਪ੍ਰਗਟ ਕੀਤਾ ਹੈ। ਇਸ ਘਟਨਾ ਤੇ ਸਾਨੂੰ ਸਾਰਿਆਂ ਨੂੰ ਬਹੁਤ ਦੁੱਖ ਹੋ ਰਿਹਾ ਹੈ। ਅੱਜ ਹੀ ਜਦੋਂ ਮੈਂ ਇਹ ਆਪਣੇ ਸਾਹਮਣੇ ਪਿਆ ਸੀਟਿੰਗ ਚਾਰਟ ਵੇਖਿਆ ਤਾਂ 128 ਸੀਟ ਨੰਬਰ ਤੇ ਕਾਟਾ ਲੱਗਾ ਵੇਖ ਕੇ ਮੈਨੂੰ ਬਹੁਤ ਦੁਖ ਹੋਇਆ ਹੈ। ਅਸੀਂ ਅੱਜ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੂਲ ਭੇਂਟ ਕਰ ਰਹੇ ਹਾਂ। ਲੀਡਰ ਆਫ਼ ਦੀ ਹਾਊਸ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ

ਦੱਸਿਆ ਹੈ ਕਿ ਉਨ੍ਹਾਂ ਦਾ ਜੀਵਨ 50 ਸਾਲ ਦਾ ਬੜਾ ਸੰਘਰਸ਼ਮਈ ਜੀਵਨ ਸੀ। ਛੋਟੀ ਉਮਰ ਵਿਚ ਹੀ ਮਾਂ ਦਾ ਸਾਇਆ ਸਿਰ ਤੋਂ ਉਠ ਗਿਆ। ਬਾਅਦ ਵਿਚ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਛੋਟੇ ਛੋਟੇ ਕਈ ਕੰਮ ਕਰਨ ਤੋਂ ਬਾਅਦ ਲੋਕਾਂ ਦੀ ਸੇਵਾ ਕਰਦੇ ਹੋਏ ਇਹ ਇਜ਼ਤ ਪ੍ਰਾਪਤ ਕੀਤੀ।

ਉਹ ਜਮਾਲਪੁਰਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਵੀ ਰਹੇ ਅਤੇ ਮਿਊਂਸਪਲ ਕਮੇਟੀ ਦੇ ਮਿਊਂਸਪਲ ਕਮਿਸ਼ਨਰ ਵੀ ਰਹੇ। ਅਕਾਲੀ ਦਲ ਦੇ ਅੰਦੋਲਨ ਵਿਚ ਲਗਾਤਾਰ ਉਨ੍ਹਾਂ ਨੇ ਹਿੱਸਾ ਪਾਇਆ। ਉਨ੍ਹਾਂ ਨੇ 20 ਸਾਲ ਲਗਾਤਾਰ ਸੇਵਾ ਕੀਤੀ ਅਤੇ ਉਨ੍ਹਾਂ ਦੀ ਕਿਤਨੀ ਲੰਬੀ ਦਾਸਤਾਨ ਹੈ। ਉਨ੍ਹਾਂ ਨੂੰ ਇਕ ਕਛਣ ਵਿਚ ਖਤਮ ਕਰ ਦਿੱਤਾ। ਇਸ ਗੱਲ ਉਤੇ ਸਾਰਾ ਹਾਊਸ ਚਿੰਤਤ ਹੈ। ਸਾਰੀਆਂ ਪਾਰਟੀਆਂ ਦੇ ਲੀਡਰ ਬੋਲੇ ਹਨ, ਇਸ ਦੁੱਖ ਵਿਚ ਸ਼ਾਮਲ ਹੋਏ ਹਨ। ਉਨ੍ਹਾਂ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ ਅਤੇ ਚਿੰਤਾ ਦਾ ਵੀ ਪ੍ਰਗਟਾਵਾ ਕੀਤਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਦੁੱਖ ਹੈ। ਜੇ ਹਾਊਸ ਦੀ ਇੱਛਾ ਹੋਵੇ ਤਾਂ ਉਨ੍ਹਾਂ ਦੇ ਪਰੀਵਾਰ ਨੂੰ ਸਾਰੇ ਹਾਊਸ ਵਲੋਂ ਹਮਦਰਦੀ ਅਤੇ ਦੁੱਖ ਦਾ ਮਤਾ ਪਹੁੰਚਾ ਦਿੱਤਾ ਜਾਵੇ। ਹੁਣ ਮੈਂ ਸਾਰੇ ਹਾਊਸ ਦੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ 2 ਮਿੰਟ ਲਈ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉਨ੍ਹਾਂ ਦੀ ਯਾਦ ਵਿਚ 2 ਮਿੰਟ ਦਾ ਮੋਨ ਧਾਰਨ ਦੀ ਖੇਚਲ ਕਰਨ।

(ਇਸ ਸਮੇਂ ਹਾਊਸ ਵਿਚ ਸਾਰੇ ਹਾਜ਼ਰ ਮੈਂਬਰ ਸਾਹਿਬਾਨ 2 ਮਿੰਟ ਲਈ ਆਪਣੀਆਂ ਆਪਣੀਆਂ ਸੀਟਾਂ ਤੇ ਮੋਨ ਧਾਰ ਕੇ ਖੜ੍ਹੇ ਹੋ ਗਏ।)

Mr. Speaker: Please take your seats.

ਮੁੱਖ ਮੰਤਰੀ: ਸਪੀਕਰ ਸਾਹਿਬ, ਅਸੀਂ ਸਾਰੇ ਤੁਹਾਡੇ ਨਾਲ ਸਹਿਮਤ ਹਾਂ ਅਤੇ ਇਸ ਸੋਕ ਮਤੇ ਨੂੰ ਉਨ੍ਹਾਂ ਦੇ ਪਰਿਵਾਰ ਨੂੰ ਭੇਜ ਦਿੱਤਾ ਜਾਵੇ। ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਦੀ ਯਾਦ ਵਿਚ ਅੱਜ ਹਾਊਸ ਨੂੰ ਹੁਣੇ ਹੀ ਐਡਜਰਨ ਕਰ ਦਿੱਤਾ ਜਾਵੇ।

Mr. Speaker: The House stands adjourned till 9.00 A.M. on Wednesday, the 18th March, 1987.

*2.38 P.M. | *(The Sabha then adjourned till 9.00 A.M. on Wednesday, the 18th March, 1987).*

25809 PVS—Govt. Press Chd.

Published under the authority of the Punjab Vidhan Sabha and Printed by the Controller, Printing and Stationery Deparment (U.T.), Chandigarh.

Punjab Vidhan Sabha Debates

18th March, 1987

(Forenoon Sitting)

VOL. V—NO. 5

OFFICIAL REPORT

CONTENTS

Wednesday, the 18th March, 1987

(Forenoon Sitting)

Punjab Vidhan Sabha Secretariat, Chandigarh.

Price Rs.

Rs 6-00

ERRATA

TO

PUNJAB VIDHAN SABHA DEBATES

Vol. V—No. 5

Dated 18th March, 1987 (Forenoon Sitting)

Read	*For*	*Page*	*Line*
ਖਰਚਾ	ਖਸਚਾ	(5)20	7th from below
ਹੁੰਦਿਆ	ਹੁੰ ਇਆਂ	(5)22	7th from below
तो	चो	(5)53	last
सर्वोच्च	सवाच्व	(5)55	16
ਉਸਦੀ	ਉਦਸੀ	(5)61	12th from below
ਸਪਲਾਈ	ਪਸਲਾਈ	(5)63	15th from below

PUNJAB VIDHAN SABHA

Wednesday, the 18th March, 1987

(Forenoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A. M. of the Clock. Mr. Speaker (Sardar Surjit Singh Minhas) in the Chair.

STARRED QUESTIONS AND ANSWERS

Mr. Speaker : Starred Questions.

Construction of Bridge Over River Sutlej Near Sidhwan

*657. **Sardar Gurdip Singh:** Will the Minister of State for Public Works be pleased to state whether the Government proposes to construct a bridge over River Sutlej near Sidhwan Bet ; if so, the time by which the construction thereof is likely to be started ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਸਿਧਵਾਂ ਬੇਟ ਨੇੜੇ ਦਰਿਆ ਸਤਲੁਜ ਤੇ ਕਿਸ਼ਤੀਆ ਦਾ ਪੁੱਲ ਬਣ ਰਿਹਾ ਹੈ ਜਿਹੜਾ ਕਿ ਦਸੰਬਰ, 1987 ਵਿੱਚ ਮੁਕੰਮਲ ਹੋ ਜਾਣ ਦੀ ਆਸ ਹੈ । ਫੰਡਾਂ ਦੀ ਕਮੀ ਕਾਰਨ ਇਸ ਥਾਂ ਤੇ ਪੱਕਾ ਸਥਾਈ ਪੁਲ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ।

ਸਰਦਾਰ ਗੁਰਦੀਪ ਸਿੰਘ : ਸਪੀਕਰ ਸਾਹਿਬ, ਇਸ ਪੁਲ ਦਾ 70 ਕਿਲੋਮੀਟਰ ਦਾ ਫਾਸਲਾ ਹੈ। ਪੰਜਾਬ ਵਿਚ ਹੋਰ ਕੋਈ ਇਹੋ ਜਿਹੀ ਮਿਸਾਲ ਨਹੀਂ ਮਿਲਦੀ । ਸਪੀਕਰ ਸਾਹਿਬ, ਇਹ ਪੁਲ ਬਹੁਤ ਜ਼ਰੂਰੀ ਹੈ । ਬਰਨਾਲਾ, ਰਾਏਕੋਟ, ਜਗਰਾਓਂ, ਨਕੋਦਰ, ਜਲੰਧਰ ਨੂੰ ਜੋੜਨ ਵਾਸਤੇ ਇਹ ਪੁਲ ਲੋਕਾਂ ਦੀ ਭਲਾਈ ਲਈ ਬਹੁਤ ਜ਼ਰੂਰੀ ਹੈ। ਪੰਜਾਬ ਅਤੇ ਦੇਸ਼ ਵਿਚ ਇਤਨੀ ਦੂਰੀ ਦਾ ਕੋਈ ਪੁਲ ਹੋਰ ਨਹੀਂ ਹੈ। ਲੋਕਾਂ ਨੂੰ ਕਾਫੀ ਮੁਸ਼ਕਲ ਦਾ ਸਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਅਜ਼ਾਦ ਹੋਏ ਨੂੰ, ਸਪੀਕਰ ਸਾਹਿਬ, 40 ਸਾਲ ਹੋ ਗਏ ਹਨ । (ਵਿਘਨ) ਸਪੀਕਰ ਸਾਹਿਬ, ਇਹ ਪੁਲ ਬਹੁਤ ਜ਼ਰੂਰੀ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਪੁਲ ਬਣਾਉਣ ਲਈ ਕੋਈ ਯੋਜਨਾ ਬਣਾਉਣ ਕਿਉਂਕਿ ਇਹ ਪੁਲ ਜ਼ਰੂਰ ਬਣਨਾ ਚਾਹੀਦਾ ਹੈ । ਸਪੀਕਰ ਸਾਹਿਬ, ਮੰਤਰੀ ਸਾਹਿਬ ਇਸ ਗੱਲ ਵੱਲ ਜ਼ਰੂਰ ਧਿਆਨ ਦੇਣ ।

ਰਾਜ ਮੰਤਰੀ : ਸਪੀਕਰ ਸਾਹਿਬ, ਪੰਜ ਸਾਲਾ ਯੋਜਨਾ ਵਿਚ 26 ਪੁਲ ਦਿਤੇ ਗਏ ਹਨ ਜਿਨ੍ਹਾਂ ਤੇ ਕੋਈ 949 ਲੱਖ ਰੁਪਿਆ ਖਰਚ ਆਉਣਾ ਹੈ । ਜਦ ਤਕ 26 ਪੁਲਾਂ ਦੀ ਉਸਾਰੀ ਨਹੀਂ ਹੁੰਦੀ ਤਦ ਤਕ ਹੋਰ ਪੁਲ ਨਹੀਂ ਅਰੰਭ ਕੀਤਾ ਜਾ ਸਕਦਾ । ਜਿਸ ਦੇ ਸਬੰਧ ਵਿਚ, ਸਪੀਕਰ ਸਾਹਿਬ, ਇਹ ਸਵਾਲ ਦਿੱਤਾ ਗਿਆ ਹੈ ਉਸ ਤੇ 10 ਕਰੋੜ ਰੁਪਿਆ ਖਰਚ ਆਉਣਾ ਹੈ । ਜੋ ਪੁਲ ਲਗਾ ਰਹੇ ਹਾਂ ਉਸ ਤੇ 25 ਲੱਖ ਰੁਪਿਆ ਖਰਚ ਹੋਣਾ ਹੈ । ਜਦੋਂ, ਸਪੀਕਰ ਸਾਹਿਬ, ਫੰਡਜ਼ ਹੋਏ ਤਾਂ ਇਹ ਪੁਲ ਸਟਾਰਟ ਕਰ ਦੇਵਾਂਗੇ ।

ਸਰਦਾਰ ਗੁਰਦੀਪ ਸਿੰਘ : ਸਪੀਕਰ ਸਾਹਿਬ, ਇਸ ਪੁਲ ਦਾ 70 ਕਿਲੋਮੀਟਰ ਦਾ ਫਾਸਲਾ ਹੈ। ਹੋਰ ਕੋਈ ਪੁਲ ਨਹੀਂ ਹੈ । ਬਾਕੀ ਸਭ ਨੇੜੇ ਤੇੜੇ ਪੁਲ ਬਣ ਰਹੇ ਹਨ। ਉਥੇ ਪੁਲ ਕਿਉਂ ਨਹੀਂ ਬਣਾਇਆ ਜਾ ਸਕਦਾ ?

ਰਾਜ ਮੰਤਰੀ : ਸਪੀਕਰ ਸਾਹਿਬ, ਜਦੋਂ ਫੰਡਜ਼ ਵਗੈਰਾ ਅਵੇਲੇਬਲ ਹੋਏ ਤਾਂ ਇਹ ਪੁਲ ਬਣਾ ਦਿਤਾ ਜਾਵੇਗਾ ।

ਸ੍ਰੀ ਰਾਧਾ ਕ੍ਰਿਸ਼ਨ : ਸਪੀਕਰ ਸਾਹਿਬ, ਜਿਸ ਤਰ੍ਹਾਂ ਕਈ ਪੁਲ ਟੋਲ ਟੈਕਸ ਲਗਾ ਕੇ ਪਹਿਲਾਂ ਬਣਾਏ ਗਏ ਸੀ, ਇਸ ਤਰ੍ਹਾਂ ਰੁਪਏ ਦੀ ਵੀ ਵਸੂਲੀ ਹੋ ਜਾਵੇਗੀ । ਕੀ ਇਹ ਪੁਲ ਬਣਾਉਣ ਲਈ ਕੋਈ ਇਹੋ ਜਿਹੀ ਸਕੀਮ ਲਾਗੂ ਨਹੀਂ ਕੀਤੀ ਜਾ ਸਕਦੀ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਤੇ ਵਿਚਾਰ ਕਰ ਲਵਾਂਗੇ ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਸਤਲੁਜ ਕੈਨਾਲ ਵਿਚ 1982 ਵਿਚ ਕਿਸ਼ਤੀ ਦੇ ਡੁਬ ਜਾਣ ਨਾਲ ਬਹੁਤ ਵੱਡੀ ਟਰੈਜਡੀ ਹੋਈ ਸੀ । ਉਹ ਪਟਿਆਲਾ ਸਕੂਲ ਦੇ ਬਚੇ ਸਨ। ਉਸ ਵੇਲੇ ਫੈਸਲਾ ਕੀਤਾ ਗਿਆ ਸੀ ਕਿ ਅੱਗੋਂ ਤੋਂ ਕਿਸ਼ਤੀ ਨਹੀਂ ਚਲਾਈ ਜਾਵੇਗੀ । ਉਥੇ ਟਰੈਕਟਰ ਵੀ ਬੰਦ ਕਰ ਦਿਤੇ ਸੀ ਔਰ ਉਹ ਹੁਣ ਤੱਕ ਬੰਦ ਹੀ ਹਨ ਅਤੇ ਲੋਕਾਂ ਨੂੰ 4-5 ਕਿਲੋਮੀਟਰ ਤੱਕ ਪੈਦਲ ਚਲ ਕੇ ਜਾਣਾ ਪੈਂਦਾ ਹੈ । ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਥੇ 2-3 ਜਿਹੜੇ ਘਾਟ ਹਨ, ਜਿਵੇਂ ਨੰਗਲ ਤੋਂ ਆਨੰਦਪੁਰ ਸਾਹਿਬ ਦਰਮਿਆਨ ਕਿਸ਼ਤੀਆਂ ਦੀ ਆਵਾਜਾਈ ਨੂੰ ਬੰਦ ਹੋਇਆਂ 4-5 ਸਾਲ ਹੋ ਗਏ ਹਨ, ਉਹ ਨਾ ਹੀ ਕਿਸੇ ਕਾਂਟ੍ਰੈਕਟਰ ਨੂੰ ਦਿੱਤੀਆਂ ਗਈਆਂ ਹਨ ਅਤੇ ਨਾ ਹੀ ਸਰਕਾਰ ਚਲਾਉਣ ਦਾ ਯਤਨ ਕਰ ਰਹੀ ਹੈ, ਕੀ ਉਨ੍ਹਾਂ ਘਾਟਾਂ ਤੇ ਕੋਈ ਯੋਗ ਧਿਆਨ ਦਿੱਤਾ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਨਾਲ ਇਨ੍ਹਾਂ ਦੇ ਸਵਾਲ ਦਾ ਕੋਈ ਤੁਅੱਲਕ ਨਹੀਂ । ਇਸ ਦੇ ਸਬੰਧ ਵਿੱਚ ਅਗਰ ਕੋਈ ਮੈਂਬਰ ਸਾਹਿਬ ਜਾਣਕਾਰੀ ਲੈਣਾ ਚਾਹੁੰਦੇ ਹਨ, ਉਹ ਲਿਖ ਕੇ ਦੇ ਦੇਣ । ਜਾਣਕਾਰੀ ਦੇ ਦੇਵਾਂਗੇ ।

Link Roads in Tehsil Anandpur Sahib

*598. **Shri Ram Parkash Bali:** Will the Minister of State for Public Works be pleased to state whether it is a fact that the link roads in Anandpur Sahib, Tehsil and District Ropar are in a very bad condition; if so, the steps taken or proposed to be taken to repair them ?

ਸਰਦਾਰ ਰਜਿੰਦਰ ਸਿੰਘ ਧਾਲੀਵਾਲ : ਇਹ ਠੀਕ ਹੈ ਕਿ ਆਨੰਦਪੁਰ ਸਾਹਿਬ ਤਹਿਸੀਲ ਵਿਚ ਬਹੁਤ ਸਾਰੀਆਂ ਸੜਕਾਂ ਦੀ ਮੁਰੰਮਤ ਹੋਣ ਵਾਲੀ ਹੈ। 15 ਸੜਕਾਂ ਜਿਨ੍ਹਾਂ ਦੀ ਲੰਬਾਈ 43 ਕਿਲੋਮੀਟਰ ਹੈ ਕਾਫੀ ਚੰਗੀ ਹਾਲਤ ਵਿਚ ਹਨ। 9 ਸੜਕਾਂ, ਜਿਨ੍ਹਾਂ ਦੀ ਲੰਬਾਈ 25.73 ਕਿ ਮੀ: ਹੈ ਦੀ ਮੁਰੰਮਤ ਹੋ ਰਹੀ ਹੈ। 27 ਸੜਕਾਂ ਜਿਨ੍ਹਾਂ ਦੀ ਲੰਬਾਈ 38.57 ਕਿ: ਮੀ: ਹੈ, ਦੇ ਮੁਰੰਮਤ ਦੇ ਅਨੁਮਾਨਾਂ ਨੂੰ ਮੰਡੀਕਰਨ ਬੋਰਡ ਨੇ ਪ੍ਰਵਾਨਗੀ ਦੇ ਦਿੱਤੀ ਹੈ ਪਰ ਉਨ੍ਹਾਂ ਲਈ ਲੋੜੀਂਦਾ ਧਨ ਜਮ੍ਹਾਂ ਨਹੀਂ ਕਰਵਾਇਆ। 37 ਹੋਰ ਸੜਕਾਂ ਲੰਬਾਈ 92.40 ਕਿ: ਮੀ: ਦੇ ਮੁਰੰਮਤ ਅਨੁਮਾਨ ਮੰਡੀਕਰਨ ਬੋਰਡ ਨੂੰ ਪ੍ਰਵਾਨਗੀ ਲਈ ਭੇਜੇ ਹੋਏ ਹਨ। ਇਨ੍ਹਾਂ ਦੀ ਮੁਰੰਮਤ ਦਾ ਕੰਮ ਬੋਰਡ ਵਲੋਂ ਪੈਸੇ ਜਮ੍ਹਾਂ ਕਰਾਉਣ ਤੇ ਸ਼ੁਰੂ ਕੀਤਾ ਜਾਵੇਗਾ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਉਨ੍ਹਾਂ ਨੇ ਫੈਕਟਸ ਬਾਰੇ ਫਿਗਰਜ਼ ਦਿੱਤੇ ਹਨ, ਮੈਂ ਉਨ੍ਹਾਂ ਨੂੰ ਚੈਲੇਂਜ ਤਾਂ ਨਹੀਂ ਕਰਦਾ ਪਰ ਉਹ ਹਾਲੇ ਵੀ ਘੱਟ ਹਨ ਕਿਉਂਕਿ ਬਹੁਤ ਸਾਰੀਆਂ ਸੜਕਾਂ ਇਸ ਵਿੱਚ ਇਨਕਲੂਡ ਨਹੀਂ ਹੋਈਆਂ । ਹਾਲਾਤ ਬਹੁਤ ਖਰਾਬ ਹਨ। ਜਿੰਨੀਆਂ ਵੀ ਸਬ-ਮਾਊਨਟੇਨਸ ਅਤੇ ਕੰਡੀ ਏਰੀਏ ਦੀਆਂ ਸੜਕਾਂ ਹਨ, ਉਹ 2 ਸਾਲ ਤੋਂ ਬਾਅਦ ਟੁੱਟ ਜਾਂਦੀਆਂ ਹਨ ਜੇ ਉਨ੍ਹਾਂ ਦੀ ਰੈਗੂਲਰ ਮੁਰੰਮਤ ਨਾ ਹੋਵੇ । ਨਾ ਪੰਚ ਵਰਕ ਵਾਸਤੇ ਪੀ.ਡਬਲਿਓ.ਡੀ. ਪੈਸਾ ਦੇ ਰਿਹਾ ਹੈ ਅਤੇ ਮੰਡੀਕਰਣ ਬੋਰਡ ਵਾਲੇ ਤਾਂ ਇਸ ਲਈ ਪੈਸਾ ਦੇਂਦੇ ਹੀ ਨਹੀਂ ਅਤੇ ਨਾ ਹੀ ਪੈਸੇ ਟਾਈਮ-ਸਿਰ ਜਮ੍ਹਾਂ ਹੁੰਦੇ ਹਨ । ਜਦੋਂ ਪੈਸੇ ਜਮ੍ਹਾਂ ਹੁੰਦੇ ਹਨ, ਉਦੋਂ ਤੱਕ ਐਸਟੀਮੇਟਸ ਡਿਓਢੇ ਹੋ ਜਾਂਦੇ ਹਨ ਅਤੇ ਫੇਰ ਸੜਕ ਇਨਕੰਪਲੀਟ ਹੀ ਰਹਿ ਜਾਂਦੀ ਹੈ । ਫੇਰ ਰਿਵਾਈਜ਼ਡ ਐਸਟੀਮੇਟਸ ਬਣਨ ਨੂੰ ਦੋਬਾਰਾ ਟਾਈਮ ਚਾਹੀਦਾ ਹੁੰਦਾ ਹੈ ਅਤੇ 2 ਸਾਲ ਇਸੇ ਕੰਮ ਵਿੱਚ ਲੰਘ ਜਾਂਦੇ ਹਨ। ਕੀ ਮੰਤਰੀ ਜੀ ਕੋਈ ਟਾਈਮ ਬਾਊਂਡ ਪ੍ਰੋਗਰਾਮ ਬਣਵਾਉਣਗੇ ਅਤੇ ਕੀ ਇਨ੍ਹਾਂ ਸੜਕਾਂ ਦੀ ਮੈਨਟੀਨੈਂਸ ਕਰਨ ਵਾਸਤੇ ਫੰਡਜ਼ ਪ੍ਰੋਵਾਈਡ ਕਰਨਗੇ ?

ਰਾਜ ਮੰਤਰੀ : ਮੈਂ ਪਹਿਲਾਂ ਵੀ ਪਿਛਲੇ ਦਿਨਾਂ ਵਿੱਚ ਸੂਚਨਾ ਦਿੱਤੀ ਸੀ ਕਿ ਇਹ ਹਦਾਇਤ ਕੀਤੀ ਗਈ ਹੈ ਕਿ ਪੈਸਾ ਉਪਲੱਬਧ ਹੋਣ ਤੋਂ 6 ਮਹੀਨੇ ਦੇ ਵਿੱਚ ਵਿੱਚ ਜਾਂ ਤਾਂ ਸੜਕ ਬਣਾ ਦਿੱਤੀ ਜਾਵੇ ਅਤੇ ਜਿਥੇ ਰਿਪੇਅਰ ਹੋਣੀ ਹੈ, ਉਥੇ ਰਿਪੇਅਰ ਕਰ ਦਿੱਤੀ ਜਾਵੇ। ਮੈਂ ਇਨ੍ਹਾਂ ਨੂੰ ਫੇਰ ਯਕੀਨ ਦਿਵਾਉਂਦਾ ਹਾਂ ਕਿ ਇਸ ਗੱਲ ਤੇ ਪੂਰੀ ਤਰ੍ਹਾਂ ਅਮਲ ਕਰਨ ਦੀ ਕੋਸ਼ਿਸ਼ ਕਰਾਂਗੇ । ਦੂਸਰਾ ਸਰਕਾਰ ਵਲੋਂ ਇਹ ਵਿਚਾਰ ਕੀਤਾ ਜਾ ਰਿਹਾ ਹੈ ਕਿ ਅਗਰ ਸੰਭਵ ਹੋਵੇ ਤਾਂ ਕੰਢੀ ਏਰੀਆ ਵਾਸਤੇ ਕੋਈ ਹੋਰ ਫੰਡ ਰਖੇ ਜਾਣ ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਟਾਈਮ ਬਾਊਂਡ ਬਾਰੇ ਭਰੋਸਾ ਤਾਂ ਦਿਵਾਇਆ ਹੈ ਕਿ ਇਸ ਤੇ ਅਮਲ ਕਰਾਂਗੇ । ਕੀ ਇਹ ਕੋਈ ਐਕਸਈਐਨ. ਲੈਵਲ ਤੇ ਐਕਸਪਰਟਸ ਦੀ ਕਮੇਟੀ ਬਣਾਉਣਗੇ, ਜਿਸ ਵਿੱਚ ਮੰਡੀਕਰਣ ਬੋਰਡ ਦਾ ਵੀ ਨੁਮਾਇੰਦਾ ਮੈਂਬਰ ਹੋਵੇ ਅਤੇ ਉਹ ਪਰਾਇਰਟੀ ਬੇਸਿਜ਼ ਤੇ ਦੇਖੇ ਕਿ ਕਿਹੜੀ ਸੜਕ ਪਹਿਲ ਮੰਗਦੀ ਹੈ। ਉਸ ਕਮੇਟੀ ਵਿੱਚ ਹਲਕੇ ਦਾ ਐਮ.ਐਲ.ਏ. ਵੀ ਲਿਆ ਜਾਵੇ । ਸਪੈਸ਼ਲੀ ਕੰਡੀ ਏਰੀਆ ਅਤੇ ਸਬ-ਮਾਊਨਟੇਨਸ ਏਰੀਆ ਦੇ ਐਮ.ਐਲ.ਏਜ਼ ਨੂੰ ਉਸ ਕਮੇਟੀ ਵਿੱਚ ਸ਼ਾਮਲ ਜ਼ਰੂਰ ਕੀਤਾ ਜਾਵੇ, ਕੀ ਇਹ ਇਸ ਤਰ੍ਹਾਂ ਦਾ ਕੋਈ ਪ੍ਰਬੰਧ ਕਰਨਗੇ ?

ਰਾਜ ਮੰਤਰੀ : ਇਸ ਤਰ੍ਹਾਂ ਦੀ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ ਜਿਸ ਵਿੱਚ ਹਲਕੇ ਦੇ ਐਮ.ਐਲ.ਏ. ਸਾਹਿਬ ਅਤੇ ਐਡਮਨਿਸਟਰੇਸ਼ਨ ਦੇ ਹੋਰ ਮੈਂਬਰ ਸ਼ਾਮਲ ਕੀਤੇ ਹਨ। ਜਿਹੜੀਆਂ ਸੜਕਾਂ ਉਹ ਕਮੇਟੀ ਅਪਰੂਵ ਕਰਕੇ ਭੇਜਿਆ ਕਰੇਗੀ, ਉਹ ਅਸੀਂ ਬਣਵਾਇਆ ਕਰਾਂਗੇ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਏਰੀਆ ਵਿੱਚ ਗੜ੍ਹਸ਼ੰਕਰ ਬਲਾਕ ਦੀਆਂ ਜਿਹੜੀਆਂ ਸੜਕਾਂ ਟੁਟੀਆਂ ਪਈਆਂ ਹਨ, ਕੀ ਇਹ ਉਨ੍ਹਾਂ ਦੀ ਵੀ ਮੁਰੰਮਤ ਕਰਾਉਣਗੇ ? (ਵਿਘਨ)

(ਕੋਈ ਜਵਾਬ ਨਹੀਂ ਆਇਆ)

ਸ੍ਰੀ ਰਮੇਸ਼ ਚੰਦਰ ਡੋਗਰਾ : ਹਰ ਆਦਮੀ ਇਹ ਮਹਿਸੂਸ ਕਰਦਾ ਹੈ ਕਿ ਅਜਿਹੇ ਸਟੈਪਸ ਨਹੀਂ ਲਏ ਜਾਂਦੇ ਜਿਨ੍ਹਾਂ ਨਾਲ ਕਿ ਸੜਕਾਂ ਬਣਾਉਣ ਦਾ ਕੰਮ ਅਤੇ ਇਨ੍ਹਾਂ ਦੀ ਰਿਪੇਅਰ ਦਾ ਕੰਮ ਠੀਕ ਤਰ੍ਹਾਂ ਨਾਲ ਹੋ ਸਕੇ । ਮੈਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਅਤੇ ਜਾਣਨਾ ਚਾਹੁੰਦਾ ਹਾਂ ਕਿ ਮਾਰਕਿਟਿੰਗ ਕਮੇਟੀਆਂ ਕੰਡੀ ਏਰੀਆ ਕੋਲ ਕੋਈ ਪੈਸਾ ਨਹੀਂ ਹੈ। ਮਾਰਕਿਟਿੰਗ ਬੋਰਡ ਕੋਲ ਵੀ ਸਬਸਟਾਂਸ਼ਿਅਲ ਫੰਡਜ਼ ਨਹੀਂ ਹਨ ਜੋ ਕਿ ਇਸ ਏਰੀਆਂ ਦੀਆਂ ਸੜਕਾਂ ਬਣਾਈਆਂ ਜਾ ਸਕਣ ਅਤੇ ਰਿਪੇਅਰ ਦਾ ਕੰਮ ਹੋ ਸਕੇ । ਇਸ ਚੀਜ਼ ਨੂੰ ਦੇਖਦੇ ਹੋਏ ਕੰਡੀ ਏਰੀਆ ਵਾਸਤੇ ਇਥੋਂ ਦੀਆਂ ਸੜਕਾਂ ਬਣਾਉਣ ਵਾਸਤੇ ਕੀ ਇਹ ਕੰਮ ਡਾਇਰੈਕਟਲੀ ਪੀ. ਡਬਲੀਊ ਡੀ. ਅਧੀਨ ਕਰ ਦਿੱਤਾ ਜਾਏਗਾ ? ਗੌਰਮਿੰਟ ਡਾਇਰੈਕਟ ਇਥੇ ਇਹ ਕੰਮ ਕਰਾਏ । ਕਿਉਂ ਨਹੀਂ ਇਥੇ ਦੀਆਂ ਸੜਕਾਂ ਦੀ ਮੁਰੰਮਤ ਦਾ ਕੰਮ ਅਤੇ ਕੰਸਟ੍ਰਕਸ਼ਨ ਦਾ ਕੰਮ ਸਰਕਾਰ ਆਪਣੇ ਅਧੀਨ ਲੈਂਦੀ ?

ਰਾਜ ਮੰਤਰੀ : ਇਸ ਤੇ ਵਿਚਾਰ ਕਰ ਲਵਾਂਗੇ ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਹਰ ਸੈਸ਼ਨ ਵਿਚ ਔਰ ਹਰ ਰੋਜ਼ ਸੜਕਾਂ ਬਣਾਉਣ ਬਾਰੇ ਅਤੇ ਪੁਲ ਬਣਾਉਣ ਬਾਰੇ ਚਰਚਾ ਹੁੰਦੀ ਹੈ। ਇਸ ਵਕਤ ਇਸ ਬਾਰੇ ਪੰਜਾਬ ਵਿਚ ਹਾਲਤ ਬੜੀ ਮਾੜੀ ਹੈ ਔਰ ਖਾਸ ਕਰਕੇ ਤਹਿਸੀਲ ਫਾਜ਼ਿਲਕਾ ਤੇ ਮੇਰੇ ਬਾਰਡਰ ਦੇ ਏਰੀਆ ਵਿਚ ਸੜਕਾਂ ਦੀ ਹਾਲਤ ਬਹੁਤ ਭੈੜੀ ਹੈ। ਕੀ ਮਨਿਸਟਰ ਸਾਹਿਬ ਉਥੇ ਦਾ ਸਰਵੇਖਣ ਕਰਾਕੇ ਜਿਨ੍ਹਾਂ ਪਿੰਡਾਂ ਨੂੰ ਸੜਕਾਂ ਨਹੀਂ ਲਗੀਆਂ ਉਨ੍ਹਾਂ ਪਿੰਡਾਂ ਨੂੰ ਸੜਕਾਂ ਨਾਲ ਜੋੜਨਗੇ ? ਹਾਲਤ ਇਹ ਹੈ ਕਿ ਪਿਛਲੀ ਮਾਰਕਿਟਿੰਗ ਕਮੇਟੀ ਦੀ ਉਥੇ ਚੋਣ ਨਹੀਂ ਹੋਈ ਔਰ ਨਾਮਜ਼ਦਗੀ ਹੁੰਦੀ ਹੈ। ਉਸ ਵਿਚ ਕਾਣੀ ਵੰਡ ਹੁੰਦੀ ਹੈ ਅਤੇ ਇਸ ਕਾਣੀ ਵੰਡ ਨੂੰ ਛਡ ਕੇ ਜਿਥੇ ਜਿਥੇ ਸੜਕ ਦੀ ਰਿਪੇਅਰ ਦੀ ਲੋੜ ਹੈ ਜਾਂ ਸੜਕਾਂ ਦੀ ਲੋੜ ਹੈ ਉਥੇ ਉਥੇ ਇਹ ਕੰਮ ਕਰਾਉਣਗੇ ?

ਰਾਜ ਮੰਤਰੀ : ਮੈਂ ਬੇਨਤੀ ਕਰਾਂਗਾ ਕਿ ਜੇ ਕੋਈ ਖਾਸ ਸੜਕ ਦਾ ਜ਼ਿਕਰ ਹੈ ਤਾਂ ਉਹ ਮੈਨੂੰ ਦੱਸ ਦੇਣ । ਉਸ ਬਾਰੇ ਅਸੀਂ ਸਰਵੇ ਕਰਾਕੇ ਦੇਖ ਲਵਾਂਗੇ ।

Loans granted by the Punjab Scheduled Castes Land Development and Finance Corporation

*695. **Shri Mohinder Singh K. P. :** Will the Minister of State for the Welfare of Scheduled Castes and Backward Classes be pleased to state—

(a) the number of persons belonging to the Scheduled Castes who are sanctioned loans by the Punjab Scheduled Castes Land Development and Finance Corporation in a financial year ;

(b) whether the amount of interest accruing on the loans referred to in part (a) above is paid by the Government; if not, whether the Government proposes to do so?

ਸਰਦਾਰ ਦਲੀਪ ਸਿੰਘ ਪਾਂਧੀ : (ੳ) (1) ਇਸ ਕਾਰਪੋਰੇਸ਼ਨ ਦੁਆਰਾ ਸਿੱਧੇ ਤੌਰ ਤੇ ਵਿੱਤੀ ਸਾਲ ਦੌਰਾਨ 28 ਫਰਵਰੀ, 1987 ਤੱਕ 88.48 ਲੱਖ ਰੁਪਏ ਦੇ ਕਰਜ਼ੇ 806 ਲਾਭ-ਪਾਤਰੀਆਂ ਨੂੰ ਮਨਜ਼ੂਰ ਕੀਤੇ ਗਏ ਹਨ।

(2) ਇਸੇ ਕਾਰਪੋਰੇਸ਼ਨ ਦੁਆਰਾ ਵਿੱਤੀ ਸਾਲ ਦੌਰਾਨ 28 ਫਰਵਰੀ, 1987 ਤੱਕ ਬੈਂਕਾਂ ਰਾਹੀਂ ਕਰਜ਼ੇ ਵੰਡਣ ਦੀ ਸਕੀਮ ਅਧੀਨ 21,689 ਲਾਭਪਾਤਰੀਆਂ ਨੂੰ 1,200.52 ਲੱਖ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਹਨ, ਜਿਸ ਵਿੱਚ 390.05 ਲੱਖ ਰੁਪਏ ਦੀ ਪੂੰਜੀ ਸਹਾਇਤਾ ਰਾਸ਼ੀ ਵੀ ਸ਼ਾਮਲ ਹੈ।

(ਅ) ਨਹੀਂ ਜੀ। ਅਜੇ ਸਰਕਾਰ ਦੇ ਵਿਚਾਰ ਅਧੀਨ ਅਜਿਹੀ ਕੋਈ ਤਜਵੀਜ਼ ਨਹੀਂ ਹੈ।

ਸ਼੍ਰੀ ਮਹਿੰਦਰ ਸਿੰਘ ਕੇ. ਪੀ. : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਕਾਰਪੋਰੇਸ਼ਨ ਦੁਆਰਾ ਬੈਂਕਾਂ ਰਾਹੀਂ ਕਰਜ਼ੇ ਵੰਡਣ ਦੀ ਸਕੀਮ ਹੈ। ਸਪੀਕਰ ਸਾਹਿਬ, ਇਹ ਪੈਸੇ ਪੰਜਾਬ ਸਰਕਾਰ ਦੁਆਰਾ ਨਹੀਂ ਦਿੱਤੇ ਜਾਂਦੇ ਜਿਸ ਕਰਕੇ ਲੋਕਾਂ ਨੂੰ ਦਿੱਕਤ ਪੇਸ਼ ਆਉਂਦੀ ਹੈ। ਕੀ ਇਹ ਕਰਜ਼ੇ ਕਾਰਪੋਰੇਸ਼ਨ ਦੁਆਰਾ, ਬਾਕੀ ਦੇ ਬੈਂਕਾਂ ਦੀ ਬਜਾਏ, ਸਰਕਾਰ ਆਪ ਸਿੱਧੇ ਲੋਕਾਂ ਨੂੰ ਦੇਵੇਗੀ?

ਰਾਜ ਮੰਤਰੀ : ਦੋ ਤਿੰਨ ਸਕੀਮਾਂ ਅਧੀਨ ਕਾਰਪੋਰੇਸ਼ਨ ਕਰਜ਼ੇ ਡਾਇਰੈਕਟ ਦਿੰਦੀ ਹੈ ਔਰ ਕੁਝ ਬੈਂਕਾਂ ਦੁਆਰਾ ਦਿੱਤੇ ਜਾਂਦੇ ਹਨ। ਬੈਂਕਾਂ ਵਾਲੇ ਕੋਈ ਪ੍ਰੇਸ਼ਾਨੀ ਨਹੀਂ ਕਰਦੇ। ਜੇਕਰ ਕੋਈ ਸਪੈਸੇਫਿਕ ਕੇਸ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਇਹ ਮੈਨੂੰ ਦੇ ਦੇਣ, ਜੇਕਰ ਉਸ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਉਸ ਨੂੰ ਦੂਰ ਕਰਾ ਦਿਆਂਗੇ।

ਸ਼੍ਰੀ ਮਹਿੰਦਰ ਸਿੰਘ ਕੇ.ਪੀ. : ਬੈਂਕਾਂ ਵਾਲੇ ਕਰਜ਼ੇ ਨਹੀਂ ਦਿੰਦੇ।

(ਅ) ਸਵਾਲ ਦੇ ਜਵਾਬ ਵਿਚ ਕਿਹਾ ਗਿਆ ਹੈ ਕਿ 'ਅਜੇ ਸਰਕਾਰ ਦੇ ਵਿਚਾਰ ਅਧੀਨ ਅਜਿਹੀ ਕੋਈ ਤਜਵੀਜ਼ ਨਹੀਂ ਹੈ'। ਕੀ ਇਹ ਸਕੀਮ ਦੁਬਾਰਾ ਲਾਗੂ ਕਰਾਉਣਗੇ?

ਰਾਜ ਮੰਤਰੀ : ਮਿਤੀ 1 ਅਪਰੈਲ, 1987 ਤੋਂ ਉਹ ਸਕੀਮ ਬੰਦ ਕਰ ਦਿੱਤੀ ਹੈ। ਜਿਹੜੇ ਪ੍ਰਅਰੈਸਟ ਤੋਂ ਪ੍ਰਅਰੈਸਟ ਸਨ ਪਹਿਲਾਂ ਉਨ੍ਹਾਂ ਨੂੰ 2,000 ਤੋਂ 20,000 ਤਕ ਦਿੰਦੇ ਸੀ। 1 ਅਪਰੈਲ, 1987 ਤੋਂ 10,000 ਤਕ ਦਿੰਦੇ ਹਾਂ। ਜੇਕਰ ਅਜੇ ਵੀ ਕਾਰਪੋਰੇਸ਼ਨ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਇਹ ਸਪੈਸੇਫੀਕਲੀ ਮੈਨੂੰ ਦਸ ਦੇਣ, ਅਸੀਂ ਉਸ ਦਿੱਕਤ ਨੂੰ ਦੂਰ ਕਰਾ ਦਿਆਂਗੇ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕਰਜ਼ੇ ਕਾਰਪੋਰੇਸ਼ਨ ਵਲੋਂ ਮਨਜ਼ੂਰ ਹੋ ਕੇ ਬੈਂਕਾਂ ਦੀ ਮਾਰਫਤ ਦਿਤੇ ਜਾਂਦੇ ਹਨ, ਮੈਂ ਮਿਸਾਲ ਦੇਣੀ ਚਾਹੁੰਦਾ ਹਾਂ ਕਿ ਜਲੰਧਰ ਦੀ ਕਾਰਪੋਰੇਸ਼ਨ ਦੇ ਅਫਸਰਾਂ ਨੇ 4 ਕਰਜ਼ੇ ਰਿਕੁਮੈਂਡ ਕਰਕੇ ਕੇਨਾਰਾ ਬੈਂਕ ਨੂੰ ਭੇਜੇ ਅਤੇ ਉਸ ਬੈਂਕ ਨੇ ਚਾਰੇ ਕਰਜ਼ੇ ਰਿਫਿਊਜ਼ ਕਰ ਦਿਤੇ ਕਿ ਸਾਡਾ ਕੋਟਾ ਪੂਰਾ ਹੋ ਗਿਆ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਜਿੰਨੇ ਕਰਜ਼ੇ ਬੈਂਕਾਂ ਦੀ ਮਾਰਫਤ ਕਾਰਪੋਰੇਸ਼ਨ ਵਾਲੇ ਦੇ ਰਹੇ ਹਨ ਉਨ੍ਹਾਂ ਵਿਚੋਂ ਬਹੁਤ ਘੱਟ ਗਿਣਤੀ ਵਿਚ ਸ਼ਡਿਊਲਡ ਕਾਸਟਸ ਨੂੰ ਉਹ ਕਰਜ਼ੇ ਮਿਲਦੇ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਬੜੀ ਔਕੜ ਪੇਸ਼ ਆਉਂਦੀ ਹੈ। ਇਸ ਲਈ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਿਸ ਤਰ੍ਹਾਂ ਬਿਜਲੀ ਬੋਰਡ ਦੀ ਗਰੰਟੀ ਦੇ ਕੇ ਪੰਜਾਬ ਸਰਕਾਰ ਉਸ ਨੂੰ ਪੈਸੇ ਦਿੰਦੀ/ਦਿਵਾਉਂਦੀ ਹੈ ਇਸੇ ਤਰ੍ਹਾਂ ਉਨ੍ਹਾਂ ਗਰੀਬ ਲੋਕਾਂ ਦੀ ਵੀ ਪੰਜਾਬ ਸਰਕਾਰ ਗਾਰੰਟੀ ਦੇ ਕੇ ਉਨ੍ਹਾਂ ਨੂੰ ਬੈਂਕਾਂ ਤੋਂ ਸਿੱਧੇ ਕਰਜ਼ੇ ਦਿਵਾਏਗੀ ਤਾਕਿ ਉਨ੍ਹਾਂ ਗਰੀਬ ਲੋਕਾਂ ਨੂੰ ਸਾਰੇ ਕਰਜ਼ੇ ਮਿਲ ਸਕਣ?

ਰਾਜ ਮੰਤਰੀ : ਇਹ ਸਪੈਸੀਫਿਕ ਨਹੀਂ ਹੈ ਕਿਉਂਕਿ ਜੋ ਸਵਾਲ ਸੀ ਉਸ ਦੇ ਮੁਤਾਬਿਕ ਮੇਰੇ ਕੋਲ ਵੇਰਵਾ ਹੈ। ਇਹ ਸਪੈਸੀਫਿਕ ਇਨਸਟਾਂਸ ਦੇ ਦੇਣ, ਨੋਟਿਸ ਵਿਚ ਲਿਆ ਦੇਣ, ਮੈਂ ਉਨ੍ਹਾਂ ਦੇ ਕਰਜ਼ੇ ਮਨਜ਼ੂਰ ਕਰਵਾ ਦਿਆਂਗਾ।

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਪੋਰੇਸ਼ਨ ਦਾ ਸ਼ੇਅਰ ਕੈਪੀਟਲ ਹੋਰ ਵਧਾਉਣ ਦਾ ਸਰਕਾਰ ਦਾ ਮਨਸ਼ਾ ਹੈ ਤਾਕਿ ਸ਼ੇਅਰ ਕੈਪੀਟਲ ਵਧ ਜਾਵੇ ਕਾਰਪੋਰੇਸ਼ਨ ਦਾ ਅਤੇ ਇਸ ਤਰ੍ਹਾਂ ਗਰੀਬ ਲੋਕਾਂ ਨੂੰ, ਸ਼ਡਿਊਲਡ ਕਾਸਟਸ ਲੋਕਾਂ ਨੂੰ ਸਿੱਧੇ ਕਰਜ਼ੇ ਮਿਲਣ, ਉਨ੍ਹਾਂ ਦੀ ਜ਼ਿਆਦਾ ਮੱਦਦ ਹੋ ਸਕੇ । ਕੀ ਇਹ ਸਰਕਾਰ ਦੇ ਗੌਰ ਅਧੀਨ ਹੈ ?

ਰਾਜ ਮੰਤਰੀ : ਵੈਸੇ ਇਸ ਦੀ ਰੇਲੇਵੇਂਸੀ ਨਹੀਂ ਹੈ । ਇਹ ਗਰੀਬਾਂ ਦੀ ਸੇਵਾ ਕਰਨ ਵਾਲੀ ਸਰਕਾਰ ਹੈ । ਅਕਾਲੀ ਦਲ ਦੀ ਉਦੋਂ ਸਰਕਾਰ ਸੀ ਅਤੇ ਡਾਕਟਰ ਭਗਤ ਸਿੰਘ ਉਦੋਂ ਮਨਿਸਟਰ ਸਨ, 1977 ਵਿਚ ਉਦੋਂ ਇਹ ਕਾਰਪੋਰੇਸ਼ਨ ਬਣੀ ਸੀ ਅਤੇ ਉਦੋਂ ਇਸ ਕਾਰਪੋਰੇਸ਼ਨ ਲਈ 10 ਕਰੋੜ ਰੁਪਏ ਦਾ ਬਜਟ ਵਿਚ ਉਪਬੰਧ, ਪਰੋਵੀਜ਼ਨ ਕੀਤਾ ਗਿਆ ਸੀ । ਸੋ ਸਾਡੀ ਪਾਰਟੀ ਨੂੰ ਇਸ ਦਾ ਕਰੈਡਿਟ ਜਾਂਦਾ ਹੈ । ਜਦੋਂ ਵੀ ਸਾਡੀ ਸਰਕਾਰ ਆਉਂਦੀ ਹੈ, ਅਸੀਂ ਲੋਕਾਂ ਦਾ ਜ਼ਿਆਦਾ ਫਾਇਦਾ, ਭਲਾਈ ਕਰਦੇ ਹਾਂ । ਇਨ੍ਹਾਂ ਨੇ ਉਨ੍ਹਾਂ ਲਈ 25 ਹਜ਼ਾਰ ਰੁਪਿਆ ਰੱਖਿਆ ਸੀ ਲੇਕਿਨ ਅਸੀਂ ਉਨ੍ਹਾਂ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ 1 ਲੱਖ ਰੁਪਿਆ ਕਰਜ਼ਾ ਦੇਣ ਦਾ ਉਪਬੰਧ ਕਰ ਰਹੇ ਹਾਂ । ਅਸੀਂ ਕੋਈ ਤਕਲੀਫ ਨਹੀਂ ਰਹਿਣ ਦੇਣੀ । (ਥੰਪਿੰਗ) ਕੋਈ ਠੀਕ ਰਾਏ ਦੇਣ, ਸਰਕਾਰ ਮੰਨਣ ਲਈ ਤਿਆਰ ਹੈ । ਅਸੀਂ ਗਰੀਬ ਲੋਕਾਂ ਨੂੰ ਹਰ ਸੰਭਵ ਸਹਾਇਤਾ ਦੇਣ ਲਈ ਵਚਨਬੱਧ ਹਾਂ ।

ਸ੍ਰੀ ਜਗਜੀਤ ਸਿੰਘ : ਇਹ ਗਲਤ ਸਟੇਟਮੈਂਟ ਦੇ ਰਹੇ ਹਨ । ਇਨ੍ਹਾਂ ਨੇ 1 ਲੱਖ ਰੁਪਿਆ ਦੇਣ ਦੀ ਗੱਲ ਕੀਤੀ ਹੈ ।

ਸਰਦਾਰ ਭਾਗ ਸਿੰਘ : ਮੇਰੇ ਇਲਾਕੇ ਵਿਚ ਬਿਰਲਾ ਫਾਰਮ ਹੈ । ਉਥੇ ਉਨ੍ਹਾਂ ਲੋਕਾਂ ਨੂੰ 5-5 ਹਜ਼ਾਰ ਰੁਪਏ ਕਰਜ਼ਾ ਦਿੱਤਾ ਗਿਆ । ਉਸ ਰਕਮ ਉਤੇ ਇੰਟਰੈਸਟ ਪੈ ਕੇ ਉਹ ਰਕਮ ਕਈ ਕਈ ਹਜ਼ਾਰ ਰੁਪਏ ਹੋ ਗਈ ਹੈ । ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਉਨ੍ਹਾਂ ਦਾ ਇਹ ਇੰਟਰੈਸਟ ਮੁਆਫ ਕਰਕੇ ਉਨ੍ਹਾਂ ਨੂੰ ਰਿਲੀਫ ਦੇਣਗੇ ?

ਰਾਜ ਮੰਤਰੀ : ਇਹ ਵੀ ਇਸ ਨਾਲ ਸਬੰਧਤ ਨਹੀਂ ਹੈ । ਅਸਲ ਕਰਜ਼ਾ ਦੇਣ ਦਾ ਮਤਲਬ ਕੋਈ ਲਾਭ ਪਹੁੰਚਾਉਣਾ ਹੁੰਦਾ ਹੈ । ਇਨ੍ਹਾਂ ਨੇ ਆਪ ਹੀ ਇਸ ਦੀ ਦੁਰਵਰਤੋਂ ਕਰਵਾ ਕੇ ਹੁਣ ਆਪ ਹੀ ਉਨ੍ਹਾਂ ਦਾ ਕੇਸ ਪਲੀਡ ਕਰਦੇ ਹਨ । ਇਹ ਨੋਟਿਸ ਵਿਚ ਲਿਆਉਣ, ਸਰਕਾਰ ਮਾਮਲੇ ਨੂੰ ਕੰਸਿਡਰ ਕਰਨ ਲਈ ਤਿਆਰ ਹੈ ।

Contribution of the State Government towards Guru Ravi Dass Chair

***641. Shri Jagjit Singh** : Will the Chief Minister be pleased to state the amount contributed by the State Government towards Guru Ravi Dass Chair in the Panjab University during the last three years?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) :

(ੳ)	1983-84	...	15,779.60
(ਅ)	1984-85	...	25,164.00
(ੲ)	1985-86	...	21,377.40
	ਕੁਲ ਜੋੜ	...	62,321.00

ਸ੍ਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਗੁਰੂ ਰਵਿਦਾਸ ਜੀ ਦੀ ਐਨੀ ਪਵਿੱਤਰ ਬਾਣੀ ਹੈ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦੇ 40 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਸਨ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਦੇਸ਼ ਦੇ ਵਿਚ ਹੋਰ ਜਿਹੜੀਆਂ ਉਸ ਵੇਲੇ ਕਿਤਾਬਾਂ ਲਿਖੀਆਂ ਗਈਆਂ, ਉਨ੍ਹਾਂ ਵਿਚ ਸ਼ਾਮਲ ਹੈ। ਗੁਰੂ ਰਵਿਦਾਸ ਚੇਅਰ ਪੰਜਾਬ ਯੂਨੀਵਰਸਿਟੀ ਵਿੱਚ ਬਣਾਈ ਗਈ ਹੈ ਲੇਕਿਨ, ਸਪੀਕਰ ਸਾਹਿਬ, ਫੰਡਜ਼ ਦੀ ਘਾਟ ਹੋਣ ਦੀ ਖਾਤਰ ਜੋ ਵਜ਼ੀਰ ਸਾਹਿਬ ਨੇ ਵੇਰਵਾ ਦਿੱਤਾ ਹੈ ਕਿ 62321 ਰੁਪਏ ਸਾਲ 1983 ਤੋਂ 1986 ਤਕ ਉਸ ਚੇਅਰ ਵਾਸਤੇ ਪੰਜਾਬ ਸਰਕਾਰ ਨੇ ਗਰਾਂਟ ਦਿੱਤੀ ਹੈ ਮੈਂ ਸਮਝਦਾ ਹਾਂ ਕਿ ਉਹ ਬਹੁਤ ਘੱਟ ਹੈ। ਗੁਰੂ ਸਾਹਿਬ ਦੀ ਬਾਣੀ ਦੀ ਰਿਸਰਚ ਜੋ ਹੈ ਉਹ ਹੋਣੀ ਚਾਹੀਦੀ ਹੈ ਔਰ ਜਿਥੇ ਕਿਥੇ ਵੀ ਉਨ੍ਹਾਂ ਦੀ ਬਾਣੀ ਕਿਸੇ ਵੀ ਗਰੰਥ ਵਿੱਚ ਅੰਕਿਤ ਹੈ ਉਹ ਇਕੱਠੀ ਕਰਕੇ ਲੋਕਾਂ ਦੇ ਗਿਆਨ ਵਾਸਤੇ, ਲੋਕਾਂ ਦੀ ਰੋਸ਼ਨੀ ਵਾਸਤੇ ਅਗੇ ਲਿਆਉਣੀ ਚਾਹੀਦੀ ਹੈ। ਮੈਂ ਤੁਹਾਡੀ ਮਾਰਫਤ, ਸਪੀਕਰ ਸਾਹਿਬ, ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਚੇਅਰ ਵਾਸਤੇ ਜੋ ਸਹਾਇਤਾ ਦਿੱਤੀ ਗਈ ਹੈ ਉਹ ਇਸ ਸਾਲ ਵਿੱਚ ਅਤੇ ਆਉਣ ਵਾਲੇ ਸਾਲਾਂ ਵਿਚ ਉਸ ਸਹਾਇਤਾ ਨੂੰ ਵਧਾਉਣਗੇ ?

ਸਹਿਕਾਰਤਾ ਮੰਤਰੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਗੁਰੂ ਰਵਿਦਾਸ ਜੀ ਦਾ ਸਮਾਜ ਵਿੱਚ ਜੋ ਯੋਗਦਾਨ ਹੈ ਉਸ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਇਹ ਚੇਅਰ ਕਰੀਏਟ ਕੀਤੀ ਗਈ ਸੀ ਲੇਕਿਨ ਇਸ ਦਾ ਖਰਚ ਸੈਂਟਰਲ ਗੌਰਮਿੰਟ ਦੀਆਂ ਇਨਸਟ੍ਰੱਕਸ਼ਨਜ਼ ਰਾਹੀਂ ਹੀ ਕੀਤਾ ਜਾਂਦਾ ਹੈ। 60 ਪ੍ਰਤੀਸ਼ਤ ਯੂ.ਟੀ. ਐਡਮਨਿਸਟਰੇਸ਼ਨ ਖਰਚ ਦਿੰਦੀ ਹੈ ਅਤੇ 40 ਪ੍ਰਤੀਸ਼ਤ ਪੰਜਾਬ ਗੌਰਮਿੰਟ ਕਰਦੀ ਹੈ। ਮੈਂ ਸਮਝਦਾ ਹਾਂ ਕਿ ਜਦੋਂ ਵੀ ਸੈਂਟਰਲ ਗੌਰਮਿੰਟ ਨੇ ਇਨਸਟ੍ਰੱਕਸ਼ਨਜ਼ ਦਿੱਤੀਆਂ, ਜਦੋਂ 60 ਪ੍ਰਤੀਸ਼ਤ ਯੂ.ਟੀ. ਐਡਮਨਿਸਟਰੇਸ਼ਨ ਨੇ ਖਰਚ ਕੀਤਾ ਤਾਂ ਉਦੋਂ ਉਸ ਦੇ ਨਾਲ 40 ਪ੍ਰਤੀਸ਼ਤ ਖਰਚਾ ਪੰਜਾਬ ਸਰਕਾਰ ਨੇ ਕੀਤਾ ਹੈ। ਜੇ ਹੋਰ ਇੰਸ-ਟ੍ਰੱਕਸ਼ਨਜ਼ ਸੈਂਟਰਲ ਗੌਰਮਿੰਟ ਦੇਵੇਗੀ ਤਾਂ ਫਿਰ ਉਸ ਦੇ ਮੁਤਾਬਿਕ ਹੋ ਸਕਦਾ ਹੈ।

ਸ੍ਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਜਿਹੜੀ ਅਕਾਲੀ ਸਰਕਾਰ ਹੈ ਔਰ ਧਰਮ ਨੂੰ ਮੰਨਣ ਵਾਲੀ ਹੈ, ਇਸ ਦੇ ਵਿਚ ਕੰਡੀਸ਼ਨ ਵਾਲੀ ਕੋਈ ਗੱਲ ਨਹੀਂ ਕਿ ਸੈਂਟਰਲ ਗੌਰਮਿੰਟ ਕੋਈ ਇਨਸਟ੍ਰੱਕਸ਼ਨਜ਼ ਕਰੇਗੀ ਜਾਂ ਯੂ. ਟੀ. ਐਡ-ਮਨਿਸਟਰੇਸ਼ਨ ਖਰਚ ਕਰੇਗੀ ਤਾਂ ਪੰਜਾਬ ਸਰਕਾਰ ਕਰੇਗੀ, ਮੇਰਾ ਸਿੱਧਾ ਜਿਹਾ ਸਵਾਲ ਹੈ ਕਿ ਅਕਾਲੀ ਸਰਕਾਰ ਜਿਹੜੀ ਪੰਜਾਬ ਦੀ ਸਰਕਾਰ ਹੈ ਔਰ ਉਹ ਧਰਮ ਨੂੰ ਮੰਨਣ ਵਾਲੀ ਸਰਕਾਰ ਹੈ ਕੀ ਉਹ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਪ੍ਰਾਪਤ ਕਰਨ ਲਈ, ਉਨ੍ਹਾਂ ਦੀ ਬਾਣੀ ਜੋ ਹੋਰ ਕਿਧਰੇ ਕਿਤਾਬਾਂ ਵਿੱਚ ਜਾਂ ਗਰੰਥਾਂ ਵਿੱਚ ਪਈ ਹੈ ਉਸ ਦੀ ਖੋਜ ਕਰਨ ਲਈ ਪੰਜਾਬ ਸਰਕਾਰ ਆਪਣੇ ਤੌਰ ਤੇ ਇਸ ਦੇ ਵਾਸਤੇ ਕੋਈ ਹੋਰ ਪੈਸਾ ਖਰਚ ਕਰੇਗੀ ?

ਦੂਸਰਾ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ....

ਸ੍ਰੀ ਸਪੀਕਰ: ਇਸ ਦੇ ਵਿੱਚ ਹੀ ਆਨਸਰ ਆ ਜਾਵੇਗਾ।

ਸ੍ਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਇਸ ਦੇ ਨਾਲ ਹੀ ਦੂਸਰਾ ਸਵਾਲ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਗੁਰੂ ਰਵਿਦਾਸ ਚੇਅਰ ਜੋ ਪੰਜਾਬ ਯੂਨੀਵਰਸਿਟੀ ਵਿੱਚ ਖੋਲ੍ਹੀ ਗਈ ਹੈ ਉਥੋਂ ਕਿੰਨੇ ਲੋਕਾਂ ਨੇ ਪੀ.ਐਚ.ਡੀ. ਕੀਤੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਮਾਨਯੋਗ ਮੈਂਬਰ ਸਾਹਿਬ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਧਰਮ ਮੰਨਣ ਵਾਲੀ ਪਾਰਟੀ ਮੰਨਿਆ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ--According to Section 72 of the Punjab Reorganisation Act, 1966 ਇਸ ਦੇ ਤਹਿਤ 40 ਪ੍ਰਤੀਸ਼ਤ ਅਸੀਂ ਦੇ ਸਕਦੇ ਹਾਂ ਔਰ ਇਹ on the instructions of the Central Government ਹੀ ਦਿੱਤਾ ਜਾ ਸਕਦਾ ਹੈ। ਅਸੀਂ ਇਸ ਤੋਂ ਬਾਹਰ ਨਹੀਂ ਜਾ ਸਕਦੇ। ਮੈਂ ਪਹਿਲਾਂ ਵੀ ਕਿਹਾ ਹੈ ਕਿ ਜੋ ਸੈਂਟਰਲ ਗੌਰਮਿੰਟ ਇਨਸਟ੍ਰੱਕਸ਼ਨਜ਼ ਦਿੰਦੀ ਹੈ, ਜੋ ਯੂ.ਟੀ. ਐਡਮਨਿਸਟਰੇਸ਼ਨ ਖਰਚ ਕਰਦੀ ਹੈ ਉਸ ਦੇ ਵਿਚ ਅਸੀਂ ਆਪਣਾ ਬਣਦਾ ਹਿੱਸਾ ਪਾਉਂਦੇ ਹਾਂ।

Recruitment to the posts of B.Ed. Teachers.

*696. **Shri Mohinder Singh K.P.:** Will the Chief Minister be pleased to state—

(a) whether any recruitment to the posts of B.Ed. teachers was ever made since, 1977; if so, the details thereof, if not, the reasons therefor;

(b) the time by which the shortage of B.Ed. teachers is likely to be met with ?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) : (ੳ) ਸਟੇਟਮੈਂਟ ਜਿਸ ਵਿਚ ਬੀ. ਐਡ. ਮਾਸਟਰਾਂ ਦੀ ਭਰਤੀ ਸਬੰਧੀ ਸਥਿੱਤੀ ਦਸੀ ਗਈ ਹੈ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਮਾਸਟਰਾਂ/ਮਿਸਟ੍ਰੈਸਾਂ ਦੀਆਂ ਖਾਲੀ ਆਸਾਮੀਆਂ ਨੂੰ ਭਰਨ ਲਈ ਮੰਗ ਪੱਤਰ ਵਿਭਾਗੀ ਚੋਣ ਕਮੇਟੀ ਨੂੰ ਭੇਜ ਦਿੱਤਾ ਗਿਆ ਹੈ।

ਸਟੇਟਮੈਂਟ

(ੳ) **ਜੀ ਹਾਂ । ਸਥਿਤੀ ਨਿਮਨ ਲਿਖਤ ਹੈ :—**

1977	—	1903
1980	...	1064
1984	..	442

ਸ਼੍ਰੀ ਮਹਿੰਦਰ ਸਿੰਘ ਕੇ.ਪੀ. : ਸਪੀਕਰ ਸਾਹਿਬ, ਇਹ ਜਿਹੜੀ ਸਦਨ ਦੀ ਮੇਜ਼ ਤੇ ਇਨ੍ਹਾਂ ਨੇ ਸਟੇਟਮੈਂਟ ਰਖੀ ਹੈ ਕਿ ਸਾਲ 1977, 1980 ਅਤੇ 1984 ਵਿੱਚ ਭਰਤੀ ਕੀਤੀ ਗਈ ਹੈ, ਮੈਂ ਤੁਹਾਡੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਲ 1985-86 ਔਰ 1986-87 ਵਿੱਚ ਵੀ ਕੋਈ ਇਨ੍ਹਾਂ ਨੇ ਭਰਤੀ ਕੀਤੀ ਹੈ ; ਜੇ ਨਹੀਂ ਕੀਤੀ, ਤਾਂ ਇਸ ਦੇ ਕੀ ਕਾਰਨ ਹਨ ?

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, 1977 ਦੇ ਵਿਚ 1903 ਟੀਚਰ ਭਰਤੀ ਕੀਤੇ ਗਏ, 1980 ਵਿਚ 1064 ਅਤੇ 1984 ਵਿਚ 442। ਉਸ ਤੋਂ ਬਾਅਦ ਕੋਈ ਭਰਤੀ ਨਹੀਂ ਕੀਤੀ ਗਈ। ਜਿਨ੍ਹਾਂ ਟੀਚਰਾਂ ਦੀ ਬਹੁਤ ਜ਼ਿਆਦਾ ਲੋੜ ਸੀ ਉਨ੍ਹਾਂ ਨੂੰ ਐਡਹਾਕ ਬੇਸਿਜ਼ ਤੇ ਭਰਤੀ ਕੀਤਾ ਗਿਆ ਸੀ। ਹੁਣ ਵਿਭਾਗ ਦੀ ਚੋਣ ਕਮੇਟੀ ਬਣਾ ਦਿਤੀ ਹੈ, ਉਸ ਦੇ ਰਾਹੀਂ ਲੋੜੀਂਦੇ ਟੀਚਰ ਭਰਤੀ ਕਰਨ ਦਾ ਵਿਚਾਰ ਹੈ।

ਸ੍ਰੀ ਮਹਿੰਦਰ ਸਿੰਘ ਕੇ.ਪੀ. : ਸਪੀਕਰ ਸਾਹਿਬ, ਗਵਰਨਰ ਐਡਰੈਸ ਵਿਚ ਆਇਆ ਹੈ ਕਿ ਪੰਜਾਬ ਸਰਕਾਰ ਨੇ 300 ਸਕੂਲ ਅਪਗਰੇਡ ਕੀਤੇ ਹਨ। ਪਹਿਲਾਂ ਹੀ ਸਕੂਲਾਂ ਵਿਚ ਮਾਸਟਰਾਂ ਦੀ ਬੜੀ ਘਾਟ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਅਪ੍ਰੈਲ ਵਿਚ ਸੈਸ਼ਨ ਆਵੇਗਾ ਕੀ ਉਸ ਵਿਚ ਮਾਸਟਰਾਂ ਦੀ ਘਾਟ ਪੂਰੀ ਕੀਤੀ ਜਾਵੇਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਦਸਿਆ ਹੈ ਕਿ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਲਈ ਮੁੱਖ ਰਖਦਿਆਂ ਹੀ ਚੋਣ ਕਮੇਟੀ ਬਣਾਈ ਗਈ ਹੈ। 209 ਦੇ ਕਰੀਬ ਸਾਇੰਸ ਟੀਚਰਾਂ ਦੀਆਂ ਆਸਾਮੀਆਂ ਲਈ ਅਰਜ਼ੀਆਂ ਮੰਗੀਆਂ ਹਨ। ਜਿਥੋਂ ਤਕ ਨਵੇਂ ਸਕੂਲ ਅਪਗਰੇਡ ਕਰਨ ਦੀ ਗਲ ਹੈ ਇਹ ਅਪਗਰੇਡ ਤਾਂਹੀ ਕੀਤੇ ਹਨ ਜੇ ਉਨ੍ਹਾਂ ਵਿਚ ਟੀਚਰਜ਼ ਜਾਣਗੇ। ਆਉਣ ਵਾਲੇ ਸੈਸ਼ਨ ਵਿਚ ਲਾਜ਼ਮੀ ਤੌਰ ਤੇ ਟੀਚਰਜ਼ ਪਹੁੰਚ ਜਾਣਗੇ।

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਸਿਧੀ ਭਰਤੀ ਤੇ ਰੋਕ ਲਗੀ ਹੋਈ ਸੀ ਅਤੇ ਲੋੜ ਅਨੁਸਾਰ ਕਿਤੇ ਕਿਤੇ ਐਡਹਾਕ ਬੇਸਿਜ਼ ਤੇ ਕੁਝ ਭਰਤੀ ਕੀਤੀ ਗਈ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਐਡਹਾਕ ਭਰਤੀ ਕੀਤੀ ਗਈ ਹੈ ਕੀ ਉਸ ਦੇ ਵਿਚ ਸ਼ਡਿਊਲਡ ਕਾਸਟਸ ਦਾ 25 ਪ੍ਰਤੀਸ਼ਤ ਕੋਟਾ ਰਖਿਆ ਗਿਆ ਹੈ; ਜੇ ਨਹੀਂ ਰਖਿਆ ਗਿਆ ਤਾਂ ਕੀ ਇਸ ਵੇਲੇ ਪੂਰਾ ਕਰਨਗੇ ? ਇਹ ਤਾਂ ਨਹੀਂ ਹੋਵੇਗਾ ਕਿ ਜਿਹੜੇ ਐਡਹਾਕ ਬੇਸਿਜ਼ ਤੇ ਰਖੇ ਹੋਏ ਹਨ ਇਹ ਕਰ ਲਿਆ ਜਾਵੇ ਕਿਉਂਕਿ ਉਨ੍ਹਾਂ ਦਾ ਇੰਨਾ ਤਜਰਬਾ ਹੋ ਗਿਆ ਇਸ ਲਈ ਉਨ੍ਹਾਂ ਨੂੰ ਕੰਨਫਰਮ ਕਰ ਦਿਓ ਔਰ ਉਸ ਦੇ ਵਿਚ ਸਾਡਾ ਕੋਟਾ ਪੂਰਾ ਨਾ ਹੋਵੇ; ਕੀ ਇਸ ਦੇ ਮੁਤਅੱਲਕ ਦਸਣਗੇ ?

ਮੰਤਰੀ : ਉਨ੍ਹਾਂ ਦਾ ਕੋਟਾ ਪੂਰਾ ਕਰਨ ਦੇ ਯਤਨ ਕਰਾਂਗੇ।

ਸ੍ਰੀ ਜਗਜੀਤ ਸਿੰਘ : ਯਤਨ ਕਰਨਗੇ ਜਾਂ ਪੂਰਾ ਕਰਨਗੇ ?

(ਕੋਈ ਜਵਾਬ ਨਹੀਂ ਆਇਆ)

ਸ੍ਰੀ ਸਪੀਕਰ : ਅਗਲਾ ਸੁਆਲ।

Scarcity of Drinking Water in the Sub-Mountaneous Area of Tehsil Anandpur Sahib

*597. **Shri Ram Parkash Bali**: Will the Minister of State for Public Health be pleased to state—

(a) whether it is a fact that there is an acute scarcity of drinking water in the sub-mountaneous area of Tehsil Anandpur Sahib, district Ropar;

(b) if the reply to part (a) above be in the affirmative, the steps being taken to supply the drinking water in the said area ?

ਸਰਦਾਰ ਬਲਦੇਵ ਸਿੰਘ ਮਾਨ (ਰਾਜ ਮੰਤਰੀ, ਖੁਰਾਕ ਅਤੇ ਸਪਲਾਈ) : (ੳ) ਅਤੇ (ਅ) ਜ਼ਿਲ੍ਹਾ ਰੋਪੜ ਦੀ ਅਨੰਦਪੁਰ ਸਾਹਿਬ ਤਹਿਸੀਲ ਵਿਚ 234 ਪਿੰਡ ਆਉਂਦੇ ਹਨ। ਇਨਾਂ ਵਿਚੋਂ 232 ਪਿੰਡ ਪੀਣ ਦੇ ਪਾਣੀ ਦੀ ਥੁੜ ਵਾਲੇ ਸ਼ਨਾਖਤ ਕੀਤੇ ਗਏ ਹਨ। 177 ਪਿੰਡਾਂ ਵਿਚ ਜਲ ਸਪਲਾਈ ਸਕੀਮਾਂ ਪਹਿਲਾਂ ਹੀ ਚਾਲੂ ਕੀਤੀਆਂ ਜਾ ਚੁੱਕੀਆਂ ਹਨ। 17 ਪਿੰਡਾਂ ਵਿਚ ਕੰਮ ਪ੍ਰਗਤੀ ਅਧੀਨ ਹੈ। ਬਾਕੀ ਦੇ ਰਹਿੰਦੇ ਪਿੰਡ ਵੀ ਇਸ ਮੰਤਵ ਵਾਸਤੇ ਉਪਲਬਧ ਹੋਣ ਵਾਲੀ ਰਕਮ ਦੇ ਅਨੁਸਾਰ ਪੜਾਵਾਂ ਵਿਚ ਕਵਰ ਕਰ ਲਏ ਜਾਣਗੇ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ 232 ਵਿਚੋਂ 177 ਇਕ ਕੀਤੇ ਹਨ ਅਤੇ 17 ਇਨ੍ਹਾਂ ਨੇ ਹੋਰ ਦਸਿਆ ਹੈ। ਅਗਰ ਇਸ ਤਰੀਕੇ ਨਾਲ 17, 17 ਕਰਕੇ ਵਾਟਰ ਦਿੰਦੇ ਰਹੇ ਤਾਂ 10, 15 ਸਾਲਾਂ ਵਿਚ ਵੀ ਕੰਮ ਪੂਰਾ ਨਹੀਂ ਹੋਣਾ। ਕੰਡੀ ਏਰੀਆਂ ਹੈ, ਸਬ ਮਾਉਂਟੇਨੀਅੱਸ ਏਰੀਆ ਹੈ ਲੋਕਾਂ ਦੇ ਆਉਣ ਜਾਣ ਦੇ ਸਾਧਨ ਘੱਟ ਹਨ। ਲੋਕਾਂ ਨੂੰ ਅਗੇ ਤਾਲਾਬਾਂ ਵਿਚੋਂ ਪਾਣੀ ਲੈਣ ਜਾਣਾ ਪੈਂਦਾ ਸੀ ਪਰ ਹੁਣ ਤਾਂ ਤਾਲਾਬਾਂ ਵਿਚ ਵੀ ਪਾਣੀ ਨਹੀਂ ਹੈ, ਕੀ ਇਹ ਅਨੰਦਪੁਰ ਸਾਹਿਬ ਵਿੱਚ ਵਸਣ ਵਾਲੇ ਲੋਕਾਂ ਨੂੰ ਕੋਈ ਸਪੈਸ਼ਲ ਅਟੈਨਸ਼ਨ ਦੇਣਗੇ ? ਹੋਰ ਕੁਝ ਨਹੀਂ ਕਰ ਸਕਦੇ ਤਾਂ ਪੀਣ ਵਾਲਾ ਪਾਣੀ ਤਾਂ ਮੁਹੱਈਆ ਕਰ ਦੇਣ। ਇਸ ਰਫਤਾਰ ਨਾਲ ਕੰਮ ਪੂਰਾ ਨਹੀਂ ਹੋ ਸਕਣਾ। ਕੀ ਕੋਈ ਟਾਈਮ ਬਾਊਂਡ ਕਰਨਗੇ ਕਿ ਇਤਨੇ ਚਿਰ ਵਿਚ ਸਾਰੇ ਪਿੰਡਾਂ ਨੂੰ ਪਾਣੀ ਦੇ ਦਿਆਂਗੇ ?

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ 232 ਪਿੰਡਾਂ ਵਿਚੋਂ 194 ਪਿੰਡ ਕਵਰ ਹੋ ਗਏ ਹਨ ਅਤੇ ਸਿਰਫ 38 ਪਿੰਡ ਰਹਿੰਦੇ ਹਨ। ਇਹ ਅਸੀਂ ਦੋ ਤਿੰਨ ਸਾਲਾਂ ਵਿਚ ਕਵਰ ਕਰ ਲਵਾਂਗੇ। ਸਾਰੇ ਪੰਜਾਬ ਦੀ 2400 ਪਿੰਡਾਂ ਦੀ ਸਕੀਮ ਆਈ ਹੈ ਅਤੇ 200 ਪਿੰਡ ਅਨੰਦਪੁਰ ਸਾਹਿਬ ਦੇ ਲਏ ਗਏ ਹਨ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਇਹ ਤਾਂ ਗਲ ਮੈਂ ਉਨ੍ਹਾਂ ਪਿੰਡਾਂ ਦੀ ਕੀਤੀ ਹੈ ਜਿਥੇ ਵਾਟਰ ਸਪਲਾਈ ਨਹੀਂ ਹੈ। ਮੈਂ ਖਾਸ ਕਰਕੇ ਇਨ੍ਹਾਂ ਦੀ ਤੱਵਜੋ ਦਿਲਾਉਣਾ ਚਾਹੁੰਦਾ ਹਾਂ ਉਨ੍ਹਾਂ ਪਿੰਡਾਂ ਵੱਲ ਜਿਹੜੇ ਰਹਿ ਗਏ ਹਨ। ਉਨ੍ਹਾਂ ਵਿਚ ਮੈਕਸੀਮਮ ਹਰੀਜਨਾਂ ਦੀ ਆਬਾਦੀ ਹੈ, ਜਿਨ੍ਹਾਂ ਦੇ ਇਕ ਟੂਟੀ ਨਹੀਂ ਲਗੀ ਹੈ। ਜਿਹੜੇ ਪਿੰਡ ਆਲਰੈਡੀ ਵਾਟਰ ਸਪਲਾਈ ਸਕੀਮ ਹੇਠ ਆ ਚੁਕੇ ਹਨ ਉਨ੍ਹਾਂ ਵਿਚ ਵੀ ਪੀਣ ਦਾ ਪਾਣੀ ਬਹੁਤ ਘਟ ਹੈ। ਇਕ ਇਕ ਵਾਟਰ ਸਪਲਾਈ ਸਕੀਮ ਨਾਲ ਦਸ ਦਸ ਬਾਰਾਂ ਪਿੰਡ ਜੋੜੇ ਹੋਏ ਹਨ। ਅਗੇ ਤਾਂ ਆਬਾਦੀ ਘਟ ਸੀ ਔਰ ਹੁਣ ਆਬਾਦੀ ਜ਼ਿਆਦਾ ਹੋ ਗਈ ਹੈ ਅਤੇ ਪਾਣੀ ਦੀ ਵੀ ਲੋੜ ਵੱਧ ਗਈ ਹੈ ਇਸ ਲਈ ਹਰ ਪਿੰਡ ਨੂੰ ਵੱਖਰੀ ਵੱਖਰੀ ਸਕੀਮ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਜ਼ਰੂਰਤ ਅਨੁਸਾਰ ਪਾਣੀ ਮਿਲ ਸਕੇ, ਹੁਣ ਤਾਂ ਇਕ ਘੰਟਾ ਵੀ ਪਾਣੀ ਸਪਲਾਈ ਨਹੀਂ ਹੁੰਦਾ।

ਰਾਜ ਮੰਤਰੀ : ਇਸ ਦੇ ਬਾਰੇ ਪਹਿਲਾਂ ਸਰਕਾਰ ਦੇ ਧਿਆਨ ਵਿਚ ਕੋਈ ਗਲ ਨਹੀਂ ਆਈ। ਇਹ ਲਿਖ ਕੇ ਦੇ ਦੇਣ ਜਵਾਬ ਦੇ ਦਿਆਂਗੇ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਇਹ ਹੱਸ ਕੇ ਟਾਲ ਰਹੇ ਹਨ। ਜਿੱਥੇ ਵਾਟਰ ਸਪਲਾਈ ਸਕੀਮ ਚਾਲੂ ਵੀ ਹੈ ਉਥੇ ਹੀ ਸਟੈਂਡ-ਪੋਸਟ ਘੱਟ ਦਿੱਤੇ ਹਨ। ਕੀ ਮੰਤਰੀ ਜੀ ਯਤਨ ਕਰਨਗੇ ਕਿ ਜ਼ਰੂਰਤ ਦੇ ਮੁਤਾਬਿਕ ਉਨ੍ਹਾਂ ਆਬਾਦੀਆਂ ਵਿਚ ਹੋਰ ਸਟੈਂਡ ਪੋਸਟ, ਜੋ ਬੈਨ ਹੈ ਕਿ ਹੋਰ ਨਲਕੇ ਨਹੀਂ ਦੇਣੇ ਉਸ ਨੂੰ ਰਿਮੂਵ ਕਰਕੇ, ਜਿੱਥੇ ਹੋਰ ਲੋੜ ਹੈ, ਸਟੈਂਡ ਪੋਸਟਸ ਸੈਂਕਸ਼ਨ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸਕੀਮ ਉਨ੍ਹਾਂ ਲੋਕਾਂ ਵਾਸਤੇ ਬਣਾਈ ਗਈ ਹੈ ਜਿਨ੍ਹਾਂ ਕੋਲ ਸਾਧਨ ਨਹੀਂ ਹੈ । ਗੌਰਮਿੰਟ ਆਫ ਇੰਡੀਆ ਨੇ ਫੈਸਲਾ ਕੀਤਾ ਹੋਇਆ ਹੈ ਕਿ ਢਾਈ ਸੌ, ਤਿੰਨ ਸੌ ਤਕ ਦੀ ਆਬਾਦੀ ਲਈ ਇਕ ਟੈਪ ਦਿੱਤਾ ਜਾਵੇ । ਉਸ ਦੇ ਮੁਤਾਬਿਕ ਦਿੱਤਾ ਜਾਂਦਾ ਹੈ। ਗੌਰਮਿੰਟ ਆਫ ਇੰਡੀਆ ਦੇ ਨਾਰਮ ਦੇ ਮੁਤਾਬਿਕ ਹੀ ਦਿੱਤਾ ਜਾਂਦਾ ਹੈ । ਕਮਿਊਨਿਟੀ ਟੈਪ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜਿਹੜੇ ਲੋੜਵੰਦ ਹਨ ਤਾਂ ਕਿ ਉਨ੍ਹਾਂ ਲੋਕਾਂ ਨੂੰ ਪੀਣ ਦਾ ਪਾਣੀ ਮੁਹੱਈਆ ਹੋ ਸਕੇ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਪਠਾਨਕੋਟ ਦੇ ਧਾਰ ਬਲਾਕ ਵਿਚ ਕਈ ਟੀਕੇ ਹਨ। ਪਿੰਡ ਤਾਂ ਇਕ ਹੈ ਪਰ ਟੀਕੇ ਕਈ ਹਨ। ਕਹਿ ਦਿੱਤਾ ਜਾਂਦਾ ਹੈ ਕਿ ਬੈਨ ਲੱਗੀ ਹੋਈ ਹੈ ਇਸ ਲਈ ਪਾਣੀ ਸਪਲਾਈ ਨਹੀਂ ਹੋ ਸਕਦਾ । ਅਪੈਕਸ ਕਮੇਟੀ ਨੇ ਬੈਨ ਲਵਾਈ ਹੋਈ ਹੈ, ਇਹ ਕਹਿ ਦਿੱਤਾ ਜਾਂਦਾ ਹੈ । ਇਹ ਅਪੈਕਸ ਕਮੇਟੀ ਦੀ ਤਲਵਾਰ ਕਦੋਂ ਤਕ ਲਟਕਦੀ ਰਹੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ ਇਹ ਵਖਰਾ ਨੋਟਿਸ ਦੇ ਦੇਣ। ਆਨੰਦਪੁਰ ਸਾਹਿਬ ਤੋਂ ਸ਼ੁਰੂ ਹੋਏ ਹਾਂ ਔਰ ਪਠਾਨਕੋਟ ਤਕ ਪੁੱਜ ਗਏ ਹਾਂ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਸੰਨ 1960 ਵਿਚ ਵਾਟਰ ਸਪਲਾਈ ਸਕੀਮ ਸ਼ੁਰੂ ਹੋਈ ਸੀ । ਢਾਈ ਤਿੰਨ ਸੌ ਦੀ ਆਬਾਦੀ ਨੂੰ ਇਕ ਟੈਪ ਦੇਣਾ ਸੀ । ਕਈਆਂ ਮੁਹੱਲਿਆਂ ਦੀ ਆਬਾਦੀ ਮੇਰੀ ਕਾਨਸਟੀਚਿਊਐਂਸੀ ਦਸੂਹਾ ਵਿਚ ਜ਼ਿਆਦਾ ਹੈ ਪਰ ਵਾਟਰ ਸਪਲਾਈ ਨਹੀਂ ਹੋ ਰਿਹਾ । ਹੁਣ ਅਪੈਕਸ ਕਮੇਟੀ ਦਾ ਡਿਸੀਜ਼ਨ ਹੈ। ਸਾਡੇ ਜਿੰਨੇ ਐਸਟੀਮੇਟਸ ਗਏ ਹਨ ਉਹ ਵਾਪਸ ਕਰ ਦਿੱਤੇ ਗਏ ਹਨ । ਕੀ ਸਰਕਾਰ ਕੋਈ ਐਸੀ ਸਕੀਮ ਲਾਗੂ ਕਰੇਗੀ ਕਿ ਮੁਹੱਲਿਆਂ ਨੂੰ ਪਾਣੀ ਦਿੱਤਾ ਜਾ ਸਕੇ ? ਕੀ ਇਹ ਪ੍ਰਬੰਧ ਕਰਨਗੇ ਤਾਂ ਜੋ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਪਾਣੀ ਨਹੀਂ ਮਿਲ ਰਿਹਾ, ਪਾਣੀ ਦਿੱਤਾ ਜਾਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿੱਥੇ ਢਾਈ ਸੌ/ਤਿੰਨ ਸੌ ਦੀ ਪਾਪੂਲੇਸ਼ਨ ਹੈ ਉਥੇ ਨਲਕਾ ਦਿੱਤਾ ਜਾਂਦਾ ਹੈ ਜੇਕਰ ਕੋਈ ਐਸੀ ਥਾਂ ਹੈ ਜਿੱਥੇ ਨਹੀਂ ਦਿੱਤਾ ਗਿਆ, ਉਹ ਇਨਸਪੈਕਸ਼ਨ ਰਿਪੋਰਟ ਵਿਚ ਲਿਆ ਦੇਣ, ਗੌਰ ਕਰ ਲਵਾਂਗੇ ।

Desilting of Budha Nalla Ludhiana

*638. **Shri Harnam Dass Johar, Advocate:** Will the Minister of State for Local Government be pleased to state whether the Government has constituted any Board/Authority for desilting of the Budha Nalla passing through Ludhiana City; if so, the details thereof alongwith the names of the persons who have been nominated thereof?

ਸਰਦਾਰ ਬਲਦੇਵ ਸਿੰਘ ਮਾਨ (ਰਾਜ ਮੰਤਰੀ, ਖੁਰਾਕ ਅਤੇ ਸਪਲਾਈ) : ਜੀ ਹਾਂ। ਪੰਜਾਬ ਸਰਕਾਰ ਨੇ ਬੁੱਢਾ ਨਾਲਾ ਕਲੀਨਿੰਗ ਅਥਾਰਟੀ ਬਣਾਈ ਹੈ। ਇਸ ਦੇ ਮੈਂਬਰਾਂ ਅਤੇ ਕੰਮਾਂ ਦਾ ਵਿਸਥਾਰ ਸਦਨ ਦੀ ਮੇਜ਼ ਤੇ ਰੱਖੀ ਸਟੇਟਮੈਂਟ ਵਿਚ ਦਿੱਤਾ ਹੈ।

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਸਟੇਟਮੈਂਟ

ਨੋਟੀਫਿਕੇਸ਼ਨ ਨੰ: 19(25)86/ਇਯ।।(4)/65, ਮਿਤੀ 7 ਜਨਵਰੀ, 1987 (ਜਿਸਦੀ ਨੋਟੀਫਿਕੇਸ਼ਨ ਨੰ: 10(25)86-ਇਸ।।(4)/328, ਮਿਤੀ 28 ਜਨਵਰੀ, 1987 ਨਾਲ ਅੰਸ਼ਿਕ ਸੋਧ ਕੀਤੀ ਗਈ) ਦੁਆਰਾ ਰਚੀ ਗਈ ਬੁੱਢਾ ਨਾਲ੍ਹਾ ਕਲੀਨਿੰਗ ਅਥਾਰਟੀ ਦੇ ਮੈਂਬਰਾਂ ਅਤੇ ਕੰਮਾਂ ਦਾ ਵਿਸਥਾਰ।

ਮੈਂਬਰ :

(1) ਸ: ਸ਼ਸ਼ਪਾਲ ਸਿੰਘ, ਰਾਜ ਮੰਤਰੀ, ਜਨ ਸਿਹਤ ।

(2) ਸ: ਰਾਜਿੰਦਰ ਸਿੰਘ ਧਾਲੀਵਾਲ, ਰਾਜ ਮੰਤਰੀ, ਇਮਾਰਤਾਂ ਤੇ ਸੜਕਾਂ ।

(3) ਸ: ਜਗਦੇਵ ਸਿੰਘ ਤਾਜਪੁਰੀ, ਰਾਜ ਮੰਤਰੀ, ਪਸ਼ੂ ਪਾਲਣ ਵਿਭਾਗ।

(4) ਸਕੱਤਰ, ਲੋਕ ਨਿਰਮਾਣ ਵਿਭਾਗ ।

(5) ਸਕੱਤਰ, ਡਿਪਾਰਟਮੈਂਟ ਆਫ ਇਨਵਾਇਰਨਮੈਂਟ ।

(6) ਡਿਪਟੀ ਕਮਿਸ਼ਨਰ, ਲੁਧਿਆਣਾ ।

(7) ਕਮਿਸ਼ਨਰ, ਮਿਉਂਸਪਲ ਕਾਰਪੋਰੇਸ਼ਨ, ਲੁਧਿਆਣਾ ।

(8) ਸ੍ਰੀ ਓਮ ਪ੍ਰਕਾਸ਼ ਗੁਪਤਾ, ਐਮ. ਐਲ.ਏ. ।

(9) ਚੇਅਰਮੈਨ, ਨਗਰ ਸੁਧਾਰ, ਲੁਧਿਆਣਾ ।

(10) ਮੁੱਖ ਵਣਪਾਲ, ਪੰਜਾਬ ।

(11) ਮੁੱਖ ਇੰਜੀਨੀਅਰ (ਡਰੇਨੇਜ), ਸਿੰਚਾਈ ਸ਼ਾਖਾ ।

(12) ਮੁੱਖ ਇੰਜੀਨੀਅਰ, ਜਨ ਸਿਹਤ ਸ਼ਾਖਾ ।

(13) ਮਨੇਜਿੰਗ ਡਾਇਰੈਕਟਰ, ਜਲ ਸਪਲਾਈ ਅਤੇ ਸੀਵਰੇਜ ਬੋਰਡ, ਪੰਜਾਬ।

(14) ਮੁੱਖ ਭੂਮੀਪਾਲ, ਪੰਜਾਬ ।

(15) ਡਾਇਰੈਕਟਰ, ਉਦਯੋਗ ਵਿਭਾਗ, ਪੰਜਾਬ ।

(16) ਚੇਅਰਮੈਨ, ਪੰਜਾਬ ਰਾਜ ਜਲ ਦੂਸ਼ਣ ਰੋਕ-ਥਾਮ ਬੋਰਡ, ਪਟਿਆਲਾ।

(17) ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।

(18) ਸ: ਗੁਲਰਾਜ ਸਿੰਘ ਗਰੇਵਾਲ, 7, ਗੁਰਦੇਵ ਨਗਰ, ਲੁਧਿਆਣਾ ।

(19) **ਮੈਂਬਰ ਸਕੱਤਰ, ਪੰਜਾਬ ਰਾਜ ਜਲ ਦੂਸ਼ਣ ਰੋਕ-ਥਾਮ ਬੋਰਡ ।**

ਅਥਾਰਟੀ ਆਪਣੇ ਕੰਮਾਂ ਵਿਚ ਮੱਦਦ ਵਾਸਤੇ ਕਿਸੇ ਹੋਰ ਵਿਅਕਤੀ ਨੂੰ ਵੀ ਸ਼ਾਮਲ ਕਰ ਸਕਦੀ ਹੈ ।

ਕਾਰਜ

ਇਸ ਅਥਾਰਟੀ ਦੇ ਕੰਮ ਹੇਠ ਲਿਖੇ ਅਨੁਸਾਰ ਹਨ :—

(i) ਬੁੱਢਾ ਨਾਲ੍ਹਾ ਨੂੰ ਸਾਫ ਕਰਨ ਵਾਸਤੇ ਐਕਸ਼ਨ ਪਲਾਨ ਬਣਾਉਣਾ ਅਤੇ ਮਨਜ਼ੂਰ ਕਰਨਾ।

(ii) ਐਕਸ਼ਨ ਪਲਾਨ ਦੇ ਲਾਗੂ ਹੋਣ ਦੀ ਪ੍ਰਗਤੀ ਦਾ ਸਰਵੇਖਣ ਕਰਨਾ ਅਤੇ ਵਿਭਿੰਨ ਏਜੰਸੀਆਂ ਨੂੰ ਦਿਤੇ ਗਏ ਕੰਮਾਂ ਸਬੰਧੀ ਪ੍ਰਫਾਰਮੈਂਸ ਦਾ ਜਾਇਜ਼ਾ ਲੈਣਾ ।

(ਇਸ ਸਮੇਂ ਕੁਝ ਮਾਨਯੋਗ ਮੈਂਬਰ ਖੜ੍ਹੇ ਸਨ)

ਸ੍ਰੀ ਸਪੀਕਰ : ਜੌਹਰ ਸਾਹਿਬ, ਬੋਲੋ ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਇਸ ਵੇਲੇ ਤਾਂ ਪੰਜ ਸੌ ਦੀ ਆਬਾਦੀ ਵਿਚ ਵੀ ਟੂਟੀ ਨਹੀਂ ਹੈ ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਇਨ੍ਹਾਂ ਨੂੰ ਪਹਿਲਾਂ ਬਿਠਾਓ। ਬੈਠ ਜਾਓ, ਬੈਠ ਜਾਓ ।

ਸ੍ਰੀ ਸਪੀਕਰ : ਤੁਸੀਂ ਕੁਐਸਚਨ ਪੁੱਛੋ ਜੌਹਰ ਸਾਹਿਬ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਤੁਸੀਂ, ਸਪੀਕਰ ਸਾਹਿਬ ਪੀਣ ਵਾਲੇ ਪਾਣੀ ਦਾ ਮਸਲਾ ਹੱਲ ਕਰਵਾਓ।

ਸ੍ਰੀ ਸਪੀਕਰ : ਜੌਹਰ ਸਾਹਿਬ ਸਪਲੀਮੈਂਟਰੀ ਕਰੋ। (ਵਿਘਨ)

ਮੈਂ ਕਹਾਂਗਾ ਕਿ ਪਾਣੀ ਬਾਰੇ ਕਿਉਂਕਿ ਮੈਂਬਰਜ਼ ਦਾ ਕਨਸਰਨ ਹੈ । ਪਾਣੀ ਵੈਸੇ ਬੁਨਿਆਦੀ ਲੋੜ ਵੀ ਹੈ, ਇਸ ਵਾਸਤੇ ਜ਼ਰੂਰ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਡੀਸਿਲਟਿੰਗ ਵਾਸਤੇ ਜੋ ਅਥਾਰਿਟੀ ਬਣੀ ਹੈ ਇਕ ਤਾਂ ਟਾਈਮ-ਬਾਊਂਡ ਪ੍ਰੋਗਰਾਮ ਨਹੀਂ ਰਖਿਆ ਗਿਆ ਹੈ ਉਥੇ ਗੰਦਗੀ ਫੈਲੀ ਹੋਈ ਹੈ। ਕੀ ਟਾਈਮ-ਬਾਊਂਡ ਪ੍ਰੋਗਰਾਮ ਰਖਣਗੇ; ਨਾਲ ਹੀ ਉਸ ਇਲਾਕੇ ਦੇ ਨੁਮਾਇੰਦੇ ਜਿਹੜੇ ਕਿ ਨੁਮਾਇੰਦਗੀ ਕਰਦੇ ਹਨ ਉਨ੍ਹਾਂ ਦੇ ਨਾਮ ਅਥਾਰਿਟੀ ਵਿਚ ਨਹੀਂ ਰੱਖੇ; ਕੀ ਉਨ੍ਹਾਂ ਦੇ ਨਾਮ ਵੀ ਅਥਾਰਿਟੀ ਵਿਚ ਰਖਣਗੇ ?

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਸਪੀਕਰ ਸਾਹਿਬ, ਬੁਢੇ ਨਾਲੇ ਦੀ ਡਿਸਿਲਟਿੰਗ ਦਾ ਕੰਮ ਦੋ ਫੇਸ ਵਿਚ ਚਲ ਰਿਹਾ ਹੈ ਔਰ ਇਸ ਤੇ ਕੋਈ 1 ਕਰੋੜ 40 ਲੱਖ ਰੁਪਿਆ ਲਗਣਾ ਹੈ। ਇਸ ਨਾਲੇ ਨੂੰ ਸ਼ੇਰ ਸ਼ਾਹ ਸੂਰੀ ਮਾਰਗ ਤਕ ਕੰਪਲੀਟ ਕੀਤਾ ਜਾਣਾ ਹੈ। ਇਸ ਨਾਲ ਜਿਹੜਾ ਸ਼ਹਿਰ ਦਾ ਮਸਲਾ ਹੈ ਉਹ ਤਾਂ ਪਹਿਲੇ ਹੱਲ ਹੋ ਜਾਏਗਾ ਉਸ ਤੋਂ ਬਾਅਦ ਪਿੰਡਾਂ ਵਿਚ ਅਗਲਾ ਪ੍ਰੋਗਰਾਮ ਲਿਆ ਜਾਵੇਗਾ ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਸਪੀਕਰ ਸਾਹਿਬ ਮੈਂ ਮੰਤਰੀ ਸਾਹਿਬ ਨੂੰ ਪੁੱਛਿਆ ਸੀ ਕਿ ਜਿਹੜੇ ਐਮ. ਐਲ. ਏਜ਼ ਇਨ੍ਹਾਂ ਇਲਾਕਿਆਂ ਨੂੰ ਰਿਪ੍ਰੇਜ਼ੈਂਟ ਕਰਦੇ ਹਨ ਉਨ੍ਹਾਂ ਦਾ ਨਾਂ ਇਸ ਅਥਾਰਿਟੀ ਵਿਚ ਨਹੀਂ ਪਾਇਆ ਗਿਆ। ਕੀ ਉਨ੍ਹਾਂ ਦਾ ਨਾਂ ਵੀ ਇਸ ਅਥਾਰਿਟੀ ਵਿਚ ਸ਼ਾਮਲ ਕੀਤਾ ਜਾਵੇਗਾ ?

ਰਾਜ ਮੰਤਰੀ: ਸਪੀਕਰ ਸਾਹਿਬ ਵੈਸੇ ਤਾਂ ਇਸ ਅਥਾਰਿਟੀ ਵਿਚ ਕਈ ਮੈਂਬਰਜ਼ ਲਏ ਹਨ ਜਿਵੇਂ ਕਿ ਸ੍ਰੀ ਓਮ ਪ੍ਰਕਾਸ਼ ਗੁਪਤਾ, ਤਾਜਪੁਰੀ ਅਤੇ ਧਾਲੀਵਾਲ। ਪਰ ਜੇ ਇਹ ਸਮਝਦੇ ਹਨ ਕਿ ਇਸ ਨਾਲੇ ਦੀ ਸਫਾਈ ਵਾਸਤੇ ਇਨ੍ਹਾਂ ਦਾ ਨਾਂ ਸ਼ਾਮਲ ਨਹੀਂ ਹੈ ਤਾਂ ਇਸ ਗੰਦੇ ਨਾਲੇ ਦੀ ਸਫਾਈ ਵਾਸਤੇ ਇਨ੍ਹਾਂ ਦਾ ਨਾਂ ਵੀ ਪਾਇਆ ਜਾ ਸਕਦਾ ਹੈ (ਹਾਸਾ)

ਡਾਕਟਰ ਸੱਤ ਪਾਲ ਪਰਾਸ਼ਰ: ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿਚ ਵੀ ਇਹ ਸਵਾਲ ਕੀਤਾ ਗਿਆ ਸੀ ਕਿ ਇਸ ਨਾਲੇ ਦੀ ਸਫਾਈ ਜ਼ਰੂਰੀ ਹੋਣੀ ਚਾਹੀਦੀ ਹੈ। ਇਸ ਵਿਚ ਸੀਵਰੇਜ ਦਾ ਪਾਣੀ ਵੀ ਪੈਂਦਾ ਹੈ। ਉਸ ਵੇਲੇ ਵੀ ਇਹ ਕਿਹਾ ਗਿਆ ਸੀ ਕਿ ਸਫਾਈ ਕਰਵਾਵਾਂਗੇ ਪਰ ਹਾਲੇ ਤਕ ਇਹ ਸਫਾਈ ਨਹੀਂ ਹੋਈ। ਇਸ ਬੁੱਢੇ ਨਾਲੇ ਦਾ 95% ਹਿੱਸਾ ਮੇਰੇ ਹਲਕੇ ਵਿਚ ਪੈਂਦਾ ਹੈ ਪਰ ਇਸ ਦੀ ਸਫਾਈ ਲਈ ਜਿਹੜੀ ਮੈਨੇਜਮੈਂਟ ਬਣਾਈ ਹੈ ਉਸ ਵਿਚ ਮੇਰਾ ਨਾ ਨਹੀਂ ਪਾਇਆ ਗਿਆ। ਕੀ ਉਸ ਮੈਨੇਜਮੈਂਟ ਵਿਚ ਮੇਰਾ ਨਾਂ ਵੀ ਰਖਿਆ ਜਾਵੇਗਾ ?

ਰਾਜ ਮੰਤਰੀ: ਸਪੀਕਰ ਸਾਹਿਬ ਮਸਲਾ ਤਾਂ ਨਾਲੇ ਦੀ ਸਫਾਈ ਕਰਨ ਦਾ ਹੈ। ਸਰਕਾਰ ਨੇ ਸੋਚਿਆ ਕਿ ਇਨ੍ਹਾਂ ਨੂੰ ਕਾਹਨੂੰ ਤਕਲੀਫ ਦਿੱਤੀ ਜਾਵੇ ਪਰ ਜੇ ਇਹ ਇਨਸਿਸਟ ਕਰਦੇ ਹਨ ਤਾਂ ਇਨ੍ਹਾਂ ਦਾ ਨਾਂ ਪਾਉਣ ਵਾਸਤੇ ਵਿਚਾਰ ਕਰ ਲਿਆ ਜਾਵੇਗਾ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਰਕਾਰ ਨੇ ਇਹ ਜਿਹੜੀ ਅਥਾਰਿਟੀ ਬਣਾਈ ਹੈ ਇਸ ਦੀ ਇਕ ਮੀਟਿੰਗ ਵੀ ਹੋ ਚੁੱਕੀ ਹੈ ਪਰ ਮੈਂ ਸਮਝਦਾ ਹਾਂ ਕਿ ਉਸ ਵਿਚ ਇਸ ਨਾਲੇ ਦੀ ਸਫਾਈ ਵਾਸਤੇ ਕੋਈ ਫੰਡਜ਼ ਨਹੀਂ ਰੱਖੇ ਗਏ। ਕੀ ਵਜ਼ੀਰ ਸਾਹਿਬ ਹੁਣ ਅਸ਼ੋਰੈਂਸ ਦੇਣਗੇ ਕਿ ਜੇ ਉਹ ਵਾਕਈ ਇਸ ਨਾਲੇ ਦੀ ਸਫਾਈ ਕਰਨਾ ਚਾਹੁੰਦੇ ਹਨ ਤਾਂ ਇਸ ਬਜਟ ਵਿਚ ਕੁਝ ਜ਼ਿਆਦਾ ਫੰਡਜ਼ ਰੱਖਣਗੇ ?

ਰਾਜ਼ ਮੰਤਰੀ: ਸਪੀਕਰ ਸਾਹਿਬ, ਇਸ ਦੀ ਮੀਟਿੰਗ 17 ਫਰਵਰੀ, 1987 ਨੂੰ ਸਰਦਾਰ ਤੇਜ-ਪੁਰੀ ਦੀ ਪ੍ਰਧਾਨਗੀ ਹੇਠ ਹੋ ਚੁਕੀ ਹੈ। ਉਸ ਵਿਚ ਇਹ ਫੈਸਲਾ ਲਿਆ ਹੈ ਕਿ 60 ਲੱਖ ਰੁਪਿਆ ਉਥੋਂ ਦੀ ਕਾਰਪੋਰੇਸ਼ਨ ਦੇਵੇਗੀ 20 ਲੱਖ ਰੁਪਏ ਡਰੇਨੇਜ ਡਿਪਾਰਟਮੈਂਟ ਦੇਵੇਗਾ, 20 ਲੱਖ ਰੁਪਿਆ ਅਰਬਨ ਡਿਵੈਲਪਮੈਂਟ ਅਤੇ 20 ਲੱਖ ਰੁਪਿਆ ਇੰਡਸਟਰੀਅਲਿਸਟਸ ਤੋਂ ਡੀ. ਸੀ. ਸਾਹਿਬ ਨੇ ਕਿਹਾ ਹੈ ਇਕੱਠਾ ਕਰਕੇ ਦੇਣਗੇ। ਇਨ੍ਹਾਂ ਫੰਡਜ਼ ਨਾਲ ਇਹ ਕੰਮ ਕੰਪਲੀਟ ਕੀਤਾ ਜਾਵੇਗਾ।

ਗਿਆਨੀ ਅਰਜਨ ਸਿੰਘ ਲਿੱਟ: ਸਪੀਕਰ ਸਾਹਿਬ ਪਹਿਲੀ ਗਲ ਤਾਂ ਇਹ ਹੈ ਕਿ ਇਸ ਨਾਲੇ ਦੀ ਸਫਾਈ ਕਰਨੀ ਬਹੁਤ ਜ਼ਰੂਰੀ ਹੈ। ਦੂਜਾ ਸਾਰੇ ਸ਼ਹਿਰ ਦਾ ਗੰਦਾ ਪਾਣੀ ਔਰ ਕਾਰ-ਖਾਨਿਆਂ ਦਾ ਗੰਦਾ ਪਾਣੀ ਇਸ ਨਾਲੇ ਵਿਚ ਆ ਕੇ ਪੈਂਦਾ ਹੈ। ਇਸ ਬੁਢੇ ਨਾਲੇ ਨੂੰ ਗੰਗਾ ਦੀ ਤਰ੍ਹਾਂ ਪਵਿੱਤਰ ਮੰਨਿਆ ਜਾਂਦਾ ਹੈ ਔਰ ਇਸ ਦੇ ਪਾਣੀ ਨੂੰ ਪਵਿੱਤਰ ਸਮਝ ਕੇ ਲੋਕ ਇਸ ਵਿਚ ਨਹਾਉਂਦੇ ਵੀ ਹਨ। ਇਸ ਲਈ ਇਕ ਤਾਂ ਕੀ ਇਸ ਦੀ ਸਫਾਈ ਦਾ ਪ੍ਰਬੰਧ ਛੇਤੀ ਕਰਨਗੇ ਤੇ ਦੂਜਾ ਜਿਹੜਾ ਗੰਦਾ ਪਾਣੀ ਸ਼ਹਿਰ ਦਾ ਇਸ ਵਿਚ ਪੈਂਦਾ ਹੈ ਉਸ ਨੂੰ ਰੋਕਣ ਦਾ ਪ੍ਰਬੰਧ ਕਰਨਗੇ ?

ਰਾਜ ਮਤਰੀ: ਇਸ ਨਾਲੇ ਦੀ ਸਫਾਈ ਵਾਸਤੇ ਹੀ ਇੰਡਸਟਰੀਅਲਿਸਟਸ ਤੋਂ 20 ਲੱਖ ਰੁਪਿਆ ਲੈਣਾ ਹੈ ਤਾਂਕਿ ਇਸ ਦੀ ਸਫਾਈ ਕੀਤੀ ਜਾ ਸਕੇ। ਇੰਡਸਟਰੀਅਲਿਸਟਸ ਇਸ ਵਿਚ ਕੰਟਰੀ-ਬਿਊਟ ਕਰਨਗੇ ।

Ramp of Sadhar Choe in Saroa Block

***621. Shri Ram Kishan Kataria :** Will the Minister of State for Public Works be pleased to state whether it is a fact that construction work of the Ramp over Sadhar Choe in Saroa Block, District Hoshiarpur has not been started for want of administrative approval, if so, the time by which the administrative approval is likely to be given?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ: ਸੜੋਆ ਬਲਾਕ ਵਿਚ ਸਧਾਰ ਚੋਅ ਤੇ ਇਸ ਗੱਲ ਦੀ ਘੋਖ ਕੀਤੀ ਜਾ ਰਹੀ ਹੈ ਕਿ ਤਕਨੀਕੀ ਤੌਰ ਤੇ ਉਸ ਥਾਂ ਤੇ ਕਾਜ਼ਵੇਜ਼ ਬਣਾਉਣਾ ਸੰਭਵ ਹੈ ਕਿ ਨਹੀਂ। ਕਾਜ਼ਵੇਜ਼ ਦੇ ਕੰਮ ਨੂੰ ਇਸ ਉਪਰੰਤ ਹੱਥ ਵਿਚ ਲਿਆ ਜਾ ਸਕਦਾ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਡੇਢ ਸਾਲ ਤੋਂ ਪੀ. ਡਬਲਿਯੂ ਡੀ. ਵਲੋਂ ਕੋਈ ਵੀ ਕੰਮ ਮੇਰੇ ਹਲਕੇ ਵਿਚ ਨਹੀਂ ਕੀਤਾ ਜਾ ਰਿਹਾ ਅਤੇ ਜਦੋਂ ਵੀ ਕੋਈ ਕੰਮ ਕਿਹਾ ਹੈ ਉਸ ਦਾ ਜਵਾਬ ਨਾਂਹ ਵਿਚ ਦਿਤਾ ਜਾਂਦਾ ਹੈ ਜਾਂ ਫਿਰ ਟਾਲ ਮਟੋਲ ਕਰਦੇ ਹਨ ਜਾਂ ਫਿਰ ਹਾਊਸ ਵਿਚ ਗਲਤ ਜਵਾਬ ਦੇ ਦਿੰਦੇ ਹਨ। ਇਨ੍ਹਾਂ ਦੇ ਮਹਿਕਮੇਂ ਨੇ ਤਹੱਈਆ ਕਰ ਲਿਆ ਹੈ ਕਿ ਕਟਾਰੀਆ ਦਾ ਕੋਈ ਕੰਮ ਨਹੀਂ ਕਰਨਾ। ਮੇਰੇ ਹਲਕੇ ਵਿਚ ਨਾ ਕੋਈ ਸੜਕ ਬਣੀ ਹੈ ਅਤੇ ਨਾ ਕੋਈ ਪੁਲ ਬਣਾਇਆ ਗਿਆ ਹੈ ਔਰ ਜਦੋਂ ਸਵਾਲ ਕੀਤਾ ਜਾਂਦਾ ਹੈ ਤਾਂ ਜਵਾਬ ਨਾਂਹ ਵਿਚ ਆ ਜਾਂਦਾ ਹੈ। ਸਪੀਕਰ ਸਾਹਿਬ, ਸੜੋਆ ਬਲਾਕ ਵਿਚ ਸੁਧਾਰ ਚੋਅ ਤੇ 40 ਫੁੱਟ ਦਾ ਰੈਂਪ ਬਣਾਉਣ ਦੇ ਨਾਲ 20-25 ਪਿੰਡਾਂ ਨੂੰ ਆਵਾਜਾਈ ਲਈ ਰਸਤਾ ਮਿਲ ਜਾਵੇਗਾ। ਰੈਂਪ ਬਣਾਉਣ ਲਈ ਇਹ ਇਕ ਵਿਦੇਸ਼ ਤੋਂ ਇੰਜੀਨੀਅਰ ਘੋਖ ਕਰਨ ਲਈ ਆ ਰਿਹਾ ਹੈ। ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਅਗਰ ਉਥੇ ਪੁਲ ਨਹੀਂ ਬਣ ਸਕਦਾ ਤਾਂ ਉਥੇ ਰੈਂਪ ਬਣਾ ਦੇਵਾਂਗੇ। ਇਸ ਦੇ ਵਿਚ ਕਿਹੜੀ ਘੋਖ ਕਰਨ ਵਾਲੀ ਗੱਲ ਹੈ। ਇਸ ਦੇ ਵਿਚ ਕੀ ਪ੍ਰਾਬਲਮਜ਼ ਹਨ ਅਤੇ ਇਸ ਵਿਚ ਇਨਵੈਸਟੀਗੇਸ਼ਨ ਕਰਵਾਉਣ ਵਾਲੀ ਕਿਹੜੀ ਗੱਲ ਹੈ। ਇਹ ਰੈਂਪ ਕਿੰਨੀ ਦੇਰ ਤਕ ਬਣਾ ਦੇਣਗੇ ?

ਸ੍ਰੀ ਸਪੀਕਰ: ਤੁਸੀਂ ਸਵਾਲ ਕਰ ਲਿਆ ਹੈ ਹੁਣ ਬੈਠੋ ਮਨਿਸਟਰ ਸਾਹਿਬ ਨੂੰ ਜਵਾਬ ਦੇਣ ਦਿਓ ।

ਰਾਜ ਮੰਤਰੀ : ਸਪੀਕਰ ਸਾਹਿਬ ਇਨ੍ਹਾਂ ਨੂੰ ਗਲਤ ਇਨਫਰਮੇਸ਼ਨ ਹੈ ਕਿ ਅਸੀਂ ਕੋਈ ਫੈਸਲਾ ਕੀਤਾ ਹੋਇਆ ਹੈ ਕਿ ਇਨ੍ਹਾਂ ਦਾ ਕੋਈ ਕੰਮ ਨਹੀਂ ਕਰਨਾ ਹੈ ਨਾ ਹੀ ਅਸੀਂ ਐਸਾ ਕੋਈ ਰਵੱਈਆ ਅਖਤਿਆਰ ਕੀਤਾ ਹੋਇਆ ਹੈ ਅਤੇ ਨਾ ਹੀ ਇਨ੍ਹਾਂ ਦਾ ਨਾਂ ਦੇਖ ਕੇ ਜਵਾਬ ਅਸੀਂ ਨਾਂਹ ਵਿਚ ਤਆਰ ਕਰਦੇ ਹਾਂ। ਐਸੀ ਕੋਈ ਗੱਲ ਨਹੀਂ ਹੈ। ਪਹਿਲੇ ਇਨ੍ਹਾਂ ਨੇ ਗੱਲ ਆਖੀ ਕਿ ਉਥੇ ਸੜਕਾਂ ਨਹੀਂ ਬਣੀਆਂ ਹਨ। ਮੈਂ ਇਨ੍ਹਾਂ ਨੂੰ ਲਿਖ ਕੇ ਭੇਜਿਆ ਕਿ ਮੈਂ ਇਸ ਦੀ ਪੜਤਾਲ

[ਰਾਜ ਮੰਤਰੀ, ਭਵਨ ਤੇ ਮਾਰਗ ਸ਼ਾਖਾ]

ਕਰਵਾਉਣ ਲਈ ਤਿਆਰ ਹਾਂ ਔਰ ਮੈਂ ਇਨ੍ਹਾਂ ਦੇ ਨਾਲ ਟਾਈਮ ਵੀ ਫਿਕਸ ਕੀਤਾ ਸੀ ਪਰ ਇਹ ਉਥੇ ਨਹੀਂ ਆਏ। ਮੈਂ ਪੜਤਾਲ ਕਰਵਾਉਣ ਲਈ ਹੁਣ ਵੀ ਤਿਆਰ ਹਾਂ। ਪਹਿਲੇ ਅਸੀਂ ਤਲਵਾੜੇ ਦੇ ਨੇੜੇ ਅਜਿਹਾ ਕਾਜ਼ਵੇਜ਼ ਬਣਾਇਆ ਹੈ ਅਤੇ ਉਸ ਦੀ ਸਫਲਤਾ ਦੇਖ ਰਹੇ ਹਾਂ ਕਿ ਕਿਥੋਂ ਤਕ ਇਹ ਸਕੀਮ ਸਫਲ ਹੁੰਦੀ ਹੈ ਇਹ ਇਕ ਟੈਕਨੀਕਲ ਗੱਲ ਹੈ। ਇਸ ਟੈਕਨੀਕਲ ਚੀਜ਼ ਨੂੰ ਟੈਕਨੀਕਲ ਹੈਂਡ ਹੀ ਵਿਸਥਾਰ ਨਾਲ ਦਸ ਸਕਦਾ ਹੈ। ਇਸ ਲਈ ਘੋਖ ਕਰਨੀ ਜ਼ਰੂਰੀ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਪਹਿਲੀ ਗੱਲ ਇਹ ਹੈ ਕਿ ਮੇਰੇ ਨਾਲ ਡੇਟ ਫਿਕਸ ਕਰ ਲੈਣ। ਮੈਂ ਆਪ ਜੀ ਨੂੰ ਵੀ ਲਿਖ ਕੇ ਦਿੱਤਾ ਸੀ ਅਤੇ ਮਨਿਸਟਰ ਸਾਹਿਬ ਨੂੰ ਵੀ ਲਿਖ ਕੇ ਭੇਜਿਆ ਸੀ ਕਿ ਮੈਨੂੰ 15 ਦਿਨਾਂ ਦੇ ਅੰਦਰ ਅੰਦਰ ਇਸ ਦੀ ਰਿਪੋਰਟ ਬਾਰੇ ਦੱਸਿਆ ਜਾਵੇ। ਇਹ ਡੇਟ ਤਾਂ ਫਿਕਸ ਕਰ ਲੈਣ ਆਇਆ ਮੈਂ ਝੂਠਾ ਹਾਂ ਜਾਂ ਇਨ੍ਹਾਂ ਦਾ ਮਹਿਕਮਾ ਝੂਠਾ ਹੈ। ਸੜਕਾਂ ਜਿਹੜੀਆਂ ਦੱਸੀਆਂ ਗਈਆਂ ਹਨ ਕਿ ਉਥੇ ਸੜਕਾਂ ਬਣੀਆਂ ਵੀ ਹੋਈਆਂ ਹਨ ਜਾਂ ਨਹੀਂ। ਇਸ ਬਾਰੇ ਕੋਈ ਡੇਟ ਫਿਕਸ ਕਰ ਲੈਣ। ਸਧਾਰ ਚੋਅ 40 ਫੁਟ ਦਾ ਹੈ ਇਸ ਉਤੇ ਰੈਂਪ ਬਣਾਇਆ ਜਾਵੇ। ਇਸ ਦਾ ਤਲਵਾੜੇ ਦੇ ਨਾਲ ਕੋਈ ਤਾਲ ਮੇਲ ਨਹੀਂ ਹੈ ਉਹ ਬਹੁਤ ਵੱਡਾ ਚੋਅ ਹੈ। ਸਧਾਰ ਚੋਅ ਤੇ ਖਰਚਾ 40-50 ਹਜ਼ਾਰ ਰੁਪਏ ਦਾ ਹੈ ਇਹ ਮੰਨ ਲੈਣ, ਮੈਂ ਬਣਾ ਦੇਵਾਂਗਾ।

ਸ੍ਰੀ ਸਪੀਕਰ: ਮਨਿਸਟਰ ਸਾਹਿਬ ਨੂੰ ਜਵਾਬ ਦੇਣ ਦਿਓ।

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਉਤੇ 2 ਲੱਖ 5 ਹਜ਼ਾਰ ਰੁਪਏ ਦਾ ਐਸਟੀਮੇਟ ਬਣ ਗਿਆ ਹੈ ਅਤੇ ਇਤਨਾ ਖਰਚ ਆਉਣਾ ਹੈ।

ਸ੍ਰੀ ਰਮੇਸ਼ ਚੰਦਰ ਡੋਗਰਾ: ਸਪੀਕਰ ਸਾਹਿਬ, ਇਕ ਸੜਕ ਤਲਵਾੜੇ ਤੋਂ ਅਨੰਦਪੁਰ ਸਾਹਿਬ-ਰੋਪੜ ਹੋ ਕੇ ਚੰਡੀਗੜ੍ਹ ਆਉਣੀ ਹੈ। ਬਾਕੀ ਦੀਆਂ ਸੜਕਾਂ ਬਣ ਗਈਆਂ ਹਨ। ਇਸ ਦੇ ਵਿਚ ਸਰਕਾਰ ਨੂੰ ਕੀ ਪ੍ਰਾਬਲਮ ਹੈ, ਇਹ ਸਾਰੀ ਸੜਕ ਕਦੋਂ ਤੱਕ ਕੰਪਲੀਟ ਕਰ ਦਿੱਤੀ ਜਾਵੇਗੀ?

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਟਾਈਮ ਫਿਕਸ ਨਹੀਂ ਕੀਤਾ ਜਾ ਸਕਦਾ ਲੇਕਿਨ ਇਸ ਬਾਰੇ ਅਸੀਂ ਵਿਚਾਰ ਕਰ ਰਹੇ ਹਾਂ ਔਰ ਅਗਰ ਕਾਮਯਾਬ ਹੋ ਗਏ ਤਾਂ ਜ਼ਰੂਰ ਬਣਾਵਾਂਗੇ ਕਟਾਰੀਆ ਸਾਹਿਬ, ਮੇਰੇ ਚੈਂਬਰ ਵਿਚ ਆ ਜਾਣ, ਅਸੀਂ ਕੋਈ ਟਾਈਮ ਫਿਕਸ ਕਰ ਲਵਾਂਗੇ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ: ਸਪੀਕਰ ਸਾਹਿਬ, ਸਾਡੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਖਾਸ ਕਰਕੇ ਮੇਰੇ ਹਲਕੇ ਗੜ੍ਹਦੀਵਾਲਾ ਵਿਚ ਇਨ੍ਹਾਂ ਦੇ ਮਹਿਕਮੇਂ ਨੇ ਕੋਈ ਧਿਆਨ ਨਹੀਂ ਦਿੱਤਾ। ਜਿਸ ਕਰਕੇ ਮੈਨੂੰ ਰੋਜ਼ ਇਥੇ ਇਹ ਕਹਿਣਾ ਪੈਂਦਾ ਹੈ ਅਤੇ ਇਹ ਇਲਾਕਾ ਬੜਾ ਪਛੜਿਆ ਹੋਇਆ ਹੈ ਅਤੇ ਇਥੇ ਸੜਕਾਂ ਦੀ ਬੜੀ ਕਮੀ ਹੈ। ਇਹ ਜਿਥੇ ਡਮਸ਼ਾਲ ਡੈਮ ਬਣਾ ਰਹੇ ਹਨ ਪਰ ਉਥੇ ਜਿਹੜੇ 6 ਪਿੰਡ ਹਨ ਉਥੇ ਇਨ੍ਹਾਂ ਨੇ ਸੜਕਾਂ ਹਾਲੇ ਤੱਕ ਨਹੀਂ ਬਣਾਈਆਂ ਹਨ। ਇਹ ਇਕ ਸੜਕ ਦਾ ਟੋਟਾ ਹੈ। ਇਸ ਵਲ ਸਰਕਾਰ ਧਿਆਨ ਦੇ ਕੇ ਇਸ ਨੂੰ ਕਦੋਂ ਤਕ ਬਣਾ ਦੇਵੇਗੀ? (ਵਿਘਨ)

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਇਸ ਦੇ ਬਾਰੇ ਵਿਚ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਲਿਖ ਕੇ ਦੇ ਦੇਣ ਤਾਂ ਜਵਾਬ ਦੇ ਦੇਵਾਂਗੇ।

Bridge On Garhshankar-Nangal Road Near Village Pahlewal

*647. **Pandit Sarwan Ram Mansowalia:** Will the Minister of State for Public Works be pleased to state—

(a) whether the Government proposes to construct a bridge on Garhshankar Nangal road near Village Pahlewal, District Hoshiarpur;

(b) if the reply to part (a) above be in the affirmative the time by which the said bridge is likely to be constructed?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : (ੳ) ਨਹੀਂ ਜੀ।

(ਅ) ਸਵਾਲ ਪੈਦਾ ਨਹੀਂ ਹੁੰਦਾ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਇਹ ਗੜ੍ਹਸ਼ੰਕਰ-ਨੰਗਲ ਵਾਲੀ ਜਿਹੜੀ ਸੜਕ ਹੈ, ਇਹ ਮੇਨ ਰੋਡ ਤੇ ਹੈ। ਕੰਡੀ ਏਰੀਆ ਵਿਚ ਪੈਂਦਾ ਹੈ। ਉਥੇ ਪੁਲ ਬਣਾ-ਇਆ ਜਾਣਾ ਚਾਹੀਦਾ ਹੈ। ਉਥੇ ਸਪੀਕਰ ਸਾਹਿਬ, ਸੜਕਾਂ ਟੁੱਟੀਆਂ ਹੋਈਆਂ ਹਨ। ਗੱਡੇ ਵਿਚ ਫਸ ਜਾਂਦੇ ਹਨ ਅਤੇ ਕਈ ਬਲਦ ਉਥੇ ਮਰ ਗਏ ਹਨ। ਵਜ਼ੀਰ ਸਾਹਿਬ, ਸਪੀਕਰ ਸਾਹਿਬ, ਕਹਿੰਦੇ ਹਨ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ। ਕੀ ਮੰਤਰੀ ਸਾਹਿਬ ਉਥੇ ਪੁਲ ਬਣਾਉਣ ਤੇ ਗੌਰ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਪਿਛਲੇ ਸਮੇਂ ਤੋਂ ਕਾਫ਼ੀ ਧਿਆਨ ਦੇ ਰਹੇ ਹਾਂ। ਪੰਜਾਬ ਨੂੰ ਖਾਸ ਕਰਕੇ ਕੰਡੀ ਏਰੀਆ ਨੂੰ ਸੀਰੀਅਸਲੀ ਲੈ ਰਹੇ ਹਾਂ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਸਾਡੇ ਰਿਸ਼ਤੇਦਾਰਾਂ ਨੂੰ ਆਉਣ ਜਾਣ ਵਿਚ ਬੜੀ ਹੀ ਤਕਲੀਫ ਹੁੰਦੀ ਹੈ। (ਹਾਸਾ) ਮੰਤਰੀ ਜੀ ਨੇ ਜਵਾਬ ਦਿਤਾ ਹੈ ਕਿ ਅਸੀਂ ਗੌਰ ਕਰਦੇ ਹਾਂ। ਕੀ ਮੰਤਰੀ ਜੀ ਦੱਸਣਗੇ ਕਿ ਕੰਡੀ ਏਰੀਏ ਵਿਚ ਕੋਈ ਵੀ ਪੁਲ ਬਣਾਇਆ ਗਿਆ ਹੈ ?

ਸ਼੍ਰੀ ਸਪੀਕਰ : ਤੁਸੀਂ ਸੜਕਾਂ ਦੀ ਗੱਲ ਕੀਤੀ ਹੈ ਅਤੇ ਪੁਲਾਂ ਦੀ ਗੱਲ ਫਿਰ ਕਰ ਲੈਣਾ।

ਸ਼੍ਰੀ ਰਘੁਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਜਲੰਧਰ-ਪਠਾਨਕੋਟ ਸੜਕ ਤੇ ਨਾਲੁੰਗਾਂ ਪਿੰਡ ਬਲਾਕ ਪਠਾਨਕੋਟ ਹੈ। ਇਹ ਰਸਤੇ ਵਿਚ ਰੇਲਵੇ ਕਰਾਸਿੰਗ ਤੇ ਪੈਂਦਾ ਹੈ। ਕੀ ਮੰਤਰੀ ਸਾਹਿਬ ਉਥੇ ਗੇਟ ਲਗਵਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦਾ ਇਸ ਸਵਾਲ ਨਾਲ ਸਬੰਧ ਨਹੀਂ ਹੈ। ਮੈਂਬਰ ਸਾਹਿਬ ਲਿਖਕੇ ਦੇ ਦੇਣ ਤਾਂ ਜਵਾਬ ਦੇ ਦਿਤਾ ਜਾਵੇਗਾ।

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਇਕ ਸੜਕ ਤੇ ਤਰਸਿਕਾ ਤੋਂ ਉਹ ਸੜਕ ਵਾਇਆ ਕੋਟ ਖੇੜਾ ਤੇ ਹਰੀਵਾਲ ਪਿੰਡ ਨੂੰ ਜਾਂਦੀ ਹੈ। ਇਸ ਪਿੰਡ ਲਾਗੇ ਤਰਸਿਕਾ ਡਰੇਨ ਲੰਘਦੀ ਹੈ। ਇਸ ਬਾਰੇ ਮੰਤਰੀ ਸਾਹਿਬ ਨੂੰ ਰਿਟਨ ਵੀ ਦੇ ਚੁੱਕੇ ਹਾਂ। ਕੀ ਮੰਤਰੀ ਜੀ ਇਸ ਤੇ ਪੁਲ ਬਣਾਉਣ ਦਾ ਵਿਸ਼ਵਾਸ ਦੇਣਗੇ ?

ਸ਼੍ਰੀ ਸਪੀਕਰ : ਇਸ ਬਾਰੇ ਸਪੈਸੀਫਿਕ ਕੁਐਸਚਨ ਚਾਹੀਦਾ ਹੈ।

ਰਾਜ ਮੰਤਰੀ : ਇਹ ਸਪੈਸੇਫਿਕ ਕੁਐਸਚਨ ਦੇ ਦੇਣ ਤਾਂ ਜਵਾਬ ਦੇ ਦੇਵਾਂਗੇ ।

Revival Of Maharishi Balmik Chair

*642. **Shri Jagjit Singh:** Will the Chief Minister be pleased to state whether there is any proposal under the consideration of the Government to revive Maharishi Balmik chair in the Punjabi University Patiala; if so, when?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) : ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਮਹਾਂਰਿਸ਼ੀ ਬਾਲਮੀਕ ਚੇਅਰ ਕਿਸੇ ਸਮੇਂ ਸਥਾਪਿਤ ਨਹੀਂ ਕੀਤੀ ਗਈ ਸੀ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਪਿਛਲੀ ਅਕਾਲੀ ਮਨਿਸਟਰੀ ਵੇਲ ਵੀ ਕਿਹਾ ਗਿਆ ਸੀ। ਮੁੱਖ ਮੰਤਰੀ ਜੀ ਅਤਿਵਾਦ ਦਾ ਨਾਂ ਨਹੀਂ ਲੈਣਾ ਚਾਹੁੰਦੇ (ਵਿਘਨ) ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਾਂਗਾ ਕਿ ਮਹਾਂਰਿਸ਼ੀ ਬਾਲਮੀਕ ਜਿਨ੍ਹਾਂ ਨੇ ਮਹਾਨ ਕੰਮ ਕੀਤਾ, ਰਮਾਇਣ ਲਿਖੀ ਅਤੇ ਉਨ੍ਹਾਂ ਨੇ ਮਾਨਵਤਾ ਦਾ ਸਬਕ ਲੋਕਾਂ ਨੂੰ ਦਿਤਾ ਲੋਕਾਂ ਨੂੰ ਰੋਸ਼ਨੀ ਦਿਖਾਈ, ਹਿੰਦੁਸਤਾਨ ਵਿਚ ਸਾਰਿਆਂ ਦਾ ਸਿਰ ਸਪੀਕਰ ਸਾਹਿਬ ਉਨ੍ਹਾਂ ਅਗੇ ਝੁਕਦਾ ਹੈ। ਭਾਵੇਂ ਮਹਾਂਰਿਸ਼ੀ ਬਾਲਮੀਕ ਜੀ ਦੀ ਲਿਖੀ ਹੋਈ ਰਮਾਇਣ ਦੇ ਚਰਣਾਂ ਵਿੱਚ ਸਾਰਾ ਸੰਸਾਰ ਝੁਕਦਾ ਹੈ ਪਰ ਹਾਲੇ ਐਸਾ ਸਮਾਜ ਵੀ ਹੈ ਜਿਹੜਾ ਉਨ੍ਹਾਂ ਦੀ ਔਲਾਦ ਨੂੰ ਆਪਣੇ ਨਾਲ ਨਹੀਂ ਲਾਉਂਦਾ। ਮੈਂ ਸਮਝਦਾ ਹਾਂ ਕਿ ਉਨ੍ਹਾਂ ਜੋ ਆਪਣਾ ਚਾਨਣਾ ਦਿੱਤਾ ਹੈ ਰਮਾਇਣ ਦੇ ਮਾਰਫਤ ਔਰ ਹੋਰ ਜਿਹੜਾ ਲਿਖਿਆ ਹੈ ਉਸ ਨੂੰ ਉਜਾਗਰ ਕਰਨ ਵਾਸਤੇ ਪੰਜਾਬ ਸਰਕਾਰ ਨੂੰ ਰਿਸ਼ੀ ਬਾਲਮੀਕ ਚੇਅਰ ਸਥਾਪਿਤ ਜ਼ਰੂਰ ਕਰਨੀ ਚਾਹੀਦੀ ਹੈ ਕਿਉਂਕਿ ਭਾਈ ਵੀਰ ਸਿੰਘ ਚੇਅਰ, ਗੁਰੂ ਨਾਨਕ ਦੇਵ ਚੇਅਰ, ਬਾਬਾ ਫਰੀਦ ਚੇਅਰ ਸਾਰੀਆਂ ਕਾਇਮ ਕੀਤੀਆਂ ਗਈਆਂ ਹਨ। ਇਹ ਵੀ ਮਹਾਨ ਰਿਸ਼ੀ ਹੋਏ ਹਨ ਅਤੇ ਸਾਰੇ ਸੰਸਾਰ ਵਿੱਚ ਉਨ੍ਹਾਂ ਦੇ ਨਾਮ ਲੇਵਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਚੇਅਰ ਕਾਇਮ ਹੋਵੇ ਅਤੇ ਉਨ੍ਹਾਂ ਦਾ ਚਾਨਣ ਉਜਾਗਰ ਹੋ ਸਕੇ ਅਤੇ ਲੋਕਾਂ ਦੇ ਸਾਹਮਣੇ ਆ ਸਕੇ। ਕੀ ਪੰਜਾਬ ਸਰਕਾਰ ਇਹ ਚੇਅਰ ਸਥਾਪਿਤ ਕਰੇਗੀ ?

ਸ਼੍ਰੀ ਸਪੀਕਰ : ਇਨ੍ਹਾਂ ਨੂੰ ਦੱਸ ਦਿਓ ਕਿ ਕੀ ਕੋਈ ਐਸੀ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ ਜਾਂ ਉਸ ਤੇ ਵਿਚਾਰ ਕਰ ਰਹੇ ਹੋ ?

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਜਿਵੇਂ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਸਾਡੀ ਸਰਕਾਰ ਮਹਾਂਰਿਸ਼ੀ ਬਾਲਮੀਕ ਜੀ ਦਾ ਬਹੁਤ ਸਨਮਾਨ ਕਰਦੀ ਹੈ। ਜਵਾਬ ਠੀਕ ਸੀ ਸ਼ਾਇਦ ਇਨ੍ਹਾਂ ਨੂੰ ਭੁਲੇਖਾ ਲਗ ਗਿਆ ਹੈ। ਅਸੀਂ ਕੋਈ ਚੇਅਰ ਸਥਾਪਿਤ ਨਹੀਂ ਕੀਤੀ ਸੀ ਪਰੰਤੂ ਫੈਲੋਸ਼ਿਪ ਰਿਸ਼ੀ ਬਾਲਮੀਕ ਜੀ ਦੀ ਹੈ ਤੇ ਸ਼ੁਰੂ ਕੀਤੀ ਹੋਈ ਹੈ। ਗੁਰੂ ਰਵੀਦਾਸ ਜੀ ਦੀ ਭਗਤ ਨਾਮਦੇਵ ਜੀ ਦੀ ਸ਼ੰਕਰਾਚਾਰਿਆ ਜੀ ਦੇ ਨਾਂ ਤੇ ਵੀ ਫੈਲੋਸ਼ਿਪ ਹੈ, ਚੇਅਰ ਕੋਈ ਨਹੀਂ। ਚੇਅਰ ਬਾਰੇ ਅਜੇ ਤੱਕ ਕੋਈ ਪਰੋਪੋਜ਼ਲ ਆਈ ਨਹੀਂ। ਆਈ ਤਾਂ ਵਿਚਾਰ ਕਰ ਲਵਾਂਗੇ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਸਪਲੀਮੈਂਟਰੀ। ਸ਼ਾਇਦ ਤੁਸੀਂ ਵੀ ਸੁਣ ਲਿਆ ਹੋਵੇਗਾ। ਏਥੇ ਹੁਣੇ ਕਿਹਾ ਗਿਆ ਹੈ ਕਿ ਮਨਿਸਟਰ ਸਾਹਿਬ ਅਤਿਵਾਦੀਆਂ ਨਾਲ ਰਲੇ ਹੋਏ ਹਨ। ਕੀ ਇਸ ਗੱਲ ਨੂੰ ਇਹ ਐਕਸੈਪਟ ਕਰ ਲੈਣਗੇ ? (ਵਿਘਨ)

ਨਿਸ਼ਾਨਵਾਲਾ ਪ੍ਰਸ਼ਨ ਨੰ: 640

ਸ੍ਰੀ ਸਪੀਕਰ : ਸਵਾਲ ਨੰ: 640 ਬਾਰੇ ਐਕਸਟੈਨਸ਼ਨ ਮੰਗੀ ਗਈ ਹੈ।

D.O.No. 4/2/87-2HIV/717

Captain Kanwaljit Singh

Minister of State for Sports & Home Department, Punjab, Chandigarh.

Dated the 17th March, 1987.

Dear S. Surjit Singh ji,

The answer to Starred Vidhan Sabha Question No. 640 appearing in the list of Questions for 18th March, 1987 in the name of Dr. Kewal Krishan is not ready. The requisite information is being collected from the concerned quarters. I am, therefore, to request that time for answering this Question may kindly be extended and this Question included in the list of Questions for any date after Ist April, 1987.

Regards,

Yours sincerely,

Sd/-

(Captain Kanwaljit Singh).

Sardar Surjit Singh Minhas,
Speaker,
Punjab Vidhan Sabha.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਕੀ ਇਸ ਸਵਾਲ ਦਾ ਜਵਾਬ ਇਸ ਸੈਸ਼ਨ ਵਿੱਚ ਆ ਜਾਵੇਗਾ ?

ਸ੍ਰੀ ਸਪੀਕਰ : ਉਮੀਦ ਤਾਂ ਹੈ।

Unsafe Building of the Old District Courts, Ludhiana.

*637. **Shri Harnam Dass Johar, Advocate:** Will the Minister of State for Public Works be pleased to state whether it is a fact that building of the Old District Courts, Ludhiana, has been declared unsafe; if so, the alternative arrangement made by the Government for the functioning of the Courts located therein; if not, the reasons therefor

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਲੁਧਿਆਣਾ ਵਿਖੇ ਜ਼ਿਲ੍ਹਾ ਕਚਹਿਰੀਆਂ ਦੀ ਇਮਾਰਤ ਬਹੁਤ ਪੁਰਾਣੀ ਹੈ। ਇਨ੍ਹਾਂ ਵਿਚ ਕੁਝ ਨੂੰ ਅਗਸਤ, 1985 ਵਿੱਚ ਅਣ-ਸੁਰੱਖਿਅਤ ਕਰਾਰ ਦਿੱਤਾ ਗਿਆ ਸੀ। ਇਨ੍ਹਾਂ ਵਿਚੋਂ ਕੁਝ ਕੁ ਨੂੰ ਹੋਰ ਸਮੇਂ ਲਈ ਵਰਤਣਯੋਗ ਬਣਾਉਣ ਲਈ ਮੁਰੰਮਤ ਕਰਨ ਦੀ ਤਜਵੀਜ਼ ਹੈ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿੱਚ ਵੀ ਇਹ ਸਵਾਲ ਕੀਤਾ ਗਿਆ ਸੀ ਅਤੇ ਮਾਨਯੋਗ ਮੁੱਖ ਮੰਤਰੀ ਜੀ ਨੇ ਕਿਹਾ ਸੀ ਉਸ ਵੇਲੇ ਅਤੇ ਇਹ ਡਿਕ-ਲੇਅਰ ਕੀਤਾ ਸੀ ਕਿ ਇਹ ਬਿਲਡਿੰਗਜ਼ ਜਿਹੜੀਆਂ ਡਿਸਟ੍ਰਿਕਟ ਕੋਰਟਸ ਲੁਧਿਆਣਾ ਦੀਆਂ ਹਨ ਇਹ ਅਨਸੇਫ ਹਨ ਅਤੇ ਉਹ ਇਨ੍ਹਾਂ ਲਈ ਜਲਦੀ ਨਵੀਂ ਬਿਲਡਿੰਗ ਬਣਵਾਉਣਗੇ ਅਤੇ ਨਹੀਂ ਤਾਂ ਕਿਰਾਏ ਤੇ ਲੈ ਕੇ ਇਸਤੇਮਾਲ ਵਾਸਤੇ ਦਿਲਾ ਦਿਤੀ ਜਾਵੇਗੀ। ਅੱਜ ਇਹ ਮੰਤਰੀ ਸਾਹਿਬ ਕਹਿ ਰਹੇ ਹਨ ਕਿ ਇਸੇ ਬਿਲਡਿੰਗ ਦੀ ਰਿਪੇਅਰ ਕਰਾਂਗੇ। ਕੀ ਇਨ੍ਹਾਂ ਦੀਆਂ ਅੱਖਾਂ ਖੋਲ੍ਹਣ ਵਾਸਤੇ ਇਹ ਕਾਫੀ ਨਹੀਂ ਕਿ 2 ਵਾਰੀ ਅਸੈਂਬਲੀ ਵਿੱਚ ਇਕ ਸਵਾਲ ਆਵੇ। ਕੀ ਨਵਾਂ ਸ਼ਹਿਰ ਦਾ ਵਾਕਿਆ ਕਾਫੀ ਨਹੀਂ ਜਿਥੇ ਬਿਲਡਿੰਗ ਕਾਰਣ ਕਿੰਨੇ ਹੀ ਬੱਚੇ ਅਤੇ ਟੀਚਰਜ਼ ਮਾਰੇ ਗਏ। ਕੀ ਜਦੋਂ ਇਥੇ ਵੀ ਵਕੀਲ ਅਤੇ ਹੋਰ ਪਬਲਿਕ ਦੇ ਲੋਕ ਮਰਨਗੇ ਉਸ ਤੋਂ ਬਾਅਦ ਇਨ੍ਹਾਂ ਦੀਆਂ ਅੱਖਾਂ ਖੁਲ੍ਹਣਗੀਆਂ ਤਾਂ ਇਹ ਬਿਲਡਿੰਗ ਨਵੀਂ ਬਣਵਾਉਣਗੇ ?

ਰਾਜ ਮੰਤਰੀ : ਇਸ ਦੇ ਬਾਰੇ ਹੋਮ ਡਿਪਾਰਟਮੈਂਟ ਨੇ ਪੂਰੀ ਕੋਸ਼ਿਸ਼ ਕੀਤੀ ਕਿ ਨਵੀਂ ਬਿਲਡਿੰਗ ਪ੍ਰਾਪਤ ਕੀਤੀ ਜਾਵੇ ਲੇਕਿਨ ਕੋਈ ਅਕਾਮੋਡੇਸ਼ਨ ਹੀ ਨਹੀਂ ਮਿਲ ਸਕੀ। ਫੇਰ ਇਕ ਕਮੇਟੀ ਬਣਾਈ ਗਈ ਜਿਸ ਨੇ ਇਹ ਵਿਚਾਰ ਕੀਤਾ ਕਿ ਜੇ ਅਸੀਂ ਬਿਲਡਿੰਗਾਂ ਦਾ ਸੁਧਾਰ ਕਰ ਸਕਦੇ ਹਾਂ ਤਾਂ ਉਸ ਦੀ ਰਿਪੇਅਰ ਕਰਾ ਲਈ ਜਾਵੇ। ਪੀ. ਡਬਲਿਊ. ਡੀ. ਵਾਲਿਆਂ ਤੋਂ ਅਸ਼ੋਰੈਂਸ ਮੰਗੀ ਕਿ ਰਿਪੇਅਰ ਕਰਨ ਤੋਂ 5 ਸਾਲ ਬਾਅਦ ਤੱਕ ਇਹ ਬਿਲਡਿੰਗ ਸੁਰਖਿਅਤ ਰਹੇਗੀ। ਤਾਂ ਇਹ ਅਸ਼ੋਰੈਂਸ ਦੇ ਦਿੱਤੀ ਗਈ ਹੈ। ਜਦ ਤਕ ਆਲਟਰਨੇਟਿਵ ਅਕਮੋਡੇਸ਼ਨ ਨਹੀਂ ਮਿਲਦੀ ਤਦ ਤਕ ਇਸੇ ਨੂੰ ਰਿਪੇਅਰ ਕਰਕੇ ਕੰਮ ਵਿੱਚ ਲਿਆ ਸਕਦੇ ਹਾਂ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਰ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪ੍ਰਾਰਥਨਾ ਕਰਾਂਗਾ ਕਿ ਕੋਈ ਟਾਈਮ-ਬਾਊਂਡ ਪ੍ਰੋਗਰਾਮ ਦੇਣ ਕਿ ਕਦੋਂ ਤੱਕ ਇਹ ਕਚਹਿਰੀਆਂ ਸ਼ਿਫਟ ਹੋ ਜਾਣਗੀਆਂ ? ਨਾਲ ਹੀ ਅੱਜ ਤੋਂ 17 ਸਾਲ ਪਹਿਲਾਂ ਜਿਥੇ ਕਿ ਨਵੀਂ ਬਿਲਡਿੰਗ ਬਣੀ ਹੈ ਕਚਹਿਰੀਆਂ ਦੀ ਉਥੇ ਜਗ੍ਹਾ ਵੀ ਪਈ ਹੈ ਅਤੇ ਮੈਟੀਰੀਅਲ ਵੀ ਪਿਆ ਹੈ। ਕੀ ਉਥੇ ਕੰਮ ਨਹੀਂ ਸ਼ੁਰੂ ਹੋ ਸਕਦਾ? ਜੇ ਹੋ ਸਕਦਾ ਹੈ ਤਾਂ ਉਥੇ ਕੰਮ ਕਦੋਂ ਤੱਕ ਸ਼ੁਰੂ ਕਰ ਰਹੇ ਹਨ ?

ਰਾਜ ਮੰਤਰੀ : ਜਿਹੜਾ ਨਵੀਂ ਬਿਲਡਿੰਗ ਤੇ ਖਰਚਾ ਹੋਣਾ ਹੈ ਉਹ 2.20 ਕਰੋੜ ਦਾ ਖਰਚਾ ਹੋਣਾ ਹੈ। ਉਸ ਬਾਰੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਔਰ ਜਦੋਂ ਰਕਮ ਮਿਲ ਗਈ ਉਹ ਬਿਲਡਿੰਗ ਸ਼ੁਰੂ ਕਰ ਦਿਆਂਗੇ।

ਰਾਜਾ ਨਰਿੰਦਰ ਸਿੰਘ : ਇਹ ਬੜਾ ਇੰਪਾਰਟੈਂਟ ਕੁਐਸਚਨ ਹੈ ਪਰ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਇਸ ਬਾਰੇ ਜਾਂਚ ਕਰ ਰਹੇ ਹਾਂ। ਮੈਂ, ਸਪੀਕਰ ਸਾਹਿਬ, ਇਨ੍ਹਾਂ ਤੋਂ ਪੁਛਣਾ ਚਾਹੁੰਦਾ ਹਾਂ ਕਿ ਰੂਰਲ ਏਰੀਆ ਵਿਚ ਕਿੰਨੇ ਸਕੂਲ ਹਨ ਅਤੇ ਅਰਬਨ ਏਰੀਆ ਵਿਚ ਕਿੰਨੇ ਸਕੂਲ ਹਨ ਜਿਨ੍ਹਾਂ ਦੀਆਂ ਬਿਲਡਿੰਗਾਂ ਅਨਸੇਫ ਹਨ ?

ਰਾਜ ਮੰਤਰੀ : ਇਸ ਬਾਰੇ ਪੜਤਾਲ ਕਰਾ ਲਵਾਂਗੇ।

Bank Dacoities etc. in District Ludhiana

*624. **Shri Om Parkash Gupta:** Will the Chief Minister be pleased to state—

(a) the number of bank dacoities/robberies which took place during the last 3 years in District Ludhiana and the amount involved in each case ;

(b) the number of cases out of those reffered to in part (a) above which have been traced out so far;

(c) the steps being taken to avoid the recurrence of such cases in future ?

ਕੈਪਟਨ ਕੰਵਲਜੀਤ ਸਿੰਘ (ਰਾਜ ਮੰਤਰੀ, ਗ੍ਰਹਿ) : (ੳ) ਤੋਂ (ੲ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

ਸੂਚਨਾ

	1984	1985		1986	
		ਡਕੈਤੀ	ਲੁਟ-ਮਾਰ	ਡਕੈਤੀ	ਲੁਟ-ਮਾਰ
1. ਡਕੈਤੀਆਂ ਅਤੇ ਲੁੱਟ-ਮਾਰਾਂ ਦੀ ਗਿਣਤੀ	ਨਿੱਲ	1	3	2	3
		ਰੁਪਏ	ਰੁਪਏ	ਰੁਪਏ	ਰੁਪਏ
(ੳ) ਹਰ ਕੇਸ ਵਿਚ ਲੁੱਟੀ ਗਈ ਰਕਮ	...	152170	26948 ਨਿਲ 197517	148695 1023031	32244 10780 157209
ਕੁਲ		152170	224465	1171726	200233
(ਅ) ਹਲ ਹੋਏ ਕੇਸਾਂ ਦੀ ਗਿਣਤੀ	ਨਿਲ	2		3	

[ਰਾਜ ਮੰਤਰੀ, ਗ੍ਰਹਿ]

(ੲ) ਬੈਂਕਾਂ ਦੀ ਸੁਰਖਿਆ ਨੂੰ ਮਜ਼ਬੂਤ ਕਰਨ ਲਈ ਚੁਕੇ ਗਏ ਕਦਮ :—

1. ਰਾਜ ਵਿਚ ਵਧੇਰੇ ਖਤਰੇ ਵਾਲੀਆਂ 92 ਕਰੰਸੀ ਚੈਸਟ ਸ਼ਾਖਾਵਾਂ ਨੂੰ ਸੀ. ਆਰ. ਪੀ. ਐਫ/ ਰਾਜ ਪੁਲਿਸ ਦੀ ਅਹਿਲ ਗਾਰਦ ਦਿਤੀ ਗਈ ਹੈ ।

2. ਭਾਰਤ ਸਰਕਾਰ ਦੇ ਆਰਥਕ ਮਾਮਲਿਆਂ ਬਾਰੇ ਮੰਤਰਾਲੇ ਨਾਲ ਮਾਮਲਾ ਉਠਾਇਆ ਗਿਆ ਹੈ ਤਾਂ ਜੋ ਇਹ ਮਾਮਲਾ ਅਗੇ ਰਿਜ਼ਰਵ ਬੈਂਕ ਆਫ ਇੰਡੀਆ ਨਾਲ ਉਠਾ ਸਕਣ ਕਿ ਕੀ ਪੰਜਾਬ ਰਾਜ ਵਿਚ ਕਰੰਸੀ ਚੈਸਟ ਸ਼ਾਖਾਵਾਂ ਦੀ ਗਿਣਤੀ ਘਟਾਈ ਜਾ ਸਕਦੀ ਹੈ ਜਾਂ ਨਹੀਂ।

3. ਸਾਰੇ ਬੈਂਕਾਂ ਨੂੰ ਅਲਾਰਮ ਸਿਸਟਮ ਅਤੇ ਦੂਜੇ ਇਲੈਕਟਰਾਨਿਕ ਯੰਤਰ ਲਗਵਾਉਣ ਬਾਰੇ ਤਜਵੀਜ਼ ਕੀਤੀ ਗਈ ਹੈ ।

4. ਜਿਨ੍ਹਾਂ ਇਲਾਕਿਆਂ ਵਿਚ ਬੈਂਕ ਸਥਿਤ ਹਨ ਉਨ੍ਹਾਂ ਇਲਾਕਿਆਂ ਵਿਚ ਪੁਲਸ ਅਤੇ ਪੈਰਾ ਮਿਲਟਰੀ ਫੋਰਸ ਦੀ ਗਸ਼ਤ ਵਧਾਈ ਅਤੇ ਤੇਜ਼ ਕਰ ਦਿਤੀ ਗਈ ਹੈ।

5. ਰਾਜ ਸਰਕਾਰ ਨੇ ਬੈਂਕਾਂ ਨੂੰ ਜੇ ਉਹ ਚਾਹੁਣ ਤਾਂ ਉਨ੍ਹਾਂ ਦੇ ਸੁਰਖਿਆ ਗਾਰਦਾਂ ਨੂੰ ਤਰਬੀਅਤ ਦੇਣ ਬਾਰੇ ਪੇਸ਼ਕਸ਼ ਕੀਤੀ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰੇ ਸਵਾਲ ਦੇ ਪਾਰਟ (ਬੀ) ਵਿਚ ਲਿਖਿਆ ਹੈ —

"the number of cases out of those referred to in part (a) above which have been traced out so far-"

ਇਸ ਦਾ ਜਵਾਬ ਕੋਈ ਮਾਕੂਲ ਨਹੀਂ ਦਿਤਾ ਗਿਆ । ਵਰਕਡ ਆਊਟ ਲਿਖਿਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਪਕੜੇ ਗਏ ਹਨ, ਕਿੰਨੀ ਰਕਮ ਰਿਕਵਰ ਹੋਈ ਹੈ ਜਾਂ ਨਹੀਂ ਹੋਈ ਅਤੇ ਕੌਣ ਕਸੂਰਵਾਰ ਹੈ ?

ਰਾਜ ਮੰਤਰੀ, ਗ੍ਰਹਿ : ਸਪੀਕਰ ਸਾਹਿਬ, ਸਾਲ 1985 ਵਿਚ 2 ਕੇਸਿਜ਼ ਟਰੇਸ ਆਊਟ ਕੀਤੇ ਗਏ ਹਨ। ਸਾਲ 1986 ਵਿਚ 3 ਕੇਸਿਜ਼ ਵਰਕ ਆਊਟ ਕੀਤੇ ਗਏ ਹਨ। ਇਨ੍ਹਾਂ ਦੀ ਡਿਟੇਲ ਬਾਰੇ ਮਾਨਯੋਗ ਮੈਂਬਰ ਸਾਹਿਬ ਸਵਾਲ ਪੁੱਛ ਲੈਣ, ਜਵਾਬ ਦੇ ਦਿਤਾ ਜਾਏਗਾ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਨ੍ਹਾਂ ਨੇ ਆਪਣੇ ਜਵਾਬ ਦੇ ਪਾਰਟ 'ਸੀ' ਵਿਚ ਪੰਜ ਪੈਰੇ ਦਿੱਤੇ ਹਨ ਜਿਸ ਵਿਚ ਕਿਹਾ ਹੈ ਕਿ ਅਸੀਂ ਜ਼ਬਰਦਸਤ ਸਿਕਿਉਰਿਟੀ ਕੀਤੀ ਹੈ ਅਤੇ ਹੋਰ ਵੀ ਅਸੀਂ ਇੰਤਜ਼ਾਮ ਕੀਤੇ ਹਨ, ਪੈਟਰੋਲਿੰਗ ਹੋ ਰਹੀ ਹੈ। ਅਸੀਂ ਟਰੇਂਡ ਕਰ ਰਹੇ ਹਾਂ। ਬੈਂਕਾਂ ਵਿਚ ਸਿਕਿਉ-ਰਿਟੀ ਗਾਰਡ ਦਿੱਤੇ ਹੋਏ ਹਨ। ਕੀ ਇਹ ਦੱਸਣਗੇ ਕਿ ਐਨੇ ਇੰਤਜ਼ਾਮਾਤ ਦੇ ਹੁੰਦਿਆਂ ਹੋਇਆਂ ਆਪਣੀ ਫਾਈਲ ਦੇਖਣਗੇ ਕਿ 5.70 ਕਰੋੜ ਰੁਪਿਆ ਪੰਜਾਬ ਨੈਸ਼ਨਲ ਬੈਂਕ ਵਿਚੋਂ ਹੁਣੇ ਹੀ ਲੁਟਿਆ ਗਿਆ। ਉਥੇ ਗਾਰਡ ਵੀ ਸਨ ਫਿਰ ਉਥੇ ਅਜਿਹਾ ਕਿਉਂ ਹੋਇਆ ? ਕਿਹੜੇ ਕਿਹੜੇ ਕਸੂਰਵਾਰ ਲੱਭੇ ਗਏ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ ਮੈਂ ਮਾਨਯੋਗ ਮੈਂਬਰ ਸਾਹਿਬ, ਦੀ ਇਨਫਰਮੇਸ਼ਨ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਲਾਅ ਐਂਡ ਆਰਡਰ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਹੈ ਉਥੇ ਦੀ ਸਿਕਿਉਰਿਟੀ ਦੀ ਜ਼ਿੰਮੇਵਾਰੀ ਦਾ ਸਬੰਧ ਬੈਂਕਾਂ ਦਾ ਹੈ । ਉਹ ਬੈਂਕ ਕਰਦੇ ਹਨ ।

ਦੂਸਰਾ ਸਵਾਲ ਜਿਹੜਾ ਇਨ੍ਹਾਂ ਨੇ ਪੁਛਿਆ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੂਰੀ ਸਿਕਿਉਰਿਟੀ ਕਵਰ ਦੇਣ ਵਾਸਤੇ ਅਸੀਂ ਸਮਝਦੇ ਹਾਂ ਕਿ 2 ਹੈਡ ਕੰਸਟੇਬਲਜ਼ ਅਤੇ 8 ਕੰਸਟੇਬਲਜ਼ ਸੀ. ਆਰ. ਪੀ. ਐਫ. ਦੇ ਹਰ ਬਰਾਂਚ ਵਿਚ ਲੋੜੀਂਦੇ ਹਨ। 6 ਬਟਾਲੀਅਨ ਸੀ. ਆਰ. ਪੀ. ਐਫ. ਦੀ ਲੋੜ ਹੈ ਅਤੇ ਗੌਰਮਿੰਟ ਆਫ ਇੰਡੀਆ ਤੋਂ ਉਨ੍ਹਾਂ ਦੀ ਮੰਗ ਕੀਤੀ ਗਈ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, 2 ਘੰਟੇ ਉਥੇ ਲੁੱਟਣ ਵਾਲੇ ਰਹੇ ਉਨ੍ਹਾਂ ਦੀ ਤਾਦਾਦ ਵੀ ਕਾਫੀ ਸੀ। ਇਹ ਕਹਿੰਦੇ ਹਨ ਕਿ ਪੈਟਰੋਲਿੰਗ ਹੋ ਰਹੀ ਹੈ। ਦੋ ਘੰਟਿਆਂ ਵਿਚ ਕੋਈ ਪੈਟਰੋਲ ਕਰਨ ਵਾਲੇ ਉਥੇ ਨਹੀਂ ਪਹੁੰਚੇ ਉਨ੍ਹਾਂ ਦੀ ਕਿੰਨੀ ਅਣ-ਗਹਿਲੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦਾ ਸਵਾਲ ਪਿਛਲੇ 3 ਸਾਲਾਂ ਨਾਲ ਸਬੰਧਤ ਸੀ ਉਸ ਤੋਂ ਇਲਾਵਾ ਹੁਣ ਜੇ ਉਹ ਕੋਈ ਹੋਰ ਸੂਚਨਾ ਲੈਣਾ ਚਾਹੁੰਦੇ ਹਨ ਤਾਂ ਉਹ ਨੋਟਿਸ ਦੇ ਦੇਣ ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਾਂਗਾ ਕਿ ਹੁਣ ਤੱਕ ਜਿਹੜੀਆਂ ਡਕੈਤੀਆਂ ਹੋਈਆਂ ਹਨ ਉਨ੍ਹਾਂ ਵਿਚੋਂ ਕੋਈ ਪਕੜਿਆ ਵੀ ਗਿਆ ਹੈ, ਜੇ ਕੋਈ ਪਕੜਿਆ ਗਿਆ ਹੈ ਤਾਂ ਉਨ੍ਹਾਂ ਨੂੰ ਕੀ ਕੋਈ ਸਜ਼ਾ ਵੀ ਹੋਈ ਹੈ, ਕੋਈ ਚਲਾਨ ਵੀ ਪੇਸ਼ ਹੋਇਆ ਹੈ ?

ਸ਼੍ਰੀ ਸਪੀਕਰ : ਤੁਸੀਂ ਸਵਾਲ ਦਾ ਜਵਾਬ ਪੜ੍ਹੋ, ਉਸ ਵਿਚ ਆ ਗਿਆ ਹੈ। Next question.

Demand Of Khalistan

*639. **Dr. Kewal Krishan:** Will the Chief Minister be pleased to state:—

(a) whether it is a fact that the demand of Khalistan was endorsed in the holy precincts of Darbar Sahib at Amritsar on the 26th January, 1987 by separatists and secessionists;

(b) if the reply to part (a) above be in the affirmative, the action taken by the Government in the matter?

ਕੈਪਟਨ ਕੰਵਲਜੀਤ ਸਿੰਘ (ਰਾਜ ਮੰਤਰੀ, ਗ੍ਰਹਿ) : (ੳ) ਹਾਂ ਜੀ।

(ਅ) ਇਹ ਕੇਸ ਐਫ.ਆਈ.ਆਰ. ਨੰ: 17 ਅਧੀਨ ਧਾਰਾ 124-ਏ ਆਈ.ਪੀ.ਸੀ. ਥਾਣਾ ਕੋਤਵਾਲੀ ਅੰਮ੍ਰਿਤਸਰ ਵਿੱਚ ਮਿਤੀ 28 ਜਨਵਰੀ, 1987 ਨੂੰ ਦਰਜ ਕੀਤਾ ਗਿਆ ਹੈ ਅਤੇ ਤਫਤੀਸ਼ ਜਾਰੀ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਸ ਤਰ੍ਹਾਂ ਜਵਾਬ ਦਿੱਤਾ ਹੈ ਇਸ ਤਰ੍ਹਾਂ ਮਾਲੂਮ ਹੁੰਦਾ ਹੈ ਕਿ ਖ਼ਾਲਿਸਤਾਨ ਦੀ ਡੀਮਾਂਡ ਜਿਹੜੀ ਹੈ ਉਹ ਸਾਧਾਰਨ ਜਿਹੀ ਡੀਮਾਂਡ ਹੈ ਲੇਕਿਨ ਇਨ੍ਹਾਂ ਨੇ ਦੱਸਿਆ ਹੈ ਕਿ ਇਨਵੈਸਟੀਗੇਸ਼ਨ ਹੋ ਰਹੀ ਹੈ, ਕੋਈ ਗ੍ਰਿਫਤਾਰੀ ਨਹੀਂ ਹੋਈ। ਕੋਈ ਸਟੈਪ ਨਹੀਂ ਚੁਕਿਆ ਗਿਆ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਸ ਤਰ੍ਹਾਂ ਦੀਆਂ ਐਕਟਿਵਿਟੀਜ਼ ਜਿਹੜੀਆਂ ਪਿਛਲੇ ਦੋ ਸਾਲਾਂ ਤੋਂ ਸ਼ੁਰੂ ਹਨ ਔਰ ਖਾਸ ਤੌਰ ਤੇ ਉਨ੍ਹਾਂ ਨੇ ਸਭ

[ਡਾਕਟਰ ਕੇਵਲ ਕ੍ਰਿਸ਼ਨ]

ਨਾਲੋਂ ਉਚੇ ਧਰਮ ਅਸਥਾਨ ਨੂੰ ਅੱਡਾ ਬਣਾਇਆ ਹੋਇਆ ਹੈ। ਇਹ ਦੱਸਣ ਕਿ ਇਸ ਡੀਮਾਂਡ ਦੇ ਖਿਲਾਫ ਇਨ੍ਹਾਂ ਨੇ ਕੀ ਕਾਰਵਾਈ ਕੀਤੀ, ਗ੍ਰਿਫਤਾਰੀ ਕਰਨ ਲਈ ਉਨ੍ਹਾਂ ਦੇ ਖਿਲਾਫ ਕੀ ਕਾਰਵਾਈ ਕੀਤੀ ਗਈ, ਕੀ ਸਟੈਪਸ ਲਏ ਗਏ ਹਨ ਜਦ ਕਿ ਇਨ੍ਹਾਂ ਨੇ ਇਨਵੈਸਟੀਗੇਸ਼ਨ ਕਹਿ ਕੇ ਘਰ ਪੂਰਾ ਕਰ ਦਿੱਤਾ ਹੈ। ਬੜੀ ਖੌਫਨਾਕ ਮੂਵ ਹੈ। ਇਨ੍ਹਾਂ ਨੇ ਇਸ ਬਾਰੇ ਹੁਣ ਤੱਕ ਕੀ ਕੀਤਾ ਹੈ?

ਰਾਜ ਮੰਤਰੀ, ਗ੍ਰਹਿ: ਸਪੀਕਰ ਸਾਹਿਬ, ਵੈਸੇ ਮਾਨਯੋਗ ਮੈਂਬਰ ਸਾਹਿਬ ਦੇ ਸਵਾਲ ਦਾ ਜਵਾਬ ਮੈਂ ਪਹਿਲਾਂ ਦੇ ਬੈਠਾ ਹਾਂ। ਕਿਸੇ ਵੀ ਕੇਸ ਦੀ ਕਾਰਵਾਈ ਤਫਤੀਸ਼ ਤੋਂ ਬਾਅਦ ਕੀਤੀ ਜਾਂਦੀ ਹੈ। ਲੇਕਿਨ ਮੈਂ ਇਕ ਹੋਰ ਇਨ੍ਹਾਂ ਦੀ ਇਨਫਰਮੇਸ਼ਨ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਉਹ ਸੱਜਣ ਉਸ ਦਿਨ ਸਟੇਜ ਸੈਕਟਰੀ ਦੀ ਜ਼ਿਮੇਵਾਰੀ ਨਿਭਾ ਰਹੇ ਸਨ ਸਵਰਨ ਸਿੰਘ ਖਾਲਸਾ ਜੋ ਕਿ ਪ੍ਰਾਪੇਗੰਡਾ ਸੈਕਟਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਹਨ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Unsafe Buildings of Government Primary schools in Saroa and Balachaur Blocks

***620. Shri Ram Kishan Kataria**: Will the Chief Minister be pleased to state the number of Government Primary Schools in Saroa and Balachaur blocks of District Hoshiarpur the buildings of which have been declared unsafe alongwith the details of the action proposed to be taken to repair the said buildings?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹੁਸ਼ਿਆਰਪੁਰ ਜ਼ਿਲ੍ਹੇ ਦੇ ਸੜੋਆ ਅਤੇ ਬਲਾਚੌਰ ਬਲਾਕਾਂ ਵਿਚ ਕੋਈ ਇਮਾਰਤ ਅਣ-ਸੁਰਖਿਅਤ ਕਰਾਰ ਨਹੀਂ ਦਿੱਤੀ ਗਈ ਹੈ। ਪਰੰਤੂ ਫਿਰ ਵੀ ਕੁਝ ਇਮਾਰਤਾਂ ਦੀ ਮੁਰੰਮਤ ਦੀ ਲੋੜ ਹੈ, ਜੋ ਕਿ ਵਿੱਤੀ ਸਾਧਨਾਂ ਦੀ ਕਮੀ ਨੂੰ ਖਿਆਲ ਵਿਚ ਰਖਦੇ ਹੋਏ ਕ੍ਰਮਵਾਰ ਕੀਤੀ ਜਾਵੇਗੀ।

Condition of School Buildings in District Hoshiarpur

***652. Pandit Sarwan Ram Mansowalia** . Will the Chief Minister be pleased to state whether the Government proposes to improve the condition of school buildings in District Hoshiarpur?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਜੀ ਹਾਂ, ਸਰਕਾਰ ਸਕੂਲ ਇਮਾਰਤਾਂ ਦੀ ਹਾਲਤ ਸੁਧਾਰਨ ਲਈ ਉਪਲੱਬਧ ਸਾਧਨਾਂ ਰਾਹੀਂ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ।

Starred Question No. 625

(Extension has been asked for in respect of Starred Question No. *625)

---

*For Starred Question No. 625 and reply thereto, please see Appendix to this Debate.

Protection of the lives of the Government Employees posted in the villages

*630. **Professor Kumari Susheel Mahajan** : Will the Chief Minister be pleased to state whether the Government proposes to take steps to protect the lives of Government employees, the employees of the Punjab State Electricity Board posted in the villages from extremists ; if so, the details thereof ?

Sardar Surjit Singh Barnala : Yes. Details of the action being taken are laid on the Table of the House.

ਸਰਕਾਰੀ ਕਰਮਚਾਰੀਆਂ ਅਤੇ ਪੰਜਾਬ ਰਾਜ ਬਿਜਲੀ ਬੋਰਡ ਦੇ ਕਰਮਚਾਰੀਆਂ ਦੀ ਰਖਿਆ ਕਰਨ ਲਈ ਕੀਤੀ ਕਾਰਵਾਈ ਦੇ ਵੇਰਵੇ।

ਪੰਜਾਬ ਸਰਕਾਰ ਨੇ ਪਿੰਡਾਂ ਵਿਚ ਲੱਗੇ ਸਰਕਾਰੀ ਮੁਲਾਜ਼ਮਾਂ, ਬੋਰਡਾਂ, ਕਾਰਪੋਰੇਸ਼ਨਾਂ ਦੇ ਕਰਮ-ਚਾਰੀਆਂ ਦੀਆਂ ਜਾਨਾਂ ਦੀ ਰੱਖਿਆ ਕਰਨ ਲਈ, ਸੈਕਟਰ ਸਕੀਮ ਲਾਗੂ ਕਰਕੇ ਅਤੇ ਨਾਜ਼ਕ ਥਾਵਾਂ ਤੇ ਪੁਲਿਸ/ਪੈਰਾ ਮਿਲਟਰੀ ਫੋਰਸ ਤੈਨਾਤ ਕਰਕੇ, ਕਈ ਕਦਮ ਉਠਾਏ ਹਨ। ਅਸੁਰੱਖਿਅਤ ਥਾਵਾਂ-ਜਿਨ੍ਹਾਂ ਵਿਚ ਪੰਜਾਬ ਰਾਜ ਬਿਜਲੀ ਬੋਰਡ ਦੇ ਸਬ-ਸਟੇਸ਼ਨ, ਬੈਂਕ ਆਦਿ ਸ਼ਾਮਲ ਹਨ, ਵਿਖੇ ਸਟੈਂਡਿੰਗ ਗਾਰਦ ਮੁਹੱਈਆ ਕੀਤੇ ਗਏ ਹਨ। ਗਤੀਹੀਣ ਗਾਰਦਾਂ ਤੋਂ ਇਲਾਵਾ ਵਾਇਰਲੈਸ, ਟੈਲੀ-ਫੋਨ ਨਾਲ ਤਿਆਰ-ਬਰਤਿਆਰ ਪੈਟਰੋਲਿੰਗ ਪਾਰਟੀਆਂ ਅਤੇ ਲੋੜੀਂਦੇ ਪੁਲਿਸ ਰੀਜ਼ਰਵ ਥਾਣਿਆਂ ਨਾਲ ਨਿਰੰਤਰ ਤਾਲ-ਮੇਲ ਰਖਦੇ ਹਨ ਤਾਂ ਜੋ ਹੰਗਾਮੀ ਹਾਲਾਤ ਸਮੇਂ ਤੁਰਤ ਸਹਾਇਤਾ ਮੁਹੱਈਆ ਕੀਤੀ ਜਾ ਸਕੇ। ਇਸ ਤਰ੍ਹਾਂ ਪਿੰਡਾਂ ਵਿਚ ਲੱਗੇ ਸਰਕਾਰੀ ਕਰਮਚਾਰੀਆਂ ਅਤੇ ਨਾਲ ਹੀ ਪੰਜਾਬ ਰਾਜ ਬਿਜਲੀ ਬੋਰਡ ਦੇ ਵੀ ਕਰਮਚਾਰੀਆਂ ਦੀਆਂ ਜਾਨਾਂ ਦੀ ਰੱਖਿਆ ਕਰਨ ਲਈ ਸਾਰੇ ਸੰਭਵ ਅਤੇ ਅਸਰਦਾਰ ਕਦਮ ਉਠਾਏ ਜਾ ਰਹੇ ਹਨ। ਅੱਤਵਾਦੀਆਂ ਨੂੰ ਪਨਾਹ ਦੇਣ ਵਾਲਿਆਂ, ਜੋ ਅੱਤਵਾਦੀਆਂ ਤੋਂ ਇਹ ਕੰਮ ਲੈਂਦੇ ਹੋਏ ਗ੍ਰਿਫਤਾਰ ਕੀਤੇ ਗਏ ਹਨ, ਵਿਰੁੱਧ ਕੇਸ ਵੀ ਦਰਜ ਕਰ ਲਏ ਗਏ ਹਨ। ਕੋਈ ਵਿਅੱਕਤੀਗਤ ਕਰਮਚਾਰੀ ਜੋ ਅਜਿਹੀ ਪੁਲਿਸ ਸੁਰੱਖਿਆ ਮੰਗਦਾ ਹੈ, ਨੂੰ ਉਪਲਬਧ ਸਾਧਨਾਂ ਅਨੁਸਾਰ ਅਤੇ ਦਿੱਤੀ ਗਈ ਧਮਕੀ ਦੀ ਗੰਭੀਰਤਾ ਅਨੁਸਾਰ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਅਜਿਹੇ ਕੇਸਾਂ ਵਿਚ ਨਿੱਜੀ ਸਿਕਿਉਰਿਟੀ ਗਾਰਦ/ਗਨਮੈਨ ਵੀ ਦਿੱਤੇ ਜਾਂਦੇ ਹਨ। ਹਮਲੇ/ਕਤਲ ਦੇ ਜੋ ਕੇਸ ਹੋਏ ਹਨ, ਉਨ੍ਹਾਂ ਦੀ ਜ਼ਬਰਦਸਤ ਜਾਂਚ ਕੀਤੀ ਜਾ ਰਹੀ ਹੈ। ਇਨਾਂ ਸਾਰੇ ਉਪਾਵਾਂ ਦੇ ਫਲਸਰੂਪ, ਬਹੁਤ ਸਾਰੇ ਅੱਤਵਾਦੀ ਪਕੜੇ ਗਏ ਹਨ ਅਤੇ ਕੁਝ ਪੁਲਿਸ ਮੁਕਾਬਾਲਿਆਂ ਵਿਚ ਮਾਰੇ ਗਏ ਹਨ।

Contingent of C.R.P.F./B.S.F. Housed in School Buildings in the State

*631. **Professor Kumari Susheel Mahajan** : Will the Chief Minister be pleased to state whether some contingents of CRPF/BSF have been housed in school buildings in the State ; if so, the time by which the said school buildings are likely to get vacated?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹਾਂ ਜੀ, ਇਸ ਫ਼ੋਰਸ ਲਈ ਬਦਲਵੀਂ ਰਿਹਾਇਸ਼ ਦਾ ਪ੍ਰਬੰਧ ਜਲਦੀ ਤੋਂ ਜਲਦੀ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

POINTS OF ORDER RE. ADJOURNMENT MOTIONS

(*At this stage a number of Members were standing on points of order.*)

Mr. Speaker : Let us hear Doctor Kewal Krishan.

ਡਾਕਟਰ ਕੇਵਲ ਕ੍ਰਿਸ਼ਨ . ਆਨਰੇਬਲ ਮੈਂਬਰ ਸਾਹਿਬਾਨ ਨੇ ਸਪਲੀਮੈਂਟਰੀਜ਼ ਕਰਨੇ ਹਨ, ਇਸ ਤੇ ਸਪਲੀਮੈਂਟਰੀਜ਼ ਕੰਟੀਨਿਊ ਕੀਤੀਆਂ ਜਾਣ। (ਵਿਘਨ) ਮੈਂ, ਸਪੀਕਰ ਸਾਹਿਬ, ਅਰਜ਼ ਕਰਦਾ ਹਾਂ ਕਿ ਬੜਾ ਇੰਪਾਰਟੈਂਟ ਕੁਐਸਚਨ ਹੈ। ਇਕੱਲਾ ਪੰਜਾਬ ਹੀ ਨਹੀਂ, ਸਾਰਾ ਦੇਸ਼ ਇਸ ਦੇ ਉਤੇ ਚਿੰਤਿਤ ਹੈ। ਇਸ ਲਈ ਜਦੋਂ ਅਗਲਾ ਅੱਜ ਦਾ ਆਫਟਰਨੂਨ ਦਾ ਸੈਸ਼ਨ ਹੋਵੇ ਤਾਂ ਉਸ ਦੇ ਵਿਚ ਇਸ ਸਵਾਲ ਤੇ ਸਪਲੀਮੈਂਟਰੀਜ਼ ਕਰਨ ਦੀ ਇਜਾਜ਼ਤ ਦਿੱਤੀ ਜਾਵੇ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ : ਸਪੀਕਰ ਸਾਹਿਬ, ਮੇਰੀ ਐਡਜਰਨਮੈਂਟ ਮੋਸ਼ਨ ਸੀ। ਬੜੀਆਂ ਪਰੋਵੋਕੇਟਿਵ ਸਪੀਚਾਂ ਹੋਈਆਂ ਹਨ। ਤੁਹਾਨੂੰ ਰੋਜ਼ ਹਾਊਸ ਵਿਚ ਇਸ ਤਰ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਤ ਦਿਨ ਬਦਿਨ ਖਰਾਬ ਹੋ ਰਹੇ ਹਨ ਔਰ ਇਨ੍ਹਾਂ ਨੂੰ ਰੋਕਣਾ ਚਾਹੀਦਾ ਹੈ। ਜੋ ਕੁਝ ਵੀ ਹੋਲੇ ਮਹੱਲੇ ਤੇ ਹੋਇਆ, ਜਿਸ ਕਿਸਮ ਦੀਆਂ ਤਕਰੀਰਾਂ ਹੋਈਆਂ, ਉਸ ਉਤੇ ਹਾਊਸ ਐਡਜਰਨ ਕਰਕੇ ਇਸ ਤੇ ਡਿਸਕਸ ਕਰਨਾ ਲਾਜ਼ਮੀ ਹੈ।

ਸ੍ਰੀ ਸਪੀਕਰ : ਇਹ ਤਾਂ ਗਵਰਨਰ ਐਡਰੈਸ ਤੇ ਹੋਣੀ ਚਾਹੀਦੀ ਹੈ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਉਸ ਉਤੇ ਕਿਸੇ ਮਾਨਯੋਗ ਮੈਂਬਰ ਨੂੰ ਮੌਕਾ ਮਿਲਦਾ ਹੈ ਅਤੇ ਕਿਸੇ ਨੂੰ ਨਹੀਂ ਮਿਲਦਾ। ਹਾਲਾਤ ਐਨੇ ਵਿਗੜ ਚੁੱਕੇ ਹਨ ਕਿ ਤੁਸੀਂ ਉਥੋਂ ਤੱਕ ਪਹੁੰਚੇ ਨਹੀਂ। ਹੁਕਮਰਾਨ ਪਾਰਟੀ ਆਪਣੀ ਕਾਨਫਰੰਸ ਨਹੀਂ ਕਰ ਸਕੀ। ਉਨ੍ਹਾਂ ਨੇ ਕਿਸ ਕਿਸਮ ਦੀਆਂ ਸਪੀਚਾਂ ਕੀਤੀਆਂ ਹਨ ਪਰ ਤੁਸੀਂ ਖਾਮੋਸ਼ ਹੋ। ਤੁਸੀਂ ਉਸ ਤੇ ਇਥੇ ਬਹਿਸ ਕਰਨ ਲਈ ਤਿਆਰ ਨਹੀਂ ਹੋਵੋਗੇ ਤਾਂ ਕੀ ਬਣੇਗਾ ਇਸ ਸੂਬੇ ਦਾ? This Adjournment Motion should be admitted.

ਸ੍ਰੀ ਸਪੀਕਰ : ਤੁਹਾਡੀ ਗਲ ਸੁਣ ਲਈ ਹੈ। ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਦੀ ਐਡਜਰਨਮੈਂਟ ਮੋਸ਼ਨ ਆਈ ਸੀ। ਇਸ ਬਾਰੇ ਹੋਮ ਮਨਿਸਟਰ ਨੇ ਰੇਫਰੈਂਸ ਦਿੱਤਾ ਹੈ। ਇਸ ਬਾਰੇ ਮੈਂ ਕਲੀਅਰ ਕਰ ਦਿਆਂ ਕਿ ਹਾਊਸ ਦੀ ਪ੍ਰੰਪਰਾ ਰਹੀ ਹੈ, ਮਰਿਯਾਦਾ ਰਹੀ ਹੈ ਕਿ ਬੱਜਟ ਸੈਸ਼ਨ ਵਿਚ ਐਡਜਰਨਮੈਂਟ ਮੋਸ਼ਨ ਅਲਾਓ ਨਹੀਂ ਹੁੰਦੀ। ਇਸ ਕਰਕੇ ਉਹ ਡਿਸਅਲਾਓ ਕਰ ਦਿਤੀ ਗਈ ਹੈ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਤੁਸੀਂ ਬਜਟ ਸੈਸ਼ਨ ਦੇ ਮੁਤੱਲਕ ਕਿਹਾ ਹੈ, ਪਹਿਲਾਂ ਬਜਟ ਸੈਸ਼ਨ ਤਾਂ ਕਾਫੀ ਲੰਮੇ ਸਮੇਂ ਲਈ ਚਲਦਾ ਸੀ ਪਰ ਹੁਣ ਤਾਂ ਇਹ ਬਜਟ ਸੈਸ਼ਨ 2-2, 3-3 ਦਿਨ ਹੀ ਚਲਦਾ ਹੈ ਔਰ ਇਨ੍ਹਾਂ 3-3 ਦਿਨਾਂ ਵਿੱਚ ਅਸੀਂ ਕੀ ਡਿਸਕਸ ਕਰ ਸਕਦੇ ਹਾਂ, ਜੇ ਰੁਟੀਨ ਵਿੱਚ ਬਜਟ ਸੈਸ਼ਨ ਵਿੱਚ ਜੋ ਲੰਮਾਂ ਸਮਾਂ ਹੋਵੇ ਤਾਂ ਸਾਰੀਆਂ ਗਲਾਂ ਤੇ ਬਹਿਸ ਕਰਦੇ ਪਰ ਅੱਜ ਕਲ ਤਾਂ 5—7 ਸਿਟਿਗਜ਼ ਹੀ ਹੁੰਦੀਆਂ ਹਨ ਔਰ ਇਸ ਦੇ ਵਿੱਚ ਅਸੀਂ ਕੀ ਕੁਝ ਕਹਿ ਸਕਦੇ ਹਾਂ। ਇਸ ਲਈ ਮੈਂ ਕਹਾਂਗਾ ਕਿ It should be taken up and the House should be adjourned.

ਸ੍ਰੀ ਸਪੀਕਰ : ਬਜਟ ਡਿਸਕਸ਼ਨ ਤੇ ਮੈਂਬਰ ਸਾਹਿਬਾਨ ਨੂੰ ਟਾਈਮ ਮਿਲੇਗਾ। ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਲਈ ਵੀ ਮੈਂਬਰ ਸਾਹਿਬਾਨ ਨੂੰ ਅੱਜ ਵੀ ਟਾਈਮ ਮਿਲੇਗਾ ਔਰ ਫਿਰ ਕੁਝ ਟਾਈਮ ਕੱਲ੍ਹ ਵੀ ਮਿਲੇਗਾ।

ਡਾਕਟਰ ਕੇਵਲ ਕ੍ਰਿਸ਼ਨ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਨੰਦਪੁਰ ਸਾਹਿਬ ਜੋ ਕੁਝ ਹੋਲੇ ਮਹੱਲੇ ਤੇ ਹੋਇਆ ਔਰ ਇਤਨੀਆਂ ਪ੍ਰੋਵੋਕੇਟਿਵ ਸਪੀਚਿਜ਼ ਹੋਈਆਂ ਜਿਸ ਦਾ ਨਤੀਜਾ ਇਹ ਹੋਇਆ ਕਿ 5-7-10 ਕਤਲ ਪੰਜਾਬ ਵਿੱਚ ਹੋਏ। ਇਨ੍ਹਾਂ ਵਿੱਚ ਕੱਲ ਪਟਿਆਲੇ ਵਿੱਚ ਇਕ ਬੀ.ਜੇ.ਪੀ. ਦਾ ਲੀਡਰ ਸ਼ੰਭੂ ਨਾਥ ਵੀ ਮਾਰ ਦਿੱਤਾ ਗਿਆ। ਇਤਨੀ ਪ੍ਰੋਵੋਕੇਸ਼ਨ ਦੇ ਬਾਅਦ ਔਰ ਇਤਨਾ ਕੁਝ ਹੋਣ ਦੇ ਬਾਅਦ ਮੈਂ ਸਮਝਦਾ ਹਾਂ ਕਿ ਸਾਰਾ ਕੰਮ ਛੱਡ ਕੇ ਪਹਿਲਾਂ ਇਸ ਤੇ ਹਾਊਸ ਵਿਚ ਡਿਸਕਸ਼ਨ ਹੋਣੀ ਚਾਹੀਦੀ ਹੈ। ਜੋ ਕੁਝ ਇਸ ਵੇਲੇ ਪੰਜਾਬ ਵਿੱਚ ਹੋ ਰਿਹਾ ਹੈ ਅਤੇ ਇਤਨੀ ਪ੍ਰੋਵੋਕੇਸ਼ਨ ਜੋ ਫੈਲਾਈ ਜਾ ਰਹੀ ਹੈ ਉਸ ਦਾ ਅਸਰ ਮੈਂ ਸਮਝਦਾ ਹਾਂ ਕਿ ਪੰਜਾਬ ਵਿੱਚ ਹੀ ਨਹੀਂ ਇਸ ਦਾ ਰੀਐਕਸ਼ਨ ਹੋਰ ਦੂਸਰੀਆਂ ਥਾਵਾਂ ਤੇ ਵੀ ਹੋ ਸਕਦਾ ਹੈ। ਇਸ ਦੇ ਲਈ ਸਰਕਾਰ ਵਲੋਂ ਕੋਈ ਬੰਦੋਬਸਤ ਹੋਣਾ ਚਾਹੀਦਾ ਹੈ ਅਤੇ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਓਪਨ ਪ੍ਰੋਵੋਕੇਸ਼ਨ ਹੋ ਰਹੀ ਹੈ ਅਤੇ ਦਿਨ ਦਿਹਾੜੇ ਕਤਲ ਹੋ ਰਹੇ ਹਨ ਪਰ ਸਰਕਾਰ ਇਸ ਤੇ ਚੁੱਪ ਬੈਠੀ ਹੈ, ਇਹ ਕਿੰਨਾ ਚਿਰ ਬਰਦਾਸ਼ਤ ਹੋਵੇਗਾ। ਇਹ ਇਕ ਐਸਾ ਮਾਮਲਾ ਹੈ ਜਿਹੜਾ ਆਮ ਤੌਰ ਤੇ ਡਿਸਕਸ਼ਨ ਵਿੱਚ ਨਹੀਂ ਆਉਂਦਾ ਪਰ ਇਸ ਦੇ ਵਿੱਚ ਹਿੰਦੁਸਤਾਨ ਦੀ ਏਕਤਾ ਔਰ ਅਖੰਡਤਾ ਹੀ ਨਹੀਂ ਬਲਕਿ ਅਮਨ ਅਤੇ ਪੀਸ ਦਾ ਵੀ ਬਹੁਤ ਭਾਰੀ ਤੁਅੱਲਕ ਹੈ। ਉਨ੍ਹਾਂ ਸਪੀਚਿਜ਼ ਦੇ ਬਾਰੇ ਜੇ ਡਿਸਕਸ਼ਨ ਨਹੀਂ ਕਰੋਗੇ, ਕੋਈ ਐਕਸ਼ਨ ਨਹੀਂ ਲਵੋਗੇ ਤਾਂ ਹੋ ਸਕਦਾ ਹੈ ਇਸ ਦਾ ਬਹੁਤ ਭੈੜਾ ਅਸਰ ਪਵੇ ਅਤੇ ਹੋਰ ਥਾਵਾਂ ਤੇ ਵੀ ਇਸ ਦਾ ਅਸਰ ਹੋ ਸਕਦਾ ਹੈ।

ਮਾਸਟਰ ਮੋਹਨ ਲਾਲ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਜਿਵੇਂ ਡਾਕਟਰ ਕੇਵਲ ਕ੍ਰਿਸ਼ਨ ਜੀ ਨੇ ਪ੍ਰਾਰਥਨਾ ਕੀਤੀ ਹੈ ਇਸੇ ਤਰ੍ਹਾਂ ਮੈਂ ਵੀ ਅਰਜ਼ ਕਰਾਂਗਾ ਕਿ ਇਸ ਦੇ ਮੁਤੱਲਕ 2 ਐਡਜਰਨਮੈਂਟ ਮੋਸ਼ਨਜ਼ ਆਈਆਂ ਸਨ। ਕੰਸਟੈਂਟਲੀ 3 ਮਹੰਤ ਤਿੰਨ ਡੇਰਿਆਂ ਵਿੱਚ ਮਾਰੇ ਗਏ, ਉਨ੍ਹਾਂ ਦੇ ਡੇਰਿਆਂ ਨੂੰ ਲੁਟਿਆ ਗਿਆ। ਨਾਦੀ ਵਗੈਰਾ ਵੀ ਲੁਟੀ ਅਤੇ ਉਨ੍ਹਾਂ ਨੂੰ ਮਾਰ ਦਿੱਤਾ ਗਿਆ ਹੈ। ਇਸ ਦੇ ਲਈ ਐਡਜਰਨਮੈਂਟ ਮੋਸ਼ਨ ਆਈ ਹੈ। ਕੱਲ ਹੀ ਪਟਿਆਲੇ ਵਿੱਚ ਇਕ ਬਹੁਤ ਵੱਡੇ ਬੀ.ਜੇ.ਪੀ. ਦੇ ਲੀਡਰ ਦਾ ਕਤਲ ਕਰ ਦਿੱਤਾ ਗਿਆ ਪਰ ਇਸ ਕੇਸ ਵਿਚ ਵੀ ਕੋਈ ਆਦਮੀ ਫੜਿਆ ਨਹੀਂ ਗਿਆ। ਪਟਿਆਲੇ ਵਿੱਚ ਕਰਫਿਊ ਲਗਿਆ ਹੋਇਆ ਹੈ। ਤੁਸੀਂ ਇਹ ਦੋਨੋਂ ਐਡਜਰਨਮੈਂਟ ਮੋਸ਼ਨਜ਼ ਇਸ ਕਰਕੇ ਡਿਸਅਲਾਓ ਕਰ ਦਿੱਤੀਆਂ ਹਨ ਕਿ ਬਜਟ ਸੈਸ਼ਨ ਹੈ। ਬਜਟ ਸੈਸ਼ਨ ਹੋਣ ਕਰਕੇ ਤੁਸੀਂ ਇਹ ਦੋਨੋਂ ਐਡਜਰਨਮੈਂਟ ਮੋਸ਼ਨਜ਼ ਰੱਦ ਕਰ ਦਿੱਤੀਆਂ ਹਨ ਪਰ ਮੈਂ ਸਮਝਦਾ ਹਾਂ ਕਿ ਇਹ ਬੜਾ ਸੰਗੀਨ ਮਸਲਾ ਹੈ ਔਰ ਲਾਅ ਐਂਡ ਆਰਡਰ ਦਾ ਇਕ ਬਹੁਤ ਹੀ ਗੰਭੀਰ ਮਸਲਾ ਹੈ। ਪਿਛਲੇ ਤਿੰਨ ਚਾਰ ਦਿਨਾਂ ਤੋਂ ਇਹ ਘਟਨਾਵਾਂ ਇਨਕਰੀਜ਼ ਹੁੰਦੀਆਂ ਜਾ ਰਹੀਆਂ ਹਨ ਔਰ ਲੋਕਾਂ ਦੇ ਮਨਾਂ ਵਿੱਚ ਸ਼ੱਕ ਪੈਦਾ ਹੋ ਗਿਆ ਹੈ, ਸੰਦੇਹ ਪੈਦਾ ਹੋ ਗਿਆ ਹੈ। ਇਸ ਲਈ ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੂੰ ਬੇਨਤੀ ਕਰਾਂਗਾ ਕਿ ਹਾਊਸ ਵਿੱਚ ਉਨ੍ਹਾਂ ਦਾ ਕੋਈ ਬਿਆਨ ਆਉਣਾ ਚਾਹੀਦਾ ਹੈ। ਸਰਕਾਰੀ ਪੱਖ ਵਲੋਂ ਉਹ ਹਾਊਸ ਵਿੱਚ ਆਪਣਾ ਬਿਆਨ ਦੇਣ।

ਮੁੱਖ ਮੰਤਰੀ: ਮੈਂ, ਸਪੀਕਰ ਸਾਹਿਬ, ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਪ ਨੇ ਬੜਾ ਸਹੀ ਫੈਸਲਾ ਦਿੱਤਾ ਹੈ ਕਿ ਜਦੋਂ ਬਜਟ ਸੈਸ਼ਨ ਚਲਦਾ ਹੋਵੇ ਤਾਂ ਐਡਜਰਨਮੈਂਟ ਮੋਸ਼ਨ ਨਹੀਂ ਆ ਸਕਦੀ। ਗਵਰਨਰ ਸਾਹਿਬ ਦੀ ਸਪੀਚ ਤੇ ਬਹਿਸ ਚਲਦੀ ਹੋਵੇ, ਅੱਜ ਵੀ ਉਸ ਤੇ ਬਹਿਸ ਹੋਣੀ ਹੈ ਅਤੇ ਕੁਝ ਹਿੱਸਾ ਕੱਲ ਵੀ ਬਹਿਸ ਹੋਵੇਗੀ, ਉਸ ਦੇ ਵਿਚ ਆਪਣੀ ਗੱਲ ਕਹੀ ਜਾ ਸਕਦੀ ਹੈ। ਬਜਟ

[ਮੁੱਖ ਮੰਤਰੀ]

ਸੈਸ਼ਨ ਬਾਰੇ ਜ਼ਿਕਰ ਆਇਆ ਹੈ ਕਿ 2-4 ਦਿਨ ਹੀ ਚਲਦਾ ਹੈ, ਇਹ ਪਹਿਲਾਂ ਹੁੰਦਾ ਰਿਹਾ ਹੋਵੇਗਾ ਅਤੇ ਹੁੰਦਾ ਰਿਹਾ ਸੀ ਪਰ ਇਥੇ ਸਭ ਦੀ ਰਜ਼ਾਮੰਦੀ ਨਾਲ ਸਾਰਾ ਕੁਝ ਹੁੰਦਾ ਹੈ। ਇਹ ਇਸ਼ੂ ਅੱਜ ਵੀ ਡਿਸਕਸ ਹੋ ਸਕਦਾ ਹੈ । ਗਵਰਨਰ ਐਡਰੈਸ ਤੇ ਬੋਲਦਿਆਂ ਅਤੇ ਕੱਲ ਵੀ ਹੋ ਸਕਦਾ ਹੈ ਔਰ ਇਸ ਦਾ ਜਵਾਬ ਮੈਂ ਦੇਵਾਂਗਾ। ਮੇਰੀ ਕੱਲ ਨੂੰ ਸਟੇਟਮੈਂਟ ਹੈ ਔਰ ਮੈਂ ਸਾਰੇ ਇਸ਼ੂਜ਼ ਦੇ ਬਾਰੇ ਕਹਾਂਗਾ। ਮੈਂ ਸਮਝਦਾ ਹਾਂ ਕਿ ਇਸ ਸੈਸ਼ਨ ਵਿੱਚ ਬੋਲਣ ਦੇ ਮੈਂਬਰ ਸਾਹਿਬਾਨ ਨੂੰ ਕਾਫੀ ਮੌਕੇ ਮਿਲਣੇ ਹਨ ਔਰ ਲਾਅ ਐਂਡ ਆਰਡਰ ਤੇ ਵੀ ਬੋਲਣ ਦੇ ਕਾਫੀ ਮੌਕੇ ਮੈਂਬਰ ਸਾਹਿਬਾਨ ਨੂੰ ਮਿਲਣੇ ਹਨ, ਸਪਲੀਮੈਂਟਰੀ ਡੀਮਾਂਡਜ਼ ਆ ਰਹੀਆਂ ਹਨ ਉਸ ਦੇ ਵਿਚ ਲਾਅ ਐਂਡ ਆਰਡਰ ਦੀ ਵੀ ਡੀਮਾਂਡ ਹੋਵੇਗੀ ਉਸ ਤੇ ਵੀ ਮੈਂਬਰ ਸਾਹਿਬਾਨ ਬੋਲ ਸਕਦੇ ਹਨ, ਇਸ ਕਰਕੇ ਇਹ ਸਾਰਾ ਕੁਝ ਉਸ ਦੇ ਵਿੱਚ ਕਵਰ ਹੋ ਜਾਵੇਗਾ।

ਸ਼੍ਰੀ ਸਪੀਕਰ : ਹਾਊਸ ਵਿੱਚ ਜੋ ਚਿੰਤਾ ਪ੍ਰਗਟ ਕੀਤੀ ਗਈ ਹੈ ਉਹ ਸਾਰੇ ਹਾਊਸ ਦੀ ਸਾਂਝੀ ਚਿੰਤਾ ਹੈ। ਉਸ ਦੇ ਬਾਰੇ ਸੀ.ਐਮ. ਸਾਹਿਬ ਨੇ ਬਿਆਨ ਦਿੱਤਾ ਹੈ ਉਸ ਦੇ ਨਾਲ ਮੈਂਬਰ ਸਾਹਿਬਾਨ ਨੂੰ ਕਾਫੀ ਸੰਤੁਸ਼ਟੀ ਹੋਣੀ ਚਾਹੀਦੀ ਹੈ। ਜੋ ਵੀ ਉਨ੍ਹਾਂ ਨੇ ਗਲਾਂ ਕਹੀਆਂ ਹਨ ਉਨ੍ਹਾਂ ਸਾਰੇ ਸੁਆਲਾਂ ਤੇ ਅਤੇ ਉਸ ਦੇ ਪਿਛੋਕੜ ਤੇ ਬਹਿਸ ਦੇ ਦੌਰਾਨ ਜਵਾਬ ਦੇ ਦੇਣਗੇ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਕਤਲਾਂ ਦਾ ਸਿਲਸਿਲਾ ਜਾਰੀ ਹੈ। ਜਿਥੇ ਵੀ ਕੋਈ ਢਾਡੀ ਜਥੇ ਵਾਲੇ ਜਾਂ ਦੂਸਰੇ ਲੋਕ ਕੋਈ ਜਲਸੇ ਜਾਂ ਸਮੇਲਨ ਕਰਦੇ ਹਨ ਉਹ ਲੋਕਾਂ ਨੂੰ ਨੌਜਵਾਨਾਂ ਨੂੰ ਗੁੰਮਰਾਹ ਕਰਦੇ ਹਨ ਜਿਸ ਦਾ ਰਿਜ਼ਲਟ ਇਹ ਨਿਕਲਦਾ ਹੈ ਕਿ ਜਲਸੇ ਤੋਂ ਬਾਅਦ ਦੋ ਤਿੰਨ ਦਿਨਾਂ ਵਿਚ ਪੰਜਾਬ ਦੇ ਵਿਚ ਮਾਸੂਮਾਂ ਨੂੰ ਕਤਲ ਕਰ ਦਿੱਤਾ ਜਾਂਦਾ ਹੈ । ਜਿਹੜਾ ਹੋਲਾ ਮਹੱਲਾ ਵਿਚ ਕਿਹਾ ਗਿਆ ਹੈ ਕਿ ਅਗਰ ਇਕ ਇਕ ਬੰਦਾ 35, 35 ਬੰਦਿਆਂ ਨੂੰ ਮਾਰ ਦਿੰਦਾ ਤਾਂ ਇਹ ਸਾਰੀ ਗਲ ਹੀ ਮੁਕ ਜਾਣੀ ਸੀ। ਇਸ ਦਾ ਰਿਜ਼ਲਟ ਇਹ ਨਿਕਲਿਆ ਕਿ 14 ਆਦਮੀ ਦੋ ਦਿਨਾਂ ਵਿਚ ਮਾਰ ਦਿਤੇ । ਇਸ ਵਿਚ ਅਕਾਲ ਤਖਤ ਦਾ ਮੁੱਖ ਗ੍ਰੰਥੀ ਅਤੇ ਦਰਬਾਰ ਸਾਹਿਬ ਦਾ ਹੈਡ ਗ੍ਰੰਥੀ ਵੀ ਸ਼ਾਮਲ ਸਨ ਜਿਥੇ ਇਸ ਤਰੀਕੇ ਨਾਲ ਕੀਤਾ ਗਿਆ ਹੋਵੇ ਅਤੇ ਧਾਰਮਿਕ ਆਗੂ ਜਿਹੜੇ ਲੋਕਾਂ ਨੂੰ ਕਤਲ ਕਰਵਾਉਂਦੇ ਹਨ ਉਨ੍ਹਾਂ ਬਾਰੇ ਸਾਨੂੰ ਖੁਲ ਕੇ ਗਲ ਕਰਨੀ ਚਾਹੀਦੀ ਹੈ ਤਾਂ ਕਿ ਉਹ ਬਾਅਜ਼ ਆਉਣ। ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਬਾਰੇ ਤਕੜੇ ਹੋ ਕੇ ਆਪਣਾ ਬਿਆਨ ਦੇਣ ਕਿਉਂਕਿ ਉਨ੍ਹਾਂ ਲੋਕਾਂ ਦੀਆਂ ਪ੍ਰੋਵੋਕੇਟਿੰਗ ਸਪੀਚਾਂ ਦੇਣ ਦੇ ਕਾਰਨ ਸਮੁੱਚੇ ਪੰਜਾਬ ਦੇ ਵਿਚ ਕਮਿਊਨਲ ਵਾਇਰਸ ਫੈਲਾਇਆ ਜਾ ਰਿਹਾ ਹੈ। ਮੈਂ ਮੁੱਖ ਮੰਤਰੀ ਜੀ ਅਗੇ ਬੇਨਤੀ ਕਰਾਂਗਾ ਕਿ ਉਹ ਅੱਜ ਹੀ ਆਪਣਾ ਬਿਆਨ ਦੇਣ। ਇਸ ਗਲ ਨੂੰ ਟਾਲਣਾ ਨਹੀਂ ਚਾਹੀਦਾ। ਬਾਕੀ ਚੀਜ਼ਾਂ ਬਾਅਦ ਵਿਚ ਡਿਸਕਸ ਹੋ ਜਾਣਗੀਆਂ ਅੱਜ ਇਸ ਤੇ ਬਹਿਸ ਹੋ ਜਾਵੇ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹਵਾਂਗਾ ਕਿ ਹਾਊਸ ਦੇ ਮੈਂਬਰ ਸਾਹਿਬਾਨ ਇਸ ਗਲ ਦੇ ਉਤੇ ਕਾਫ਼ੀ ਐਜੀਟੇਟਿਡ ਹਨ ਅੱਜ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਬੁਲਾ ਕੇ ਕੋਈ ਫੈਸਲਾ ਕਰ ਦਿਓ ਅਤੇ ਜੋ ਵੀ ਫੈਸਲਾ ਕਰੋਗੇ ਸਾਨੂੰ ਮਨਜ਼ੂਰ ਹੋਵੇਗਾ। ਬਜਟ ਪਾਸ ਕਰਨਾ ਹੈ ਉਹ ਨਿਰਧਾਰਤ ਸਮੇਂ ਤੇ ਪੇਸ਼ ਕਰਨਾ ਹੈ। ਇਹ ਜਿਸ ਦਿਨ ਬਹਿਸ ਚਾਹੁਣਗੇ ਅਸੀਂ ਕਰਨ ਨੂੰ ਤਿਆਰ ਹਾਂ।

ਸ਼੍ਰੀ ਸਪੀਕਰ : ਜੋ ਸੁਜੈਸ਼ਨ ਮੁੱਖ ਮੰਤਰੀ ਜੀ ਨੇ ਰੱਖੀ ਹੈ ਉਸ ਦੇ ਬਾਰੇ ਇਹ ਹੈ ਕਿ ਡੇਢ ਵਜੇ ਇਹ ਸਿਟਿੰਗ ਸਮਾਪਤ ਹੋਣੀ ਹੈ ਅਤੇ ਦੂਸ਼ਰੀ ਮਿਟਿੰਗ ਢਾਈ ਵਜੇ ਹੋਣੀ ਹੈ। ਮੈਂਬਰ ਸਾਹਿਬਾਨ ਕੋਲ ਇਸ ਦਰਮਿਆਨ ਟਾਈਮ ਬਹੁਤ ਥੋੜ੍ਹਾ ਹੋਣਾ ਹੈ ਅਤੇ ਮੀਟਿੰਗ ਮੁਮਕਿਨ ਨਹੀਂ ਹੋਵੇਗੀ। ਅੱਜ 11.45 ਵਜੇ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਰੱਖ ਕੇ ਫੈਸਲਾ ਕਰ ਲਵਾਂਗੇ।

CALL ATTENTION NOTICES UNDER RULE 66

(Serial No. 32)

1. **Master Mohan Lal**
2. **Shri Ram Lal**

: Sir, I beg to draw the attention of the Government towards a matter of urgent public importance, namely, loss of standing Sugarcane crop within the Jurisdiction of PANIAR Sugar Mill in district Gurdaspur. This is a very sorry state of affair that thousand Tons of Sugarcane is still standing in the fields within the jurisdiction of this Mill. Season is coming to its end. The crops, if remain standing will cause great loss to the Zamindars of that area. The process of distributing the 'Purchase' by mill authorities to the farmers is very slow. The farmers are perturbed. So, the Government should make a statement in the House to bring the facts to light.

Hence this motion.

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਰ, ਇਹ ਗਲ ਸਹੀ ਹੈ ਕਿ ਪਨਿਆਰ ਦੀ ਮਿੱਲ ਦੇ ਲਾਗੇ ਤਾਗੇ ਬਹੁਤ ਸਾਰਾ ਗੰਨਾ ਖੜਾ ਹੈ। ਪਿਛਲੇ ਸਾਲ ਜਿਹੜੀ ਗੰਨੇ ਦੀ ਪੈਦਾਵਾਰ ਸੀ ਉਹ 22 ਲੱਖ ਟਨ ਸੀ ਅਤੇ ਇਸ ਸਾਲ 32 ਲੱਖ ਟਨ ਹੋ ਗਈ ਹੈ। ਇਸ ਕਰਕੇ ਕੁਝ ਰਹਿ ਗਿਆ। ਦੂਸਰੇ ਮਿੱਲਾਂ ਲੇਟ ਚਲੀਆਂ ਕਿਉਂਕਿ ਪਹਿਲਾਂ ਵਰਕਰਾਂ ਦੀ ਸਟਰਾਈਕ ਹੋ ਗਈ ਸੀ ਅਤੇ ਫਿਰ ਫ਼ਾਰਮਰਜ਼ ਨੇ ਭਾਅ ਵਧਾਉਣ ਲਈ ਸਟਰਾਈਕ ਕਰ ਦਿੱਤੀ। ਜਿਹੜੀ ਮਿੱਲ 25 ਨਵੰਬਰ ਨੂੰ ਚਲਣੀ ਸੀ ਉਹ ਇਕ ਮਹੀਨਾ ਲੇਟ ਚਲੀ ਹੈ। ਇਸ ਦੇ ਲਈ ਅਸੀਂ ਦੋ ਕੰਮ ਕੀਤੇ ਹਨ। ਇਕ ਤਾਂ ਮਿੱਲ ਦੀ ਕਪੈਸਿਟੀ ਵਧਾ ਦਿਤੀ ਹੈ ਜਿਥੇ 12,500 ਟਨ ਸੀ ਉਥੇ 15,000 ਟਨ ਰੋਜ਼ ਦਾ ਗੰਨਾ ਪੀੜੇਗੀ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਦੋ ਹਜ਼ਾਰ ਟਨ ਰੋਜ਼ ਪੀੜੇ ਅਤੇ ਵੱਧ ਤੋਂ ਵੱਧ ਗੰਨਾ ਪੀੜਿਆ ਜਾਵੇ। ਜਿਹੜਾ ਗੰਨਾ ਫਾਲਤੂ ਰਹਿ ਜਾਏਗਾ ਉਸ ਨੂੰ ਦੂਜੀਆਂ ਮਿੱਲਾਂ ਦੇ ਵਿਚ ਭੇਜਿਆ ਜਾਵੇਗਾ। ਦੂਸਰੇ ਮਿੱਲਾਂ ਅਪ੍ਰੈਲ ਦੀ ਬਜਾਏ ਮਈ ਵਿਚ ਬੰਦ ਕਰਾਂਗੇ।

ਜਿਹੜਾ ਪਰਚੀਆਂ ਦਾ ਦਸਿਆ ਹੈ ਕਿ ਸਲੋ ਚਲ ਰਹੀਆਂ ਹਨ, ਪਰਚੀਆਂ ਜਿੰਨੀਆਂ ਹਨ ਮਿੱਲ ਦੀ ਕਪੈਸਿਟੀ ਦੇ ਮੁਤਾਬਿਕ ਹੀ ਦਿਤੀਆਂ ਜਾਂਦੀਆਂ ਹਨ। ਮਿਲ ਫੁੱਲ ਕਪੈਸਿਟੀ ਤੇ ਚਲ ਰਹੀ ਹੈ। ਜਿਵੇਂ ਜਿਵੇਂ ਮਿੱਲ ਚਲੇਗੀ ਪਰਚੀਆਂ ਤੇਜ਼ ਕਰ ਦਿਤੀਆਂ ਜਾਣਗੀਆਂ।

ਮਾਸਟਰ ਮੋਹਨ ਲਾਲ : ਜਿਸ ਸਪੀਡ ਨਾਲ ਮਿੱਲ ਚਲ ਰਹੀ ਹੈ ਔਰ ਜਿਸ ਤਰੀਕੇ ਨਾਲ ਪਰਚੀਆਂ ਡਿਸਟ੍ਰੀਬਿਊਟ ਕੀਤੀਆਂ ਜਾ ਰਹੀਆਂ ਹਨ ਉਹ ਬਹੁਤ ਸਲੋ ਹੈ ਜਿਸ ਨਾਲ ਜ਼ਿਮੀਦਾਰਾਂ ਦਾ ਨੁਕਸਾਨ ਹੋ ਰਿਹਾ ਹੈ। ਜ਼ਿਮੀਦਾਰਾਂ ਦਾ ਨੁਕਸਾਨ ਜੋ ਹੋ ਰਿਹਾ ਹੈ ਕੀ ਸਰਕਾਰ ਕੋਈ ਮੁਆਵਜ਼ਾ ਦੇਣ ਨੂੰ ਤਿਆਰ ਹੈ ?

ਵਿੱਤ ਮੰਤਰੀ : ਪਰਚੀਆਂ ਮਿੱਲ ਦੀ ਗੰਨਾਂ ਪੀੜਨ ਦੀ ਕਪੈਸਿਟੀ ਦੇ ਮੁਤਾਬਿਕ ਦਿਤੀਆਂ ਜਾ ਸਕਦੀਆਂ ਹਨ। ਵਾਧੂ ਨਹੀਂ ਦਿਤੀਆਂ ਜਾ ਸਕਦੀਆਂ। ਜੋ ਗੰਨਾ ਵਧੇਗਾ ਉਸ ਨੂੰ ਬਟਾਲਾ ਜ਼ਾਂ ਜ਼ੀਰੇ ਜਾਂ ਹੋਰ ਮਿੱਲਾਂ ਤੇ ਪੀੜਨ ਦੀ ਕੋਸ਼ਿਸ਼ ਕਰਾਂਗੇ।

(ਇਸ ਸਮੇਂ ਮਾਸਟਰ ਮੋਹਨ ਲਾਲ ਜੀ ਖੜੇ ਸਨ)

ਸ੍ਰੀ ਸਪੀਕਰ : ਰੂਲ ਦੇ ਮੁਤਾਬਿਕ ਇਕ ਤੋਂ ਵਧ ਸਵਾਲ ਨਹੀਂ ਪੁੱਛ ਸਕਦੇ। Next Call Attention Motion by Shri Om Parkash Gupta.

(Serial No. 33)

1. **Shri Brij Bhushan Mehra**
2. **Mrs. Indira Narinder Singh**
3. **Shri Om Parkash Gupta**

Sir, I beg to draw the attention of the Government towards a matter of urgent public importance, namely, the finances of the Corporations have been sent into disarray by the Government's decision not to refund 75% passenger tax to the Corporation for the buses being plied by them in their respective areas, as per previous decision of the Government. This reversal of the decision has sent wave of resentment in the public. Hence it is a fit matter for the Government to make a statement on the floor of the House.

Minister of State for Welfare of Scheduled Castes and Backward Classes (Sardar Dalip Singh Pandhi) : Municipal Corporations of Jalandhar, Ludhiana and Amritsar were incorporated in the year 1976. In the Act incorporating the Corporation, transportation was not obligatory function. However, the work of running local buses in these three towns was given to the Local Bodies by a decision of the Government in 1980. Obviously the running of local transport was a losing proposition and this difficulty was pointed out to the Government. The Cabinet constituted a Sub-Committee and the Sub-Committee recommended that 75% of the passenger tax and road tax paid by each Corporation shall be reimbursed to each Corporation with effect from 1st April, 1982 and the Corporation will raise their resources for balance to 25%.

The reimbursement of 75% of passenger tax and road tax was done upto 1985-86. However, this reimbursement has not been paid for the current year. To sort out the matter a meeting will be shortly convened at the level of Finance Minister and Minister, Local Government.

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ ... ...

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਅੰਗਰੇਜ਼ੀ ਬੋਲੋ। (ਹਾਸਾ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਤਾਂ ਬੋਲ ਲਵਾਂਗਾ, ਤੁਹਾਨੂੰ ਮੁਸ਼ਕਲ ਹੋਵਗੀ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਤੁਸੀਂ ਨਵੀਂ ਪਾਈ ਹੈ। ਅੰਗਰੇਜ਼ੀ ਬੋਲੋ ਹੁਣ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਦੱਸਿਆ ਹੈ ਕਿ ਇਹ ਬਹੁਤ ਗਲਤ ਗੱਲ ਕੀਤੀ ਹੈ। ਮੈਂ ਇਹ ਤੁਹਾਡੇ ਰਾਹੀਂ ਬੇਨਤੀ ਕਰਨ ਲਗਾ ਹਾਂ ਕਿ ਪੰਜਾਬ ਗੌਰਮਿੰਟ ਦਾ ਕਾਫੀ ਦੇਰ ਤੋਂ ਇਹ ਐਟੀਚਿਊਡ ਹੈ ਕਿ ਅਰਬਨ ਡਿਵੈਲਪਮੈਂਟ ਨਾ ਕੀਤੀ ਜਾਏ। ਇਸ ਵੇਲੇ ਕਾਰਪੋਰੇਸ਼ਨ ਵਿਚ ਗੰਦੀਆਂ ਬਸਤੀਆਂ ਬਣਦੀਆਂ ਜਾਂਦੀਆਂ ਹਨ। ਕਿਤੇ ਜਾ ਕੇ ਸਾਡੇ ਸ਼ਹਿਰ ਵਿਚ ਵੀ ਵੇਖ ਲਵੋ, ਜਲੰਧਰ ਤਾਂ ਵੇਖਦੇ ਹੋ, ਲੁਧਿਆਣਾ ਤਾਂ ਵਰਸਟ ਹੋ ਚੁਕਾ ਹੈ। ਸਰਕਾਰ ਨੇ ਰੀਫੰਡ ਆਫ ਐਕਸਾਈਜ਼ ਡਿਊਟੀ ਆਪ ਲੈ ਲਈ ਹੈ। ਰਿਕਵਰੀ ਕਰਕੇ ਸਰਕਾਰ ਨੇ ਰੱਖ ਲਈ ਹੈ। ਪੈਸੰਜਰ ਟੈਕਸ ਹੈ, ਰੋਡ ਟੈਕਸ ਹੈ, ਕਾਰਪੋਰੇਸ਼ਨ ਦੇ ਐਕਟ ਮੁਤਾਬਿਕ ਅਲਾਊਡ ਹੈ ਕਿ ਕਾਰਪੋਰੇਸ਼ਨ ਰਿਕਵਰੀ ਕਰਕੇ ਆਪ ਯੂਜ਼ ਕਰ ਸਕਦੀਆਂ ਹਨ। ਜੇਕਰ ਇਹ ਨਹੀਂ ਕਰਨਾ ਤਾਂ ਕਾਰਪੋਰੇਸ਼ਨਾਂ ਨੂੰ ਤੋੜ ਕੇ ਮਿਉਂਸਪਲ ਕਮੇਟੀਆਂ ਬਣਾ ਦਿਓ। ਕੀ ਦੱਸਣਗੇ ਕਿ ਮਿਉਂਸਪਲ ਕਾਰਪੋਰੇਸ਼ਨ ਦੇ ਅੰਦਰ ਟੈਕਸ ਰਿਕਵਰੀ ਜਿਹੜੀ ਅਲਾਊਡ ਹੈ, ਜਿਹੜੀ ਐਕਸਾਈਜ਼ ਦੀ ਰਿਕਵਰੀ ਹੈ, ਉਹ ਸਰਕਾਰ ਆਪਣੇ ਪਾਸ ਰਖ ਲੈਂਦੀ ਹੈ ਤਾਂ ਜੇਕਰ ਉਹ ਵਾਪਸ ਨਹੀਂ ਕਰ ਸਕਣਾ, ਕਾਰਪੋਰੇਸ਼ਨ ਦੀ ਹੋਰ ਇਨਕਮ ਨਹੀਂ ਹੈ, ਡਿਵੈਲਪਮੈਂਟ ਕਾਹਦੇ ਨਾਲ ਹੋਵੇ। ਜਾਂ ਤੇ ਸਰਕਾਰ ਕੋਈ ਸਪੈਸ਼ਲ ਫੰਡ ਦੇਵੇ। ਅਸੀਂ ਤਾਂ ਕਦੇ ਪਿੰਡਾਂ ਬਾਰੇ ਇਤਰਾਜ਼ ਨਹੀਂ ਕੀਤਾ, 300 ਕਰੋੜ ਰੁਪਿਆ ਮੁਆਫ ਕਰ ਦਿੱਤਾ ਹੈ ਸਾਡੇ ਹਿੱਸੇ ਦਾ ਇਨ੍ਹਾਂ ਦੇ ਖਜ਼ਾਨੇ ਵਿਚੋਂ ਇਕ ਆਨਾ ਨਹੀਂ ਨਿਕਲਦਾ। ਕੀ ਵਜ਼ੀਰ ਸਾਹਬ ਦੱਸਣਗੇ ਕਿ ਕਾਰਪੋਰੇਸ਼ਨਾਂ ਨੂੰ ਚਲਾਉਣਾ ਹੈ ਜਾਂ ਬੰਦ ਕਰਨਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, 1976 ਵਿਚ ਜਦੋਂ ਕਾਰਪੋਰੇਸ਼ਨ ਬਣੀ ਸੀ ਤਾਂ ਉਸ ਵੇਲੇ ਵੀ ਇਸ ਪਾਰਟੀ ਦਾ ਰਾਜ ਸੀ। ਉਸ ਵੇਲੇ ਕਿਉਂਕਿ ਇਹ ਇਲਾਕਾ ਪੀ.ਆਰ.ਟੀ.ਸੀ. ਦੇ ਅੰਡਰ ਨਹੀਂ ਸੀ ਆਉਂਦਾ ਇਸ ਕਰਕੇ ਇਨ੍ਹਾਂ ਨੂੰ ਪੰਜਾਬ ਰੋਡਵੇਜ਼ ਦੀਆਂ ਬਸਾਂ ਹੀ ਦਿੱਤੀਆਂ ਗਈਆਂ ਸਨ। 1980 ਵਿਚ ਜਦੋਂ ਇਨ੍ਹਾਂ ਦੀ ਪਾਰਟੀ ਦਾ ਰਾਜ ਆਇਆ ਤਾਂ ਇਨ੍ਹਾਂ ਨੇ ਕਾਰਪੋਰੇਸ਼ਨ ਦੀਆਂ ਵੀ ਉਥੇ ਲਾ ਦਿਤੀਆਂ ਔਰ ਬਾਅਦ ਵਿਚ ਕਿਹਾ ਕਿ ਰਿਲੀਫ ਦਿਆਂਗੇ। ਪਰ ਕੋਈ ਰਲੀਫ ਨਹੀਂ ਦੇ ਸਕੇ। ਹੁਣ ਇਸ ਘਾਟੇ ਨੂੰ ਦੂਰ ਕਰਨ ਲਈ ਇਕ ਮੀਟਿੰਗ ਫੀਨਾਂਸ ਮਨਿਸਟਰ ਨਾਲ ਹੋ ਰਹੀ ਹੈ ਉਸ ਵਿਚ ਜ਼ਰੂਰ ਕੋਈ ਨਾ ਕੋਈ ਫੈਸਲਾ ਲਵਾਂਗੇ। ਇਸ ਮੀਟਿੰਗ ਵਿਚ ਫੀਨਾਂਸ ਮਨਿਸਟਰ ਔਰ ਸਾਈਆਂਵਾਲਾ ਸਾਹਿਬ ਇਸ ਘਾਟੇ ਨੂੰ ਦੂਰ ਕਰਨ ਲਈ ਕੋਈ ਫੈਸਲਾ ਲੈਣਗੇ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਮੈਡਮ ਦੀ ਤਰਫੋਂ ਸਵਾਲ ਕਰਨਾ ਹੈ।

ਸ੍ਰੀ ਸਪੀਕਰ : ਉਨ੍ਹਾਂ ਨੂੰ ਆਪ ਹੀ ਸਵਾਲ ਪੁੱਛਣ ਦਿਓ। ਹਾਂ ਜੀ, ਮੈਡਮ ਜੀ ਕੁਝ ਪੁੱਛਣਾ ਹੈ ? (ਇਸ ਵੇਲੇ ਸ੍ਰੀਮਤੀ ਇੰਦਰਾ ਨਰਿੰਦਰ ਸਿੰਘ ਸਵਾਲ ਪੁੱਛਣ ਲਈ ਖੜੀ ਨਾ ਹੋਈ।)

SECOND REPORT OF THE BUSINESS ADVISORY COMMITTEE

Mr. Speaker : I have to present to the House the Second Report of the Business Advisory Committee which reads as under :—

After reconsidering the programme settled at its meeting held on the 11th March, 1987 the Committee recommended that the following business be transacted at the sittings of the Vidhan Sabha from the 18th March, 1987 to 20th March, 1987:—

]Mr. Speaker]

Wednesday, the 18th March, (i) 9.00 A.M. (Morning Sitting)	Resumption of discussion on the Governor's Address.
(ii) 2.30 P. M. (Afternoon Sitting)	(i) Discussion and voting on Demands for Grants in respect of Supplementary Estimates 1986-87.
	(ii) Appropriation Bill in respect of the Supplementary Estimates 1986-87.
Thursday, the 19th March. (9.00 A . M.)	Resumption of discussion. on the Governor's Address and voting on the Motion of Thanks on the Governor's Address.
Friday, the 20th March. (9.00 A.M.)	Presentation of Budget.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

Minister of State for Parliamentary Affairs (Sardar Baldev Singh Maan): Sir, I beg to move—

> That this House agrees with the recommendations contained in the Second Report of the Business Advisory Committee.

Mr. Speaker: Motion moved—

> That this House agrees with the recommendation s contained in the Second Report of the Business Advisory Committee.

Mr. Speaker: Question is—

> That this House agrees with the recommendations contained in the Second Report of the Business Advisory Committee.

The motion was carried.

PAPERS LAID ON THE TABLE

Minister of State for Parliamentary Affairs (Sardar Baldev Singh maan): Sir, I beg to lay on the Table :—

1. The Statement explaining the reasons for delay in laying the Annual Accounts of the Punjab Land Development and Reclamation Corporation for the years 1979-80 to 1984-85.
2. The Statements explaining the reasons for delay in laying the Annual Reports of the Punjab State Electronics Development and Production Corporation Limited for the years 1980-81, 1981-82 and 1982-83.
3. The Statement explaining the reasons for delay in laying the Annual Accounts and Audit Report of the Pepsu Road Transport Corporation, Patiala, for the year 1985-86.

RESUMPTION OF DISCUSSION ON GOVERNOR'S ADDRESS

Mr. Speaker : Now, we start resumption of discussion on Governor's Address.

Shri Om Parkash Gupta : On a point of information, Sir. ਮੈਂ ਇਕ ਇਨਫਰਮੇਸ਼ਨ ਲੈਣੀ ਹੈ। ਸਪੀਕਰ ਸਾਹਿਬ, ਤੁਸੀਂ ਰੂਲਿੰਗ ਦਿੱਤੀ ਹੈ ਕਿ ਇਹ (ਕੈਪਟਨ ਅਮਰਿੰਦਰ ਸਿੰਘ ਵੱਲ ਇਸ਼ਾਰਾ) ਕੋਈ ਪਾਰਟੀ ਨਹੀਂ ਹੈ। ਫਿਰ ਇਸ ਦਾ ਕੋਈ ਲੀਡਰ ਵੀ ਨਹੀਂ ਹੋ ਸਕਦਾ ਤੇ ਫਿਰ ਜਿਹੜਾ ਇਹ ਟਾਈਮ ਲਿਆ ਜਾ ਰਿਹਾ ਹੈ ਇਹ ਅਕਾਲੀ ਦਲ ਦੇ ਟਾਈਮ ਵਿਚੋਂ ਕੱਟ ਲੈਣਾ ਚਾਹੀਦਾ ਹੈ ।

ਆਵਾਜ਼ਾਂ : ਠੀਕ ਹੈ, ਠੀਕ ਹੈ।

ਕੈਪਟਨ ਅਮਰਿੰਦਰ ਸਿੰਘ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਸ਼ੁਕਰਵਾਰ ਨੂੰ ਜਦੋਂ ਮੈਂ ਬੋਲ ਰਿਹਾ ਸੀ ਤਾਂ ਉਸ ਵੇਲੇ ਹਾਊਸ ਐਡਜਰਨ ਹੋ ਗਿਆ ਸੀ। ਉਸ ਵੇਲੇ ਜਦੋਂ ਮੈਂ ਬੋਲਣਾ ਬੰਦ ਕੀਤਾ ਉਸ ਵੇਲੇ ਮੈਂ ਸਿਆਸੀ ਹਾਲਾਤ ਤੇ ਤਕਰੀਰ ਕਰ ਰਿਹਾ ਸੀ। ਉਸ ਵੇਲੇ ਮੈਂ ਕਿਹਾ ਸੀ ਕਿ ਗਵਰਨਰ ਐਡਰਸ ਦੇ ਪਹਿਲੇ 6 ਸਫੇ ਇਕ ਪੁਲਿਟੀਕਲ ਤੌਰ ਤੇ ਸਪੀਚ ਲਿੱਖੀ ਗਈ ਹੈ ਉਸ ਵੇਲੇ ਮੈਂ ਇਹ ਸਪੱਸ਼ਟ ਕੀਤਾ ਸੀ ਜੋ ਦੋਸ਼ ਸਾਡੇ ਤੇ ਲਗਦੇ ਹਨ ਉਹ ਗਲਤ ਹਨ। ਉਸ ਤੋਂ ਬਾਅਦ ਹੁਣ ਮੈਨੂੰ ਹੈਰਾਨੀ ਇਸ ਗਲ ਦੀ ਹੈ ਕਿ ਐਨ ਕੁਝ ਕਹਿਣ ਦੇ ਬਾਵਜੂਦ ਉਸ ਤੋਂ ਅਗਲੇ ਦਿਨ ਫਿਰ ਕਾਂਗਰਸ ਪਾਰਟੀ ਦੇ ਪ੍ਰਧਾਨ ਨੇ ਸਟੇਟਮੈਂਟ ਦਿੱਤੀ ਹੈ ਅਤੇ ਇਨ੍ਹਾਂ ਨੇ ਸਾਡੀ ਪਾਰਟੀ ਦੇ ਉਤੇ ਦੋਸ਼ ਲਾਇਆ ਕਿ ਅਸੀਂ ਟੈਰੋਰਿਜ਼ਮ ਨੂੰ ਕੰਡੈਮ ਨਹੀਂ ਕਰਦੇ। ਇਨ੍ਹਾਂ ਨੇ ਇਹ ਵੀ ਕਿਹਾ ਕਿ ਅਕਾਲ ਤਖਤ ਦੇ ਜੱਥੇਦਾਰ ਨੂੰ ਕੋਈ ਐਕਸ਼ਨ ਲੈਣਾ ਚਾਹੀਦਾ ਹੈ। ਇਸ ਸਬੰਧ ਵਿਚ ਅਕਾਲ ਤਖ਼ਤ ਦੇ ਜੱਥੇਦਾਰ ਨੇ ਕਈ ਵਾਰ ਸਪੱਸ਼ਟ ਕੀਤਾ ਹੈ ਕਿ ਮੇਰੇ ਵਲੋਂ ਜਿਹੜੀ ਮੱਦਦ ਸਰਕਾਰ ਨੂੰ ਚਾਹੀਦੀ ਹੈ ਉਹ ਮੈਂ ਦੇਣ ਲਈ ਤਿਆਰ ਹਾਂ ਤਾਕਿ ਪੰਜਾਬ ਵਿਚ ਹਾਲਾਤ ਸੁਧਰ ਸਕਣ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਦੇ ਇਨ੍ਹਾਂ ਨੇ ਉਨ੍ਹਾਂ ਨੂੰ ਇਸ ਬਾਰੇ ਅਪਰੋਚ ਵੀ ਕੀਤੀ ਹੈ ਜਾਂ ਕੋਈ ਬੇਨਤੀ ਵੀ ਕੀਤੀ ਹੈ ਤਾਕਿ ਪੰਜਾਬ ਵਿਚ ਤਬਦੀਲੀ ਆਵੇ ?

ਸਰਦਾਰ ਦਿਲਬਾਗ ਸਿੰਘ : ਆਨ ਏ ਪੁਆਇਂਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕਈ ਦਫਾ ਅਖਬਾਰਾਂ ਵਿਚ ਨਿਕਲਿਆ ਹੈ ਕਿ ਜਥੇਦਾਰ ਸਾਹਿਬ ਆਪਣੇ ਵਲੋਂ ਇਨ੍ਹਾਂ ਕਿਲਿੰਗਜ਼ ਨੂੰ ਖਤਮ ਕਰਨ ਬਾਰੇ ਇਕ ਹੁਕਮਨਾਮਾ ਇਸ਼ੂ ਕਰਨ। ਕੀ ਉਨ੍ਹਾਂ ਨੇ ਇਹ ਗੱਲ ਅਖਬਾਰਾਂ ਵਿਚ ਨਹੀਂ ਪੜ੍ਹੀ ਹੈ ?

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਕਈ ਦਫਾ ਇਹ ਗੱਲ ਕਹੀ ਹੈ ਕਿ ਇਕ ਪਾਸੇ ਤੁਸੀਂ ਹੁਕਮਨਾਮਾ ਚਾਹੁੰਦੇ ਹੋ ਔਰ ਦੂਜੇ ਪਾਸੇ ਤੁਸੀਂ ਫਾਲਸ ਐਨਕਾਊਂਟਰਜ਼ ਸ਼ੋ ਕਰਕੇ ਨੌਜਵਾਨਾਂ ਨੂੰ ਮਾਰ ਰਹੇ ਹੋ। ਅਗਰ ਤੁਸੀਂ ਹੁਕਮਨਾਮਾ ਚਾਹੁੰਦੇ ਹੋ ਤਾਂ ਪਹਿਲੇ ਲੋਕਾਂ ਨੂੰ ਗਲਤ ਮਾਰਨਾ ਬੰਦ ਕਰੋ। ਕੀ ਸਰਕਾਰ ਨੇ ਹਾਲੇ ਤੱਕ ਐਨਕਾਊਂਟਰਜ਼ ਵਿੱਚ ਬੰਦੇ ਮਾਰਨੇ ਬੰਦ ਕੀਤੇ ਹਨ ? ਅਸੀਂ ਤਾਂ ਸ਼ੁਰੂ ਤੋਂ ਹੀ ਕਹਿੰਦੇ ਹਾਂ ਕਿ ਇਹ ਕਿਲਿੰਗਜ਼ ਗਲਤ ਹਨ ਅਤੇ ਇਨ੍ਹਾਂ ਨੂੰ ਬੰਦ ਹੋਣਾ ਚਾਹੀਦਾ ਹੈ। ਪੰਜਾਬ ਸਰਕਾਰ ਅਕਾਲ ਤਖਤ ਤੋਂ ਇਹ ਸਹਾਇਤਾ ਮੰਗੇ ...

ਸਰਦਾਰ ਕੁਲਵੰਤ ਸਿੰਘ, ਐਡਵੋਕੇਟ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕੀ ਇਨ੍ਹਾਂ ਨੇ ਸਰਦਾਰ ਅਮਰਜੀਤ ਸਿੰਘ ਦੇ ਕਾਤਲਾਂ ਨੂੰ ਕੰਡੈਮ ਕੀਤਾ ਹੈ ? ਨਹੀਂ ਕੀਤਾ ਹੈ। ਨਾ ਹੀ ਇਨ੍ਹਾਂ ਦੀ ਪਾਰਟੀ ਨੇ ਕੀਤਾ ਹੈ। (ਸ਼ੇਮ, ਸ਼ੇਮ)।

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਸਾਡੀ ਪਾਰਟੀ ਨੇ ਇਕ ਦਫਾ ਨਹੀਂ ਬਲਕਿ ਕਈ ਦਫਾ ਅਖਬਾਰਾਂ ਵਿਚ ਸਪੀਚਾਂ ਵਿਚ ਅਤੇ ਹਾਊਸ ਵਿਚ ਵੀ ਕੰਡੈਮ ਕੀਤਾ ਹੈ ਅਤੇ ਕਿਹਾ ਹੈ ਕਿ ਸਾਡੀ ਪਾਰਟੀ ਟੈਰੋਰਿਜ਼ਮ ਦੇ ਖਿਲਾਫ਼ ਹੈ ਅਤੇ ਇਹ ਖਤਮ ਹੋਣਾ ਚਾਹੀਦਾ ਹੈ। ਔਰ ਇਹ ਵੀ ਕਿਹਾ ਹੈ ਕਿ ਜੇਕਰ ਕੋਈ ਇਹ ਕੰਮ ਕਰਦਾ ਹੈ ਤਾਂ ਉਹ ਗੁਰੂ ਦਾ ਸਿੱਖ ਨਹੀਂ ਹੈ। ਅਸੀਂ ਕਿਹਾ ਹੈ ਕਿ ਸਰਦਾਰ ਅਮਰਜੀਤ ਸਿੰਘ ਦਾ ਕਤਲ ਗਲਤ ਹੋਇਆ ਹੈ ਅਤੇ ਇਹ ਮਾੜੀ ਗੱਲ ਹੋਈ ਹੈ। ਤੁਸੀਂ ਦੇਖੋ, ਸਰਕਾਰ ਨੇ ਕਿੰਨੇ ਬੰਦੇ ਨਜਾਇਜ਼ ਮਾਰੇ ਹਨ। ਜਦੋਂ ਇਹ ਮੋਸ਼ਨ ਮੂਵ ਹੋਈ ਤਾਂ ਉਸ ਵਕਤ ਮੇਰੇ ਤੇ ਇਲਜ਼ਾਮ ਲਗਾਇਆ ਗਿਆ ਸੀ ਕਿ ਇਹ ਕਾਤਲ ਹਨ। ਸੇਵਾ ਸਿੰਘ

[ਕੈਪਟਨ ਅਮਰਿੰਦਰ ਸਿੰਘ]

ਠੀਕਰੀਵਾਲਾ ਦੇ ਕੇਸ ਨੂੰ 52 ਸਾਲ ਹੋ ਗਏ ਹਨ ਅਤੇ ਇਹ ਮੇਰੇ ਜਨਮ ਤੋਂ 7 ਸਾਲ ਪਹਿਲੇ ਦੀ ਗੱਲ ਹੈ ਔਰ ਕਹਿੰਦੇ ਹਨ ਕਿ ਤੁਸੀਂ ਕਤਲ ਕਰਵਾਇਆ। ਅਸੀਂ ਟੈਰੋਰਿਜ਼ਮ ਦੇ ਖਿਲਾਫ ਹਾਂ।

ਸਰਦਾਰ ਜੌਹਰ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਹ ਆਪਣੇ ਪਰਿਵਾਰ ਉਤੇ ਬਹਿਸ ਕਰਵਾ ਲੈਣ।

ਸਹਿਕਾਰਤਾ ਮੰਤਰੀ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਨ੍ਹਾਂ ਦੇ ਪਰਿਵਾਰ ਨੇ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਹੀਦ ਕਰਵਾਇਆ ਸੀ। ਕੀ ਇਹ ਉਨ੍ਹਾਂ ਨੂੰ ਸ਼ਹੀਦ ਸਮਝਦੇ ਹਨ ?

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਇਕ ਬੜਾ ਗੰਭੀਰ ਸਿਲਸਿਲਾ ਪੰਜਾਬ ਵਿਚ ਚਲ ਰਿਹਾ ਹੈ ਜਿਸ ਉਤੇ ਬਹਿਸ ਹੋ ਰਹੀ ਸੀ। ਕਦੇ ਇਨ੍ਹਾਂ ਦੀ ਤਰਫੋਂ ਅਤੇ ਕਦੇ ਉਨ੍ਹਾਂ ਦੀ ਤਰਫੋਂ ਗੱਲਾਂ ਸ਼ੁਰੂ ਕਰ ਦਿੰਦੇ ਹਨ, ਪਰ ਇਹ ਪੰਜਾਬ ਦੇ ਮਸਲੇ ਉਤੇ ਗਲ ਨਹੀਂ ਕਰਨ ਦਿੰਦੇ ਹਨ। ਅਗਰ ਇਹ ਮੇਰੇ ਪਰਿਵਾਰ ਉਤੇ ਬਹਿਸ ਕਰਨਾ ਚਾਹੁੰਦੇ ਹਨ ਤਾਂ ਤੁਸੀਂ ਬਹਿਸ ਲਈ ਕੋਈ ਡੇਟ ਮੁਕਰਰ ਕਰ ਦਿਓ ਔਰ ਮੈਂ ਵੀ ਉਸ ਵਿਚ ਸ਼ਾਮਲ ਹੋ ਜਾਵਾਂਗਾ। ਇਹ ਬਹਿਸ ਕਰਨ ਲਈ ਤਿਆਰ ਹੋ ਜਾਣ (ਥੰਪਿੰਗ)।

ਸਪੀਕਰ ਸਾਹਿਬ, ਅੱਜ ਕੀ ਹੋ ਰਿਹਾ ਹੈ? ਪੰਜਾਬ ਦਾ ਮਸਲਾ ਬੜਾ ਹੀ ਗੰਭੀਰ ਮਸਲਾ ਹੈ ਲੋਕ ਅੱਜ ਪੰਜਾਬ ਵਿਚ ਮਰ ਰਹੇ ਹਨ। (ਵਿਘਨ)

ਸਰਦਾਰ ਕਰਨੈਲ ਸਿੰਘ ਡੋਡ : ਕੈਪਟਨ ਅਮਰਿੰਦਰ ਸਿੰਘ ਜੀ ਦੀ ਗੱਲ, ਸਪੀਕਰ ਸਾਹਿਬ, ਕਾਫੀ ਹੱਦ ਤਕ ਠੀਕ ਹੈ। ਇਹ ਰੋਜ਼ ਰੋਜ਼ ਦਾ ਸਿਲਸਿਲਾ ਇਥੇ ਚਲਦਾ ਰਹਿੰਦਾ ਹੈ। ਇਹ ਗੱਲ ਇਕ ਦਫਾ ਮੁਕਾ ਲੈਣੀ ਚਾਹੀਦੀ ਹੈ। ਸਪੀਕਰ ਸਾਹਿਬ, ਰੋਜ਼ ਰੋਜ਼ ਦਾ ਝਗੜਾ ਖਤਮ ਕਰੋ ਤੇ ਇਨ੍ਹਾਂ ਦੇ ਪਰਿਵਾਰ ਦੇ ਕਿਰਦਾਰ ਬਾਰੇ ਇਕ ਦਿਨ ਬਹਿਸ ਰਖ ਦਿਓ।

ਕੈਪਟਨ ਅਮਰਿੰਦਰ ਸਿੰਘ : ਸਪੀਕਰ ਸਾਹਿਬ, ਹਮੇਸ਼ਾ ਬਚਿਆਂ ਵਾਂਗ ਸਾਨੂੰ ਕਹੀ ਜਾਓ ਕਿ ਟੈਰੋਰਿਜ਼ਮ ਦੇ ਤੁਸੀਂ ਹੱਕ ਵਿਚ ਹੋ ਜਾਂ ਨਹੀਂ। ਦੇਸ਼ ਦੀ ਯੂਨਿਟੀ ਦੇ ਹੱਕ ਵਿਚ ਹੋ ਅਤੇ ਅਤਿਵਾਦ ਦੇ ਖਿਲਾਫ ਹੋ ਜਾਂ ਨਹੀਂ। ਸਪੀਕਰ ਸਾਹਿਬ, ਸਾਡੇ ਕੋਲ ਗਲਤੀ ਹੁੰਦੀ ਹੈ ਤਾਂ ਤੁਸੀਂ ਸਦਨ ਵਿਚ ਦੱਸੋ। ਬਚਿਆਂ ਵਾਂਗ ਬਾਰ ਬਾਰ ਇਹੀ ਕਹੀ ਜਾਣਾ ਮਾੜੀ ਗੱਲ ਹੈ। ਅਸੀਂ ਹਾਊਸ ਵਿਚ ਕਈ ਦਫਾ ਟੈਰੋਰਿਜ਼ਮ ਬਾਰੇ ਕਹਿ ਚੁਕੇ ਹਾਂ। ਸਾਨੂੰ ਅਫਸੋਸ ਹੈ ਸਭ ਦਾ ਅਤੇ ਕੱਲ ਵੀ ਜਿਹੜੇ 11 ਬੰਦੇ ਪੰਜਾਬ ਵਿਚ ਮਾਰੇ ਗਏ ਹਨ। ਟੈਰੋਰਿਜ਼ਮ ਬਾਰੇ ਤੁਸੀਂ ਦੁਨੀਆਂ ਦਾ ਇਤਿਹਾਸ ਪੜ੍ਹ ਲਓ ਕਿ ਟੈਰੋਰਿਸਟਾਂ ਦਾ ਕਿਸ ਤਰ੍ਹਾਂ ਚਕਰ ਬਣਿਆ ਹੁੰਦਾ ਹੈ। ਸਪੀਕਰ ਸਾਹਿਬ, ਇਹ ਕੋਈ ਨਵੀਂ ਗੱਲ ਨਹੀਂ ਹੈ। ਇਸ ਬਾਰੇ ਤੁਸੀਂ ਦੁਨੀਆਂ ਦੇ ਇਤਿਹਾਸ ਦੇਖ ਲਓ। ਸਪੀਕਰ ਸਾਹਿਬ, ਦੂਸਰੇ ਦੇਸ਼ਾਂ ਵਿਚ ਵੀ ਬੜਾ ਟੈਰੋਰਿਜ਼ਮ ਹੈ। ਅਸੀਂ ਕਹਿੰਦੇ ਹਾਂ ਕਿ ਇਥੇ ਹਾਲਾਤ ਵਿਗੜੇ ਹਨ। ਇਥੇ ਆਉਣ ਲਈ ਕੋਈ ਤਿਆਰ ਨਹੀਂ। ਪੰਜਾਬ ਵਿਚ ਬੜੇ ਜ਼ੁਲਮ ਹੋ ਰਹੇ ਹਨ। ਸਾਡੇ ਨਾਲ ਅਤੇ ਸਾਡੇ ਕਹਿਣ ਨਾਲ ਜੇਕਰ ਪੰਜਾਬ ਵਿਚ ਸ਼ਾਂਤੀ ਆ ਸਕਦੀ ਹੈ ਤਾਂ ਅਸੀਂ ਉਹ ਗੱਲ ਕਹਿਣ ਲਈ ਤਿਆਰ ਹਾਂ। ਐਵੇਂ ਇਲਜ਼ਾਮ ਨਾ ਲਗਾਓ। ਟੈਰੋਰਿਜ਼ਮ ਨੂੰ ਖਤਮ ਕਰਨ ਲਈ ਸਹੀ ਤਰੀਕੇ ਨਾਲ ਚਲਣਾ ਚਾਹੀਦਾ ਹੈ। ਠੀਕ ਰਾਹ ਤੇ ਚਲੋ। ਸਪੀਕਰ ਸਾਹਿਬ, ਸ਼ਾਂਤੀ ਕਨਫਰਨਟੇਸ਼ਨ ਨਾਲ

ਨਹੀਂ ਆ ਸਕਦੀ। ਛੇਵੇਂ ਗੁਰੂ ਪਾਤਸ਼ਾਹ ਦੀਆਂ ਪਰੰਪਰਾਵਾਂ ਤੇ ਚੱਲੋ। ਸਪੀਕਰ ਸਾਹਿਬ, ਧਰਮ ਅਤੇ ਸਿਆਸਤ ਇਕੱਠੇ ਸਨ। ਇਨ੍ਹਾਂ ਨੇ ਇਸ ਤੇ ਵੀ ਹਮਲਾ ਕਰ ਦਿੱਤਾ। ਧਰਮ ਤੇ ਵੀ ਇਲਜ਼ਾਮ ਲਗਾਏ ਜਾ ਰਹੇ ਹਨ। ਇਸ ਤਰ੍ਹਾਂ ਪੰਜਾਬ ਵਿਚ ਸ਼ਾਂਤੀ ਨਹੀਂ ਹੋ ਸਕਦੀ। ਇਥੇ ਅਕਾਰਡ ਦੀ ਗੱਲ ਚਲਦੀ ਹੈ। ਅਕਾਰਡ ਤੇ ਕਿਸ ਵਾਸਤੇ ਸਾਈਨ ਕੀਤੇ ਗਏ ਸੀ? ਇਹ ਜਿਹੜਾ ਅਕਾਰਡ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਰਾਜੀਵ ਗਾਂਧੀ ਦੇ ਵਿਚਕਾਰ ਹੋਇਆ ਉਸ ਦਾ ਸਾਰਿਆਂ ਨੇ ਸਮਰਥਨ ਕੀਤਾ। ਅਸੀਂ ਸਾਰੇ ਐਮ.ਐਲ.ਏ. ਬੈਠੇ ਹਾਂ। ਕਿਸੇ ਨੇ ਵੀ ਇਸ ਨੂੰ ਗਲਤ ਨਹੀਂ ਕਿਹਾ ਪਰ, ਸਪੀਕਰ ਸਾਹਿਬ, ਪੰਜਾਬ ਦੇ ਕਮਿਸ਼ਨਾਂ ਦਾ ਤੁਸੀਂ ਇਤਿਹਾਸ ਵੇਖ ਲਓ। 1950 ਤੋਂ ਲੈ ਕੇ ਅੱਜ ਤੱਕ 16 ਕਮਿਸ਼ਨ ਬੈਠੇ ਹਨ ਜਿਸ ਨਾਲ ਪੰਜਾਬ ਨੂੰ ਕੋਈ ਫਾਇਦਾ ਨਹੀਂ ਹੋਇਆ। ਹਾਲਾਤ ਠੀਕ ਨਹੀਂ ਹੋਏ। ਅਕਾਰਡ ਦੇ ਕੋਈ ਖਿਲਾਫ ਨਹੀਂ ਸੀ। ਸਪੀਕਰ ਸਾਹਿਬ, ਸ਼ਾਂਤੀ ਲਈ ਕੋਈ ਚੰਗੇ ਕਦਮ ਚੁੱਕਣੇ ਚਾਹੀਦੇ ਹਨ। ਇਥੇ ਤਿੰਨ ਕਮਿਸ਼ਨ ਬੈਠੇ ਅਤੇ ਉਨ੍ਹਾਂ ਨੇ ਰਿਪੋਰਟ ਦਿੱਤੀ। ਪੰਜਾਬ ਵਿਚ ਮੈਂ, ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਮਿਸ਼ਰਾ ਕਮਿਸ਼ਨ ਨੇ ਰਿਪੋਰਟ ਦਿੱਤੀ ਅਤੇ ਉਸ ਬਾਰੇ ਲੋਕ ਕੀ ਕਹਿ ਰਹੇ ਹਨ। ਕੀ ਹੋਇਆ ਸੀ ਮਿਸ਼ਰਾ ਕਮਿਸ਼ਨ ਵਿੱਚ? ਉਦੋਂ ਮੈਂ 3 ਤਾਰੀਖ ਨੂੰ ਸਾਬਕਾ ਸਪੀਕਰ ਸਰਦਾਰ ਰਵੀ ਇੰਦਰ ਸਿੰਘ ਨਾਲ ਦਿੱਲੀ ਵਿੱਚ ਸੀ। ਅਸੀਂ 3 ਨਵੰਬਰ ਨੂੰ ਦਿੱਲੀ ਪਹੁੰਚੇ। ਅਸੀਂ ਉਥੇ 3 ਤਾਰੀਖ ਤੋਂ 6 ਤਾਰੀਖ ਤੱਕ ਰਹੇ। 5 ਤਾਰੀਖ ਨੂੰ ਪਹਿਲੀ ਪਾਤਸ਼ਾਹੀ ਦਾ ਗੁਰਪੁਰਬ ਸੀ। ਅਸੀਂ ਉਥੇ ਕੈਂਪਾਂ ਵਿਚ ਘੁੰਮੇ। ਸੀਸ ਗੰਜ ਗੁਰਦਵਾਰੇ ਵੀ 5 ਤਾਰੀਖ ਨੂੰ ਗਏ। ਮੈਂ ਕਹਿ ਸਕਦਾ ਹਾਂ ਕਿ ਜਿਹੜੇ ਨਾਂ ਅੱਜ ਸੀਕਰੀ ਕਮਿਸ਼ਨ ਵਿੱਚ ਆਏ, ਉਹ ਸਹੀ ਨਾਂ ਸੀ। ਇਕੱਲਾ ਇਕੱਲਾ ਬੱਚਾ ਗੱਲ ਕਰ ਰਿਹਾ ਸੀ। ਉਤੋਂ ਮਿਸ਼ਰਾ ਕਮਿਸ਼ਨ ਨੇ ਚੁੱਕਿਆ ਅਤੇ ਕਹਿ ਦਿੱਤਾ ਕਿ ਕੋਈ ਬੰਦਾ ਇਨਵਾਲਵਡ ਨਹੀਂ ਸੀ। ਜੇ ਨਹੀਂ ਸੀ, ਤਾਂ ਪੈਟਰੋਲ ਕਿਥੋਂ ਆਇਆ, ਟਾਇਰ ਕਿਥੋਂ ਆਏ ਏਨੇ ਬੰਦੇ ਮਰੇ ਕਿਸ ਤਰ੍ਹਾਂ? ਇਸ ਦਾ ਸਾਰੀ ਦੁਨੀਆਂ ਨੂੰ ਪਤਾ ਹੈ। ਉਸ ਨੇ ਅਗੋਂ 2 ਕਮੇਟੀਆਂ ਬਣਾ ਦਿੱਤੀਆਂ ਕਿ ਮੈਨੂੰ ਤਾਂ ਪਤਾ ਨਹੀਂ ਲੱਗਿਆ, ਕਮੇਟੀਆਂ ਪਤਾ ਕਰਨਗੀਆਂ। ਇਹ ਸਭ ਆਈ ਵਾਸ਼ ਹੈ। ਕਮਿਸ਼ਨ ਰਾਹੀਂ ਅਕਾਰਡ ਨੂੰ ਖਤਮ ਕੀਤਾ ਗਿਆ ਹੈ। ਇਰਾਡੀ ਕਮਿਸ਼ਨ ਦੀ ਗੱਲ ਲੈ ਲਓ। ਪੰਜਾਬ ਵਾਸਤੇ ਪਿਛਲੀ ਵਾਰੀ ਵੀ ਇਸ ਇਸ਼ੂ ਤੇ ਬਹਿਸ ਹੋਈ ਸੀ। ਪਾਣੀ ਦਾ ਮਸਲਾ ਸਭ ਤੋਂ ਗੰਭੀਰ ਮਸਲਾ ਹੈ। ਇਸ ਵਿਚ ਕੀ ਹੋਇਆ, ਇਸ ਦਾ ਵੀ ਬਹੁਤ ਥੋੜ੍ਹੇ ਲੋਕਾਂ ਨੂੰ ਪਤਾ ਹੋਵੇਗਾ।

One month before the Eardi panel was constituted, the Government of India amended the inter-state Water Dispute Act, 1956 and inserted a new clause. The modified Act nullified the major section pertaining to rivers and valleys. Neither the Ravi nor the Beas passes through Haryana or Rajasthan, nor is any part of either State situated in the valleys of these rivers. Punjab, therefore, naturally had full right to the river waters until the fact was modified.

ਇਸ ਲਈ ਕਿਉਂਕਿ ਅਸੀਂ ਰਿਪੇਰੀਅਨ ਪ੍ਰਿੰਸੀਪਲ ਤੇ ਲੜ ਰਹੇ ਸੀ। ਇਹ ਗੱਲ ਕਾਂਸਟੀਚਿਊਸ਼ਨ ਦੀ 7ਵੀਂ ਸ਼ਡਿਊਲ ਵਿੱਚ ਵੀ ਹੈ, ਇਸ ਦੇ ਰਾਹੀਂ ਪੰਜਾਬ ਦਾ ਪਾਣੀ ਕਿਧਰੇ ਬਾਹਰ ਨਹੀਂ ਜਾ ਸਕਦਾ ਸੀ। ਇਸ ਨੂੰ ਮੋਡੀਫਾਈ ਕੀਤਾ ਗਿਆ, ਇਕ ਚੱਕਰ ਬਣਾਇਆ ਗਿਆ ਕਿ ਇਸ ਐਕਟ ਨੂੰ ਹੀ ਅਮੈਂਡ ਕਰ ਦਿਓ। ਤਾਕਿ ਅਸੀਂ ਰਿਪੇਰੀਅਨ ਪ੍ਰਿੰਸੀਪਲ ਦੇ ਤਹਿਤ ਨਾ ਲੜ ਸਕੀਏ। ਫੇਰ ਸਾਡੀ ਗੱਲ ਨਹੀਂ ਮੰਨੀ ਗਈ। ਜਦੋਂ ਨਹੀਂ ਮੰਨੀ ਗਈ ਤਾਂ ਸਾਡਾ ਕੇਸ ਸਾਡਾ ਵਕੀਲ ਲੈ ਕੇ ਪੇਸ਼ ਹੋਇਆ ਅਤੇ ਉਸਨੇ ਕਿਹਾ ਕਿ ਤੁਸੀਂ ਰੀਪੇਰੀਅਨ ਪ੍ਰਿੰਸੀਪਲ ਨਹੀਂ ਮੰਨਦੇ। ਉਸਨੇ ਕਿਹਾ ਕਿ ਜੇ ਇਸ ਤਰ੍ਹਾਂ ਹੀ ਹੈ ਤਾਂ ਗੰਗਾ ਜਮਨਾ ਅਤੇ ਨਰਬਦਾ ਨਦੀਆਂ ਦਾ ਪਾਣੀ ਵੀ ਸ਼ਾਮਿਲ ਕਰੋ।

[ਕੈਪਟਨ ਅਮਰਿੰਦਰ ਸਿੰਘ]

ਨਰਮਦਾ ਦੇ 28 ਮਿਲੀਅਨ ਏਕੜ ਫੀਟ ਪਾਣੀ ਵਿਚੋਂ ਸਿਰਫ 1 ਮਿਲੀਅਨ ਏਕੜ ਫੀਟ ਹੀ ਯੂਜ਼ ਹੁੰਦਾ ਹੈ ਅਤੇ ਬਾਕੀ ਅਰੇਬੀਅਨ ਸੀ ਵਿੱਚ ਚਲਾ ਜਾਂਦਾ ਹੈ। ਸਾਡੀ ਉਹ ਇਹ ਗਲ ਵੀ ਨਹੀਂ ਮੰਨਦੇ। ਕਿਧਰੋਂ ਇਨਸਾਫ ਨਹੀਂ ਮਿਲਦਾ। ਸਾਡੇ 35 ਮਿਲੀਅਨ ਏਕੜ ਫੀਟ ਪਾਣੀ ਵਿਚੋਂ 5 ਸਾਡੇ ਲਈ ਛੱਡ ਕੇ ਸਾਰਾ ਵੰਡ ਦਿੱਤਾ ਜਾਂਦਾ ਹੈ। ਹਾਲੇ ਵੀ ਪੰਜਾਬ ਵਿਚ 5 ਜ਼ਿਲ੍ਹੇ ਐਸੇ ਹਨ, ਜਿਥੇ ਪਾਣੀ ਨਹੀਂ। ਇਹ 24 ਮਿਲੀਅਨ ਏਕੜ ਫੀਟ ਪਾਣੀ ਕਹਿੰਦੇ ਹਨ। 12 ਮਿਲੀਅਨ ਏਕੜ ਫੀਟ ਤਾਂ ਧਰਤੀ ਦੇ ਵਿੱਚ ਹੀ ਜਾ ਰਿਹਾ ਹੈ ਅਤੇ 2-4 ਸਾਲ ਵਿੱਚ ਉਹ ਏਨਾ ਗਹਿਰਾ ਚਲਾ ਜਾਣਾ ਹੈ ਕਿ ਅਸੀਂ ਕੱਢ ਨਹੀਂ ਸਕਾਂਗੇ। ਫੇਰ ਵੈਂਕਟੱਰਮਈਆ ਕਮਿਸ਼ਨ ਦੀ ਗੱਲ ਲਓ। ਇਹ ਟੈਰੀ-ਟੋਰੀਅਲ ਕਮਿਸ਼ਨ ਬਿਠਾਇਆ ਸੀ। ਸਭ ਕੁਝ ਕਰਕੇ ਉਸ ਨੇ ਕਹਿ ਦਿੱਤਾ ਕਿ ਮੈਨੂੰ ਤਾਂ 45 ਹਜ਼ਾਰ ਏਕੜ ਇਲਾਕਾ ਮਿਲਿਆ ਹੈ। ਫੇਰ ਮੈਥਿਊ ਕਮਿਸ਼ਨ ਕੁਝ ਨਹੀਂ ਕਰ ਸਕਿਆ। ਉਸਨੇ ਕਿਹਾ ਕਿ ਹੋਰ ਕਿਸੇ ਨੂੰ ਦੇ ਦਿਓ। ਇਕ 24 ਘੰਟੇ ਵਾਲਾ ਜੱਜ ਡਿਸਾਈ ਬਿਠਾ ਦਿੱਤਾ। ਫੇਰ ਹੋਰ ਜੱਜ ਬਿਠਾ ਦਿੱਤਾ। ਫੇਰ ਦਿੱਲੀ ਤੋਂ ਐਲਾਨ ਹੁੰਦਾ ਹੈ ਕਿ ਠੀਕ ਏ, 45 ਹਜ਼ਾਰ ਏਕੜ ਤਾਂ ਅਕਾਰਡ ਦੀ ਧਾਰਾ 7.2 ਥੱਲੇ ਆਉਣਾ ਹੀ ਹੈ, ਪੰਜਾਬ ਨੂੰ 70 ਹਜ਼ਾਰ ਏਕੜ ਦਾ ਰਕਬਾ ਹੋਰ ਦੇਣਾ ਪਵੇਗਾ। ਇਨ੍ਹਾਂ ਨੇ ਤਾਂ ਅਕਾਰਡ ਦੇ ਟਰਮਜ਼ ਐਂਡ ਰੈਫਰੈਂਸ ਹੀ ਵਾਇਲੇਟ ਕਰ ਦਿੱਤੇ ਹਨ। ਕਾਂਟੀਗਿਊਟੀ, ਵਿਲੇਜ ਐਜ਼ ਏ ਯੂਨਿਟੀ ਅਤੇ ਲੈਂਗੂਏਜ, ਸਭ ਨੂੰ ਵਾਇਲੇਟ ਕਰ ਦਿੱਤਾ ਹੈ। ਇਹ ਅਕਾਰਡ ਨੂੰ ਲਾਗੂ ਕਰਨ ਨੂੰ ਤਿਆਰ ਹੀ ਨਹੀਂ, ਮੰਨਣ ਨੂੰ ਤਿਆਰ ਹੀ ਨਹੀਂ। ਰੂਲਜ਼ ਨੂੰ ਤੋੜਨ ਨੂੰ ਤਿਆਰ ਹਨ। ਇਨਸਾਫ ਪੰਜਾਬ ਨੂੰ ਕਿਧਰੋਂ ਮਿਲੇਗਾ? ਅਕਾਰਡ ਦੀਆਂ ਸਾਰੀਆਂ ਗੱਲਾਂ ਦਾ ਮਕਸਦ ਹੈ ਕਿ ਅਸੀਂ ਸਾਰੇ ਸ਼ਾਂਤੀ ਚਾਹੁੰਦੇ ਹਾਂ। ਸ਼ਾਂਤੀ ਲਈ ਅਕਾਰਡ ਵਿੱਚ ਬੈਠ ਕੇ ਗਲ ਕਰਨੀ ਪਵੇਗੀ। ਸਾਰੀ ਦੁਨੀਆਂ ਵਿਚ ਝਗੜਿਆਂ ਵਿੱਚ ਵੀ ਗੱਲਾਂ ਹੁੰਦੀਆਂ ਹਨ। ਅਸੀਂ ਵੀ ਅਕਾਰਡ ਵਿੱਚ ਬੈਠ ਕੇ ਗੱਲ ਕਰਨੀ ਹੈ, ਫੇਰ ਹੀ ਸ਼ਾਂਤੀ ਆਉਣੀ ਹੈ। ਫੇਰ ਤੁਸੀਂ ਅਕਾਰਡ ਨੂੰ ਵਾਇਲੇਟ ਕਰਦੇ ਹੋ ਕਿ ਹਰਿਆਣੇ ਦੀ ਇਲੈਕਸ਼ਨ ਜਿਤਣੀ ਹੈ। ਇਸ ਤਰ੍ਹਾਂ ਤੇ ਕੰਮ ਨਹੀਂ ਚੱਲਣਾ। ਇਸ ਤਰ੍ਹਾਂ ਤਾਂ ਸ਼ਾਂਤੀ ਨਹੀਂ ਆਉਣੀ ਚਾਹੇ ਸਰਕਾਰ ਇਨ੍ਹਾਂ ਨੂੰ ਮਨਾ ਲਵੇ। ਜਿੰਨਾ ਚਿਰ ਪੰਜਾਬ ਦੇ ਲੋਕ ਨਹੀਂ ਮੰਨਦੇ ਉਨਾ ਚਿਰ ਸ਼ਾਂਤੀ ਨਹੀਂ ਆਉਣੀ। ਚੰਡੀਗੜ੍ਹ ਦਾ ਮਸਲਾ ਕੋਈ ਐਡਾ ਵੱਡਾ ਮਸਲਾ ਨਹੀਂ ਹੈ। ਅਕਾਲੀ ਪਾਰਟੀ ਦਾ ਪਰੋਗਰਾਮ ਹੈ, ਠੀਕ ਹੈ। 60:40 ਦੀ ਰੇਸ਼ੋ ਨਾਲ ਅਗਰ ਇਸ ਹਿਸਾਬ ਨਾਲ ਹਰਿਆਣੇ ਵਾਲੇ ਸਾਨੂੰ ਥਾਂ ਦੇ ਦੇਣ ਤਾਂ ਅਸੀਂ ਆਪਣਾ ਕੈਪੀਟਲ ਰਣਜੀਤ ਗੜ੍ਹ ਬਣਾ ਲਵਾਂਗੇ। ਵੱਡੀ ਗੱਲ ਪਾਣੀ ਦੀ ਹੈ। ਪਾਣੀ ਅਸੀਂ ਆਪਣਾ ਨਹੀਂ ਜਾਣ ਦੇਣਾ। (ਵਿਘਨ)

ਸ੍ਰੀ ਸੇਵਾ ਰਾਮ ਅਰੋੜਾ : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਦੀ ਪਾਰਟੀ ਨੇ ਚੰਡੀਗੜ੍ਹ ਛੱਡਣ ਦਾ ਫੈਸਲਾ ਕੀਤਾ ਹੈ?

ਕੈਪਟਨ ਅਮਰਿੰਦਰ ਸਿੰਘ : ਮੈਂ ਚੰਡੀਗੜ੍ਹ ਬਾਰੇ ਗਲ ਇਹ ਕਹੀ ਹੈ ਕਿ ਅਗਰ 70,000 ਏਕੜ ਜ਼ਮੀਨ ਦੇਣ ਵਾਸਤੇ ਕਹਿਣਗੇ ਤਾਂ ਇਹ 70,000 ਏਕੜ ਜ਼ਮੀਨ ਅਸੀਂ ਨਹੀਂ ਦੇਣੀ। ਚੰਗਾ ਇਹ ਹੋਵੇਗਾ ਕਿ 60:40 ਦੀ ਰੇਸ਼ੋ ਨਾਲ ਅਗਰ 40% ਦੀ 70,000 ਏਕੜ ਜ਼ਮੀਨ ਬਣਦੀ ਹੈ ਤਾਂ ਸਾਡਾ ਹਿਸਾ 60% ਦਾ 1.10 ਲੱਖ ਏਕੜ ਬਣਦਾ ਹੈ। ਹਰਿਆਣਾ ਵਾਲੇ 1.10 ਲੱਖ ਏਕੜ ਜ਼ਮੀਨ ਸਾਨੂੰ ਦੇ ਦੇਣ ਅਸੀਂ ਕਿਤੇ ਹੋਰ ਆਪਣੀ ਰਾਜਧਾਨੀ ਬਣਾ ਲਵਾਂਗੇ। ਇਹ ਧਰਤੀ ਨਹੀਂ ਛਡਣੀ।

ਸਪੀਕਰ ਸਾਹਿਬ, ਪੰਜਾਬ ਦੀ ਆਬੋਹਵਾ ਔਰ ਸ਼ਾਂਤੀ ਦੇ ਬਾਰੇ ਵਿਚ ਮੈਂ ਕਹਿ ਚੁਕਾ ਹਾਂ। ਸਾਨੂੰ ਪਤਾ ਲੱਗਿਆ ਹੈ ਔਰ ਪਹਿਲਾਂ ਵੀ ਪਬਲੀਕਲੀ ਕਿਹਾ ਹੈ ਕਿ ਇਹ ਗੰਭੀਰ ਮਸਲਾ ਬਣ ਰਿਹਾ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਕ ਇਲੈਕਟਿਡ ਬਾਡੀ ਹੈ ਇਸ ਨੂੰ ਤੋੜ ਕੇ ਇਕ ਬੋਰਡ ਬਿਠਾਇਆ ਜਾਵੇ ਇਹ ਇਕ ਖਤਰਨਾਕ ਗੱਲ ਹੋਵੇਗੀ ਇਸ ਤੇ ਵਿਚਾਰ ਨਹੀਂ ਕਰਨਾ ਚਾਹੀਦਾ ਹੈ। 1922 ਤੋਂ 1925 ਤੱਕ ਗੁਰਦਵਾਰਾ ਲਹਿਰ ਚੱਲੀ ਸੀ। ਇਹ ਸਿੱਖ ਜਮਾਤ ਹੈ। ਇਹ ਗੱਲ ਨਹੀਂ ਮੰਨਾਗੇ ਕਿ ਇਕ ਇਲੈਕਟਿਡ ਬਾਡੀ ਨੂੰ ਤੋੜ ਕੇ ਬੋਰਡ ਬਣਾਇਆ ਜਾਵੇ। ਇਸ ਤਰ੍ਹਾਂ ਕਰਕੇ ਸੂਬੇ ਦੀ ਸ਼ਾਂਤੀ ਨੂੰ ਭੰਗ ਨਾ ਕਰੋ (ਵਿਘਨ) ਮੈਂ ਬਾਰ ਬਾਰ ਕਿਹਾ ਹੈ ਕਿ ਦੋ ਬੱਬਿਆਂ ਦੀ ਲੜਾਈ ਹੈ: ਬੂਟਾ ਸਿੰਘ ਔਰ ਸਰਦਾਰ ਸੁਰਜੀਤ ਸਿੰਘ ਬਰਨਾਲਾ (ਵਿਘਨ) ਚਾਰ ਦਿਨ ਹੋਏ ਸਾਨੂੰ ਪਤਾ ਲੱਗਿਆ ਸੀ ਔਰ ਮੈਂ ਬਿਆਨ ਵੀ ਦਿੱਤਾ ਸੀ ਕਿ ਲੈਫ਼ਟਿਸਟ ਪਾਰਟੀ ਦੇ ਵਰਕਰਾਂ ਨੂੰ ਪੰਜਾਬ ਸਰਕਾਰ ਖੁਲ੍ਹੇ ਆਮ ਹਥਿਆਰਾਂ ਦੇ ਲਾਈਸੰਸ ਦੇ ਰਹੀ ਹੈ। ਅਗਰ ਕਿਸੇ ਇੰਡੀਵੀਜੂਅਲ ਨੂੰ ਚਾਹੇ ਉਹ ਕਿਸੇ ਪਾਰਟੀ ਨਾਲ ਸਬਧ ਰੱਖਦਾ ਹੋਵੇ ਕਿਸੇ ਮਜ਼ਹਬ ਦਾ ਹੋਵੇ, ਸਾਡਾ ਸਿਟੀਜ਼ਨ ਹੋਵੇ, ਉਸ ਨੂੰ ਆਪਣੀ ਜਾਨ ਨੂੰ ਖਤਰਾ ਹੈ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਸ ਨੂੰ ਹਥਿਆਰ ਦੇਵੇ। (ਵਿਘਨ)

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਕੈਪਟਨ ਸਾਹਿਬ ਕਹਿ ਰਹੇ ਹਨ ਕਿ ਲੈਫਟਿਸਟ ਪਾਰਟੀ ਦੇ ਵਰਕਰਾਂ ਨੂੰ ਜ਼ਿਆਦਾ ਹਥਿਆਰ ਦੇ ਰਹੇ ਹਨ (ਵਿਘਨ) ਮੈਂ ਇਨ੍ਹਾਂ ਨੂੰ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਇਹ ਮਸਲਾ ਲੈਫਟਿਸਟ ਪਾਰਟੀ ਦੇ ਵਰਕਰਾਂ ਨੂੰ ਹਥਿਆਰ ਦੇਕੇ ਹੱਲ ਨਹੀਂ ਹੋ ਸਕਦਾ। (ਵਿਘਨ) ਨਾ ਹੀ ਹਥਿਆਰ ਸਰਕਾਰ ਨੇ ਇਨ੍ਹਾਂ ਨੂੰ ਦੇਣੇ ਹਨ (ਵਿਘਨ)

ਕੈਪਟਨ ਅਮਰਿੰਦਰ ਸਿੰਘ : ਮੈਨੂੰ ਕੋਈ ਇਤਰਾਜ਼ ਨਹੀਂ। ਇੰਡੀਵੀਜੁਅਲ ਨੂੰ ਚਾਹੇ ਉਹ ਕਿਸੇ ਪਾਰਟੀ ਦਾ ਹੋਵੇ ਅਗਰ ਉਸ ਦੀ ਜਾਨ ਨੂੰ ਖਤਰਾ ਹੈ ਤਾਂ ਉਸ ਦੀ ਪ੍ਰੋਟੈਕਸ਼ਨ ਵਾਸਤੇ ਹਥਿਆਰ ਉਸ ਨੂੰ ਦੇਣੇ ਚਾਹੀਦੇ ਹਨ। ਪਰ ਜਿਹੜੀ ਆਰਮੀ ਰੈਂਡਮ ਕਰ ਰਹੇ ਹੋ ਇਹ ਖਤਰਨਾਕ ਗੱਲ ਹੈ। ਇਸ ਵਾਸਤੇ ਅੱਜ ਤੱਕ ਸਿਰਫ ਇਨ੍ਹਾਂ ਦੇ ਜਨਰਲ ਸੈਕਟਰੀ, ਸੀ ਪੀ. ਆਈ. ਦੇ ਨੇ ਹਥਿਆਰ ਹੋਰ ਮੰਗੇ ਹਨ। ਪੰਜਾਬ ਸਰਕਾਰ ਸਪਸ਼ਟ ਕਰੇ ਅਗਰ ਸਾਡੀ ਗੱਲ ਗਲਤ ਹੈ। ਪੰਜਾਬ ਸਰਕਾਰ ਦੱਸੇ ਕਿ ਪਿਛਲੇ ਸਾਲ ਵਿਚ ਕਿੰਨੇ ਲਾਈਸੰਸ ਦਿੱਤੇ ਗਏ, ਉਸ ਵਿਚ ਹਰ ਮਹੀਨੇ ਦਾ ਬਰੇਕ-ਅਪ ਦਿੱਤਾ ਜਾਵੇ ਔਰ ਇਹ ਵੀ ਦੱਸਿਆ ਜਾਵੇ ਕਿ ਕਿਸ ਦੀ ਰਿਕੁਮੈਂਡੇਸ਼ਨ ਤੇ ਦਿੱਤੇ ਗਏ। ਪੰਜਾਬ ਵਿਚ ਇਸ ਕਮਿਊਨਿਸਟ ਪਾਰਟੀ ਨਾਲ ਕਿੰਨੇ ਸਬੰਧ ਰੱਖਦੇ ਹਨ ਜਿਨ੍ਹਾਂ ਨੂੰ ਹਥਿਆਰਾਂ ਦੇ ਲਾਈਸੰਸ ਦਿੱਤੇ ਗਏ ਹਨ :

ਇਹ ਸਾਨੂੰ ਸਪਸ਼ਟ ਕਰ ਦੇਣ ਅਸੀਂ ਝੂਠੇ ਹੋਵਾਂਗੇ ਅਤੇ ਜਿਹੜਾ ਅਸੀਂ ਕਿਹਾ ਹੈ ਉਹ ਵਿਦਡਰਾ ਕਰ ਲਵਾਂਗੇ। ਸਾਨੂੰ ਪਤਾ ਲੱਗਣਾ ਚਾਹੀਦਾ ਹੈ। ਸਿਕਿਉਰਿਟੀ ਫੋਰਸਿਜ਼ ਹੁੰਦੀਆਂ ਹਨ ਲੋਕਾਂ ਦੀ ਹਿਫਾਜ਼ਤ ਲਈ। ਅਗਰ ਤੁਸੀਂ ਲੋਕਾਂ ਨੂੰ ਰੈਂਡਮ ਆਰਮਡ ਕਰਨਾ ਹੈ ਇਕ ਸੋਸਾਇਟੀ ਦੇ ਵਿਚ ਜੰਗ ਸ਼ੁਰੂ ਕਰਨੀ ਹੈ ਤਾਂ ਇਹ ਬੜੀ ਮਾੜੀ ਗੱਲ ਹੈ। ਇਹ ਜਿਹੜੀ ਪੁਲਿਸ ਸਿਕਿਉਰਿਟੀ ਫੋਰਸਿਜ਼ ਹਨ ਇਹ ਕਿਸ ਵਾਸਤੇ ਹਨ ? ਜੇ ਹਰ ਇਕ ਨੂੰ ਹਥਿਆਰ ਦੇ ਦੇਣੇ ਹਨ ਤਾਂ ਫਿਰ ਇਨ੍ਹਾਂ ਫੋਰਸਿਜ਼ ਦੀ ਕੀ ਲੋੜ ਹੈ। ਸੋ ਇਹ ਜ਼ਿਮੇਦਾਰੀ ਦੀ ਗੱਲ ਨਹੀਂ ਹੈ। ਇਸ ਲਈ ਪੰਜਾਬ ਸਰਕਾਰ ਇਸ ਨੂੰ ਸਪਸ਼ਟ ਕਰੇ ਕਿ ਕਿਸ ਤਰੀਕੇ ਨਾਲ ਉਹ ਦੇ ਰਹੀ ਹੈ। ਮੈਂ, ਸਪੀਕਰ ਸਾਹਿਬ, ਅੰਤ ਵਿਚ ਕਹਿਣਾ ਚਾਹੁੰਦਾ ਹਾਂ (ਘੰਟੀ) ਮੈਂ ਕਨਕਲੂਡ ਕਰ ਰਿਹਾ ਹਾਂ।

[ਕੈਪਟਨ ਅਮਰਿੰਦਰ ਸਿੰਘ]

ਸੂਬੇ ਵਿਚ ਜਿਹੜੇ ਹਾਲਾਤ ਬਣੇ ਹੋਏ ਹਨ ਉਹ ਬਹੁਤ ਗੰਭੀਰ ਹਨ। ਅਸੀਂ ਇਸ ਦੀ ਨਾਰ-ਮੇਲਾਈਜ਼ੇਸ਼ਨ ਵਾਸਤੇ ਕਦਮ ਚੁੱਕ ਰਹੇ ਹਾਂ। ਪਰ ਇਹ ਜਿਹੜੀ ਕੰਫਰੰਟੇਸ਼ਨ ਹੈ ਇਹ ਠੀਕ ਨਹੀਂ ਹੈ, ਇਸ ਦਾ ਕੋਈ ਲਾਭ ਨਹੀਂ ਹੈ। ਇਹ ਲੜਾਈ ਅਕਾਲੀ ਦਲ ਦੀ ਜਿਹੜੀ ਹੈ ਇਹ ਅਮਰਿੰਦਰ ਸਿੰਘ ਨਾਲ, ਬਾਦਲ ਸਾਹਿਬ ਨਾਲ ਨਹੀਂ ਹੈ। ਇਹ ਲੜਾਈ ਇਹੋ ਜਿਹੀ ਬਣ ਗਈ ਹੈ ਕਿ ਅੱਜ ਸਿੱਖਾਂ ਦੀ ਜਿਹੜੀ ਹਾਈਐਸਟ ਅਥਾਰਟੀ ਹੈ, ਟੈਂਪੋਰਲ ਹੈ ਉਸ ਨੂੰ ਚੈਲੰਜ ਕੀਤਾ ਜਾ ਰਿਹਾ ਹੈ ਤਾਕਿ ਪੰਜਾਬ ਦੀ ਆਬੋ ਹਵਾ ਖਰਾਬ ਹੋਵੇ। ਮੈਂ ਹਿੰਦੁਸਤਾਨ ਦੀਆਂ ਹੋਰ ਪਾਰਟੀਆਂ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਦਾ ਸਾਥ ਨਾ ਦੇਣ। ਅਸੀਂ ਸ਼ਾਂਤੀ ਲਿਆਉਣਾ ਚਾਹੁੰਦੇ ਹਾਂ। ਜੋ ਸ਼ਾਂਤੀ ਵਾਸਤੇ ਕਦਮ ਚੁੱਕੇ ਜਾਣ, ਅਸੀਂ ਉਸਦੇ ਨਾਲ, ਉਸ ਵਾਸਤੇ ਤਿਆਰ ਹਾਂ।

ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ (ਸਰਦਾਰ ਬਲਦੇਵ ਸਿੰਘ ਖਿਆਲਾ): ਮੈਂ ਕੈਪਟਨ ਸਾਹਿਬ ਤੋਂ ਸਪਸ਼ਟੀਕਰਨ ਲੈਣਾ ਚਾਹੰਦਾ ਹਾਂ। ਜੋ ਉਨ੍ਹਾਂ ਨੇ ਆਪਣੀ ਤਕਰੀਰ ਕੀਤੀ ਹੈ ਉਸ ਬਾਰੇ ਮੈਂ ਉਨ੍ਹਾਂ ਕੋਲੋਂ ਸਪਸ਼ਟੀਕਰਨ ਲੈਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਅੱਤਵਾਦ ਨਾਲ ਸਬੰਧਤ ਨਹੀਂ ਅਤੇ ਨਾ ਹੀ ਉਨ੍ਹਾਂ ਲੋਕਾਂ ਨਾਲ ਹੈ ਜਿਹੜੇ ਖਾਲਿਸਤਾਨ ਦੀ ਮੰਗ ਕਰਦੇ ਹਨ। ਪਹਿਲੀ ਗੱਲ ਇਹ ਕਿ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਦੀ ਕਿਹੜੀ ਪਾਰਟੀ ਹੈ। ਕੀ ਹੁਣ ਕੋਈ ਨਵੀਂ ਅਕਾਲੀ ਪਾਰਟੀ ਬਣੀ ਹੈ? ਇਸ ਬਾਰੇ ਉਹ ਸਪੱਸ਼ਟੀਕਰਣ ਦੇਣ। ਦੂਜਾ ਇਹ ਕਿ ਜਦੋਂ 26 ਤਾਰੀਖ ਨੂੰ ਅਕਾਲ ਤਖਤ ਦੀ ਕਾਰ ਸੇਵਾ ਸ਼ੁਰੂ ਹੋਈ ਸੀ ਅਤੇ ਉਦੋਂ ਉਥੇ ਸਰਬੱਤ ਖਾਲਸਾ ਦੇ ਨਾਮ ਤੇ ਜਿਹੜਾ ਇਕੱਠ ਕੀਤਾ ਸੀ ਅਤੇ ਉਥੋਂ ਦੇ ਸਿੰਘ ਸਾਹਿਬਾਨ ਨੂੰ ਬਾਹਰ ਕੱਢ ਕੇ ਭਾਈ ਜਸਬੀਰ ਸਿੰਘ ਨੂੰ ਉਥੇ ਸਿੰਘ ਸਾਹਿਬ ਬਣਾਇਆ ਸੀ, ਇਸ ਬਾਰੇ ਰੇਜ਼ੋਲਿਊਸ਼ਨ ਲਿਆਂਦਾ ਗਿਆ ਸੀ, ਅਤੇ ਸ਼੍ਰੋਮਣੀ ਅਕਾਲੀ ਦਲ ਭੰਗ ਕੀਤਾ, ਕੀ ਉਸ ਰੇਜ਼ੋਲਿਊਸ਼ਨ ਨੂੰ, ਉਸ ਕਾਰਵਾਈ ਨੂੰ ਇਹ ਮੰਨਦੇ ਹਨ? ਫਿਰ ਇਨ੍ਹਾਂ ਦੇ ਦੋ ਜਨਰਲ ਸੈਕਟਰੀਜ਼ ਨੇ ......(ਵਿਘਨ) ਸਰਦਾਰ ਸੁਖਦੇਵ ਸਿੰਘ ਢੀਂਡਸਾ ਅਤੇ (ਵਿਘਨ) ਦੋ ਜਨਰਲ ਸੈਕਟਰੀਜ਼ ਨੇ ਇਹ ਮੰਗ ਕੀਤੀ (ਵਿਘਨ) (ਆਵਾਜ਼ਾਂ: ਕੀ ਇਹ ਰੈਲੇਵੇਂਟ ਹੈ?) ਇਹ ਭਾਈ ਜਸਬੀਰ ਸਿੰਘ ਨੂੰ ਮੰਨਦੇ ਹਨ? ਇਹ ਗੱਲਾਂ ਇਹ ਸਪੱਸ਼ਟ ਕਰਨ। ਐਵੇਂ ਗੋਲ ਮੋਲ ਗੱਲਾਂ ਕਰੀ ਜਾਂਦੇ ਹਨ। ਕਦੇ ਇਹ ਅਨੰਦਪੁਰ ਸਾਹਿਬ ਦੀ ਗੱਲ ਕਰਦੇ ਹਨ ਅਤੇ ਕਦੇ ਕੋਈ ਗੱਲ ਕਰਦੇ ਹਨ ਅਤੇ ਹਾਊਸ ਨੂੰ ਭੁਲੇਖੇ ਵਿਚ ਪਾ ਰਹੇ ਹਨ। ਇਹ ਦੱਸਣ ਕਿ ਇਹ ਕਿਹੜੇ ਅਕਾਲੀ ਦਲ ਨੂੰ ਮੰਨਦੇ ਹਨ?

(ਇਸ ਸਮੇਂ ਕੈਪਟਨ ਅਮਰਿੰਦਰ ਸਿੰਘ ਬੋਲਣ ਲਈ ਖੜ੍ਹੇ ਹੋਏ।)

ਸ੍ਰੀ ਸਪੀਕਰ: ਤੁਸੀਂ ਕਿਸ ਇਸ਼ੂ ਤੇ ਬੋਲਣਾ ਹੈ? ਜੇ ਤੁਸੀਂ ਪਰਸਨਲ ਐਕਸਪਲੇਨੇਸ਼ਨ ਤੇ ਬੋਲਣਾ ਹੈ ਤਾਂ I will allow you.

ਕੈਪਟਨ ਅਮਰਿੰਦਰ ਸਿੰਘ: ਇਨ੍ਹਾਂ ਦੀ ਤੁਸੀਂ ਰਿਕਾਰਡ ਨਾ ਕਰਾਓ। ਇਹ ਜਿਹੜੀ ਗੱਲ ਇਨ੍ਹਾਂ ਨੇ ਕੀਤੀ ਹੈ, ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਜਦੋਂ ਇਹੋ ਜਿਹੇ ਗੰਭੀਰ ਮਸਲੇ ਦਾ ਜ਼ਿਕਰ ਹੁੰਦਾ ਹੈ ਤਾਂ ਉਹ ਬੈਂਚਿਜ਼ ਖਾਲੀ ਹੁੰਦੇ ਹਨ। ਪਿਛਲੀ ਵਾਰ ਜਦੋਂ ਮੈਂ ਬੋਲਿਆ ਸੀ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਮੈਂ ਸਾਰੀਆਂ ਗੱਲਾਂ ਕਹੀਆਂ ਸਨ। ਪਤਾ ਨਹੀਂ ਇਨ੍ਹਾਂ ਨੇ ਸੁਣਿਆ ਕਿ ਨਹੀਂ। ਜਿਹੜੇ ਤਿੰਨ ਅਕਾਲੀ ਦਲ ਹਨ ਉਨ੍ਹਾਂ ਨੂੰ ਇਕੱਠਾ ਕਰਨ ਵਾਸਤੇ ਅਕਾਲ ਤਖਤ ਤੋਂ ਅਵਾਜ਼ ਆਈ ਸੀ ਤਾਕਿ ਸਾਰਿਆਂ ਨੂੰ ਇਕੱਠਾ ਕੀਤਾ ਜਾਵੇ। ਉਸ ਵਿਚ ਸਾਨੂੰ, ਇਨ੍ਹਾਂ

ਨੂੰ ਅਤੇ ਬਾਬਾ ਜੋਗਿੰਦਰ ਸਿੰਘ ਦੇ ਸਾਰੇ ਦਲਾਂ ਨੂੰ ਇਕੱਠਾ ਕਰਨਾ ਸੀ। ਬਾਕੀ ਮੈਂ ਇਹ ਕਹਿ ਦਿਆਂ ਕਿ ਸਾਡਾ ਫੈਡਰੇਸ਼ਨ, ਟਕਸਾਲ ਆਦਿ ਨਾਲ ਕੋਈ ਸਬੰਧ ਨਹੀਂ। ਜਿਥੋਂ ਤਕ ਸਾਡੇ ਪ੍ਰਧਾਨ ਦੀ ਗੱਲ ਹੈ, ਸਰਦਾਰ ਸਿਮਰਨਜੀਤ ਸਿੰਘ ਮਾਨ ਸਾਡਾ ਪ੍ਰਧਾਨ ਹੈ।

Mr. Speaker : Please take your seat.

ਸਹਿਕਾਰਤਾ ਮੰਤਰੀ (ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ) : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਦਿੱਤੇ ਭਾਸ਼ਣ ਤੇ ਧੰਨਵਾਦ ਕਰਨ ਲਈ ਖੜਾ ਹੋਇਆ ਹਾਂ। ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਠੀਕ ਹੀ ਦੱਸਿਆ ਹੈ ਕਿ ਜਦੋਂ ਪੰਜਾਬ ਦੀ ਧਰਤੀ ਤੇ ਮੌਜੂਦਾ ਪੰਜਾਬ ਦੀ ਸਰਕਾਰ ਬਣੀ ਤਾਂ ਉਦੋਂ ਪੰਜਾਬ ਦੇ ਹਾਲਾਤ ਸੁਖਾਵੇਂ ਨਹੀਂ ਸਨ। ਪੰਜਾਬ ਸਰਕਾਰ ਨੇ ਜਿਥੇ ਪੰਜਾਬ ਦੇ ਹਾਲਤ ਨੂੰ ਸੁਧਾਰਨ ਲਈ ਪੰਜਾਬ ਵਿੱਚ ਆਪਸੀ ਭਾਈਚਾਰਾ ਤੇ ਸਦਭਾਵਨਾ ਕਾਇਮ ਰਖਣ ਲਈ ਯਤਨ ਕੀਤੇ ਉਥੇ ਪੰਜਾਬ ਸਰਕਾਰ ਨੇ ਪੰਜਾਬੀਆਂ ਦੇ ਸਿਰ ਤੇ ਮਣਾਂ ਮੂੰਹੀ ਚੜ੍ਹਿਆ ਕਰਜ਼ਾ ਲਾਹੁਣ ਦੀ ਵੀ ਕੋਸ਼ਿਸ਼ ਕੀਤੀ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਕਰਜ਼ਾ ਫੌਜੀਆਂ ਦਾ ਜਿਹੜੇ ਨੌਕਰੀਆਂ ਤੋਂ ਕੱਢੇ ਗਏ ਸਨ, ਮੈਂ ਇਹ ਗੱਲ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਸਰਕਾਰ, ਬਰਨਾਲਾ ਸਾਹਿਬ ਦੀ ਸਰਕਾਰ ਬਣਨ ਤੋਂ ਬਾਅਦ 2296 ਦੇ ਕਰੀਬ ਫੌਜੀਆਂ ਨੂੰ ਬਹਾਲ ਕਰਵਾ ਕੇ ਆਪਣਾ ਕਰਜ਼ਾ ਲਾਹੁਣ ਦੀ ਕੋਸ਼ਿਸ਼ ਕੀਤੀ। (ਥੰਪਿੰਗ) ਸਪੀਕਰ ਸਾਹਿਬ, ਦੂਜਾ ਕਰਜ਼ਾ ਉਨ੍ਹਾਂ ਵਿਧਵਾਵਾਂ ਭੈਣਾਂ ਦਾ ਜਿਨ੍ਹਾਂ ਦੇ ਸੁਹਾਗ ਲੁਟੇ ਗਏ ਸਨ, ਮੈਂ ਸਮਝਦਾ ਹਾਂ ਕਿ ਬਰਨਾਲਾ ਸਾਹਿਬ ਦੀ ਸਰਕਾਰ ਨੇ 617 ਦੇ ਕਰੀਬ ਵਿਧਵਾ ਭੈਣਾਂ ਦੀ 250 ਰੁਪਏ ਮਹੀਨਾ ਪੈਨਸ਼ਨ ਲਾਈ।

ਸਰਦਾਰ ਜਸਦੇਵ ਸਿੰਘ ਸੰਧੂ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਪੰਜਾਬ ਸਰਕਾਰ ਨੇ ਆਪਣੇ ਯਤਨਾਂ ਨਾਲ ਐਸਾ ਮਾਹੌਲ ਪੈਦਾ ਕੀਤਾ ਜਿਸ ਕਰਕੇ ਫੌਜੀ ਬਹਾਲ ਹੋਣ। ਦੂਜਾ ਕਰਜ਼ਾ, ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਸੈਂਕੜੇ ਵਿਧਵਾਵਾਂ ਜਿਨ੍ਹਾਂ ਦੇ ਸੁਹਾਗ ਲੁੱਟੇ ਗਏ ਸਨ, ਮੈਂ ਇਹ ਗੱਲ ਬੜੇ ਗੌਰਵ ਨਾਲ ਕਹਿ ਸਕਦਾ ਹਾਂ ਕਿ 617 ਵਿਧਵਾਵਾਂ ਨੂੰ ਢਾਈ ਢਾਈ ਸੌ ਰੁਪਏ ਮਹੀਨਾ ਪੈਨਸ਼ਨ ਲਾਈ ਗਈ ਹੈ, ਹਜ਼ਾਰਾਂ ਦੇ ਕਰੀਬ ਬੇਘਰਿਆਂ ਨੂੰ ਘਰ ਦਿੱਤੇ ਗਏ ਹਨ ਅਤੇ ਇਕ ਹਜ਼ਾਰ ਲੋਕਾਂ ਨੂੰ ਰੀਜ਼ਨੇਬਲ ਪ੍ਰਾਈਸ ਤੇ ਦੁਕਾਨਾਂ ਦੇ ਕੇ ਪੰਜਾਬ ਸਰਕਾਰ ਨੇ ਆਪਣੇ ਤੇ ਚੜ੍ਹਿਆ ਕਰਜ਼ਾ ਲਾਹੁਣ ਦੀ ਕੋਸ਼ਿਸ਼ ਕੀਤੀ ਹੈ। (ਥੰਪਿੰਗ) ਪੰਜਾਬ ਦੇ ਲੋਕਾਂ ਦਾ ਬਲਿਊ ਸਟਾਰ ਓਪਰੇਸ਼ਨ ਵੇਲੇ ਜੋ ਨੁਕਸਾਨ ਹੋਇਆ, ਸੈਂਕੜੇ ਲੋਕ ਉਸ ਸਮੇਂ ਜੋ ਸ਼ਹੀਦ ਹੋ ਗਏ ਔਰ ਬਹੁਤ ਸਾਰਿਆਂ ਦਾ ਕਾਰੋਬਾਰ ਠੱਪ ਹੋ ਗਿਆ ਉਨ੍ਹਾਂ ਲੋਕਾਂ ਨੂੰ ਬਰਨਾਲਾ ਸਾਹਿਬ ਦੀ ਸਰਕਾਰ ਨੇ 3 ਕਰੋੜ 22 ਲੱਖ 95 ਹਜ਼ਾਰ ਰੁਪਿਆ ਮੁਆਵਜ਼ਾ ਦੇ ਕੇ ਸ਼ਹੀਦਾਂ ਦੇ ਪਰੀਵਾਰਾਂ ਨੂੰ ਪੈਨਸ਼ਨਾਂ ਲਾ ਕੇ ਕਰਜ਼ਾ ਲਾਹੁਣ ਦੀ ਕੋਸ਼ਿਸ਼ ਕੀਤੀ ਹੈ। (ਥੰਪਿੰਗ) ਚੌਥਾ ਕਰਜ਼ਾ ਪੰਜਾਬ ਸਰਕਾਰ ਨੇ ਉਨ੍ਹਾਂ ਨੌਜਵਾਨਾਂ ਨੂੰ ਜਿਹੜੇ ਜੇਲ੍ਹਾਂ ਵਿੱਚ ਬੰਦ ਰਖੇ ਗਏ ਸਨ, ਜਿਹੜੇ ਆਪਣੇ ਇਮਤਿਹਾਨ ਨਹੀਂ ਸੀ ਦੇ ਸਕੇ, ਜਿਹੜੇ ਨੌਕਰੀਆਂ ਹਾਸਲ ਨਹੀਂ ਸੀ ਕਰ ਸਕੇ ਉਨ੍ਹਾਂ ਨੂੰ ਜੇਲ੍ਹਾਂ ਵਿਚੋਂ ਰਿਹਾਅ ਕਰਕੇ ਪਹਿਲ ਦੇ ਆਧਾਰ ਤੇ ਨੌਕਰੀਆਂ ਦੇਣ ਦੀ ਕੋਸ਼ਿਸ਼ ਕਰਕੇ ਪੰਜਾਬ ਸਰਕਾਰ ਨੇ ਕਰਜ਼ਾ ਲਾਹੁਣ ਦੀ ਕੋਸ਼ਿਸ਼ ਕੀਤੀ। (ਥੰਪਿੰਗ) ਜਿਥੇ, ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਇਹ ਕਰਜ਼ਾ ਲਾਹੁਣ ਦੀ ਕੋਸ਼ਿਸ਼ ਕੀਤੀ ਉਥੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਇਦੇ, ਪੰਜਾਬ ਦੇ ਲੋਕਾਂ ਨਾਲ ਕੀਤੇ ਵਚਨ ਜੋ ਚੋਣਾਂ ਸਮੇਂ ਉਨ੍ਹਾਂ ਨਾਲ ਕੀਤੇ ਗਏ ਸਨ ਉਹ ਵੀ ਪੂਰੇ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਇਹ ਗੱਲ ਬੜੇ ਗੌਰਵ ਨਾਲ ਕਹਿ ਸਕਦਾ ਹਾਂ ਕਿ ਜਿਥੇ 26

**Expunged as ordered by the Chair.

[ਸਹਿਕਾਰਤਾ ਮੰਤਰੀ]

ਕਰੋੜ ਰੁਪਿਆ ਮਾਰਕਿਟ ਸੈਸ ਖਤਮ ਕੀਤਾ ਪੰਜਾਬ ਸਰਕਾਰ ਨੇ ਅਤੇ 300 ਕਰੋੜ ਖਾਲਿਆਂ ਦੇ ਪੈਸੇ ਪੰਜਾਬ ਸਰਕਾਰ ਨੇ ਮੁਆਫ ਕੀਤੇ ਉਥੇ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਸਮੇਂ ਸਿਰ ਅਤੇ ਸਸਤੇ ਭਾਅ ਤੇ ਖਾਦ ਦੇ ਕੇ ਰਿਕਾਰਡ ਤੋੜ ਉਤਪਾਦਨ ਵਿੱਚ ਵਾਧਾ ਕੀਤਾ। ਭਾਰਤ ਵਿਚ ਭਾਰਤ ਸਰਕਾਰ ਵਲੋਂ ਖਾਦ ਦੇ ਥੈਲੇ ਦੀ ਕੀਮਤ 117 ਰੁਪਏ ਯੂਰੀਆ ਦੀ ਹੈ ਪਰ ਅਸੀਂ 106 ਰੁਪਏ ਦਾ ਦਿੱਤਾ। ਫਿਰ 180 ਰੁਪਏ ਏ.ਪੀ. ਖਾਦ ਦੀ ਜਿਹੜੀ ਕੀਮਤ ਹੈ ਅਸੀਂ 165 ਰੁਪਏ ਦੀ ਦਿੱਤੀ। ਇਸ ਤਰ੍ਹਾਂ ਦਸ ਕਰੋੜ ਰੁਪਿਆ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਵਿਚ ਪਾਇਆ। ਇਸੇ ਤਰ੍ਹਾਂ ਕੀੜੇ ਮਾਰ ਦਵਾਈ ਜਿਹੜੀ 145 ਰੁਪਏ ਕਿਲੋ ਹੈ ਉਹ 130 ਰੁਪਏ ਕਿਲੋਂ ਦਿਤੀ ਗਈ ਇਸ ਤਰ੍ਹਾਂ 9 ਲੱਖ ਰੁਪਿਆ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਵਿਚ ਪਾਇਆ ਜਿਸ ਨਾਲ ਕਣਕ ਦੀ ਪੈਦਾਵਾਰ 109.92 ਲੱਖ ਟਨ ਹੋ ਗਈ ਅਤੇ ਚਾਵਲਾਂ ਦੀ 60.22 ਲੱਖ ਟਨ। ਇਹ ਮਾਣ ਵਾਲੀ ਗਲ ਹੈ। ਇਸ ਤਰ੍ਹਾਂ ਗੰਨੇ ਦੇ ਉਤਪਾਦਨ ਵਿਚ ਰਿਕਾਰਡ ਤੋੜ ਵਾਧਾ ਹੋਇਆ ਹੈ ਅਤੇ 19 ਹਜ਼ਾਰ ਹੈਕਟੇਅਰ ਦੇ ਰਕਬੇ ਵਿਚ ਪੰਜਾਬ ਦੇ ਕਿਸਾਨ ਨੇ ਗੰਨਾ ਬੀਜ ਕੇ ਗੰਨੇ ਦੀ ਪੈਦਾਵਾਰ ਵਿਚ ਵਾਧਾ ਕੀਤਾ ਹੈ। ਇਹ ਇਸ ਕਰਕੇ ਕੀਤਾ ਗਿਆ ਹੈ ਕਿਉਂਕਿ ਪੰਜਾਬ ਸਰਕਾਰ ਵਲੋਂ ਗੰਨੇ ਦੀ ਬਿਜਾਈ ਵਾਸਤੇ ਦਵਾਈਆਂ ਦਿੱਤੀਆਂ ਗਈਆਂ ਅਤੇ ਗੰਨੇ ਦੇ ਪੀੜਨ ਲਈ ਮਿੱਲਾਂ ਲਗਾਈਆਂ ਗਈਆਂ। ਮੈਂ ਕਹਿ ਸਕਦਾ ਹਾਂ ਕਿ ਪੰਜਾਬ ਦੀ ਧਰਤੀ ਤੇ ਅਜੇ ਤਕ ਕੋਈ ਸਰਕਾਰ ਨਹੀਂ ਬਣੀ ਜਿਸ ਨੇ ਇਕ ਸੀਜ਼ਨ ਵਿਚ ਤਿੰਨ ਮਿਲਾਂ ਚਾਲੂ ਕੀਤੀਆਂ ਹੋਣ। ਇਕ ਮਿੱਲ ਫ਼ਾਜ਼ਿਲਕਾ, ਦੂਜੀ ਰਖੜੇ ਦੀ ਔਰ ਤੀਸਰੀ ਥੋੜ੍ਹੇ ਦਿਨਾਂ ਵਿਚ ਬੁਢੇਵਾਲ ਦੀ ਮਿਲ ਚਾਲੂ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਗੰਨਾਂ ਪੀੜਨੇ ਦੀ ਕਪੈਸਿਟੀ ਵੀ ਵਧਾਈ ਗਈ ਦੂਸਰੇ ਉਤਪਾਦਨ ਵੀ ਰਿਕਾਰਡ ਤੋਂ ਵਧਾਇਆ ਗਿਆ। ਇਸ ਸਾਲ ਕਪਾਹ ਵਿਚ ਵੀ ਰਿਕਾਰਡ ਤੋੜ ਉਤਪਾਦਨ ਹੋਇਆ ਹੈ ਅਤੇ 16.41 ਲੱਖ ਗੰਢਾਂ ਕਪਾਹ ਦਾ ਉਤਪਾਦਨ ਹੋਇਆ। ਇਹ ਇਕ ਰਿਕਾਰਡ ਹੈ ਅਤੇ ਇਸ ਕਰਕੇ ਵੀ ਹੋਇਆ ਕਿਉਂਕਿ ਗੋਇੰਦਵਾਲ ਸਪਿਨਿੰਗ ਮਿੱਲ ਨੂੰ ਸ਼ੁਰੂ ਕਰ ਦਿਤਾ ਹੈ ਅਤੇ ਤਪੇ ਦੀ ਸ਼ੁਰੂ ਕਰ ਰਹੇ ਹਾਂ। ਕਪਾਹ ਦੀ ਪ੍ਰੋਡਿਊਸ ਦੀ ਸਪੋਰਟ ਪ੍ਰਾਈਸ ਤੇ 1 ਲੱਖ 15 ਹਜ਼ਾਰ ਗੰਢਾਂ ਮਾਰਕਫੈਡ ਨੇ ਪੰਜਾਬ ਦੇ ਕਿਸਾਨਾਂ ਤੋਂ ਖਰੀਦੀਆਂ। ਮੈਂ ਸਮਝਦਾ ਹਾਂ ਕਿ ਐਸੇ ਹਾਲਾਤ ਦੇ ਬਾਵਜੂਦ ਵੀ ਪੰਜਾਬ ਨੇ ਇਤਨੀ ਤਰਕੀ ਕੀਤੀ ਹੈ। ਇਸ ਤਰ੍ਹਾਂ ਸਨਅਤ ਦੇ ਖੇਤਰ ਵਿਚ ਪੰਜਾਬ ਸਰਕਾਰ ਨੇ ਰਿਕਾਰਡ ਤੋੜ ਹਿੱਸਾ ਪਾਇਆ ਹੈ ਅਤੇ ਕੋਈ ਸੱਤ ਕਰੋੜ ਰੁਪਏ ਦੇ ਕਰੀਬ ਨਵੇਂ ਪ੍ਰੋਜੈਕਟ ਚਾਲੂ ਕੀਤੇ ਗਏ। (ਥੰਪਿੰਗ) ਸਤਵੀਂ ਪੰਜ ਸਾਲਾ ਯੋਜਨਾ ਦੇ ਅੰਤ ਤਕ ਕੋਈ ਦੋ ਹਜ਼ਾਰ ਕਰੋੜ ਰੁਪਏ ਦੇ ਪ੍ਰੋਜੈਕਟ ਲਗਾਏ ਜਾਣ ਦਾ ਸਾਡਾ ਨਿਸ਼ਾਨਾ ਹੈ। ਅਸੀਂ ਗੌਰਵ ਨਾਲ ਕਹਿ ਸਕਦੇ ਹਾਂ ਕਿ ਬਾਵਜੂਦ ਐਸੇ ਹਾਲਾਤ ਦੇ ਅਸੀਂ ਸਨਅਤ ਤੇ ਇਤਨਾ ਪੈਸਾ ਖਰਚ ਕਰ ਰਹੇ ਹਾਂ ਜਿੰਨਾ ਅਗੇ ਕਦੇ ਨਹੀਂ ਹੋਇਆ। 700 ਯੂਨਿਟਾਂ ਲਈ 19 ਕਰੋੜ ਰੁਪਏ ਦੇ ਕਰਜ਼ੇ ਫਾਈਨਾਂਸ਼ਲ ਕਾਰਪੋਰੇਸ਼ਨ ਨੇ ਲੋਕਾਂ ਨੂੰ ਦਿਤੇ ਹਨ ਤਾਂ ਕਿ ਲੋਕ ਆਪਣਾ ਰੋਜ਼ਗਾਰ ਚਲਾ ਸਕਣ। ਫਿਰ ਧਰਮਸ਼ਾਲਾਵਾਂ ਲਈ ਦਸ ਹਜ਼ਾਰ ਤੋਂ ਪੰਦਰਾਂ ਹਜ਼ਾਰ ਰੁਪਿਆ ਦੇ ਕੇ ਅਸੀਂ ਪਛੜੀਆਂ ਸ਼੍ਰੇਣੀਆਂ ਦੇ ਸਾਥੀਆਂ ਲਈ ਸਹਾਇਕ ਸਿੱਧ ਹੋਏ ਹਾਂ (ਥੰਪਿੰਗ) ਮੈਂ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਜਿੰਨੀ ਤਰਕੀ, ਜਿੰਨੀ ਖੁਸ਼ਹਾਲੀ ਅਸੀਂ ਪਿਛਲੇ ਸਾਲ ਵਿਚ ਕੀਤੀ ਹੈ ਅਗਰ ਪੰਜਾਬ ਸਮਝੌਤਾ ਸਮੇਂ ਸਿਰ ਲਾਗੂ ਹੋ ਜਾਂਦਾ ਤਾਂ ਅਸੀਂ ਇਸ ਤੋਂ ਵੀ ਜ਼ਿਆਦਾ ਤਰੱਕੀ ਕਰਨੀ ਸੀ। ਅਸੀਂ ਤਰੱਕੀ ਇਸ ਲਈ ਵੀ ਨਹੀਂ ਕਰ ਸਕੇ ਕਿਉਂਕਿ ਚੰਡੀਗੜ੍ਹ ਪੰਜਾਬ ਨੂੰ ਨਹੀਂ ਮਿਲਿਆ, ਪਾਣੀ ਦਾ ਫੈਸਲਾ ਨਹੀਂ ਹੋਇਆ, ਪੰਜਾਬੀ ਸਪੀਕਿੰਗ ਏਰੀਆ ਪੰਜਾਬ ਵਿਚ ਸ਼ਾਮਲ ਨਹੀਂ ਹੋਇਆ ਜਿਸ ਕਰਕੇ ਉਨ੍ਹਾਂ ਸ਼ਕਤੀਆਂ ਨੂੰ ਤਾਕਤ ਮਿਲੀ ਜਿਨ੍ਹਾਂ ਨੇ ਸਾਡੇ ਹਰਮਨ ਪਿਆਰੇ ਸੰਤ ਹਰਚੰਦ ਸਿੰਘ

ਲੌਂਗੋਵਾਲ ਨੂੰ ਸਾਥੋਂ ਵੱਖ ਕਰ ਦਿੱਤਾ । ਅੱਤਵਾਦੀਆਂ ਅਤੇ ਵਖਵਾਦੀਆਂ ਨੇ ਇਸ ਸਮਝੌਤੇ ਦਾ ਵਿਰੋਧ ਕੀਤਾ ਅਤੇ ਸਮਝੌਤੇ ਦੀ ਗਲ ਸਿਰੇ ਨਹੀਂ ਚੜ੍ਹਨ ਦਿਤੀ। ਉਨ੍ਹਾਂ ਨੇ ਸਰਵ-ਉੱਚ ਮਹਾਨ ਅਕਾਲ ਤਖਤ ਨੂੰ ਸ਼ਾਮਲ ਕਰ ਲਿਆ । ਅੱਜ ਤੋਂ ਪਹਿਲਾਂ ਵੀ ਕੈਪਟਨ ਅਮਰਿੰਦਰ ਸਿੰਘ ਨੇ ਬਾਰ ਬਾਰ ਕਿਹਾ ਔਰ ਇਤਿਹਾਸ ਗਵਾਹ ਹੈ ਕਿ ਅਕਾਲ ਤਖਤ ਤੋਂ ਸਮੇਂ ਦੇ ਅਧਾਰ ਤੇ ਕਈ ਫੈਸਲਿਆਂ ਦਾ ਐਲਾਨ ਕੀਤਾ ਗਿਆ। ਇਥੋਂ ਤਕ ਮਹਾਰਾਜਾ ਰਣਜੀਤ ਸਿੰਘ ਨੇ 12 ਮਿਸਲਾਂ ਦੇ ਲੋਕਾਂ ਨੂੰ ਇਕੱਠਾ ਕੀਤਾ ਪਰ ਉਨ੍ਹਾਂ ਨੇ ਮਿਸਲਾਂ ਨੂੰ ਤੋੜਿਆ ਨਹੀਂ। ਅੱਜ ਅਕਾਲ ਤਖਤ ਦੇ ਪੁਜਾਰੀ ਕਹਾਉਣ ਵਾਲੇ ਉਹ ਲੋਕ ਹਨ ਜਿਨ੍ਹਾਂ ਨੇ ਅਕਾਲ ਤਖਤ ਦੇ ਢਹਿ ਢੇਰੀ ਹੋਣ ਦੇ ਰੋਸ ਵੱਜੋਂ ਇਕ ਦਿਨ ਵੀ ਜੇਲ੍ਹ ਨਹੀਂ ਕਟੀ ਹੋਣੀ ਅਤੇ ਦੂਜੇ ਪਾਸੇ ਅੰਮ੍ਰਿਤਧਾਰੀ ਬਰਨਾਲਾ ਸਾਹਿਬ ਵਰਗੇ ਨੇ ਦਸ ਮਹੀਨੇ ਜੇਲ੍ਹ ਕਟੀ ਅਤੇ ਸਾਨੂੰ ਲੰਡਾ ਕੋਠੀ ਦੇ ਇੰਟੈਰੋਗੇਸ਼ਨ ਸੈਂਟਰ ਵਿਚ ਇੰਟੈਰੋਗੇਟ ਕੀਤਾ ਗਿਆ ਅਤੇ ਤਸੀਹੇ ਦਿੱਤੇ ਗਏ। ਤੁਸੀਂ ਆਪ ਜਾਣਦੇ ਹੋ ਕਿ ਕੋਈ ਵੀ ਮੂੰਹ ਕਾਲੇ ਕਰਨ ਵਾਲੇ, ਕਿਤੇ ਦੂਜਾ ਅਰਥ ਨਾ ਸਮਝ ਲੈਣਾ ਪੰਜਾਬੀ ਵਿਚ ਮੇਰਾ ਕਹਿਣ ਦਾ ਭਾਵ ਹੈ ਕਿ ਮੂੰਹ ਯਾਨੀ ਦਾੜ੍ਹੀ ਰੰਗਣ ਵਾਲੇ ਨੂੰ ਕਿਹਾ ਜਾਂਦਾ ਹੈ ਅੱਜ ਉਹ ਕਿਸ ਤਰ੍ਹਾਂ ਅਕਾਲ ਤਖਤ ਦੇ ਆਗੂ ਹੋ ਸਕਦੇ ਹਨ। ਮੈ ਸਮਝਦਾ ਹਾਂ ਕਿ ਅਕਾਲ ਤਖਤ ਦੇ ਵਿਰੋਧੀ ਉਹ ਹਨ।

ਏਸੇ ਤਰ੍ਹਾਂ, ਸਪੀਕਰ ਸਾਹਿਬ, ਜਿਹੜੀ ਸ੍ਰੀ ਅਕਾਲ ਤਖਤ ਸਾਹਿਬ ਦੀ ਇਹ ਪਰੰਪਰਾ ਹੈ ਕਿ ਕੋਈ ਦਾੜ੍ਹਾ ਪ੍ਰਕਾਸ਼ ਕਰੇ ਬਿਨਾਂ ਨਾ ਜਾਵੇ ਜਿਵੇਂ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਪਰਕਾਸ਼ ਕੀਤਾ ਹੋਇਆ ਹੈ । ਬਿਨਾਂ ਪਰਕਾਸ਼ ਕੀਤੇ ਉਥੇ ਜਾ ਨਹੀਂ ਸਕਦਾ । ਉਥੇ ਦੀ ਪਰੰਪਰਾ ਮੁਤਾਬਕ ਦਾੜੀ ਤੁੰਨੀ ਤੇ ਮੁੰਨੀ ਨਾ ਹੋਵੇ । ਦਾੜ੍ਹੀ ਤੁੰਨੀ ਤੇ ਮੁੰਨੀ ਬਾਰੇ ਮੈਂ ਡਾਕਟਰ ਸਾਹਿਬ ਨੂੰ ਨਹੀਂ ਕਹਿੰਦਾ, ਸੰਧੂ ਸਾਹਿਬ ਨੂੰ ਨਹੀਂ ਕਹਿੰਦਾ.....

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਕੋਈ ਅਕਾਲ ਤਖਤ ਸਾਹਿਬ ਦੀ ਮਰਿਆਦਾ ਤੁੰਨੀ ਤੇ ਮੁੰਨੀ ਵਾਲੀ ਨਹੀਂ । ਉਥੇ ਦਾੜ੍ਹੀ ਪਰਕਾਸ਼ ਕਰਕੇ ਸਪੀਚ ਕੀਤੀ ਜਾ ਸਕਦੀ ਹੈ ਲੇਕਿਨ ਬਾਹਰ ਕੋਈ ਦਾੜ੍ਹੀ ਬੰਨ ਲਵੇ, ਕੋਈ ਚੜ੍ਹਾ ਲਵੇ, ਕੋਈ ਫਰਕ ਨਹੀਂ ਹੈ। ਇਹ ਸੀਨੀਅਰ ਰਿਸ-ਪਾਂਸੀਬਲ ਮਨਿਸਟਰ ਹੈ, ਇਨ੍ਹਾਂ ਨੂੰ ਗਲਤ ਇੰਟਰਪਰਟੇਸ਼ਨ ਨਹੀਂ ਕਰਨੀ ਚਾਹੀਦੀ।

ਸਹਿਕਾਤਰਾ ਮੰਤਰੀ : ਮੇਰੇ ਪਾਸ ਪ੍ਰਸਿੱਧ ਸਕਾਲਰ ਪ੍ਰਿੰਸੀਪਲ ਸਤਬੀਰ ਸਿੰਘ ਦੀ ਲਿਖਤ ਮੌਜੂਦ ਹੈ। ਹੋਰ ਦੀ ਗੱਲ ਨਹੀਂ ਕਰਦਾ, ਪਰ ਜਿਹੜੀ ਅਗਵਾਈ ਕਰਨ ਦੀ ਗੱਲ ਕਰੋ ਜੇਕਰ ਦਾੜ੍ਹਾ ਪਰਕਾਸ਼ ਨਹੀਂ ਕੀਤਾ ਹੋਇਆ ਤਾਂ ਉਥੇ ਬੋਲਣ ਦੀ ਇਜ਼ਾਜ਼ਤ ਨਹੀਂ ਹੈ । ਇਹ ਤਾਂ ਮਾਨਯੋਗ ਮੈਂਬਰ ਸਾਹਿਬ ਨੂੰ ਪਤਾ ਹੋਣਾ ਹੈ ਕਿ ਮੁੰਨੀ ਤੇ ਤੁੰਨੀ ਵਾਲਾ ਬੋਲ ਨਹੀਂ ਸਕਦਾ । ਸਪੀਕਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਹੈ ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਦਾਹੜੀ ਤੁਹਾਡੀ ਵੀ ਬੰਨ੍ਹੀ ਹੋਈ ਹੈ। ਇਹ ਕਿੰਨੀ ਬੇਹੂਦਾ ਗੱਲ ਕਰਦੇ ਹਨ । ਅੱਜ ਇਹ ਅਕਾਲੀ ਬਣਿਆ ਹੈ, ਇਸ ਨੂੰ ਖਿਆਲ ਕਰਨਾ ਚਾਹੀਦਾ ਹੈ ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਬਹੁਤ ਸਾਰੇ ਮੈਂਬਰ ਐਸੇ ਹਨ ਜਿਹੜੇ ਨਿਹੰਗਾਂ ਦੀ ਬੋਲੀ ਨਹੀਂ ਜਾਣਦੇ । ਮੈਂ ਇਹ ਪੁੱਛਣਾ ਚਾਹਵਾਂਗਾ ਕਿ ਇਹ ਮੁੰਨੀ ਤੇ ਤੁੰਨੀ ਨੂੰ ਐਕਸਪਲੇਨ ਕਰਕੇ ਕਲੈਰੀਫਾਈ ਕਰਨ ਕਿ ਇਹ ਕੀ ਚੀਜ਼ ਹੈ ।

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਆਪ ਨੂੰ ਪਤਾ ਹੈ ਕਿ ਅਕਾਲ ਤਖਤ ਸਾਹਿਬ ਦੀ ਮਰਿਆਦਾ ਹੈ ਕਿ ਕੋਈ ਨਸ਼ਾ ਕਰਨ ਵਾਲਾ, ਤਮਾਕੂ ਪਾਨ ਕਰਨ ਵਾਲਾ ਉਥੇ ਨੇੜੇ ਨਹੀਂ ਆ ਸਕਦਾ। ਲੇਕਿਨ ਅਫਸੋਸ ਹੈ ਕਿ ਸ਼ਰਾਬ ਪੀਣ ਵਾਲੇ ਆਪਣੀਆਂ ਕੋਠੀਆਂ ਵਿਚ ਸਟਾਲ ਖੋਲ੍ਹਣ ਵਾਲੇ ਕੈਪਟਨ ਅਮਰਿੰਦਰ ਸਿੰਘ ਵਰਗੇ ਆਪਣੀ ਪਾਰਟੀ ਦੀ ਅਗਵਾਈ ਕਰ ਸਕਦੇ ਹਨ। ਸਪੀਕਰ ਸਾਹਿਬ, ਜ਼ਰੂਰੀ ਸ਼ਰਤ ਹੈ........

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਜਿਹੜੀ ਗੱਲ ਇਹ ਕਹਿੰਦੇ ਹਨ ਪਹਿਲਾਂ ਆਪਣੀ ਮੰਜੀ ਹੇਠਾਂ ਸੋਟਾ ਫੇਰਨ। ਦਾਰੂ ਨਾਲ ਰੱਜੇ ਹੁੰਦੇ ਹਨ। ਨਹੀਂ ਤਾਂ ਕਿਸੇ ਸੈਂਟਰ ਵਿਚ ਅਸੀਂ ਇਨ੍ਹਾਂ ਨੂੰ ਫੜ ਲੈਣਾ ਹੈ।

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਹੈ ਕੋਈ ਬੇ-ਅੰਮ੍ਰਿਤੀਆਂ ਔਰ ਉਨ੍ਹਾਂ ਦੀ ਬਣਾਈ ਪਾਰਟੀ ਜਿਹੜੀ ਹੈ, ਪਾਰਟੀ ਦੇ ਵਿਧਾਨ ਦੀ ਕਲਾਜ਼ ਵਿਚ ਲਿਖਿਆ ਹੋਇਆ ਹੈ ਕਿ ਅੰਮ੍ਰਿਤਧਾਰੀ ਸਿੰਘ ਹੀ ਇਸ ਦਾ ਮੈਂਬਰ ਬਣ ਸਕਦਾ ਹੈ। ਪਰੰਤੂ ਅਫਸੋਸ ਹੈ ਕਿ ਬੇ-ਅੰਮ੍ਰਿਤੀਏ ਕੈਪਟਨ ਅਮਰਿੰਦਰ ਸਿੰਘ ਵਰਗੇ ਆਗੂ ਬਨਣ ਦੀ ਕੋਸ਼ਿਸ਼ ਕਰ ਰਹੇ ਹਨ। ਸਾਨੂੰ ਦੁੱਖ ਹੁੰਦਾ ਹੈ। ਇਹ ਗੱਲ ਨੋਟ ਕਰਨੀ ਚਾਹੀਦੀ ਹੈ ਕਿ ਤੁਹਾਡੀ ਪਾਰਟੀ ਜਿਹੜੀ ਬਣੀ ਹੈ ਅਕਾਲ ਤਖਤ ਵਲੋਂ ਕਿਹਾ ਗਿਆ ਹੈ ਕਿ ਕੇਸਰੀ ਪੱਗ ਬੰਨ੍ਹ ਸਕਦਾ ਹੈ, ਨੀਲੀ ਬੰਨ੍ਹ ਸਕਦਾ ਹੈ, ਕਾਲੀ ਬੰਨ੍ਹ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਵਰਗੇ ਕੋਈ ਪੱਗ ਬਨ੍ਹਣ ਕੋਈ ਹੁਕਮ ਲਾਗੂ ਨਹੀਂ ਹੁੰਦਾ। ਕੀ ਅਕਾਲ ਤਖਤ ਸਾਹਿਬ ਦੀ ਮਰਿਆਦਾ ਨਹੀਂ ਕਿ ਜੇ ਕੋਈ ਆਪਣੀ ਪਾਰਟੀ ਦਾ ਆਗੂ ਬਣਨਾ ਚਾਹਵੇ ਤਾਂ ਉਸ ਤੇ ਵੀ ਉਹ ਹੀ ਸ਼ਰਤ ਲਾਗੂ ਹੋਵੇ? ਗੁਰਬਾਣੀ ਦੇ ਸ਼ਬਦ ਮੈਨੂੰ ਯਾਦ ਆ ਗਏ। ਕੈਪਟਨ ਅਮਰਿੰਦਰ ਸਿੰਘ ਜੀ ਅਕਾਲ ਤਖਤ ਸਾਹਿਬ ਦੇ ਅਨੁਆਈ ਬਣਨ ਦੀ ਗੱਲ ਕਰਦੇ ਰਹੇ ਹਨ......ਜਦ ਕਿ ਮੈਨੂੰ ਦਸਿਆ ਕਿ ਉਹ ਸ਼ਰਤਾਂ ਪੂਰੀਆਂ ਨਹੀਂ ਸੀ ਕਰਦੇ (ਵਿਘਨ) ਤੁਹਾਡਾ ਫੋਬੀਆ ਮੈਂ ਦੂਰ ਕਰਾਂਗਾ। ਸਪੀਕਰ ਸਾਹਿਬ, ਅਕਾਲ ਤਖਤ ਦੇ ਬਾਰੇ ਮੈਂ ਇਨ੍ਹਾਂ ਦੀ ਸਥਿਤੀ ਦਸਦਾ ਹਾਂ........

'ਰਤਨਾ ਬੱਧੇ ਬਾਂਦਰੀ ਜੌਹਰੀ ਨਾ ਹੋਏ।'

ਬਾਂਦਰ ਦੇ ਗਲੇ ਵਿਚ ਰਤਨ ਪਾਉਣ ਨਾਲ ਉਹ ਜੌਹਰੀ ਨਹੀਂ ਬਣ ਜਾਂਦਾ

"ਗਧੇ ਚੰਦਨ ਲਦੀਏ ਵਪਾਰੀ ਨਾ ਹੋਏ"

ਗਧੇ ਤੇ ਚੰਦਨ ਲੱਦਣ ਨਾਲ ਉਹ ਗਧਾ ਚੰਦਨ ਦਾ ਵਪਾਰੀ ਨਹੀਂ ਹੋ ਜਾਂਦਾ (ਵਿਘਨ) ਇਹ ਗੁਸਾ ਨਾ ਕਰਨ। ਇਸ ਤੋਂ ਅੱਗੇ ਵੀ ਬਾਣੀ ਵਿਚ ਲਿਖਿਆ ਹੈ....

"ਕੁੱਤੇ ਕੋਲ ਬਾਸਰੀ, ਕੁੱਤਾ ਸਰਾਫ ਨਾ ਹੋਏ"

ਕੁੱਤੇ ਕੋਲ ਬਾਸਰੀ ਹੋਣ ਨਾਲ ਉਹ ਸਰਾਫ ਨਹੀਂ ਹੋ ਜਾਂਦਾ (ਵਿਘਨ) ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਇਥੇ ਇਹ ਗਲਾਂ ਨਹੀਂ ਕਰਨੀਆਂ ਚਾਹੀਦੀਆਂ। ਇਸ ਹਾਊਸ ਵਿਚ ਮੈਂ ਜਿਹੜੀ ਗੱਲ ਅੱਜ ਤੱਕ ਨਹੀਂ ਸੀ ਕਹੀ ਉਹ ਮੈਨੂੰ ਅੱਜ ਕਹਿਣੀ ਪੈ ਰਹੀ ਹੈ ਕਿ ਇਨ੍ਹਾਂ ਨੇ ਆਪਣੇ ਖਾਨਦਾਨ ਦੇ ਨਾਂ ਤੇ ਲੁੱਟਣ ਦੀ ਕੋਸ਼ਿਸ਼ ਕੀਤੀ। ਮੈਂ ਦਸਦਾ ਹਾਂ ਕਿ ਜਦੋਂ ਲੌਂਗੋਵਾਲ ਸਾਹਿਬ ਪ੍ਰਧਾਨ ਸਨ ਤਾਂ ਉਸ ਵੇਲੇ ਮੈਂ ਉਨ੍ਹਾਂ ਕੋਲ ਗਿਆ ਸੀ ਅਤੇ ਮੈਂ ਇਹ ਕਿਹਾ ਕਿ ਕੈਪਟਨ ਅਮਰਿੰਦਰ

ਸਿੰਘ ਜੀ ਨੂੰ ਵੀ ਐਸ.ਜੀ.ਪੀ.ਸੀ. ਦਾ ਮੈਂਬਰ ਬਣਾ ਲਓ । ਉਹ ਮੈਂ ਇਸ ਕਰਕੇ ਕਿਹਾ ਸੀ ਕਿਉਂਕਿ ਜਿਸ ਵੇਲੇ ਮੈਂ ਜੇਲ੍ਹ ਵਿਚ ਸੀ ਤਾਂ ਇਨ੍ਹਾਂ ਨੇ ਕਰੋੜਾਂ ਰੁਪਿਆ ਸਿੱਖ ਫੋਰਮ ਦੇ ਨਾਂ ਤੇ ਇਕੱਠਾ ਕੀਤਾ ਸੀ । ਇਹ ਪੈਸਾ ਪੰਜਾਬ ਵਿਚੋਂ ਹੀ ਨਹੀਂ, ਬਲਕਿ ਸਾਰੇ ਹਿੰਦੁਸਤਾਨ ਅਤੇ ਵਿਦੇਸ਼ ਵਿਚੋਂ ਵੀ ਇਕੱਠਾ ਕੀਤਾ ਸੀ । ਇਸ ਪੈਸੇ ਦੇ ਨਾਲ ਇਕ ਬੋਰੀ ਚੀਨੀ ਦੀ ਮੈਨੂੰ ਵੀ ਪਹੁੰਚਾਈ ਸੀ, ਇਸ ਕਰਕੇ ਮੈਨੂੰ ਲਿਹਾਜ਼ ਸੀ ਅਤੇ ਮੈਂ ਇਨ੍ਹਾਂ ਦਾ ਨਾਂ ਲੈਕੇ ਲੌਂਗੋਵਾਲ ਸਾਹਿਬ ਕੋਲ ਗਿਆ ਸੀ। ਪਰ ਮੈਂ ਦਸਦਾ ਹਾਂ ਕਿ ਉਸ ਵੇਲੇ ਜੋ ਸ਼ਬਦ ਲੌਂਗੋਵਾਲ ਸਾਹਿਬ ਨੇ ਕਹੇ ਸਨ ਉਹ ਸਨ ਕਿ ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੇ ਖ਼ਾਨਦਾਨ ਤੇ ਧੱਬਾ ਲਾਇਆ, ਉਸ ਨੂੰ ਮੈਂ ਇਸ ਦਾ ਮੈਂਬਰ ਨਹੀਂ ਬਣਾਉਣਾ ਚਾਹੁੰਦਾ । ਮੈਂ ਫਿਰ ਕਿਹਾ ਕਿ ਇਨ੍ਹਾਂ ਨੂੰ ਹੁਣ ਮੈਂਬਰ ਰਖ ਹੀ ਲਓ ਤਾਂ ਫਿਰ ਉਨ੍ਹਾਂ ਨੇ ਕਿਹਾ ਕਿ ਇਸ ਨੂੰ ਮੈਂ ਮੈਂਬਰ ਬਣਾ ਕੇ ਪਟਿਆਲਾ ਸ਼ਹਿਰ ਦੇ ਸ਼ਹੀਦ ਸੇਵਾ ਸਿੰਘ ਦੀ ਰੂਹ ਨੂੰ ਤੜਫਾਉਣਾ ਨਹੀਂ ਚਾਹੁੰਦਾ । (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਨੂੰ ਦਸਦਾ ਹਾਂ ਕਿ ਐਨਾ ਹੁੰਦੇ ਹੋਏ ਵੀ ਇਨ੍ਹਾਂ ਦੇ ਖਾਨਦਾਨ ਨੂੰ ਵੇਖ ਕੇ ਔਰ ਕਿਉਂਕਿ ਜਿਹੜੀ ਚਾਪਲੂਸੀ ਇਨ੍ਹਾਂ ਨੂੰ ਖਾਨਦਾਨ ਔਰ ਵਿਰਾਸਤ ਵਿਚੋਂ ਮਿਲੀ ਹੈ ਉਹ ਇਨ੍ਹਾਂ ਨੇ ਬਰਨਾਲਾ ਸਾਹਿਬ ਦੀ ਕਰਕੇ ਉਨ੍ਹਾਂ ਦੀ ਵਜ਼ਾਰਤ ਵਿਚ ਸ਼ਾਮਲ ਹੋ ਗਏ । ਬਰਨਾਲਾ ਸਾਹਿਬ ਸਾਫ਼ ਦਿਲ ਦੇ ਆਦਮੀ ਹਨ ਇਹ ਆਪਣੀ ਚਾਪਲੂਸੀ ਦੇ ਨਾਲ ਅੱਧੀ ਵਜ਼ਾਰਤ ਦੇ ਮਾਲਕ ਬਣ ਗਏ ਪਰ, ਸਪੀਕਰ ਸਾਹਿਬ, ਜਿਵੇਂ ਬਾਣੀ ਵਿਚ ਲਿਖਿਆ ਹੈ :

'ਸੱਪੈ ਦੁਧ ਪਿਲਾਈਐ, ਵਿਹੁ ਮੁੱਖ ਥੀਂ ਸਿਟੇ'

ਇਨ੍ਹਾਂ ਨੇ ਬਰਨਾਲਾ ਸਾਹਿਬ ਨੂੰ ਹੀ ਡੰਗਣਾ ਸ਼ੁਰੂ ਕਰ ਦਿੱਤਾ । ਅਰੁਨ ਨਹਿਰੂ ਦੇ ਜਮਹੂਰੇ ਹਰਿੰਦਰ ਕਾਹਲੋਂ ਨੂੰ ਨਾਲ ਲਾ ਕੇ ਟੌਹੜਾ ਅਤੇ ਬਰਨਾਲਾ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਕਿਉਂਕਿ ਸਮੇਂ ਸਿਰ ਉਨ੍ਹਾਂ ਨੂੰ ਡੰਗ ਮਾਰਨ ਦਾ ਖਿਆਲ ਸੀ ਔਰ ਇਹ ਕਹਿ ਕੇ ਸਾਰੇ ਫੈਡਰੇਸ਼ਨ ਦੇ ਮੈਂਬਰ ਉਨ੍ਹਾਂ ਦੇ ਨਾਲ ਹਨ, ਕੈਪਟਨ ਅਮਰਿੰਦਰ ਸਿੰਘ ਨੇ ਸਮੇਂ ਤੇ ਆ ਕੇ ਡੰਗ ਮਾਰਿਆ । ਉਹ ਜੋ ਕੁਝ ਹੋਇਆ ਉਸ ਨੂੰ ਮੈਂ ਦੁਹਰਾਉਣਾ ਨਹੀਂ ਚਾਹੁੰਦਾ । ਇਥੇ ਡੰਗ ਮਾਰਿਆ ਗਿਆ ਪਰ ਸਾਡੇ ਕੋਲ ਨਾਗਮਨੀ ਸੀ ਜਿਸ ਕਰਕੇ ਸਾਨੂੰ ਇਨ੍ਹਾਂ ਦੇ ਡੰਗ ਦਾ ਅਸਰ ਨਹੀਂ ਚੜ੍ਹਿਆ ਔਰ ਅਸੀਂ ਬਚ ਨਿਕਲੇ। (ਹਾਸਾ) ਸਪੀਕਰ ਸਾਹਿਬ, ਅਸੀਂ ਅਕਾਲ ਤਖ਼ਤ ਨੂੰ ਸਰਵ ਉੱਚ ਮੰਨਦੇ ਹਾਂ । ਇਸ ਲਈ ਅਸੀਂ 7 ਮੈਂਬਰੀ ਕਮੇਟੀ ਬਣਾਈ ਸੀ ਅਤੇ 7 ਮੈਂਬਰੀ ਕਮੇਟੀ ਨੇ ਸ਼੍ਰੋਮਣੀ ਕਮੇਟੀ ਨੂੰ ਪੁਛਿਆ ਕਿ ਬਿਨ੍ਹਾਂ ਅੰਮ੍ਰਿਤ ਧਾਰੀ ਦਾੜ੍ਹੀ ਮੁਨਾਉਣ ਵਾਲੇ, ਮੂੰਹ ਕਾਲਾ ਕਰਨ ਵਾਲੇ ਅਤੇ ਵੋਟਾਂ ਦਾ ਬਾਈਕਾਟ ਕਰਨ ਵਾਲੇ ਜਿਹੜੇ ਜਮਹੂਰੀਅਤ ਦੇ ਵਿਚ ਵਿਸ਼ਵਾਸ਼ ਨਹੀਂ ਰਖਦੇ ਹਨ, ਕੀ ਉਸ ਪਾਰਟੀ ਦੇ ਮੈਂਬਰ ਬਣਨ ਲਈ ਤੁਸੀਂ ਕਹਿ ਰਹੇ ਹੋ ? ਜਿਨ੍ਹਾਂ ਨੇ ਸੰਤ ਜੀ ਦੇ ਨਾਂ ਤੇ ਵੋਟਾਂ ਲਈਆਂ, ਕੀ ਇਹ ਉਨ੍ਹਾਂ ਨੂੰ ਮਹਾਨ ਸ਼ਹੀਦ ਮੰਨਦੇ ਹਨ ? ਅਸੀਂ ਇਹ ਗੱਲਾਂ ਕਰਨ ਵਾਸਤੇ ਉਥੇ ਗਏ ਸੀ । ਅਸੀਂ ਅਕਾਲ ਤਖ਼ਤ ਨੂੰ ਸਰਵ ਉਚ ਮੰਨਦੇ ਹਾਂ ਅਤੇ ਅਸੀਂ ਅਕਾਲ ਤਖ਼ਤ ਦੇ ਵਿਰੁਧ ਨਹੀਂ ਹਾਂ । ਅਸੀਂ ਤਾਂ ਅੱਤਿਵਾਦ ਅਤੇ ਵੱਖਵਾਦ ਦੇ ਵਿਰੁਧ ਹਾਂ । ਪਹਿਲੇ ਕੇਵਲ ਸ਼੍ਰੋਮਣੀ ਅਕਾਲੀ ਦਲ ਦੀ ਪਾਰਟੀ ਅਤੇ ਪੰਜਾਬ ਸਰਕਾਰ ਹੀ ਅੱਤਵਾਦ ਅਤੇ ਵੱਖਵਾਦ ਦੇ ਵਿਰੁਧ ਲੜਾਈ ਲੜ ਰਹੀ ਸੀ ਪਰ ਸਾਨੂੰ ਖੁਸ਼ੀ ਹੈ ਕਿ ਇਸ ਲੜਾਈ ਵਿਚ ਹਿੰਦੁਸਤਾਨ ਦੀਆਂ ਸਾਰੀਆਂ ਪੁਲੀਟੀਕਲ ਪਾਰਟੀਆਂ ਵੀ ਸ਼ਾਮਲ ਹੋ ਗਈਆਂ ਹਨ ਔਰ ਅੱਤਵਾਦ ਅਤੇ ਵੱਖਵਾਦ ਦੇ ਵਿਰੁੱਧ ਖੜੀਆਂ ਹੋ ਗਈਆਂ ਹਨ। ਸਾਡੇ ਮਹਾਨ ਗੁਰੂ ਨਾਨਕ ਦੇਵ ਜੀ ਨੇ ਵੀ ਕਦੇ ਅੱਤਿਵਾਦ ਅਤੇ ਵੱਖਵਾਦ ਦਾ ਸਾਥ ਨਹੀਂ ਦਿੱਤਾ ਅਤੇ ਉਨ੍ਹਾਂ ਨੂੰ ਵੀ ਲੜਾਈ ਲੜਨੀ ਪਈ ਸੀ । ਉਨ੍ਹਾਂ ਨੇ ਬਾਬਰ ਦੇ ਜ਼ੁਲਮ ਦੇ ਵਿਰੁਧ ਆਵਾਜ਼ ਉਠਾਈ ਸੀ ਅਤੇ ਉਸ ਨੂੰ ਲਲਕਾਰਿਆ ਸੀ। ਉਨ੍ਹਾਂ ਨੇ ਕਿਹਾ ਸੀ ਕਿ :

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ।"

[ਸਹਿਕਾਰਤਾ ਮੰਤਰੀ]

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਜ਼ੁਲਮ ਦੇ ਖਿਲਾਫ ਲੜਾਈ ਲੜੀ ਅਤੇ ਉਨ੍ਹਾਂ ਨੂੰ ਵੀ ਤੱਤੀਆਂ ਤਵੀਆਂ ਉਤੇ ਬਿਠਾਇਆ ਗਿਆ ਅਤੇ ਉਨ੍ਹਾਂ ਨੇ ਕਿਹਾ ਸੀ ਕਿ "ਤੇਰਾ ਭਾਣਾ ਮੀਠਾ ਲਾਗੇ।" ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਨੇ ਜ਼ੁਲਮ ਦੇ ਖਿਲਾਫ ਲੜਾਈ ਕੀਤੀ ਅਤੇ ਉਨ੍ਹਾਂ ਨੇ ਆਪਣੇ ਧਰਮ ਦੀ ਖਾਤਿਰ ਨਹੀਂ ਬਲਕਿ ਕਿਸੇ ਦੇ ਧਰਮ ਲਈ, ਕਿਸੇ ਜਾਤ ਵਾਸਤੇ ਆਨੰਦਪੁਰ ਸਾਹਿਬ ਤੋਂ ਚਲ ਕੇ ਦਿੱਲੀ ਚਾਂਦਨੀ ਚੌਕ ਵਿਚ ਸ਼ਹੀਦੀ ਦਿੱਤੀ ਅਤੇ ਉਨ੍ਹਾਂ ਨੇ ਕਿਹਾ ਸੀ :—

"ਭਉ ਕਾਹ ਕੋ ਦੇਤ ਨਹਿ ਨਹਿ ਭੈ ਮਾਨਤ ਆਨਿ "

ਇਸੇ ਤਰ੍ਹਾਂ ਸਾਨੂੰ ਸਿੱਖੀ ਸਿਧਾਂਤ ਤੇ ਪੱਕੇ ਰਹਿਣਾ ਚਾਹੀਦਾ ਹੈ ਅਤੇ ਸਾਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਪਰ ਕਲ ਇਥੇ ਢੀਂਢਸਾ ਸਾਹਿਬ ਨੇ ਸਰਦਾਰ ਅਮਰਜੀਤ ਸਿੰਘ ਨੂੰ ਸ਼ਰਧਾਂਜਲੀ ਦਿੰਦੇ ਵਕਤ ਅੱਤਿਵਾਦ ਨੂੰ ਕੰਡੈਮ ਨਹੀਂ ਕੀਤਾ ਅਤੇ ਕੈਪਟਨ ਸਾਹਿਬ ਹਾਊਸ ਵਿਚ ਨਹੀਂ ਆਏ ਔਰ ਨਾ ਹੀ ਉਨ੍ਹਾਂ ਦੀ ਪਾਰਟੀ ਨੇ ਕਾਤਲਾਂ ਦੇ ਵਿਰੁਧ ਇਕ ਸ਼ਬਦ ਦਾ ਇਸਤੇਮਾਲ ਕੀਤਾ। (ਸ਼ੇਮ, ਸ਼ੇਮ)

*11.11 A.M. (ਇਸ ਸਮੇਂ *ਸ਼੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਜਿਹੜੇ ਲੋਕ ਮਹਾਨ ਗੁਰੂਆਂ ਦੇ ਪੈਰੋਕਾਰ ਹਨ ਉਹ ਅੱਤਵਾਦ ਅਤੇ ਵੱਖਵਾਦ ਦਾ ਸਾਥ ਨਹੀਂ ਦੇ ਸਕਦੇ ਹਨ ਕਿਉਂਕਿ ਗੁਰੂ ਸਾਹਿਬਾਨ ਨੇ ਖੁਦ ਅੱਤਵਾਦ ਅਤੇ ਵੱਖਵਾਦ ਦੇ ਵਿਰੁਧ ਲੜਾਈ ਕੀਤੀ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਭਾਰਤ ਵਿਚ ਖਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਸਾਰੇ ਭਾਰਤ ਵਿਚੋਂ 5 ਪਿਆਰੇ ਬਣਾਏ ਅਤੇ ਵੱਖ ਵੱਖ ਜਾਤਾ ਦੇ ਲਏ ਅਤੇ ਉਨ੍ਹਾਂ ਨੇ ਕਿਹਾ ਸੀ ਕਿ "ਮਾਨਸਿ ਕੀ ਜਾਤਿ ਸਭੈ ਏਕੈ ਪਹਿਚਾਨਬੋ।" ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਇਕ ਤਰਫ ਅੱਤਵਾਦ ਅਤੇ ਵੱਖਵਾਦ ਦੇ ਵਿਰੁਧ ਲੜ ਰਹੀ ਹੈ ਅਤੇ ਦੂਸਰੇ ਪਾਸੇ ਪੰਜਾਬ ਵਿਚ ਲੋਕਾਂ ਦੀ ਸੇਵਾ ਕਰ ਰਹੀ ਹੈ ਅਤੇ ਪੰਜਾਬ ਨੂੰ ਤਰੱਕੀ ਦੇ ਰਸਤੇ ਤੇ ਲਿਜਾ ਰਹੀ ਹੈ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਪੂਰਾ ਕਰ ਰਹੀ ਹੈ। ਅਤੇ ਪੰਜਾਬ ਵਿਚ ਖੁਸ਼ਹਾਲੀ ਲਿਆਉਣ ਲਈ ਅਤੇ ਪੰਜਾਬ ਵਿਚ ਵਾਤਾਵਰਨ ਠੀਕ ਕਰਨ ਲਈ ਯਤਨ ਕਰ ਰਹੀ ਹੈ ਅਤੇ ਪੰਜਾਬ ਵਿਚ ਸਾਂਝੀਵਾਲਤਾ ਨੂੰ ਅਤੇ ਮਹਾਨ ਗੁਰੂਆਂ ਦੇ ਆਦਰਸ਼ਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ "ਅਵੱਲ ਅੱਲਾ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ, ਏਕਿ ਨੂਰ ਸੇ ਸਭ ਜਗ ਉਪਜਾਇਆ ਕੌਣ ਭਲੇ ਕੌਣ ਮੰਦੇ" ਦਾ ਸੰਦੇਸ਼ ਦੇ ਰਹੀ ਹੈ। ਅਗਰ ਕੈਪਟਨ ਸਾਹਿਬ ਚਾਹੁੰਦੇ ਹਨ ਕਿ ਪੰਜਾਬ ਵਿਚ ਵਾਤਾਵਰਨ ਠੀਕ ਹੋਵੇ ਅਤੇ ਸ਼ਾਂਤੀ ਹੋਵੇ ਤਾਂ ਇਹ ਵਾਪਸ ਆਪਣੀ ਪਾਰਟੀ ਵਿਚ ਆ ਜਾਣ ਅਤੇ ਸਾਡੇ ਨਾਲ ਮਿਲ ਕੇ ਅੱਤਵਾਦ ਅਤੇ ਵੱਖਵਾਦ ਦਾ ਮੁਕਾਬਲਾ ਕਰਨ ਔਰ ਜਿਹੜੀ ਪਾਰਟੀ ਦੀ ਟਿਕਟ ਤੇ ਚੁਣੇ ਗਏ ਸਨ ਅਤੇ ਵੋਟਾਂ ਸੰਤ ਜੀ ਦੇ ਨਾਂ ਤੇ ਲਈਆਂ ਸਨ ਉਸੇ ਪਾਰਟੀ ਵਿਚ ਵਾਪਸ ਆ ਜਾਣ ਔਰ ਅਸੀਂ ਸਾਰੇ ਇਕੱਠੇ ਹੋ ਕੇ ਪੰਜਾਬ ਦੀ ਤਰੱਕੀ ਕਰੀਏ ਅਤੇ ਖੁਸ਼ਹਾਲੀ ਪੰਜਾਬ ਵਿਚ ਲਿਆ ਸਕੀਏ ਅਤੇ ਵਾਤਾਵਰਨ ਠੀਕ ਬਣਾ ਸਕੀਏ। ਇਨ੍ਹਾਂ ਸ਼ਬਦਾਂ ਦੇ ਨਾਲ, ਮੈਂ, ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਮੱਤੇ ਦੀ ਪ੍ਰੋੜਤਾ ਕਰਦਾ ਹਾਂ ਅਤੇ ਤੁਹਾਡਾ ਧੰਨਵਾਦ ਕਰਦਾ ਹਾਂ।

ਗਿਆਨੀ ਅਰਜਨ ਸਿੰਘ ਲਿੱਟ : ਪੁਆਇੰਟ ਆਫ ਆਰਡਰ, ਸਰ। ਸੰਤ ਹਰਚੰਦ ਸਿੰਘ ਕਾਂਗਰਸ ਨੂੰ ਦੁਸ਼ਟ ਜਮਾਤ ਮੰਨਦੇ ਸਨ। ਇਨ੍ਹਾਂ ਨੇ ਉਸ ਨਾਲ ਮਿਤਰਤਾ ਗੰਢੀ ਹੈ। ਕੀ ਉਨ੍ਹਾਂ ਦੀ ਰੂਹ ਇਨ੍ਹਾਂ ਨੂੰ ਫਿਟ ਲਾਹਨਤ ਨਹੀਂ ਪਾਉਂਦੀ ਹੋਵੇਗੀ ? ਡਿਪਟੀ ਸਪੀਕਰ ਸਾਹਿਬ, ਅਸੀਂ ਕਾਂਗਰਸ ਨੂੰ ਪਹਿਲਾਂ ਦੁਸ਼ਮਣ ਸਮਝਦੇ ਸੀ। ਇਹ ਕਾਫੀ ਦੂਰ ਬੈਠੇ ਹਨ। (ਵਿਘਨ) (ਹਾਸਾ)

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਡਿਪਟੀ ਸਪੀਕਰ ਸਾਹਿਬ, ਚੰਦੂਮਾਜਰਾ ਜੀ ਨੇ ਹੁਣੇ ਹੀ ਆਪਣੀ ਸਪੀਚ ਵਿਚ ਬਾਣੀ ਕੋਟ ਕੀਤੀ ਹੈ ਪਰ ਮੇਰੀ ਰਿਕੁਐਸਟ ਹੈ ਕਿ ਉਨ੍ਹਾਂ ਨੂੰ ਬਾਣੀ ਕੋਟ ਕਰਨ ਵੇਲੇ ਬਿਲਕੁਲ ਸ਼ੁੱਧ ਲਫਜ਼ ਵਰਤਣੇ ਚਾਹੀਦੇ ਹਨ। ਪਹਿਲਾਂ ਚੰਦੂਮਾਜਰਾ ਜੀ ਨੇ ਕਿਹਾ ਸੀ ਕਿ "ਤੇਰਾ ਭਾਣਾ ਮਿੱਠਾ ਲਾਗੇ" (ਥੰਪਿੰਗ) ਇਹ ਗਲਤ ਕਿਹਾ ਹੈ, ਮਿੱਠਾ ਲਫਜ਼ ਦੀ ਥਾਂ ਮੀਠਾ ਕਹਿਣਾ ਚਾਹੀਦਾ ਹੈ । ਦੂਜਾ "ਸੱਪੇ ਦੁੱਧ ਪਿਲਾਈਏ ਵਿਹੁ ਮੁੱਖ ਥੀਂ ਸਿਟੇ ।"

ਸਹਿਕਾਰਤਾ ਮੰਤਰੀ : ਡਿਪਟੀ ਸਪੀਕਰ ਸਾਹਿਬ, ਬੀਬੀ ਜੀ ਨੂੰ ਗਲਤੀ ਲੱਗ ਗਈ ਹੈ ਔਰ ਮੈਂ ਤਾਂ ਇਹੀ ਕਿਹਾ ਸੀ ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਬਾਣੀ, ਡਿਪਟੀ ਸਪੀਕਰ ਸਾਹਿਬ, ਬਿਲਕੁਲ ਕਲੀਅਰ ਹੋਣੀ ਚਾਹੀਦੀ ਹੈ । (ਵਿਘਨ)

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਡਿਪਟੀ ਸਪੀਕਰ ਸਾਹਿਬ, ਕੀ ਇਹ ਸਿੱਖੀ ਹੈ ਕਿ ਵਾਲ ਰੰਗਣੇ, ਕੇਸ ਰੰਗਣੇ ਅਤੇ ਦਾੜ੍ਹੀਆਂ ਰੰਗਣੀਆਂ ? (ਹਾਸਾ)

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਡਿਪਟੀ ਸਪੀਕਰ ਸਾਹਿਬ, ਸ੍ਰੀ ਚੰਦੂਮਾਜਰਾ ਜੀ ਦੀ ਸਪੀਚ ਸੁਨਣ ਤੋਂ ਬਾਅਦ ਮੈਂ ਵੀ ਕੁਝ ਕਰਾਰੀਆਂ ਗੱਲਾਂ ਕਹਿ ਸਕਾਂਗਾ । ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਇਨ੍ਹਾਂ ਨੇ ਕਿਤਨੀਆਂ ਹੀ ਸਚੀਆਂ ਗੱਲਾਂ ਕਹੀਆਂ ਹਨ। (ਵਿਘਨ) (ਹਾਸਾ) ਅਸੀਂ ਇਥੇ ਹਾਊਸ ਵਿਚ ਬੈਠੇ ਹਾਂ ਔਰ ਸਾਡਾ ਇਕ ਸਾਥੀ ਸਰਦਾਰ ਅਮਰਜੀਤ ਸਿੰਘ, ਐਮ.ਐਲ.ਏ. ਕਤਲ ਕਰ ਦਿਤਾ ਗਿਆ । ਅਸੀਂ ਸਾਰਿਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਵਿਚ ਹਿਸਾ ਪਾਇਆ ਹੈ । ਸਾਰਿਆਂ ਨੇ ਹੀ ਇਸ ਐਕਸ਼ਨ ਨੂੰ ਕੰਡੈਮ ਕੀਤਾ ਹੈ । ਮੈਂ ਇਸ ਰੈਜ਼ੋਲਿਊਸ਼ਨ ਤੇ ਜਿਹੜਾ ਗਵਰਨਰ ਸਾਹਿਬ ਦੇ ਐਡਰੈਸ ਤੇ ਪੇਸ਼ ਹੋਇਆ ਹੈ, ਤਾਈਦ ਕਰਨ ਲਈ ਹੀ ਖੜ੍ਹਾ ਹੋਇਆ ਹਾਂ । ਅੱਜ ਡਿਪਟੀ ਸਪੀਕਰ ਸਾਹਿਬ, ਸਭ ਦੇ ਚੇਹਰਿਆਂ ਤੇ ਉਦਾਸੀ ਹੈ ਵੈਸੇ ਅਸੀਂ ਇਕ ਦੂਜੇ ਨੂੰ ਛੇੜ ਕਿ ਹੱਸ ਲੈਂਦੇ ਹਾਂ। ਅੱਜ ਹਰ ਇਕ ਦਾ ਦਿਲ ਉਦਾਸ ਬੈਠਾ ਹੈ ਕਿ ਕਿਤੇ ਮੇਰੀ ਵਾਰੀ ਹੀ ਨਾ ਆ ਜਾਏ । ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਨਾ ਕਹਿੰਦਾ ਹੋਇਆ ਇਕ ਸ਼ੇਅਰ ਹਾਊਸ ਦੇ ਸਾਹਮਣੇ ਰਖਦਾ ਹਾਂ :—

"ਹਮ ਤੁਮਹਾਰੇ ਥੇ, ਤੁਮ ਹਮਾਰੇ ਥੇ,
ਵੋਹ ਜ਼ਮਾਨਾ ਭੀ ਕਿਆ ਜ਼ਮਾਨਾ ਥਾ,"
ਔਰ ਜ਼ਿੰਦਗੀ ਕੇ ਉਦਾਸ ਲਮਹੇਂ ਮੇਂ ਬੇਵਫ਼ਾ ਦੋਸਤ ਯਾਦ ਆਤੇ ਹੈਂ।"

ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਚਿੰਤਾ ਦੀ ਗੱਲ ਕੀਤੀ ਗਈ ਹੈ। ਪੰਜਾਬ ਵਿਚ ਅੱਜ ਚਿੰਤਾ ਹੈ। ਇਹ ਜਿਹੜੀ ਨਜ਼ਰ ਪੰਜਾਬ ਨੂੰ ਲਗ ਗਈ ਹੈ । ਗਵਰਨਰ ਸਾਹਿਬ ਦੇ ਐਡਰੈਸ ਦੇ ਪੈਰਾ ਤਿੰਨ ਵਿਚ ਲਿਖਿਆ ਹੈ :—

> 'India today is faced with an attack, particularly in our dear Punjab, from certain forces, who want to destroy the established pattern of our political institutions and thinking and dilute totally our firm commitment to secularism through sanctions in the name of religion, in order to achieve their political or anti-national ends. My Government will not allow any such thing to happen and it will resist these forces stubbornly and with determination.'

ਡਿਪਟੀ ਸਪੀਕਰ ਸਾਹਿਬ, ਇਹ ਬੜੀ ਹੀ ਚੰਗੀ ਗੱਲ ਹੈ । ਇਸ ਤੇ ਅਮਲ ਹੁੰਦਾ ਹੈ ਜਾਂ ਨਹੀਂ ਹੁੰਦਾ । ਅੱਜ ਅਸੀਂ ਦੋ ਇਸ਼ੂ ਲੈ ਕੇ ਬੈਠੇ ਹਾਂ—ਇਕ ਅਤੱਵਾਦ ਦਾ ਅਤੇ ਦੂਸਰਾ ਵੱਖਵਾਦ ਦਾ।

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਇਸ ਵਿੱਚ ਸੈਕੁਲੇਰਿਜ਼ਮ ਦਾ ਜ਼ਿਕਰ ਆਇਆ ਹੈ, ਧਰਮ ਦੀ ਵੀ ਗੱਲ ਆਈ ਹੈ। ਇਸ ਦੀ ਆੜ ਲੈ ਕੇ ਸਾਰੀ ਚੀਜ਼ ਹੋ ਰਹੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਸ ਵੇਲੇ ਹਿੰਦੁਸਤਾਨ ਵਿੱਚ ਜਿਹੜੀ ਡੈਮੋਕਰੇਸੀ ਕੰਮ ਕਰ ਰਹੀ ਹੈ, ਅਸੀਂ ਜਿਹੜੇ ਡੈਮੋਕਰੇਟਿਕ ਤਰੀਕੇ ਨਾਲ ਇਥੇ ਚੁਣ ਕੇ ਆਉਂਦੇ ਹਾਂ, ਉਸਦੇ ਵਿੱਚ ਇਹ ਸਭ ਕੁਝ ਨਹੀਂ ਹੈ। ਸਿਆਸਤ ਧਰਮ ਇਕੱਠੇ ਰਹਿਣ, ਮੈਨੂੰ ਕੋਈ ਇਤਰਾਜ ਨਹੀਂ, ਪਰ ਜਿਹੜਾ ਕਾਂਸਟੀਚਿਊਸ਼ਨ ਹੈ, ਉਸਦੇ ਵਿੱਚ ਜਦੋਂ ਤੁਸੀਂ ਇਲੈਕਸ਼ਨ ਲੜਨਾ ਹੈ, ਤੁਸੀਂ ਧਰਮ ਦੀ ਗੱਲ ਨਹੀਂ ਕਰ ਸਕਦੇ। ਮੈਂ ਤੁਹਾਡੇ ਸਾਹਮਣੇ ਰੀਪਰੈਜ਼ੈਂਟੇਸ਼ਨ ਆਫ ਪੀਪਲਜ਼ ਐਕਟ ਦੀਆਂ 1-2 ਕਲਾਜ਼ਾਂ ਪੜ੍ਹ ਕੇ ਦੱਸਣਾ ਚਾਹੁੰਦਾ ਹਾਂ ਜਿਹੜੀਆਂ ਸਾਰੀ ਗੱਲ ਕਲੀਅਰ ਕਰਦੀਆਂ ਹਨ। ਇਹ ਸੈਕਸ਼ਨ—123 ਹੈ ਅਤੇ ਪੈਰਾ—3 ਹੈ, ਜੋ ਕਿ ਇਸ ਪ੍ਰਕਾਰ ਹੈ :—

> "(3) The appeal by a candidate or his agent or by any other person with the consent of a candidate or his election agent to vote or refrain from voting for any person on the ground of his religion, race, caste, community or language or the use of, or appeal to religious symbols or the use of, or appeal to, National symbols, such as the national flag or the national emblem, for the furtherance of the prospects of the election of that candidate or for prejudicially affecting the election of any candidate ."

ਇਸਦੇ ਵਿੱਚ 3-ਏ ਵੀ ਹੈ, ਉਸ ਵਿੱਚ ਵੀ ਸਾਰੀ ਚੀਜ਼ ਏਸੇ ਤਰ੍ਹਾਂ ਇਸ ਤੇ ਦਿੱਤੀ ਹੋਈ ਹੈ ਅਤੇ ਸੈਕਸ਼ਨ-125 ਦੇ ਤਹਿਤ ਇਸ ਵਿੱਚ 2 ਸਾਲ ਦੀ ਸਜ਼ਾ ਹੈ ਜਿਹੜਾ ਇਹ ਕੰਮ ਕਰੇ। ਮੈਂ ਦੱਸਦਾ ਹਾਂ ਕਿ ਜਿਹੜੇ ਕਹਿੰਦੇ ਹਨ ਕਿ ਧਰਮ ਅਤੇ ਸਿਆਸਤ ਇਕੱਠੇ ਰਹਿ ਸਕਦੇ ਹਨ ਤਾਂ ਹਿੰਦੁਸਤਾਨ ਵਿੱਚ ਤਾਂ 900 ਧਰਮ ਹਨ। ਕੀ ਦੇਸ਼ ਨੂੰ 900 ਰਿਆਸਤਾਂ ਵਿੱਚ ਅਸੀਂ ਵੰਡ ਦੇਵਾਂਗੇ ? ਅਸੀਂ ਇਲੈਕਸ਼ਨ ਇਕ ਦਿਨ ਵੀ ਨਹੀਂ ਲੜ ਸਕਦੇ ਧਰਮ ਦਾ ਨਾਂ ਲੈ ਕੇ। ਬਾਕੀ ਹੁਣ ਤਾਂ ਇਹ ਸਾਰੀ ਸਿਆਸਤ ਅਤੇ ਤਾਕਤ ਲੈਣ ਦੀ ਚਾਲ ਬਣ ਗਈ ਹੈ। ਜੇ ਤੁਸੀਂ ਧਰਮ ਨੂੰ ਵਿੱਚ ਲਿਆਓਗੇ ਤਾਂ ਡਿਸਕੁਆਲੀਫਾਈ ਹੋ ਜਾਓਗੇ ਅਤੇ 5-6 ਸਾਲ ਲਈ ਇਧਰ ਨਹੀਂ ਆ ਸਕਣਾ। ਸੋ, ਧਰਮ ਨਹੀਂ ਆਉਂਦਾ ਸਿਆਸਤ ਵਿੱਚ। ਧਰਮ ਤਾਂ ਮੋਕਸ਼ ਦਿਵਾਉਣ ਵਾਸਤੇ, ਸਿੱਧੇ ਰਸਤੇ ਤੇ ਲਿਆਉਣ ਵਾਸਤੇ ਅਤੇ ਪੂਜਾ ਕਰਨ ਵਾਸਤੇ ਹੁੰਦਾ ਹੈ, ਇਸ ਵਾਸਤੇ ਨਹੀਂ ਹੁੰਦਾ ਕਿ ਸਿਆਸਤ ਵਿੱਚ ਆਵੇ। ਜਿਸ ਤਰ੍ਹਾਂ ਹੁਣ ਇਨ੍ਹਾਂ ਨੇ ਸੀ.ਐਮ. ਸਾਹਿਬ ਨੂੰ ਐਕਸ-ਕਮਿਊਨੀਕੇਟ ਕਰ ਦਿੱਤਾ, ਇਹ ਵੀ ਇਲਲੀਗਲ ਕਾਰਵਾਈ ਹੈ, ਇਹ ਨਹੀਂ ਹੋ ਸਕਦਾ। ਤੁਸੀਂ ਤਾਂ ਧਰਮ ਦੀ ਆੜ ਲੈ ਕੇ ਹਰ ਕਿਸੇ ਨੂੰ ਕੱਢਣਾ ਸ਼ੁਰੂ ਕਰ ਦਿਓਗੇ। ਕੱਲ ਨੂੰ ਕਹਿ ਦਿਓਗੇ ਕਿ ਸਿੱਖ ਧਰਮ ਅਲਾਓ ਨਹੀਂ ਕਰਦਾ ਇਸ ਲਈ ਮੋਨਿਓ, ਤੁਸੀਂ ਨਿਕਲ ਜਾਓ। ਕੀ ਅਸੀਂ ਨਿਕਲ ਜਾਵਾਂਗੇ ? ਮੈਂ ਜਿਹੜੀ ਬੇਨਤੀ ਕੀਤੀ ਹੈ ਕਿ ਇਸ ਦੇ ਵਿੱਚ ਜਿਹੜੀ ਧਰਮ ਵਾਲੀ ਗੱਲ ਹੈ, ਉਹ ਸਿਆਸਤ ਵਿੱਚ ਨਹੀਂ ਆਉਣੀ ਚਾਹੀਦੀ। ਕਮਿਊਨਿਸਟਸ ਨੂੰ ਦੇਖ ਲਓ। ਉਹ ਰੱਬ ਨੂੰ ਮੰਨਦੇ ਹੀ ਨਹੀਂ। ਉਨ੍ਹਾਂ ਨੂੰ ਹਿੰਦੁਸਤਾਨ ਵਿਚੋਂ ਨਿਕਲਣ ਵਾਸਤੇ ਕਹਿ ਸਕਦੇ ਹੋ ? ਉਨ੍ਹਾਂ ਦੀ ਹਿੰਦੁਸਤਾਨ ਦੇ ਅੰਦਰ ਕੀ ਪੋਜ਼ੀਸ਼ਨ ਹੋਵੇਗੀ ? ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਟਾਈਮ ਦੀ ਐਕਸਟੈਨਸ਼ਨ ਕਰ ਦਿਓ ਤਾਂਕਿ ਅਸੀਂ ਇਸ ਤੇ ਹੀ ਡਿਸਕਸ ਕਰ ਲਈਏ ਕਿ ਕੀ ਧਰਮ ਸਿਆਸਤ ਨਾਲ ਲਗ ਸਕਦਾ ਹੈ ਜਾਂ ਨਹੀਂ। ਇਨ੍ਹਾਂ ਨੇ ਤੁਹਾਡੀਆਂ ਗੱਲਾਂ ਤੇ ਇਕ ਬਹੁਤ ਦਿਲੇਰਾਨਾ ਕਦਮ ਲਿਆ ਹੈ, ਉਨ੍ਹਾਂ ਨੂੰ ਕਿਹਾ ਹੈ ਕਿ ਜਿਹੜੀ ਗਲਤ ਆਵਾਜ਼ ਆਵੇਗੀ, ਉਹ ਅਸੀਂ ਨਹੀਂ ਮੰਨਣੀ। ਇਨ੍ਹਾਂ ਦੇ ਨਾਲ ਅੱਜ ਸਾਰਾ ਹਿੰਦੁਸਤਾਨ ਹੈ, ਅਸੀਂ ਹਾਂ ਅਤੇ ਰਾਜੀਵ ਗਾਂਧੀ ਵੀ ਇਨ੍ਹਾਂ ਦੇ ਨਾਲ ਹੈ। ਅਸੀਂ ਦਲੇਰੀ ਨਾਲ ਇਨ੍ਹਾਂ ਦਾ ਸਾਥ ਦੇਵਾਂਗੇ।

'ਇੰਡੀਆ ਟੁਡੇ' ਇਕ ਬੜਾ ਵੱਡਾ ਮੈਗਜ਼ੀਨ ਹੈ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਜਾਣਦੇ ਹੋ। ਇਹ ਹਿੰਦੁਸਤਾਨ ਵਿਚੋਂ ਸਾਰਿਆਂ ਮੈਗਜ਼ੀਨਾਂ ਨਾਲੋਂ ਵੱਧ ਸਰਕੁਲੇਟ ਹੁੰਦਾ ਹੈ। ਉਨ੍ਹਾਂ ਨੇ 22 ਸਫ਼ੇ ਤੇ ਇਹ ਲਿਖਿਆ ਹੈ "ਐਡਵਾਂਟੇਜ ਬਰਨਾਲਾ" ਇਹ ਸੁਰਖੀ ਹੈ ਅਤੇ ਤਸਵੀਰਾਂ ਵੀ ਹਨ। ਮੈਂ ਉਸ ਦੀਆਂ 2-3 ਲਾਈਨਾਂ ਪੜ੍ਹਦਾ ਹਾਂ, ਜ਼ਿਆਦਾ ਨਹੀਂ।

The Heading is : "Advantage Barnala". In it, it is written:—

> "The Sikh loves a fighter. And last fortnight they found one in the unlikely personage of Surjit Singh Barnala."

ਇਹ ਉਥੇ ਲਿਖਿਆ ਹੈ। ਅਸੀਂ ਇਹ ਕਹਿ ਰਹੇ ਹਾਂ ਕਿ ਬਰਨਾਲਾ ਜੀ ਨੂੰ ਤਕੜੇ ਰਖਣਾ ਹੈ। ਐਨੀ ਸਪੋਰਟ ਹਿੰਦੁਸਤਾਨ ਵਿਚ ਕਿਸੇ ਨੂੰ ਨਹੀਂ ਮਿਲੀ ਜਿੰਨੀ ਮੈਂ ਸਮਝਦਾ ਹਾਂ ਕਿ ਬਰਨਾਲਾ ਜੀ ਨੂੰ ਮਿਲੀ ਹੈ। ਇਨ੍ਹਾਂ ਨੂੰ ਤਕੜੇ ਹੋ ਕੇ ਅੱਤਵਾਦੀਆਂ ਦਾ ਅਤੇ ਵੱਖਵਾਦੀਆਂ ਦਾ ਟਾਕਰਾ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਤੇ ਕਾਬੂ ਪਾਉਣਾ ਚਾਹੀਦਾ ਹੈ। (ਵਿਘਨ) ਬਰਨਾਲਾ ਜੀ ਨੇ ਪਿਛੇ ਜਿਹੇ ਲੌਂਗੋਵਾਲ ਕਨਵੈਨਸ਼ਨ ਕੀਤੀ, ਉਥੇ ਆਲ ਪਾਰਟੀਜ਼ ਕਨਵੈਨਸ਼ਨ ਹੋਈ। ਉਥੇ ਲੋਕਾਂ ਨੇ ਇਨ੍ਹਾਂ ਨੂੰ ਨੈਸ਼ਨਲ ਹੀਰੋ ਬਣਾ ਦਿੱਤਾ ਹੈ (ਵਿਘਨ) (ਇਕ ਆਵਾਜ਼ : ਉਥੇ ਭਈਏ ਸਨ।)

ਡਿਪਟੀ ਸਪੀਕਰ ਸਾਹਿਬ, ਮੈਨੂੰ ਟਾਈਮ ਦੇ ਦਿਓ ਮੈਂ ਭਈਆਂ ਦੀ ਗਲ ਕਰਨ ਲਗਾ ਹਾਂ। ਭਈਏ ਸਾਰੇ ਰਾਜਪੂਤ ਹਨ। ਆਪਾਂ ਵੀ ਰਾਜਪੂਤ ਹਾਂ। ਜਦੋਂ ਰਾਜਿਸਥਾਨ ਤੇ ਮੁਗਲਾਂ ਨੇ ਹਮਲਾ ਕੀਤਾ ਮੈਦਾਨੀ ਰਸਤੇ ਰਾਹੀਂ ਤਾਂ ਜਿੰਨੇ ਰਾਜਪੂਤ ਜੰਗਲਾਂ ਵਿਚ ਲੁੱਕ ਗਏ ਸਨ ਇਹ ਉਨ੍ਹਾਂ ਦੀ ਔਲਾਦ ਹੈ (ਵਿਘਨ) ਮੇਰੀ ਬੇਨਤੀ ਇਹ ਹੈ ਕਿ ਲੁਧਿਆਣਾ ਵਿਚ ਆਲ ਪਾਰਟੀਜ਼ ਕਨਵੈਨਸ਼ਨ ਹੋਈ। ਇਨ੍ਹਾਂ ਨੇ ਉਥੇ ਦੀ ਹਾਜ਼ਰੀ ਬਾਰੇ ਕਿਹਾ ਹੈ। ਇਹ ਉਥੇ ਗਏ ਹੋਣ ਤਾਂ ਇਨ੍ਹਾਂ ਨੂੰ ਪਤਾ ਹੋਵੇ। ਇਹ ਤਾਂ ਮਹਿਲਾਂ ਵਿਚੋਂ ਨਹੀਂ ਨਿਕਲਦੇ। ਮੇਰੇ ਵੀ ਇਹ ਲੀਡਰ ਰਹੇ ਹਨ। ਇਨ੍ਹਾਂ ਨੂੰ ਮਿਲਣ ਲਈ ਅੱਧਾ ਅੱਧਾ ਘੰਟਾ ਬੈਠਣਾ ਪੈਂਦਾ ਸੀ। ਇਨ੍ਹਾਂ ਨੂੰ ਕੀ ਪਤਾ ਹੈ ਕਿ ਉਥੇ ਕਿੰਨੇ ਲੋਕ ਸਨ। ਜਿੰਨੇ ਲੋਕਾਂ ਦੀ ਹਾਜ਼ਰੀ ਅੰਦਰ ਸੀ ਓਨੇ ਬਾਹਰ ਲੋਕ ਬੈਠੇ ਸਨ। ਲੁਧਿਆਣੇ ਵਿਚ ਸਾਡੇ ਕੋਲ ਭਈਏ ਨਹੀਂ ਹਨ। ਇਹ ਸਾਰੀ ਹਾਜ਼ਰੀ ਪਿੰਡਾਂ ਦੇ ਸਿੱਖਾਂ ਦੀ ਸੀ। ਉਥੇ 90 ਪ੍ਰਤੀਸ਼ਤ ਸਿੱਖ ਸਨ ਜਿਨ੍ਹਾਂ ਨੇ ਨੀਲੀਆਂ ਪਗੜੀਆਂ ਬੰਨ੍ਹੀਆਂ ਹੋਈਆਂ ਸਨ (ਵਿਘਨ) ਡਿਪਟੀ ਸਪੀਕਰ ਸਾਹਿਬ, ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਦੋਂ ਹਿੰਦੂ ਧਰਮ ਵਿਚ ਬੁਰਾਈਆਂ ਦੇਖੀਆਂ ਪੰਡਤ ਔਰ ਮਹੰਤ ਸਮਾਜ ਨੂੰ ਖਰਾਬ ਕਰ ਰਹੇ ਸਨ ਤਾਂ ਉਨ੍ਹਾਂ ਨੇ ਕਿਹਾ ਕਿ ਹਿੰਦੂ ਧਰਮ ਨੂੰ ਅਸੀਂ ਬਚਾਉਣਾ ਹੈ। ਉਨ੍ਹਾਂ ਨੇ ਇਹ ਨਹੀਂ ਕਿਹਾ ਸੀ ਜਿਹੜੀ ਕਿ ਹੁਣ ਮੀਰੀ ਪੀਰੀ ਦੀ ਗਲ ਆ ਜਾਂਦੀ ਹੈ ਕਿ ਇਹ ਤੁਸੀਂ ਹਿੰਦੂਆਂ ਤੇ ਵਰਤਣੀ ਹੈ। ਉਨ੍ਹਾਂ ਨੇ ਕਿਹਾ ਸੀ ਕਿ ਉਹ ਜ਼ਾਲਮ ਤੇ ਵਰਤਣੀ ਹੈ। ਇਹ ਜ਼ਾਲਮ ਬਾਹਰੋਂ ਆਉਂਦੇ ਸਨ ਔਰ ਇਥੋਂ ਦੀਆਂ ਧੀਆਂ ਭੈਣਾਂ ਨੂੰ ਚੁੱਕ ਕੇ ਲੈ ਜਾਂਦੇ ਸਨ, ਉਨ੍ਹਾਂ ਦੀ ਇਜ਼ਤ ਲੁੱਟੀ ਜਾਂਦੀ ਸੀ। ਇਸ ਬੁਰਾਈ ਨੂੰ ਦੂਰ ਕਰਨ ਵਾਸਤੇ ਇਹ ਧਰਮ ਸਾਰਿਆਂ ਦਾ ਸਤਿਕਾਰ ਕਰਦਾ ਹੈ। ਹਿੰਦੁਸਤਾਨ ਦੇ ਹਿੰਦੂ ਹੋਰ ਵੀ ਕਈ ਜਾਤੀਆਂ ਹਨ ਸਾਰੀਆਂ ਜਾਤੀਆਂ ਇਸ ਧਰਮ ਦਾ ਬਹੁਤ ਸਤਿਕਾਰ ਕਰਦੀਆਂ ਹਨ ਔਰ ਇਸ ਦੀ ਪੂਜਾ ਕਰਦੀਆਂ ਹਨ (ਵਿਘਨ) ਕਦੇ ਕਿਸੇ ਨੇ ਇਸ ਦਾ ਨਿਰਾਦਰ ਨਹੀਂ ਕੀਤਾ ਔਰ ਇਸ ਦਾ ਸਤਿਕਾਰ ਕੀਤਾ ਹੈ। ਇਸ ਦਾ ਮਾਨ ਕੀਤਾ ਹੈ। ਅੱਜ ਮੋਨੇ ਵੀ ਚਾਹੇ ਦਿੱਲੀ ਵਿਚ ਚਲੇ ਜਾਓ, ਸਾਰੇ ਹਿੰਦੁਸਤਾਨ ਵਿਚ ਚਲੇ ਜਾਓ ਉਥੇ ਵੀ ਮੋਨਿਆਂ ਨੇ ਗੁਰੂ ਗ੍ਰੰਥ ਸਾਹਿਬ ਰਖਿਆ ਹੋਇਆ ਹੈ। (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਚੇਅਰ ਨੂੰ ਐਡਰੈਸ ਕਰੋ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਪਿਛੇ, ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਬੜੇ ਕਤਲ ਹੋਏ ਔਰ ਕੋਈ ਅਕਾਲੀ ਸਰਕਾਰ ਇਕੱਲੀ ਇਸ ਦੀ ਜ਼ਿੰਮੇਵਾਰ ਨਹੀਂ ਹੈ, ਅਸੀਂ ਵੀ ਜ਼ਿੰਮੇਵਾਰ ਹਾਂ। ਪੰਜਾਬ ਦੇ ਸਾਰੇ ਆਦਮੀ ਜ਼ਿੰਮੇਵਾਰ ਹਨ। ਜਦੋਂ ਇਹੋ ਜਿਹੀ ਘਟਨਾ ਹੋਵੇ, ਕੋਈ ਬਚ ਨਹੀਂ ਸਕਦਾ, ਸਾਰੇ ਇਸ ਦੇ ਜ਼ਿੰਮੇਵਾਰ ਹਨ। ਮੇਰੇ ਇਹ ਸਾਥੀ ਮੁੜਕੇ ਉਹ ਕੰਮ ਕਰਨਾ ਚਾਹੁੰਦੇ ਹਨ ਜਿਹੜਾ ਪਹਿਲੇ ਹੀ ਬਹੁਤ ਬੁਰਾ ਹੋਇਆ ਹੈ। ਬਲਿਊ ਸਟਾਰ ਹੋਇਆ, ਦਿੱਲੀ ਐਕਸ਼ਨ ਹੋਇਆ, ਇਹ ਸਾਰਾ ਬੁਰਾ ਹੋਇਆ ਹੈ। ਅਸੀਂ ਇਸ ਬਾਰੇ ਕਈ ਵਾਰ ਕਿਹਾ ਹੈ। ਪਰ ਹੁਣ ਦਰਬਾਰ ਸਾਹਿਬ ਅੰਦਰ ਕੀ ਹੋ ਰਿਹਾ ਹੈ? ਉਹੀ ਚੀਜ਼ਾਂ ਫਿਰ ਹੋ ਰਹੀਆਂ ਹਨ। ਮੈਂ ਸਰਕਾਰ ਨੂੰ ਵਾਰਨ ਕਰ ਰਿਹਾ ਹਾਂ ਕਿ ਕੱਲ ਨੂੰ ਤੁਹਾਨੂੰ ਸੰਭਾਲਣਾ ਮੁਸ਼ਕਿਲ ਹੋਵੇਗਾ। ਕੱਲ ਨੂੰ ਤੁਸੀਂ ਕੀ ਹਿੰਦੁਸਤਾਨ ਦੀ ਸਰਕਾਰ ਇਸ ਨੂੰ ਸੰਭਾਲ ਨਹੀਂ ਸਕੇਗੀ। ਸੜਕਾਂ ਤੇ ਲਾਸ਼ਾਂ ਪਈਆਂ ਹੋਣਗੀਆਂ। ਤੁਸੀਂ ਕੋਸ਼ਿਸ਼ ਕਰੋ ਅਤੇ ਇਸ ਨੂੰ ਸੰਭਾਲੋ ਇਨ੍ਹਾਂ ਨੂੰ ਤੱਕੋ ਕੀ ਕੁਝ ਕਰ ਰਹੇ ਹਨ। ਉਥੇ ਕੁਝ ਬੋਲਦੇ ਹਨ, ਇਥੇ ਕੁਝ ਬੋਲਦੇ ਹਨ। ਉਥੇ ਕਹਿੰਦੇ ਹਨ ਕਿ ਫਲਾਣੇ ਨੂੰ ਵੱਢੋ। ਸਰਦਾਰ ਅਮਰਜੀਤ ਸਿੰਘ ਦਾ ਕਤਲ ਇਸੇ ਤਰ੍ਹਾਂ ਹੋਇਆ ਹੈ। ਤੁਸੀਂ ਇਸ ਪਾਸੇ ਧਿਆਨ ਦਿਓ। ਮੈਂ ਮੁੱਖ ਮੰਤਰੀ ਨੂੰ ਖਾਸ ਤੌਰ ਤੇ ਅਰਜ਼ ਕਰਾਂਗਾ ਕਿ ਤੁਸੀਂ ਇਸ ਪਾਸੇ ਧਿਆਨ ਦਿਓ। ਸਾਡੇ ਸ਼ਹਿਰ ਦੇ ਵਿਚ ਚੰਗੇ ਚੰਗੇ ਲੀਡਰ ਹਨ ਜਿਨ੍ਹਾਂ ਵਿਚੋਂ ਮੇਰੇ ਸਾਥੀ ਸ੍ਰੀ ਜੋਗਿੰਦਰ ਪਾਲ ਪਾਂਡੇ ਇਕ ਸਨ। ਉਨ੍ਹਾਂ ਬਾਰੇ ਕਾਫੀ ਕੁਝ ਕਿਹਾ ਜਾ ਚੁੱਕਿਆ ਹੈ। ਉਹ ਮਾਰੇ ਗਏ। ਉਸ ਦਾ ਘਰ ਉਜਾੜ ਦਿੱਤਾ। ਉਸ ਦੀ ਬੀਵੀ ਦੀ ਡੈਥ ਹੋ ਗਈ। ਉਸ ਦੀ ਲੜਕੀ ਐਕਸੀਡੈਂਟ ਵਿਚ ਮਰ ਗਈ। ਇਸੇ ਤਰ੍ਹਾਂ ਸਾਡੇ ਡਾਕਟਰ ਕਾਲੀ ਚਰਨ ਹਨ। ਉਨ੍ਹਾਂ ਨੇ 11-12 ਸਾਲ ਜੇਲ੍ਹ ਕੱਟੀ। ਉਨ੍ਹਾਂ ਦੇ ਪਿਤਾ ਨੇ ਜੇਲ੍ਹ ਕੱਟੀ, ਉਨ੍ਹਾਂ ਦੀ ਬੀਵੀ ਨੇ ਜੇਲ੍ਹ ਕੱਟੀ। ਉਨ੍ਹਾਂ ਦੀ ਲੜਕੀ ਜੇਲ੍ਹ ਵਿਚ ਮਰ ਗਈ। ਉਹ ਦਿੱਲੀ ਵਿਚ ਆਪਣਾ ਕੰਮ ਕਰਦੇ ਰਹੇ। ਉਨ੍ਹਾਂ ਨੂੰ ਦਿਨ ਦਿਹਾੜੇ ਮਾਰ ਦਿੱਤਾ। ਇਸੇ ਤਰ੍ਹਾਂ ਹੋਰ ਕਤਲ ਹੋਏ ਹਨ। ਕਿਸ ਕਿਸ ਦਾ ਜ਼ਿਕਰ ਕਰੀਏ? ਰੋਣਾ ਆਉਂਦਾ ਹੈ। ਅਨੰਦਪੁਰ ਸਾਹਿਬ ਵਿਚ ਕੀ ਹੋਇਆ, ਇਸ ਬਾਰੇ ਅਖਬਾਰਾਂ ਵਿਚ ਆਇਆ ਹੈ। ਬੜੀ ਅਫਸੋਸਨਾਕ ਗੱਲ ਹੋਈ ਹੈ। ਸਾਡੇ ਬਹੁਤ ਸਾਰੇ ਐੱਮ.ਐੱਲ.ਏ. ਵੀ ਉਥੇ ਸ਼ਾਮਿਲ ਹੋਏ। ਉਥੇ ਉਹ ਹੱਥ ਖੜ੍ਹੇ ਕਰਕੇ ਆਏ ਹਨ। ਅਨੰਦਪੁਰ ਸਾਹਿਬ ਜੋ ਕੁਝ ਹੋਇਆ, ਉਹੀ ਉਹ ਚਾਹੁੰਦੇ ਹਨ। ਕੀ ਇਹ ਡੈਮੋਕਰੇਸੀ ਹੈ? ਕੀ ਇਹ ਇਨਸਾਨੀਅਤ ਹੈ? ਇਹ ਡੈਮੋਕਰੇਸੀ ਨਹੀਂ ਹੈ, ਇਹ ਇਨਸਾਨੀਅਤ ਨਹੀਂ ਹੈ। ਕਤਲ ਹੋ ਰਹੇ ਹਨ, ਇਨਸਾਨੀਅਤ ਖਤਮ ਕੀਤੀ ਜਾ ਰਹੀ ਹੈ। ਇਹ ਕਹਿੰਦੇ ਹਨ ਕਿ ਇਸ ਦਾ ਬਰਨਾਲਾ ਜ਼ਿੰਮੇਵਾਰ ਹੈ। ਉਹ ਕਿਉਂ ਜ਼ਿੰਮੇਵਾਰ ਹੈ? ਜਦ ਮੈਂ ਕਿਸੇ ਨੂੰ 10 ਹਜ਼ਾਰ ਰੁਪਿਆ ਦੇ ਕੇ ਕਹਾਂਗਾ ਕਿ ਫਲਾਣੇ ਨੂੰ ਮਾਰ ਦੇ ਤਾਂ ਉਸ ਨੇ ਛੱਡਣਾ ਥੋੜ੍ਹਾ ਹੈ। ਉਹ ਮਾਰ ਦੇਵੇਗਾ। ਕੱਲ ਨੂੰ ਤੁਹਾਡੀ ਵਾਰੀ ਵੀ ਆ ਸਕਦੀ ਹੈ। ਇਸ ਲਈ ਤੁਸੀਂ ਆਪਣਾ ਖਿਆਲ ਕਰੋ। ਜ਼ਰਾ ਸੋਚੋ ਅਸੀਂ ਕਿਸ ਪਾਸੇ ਨੂੰ ਜਾ ਰਹੇ ਹਾਂ। ਬੇਸ਼ਰਮੀ ਦੀਆਂ ਗੱਲਾਂ ਖਤਮ ਹੋਣੀਆਂ ਚਾਹੀਦੀਆਂ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਵਕਤ ਬਹੁਤ ਖਰਾਬ ਹੈ, ਇਸ ਨੂੰ ਸੰਭਾਲੋ ਨਹੀਂ ਤਾਂ ਕੋਈ ਨਹੀਂ ਬਚ ਸਕੇਗਾ। ਇਸ ਨੂੰ ਸੰਭਾਲੋ ਅਤੇ ਪੰਜਾਬ ਨੂੰ ਫਿਰ ਮੁੜਕੇ ਉਨ੍ਹਾਂ ਪੈਰਾਂ ਤੇ ਖੜ੍ਹਾ ਕਰੋ। ਇਹ ਜਿਹੜੇ ਬੇਗੁਨਾਹਾਂ ਦੇ ਕਤਲ ਹੁੰਦੇ ਹਨ ਇਹ ਦਰਿੰਦਿਆਂ ਦਾ ਕੰਮ ਹੈ, ਇਹ ਇਨਸਾਨੀਅਤ ਦਾ ਕੰਮ ਨਹੀਂ ਹੈ। ਪ੍ਰੀਤ ਲੜੀ ਦੇ ਐਡੀਟਰ ਮਿਸਟਰ ਸ਼ਮੀ ਜੋ ਕਮਿਊਨਿਸਟ ਪਾਰਟੀ ਦੇ ਹਨ, ਬੜੇ ਅੱਛੇ ਵਰਕਰ ਸੀ, ਉਸ ਬਾਰੇ ਇੰਡੀਅਨ ਐਕਸਪਰੈਸ ਨੇ ਲਿਖਿਆ ਹੈ :—

"Saved and slain on the same reason"

ਮਤਲਬ ਇਹ ਕਿ ਹਰਿਆਣੇ ਵਿਚ ਉਹ ਬਚ ਗਿਆ ਕਿਉਂਕਿ ਉਹ ਹਿੰਦੂ ਸੀ ਅਤੇ ਪੰਜਾਬ ਵਿਚ ਉਸ ਦਾ ਕਤਲ ਕੀਤਾ ਗਿਆ ਕਿਉਂਕਿ ਉਹ ਹਿੰਦੂ ਸੀ । ਕੀ ਇਹ ਇਨਸਾਨੀਅਤ ਹੈ। ਮੈਂ ਮੁੱਖ ਮੰਤਰੀ ਨੂੰ ਬਾਰ ਬਾਰ ਕਹਿ ਰਿਹਾ ਹਾਂ ਕਿ ਇਸ ਚੀਜ਼ ਨੂੰ ਸੰਭਾਲੋ । ਸਾਡੀ ਪਾਰਟੀ ਦੇ ਸਰਦਾਰ ਸੰਤ ਸਿੰਘ ਗਿੱਲ ਨੂੰ ਕਤਲ ਕਰ ਦਿਤਾ । ਇਨ੍ਹਾਂ ਨੂੰ ਇਸ ਗੱਲ ਦਾ ਕੋਈ ਖਿਆਲ ਨਹੀਂ ਕਿ 45 ਲੱਖ ਸਿੱਖ ਰਾਜਪੁਰੇ ਤੋਂ ਅੱਗੇ ਬੈਠੇ ਹਨ, ਕੋਈ ਘੱਟ ਨਹੀਂ ਇਸ ਤੋਂ ਵੱਧ ਹੀ ਹੋਣਗੇ। ਉਨ੍ਹਾਂ ਦਾ ਭਵਿੱਖ ਕੀ ਹੈ, ਕਦੇ ਇਸ ਬਾਰੇ ਸੋਚਿਆ ਹੈ? ਇਨ੍ਹਾਂ ਨਾਲੋਂ ਉਹ ਟੁੱਟ ਗਏ ਹਨ। ਇਹ ਜਾ ਕੇ ਦੇਖਣ ਉਥੇ ਇਨ੍ਹਾਂ ਦੇ ਕਿਵੇਂ ** ** ਹਨ ।

ਮੈਂ ਇਹ ਬੇਨਤੀ ਕਰਦਾ ਹਾਂ ਕਿ ਤੁਸੀਂ ਸਾਡਾ ਤਾਂ ਭਵਿਖ ਖ਼ਰਾਬ ਕਰ ਰਹੇ ਹੋ, ਤੁਸੀਂ ਆਪਣੀ ਕੌਮ ਦਾ, ਆਪਣੀ ਜਾਤ ਦਾ, ਆਪਣੇ ਧਰਮ ਦਾ ਤਾਂ ਖਿਆਲ ਕਰੋ । ਇਸ ਲਈ ਮੈਂ ਇਹ ਬੇਨਤੀ ਕਰਾਂਗਾ ਕਿ ਜੋ ਐਸ.ਜੀ.ਪੀ.ਸੀ. ਦਰਬਾਰ ਸਾਹਿਬ ਵਿੱਚ ਕਰ ਰਿਹਾ ਹੈ ..... (ਇਕ ਆਵਾਜ਼ : ਕਦੇ ਦਰਬਾਰ ਸਾਹਿਬ ਗਏ ਵੀ ਹੋ?) ਮੈਂ ਉਸ ਦਿਨ ਤੋਂ ਬਾਅਦ ਵੀ ਮੱਥਾ ਟੇਕਣ ਗਿਆ ਸੀ ਜਦੋਂ ਬਲਿਉ ਸਟਾਰ ਓਪਰੇਸ਼ਨ ਹੋਇਆ ਕਿ ਇਹ ਕੀ ਹੋਇਆ ਹੈ। ਇਸ ਤੋਂ ਪਹਿਲਾਂ ਵੀ ਗਿਆ ਹਾਂ ਔਰ ਕਈ ਵਾਰੀ ਜਾਂਦਾ ਰਿਹਾ ਹਾਂ । ਬਰਨਾਲਾ ਸਾਹਿਬ ਤੁਹਾਨੂੰ ਸਾਰੀਆਂ ਪਾਰਟੀਆਂ ਨੇ ਹਮਾਇਤ ਦੇ ਦਿੱਤੀ ਹੈ। ਹਿੰਦੁਸਤਾਨ ਦੀ ਕਿਸੇ ਪੁਲੀਟੀਕਲ ਪਾਰਟੀ ਨੇ ਆਪਣਾ ਹੱਥ ਨਹੀਂ ਖਿਚਿਆ, ਐਂਵੇਂ ਇਹ ਥੋੜ੍ਹਾ ਬਹੁਤ ਕਦੇ ਕਦੇ ਕੁਝ ਕਰਦੇ ਹਨ, ਕਹਿੰਦੇ ਹਨ ਪਰ ਇਨ੍ਹਾਂ ਕੋਲ ਹੈ ਕੁਝ ਨਹੀਂ, ਪਰ ਹਿੰਦੁਸਤਾਨ ਦੀਆਂ ਜਿਹੜੀਆਂ ਵਡੀਆਂ ਪਾਰਟੀਆਂ ਹਨ ਉਨ੍ਹਾਂ ਸਾਰਿਆਂ ਨੇ ਤੁਹਾਨੂੰ ਸਪੋਰਟ ਦਿੱਤੀ ਹੈ ਔਰ ਸਾਡੇ ਰਾਜੀਵ ਗਾਂਧੀ ਜੀ ਨੇ ਤਾਂ ਵਾਰ ਵਾਰ ਤੁਹਾਡੀ ਤਾਰੀਫ਼ ਕੀਤੀ ਹੈ ਕਿ ਤਕੜੇ ਹੋ ਕੇ ਇਹ ਕੰਮ ਕਰਨਗੇ । ਧਰਮ ਦੀ ਕੋਈ ਬਹੁਤ ਵੱਡੀ ਗੱਲ ਨਹੀਂ, ਵੱਖਵਾਦ ਔਰ ਅੱਤਿਵਾਦ ਸਾਰਿਆਂ ਨਾਲੋਂ ਵੱਡੀ ਅਤੇ ਜ਼ਰੂਰੀ ਚੀਜ਼ ਹੈ ਜਿਸ ਨੂੰ ਕਿ ਖ਼ਤਮ ਕਰਨਾ ਚਾਹੀਦਾ ਹੈ। ਤੁਹਾਨੂੰ ਸਾਰਿਆਂ ਨੇ ਇਸ ਨੂੰ ਖ਼ਤਮ ਕਰਨ ਲਈ ਸਪੋਰਟ ਦਿੱਤੀ ਹੈ ਅਤੇ ਤੁਹਾਨੂੰ ਇਸ ਵੱਖਵਾਦ ਨੂੰ, ਅੱਤਿਵਾਦ ਨੂੰ ਖ਼ਤਮ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਹੁਣ ਕਹਿਣ ਲਗ ਪਏ ਹਨ ਕਿ ਇਹ ਲੜਾਈ ਜਿਹੜੀ ਹੈ ਇਹ ਦਰਬਾਰ ਸਾਹਿਬ ਨਾਲ ਹੋ ਰਹੀ ਹੈ, ਅਕਾਲ ਤਖ਼ਤ ਸਾਹਿਬ ਨਾਲ ਹੋ ਰਹੀ ਹੈ। ਕਿੰਨੇ ਮੂਰਖ ਹਨ। (ਹਾਸਾ) ਕਿੰਨੇ ਮੂਰਖ ਹਨ । ਸਾਨੂੰ ਕੀ ਲੋੜ ਹੈ, ਅਸੀਂ ਤਾਂ ਉਸ ਦੀ ਪੂਜਾ ਕਰਦੇ ਹਾਂ, ਇਥੇ ਬੈਠ ਕੇ ਹੀ ਕਰਦੇ ਹਾਂ । ਉਹ ਰੱਬ ਦਾ ਘਰ ਹੈ। ਮੰਦਰਾਂ ਨਾਲ ਵੀ ਕੋਈ ਲੜਦਾ ਹੈ? ਇਨ੍ਹਾਂ ਦੀ ਲੜਾਈ ਕੀ ਹੈ? ਇਨ੍ਹਾਂ ਦੀ ਲੜਾਈ ਕੁਰਸੀ ਦੀ ਲੜਾਈ ਹੈ। ਇਕ ਪੁਰਾਣੀ ਕਹਾਵਤ ਹੈ ਕਿ—

ਸੱਪ ਦਾ ਵਢਿਆ ਤਾਂ ਬਚ ਜਾਂਦਾ ਹੈ ਪਰ ਕੁਰਸੀ ਦਾ ਵਢਿਆ ਨਹੀਂ ਬਚਦਾ।

ਡਿਪਟੀ ਸਪੀਕਰ ਸਾਹਿਬ, ਇਹ ਮੇਰੇ ਕੋਲ ਇਕ ਤਸਵੀਰ ਹੈ, ਇਕ ਪੈਮਫ਼ਲਿਟ ਹੈ 'ਅਮਨ ਔਰ ਸ਼ਾਂਤੀ ਦੇ ਪੁੰਜ ਸੰਤ ਹਰਚੰਦ ਸਿੰਘ ਲੌਂਗੋਵਾਲ' ਇਹ 2 ਜਨਵਰੀ, 1986 ਦਾ ਪੈਮਫ਼ਲਿਟ ਹੈ ਔਰ ਇਸ ਦੇ ਪਿਛੇ ਫੋਟੋ ਲਗੀ ਹੋਈ ਹੈ ਜਿਸ ਦੇ ਵਿੱਚ ਮੁੱਖ ਮੰਤਰੀ, ਸਰਦਾਰ ਸੁਰਜੀਤ ਸਿੰਘ ਬਰਨਾਲਾ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਟੌਹੜਾ ਸਾਹਿਬ, ਸੰਤ ਜੀ ਔਰ ਸਰਦਾਰ ਬਲਵੰਤ ਸਿੰਘ ਅਤੇ ਹੋਰ ਇਨ੍ਹਾਂ ਦੇ ਸਾਥੀ ਇਸ ਫੋਟੋ ਦੇ ਵਿੱਚ ਹੱਸਦੇ ਨਜ਼ਰ ਆਉਂਦੇ ਹਨ। ਇਸ ਦੇ ਨਾਲ ਲਿਖਿਆ ਹੈ 'ਪੰਜਾਬ ਸਮਝੌਤਾ ਸਵੀਕਾਰ ਕਰਨ ਦੇ ਤੁਰੰਤ ਬਾਅਦ ਉਘੇ ਅਕਾਲੀ ਲੀਡਰਾਂ ਨਾਲ ਸੰਤ ਜੀ' । ਇਸ ਦੇ ਥੋੜ੍ਹੀ ਦੇਰ ਬਾਅਦ ਹੀ ਜਦੋਂ ਬਰਨਾਲਾ ਜੀ ਨੂੰ ਲੀਡਰ ਬਣਾਇਆ ਗਿਆ ਤਾਂ ਇਸ ਦੇ ਨਾਲ ਹੀ

**Expunged under orders of the Speaker.

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਸਾਰੀ ਗਲ ਵਿਗੜ ਗਈ। ਬਾਦਲ ਸਾਹਿਬ ਕਹਿੰਦੇ ਸਨ ਕਿ ਮੁੱਖ ਮੰਤਰੀ ਅਕਾਲੀਆਂ ਦਾ ਹੋਰ ਕੋਈ ਨਹੀਂ ਹੋਣਾ ਚਾਹੀਦਾ। ਸਾਰਾ ਫਸਾਦ ਹੀ ਇਸ ਗਲ ਦਾ ਹੈ। ਸਾਰਾ ਫਸਾਦ ਜੋ ਸ਼ੁਰੂ ਹੋਇਆ ਇਹ ਬਾਦਲ ਸਾਹਿਬ ਨੇ ਕਰਵਾਇਆ ਅਤੇ ਇਹ ਹੁਣ ਤਕ ਚਲ ਰਿਹਾ ਹੈ। ਇਹ ਤੁਸੀਂ ਰਿਕਾਰਡ ਕਢਵਾ ਕੇ ਦੇਖ ਲਓ। ਉਸ ਵੇਲੇ ਤਾਂ ਇਹ ਉਨ੍ਹਾਂ ਦੇ ਨਾਲ ਤੁਰ ਪਏ। ਜਾਂ ਤਾਂ ਬਾਦਲ ਸਾਹਿਬ ਨੂੰ ਮੁੱਖ ਮੰਤਰੀ ਬਣਾ ਦਿਓ, ਸਵੇਰੇ ਹੀ ਸ਼ਾਂਤੀ ਹੋ ਜਾਵੇਗੀ। ਕਿਸੇ ਨੂੰ ਕੋਈ ਤਕਲੀਫ ਨਹੀਂ, ਕਿਸੇ ਦਾ ਕੋਈ ਢਿਡ ਨਹੀਂ ਦੁਖਦਾ ਫਿਰ। ਜੇ ਮੁੱਖ ਮੰਤਰੀ ਨਹੀਂ ਬਣਾਉਣਾ ਤਾਂ ਫਿਰ ਉਥੇ ਹੀ ਬੈਠੇ ਰਹਿਣ ਦਿਓ ਜਿਥੇ ਬੈਠੇ ਹਨ, ਕਾਹਦੇ ਲਈ ਕਹਿੰਦੇ ਹੋ ਕਿ ਛੱਡ ਦਿਓ। (ਇਕ ਆਵਾਜ਼: ਰੱਖੀ ਰਖੋ) ਡਿਪਟੀ ਸਪੀਕਰ ਸਾਹਿਬ, ਇਥੇ ਹਾਊਸ ਵਿੱਚ ਸਿਵਿਲ ਵਾਰ ਦੀ ਗੱਲ ਆਈ ਸੀ। ਹਾਊਸ ਵਿੱਚ ਕਿਹਾ ਗਿਆ ਸੀ ਇਕ ਮੈਂਬਰ ਸਾਹਿਬ ਵਲੋਂ ਕਿ ਸਿਵਿਲ ਵਾਰ ਹੋ ਜਾਵੇਗੀ। ਇਸ ਵੇਲੇ ਵੀ ਕੋਈ ਕਸਰ ਤਾਂ ਹੈ ਨਹੀਂ। ਇਹ ਤਾਂ ਬਹੁਤ ਕੋਸ਼ਿਸ਼ ਕਰ ਰਹੇ ਹਨ ਕਿ ਸਿਵਿਲ ਵਾਰ ਹੋ ਜਾਵੇ। ਸ਼ਹਿਰਾਂ ਵਿਚ ਖਾਸ ਤੌਰ ਤੇ ਹਰ ਹਿੰਦੂ, ਸਿਖ, ਮੁਸਲਮਾਨ ਅਤੇ ਈਸਾਈ ਹੱਥਾਂ ਵਿਚ ਹੱਥ ਪਾ ਕੇ, ਸਿਰ ਨਾਲ ਸਿਰ ਜੋੜ ਕੇ ਤੁਰ ਰਹੇ ਹਨ ਅਤੇ ਕੋਈ ਹਾਦਸਾ ਨਹੀਂ ਹੋਣ ਦਿਤਾ। ਇਹ ਜਿਹੜੇ ਕਹਿੰਦੇ ਹਨ ਕਿ ਸਿਵਿਲ ਵਾਰ ਹੋ ਸਕਦੀ ਹੈ ਇਹ ਵੀ ਕਰਕੇ ਵੇਖ ਲੈਣ ਕਿ ਕਿਸ ਤਰ੍ਹਾਂ ਕਰਦੇ ਹਨ। ਇਹ ਚਾਰ ਤਾਂ ਆਦਮੀ ਹਨ ਬਰਨਾਲਾ ਸਾਹਿਬ ਇਹ ਥੋਹੜੇ ਜਿਹੇ ਆਦਮੀ ਹਨ ਇਨ੍ਹਾਂ ਨੂੰ ਅੰਦਰ ਸੁਟ ਦਿਓ ਆਪਾਂ ਤਾਂ ਇਥੇ ਬੈਠੇ ਹੀ ਹਾਂ। ਜਿਹੜੇ ਬੰਦਿਆਂ ਨੇ ਰਾਹ ਦੀ ਗਲ ਨਹੀਂ ਕਰਨੀ ਉਨ੍ਹਾਂ ਦਾ ਇਥੇ ਬੈਠੇ ਨਾ ਬੈਠੇ ਦਾ ਕੋਈ ਫ਼ਰਕ ਨਹੀਂ ਪੈਂਦਾ। ਇਹ ਇਸੇ ਤਰ੍ਹਾਂ ਹੀ ਸੂਤ ਆਉਣਗੇ ਹੱਥ ਜੋੜ ਕੇ ਨਹੀਂ। ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਜਿਵੇਂ ਮਰਜ਼ੀ ਹੱਥ ਜੋੜਦੇ ਰਹੋ ਇਨ੍ਹਾਂ ਨੇ ਠੀਕ ਨਹੀਂ ਹੋਣਾ। ਉਨਾ ਚਿਰ ਅੱਤਵਾਦ ਨਹੀਂ ਖਤਮ ਹੋਵੇਗਾ ਜਿਨਾਂ ਚਿਰ ਤੁਸੀਂ ਅੰਦਰ ਨਹੀਂ ਕਰਦੇ, ਤੁਸੀਂ ਵ੍ਰਰਲਡ ਦੀ ਹਿਸਟਰੀ ਕਢਾ ਕੇ ਵੇਖ ਲਵੋ। ਇਹ ਇਸ ਤਰ੍ਹਾਂ ਠੀਕ ਨਹੀਂ ਹੋਣਾ। ਮੈਂ ਇਸ ਬਾਰੇ ਇਕ ਛੋਟਾ ਜਿਹਾ ਸ਼ੇਅਰ ਅਰਜ਼ ਕਰਦਾ ਹਾਂ:

'ਨਫਰਤ ਮੇਂ ਜੋ ਜੀਆ ਵੋਹ ਕਿਆ ਸੁਰਖ਼ਰੂ ਹੂਆ,
ਉਲਫ਼ਤ ਮੇਂ ਜੋ ਮਰਾ ਉਸੇ ਪੂਜਤੇ ਹੈਂ ਲੋਕ।'

ਬਰਨਾਲਾ ਸਾਹਿਬ, ਤੁਸੀਂ ਇਸ ਪਾਸੇ ਚਲੋਂ ਅਸੀਂ ਤੁਹਾਡੀ ਪੂਰੇ ਜ਼ੋਰ ਨਾਲ ਸਪੋਰਟ ਕਰਾਂਗੇ ਆਪਾਂ ਨੂੰ ਤਾਂ ਇਸ ਪਾਸੇ ਤੁਰਨਾ ਚਾਹੀਦਾ ਹੈ।

ਇਥੇ ਥੋੜ੍ਹੀ ਜਿਹੀ ਅਕਾਰਡ ਦੀ ਗਲ ਆਈ ਹੈ। ਬਰਨਾਲਾ ਸਾਹਿਬ ਮਹਿਸੂਸ ਨਾ ਕਰਨਾ। ਉਸ ਅਕਾਰਡ ਦੀਆਂ 8, 9 ਕਲਾਜ਼ਾਂ ਹਨ। ਇਸ ਦੇ ਵਿਚੋਂ ਕੋਈ ਛੇ ਤਾਂ ਤਕਰੀਬਨ ਪੂਰੀਆਂ ਹੋ ਗਈਆਂ। (ਆਵਾਜ਼ਾਂ: ਇਹ ਝੂਠ ਹੈ।) ਡਿਪਟੀ ਸਪੀਕਰ ਸਾਹਿਬ, ਕੀ ਇਹ ਝੂਠ ਲਫਜ਼ ਪਾਰਲੀਮੈਂਟਰੀ ਹੈ?

ਸ੍ਰੀ ਡਿਪਟੀ ਸਪੀਕਰ: ਮਾਨਯੋਗ ਮੈਂਬਰ ਸਾਹਿਬਾਨ ਬੈਠੇ ਬੈਠੇ ਨਾ ਬੋਲਣ। ਗੁਪਤਾ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ 6 ਕਲਾਜ਼ਾਂ ਤਕਰੀਬਨ ਮੁਕੰਮਲ ਹੋ ਚੁਕੀਆਂ ਹਨ। ਅਸੀਂ ਚਾਹੁੰਦੇ ਹਾਂ ਕਿ ਸਾਰਾ ਕੰਮ ਮੁਕੰਮਲ ਹੋ ਜਾਣਾ ਚਾਹੀਦਾ

ਹੈ। ਪਰ ਫਿਰ ਵੀ ਇਹ ਮੁਕਣਾ ਨਹੀਂ ਬਰਨਾਲਾ ਜੀ । ਇਥੇ ਭੁਖ ਹੈ ਕੁਰਸੀ ਦੀ ਅਕਾਰਡ ਦੀ ਕਿਸੇ ਨੂੰ ਫਿਕਰ ਨਹੀਂ ਹੈ। ਜ਼ਮੀਨ ਹੈ ਥੋਹੜੀ ਜਿਹੀ ਦੇ ਦਿਓ, ਪਾਣੀ ਹੈ ਥੋਹੜਾ ਜਿਹਾ ਦੇ ਦਿਓ ਫਿਰ ਵੀ ਇਹ ਸਿਲਸਿਲਾ ਬੰਦ ਨਹੀਂ ਹੋਣਾ, ਮੈਂ ਕਹਿੰਦਾ ਹਾਂ ਕਿ ਟੇਬਲ ਤੇ ਬੈਠ ਕੇ ਹਰਿਆਣਾ ਨਾਲ ਜੋ ਕਰ ਕੁਝ ਤਸੱਲੀ ਉਨ੍ਹਾਂ ਦੀ ਹੋ ਸਕੇ ਕਰ ਲਵੋ । ਉਹ ਵੀ ਚੀਜ਼ ਸਾਡੇ ਦੇਸ਼ ਵਿਚ ਰਹਿਣੀ ਹੈ ਇਸ ਲਈ ਇਸ ਨੂੰ ਪਰੋਲਾਂਗ ਨਾ ਕਰੋ । ਹੁਣ ਉਨ੍ਹਾਂ ਦੇ ਵਿਚੋਂ ਦੋ ਚੀਫ਼ ਮਨਿਸਟਰ ਆ ਰਹੇ ਹਨ ਪਹਿਲਾਂ ਬਾਦਲ ਸਾਹਿਬ ਸਨ ਅਤੇ ਹੁਣ ਮਹਾਰਾਜਾ ਸਾਹਿਬ ਆ ਗਏ ਹਨ। ਇਨ੍ਹਾਂ ਨੇ ਲੜਨਾ ਹੈ। ਇਹ ਕੀ ਕਰਦੇ ਹਨ ਇਨ੍ਹਾਂ ਦੀ ਗਲ ਤੇ ਜ਼ਿਆਦਾ ਧਿਆਨ ਨਾ ਦਿਓ ਤੁਸੀਂ ਤਾਂ ਇਹ ਦੇਖੋ ਕਿ ਅੱਤਵਾਦੀ ਅਤੇ ਵੱਖਵਾਦੀ ਕਿਸ ਤਰ੍ਹਾਂ ਖ਼ਤਮ ਹੋ ਸਕਦੇ ਹਨ। ਜਿਹੜਾ ਅਕਾਰਡ ਹੋਇਆ ਇਸ ਦੇ ਬਾਰੇ ਸਾਡੇ ਲੀਡਰਾਂ ਨੇ ਅਸ਼ੀਰਵਾਦ ਦਿੱਤਾ ਹੈ। ਇਹ ਮੇਰੇ ਕੋਲ ਪੈਂਫਲੈਟ ਹੈ ਇਸ ਦੇ ਵਿਚ ਦਿੱਤਾ ਹੈ ਕਿ ਸ੍ਰੀ ਰਾਜੀਵ ਗਾਂਧੀ ਨੇ ਲਿਖਿਆ ਹੈ —

> "The memorandum setting the Punjab problem brings to an end a period of confrontation and ushers in an era of amity, goodwill and cooperation which will, promote and strengthen the unity and integrity of India."

ਇਸ ਦੇ ਨਾਲ ਹੀ ਮਹਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦਾ ਆਸ਼ੀਰਵਾਦ ਹੈ

> "The period of confrontation is over. An amicable settlement of all the ticklish problems has been arrived at."

ਇਸ ਦੇ ਬਾਦ ਸਾਡੇ ਗਵਰਨਰ ਸਾਹਿਬ ਦਾ ਹੈ, ਉਹ ਵੀ ਇਸੇ ਤਰ੍ਹਾਂ ਦਾ ਹੈ। ਬੇਨਤੀ ਹੈ ਕਿ ਪ੍ਰੇਸ਼ਾਨੀ ਸਾਰਿਆਂ ਨੂੰ ਇਹ ਸੀ ਕਿ ਜਿਹੜੀ ਪ੍ਰਾਬਲਮ ਹੈ ਕਤਲਾਂ ਦੀ ਉਹ ਸ਼ਾਇਦ ਹੱਲ ਹੋ ਜਾਵੇਗੀ ਪਰ ਨਜ਼ਰ ਨਹੀਂ ਆਉਂਦਾ। ਤੁਸੀਂ ਕਮਿਸ਼ਨਾਂ ਦੀ ਗੱਲ ਕਰਦੇ ਹੋ। ਉਸ ਦੇ ਸਾਹਮਣੇ ਜੋ ਚੀਜ਼ ਆਉਂਦੀ ਹੈ, ਉਸ਼ ਤੇ ਫੈਸਲਾ ਕਰਦਾ ਹੈ, ਉਸ ਨੇ ਫੇਵਰ ਨਹੀਂ ਕਰਨੀ। ਚ ਲੋ ਜੇਕਰ ਨਹੀਂ ਮਨਜ਼ੂਰ, ਬੈਠ ਕੇ ਗੱਲ ਹੋ ਸਕਦੀ ਹੈ, ਪ੍ਰਾਈਮ ਮਨਿਸਟਰ ਨੇ ਆਪਣਾ ਸਾਰਾ ਹੱਥ ਫੜਾਇਆ ਹੈ। ਤੁਸੀਂ ਜਿੰਨਾਂ ਰੱਖਣਾ ਹੈ ਰੱਖ ਲਵੋ ਬਾਕੀ ਪਿੱਛੇ ਕਰ ਦਿਓ। ਤੁਸੀਂ ਵੀ ਸ਼ਾਂਤੀ ਚਾਹੁੰਦੇ ਹੋ, ਅਸੀਂ ਵੀ ਚਾਹੁੰਦੇ ਹਾਂ, ਜੇਕਰ ਨਹੀਂ ਚਾਹੁੰਦੇ ਤਾਂ ਇਧਰਲੇ ਨਹੀਂ ਚਾਹੁੰਦੇ ਹੋਣਗੇ। (ਘੰਟੀ)

ਸ੍ਰੀ ਡਿਪਟੀ ਸਪੀਕਰ : ਗੁਪਤਾ ਜੀ, ਵਾਈਂਡ ਅੱਪ ਕਰੋ, ਕਨਕਲੂਡ ਕਰੋ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਪੁਲੀਟੀਕਲ ਸਪੀਚ ਬੰਦ ਕਰਦਾ ਹਾਂ, ਆਪਣੇ ਹਲਕੇ ਦੀ ਗੱਲ ਕਰਦਾ ਹਾਂ। ਮੈਂ ਥੋਹੜਾ ਜਿਹਾ ਪੁਲਿਸ ਤੇ ਗੱਲ ਕਰਨ ਲਗਾ ਹਾਂ। ਲਾਅ ਐਂਡ ਆਰਡਰ ਦੀ ਗੱਲ ਹੋ ਰਹੀ ਹੈ। ਪੁਲਿਸ ਦੇ ਬਾਰੇ ਵਿਚ ਮਜ਼ਮੂਨ ਛਪਿਆ ਹੈ ਟ੍ਰਿਬਿਊਨ ਵਿਚ 8 ਤਾਰੀਖ ਨੂੰ

"Police—Public symbiosis is missing."

ਮੈਂ ਇਸ ਵਿਚੋਂ ਬਹੁਤਾ ਨਹੀਂ ਪੜ੍ਹਦਾ, ਜੋ ਇਸ ਵਿਚ ਕਿਹਾ ਹੈ ਕਿ ਪੁਲਿਸ ਹਿੰਦੁਸਤਾਨ ਦੀ ਅੱਛੀ ਹੈ। ਇਹ ਨਹੀਂ ਕਿ ਭੈੜੀ ਹੈ। ਹੁਣ ਕੁਝ ਆਦਮੀ ਖਰਾਬ ਹੋ ਗਏ ਹਨ ਜਿਨ੍ਹਾਂ ਨੂੰ ਕਨ-ਟਰੋਲ ਨਹੀਂ ਕੀਤਾ ਜਾ ਰਿਹਾ। ਜਿਸ ਨਾਲ ਲਾਅ ਐਂਡ ਆਰਡਰ ਵੀ ਖਰਾਬ ਹੋਇਆ ਹੈ, ਅਸੀਂ ਵੀ ਬਦਨਾਮ ਹੁੰਦੇ ਹਾਂ, ਸਟੇਟ ਵੀ ਬਦਨਾਮ ਹੋ ਜਾਂਦੀ ਹੈ। ਉਸ ਨੂੰ ਦਰੁਸਤ ਕਰਨ ਦੀ ਜ਼ਰੂਰਤ ਹੈ। ਇਹ ਵੇਖਣ ਕਿ ਕਿਸ ਤਰ੍ਹਾਂ ਹੋ ਸਕਦਾ ਹੈ। ਇਥੇ ਤਾਂ ਇਹ ਗੱਲ ਹੈ, ਡਿਪਟੀ ਸਪੀਕਰ ਸਾਹਿਬ, ਕਿ ਹੁਣ ਥਾਣਿਆਂ ਵਿਚ ਸ਼ਰੀਫ ਆਦਮੀ ਜਾਣੋਂ ਡਰਦਾ ਹੈ, ਉਹ ਜਾ ਨਹੀਂ ਸਕਦਾ। ਜੇਕਰ ਇਹ ਸਿਚੂਏਸ਼ਨ ਹੋ ਜਾਵੇ ਤਾਂ ਪੁਲਿਸ ਦੀ ਕੌਣ ਤਾਰੀਫ ਕਰੇਗਾ, ਹਾਲਾਂ ਕਿ ਕੋਈ ਨਜਾਇਜ਼ ਸਾਨੂੰ ਲੈ ਕੇ

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਨਹੀਂ ਜਾਂਦਾ, ਕੋਈ ਉਥੇ ਨਜਾਇਜ਼ ਕੰਮ ਕਰਾਣ ਨਹੀਂ ਜਾਂਦਾ ਲੇਕਿਨ ਉਨ੍ਹਾਂ ਦਾ ਵਰਤਾਓ ਇਹ ਹੈ ਕਿ ਗਾਲ੍ਹ ਤੋਂ ਬਗੈਰ ਗੱਲ ਨਹੀਂ ਕਰਦੇ। ਮੈਂ ਇਹ ਨਹੀਂ ਕਹਿੰਦਾ ਕਿ ਅੱਛੇ ਪੁਲਿਸ ਮੁਲਾਜ਼ਮਾਂ ਦੀ, ਅੱਛੇ ਪੁਲਿਸ ਅਫਸਰਾਂ ਦੀ ਕਮੀ ਹੈ, ਕਈ ਹਨ ਲੇਕਿਨ ਜ਼ਿਆਦਾ ਇਸ ਕਿਸਮ ਦੇ ਆ ਗਏ ਹਨ।

ਥੋੜ੍ਹਾ ਜਿਹਾ ਮੈਂ ਅਰਬਨ ਡਿਵੈਲਪਮੈਂਟ ਦੇ ਬਾਰੇ ਸਵਾਲ ਵਿਚ ਵੀ ਗੱਲ ਕੀਤੀ ਸੀ। ਡਿਪਟੀ ਸਪੀਕਰ ਸਾਹਿਬ, ਸਾਡੇ ਸ਼ਹਿਰਾਂ ਦੇ ਵਿਚ ਖਾਸ ਤੌਰ ਤੇ ਪੰਜਾਬ ਸਰਕਾਰ ਦੀ ਨਿਗਾਹ ਨਹੀਂ ਹਾਲਾਂਕਿ ਜਿੰਨੇ ਅਸੀਂ ਟੈਕਸ ਦਿੰਦੇ ਹਾਂ, ਰੈਵੇਨਿਊ ਦਿੰਦੇ ਹਾਂ, ਹੋਰ ਕਿਸੇ ਪਾਸਿਉਂ ਨਹੀਂ ਆਉਂਦਾ। ਸਰਕਾਰ ਸਾਡੀ ਸ਼ਹਿਰਾਂ ਦੀ ਆਮਦਨ ਤੇ ਚਲਦੀ ਹੈ ਬਹੁਤੀ ਲੇਕਿਨ ਸਾਡੇ ਵਲ ਕੋਈ ਧਿਆਨ ਨਹੀਂ। 4 ਮਾਰਚ, 1987 ਨੂੰ ਲੁਧਿਆਣੇ ਕੇ.ਐਸ. ਚਾਵਲਾ ਟ੍ਰਿਬਿਊਨ ਦਾ ਹੈ, ਉਨ੍ਹਾਂ ਨੇ ਲਿਖਿਆ ਹੈ—

"Civic body makes a mess"

ਜੇਕਰ ਇਜਾਜ਼ਤ ਦਿਓ, ਥੋੜ੍ਹਾ ਜਿਹਾ ਪੜ੍ਹ ਦਿੰਦਾ ਹਾਂ:—

> "The affairs of the Municipal Corporation here are in a mess. Its Rs. 20 crore budget is hardly reflected in its activities. The city is one of the dirtiest in Punjab. Added to this is industrial pollution. The health wing of the Corporation has failed to perform its job of keeping the city clean. In fact there is overpowering stink in certain interior localities.

ਮੈਂ ਤੇ ਡਾਕਟਰ ਪਰਾਸ਼ਰ ਇੰਟੀਰੀਅਰ ਵਿਚ ਹਾਂ। ਇਹ ਸਿਵਿਲ ਲਾਈਨਜ਼ ਵਿਚ ਆਉਂਦਾ ਹੈ।

> "There is congestion because of the manifold rise in population. Civic amenities are woefully inadequate.
>
> There is said to be large-scale corruption and political interference in the Corporation.
>
> A senior Officer of the Punjab Government who was Commissioner of the Corporation estimated that hardly 10 to 15 per cent of the revenue of the Corporation was spent on development projects.

ਮੈਂ ਇਸ ਵਾਸਤੇ ਅਰਜ਼ ਕੀਤੀ ਹੈ ਕਿ ਇਹ ਜਿਹੜੇ ਜਰਨਲਿਸਟਸ ਹੁੰਦੇ ਹਨ ਇਹ ਕਿਸੇ ਦੀ ਫੇਵਰ ਨਹੀਂ ਕਰਦੇ ਔਰ ਨਾ ਹੀ ਕਿਸੇ ਨਾਲ ਦੁਸ਼ਮਣੀ ਕਰਦੇ ਹਨ। ਉਸ ਵੇਲੇ ਦੇ ਜੋ ਹਾਲਾਤ ਹੁੰਦੇ ਹਨ ਉਹ ਲਿਖ ਦਿੰਦੇ ਹਨ। ਅਸੀਂ ਤਾਂ ਕਿਸੇ ਵੇਲੇ ਡਿਪਲੋਮੇਸੀ ਕਰ ਜਾਂਦੇ ਹਾਂ ਪਰ ਉਹ ਕਿਸੇ ਵੇਲੇ ਝੂਠੀ ਗਲ ਨਹੀਂ ਲਿਖਦੇ। ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰ ਨੂੰ ਕੋਈ ਪਾਲਿਸੀ ਅਖ-ਤਿਆਰ ਕਰਨੀ ਚਾਹੀਦੀ ਹੈ ਜਿਸ ਨਾਲ ਸ਼ਹਿਰਾਂ ਦੀ ਬਹਿਤ੍ਰੀ ਹੋ ਸਕੇ। ਅਰਬਨ ਡਿਵੈਲਪਮੈਂਟ ਹੋ ਸਕੇ। ਇਹ ਸਰਕਾਰ ਸਿਰਫ ਪਿੰਡਾਂ ਤਕ ਹੀ ਨਾ ਰਹਿ ਜਾਏ। ਸਿਰਫ ਐਗਰੀਕਲਚਰ ਵਲ ਵੀ ਸਾਰਾ ਧਿਆਨ ਨਾ ਦੇ ਦੇਵੇ। ਚੰਗੀ ਗਲ ਹੈ ਇਨ੍ਹਾਂ ਨੇ ਉਨ੍ਹਾਂ ਨੂੰ ਕਈ ਕਰੋੜ ਰੁਪਏ ਦੀ ਰਾਹਤ ਦਿੱਤੀ ਹੈ ਪਰ ਗੌਰਮਿੰਟ ਦੇ ਰੈਵਨਿਊ ਵਿਚ ਸ਼ਹਿਰਾਂ ਵਾਲੇ ਵੀ ਬਹੁਤ ਹਿੱਸਾ ਪਾਉਂਦੇ ਹਨ। ਉਨ੍ਹਾਂ ਨੂੰ ਵੀ ਇਸ ਲਈ 10-15% ਤਾਂ ਰੈਵਨਿਊ ਦਾ ਹਿੱਸਾ ਵਾਪਸ ਕਰੋ ਜਿਸ ਨਾਲ ਸ਼ਹਿਰਾਂ ਦੀ ਤਰੱਕੀ ਹੋਵੇ। ਸ਼ਹਿਰਾਂ ਵਿਚ ਮਲਬਾ ਆ ਚੁੱਕਾ ਹੈ, ਸਫਾਈ ਨਹੀਂ ਹੋ ਰਹੀ, ਸੀਵਰੇਜ ਅਨਕੰਪਲੀਟ ਪਏ ਹਨ, ਪੋਲੂਸ਼ਨ ਅੱਗੇ ਨਾਲੋਂ ਬਹੁਤ ਜ਼ਿਆਦਾ ਹੋ ਗਈ ਹੈ, ਕੋਈ ਖਿਆਲ ਨਹੀਂ ਕੀਤਾ ਜਾ ਰਿਹਾ। ਗੰਦਗੀ ਫੈਲ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਜਿਹੜੇ ਨਵੇਂ ਏਰੀਆਜ਼ ਹਨ ਔਰ ਜਿਥੇ ਟਟ ਨਲਕੇ ਲਗ ਰਹੇ ਹਨ ਉਥੇ ਜਾ ਕੇ ਵੇਖੋ ਉਨ੍ਹਾਂ ਦੇ ਵਿਚੋਂ ਪਾਣੀ ਹੀ ਨੀਲੇ ਜਿਹੇ ਰੰਗ ਦਾ ਆਉਣ ਲਗ

ਪਿਆ ਹੈ। ਪੋਲੂਸ਼ਨ ਔਰ ਗੰਦਗੀ ਹੋਣ ਕਰਕੇ ਪਾਣੀ ਦਾ ਰੰਗ ਹੀ ਬਦਲ ਗਿਆ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਪੂਰੇ ਜ਼ੋਰ ਨਾਲ ਸ਼ਹਿਰਾਂ ਦੀ ਡਿਵੈਲਪਮੈਂਟ ਦਾ ਧਿਆਨ ਦੇਣਾ ਚਾਹੀਦਾ ਹੈ। (ਘੰਟੀ)

ਸ੍ਰੀ ਡਿਪਟੀ ਸਪੀਕਰ : ਤੁਹਾਡੇ ਹਲਕੇ ਦੀ ਗਲ ਬਹੁਤ ਹੋ ਗਈ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਚਲੋ ਕੋਈ ਹੋਰ ਗਲ ਕਰਦੇ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਇਕ ਗਲ ਲੇਬਰ ਦੇ ਬਾਰੇ ਕਰਦਾ ਹਾਂ ਉਨ੍ਹਾਂ ਨੂੰ ਬਹੁਤ ਤਕਲੀਫਾਂ ਆ ਰਹੀਆਂ ਹਨ। ਅੱਜ ਪੰਜਾਬ ਵਿਚ ਜਿੰਨੀ ਲੇਬਰ ਹੈ ਚਾਹੇ ਉਹ ਇੰਡਸਟਰੀ ਵਿਚ ਹੈ ਜਾਂ ਐਗਰੀਕਲਚਰ ਵਿਚ ਲਗੀ ਹੈ, ਜੇ ਇਹ ਨਾ ਹੁੰਦੀ ਤਾਂ ਪੰਜਾਬ ਦੀ ਐਨੀ ਤਰੱਕੀ ਨਹੀਂ ਸੀ ਹੋ ਸਕਦੀ। ਪਰ ਡਿਪਟੀ ਸਪੀਕਰ ਸਾਹਿਬ, ਇਸ ਗਵਰਨਰ ਐਡਰੈਸ ਵਿਚ ਇਸ ਲੇਬਰ ਬਾਰੇ, ਇਸ ਦੀ ਡਿਵੈਲਪਮੈਂਟ ਵਾਸਤੇ ਇਕ ਲਫਜ਼ ਵੀ ਨਹੀਂ ਲਿਖਿਆ ਗਿਆ। ਯਾਨੀ ਜਿਸ ਗਰੀਬ ਵਾਸਤੇ ਮੁੱਖ ਮੰਤਰੀ ਸਾਹਿਬ ਕਹਿੰਦੇ ਹਨ ਕਿ ਮੈਂ ਗਰੀਬ ਦਾ ਸੇਵਕ ਹਾਂ ਪਰ ਉਨ੍ਹਾਂ ਨੇ ਵੀ ਇਨ੍ਹਾਂ ਦੀ ਭਲਾਈ ਵਾਸਤੇ ਕੁਝ ਨਹੀਂ ਕੀਤਾ। ਮੈਂ ਦਸਦਾ ਹਾਂ ਕਿ ਜੇ ਉਹ ਇਨ੍ਹਾਂ ਵਲ ਧਿਆਨ ਨਾ ਦੇਣਗੇ ਤਾਂ ਕਿਸੇ ਨੇ ਇਨ੍ਹਾਂ ਨੂੰ ਗਰੀਬ ਨਹੀਂ ਕਹਿਣਾ। (ਘੰਟੀ) ਉਨ੍ਹਾਂ ਕੋਲ ਕੋਈ ਮਕਾਨ ਨਹੀਂ, ਕਦੇ ਉਹ ਸੜਕਾਂ ਤੇ ਰਹਿੰਦੇ ਹਨ ਕਦੇ ਉਹ ਸਟੇਸ਼ਨਾਂ ਤੇ ਜਾ ਕੇ ਰਹਿੰਦੇ ਹਨ ਜਾਂ ਕਦੇ ਕਾਰਖਾਨਿਆਂ ਦੇ ਬਾਹਰ ਪਏ ਰਹਿੰਦੇ ਹਨ। ਜਿਹੜੇ ਲੇਬਰ ਲਾਅ ਵੀ ਬਣੇ ਹਨ ਉਹ ਵੀ ਨਾਮ ਮਾਤਰ ਤਾਂ ਲੇਬਰ ਵਾਸਤੇ ਹਨ ਪਰ ਯੂਜ਼ ਉਨ੍ਹਾਂ ਨੂੰ ਮਾਲਕ ਹੀ ਕਰਦੇ ਹਨ। ਮਾਲਕ ਹੀ ਉਨ੍ਹਾਂ ਲਾਅਜ਼, ਦਾ ਫਾਇਦਾ ਲੈਂਦੇ ਹਨ। ਮੈਂ ਇਨ੍ਹਾਂ ਚੀਜ਼ਾਂ ਨੂੰ ਦੇਖਣ ਦੀ ਲੋੜ ਹੈ। (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਹੁਣ ਕਨਕਲੂਡ ਕਰੋ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਆਖਰ ਵਿਚ ਡਿਪਟੀ ਸਪੀਕਰ ਸਾਹਿਬ, ਮੈਂ ਫਿਰ ਇਹ ਕਹਿੰਦਾ ਹੋਇਆ ਕਿ ਜਿਸ ਮਜ਼ਦੂਰ ਨੇ ਐਗਰੀਕਲਚਰ ਵਿਚ ਤਰੱਕੀ ਕਰ ਕੇ ਦਿੱਤੀ ਹੈ, ਇੰਡਸਟਰੀ ਵਿਚ ਤਰੱਕੀ ਕੀਤੀ ਹੈ ਔਰ ਮਕਾਨ ਵਗੈਰਾ ਤਿਆਰ ਕੀਤੇ ਹਨ, ਉਨ੍ਹਾਂ ਦੀ ਬੇਹਤਰੀ ਵਾਸਤੇ ਸਰਕਾਰ ਨੂੰ ਜ਼ਰੂਰ ਕੁਝ ਨਾ ਕੁਝ ਕਰਨਾ ਚਾਹੀਦਾ ਹੈ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਮਾਸਟਰ ਮੋਹਨ ਲਾਲ (ਪਠਾਨਕੋਟ) : ਡਿਪਟੀ ਸਪੀਕਰ ਸਾਹਿਬ, ਇਸ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਲਈ ਤੁਸੀਂ ਭਾਰਤੀ ਜਨਤਾ ਪਾਰਟੀ ਨੂੰ ਟਾਈਮ ਦਿੱਤਾ ਹੈ, ਇਸ ਦੇ ਲਈ ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ। ਅੱਜ ਪੰਜਾਬ ਦੇ ਹਾਲਾਤ ਬਹੁਤ ਗੰਭੀਰ ਹਨ। (ਵਿਘਨ)

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਖੜ੍ਹੇ ਸਨ)।

ਸ੍ਰੀ ਡਿਪਟੀ ਸਪੀਕਰ : ਭੂੰਦੜ ਸਾਹਿਬ, ਤੁਹਾਡੀ ਪਾਰਟੀ ਦਾ ਟਾਈਮ ਖਤਮ ਹੋ ਚੁਕਾ ਹੈ। ਤੁਸੀਂ ਬੈਠ ਜਾਓ।

ਮਾਸਟਰ ਮੋਹਨ ਲਾਲ : ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਹਾਲਾਤ ਇਤਨੇ ਵਿਗੜ ਚੁੱਕੇ ਹਨ ਕਿ ਅੱਜ ਪੰਜਾਬ ਦਾ ਨੌਜਵਾਨ ਗੋਲੀਆਂ, ਦੋਨਾਲੀਆਂ ਦਾ ਇਸਤੇਮਾਲ ਕਰਨ ਲਗ ਪਿਆ ਹੈ, ਸਾਨੂੰ ਹਰ ਪਾਸੇ ਹਨੇਰਾ ਹੀ ਹਨੇਰਾ ਨਜ਼ਰ ਆ ਰਿਹਾ ਹੈ । निगाहें मुन्तजर थीं कब सहूरा जागे किरण फूटे यहां चो रात भी कुछ ग्रोर काली होती जा रही है ।

[ਮਾਸਟਰ ਮੋਹਨ ਲਾਲ]

ਲੋਕਾਂ ਨੂੰ ਇਸ ਅਕਾਲੀ ਪਾਰਟੀ ਦੀ ਸਰਕਾਰ ਬਣਨ ਦੇ ਨਾਲ ਬੜੀ ਵੱਡੀ ਉਮੀਦ ਸੀ ਕਿ ਇਨ੍ਹਾਂ ਦੀ ਸਰਕਾਰ ਬਣਨ ਦੇ ਨਾਲ ਪੰਜਾਬ ਵਿਚ ਸ਼ਾਂਤੀ ਹੋ ਜਾਵੇਗੀ ਅਤੇ ਆਸ਼ਾ ਦੀ ਇਕ ਕਿਰਣ ਨਜ਼ਰ ਆਉਂਦੀ ਸੀ ਅਤੇ ਉਮੀਦ ਸੀ ਕਿ ਇਹ ਖੂਨ ਖ਼ਰਾਬਾ ਖਤਮ ਹੋ ਜਾਵੇਗਾ ਅਤੇ ਫਿਰ ਆਪਣੇ ਪੁਰਾਣੇ ਗੁਰੂਆਂ ਪੀਰ ਪੈਗੰਬਰਾਂ ਦੀ ਧਰਤੀ ਉਤੇ ਸ਼ਾਂਤੀ ਆ ਜਾਵੇਗੀ ਅਤੇ ਪੁਰਾਣੀਆਂ ਲੀਹਾਂ ਉਤੇ ਪੰਜਾਬ ਚਲਣ ਲਗ ਜਾਵੇਗਾ ਪਰ ਅਕਾਲੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਦ ਐਸਾ ਨਹੀਂ ਹੋਇਆ ਅਤੇ ਵਾਤਾਵਰਨ ਪਹਿਲੇ ਨਾਲੋਂ ਵੀ ਜ਼ਿਆਦਾ ਖਰਾਬ ਹੋ ਗਿਆ। ਇਨ੍ਹਾਂ ਦਾ ਐਸ.ਪੀ. ਕੁਝ ਕਹਿੰਦਾ ਹੈ ਅਤੇ ਸਰਕਾਰ ਦਾ ਬਿਆਨ ਕੁਝ ਹੋਰ ਆ ਜਾਂਦਾ ਹੈ। ਐਸ.ਪੀ. ਸਾਹਿਬ ਕਹਿੰਦੇ ਹਨ ਕਿ ਮਨਿਸਟਰ ਸਾਹਿਬ ਨੇ ਆਪਣੇ ਲੜਕੇ ਨੂੰ ਛੁਡਾਉਣ ਲਈ ਆਪਣੇ ਬਾਡੀਗਾਰਡ ਦਾ ਇਸਤੇਮਾਲ ਕੀਤਾ ਅਤੇ ਮੁਲਾਜ਼ਮਾਂ ਉਤੇ ਸਟੇਨ ਗੰਨਾਂ ਨੂੰ ਤਾਨ ਲਿਆ ਜਿਸ ਕਰਕੇ ਮਨਿਸਟਰ ਸਾਹਿਬ ਆਪਣੇ ਲੜਕੇ ਨੂੰ ਅਦਾਲਤ ਵਿਚੋਂ ਲੈ ਗਏ ਪਰ ਦੂਜੇ ਪਾਸੇ ਸਰਕਾਰ ਕਹਿੰਦੀ ਹੈ ਕਿ ਐਸੀ ਕੋਈ ਗੱਲ ਨਹੀਂ ਹੋਈ ਅਤੇ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਐਸੀ ਕੋਈ ਗੱਲ ਨਹੀਂ ਹੋਈ ਹੈ। ਰੋਪੜ ਦਾ ਐਸ.ਐਸ.ਪੀ. ਇਕ ਨਾਮਾਨਿਗਾਰ ਨੂੰ ਕਹਿੰਦਾ ਹੈ ਕਿ ਜੇਕਰ ਤੂੰ ਜੇਲ੍ਹ ਵਿਚ ਫਲਾਣੇ ਬੰਦੇ ਨੂੰ ਮਿਲਣ ਗਿਆ ਤਾਂ ਤੈਨੂੰ ਵੀ ਅੰਦਰ ਕਰ ਦਿੱਤਾ ਜਾਵੇਗਾ ਅਤੇ ਤੇਰੀ ਕੋਈ ਗੱਲ ਨਹੀਂ ਸੁਣੀ ਜਾਵੇਗੀ, ਉਸ ਨੂੰ ਡਰਾਇਆ ਜਾਂਦਾ ਹੈ, ਧਮਕਾਇਆ ਜਾਂਦਾ ਹੈ।

ਪੰਜਾਬ ਵਿਚ ਰਾਸ਼ਟਰੀਆ ਸੋਇਮ ਸੇਵਕ ਸੰਘ ਦੇ ਲੋਕ ਸ਼ਾਖਾ ਲਗਾ ਕੇ ਦਿਨ ਦੇ ਵਕਤ ਸਵੇਰੇ ਮਾਤਰੀ ਗਾਨ ਕਰਦੇ ਹਨ ਤਾਂ ਉਨ੍ਹਾਂ ਨਿਰਦੋਸ਼ ਲੋਕਾਂ ਨੂੰ ਮਾਰਿਆ ਗਿਆ ਅਤੇ ਉਨ੍ਹਾਂ ਨੂੰ ਗੋਲੀਆਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਰੋਪੜ ਬਿਜਲੀ ਬੋਰਡ ਦੇ ਦੋ ਮੁਲਾਜ਼ਮ ਜਿਹੜੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਮੈਂਬਰ ਸਨ ਉਨ੍ਹਾਂ ਨੂੰ ਦਿਨ ਦਿਹਾੜੇ ਕਤਲ ਕਰ ਦਿੱਤਾ ਗਿਆ। ਇਸੇ ਤਰ੍ਹਾਂ ਮਾਂਗਟ ਸਾਹਿਬ ਦੇ ਲੜਕੇ ਨੂੰ ਕਤਲ ਕਰ ਦਿੱਤਾ। ਬੈਂਕਾਂ ਨੂੰ ਲੁਟਿਆ ਜਾ ਰਿਹਾ ਹੈ ਅਤੇ ਗੱਡੀਆਂ ਉਲਟਾਈਆਂ ਜਾ ਰਹੀਆਂ ਹਨ। ਪੰਜਾਬ ਦੇ ਹਾਲਾਤ ਨੂੰ ਵਿਗਾੜਿਆ ਜਾ ਰਿਹਾ ਹੈ ਅਤੇ ਖੂਨ ਖਰਾਬਾ ਕੀਤਾ ਜਾ ਰਿਹਾ ਹੈ। ਇਸ ਦੇ ਲਈ ਪੰਜਾਬ ਦਾ ਗਰੀਬ ਅਤੇ ਅਮੀਰ ਦੋਨੋ ਹੀ ਚਿੰਤਾ ਵਿਚ ਹਨ ਕਿ ਇਸ ਪੰਜਾਬ ਦਾ ਆਖਿਰ ਕੀ ਬਣੇਗਾ। ਸਾਨੂੰ ਬਰਨਾਲਾ ਸਾਹਿਬ ਤੋ ਬੜੀ ਉਮੀਦ ਸੀ ਕਿ ਇਹ ਹਾਲਾਤ ਉਤੇ ਕਾਬੂ ਪਾ ਲੈਣਗੇ। ਅਕਾਲੀ ਪਾਰਟੀ ਵਿਚ ਬਾਦਲ ਸਾਹਿਬ ਨੂੰ ਮੋਡਰੇਟ ਸਮਝਿਆ ਜਾਂਦਾ ਸੀ ਅਤੇ ਪੰਜਾਬੀਆਂ ਨੂੰ ਉਨ੍ਹਾਂ ਉਤੇ ਬੜੀ ਆਸ ਸੀ ਕਿ ਉਹ ਇਸ ਪੰਜਾਬ ਵਿਚ ਲਗੀ ਅੱਗ ਦੇ ਭਾਂਬੜ ਨੂੰ ਬੁਝਾ ਦੇਣਗੇ ਅਤੇ ਹਾਲਾਤ ਨੂੰ ਠੀਕ ਕਰਨ ਵਿਚ ਪੰਜਾਬ ਦੇ ਲੋਕਾਂ ਦੀ ਬਾਂਹ ਫੜਨਗੇ। ਪਰ ਬਾਦਲ ਸਾਹਿਬ ਵੀ ਅੱਤਵਾਦੀਆਂ ਦਾ ਸਾਥ ਦੇਣ ਲਗ ਪਏ। ਬੜੇ ਅਫਸੋਸ ਦੀ ਗੱਲ ਹੈ ਕਿ ਅੱਤਵਾਦ ਨੂੰ ਖਤਮ ਕਰਨ ਲਈ ਕੁਝ ਨਹੀਂ ਸਰਕਾਰ ਵਲੋਂ ਕੀਤਾ ਜਾ ਰਿਹਾ। ਸਾਨੂੰ ਸਾਰਿਆਂ ਨੂੰ ਪੰਜਾਬ ਵਿਚ ਮਾਹੌਲ ਸੁਖਾਵਾਂ ਬਣਾਉਣ ਵਿਚ ਮਦਦ ਕਰਨੀ ਚਾਹੀਦੀ ਹੈ ਪਰ ਇਸ ਤਰਫ ਅਕਾਲੀ ਪਾਰਟੀ ਵਲੋਂ ਕੁਝ ਨਹੀਂ ਕੀਤਾ ਗਿਆ। ਇਸ ਅਕਾਲੀ ਪਾਰਟੀ ਨੂੰ ਮਾਸ ਮੈਨਡੇਟ ਮਿਲਿਆ ਸੀ। ਇਹ ਸੰਤ ਜੀ ਦੇ ਪੈਰੋਕਾਰ ਸਨ ਅਤੇ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਇਕ ਨਵਾਂ ਰਸਤਾ ਅਤੇ ਪੁਰਾਣੀਆਂ ਲੀਹਾਂ ਤੇ ਚਲਾਉਣ ਲਈ ਕੋਸ਼ਿਸ਼ ਕੀਤੀ ਪਰ ਕਿੰਨੇ ਅਫਸੋਸ ਦੀ ਗੱਲ ਹੈ ਕਿ ਅੱਤਵਾਦ ਨੇ ਸੰਤ ਜੀ ਨੂੰ ਖਤਮ ਕਰ ਦਿੱਤਾ ਅਤੇ ਉਨ੍ਹਾਂ ਦਾ ਸੁਪਨਾ ਮਿਟਾ ਦਿੱਤਾ। ਉਨ੍ਹਾਂ ਨੇ ਆਪਣੀ ਕੁਰਬਾਨੀ ਦੇ ਦਿੱਤੀ ਤਾਕਿ ਪੰਜਾਬ ਵਿਚ ਜਿਹੜਾ ਖੂਨ ਖਰਾਬੇ ਦਾ ਮਾਹੌਲ ਚਲ ਰਿਹਾ ਹੈ ਇਹ ਬੰਦ ਹੋ ਜਾਵੇ ਸੁਖਾਵਾਂ ਵਾਤਾਵਰਨ ਪੈਦਾ ਹੋਵੇ। ਫੇਰ ਪੰਜਾਬ ਦੀ ਜਨਤਾ ਨੂੰ ਇਸ

ਅਕਾਲੀ ਪਾਰਟੀ ਦੀ ਸਰਕਾਰ ਤੋਂ ਪੂਰੀ ਉਮੀਦ ਸੀ ਕਿ ਉਹ ਪੰਜਾਬ ਵਿਚ ਵਾਤਾਵਰਨ ਠੀਕ ਕਰਨਗੇ ਅਤੇ ਸੁਖਾਵਾਂ ਮਾਹੌਲ ਪੈਦਾ ਹੋ ਜਾਵੇਗਾ ਪਰ ਇਹ ਕੁਝ ਨਹੀਂ ਕਰ ਸਕੇ। ਇਸ ਸਬੰਧ ਵਿਚ ਸਾਡੀ ਭਾਰਤੀ ਜਨਤਾ ਪਾਰਟੀ ਨੇ ਇਕ ਵਾਈਟ ਪੇਪਰ ਸ਼ਾਇਆ ਕੀਤਾ ਸੀ। ਡਿਪਟੀ ਸਪੀਕਰ ਸਾਹਿਬ, ਅਕਾਲੀ ਸਰਕਾਰ ਜਿਸ ਨੂੰ ਸਭੇ ਸਾਂਝੀਵਾਲ ਦੀ ਸਰਕਾਰ ਕਹਿਣਾ ਚਾਹੀਦਾ ਸੀ, ਲੋਕਾਂ ਨੇ ਇਨ੍ਹਾਂ ਨੂੰ ਵੋਟਾਂ ਪਾ ਕੇ 73 ਸੀਟਾਂ ਦਿੱਤੀਆਂ। ਪਰ ਅਫਸੋਸ ਹੈ ਕਿ ਇਕ ਫਿਰਕੇ ਦੇ ਲੋਕਾਂ ਨੂੰ ਹੀ ਤਰਜੀਹ ਦਿਤੀ ਗਈ, ਦੂਸਰੇ ਫਿਰਕੇ ਦੇ ਲੋਕਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਭਾਰਤੀ ਜਨਤਾ ਪਾਰਟੀ ਨੇ ਡਿਪਟੀ ਸਪੀਕਰ ਸਾਹਿਬ, ਵਾਈਟ ਪੇਪਰ ਜਾਰੀ ਕੀਤਾ ਸੀ। ਇਹ ਵਾਈਟ ਪੇਪਰ ਸ਼ਾਇਆ ਕੀਤਾ ਗਿਆ ਹੈ ਜੋ ਕਿ ਮੈਂ ਪੜ੍ਹ ਕੇ ਦਸਣਾ ਚਾਹੁੰਦਾ ਹਾਂ:—

यह बात अत्यन्त दुर्भाग्यपूर्ण हैं कि अकाली सरकार ने पंजाब सरकार की नीतियों को इस प्रकार सम्प्रदायक दिशा में मोड़ दिया है कि उससे समूचे राज्य का कामकाज प्रभावित हुआ है। अकाली सरकार ने एक साम्प्रदाय विशेष की साम्प्रदायक भावनाओं को संतुष्ट करने की कोशिश करते हुए दूसरे समुदाय के साथ वितकरा किया है और इस बात की ज़रा भी परवाह नही की देश में और विशेषकर इस समुदाय पर समूचे तौर पर इसका प्रभाव पढ़ सकता है। सरकारी नौकरियां, पदों और देश के विभिन्न भागों में समाज में कर्जे के रूप सिख सवाच्च श्रेणी सुपर क्लास नागरिकों के दर्जे के पहले ही मज़े लूट रहे हैं।

ਡਿਪਟੀ ਸਪੀਕਰ ਸਾਹਿਬ, ਅਕਾਲੀ ਸਰਕਾਰ ਤੋਂ ਬਹੁਤ ਸਾਰੇ ਲੋਕਾਂ ਨੂੰ ਉਮੀਦਾਂ ਸਨ ਪਰ ਅਕਾਲੀ ਸਰਕਾਰ ਨੇ ਸੰਪਰਦਾਇਕਤਾ ਨੂੰ ਨੰਗਾ ਕੀਤਾ ਹੈ। ਜਿਹੜੀਆਂ ਮਾਰਕਿਟ ਕਮੇਟੀਆਂ ਬਣਾਈਆਂ ਗਈਆਂ ਹਨ ਉਨ੍ਹਾਂ ਵਿਚ 100 ਚੇਅਰਮੈਨ ਵਿਚੋਂ 99 ਇਕ ਜਾਤੀ ਦੇ ਹੀ ਚੇਅਰਮੈਨ ਲਗਾਏ ਗਏ ਹਨ। ਦੂਸਰੀ ਜਾਤੀ ਦੇ ਲੋਕਾਂ ਨੂੰ ਨਰਾਜ਼ ਕਰ ਦਿੱਤਾ ਗਿਆ ਹੈ। ਜਿਵੇਂ ਕਿ ਇਥੋਂ ਪੰਜਾਬ ਵਿਚੋਂ ਕੋਈ ਹੋਰ ਹੀ ਬੰਦਾ ਨਹੀਂ ਸੀ ਇਕੋ ਫਿਰਕੇ ਦੇ ਬੰਦੇ ਬਾਹਰੋਂ ਲਿਆ ਕੇ ਐਡਜਸਟ ਕੀਤੇ ਗਏ। ਇਕ ਫਿਰਕੇ ਦੇ ਲੋਕਾਂ ਨੂੰ ਲਾਭ ਪਹੁੰਚਾਇਆ ਗਿਆ ਹੈ। ਡਿਪਟੀ ਸਪੀਕਰ ਸਾਹਿਬ, 100 ਵਾਈਸ ਚੇਅਰਮੈਨ ਅਪੁਆਇੰਟ ਜੇਕਰ ਕੀਤੇ ਗਏ ਹਨ ਤਾਂ 100 ਵਿਚੋਂ 88 ਇੱਕ ਸੰਪਰਦਾਏ ਦੇ ਵਾਈਸ ਚੇਅਰਮੈਨ ਲਗਾਏ ਗਏ ਹਨ। ਡਿਪਟੀ ਸਪੀਕਰ ਸਾਹਿਬ, ਬਾਕੀ ਥਾਵਾਂ ਤੇ ਵੀ ਇਕ ਫਿਰਕੇ ਦੇ ਲੋਕਾਂ ਨੂੰ ਅਪੁਆਇੰਟ ਕੀਤਾ ਗਿਆ ਹੈ। ਦੂਜੇ ਫਿਰਕੇ ਦੇ ਲੋਕਾਂ ਨੂੰ ਬਿਲਕੁਲ ਅਖੋਂ ਓਹਲੇ ਕਰ ਦਿੱਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਕਾਰਪੋਰੇਸ਼ਨਾਂ ਅੰਦਰ 50 ਚੇਅਰਮੈਨ, ਮੈਨੇਜਿੰਗ ਡਾਇਰੈਕਟਰ, ਐਗਜ਼ੈਕਟਿਵ ਆਫੀਸਰ ਸਭ ਇਕੋ ਫਿਰਕੇ ਦੇ ਲੋਕਾਂ ਨੂੰ ਹੀ ਅਪੁਆਇੰਟ ਕੀਤਾ ਗਿਆ ਹੈ। 15 ਆਈ.ਏ.ਐਸ. ਅਤੇ ਪੀ.ਸੀ.ਐਸ. ਅਫਸਰ ਲਗਾਏ ਗਏ ਹਨ। ਡਿਪਟੀ ਸਪੀਕਰ ਸਾਹਿਬ, 35 ਚੇਅਰਮੈਨ ਵਿਚੋਂ 34 ਚੇਅਰਮੈਨ ਇਕ ਫਿਰਕੇ ਦੇ ਲੋਕਾਂ ਨੂੰ ਹੀ ਅਪੁਆਇੰਟ ਕੀਤਾ ਗਿਆ। ਜਿਸ ਵਿਚ ਚੇਅਰਮੈਨ, ਐਗਜ਼ੈਕਟਿਵ ਆਫੀਸਰ ਅਤੇ ਮੈਨੇਜਿੰਗ ਡਾਇਰੈਕਟਰ ਆਉਂਦੇ ਹਨ। ਅਕਾਲੀ ਸਰਕਾਰ ਨੂੰ ਦੂਸਰੇ ਫਿਰਕੇ ਦੇ ਲੋਕਾਂ ਨੂੰ ਵੀ ਭਰਤੀ ਕਰਨਾ ਚਾਹੀਦਾ ਸੀ। ਪਰ ਅਜਿਹਾ ਨਹੀਂ ਕੀਤਾ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ (ਸਰਦਾਰ ਦਲੀਪ ਸਿੰਘ ਪਾਂਧੀ): ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਦੱਸਣ ਕਿ ਜਿਹੜਾ ਮੀਤ ਚੇਅਰਮੈਨ ਮਾਰਕੀਟ ਕਮੇਟੀ, ਪਠਾਨਕੋਟ ਲਗਾਇਆ ਗਿਆ ਹੈ, ਉਹ ਕਿਸ ਸੰਪਰਦਾਏ ਦੇ ਨਾਲ ਸਬੰਧ ਰਖਦਾ ਹੈ। (ਹਾਸਾ) ਅਸੀਂ ਸਾਰੇ ਫਿਰਕੇ ਦੇ ਲੋਕਾਂ ਨੂੰ ਰਖਦੇ ਹਾਂ।

ਮਾਸਟਰ ਮੋਹਨ ਲਾਲ : ਡਿਪਟੀ ਸਪੀਕਰ ਸਾਹਿਬ, ਇਹ ਬਿਨਾਂ ਕਿਸੇ ਜਾਣਕਾਰੀ ਦੇ ਹੀ ਕਰ ਦਿੱਤਾ (ਵਿਘਨ) (ਸ਼ੋਰ) (ਹਾਸਾ) ਇਥੇ ਡਿਪਟੀ ਸਪੀਕਰ ਸਾਹਿਬ, ਰੌਲਾ ਪਾ ਰਹੇ ਹਨ ਮੇਰੇ ਭਰਾ ਦੀ ਨੌਮੀਨੇਸ਼ਨ 24 ਤਾਰੀਖ ਨੂੰ ਕੀਤੀ ਗਈ ਸੀ ਜਦ ਕਿ 17 ਤਾਰੀਖ ਨੂੰ ਰੇਜ਼ਿਗਨੇਸ਼ਨ ਦੇ ਦਿੱਤਾ ਸੀ

ਸਰਦਾਰ ਕੁਲਵੰਤ ਸਿੰਘ ਐਡਵੋਕੇਟ : ਆਨ ਏ ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ। ਇਨ੍ਹਾਂ ਦਾ ਭਰਾ ਜਿਹੜਾ ਹੈ, ਉਹ ਵਾਈਸ ਚੇਅਰਮੈਨ ਪਠਾਨਕੋਟ ਕਮੇਟੀ ਦਾ ਬਣਾਇਆ ਗਿਆ ਹੈ। ਬਟਾਲੇ ਵਿੱਚ ਸਰਦਾਰੀ ਲਾਲ ਨੂੰ ਵਾਈਸ ਚੇਅਰਮੈਨ, ਮਾਰਕੀਟ ਕਮੇਟੀ ਦਾ ਬਣਾਇਆ ਗਿਆ ਹੈ। ਇਨ੍ਹਾਂ ਦੀ ਲਿਖਤੀ ਸਿਫਾਰਸ਼ ਤੇ ਇਨ੍ਹਾਂ ਦੇ ਭਰਾ ਨੂੰ ਵਾਈਸ ਚੇਅਰਮੈਨ ਬਣਾਇਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਮਪਰੂਵਮੈਂਟ ਟਰੱਸਟ, ਬਟਾਲਾ ਵਿੱਚ ਵੀ 3-4 ਹਿੰਦੂ ਲਏ ਹਨ। ਇਨ੍ਹਾਂ ਦੇ ਐਲੀਗੇਸ਼ਨ ਗਲਤ ਹਨ। ਇਹ ਹਾਊਸ ਨੂੰ ਗੁੰਮਰਾਹ ਕਰ ਰਹੇ ਹਨ ਝੂਠ ਬੋਲ ਰਹੇ ਹਨ

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਠੋ ਜੀ। ਸਰਦਾਰ ਦਿਲਬਾਗ ਸਿੰਘ ਜੀ ਆਨ ਏ ਪੁਆਇੰਟ ਆਫ ਆਰਡਰ।

ਸਰਦਾਰ ਦਿਲਬਾਗ ਸਿੰਘ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦਾ ਕੋਈ ਕਸੂਰ ਨਹੀਂ ਇਨ੍ਹਾਂ ਦਾ ਜਿਹੜਾ ਭਰਾ ਸੀ, ਉਹ ਟੈਕਨੀਕਲ ਆਦਮੀ ਸੀ। ਕੋਈ ਹੋਰ ਇਸ ਕੁਆਲੀਫਿਕੇਸ਼ਨ ਦਾ ਬੰਦਾ ਹੈ ਨਹੀਂ ਸੀ, ਇਸ ਕਰਕੇ ਉਸਨੂੰ ਲਾਇਆ ਸੀ

ਮਾਸਟਰ ਮੋਹਨ ਲਾਲ : ਸਵਾਲ ਤਾਂ ਇਹ ਹੈ ਕਿ ਉਸ ਆਦਮੀ ਦਾ ਰੇਜ਼ੀਗਨੇਸ਼ਨ ਕਦੋਂ ਆਇਆ ?

ਸ੍ਰੀ ਡਿਪਟੀ ਸਪੀਕਰ : ਮਾਸਟਰ ਮੋਹਨ ਲਾਲ ਜੀ, ਤੁਸੀਂ ਚੇਅਰ ਨੂੰ ਐਡਰੈਸ ਕਰੋ।

ਮਾਸਟਰ ਮੋਹਨ ਲਾਲ : ਜਿਸ ਸਰਕਾਰ ਤੋਂ ਪੰਜਾਬ ਦੇ ਸਮੂਹਿਕ ਲੋਕਾਂ ਨੂੰ ਇਸ ਗੱਲ ਦਾ ਮਾਣ ਸੀ ਕਿ ਇਸ ਸਰਕਾਰ ਨੇ ਮਾਸ ਮੈਨਡੇਟ ਲੈ ਕੇ ਪੰਜਾਬ ਦਾ ਮਾਹੌਲ ਸੁਖਾਵਾਂ ਬਨਾਉਣ ਵਿੱਚ ਹਰ ਪਾਸਿਉਂ ਕੋਸ਼ਿਸ਼ ਕਰਨ ਦੀ ਪ੍ਰਤਿਗਿਆ ਕੀਤੀ ਸੀ, ਉਸੇ ਸਰਕਾਰ ਨੇ ਮੱਲੋਮੱਲੀ ਇਕੋ ਫਿਰਕੇ ਦੀਆਂ ਗੱਲਾਂ ਵੱਲ ਧਿਆਨ ਦਿੱਤਾ। ਇਕੋ ਫਿਰਕੇ ਦੀਆਂ ਗਲਾਂ ਵੱਲ ਧਿਆਨ ਦੇ ਦੇ ਕੇ ਇਸਨੇ ਪੰਜਾਬ ਦੀ ਫਿਜ਼ਾ ਨੂੰ ਖਰਾਬ ਕੀਤਾ ਹੈ। ਜਿਹੜੀਆਂ ਗੱਲਾਂ ਵੱਲ ਪਹਿਲ ਦੇਣ ਦੀ ਲੋੜ ਸੀ, ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਮੈਂ ਕਹਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਅੱਜ ਸਾਰੇ ਪੰਜਾਬ ਦੀਆਂ ਹੀ ਨਹੀਂ, ਬਲਕਿ ਸਾਰੇ ਹਿੰਦਸਤਾਨ ਦੀਆਂ ਸਾਰੀਆਂ ਰਾਜਨੀਤਕ ਆਪੋਜ਼ੀਸ਼ਨ ਪਾਰ-ਟੀਆਂ ਅਤੇ ਰੂਲਿੰਗ ਪਾਰਟੀਆਂ ਨੇ ਬਰਨਾਲਾ ਸਾਹਿਬ ਨੂੰ ਆਪਣੀ ਹਮਾਇਤ ਪੂਰੀ ਤਰ੍ਹਾਂ ਦੇਣ ਦਾ ਯਤਨ ਕੀਤਾ ਹੈ ਕਿ ਬਰਨਾਲਾ ਸਾਹਿਬ ਤਕੜੇ ਹੋ ਕੇ ਉਗਰਵਾਦ ਦੇ ਬਰਖਿਲਾਫ਼ ਜੰਗ ਲੜ ਸਕਣ ਅਕਾਲੀ ਪਾਰਟੀ ਦਾ ਇਤਿਹਾਸ ਦੁਹਰਾਉਣ ਦੀ ਲੋੜ ਹੈ। ਅੱਜ ਬੜਾ ਟੈਂਡਰ ਮਸਲਾ ਸਮਾਜ ਵਿੱਚ ਆਇਆ ਹੈ, ਧਰਮ ਔਰ ਰਾਜਨੀਤੀ ਨੂੰ ਇਕੱਠਾ ਕੀਤਾ ਜਾਣਾ ਚਾਹੀਦਾ ਹੈ ਕਿ ਨਹੀਂ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਆਨ ਏ ਪੁਆਇੰਟ ਆਫ ਆਰਡਰ, ਡਿਪਟੀ ਸਪੀਕਰ ਸਾਹਿਬ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਸਾਰੀਆਂ ਪਾਰਟੀਆਂ ਨੇ ਬਰਨਾਲਾ ਸਾਹਿਬ ਦਾ

ਸਮਰਥਨ ਕੀਤਾ। ਕੀ ਇਨ੍ਹਾਂ ਦੀ ਪਾਰਟੀ ਲੁਧਿਆਣੇ ਵਿੱਚ ਵੀ ਗਈ ਸੀ ਹੁਣੇ ਜਦੋਂ ਆਲ ਪਾਰਟੀਜ਼ ਕਨਵੈਨਸ਼ਨ ਹੋਈ ਸੀ ?

ਮਾਸਟਰ ਮੋਹਨ ਲਾਲ : ਪੰਡਿਤ ਸਰਵਣ ਰਾਮ ਜੀ ਨੇ ਇਕ ਬੜਾ ਅਹਿਮ ਮਸਲਾ ਚੁਕਿਆ ਹੈ। ਮੇਰੀ ਪਾਰਟੀ ਦਾ ਸਟੈਂਡ ਬਿਲਕੁਲ ਸਿੱਧਾ ਹੈ। ਅਸੀਂ ਹਰ ਉਸ ਸ਼ਖਸ ਦੇ ਨਾਲ ਹਾਂ, ਭਾਰਤੀਯ ਜਨਤਾ ਪਾਰਟੀ ਹਰ ਉਸ ਸ਼ਖਸ ਦੇ ਨਾਲ ਹੈ, ਜਿਹੜਾ ਉਗਰਵਾਦ ਦੇ ਖਿਲਾਫ ਲੜਨ ਵਾਸਤੇ ਤਿਆਰ ਹੈ। ਅਸੀਂ ਬਰਨਾਲਾ ਸਾਹਿਬ ਨਾਲ ਨਹੀਂ, ਉਨ੍ਹਾਂ ਦੀ ਨੀਤੀ ਦੇ ਨਾਲ ਹਾਂ, ਉਨ੍ਹਾਂ ਦੀ ਉਗਰਵਾਦੀਆਂ ਨੂੰ ਨੱਥ ਪਾਉਣ ਦੀ ਨੀਤੀ ਅਪਣਾਏ ਜਾਣ ਦੇ ਨਾਲ ਹਾਂ। ਉਗਰਵਾਦ ਦੇ ਖਿਲਾਫ ਹੁਣ ਬਰਨਾਲਾ ਸਰਕਾਰ ਖੜ੍ਹੀ ਹੋਈ ਹੈ। ਪੰਜਾਬ ਦੇ ਅੰਦਰ ਇਕ ਬਹੁਤ ਟੈਂਡਰ ਇਸ਼ੂ, ਬਲਕਿ ਦੇਸ਼ ਦੇ ਅੰਦਰ ਹੀ ਇਕ ਬਹੁਤ ਟੈਂਡਰ ਇਸ਼ੂ ਸ਼ੁਰੂ ਹੋਇਆ ਹੈ ਧਰਮ ਔਰ ਰਾਜਨੀਤੀ ਦਾ। ਧਰਮ ਕਿਸੇ ਵੀ ਵਿਅਕਤੀ ਦੀ ਇਕ ਨਿੱਜੀ ਮਾਨਿਅਤਾ ਹੈ, ਨਿੱਜੀ ਵਿਚਾਰਧਾਰਾ ਹੈ। ਮੈਂ ਅਗਰ ਮੰਦਰ, ਗੁਰਦੁਆਰਾ, ਮਸਜਿਦ ਜਾਂ ਗਿਰਜਾਘਰ ਜਾਂਦਾ ਹੈ, ਤਾਂ ਇਹ ਮੇਰੀ ਨਿੱਜੀ ਗੱਲ ਹੈ। ਇਸ ਨੂੰ ਰਾਜਨੀਤੀ ਦੇ ਚੁਰਾਹਿਆਂ ਵਿਚ ਲਿਆ ਕੇ ਇਸ ਦੀ ਬੇਅਦਬੀ ਨਹੀਂ ਕੀਤੀ ਜਾਣੀ ਚਾਹੀਦੀ। ਧਰਮ ਇਕ ਬੜੀ ਵੰਦਨੀਯ ਅਤੇ ਪਵਿੱਤਰ ਚੀਜ਼ ਹੈ। ਇਸ ਨੂੰ ਕਿਸੇ ਵੀ ਵਿਅਕਤੀ ਦੀ ਰਾਜਨੀਤੀ ਨਾਲ ਨਾ ਜੋੜ ਕੇ ਇਸ ਦੀ ਬੇਅਦਬੀ ਨਹੀ ਕਰਨੀ ਚਾਹੀਦੀ। ਮੈਂ ਅਕਾਲੀ ਸਰਕਾਰ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਅੱਜ ਤੋਂ ਚਾਰ ਪੰਜ ਸਾਲ ਪਹਿਲਾਂ ਇਸ ਪੰਜਾਬ ਦੀ ਧਰਤੀ ਤੇ ਅਕਾਲੀ ਪਾਰਟੀ ਵਲੋਂ ਆਪਣੀਆਂ ਮੰਗਾਂ ਮਨਵਾਉਣ ਵਾਸਤੇ ਇਕ ਧਰਮ ਯੁਧ ਮੋਰਚਾ ਲਗਾਇਆ ਗਿਆ ਸੀ। ਧਰਮ ਯੁਧ ਮੋਰਚਾ ਅਗਰ ਚਲਾਉਣਾ ਸੀ ਤਾਂ ਉਸ ਦਾ ਨਾਂ ਪਾਣੀ ਦਾ ਮੋਰਚਾ, ਨਹਿਰ ਦਾ ਮੋਰਚਾ ਜਾਂ ਕੁਝ ਹੋਰ ਨਾਂ ਰੱਖ ਲੈਂਦੇ। ਪਰ ਇਸ ਨੂੰ ਧਰਮ ਦੇ ਨਾਂ ਨਾਲ ਨਹੀਂ ਜੋੜਣਾ ਚਾਹੀਦਾ। ਅੱਜ ਬਰਨਾਲਾ ਸਾਹਿਬ ਕਹਿੰਦੇ ਹਨ ਕਿ ਧਰਮ ਔਰ ਰਾਜਨੀਤੀ ਵਖਰੀ ਚੀਜ਼ ਹੈ। ਜਗ੍ਹਾ ਜਗ੍ਹਾ ਤੇ ਵਿਸ਼ਾਲ ਰੈਲੀਆਂ ਕਰਕੇ ਇੱਕ ਵਾਤਾਵਰਨ ਪੰਜਾਬ ਦੇ ਅੰਦਰ ਪੈਦਾ ਕਰਨ ਵਾਸਤੇ ਇਹ ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਪੰਜਾਬ ਦੇ ਅੰਦਰ ਸਾਰੀਆਂ ਆਪੋ-ਜ਼ੀਸ਼ਨ ਪਾਰਟੀਆਂ ਸੀ.ਪੀ.ਆਈ., ਸੀ.ਪੀ.ਆਈ (ਐਮ), ਭਾਰਤੀਯ ਜਨਤਾ ਪਾਰਟੀ, ਜਨਤਾ ਪਾਰਟੀ ਔਰ ਕਾਂਗਰਸ ਪਾਰਟੀ ਇਨ੍ਹਾਂ ਸਾਰੀਆਂ ਪਾਰਟੀਆਂ ਨੇ ਇਕ ਮੁੱਠ ਹੋ ਕੇ ਅਗਰ ਬਰਨਾਲਾ ਸਾਹਿਬ ਦਾ ਸਮਰਥਨ ਕੀਤਾ ਹੈ ਤਾਂ ਸਿਰਫ ਇਸ ਕਰਕੇ ਕਿ ਬਰਨਾਲਾ ਸਾਹਿਬ ਇਸ ਗਲ ਤੇ ਖੜ੍ਹੇ ਹੋਏ ਹਨ ਕਿ ਉਗਰਵਾਦ ਨੂੰ ਪੰਜਾਬ ਦੀ ਪਵਿੱਤਰ ਧਰਤੀ ਤੋਂ ਦੂਰ ਕਰਨਾ ਹੈ। ਇਸ ਵਾਸਤੇ ਦੇਸ਼ ਭਰ ਦੀਆਂ ਸਾਰੀਆਂ ਆਪੋਜ਼ੀਸ਼ਨ ਪਾਰਟੀਆਂ ਨੇ ਇਨ੍ਹਾਂ ਨੂੰ ਸਮਰਥਨ ਦਿੱਤਾ ਹੈ। ਇਸ ਲਈ ਬਰਨਾਲਾ ਸਾਹਿਬ ਨੂੰ ਅਸੀਂ ਇਸ ਗਲ ਦੀ ਪ੍ਰਾਰਥਨਾ ਕਰਦੇ ਹਾਂ ਕਿ ਜਿਹੜਾ ਰਾਜਾ ਹੁੰਦਾ ਹੈ ਜਿਸ ਨੂੰ ਦੇਸ਼ ਦੀ ਹਕੂਮਤ ਸੰਭਾਲੀ ਜਾਂਦੀ ਹੈ, ਅਗਰ ਉਹ ਆਪਣੇ ਪਰਿਵਾਰ ਦਾ ਡਰ ਰਖ ਕੇ ਹਕੂਮਤ ਚਲਾਏਗਾ ਤਾਂ ਉਹ ਨਿਆਂ ਨਹੀਂ ਕਰ ਸਕੇਗਾ। ਬਰਨਾਲਾ ਸਾਹਿਬ ਨੂੰ ਸੰਸਕ੍ਰਿਤ ਦਾ ਇਕ ਸਲੋਕ ਯਾਦ ਕਰਾਉਣਾ ਚਾਹੁੰਦਾ ਹਾਂ। ਅਰਜੁਨ ਨੇ ਸਾਹਮਣੇ ਜਦੋਂ ਵੇਖਿਆ ਤਾਂ ਉਸ ਨੇ ਸੋਚਿਆ ਕਿ ਮੇਰੇ ਸਾਹਮਣੇ ਮੇਰੀ ਬਰਾਦਰੀ ਖੜ੍ਹੀ ਮੇਰੇ ਰਿਸ਼ਤੇਦਾਰ ਖੜ੍ਹੇ ਹਨ। ਇਸ ਤੇ ਮੈਂ ਤੀਰ ਕਿਵੇਂ ਚਲਾਵਾਂਗਾ। ਤਾਂ ਉਸ ਵੇਲੇ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਬਹੁਤ ਹੀ ਅਛੇ ਤਰੀਕੇ ਨਾਲ ਉਸ ਨੂੰ ਪ੍ਰੇਰਨਾ ਦਿੱਤੀ। ਉਹ ਸਲੋਕ ਅਰਜਨ ਨੂੰ ਸੁਣਾਇਆ।

हत्वा वा प्राप्यसि स्वर्गं, जीत्वा वा मोक्ष्यसि महीप युद्धाय कृत निश्चय: ।

ਅਗਰ ਜੀਤ ਜਾਵੇਗਾ ਤਾਂ ਧਰਤੀ ਦਾ ਰਾਜਾ। ਅਗਰ ਮਰ ਜਾਏਂਗਾ ਤਾਂ ਸਵਰਗ ਦਾ ਰਾਜ ਮਿਲੇਗਾ। ਅਰਜਨ ਯੁਧ ਦਰਿੜ੍ਹ ਨਿਸ਼ਚੇ ਨਾਲ ਕਰ। ਕਿਸੇ ਕਿਸਮ ਦਾ ਮਨ ਵਿਚ ਭਾਓ ਰਖਦੇ ਇਹ ਯੁਧ ਨਹੀਂ ਲੜ ਸਕੇਂਗਾ।

ਸ਼੍ਰੀ ਡਿਪਟੀ ਸਪੀਕਰ : ਮਾਸਟਰ ਮੋਹਨ ਲਾਲ ਜੀ, ਜਿਹੜੀ ਤੁਸੀਂ ਤੁੱਕ ਬੋਲੀ ਹੈ ਉਹ ਵੀ ਧਰਮ ਯੁਧ ਦਾ ਹਿੱਸਾ ਸੀ।

ਮਾਸਟਰ ਮੋਹਨ ਲਾਲ : ਮੈਂ ਇਹ ਬੇਨਤੀ ਕਰ ਰਿਹਾ ਸੀ ਕਿ ਅੱਜ ਦੇ ਇਸ ਮਾਹੌਲ ਵਿਚ ਜਿਸ ਵੇਲੇ ਲਾਸ਼ਾਂ ਦੇ ਅੰਬਾਰ ਪੰਜਾਬ ਵਿਚ ਲਗੇ ਹੋਏ ਹਨ, ਭਾਈ ਭਾਈ ਵਿਚਕਾਰ ਇਕ ਖਾਈ ਪੈ ਰਹੀ ਹੈ ਔਰ ਇਕ ਟੈਰੀਬਲ ਕਿਸਮ ਦਾ ਪੋਲਾਰਾਈਜ਼ੇਸ਼ਨ ਪੰਜਾਬ ਦੀ ਧਰਤੀ ਤੇ ਹੋ ਰਿਹਾ ਹੈ। ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਆਪਣੇ ਆਪਣੇ ਛੋਟੇ ਛੋਟੇ ਦਾਇਰਿਆਂ ਨੂੰ ਛੱਡ ਕਰਕੇ ਪੰਜਾਬ ਦੇ ਅੰਦਰ ਇੱਕ ਸੁਖਾਵਾਂ ਮਾਹੌਲ ਪੈਦਾ ਕਰਨਾ ਚਾਹੀਦਾ ਹੈ ਜਦੋ ਜਹਿਦ ਛੇੜਨੀ ਚਾਹੀਦੀ ਹੈ। ਅਗਰ ਬਰਨਾਲਾ ਸਾਹਿਬ ਲੜਦੇ ਹਨ ਤਾਂ ਇਨ੍ਹਾਂ ਦੀ ਰਹਿਨੁਮਾਈ ਵਿਚ ਲੜਨੀ ਚਾਹੀਦੀ ਹੈ ਔਰ ਅਗਰ ਕੋਈ ਹੋਰ ਅੱਗੇ ਆਉਂਦਾ ਹੈ ਤਾਂ ਉਸ ਦੀ ਰਹਿਨੁਮਾਈ ਵਿਚ ਇਹ ਲੜਾਈ ਲੜਨੀ ਚਾਹੀਦੀ ਹੈ ਤਾਕਿ ਪੰਜਾਬ ਦੇ ਲੋਕਾਂ ਨੂੰ ਅੱਤਵਾਦ ਤੋਂ ਵੱਖਵਾਦ ਤੋਂ ਮੁਕਤੀ ਮਿਲ ਸਕੇ। ਮੈਂ ਕਾਂਗਰਸ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਮੇਰੀ ਪਾਰਟੀ ਸਮਝਦੀ ਹੈ ਕਿ ਰਾਜਨੀਤੀ ਅੰਦਰ ਅਗਰ ਰਾਜੀਵ ਗਾਂਧੀ ਬਰਨਾਲਾ ਜੀ ਦੀ ਪਰਸ਼ੰਸਾ ਕਰ ਰਿਹਾ ਹੈ ਔਰ ਇਨ੍ਹਾਂ ਦੀ ਪਿੱਠ ਤੇ ਖੜ੍ਹੇ ਹਨ ਤਾਂ ਫਿਰ ਇਨ੍ਹਾਂ ਨੂੰ ਇਸ ਸਦਨ ਦੇ ਅੰਦਰ ਕਿਸੇ ਮਰਹਲੇ ਤੇ ਵੀ ਬਰਨਾਲਾ ਸਾਹਿਬ ਦੀ ਵਿਰੋਧਤਾ ਕਰਨ ਦੀ ਲੋੜ ਨਹੀਂ। ਇੱਕ ਮੁੱਠ ਹੋਕ ਇਨ੍ਹਾਂ ਨੂੰ ਸੈਂਟਰ ਔਰ ਸਟੇਟ ਵਿਚ ਕੰਮ ਕਰਨਾ ਚਾਹੀਦਾ ਹੈ ਤਾਕਿ ਲੜਾਈ ਤਕੜੇ ਹੋ ਕੇ ਲੜ ਸਕਣ। ਆਪੋਜ਼ੀਸ਼ਨ ਪਾਰਟੀਆਂ ਨੇ ਇਸ ਵੇਲੇ ਜੋ ਫੈਸਲਾ ਕੀਤਾ ਹੈ ਉਗਰਵਾਦ ਦੇ ਖਿਲਾਫ ਚੰਗੀ ਗੱਲ ਹੈ। ਆਪੋਜ਼ੀਸ਼ਨ ਪਾਰਟੀਆਂ ਦਾ ਰੋਲ ਸ਼ਲਾਘਾਯੋਗ ਹੈ ਪਰ ਇਨ੍ਹਾਂ ਨੇ ਦਸਿਆ ਹੈ ਕਿ ਇਸ ਅੰਧੇਰੀ ਅੰਦਰ ਕਾਮਯਾਬੀ ਸਹਜੇ ਨਹੀਂ ਮਿਲਣੀ। ਇਹ ਹਨੇਰੀ ਆਏ ਦਿਨ ਵਧਦੀ ਜਾ ਰਹੀ ਹੈ। ਇਕ ਨਹੀਂ, ਦੋ ਨਹੀਂ, ਦਰਜਣਾ ਦੀ ਤਾਦਾਦ ਵਿਚ ਮਾਸੂਮ ਲੋਕ ਪੰਜਾਬ ਦੇ ਅੰਦਰ ਮਰ ਰਹੇ ਹਨ। ਪੰਜਾਬ ਦੇ ਲੋਕਾਂ ਨੂੰ ਕੋਈ ਵੀ ਐਸਾ ਰਸਤਾ ਨਿਕਲਦਾ ਨਜ਼ਰ ਨਹੀਂ ਆ ਰਿਹਾ। ਮੈਂ, ਡਿਪਟੀ ਸਪੀਕਰ ਸਾਹਿਬ, ਬਰਨਾਲਾ ਦੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਗਰਵਾਦ ਦੇ ਖਿਲਾਫ਼ ਤਕੜੇ ਹੋ ਕੇ ਲੜਾਈ ਜਾਰੀ ਰਖੋ। ਅੱਧੇ ਮਨ ਨਾਲ ਨਹੀਂ, ਪੂਰੇ ਮਨ ਨਾਲ ਤਕੜੇ ਹੋ ਕੇ ਹੰਭਲਾ ਮਾਰੋ। ਜਿਥੇ ਆਦਮੀ ਨਜ਼ਰ ਆਵੇ ਉਗਰਵਾਦ ਫੈਲਾਉਂਦਾ, ਅੱਤਵਾਦ ਫਲਾਉਂਦਾ ਉਸ ਨੂੰ ਛੱਡੋ ਨਾ। ਇਸ ਉਗਰਵਾਦ ਦੇ ਖਿਲਾਫ ਲੜਾਈ, ਜਦੋ ਜਹਿਦ, ਸੰਗਰਾਮ ਤਕੜੇ ਹੋ ਕੇ ਸ਼ੁਰੂ ਕਰਨਾ ਚਾਹੀਦਾ ਹੈ। ਇਸ ਬਾਰੇ ਕਿਸੇ ਵੀ ਆਪੋਜ਼ੀਸ਼ਨ ਪਾਰਟੀ ਦੇ ਮਨ ਵਿਚ ਡਰ ਨਹੀਂ ਕਿ ਅਸੀਂ ਬਰਨਾਲਾ ਸਰਕਾਰ ਦੀ ਮੱਦਦ ਕਰ ਰਹੇ ਹਾਂ। ਸਾਰੀਆਂ ਪਾਰਟੀਆਂ ਬਰਨਾਲਾ ਦੀ ਪਿੱਠ ਪਿੱਛੇ ਹਨ। ਇਹ ਪਾਰਟੀਆਂ ਬਰਨਾਲਾ ਪਿਛੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖੜ੍ਹੀਆਂ ਹਨ। ਇਹ ਪਾਰਟੀਆਂ ਉਸ ਸਰਕਾਰ ਦੇ ਪਿੱਛੇ ਖੜ੍ਹੀਆਂ ਹਨ ਜਿਹੜੀ ਸਰਕਾਰ ਪੰਜਾਬ ਵਿਚ ਉਗਰਵਾਦ ਨੂੰ ਖਤਮ ਕਰਨਾ ਚਾਹੁੰਦੀ ਹੈ। ਮੈਨੂੰ ਉਮੀਦ ਹੈ ਕਿ ਆਉਣ ਵਾਲੇ ਟਾਈਮ ਵਿਚ ਅਸੀਂ ਨਾ ਕੇਵਲ ਉਗਰਵਾਦੀਆਂ ਨੂੰ ਪਹਿਚਾਣ ਜਾਵਾਂਗੇ ਬਲਕਿ ਉਨ੍ਹਾਂ ਤੇ ਪੂਰੀ ਤਰ੍ਹਾਂ ਕਾਬੂ ਵੀ ਪਾ ਲਵਾਂਗੇ। ਮੈਂ ਉਨ੍ਹਾਂ ਭੁੱਲੇ ਭੱਟਕੇ ਨੌਜਵਾਨਾਂ ਨੂੰ ਕਹਾਂਗਾ ਕਿ ਉਹ ਨੌਜਵਾਨ ਸਰਕਾਰ ਦਾ ਮੁਕਾਬਲਾ ਨਹੀਂ ਕਰ ਸਕਣਗੇ। ਅਗਰ ਉਨ੍ਹਾਂ ਕੋਲ ਦੋ ਚਾਰ ਸਟੇਨਗੰਨਾਂ ਹਨ ਤਾਂ ਸਰਕਾਰ ਕੋਲ

ਬਹੁਤ ਵੱਡੀ ਤਾਕਤ ਹੈ। ਸਰਕਾਰ ਕੋਲ ਟੈਂਕ ਹਨ, ਤੋਪਾਂ ਅਤੇ ਬੰਦੂਕਾਂ ਹਨ। ਸਰਕਾਰ ਪਾਸ ਬੜੀ ਸੰਗਠਨ ਸ਼ਕਤੀ ਹੈ। ਇਹ ਉਗਰਵਾਦ ਪੰਜਾਬ ਦੀ ਏਕਤਾ ਅਤੇ ਅਖੰਡਤਾ ਨੂੰ ਖੇਰੂੰ ਖੇਰੂੰ ਨਹੀਂ ਕਰ ਸਕਦਾ। ਹਿੰਦੂਆਂ ਅਤੇ ਸਿੱਖਾਂ ਦਾ ਜਿਹੜਾ ਨੌਂਹ ਮਾਸ ਦਾ ਰਿਸ਼ਤਾ ਹੈ ਉਸ ਨੂੰ ਉਹ ਖਤਮ ਨਹੀਂ ਕਰ ਸਕਦੇ। ਮੈਨੂੰ ਉਮੀਦ ਹੈ ਕਿ ਉਹ ਨੌਜਵਾਨ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਸਮਝਦੇ ਹੋਏ ਮਾੜੇ ਕੰਮ ਛੱਡਕੇ ਪੰਜਾਬ ਦੀ ਮੇਨਸਟਰੀਮ ਵਿਚ ਆਉਣ ਦੀ ਕੋਸ਼ਿਸ਼ ਕਰਨਗੇ (ਘੰਟੀ)

ਡਿਪਟੀ ਸਪੀਕਰ ਸਾਹਿਬ, ਕੁਝ ਇਕ ਅਮੈਂਡਮੈਂਟਸ ਜਿਹੜੀਆਂ ਗਵਰਨਰ ਐਡਰੈਸ ਵਿਚ ਰੱਖੀਆਂ ਹਨ, ਉਹ ਮੈਂ ਪੜ੍ਹ ਦਿੰਦਾ ਹਾਂ–

That in the motion, the following be added at the end, namely:—

"but regret that no mention has been made in the Address regarding—

1. Providing rupees one lac to the victim of terrorists in cash within fifteen days of the murder ;
2. lifting the ban on the supply of drinking water laid by the "Appex-Committee" in 1982 especially in the semi-hill areas of Dhar Block of Pathankot sub-division to provide drinking water to the different 'tikkas' of villages,
3. bringing back the migrants who have left Punjab under fear within three months ;
4. restarting the "focal-point system" for the uplift of rural areas;
5. giving a new shape to Pathankot city which is called a "Gateway of Punjab" in the field of industry, cleanliness and in the field of roads renovation ;
6. providing adequate protection to the forests in Dhar Block of Pathankot sub-division from illegal fellings ;
7. decision to hold the elections of Corporations and Municipal Committees to restore the democratic rights of people in Punjab.
8. Write off enhanced sewerage rates and water surcharge in the cities where sewerage has been laid ;
9. starting the lift irrigation schemes for which the estimate has already been made to irrigate the Kandi and Semi-hill area of Punjab".

Mr. Deputy Speaker: Motion moved—

That in the motion, the following be added at the end, namely :—
"but regret that no mention has been made in the Address regarding —

1. providing rupees one lac to the victim of terrorists in cash within fifteen days of murder ;
2. lifting the ban on the supply of drinking water laid by the "Appex-Committee" in 1982 especially in the semi-hill areas of Dhar Block of Pathankot sub-division to provide drinking water to the different 'tikkas' of villages ;
3. bringing back the migrants who have left Punjab under fear within three months ;
4. restarting the "focal point system" for the uplift of rural areas ;
5. giving a new shape to Pathankot city which is called a "Gateway of Punjab" in the field of industry, cleanliness and in the field of roads renovation;
6. providing adequate protection to the forests in Dhar-Block of Pathankot sub-division from illegal fellings ;

[Master Mohan Lal]

7. decision to hold the elections of Corporations and Municipal Committees to restore the democratic rights of people in Punjab ;

8. write off enhanced sewerage rates and water surcharge in the cities where sewerage has been laid ;

9. starting the lift irrigation schemes for which the estimate has already been made to irrigate the Kandi and Semi-kandi hill area of Punjab".

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ): ਡਿਪਟੀ ਸਪੀਕਰ ਸਾਹਿਬ, ਜੋ ਪੰਜਾਬ ਦੇ ਰਾਜਪਾਲ ਨੇ ਹਾਊਸ ਦੇ ਸਾਹਮਣੇ ਭਾਸ਼ਣ ਪੇਸ਼ ਕੀਤਾ ਹੈ, ਮੈਂ ਉਸ ਤੇ ਬਹਿਸ਼ ਸ਼ੁਰੂ ਕਰਨ ਲੱਗਾ ਹਾਂ। ਪੰਜਾਬ ਦੀ ਜੋ ਸਥਿਤੀ ਹੈ, ਲਾਅ ਐਂਡ ਆਰਡਰ ਦੀ ਸਿਚੂਏਸ਼ਨ ਹੈ, ਉਸ ਦੇ ਵਿਚ ਕਾਫੀ ਉਨ੍ਹਾਂ ਨੇ ਇਸ ਗੱਲ ਨੂੰ ਮੰਨਿਆ ਹੈ ਕਿ ਪਿਛਲੇ ਦਿਨਾਂ ਵਿੱਚ ਪੰਜਾਬ ਵਿੱਚ ਜੋ ਕੁਝ ਵਾਪਰਿਆ ਹੈ ਉਸ ਦੇ ਨਾਲ ਬਹੁਤ ਗੰਭੀਰ ਹਾਲਤ ਵਿੱਚ ਪੰਜਾਬ ਗੁਜ਼ਰਿਆ ਹੈ। ਆਪਣੇ ਐਡਰੈਸ ਵਿਚ ਉਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ ਰਾਸ਼ਟਰ-ਵਿਰੋਧੀ, ਫੁਟ ਪਾਊ ਤੇ ਘਾਤਕ ਅਨਸਰਾਂ ਦੇ ਗੰਭੀਰ ਵੰਗਾਰ ਵਾਲੇ ਦੌਰ ਚੋਂ ਸਾਡੀ ਸੰਸਦੀ ਜਮਹੂਰੀਅਤ ਲੰਘ ਰਹੀ ਹੈ। ਇਨ੍ਹਾਂ ਅਨਸਰਾਂ ਨੂੰ ਬਾਹਰਲੀਆਂ ਵਿਰੋਧੀ ਤਾਕਤਾਂ ਦੀ ਸ਼ਹਿ ਅਤੇ ਸਹਾਇਤਾ ਪ੍ਰਾਪਤ ਹੈ, ਜਿਨ੍ਹਾਂ ਦਾ ਉਦੇਸ਼ ਹਰ ਹੀਲੇ ਸਾਨੂੰ ਸਿਆਸੀ ਤੇ ਆਰਥਿਕ ਦੋਹਾਂ ਪੱਖਾਂ ਤੋਂ ਕਮਜ਼ੋਰ ਕਰਨਾ ਹੈ। ਇਹ ਸਾਰਾ ਕੁਝ ਇਸੇ ਹਾਊਸ ਵਿਚ ਆਪਣੇ ਭਾਸ਼ਣ ਵਿੱਚ, ਅਖਬਾਰਾਂ ਵਿਚ ਵੀ ਸਾਡੇ ਸਾਹਮਣੇ ਆਇਆ ਹੈ, ਮੰਨਿਆ ਗਿਆ ਹੈ ਲੇਕਿਨ ਇਸ ਦੇ ਵਿੱਚ ਇਕ ਗੱਲ ਕਲੀਅਰ ਕਰਨ ਦੀ ਹੋਰ ਲੋੜ ਹੈ ਕਿ ਜੋ ਬਾਹਰ ਦੀਆਂ ਸ਼ਕਤੀਆਂ ਹਨ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ ਉਨ੍ਹਾਂ ਦਾ ਨਾਮ ਵੀ ਜੇ ਲੈ ਦਿਤਾ ਜਾਵੇ ਤਾਂ ਬੜੀ ਚੰਗੀ ਗਲ ਹੈ ਤਾਂ ਕਿ ਉਨ੍ਹਾਂ ਸ਼ਕਤੀਆਂ ਨੂੰ ਵੀ ਇਸ ਗਲ ਦਾ ਗਿਆਨ ਹੋ ਜਾਵੇ, ਇਸ ਗਲ ਦਾ ਚਾਨਣ ਹੋ ਜਾਵੇ, ਇਸ ਗਲ ਦਾ ਪਤਾ ਲਗ ਜਾਵੇ ਕਿ ਹਿੰਦੂਸਤਾਨ ਦੇ ਲੋਕ ਸਾਨੂੰ ਕੰਡੈਮ ਕਰ ਰਹੇ ਹਨ। ਇਹ ਸਾਮਰਾਜੀ ਤਾਕਤਾਂ ਹਨ ਜੋ ਉਨ੍ਹਾਂ ਦੀ ਸ਼ਹਿ ਤੇ ਸਭ ਕੁਝ ਹੋ ਰਿਹਾ ਹੈ। ਪਾਕਿਸਤਾਨ ਵਿਚ ਕਿਸ ਤਰ੍ਹਾਂ ਟਰੇਨਿੰਗ ਕੈਂਪ ਲਗਦੇ ਰਹੇ ਅਤੇ ਕਿਸ ਤਰ੍ਹਾਂ ਇਨ੍ਹਾਂ ਲੋਕਾਂ ਨੂੰ ਉਥੇ ਸ਼ਹਿ ਮਿਲਦੀ ਰਹੀ। ਡਿਪਟੀ ਸਪੀਕਰ ਸਾਹਿਬ, ਬਾਹਰ ਦੀਆਂ ਸ਼ਕਤੀਆਂ ਬਾਰੇ ਤਾਂ ਦੱਸਿਆ ਹੈ ਕਿ ਬਾਹਰਲੀਆਂ ਵਿਰੋਧੀ ਤਾਕਤਾਂ ਦੀ ਸ਼ਹਿ ਤੇ ਸਹਾਇਤਾ ਉਨ੍ਹਾਂ ਅਨਸਰਾਂ ਨੂੰ ਪ੍ਰਾਪਤ ਹੈ ਪਰ ਇਹ ਗੱਲ ਵੀ ਭਲੀ ਭਾਂਤ ਸਭ ਨੂੰ ਪਤਾ ਹੈ ਕਿ ਪੰਜਾਬ ਦੇ ਅੰਦਰ ਵੀ ਕੁਝ ਐਸੇ ਲੋਕ ਹਨ, ਕੁਝ ਐਸੇ ਪੁਲੀਟੀਕਲ ਲੋਕ ਹਨ, ਕੁਝ ਐਸੀਆਂ ਸ਼ਕਤੀਆਂ ਹਨ ਜਿਨ੍ਹਾਂ ਸ਼ਕਤੀਆਂ ਨੂੰ ਇਸ ਗਲ ਦੀ ਹੋਰ ਪ੍ਰੇਰਨਾ ਮਿਲਦੀ ਹੈ, ਜੇ ਅਸੀਂ ਬਾਹਰ ਦੀਆਂ ਸ਼ਕਤੀਆਂ ਦਾ ਮੁਕਾਬਲਾ ਕਰਨਾ ਹੈ ਤਾਂ ਪੰਜਾਬ ਦੇ ਅੰਦਰ ਵੀ, ਆਪਣੇ ਦੇਸ਼ ਦੇ ਅੰਦਰ ਵੀ ਜੋ ਐਸੇ ਲੋਕ ਹਨ ਘੱਟੋ ਘੱਟ ਉਨ੍ਹਾਂ ਨੂੰ ਵੀ ਨੰਗਿਆਂ ਕੀਤਾ ਜਾਵੇ। ਉਨ੍ਹਾਂ ਨੂੰ ਨੰਗਿਆਂ ਨਾ ਕਰਨ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਵਿਚ ਪਿਛਲੇ ਕੁਝ ਸਮੇਂ ਵਿੱਚ ਹੀ ਕਈ ਲੀਡਰਾਂ ਦੇ ਕਤਲ ਹੋ ਗਏ ਹਨ। ਹਾਲੀਂ ਪਿਛਲੇ ਹਫਤੇ ਹੀ ਸਾਡੇ ਇਕ ਮਾਨਯੋਗ ਐਮ. ਐਲ. ਏ. ਸਰਦਾਰ ਅਮਰਜੀਤ ਸਿੰਘ ਦਾ ਕਤਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸਰਦਾਰ ਸੰਤ ਸਿੰਘ ਜੀ ਦਾ ਕਤਲ ਹੋਇਆ, ਕਾਮਰੇਡ ਦਰਸ਼ਨ ਸਿੰਘ ਕਨੇਡੀਅਨ, ਕਾਮਰੇਡ ਚੰਨਣ ਸਿੰਘ ਧੂਤ, ਸ੍ਰੀ ਜੋਗਿੰਦਰਪਾਲ ਪਾਂਡੇ, ਕਾਮਰੇਡ ਅਰਜਨ ਸਿੰਘ ਮਸਤਾਨਾ ਅਤੇ ਹੋਰ ਇਸ ਤਰ੍ਹਾਂ ਦੇ ਕਈ ਲੀਡਰਜ਼ ਦਾ ਕਤਲ ਹੋਇਆ ਅਤੇ ਇਨ੍ਹਾਂ ਤੋਂ ਇਲਾਵਾ ਹੋਰ ਜੋ ਬਹੁਤ ਸਾਰੇ ਇਨੋਸੈਂਟ ਲੋਕਾਂ ਦਾ ਕਤਲ ਹੁੰਦਾ ਹੈ ਉਹ ਵਖਰਾ ਹੋਇਆ। ਤੁਸੀਂ, ਡਿਪਟੀ ਸਪੀਕਰ ਸਾਹਿਬ, ਇਹ ਗੱਲ ਸੁਣ ਕੇ ਹੈਰਾਨ ਹੋਵੋਗੇ ਕਿ ਕਾਮਰੇਡ ਸੋਹਣ ਸਿੰਘ ਨੇ ਹਮਲਾਵਾਰਾਂ ਨੂੰ ਪਛਾਣ ਲਿਆ। ਜਦੋਂ ਉਨ੍ਹਾਂ ਤੇ ਹਮਲਾ ਕੀਤਾ ਗਿਆ ਤਾਂ ਹਮਲਾਵਾਰਾਂ ਨੇ ਉਨ੍ਹਾਂ ਦੇ ਪਿਤਾ ਜੀ

ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ ਅਤੇ ਉਨ੍ਹਾਂ ਨੇ ਹਮਲਾਵਾਰਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਕਾਬੂ ਕਰ ਲਿਆ ਲੇਕਿਨ ਉਸ ਦੇ ਪਿਛੇ ਪਤਾ ਲੱਗਾ ਹੈ ਕਿ ਰੂਲਿੰਗ ਪਾਰਟੀ ਦੇ ਕੁਝ ਸਜਣ ਉਨ੍ਹਾਂ ਨੂੰ ਛੁਡਾਉਣ ਨੂੰ ਕੋਸ਼ਿਸ਼ ਕਰ ਰਹੇ ਹਨ। ਜਿਸ ਤੇ ਹਮਲਾ ਹੋਇਆ ਔਰ ਹਮਲਾਵਰਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਕਾਬੂ ਕਰ ਲਿਆ ਤਾਂ ਹੁਣ ਉਨ੍ਹਾਂ ਨੂੰ ਛੁਡਾਉਣ ਲਈ ਜੇ ਕੋਈ ਸੱਜਣ ਉਨ੍ਹਾਂ ਦੀ ਬੈਕ ਤੇ ਆ ਜਾਣ ਅਤੇ ਉਨ੍ਹਾਂ ਨੂੰ ਛੁਡਾਉਣ ਦਾ ਯਤਨ ਕਰਨ ਤਾਂ ਫਿਰ, ਡਿਪਟੀ ਸਪੀਕਰ ਸਾਹਿਬ, ਖੈਰ ਨਹੀਂ ਕੋਈ। ਡਿਪਟੀ ਸਪੀਕਰ ਸਾਹਿਬ, ਪਿੱਛੇ ਜਿਹੇ ਤੁਸੀਂ ਪੰਜਾਬੀ ਟ੍ਰਿਬਿਊਨ ਵਿਚ ਜੋ ਇਕ ਮੋਟਾ ਜਿਹਾ ਲੇਖ ਛਪਿਆ ਸੀ ਉਹ ਪੜ੍ਹ ਕੇ ਦੇਖਿਆ ਹੋਵੇਗਾ ਕਿ ਕਿਸ ਤਰ੍ਹਾਂ ਇਕ ਰਾਜ ਮੰਤਰੀ ਦਾ ਲੜਕਾ ਪਕੜਿਆ ਗਿਆ ਔਰ ਕਿਸ ਤਰ੍ਹਾਂ ਉਸ ਦਾ ਅੱਤਵਾਦੀਆਂ ਨਾਲ ਸਬੰਧ ਸੀ। ਉਸ ਕੇਸ ਵਿਚ ਵੀ ਤੁਸੀਂ ਦੇਖਿਆ ਹੈ ਕਿ ਕਿਸ ਤਰ੍ਹਾਂ ਪੁਲਿਸ ਵਾਲਿਆਂ ਨੂੰ ਡਰਾ ਧਮਕਾ ਕੇ ਉਹ ਉਸ ਨੂੰ ਉਥੋਂ ਲੈ ਗਏ। ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦਾ ਜੋ ਭਾਸ਼ਣ ਹੁੰਦਾ ਹੈ ਉਹ ਤਾਂ ਨਾਂ ਦਾ ਗਵਰਨਰ ਸਾਹਿਬ ਦਾ ਭਾਸ਼ਣ ਹੁੰਦਾ ਹੈ ਅਸਲ ਵਿਚ ਤਾਂ ਉਹ ਮੌਜੂਦਾ ਸਰਕਾਰ ਹੀ ਹੁੰਦੀ ਹੈ ਜਿਸ ਦਾ ਉਹ ਬਿਆਨ ਹੁੰਦਾ ਹੈ, ਜਿਸ ਦਾ ਉਹ ਭਾਸ਼ਣ ਹੁੰਦਾ ਹੈ। ਪੰਜਾਬ ਵਿੱਚ ਡਟ ਕੇ ਹਿੰਦੁਸਤਾਨ ਦੀਆਂ ਸਾਰੀਆਂ ਨੈਸ਼ਨਲ ਪਾਰਟੀਆਂ ਨੇ, ਛੋਟੀਆਂ ਮੋਟੀਆਂ ਪਾਰਟੀਆਂ ਨੇ ਨਹੀਂ, ਸਾਰੀਆਂ ਵਡੀਆਂ ਪਾਰਟੀਆਂ, ਸਾਰੀਆਂ ਨੈਸ਼ਨਲ ਪਾਰਟੀਆਂ ਨੇ ਡਟ ਕੇ ਬਰਨਾਲਾ ਸਾਹਿਬ ਦੀ ਇਸ ਗੱਲ ਲਈ ਹਮਾਇਤ ਕੀਤੀ ਹੈ, ਇਸ ਗੱਲ ਲਈ ਉਨ੍ਹਾਂ ਦੀ ਬੈਕ ਤੇ ਖੜ੍ਹੀਆਂ ਹਨ ਕਿ ਵੱਖ ਵਾਦ ਨਾਲ, ਅੱਤਵਾਦ ਨਾਲ ਲੜਨਾ ਹੈ। ਅਸੀਂ ਬਾਹਰ ਦੀਆਂ ਸ਼ਕਤੀਆਂ ਦੀ ਨੁਕਤਾਚੀਨੀ ਤਾਂ ਕਰਦੇ ਹਾਂ ਪਰ ਜੋ ਅੰਦਰੋਂ ਸਾਡੇ ਖਦਸ਼ੇ ਦੀ ਗੱਲ ਹੈ ਉਸ ਦੇ ਵਿਚ ਟਰੇਜ਼ਰੀ ਬਰੈਂਚਿਜ਼ ਵਲੋਂ ਜੇ ਇਹ ਗੱਲ ਆ ਜਾਵੇ ਤਾਂ ਇਹ ਬੜੀ ਦੁਖਦਾਇਕ ਗੱਲ ਹੈ ਜਿਸ ਦਾ ਆਉਂਦੇ ਦਿਨਾਂ ਵਿਚ ਮੁਕਾਬਲਾ ਕਰਨਾ ਔਖਾ ਹੋ ਜਾਵੇਗਾ। ਇਸ ਗਲ ਵੱਲ ਧਿਆਨ ਦੇਣ ਦੀ ਲੋੜ ਹੈ।

ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਕਿਸਾਨਾਂ ਵਲੋਂ ਜੋ ਕਾਫੀ ਹੰਭਲਾ ਮਾਰਿਆ ਗਿਆ ਹੈ ਅਤੇ ਪੈਦਾਵਾਰ ਵੱਧ ਗਈ ਹੈ ਇਹ ਹੋਰ ਵੀ ਵੱਧ ਸਕਦੀ ਹੈ। ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਦੇ ਕਿਸਾਨ ਦੀ ਹਾਲਤ ਇਹ ਹੈ ਕਿ ਉਹ ਅੱਜ ਕਰਜ਼ੇ ਲੈ ਕੇ ਕੋਆਪ੍ਰੇਟਿਵ ਬੈਂਕ ਤੋਂ, ਕਮਰਸ਼ੀਅਲ ਬੈਂਕ ਤੋਂ ਜਾਂ ਦੂਜੇ ਤੀਜੇ ਤੋਂ ਆਪਣੇ ਖੇਤ ਤੇ ਖਰਚ ਕਰਕੇ ਦੇਸ਼ ਦੀ, ਪੰਜਾਬ ਦੀ ਪੈਦਾਵਾਰ ਵਧਾ ਰਿਹਾ ਹੈ। ਇਸ ਤਰ੍ਹਾਂ ਦੇਸ਼ ਦੀ ਪੈਦਾਵਾਰ ਬਹੁਤ ਵੱਧ ਗਈ ਹੈ ਔਰ ਦੂਜੇ ਸੂਬਿਆਂ ਨੂੰ ਕਿਨਾਂ ਅਨਾਜ ਦੇ ਰਿਹਾ ਹੈ। ਪਰ ਉਦਸੀ ਹਾਲਤ ਇਹ ਹੈ ਕਿ ਉਹ ਕਰਜ਼ਿਆਂ ਵਿਚ ਦਬਿਆ ਪਿਆ ਹੈ। ਉਸਨੂੰ ਕੋਈ ਬਹੁਤੀ ਐਸ਼-ਓ-ਇਸ਼ਰਤ ਨਹੀਂ ਮਿਲ ਰਹੀ ਸਿਰਫ ਖੇਤੀ ਕਰਦਾ ਹੈ ਪਰ ਉਸ ਨੂੰ ਆਪਣੀ ਉਪਜ ਦੇ ਯੋਗ ਭਾਅ ਸਾਡੀ ਸਰਕਾਰ ਨਹੀਂ ਦੇ ਰਹੀ। ਕਿਸਾਨ ਦਬਿਆ ਪਿਆ ਹੈ। ਕਣਕ ਦੇ ਭਾਅ ਦੇਖ ਲਵੋ ਬਾਰ ਬਾਰ ਯੂਨੀਵਰਸਿਟੀ ਨੇ ਕਿਹਾ ਹੈ ਕਿ ਖਰਚਾ ਪੂਰਾ ਨਹੀਂ ਹੁੰਦਾ; ਵਾਜਬ ਭਾਅ ਨਹੀਂ ਮਿਲਦੇ। ਹੁਣ ਸਾਡੇ ਸਾਹਮਣੇ ਫਿਰ ਕਣਕ ਆ ਰਹੀ ਹੈ। ਨਰਮੇ ਦਾ ਪਿਛੇ ਹਾਲ ਦੇਖ ਲਿਆ। ਦੂਜੇ ਪਾਸੇ ਜਿਨੀਆਂ ਚੀਜ਼ਾਂ ਕਿਸਾਨ ਖਰੀਦਦਾ ਹੈ, ਇੰਨ ਪੁਟਸ, ਖਾਦ, ਡੀਜ਼ਲ ਮੋਬਿਲ ਆਇਲ, ਟਰੈਕਟਰਜ਼ ਦੇ ਪੁਰਜ਼ੇ ਉਨ੍ਹਾਂ ਸਭ ਦੀਆਂ ਕੀਮਤਾਂ ਵਧਦੀਆਂ ਜਾ ਰਹੀਆਂ ਹਨ ਕੋਈ ਰੋਕ ਟੋਕ ਨਹੀਂ। ਲੋੜ ਹੈ ਇਸ ਗੱਲ ਦੀ ਕਿ ਅੱਜ ਕਿਸਾਨ ਨੂੰ ਵਾਜਬ ਭਾਅ ਮਿਲ ਸਕੇ। ਕਪਾਹ ਦਾ ਹਾਲ ਦੇਖ ਲਓ। ਹੋ ਸਕਦਾ ਹੈ ਕਿ ਵੱਡੇ ਜ਼ਿਮੀਦਾਰਾਂ ਨੂੰ ਜਿਨ੍ਹਾਂ ਨੇ ਕਪਾਹ ਸਟੋਰ ਕਰ ਲਈ ਸੀ ਉਨ੍ਹਾਂ ਨੂੰ ਵਾਜਬ ਭਾਅ ਮਿਲਿਆ ਹੋਵੇ ਪਰ ਜਿਹੜਾ ਛੋਟਾ ਕਿਸਾਨ ਸੀ ਜਿਸਨੇ ਪੈਸੇ ਦੇ ਕੇ ਹੋਰ ਮਾਲ ਲੈਣਾ ਸੀ ਉਸ ਨੂੰ ਚਾਰ ਪੰਜ ਸੌ ਤੋਂ ਵੱਧ ਭਾਅ ਨਹੀਂ ਮਿਲਿਆ। ਬਾਅਦ ਵਿਚ ਪਤਾ ਨਹੀਂ ਕੀ ਹੋ ਗਿਆ ਕਿ

[ਕਾਮਰੇਡ ਮਹਿਤਾਬ ਸਿੰਘ]

700 ਰੁਪਏ ਤਕ ਵਿਕਿਆ। ਇਸ ਦੇ ਉਤੇ ਕੰਟਰੋਲ ਚਾਹੀਦਾ ਹੈ। ਬੇਪਨਾਹ ਮੁਨਾਫਾ ਖਟਣ ਵਾਲਿਆਂ ਤੋਂ ਕਿਸਾਨ ਨੂੰ ਬਚਾਉਣਾ ਚਾਹੀਦਾ ਹੈ। ਪੰਜਾਬ ਦੀ ਸਰਕਾਰ ਜਾਂ ਸੈਂਟਰ ਦੀ ਸਰਕਾਰ ਉਸ ਤੇ ਕੋਈ ਲਗਾਮ ਨਹੀਂ ਪਾਉਂਦੀ ਜਿਸ ਦੀ ਲੁਟ ਤੋਂ ਕਿਸਾਨ ਬਚ ਸਕੇ।

ਦੂਜੇ ਪਾਸੇ ਨੌਜਵਾਨਾਂ ਦੇ ਰੋਜ਼ਗਾਰ ਦਾ ਮਸਲਾ ਹੈ। ਸਾਰੇ ਪੰਜਾਬੀਆਂ ਦੀ ਬੇਰੋਜ਼ਗਾਰੀ ਦਾ ਮਸਲਾ ਹੈ ਇਸ ਨੂੰ ਦੂਰ ਕਰਨ ਲਈ ਕੋਈ ਕਰਾਈਟੇਰੀਆ ਰਖ ਲਿਆ ਜਾਵੇ। ਜੇਕਰ ਇਹੀ ਕਰਨਾ ਹੈ ਕਿ ਇਹ ਧਰਮ ਯੁਧ ਦੇ ਮੋਰਚੇ ਵਿਚ ਗਿਆ ਸੀ ਇਸ ਲਈ ਇਸ ਨੂੰ ਰਖ ਲਿਆ ਜਾਏ ਇਸ ਦੇ ਨਾਲ ਪੰਜਾਬ ਵਿਚ ਸ਼ਾਂਤੀ ਨਹੀਂ ਪੈਦਾ ਹੋ ਸਕਦੀ। ਇਹ ਤਾਂ ਦੂਸਰੇ ਜਿਹੜੇ ਨੌਜਵਾਨ ਹਨ ਉਨ੍ਹਾਂ ਦੇ ਜਜ਼ਬਾਤ ਭੜਕਾਉਣ ਵਾਲੀ ਗੱਲ ਹੈ। ਇਨ੍ਹਾਂ ਨੂੰ ਪਹਿਲ ਦਿਤੀ ਜਾਏ ਜਿਹੜੇ ਗੁਮਰਾਹ ਹੋਏ ਹੋਏ ਹਨ। ਦੇਸ਼ ਦੀ ਏਕਤਾ, ਅਖੰਡਤਾ ਦਾ ਸੁਆਲ ਹੈ ਲੇਕਿਨ ਦੂਜਿਆਂ ਦਾ ਵੀ ਧਿਆਨ ਰਖਿਆ ਜਾਏ।

ਡਿਪਟੀ ਸਪੀਕਰ ਸਾਹਿਬ, ਹੁਣ ਬੜੇ ਅਫਸੋਸ ਦੀ ਗੱਲ ਹੈ ਇਥੇ ਜੋ ਪੰਜਾਬ ਦੇ ਹਾਲਾਤ ਹਨ, ਪੰਜਾਬ ਦੀ ਡਿਵੈਲਪਮੈਂਟ ਦਾ ਮਸਲਾ ਹੈ, ਸੈਕੂਲਰਿਜ਼ਮ ਦਾ ਮਸਲਾ ਹੈ, ਇਸ ਦੇ ਉਤੇ ਬਾਰ ਬਾਰ ਇਥੇ ਕੋਟ ਕੀਤਾ ਜਾਂਦਾ ਹੈ ਅਕਾਲ ਤਖਤ ਨੂੰ, ਇਸ ਕਿਸਮ ਦੇ ਭਾਸ਼ਣ ਮੰਦਰਾਂ, ਗੁਰ-ਦਵਾਰਿਆਂ ਵਿਚ ਜਾ ਕੇ ਦੇਣ ਇਹ ਪੰਜਾਬ ਦੀ ਅਸੰਬਲੀ ਹੈ ਕੋਈ ਧਰਮ ਪ੍ਰਚਾਰ ਦਾ ਸਥਾਨ ਨਹੀਂ ਹੈ। ਇਸ ਗੱਲ ਨੂੰ ਮੁੜ ਮੁੜ ਕੇ ਇਥੇ ਲਿਆਉਣਾ ਠੀਕ ਨਹੀਂ ਇਸ ਗੱਲ ਨੂੰ ਪਾਸੇ ਕਰੀਏ ਇਥੇ ਪੰਜਾਬ ਦੇ ਹਾਲਾਤ ਨੂੰ ਪੰਜਾਬ ਦੇ ਡਿਵੈਲਪਮੈਂਟ ਦੇ ਮਸਲੇ ਨੂੰ ਲੈ ਕੇ ਦਾੜ੍ਹੀਆਂ ਕਾਲੀਆਂ ਕਰਨ ਦਾ ਜ਼ਿਕਰ ਕਰਨਾ ਇਹ ਠੀਕ ਨਹੀਂ। ਮੈਂ ਕਹਾਂਗਾ ਕਿ ਇਸ ਤੇ ਟਰੇਜ਼ਰੀ ਬੈਂਚਿਜ਼ ਤੇ ਵੀ ਰੋਕ ਲਗਾਉਣੀ ਚਾਹੀਦੀ ਹੈ। ਐਸੇ ਮਸਲੇ ਨੂੰ ਇਥੇ ਲਿਆਉਣਾ ਪੰਜਾਬ ਦੇ ਹਿਤ ਵਿਚ ਨਹੀਂ। ਦੂਜੇ ਪਾਸੇ ਸਿਆਸਤ ਔਰ ਧਰਮ ਨੂੰ ਲੈ ਆਉਂਦੇ ਹਨ ਇਨ੍ਹਾਂ ਗੱਲਾਂ ਤੇ ਰੋਕ ਲਾਉਣ ਦੀ ਲੋੜ ਹੈ।

ਪੰਜਾਬ ਅਕਾਰਡ ਦਾ ਮਸਲਾ ਕਾਫੀ ਦੇਰ ਤੋਂ ਚਲਿਆ ਆਉਂਦਾ ਹੈ। ਇਸ ਦੇ ਲਈ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸ਼ਹੀਦੀ ਦੇ ਦਿਤੀ। ਪੰਜਾਬ ਅਕਾਰਡ ਹੋਣ ਨਾਲ ਅਕਾਲੀ ਪਾਰਟੀ ਦੇ ਸਾਰੇ ਰਿਕਾਰਡ ਮਾਤ ਹੋ ਗਏ। ਇਸ ਅਕਾਰਡ ਕਾਰਨ ਇਨ੍ਹਾਂ ਦੀ 73 ਆਦਮੀਆਂ ਦੀ ਮਜਾਰਟੀ ਬਣੀ। ਪਰ ਇਸ ਸਮਝੌਤੇ ਨੂੰ ਬਾਰ ਬਾਰ ਖਿਚੀ ਜਾ ਰਹੇ ਹਨ। ਇਸ ਦਾ ਨਿਪਟਾਰਾ ਕਰ ਦੇਣਾ ਚਾਹੀਦਾ ਹੈ। ਚੰਡੀਗੜ੍ਹ ਜਿਹੜਾ ਹੈ ਇਹ ਪੰਜਾਬ ਦਾ ਹੈ ਪੰਜਾਬ ਨੂੰ ਦੇ ਦਿਓ, ਜ਼ਮੀਨ ਹੈ 70 ਹਜ਼ਾਰ ਏਕੜ ਜਾਂ 45 ਹਜਾਰ ਏਕੜ ਉਹ ਬਾਅਦ ਵਿਚ ਕਰ ਲੈਣਾ। ਇਹ ਠੀਕ ਹੈ ਜਿਹੜਾ ਟੈਰਾਰਿਸਟ ਹੈ ਉਹ ਭਾਵੇਂ ਇਸ ਵਕਤ ਅਕਾਰਡ ਨੂੰ ਲੈ ਕੇ ਰੌਲਾ ਪਾ ਰਿਹਾ ਹੈ ਪਰ ਖਾਲਿਸਤਾਨ ਦੀ ਮੰਗ ਤੋਂ ਘੱਟ ਉਸ ਨੇ ਨਹੀਂ ਮੰਨਣਾ ਪਰ ਜਿਹੜੇ ਲੋਕ ਸਮਝਦੇ ਹਨ ਅਤੇ ਬਾਰ ਬਾਰ ਸੈਂਟਰ ਤੇ ਦੂਸ਼ਨ ਲਗਦੇ ਹਨ ਉਹ ਨਾ ਲਗਦੇ। ਇਸ ਪਾਸੇ ਨਬੇੜਾ ਕਰਨ ਦੀ ਲੋੜ ਹੈ ਕਿਉਂਕਿ ਲੋਕਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਅਸੀਂ ਤਾਂ ਲੜ ਰਹੇ ਹਾਂ ਕਿ ਅਕਾਰਡ ਲਾਗੂ ਕੀਤਾ ਜਾਏ। ਦੁਖ ਹੁੰਦਾ ਹੈ, ਪਿੰਡਾਂ ਦੇ ਮਸਲੇ ਹਨ, ਦੂਜੇ ਤੀਜੇ ਮਸਲੇ ਹਨ, ਜਿਹੜੇ ਵਿਚੋਲੇ ਲੋਕ ਬੈਠੇ ਹਨ, ਸਾਡੇ ਨਾਲ ਤੁਰ ਸਕਦੇ ਹਨ ਔਰ ਉਹ ਜਿਹੜੇ ਇਸ ਗੱਲ ਨੂੰ ਲੈਣਗੇ ਕਿ ਪੰਜਾਬ ਦਾ ਮਸਲਾ ਹੱਲ ਹੋ ਗਿਆ ਹੈ, ਇਸ ਨਾਲ ਉਸ ਪਾਸੇ ਦੀ ਸ਼ਕਤੀ ਘਟਦੀ ਹੈ ਔਰ ਇਸ ਪਾਸੇ ਦੀ ਵੱਧਦੀ ਹੈ ਔਰ ਪੰਜਾਬ ਨੂੰ ਸੁਖਾਵਾਂ ਮਾਹੌਲ ਮਿਲਦਾ

ਹੈ। ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਮਹਿੰਗਾਈ ਛਾਲਾਂ ਮਾਰਦੀ ਵਧਦੀ ਜਾ ਰਹੀ ਹੈ, ਖੇਤ ਮਜ਼ਦੂਰ ਦੀ ਜੋ ਮਜ਼ਦੂਰੀ ਹੈ ਉਸ ਵਿਚ ਕੋਈ ਵਾਧਾ ਨਹੀਂ ਹੁੰਦਾ । ਇਸੇ ਤਰ੍ਹਾਂ ਹੀ ਸੰਨਤੀ ਮਜ਼ਦੂਰ ਹਨ, ਭਾਅ ਚੜ੍ਹ ਗਏ ਹਨ। ਜਿਥੋਂ ਤਕ ਨੌਕਰੀਆਂ ਦਾ ਸਬੰਧ ਹੈ, ਬਹੁਤ ਜੇ. ਬੀ. ਟੀ. ਇਥੇ ਬੇਕਾਰ ਹਨ। ਮੇਰੇ ਇਲਾਕੇ ਵਿਚ 400/500 ਆਬਾਦੀ ਵਾਲੇ ਪਿੰਡਾਂ ਵਿਚ ਸਕੂਲਾਂ ਦੀਆਂ ਬ੍ਰਾਂਚਾਂ ਖੋਲ੍ਹਣ ਦੀ ਲੋੜ ਹੈ, ਪ੍ਰਾਇਮਰੀ ਸਕੂਲ ਖੋਲ੍ਹਣ ਦੀ ਲੋੜ ਹੈ। ਇਨ੍ਹਾਂ ਤੋਂ ਬਗੈਰ ਛੋਟੇ ਨਰਸਰੀ ਦੇ ਬੱਚੇ ਜੋ ਹਨ ਅਨਪੜ੍ਹ ਰਹਿ ਜਾਂਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਜਿਥੇ ਸਕੂਲਾਂ ਵਿਚ ਟੀਚਰ ਨਹੀਂ ਹਨ ਟੀਚਰ ਭੇਜਣ ਤੇ ਨਵੇਂ ਸਕੂਲ ਟੀਚਰ ਭੇਜ ਕੇ ਚਲਾਉਣ (ਘੰਟੀ) ਦਿਨ-ਬਦਿਨ ਤਾਲੀਮ ਦਾ ਲੈਵਲ ਬੈਠਦਾ ਜਾ ਰਿਹਾ ਹੈ, ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਆਖਰੀ ਮੈਂ ਕਹਾਂਗਾ ਕਿ ਸਰਕਾਰ ਨੂੰ ਇਸ ਪਾਸੇ ਪੂਰੀ ਤਨਦੇਹੀ ਨਾਲ ਕੰਮ ਕਰਨਾ ਚਾਹੀਦਾ ਹੈ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ): ਡਿਪਟੀ ਸਪੀਕਰ ਸਾਹਿਬ, ਗਵਰਨਰ ਜੀ ਦੇ ਭਾਸ਼ਣ ਵਿਚ ਜਿਥੇ ਅਕਾਲੀ ਰਾਜ ਦੀਆਂ ਤਰੱਕੀਆਂ ਦਾ ਜ਼ਿਕਰ ਹੈ ਔਰ ਉਹ ਤਰੱਕੀਆਂ ਜਿਹੜੀਆਂ ਪੰਜਾਬੀਆਂ ਦੇ ਅਣਸੁਖਾਵੇਂ ਮਾਹੌਲ ਵਿਚ ਕਿਸਾਨਾਂ ਦੀਆਂ ਸਨਅਤਕਾਰਾਂ ਔਰ ਮਜ਼ਦੂਰਾਂ ਦੀਆਂ ਮਿਹਨਤਾਂ ਦਾ ਨਤੀਜਾ ਹੈ, ਉਸ ਦਾ ਕਰੈਡਿਟ ਲੈਣ ਦੀ ਕੋਸ਼ਿਸ਼ ਕੀਤੀ ਹੈ ਔਰ ਹੱਕ ਵੀ ਬਣਦਾ ਹੈ ਕਿਸੇ ਸਰਕਾਰ ਦਾ। ਉਸ ਦੇ ਰਾਜ ਭਾਗ ਵਿਚ ਕੋਈ ਤਰੱਕੀਆਂ ਹੋਣ ਤਾਂ ਕਰੈਡਿਟ ਲਵੇ। ਭਲੀ ਭਾਂਤੀ ਮੈਂ ਤਾਰੀਫ ਵੀ ਕਰਦਾ ਹਾਂ ਕਿ ਇਨ੍ਹਾਂ ਨੇ ਗੈਰ ਮਾਮੂਲੀ ਔਰ ਮੁਖਾਲਫ ਹਵਾ ਵਿਚ ਵੀ ਕੰਮ ਕੀਤਾ ਤੇ ਉਸ ਆਰਥਕ ਹਾਲਤ ਤੇ ਪੰਜਾਬ ਦੀ ਗਿਰ ਰਹੀ ਆਰਥਿਕਤਾ ਨੂੰ ਸੰਭਾਲਣ ਵਾਸਤੇ ਕਾਫੀ ਕੰਮ ਕੀਤਾ ਹੈ । ਮੈਂ ਕੁਝ ਤਜਵੀਜ਼ਾਂ ਪਹਿਲਾਂ ਦੇ ਕੇ ਆਪਣੀ ਗੱਲ ਸ਼ੁਰੂ ਕਰਾਂਗਾ। ਮੈਂ ਸਿਰਫ ਇਕ ਬਾਤ ਹੀ ਕਰਨੀ ਚਾਹੁੰਦਾ ਹਾਂ ਕਿ ਜਿਥੋਂ ਤਕ ਤੁਅੱਲਕ ਹੈ ਤਰੱਕੀਆਂ ਦਾ ਇਸ ਵਿਚ ਮੰਨੀ ਪਰਮੰਨੀ ਗੱਲ ਹੈ ਕਿ ਅੰਮ੍ਰਿਤਸਰ ਐਸਾ ਕੇਂਦਰ ਹੈ ਜਿਥੋਂ ਸਾਰੇ ਮੋਰਚੇ ਲਗਦੇ ਰਹੇ ਜਿਸ ਨਾਲ ਸ਼ਹਿਰ ਦੀ ਅਕਾਨੋਮੀ ਤਬਾਹ ਹੁੰਦੀ ਰਹੀ ਹੈ। ਸੜਕਾਂ, ਬਿਜਲੀ ਦੀ ਪਸਲਾਈ ਲੋਕਾਂ ਨੂੰ ਦੇਣ ਲਈ, ਪੰਜਾਬ ਦੀ ਅਕਾਨੋਮੀ ਨੂੰ ਸੁਧਾਰਨ ਵਾਸਤੇ ਨਵੀਆਂ ਗੱਲਾਂ ਕੀਤੀਆਂ ਹਨ ਔਰ ਅਗੇ ਵੀ ਕਿਹਾ ਹੈ ਕਿ ਅਕਾਲੀ ਸਰਕਾਰ ਅੰਮ੍ਰਿਤਸਰ ਦੇ ਉਜਾੜੇ ਤੇ ਬਣਦੀ ਹੈ ਕਿਉਂਕਿ ਉਥੇ ਜਾ ਕੇ ਮੋਰਚੇ ਲਗਦੇ ਹਨ ਸ਼ਹਿਰ ਦਾ ਉਜਾੜਾ ਹੁੰਦਾ ਹੈ ਇਸ ਲਈ ਫਰਜ਼ ਬਣਦਾ ਹੈ ਕਿ ਉਸ ਸ਼ਹਿਰ ਨੂੰ ਵਸਾਉਣ ਵਾਸਤੇ ਉਚੇਚੀਆਂ ਕੋਸ਼ਿਸ਼ਾਂ ਕਰਨ। (ਵਿਘਨ) ਤੁਸੀਂ ਮੇਰੀ ਗੱਲ ਸੁਣ ਲਵੋ। ਇਨ੍ਹਾਂ ਦਾ ਫਰਜ਼ ਬਣਦਾ ਹੈ ਕਿ ਉਸ ਸ਼ਹਿਰ ਦੀ ਅਕਾਨੋਮੀ ਨੂੰ, ਸਿਹਤ ਸਫਾਈ ਨੂੰ ਏਨਾ ਖੂਬਸੂਰਤ ਬਣਾਇਆ ਜਾਵੇ ਕਿ ਉਹ ਪੰਜਾਬ ਵਿਚੋਂ ਸਭ ਤੋਂ ਬੇਹਤਰੀਨ ਸ਼ਹਿਰ ਹੋਵੇ। ਕੋਈ ਗਰਾਂਟ ਵਗੈਰਾ ਦੇਣੀ ਚਾਹੀਦੀ ਹੈ। ਪਿਛਲੀ ਅਕਾਲੀ ਸਰਕਾਰ ਨੇ 'ਗੇਟ ਵੇਅ ਆਫ ਇੰਡੀਆ' ਦਾ ਫਾਊਂਡੇਸ਼ਨ ਸਟੋਨ ਰਖਿਆ ਸੀ। ਉਸ ਦੀਆਂ ਇੱਟਾਂ ਵੀ ਉਖੜ ਗਈਆਂ ਹਨ, ਕੰਮ ਤਾਂ ਹੋਇਆ ਨਹੀਂ ਹੈ। ਇਸ ਲਈ ਜਿਥੇ ਜਿਥੇ ਕੋਈ ਕਿਸੇ ਮਹਿਕਮੇਂ ਦਾ ਕੰਮ ਹੈ ਉਹ ਕਰਨਾ ਚਾਹੀਦਾ ਹੈ।

ਬਲਿਊ ਸਟਾਰ ਓਪਰੇਸ਼ਨ ਵੇਲੇ ਉਜੜੇ ਲੋਕਾਂ ਦੇ ਮੁਆਵਜ਼ਿਆਂ ਦੀ ਗੱਲ ਕੀਤੀ ਹੈ । ਗਵਰਨਰ ਸਾਹਿਬ ਨੇ। ਹਾਲਾਂ ਕਿ ਦੋ ਕੈਟੇਗਰੀਆਂ ਹਨ, ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਸੀ ਨੁਕਸਾਨ ਦੀ ਤਸ਼ਖੀਸ ਕਰਨ ਵਾਲੀ ਸਰਕਾਰੀ ਕਮੇਟੀ ਨੇ ਅਸਲ ਨੁਕਸਾਨ ਨਾਲੋਂ ਘੱਟ ਤਸ਼ਖੀਸ ਕੀਤੀ। ਤਸ਼ਖੀਸ ਕੀਤੀ ਰਕਮ ਦਾ 50 ਪਰਸੈਂਟ ਜੋ 50 ਹਜ਼ਾਰ ਤੋਂ ਘੱਟ ਸੀ ਸਰਕਾਰ ਨੇ ਅਦਾ ਕਰ ਦਿਤਾ। ਉਨ੍ਹਾਂ ਲੋਕਾਂ ਵਿੱਚ ਜਿਨ੍ਹਾਂ ਇਨਸ਼ੋਰੈਂਸ ਕਰਵਾਈ ਹੋਈ ਸੀ ਉਨ੍ਹਾਂ ਨੂੰ ਕਿਸੇ ਹੱਦ ਤੱਕ ਇਨਸਾਫ ਮਿਲ

[ਸਰਦਾਰ ਕਿਰਪਾਲ ਸਿੰਘ]

ਗਿਆ ਇਨਸ਼ੋਰੈਂਸ ਕਰਵਾਉਣ ਵਾਲਿਆਂ ਦੇ ਮੁਤਾਬਿਕ ਹੀ ਦੂਸਰੇ ਲੋਕਾਂ ਦੇ ਨੁਕਸਾਨ ਦਾ ਮੁਆਵਜ਼ਾ ਦਿਤਾ ਜਾਣਾ ਚਾਹੀਦਾ ਹੈ।

ਜਦੋਂ ਸਰਦਾਰ ਬੂਟਾ ਸਿੰਘ ਵਲੋਂ ਸਰਬਤ ਖਾਲਸਾ ਨੂੰ ਬੁਲਾਕੇ ਸੰਤਾ ਸਿੰਘ ਨੂੰ ਅਕਾਲ ਤਖਤ ਬਣਾਉਣ ਲਈ ਕਿਹਾ ਸੀ ਤਾਂ ਉਸ ਵੇਲੇ ਜਿਹੜੇ ਲੋਕ ਉਥੇ ਗਏ ਉਨ੍ਹਾਂ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਜਿਹੜਾ ਬਾਹਰ ਡਰਮ ਪਿਆ ਸੀ ਉਹ ਅੱਧਾ ਤਾਂ ਬੀੜੀਆਂ ਨਾਲ ਹੀ ਭਰ ਗਿਆ ਸੀ। ਹੁਣ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਕਿਸ ਤਰ੍ਹਾਂ ਦੇ ਖਾਲਸੇ ਉਥੇ ਗਏ ਹੋਣਗੇ। ਸ੍ਰੀ ਅਕਾਲ ਤਖਤ ਨਾਲ ਲਗਦੇ ਕਾਫੀ ਤਾਦਾਦ ਐਸੇ ਕਿਰਾਏਦਾਰ ਦੁਕਾਨਦਾਰਾਂ ਦੀ ਸੀ ਜਿਨ੍ਹਾਂ ਦਾ ਸਾਮਾਨ ਤੇ ਫਰਨੀਚਰ ਬਰਬਾਦ ਹੋਇਆ। ਮਿਲਟਰੀ ਏਰੀਆ ਹੋਣ ਕਰਕੇ ਇਹ ਲੋਕ ਆਪਣਾ ਸਮਾਨ ਕੱਢ ਨਹੀਂ ਸਕਦੇ ਸਨ। ਸਰਕਾਰੀ ਵਰਸ਼ਨ ਇਹ ਹੈ ਕਿ ਇਨ੍ਹਾਂ ਨੂੰ ਸਾਮਾਨ ਕੱਢਣ ਦਾ ਮੌਕਾ ਦਿਤਾ ਗਿਆ ਪਰ ਮਿਲਟਰੀ ਕਰਕੇ ਇਹ ਕੱਢ ਨਹੀਂ ਸਕਦੇ ਸਨ ਜੋ ਮਾਲ ਤੇ ਅਸਬਾਬ ਦੁਕਾਨਾਂ ਤੇ ਘਰਾਂ ਵਿਚ ਸੀ। ਉਸ ਵੇਲੇ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਸੀ ਜਿਹੜੇ ਅਕਾਲ ਤਖਤ ਦੇ ਨੇੜੇ ਰਹਿਣ ਵਾਲੇ ਲੋਕ ਸਨ ਜਿਨ੍ਹਾਂ ਨੇ ਆਪਣੇ ਮਕਾਨਾਂ ਵਿਚ ਕੋਈ ਫਰਨੀਚਰ ਵਗੈਰਾ ਰਖਿਆ ਸੀ ਜਾਂ ਕੋਈ ਹੋਰ ਮਾਲ ਵਗੈਰਾ ਰਖਿਆ ਸੀ, ਸਾਰਾ ਹੀ ਸਾਮਾਨ ਮਿਲਟਰੀ ਵਾਲੇ ਲੁਟ ਕੇ ਲੈ ਗਏ। ਉਸ ਵੇਲੇ ਉਹ ਸਾਰਾ ਏਰੀਆ ਮਿਲਟਰੀ ਦੇ ਕੰਟਰੋਲ ਹੇਠ ਸੀ ਔਰ ਮਿਲਟਰੀ ਵਾਲਿਆਂ ਨੇ ਉਥੇ ਬਹੁਤ ਸਾਮਾਨ ਲੁਟਿਆ। ਔਰ ਤੁਹਾਨੂੰ ਪਤਾ ਹੈ ਕਿ ਉਹ ਲੁਟਿਆ ਹੋਇਆ ਸਾਮਾਨ ਕਈ ਅਫਸਰਾਂ ਦੇ ਘਰਾਂ ਵਿਚ ਮਿਲਟਰੀ ਅਥਾਰਿਟੀਜ਼ ਨੇ ਬਰਾਮਦ ਵੀ ਕੀਤਾ ਸੀ। ਇਸ ਲਈ ਮੇਰੀ ਇਤਨੀ ਬੇਨਤੀ ਹੈ ਕਿ ਉਸ ਵੇਲੇ ਜਿਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਨੂੰ ਹਾਲੇ ਤਕ ਮੁਆਵਜ਼ਾ ਨਹੀਂ ਮਿਲ ਸਕਿਆ ਉਹ ਮੁਆਵਜ਼ਾ ਉਨ੍ਹਾਂ ਨੂੰ ਹੁਣ ਜ਼ਰੂਰ ਦੇਣਾ ਚਾਹੀਦਾ ਹੈ।

ਇਸ ਗਵਰਨਰ ਐਡਰੈਸ ਵਿਚ ਕੁਝ ਹੋਰ ਗੱਲਾਂ ਵੀ ਕਹੀਆਂ ਗਈਆਂ ਹਨ ਉਨ੍ਹਾਂ ਦੇ ਵਿਚੋਂ ਇਕ ਫੈਮਲੀ ਪਲਾਨਿੰਗ ਦੇ ਬਾਰੇ ਕਾਫੀ ਤਾਰੀਫ ਕੀਤੀ ਗਈ ਹੈ। ਇਹ ਕਿਹਾ ਗਿਆ ਹੈ ਕਿ ਬਹੁਤ ਇਨਾਮ ਮਿਲੇ ਹਨ ਪੰਜਾਬ ਨੂੰ। ਇਸ ਸਬੰਧ ਵਿਚ ਮੇਰੀ ਦਰਖਾਸਤ ਹੈ ਕਿ ਜਿਨ੍ਹਾਂ ਡਾਕਟਰਾਂ ਨੇ ਇਹ ਕੰਮ ਕੀਤਾ ਪਿਛਲੇ 5 ਸਾਲਾਂ ਵਿਚ ਉਸ ਲਈ ਇਕ ਟੀਚਾ ਰਖ ਲਿਆ ਜਾਵੇ ਕਿ ਜੇ ਕਿਸੇ ਨੇ 10 ਹਜਾਰ ਤੋਂ ਵੱਧ ਉਪਰੇਸ਼ਨ ਕੀਤੇ ਹਨ ਤਾਂ ਉਨ੍ਹਾਂ ਨੂੰ ਦੋ ਚਾਰ ਜਿਹੜੇ ਵੀ ਹਨ, ਉਨ੍ਹਾਂ ਦੀ ਪ੍ਰਸ਼ੰਸਾ ਵੀ ਕੀਤੀ ਜਾਵੇ ਅਤੇ ਸਰਕਾਰ ਵਲੋਂ ਕੋਈ ਅਵਾਰਡ ਵੀ ਜ਼ਰੂਰ ਮਿਲਣਾ ਚਾਹੀਦਾ ਹੈ।

ਹੁਣ ਇਕ ਗੱਲ ਮੈਂ ਸਰਦਾਰ ਮੇਜਰ ਸਿੰਘ ਦੇ ਡਿਪਾਰਟਮੈਂਟ ਬਾਰੇ ਕਰਨੀ ਚਾਹੁੰਦਾ ਹਾਂ। ਇਹ ਜਿਹੜੇ ਤਿੰਨ ਰੁਪਏ ਵਾਲੇ ਅਸ਼ਟਾਮ ਹਨ ਇਹ ਨਹੀਂ ਮਿਲਦੇ ਜੇ ਮਿਲਦੇ ਹਨ ਤਾਂ 30 ਰੁਪਏ ਵਿਚ ਔਰ ਜਿਹੜਾ 2 ਜਾਂ ਸਵਾ 2 ਰੁਪਏ ਵਾਲਾ ਹੈ ਉਹ 20 ਰੁਪਏ ਵਿਚ। ਅੱਜ ਇਹ ਕਾਗਜ਼ ਹੀ ਨਹੀਂ ਮਿਲ ਰਹੇ। ਭਾਵੇਂ ਇਹ ਕੰਮ ਸੈਂਟਰ ਦਾ ਹੈ ਜਾਂ ਪੰਜਾਬ ਸਰਕਾਰ ਦਾ, ਮੈਂ ਸਮਝਦਾ ਹਾਂ ਕਿ ਜੇ ਇਹ ਅਸ਼ਟਾਮ ਕਾਗਜ਼ ਹੀ ਲੋਕਾਂ ਨੂੰ ਨਹੀਂ ਮਿਲਦਾ ਤਾਂ ਇਹ ਸਰਕਾਰ ਦਾ ਦਿਵਾਲੀਆਪਨ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਨ੍ਹਾਂ ਕਾਗਜ਼ਾਂ ਦਾ ਇੰਤਜ਼ਾਮ ਵੀ ਜ਼ਰੂਰ ਕਰਨਾ ਚਾਹੀਦਾ ਹੈ।

ਇਕ ਗੱਲ ਮੈਂ ਜਿਹੜੇ 25 ਹਜ਼ਾਰ ਦੇ ਕਰਜ਼ੇ ਦਿੱਤੇ ਗਏ ਹਨ ਉਸ ਬਾਰੇ ਵੀ ਕਹਿਣੀ ਚਾਹੁੰਦਾ ਹਾਂ। ਇਹ ਜਿਹੜਾ ਕਰਜ਼ਾ ਦਿਤਾ ਹੈ ਇਸ ਨਾਲ ਉਨ੍ਹਾਂ ਨੂੰ ਕੋਈ ਬਹੁਤਾ ਫਾਇਦਾ ਨਹੀਂ ਹੋਇਆ ਕਿਉਂਕਿ ਉਨ੍ਹਾਂ ਨੂੰ ਕੱਚਾ ਮਾਲ ਹੀ ਨਹੀਂ ਮਿਲ ਸਕਿਆ ਜਿਸ ਤਰ੍ਹਾਂ ਪਹਿਲਾਂ ਸਨਅਤਕਾਰਾਂ

ਨੂੰ ਕੱਚੇ ਮਾਲ ਦੇ ਸਰਕਾਰੀ ਕੋਟੇ ਮਿਲਦੇ ਸਨ ਹੋਰ ਕੋਈ ਸਹੂਲਤ ਨਹੀਂ ਮਿਲ ਸਕੀ। ਇਸ ਲਈ ਮੇਰੀ ਬੇਨਤੀ ਹੈ ਕਿ ਹੁਣ ਉਨ੍ਹਾਂ ਦੇ ਵਿਆਜ ਦੀ ਦਰ ਘਟਾ ਕੇ ਆਇਆ ਉਹ ਆਸਾਨ ਕਿਸ਼ਤਾਂ ਨਾਲ ਕਰਜ਼ਾ ਵਾਪਸੀ ਦੀ ਰਿਆਇਤ ਦਿੱਤੀ ਜਾਵੇਗੀ ਤਾਂਕਿ ਉਹ ਉਸ ਤੋਂ ਪੂਰਾ ਫਾਇਦਾ ਲੈ ਸਕਣ। ਉਸ ਵਾਸਤੇ ਕਝ ਹੋਰ ਕਰਜ਼ਾ ਦੇਣ ਦੀ ਪਰੋਵੀਜ਼ਨ ਕਰਨੀ ਚਾਹੀਦੀ ਹੈ।

ਇਕ ਗੱਲ ਮੈਂ ਐਫ. ਸੀ. ਆਈ. ਬਾਰੇ ਵੀ ਜ਼ਰੂਰ ਕਰਨੀ ਹੈ ਕਿ ਇਹ ਰਵੱਈਆ ਅਨਾਜ ਦੀ ਖਰੀਦ ਦੇ ਮਾਮਲੇ ਵਿਚ ਐਂਟੀ ਕਿਸਾਨ ਤੇ ਐਂਟੀ ਪੰਜਾਬ ਰਿਹਾ ਹੈ। ਪੰਜਾਬ ਦੇ ਹਾਲਾਤ ਖਰਾਬ ਹੋਣ ਦੇ ਬਾਵਜੂਦ ਐਨੀ ਪਰੋਡਿਊਸ ਜਿਹੜੀ ਹੋਈ ਹੈ ਔਰ ਹੁਣ ਵੀ ਬੰਪਰ ਪਰੋਡਿਊਸ ਹੋਣ ਦੀ ਸੰਭਾਵਨਾ ਹੈ ਇਸ ਨੂੰ ਵੇਲੇ ਸਿਰ ਸੰਭਾਲਣ ਵਾਸਤੇ ਸਰਕਾਰ ਨੂੰ ਸੁਚੇਤ ਰਹਿਣਾ ਚਾਹੀਦਾ ਹੈ।

ਇਕ ਗੱਲ ਮੈਂ ਸ਼ਡਿਊਲਡ ਟ੍ਰਾਈਬਜ਼ ਦੇ ਬਾਰੇ ਵੀ ਕਰਨੀ ਹੈ ਕਿ ਇਨ੍ਹਾਂ ਨੂੰ ਬਹੁਤ ਸਮੇਂ ਤੋਂ ਸਮਾਜ ਦਾ ਛੇਕਿਆ ਹੋਇਆ ਵਰਗ ਸਮਝਿਆ ਜਾਂਦਾ ਸੀ ਔਰ ਐਂਟੀ ਸੋਸ਼ਲ ਕਿਹਾ ਜਾਂਦਾ ਸੀ। ਇਨ੍ਹਾਂ ਦੀ ਹਾਲਤ ਸੁਧਾਰਨ ਵਾਸਤੇ ਵੀ ਇਨ੍ਹਾਂ ਨੂੰ ਪੂਰੇ ਬੈਨੀਫਿਟਸ ਦੇਣੇ ਚਾਹੀਦੇ ਹਨ ਤਾਂਕਿ ਇਹ ਲੋਕ ਵੀ ਤਰੱਕੀ ਕਰ ਸਕਣ।

ਇਕ ਗੱਲ ਮੈਂ ਕਮਿਸ਼ਨਾਂ ਦੇ ਬਾਰੇ ਵੀ ਕਹਿਣੀ ਹੈ। ਇਹ ਕਮਿਸ਼ਨ ਚਾਹੇ ਉਹ ਮਿਸ਼ਰਾ ਕਮਿਸ਼ਨ ਹੈ, ਮੈਥਿਊ ਕਮਿਸ਼ਨ ਹੈ ਜਾਂ ਕੋਈ ਹੋਰ ਗੜਬੜ ਕਮਿਸ਼ਨ ਹੈ ਇਹ ਜਿਹੜੇ ਸੈਂਟਰ ਦੀ ਸਰਕਾਰ ਵਲੋਂ ਬਣਾਏ ਗਏ ਹਨ.ਇਹ ਸਾਰੇ ਆਊਟ ਆਫ ਦੀ ਵੇਅ ਗਏ ਹਨ। ਅਕਾਰਡ ਦੀ ਬੁਨਿਆਦੀ ਸਿਪਿਰਟ ਨੂੰ ਖਤਮ ਕਰਨ ਲਈ ਬਣਾਏ ਗਏ ਮਾਲੂਮ ਹੁੰਦੇ ਹਨ। ਇਨ੍ਹਾਂ ਸਾਰਿਆਂ ਦੇ ਮੁਤੱਲਕ ਸਰਕਾਰ ਨੂੰ ਇਕ ਰੈਜ਼ੋਲਿਊਸ਼ਨ ਲਿਆ ਕੇ ਇਨ੍ਹਾਂ ਕਮਿਸ਼ਨਾਂ ਦੀ ਨਿੰਦਾ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਨੂੰ ਰਿਜੈਕਟ ਕਰਨਾ ਚਾਹੀਦਾ ਹੈ।

ਇਕ ਗੱਲ ਮੈਂ ਇਹ ਵੀ ਕਹਾਂਗਾ ਕਿ ਜਿਤਨੀਆਂ ਵੀ ਮਿਉਂਸਪਲ ਕਾਰਪੋਰੇਸ਼ਨਜ਼ ਹਨ, ਮਿਉਨਿਸਪਲ ਕਮੇਟੀਆਂ ਹਨ ਜਾਂ ਮਾਰਕਿਟ ਕਮੇਟੀਆਂ ਹਨ ਉਨ੍ਹਾਂ ਦੇ ਇਲੈਕਸ਼ਨ ਵੀ ਛੇਤੀ ਕਰਾਉਣੇ ਚਾਹੀਦੇ ਹਨ।

ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਦੇ ਮੁਤੱਲਕ ਵੀ ਮੈਂ ਅਗੇ ਕਈ ਵਾਰ ਕਹਿ ਚੁੱਕਾ ਹਾਂ। ਇਹ ਬਹੁਤ ਵੱਡਾ ਜ਼ੁਲਮ ਗਰੀਬ ਲੋਕਾਂ ਤੇ ਕੀਤਾ ਗਿਆ ਹੈ। ਇਸ ਦੇ ਮੁਤੱਲਕ ਮੇਰੇ ਦੋਸਤ ਦਰਬਾਰੀ ਲਾਲ ਨੇ ਕੁਐਸਚਨ ਵੀ ਦਿੱਤਾ ਹੈ ਕਿ ਇਹ ਬਹੁਤ ਜ਼ੁਲਮ ਹੋ ਰਿਹਾ ਹੈ। ਇਸ ਸਬੰਧ ਵਿਚ ਸਰਦਾਰ ਬਲਵੰਤ ਸਿੰਘ ਖਜ਼ਾਨਾ ਮੰਤਰੀ ਤੇ ਸ਼੍ਰੀ ਕ੍ਰਿਸ਼ਨ ਲਾਲ ਮੈਨੀ ਉਸ ਵੇਲੇ ਦੇ ਵਾਟਰ ਸਪਲਾਈ ਸੀਵਰੇਜ ਬੋਰਡ ਦੇ ਪ੍ਰਧਾਨ ਨੇ ਅਮਰੀਕਾ ਦੀ ਖੂਬ ਸੈਰ ਕੀਤੀ। ਇਨ੍ਹਾਂ ਨੇ ਅਮਰੀਕਾ ਵਿਚ ਜਾ ਕੇ ਇਹ ਸਕੀਮ ਲਿਆ ਕੇ ਲੋਕਾਂ ਨੂੰ ਇਥੇ ਜ਼ਬਰਦਸਤੀ ਕਰਜ਼ੇ ਦਾ ਗਹਿਣਾ ਪਵਾ ਦਿਤਾ ਹੈ। ਇਸ ਨਾਲ ਉਹ ਲੋਕ ਬੜੇ ਤੰਗ ਹਨ ਜਿਨ੍ਹਾਂ ਦੇ ਇਕੋ ਕਮਰੇ ਵਿਚ ਰਸੋਈ, ਉਹੀ ਡਾਈਨਿੰਗ ਉਹੀ ਧੀ ਦਾ ਕਮਰਾ, ਉਹੀ ਨੂੰਹ ਦਾ ਕਮਰਾ ਅਤੇ ਉਹੀ ਸੱਸ ਦਾ ਕਮਰਾ ਅਤੇ ਉਸੇ ਵਿਚ ਹੀ ਸੀਵਰੇਜ਼ ਜ਼ਬਰਦਸਤੀ ਲਗਾ ਕੇ ਲੋਕਾਂ ਨੂੰ ਇਤਨਾ ਤੰਗ ਕੀਤਾ ਕਿ ਜਿੰਨਾ ਪਾਣੀ ਦਾ ਬਿਲ ਉਤਨਾ ਹੀ ਸੀਵਰੇਜ ਦਾ ਬਿਲ ਲੋਕਾਂ ਤੇ ਪਾ ਦਿਤਾ। ਮੈਂ ਸਮਝਦਾ ਹਾਂ ਕਿ ਇਹੋ ਜਿਹੇ ਕੰਮ ਕਰਕੇ ਸਰਕਾਰ ਕੋਈ ਫਖਰ ਨਹੀਂ ਕਰ ਸਕਦੀ। ਇਸ ਸਿਸਟਮ ਦੇ ਵਿਚ ਸੁਧਾਰ ਕਰਨ ਦੀ ਲੋੜ ਹੈ। ਇਹ ਸੀਵਰੇਜ ਦੇ ਰੇਟ ਪਰ ਸੀਟ ਲਗਣੇ ਚਾਹੀਦੇ ਹਨ। ਇਸ ਨੂੰ ਪਾਣੀ ਦੇ ਬਿਲਾਂ ਦੇ ਨਾਲ ਕਲੱਬ ਨਹੀਂ ਕਰਨਾ ਚਾਹੀਦਾ। ਜਿਥੋਂ ਤਕ ਸਹਿਕਾਰੀ ਕਮੇਟੀਆਂ ਅਤੇ ਮਾਰਕਿਟ ਕਮੇਟੀਆਂ ਦਾ

[ਸਰਦਾਰ ਕਿਰਪਾਲ ਸਿੰਘ]

ਤੁਅੱਲਕ ਹੈ, ਅੱਜ ਕਾਂਗਰਸ ਪਾਰਟੀ ਇਨ੍ਹਾਂ ਦੀ ਸਪੋਰਟ ਕਰ ਰਹੀ ਹੈ ਅਤੇ ਜਿਨ੍ਹਾਂ ਨੇ ਸੈਕੂਲਰਿਜ਼ਮ ਦਾ ਨਾਹਰਾ ਕਾਫੀ ਦੇਰ ਦਾ ਲਗਾਇਆ ਹੋਇਆ ਹੈ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸੈਕੂਲਰਿਜ਼ਮ ਤੇ ਕਾਇਮ ਰਹਿਣ। ਸਰਕਾਰ ਨੇ ਜਿਹੜੀਆਂ ਮਾਰਕਿਟ ਕਮੇਟੀਆਂ ਬਣਾਈਆਂ ਹਨ ਉਹ ਇਕ ਪੱਖੀ ਕਮੇਟੀਆਂ ਬਣਾਈਆਂ ਹਨ। ਇਸ ਦੇ ਵਿਚ ਹਰ ਪੁਲੀਟੀਕਲ ਪਾਰਟੀ ਦਾ ਨੁਮਾਇੰਦਾ ਹੋਣਾ ਚਾਹੀਦਾ ਸੀ ਅਤੇ ਸਾਰੇ ਪੱਖਾਂ ਤੋਂ ਬੰਦੇ ਹੋਣੇ ਚਾਹੀਦੇ ਸਨ। ਸਰਕਾਰ ਨੂੰ ਇਹ ਫੌਰੀ ਤੌਰ ਤੇ ਕਰਨਾ ਚਾਹੀਦਾ ਹੈ। ਬਾਕੀ ਇਥੇ ਮੂਵਰ ਸਾਹਿਬ ਮਾਸਟਰ ਜੋਹਰ ਸਿੰਘ ਨੇ ਮੋਹਨ ਮੂਵ ਕਰਦੇ ਵਕਤ ਕਿਹਾ ਸੀ ਕਿ ਸਾਰੀਆਂ ਪੁਲੀਟੀਕਲ ਪਾਰਟੀਆਂ ਨੇ ਸਾਡੀ ਮਦਦ ਕੀਤੀ ਹੈ ਪਤਾ ਨਹੀਂ ਜਨਤਾ ਪਾਰਟੀ ਨੂੰ ਕੀ ਹੋ ਗਿਆ ਹੈ। ਇਹ ਸਾਰਾ ਫਰੇਬ ਹੈ ਇਸ ਲਈ ਜਨਤਾ ਪਾਰਟੀ ਕਿਸੇ ਫਰੇਬ ਵਿਚ ਨਹੀਂ ਫਸਣਾ ਚਾਹੁੰਦੀ। ਜਿੰਨੀਆਂ ਵੀ ਇਥੇ ਤਕਰੀਰਾਂ ਹੋਈਆਂ ਹਨ। ਇਥੇ ਜੋਧਪੁਰ ਦੇ ਕੈਦੀਆਂ ਦਾ ਜ਼ਿਕਰ ਆਇਆ ਹੈ, ਫੌਜੀਆਂ ਦਾ ਵੀ ਜ਼ਿਕਰ ਆਇਆ ਹੈ ਅਤੇ ਕਮਿਸ਼ਨਾਂ ਦਾ ਵੀ ਜ਼ਿਕਰ ਆਇਆ ਹੈ ਚਾਹੇ ਉਹ ਇਲਾਕਾਈ ਕਮਿਸ਼ਨ ਸੀ ਜਾਂ ਪਾਣੀ ਦਾ ਕਮਿਸ਼ਨ ਸੀ। ਕਾਂਗਰਸੀ ਵੀਰਾਂ ਨੇ ਪ੍ਰਧਾਨ ਮੰਤਰੀ ਦੇ ਨੁਕਤਿਆਂ ਬਾਰੇ ਜ਼ੋਰ ਦਿਤਾ ਹੈ। ਤੁਹਾਡੀਆਂ ਦਰਖਾਸਤਾਂ ਸੈਂਟਰ ਵਾਲੇ ਠੁਕਰਾ ਦਿੰਦੇ ਹਨ ਅਤੇ ਤੁਸੀਂ ਉਸੇ ਤਨਖਾਹ ਤੇ ਕੰਮ ਕਰੀ ਜਾ ਰਹੇ ਹੋ। ਤੁਹਾਨੂੰ ਕਾਂਗਰਸ ਪਾਰਟੀ ਨੇ ਫਸਾ ਲਿਆ ਹੈ। ਮਾਸਟਰ ਜੀ ਨੇ ਦੋਸ਼ ਲਾਇਆ ਕਿ ਮੈਂ ਅਤਵਾਦ ਦੇ ਖਿਲਾਫ ਨਹੀਂ ਹਾਂ। ਜਿੰਨੀਆਂ ਵੀ ਕਿਲਿੰਗਜ਼ ਹੋਈਆਂ ਹਨ ਉਸ ਦੇ ਖਿਲਾਫ ਮੈਂ ਕਿਹਾ ਹੈ ਅਤੇ ਬਦਕਿਸਮਤੀ ਹੈ ਕਿ ਜਿਥੇ ਵੀ ਮੈਨੂੰ ਮੌਕਾ ਮਿਲਿਆ ਹੈ ਉਥੇ ਮੈਂ ਬਲਿਊ ਸਟਾਰ ਆਪਰੇਸ਼ਨ ਅਤੇ ਬਕਾਰੋ, ਕਾਨਪੁਰ, ਦਿੱਲੀ ਦਾ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ ਇਨ੍ਹਾਂ ਘਟਨਾਵਾਂ ਨੇ ਅੱਤਵਾਦ ਦੀ ਪਨੀਰੀ ਬਣਾਈ ਅਤੇ ਅੱਤਵਾਦ ਨੂੰ ਜਨਮ ਦਿਤਾ। ਜਦੋਂ ਮੈਂ ਇਸ ਘਟਨਾ ਦਾ ਪਰਦਾ ਸਿਰਕਾਉਂਦਾ ਹਾਂ ਤਾਂ ਇਨ੍ਹਾਂ ਨੂੰ ਤਕਲੀਫ ਹੁੰਦੀ ਹੈ ਅਤੇ ਇਹ ਚੀਕਾਂ ਮਾਰਦੇ ਹਨ ਫੇਰ ਮੈਂ ਕੀ ਕਰਾਂ। ਮੈਂ ਇਤਨਾ ਜ਼ਰੂਰ ਕਿਹਾ ਹੈ ਕਿ ਜਿਸ ਤਰ੍ਹਾਂ ਦਿੱਲੀ, ਕਾਨਪੁਰ ਵਿਚ ਬੇਕਸੂਰ ਲੋਕਾਂ ਨੂੰ ਤੁਸੀਂ ਮਾਰਿਆ ਹੈ ਅਤੇ ਪੰਜਾਬ ਵਿਚ ਸੀ.ਆਰ.ਪੀ.ਐਫ. ਬੇਕਸੂਰ ਨੌਜਵਾਨਾਂ ਨੂੰ ਮਾਰ ਰਹੀ ਹੈ। ਪੁਲਿਸ ਮੁਕਾਬਲੇ ਸ਼ੋ ਕਰਕੇ ਮਾਰ ਰਹੀ ਹੈ। ਇਨ੍ਹਾਂ ਸਾਰਿਆਂ ਦੀ ਇਨਕੁਆਇਰੀ ਕਰਵਾਈ ਜਾਵੇ ਅਤੇ ਪਤਾ ਕੀਤਾ ਜਾਵੇ ਕਿ ਕਿਤਨੇ ਸੱਚੇ ਕੇਸਿਜ਼ ਹਨ ਅਤੇ ਕਿਤਨੇ ਝੂਠੇ ਮਾਰੇ ਗਏ ਹਨ। (ਘੰਟੀ) ਪੁਲਿਸ ਮੁਕਾਬਲਿਆਂ ਦਾ ਸਾਨੂੰ ਵਿਰੋਧ ਕਰਨਾ ਚਾਹੀਦਾ ਹੈ। ਕਿਤਨੇ ਬੇਗੁਨਾਹਗਾਰਾਂ ਨੂੰ ਮਾਰਿਆ ਜਾਂ ਰਿਹਾ ਹੈ। ਗੁਨੇਹਗਾਰ ਪੰਜਾਬ ਵਿਚ ਬੇਫਿਕਰ ਹੋ ਕੇ ਤੁਰ ਰਹੇ ਹਨ ਅਤੇ ਇਸੇ ਤਰ੍ਹਾਂ ਦਿੱਲੀ ਵਿਚ ਗੁਨਾਹਗਾਰ ਨਵੰਬਰ, 1984 ਦੇ ਰਾਈਟਸ ਵਾਲੇ ਬੇਫਿਕਰੇ ਹੋ ਕੇ ਫਿਰ ਰਹੇ ਹਨ ਅਤੇ ਦਿੱਲੀ ਦੀ ਰਾਜਗੱਦੀ ਤੇ ਬੈਠੇ ਹਨ। ਕਾਤਲ ਅੰਮ੍ਰਿਤਸਰ ਵਿਚ ਅਤੇ ਪੰਜਾਬ ਵਿਚ ਵੀ ਫਿਰ ਰਹੇ ਹਨ ਅਤੇ ਦਿੱਲੀ ਵਿਚ ਵੀ ਫਿਰ ਰਹੇ ਹਨ ਪਰ ਸਰਕਾਰ ਉਨ੍ਹਾਂ ਨੂੰ ਨਹੀਂ ਫੜ ਰਹੀ ਹੈ। ਦੋਨੋਂ ਪਾਸੇ ਐਕਸ਼ਨ ਹੋਣਾ ਚਾਹੀਦਾ ਹੈ। ਦੋਨਾਂ ਪਾਸੇ ਕਾਰਵਾਈ ਹੋਣੀ ਚਾਹੀਦੀ ਹੈ ਇਕ ਪਾਸੇ ਦੀ ਮੰਗ ਨਹੀਂ ਕਰਨੀ ਚਾਹੀਦੀ। ਇਹ ਠੀਕ ਹੈ ਕਿ ਬਰਨਾਲਾ ਸਾਹਿਬ ਨੂੰ ਕਾਂਗਰਸ ਪਾਰਟੀ ਨੇ ਬੜੀ ਜ਼ਬਰਦਸਤ ਸਪੋਰਟ ਦਿੱਤੀ ਹੋਈ ਹੈ। ਇਹ ਸਪੋਰਟ ਕਿਉਂ ਮਿਲ ਰਹੀ ਹੈ ਕਿਉਂਕਿ ਅਕਾਲ ਤਖਤ ਦੇ ਜੱਥੇਦਾਰ ਸਾਹਿਬ (ਘੰਟੀ) ਨਾਲ ਬਰਨਾਲਾ ਸਾਹਿਬ ਦੀ ਗਲਤ ਫਹਿਮੀ ਹੋ ਗਈ। ਅਕਾਲ ਤਖਤ ਦੇ ਜੱਥੇਦਾਰ ਨਾਲ ਲੜਾਈ ਦੀ ਗੱਲ ਚਲੀ ਤਾਂ ਸੈਂਟਰ ਦੀ ਸਰਕਾਰ ਇਨ੍ਹਾਂ ਦੀ ਮਦਦ ਵਾਸਤੇ ਖੜ੍ਹੀ ਹੋ ਗਈ। ਇਨ੍ਹਾਂ ਨੂੰ ਉਨ੍ਹਾਂ ਦੀ ਸਪੋਰਟ ਤੋਂ ਸਮਝਣਾ ਚਾਹੀਦਾ ਹੈ। ਅਗਰ ਬਾਦਲ ਗਰੁੱਪ ਅਲੱਗ ਨਾ ਹੁੰਦਾ ਤਾਂ ਸ਼ਾਇਦ ਐਸੇ ਹਾਲਾਤ ਪੈਦਾ ਨਾ ਹੁੰਦੇ ਅਤੇ ਸੈਂਟਰ ਦੀ ਸਪੋਰਟ ਦੀ ਲੋੜ ਨਾ ਪੈਂਦੀ (ਘੰਟੀ) ਅਕਾਲੀ

ਪਾਰਟੀ ਨੇ ਜਦੋਂ ਸੰਤ ਲੌਂਗੋਵਾਲ ਦੀ ਰਹਿਨੁਮਾਈ ਵਿਚ ਧਰਮ ਯੁੱਧ ਦਲਾਇਆ ਅਤੇ ਐਜੀਟੇਸ਼ਨ ਸ਼ੁਰੂ ਕੀਤੀ ਤਾਂ ਇਨ੍ਹਾਂ ਨੂੰ ਕਾਂਗਰਸੀ ਐਂਟੀਨੈਸ਼ਨਲ ਕਹਿੰਦੇ ਰਹੇ, ਅੱਤਵਾਦੀ, ਵੱਖਵਾਦੀ ਕਹਿੰਦੇ ਰਹੇ ਪਰ ਹੁਣ ਇਹ ਇਨ੍ਹਾਂ ਨੂੰ ਸਪੋਰਟ ਕਰਦੇ ਹਨ ਇਸ ਲਈ ਇਹ ਚੁਪ ਹੋ ਗਏ ਅਤੇ ਕੀ ਕੋਈ ਨਵੀਂ ਚੀਜ਼ ਆ ਗਈ ਹੈ। ਇਨ੍ਹਾਂ ਕਾਂਗਰਸੀਆ ਦਾ ਮਕਸਦ ਕੁਝ ਹੋਰ ਹੈ ਅਤੇ ਮੰਜ਼ਿਲ ਕੁਝ ਹੋਰ ਹੈ। ਜਿਹੜੇ ਬਾਦਲ ਗਰੁਪ ਦੇ ਬੰਦੇ ਇਧਰ ਬੈਠੇ ਹਨ ਯਾਰੋ ਤੁਸੀਂ ਇਨ੍ਹਾ ਨੂੰ ਕਾਂਗਰਸੀਆ ਦਾ ਗੁਲਾਮ ਬਣਾ ਦਿੱਤਾ ਹੈ। ਹੁਣ ਇਹ ਇਕੱਠੇ ਨਾਹਰੇ ਲਗਾਉਂਦੇ ਹਨ ਅਤੇ ਇਨ੍ਹਾਂ ਨੂੰ ਕਾਂਗਰਸੀਆਂ ਦੀ ਹਰ ਤਰਫ਼ੋਂ ਤਾਰੀਫ ਕਰਨੀ ਪੈਂਦੀ ਹੈ। ਜਿਨ੍ਹਾਂ ਨੇ ਬੇਕਸੂਰ ਅਤੇ ਬੇਗੁਨਾਹ ਲੋਕਾ ਨੂੰ ਦਿੱਲੀ, ਕਾਨਪੁਰ ਅਤੇ ਹੋਰ ਥਾਵਾਂ ਤੇ ਮਾਰਿਆ ਸੀ ਅਤੇ ਕਾਤਲ ਘੁੰਮ ਰਹੇ ਹਨ ਪਰ ਕੋਈ ਫੜਦਾ ਨਹੀਂ ਹੈ। ਕਾਤਲ ਆਰਾਮ ਨਾਲ ਰਹਿ ਰਹੇ ਹਨ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਲੁਟ ਘਸੁਟ ਕਰਨ ਵਾਲੇ ਔਰ ਇਸ ਕਿਸਮ ਦੇ ਕੰਮ ਕਰਨ ਵਾਲੇ ਆਪ ਹੀ ਬਦਨਾਮ ਹੋ ਜਾਣਗੇ। ਮੈਂ ਜ਼ਾਤੀ ਤੌਰ ਤੇ ਬਰਨਾਲਾ ਸਾਹਿਬ ਨੂੰ ਜਾਣਦਾ ਹਾਂ। 15-16 ਦਿਨ ਅਸੀਂ ਇਕੱਠੇ ਹੀ ਇਕ ਕੋਠੜੀ ਵਿਚ ਨਾਲ ਰਹੇ ਹਾਂ। ਮੈਂ, ਡਿਪਟੀ ਸਪੀਕਰ ਸਾਹਿਬ, ਉਥੇ ਰਹਿ ਕੇ ਉਨ੍ਹਾਂ ਦੇ ਕਰੈਕਟਰ ਅਤੇ ਆਦਤ ਨੂੰ ਸਟੱਡੀ ਕੀਤਾ ਹੈ। ਬਰਨਾਲਾ ਸਾਹਿਬ, ਨਿਹਾਇਤ ਹੀ ਸ਼ਰੀਫ ਆਦਮੀ ਹਨ ਅਤੇ ਨੇਕ ਇਨਸਾਨ ਹਨ। ਜਿਸ ਚੱਕਰ ਵਿਚ ਉਹ ਫਸ ਗਏ ਹਨ, ਡਿਪਟੀ ਸਪੀਕਰ ਸਾਹਿਬ, ਮੈਂ ਵਾਹਿਗੁਰੂ ਅਗੇ ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਇਨ੍ਹਾਂ ਨੂੰ ਚਕਰ ਵਿਚੋਂ ਕੱਢ ਦੇਵੇ। (ਘੰਟੀ) ਮੈਂ ਤਾਂ ਇਨ੍ਹਾਂ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਕੁਰਸੀ ਨਾਲ ਵੀ ਪਿਆਰ ਨਹੀਂ ਕਰਨਾ ਚਾਹੀਦਾ।

12. 46 p.m. (ਇਸ ਸਮੇਂ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਬਹੁਤ ਕੁਝ ਕਿਹਾ ਗਿਆ ਹੈ। ਪੰਜਾਬ ਦੇ ਕੁਝ ਵਜ਼ੀਰ ਐਸੇ ਹਨ ਜਿਨ੍ਹਾਂ ਤੇ ਕੁਰੱਪਸ਼ਨ ਦੇ ਚਾਰਜਿਜ਼ ਲਗੇ ਹੋਏ ਹਨ। ਬਰਨਾਲਾ ਸਾਹਿਬ ਬਿਗਾਨਾ ਚਿੱਕੜ ਨਾ ਚੁਕਣ। ਐਸੇ ਵਜ਼ੀਰਾਂ ਨੂੰ ਖਾਰਜ ਕਰਨ। ਨਹੀਂ ਕੱਢ ਸਕਦੇ ਤਾਂ ਉਨ੍ਹਾਂ ਨੂੰ ਆਪਣੇ ਆਪ ਹੀ ਇਹ ਸੀਟ ਛੱਡ ਦੇਣੀ ਚਾਹੀਦੀ ਹੈ। ਉਨ੍ਹਾਂ ਨੇ ਬਦਨਾਮੀ ਤੋਂ ਕੀ ਲੈਣਾ ਹੈ। ਇਨਾ ਕਹਿੰਦਾ ਹੋਇਆ, ਸਪੀਕਰ ਸਾਹਿਬ, ਮੈਂ ਬੈਠਦਾ ਹਾਂ। (ਥੰਪਿੰਗ)

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਤੇ ਬੇਨਤੀ ਕਰਨੀ ਹੈ। ਗਵਰਨਰ ਸਾਹਿਬ ਦੇ ਐਡਰੈਸ ਉਤੇ ਅਪੀਲ ਹੈ ਕਿ ਪੰਜਾਬ ਦੇ ਹਾਲਾਤ ਨੂੰ ਠੀਕ ਕੀਤਾ ਜਾਏ। ਇਹ ਇਕ ਬਹੁਤ ਚੰਗਾ ਸੁਝਾਓ ਹੈ। ਗਵਰਨਰ ਸਾਹਿਬ ਜਦੋਂ ਐਡਰੈਸ ਪੜ੍ਹ ਕੇ ਗਏ ਸਨ ਤਾਂ ਸਪੀਕਰ ਸਾਹਿਬ ਵੀ ਉਸ ਵੇਲੇ ਬੈਠੇ ਸਨ। ਇਥੇ ਪੰਜਾਬ ਵਿਚ ਇਹੋ ਜਿਹੇ ਹਾਲਾਤ ਹੋਣ ਦਾ ਕਾਰਨ ਕਿਸੇ ਨੇ ਕਾਂਗਰਸ ਨੂੰ ਕਿਹਾ ਅਤੇ ਕਿਸੇ ਨੇ ਅਕਾਲੀਆਂ ਨੂੰ ਕਿਹਾ ਹੈ। ਜੇਕਰ, ਸਪੀਕਰ ਸਾਹਿਬ, ਗੌਰ ਨਾਲ ਦੇਖੋ ਤਾਂ ਡੈਮੋਕਰੇਸੀ ਵਿਚ ਅਤੇ ਲੋਕ ਰਾਜ ਵਿਚ ਜਿਥੇ ਮੁਜਾਰਿਟੀ ਦੇ ਨਾਲ ਚੋਣਾਂ 117 ਸੀਟਾਂ ਵਿਚੋਂ 73 ਸੀਟਾਂ ਅਕਾਲੀ ਪਾਰਟੀ ਨੇ ਜਿੱਤੀਆਂ ਹੋਣ ਪਰ ਅਕਾਲੀ ਸਰਕਾਰ ਬਣਨ ਤੋਂ ਬਾਅਦ ਦਿਨ ਪਰ ਦਿਨ ਕਤਲ ਵੱਧ ਰਹੇ ਹਨ। ਇਸ ਦਾ ਕੀ ਕਾਰਨ ਹੈ ? ਸਪੀਕਰ ਸਾਹਿਬ, ਜਿਸ ਵੇਲੇ ਦਿੱਲੀ ਵਿਚ ਰਾਜੀਵ ਲੌਂਗੋਵਾਲ ਸਮਝੌਤਾ ਹੋਇਆ ਸੀ, ਜਿਸ ਵੇਲੇ ਅਕਾਰਡ ਹੋਇਆ ਸੀ, ਸਪੀਕਰ ਸਾਹਿਬ, ਪਿੰਡਾਂ ਵਿਚ ਵੀ ਲੜਾਈ ਕਰਨ ਵਾਲਿਆਂ ਦਾ ਸਮਝੌਤਾ ਹੁੰਦਾ ਹੈ। ਲੋਕਾਂ ਦੇ ਆਪਸ ਵਿਚ ਸਮਝੌਤੇ ਹੁੰਦੇ ਹਨ। ਇਸ ਸਮਝੌਤੇ ਨੂੰ ਸਿਰੇ ਚੜ੍ਹਾਉਣ

[ਸਰਦਾਰ ਦਿਲਬਾਗ ਸਿੰਘ]

ਲਈ ਹਰ ਤਰ੍ਹਾਂ ਦੀ ਲੜਾਈ ਖਤਮ ਕਰਕੇ ਦੋਹਾਂ ਪਾਰਟੀਆਂ ਨੂੰ ਆਪਣੀਆਂ ਗਲਾਂ ਨੂੰ ਛਡਣਾ ਪੈਂਦਾ ਹੈ, ਨੇੜੇ ਹੋਣਾ ਪੈਂਦਾ ਹੈ। ਜਿਥੇ ਕੋਈ ਸਾਂਝੀ ਗੱਲ ਹੁੰਦੀ ਹੈ ਉਸ ਨੂੰ ਕਿਸੇ ਤਰੀਕੇ ਦੇ ਨਾਲ ਹੱਲ ਕੀਤਾ ਜਾਂਦਾ ਹੈ। ਦੋਨੋਂ ਧੜਿਆਂ ਵਿਚ ਸ਼ਾਂਤੀ ਕਰਨੀ ਪੈਂਦੀ ਹੈ। ਸਖਤ ਗੱਲਾਂ ਛੱਡ ਕੇ ਸੁਲਾਹ ਦੀਆਂ ਗੱਲਾਂ ਕਰਨ ਨਾਲ ਹੀ ਸਮਝੌਤਾ ਸਿਰੇ ਚੜ੍ਹਦਾ ਹੈ। ਮੈਂ ਸਮਝਦਾ ਹਾਂ ਕਿ, ਸਪੀਕਰ ਸਾਹਿਬ, ਹਵਾ ਖਰਾਬ ਹੋਈ ਹੈ। ਇਹ ਅਕਾਲੀ 73 ਸੀਟਾਂ ਤੇ ਚੁਣੇ ਗਏ ਸਨ ਅਤੇ ਸਰਕਾਰ ਬਣਨ ਤੋਂ ਬਾਅਦ ਜਦੋਂ ਇਹ ਅਕਾਲੀ ਪਿੰਡਾਂ ਵਿਚ ਜਾਂਦੇ ਹਨ ਜਾਂ ਸ਼ਹਿਰਾਂ ਵਿਚ ਜਾਂਦੇ ਹਨ ਜਾਂ ਸਰਕਾਰੀ ਤੌਰ ਤੇ ਗੁਰਦਵਾਰਿਆਂ ਵਿਚ ਗਏ ਹਨ, ਐਨੀਆਂ ਜ਼ਹਿਰੀਲੀਆਂ ਤਕਰੀਰਾਂ ਕਰਕੇ ਲੋਕਾਂ ਨੂੰ ਉਕਸਾਇਆ ਜਿਸ ਨਾਲ ਨਫਰਤ ਜ਼ਿਆਦਾ ਪੈਦਾ ਹੋ ਗਈ। ਨੌਜਵਾਨ ਤੇ ਛੋਟੇ ਬੱਚੇ, ਬੀਬੀਆਂ ਮਤਲਬ ਕਿ ਸਾਰੇ ਲੋਕਾਂ ਵਿਚ ਗਰਮੀ ਦੀਆਂ ਗੱਲਾਂ ਸੁਣ ਸੁਣ ਕੇ ਨਫਰਤ ਪੈਦਾ ਹੁੰਦੀ ਗਈ। ਏਨੀ ਜ਼ਹਿਰ ਫੂਕੀ ਹੈ, ਜਿਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਕੁਝ ਮਨਿਸਟਰ ਐਸੇ ਹਨ ਜਿਨ੍ਹਾਂ ਨੇ ਇਸ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਨੂੰ ਪਤਾ ਹੈ ਕਿ ਮੇਰੇ ਇਕ ਪਿੰਡ ਵਿੱਚ, ਅੱਜ ਕੱਲ੍ਹ ਉਹ ਸਾਬਕਾ ਮਨਿਸਟਰ ਜੇਲ੍ਹ ਵਿੱਚ ਹੈ, ਉਹ ਪਿੰਡ ਵਿਚ ਗਿਆ ਉਹ ਪਿੰਡ ਸਾਰਾ ਕਾਂਗਰਸੀ ਖਿਆਲਾਂ ਦਾ ਪਿੰਡ ਸੀ। ਉਹ ਜਾ ਕੇ ਉਥੋਂ ਦੇ ਪੁਲਿਸ ਵਾਲਿਆਂ ਨੂੰ, ਡੀ.ਐਸ.ਪੀ. ਨੂੰ ਕਹਿਣ ਲੱਗਾ ਕਿ ਸਾਰੇ ਪਿੰਡ ਨੂੰ ਇਕੱਠਾ ਕਰੋ, ਮੈਂ ਗੱਲਾਂ ਕਰਨੀਆਂ ਹਨ। ਉਨ੍ਹਾਂ ਨੇ ਸਰਪੰਚ ਨਾਲ ਗੱਲ ਕੀਤੀ। ਸਰਪੰਚ ਨੇ ਕਿਹਾ ਕਿ ਅਸੀਂ ਪੰਚਾਇਤ ਘਰ ਇਕੱਠੇ ਹੋ ਜਾਂਦੇ ਹਾਂ ਜਾਂ ਹਾਈ ਸਕੂਲ ਵਿੱਚ ਇਕੱਠੇ ਹੋ ਜਾਂਦੇ ਹਾਂ। ਉਥੇ ਮਨਿਸਟਰ ਸਾਹਿਬ ਨੇ ਜੋ ਗੱਲਾਂ ਕਰਨੀਆਂ ਹਨ, ਕਰ ਲੈਣ। ਪਰ ਇਸ ਤੇ ਉਨ੍ਹਾਂ ਨੂੰ ਲੰਮੇ ਪਾ ਕੇ ਕੁੱਟਿਆ ਗਿਆ ਅਤੇ ਕਹਿਣ ਲਗੇ ਕਿ ਸਰਕਾਰ ਦਾ ਕਹਿਣਾ ਹੈ, ਤੁਸੀਂ ਗੁਰਦਵਾਰੇ ਨਹੀਂ ਜਾਂਦੇ। ਉਨ੍ਹਾਂ ਨੂੰ ਉਥੇ ਲੈ ਕੇ ਗਏ ਅਤੇ ਲਿਜਾ ਕੇ ਜੋ ਜ਼ਹਿਰੀਲੇ ਲੈਕਚਰ ਹੋਏ ਅਤੇ ਲਫਜ਼ ਲਫਜ਼ ਤੇ ਬੋਲੇ ਸੋ ਨਿਹਾਲ, ਬੋਲੇ ਸੋ ਨਿਹਾਲ ਦੇ ਨਾਹਰੇ ਲਾਏ ਗਏ। ਇਸ ਤਰ੍ਹਾਂ ਨਾਲ ਇਹ ਮਾਹੌਲ ਵਿਗੜਦਾ ਰਿਹਾ ਜਿਸ ਨੂੰ ਸੁਧਾਰਨ ਦੀ ਅਸੀਂ ਕੋਈ ਕੋਸ਼ਿਸ਼ ਨਹੀਂ ਕੀਤੀ। ਮੈਂ ਸਮਝਦਾ ਹਾਂ ਕਿ ਨਿਰੀ ਇਥੇ ਹੀ ਗੱਲ ਨਹੀਂ ਖਤਮ ਹੋ ਜਾਂਦੀ। ਇਹ ਗੱਲ ਅੱਜ ਬਰਨਾਲਾ ਸਾਹਿਬ ਦੇ ਮੋਹਰੇ ਆਈ ਹੋਈ ਹੈ, ਕੱਲ੍ਹ ਨੂੰ ਦੂਜੇ ਗਰੁੱਪ ਦੇ ਮੋਹਰੇ ਵੀ ਆਵੇਗੀ। ਅਗਰ ਉਨ੍ਹਾਂ ਨੂੰ ਪਾਵਰ ਮਿਲ ਗਈ। ਕੋਈ ਵੀ ਸਰਕਾਰ ਆਏ ਉਸ ਨੂੰ ਇਨ੍ਹਾਂ ਗੱਲਾਂ ਦਾ ਸਾਹਮਣਾ ਕਰਨਾ ਪਏਗਾ। ਸਰਕਾਰ ਦਾ ਕੰਮ ਹੈ ਆਪਣੇ ਰਾਜ ਨੂੰ ਬਚਾਉਣ ਵਾਸਤੇ ਲੋਕਾਂ ਨੂੰ ਨਫਰਤ ਤੋਂ ਹਟਾਏ ਤੇ ਆਪਣੇ ਵਾਲੇ ਪਾਸੇ ਲਗਾਏ। ਕੋਈ ਵੀ ਸਰਕਾਰ ਆਏ ਸਰਕਾਰ ਦਾ ਸਿਧਾ ਨਿਸ਼ਾਨਾ ਹੁੰਦਾ ਹੈ ਅਮਨ ਦੀ ਸਥਾਪਨਾ ਕਰਨੀ। ਕੀ ਅਮਨ ਕਰਨ ਵਾਸਤੇ ਇਲੈਕਸ਼ਨਾਂ ਤੋਂ ਬਾਅਦ ਇਸ ਤਰ੍ਹਾਂ ਦੇ ਲੈਕਚਰ ਲੋਕਾਂ ਨੂੰ ਕਰਨੇ ਸੀ? ਹੁਣ ਜਿਸ ਤਰ੍ਹਾਂ ਖਿਆਲਾ ਸਾਹਿਬ ਚੰਗੇ ਲੈਕਚਰ ਕਰਦੇ ਹਨ ਇਨ੍ਹਾਂ ਦੇ ਲੈਕਚਰ ਭੜਕੀਲੇ ਨਹੀਂ ਹੁੰਦੇ, ਥੋੜ੍ਹੀ ਥੋੜ੍ਹੀ ਹੋਸ਼ ਆਈ ਹੋਈ ਹੈ। ਚੰਦੂ ਮਾਜਰਾ ਸਾਹਿਬ ਦੋਹੀਂ ਪਾਸੀਂ ਕਰੀ ਜਾਂਦੇ ਹਨ। ਇਸ ਸ਼ਾਰੀ ਬੀਮਾਰੀ ਲਈ ਮੈਂ ਨਹੀਂ ਸਮਝਦਾ ਕਿ ਉਹ ਮੁੰਡੇ ਹੀ ਕਸੂਰਵਾਰ ਹਨ। ਇਸ ਦੀ ਜ਼ਿਮੇਵਾਰੀ ਸਰਕਾਰ ਤੇ ਹੈ ਜਿਨ੍ਹਾਂ ਨੇ ਇਨ੍ਹਾਂ ਨੂੰ ਇਸ ਪਾਸੇ ਲਾਇਆ। ਗਲਤ ਪਰਚਾਰ ਕਰਕੇ ਹੁਣ ਸਰਕਾਰ ਦਾ ਉਨ੍ਹਾਂ ਨੂੰ ਮੋੜਨਾ ਮੁਸ਼ਕਲ ਹੈ। ਲਾਅ ਐਂਡ ਆਰਡਰ ਦੀ ਸਥਿੱਤੀ ਦਿਨ ਬਦਿਨ ਖਰਾਬ ਹੁੰਦੀ ਜਾ ਰਹੀ ਹੈ। ਸਟੇਟ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਖਾਲਿਸਤਾਨ ਦੀ ਗੱਲ ਵੀ ਚਲਦੀ ਹੈ, ਪਰ ਇਹ ਸ਼ੁਰੂ ਕਿਸਨੇ ਕੀਤੀ? ਉਨ੍ਹਾਂ ਮੁੰਡਿਆਂ ਵਿਚਾਰਿਆਂ ਨੇ ਤਾਂ ਨਹੀਂ ਕੀਤੀ। ਅਮਰੀਕਾ ਵਿੱਚ ਅਕਾਲੀਆਂ ਦੇ 5 ਲੀਡਰ ਗਏ ਉਨ੍ਹਾਂ ਵਿਚੋਂ ਕੁਝ ਜੇਲ੍ਹ ਵਿੱਚ ਬੈਠੇ ਹਨ ਅਤੇ ਕੁਝ ਇਸ ਵੇਲੇ ਆਪਣੇ ਕਮਰਿਆਂ ਵਿੱਚ ਬੈਠੇ ਹਨ। ਮੈਂ

ਕਹਿਣਾ ਚਾਹੁੰਦਾ ਹਾਂ ਕਿ ਡਾਕਟਰ ਜਗਜੀਤ ਸਿੰਘ ਨੂੰ ਬੁਲਾਇਆ ਗਿਆ ਜਿਹੜਾ ਖਾਲਿਸਤਾਨ ਦਾ ਨਾਹਰਾਂ ਦੇਣ ਵਾਲਾ ਹੈ ਤੇ ਉਸ ਨਾਲ ਦੋ ਦਿਨ ਮੀਟਿੰਗਾਂ ਹੁੰਦੀਆਂ ਰਹੀਆਂ ਅਤੇ ਕਿਹਾ ਗਿਆ ਕਿ ਤੂੰ ਉਧਰੋਂ ਨਾਹਰੇ ਮਾਰੀਂ, ਅਸੀਂ ਇਧਰੋਂ ਮਾਰੀ ਜਾਵਾਂਗੇ। ਉਹ ਪੰਜਾਬ ਅੰਦਰ ਤਾਂ ਵੜ ਨਾ ਸਕਿਆ। ਨਨਕਾਣਾ ਸਾਹਿਬ ਤੋਂ ਹੀ ਬੈਠਾ ਬੋਲੀ ਗਿਆ। ਕਦੇ ਕੋਈ ਮੁੰਡਾ ਅਮਰੀਕਾ ਦੀ ਸਰਕਾਰ ਨਾਲ ਸਿੱਧੀ ਜਾਕੇ ਗੱਲ ਕਰ ਸਕਦਾ ਹੈ? ਕਦੇ ਕੋਈ ਮੁੰਡਾ ਵੀ ਟੱਪ ਕੇ ਪਾਕਿਸਤਾਨ ਦੀ ਸਰਕਾਰ ਨਾਲ ਗੱਲ ਕਰ ਸਕਦਾ ਹੈ। ਅੱਜ ਇਹ ਕਹਿੰਦੇ ਹਨ ਕਿ ਬਾਹਰਲੀਆਂ ਤਾਕਤਾਂ ਇਹ ਕੰਮ ਕਰਦੀਆਂ ਹਨ। ਪਰ ਇਹ ਕੰਮ ਸਾਡੇ ਲੀਡਰਾਂ ਨੇ ਕਰਾਏ ਹਨ, ਪੈਕਟ ਕਰਾਏ ਹਨ, ਭਿਜ-ਵਾਏ ਹਨ, ਖਰਚੇ ਕੀਤੇ ਹਨ। ਹੁਣ ਮਰ ਅਸੀਂ ਵੀ ਰਹੇ ਹਾਂ ਅਤੇ ਭਾਰਤੀ ਜਨਤਾ ਪਾਰਟੀ ਵਾਲੇ ਵੀ ਮਰ ਰਹੇ ਹਨ। ਜਦੋਂ ਉਨ੍ਹਾਂ ਬੱਚਿਆਂ ਨੂੰ ਰਾਤ ਦਿਨ ਟਰੇਨਿੰਗ ਦਿੱਤੀ ਹੋਣੀ ਹੈ, ਚਾਹੇ ਸਰਕਾਰੀ ਜਗ੍ਹਾ ਹੋਵੇ ਅਤੇ ਚਾਹੇ ਗੁਰਦਵਾਰੇ ਦੇ ਅੰਦਰ ਹੋਵੇ, ਕੋਈ ਕੀਰਤਨ ਵਾਲਾ ਕਹਿ ਗਿਆ, 'ਬੋਲੇ ਸੋ ਨਿਹਾਲ' ਉਸ ਨੂੰ ਹੋਰ ਤੇਜ਼ ਕਰਨਾ ਹੈ ਕਿਉਂਕਿ ਉਸ ਨੂੰ ਪੈਸੇ ਮਿਲਦੇ ਹਨ। ਇਸ ਤੋਂ ਬਾਅਦ ਜਿਹੜਾ ਮਾਹੌਲ ਬਣ ਗਿਆ ਉਹ ਅੱਜ ਅਤਿਵਾਦ ਕਹਿੰਦੇ ਹਨ। ਸਰਕਾਰ ਦਾ ਇਹ ਕੰਮ ਸੀ ਕਿ ਇਸ ਨੂੰ ਠੰਡਾ ਕਰਨਾ ਚਾਹੀਦਾ ਸੀ ਕਿਉਂਕਿ ਇਨ੍ਹਾਂ ਨੇ ਸਰਕਾਰ ਬਣਾਉਣ ਤੋਂ ਪਹਿਲਾਂ ਦਿੱਲੀ ਸਰਕਾਰ ਨਾਲ ਸਮਝੌਤਾ ਕੀਤਾ ਸੀ, ਕੋਈ ਸਮਝੌਤਾ ਸਿਰੇ ਨਹੀਂ ਚੜ੍ਹਦਾ ਜੇ ਦੋਨੋਂ ਫਰੀਕ ਪਹਿਲਾਂ ਆਪਣੀਆਂ ਨਫਰਤ ਦੀਆਂ ਗੱਲਾਂ ਨਹੀਂ ਛੱਡਦੇ, ਸਮਝੌਤੇ ਵਾਲਾ ਕੰਮ ਨਹੀਂ ਕੀਤਾ। ਮੇਰੀ ਬੇਨਤੀ ਇਹ ਹੈ ਕਿ ਜਿਸ ਤਰ੍ਹਾਂ ਹੁਣ ਪੰਜਾਬ ਦੀਆਂ ਸਾਰੀਆਂ ਪਾਰਟੀਆ ਇਕੱਠੀਆਂ ਹੋ ਕੇ ਆਪਣੀਆਂ ਆਪਣੀਆਂ ਪਾਰਟੀਆਂ ਦੀਆਂ ਗੱਲਾਂ ਛੱਡ ਕੇ ਇਕੋ ਪਲੇਟ ਫਾਰਮ ਤੇ ਏਕਤਾ ਦੀਆਂ ਗੱਲਾਂ ਕਰਦੇ ਹਨ, ਇਨ੍ਹਾਂ ਤਾਕਤਾਂ ਦੇ ਉਤੇ ਜਿਸ ਤਰ੍ਹਾਂ ਹੁਣ ਇਹ ਸ਼ੁਰੂ ਹੋਇਆ ਹੈ, ਅਸੀਂ ਇਨ੍ਹਾਂ ਦੀ ਮੱਦਦ ਕਿਉਂ ਕਰਦੇ ਹਾਂ, ਕਿਉਂਕਿ ਇਨ੍ਹਾਂ ਨੂੰ ਥੋੜ੍ਹੀ ਜਿਹੀ ਹੋਸ਼ ਆ ਗਈ ਹੈ ਕਿ ਅਸੀਂ ਗਲਤੀ ਤੇ ਸੀ ਹਾਲੇ ਦੂਜੇ ਗਰੁਪ ਨੂੰ ਨਹੀਂ ਆਈ। ਜਿਨ੍ਹਾਂ ਨੂੰ ਆਈ ਹੈ, ਅਸੀਂ ਵੀ ਉਨ੍ਹਾਂ ਦੇ ਨਾਲ ਹੋਵਾਂਗੇ। ਅੱਜ ਇਹ ਸਮਝ ਗਏ ਹਨ ਕਿ ਜੋ ਗਲਤੀਆਂ ਕੀਤੀਆਂ ਹਨ, ਉਹ ਸਾਡੇ ਅੱਗੇ ਆ ਰਹੀਆਂ ਹਨ। ਮੈਂ ਦੂਸਰੀ ਬੇਨਤੀ ਕਰਾਂਗਾ ਕਿ ਇਥੇ ਪੁਲਿਸ ਵਾਲਿਆਂ ਦੀ ਤਾਰੀਫ ਕੀਤੀ ਗਈ ਕਿ ਬੜੇ ਅੱਛੇ ਕੰਮ ਕੀਤੇ। ਬਹੁਤ ਸਾਰੇ ਅਫਸਰ ਬੜੇ ਨੇਕ ਵੀ ਹਨ, ਈਮਾਨਦਾਰ ਵੀ ਹਨ, ਚੰਗੇ ਹਨ ਅਤੇ ਅਤਿਵਾਦ ਦੇ ਖਿਲਾਫ ਵੀ ਹਨ ਅਤੇ ਜਿਹੜਾ ਵੀ ਹੋਰ ਕੋਈ ਜ਼ੁਲਮ ਕਰਨ ਵਾਲਾ ਹੈ, ਉਸ ਦੇ ਵੀ ਖਿਲਾਫ ਹਨ। ਲੇਕਿਨ, ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਕਿ ਰਿਸ਼ਵਤ ਅੱਗੇ ਸੀ, ਸਾਡੇ ਟਾਈਮ ਵਿਚ ਵੀ ਸੀ ਪਰ ਹੁਣ ਇਸ ਦਾ ਐਨਾ ਰੇਟ ਵਧ ਗਿਆ ਹੈ ਕਿ ਇਸ ਦਾ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਹੈ (ਵਿਘਨ)। ਇਹ ਜਿਹੜਾ ਰੇਟ ਵਧਾਇਆ ਗਿਆ ਹੈ ਇਨ੍ਹਾਂ ਨੂੰ ਪੁਛੋ ਤਾਂ ਇਹ ਕਹਿੰਦੇ ਹਨ ਅਸੀਂ ਪੈਸੇ ਲੈ ਕੇ ਅਗਾਂਹ ਦਿੰਦੇ ਹਾਂ। ਅਗਾਂਹ ਵਾਲੇ ਕਹਿੰਦੇ ਹਨ ਕਿ ਅਗਾਂਹ ਦਿੰਦੇ ਹਾਂ। ਇਹ ਅਗਾਂਹ ਅਗਾਂਹ ਕੰਮ ਚਲ ਰਿਹਾ ਹੈ। ਅੱਗੇ ਇਹ ਦਸ ਵੀਹ ਰੁਪਏ ਰਿਸ਼ਵਤ ਲਈ ਜਾਂਦੀ ਸੀ। ਪਰ ਹੁਣ ਦਸ ਹਜ਼ਾਰ ਰੁਪਿਆ ਤੇ 15,000 ਰੁਪਿਆ, ਇਕ ਲੱਖ ਰੁਪਏ ਤੀਕ ਆਮ ਗੱਲ ਪਹੁੰਚਦੀ ਹੈ। ਇਕ ਅਫਸਰ ਨੂੰ 20,000 ਰੁਪਏ ਦਿੱਤੇ ਗਏ ਹਨ। ਉਹ ਕਹਿੰਦਾ ਹੈ ਕਿ ਮੇਰੀ ਕੀਮਤ ਸਿਰਫ 20,000 ਹੀ ਹੈ, ਮੈਂ ਤਾਂ ਇੱਕ ਲੱਖ ਲੈਣਾ ਹੈ।

ਰਾਜ ਮੰਤਰੀ, ਖੁਰਾਕ ਤੇ ਸਪਲਾਈ: ਆਨ ਏ ਪੁਆਇੰਟ ਆਫ ਆਰਡਰ। ਇਹ ਬੜੇ ਸੀਨੀਅਰ ਨੇਤਾ ਹਨ। ਇਹ ਗੱਲ ਐਵੇਂ ਹੀ ਕਹੀ ਜਾਂਦੇ ਹਨ। ਸਰਕਾਰ ਵਿਚ ਕੋਈ ਰਿਸ਼ਵਤ ਨਹੀਂ ਲੈਂਦਾ ਹੈ ਅਗਰ ਇਨ੍ਹਾਂ ਕੋਲ ਕੋਈ ਸਬੂਤ ਹੈ ਤਾਂ ਇਹ ਦਸ ਦੇਣ। ਟਰੱਕ ਵਾਲਿਆਂ ਤੋਂ ਪੁਲਿਸ ਪਹਿਲਾਂ ਵੀ ਲੈਂਦੀ ਰਹੀ ਹੈ।

ਸਰਦਾਰ ਦਿਲਬਾਗ ਸਿੰਘ : ਜੇਕਰ ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਇਸ ਵੇਲੇ ਬਹੁਤ ਰਿਸ਼ਵਤ ਹੈ ਤਾਂ ਇਹ ਮਨਿਸਟਰ ਦੇ ਰਹਿਣ ਦੇ ਲਾਇਕ ਨਹੀਂ ਹਨ। ਕੋਈ ਆਦਮੀ ਐਸਾ ਨਹੀਂ ਪੰਜਾਬ ਦਾ ਜੋ ਇਸ ਗਲ ਤੋਂ ਦੁਖੀ ਨਹੀਂ ਹੈ। ਜੇ ਨਹੀਂ ਪਤਾ ਤਾਂ ਇਹ ਹਿੱਸੇਦਾਰ ਹੋਣਗੇ ਔਰ ਉਨ੍ਹਾਂ ਤੇ ਪਰਦਾ ਪਾ ਰਹੇ ਹਨ। ਪੁਲਿਸ ਦੀ ਸਰਾਹਨਾ ਵੀ ਕੀਤੀ ਹੈ। ਅੱਛੇ ਅਫਸਰਾਂ ਦੀ ਸਰਾਹਨਾ ਕੀਤੀ ਹੈ। ਪਰ ਜੋ ਰਿਸ਼ਵਤ ਵਾਲੀ ਗਲ ਹੈ ਇਸ ਨੂੰ ਬੜ੍ਹਾਵਾ ਮਿਲਿਆ ਹੈ।

ਇਸ ਤੋਂ ਅੱਗੇ ਇਹ ਹੈ ਔਰ ਐਡਰੈਸ ਵਿਚ ਵੀ ਆਇਆ ਹੈ ਕਿ ਜ਼ਰਾਇਤੀ ਸੈਕਟਰ ਵਿਚ ਬਹੁਤ ਤਰੱਕੀ ਕੀਤੀ ਹੈ (ਵਿਘਨ) ਐਗਰੀਕਲਚਰ ਕਾਲਜ ਬਣਿਆ ਲੁਧਿਆਣਾ ਵਿਚ ਔਰ ਇਹ ਸਰਦਾਰ ਪ੍ਰਤਾਪ ਸਿੰਘ ਕੈਰੋਂ ਵੇਲੇ ਬਣਿਆ। ਖਾਦ ਫੈਕਟਰੀ ਲਗੀ ਨੰਗਲ, ਬਿਜਲੀ ਦਿੱਤੀ, ਡਰੇਨਾਂ ਕੱਢੀਆਂ, ਇਹ ਸਾਰਾ ਕੰਮ ਪਹਿਲੀ ਸਰਕਾਰ ਵੇਲੇ ਹੋਇਆ ਜਾਂ ਪੰਜਾਬੀ ਕਿਸਾਨ ਨੇ ਜਾਂ ਯੂ.ਪੀ. ਬਿਹਾਰ ਤੋਂ ਆਈ ਲੇਬਰ ਨੇ ਮਿਹਨਤ ਕੀਤੀ ਤੁਸੀਂ ਖੇਤੀ ਬਾੜੀ ਦੀ ਉਪਜ ਵਧਾਉਣ ਵਿਚ ਕੀ ਹਿਸਾ ਪਾਇਆ ਹੈ। ਇਹ ਸਾਰੀ ਤਰੱਕੀ ਤਾਂ ਕਾਂਗਰਸ ਸਰਕਾਰ ਦੀ ਹੀ ਹੈ। ਜਿਹੜਾ ਤੁਹਾਡਾ ਕਹਿਣਾ ਹੈ ਕਿ ਐਨਾ ਸੈਂਟਰ ਨੇ ਦਿੱਤਾ ਹੈ, ਐਨੀ ਪੈਦਾਵਾਰ ਹੋ ਗਈ' ਇਹ ਤੁਹਾਡੀ ਹਿਮਤ ਵਾਲੀ ਗਲ ਨਹੀਂ ਹੈ (ਵਿਘਨ) ਜੋ ਇੰਡਸਟਰੀ ਵਿਚ, ਐਗਰੀਕਲਚਰ ਵਿਚ ਤਰੱਕੀ ਇਥੇ ਹੋਈ ਹੈ, ਇਹ ਪਹਿਲੀ ਸਰਕਾਰ ਵੇਲੇ ਹੋਈ ਹੈ। ਕੋਆਪ੍ਰੇਸ਼ਨ ਵਿਚ ਜੋ ਬੈਂਕਾਂ ਵਿਚ ਮੁਲਾਜ਼ਮ ਰਖੇ ਗਏ ਹਨ ਉਨ੍ਹਾਂ ਤੋਂ ਪੈਸੇ ਲੈ ਕੇ ਜੇਬਾਂ ਵਿਚ ਰਖ ਲਏ ਗਏ ਹਨ ਅਤੇ ਕਹਿ ਦਿਹ ਦਿੱਤਾ ਗਿਆ ਕਿ ਨੌਜ-ਵਾਨਾਂ ਨੂੰ ਨੌਕਰੀਆਂ ਦੇਕੇ ਅੱਤਵਾਦ ਦੇ ਰਸਤੇ ਤੋਂ ਹਟਾਕੇ ਮੁੱਖ ਧਾਰਾ ਵਿਚ ਲੈ ਲਿਆ ਗਿਆ ਹੈ। (ਵਿਘਨ) ਜਿਹੜੇ ਰਿਸ਼ਵਤ ਦੇ ਕੇ ਲਗੇ ਹਨ ਕੀ ਉਹ ਮੁੱਖ ਧਾਰਾ ਵਿਚ ਆ ਜਾਣਗੇ ?

ਸਹਿਕਾਰਤਾ ਮੰਤਰੀ : ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਰਿਸ਼ਵਤ ਦੀ ਦੁਹਾਈ ਵਾਲੇ ਮੈਂਬਰ ਸਾਹਿਬ ਹਨ ਇਨ੍ਹਾਂ ਦੀ ਆਪਣੀ ਪਾਰਟੀ ਔਰ ਇਹ ਆਪ ਖੁਦ ਕਿੰਨੀ ਰਿਸ਼ਵਤ ਲੈਂਦੇ ਰਹੇ ਹਨ। ਮੈਂ ਨਹੀਂ ਦੋਹਰਾਨਾ ਚਾਹੁੰਦਾ। ਮੈਂ ਇਹ ਗਲ ਸਾਫ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਯਤਨ ਕਰਕੇ ਇਥੋਂ ਦੇ ਉਤਪਾਦਨ ਦੇ ਰਿਕਾਰਡ ਵਿਚ ਵਾਧਾ ਕੀਤਾ ਹੈ, ਸਨਅਤੀ ਖੇਤਰ ਵਿਚ ਵਾਧਾ ਕੀਤਾ ਹੈ ਔਰ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਵਿਚ ਵਾਧਾ ਕੀਤਾ ਹੈ। ਇਸ ਤਰ੍ਹਾਂ ਕਰਕੇ ਪੰਜਾਬ ਦਾ ਮਾਹੌਲ ਸਦਭਾਵਨਾ ਵਾਲਾ ਬਣਾਇਆ ਹੈ। ਪੰਜਾਬ ਸਰਕਾਰ ਨੇ ਖਾਦ ਸਸਤੀ ਦਿੱਤੀ ਹੈ (ਥੰਪਿੰਗ) ਜੋ ਸੈਂਟਰ ਨੇ ਭਾਅ ਨਿਸ਼ਚਿਤ ਕੀਤਾ ਹੈ ਉਸ ਤੋਂ ਸਸਤੀ ਦਿੱਤੀ ਹੈ। ਜੋ ਇਥੇ ਕਿਹਾ ਗਿਆ ਹੈ ਕਿ ਨੌਕਰੀਆਂ ਦੇਣ ਵਿਚ ਕਿਸੇ ਅੱਤਵਾਦੀ ਤੋਂ ਪੈਸੇ ਲੈ ਲਏ ਹਨ, ਇਸ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ, ਮੈਂ ਚੈਲੰਜ ਕਰਦਾ ਹਾਂ ਕਿ ਇਸ ਬਾਰੇ ਕੋਈ ਸਾਨੂੰ ਸਾਬਤ ਕਰ ਦੇਵੇ ਅਸੀਂ ਉਸ ਤੇ ਐਕਸ਼ਨ ਲਵਾਂਗੇ। (ਵਿਘਨ)

Doctor Kewal Krishan : It is an interruption. Not a point of Order.

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਬੋਲਣ ਤੋਂ ਪਹਿਲਾਂ ਬੇਨਤੀ ਕਰਾਂਗਾ ਕਿ ਉਨ੍ਹਾਂ ਨੇ ਜਿਹੜਾ ਪੁਆਇੰਟ ਆਫ ਆਰਡਰ ਕੀਤਾ, ਕੀ ਇਹ ਪੁਆਇੰਟ ਆਫ ਆਰਡਰ ਹੈ ?

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਬਣਦਾ ਉਹ ਸਪੱਸ਼ਟੀਕਰਨ ਦੇ ਰਹੇ ਸਨ।

Doctor Kewal Krishan . After the conclusion of the speech, clarification is given.

ਸ਼੍ਰੀ ਸਪੀਕਰ : ਚਾਹੀਦਾ ਇਹੋ ਸੀ। (ਵਿਘਨ)

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਤੁਸੀਂ ਹਾਊਸ ਨੂੰ ਰੂਲਜ਼ ਦੇ ਮੁਤਾਬਿਕ ਚਲਾਓ।

ਸਹਿਕਾਰਤਾ ਮੰਤਰੀ : ਜਿਹੜੇ ਨੌਜਵਾਨ ਹਨ, ਜਿਨ੍ਹਾਂ ਨੂੰ ਇਹ ਅੱਤਿਵਾਦੀ ਕਹਿੰਦੇ ਹਨ, ਅਸੀਂ ਉਨ੍ਹਾਂ ਨੂੰ ਮੇਨ ਸਟਰੀਮ, ਮੁੱਖ ਧਾਰਾ ਵਿਚ ਲਿਆਉਣਾ ਚਾਹੁੰਦੇ ਹਾਂ। (ਵਿਘਨ)

ਸਰਦਾਰ ਦਿਲਬਾਗ ਸਿੰਘ : ਮੈਂ, ਸਪੀਕਰ ਸਾਹਿਬ, ਬੇਨਤੀ ਇਹ ਕਰ ਰਿਹਾ ਹਾਂ ਕਿ ਮੈਂ ਇਹ ਚਾਰਜਿਜ਼ ਲਾਏ ਹਨ ਕਿ ਇਸ ਵੇਲੇ ਬੜੀ ਰਿਸ਼ਵਤ ਹੈ, ਇਹ ਕਹਿੰਦੇ ਹਨ ਕਿ ਨਹੀਂ। ਇਨ੍ਹਾਂ ਨੇ ਮੈਨੂੰ ਵੀ ਕਿਹਾ ਕਿ ਤੁਸੀਂ ਕੁਰੱਪਟ ਹੋ। ਸਪੀਕਰ ਸਾਹਿਬ, ਮੈਂ 1962 ਤੋਂ ਅਸੰਬਲੀ ਦਾ ਮੈਂਬਰ ਚਲਾ ਆ ਰਿਹਾ ਹਾਂ। ਅਗਰ ਇਹ ਇਕ ਵੀ ਸਾਬਤ ਕਰ ਦੇਣ ਕਿ ਮੈਂ 1962 ਤੋਂ ਲੈ ਕੇ 1987 ਤੀਕ 25 ਸਾਲਾਂ ਵਿਚ ਕਿਸੇ ਤੋਂ ਰਿਸ਼ਵਤ ਲਈ ਹੈ ਤਾਂ ਮੈਂ ਅਸਤੀਫਾ ਦੇ ਦਿਆਂਗਾ ਜੇ ਨਹੀਂ ਤਾਂ ਇਹ ਚੰਦੂਮਾਜਰਾ ਅਸਤੀਫਾ ਦੇਣ। (ਵਿਘਨ) (ਸ਼ੋਰ) (ਆਵਾਜ਼ਾਂ : ਠੀਕ ਹੈ, ਠੀਕ ਹੈ)। ਇਹ ਫੈਸਲਾ ਹੋ ਗਿਆ ਕਿ ਜੇ ਇਹ ਮੇਰੇ ਖਿਲਾਫ ਸਾਬਤ ਕਰ ਦੇਣ ਤਾਂ ਮੈਂ ਅਸਤੀਫਾ ਦਿਆਂਗਾ ਨਹੀ ਤਾਂ ਇਹ ਅਸਤੀਫਾ ਦੇਣ। ਸਪੀਕਰ ਸਾਹਿਬ, ਤੁਸੀਂ ਹਾਊਸ ਦੀ ਕਮੇਟੀ ਬਣਾ ਦਿਓ। (ਥੰਪਿੰਗ) ਚੰਦੂਮਾਜਰਾ ਅਤੇ ਮੇਰੀ ਇਨਕੁਆਇਰੀ ਹਾਊਸ ਕਮੇਟੀ ਤੋਂ ਕਰਾ ਲਵੋ।

ਸ਼੍ਰੀ ਸਪੀਕਰ : ਤੁਸੀਂ ਚੇਅਰ ਨੂੰ ਐਡਰੈਸ ਕਰੋ।

ਸਰਦਾਰ ਦਿਲਬਾਗ ਸਿੰਘ : ਮੈਂ ਬੇਨਤੀ ਕਰ ਰਿਹਾ ਸੀ ਕਿ ਭਲੇ ਮਾਣਸਾਂ ਨੇ ਇਸ ਮਾਹੌਲ ਨੂੰ ਠੰਢਾ ਕਰਨ ਵਾਸਤੇ ....

ਉਪ ਮੰਤਰੀ, ਸਿਹਤ ਅਤੇ ਪਰਿਵਾਰ ਭਲਾਈ : ** ** **

ਸ਼੍ਰੀ ਸਪੀਕਰ : ਤੁਸੀਂ ਬੜੇ ਪੁਰਾਣੇ ਮੈਂਬਰ ਹੋ।

ਉਪ ਮੰਤਰੀ, ਸਿਹਤ ਅਤੇ ਪਰਿਵਾਰ ਭਲਾਈ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਦਿਲਬਾਗ ਸਿੰਘ : ਜਦ ਗਿੱਲ ਸਰਕਾਰ ਸੀ, ਅਕਾਲੀਆਂ ਦੀ ਸਰਕਾਰ ਸੀ, ਅਸੀਂ ਉਸ ਵੇਲੇ ਵੀ ਕਾਂਗਰਸ ਵਿਚ ਸੀ ਅਤੇ ਹੁਣ ਵੀ ਕਾਂਗਰਸ ਵਿਚ ਹਾਂ। (ਵਿਘਨ) ਨਿਹਾਲਸਿੰਘਵਾਲਾ ਜਦੋਂ ਖੜੇ ਹੋਣਗੇ ਉਸ ਵੇਲੇ ਤੁਸੀਂ ਗੱਲ ਕਰ ਲੈਣਾ। ਸਪੀਕਰ ਸਾਹਿਬ, ਮੈਂ ਉਸੇ ਗੱਲ ਨੂੰ ਜੋੜ ਰਿਹਾ ਸੀ ਕਿ ਸੈਂਟਰ ਦੀ ਸਰਕਾਰ ਨੂੰ ਕਿਹਾ ਗਿਆ ਕਿ ਥੀਨ ਡੈਮ ਵਾਸਤੇ ਬੜੇ ਪੈਸੇ ਦਿਤੇ ਜਾਂਦੇ ਹਨ। ਇਨ੍ਹਾਂ ਨੇ ਕਿਹਾ ਕਿ ਰੀਹੈਬਲੀਟੇਸ਼ਨ ਵਾਸਤੇ ਪੈਸੇ ਦਿਤੇ, ਰੂਰਲ ਡਿਵੈਲਪਮੈਂਟ ਵਾਸਤੇ ਪੈਸੇ ਦਿਤੇ। ਇਨ੍ਹਾਂ ਨੂੰ ਪੁਛੋ ਕਿ ਜਿਹੜੇ ਤੁਸੀਂ ਬਾਹਰ ਲੈਕਚਰ ਕਰਦੇ ਹੋ ਉਥੇ ਇਹ ਗਲਾਂ ਕਿਉਂ ਨਹੀਂ ਦੱਸਦੇ ਕਿ ਸੈਂਟਰ ਦੀ ਸਰਕਾਰ ਨੇ ਐਨਾ ਪੈਸਾ ਦਿਤਾ। ਸਿਵਾਏ ਕੇਂਦਰ ਸਰਕਾਰ ਦੇ ਨਫਰਤ ਫੈਲਾਉਣ ਦੇ ਕੋਈ ਗੱਲ ਨਹੀਂ ਕੀਤੀ ਜਾਂਦੀ ; ਜਿਸ ਦੇ ਨਾਲ ਇਹ ਮਾਹੌਲ ਪੈਦਾ ਹੋਇਆ ਹੈ।

**Expunged as ordered by the Chair.

[ਸਰਦਾਰ ਦਿਲਬਾਗ ਸਿੰਘ]

ਇਸ ਦੇ ਨਾਲ ਹੀ ਮੈਂ ਇਹ ਵੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਕ ਇਨ੍ਹਾਂ ਨੇ ਕਿਹਾ ਕਿ ਕਿਸਾਨ ਦੀ ਹਾਲਤ ਸੁਧਰੀ ਹੈ, ਠੀਕ ਹੈ ਸੁਧਰਨੀ ਚਾਹੀਦੀ ਹੈ, ਹੋਰ ਵੀ ਸੁਧਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਪੰਜਾਬ ਦੇ ਵਿਚ ਦੁਕਾਨਦਾਰ ਫੈਕਟਰੀ ਦਾ ਮਾਲਕ, ਮਜ਼ਦੂਰ, ਟਰੱਕ, ਬੱਸ ਦਾ ਮਾਲਕ ਛਾਬੜੀ ਵਾਲਾ ਵਗੈਰਾ ਵੀ ਰਹਿੰਦੇ ਹਨ। ਜਦੋਂ ਕਰਫਿਊ ਲੱਗਾ ਹੁੰਦਾ ਹੈ ਜਾਂ ਕਿਲਿੰਗ ਹੋ ਜਾਂਦੀ ਹੈ, ਲੋਕਾਂ ਦਾ ਕੰਮ ਬੰਦ ਹੋ ਗਿਆ। ਇਥੇ ਰਿਕਸ਼ਾ ਵਾਲੇ ਵੀ ਗਰੀਬ ਰਹਿੰਦੇ ਹਨ, ਟਰੱਕਾਂ ਵਾਲੇ ਵੀ ਗਰੀਬ ਰਹਿੰਦੇ ਹਨ (ਆਵਾਜ਼ਾਂ : ਕੀ ਟਰੱਕਾਂ ਵਾਲੇ ਗਰੀਬ ਹਨ ?) ਠੀਕ ਹੈ, ਉਹ ਗਰੀਬ ਹਨ, ਉਨ੍ਹਾਂ ਦਾ ਮੈਨੂੰ ਪਤਾ ਹੈ। ਜੇ ਉਨ੍ਹਾਂ ਨੂੰ ਕੋਈ ਵਪਾਰ ਨਹੀਂ ਖੋਲ੍ਹਣ ਦੇਣਾ ਤਾਂ ਫਿਰ ਉਹ ਗਰੀਬ ਹੀ ਹਨ। ਮੈਂ ਕਹਾਂਗਾ ਕਿ ਉਨ੍ਹਾਂ ਦੀ ਹਾਲਤ ਦਾ ਵੀ ਖਿਆਲ ਕਰੋ। ਇਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਭਾਰੀ ਨੁਕਸਾਨ ਤੋਂ ਇਲਾਵਾ ਭੁਖੇ ਵੀ ਰਹਿਣਾ ਪੈਂਦਾ ਹੈ।

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ' ਮੈਂ ਆਪ ਦੇ ਰਾਹੀਂ ਮਾਨਯੋਗ ਮੈਂਬਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਜੇ ਉਹ ਹੋਰ ਗਰੀਬ ਹੋ ਜਾਣ ਤਾਂ ਇਨ੍ਹਾਂ ਵਿਚ ਕੋਈ ਗਰੀਬ ਨਹੀਂ ਰਹੇਗਾ ?

ਸਰਦਾਰ ਦਿਲਬਾਗ ਸਿੰਘ : ਇਹ ਜਿਹੜੇ ਬੈਠੇ ਹਨ। (ਹਾਸਾ) ਇਨ੍ਹਾਂ (ਅਕਾਲੀ ਪਾਰਟੀ) ਭਾਵੇਂ ਤਾਂ ਪੰਜਾਬ ਗਰੀਬ ਹੁੰਦਾ ਹੈ ਤਾਂ ਹੋਵੇ, ਉਹ ਡਿਗੇ ਖੂਹ ਵਿੱਚ ਪਰ ਇਹ ਕਹਿੰਦੇ ਹਨ ਕਿ ਇਨ੍ਹਾਂ (ਅਕਾਲੀ ਪਾਰਟੀ) ਵਿਚੋਂ ਕੋਈ ਗਰੀਬ ਨਾ ਹੋਵੇ। (ਹਾਸਾ)

ਇਕ ਗੱਲ, ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈਸ ਵਿਚ ਐਫ. ਸੀ. ਆਈ. ਦੀ ਆਈ ਹੈ ਕਿ ਐਫ. ਸੀ. ਆਈ. ਨੇ ਕਣਕ ਕੈਰਿਜ ਦਿਤੀ ਹੈ ਔਰ ਉਹ ਕੈਰਿਜ ਟਰੱਕਾਂ ਵਾਲੇ ਕਰਨਗੇ। ਉਹ ਮਾਲ ਕਲਕੱਤੇ ਵਿੱਚ ਲਿਜਾਣਗੇ, ਬੰਬਈ ਵਿੱਚ ਲਿਜਾਣਗੇ ਅਤੇ ਉਸ ਦੇ ਨਾਲ ਕਿਰਾਇਆ ਆਵੇਗਾ ਔਰ ਕਿਰਾਇਆ ਆਉਣ ਨਾਲ ਇਹ ਅਮੀਰ ਹੋ ਜਾਣਗੇ। ਮੈਂ ਸਮਝਦਾ ਹਾਂ ਕਿ ਨਾਂ ਕਣਕ ਅਜੇ ਕੋਈ ਭੇਜੀ ਹੈ ਅਤੇ ਨਾ ਭੇਜਣ ਦੀ ਕੋਈ ਗੱਲ ਨਜ਼ਰ ਆਉਂਦੀ ਹੈ। (ਇਕ ਆਵਾਜ਼ : ਜਾ ਰਹੀ ਹੈ) ਮੈਨੂੰ ਪਤਾ ਹੈ ਕਿ ਅਜੇ ਨਹੀਂ ਜਾ ਰਹੀ। ਅਜੇ ਬਿਲਕੁਲ ਕੋਈ ਕਣਕ ਨਹੀਂ ਜਾ ਰਹੀ, ਕੋਈ ਟਰੱਕਾਂ ਵਿਚ ਮੂਵਮੈਂਟ ਨਹੀਂ ਆਈ ਅਤੇ ਨਾ ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਕੋਈ ਮਸਲਾ ਹੱਲ ਹੋਵੇਗਾ, ਜਦੋਂ ਹੋਵੇਗਾ ਤਾਂ ਦੇਖਾਂਗੇ ਪਰ ਅਜੇ ਤਾਂ ਉਨ੍ਹਾਂ ਨੂੰ ਡਰ ਹੈ, ਜਿਹੜੇ 15-15 ਦਿਨ 20-20 ਦਿਨ ਖੜ੍ਹੇ ਰਹੇ ਹਨ ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਰਿਆਇਤ ਕੋਈ ਦੇਣੀ ਚਾਹੀਦੀ ਹੈ। (ਵਿਘਨ) ਸਪੀਕਰ ਸਾਹਿਬ, ਸਾਡੇ ਇਸ ਪੰਜਾਬ ਦੇ ਵਿੱਚ ਕੋਈ 40,000 ਦੇ ਕਰੀਬ ਟਰੱਕ ਹੈ ਔਰ ਪਿੰਡਾਂ ਦੀ ਜੋ ਹਾਲਤ ਹੈ, ਇਸ ਦੇ ਵਿਚ ਸਾਡੇ ਲੋਕ ਪਿੰਡਾਂ ਦੇ ਹਨ ਜੋ ਗਰੀਬ ਹਨ, ਮਿਹਨਤੀ ਹਨ ਉਨ੍ਹਾਂ ਨੇ ਇਸ ਟਰੱਕ ਇੰਡਸਟਰੀ ਵਿਚ 80 ਅਰਬ ਰੁਪਿਆ ਸਰਮਾਇਆ ਪਿੰਡਾਂ ਵਾਲਿਆਂ ਦਾ ਇਸ ਤੇ ਲਗਿਆ ਹੋਇਆ ਹੈ ਔਰ ਇਸ ਦੇ ਵਿੱਚ ਡੇਢ ਲੱਖ ਆਦਮੀਆਂ ਦਾ ਰੁਜ਼ਗਾਰ ਹੈ। ਇਤਨੀ ਵੱਡੀ ਇੰਡਸਟਰੀ ਜਿਹੜੀ ਪਿੰਡ ਵਾਲਿਆਂ ਨੇ ਆਪਣੀ ਹਿੰਮਤ ਨਾਲ, ਆਪਣੇ ਪੈਸੇ ਨਾਲ ਬਣਾਈ ਹੋਵੇ ਅਤੇ ਉਸ ਦੇ ਵਿਚ ਲੁੱਟ ਖਸੁੱਟ ਹੋਵੇ ਔਰ ਇਨ੍ਹਾਂ ਗਰੀਬ ਲੋਕਾਂ ਨੂੰ ਕੋਈ ਰਿਆਇਤ ਦੇਣ ਦੀ ਬਜਾਏ ਉਨ੍ਹਾਂ ਦੇ ਭਾਅ ਵਧਾ ਦਿੰਦੇ ਹਨ ਤਾਂ ਇਸ ਗੱਲ ਦਾ ਤੁਸੀਂ, ਆਪ ਹੀ ਅੰਦਾਜ਼ਾ ਲਗਾ ਲਓ ਕਿ ਕਿਤਨੀ ਮਾੜੀ ਗੱਲ ਹੈ।

ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਥੋੜ੍ਹੀ ਜਿਹੀ ਹੋਰ ਬੇਨਤੀ ਕਰਾਂਗਾ ਕਿ ਇਕ ਸਾਡੀ ਫਿਰਕਾਪ੍ਰਸਤੀ ਵਾਲੀ ਗਲ ਹੈ ਜਿਸ ਦਾ ਜ਼ਿਕਰ ਵੀ ਆਮ ਤੌਰ ਤੇ ਆਉਂਦਾ ਹੈ। ਹਿੰਦੁਸਤਾਨ ਵਿਚ

ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ ਕਿ ਬੜੇ ਫਿਰਕੇ ਹਨ, ਬੜੇ ਮਜ਼੍ਹਬ ਹਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਿੱਖਾਂ ਨੂੰ ਫਿਰਕਾਪ੍ਰਸਤ ਨਹੀਂ ਹੋਣਾ ਚਾਹੀਦਾ, ਸਿਖਾਂ ਨੂੰ ਬਿਲਕੁਲ ਫਿਰਕਾਪ੍ਰਸਤ ਨਹੀਂ ਹੋਣਾ ਚਾਹੀਦਾ। ਇਸ ਕਰਕੇ ਨਹੀਂ ਹੋਣਾ ਚਾਹੀਦਾ ਕਿ ਸਾਡੇ ਗੁਰੂ ਸਹਿਬਾਨ ਫਿਰਕਾਪ੍ਰਸਤ ਨਹੀਂ ਸਨ। ਸਾਡਾ ਗੁਰੂ ਗ੍ਰੰਥ ਸਾਹਿਬ ਫਿਰਕਾਪ੍ਰਸਤ ਨਹੀਂ ਹੈ।

"ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।

ਜੇ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ ਤਾਂ ਫਿਰ ਜੇ ਕੋਈ ਫਿਰਕੇ ਦੀ, ਕੋਈ ਫਿਰਕਾਪ੍ਰਸਤੀ ਦੀ ਗੱਲ ਕਰੀਏ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਉਨ੍ਹਾਂ ਦੇ ਦੱਸੇ ਰਸਤੇ ਤੇ ਨਹੀਂ ਚਲ ਰਹੇ। ਜਦੋਂ ਰੋਜ਼ਗਾਰ ਵਾਲੇ ਪਾਸੇ ਜਾਈਏ, ਧਾਰਮਿਕ ਗੱਲਾਂ ਨੂੰ ਛੱਡ ਕੇ ਦੇਖੀਏ, ਕਦੇ ਬੰਗਾਲ ਵਾਲਿਆਂ ਨੇ ਵੀ ਪੰਜਾਬ ਵਿੱਚ ਆਕੇ ਕੋਈ ਫਾਰਮ ਖੋਲ੍ਹਿਆ ਹੈ, ਕਦੇ ਯੂ. ਪੀ. ਵਾਲਿਆਂ ਨੇ ਵੀ ਪੰਜਾਬ ਵਿੱਚ ਆ ਕੇ ਕੋਈ ਫਾਰਮ ਖੋਲ੍ਹਿਆ ਹੈ, ਜਾਂ ਯੂ.ਪੀ. ਜਾਂ ਕਿਸੇ ਹੋਰ ਸਟੇਟ ਵਾਲਿਆਂ ਨੇ ਵੀ ਇਸ ਤਰ੍ਹਾਂ ਟਰੱਕਾਂ ਦੀ ਮੂਵਮੈਂਟ ਕੀਤੀ ਹੈ, ਇਹ ਸਿੱਖ ਹੀ ਹਨ ਜੋ ਬਾਹਰ ਜਾਕੇ ਹਿੰਦੁਸਤਾਨ ਦੇ ਵੱਖ ਵੱਖ ਹਿਸਿਆਂ ਵਿਚ ਜਾਂਦੇ ਹਨ, ਸਾਰਾ ਕੁਝ ਕਰਦੇ ਹਨ। ਸਾਰੇ ਭਾਰਤ ਵਿਚ 6 ਲੱਖ ਟਰੱਕ ਹਨ ਜਿਸ ਵਿਚੋਂ 40,000 ਟਰੱਕ ਪੰਜਾਬ ਦੀ ਹੀ ਬਾਹਰ ਮੂਵਮੈਂਟ ਹੈ। ਜਿਥੇ ਜਾਣਾ ਹੈ, ਅਸੀਂ ਹੀ ਜਾਂਦੇ ਹਾਂ। ਭਾਰਤ ਦੇ 6 ਲੱਖ ਵਿਚੋਂ ਕੋਈ ਵੀ ਪੰਜਾਬ ਵਿਚ ਨਹੀਂ ਆਉਂਦਾ। ਸਿਰਫ ਪੰਜਾਬ ਵਾਲੇ ਹੀ ਸਾਰੇ ਭਾਰਤ ਵਿਚ ਘੁੰਮ ਕੇ ਪੈਸਾ ਲਿਆ ਕੇ ਆਪਣੇ ਸੂਬੇ ਵਿਚ ਖਰਚ ਕਰਦੇ ਹਨ। ਇਹ ਫਿਰਕਾਪ੍ਰਸਤੀ ਦੀ ਲਹਿਰ ਸਿਖਾਂ ਨੂੰ ਮਾਰੇਗੀ। ਜਿਸ ਤਰ੍ਹਾਂ ਸਾਡੀਆਂ ਰਵਾਇਤਾਂ ਹਨ, ਜੋ ਗੁਰੂ ਸਾਹਿਬ ਨੇ ਸਾਨੂੰ ਰਸਤਾ ਦੱਸਿਆ ਹੈ, ਜੋ ਗੁਰੂ ਸਾਹਿਬਾਨ ਨੇ ਸਾਨੂੰ ਮਾਰਗ ਦਸਿਆ ਹੈ ਉਸ ਤੇ ਤੁਰੇ ਤਾਂ ਹੀ ਸਿਖਾਂ ਦਾ ਭਲਾ ਹੋ ਸਕਦਾ ਹੈ ਨਹੀਂ ਤਾਂ ਭਲਾ ਨਹੀ ਹੋ ਸਕਦਾ। (ਥੰਪਿੰਗ) (ਇਕ ਅਵਾਜ਼: ਉਸੇ ਤੇ ਹੀ ਚਲ ਰਹੇ ਹਾਂ।) ਖੁਲ੍ਹੇ ਦਿਲ ਨਾਲ ਚਲੋ ਅਹਿਸਤਾ ਅਹਿਸਤਾ ਨਹੀਂ।

ਸਪੀਕਰ ਸਾਹਿਬ, ਇਕ ਦੋ ਗੱਲਾਂ ਮੈਂ ਇਨ੍ਹਾਂ ਨੂੰ ਦੱਸਣੀਆਂ ਸਨ। ਸਪੀਕਰ ਸਾਹਿਬ, ਮੈਨੂੰ ਇਕ ਸਮਝ ਨਹੀਂ ਆਈ ਕਿ ਇਹ ਸਾਡੇ ਜਿਹੜੇ ਮੈਂਬਰ ਸਾਹਿਬ (ਰਾਜ ਮੰਤਰੀ, ਜੇਲ੍ਹਾਂ, ਸਿਵਲ ਰਖਿਆ ਅਤੇ ਸਭਿਆਚਾਰਕ ਮਾਮਲੇ ਵੱਲ ਇਸ਼ਾਰਾ) ਅਜ ਕਲ੍ਹ ਤਾਂ ਮਨਿਸਟਰ ਹਨ, ਜਿਵੇ ਪੁਰਾਣੇ ਜ਼ਮਾਨੇ ਵਿਚ ** ** ** **

ਸ੍ਰੀ ਸਪੀਕਰ: ** ਵਾਲੇ ਸਬੰਧੀ ਜੋ ਰਿਮਾਰਕਸ ਹਨ ਇਹ ਰਿਕਾਰਡ ਵਿੱਚ ਐਕਸਪੰਜ ਕਰ ਦਿੱਤੇ ਜਾਣ (ਵਿਘਨ)। ਅਸੀਂ ਉਹ ਸ਼ਬਦ ਵਰਤੀਏ ਜਿਹੜੇ ਤਹਿਜ਼ੀਬ ਵਾਲੇ ਹੋਣ।

ਰਾਜ ਮੰਤਰੀ, ਜੇਲ੍ਹਾਂ ਅਤੇ ਸਿਵਲ ਰੱਖਿਆ ਅਤੇ ਸਭਿਆਚਾਰਕ ਮਾਮਲੇ: ਸਪੀਕਰ ਸਾਹਿਬ, ਇਹ ਤਹਿਜ਼ੀਬ ਦੀ ਗੱਲ ਕਰਦੇ ਹਨ, ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਤਹਿਜ਼ੀਬ ਕੀ ਚੀਜ ਹੁੰਦੀ ਹੈ।

ਸਰਦਾਰ ਦਿਲਬਾਗ ਸਿੰਘ: ਸਪੀਕਰ ਸਾਹਿਬ, ਹਰ ਆਨਰੇਬਲ ਮੈਂਬਰ ਨੂੰ ਚਾਹੀਦਾ ਹੈ ਕਿ ਅਗਰ ਬੋਲਣਾ ਹੈ ਤਾਂ ਤੁਹਾਡੇ ਕੋਲੋਂ ਇਜਾਜ਼ਤ ਲੈ ਲਵੇ ਔਰ ਤੁਸੀਂ ਟਾਈਮ ਦੇ ਦੇਵੋ ਉਸ ਤੋਂ ਬਾਅਦ ਬੋਲੇ (ਵਿਘਨ) ਜਿਸ ਤਰ੍ਹਾਂ ਇਹ ਗੱਲ ਕਰ ਰਹੇ ਹਨ ਉਸ ਤਰ੍ਹਾਂ ਮੈਂ ਕਰ ਰਿਹਾ ਹਾਂ (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੇ ਰੱਜਣ ਦੀ ਗਲ ਕਹੀ ਹੈ। ਮੈਂ ਤਾਂ ਇਕ ਗਰੀਬ ਘਰ ਦਾ ਆਦਮੀ ਹਾਂ। ਚਾਰ ਆਨੇ ਰੋਜ਼ ਤੇ ਕੰਮ ਕਰਦਾ ਰਿਹਾ ਹਾਂ। ਹੁਣ ਮੇਰੇ ਹਾਲਾਤ ਠੀਕ ਹਨ। ਇਹ ਉਹ ਕੰਮ ਕਰਦੇ ਰਹੇ ਜੋ ਮੈਂ ਪਹਿਲਾਂ ਕਹਿ ਚੁਕਾ ਹਾਂ। (ਹਾਸਾ)

**Expunged as ordered by the Chair.

[ਸਰਦਾਰ ਦਿਲਬਾਗ ਸਿੰਘ]

ਸਪੀਕਰ ਸਾਹਬ, ਮੈਂ ਬੇਨਤੀ ਕਰ ਰਿਹਾ ਸੀ ਕਿ ਪਿਛਲੀਆਂ ਬਾਰਸ਼ਾਂ ਦੇ ਵਿਚ ਕਾਫੀ ਨੁਕਸਾਨ ਹੋਇਆ ਕਿਸਾਨਾਂ ਦਾ। ਉਸ ਦੇ ਵਾਸਤੇ ਸੈਂਟਰ ਦੀ ਸਰਕਾਰ ਨੇ ਪੈਸਾ ਭੇਜਿਆ। ਸਾਡੇ ਉਤੇ 18 ਲੱਖ ਰੁਪਿਆ ਨਵੇਂ ਸ਼ਹਿਰ ਵਿਚ ਭੇਜਿਆ। ਉਸ 18 ਲੱਖ ਰੁਪਏ ਵਿਚੋਂ 15 ਲੱਖ ਰੁਪਿਆ ਇਕ ਉਥੇ ਦਾ ਨਾਇਬ ਤਹਿਸੀਲਦਾਰ ਖਾ ਗਿਆ। ਇਥੇ ਉਬੋਕੇ ਸਾਹਿਬ ਬੈਠੇ ਹਨ ਇਹ ਮੌਕੇ ਤੇ ਗਏ ਉਥੇ ਸਾਰੀ ਇਨਕੁਆਇਰੀ ਕੀਤੀ। ਉਨ੍ਹਾਂ ਨੇ ਠੀਕ ਇਨਕੁਆਇਰੀ ਕੀਤੀ। ਸਾਬਤ ਹੋ ਗਿਆ ਪਰ ਜੱਥੇਦਾਰਾਂ ਨੇ ਘੇਰਾ ਪਾ ਦਿਤਾ। ਜਿਸ ਨੂੰ ਚੁਕਦਾ ਦਸ ਪੰਦਰਾਂ ਹਜਾਰ ਰੁਪਿਆ ਦੇ ਦਿੰਦਾ। ਉਹ ਇਸ ਗਲੋਂ ਨਿਕਲ ਗਿਆ। ਇਨ੍ਹਾਂ ਨੇ ਬੜੀ ਮੱਦਦ ਕੀਤੀ ਨਾਲ ਇਹ ਵੀ ਕੀਤਾ ਟਰਾਂਸਫਰ ਕਰ ਦਿਤਾ। ਟਰਾਂਸਫਰ ਕਰ ਦਿਤਾ ਥੀਂ ਡੈਮ ਵਲ। ਇਸ ਗਲ ਨੂੰ ਸਵਾ ਸਾਲ ਹੋ ਗਿਆ ਹੈ। ਇਸ ਦੇ ਨਾਲ ਜਿੰਨੇ ਗਵਾਹ ਸਨ ਉਹ ਮੁਕਰਾਉਂਦਾ ਫਿਰਦਾ ਹੈ। ਜਿਹੜਾ ਸਰਕਾਰੀ ਕੁਆਰਟਰ ਹੈ ਉਹ ਨਹੀਂ ਛਡਿਆ ਉਸ ਨੇ। ਇਹ ਤਾਂ ਸਰਕਾਰ ਦੇ ਕਾਰਨਾਮੇ ਹਨ। ਉਸ ਦੀ ਬੜੀ ਮੱਦਦ ਕੀਤੀ ਅਤੇ ਕਹਿ ਦਿਤਾ ਕਿ ਜਿਹੜੇ ਗਵਾਹ ਹਨ ਉਨ੍ਹਾਂ ਨੂੰ ਮਿਲਿਆ ਕਰੋ। ਅਸੀਂ ਬੜੀ ਦੌੜ ਭੱਜ ਕੀਤੀ ਲੇਕਿਨ ਇਹ ਉਥੋਂ ਹਿਲਣ ਨੂੰ ਤਿਆਰ ਨਹੀਂ ਹਨ। ਜਥੇਦਾਰ ਮਿਲਣ ਹੀ ਨਹੀਂ ਦਿੰਦੇ। (ਘੰਟੀ) ਅਜੇ ਤਾਂ, ਸਪੀਕਰ ਸਾਹਿਬ, ਮੈਂ ਬੋਲਣਾ ਹੈ।

ਸ੍ਰੀ ਸਪੀਕਰ : ਤੁਸੀਂ ਕਿੰਨਾ ਸਮਾਂ ਲਵੋਗੇ ? ਕੀ ਪੰਜ ਮਿੰਟਾਂ ਵਿਚ ਕਨਕਲੂਡ ਕਰ ਦੇਵੋਗੇ ?

ਸਰਦਾਰ ਦਿਲਬਾਗ ਸਿੰਘ : ਇਕ ਜ਼ਿਕਰ ਆਇਆ ਸਵੇਰੇ ਇਥੇ ਕਿਹਾ ਗਿਆ ਕਿ ਸ਼ੂਗਰ ਮਿਲਾਂ ਲਾਈਆਂ ਹਨ ਅਤੇ ਲਾਵਾਂਗੇ। ਮਿਲਾਂ ਵਿਚ ਜਿਹੜੀ ਇਮਾਰਤਾਂ ਦੇ ਸਮਾਨ, ਮਸ਼ੀਨਰੀ ਤੇ ਬੋਰੀਆਂ ਦੀ ਖਰੀਦ ਹੋ ਰਹੀ ਹੈ ਉਹ ਸਾਰੇ ਐਮ. ਡੀ. ਖਾਈ ਜਾ ਰਹੇ ਹਨ। ਮੈਂ ਛਾਪਾ ਮਰਵਾਇਆ ਹੈ ਉਸ ਦੇ ਫਾਰਮ ਤੇ ਜਾ ਕੇ ਟਰੱਕ ਵੀ ਫੜਿਆ, ਕਾਰ ਵੀ ਫੜੀ, ਲੇਬਰ ਵੀ ਫੜੀ, ਸੀਮਿੰਟ ਵੀ ਫੜਿਆ। ਉਹ ਕਹੀ ਜਾਂਦਾ ਹੈ ਕਿ ਫਲਾਣੇ ਨੂੰ 50 ਹਜ਼ਾਰ ਰੁਪਿਆ ਦਿਤਾ ਹੈ ਅਤੇ ਫਲਾਣੇ ਨੂੰ ਇਕ ਲਖ ਰੁਪਿਆ ਦਿਤਾ ਹੈ। ਇਸ ਦੀ ਇਨਕੁਆਇਰੀ ਕਰਾ ਲਵੋ।

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਕਿਹਾ ਹੈ, ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ। ਐਮ. ਡੀ. ਇਨ੍ਹਾਂ ਦਾ ਦੋਸਤ ਹੈ ਪਰੰਤੂ ਮੈਂ ਤਾਂ ਇਸ ਕਰਕੇ ਖੜ੍ਹਾ ਹੋਇਆ ਹਾਂ ਕਿਉਂਕਿ ਉਹ ਸਾਡੇ ਅੰਡਰ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਦੇ ਕੀ ਇਨ੍ਹਾਂ ਨੇ ਲਿਖਤੀ ਤੌਰ ਤੇ ਕੋਈ ਸ਼ਿਕਾਇਤ ਕੀਤੀ ਹੋਵੇ, ਜੇਕਰ ਨਹੀਂ ਕੀਤੀ ਤਾਂ ਹੁਣ ਕਰ ਦੇਣ, ਅਸੀਂ ਬਿਲਕੁਲ ਇਨਕੁਆਇਰੀ ਕਰਵਾ ਕੇ ਐਕਸ਼ਨ ਲਵਾਂਗੇ। ਵੈਸੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵੇਲੇ ਖੰਡ ਮਿੱਲਾਂ ਵਾਧੇ ਤੇ ਜਾ ਰਹੀਆਂ ਹਨ।

ਸਰਦਾਰ ਦਿਲਬਾਗ ਸਿੰਘ : ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਉਹ ਮੇਰਾ ਦੋਸਤ ਹੈ। ਜੇ ਮੇਰਾ ਪੁਰਾਣਾ ਦੋਸਤ ਹੈ ਤਾਂ ਮੈਂ ਹੀ ਉਸ ਦੇ ਖਿਲਾਫ ਬੋਲ ਰਿਹਾ ਹਾਂ, ਤੁਸੀਂ ਨਹੀਂ ਬੋਲੇ। ਜੇ ਮੇਰੇ ਨਾਲ ਵਿਗੜਿਆ ਹੁੰਦਾ ਤਾਂ ਕਹਿਣਾ ਕੁਝ ਨਹੀਂ ਸੀ। ਪੈਸੇ ਲੈ ਕੇ ਜੇਬ ਵਿਚ ਪਾਏ ਹੁੰਦੇ ਤਾਂ ਕਹਿਣਾ ਕੁਝ ਨਹੀਂ ਸੀ। (ਇਕ ਅਵਾਜ਼: ਹੁਣ ਟੁੱਟੀ ਕਿਉਂ ਹੈ ?!) ਮੇਰਾ ਉਹ ਕਦੇ ਦੋਸਤ ਨਹੀਂ ਸੀ ਇਹ ਗਲਤ ਹੈ, ਸਪੀਕਰ ਸਾਹਿਬ, ਦੱਸਿਆ ਹੈ ਕਿ 34 ਹਜ਼ਾਰ ਮਕਾਨ ਬਣਾਏ ਹਨ, ਚੰਗਾ ਕੀਤਾ ਹੈ, ਮਕਾਨ ਬਣਾਏ ਹਨ, ਹੋਰ ਵੀ ਚਾਹੀਦੇ ਹਨ, ਮਕਾਨਾਂ ਦੀ ਬਹੁਤ ਜ਼ਰੂਰਤ ਹੈ। ਜਿਹੜੇ ਪੰਜਾਬ ਦੇ ਲੋਕ ਵਿਦੇਸ਼ਾਂ ਵਿਚ ਰਹਿੰਦੇ ਹਨ ਉਹ ਵਿਦੇਸ਼ੀ ਮੁਦਰਾ

ਖਰਚ ਕਰਕੇ ਇਧਰ ਆਪਣਾ ਮਕਾਨ ਬਣਾਉਣਾ ਚਾਹੁੰਦੇ ਹਨ ਪਰੰਤੂ ਜਦੋਂ ਉਨ੍ਹਾਂ ਦੀ ਇਹ ਮੁਸ਼ਕਿਲ ਦੂਰ ਹੋ ਜਾਵੇ ਕਿ ਜਦੋਂ ਉਹ ਇਧਰ ਆਉਣ ਤਾਂ ਉਨ੍ਹਾਂ ਦਾ ਮਕਾਨ ਜੋ ਕਿਰਾਏ ਤੇ ਹੈ ਉਨ੍ਹਾਂ ਦੇ ਆਉਣ ਤੇ ਖਾਲੀ ਹੋ ਜਾਏਗਾ ਤਾਂ ਇਸ ਤਰ੍ਹਾਂ ਮਕਾਨਾਂ ਦੀ ਕਿਲਤ ਵੀ ਦੂਰ ਹੋ ਜਾਏਗੀ। ਵਿਦੇਸ਼ੀ ਮੁਦਰਾ ਆਏਗੀ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਬਚਿਆਂ ਨੂੰ. ਜ ਉਨ੍ਹਾਂ ਦੀ ਜਾਇਦਾਦ ਇਧਰ ਹੈ ਤਾਂ ਆਪਣੇ ਦੇਸ਼ ਨਾਲ ਪਿਆਰ ਵਧੇਗਾ। ਮੈਂ ਪਿਛਲੇ ਦਿਨੀ ਜਦੋਂ ਇਨ੍ਹਾਂ ਨੇ ਕਿਰਾਇਆ ਕਾਨੂੰਨ ਵਿਚ ਸੋਧ ਕੀਤੀ ਸੀ ਔਰ ਬੇਨਤੀ ਕੀਤੀ ਸੀ ਕਿ ਫਾਰਨ ਐਕਸਚੇਂਜ ਦਾ ਫਾਇਦਾ ਉਠਾਉਣ ਵਾਸਤੇ ਐਸੇ ਆਦਮੀਆਂ ਨੂੰ ਇਥੇ ਮਕਾਨ ਬਣਾ ਕੇ ਦਿਓ, ਜਦੋਂ ਉਨ੍ਹਾਂ ਨੂੰ ਲੋੜ ਪਵੇ, ਜਿਸ ਤਰ੍ਹਾਂ ਬਾਕੀਆਂ ਨੂੰ ਰਿਆਇਤ ਦਿਤੀ ਹੈ, ਉਨ੍ਹਾਂ ਨੂੰ ਵੀ ਰਿਆਇਤ ਦੇਣੀ ਚਾਹੀਦੀ ਹੈ। ਇਹ ਪੈਸਾ ਜੋ ਫਾਰਨ ਐਕਸ-ਚੇਂਜ ਵਿਚ ਬਾਹਰ ਲਗ ਰਿਹਾ ਹੈ, ਇਥੇ ਲਗੇਗਾ ਔਰ ਇਥੇ ਦੀ ਹਾਲਤ ਠੀਕ ਹੋਵੇਗੀ ਔਰ ਮਕਾਨਾਂ ਦੀ ਸਹੂਲਤ ਉਨ੍ਹਾਂ ਬਾਹਰ ਰਹਿੰਦੇ ਲੋਕਾਂ ਨੂੰ ਹੋਵੇਗੀ। ਇਹ ਵੀ ਤਰੱਕੀ ਵਾਲੇ ਪਾਸੇ ਇਕ ਕਦਮ ਹੋਵੇਗਾ। ਗਵਰਨਰ ਐਡਰੈਸ ਵਿਚ ਇਕ ਗਲ ਕਹੀ ਹੈ ਕਿ ਸਕੂਲ 300 ਬਣਾ ਦਿਤੇ ਬਣਾਉਣੇ ਢਾਈ ਸੌ ਸੀ, ਬਣਾ ਦਿੱਤੇ 300 ਔਰ ਬਣਾਏ ਇਸ ਸਾਲ 1986-87 ਜਿਹੜਾ 31 ਮਾਰਚ, 1987 ਨੂੰ ਅਜ ਖਤਮ ਹੋ ਰਿਹਾ ਹੈ 8/10 ਦਿਨ ਰਹਿ ਗਏ। ਇਸ ਵਿਚ ਸਕੂਲ ਬਣਾ ਦਿੱਤੇ। ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਲੰਧਰ ਦੇ ਵਿਚ ਨਾ ਕੋਈ ਮੁੰਡੇ ਦਾਖਲ ਹੋਏ, ਨਾ ਕੋਈ ਸਕੂਲ ਖੁਲ੍ਹਿਆ, ਨਾ ਕੋਈ ਮਾਸਟਰ ਗਿਆ। ਚਿੱਠੀਆਂ ਜ਼ਰੂਰ ਗਈਆਂ ਹਨ। ਇਹ ਬਿਲਕੁਲ ਗਲਤ ਹੈ ਬਾਕੀ ਪੰਜਾਬ ਦੀ ਵੀ ਇਹੋ ਹਾਲਤ ਹੈ ਇਹ ਲਫਾਫੇਬਾਜ਼ੀ ਹੈ। 87 ਦਾ ਸਾਲ ਅਪਰੈਲ ਨੂੰ ਖਤਮ ਹੋ ਜਾਵੇਗਾ। (ਇਸ ਸਮੇਂ ਲੋਕ ਸੰਪਰਕ ਮੰਤਰੀ ਜੀ ਬੈਠੇ ਬੈਠੇ ਕੁਝ ਬੋਲੇ ਸਨ, ਜੋ ਸੁਣਾਈ ਨਹੀਂ ਦਿੱਤਾ) ਸਰਦਾਰ ਨੱਥਾ ਸਿੰਘ ਜੀ, ਤੁਸੀਂ ਘੱਟ ਬੋਲੋ।

ਮੈਂ ਸਮਝਦਾ ਹਾਂ ਕਿ ਜਿਹੜਾ ਐਡਰੈਸ ਗਵਰਨਰ ਸਾਹਿਬ ਤੋਂ ਪੜ੍ਹਾਇਆ ਹੈ, ਮੇਰਾ ਖਿਆਲ ਹੈ ਕਿ ਉਹ ਪੜ੍ਹਨਾ ਨਹੀਂ ਸਨ ਚਾਹੁੰਦੇ। ਗਵਰਨਰ ਸਾਹਿਬ ਪੁਰਾਣੇ ਆਦਮੀ ਹਨ, ਬੰਗਾਲ ਦੇ ਚੀਫ ਮਨਿਸਟਰ ਰਹੇ ਹਨ। ਜਦੋਂ ਉਹ ਇਥੇ ਆਏ ਤਾਂ ਉਨ੍ਹਾਂ ਨੇ ਆਪਣੀ ** **

ਸੂਚਨਾ ਅਤੇ ਲੋਕ ਸੰਪਰਕ ਮੰਤਰੀ: ਸਪੀਕਰ ਸਾਹਿਬ, ਲਫਜ਼ ਐਕਸਪੰਜ ਹੋਣੇ ਚਾਹੀਦੇ ਹਨ, ਗਵਰਨਰ ਸਾਹਿਬ ਤੇ ਐਸਪਰਸ਼ਨ ਹੈ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ: ਸਪੀਕਰ ਸਾਹਿਬ, ਇਹ ਗਵਰਨਰ ਸਾਹਿਬ ਤੇ ਐਸ-ਪਰਸ਼ਨ ਹੈ ਜੀ। (ਵਿਘਨ)

ਸਰਦਾਰ ਕੁਲਵੰਤ ਸਿੰਘ: ਸਪੀਕਰ ਸਾਹਿਬ, ਇਹ ਤੌਹੀਨ ਕੀਤੀ ਹੈ। ਗਵਰਨਰ ਸਾਹਿਬ ਬਾਰੇ ਏਨੇ ਲਫਜ਼ ਕਹਿਣੇ ਠੀਕ ਨਹੀਂ। ਉਹ ਚੰਗੇ ਆਦਮੀ ਹਨ। ਲੇਕਿਨ ਜੋ ਗਲਤ ਗੱਲ ਕਹੀ ਹੈ, ਗਵਰਨਰ ਦੀ ਤੌਹੀਨ ਕੀਤੀ ਹੈ, ਹਾਊਸ ਦਾ ਪਰਿਵਿਲੇਜ ਬ੍ਰੀਚ ਕੀਤਾ ਹੈ, ਇਨ੍ਹਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।

ਸ੍ਰੀ ਸਪੀਕਰ: ਜੋ ਸਰਦਾਰ ਦਿਲਬਾਗ ਸਿੰਘ ਜੀ ਨੇ ਗਵਰਨਰ ਦੇ ਬਾਰੇ ਲਫਜ਼ ਕਹੇ ਹਨ ਉਹ ਐਕਸਪੰਜ ਕਰ ਦਿੱਤੇ ਜਾਣ। (ਵਿਘਨ)

**Expunged as ordered by the Chair.

ਸਰਦਾਰ ਦਿਲਬਾਗ ਸਿੰਘ: ਇਨ੍ਹਾਂ ਨੇ ਤਾਂ ਲੋਈ ਲਾਹ ਕੇ ਰੱਖ ਦਿੱਤੀ ਹੈ (ਵਿਘਨ) ਮੈਂ ਤਾਂ ਗਵਰਨਰ ਸਾਹਿਬ ਦੀ ਤਾਰੀਫ ਕੀਤੀ ਹੈ ।

ਸ੍ਰੀ ਸਪੀਕਰ : ਪਲੀਜ਼ ਤੁਸੀਂ ਬੈਠ ਜਾਓ ।

ਸਰਦਾਰ ਦਿਲਬਾਗ ਸਿੰਘ: ਸਪੀਕਰ ਸਾਹਿਬ, ਮੈਂ ਸਿਰਫ਼ ਦੋ ਮਿੰਟ ਹੀ ਲਵਾਂਗਾ। ਮੈਂ ਸਿਰਫ਼ ਉਹ ਗਲ ਕਹਿਣੀ ਚਾਹੁੰਦਾ ਹਾਂ ਜਿਸ ਵਲ ਕਿਸੇ ਦਾ ਧਿਆਨ ਨਹੀਂ ਗਿਆ ਔਰ ਨਾ ਹੀ ਕਿਸੇ ਨੇ ਸੋਚਿਆ। ਉਹ ਮੈਂ ਦਸਦਾ ਹਾਂ ਕਿ 1947 ਵਿਚ ਇਥੇ ਗਿਆਨੀ ਕਰਤਾਰ ਸਿੰਘ ਰਿਹੈਬਲੀ-ਟੇਸ਼ਨ ਮਨਿਸਟਰ ਸਨ ਤਾਂ ਉਨ੍ਹਾਂ ਨੇ ਉਸ ਵੇਲੇ ਜਿੰਨੇ ਵੀ ਵਿਅਕਤੀ ਉਧਰੋਂ ਲਾਇਲਪੁਰ ਤੋਂ ਇਧਰ ਆਏ ਸਨ ਉਨ੍ਹਾਂ ਨੂੰ ਕਈਆਂ ਨੂੰ ਸਰਸੇ, ਕਰਨਾਲ, ਜਗਾਧਰੀ, ਹਿਸਾਰ ਬਿਠਾਇਆ ਅਤੇ ਕਈਆਂ ਨੂੰ ਕਰਨਾਲ ਬਿਠਾਇਆ ਔਰ ਫਿਰ ਜਿਸ ਨੇ ਜਿਹੜੀ ਚੀਜ਼ ਦਾ ਕਲੇਮ ਕੀਤਾ, ਚਾਹੇ ਕਿਸੇ ਨੇ ਮਕਾਨ ਦਾ ਕੀਤਾ ਜੇ ਕੋਈ ਹੋਰ ਕੀਤਾ ਤਾਂ ਉਹ ਉਨ੍ਹਾਂ ਨੂੰ ਮਿਲ ਗਿਆ ਸੀ। ਮੈਂ ਕਹਿੰਦਾ ਹਾਂ ਕਿ ਜੇ ਉਸ ਵੇਲੇ ਇਹ ਕਲੇਮ ਕੀਤਾ ਗਿਆ ਹੁੰਦਾ ਜਿਹੜਾ ਇਲਾਕਾ ਸਾਡਾ ਅਜ਼ਾਦੀ ਦੀ ਖਾਤਰ ਕਟਿਆ ਗਿਆ ਹੈ ਉਸ ਦਾ ਕਲੇਮ ਦਿੱਤਾ ਜਾਵੇ ਤਾਂ ਅੱਜ ਸਾਡੇ ਪਾਰਲੀਆਮੈਂਟ ਵਿਚ 65 ਮੈਂਬਰਜ਼ ਹੁੰਦੇ। ਸਾਡਾ ਪੰਜਾਬ ਇਤਨਾ ਛੋਟਾ ਨਾ ਹੁੰਦਾ। 12 ਮੈਂਬਰ ਪਾਰਲੀਆਮੈਂਟ ਦੇ ਨਾ ਹੁੰਦੇ ਔਰ ਇਥੇ ਸਿੱਖਾਂ ਦਾ ਰਾਜ ਹੋਣਾ ਸੀ ਤੇ ਸਿੱਖਾਂ ਦਾ ਬੋਲਬਾਲਾ ਸਾਰੇ ਹਿੰਦੁਸਤਾਨ ਵਿਚ ਹੋਣਾ ਸੀ। ਜੇ ਇਕ ਵੱਡੇ ਪੰਜਾਬ ਵਿਚ ਪ੍ਰਤਾਪ ਸਿੰਘ ਕੈਰੋਂ ਰਾਜ ਕਰ ਸਕਦਾ ਹੈ ਤਾਂ ਅੱਜ ਕਿਉਂ ਨਹੀਂ ਹੋ ਸਕਦਾ ਸੀ। ਯੂ.ਪੀ. ਦੀ ਤਦਾਦ ਇਤਨੀ ਵੱਧ ਗਈ ਕਿ ਉਥੋਂ ਦੇ 80—85 ਮੈਂਬਰ ਪਾਰਲੀਆਮੈਂਟ ਵਿਚ ਆ ਗਏ ਪਰ ਪੰਜਾਬ ਬਹੁਤ ਛੋਟਾ ਹੋ ਗਿਆ ਕਿ ਹਾਲੇ ਵੀ ਇਹ ਖਾਲਿਸਤਾਨ ਦੀ ਗਲ ਕਰਦੇ ਹਨ। (ਵਿਘਨ) ਇਕ ਪਾਸੇ ਤਾਂ ਇਹ ਕਹਿੰਦੇ ਹਨ ਕਿ ਅਸੀਂ ਖਾਲਿਸਤਾਨ ਨਹੀਂ ਚਾਹੁੰਦੇ, ਅਸੀਂ ਏਕਤਾ ਚਾਹੁੰਦੇ ਹਾਂ, ਪਰ ਨਾਲ ਹੀ ਕਹਿ ਦਿੰਦੇ ਹਨ ਕਿ ਲੁਧਿਆਣੇ ਵਿਚ ਹਾਜ਼ਰੀ ਬਹੁਤ ਘੱਟ ਸੀ, ਹੋਰ ਜਿਹੜੀ ਮੀਟਿੰਗ ਹੋਈ ਉਸ ਵਿਚ ਗਿਣਤੀ ਬਹੁਤ ਘਟ ਸੀ। ਮੈਂ ਕਹਿੰਦਾ ਹਾਂ ਕਿ ਜੇ ਤੁਸੀਂ ਸ਼ਹੀ ਮਾਨ੍ਹਿਆ ਵਿਚ ਖਾਲਿਸਤਾਨ ਨਹੀਂ ਚਾਹੁੰਦੇ ਤਾਂ ਜਿਹੜੇ ਖਾਲਿਸਤਾਨ ਨਹੀਂ ਚਾਹੁੰਦੇ ਉਨ੍ਹਾਂ ਨਾਲ ਜਾ ਕੇ ਕਿਉਂ ਨਹੀਂ ਮਿਲਦੇ। ਜਿਥੇ ਉਨ੍ਹਾਂ ਦੀ ਹਜ਼ਾਰਾਂ ਦੀ ਤਾਦਾਦ ਹੋਵੇ ਉਥੇ ਤੁਸੀਂ 50 ਕਹਿੰਦੇ ਹੋ ਅਤੇ ਜਿਥੇ ਉਨ੍ਹਾਂ ਦੀ 5—10 ਦੀ ਤਾਦਾਦ ਹੋਵੇ ਉਥੇ ਤੁਸੀਂ ਹਜ਼ਾਰਾਂ ਦੀ ਤਦਾਦ ਕਹਿ ਦਿੰਦੇ ਹੋ ਔਰ ਫਿਰ ਕਹਿੰਦੇ ਹੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ,' ਖਾਲਿਸਤਾਨ ਲੈ ਕੇ ਰਹਾਂਗੇ। (ਵਿਘਨ)

ਸ੍ਰੀ ਸਪੀਕਰ: ਤੁਸੀਂ ਹੁਣ ਬੰਦ ਕਰੋ। (ਵਿਘਨ) ਤੁਸੀਂ ਹੁਣ ਬੈਠ ਜਾਓ।

ਸਰਦਾਰ ਦਿਲਬਾਗ ਸਿੰਘ: ਬਸ ਇਕ ਗਲ ਬਾਕੀ ਰਹਿ ਗਈ ਹੈ। ਉਹ ਇਹ ਹੈ ਕਿ ਚਲੋ ਇਹ ਵੀ ਇਕ ਪਾਸੇ ਹੋ ਗਏ, ਉਹ ਵੀ ਇਕ ਪਾਸੇ ਹੋ ਗਏ ਪਰ ਇਕ ਇਹ ਜਿਹੜਾ ਬੰਦਾ ਬੈਠਾ ਹੈ ਜਨਤਾ ਪਾਰਟੀ ਦਾ ਇਸ ਦਾ ਹੁਣ ਤਕ ਪਤਾ ਨਹੀਂ ਲਗਾ ਕਿ ਇਹ ਕਿਹੜੇ ਪਾਸੇ ਦਾ ਹੈ। ਕਦੇ ਤਾਂ ਇਹ ਬਰਨਾਲੇ ਕੋਲ ਜਾ ਬੈਠਦਾ ਹੈ ਔਰ ਕਦੇ ਉਨ੍ਹਾਂ ਦੇ ਨਾਲ ਜਾ ਰਲਦਾ ਹੈ। ਜਦੋਂ ਇਲੈਕਸ਼ਨ ਲੜੀ ਤਾਂ ਅਕਾਲੀਆਂ ਦੀਆਂ ਵੋਟਾਂ ਲੈ ਕੇ ਇਥੇ ਆਇਆ। (ਵਿਘਨ) ਫਿਰ ਕਦੇ ਇਧਰ ਗਿਆ ਅਤੇ ਕਦੇ ਉਧਰ ਪਰ ਰਹਿ ਗਿਆ ਇਕੱਲੇ ਦਾ ਇਕੱਲਾ। ਇਹ ਤਾਂ ਹਾਲੇ ਇਕੱਲਾ ਹੈ ਤਾਂ ਇਹ ਹਾਲ ਹੈ ਜੇ ਇਸ ਨਾਲ ਕੁਝ ਹੋਰ ਬੰਦੇ ਵੀ ਹੁੰਦੇ ਤਾਂ ਇਸ ਨੇ ਅਸਰ ਪਰਚਾਰ ਕਰ ਦੇਣਾ ਸੀ।

ANNOUNCEMENT BY THE SPEAKER

ਸ੍ਰੀ ਸਪੀਕਰ : ਮੈਂ ਇਕ ਅਨਾਊਂਸਮੈਂਟ ਕਰਨਾ ਚਾਹੁੰਦਾ ਹਾਂ ।

In accordance with the decision of the House, the Business Advisory Committee met today at 11.45 A.M. and decided that in the second sitting of the House today, after the Question Hour and Call Attention Notices, the situation arising out of the speeches made at the Hola Mohalla Festival at Anandpur Sahib on 15th March, 1987, be discussed for one hour and the Financial Business listed for today be taken up thereafter.

Does the House agree with this decision?

(Voices: Yes, yes)

DISCUSSION ON GOVERNOR'S ADDRESS (*Resumption*)

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਇਹ ਗਵਰਨਰ ਸਾਹਿਬ ਦਾ ਐਡਰੈਸ ਬਹੁਤ ਹੀ ਚੰਗਾ ਹੈ । (ਵਿਘਨ)

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਇਸ ਹਾਊਸ ਦੀ ਕੰਨਵੈਨਸ਼ਨ ਰਹੀ ਹੈ ਕਿ ਗਵਰਨਰ ਐਡਰੈਸ ਉਤੇ ਕੋਈ ਮਨਿਸਟਰ ਬੋਲਦਾ ਨਹੀਂ ਹੈ ਕਿਉਂਕਿ ਇਸ ਦਾ ਜਵਾਬ ਸਰਕਾਰ ਨੇ ਦੇਣਾ ਹੁੰਦਾ ਹੈ। ਇਸ ਤਰ੍ਹਾਂ ਕਰਨ ਨਾਲ ਇਹ ਕਨਵੈਨਸ਼ਨ ਗਲਤ ਹੋਵੇਗੀ ।

ਸ੍ਰੀ ਸਪੀਕਰ ਰੂਲਜ਼ ਵਿਚ ਐਸੀ ਕੋਈ ਪ੍ਰੋਵੀਜ਼ਨ ਨਹੀਂ ਹੈ ਕਿ ਕੋਈ ਮਨਿਸਟਰ ਬੋਲ ਨਹੀਂ ਸਕਦਾ ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਸਪੀਕਰ ਸਾਹਿਬ, ਇਸ ਹਾਊਸ ਵਿਚ ਬਹੁਤ ਪੁਰਾਣੇ ਮੈਂਬਰ ਬੈਠੇ ਹਨ। ਇਹ ਗਵਰਨਰ ਸਾਹਿਬ ਦਾ ਭਾਸ਼ਣ ਬਹੁਤ ਅੱਛਾ ਅਤੇ ਚੰਗਾ ਹੈ। ਇਨ੍ਹਾਂ ਦੀ ਪਾਰਟੀ ਦੇ ਵਕਤ ਦੇ ਗਵਰਨਰ ਐਡਰੈਸ ਤੁਸੀਂ ਪੜ੍ਹ ਲਓ ਅਤੇ ਦੇਖੋਗੇ ਕਿ ਇਹ ਬਹੁਤ ਅੱਛੀ ਤਰ੍ਹਾਂ ਨਾਲ ਇਸ ਨੂੰ ਤਿਆਰ ਕੀਤਾ ਗਿਆ ਹੈ ਅਤੇ ਇਸ ਦੇ ਵਿਚ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਵੀ ਦਸਿਆ ਗਿਆ ਹੈ। ਇਹ ਸਰਕਾਰ ਹੁਣ ਦੇ ਜ਼ਮਾਨੇ ਦੀ ਸਰਕਾਰ ਹੈ ਅਤੇ ਪਿਛਲੀਆਂ ਸਰਕਾਰਾਂ ਨਾਲੋਂ ਫਰਕ ਹੈ। ਉਦੋਂ ਅਮਨ ਦਾ ਜ਼ਮਾਨਾ ਸੀ ਅਤੇ ਹੁਣ ਦੇ ਜ਼ਮਾਨੇ ਵਿਚ ਦੋਸ਼ੀ ਬਹੁਤ ਮਜਣ ਹਨ। ਇਹ ਮਮੇਂ ਦੀ ਗੱਲ ਹੈ। ਇਸ ਦੇ ਵਿਚ ਕਸੂਰ ਸਾਡਾ ਵੀ ਹੈ ਅਤੇ ਸਾਡੇ ਬੰਦਿਆਂ ਦਾ ਕਸੂਰ ਹੈ, ਜਿਨ੍ਹਾਂ ਉਤੇ ਸੰਤ ਜੀ ਨੇ ਵਿਸ਼ਵਾਸ ਕੀਤਾ ਅਤੇ ਉਨ੍ਹਾਂ ਨੂੰ ਟਿਕਟਾਂ ਦਿੱਤੀਆਂ। ਇਨ੍ਹਾਂ ਰਾਜਿਆਂ, ਮਹਾਰਾਜਿਆਂ ਤੇ ਵਿਸ਼ਵਾਸ ਕੀਤਾ। ਸੰਤ ਜੀ ਨੇ ਪੁਰਾਣੀ ਹਿਸਟਰੀ ਨੂੰ ਨਹੀਂ ਵੇਖਿਆ ਸੀ ਔਰ ਛੱਪੀਆਂ 'ਮਹਾਰਾਜਾ ਮਹਾਰਾਣੀ, ਕਿਤਾਬਾਂ ਛੱਪੀਆਂ ਨਹੀਂ ਵੇਖੀਆਂ, ਉਨ੍ਹਾਂ ਦਾ ਕਰੈਕਟਰ ਨਹੀਂ ਵੇਖਿਆ। ਸੰਤ ਜੀ ਦੀ ਰੂਹ ਦੇ ਸਦਕੇ ਪੰਜਾਬ ਵਿਚ 73 ਸੀਟਾਂ ਅਕਾਲੀ ਪਾਰਟੀ ਨੂੰ ਮਿਲੀਆਂ । ਸੰਤ ਜੀ ਦੀ ਸ਼ਖਸੀਅਤ ਦੀ ਗੱਲ ਕਰਕੇ ਇਤਨੀ ਮੈਜਾਰਿਟੀ ਪੰਜਾਬ ਵਿਚ ਮਿਲੀ। ਪੰਜਾਬ ਦੀ ਜਨਤਾ ਨੇ, ਪੰਜਾਬ ਦੇ ਸਿੱਖਾਂ ਨੇ ਸੰਤ ਜੀ ਦੀ ਰੂਹ ਨੂੰ ਸਾਹਮਣੇ ਰਖ ਕੇ ਵੋਟਾਂ ਪਾਈਆਂ ਤਾਕਿ ਪੰਜਾਬ ਵਿਚ ਹਾਲਾਤ ਠੀਕ ਹੋ ਸਕਣ। ਪਰ ਤੁਸੀਂ ਵੇਖ ਰਹੇ ਹੋ ਕਿਸ ਤਰ੍ਹਾਂ ਦੇ ਹਾਲਾਤ ਚਲ ਰਹੇ ਹਨ। ਸਾਡੇ ਦੋ ਮੈਂਬਰਜ਼ ਸਰਦਾਰ ਅਮਰਜੀਤ ਸਿੰਘ ਅਤੇ ਸੰਤ ਸਿੰਘ ਗਿੱਲ ਨੂੰ ਗੋਲੀ ਦਾ ਸ਼ਿਕਾਰ ਬਣਾਇਆ ਗਿਆ ਅਤੇ ਉਨ੍ਹਾਂ ਦੇ ਪਰੀਵਾਰ ਨੂੰ ਉਜਾੜਿਆ ਗਿਆ। ਉਨ੍ਹਾਂ ਪਰੀਵਾਰਾਂ ਨੂੰ ਨਾ ਸਕੂਲ ਚਾਹੀਦੇ ਹਨ, ਨਾ ਸੜਕਾਂ ਚਾਹੀਦੀਆਂ ਹਨ। ਇਸ ਬਾਰੇ ਸਾਰੇ ਪੰਜਾਬ ਨੂੰ, ਸਾਰੇ ਹਿੰਦੁਸਤਾਨ ਨੂੰ ਸੋਚਣਾ ਚਾਹੀਦਾ ਹੈ। ਤੁਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹੋ। ਅਸੀਂ

[ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ]

ਛੋਟੀਆਂ ਛੋਟੀਆਂ ਗੱਲਾਂ ਨੂੰ ਛੱਡੀਏ ਔਰ ਇਸ ਮਸਲੇ ਦਾ ਕੋਈ ਹੱਲ ਲਭਿਆ ਜਾਵੇ। ਇਸ ਦੇ ਵਿਚ ਸੈਂਟਰਲ ਗੌਰਮਿੰਟ ਦਾ ਦੋਸ਼ ਹੈ। ਸਤੰਬਰ, 1984 ਦੀ 'ਸੂਰੀਆ' ਮੈਗਜ਼ੀਨ ਇਸ ਗੱਲ ਦਾ ਸਬੂਤ ਹੈ ਜਦੋਂ ਦਰਬਾਰਾ ਸਿੰਘ ਦੀ ਸਰਕਾਰ ਪੰਜਾਬ ਵਿਚ ਸੀ ਉਸ ਵਕਤ ਹਾਲਾਤ ਖਰਾਬ ਕੀਤੇ ਗਏ ਸਨ। ਖਰਬੂਜ਼ੇ ਨੂੰ ਖਰਬੂਜ਼ਾ ਵੇਖ ਕੇ ਰੰਗ ਫੜਦਾ ਹੈ ਅਤੇ ਇਹ ਹਾਲਾਤ ਦੂਜੀਆਂ ਸਟੇਟਾਂ ਵਿਚ ਹੋਣ ਲਗ ਗਏ ਹਨ। ਅਸੀਂ ਇਤਨੇ ਨੈਸ਼ਨਲਿਸਟ ਸੀ ਕਿ ਅਸੀਂ ਆਜ਼ਾਦੀ ਦੀ ਖਾਤਰ ਪੰਜਾਬੀਆਂ ਨੇ ਬਹੁਤ ਕੁਰਬਾਨੀਆਂ ਕੀਤੀਆਂ ਅਤੇ ਅਸੀਂ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਪਾਇਆ ਹੈ। ਇਸ ਦਾ ਕਰੈਡਿਟ ਸਾਡੇ ਪੰਜਾਬੀਆਂ ਨੂੰ ਜਾਂਦਾ ਸੀ ਪਰ ਬਦਕਿਸਮਤੀ ਨਾਲ ਹੁਣ ਸਾਡੇ ਉਤੇ ਇਹ ਬਦਨਾਮੀ ਮੜ੍ਹੀ ਜਾ ਰਹੀ ਹੈ ਅਤੇ ਬਦਨਾਮੀ ਹੋ ਰਹੀ ਹੈ। ਬਾਹਰ ਸਾਨੂੰ ਲੋਕ ਕਾਫਰ ਸਮਝਦੇ ਹਨ। ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਹਾਲਾਤ ਠੀਕ ਕਰਨੇ ਚਾਹੀਦੇ ਹਨ। ਇਨ੍ਹਾਂ ਹਾਲਾਤ ਦੇ ਬਾਵਜੂਦ ਵੀ ਸਾਡੀ ਬਰਨਾਲਾ ਸਾਹਿਬ ਦੀ ਸਰਕਾਰ ਨੇ ਕਾਫੀ ਪ੍ਰਾਪਤੀਆਂ ਕੀਤੀਆਂ ਹਨ। ਜੋ ਐਡਰੈਸ ਵਿਚ ਅੰਕੜੇ ਦਿੱਤੇ ਗਏ ਹਨ ਉਨ੍ਹਾਂ ਨੂੰ ਕੋਈ ਸੱਜਣ ਝੁਠਲਾ ਨਹੀਂ ਸਕਦਾ। ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਪੰਜਾਬ ਤਰੱਕੀ ਕਰ ਰਿਹਾ ਹੈ। ਸਪੀਕਰ ਸਾਹਿਬ, ਕੁਝ ਤਾਕਤਾਂ ਇਸ ਨੂੰ ਖਰਾਬ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਦੀ ਮਿਹਰਬਾਨੀ ਦੇ ਨਾਲ ਅਸੀਂ ਖਰਾਬ ਹੋ ਰਹੇ ਹਾਂ। ਅੱਜ, ਸਪੀਕਰ ਸਾਹਿਬ, ਕਿਸੇ ਦੀ ਕੋਈ ਜ਼ਿੰਦਗੀ ਮਹਿਫੂਜ਼ ਨਹੀਂ ਹੈ। ਅੱਜ ਕੋਈ ਆਪਣੇ ਆਪ ਨੂੰ ਮਹਿਫੂਜ਼ ਨਹੀਂ ਸਮਝਦਾ। ਚਾਹੇ ਸਿਕਿਉਰਿਟੀ ਜਿਤਨੀ ਮਰਜ਼ੀ ਕਰ ਲਵੋ। ਚਾਹੇ ਕੁਝ ਹੋਰ ਕਰ ਲਵੋ ਪਾਕਿਸਤਾਨ ਦੇ ਬਾਰਡਰ ਤੇ ਸੀ.ਆਰ.ਪੀ. ਅਤੇ ਬੀ.ਐਸ.ਐਫ. ਵਾਲੇ ਬੈਠੇ ਹਨ। ਉਥੇ ਦਿੱਲੀ ਸਰਕਾਰ ਦਾ ਫਰਜ਼ ਬਣਦਾ ਹੈ। ਹਰਿਆਣਾ ਕਿਸ ਨੇ ਬਣਾਇਆ ਹੈ, ਇਸ ਬਾਰੇ ਬੱਚਾ ਬੱਚਾ ਜਾਣਦਾ ਹੈ। ਸਪੀਕਰ ਸਾਹਿਬ, ਚੰਦ ਆਦਮੀ ਹੀ ਹਨ ਜੋ ਗਲਤ ਗਲਾਂ ਕਰਦੇ ਹਨ। ਇਸ ਵਿਚ ਵਿਦੇਸ਼ੀ ਤਾਕਤਾਂ ਦਾ ਵੀ ਹੱਥ ਹੈ। (ਥੰਪਿੰਗ) (ਵਿਘਨ)।

Mr. Speaker : The House stands adjourned till 2.30 P.M. today, the 18th March, 1987. *

*1.30 P.M.

(*The Sabha then adjourned till* 2.30 *P.M. today, th* 18*th March,* 1987.)

APPENDIX
TO
PUNJAB VIDHAN SABHA DEBATES

Dated 18th March, 1987 (Forenoon Sitting)

VOL. V NO. 5

STARRED QUESTION AND ANSWER

Persons killed in District Ludhiana

*625. **Shri Om Parkash Gupta:** Will the Chief Minister be pleased to state—

(a) the number of persons killed during the last 3 years in district Ludhiana alongwith their details;

(b) the number of cases, out of those referred to in part (a) above in which the culprits have been arrested and the steps taken to apprehend the culprits in the remaining cases;

(c) the details of the relief given to the family of the victim in each case?

Sardar Surjit Singh: (a) In Ludhiana District 287 persons were killed in 244 cases during the last three years. The details are laid on the Table of the House.

(b) Out of 244 cases culprits have been arrested in 166 cases. Efforts are afoot to arrest the culprits in the remaining 78 cases.

(c) The requisite information is laid on the Table of the House.

INFORMATION

Serial No.	Date of incident	Name and address of the person killed		Amount of compensation paid
				Rs.
1.	10-3-84	Jarnail Singh V. Ucha Bhadla	..	20,000
2.	18-3-84	Surinder Kumar of Ludhiana (He was killed in Amritsar District)	..	20,000 including 10,000 paid by D.C., Amritsar.
3.	27-4-84	Malkiat Singh V. Bassian	..	20,000
4.	27-4-84	Charanjit Kaur V. Bassian	..	20,000
5.	20-5-84	Dharam Pal of Jagraon	..	20,000

Serial No	Date of incident	Name and address of the person killed		Amount of compensation paid
6.	20-5-84	Mangat Rai of Jagraon	..	20,000
7.	25-5-84	Sarwan Kumar of Jgraon	..	20,000
8.	25-5-84	Romesh Kumar of Jagroan	..	20,000
9.	25-5-84	Subhash Chander Arora of Jagroan	..	20,000
10.	25-5-84	Sandeep Kumar of Jagroan	..	20,000
11.	25-5-84	Om Parkash Arora of Jagroan	..	20,000
12.	25-5-84	Mahin Pal Munim of Jagroan	..	20,000
13.	25-5-84	Tarsem Chand of Jagroan	..	20,000
14.	2-6-84	Sham Sunder Kach Gali, Ludhiana	..	20,000
15.	7-6-84	Om Parkash Son of Anant Ram, Village Fatehgarh Neewan		20,000
16.	28-4-85	Master Happy Quila Moh., Ludhiana	..	20,000
17.	1-5-85	Bhisham Parkash of Khanna	..	20,000
18.	2-12-85	Ram Verma Sukhram Nagar, Ludhiana	..	20,000
19.	11-2-86	Bhushan Lal Goyal Gali Mahian	..	20,000
20.	20-3-86	Bhishamber Lal Manawala	..	20,000
21.	28-3-86	Kamaljit Qila Moh. Ludhiana	..	20,000
22.	28-3-86	Ram Lal Sachdeva, Ludhiana	..	20,000
23.	28-3-86	Dharam Pal, Ludhiana	..	20,000
24.	28-3-86	Krishan Lal, Ludhiana	..	20,000
25.	28-3-86	Satish Chander, Ludhiana	..	20,000
26.	28-3-86	Harish Chander Katyal of Ludhiana	..	20,000
27.	28-3-86	Ram Parkash of Ludhiana	..	20,000
28.	28-3-86	Roshan Lal (H.P.)	..	20,000
29.	28-3-86	Chatru of Panipat	..	20,000
30.	4-4-86	Pawan Kumar of Khanna	..	20,000
31.	4-4-86	Romesh Kumar, Khanna	..	20,000
32.	4-4-86	Mohinder Pal, Khanna	..	20,000
33.	13-3-86	Ashok Kumar son of Gian Chand of Jagraon (killed at Dharamkot District Ferozepur)	..	20,000
34.	7-5-86	Chaudhar Mal Kumar, Dhandari Kalan (Killed in Amritsar District)	..	20,000
35.	8-5-86	Romesh Kumar Kapoor Model Town, Ludhiana	..	20,000
36.	6-6-86	Dr. Baldev Raj Anand of Ludhiana	..	20,000
37.	9-6-86	Ram Gopal, Village Dalla, Teh. Jagraon	..	20,000

Serial No.	Date of incident	Name and address of the person killed		Amount of compensation paid
38.	10-6-86	Ashok Bedi son of Raj Kishan Bedi DSP	..	20,000
39.	15-6-86	Gopal Dass of Khanna	..	20,000
40.	16-6-86	Krishan Kumar Tangri of Ludhiana	..	20,000
41.	16-6-86	Roshan Pal Singh of Ludhiana	..	20,000
42.	3-8-86	Sham Sunder, V. Kaunka Kalan	..	20,000
43.	18-8-86	Bhan Singh Sharma of Ludhiana	..	20,000
44.	22-9-86	Avtar Singh, V. Dangon	..	20,000
45.	2-10-86	Tikka Jagjit Singh, Mullanpur	..	20,000
46.	18-10-86	Manmohan Singh, V. Kaunka Kalan	..	20,000
47.	28-10-86	Sat Parkash Nanda of Khanna	..	20,000
48.	30-10-86	Nasib Chand of Ludhiana	..	20,000
49.	31-10-86	Rajeshwar Parshad Gupta of Ludhiana	..	20,000
50.	31-10-86	Amrit Lal of Ludhiana	..	20,000
51.	31-10-86	Jagdish Chander Kakkar of Ludhiana	..	20,000
52.	31-10-86	Gaya Parshad of Ludhiana	..	20,000
53.	31-10-86	Feroz Mansuri of Ludhiana	..	20,000
54.	31-10-86	Rajinder Kumar of Ludhiana	..	20,000
55.	31-10-86	Vinod Kumar of Ludhiana	..	20,000
56.	30-11-86	Raj Kumar V. Malaud (killed at V. Khudda)	..	20,000
57.	26-12-86	Varinder Kumar of Ludhiana	..	20,000
58.	17-1-87	Paramjit Chopra of Raikot	..	20,000
59.	7-1-87	Gurdial Saran Kalia, 636, Arya Mohalla, Ludhiana	..	20,000

26260 PVS—Govt. Press, Chd.

Published under the authority of the Punjab Vidhan Sabha and printed by the Controller, Printing and Stationery Department (U.T.), Chd.

6

Punjab Vidhan Sabha Debates

18th March, 1987

(Afternoon Sitting)

Vol. V—No. 6

Official Report

CONTENTS

Wednesday, the 18th March, 1987

Punjab Vidhan Sabha Secretariat, Chandigarh.

Price : Rs.

5 5.0 0

ERRATA

TO

PUNJAB VIDHAN SABHA DEBATES

Vol. V—No. 6

Dated 18th March, 1987 (Afternoon Sitting)

Read	*For*	*Page*	*Line*
Supplementary	Supplcmentray	Title	7th from below
ਡਰੱਗਜ਼ ਮੈਨੂਫੇਕਚਰਿੰਗ ਫਰਮਜ਼ (ਐਲੋਪੈਥਿਕ) 138	ਡਰਗਜ਼ ਮੈਨੂਫੇਕਚਰਿੰਗ ਫਰਮਜ਼ (ਐਲੋਪੈਥਿਕ)	(6)1	12th & 13th from below
ਹੋਮਿਓਪੈਥਿਕ ਡਰੱਗਜ਼ ਮੈਨੂਫੇਕਚਰਿੰਗ ਫਰਮਜ਼ 1	ਹੋਮਿਓਪੈਥਿਕ ਫਰੱਗਜ਼ ਮੈਨੂਫੇਕਚਰਿੰਗ ਫਰਮਜ਼ 138	(6)1	11th from below
ਹੀ	ਭੀ	(6)17	7
pleased	pleaed	(6)18	3rd from below
ਇੰਟੈਰੋਗੇਸ਼ਨ	ਇੰਟੈਗੋਰੇਸ਼ਨ	(6)40	11th from below
SPEECHES	SPECHES	(6)59	Heading
ਜੱਥੇਦਾਰ	ਜੱਥਦਾਰ	(6)59	19
defray	Defrary	(6)65	10

PUNJAB VIDHAN SABHA

Wednesday, the 18th March, 1987

The Vidhan Sabha met in the Punjab Vidhan Sabha Hall, Vidhan Bhavan, Chandigarh, at 2.30 P.M. Mr. Speaker (Sardar Surjit Singh Minhas) in the Chair

---

STARRED QUESTIONS AND ANSWERS

ਸ੍ਰੀ ਸਪੀਕਰ : ਕੁਐਸਚਨਜ਼। ਸ੍ਰੀ ਓਮ ਪ੍ਰਕਾਸ਼ ਗੁਪਤਾ।

Licences granted under the drugs and Cosmetics Act, 1940.

***651. Shri Om Parkash Gupta.:** Will the Minister for Finance be pleased to state—

(a) the number of factories which have been granted licences under the Drugs and Cosmetics Act, 1940 in the State manufacture drugs and cosmetics alongwith their names and addresses ;

(b) whether any checking of the factories referred to in part(a) above has been conducted during the year 1984 to 1986, if so, the results thereof and the action taken thereon?

ਸਰਦਾਰ ਨੱਥਾ ਸਿੰਘ ਦਾਲਮ (ਸੂਚਨਾ ਅਤੇ ਲੋਕ ਸੰਪਰਕ ਮੰਤਰੀ) (ੳ) : (1) ਡਰੱਗਜ਼ ਮੈਨੂਫੈਕਚਰਿੰਗ ਫਰਮਜ਼ (ਐਲੋਪੈਥਿਕ)

(2) ਹੋਮਿਓਪੈਥਿਕ ਡਰਗਜ਼ ਮੈਨੂਫੈਕਚਰਿੰਗ ਫਰਮਜ਼ 138

(3) ਕਾਸਮੈਟਿਕਸ ਮੈਨੂਫੈਕਚਰਿੰਗ ਫਰਮਜ਼ ... 54

(4) ਆਯੂਰਵੈਦਿਕ ਮੈਨੂਫੈਕਚਰਿੰਗ ਫਰਮਜ਼ ... 124

ਉਪਰ ਦੱਸੇ ਯੂਨਿਟਾਂ ਦੇ ਨਾਂ ਅਤੇ ਪਤਿਆਂ ਦੀ ਲਿਸਟ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਹਾਂ ਜੀ। ਸਾਲ 1984 ਤੋਂ 1986 ਤੱਕ ਡਰੱਗਜ਼ ਅਤੇ ਕਾਸਮੈਟਿਕ ਬਣਾਉਣ ਵਾਲੀ ਯੂਨਿਟਾਂ ਦੀਆਂ 938 ਇੰਨਸਪੇਕਸ਼ਨਾਂ ਕੀਤੀਆਂ ਗਈਆਂ ਸਨ। ਵੱਖ ਵੱਖ ਇਨਸਪੇਕਸ਼ਨਾਂ ਦੇ ਸਿੱਟੇ ਵਜੋਂ ਡਰੱਗਜ਼ ਅਤੇ ਕਾਸਮੈਟਿਕਸ ਐਕਟ, 1940 ਅਤੇ ਇਸ ਅਧੀਨ ਬਣੇ ਰੂਲਾਂ ਤਹਿਤ ਕਸੂਰਵਾਰ ਮੈਨੂਫੈਕਚਰਿੰਗ ਫਰਮਾਂ ਵਿਰੁੱਧ ਹੇਠ ਦੱਸੇ ਅਨੁਸਾਰ ਕਾਰਵਾਈ ਕੀਤੀ ਗਈ :—

(1) ਪਰਾਸੀਕਿਊਟ ਕੀਤੇ ਕੇਸਾਂ ਦੀ ਗਿਣਤੀ ... 10

(2) ਕੈਂਸਲ ਕੀਤੇ ਲਾਇਸੈਂਸਾਂ ਦੀ ਗਿਣਤੀ ... 7

(3) ਮੁਅੱਤਲ ਕੀਤੇ ਲਾਇਸੈਂਸਾਂ ਦੀ ਗਿਣਤੀ ... 17

[Minister for Information and Public Relations]

ANNEXURE-A

LIST OF DRUGS MANUFACTURING FIRMS IN PUNJAB

District Ludhiana

1. M/s. Unimed Pharmaceuticals, Pvt. Ltd., Berowal Lane, Ferozepur Road, Ludhiana.
2. M/s. Truman Pharmaceuticals, Pvt. Ltd., Sarabha Nagar, Ludhiana.
3. M/s. Munjal Gases, G.T. Road, Hero Nagar, Ludhiana.
4. M/s. Himachal Pharmaceuticals, Industries F-71, Focal Point, Ludhiana.
5. M/s. Aruna Sanitary Products, 629/13, Pindi Street, Ludhiana.
6. M/s. Anand Products (India), Dhandhari Kalan, District Ludhiana.
7. M/s. Emess Pharma 37, Model Gram, Ludhiana.
8. M/s Curex Laboratory Pvt. Ltd., CCF. 14/1, Sarabha Nagar, Ludhiana.
9. M/s. Sona Dressing Co., 993, Gali No. 2, Deep Nagar, Civil Lines, Ludhiana.
10. M/s. Handicapped Rehabilitation Enterprises-22-A, Shastri Nagar, Ludhiana.
11. M/s. Christain Medical College and Hospital, Ludhiana.
12. M/s. Astro Laboratory Pvt. Ltd., 38, Focal Point, Industrial Area, Phase-II, Ludhiana.
13. M/s. Punjab Vety. Vaccine Institute, P.A.U. Campus, Ludhiana.
14. M/s. Elisha Pharmaceutical, Pvt. Ltd., 88-D- Randhir Singh Nagar, Ludhiana.
15. M/s. Angel Pharmaceuticals, Pvt. Ltd., B-I, 63 Kundan Puri, Civil Line, Ludhiana.
16. M/s. Curefast Remedies Pvt. Ltd., 212, Aggar Nagar, Ludhiana.
17. M/s. Shiv Dressing Manufacturers, Tagore Nagar, Ludhiana.
18. M/s. Rajkon Pharmaceuticals, Ltd, Ferozepur Road, Ludhiana.
19. M/s. Biomedica Pvt. Ltd., 736, Industrial Area-B, Ludhiana.
20. M/s. North India Oxygen Co. B-21, Focal Point, Ludhiana.
21. Psychotropics India, 5 Major Shiv Dev Singh Road, Ludhiana.
22. M/s Bee Kay Pharmaceuticals, 33-B, Surgodha Colony, Pakhowal Road Ludhiana.
23. M/s. Franklin Laboratories (India) Pvt. Ltd., Maharani Jhansi Road, Ludhiana.
24. M/s. Gayzel Pharmaceuticals, Pvt. Ltd., Tagore Nagar, Ludhiana.
25. M/s. Edifice Laboratories, Ludhiana.

District Ropar

1. M/s. Nidhi Pharmaceuticals, 520, Giani Zail Singh Nagar, Ropar.
2. M/s. Parex Pharmaceuticals, Pvt. Ltd., 43, Industrial Area, Mohali, District Ropar.
3. M/s. Drugs Chem. Pvt. Ltd., D-49, Phase-V, Industrial Estate, Mohali, District Ropar.

5. M/s. Ranbaxy Labs., Ltd., Mohali, District Ropar.
6. M/s. Kalsi Pharmaceuticals, B-44, Industrial Area, Mohali.
7. M/s. N.T.Q., Pharmaceuticals, Siswan Road, Kurali, District Ropar.

District Bhatinda

1. M/s. Everest Pharmaceuticals, Works, Everest Nagar, Bhatinda.
2. M/s. Fine Surgical Dressing Manufacturing, B-15-16-17, Industrial Estate, Bhatinda.
3. M/s. Healon Labs., Mansa, Distt. Bhatinda.
4. M/s. Ray Surgical, Amrik Singh Road, Bhatinda.
5. M/s. Mitson Pharmaceuticals, Pvt. Ltd., Sibian, Bhatinda.
6. M/s. Drugs Pharma. Labs., E-58, Industrial Focal Point, Bhatinda.
7. M/s. Indian Pharmaceuticals, Pvt. Ltd., Parwahi, District Bhatinda.

District Faridkot

1. M/s. Albro Pharmaceuticals Pvt.Ltd., Albro Nagar, Muktsar, District Faridkot.
2. M/s. G.C. M. Laboratories, G.T. Road, Moga, District Faridkot.
3. M/s. Phoenix Pharmaceuticals, Kashmir Park Road, Moga.
4. M/s. Astra Pharmaceuticals, Pvt. Ltd., Post Box. No. 7, Kotkapura.
5. M/s. Doxt Labs. India Pvt., Ltd., Industrial Focal Point, Moga.

District Sangrur

1. M/s. Cotton Manufacturing Corp. (India) Momrabad Road, Akbarpur, Sangrur.
2. M/s. Cotton Mills, Barnala.
3. M/s. Japson Pharmaceuticals Pvt., Ltd. Village Kanoi, P. O. Kheri, District Sangrur.

District Patiala

1. M/s. Gopal Gases Pvt. Ltd., G.T. Road, Mandi Gobindgarh, District Patiala.
2. M/s. Industrial Oxygen Co. Pvt. Ltd., G.T. Road, Mandi Gobindgarh, District Patiala.
3. M/s. Ravivo Medicals, Badurgarh, District Patiala.
4. M/s. Punj Cap Pvt. Ltd., Hebet Pur Road, Dera Bassi, District Patiala.
5. M/s. Spintek Industries, Village Muradpur, P.O. Kauli, Patiala.
6. M/s. Glucose Saline Unit, Rajindra Hospital, Patiala.
7. M/s. Ipzah Pharmaceuticals Pvt. Ltd., Joginder Nagar, Badurgarh.
8. M/s. Raxal Laboratories-G- 619, Dhamoli Road, Rajpura.
9. M/s. Anabsthestic Gases Pvt. Ltd., Village Ghalu Majra, Sub-Tehsil Dera Bassi, District Patiala.
10. M/s. International Remedies, Heera Bagh, Patiala.

[Minister for Information aud Public Relations]

11. M/s. Nikem Pharmaceutical Opp. Amm Khass Bagh, Sirhind.
12. M/s. Goyal Surgicals Industries 7240/5, Bishan Nagar, Patiala.
13. M/s. Goel Manufacturing Co., Preet Basti, Patiala.
14. M/s. National Remedies, Sangrur Road, Patiala.
15. M/s. Sai Surgical industries, Kailash Lodge, Guru Nanak Nagar, Jain Street No. 7, Patiala.
16. M/s. Punjab Chemicals and Pharmaceuticals, Bhankerpur.
17. M/s. Jain Surgical Industry, Patiala.
18. M/s. Osol Pharmaceuticals, Chandigarh Road, Rajpura, District Patiala.
19. M/s. Sardul Sons Pharmaceuticals, Nabha Bhawani Village Majhi.

District Ferozepur

1. M/s. Nagbro Traders, H. No. 1126, Street No. 8, Abohar, District Ferozepur.

District Amritsar

1. M/s. Alab Chem. Labs, Chheharta.
2. M/s. National Labs., T.V. Centre Road, Chheharta.
3. M/s. International Chemical Corp. (India), P.O. Khalsa College, Amritsar.
4. M/s. Medico Pharmaceuticals Processors— A-3 Indl. Area Development Colony, Near Guru Nanak Dev University, Amritsar.
5. M/s. Sabal Labs. 38, Industrial Estate, P.O. Silk and Rayon Mills, Amritsar.
6. M/s. Lillt Chemicals Co. Near Putli Ghar, Amritsar.
7. M/s. Shri Ram Labs. East Mohan Nagar, Amritsar.
8. M/s. Alkon Labs. 43, Indl. Estate, Chhehrta. Amritsar.
9. M/s. Mehta Pharmaceuticals, Pvt. Ltd., G.T. Road, Chheharta, Amritsar.
10. M/s. Jay Vee Pharmaceuticals, Gopal Nagar, Majitha Road, Amritsar.
11. M/s. Vee Kay Surgicals, Industrial Area, Islamabad, Amritsar.
12. M/s. New Amritsar Blood Bank, Hukam Singh Road, Amritsar.
13. M/s. Partap Steel Rolling Mills (P) Ltd., G.T. Road, 25, Partap Estate, Chheharta.
14. M/s. Green Avenue Blood Bank, Green Avenue, Amritsar.
15. M/s. Ram Saran Dass-Kishori Lal Charitable Hospital, Green Avenue, Amritsar.
16. M/s. United Surgichem Works, Mehra Singh Road, Amritsar.
17. M/s. Servair Pharmaceuticals, 49, Industrial Estate, Amritsar,.
18. M/s. Amco Labs., Jandiala Guru, Amritsar.
19. M/s. Gulati Pharmacy 22, Andh'Vidhalaya Building, Lohgarh, Amritsar.
20. M/s. Hindustan Pharmaceuticals, Tarn Taran Road, Amritsar.
21. M/s. Dr. K.L. Anand, Shiv Market, Lawrance Road, Amritsar.
22. M/s. Amritsar Pharmaceuticals Labs. Naraingarh Chheharta.

23. M/s. Babbar Surgicals Industries, Islamabad, Amritsar.

24. M/s. Mclin Pharmaceuticals, 10624/XVI-40, Sultanwind Road, Amritsar.

25. M/s. Bikram Pharma, (P) Ltd., Khamba Rajputan, District Amritsar.

26. M/s. Mehta Surgical Works, Gate Khazana, Amritsar.

27. M/s. Kwality Pharmaceuticals (P) Ltd., Opposite Kirpal Colony, Tungwal Majitha Road, Amritsar.

28. M/s. Punjab Impex Pharnia, 7, Old Jail Road, Amristar.

29. M/s. Macmillion Phamraceuticals, 706, Batala Road, Amritsar.

30. M/s. Garrat Labs., Sultan Wind Road, Amritsar.

31. M/s. Jacksor Labs., Majitha Road, Amritsar.

32. M/s. Northern India Chemical Works, 74 Prem Nagar, Amritsar.

33. M/s. Will Mark Pharmaceuticals, Pvt. Ltd., Majitha Road, Bye Pass, Amritsar.

34. M/s. Indoz Pharmaceuticals and Chemicals Works, Outside Gho Mandi, Amritsar.

35. M/s. Amritsar Surgicals Industries, Bye Pass, Verka, Amritsar.

36. M/s. Sunny Surgicals, 384, Shastri Nagar, Amritsar.

37. M/s. Bio-Pharma, G. T. Road, Bye Pass, P.O. Four Field, Amritsar.

38. M/s. Chhatwal Surgical Works, 1866/7 Chowk Chabutra, Amritsar.

39. M/s. Modern Pharmaceuticals Works, 56, Gopal Nagar, Amritsar.

40. M/s. National Surgical Cotton Industries, V & P.O. Saghrena, Amritsar.

41. M/s. Citizen Pharmaceuticals, Jandiala Guru, Amritsar.

42. M/s. Shelter Pharma, 311 Indl. Area, East Mohan Nagar, Amritsar.

43. Professor Incharge Blood Bank, S.G.T. B. Hospital, Amritsar.

District Hoshiarpur

1. M/s. Supreme Chemicals , Chowk Gujran, P.O. Piplanwala, Hoshiarpur.

2. M/s. Parbhat General Agencies, Jalandhar Road, Hoshiarpur.

3. M/s. Capsugel India Ltd., Village Fatehpur, Tehsil Balachaur, P.O. Majra Jattan, District Hoshiarpur.

4. M/s. Ranbaxy Labs. Ltd., Tensa, District, Hoshiarpur.

District Gurdaspur

1. M/s. Shakti Chemical Works, Trimo Road, Gurdaspur.

2. M/s. Remedia Pharmaceuticals, Batala.

3. M/s. Hindustan Surgicals and Disinfection Industry, College Road, Pathankot.

District Jalandhar

1. M/s. Time Pharma C/O M/s. Pharmaceuticals and Industrial Labs., 39, Gian Nagar, Jalandhar (Loan Licencee).

2. M/s. Pharmaceuticals and Industrial Labs, 39, Gian Nagar, Jalandhar.

[Minister for Informat'on and Public Relations]

3. M/s. Jalandhar Surgical and Dressing Manufacturing Co., 279/I Kot Kishan Chand, Jalandhar.
4. M/s. Khosla Surgicals, G.T. Road, Phillaur, District Jalandhar.
5. M/s. Ganesh Laboratories (Regd), M-13, Industrial Area, Jalandhar.
6. M/s. Biomex Remedies, 667, Model Town, Jalandhar.
7. M/s. Windsor Chemicals Works, 31, Main Street, Jalandhar Cantt.
8. M/s. Asclepius Pharmaceuticals (P) Ltd., Mithapur Road, Jalandhar.
9. M/s. Kay Kay Pharma, Kohlian Street, Nur Mahal, District Jalandhar.
10. M/s. Shivalik Drug Co., Pvt. Ltd., 417, Adarash Nagar, Jalandhar.
11. M/s. Pharma Pack Laboratory, 3, Green Park, Jalandhar.
12. M/s. Backson Labs., 456-L, Model Town, Jalandhar.
13. M/s. Standose Pharmaceuticals-B-1007, Nai Abadi Model House, Jalandhar.
14. M/s. J.B. Chemicals and Ashok Nagar, Jalandhar.
15. M/s. Surya Pharma, 11-A, Indl. Area Colony, Jalandhar.

District Kapurthala

1. M/s. Jagatjit Industries, Ltd., Hamira.
2. M/s. Bharat Chemical and Manufacturing Works, Kapurthala.
3. M/s. G. & .G. Pharmaceuticals, Model Town, Phagwara.
4. M/s. Chiron Pharmaceuticals (P) Ltd., Banga Road, Phagwara.
5. M/s. Dixson Pharma, G.T. Road, Phagwara.
6. M/s. Vets Pharma, Village Saproad, G.T. Road, Phagwara.

HOMOEOPATHIC DRUGS MANUFACTURING UNITS

District Amritsar

1. M/s. Botanical Drugs Pharmacy, 3 Tailor Road, 76, Amritsar.

ANNEXURE -B

LIST OF COSMETICS MANUFACTURING FIRMS IN PUNJAB

District Ludhiana

1. Flamingo Cosmetics, Guru Nanak Colony, Dhuri Railway Road, Ludhiana.
2. Vicky and Kabir Perfumery Registered, B-I, 135, New Kundan Puri, Ludhiana.
3. M/s. Sonu Perfumery, 249, Field Ganj, Ludhiana.
4. M/s. P.N. Sareen Perfumery Company, Kundan Puri, Ludhiana.
5. M/s. The pilo Manufacturing Co., Katra Ram Street, Ludhiana.
6. M/s. Grover Cosmetics Co., Near Division-2, Ludhiana.
7. M/s. Oswal Chemicals Works, 1123/9, Rahon Nagar, Ludhiana, Basti Jodhewal.
8. M/s. Lyon India Chemicals Works, Luxmi Ginning and Oil Mills, Khanna.

District Sangrur

1. M/s. Kusam Chemical Industries, Kalian Street, Malerkotla.

District Patiala

1. M/s. Ghawa Ram and Sons, Sadar Bazar, Patiala.
2. M/s. Hindustan Lever Limited, A-5, Phase-II-B—Focal Point, Rajpura.
3. M/s. Dashmesh Cosmetics Enterprises—16-Roase Colony, Rajpura, Road, Patiala.
4. M/s. Peshawar Soap and Chemical Works, Adalat Bazar, Patiala.
5. M/s. Kapoor Industries Chemicals, C/o Kapoor Industries, Main Bazar, Sirhind City.

District Amritsar

1. M/s. Mohindra Cosmetics, Bazar Sarai Guru Ram Dass, Amritsar.
2. M/s. Pritam Cosmetics, 514, Kot Moti Ram, Amritsar.
3. M/s. Prima Chemicals Works Dal Mandi, Amritsar.
4. M/s. Jully Cosmetics C. Diwan Nagar, Batala Road, Amritsar.
5. M/s. Pinko Labs, 1073/7, Kucha Gurjan Street, Deviwali, Amritsar.
6. M/s. Mastana Perfumery, 214 Mohan Pura, Amritsar.
7. M/s. Malle Perfumery, 240/3, Kot Mit Singh, Amritsar.
8. M/s. Chand & Co., Perfumery, Bazar, Sabunan, Amritsar.
9. M/s. Bhag Singh and Sons, 1919/12, Gali Karam Singh Chowk Karori, Amritsar.
10. M/s. Sanjay Cosmetics, Near Kapoor Hosiery, Darshni Deori, Amritsar.
11. M/s. Kohinoor Walia, Products, 7-Sarwanpura Chowk, Tahliwala, Amritsar.
12. M/s. Vijay Cosmetics, Bazar Bholan Dass, Gali Bhabrian, Amritsar.
13. M/s. Meiko Cosmetics, 12/12, Kalayan Singh Road I/S Hathi, Gate, Amritsar.
14. M/s. Surindra Cosmetics, 3 Kot Baba Deep Singh, Amritsar.
15. M/s. Mukesh Cosmetics, Gali Upplan, Guru Bazar, Amritsar.
16. M/s. Lilly Products, 43, Rani Ka Bagh, Amritsar.
17. M/s. Narindra Cosmetics, Gali Piplanwali, Kot Karam Singh, Amritsar.
18. M/s. Murphy Cosmetics 438/X-II, 3, Katra Purja, Amritsar.
19. M/s. Sunrise Cosmetics, Gali Khalsa College, Joura Pipal, Amritsar.
20. M/s. Liza Products, 43, Rani Ka Bagh, Amritsar.
21. M/s. Sharla Cosmetics A-243/3, Gali Makhanian, Kot Mit Singh, Amritsar.
22. M/s. Loreste Cosmetics 43, Kot Pala Singh ,Taran Tarn Road, Amritsar.
23. M/s. Diana Cosmetics Brahm Buta Market, Amritsar.
24. Dimple Cosmetics, 28/8, Katra Sufid, Amritsar.
25. M/s. Preetee Cosmetics, 1534/13, Street Ram Mandir, Nimak Mandi, Amritsar.
26. M/s. Richadaid Manufacturing Co., 188, Ajit Nagar, Sultan Wind Road, Amritsar.

[Minister for Information and Public Relations]

27. M/sManju Dollor Cosmetics 585/VII-5, Chowk Chintpurni, Bazar Chowk Basti Amritsar.

28. Edreena Cosmetics Chawal Mandi, Amritsar.

29. M/s. Sable Laboratories, 431-C, Ranjit Avenue P.O. Golden Temple, Amritsar.

District Jalandhar

1. M/s. Bhaiji Attarwale, Bazar, Jalandhar.
2. M/s. Bhaiji Attar wale, Vijay Nagar, Jalandhar.
3. M/s. Paradise perfumery. Co., B-9-12 Mohalla Kazian, Jalandhar.
4. M/s. Savita Perfumary Co., Bazar Bharion, Jalandhar.
5. M/s. Punam Industries, 22, Adarash Nagar, Jalandhar.
6. M/s. Moglan the Hatti, Basti Nau, Nijamat Nagar, Jalandhar.
7. M/s. Madhu Chemicals, EL-120 I/S Khingran Gate, Jalandhar.
8. M/s. Palta Cosmetics Manufacturing Division, Jalandhar.
9. M/s. Jaina Works, Gupta Colony, Opp. Sports College, Kapurthala Road, Jalandhar.
10. M/s. Madhu Enterprises-EE-328, Panj Peer, Jalandhar.

District Faridkot

1. M/s. Janedra Chemicals and Cosmetics Industries, Faridkot.

List of Licences Ayurvedic and Unani Manufacturing Concerns in Punjab

Serial No.	Name of the Pharmacy with address
	District Amritsar
1.	Mahesh Pharmacy, Fatehgarh Road, Amritsar.
2.	Lotus Ayurvedic Pharmacy, Tilli Bhanna.
3.	Chawla Ayurvedic Pharmacy, Katra Karam Singh.
4.	Parbhat Ayurvedic Pharmacy, Katra Sher Singh.
5.	Kashmir Ayurvedic Works, Street, No. 2, Putli Ghar.
6.	Bharat Ayurvedic Pharmacy, Akali Market.
7.	Samrat Ayurvedic Pharmacy, Akali Market.
8.	Nav Bharat Ayurvedic Pharmacy, Chowk Chabutra.
9.	Malvia Free Ayurvedic Hospital, Khoo Saniarian.
10.	Dhanwantri Ayurvedic Pharmacy, Katra Beghian.
11.	Ambika Ayurvedic Works, 1026/6, Swank Mandi.
12.	Aggarwal, Free Hospital Pharmacy, Lachmansar.
13.	Amritsar Sewa Samiti Pharmacy, Durgiana.

Serial No.	Name of the Pharmacy with address
14.	Ashok Ayurvedic Pharmacy, Katra Mohan Singh.
15.	Swastika Drug Pharmacy, Katra Moti Ram Lohgarh Gate.
16.	Bharadwaj Bros. Pharma, in side Lohgarh Gate.
17.	Gobind Ayurvedic Pharmacy, 3, Kot Baba Deep Singh.
18.	M.B. Pharma, R.B. Parkash Chand Road.
19.	Parkash Ayurvedic Pharmacy, Tehsilpura.
20.	Bhai Mohan Singh Vaid & Sons, Jandiala Road, Tarn Taran.
21.	Shri Krishan Ayurvedic Pharmacy, Hal Bazar, G.T. Road.
22.	Bhai Tejinder Singh Vaid, Clock Tower.
23.	Gulati Ayurvedic Pharmacy, Goswami Tulsidas Marg.
24.	Himachal-Drug Pharma, Bazar Gandanwala.
25.	B.M. Trust Pharmacy, Lawrance Road.
26.	Maharishi Ayurvedic Bhawan, 1255, Azad Nagar, Putligarh.
27.	Amar Gian Charitade Trust Pharmacy, Gopal Nagar.
28.	Haritki Ayurvedic Ashram, Gobind Nagar, Sultanwind Gate.
29.	Indian Herbal Remedies Sh. Dev Raj Niwas, 1438/12, Katra Sher Singh.
30.	Native Drug Pharma, Sultanwind Gate.
31.	Rose Drug Pharma, Durgiana, Amritsar.
32.	Anant Ram Dhawan, Adda Bhikhiwind.
33.	Parkins Pharmaceuticals, Kangra Colony.
34.	Chawla Drug Pharmacy, Amristar, Vijay Nagar.
35.	Amrit Pharmacy, Batala Road.
36.	Laxmi Naryana Ayurvedic College, Sant Tulsi Dass Marg.
37.	Saintson Medico, 131, Tandon Nagar, Batala Road.
38.	Sidhartha Drug Pharma, Bharat Nagar, Batala Road.
39.	Himco Pharmaceuticals, Chowk Katra, Parja.
40.	Lily Chemical Co., India.
41.	Chandan Drugs Pharma, Gurbux Nagar, Nawan Kot.
42.	Sunbex Drugs Pharma, G.T. Road, Chhehrta.
43.	Rajish Ayurvedic Pharmacy.
	District Ropar
1.	T.R. Sood, H. M. 39, Phase-II, Mohali.
2.	Inter State Health Centre, Mata Rano Road.
3.	Diamond Remedies, Randhawa Road, Kharar.
4.	Shivalik L-21, Phase-I, Mohali SAS, Nagar.

[Minister for Information and Public Relations]

5. Arora Ayurvedic Pharmacy, Kullanpur Garib Dass.
6. V.I.P. Dwakhana, H. No. 1380, Phase B-II, Mohali.
7. Dasmesh Pharmacy, Near Gurdwara Shri Bhatha Sahib.

District Jullundur

1. D.A.V. Pharmacy, G.T. Road, Jullundur.
2. Surajanshi Pharmacy, Saidanagate, Jullundur City.
3. Kailash Ay. Pharmacy, Preetnagar, Railway Colony.
4. Kalia Bros. E.G. 961 Gobindgarh Mohalla.
5. Ganesh Ay. Laboratories M/13, Industrial Area.
6. Sharda Ay. Pharmacy, Gopal Nagar.
7. Kumar Tradg. Company, Gopal Nagar.
8. Windson Chemical Works, 31 Main Street.
9. Wilson Pharmaceuticals, 57 Adarshnagar.
10. B.K. Pharmacy, Joginder Nagar, Raman Mandi, Cantt.
11. Globe Pharmace uticals, 8-Patel Chowk.
12. Dogra Kaya Kalpa Sadan, Dogra Building.
13. Bhuigu Ay. Pharmacy, 5 Dewan Nagar.
14. Kesar Mal Sita Ram, Nawanshehar Doaba, Jullundur.
15. Shankar Aushdhalya, Gandhi Chowk, Nawanshehar.
16. Gopal Ayurvedic Pharmacy.
17. Star Pharmaceuticals, Kapurthala Road, Jullundur.
18. Mohmi Pharmacy, Bada Pind Road, Jullundur.
19. Manav Dharma, Shanti Nagar, Jullundur.
20. Luxmi Ayurvedic Pharmacy, Luxmi Pura, Jullundur.
21. Chand Krishan Mahajan son of Sunder Pal Dewan Basti.
22. Mexon Sharma 76 Lajpat Nagar.
23. Maxico Laboratory Khurla Kingra.
24. Hindustan Herbal Pharmiacy E.G. 860, Gobindgarh.
25. Alexandra Pharmacetical (Indian) Basti, Non.
26. B. K. Pharmacuticals H 24 New Colony Tanda Road.
27. Ajanta Ayurvedic Pharmacy Workshop Industrial Cohso Bidhupura.

District Ludhiana

1. Vohra Chemical Laboratories, Maharaja Nagar.
2. Premi Dawakhana, Jagroan.
3. Bharat Drug Co., Telian Street Chowk, Neewela.

4. Modern Indian Pharmacy, Mohalla Sooden.
5. Rajason Dawakhana, Pharmacy.
6. Pilo Mfg. Company Civil Lines.
7. Shakti Gram Udyogsamiti, H. No. 67, Shaktinagar.
8. Trishul Ay. Pharmacy Jata, Nagar.
9. Sudhir Kumar Bhalla & Bros. 25 Green Park.
10. Ambika Pharmacy, 1961, Mohalla Soodan.
11. Harbomine Lab. Ludhiana.
12. Janta Jiwan Pharmacy, College Road, Jagroan, Ludhiana.
13. M/s. Allvim Pharmaceuicals.
14. M/s. Rishi Nath Pharmacy, 975-I Bhai Ramdhir Singh, Near Ludhiana.

District Patiala

1. Government Central Pharmacy & Stores.
2. Patiala Ayurvedic Pharmacy, Sirhind.
3. Sharma Rasayan Pharmacy, Sirhind.
4. Reushi Ayurvedic Pharmacy, Sangrur.
5. Sahna Pharmacy, Bassi Pathana.
6. Amar Krishan Pharmacy, Sabzi Mandi.
7. Anmol Pharma, Bhanra.
8. Sona Sharma, Near Railway Brij, Rajpura.
9. Kapil Pharmaceuticals Kaulawala Toba.
10. Amar Shakti Universal Pharmaceutical, Bahera.
11. A.R. Enterprises, Near Railway Station, Patiala.
12. Herbs (India) Remedies 450, Gobind Colony, Rajpura.

District Ferozepur

1. Amm Kay Pharmacy, 3408, Street No. 2 Nai Abadi, Abohar.
2. Dr. Grover Hospital, Delhi Gate.
3. Batra Pharmacy, Abohar.
4. Pharma Herbs Lab. Plot No. 70 Gali No. 6.
5. Nath Pharma Products (India) Near Bus Stand, Abohar.
6. Bajaj Indian Pharmaceuticals, Fazilka.

District Faridkot

1. Harbhajan Dhara Pharmacy, Kotkapura.
2. S.S.M.D. Ay. College, Pharmacy, Moga.

[Minister for Information and Public Relations]

District Sangrur

1. Sharma Ayurvedic Products, Sunam.
2. Dr. Freemans Research Laboratory, Ahmedgarh.
3. M/s. Sidhu Pharmacy, Near Bus Stand Longowal.

District Gurdaspur

1. Dayanand Math Pharmacy, Dinanagar.
2. Parkash Ayurvedic Pharmacy, Ohri Gate, Batala.

District Bathinda

1. Dhaliwal Pharmacy, Railway Road.
2. Pb. Drug Pharma, Bhucho Mandi.
3. Sunrise Ay. Pharmacy, Bhagoo Road, Bhangu.

District Hoshiarpnr

1. Surma Kanwal Nain Pharmacy.
2. Mittra Ay. Pharmacy,. Sheesh Mehal.
3. Indian Herbs & Mineral Bazar, Vakilan.
4. Sh. Hari Den Dutt, Village Bham, District Hoshiarpur.

District Kapurthala

1. Vets. Pharmacy Pvt. Ltd., Saprod G.T. Road, Phagwara.

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ 3 ਸਾਲਾਂ ਵਿੱਚ 1984—1986 ਤੱਕ 938 ਕੇਸਾਂ ਦੀ ਇਨਸਪੇਕਸ਼ਨ ਕੀਤੀ ਹੈ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਪੰਜਾਬ ਵਿੱਚ ਆਮ ਰੌਲਾ ਹੈ ਕਿ ਸਪੂਰੀਅਸ ਡਰੱਗਜ਼ ਬਣਦੀਆਂ ਹਨ, ਜਾਹਲੀ ਵੀ ਅਤੇ ਡੁਪਲੀਕੇਟ ਵੀ ਆਉਂਦੀਆਂ ਹਨ। ਇਨ੍ਹਾਂ ਨੇ ਲਿਖਿਆ ਹੈ ਕਿ ਨੰਬਰ ਆਫ ਪਰਾਸੀਕਿਊਸ਼ਨਜ਼ 10 ਹਨ। ਇਹ ਦੱਸਣ ਕਿ ਕਿੰਨਿਆਂ ਨੂੰ ਸਜ਼ਾ ਹੋ ਚੁਕੀ ਹੈ? 3 ਸਾਲ ਤੋਂ ਪਹਿਲਾਂ ਜੇ ਕੋਈ ਸਜ਼ਾ ਹੋਈ ਹੈ ਤਾਂ ਦੱਸ ਦੇਣ ਅਤੇ ਜੇ 3 ਸਾਲ ਵਿੱਚ ਕੋਈ ਹੋਈ ਹੈ, ਤਾਂ ਦੱਸ ਦੇਣ। ਜਿਹੜੇ 7 ਲਾਈਸੈਂਸ ਕੈਂਸਲ ਕੀਤੇ ਹਨ, ਉਹ ਕਾਹਦੇ ਵਾਸਤੇ ਕੀਤੇ ਹਨ ਅਤੇ ਜਿਹੜੇ 17 ਸਸਪੈਂਡ ਹੋਏ ਹਨ, ਉਹ ਕਿੰਨੀ ਦੇਰ ਵਾਸਤੇ ਸਸਪੈਂਡ ਹੋਏ ਹਨ?

ਸੂਚਨਾ ਅਤੇ ਲੋਕ ਸੰਪਰਕ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ 3 ਸਾਲਾਂ ਦਾ ਵੇਰਵਾ ਪੁਛਿਆ ਸੀ, 3 ਸਾਲਾਂ ਦਾ ਵੇਰਵਾ ਮੈਂ ਇਨ੍ਹਾਂ ਨੂੰ ਦੱਸ ਦਿੱਤਾ ਹੈ। ਜਿਹੜੇ ਕੇਸ ਪਰਾਸੀਕਿਊਟ ਕੀਤੇ ਗਏ ਹਨ, ਉਨ੍ਹਾਂ ਦੀ ਗਿਣਤੀ 10 ਹੈ। ਇਹ ਸਾਰੇ ਅਦਾਲਤਾਂ ਵਿਚ ਜ਼ੇਰੇ ਸਮਾਇਤ ਹਨ ਅਤੇ ਕਿਸੇ ਵੀ ਕੇਸ ਦਾ ਫੈਸਲਾ ਨਹੀਂ ਹੋਇਆ। ਦੂਸਰਾ, ਇਨ੍ਹਾਂ ਨੇ ਕਿਹਾ ਹੈ ਕਿ ਜਿਹੜੇ ਲਾਈਸੈਂਸ ਕੈਂਸਲ ਕੀਤੇ ਗਏ ਹਨ, ਉਨ੍ਹਾਂ ਦੀ ਗਿਣਤੀ 7 ਕਹੀ ਹੈ। ਉਹ ਇਸ ਲਈ ਹਨ ਕਿ ਜਿਹੜੀਆਂ ਫਰਮਾਂ ਰਿਕੁਆਇਰਮੈਂਟਸ ਪੂਰੀਆਂ ਨਹੀਂ ਕਰਦੀਆਂ, ਉਨ੍ਹਾਂ ਤੇ ਛਾਪੇ ਮਾਰੇ ਜਾਂਦੇ ਹਨ, ਇਨਸਪੈਕਸ਼ਨਾਂ ਕੀਤੀਆਂ ਜਾਂਦੀਆਂ ਹਨ। ਫੇਰ ਜਿਹੜੀਆਂ ਊਣਤਾਈਆਂ ਪਾਈਆਂ ਜਾਂਦੀਆਂ ਹਨ, ਜੇ ਉਹ ਵਧੇਰੇ ਸੀਰੀਅਸ ਕਿਸਮ ਦੀਆਂ ਹੋਣ ਤਾਂ ਲਾਈਸੈਂਸ ਕੈਂਸਲ ਕੀਤੇ ਜਾਂਦੇ ਹਨ, ਜੇ ਥੋੜ੍ਹੀਆਂ ਊਣਤਾਈਆਂ ਹਨ ਤਾਂ ਮੁਅੱਤਲ ਕੀਤੇ ਜਾਂਦੇ ਹਨ ਅਤੇ ਜੇ ਉਹ ਊਣਤਾਈਆਂ ਪੂਰੀਆਂ ਕਰ ਦੇਣ ਤਾਂ ਬਹਾਲ ਕੀਤੇ ਜਾਂਦੇ ਹਨ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਇਹ ਮੈਨੂਫੈਕਚਰਰ ਫਰਮਾਂ ਹਨ, ਜਿਹੜਾ ਇਨ੍ਹਾਂ ਦਾ ਸਟਾਕ ਹੈ ਜਾਂ ਦਵਾਈਆਂ ਹਨ, ਉਨ੍ਹਾਂ ਨੂੰ ਚੈਕ ਕਰਨ ਵਾਸਤੇ ਟਾਈਮ ਦਾ ਸਕੇਲ ਕੀ ਹੈ ? ਕਿੰਨੇ ਚਿਰ ਵਿੱਚ ਹਰ ਹਾਲਤ ਵਿੱਚ ਛਾਪੇ ਮਾਰਨੇ ਚਾਹੀਦੇ ਹਨ ? ਜਿਹੜੇ ਅਫਸਰ ਚੈਕਿੰਗ ਵਾਸਤੇ ਜਾਂਦੇ ਹਨ ਉਨ੍ਹਾਂ ਦੇ ਰੈਂਕਸ ਕੀ ਹਨ ਅਤੇ ਕਿਸ ਕਿਸ ਰੈਂਕਸ ਦੇ ਅਫਸਰ ਜਾਂਦੇ ਹਨ ?

ਮੰਤਰੀ : ਸਪੀਕਰ ਸਾਹਿਬ, ਟਾਈਮ ਤਾਂ ਨੀਅਤ ਨਹੀਂ ਹੈ। ਜਦੋਂ ਕੋਈ ਸ਼ਿਕਾਇਤ ਸਰਕਾਰ ਦੇ ਧਿਆਨ ਵਿੱਚ ਆਉਂਦੀ ਹੈ, ਜਿਹੜੇ ਡਰੱਗ ਇਨਸਪੈਕਟਰਜ਼ ਜ਼ਿਲ੍ਹਿਆਂ ਵਿਚ ਮੁਕਰਰ ਕੀਤੇ ਹਨ, ਉਨ੍ਹਾਂ ਦੇ ਧਿਆਨ ਵਿੱਚ ਆਉਂਦੀ ਹੈ, ਅਸਿਸਟੈਂਟ ਡਰੱਗਜ਼ ਕੰਟਰੋਲਰ ਅਤੇ ਸਟੇਟ ਡਰੱਗਜ਼ ਕੰਟਰੋਲਰ ਦੇ ਧਿਆਨ ਵਿੱਚ ਆਉਂਦੀ ਹੈ, ਉਦੋਂ ਹੀ ਛਾਪੇ ਮਾਰ ਲਏ ਜਾਂਦੇ ਹਨ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਕਿਸ ਰੈਂਕ ਦੇ ਅਫਸਰ ਜਾਂਦੇ ਹਨ ?

ਮੰਤਰੀ : ਸਪੀਕਰ ਸਾਹਿਬ, ਇਨਸਪੈਕਸ਼ਨ ਲਈ ਜਿਵੇਂ ਮੈਂ ਦੱਸਿਆ ਹੈ, ਡਰੱਗ ਇਨਸ-ਪੈਕਟਰਜ਼, ਸਟੇਟ ਡਰੱਗਜ਼ ਕੰਟਰੋਲਰ, ਅਸਿਸਟੈਂਟ ਡਰੱਗਜ਼ ਕੰਟਰੋਲਰ, ਸਿਵਲ ਸਰਜਨ ਛਾਪੇ ਮਾਰ ਸਕਦੇ ਹਨ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਸ ਕੰਮ ਲਈ ਅਹਿਮ ਰੈਂਕਸ ਦੇ ਅਫਸਰ ਚਾਹੀਦੇ ਹਨ ਜਿਹੜੇ ਕਿਸੇ ਨਾਲ ਰਲ ਨਾ ਜਾਣ ਅਤੇ ਸਹੀ ਤੌਰ ਤੇ ਕੰਮ ਕਰਨ ਯੋਗ ਹੋਣ।

ਮੰਤਰੀ : ਸਪੀਕਰ ਸਾਹਿਬ, ਜਿਨ੍ਹਾਂ ਅਫਸਰਾਂ ਦੇ ਨਾਂ ਲਏ ਹਨ, ਉਹ ਪੂਰੀ ਤਰ੍ਹਾਂ ਆਪਣੀ ਡਿਊਟੀ ਅਦਾ ਕਰਦੇ ਹਨ ਅਤੇ ਰਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 667

ਸ੍ਰੀ ਸਪੀਕਰ : ਸਵਾਲ ਨੰਬਰ 667 ਬਾਰੇ ਐਕਸਟੈਨਸ਼ਨ ਮੰਗੀ ਗਈ ਹੈ।

Major Singh Uboke.

D.O.No. 6/8/87/ERTL-I/2687
Minister for Revenue and Reh.,
Department Punjab, Chandigarh.
Dated the 17h March, 1987.

Subject:—Starred Assembly Question No. 667 asked by Shri Ram Kishan Kataria, M.L.A.

My dear Minhas Sahib,

The answer to Starred Punjab Vidhan Sabha Question No. 667 appearing in the list of Questions for 18-3-1987 in the name of Shri Ram Kishan Kataria, M.L.A. is not ready. The reply is voluminous nature since it contains details of individual beneficiaries to whom flood-relief grants were disbursed in July-August, 1985 Floods in Tehsil Balachaur. The reply will take a lot of time to check and prepare. I am, therefore, to request that time for answering this Question may kindly by extended and this Question may be included in the list of Questions for any date after 3-4-1987.

Yours sincerely,
Sd/—
(Major Singh)

Shri Surjit Singh Minhas,
Speaker, Punjab Vidhan Sabha,
Chandigarh.

ਸ਼੍ਰੀ ਰਾਮ ਕਿਸ਼ਨ ਕਟਾਰੀਆ : ਫਲੱਡ ਨਾਲ ਜੋ ਨੁਕਸਾਨ ਹੋਇਆ ਉਸ ਦੀ ਡਿਟੇਲ ਮੈਂ ਮੰਗੀ ਸੀ। ਪਿਛਲੇ ਸੈਸ਼ਨ ਵਿਚ ਵੀ ਮੈਂ ਸਵਾਲ ਕੀਤਾ ਸੀ (ਵਿਘਨ) ਗੋਲਡੀ, ਸ਼ੋਲਡੀ ਆਦਿ (ਵਿਘਨ) ਇਸ ਤਰ੍ਹਾਂ ਦੇ ਨਾਂ ਦਿੱਤੇ ਗਏ ਹਨ। ਇਸ ਤਰ੍ਹਾਂ ਦੀ ਇਨਫਰਮੇਸ਼ਨ ਮੈਨੂੰ ਨਾ ਦਿੱਤੀ ਜਾਵੇ।

ਸ਼੍ਰੀ ਸਪੀਕਰ : ਇਸ ਸੈਸ਼ਨ ਦੇ ਦੌਰਾਨ ਹੀ ਇਸ ਸਵਾਲ ਦਾ ਜਵਾਬ ਦਿੱਤਾ ਜਾਏਗਾ।

New Sugar Mills in the State

***633. Professor Kumari Susheel Mahajan :** Will the Minister for Cooperation be pleased to state whether the Government proposes to set up new sugar mills in the State both in Cooperative and Semi Government Sectors; if so, the number thereof and the time by which those Sugar Mills are likely to start functioning?

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ : ਹਾਂ ਜੀ। ਸਹਿਕਾਰਤਾ ਖੇਤਰ ਵਿਚ ਛੇ ਨਵੀਆਂ ਖੰਡ ਮਿੱਲਾ ਲਾਉਣ ਦੀ ਤਜਵੀਜ਼ ਹੈ ਜਿਨ੍ਹਾਂ ਲਈ ਆਸ਼ਾ ਪੱਤਰ ਪ੍ਰਾਪਤ ਕਰਨ ਲਈ ਭਾਰਤ ਸਰਕਾਰ ਨੂੰ ਲਿਖਿਆ ਜਾ ਚੁੱਕਿਆ ਹੈ। ਜਦੋਂ ਤੱਕ ਭਾਰਤ ਸਰਕਾਰ ਤੋਂ ਆਸ਼ਾ ਪੱਤਰ ਪ੍ਰਾਪਤ ਨਹੀਂ ਹੋ ਜਾਂਦੇ ਮਿੱਲਾਂ ਦੇ ਚਾਲੂ ਹੋਣ ਦਾ ਸਮਾਂ ਨਿਰਧਾਰਤ ਨਹੀਂ ਕੀਤਾ ਜਾ ਸਕਦਾ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੇਰੇ ਕਹਿਣ ਦਾ ਮਤਲਬ ਹੈ ਕਿ ਹੋਰ ਕਿੰਨੀਆਂ ਚੀਨੀ ਦੀਆਂ ਮਿੱਲਾਂ ਖੁਲ੍ਹੀਆਂ ਹਨ ? (ਵਿਘਨ) ਕਿਸਾਨਾਂ ਦੇ ਘਰ ਘਰ ਜਾ ਕੇ ਸੁਪਰ-ਵਾਈਜ਼ਰਾਂ ਨੇ ਗੰਨਾ ਲਿਆਂਦਾ। ਜਿਹੜੇ ਵਿਚਾਰੇ ਕਿਸਾਨ ਦੀ ਚਾਰ ਪੰਜ ਕਿੱਲੇ ਜ਼ਮੀਨ ਹੈ, ਉਹ ਗੰਨਾ ਲਿਆਉਂਦਾ ਹੈ ਮੁਸ਼ਕਲ ਨਾਲ ਉਸ ਵਿਚਾਰੇ ਨੂੰ ਇਕ ਜਾਂ ਦੋ ਪਰਚੀਆਂ ਮਿਲਦੀਆਂ ਹਨ। ਐਪਰੋਚ ਵਾਲੇ ਕਿਸਾਨ ਨੂੰ ਜਿਸ ਦੀ ਭਾਵੇਂ 3 ਕਿੱਲੇ ਜ਼ਮੀਨ ਹੋਵੇ ਉਹ 21 ਪਰ-ਚੀਆਂ ਲੈ ਜਾਂਦਾ ਹੈ। ਪੰਜਾਬ ਐਂਡ ਸਿੰਧ ਬੈਂਕ, ਗੁਰਦਾਸਪੁਰ ਵਿਚ ਇਨਕੁਆਇਰੀ ਕਰਾਕੇ ਦੇਖ ਲਓ। ਗਰੀਬ ਕਿਸਾਨ ਪਨਿਆਰ ਦਾ ਆਪਣਾ ਗੰਨਾ ਜ਼ੀਰੇ ਲੈ ਕੇ ਜਾਂਦਾ ਹੈ। ਇੱਕ ਟਰੱਕ ਨਾਲ ਉਥੇ ਚਾਰ ਚਾਰ ਦਿਨ ਰਹਿਣਾ ਪੈਂਦਾ ਹੈ, ਉਸ ਦਾ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਪੈਂਦਾ ਹੈ।

ਮੰਤਰੀ : ਇਨ੍ਹਾਂ ਨੇ ਨਵੀਆਂ ਖੰਡ ਮਿੱਲਾਂ ਬਾਰੇ ਪੁੱਛਿਆ ਸੀ ਜੋ ਕਿ ਮੈਂ ਦੱਸਿਆ ਹੈ ਕਿ 6 ਲਗ ਰਹੀਆਂ ਹਨ। ਇਕ ਕੋਆਪ੍ਰੇਟਿਵ ਸ਼ੂਗਰ ਮਿੱਲ, ਅਜਨਾਲਾ ਲਗ ਰਹੀ ਹੈ। ਦੂਜੀ ਕੋਆਪ੍ਰੇਟਿਵ ਸ਼ੂਗਰ ਮਿੱਲ, ਮਮਦੋਟ ਲਗ ਰਹੀ ਹੈ। ਤੀਜੀ ਕੋਆਪ੍ਰੇਟਿਵ ਸ਼ੂਗਰ ਮਿੱਲ, ਬੁਢਲਾਡਾ ਲਗ ਰਹੀ ਹੈ। ਚੌਥੀ ਕੋਆਪ੍ਰੇਟਿਵ ਸ਼ੂਗਰ ਮਿਲ, ਮਹਿਲਕਲਾਂ ਲਗ ਰਹੀ ਹੈ। ਪੰਜਵੀਂ ਕੋਆਪ੍ਰੇਟਿਵ ਸ਼ੂਗਰ ਮਿੱਲ, ਫਰੀਦਕੋਟ ਔਰ ਛੇਵੀਂ ਕੋਆਪ੍ਰੇਟਿਵ ਸ਼ੂਗਰ ਮਿੱਲ, ਜਗਰਾਉਂ ਲਗ ਰਹੀ ਹੈ। ਇਹ 6 ਖੰਡ ਮਿੱਲਾਂ ਦੀ ਤਜਵੀਜ਼ ਹੈ। ਪਨਿਆਰ ਖੰਡ ਮਿੱਲ ਵਿਚ ਜੋ ਵਾਧੂ ਗੰਨਾ ਪਿਆ ਹੈ, ਇਸ ਬਾਰੇ ਸਵੇਰ ਦੇ ਸੈਸ਼ਨ ਵਿਚ ਕਿਹਾ ਗਿਆ ਹੈ ਕਿ ਗੰਨਾ ਜੋ ਉਥੇ ਵਾਧੂ ਪਿਆ ਹੈ ਉਸ ਨੂੰ ਦੂਜੀ ਮਿੱਲ ਵਿਚ ਪਹੁੰਚਾਉਣ ਦਾ ਯਤਨ ਕਰ ਰਹੇ ਹਾਂ। ਕਿਸਾਨਾਂ ਨੂੰ ਸੁਵਿਧਾ ਦਿੱਤੀ ਗਈ ਹੈ ਕਿ ਗੰਨਾ ਉਨ੍ਹਾਂ ਤੋਂ ਖੇਤਾਂ ਵਿਚ ਲਿਆ ਜਾਏ। ਉਥੇ ਹੀ ਗੰਨੇ ਦੀ ਕੰਡੀ ਲਗਾਈ ਜਾਏ ਔਰ ਉਨ੍ਹਾਂ ਦੇ ਹਿਸਾਬ ਨਾਲ ਉਥੇ ਗੰਨਾ ਰਖਿਆ ਜਾਏ। ਇਹ ਸਾਰਾ ਖਰਚਾ ਮਿੱਲ ਤੇ ਪੈਂਦਾ ਹੈ ਟਰਾਂਸਪੋਰਟ ਕੈਰਿਜ ਆਦਿ ਔਰ ਉਥੇ ਹੀ ਭੁਗਤਾਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਲ ਕਿਸਾਨਾਂ ਨੂੰ ਕੋਈ ਦਿੱਕਤ ਨਹੀਂ ਆਉਂਦੀ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦੀ ਹਾਂ ਕਿ ਉਨ੍ਹਾਂ ਦੇ ਖੇਤਾਂ ਵਿਚੋਂ ਹੀ ਸਰਕਾਰ ਗੰਨਾ ਚੁੱਕਣ ਦਾ ਇੰਤਜ਼ਾਮ ਕਰੇ। ਸਰਕਾਰ ਦੇ ਬੰਦੇ ਉਥੇ ਚਾਹੀਦੇ ਹਨ ਤਾਕਿ ਕਿਸਾਨ ਫਾਜ਼ਿਲਕਾ ਅਤੇ ਜ਼ੀਰੇ ਨਾ ਜਾਣ ?

ਮੰਤਰੀ : ਸਪੀਕਰ ਸਾਹਿਬ, ਇਹ ਭੁਲੇਖੇ ਵਿਚ ਹਨ। ਇਹ ਜਿਸ ਤਰ੍ਹਾਂ ਕਹਿੰਦੇ ਹਨ ਉਸੇ ਤਰ੍ਹਾਂ ਇੰਤਜ਼ਾਮ ਕੀਤਾ ਹੋਇਆ ਹੈ।

ਸਰਦਾਰ ਕਰਨੈਲ ਸਿੰਘ ਡੋਡ : ਸਨਮਾਨਯੋਗ ਸਪੀਕਰ ਸਾਹਿਬ, ਮੈਂ ਆਪਦੇ ਮਾਰਫਤ ਵਜ਼ੀਰ ਸਾਹਿਬ ਤੋਂ ਪੁੱਛਦਾ ਹਾਂ ਕਿ ਕੀ ਉਹ ਦੱਸਣ ਦੀ ਕ੍ਰਿਪਾਲਤਾ ਕਰਨਗੇ ਕਿ ਪੰਜਾਬ ਦੇ ਕਿਹੜੇ ਜ਼ਿਲ੍ਹਿਆਂ ਵਿਚ ਹਾਲਾਂ ਤੱਕ ਕੋਈ ਸ਼ੂਗਰ ਮਿੱਲ ਸਥਾਪਿਤ ਨਹੀਂ ਹੋਈ ? ਕੀ ਇਹ ਦੱਸਣਗੇ ਕਿ ਜਿਨ੍ਹਾਂ ਜ਼ਿਲ੍ਹਿਆਂ ਵਿਚ ਸ਼ੂਗਰ ਮਿੱਲ ਨਹੀਂ ਹੈ ਅਤੇ ਉਥੇ ਮਿੱਲ ਲਈ ਸ਼ੂਗਰਕੇਨ ਸਪਲਾਈ ਦੀ capacity ਵੀ ਰਖਦੇ ਹਨ, ਉਨ੍ਹਾਂ ਜ਼ਿਲ੍ਹਿਆਂ ਨੂੰ ਇਸ ਬਾਰੇ ਤਰਜੀਹ ਦੇਣਗੇ ?

ਮੰਤਰੀ : ਖੰਡ ਮਿੱਲਾਂ ਕੋਈ ਜ਼ਿਲ੍ਹਿਆਂ ਦੇ ਆਧਾਰ ਤੇ ਨਹੀਂ ਦਿੱਤੀਆਂ ਜਾਂਦੀਆਂ। ਇਹ ਗੰਨੇ ਦੀ ਪੈਦਾਵਾਰ ਅਤੇ ਏਰੀਆ, ਜਿਸ ਏਰੀਆ ਵਿਚ ਗੰਨਾਂ ਪੈਦਾ ਹੋ ਸਕੇ, ਉਥੇ ਤਰਜੀਹ ਦਿੱਤੀ ਜਾਂਦੀ ਹੈ ਅਤੇ ਡਿਸਟਿਕਟਵਾਈਜ਼ ਨਹੀਂ। ਸੋ ਜੇਕਰ ਕਿਸੇ ਜ਼ਿਲ੍ਹੇ ਵਿਚ ਕਿਸੇ ਵਿਸ਼ੇਸ਼ ਥਾਂ ਤੇ ਲੋੜ ਸਮਝਣ ਤਾਂ ਸਾਨੂੰ ਲਿਖ ਕੇ ਭੇਜ ਦੇਣ, ਅਸੀਂ ਵਿਚਾਰ ਕਰ ਲਵਾਂਗੇ।

ਸ਼੍ਰੀ ਰਾਮ ਲਾਲ : ਗੁਰਦਾਸਪੁਰ ਅਤੇ ਪਨਿਆਰ ਲਾਗੇ ਮਿੱਲਾਂ ਲਗੀਆਂ ਹਨ। ਮੈਂ ਦੋ ਚਿੱਠੀਆਂ ਸ਼ਿਕਾਇਤ ਕਮੇਟੀ ਗੁਰਦਾਸਪੁਰ ਨੂੰ ਭੇਜੀਆਂ ਕਿ ਕੀ ਨਰੋਟ ਮਹਿਰਾ ਦੇ ਕੰਟਰੋਲਿੰਗ ਅਫਸਰ ਦੀ ਕਿਸਾਨਾਂ ਨਾਲ ਕੋਈ ਜ਼ਾਤੀ ਦੁਸ਼ਮਣੀ ਤਾਂ ਨਹੀਂ ਜਿਹੜਾ ਕਿ ਉਨ੍ਹਾਂ ਬਾਰੇ ਗਰੀਬ ਲੋਕਾਂ ਦੇ ਟਰੱਕ ਗੰਨੇ ਨਾਲ ਲੱਦੇ ਖੜ੍ਹੇ ਰਹਿੰਦੇ ਹਨ। ਇਹ ਨਾ ਹੋਵੇ ਕਿ ਉਨ੍ਹਾਂ ਨੂੰ ਤੰਗ ਆ ਕੇ ਆਪਣਾ ਗੰਨਾ ਸਾੜਨਾ ਹੀ ਪਵੇ। ਕੀ ਉਨ੍ਹਾਂ ਕਿਸਾਨਾਂ ਦਾ ਗੰਨਾ ਮਿੱਲਾਂ ਵਿਚ ਪਹੁੰਚਾਇਆ ਜਾਵੇਗਾ ਅਤੇ ਉਨ੍ਹਾਂ ਕਿਸਾਨਾਂ ਨੂੰ ਮਿੱਲ ਵਲੋਂ ਕੋਈ ਮੱਦਦ ਮਿਲੇਗੀ ਤਾਕਿ ਉਹ ਗੱਨਾ ਆਪਣਾ ਉਥੇ ਪਹੁੰਚਾ ਸਕਣ ?

ਮੰਤਰੀ : ਕੋਈ ਵਿਸ਼ੇਸ਼ ਸ਼ਿਕਾਇਤ ਦੇ ਦੇਣ, ਅਸੀਂ ਵਿਚਾਰ ਕਰ ਲਵਾਂਗੇ ਕਿ ਕਿਉਂ ਨਹੀਂ ਹੋਇਆ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਇਹ ਜਿਹੜੀਆਂ ਕੋਆਪ੍ਰੇਟਿਵ ਸ਼ੂਗਰ ਮਿੱਲਾਂ ਹਨ ਉਨ੍ਹਾਂ ਦੇ ਇਲੈਕਸ਼ਨ ਕਰਾਓ ਜੇ ਨਹੀਂ ਕਰਾਉਣੇ ਤਾਂ ਬੋਰਡ ਬਣਾ ਦਿਓ। ਉਨ੍ਹਾਂ ਵਿਚ ਜਿਹੜੇ ਐਮ.ਡੀ. ਲੱਗੇ ਹੋਏ ਹਨ ਉਨ੍ਹਾਂ ਨੇ ਪਰਚੀਆਂ ਦੇਣ ਵਿਚ ਬੜੀ ਅੰਧੇਰ ਗਰਦੀ ਮਚਾਈ ਹੋਈ ਹੈ। ਹੁੰਦਾ ਇਹ ਹੈ ਕਿ ਇਕ ਬੋਤਲ ਦਿਓ ਅਤੇ ਪਰਚੀ ਲਓ। ਇਸ ਲਈ ਜਿਹੜੇ ਉਨ੍ਹਾਂ ਮਿੱਲਾਂ ਦੇ ਮਾਲਿਕ ਹਨ ਉਨ੍ਹਾਂ ਨੂੰ ਉਨ੍ਹਾਂ ਦਾ ਹੱਕ ਦੇਣਾ ਚਾਹੀਦਾ ਹੈ। ਜੇ ਇਲੈਕਸ਼ਨ ਨਹੀਂ ਕਰਾਉਣੇ ਤਾਂ ਬੋਰਡ ਹੀ ਬਣਾ ਦਿਓ। ਕੀ ਇਸ ਗੱਲ ਤੇ ਗੌਰ ਕਰਨ ਲਈ ਇਹ ਤਿਆਰ ਹਨ ?

ਮੰਤਰੀ : ਸਪੀਕਰ ਸਾਹਿਬ, ਸਹਿਕਾਰੀ ਖੇਤਰ ਵਿਚ ਲੱਗੇ ਮਿੱਲਾਂ ਦਾ ਆਧਾਰ ਇਹ ਹੈ ਕਿ ਲੋਕਾਂ ਨੂੰ ਇਸ ਵਿਚ ਸ਼ਾਮਿਲ ਕੀਤਾ ਜਾਵੇ। ਇਨ੍ਹਾਂ ਦੀ ਸਰਕਾਰ ਵੇਲੇ ਇਨ੍ਹਾਂ ਦੀਆਂ ਇਲੈਕਸ਼ਨਾਂ ਤੇ ਪਾਬੰਦੀ ਲਾਈ ਗਈ ਸੀ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਇਹ ਗੱਲ ਹਟਾ ਦਿੱਤੀ ਹੈ। ਅਸੀਂ ਸੀਜ਼ਨ ਆਫ ਹੋਣ ਤੋਂ ਬਾਅਦ ਬਹੁਤ ਜਲਦੀ ਮਿੱਲਾਂ ਦੀਆਂ ਚੋਣਾਂ ਕਰਵਾ ਰਹੇ ਹਾਂ।

ਸ਼੍ਰੀ ਜਗਜੀਤ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਜਲੰਧਰ ਵਿਚ ਕੋਆਪ੍ਰੇਟਿਵ ਸ਼ੂਗਰ ਮਿੱਲ ਭੋਗਪੁਰ ਜਿਹੜੀ ਹੈ ਉਥੇ ਜਿਹੜਾ ਬੇਟ ਏਰੀਆ ਦਾ ਗੰਨਾ ਚੁਕਿਆ ਜਾ ਰਿਹਾ ਹੈ ਉਥੇ

[ਸ੍ਰੀ ਜਗਜੀਤ ਸਿੰਘ]

ਨਾਲ ਹੀ ਬਾਹਰੋਂ ਵੀ ਗੰਨਾ ਮੰਗਾ ਕੇ ਉਥੇ ਪੀੜਿਆ ਜਾ ਰਿਹਾ ਹੈ। ਸਹੀ ਲੋਕਾਂ ਨੂੰ ਪਰਚੀਆਂ ਨਹੀਂ ਮਿਲੀਆਂ। ਕੀ ਇਨ੍ਹਾਂ ਪਰਚੀਆਂ ਦੇ ਸਿਸਟਮ ਨੂੰ ਠੀਕ ਕਰਨਗੇ?

ਮੰਤਰੀ: ਸਪੀਕਰ ਸਾਹਿਬ, ਪਿਛਲੇ ਸਾਲਾਂ ਦੇ ਵਿਚ ਆਮ ਤੌਰ ਤੇ ਮਾਰਚ ਦੇ ਮਹੀਨੇ ਵਿਚ ਮਿੱਲਾਂ ਕਰੱਸ਼ਿੰਗ ਕਰਨਾ ਬੰਦ ਕਰ ਦਿੰਦੀਆਂ ਸਨ। ਮੈਂ ਸਮਝਦਾ ਹਾਂ ਕਿ ਇਸ ਸਾਲ ਅਪ੍ਰੈਲ ਦੇ ਆਖਿਰ ਤੱਕ ਮਿੱਲਾਂ ਚੱਲਣਗੀਆਂ। ਸਾਡੀ ਕੋਸ਼ਿਸ਼ ਹੈ ਕਿ ਗੰਨਾ ਵੱਧ ਤੋਂ ਵੱਧ ਪੀੜਿਆ ਜਾਵੇ। ਭੋਗਪੁਰ ਦੀ ਮਿੱਲ ਦੀ ਗੱਲ ਆਈ, ਉਸ ਦੀ ਐਕਸਪੈਨਸ਼ਨ ਕਰ ਰਹੇ ਹਾਂ ਤਾਕਿ ਅਗਲੇ ਸਾਲ ਵਿਚ ਕਿਸੇ ਵੀ ਜ਼ਿਮੀਂਦਾਰ ਨੂੰ ਕੋਈ ਦਿੱਕਤ ਪੇਸ਼ ਨਾ ਆਵੇ।

ਸਰਦਾਰ ਕੁਲਵੰਤ ਸਿੰਘ ਐਡਵੋਕੇਟ: ਗੁਰਦਾਸਪੁਰ ਵਿਚ ਗੰਨਾ ਐਨਾ ਹੈ ਕਿ ਜਿਹੜੀਆਂ ਦੋ ਮਿੱਲਾਂ ਬਟਾਲਾ ਅਤੇ ਪਨਿਆਰ ਚਲ ਰਹੀਆਂ ਹਨ ਉਨ੍ਹਾਂ ਤੋਂ ਉਹ ਗੰਨਾ ਮਈ ਤੱਕ ਵੀ ਪੀੜਿਆ ਨਹੀਂ ਜਾ ਸਕੇਗਾ। ਉਹ ਮਿੱਲਾਂ ਛੋਟੀਆਂ ਹਨ ਅਤੇ ਗੰਨਾ ਜ਼ਿਆਦਾ ਹੈ। ਉਸ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਕਿ ਜ਼ਿਮੀਂਦਾਰਾਂ ਨੂੰ ਮੁਸ਼ਕਲ ਪੇਸ਼ ਨਾ ਆਵੇ। ਇਸ ਦਾ ਪ੍ਰਬੰਧ ਕਰ ਦਿਓ, ਗੰਨਾ ਚੁਕਿਆ ਜਾਵੇ ਅਤੇ ਉਸ ਨੂੰ ਅਪ੍ਰੈਲ, ਮਈ ਤੱਕ ਖ਼ਤਮ ਕਰ ਦਿਓ। ਇਸ ਕਿਸਮ ਦਾ ਪ੍ਰਬੰਧ ਹੋਣਾ ਚਾਹੀਦਾ ਹੈ ਤਾਕਿ ਜ਼ਿਮੀਂਦਾਰਾਂ ਦਾ ਗੰਨਾ ਖਰਾਬ ਨਾ ਹੋਵੇ। ਗੁਰਦਾਸਪੁਰ ਗੰਨਾ ਐਨਾ ਜ਼ਿਆਦਾ ਹੈ ਕਿ ਦੋ ਮਿੱਲਾਂ ਹੋਰ ਲੱਗ ਸਕਦੀਆਂ ਹਨ।

ਮੰਤਰੀ: ਸਪੀਕਰ ਸਾਹਿਬ, ਜਿਵੇਂ ਪਨਿਆਰ ਦੇ ਨੇੜਿਉਂ ਤੇੜਿਉਂ ਗੰਨਾ ਫਾਜ਼ਿਲਕਾ ਜਾ ਰਿਹਾ ਹੈ ਇਸੇ ਤਰ੍ਹਾਂ ਬਟਾਲਾ ਦਾ ਗੰਨਾ ਫਾਜ਼ਿਲਕਾ ਦੀ ਮਿੱਲ ਵਿਚ ਜਾ ਰਿਹਾ ਹੈ। ਮੈਂ ਪਹਿਲਾਂ ਵੀ ਕਿਹਾ ਹੈ ਕਿ ਬਟਾਲਾ ਖੰਡ ਮਿੱਲ ਦੀ ਕਪੈਸਿਟੀ 1250 ਟਨ ਡੇਲੀ ਕਰੱਸ਼ਿੰਗ ਦੀ ਹੈ ਪਰ ਉਹ ਵਧਾਕੇ ਅਸੀਂ ਆਉਣ ਵਾਲੇ ਸਾਲ ਵਿਚ 2500 ਟਨ ਦੀ ਕਰ ਰਹੇ ਹਾਂ ਤਾਕਿ ਹੋਰ ਵੀ ਲੋਕਾਂ ਨੂੰ ਸਹੂਲਤ ਮਿਲ ਸਕੇ।

ਪੰਡਿਤ ਸਰਵਣ ਰਾਮ ਮਨਸੋਵਾਲੀਆ: ਸਪੀਕਰ ਸਾਹਿਬ, ਸਾਡੇ ਮਾਨਯੋਗ ਮੰਤਰੀ ਕੋਆਪ-ਰੇਸ਼ਨ ਨੇ ਦੱਸਿਆ ਹੈ ਕਿ ਅਸੀਂ ਸ਼ੂਗਰ ਮਿੱਲਾਂ ਦੀਆਂ ਇਲੈਕਸ਼ਨਾਂ ਜੋ ਹਨ ਉਹ ਜਲਦੀ ਕਰਾ ਰਹੇ ਹਾਂ। ਇਹ ਚੰਗੇ ਤਕੜੇ ਮਨਿਸਟਰ ਹਨ ਪਰ ਇਨ੍ਹਾਂ ਕੋਲ ਮੈਂ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬਲਾਚੌਰ ਤੇ ਗੜ੍ਹਸ਼ੰਕਰ ਵਗੈਰਾ ਸੋਸਾਇਟੀਆਂ ਦੀਆਂ ਜਿਸ ਤਰ੍ਹਾਂ ਇਲੈਕਸ਼ਨਾਂ ਕਰਵਾਈਆਂ ਹਨ ਕੀ ਉਸ ਤਰ੍ਹਾਂ ਦੀਆਂ ਇਲੈਕਸ਼ਨਾਂ ਤਾਂ ਇਨ੍ਹਾਂ ਸ਼ੂਗਰ ਮਿੱਲਾਂ ਦੀਆਂ ਨਹੀਂ ਕਰਵਾ ਰਹੇ? ਜੇ ਸ਼ੂਗਰ ਮਿੱਲਾਂ ਦੀਆਂ ਇਲੈਕਸ਼ਨਾਂ ਵੀ ਉਸੇ ਤਰ੍ਹਾਂ ਦੀਆਂ ਕਰਵਾ ਰਹੇ ਹਨ ਤਾਂ ਇਸ ਨਾਲੋਂ ਚੰਗਾ ਤਾਂ ਇਹ ਹੈ ਕਿ ਬੇਸ਼ੱਕ ਨੌਮੀਨੇਸ਼ਨ ਕਰ ਦੇਣ?

(ਕੋਈ ਜਵਾਬ ਨਹੀਂ ਆਇਆ)

Water Tap in Gujjar Basti in Village Haibowal

*654. **Pandit Sarwan Ram Mansowalia**.—Will the Minister of State for Public Health be pleased to state whether it is a fact that there is no water tap in Gujjar Basti in village Haibowal in District Hoshiarpur; if so, whether the Government proposes to provide a water tap in the said Basti ?

ਸਰਦਾਰ ਬਲਦੇਵ ਸਿੰਘ ਮਾਨ (ਰਾਜ ਮੰਤਰੀ, ਖੁਰਾਕ ਤੇ ਸਪਲਾਈ) : ਸਾਲ 1966 ਵਿੱਚ ਪਿੰਡ ਹੈਬੋਵਾਲ ਸਮੇਤ 52 ਪਿੰਡਾਂ ਵਿਚ ਵਾਟਰ ਸਪਲਾਈ ਸਕੀਮ ਚਾਲੂ ਕੀਤੀ ਗਈ ਸੀ। ਇਸ ਸਕੀਮ ਹੇਠ ਪਹਿਲਾਂ ਹੀ ਪਿੰਡ ਹੈਬੋਵਾਲ ਵਿਚ ਤਿੰਨ ਸਟੈਂਡ ਪੋਸਟਾਂ ਹਨ। ਇਸ ਪਿੰਡ ਵਿਚ ਹੋਰ ਸਟੈਂਡ ਪੋਸਟਾਂ ਵਾਸਤੇ ਕੋਈ ਤਜਵੀਜ਼ ਨਹੀਂ ਹੈ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਦੱਸਣਾ ਵੀ ਚਾਹੁੰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ....

ਸ੍ਰੀ ਸਪੀਕਰ : ਤੁਸੀਂ ਪੁੱਛੋ ਭੀ, ਦੱਸੋ ਨਾ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਦੱਸਣਾ ਮੈਂ ਇਹ ਚਾਹੁੰਦਾ ਹਾਂ ਕਿ ਉਥੇ ਕੋਈ ਸਟੈਂਡ ਪੋਸਟ ਨਹੀਂ ਲਗੇ ਹਨ। ਪੁੱਛਣਾ ਮੈਂ ਇਹ ਚਾਹੁੰਦਾ ਹਾਂ ਕਿ ਜਿਹੜੇ ਪਹਾੜੀ ਇਲਾਕੇ ਹਨ ਉਨ੍ਹਾਂ ਵਿੱਚ ਹੱਦਬਸਤ ਇਕ ਹੈ ਔਰ ਦੋ, ਦੋ ਸੌ, ਢਾਈ, ਢਾਈ ਸੌ ਘਰਾਂ ਦੀ ਆਬਾਦੀ ਹੈ, ਹਜ਼ਾਰ, ਹਜ਼ਾਰ ਜਾਂ ਪੰਜ , ਪੰਜ ਸੌ ਆਦਮੀਆਂ ਦੀ ਆਬਾਦੀ ਹੈ ਔਰ ਉਨ੍ਹਾਂ ਨੂੰ ਪਾਣੀ ਲੈਣ ਵਾਸਤੇ ਦੋ, ਦੋ ਕਿਲੋਮੀਟਰ ਤੇ ਜਾਣਾ ਪੈਂਦਾ ਹੈ। ਕੀ ਮਨਿਸਟਰ ਸਾਹਿਬ ਉਨ੍ਹਾਂ ਪਿੰਡਾਂ ਨੂੰ ਪੀਣ ਵਾਸਤੇ ਪਾਣੀ ਦੇਣਗੇ ਜਾਂ ਨਹੀਂ ?

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਸਪੀਕਰ ਸਾਹਿਬ, 'ਯੇ ਗੁਲ ਇਨਹੀਂ ਕੇ ਖਿਲਾਏ ਹੁਏ ਹੈਂ।

ਜਦੋਂ ਸਰਦਾਰ ਦਰਬਾਰਾ ਸਿੰਘ ਇਥੇ ਚੀਫ ਮਨਿਸਟਰ ਸਨ ਤਾਂ ਉਨ੍ਹਾਂ ਨੇ 22 ਸਤੰਬਰ, 1982 ਦੀ ਇਕ ਮੀਟਿੰਗ ਵਿੱਚ ਇਹ ਫੈਸਲਾ ਕਰ ਦਿੱਤਾ ਸੀ ਕਿ ਜਿੰਨੀ ਦੇਰ ਤਕ ਸਾਰੇ ਪਿੰਡਾਂ ਵਿੱਚ, ਜਿਨ੍ਹਾਂ ਪਿੰਡਾਂ ਵਿੱਚ ਵਾਟਰ ਸਪਲਾਈ ਦੀ ਲੋੜ ਹੈ ਔਰ ਮਾਰਕ ਕੀਤੇ ਹੋਏ ਹਨ ਉਨ੍ਹਾਂ ਨੂੰ ਪਾਣੀ ਨਹੀਂ ਦੇ ਦਿੱਤਾ ਜਾਂਦਾ, ਹੋਰ ਕਿਸੇ ਪਿੰਡ ਵਿੱਚ ਪਾਣੀ ਨਹੀਂ ਪਹੁੰਚਾਇਆ ਜਾ ਸਕਦਾ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਸਕੀਮ ਤਾਂ ਉਥੇ ਚਲ ਰਹੀ ਹੈ, ਸਿਰਫ ਇਹ ਗੱਲ ਕਰਨੀ ਹੈ ਕਿ ਨਾਲੀਆਂ ਦਬਾ ਕੇ ਪਾਣੀ ਦੇਣ ਦੀ ਲੋੜ ਹੈ। ਇਸ ਲਈ ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਥੇ ਇਕ ਨਲਕਾ ਦੇ ਦੇਣਗੇ ਤਾਂਕਿ ਲੋਕਾਂ ਨੂੰ ਕਿਲੋਮੀਟਰ ਜਾਂ ਦੋ, ਦੋ ਕਿਲੋਮੀਟਰ ਤੋਂ ਪਾਣੀ ਨਾ ਲਿਆਉਣਾ ਪਵੇ ਅਤੇ ਉਥੇ ਹੀ ਉਨ੍ਹਾਂ ਨੂੰ ਪੀਣ ਦਾ ਪਾਣੀ ਮਿਲ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਗੱਲ ਕਹੀ ਹੈ ਕਿ ਸਰਦਾਰ ਦਰਬਾਰਾ ਸਿੰਘ ਹੋਰਾਂ ਨੇ ਇਸ ਗੱਲ ਦਾ ਫੈਸਲਾ ਕਰ ਦਿੱਤਾ, ਡਾਕਟਰ ਸਾਹਿਬ ਵੀ ਨਾਲ ਹੀ ਬੈਠੇ ਸੀ, ਉਨ੍ਹਾਂ ਨੇ ਇਹ ਫੈਸਲਾ ਕਰ ਦਿੱਤਾ ਕਿ ਜਿੰਨੀ ਦੇਰ ਤਕ ਇਨਾਂ ਪਿੰਡਾਂ ਨੂੰ ਜਿਥੇ ਪਾਣੀ ਦੀ ਜ਼ਰੂਰਤ ਹੈ ਔਰ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਪਿੰਡ ਮਾਰਕ ਕੀਤੇ ਹੋਏ ਹਨ ਉਨ੍ਹਾਂ ਪਿੰਡਾਂ ਨੂੰ ਪਾਣੀ ਨਹੀਂ ਦਿੱਤਾ ਜਾਂਦਾ ਉਤਨੀ ਦੇਰ ਤਕ ਹੋਰ ਕੋਈ ਪਿੰਡ ਵਧਾਇਆ ਨਹੀਂ ਜਾ ਸਕਦਾ। ਇਸ ਕਰਕੇ ਉਥੇ ਅਗੇ ਕੋਈ ਟੂਟੀ ਨਹੀਂ ਦਿੱਤੀ ਜਾ ਸਕਦੀ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਇਕ ਨਲਕੇ ਦੀ ਹੀ ਗੱਲ ਹੈ ਜੀ। ਪੀਣ ਵਾਸਤੇ ਪਾਣੀ ਲੋਕਾਂ ਨੂੰ ਦੇਣ ਵਾਸਤੇ ਸਰਕਾਰ ਦਾ ਫਰਜ਼ ਹੈ। ਉਥੇ ਇਨਸਾਨ ਤਿਹਾਏ ਮਰ ਰਹੇ ਹਨ। ਮੈਂ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਜ਼ਰੂਰੀ ਹੈ ਅਤੇ ਕੀ ਇਹ ਮੇਰੀ ਬੇਨਤੀ ਪ੍ਰਵਾਨ ਕਰਨਗੇ ਅਤੇ ਉਥੇ ਦੇ ਲੋਕਾਂ ਨੂੰ ਪੀਣ ਵਾਸਤੇ ਪਾਣੀ ਦੇਣ ਲਈ ਇਕ ਨਲਕਾ ਲਗਵਾਉਣਗੇ ?

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਇਹ ਬੜਾ ਹੀ ਗੰਭੀਰ ਮਸਲਾ ਹੈ। ਉਥੇ ਦੇ ਲੋਕ ਪਾਣੀ ਨੂੰ ਤਰਸਦੇ ਹਨ। ਮੈਂਬਰ ਸਾਹਿਬ ਕੋਈ ਸ਼ੂਗਰ ਮਿੱਲ ਮੰਗਦਾ ਹੈ, ਕੋਈ ਕੁਝ ਮੰਗਦਾ ਹੈ ਪਰ ਅਸੀਂ ਲੋਕਾਂ ਦੇ ਪੀਣ ਲਈ ਪਾਣੀ ਦੀ ਇਕ ਟੂਟੀ ਵਾਸਤੇ ਬੇਨਤੀ ਕਰ ਰਹੇ ਹਾਂ। ਜੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਕੋਈ ਗੱਲ ਗਲਤ ਕਹੀ ਜਾਂ ਕੀਤੀ ਹੈ ਤਾਂ ਕੀ ਇਹ ਉਸ ਨੂੰ ਰੀਵਾਈਜ਼ ਨਹੀਂ ਕਰ ਸਕਦੇ ?

ਰਾਜ ਮੰਤਰੀ : ਸਪੀਕਰ ਸਾਹਿਬ, Apex Committee for Inter-national Drinking Water Supply and Sanitation Decade ਦੀ ਮੀਟਿੰਗ ਵਿੱਚ ਇਹ ਫੈਸਲਾ ਹੋਇਆ ਸੀ। ਇਹ ਨਾਰਮਜ਼ ਗੌਰਮਿੰਟ ਆਫ਼ ਇੰਡੀਆ ਦੇ ਲੇਅ ਕੀਤੇ ਹੋਏ ਹਨ। ਗੌਰਮਿੰਟ ਆਫ਼ ਇੰਡੀਆ ਦੇ ਮੁਤਾਬਿਕ ਇਹ ਵਾਟਰ ਸਪਲਾਈ ਸਕੀਮ ਲਾਗੂ ਹੁੰਦੀ ਹੈ। ਸਟੇਟ ਗੌਰਮਿੰਟ ਇਸ ਤੋਂ ਅਗਾਂਹ ਜਾ ਨਹੀਂ ਸਕਦੀ। ਜਿਨ੍ਹਾ ਪਿੰਡਾਂ ਨੂੰ ਜਿੰਨਾਂ ਪਾਣੀ ਚਾਹੀਦਾ ਹੈ ਪਹਿਲਾਂ ਉਨ੍ਹਾਂ ਨੂੰ ਪੂਰਾ ਕਰਾਂਗੇ ਫਿਰ ਇਨ੍ਹਾਂ ਪਿੰਡਾਂ ਨੂੰ ਦੇ ਸਕਾਂਗੇ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦਾ ਰੈਫਰੈਂਸ ਦਿਤਾ ਹੈ ਔਰ ਫਾਈਲ ਪੜ੍ਹ ਦਿੱਤੀ ਹੈ ਕਿ ਅਗੇ ਨਾ ਵਧਾਉ ਕਿਉਂਕਿ ਕਪੈਸਿਟੀ ਘੱਟ ਹੈ। ਇਹ ਕੋਈ ਖਾਸ ਤੌਰ ਤੇ ਆਰਡਰ ਨਹੀਂ ਕਿ ਕੋਈ ਟੂਟੀ ਨਾ ਦਿਓ। ਗੌਰਮਿੰਟ ਇਸ ਤਰ੍ਹਾਂ ਦੇ ਸੌ ਡਿਸੀਜ਼ਨ ਲੈਂਦੀ ਹੈ ਇਥੇ ਸਿਰਫ਼ ਇਕ ਨਲਕੇ ਦਾ ਸੁਆਲ ਹੈ। ਮਨਿਸਟਰ ਸਾਹਿਬ ਨੂੰ ਕਹੋ ਕਿ ਉਹ ਐਡੇ ਵੱਡੇ ਵਜ਼ੀਰ ਹਨ ਇਸ ਤੇ ਵਿਚਾਰ ਕਰਕੇ ਦੱਸਣ।

ਰਾਜ ਮੰਤਰੀ : ਮੈਂ ਪੜ੍ਹ ਕੇ ਸੁਣਾ ਦਿੰਦਾ ਹਾਂ :—

"The existing level of water supply facility, where the Water Supply Schemes have already been commissioned should not be enhanced before all the problem of villages are covered."

ਇਹ ਫ਼ੈਸਲਾ ਕੀਤਾ ਹੋਇਆ ਹੈ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮਾਨ ਸਾਹਿਬ ਰਿਪਲਾਈ ਦੇ ਰਹੇ ਹਨ ਜਿਹੜਾ ਕਿ ਬਿਲਕੁਲ ਤਸੱਲੀਬਖਸ਼ ਨਹੀਂ ਹੈ। ਇਕ ਨਲਕੇ ਦਾ ਸੁਆਲ ਹੈ ਅਤੇ ਇਸ ਨਾਲ ਹਜ਼ਾਰਾਂ ਲੋਕਾਂ ਦੀਆਂ ਤਕਲੀਫਾਂ ਦਾ ਸੁਆਲ ਹੈ। ਇਸ ਤਰਫ਼ ਗੌਰਮਿੰਟ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਹੜੇ ਲੋਕ ਇਕ ਇਕ, ਡੇਢ ਡੇਢ ਕਿਲੋਮੀਟਰ ਤੋਂ ਪਾਣੀ ਲੈ ਕੇ ਆਉਂਦੇ ਹਨ ਉਨ੍ਹਾਂ ਬਾਰੇ ਇਹ ਇਤਨਾਂ ਵਿਚਾਰ ਤਾਂ ਕਰ ਹੀ ਸਕਦੇ ਹਨ ਕਿ ਉਨ੍ਹਾਂ ਨੂੰ ਇਕ ਨਲਕਾ ਦੇ ਦਿਤਾ ਜਾਏ। ਇਹ ਇਕ ਨਲਕਾ ਕਿਉਂ ਨਹੀਂ ਵਧਾ ਸਕਦੇ। ਇਹ ਪਿਛਲੀ ਗੌਰਮਿੰਟ ਦੇ ਕਿਸੇ ਡਿਸੀਜ਼ਨ ਦਾ ਐਵੇਂ ਸਹਾਰਾ ਲੈ ਰਹੇ ਹਨ। ਸਾਡੀ ਪ੍ਰੋਟੈਕਸ਼ਨ ਕਰੋ, ਇਹ ਇਸ ਤਰ੍ਹਾਂ ਕਿਉਂ ਕਰ ਰਹੇ ਹਨ।

ਆਵਾਜ਼ਾਂ : ਵਿਚਾਰ ਕਰ ਲਵੋ ਜੀ।

ਰਾਜ ਮੰਤਰੀ : ਸਾਰਾ ਮਾਮਲਾ ਵਿਚਾਰ ਕਰ ਲਵਾਂਗੇ।

Fixing of the fares of Auto-Rickshaws

*697. **Shri Mohinder Singh K.P.** : Will the Minister of State for Transport be pleaed to state :—

(a) whether the Punjab and Haryana High Court had directed the State Government to fix the fares of the Auto Rick-

shaws (Three Wheelers) in the case Jalandhar Auto Rickshaw Workers Union, Jalandhar and Patiala Auto Rickwhaw Workers Union versus the State of Punjab ;

(b) if the reply to part (a) above be in the affirmative ; the steps if any, being taken by the Government in the light of the said directions ?

ਸਰਦਾਰ ਸੁਰਿੰਦਰ ਸਿੰਘ ਧੂਰੀ (ਸੰਸਦੀ ਸਕੱਤਰ, ਟਰਾਂਸਪੋਰਟ): (ੳ) ਹਾਂ ਜੀ।

(ਅ) ਤਿੰਨ ਪਹੀਆ ਆਟੋ ਰਿਕਸ਼ਾ ਦੇ ਕਿਰਾਏ ਦੀਆਂ ਵੱਧ ਦਰਾਂ ਨਿਸ਼ਚਿਤ ਕਰਨ ਲਈ ਇਕ ਸੁਝਾਅ ਸਰਕਾਰ ਦੇ ਵਿਚਾਰ ਅਧੀਨ ਹੈ ਜੀ।

ਸ੍ਰੀ ਮਹਿੰਦਰ ਸਿੰਘ ਕੇ.ਪੀ. : ਸਪੀਕਰ ਸਾਹਿਬ, ਪਿਛਲੇ ਦਿਨੀਂ ਹਾਈ ਕੋਰਟ ਨੇ ਇਕ ਡਾਇਰੈਕਸ਼ਨ ਦਿੱਤੀ ਹੈ ਕਿ 31 ਮਾਰਚ ਤੋਂ ਪਹਿਲਾਂ ਪਹਿਲਾਂ ਕਿਰਾਏ ਫ਼ਿਕਸ ਕੀਤੇ ਜਾਣ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕਿਰਾਏ ਹਾਈ ਕੋਰਟ ਦੀ ਡਾਇਰੈਕਸ਼ਨ ਦੇ ਮੁਤਾਬਿਕ ਫਿਕਸ ਹੋ ਜਾਣਗੇ ?

ਸੰਸਦੀ ਸਕੱਤਰ, ਟਰਾਸਪੋਰਟ : ਸਪੀਕਰ ਸਾਹਿਬ, ਤਿੰਨ ਪਹੀਆ ਆਟੋ-ਰਿਕਸ਼ਾ ਦੀਆਂ ਕਿਰਾਏ ਦੀਆਂ ਦਰਾਂ ਪੰਜਾਬ ਸਰਕਾਰ ਦੀ ਅਧਿਸੂਚਨਾ ਨੰ: 9/6/79 (ਟੀਰ) 10001 ਮਿਤੀ 15 ਅਕਤੂਬਰ, 1984 ਰਾਹੀਂ ਨਿਸ਼ਚਿਤ ਕੀਤੀਆਂ ਗਈਆਂ ਸਨ। ਸਟੇਟ ਟਰਾਂਸਪੋਰਟ ਅਥਾਰਿਟੀ ਨੇ ਮਿਤੀ 3 ਦਸੰਬਰ, 1985 ਨੂੰ ਇਹ ਫੈਸਲਾ ਕੀਤਾ ਕਿ ਹਰ ਇਕ ਆਟੋ ਰਿਕਸ਼ਾ ਵਿਚ 31 ਮਾਰਚ, 1986 ਤੋਂ ਪਹਿਲਾਂ ਕਿਰਾਇਆ ਮੀਟਰ ਫਿਟ ਕੀਤਾ ਜਾਵੇ। ਪ੍ਰਧਾਨ ਜਲੰਧਰ ਆਟੋ-ਰਿਕਸ਼ਾ ਯੂਨੀਅਨ ਅਤੇ ਨੈਸ਼ਨਲ ਆਟੋ ਰਿਕਸ਼ਾ-ਯੂਨੀਅਨ. ਪਟਿਆਲਾ ਨੇ ਇਕ ਸਿਵਲ ਰਿਟ ਪਟੀਸ਼ਨ ਨੰ: 1559/86 ਪੰਜਾਬ ਤੇ ਹਰਿਆਣਾ ਉਚ ਨਿਆਂ ਪਾਲਕਾ ਵਿਚ ਕਿਰਾਇਆ ਮੀਟਰ ਫਿਟ ਨਾ ਕਰਨ ਲਈ ਦਾਖਲ ਕੀਤੀ ਸੀ। ਇਸ ਰਿੱਟ ਪਟੀਸ਼ਨ ਵਿਚ ਬਿਆਨ ਕੀਤਾ ਗਿਆ ਕਿ ਪੈਟਰੋਲ, ਸਪੇਅਰ ਪਾਰਟ ਅਤੇ ਮੁਰੰਮਤ ਦੇ ਖਰਚੇ ਆਦਿ ਵੱਧਣ ਕਾਰਨ ਮੌਜੂਦਾ ਕਿਰਾਇਆ ਦਰਾਂ ਵਿਚ ਵਾਧਾ ਕਰਨਾ ਉਚਿਤ ਹੈ। ਆਦਰਨੀਆਂ ਉਚ-ਨਿਆਂ ਪਾਲਕਾ ਨੇ ਉਕਤ ਰਿਟ ਪਟੀਸ਼ਨ ਨੂੰ ਨਬੇੜਨ ਵੇਲੇ ਇਹ ਹਦਾਇਤ ਕੀਤੀ ਕਿ ਸਰਕਾਰ ਮਾਰਚ ਦੇ ਅੰਤ ਤੱਕ ਮੋਟਰ ਵਹੀਕਲ ਐਕਟ, 1939 ਦੇ ਸੈਕਸ਼ਨ 43 ਦੇ ਤਹਿਤ ਆਟੋ-ਰਿਕਸ਼ਾ ਵਾਲਿਆਂ ਦੀ ਪ੍ਰਤੀ ਬੇਨਤੀ ਤੇ ਗੌਰ ਕਰੇ। ਕਿਰਾਏ ਭਾੜੇ ਦੀਆਂ ਦਰਾਂ ਸੈਕਸ਼ਨ 43 ਮੋਟਰ ਵਹੀਕਲ ਐਕਟ, 1939 ਦੇ ਤਹਿਤ ਸਰਕਾਰ ਵਲੋਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ। ਇਹ ਮਸਲਾ ਕਿਰਾਏ ਨਿਸ਼ਚਿਤ ਕਰਨ ਦਾ ਪਹਿਲਾਂ ਹੀ ਸਟੇਟ ਟਰਾਂਸਪੋਰਟ ਅਥਾਰਿਟੀ ਦੇ ਵਿਚਾਰ ਅਧੀਨ ਸੀ। ਉਚ ਨਿਆਂ ਪਾਲਕਾ ਦੀ ਹਦਾਇਤ ਦੀ ਪਾਲਣਾ ਕਰਦੇ ਹੋਏ ਆਟੋ-ਰਿਕਸ਼ਿਆਂ ਦੇ ਕਿਰਾਏ ਭਾੜੇ ਨਿਸ਼ਚਿਤ ਕਰਨ ਲਈ ਸੁਝਾਅ ਸਟੇਟ ਟਰਾਂਸਪੋਰਟ ਕਮਿਸ਼ਨਰ ਪਾਸੋਂ ਸਰਕਾਰ ਨੂੰ ਪੱਤਰ ਨੰ: 407 ਮਿਤੀ 18 ਫਰਵਰੀ, 1987 ਰਾਹੀਂ ਪ੍ਰਾਪਤ ਹੋ ਚੁਕਾ ਹੈ ਜੋ ਵਿਚਾਰ ਅਧੀਨ ਹੈ। ਕਿਰਾਏ ਭਾੜੇ ਨਿਸ਼ਚਿਤ ਕਰਨ ਦਾ ਸੁਝਾਅ ਆਟੋ-ਰਿਕਸ਼ੇ ਦੇ ਚਲਾਉਣ ਦੇ ਵਧੇ ਖਰਚੇ ਨੂੰ ਅਤੇ ਚੰਡੀਗੜ੍ਹ ਯੂ.ਟੀ. ਆਦਿ ਦੇ ਚਲ ਰਹੇ ਰੇਟਾਂ ਨੂੰ ਸਾਹਮਣੇ ਰੱਖ ਕੇ ਤਜਵੀਜ਼ ਕੀਤਾ ਜਾ ਰਿਹਾ ਹੈ।

ਸ੍ਰੀ ਮਹਿੰਦਰ ਸਿੰਘ ਕੇ.ਪੀ.: ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਜਿਹੜੇ ਕਿਰਾਏ ਭਾੜੇ ਹਨ ਇਹ ਕਦੋਂ ਤਕ ਨਿਸ਼ਚਿਤ ਕਰ ਦੇਣਗੇ ਔਰ ਇਸ ਤੇ ਕਿੰਨਾਂ ਟਾਈਮ ਲਗੇਗਾ ?

ਸੰਸਦੀ ਸਕੱਤਰ : ਟਾਈਮ ਲਗਦਾ ਹੈ, ਇਹ ਵਿਚਾਰ ਅਧੀਨ ਹੈ। ਕਿਉਂਕਿ ਨੋਟੀਫਿਕੇਸ਼ਨ ਕਰਨ ਲਗਿਆਂ ਕੁਝ ਸਮਾਂ ਤਾਂ ਲਗ ਜਾਂਦਾ ਹੈ; ਜ਼ਰੂਰ ਕਰ ਦਿਆਂਗੇ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦੱਸਣਗੇ ਕਿ ਤਿੰਨ ਸੀਟਾਂ ਦੀ ਬਜਾਏ 6 ਸੀਟਾਂ ਵਾਲੇ ਆਟੋ-ਰਿਕਸ਼ਾ ਸ਼ੁਰੂ ਕਰ ਦੇਣਗੇ ? ਅਸੀਂ ਬਿਹਾਰ ਵਿਚ ਪਟਨਾ ਸਾਹਿਬ ਗਏ ਉਥੇ 6,6 ਸੀਟਾਂ ਥਰੀਵ੍ਹੀਲਰਾਂ ਤੇ ਰਖੀਆਂ ਹੋਈਆਂ ਸਨ। ਇਸ ਨਾਲ ਕਿਰਾਇਆ ਘੱਟ ਪੈਂਦਾ ਹੈ।

ਸੰਸਦੀ ਸਕੱਤਰ : ਇਸ ਨਾਲ ਤਾਂ ਕੋਈ ਕੁਐਸਚਨ ਬਣਦਾ ਨਹੀਂ ਹੈ, ਹੋਰ ਕੁਐਸਚਨ ਕਰ ਲੈਣ ਅਸੀਂ ਜਵਾਬ ਦੇ ਦੇਵਾਂਗੇ ।

ਸ਼੍ਰੀ ਹੰਸ ਰਾਜ ਆਰੀਆ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਰੂਲਿੰਗ ਹੈ ਕਿ 31 ਮਾਰਚ, 1987 ਤੋਂ ਪਹਿਲਾਂ ਪਹਿਲਾਂ ਜੋ ਕੁਝ ਕਿਰਾਏ ਵਿਚ ਵਾਧਾ -ਘਾਟਾ ਕਰਨਾ ਹੈ, ਹੋ ਜਾਵੇ। ਕੀ ਇਹ ਇਸ ਮਸਲੇ ਤੇ ਵਿਚਾਰ ਕਰ ਰਹੇ ਹਨ ?

ਸੰਸਦੀ ਸਕੱਤਰ : ਹਾਂ ਜੀ, ਮੈਂ ਦੱਸ ਚੁਕਾ ਹਾਂ, ਇਨ੍ਹਾਂ ਜਵਾਬ ਸੁਣਿਆ ਨਹੀਂ ਹੈ। ਅਸੀਂ ਰੂਲਿੰਗ ਦੇ ਮੁਤਾਬਿਕ ਹੀ ਕਰ ਰਹੇ ਹਾਂ। ਇਹ ਮਾਮਲਾ ਵਿਚਾਰ-ਅਧੀਨ ਹੈ। ਸਟੇਟਮੈਂਟ ਵਿਚ ਸਭ ਕੁਝ ਦੱਸਿਆ ਹੈ।

Schemes of the Jalandhar Improvement Trust

***698. Shri Mohinder Singh K.P. :** Will the Minister of State for Local Government be pleased to state :—

(a) the future of two schemes of 290 acres and 143 acres of land which were formulated by the Jalandhar Improvement Trust some time back ;

(b) whether it is a fact that the people have constructed their houses on the said land ;

(c) whether the Government proposes to abandon the said schemes and transfer the same to the Municipal Corporation, Jalandhar

ਸਰਦਾਰ ਦਲੀਪ ਸਿੰਘ ਪਾਂਧੀ (ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ) : (ੳ) ਟਰੱਸਟ ਨੇ ਇਨ੍ਹਾਂ ਸਕੀਮਾਂ ਨੂੰ ਮੁੱਖ ਤੌਰ ਤੇ ਇਸ ਕਰਕੇ ਲਾਗੂ ਨਹੀਂ ਕੀਤਾ ਕਿਉਂਕਿ ਕੋਰਟਾਂ ਨੇ ਕਈ ਅਧਾਰਾਂ ਤੇ ਕੁਝ ਸਟੇਅ ਆਰਡਰ ਦਿੱਤੇ ਹੋਏ ਹਨ। ਇਨ੍ਹਾਂ ਸਕੀਮਾਂ ਦਾ ਲਾਗੂ ਕਰਨਾ ਵੱਖ ਵੱਖ ਕੋਰਟਾਂ ਦੇ ਫੈਸਲਿਆਂ ਤੇ ਨਿਰਭਰ ਹੈ।

(ਅ) ਹਾਂ ਜੀ, ਕੁਝ ਅਨ-ਅਧਿਕਾਰਤ ਬਸਤੀਆਂ/ਉਸਾਰੀਆਂ ਗਈਆਂ ਹਨ।

(ੲ) ਲੰਬਿਤ ਮੁਕਦਮਿਆਂ ਕਾਰਨ ਇਸ ਸਟੇਜ ਤੇ ਕੋਈ ਫੈਸਲਾ ਨਹੀਂ ਕੀਤਾ ਜਾ ਸਕਦਾ।

ਸ਼੍ਰੀ ਮਹਿੰਦਰ ਸਿੰਘ ਕੇ.ਪੀ : ਸਪੀਕਰ ਸਾਹਿਬ, ਤੁਸੀਂ ਵੀ ਉਥੇ ਜਲੰਧਰ ਦੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਰਹੇ ਹੋ। ਇਹ 1972 ਦੀ 290 ਏਕੜ ਦੀ ਸਕੀਮ ਚਲ ਰਹੀ ਹੈ। 17 ਸਾਲ

ਹੋ ਗਏ ਹਨ, ਜੇਕਰ 17 ਸਾਲਾਂ ਵਿਚ ਫ਼ੈਸਲਾ ਨਹੀਂ ਹੋਇਆ ਤਾਂ ਹੋਰ ਕਿੰਨੇ ਕੁ ਸਾਲਾਂ ਵਿਚ ਹੋ ਜਾਵੇਗਾ ?

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਤੁਸੀਂ ਵੀ ਲਾਈਅਰ ਹੋ। ਤੁਸੀਂ, ਸਪੀਕਰ ਸਾਹਿਬ, ਜਾਣਦੇ ਹੋ (ਵਿਘਨ) ਮੈਟਰ ਸਬਜੁਡਿਸ ਹੈ। 290 ਏਕੜ ਜ਼ਮੀਨ ਹੈ ਇੰਪਰੂਵਮੈਂਟ ਟਰੱਸਟ ਦੀ। 143 ਏਕੜ ਅਨਅਧਿਕਾਰਤ ਕਬਜ਼ੇ ਵਿਚ ਹੈ। ਕੋਈ 2300 ਦੇ ਕਰੀਬ ਸਿਵਲ ਕੋਰਟ ਵਿਚ ਕੇਸ ਹਨ। ਉਨ੍ਹਾਂ ਦਾ ਜਦੋਂ ਫੈਸਲਾ ਹੋ ਜਾਵੇਗਾ ਤਾਂ ਉਦੋਂ ਹੀ ਲਾਗੂ ਕੀਤੀ ਜਾਵੇਗੀ।

ਸ੍ਰੀ ਮਹਿੰਦਰ ਸਿੰਘ ਕੇ.ਪੀ : 290 ਏਕੜ ਦੀ ਸੁਕੀਮ ਮਨਿਸਟਰ ਸਾਹਿਬ ਨੇ ਦੱਸੀ ਹੈ ਪਰ ਉਥੇ ਇਕ ਮਰਲਾ ਵੀ ਜ਼ਮੀਨ ਨਹੀਂ ਹੈ। ਲੋਕਲ ਬਾਡੀਜ਼ ਮਨਿਸਟਰ ਮੰਨੇ ਸਨ ਕਿ ਜਿਹੜੀ ਇਹ 290 ਏਕੜ ਜ਼ਮੀਨ ਦੀ ਸਕੀਮ ਹੈ ਇਹ ਡਰਾਪ ਕਰ ਦਿੱਤੀ ਜਾਵੇਗੀ। ਸਰਕਾਰੀ ਫਾਈਲਾਂ ਉਤੇ ਵੀ ਇਹ ਗੱਲ ਹੈ। ਉਦੋਂ ਇੰਪਰੂਵਮੈਂਟ ਟਰੱਸਟ ਬਣਿਆ ਨਹੀਂ ਸੀ, ਹੁਣ ਬਣ ਗਿਆ ਹੈ। ਕੀ ਇਹ ਉਸ ਸਕੀਮ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ : ਜਿਹੜੀ ਇਹ ਸਕੀਮ ਹੈ, ਇਸ ਤੇ ਵਿਚਾਰ ਹੋਇਆ ਸੀ ਪਰ ਸਰਕਾਰ ਨਹੀਂ ਮੰਨੀ। ਮਹਿਕਮੇ ਦੇ ਅਧਿਕਾਰੀ ਸਰਵੇ ਕਰ ਰਹੇ ਹਨ ਉਨ੍ਹਾਂ ਦੇ ਫੈਸਲੇ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ। ਜੇਕਰ ਫੈਸਲਾ ਸਰਕਾਰ ਜਾਂ ਇੰਪਰੂਵਮੈਂਟ ਟਰੱਸਟ ਕਰ ਵੀ ਦੇਵੇ ਤਾਂ ਜਿੰਨਾਂ ਚਿਰ ਅਦਾਲਤਾਂ ਵਿਚੋਂ ਫ਼ੈਸਲਾ ਨਹੀਂ ਹੁੰਦਾ ਕੁਝ ਨਹੀਂ ਕਰ ਸਕਦੇ। ਸਬਜੁਡਿਸ ਮੈਟਰ ਹੈ। ਜਦੋਂ ਕੋਰਟ ਵਿਚ ਫੈਸਲਾ ਹੋ ਜਾਵੇਗਾ ਤਾਂ ਸਰਕਾਰ ਵੀ ਦਖਲ ਦੇ ਸਕੇਗੀ। ਜੇਕਰ ਜਲੰਧਰ ਦੇ ਸ਼ਹਿਰ ਦੇ ਹਿਤ ਵਿਚ ਗਲ ਹੋਵੇਗੀ, ਜ਼ਰੂਰ ਕੀਤੀ ਜਾਵੇਗੀ।

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, 143 ਏਕੜ ਦੀ ਸਕੀਮ ਹੈ, ਉਸ ਵਿਚੋਂ ਗੁਰੂ ਰਵੀਦਾਸ ਭਵਨ ਵਾਸਤੇ ......

ਸ੍ਰੀ ਸਪੀਕਰ : ਮੇਰੀ ਪਰਸਨਲ ਇਨਫਰਮੇਸ਼ਨ ਹੈ ਕਿ 143 ਏਕੜ ਸਕੀਮ ਵਿਚ ਨਹੀਂ ਸੀ, 43 ਏਕੜ ਵਿਚ ਸੀ।

ਸ੍ਰੀ ਜਗਜੀਤ ਸਿੰਘ : ਤੁਸੀਂ ਕੁਰੈਕਟ ਕਰ ਦਿੱਤਾ, ਅੱਛਾ ਹੋਇਆ। ਤੁਸੀਂ ਚੇਅਰਮੈਨ ਰਹੇ ਹੋ। ਚਾਰ ਕਨਾਲ ਦਾ ਪਲਾਟ ਗੁਰੂ ਰਵੀਦਾਸ ਭਵਨ ਵਾਸਤੇ ਰਖਿਆ ਸੀ। ਇਕੱਠੀ ਜ਼ਮੀਨ ਨਹੀਂ ਸੀ, ਇਕ ਇਕ ਕਨਾਲ ਕਰਕੇ ਕੀਤਾ ਸੀ।......

ਸ੍ਰੀ ਸਪੀਕਰ : ਇਨ੍ਹਾਂ ਪਾਸ ਫੈਕਟਸ ਨਹੀਂ ਹੋਣੇ, ਤੁਸੀਂ ਸੈਪਰੇਟ ਕੁਐਸਚਨ ਕਰ ਲੈਣਾ।

ਸ੍ਰੀ ਜਗਜੀਤ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤਕ ਅਲਾਟਮੈਂਟ ਹੋ ਜਾਵੇਗੀ ?

ਸ੍ਰੀ ਸਪੀਕਰ : ਉਹ ਜਗ੍ਹਾ ਤਾਂ ਤੁਹਾਡੇ ਪੁਜੈਸ਼ਨ ਵਿਚ ਹੈ ।

ਇਹ ਮੰਤਰੀ, ਲੋਕਲ ਬਾਡੀਜ਼ ਤਾਂ ਨਹੀਂ ਹਨ। ਮੈਂ ਸਮਝਦਾ ਹਾਂ ਕਿ 290 ਏਕੜ ਜ਼ਮੀਨ ਹੈ। 143 ਏਕੜ ਜ਼ਮੀਨ ਜੋ ਹੈ ਇਸ ਵਿਚ ਬਹੁਤ ਸਾਰਿਆਂ ਨੇ ਅਨਆਥੋਰਾਈਜ਼ਡ ਕਬਜ਼ੇ ਕੀਤੇ ਹੋਏ ਹਨ।

[ਸ੍ਰੀ ਸਪੀਕਰ]
ਇਹ ਹੋਣਾ ਚਾਹੀਦਾ ਹੈ ਕਿ ਅਨਆਥੋਰਾਈਜ਼ਡ ਕਬਜ਼ੇ ਨਾ ਹੋਣ ਦੇਣ ਤਾਕਿ ਟਰੱਸਟ ਜਿਹੜੀ ਸਕੀਮ ਬਣਾਵੇ ਉਹ ਸਿਰੇ ਚਾੜ੍ਹੀ ਜਾਵੇ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਪਾਰਕਾਂ ਵਾਸਤੇ ਜਿਹੜੀ ਜਗ੍ਹਾਂ ਛੱਡੀ ਜਾਂਦੀ ਹੈ ਉਥੇ ਕਈ ਲੋਕ ਕਬਜ਼ਾ ਕਰ ਲੈਂਦੇ ਹਨ ਜਿਵੇਂ ਕਿ ਲੁਧਿਆਣਾ ਸ਼ਹਿਰ ਵਿਚ ਪੁਲਿਸ ਅਧਿਕਾਰੀਆਂ ਨਾਲ ਰਲ ਕੇ ਇਕ ਪਾਰਕ ਤੇ ਕਬਜ਼ਾ ਕਰ ਲਿਆ ਹੈ। ਕੀ ਮਨਿਸਟਰ ਸਾਹਿਬ ਉਹ ਜਗ੍ਹਾਂ ਛੁਡਵਾਉਣਗੇ ਔਰ ਅੱਗੇ ਤੋਂ ਕਿਸੇ ਨੂੰ ਅਲਾਟ ਨਹੀਂ ਕਰਨਗੇ ?

ਰਾਜ ਮੰਤਰੀ : ਇਸ ਦਾ ਸਬੰਧ ਇਸ ਸਵਾਲ ਨਾਲ ਨਹੀਂ ਹੈ। ਇਹ ਸਪੈਸੀਫਿਕ ਨੋਟਿਸ ਦੇ ਦੇਣ, ਜਵਾਬ ਦੇ ਦਿੱਤਾ ਜਾਵੇਗਾ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਇਹ ਜੋ ਸ਼ਿਕਾਇਤ ਜਲੰਧਰ ਇੰਪਰੂਵਮੈਂਟ ਟਰੱਸਟ ਬਾਰੇ ਹੈ ਇਹ ਹੋਰ ਜਗ੍ਹਾਂ ਤੇ ਵੀ ਹੈ। ਫਰੀਦਕੋਟ ਵਿਚ ਵੀ 120 ਏਕੜ ਜ਼ਮੀਨ ਜਿਹੜੀ ਬਹੁਤੀ ਅਬਾਦੀ ਅਧੀਨ ਹੈ ਉਥੇ ਵੀ ਇਕ ਸਕੀਮ ਨੋਟੀਫਾਈ ਕੀਤੀ ਹੈ। ਕੀ ਮਨਿਸਟਰ ਸਾਹਿਬ ਉਸ ਫਰੀਦਕੋਟ ਵਾਲੀ ਸਕੀਮ ਨੂੰ abandon ਕਰਨਗੇ ਕਿਉਂਕਿ ਉਹ ਬੜਾ ਹੀ ਪਾਪੂਲੇਟਿਡ ਏਰੀਆ ਹੈ ?

ਰਾਜ ਮੰਤਰੀ : ਇਹ ਰੈਲੇਵੈਂਟ ਨਹੀਂ ਹੈ। ਇਸ ਦਾ ਜਵਾਬ ਕਿਸ ਤਰ੍ਹਾਂ ਦਿੱਤਾ ਜਾ ਸਕਦਾ ਹੈ ਜਦੋਂ ਇਹ ਗਲ ਮੇਰੇ ਨੋਟਿਸ ਵਿਚ ਹੀ ਨਹੀਂ ਹੈ।

Election to the Municipal Committees

***632. Professor Kumari Susheel Mahajan :** Will the Minister of State for Local Government be pleased to State the approximate date by which the elections to the Municipal Committees in the State are likely to be held ?

ਸਰਦਾਰ ਦਲੀਪ ਸਿੰਘ ਪਾਂਧੀ (ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ) : ਸਰਕਾਰ ਨਗਰਪਾਲਕਾਵਾਂ ਦੀਆਂ ਚੋਣਾਂ ਜਿੰਨੀ ਛੇਤੀ ਹੋ ਸਕੇ, ਕਰਵਾਉਣ ਦਾ ਪ੍ਰਬੰਧ ਕਰੇਗੀ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਜਿੰਨੀ ਦੇਰ ਤਕ ਸ਼ਹਿਰਾਂ ਵਿਚ ਚੋਣਾਂ ਨਹੀਂ ਹੁੰਦੀਆਂ, ਉਨ੍ਹਾਂ ਦੇ ਆਪਣੇ ਨੁਮਾਇੰਦੇ ਆ ਕੇ ਉਥੋਂ ਦੀ ਦੇਖ ਭਾਲ ਨਹੀਂ ਕਰਦੇ ਉਤਨੀ ਦੇਰ ਤਕ ਉਨ੍ਹਾਂ ਸ਼ਹਿਰਾਂ ਦੀ ਦੇਖ ਭਾਲ ਚੰਗੀ ਤਰ੍ਹਾਂ ਨਹੀਂ ਹੋ ਸਕਦੀ ਔਰ ਨਾ ਹੀ ਨਾਲੀਆਂ ਵਗੈਰਾ ਦੀ ਸਫਾਈ ਹੋ ਸਕਦੀ ਹੈ। ਕੀ ਮੰਤਰੀ ਸਾਹਿਬ ਇਹ ਦਸਣਗੇ ਕਿ ਇਤਨਾ ਸਮਾਂ ਇਸ ਸਰਕਾਰ ਬਣੀ ਨੂੰ ਹੋ ਗਿਆ ਹੈ, ਹੁਣ ਕਿੰਨੇ ਸਮੇਂ ਤਕ ਇਹ ਚੋਣਾਂ ਕਰਵਾ ਦੇਣਗੇ ?

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ ਟਾਈਮ ਤਾਂ ਉਸ ਵੇਲੇ ਦਸ ਸਕਦੇ ਹਾਂ ਜਦੋਂ ਪੰਜਾਬ ਦੇ ਹਾਲਾਤ ਠੀਕ ਹੋਣ। ਵੈਸੇ ਸਰਕਾਰ ਨੇ 15 ਨਵੰਬਰ, 1987 ਤਕ ਚੋਣਾਂ ਕਰਾਉਣੀਆਂ ਹਨ ਜੇ ਹਾਲਾਤ ਠੀਕ ਰਹੇ। ਜਿਹੜੀਆਂ ਕਮੇਟੀਆਂ ਦੀਆਂ ਹੱਦਾਂ ਵੱਧ ਗਈਆਂ ਹਨ ਉਨ੍ਹਾਂ ਦੀਆਂ ਸੂਚੀਆਂ ਤਿਆਰ ਹੋ ਰਹੀਆਂ ਹਨ। ਹਾਲਾਤ ਠੀਕ ਰਹੇ ਤਾਂ ਚੋਣਾਂ ਕਰਵਾ ਦੇਵਾਂਗੇ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈਨੂੰ ਸਾਰਾ ਜਵਾਬ ਸੁਣਾਈ ਨਹੀਂ ਦਿੱਤਾ। ਪਰ ਮੈਂ ਇਹ ਪੁੱਛਦੀ ਹਾਂ ਕਿ ਕਦੋਂ ਤਕ ਲਾਅ ਐਂਡ ਆਰਡਰ ਦੀ ਹਾਲਤ ਠੀਕ ਹੋ ਜਾਵੇਗੀ ਅਤੇ ਕਦੋਂ ਤਕ ਚੋਣਾਂ ਕਰਵਾ ਦੇਣਗੇ ?

ਰਾਜ ਮੰਤਰੀ : ਮੈਂ ਦੱਸ ਦਿੱਤਾ ਹੈ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ 15 ਨਵੰਬਰ, 1987 ਤਕ ਚੋਣਾਂ ਕਰਵਾ ਦੇਣੀਆਂ ਹਨ। 95 ਨਗਰ ਪਾਲਕਾਵਾਂ ਹਨ ਜਿਨ੍ਹਾਂ ਦੀ ਮਿਆਦ ਪੂਰੀ ਹੋਣ ਤੇ ਤੋੜ ਦਿੱਤਾ ਗਿਆ ਸੀ, ਉਨ੍ਹਾਂ ਦੀਆਂ ਸੂਚੀਆਂ ਤਿਆਰ ਹੋ ਚੁੱਕੀਆਂ ਹਨ ਅਤੇ 5—7 ਐਸੀਆਂ ਕਮੇਟੀਆਂ ਹਨ ਜਿਨ੍ਹਾਂ ਦੀਆਂ ਸੂਚੀਆਂ ਤਿਆਰ ਹੋ ਰਹੀਆਂ ਹਨ ਕਿਉਂਕਿ ਉਨ੍ਹਾਂ ਦੀਆਂ ਹੱਦਾਂ ਵੱਧ ਗਈਆਂ ਹਨ।

ਜਗਰਾਉਂ, ਪੱਟੀ, ਗੋਬਿੰਦਗੜ੍ਹ, ਧੂਰੀ ਵਗੈਰਾ ਦੀਆਂ ਹੱਦਾਂ ਵਧਾਈਆਂ ਸਨ ਔਰ ਬਾਕੀ ਦੀਆਂ ਵੋਟਰ ਸੂਚੀਆਂ ਤਿਆਰ ਹੋ ਗਈਆਂ ਹਨ। ਜਿਉਂ ਜਿਉਂ ਹਾਲਾਤ ਠੀਕ ਹੋ ਜਾਣਗੇ ਅਸੀਂ ਇਲੈਕਸ਼ਨਾਂ ਕਰਵਾ ਦੇਵਾਂਗੇ। ਸਰਕਾਰ 15 ਨਵੰਬਰ, 1987 ਤੱਕ ਚੋਣਾਂ ਕਰਵਾਉਣ ਲਈ ਵਚਨ-ਬੱਧ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਪਿਛੇ ਜਦੋਂ ਅਸੈਂਬਲੀ ਦੀਆਂ ਇਲੈਕਸ਼ਨਾਂ ਹੋਈਆਂ ਉਸ ਵਕਤ ਟੈਰੋਰਿਸਟਸ ਨੇ ਕੋਈ ਵਾਰਦਾਤ ਨਹੀਂ ਕੀਤੀ ਅਤੇ ਇਸੇ ਤਰ੍ਹਾਂ ਜਦੋਂ ਪਿਛੇ ਪੰਚਾਇਤਾਂ ਦੀਆਂ ਇਲੈਕਸ਼ਨਾਂ ਹੋਈਆਂ ਤਾਂ ਕੋਈ ਟੈਰੋਰਿਸਟਸ ਦੀ ਵਾਰਦਾਤ ਨਹੀਂ ਹੋਈ ਸੀ। ਇਲੈਕਸ਼ਨਾਂ ਨਾਲ ਲੋਕਾਂ ਦੀ ਅਟੈਨਸ਼ਨ ਡਾਈਵਰਟ ਹੋ ਜਾਂਦੀ ਹੈ। ਸਰਕਾਰ ਤਕੜੀ ਹੋ ਕੇ ਇਲੈਕਸ਼ਨਾਂ ਡਿਕਲੇਅਰ ਕਰੇ ਤਾਕਿ ਲੋਕਾਂ ਦੀ ਅਟੈਨਸ਼ਨ ਡਾਈਵਰਟ ਹੋ ਸਕੇ ਅਤੇ ਇਥੇ ਪੀਸ ਹੋਵੇ। ਸਾਨੂੰ ਪਿਛਲਾ ਤਜਰਬਾ ਦਸਦਾ ਹੈ ਕਿ ਚੋਣਾਂ ਵਿਚ ਲੋਕ ਹਿੱਸਾ ਲੈਣ ਲਗ ਜਾਂਦੇ ਹਨ।......

ਸ੍ਰੀ ਸਪੀਕਰ : ਉਨ੍ਹਾਂ ਨੇ 15 ਨਵੰਬਰ, 1987 ਤੱਕ ਦੀ ਡੇਟ ਦੱਸ ਦਿੱਤੀ ਹੈ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਪੰਜਾਬ ਵਿਚ 3 ਮਿਊਂਸਪਲ ਕਾਰਪੋਰੇਸ਼ਨਾਂ ਬਣੀਆਂ ਨੂੰ ਕਾਫੀ ਦੇਰ ਹੋ ਚੁੱਕੀ ਹੈ। ਉਥੇ ਕਾਫੀ ਦੇਰ ਤੋਂ ਇਲੈਕਸ਼ਨਾਂ ਨਹੀਂ ਹੋਈਆਂ। ਕੀ ਸਰਕਾਰ ਇਥੇ ਇਲੈਕਸ਼ਨਾਂ ਕਰਵਾਉਣ ਲਈ ਤਿਆਰ ਹੈ; ਜੇਕਰ ਤਿਆਰ ਹੈ , ਤਾਂ ਕਦੋਂ ਤੱਕ ਕਰਵਾ ਦੇਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਵੱਖਰਾ ਨੋਟਿਸ ਦੇ ਦੇਣ, ਅਸੀਂ ਜਵਾਬ ਦੇ ਦੇਵਾਂਗੇ। ਇਸ ਸਵਾਲ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ।

Establishment of Dr. B.R. Ambedkar Chair

***643. Shri Jagjit Singh :** Will the Chief Minister be pleased to State Whether there is any proposal under the consideration of the Government to establish Dr. B.R. Amedkar Chair in any of the Universities in the State ; if so, the time by which that is likely to be done ?

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) : ਡਾਕਟਰ ਬੀ. ਆਰ. ਅੰਬੇਦਕਰ ਦੀ ਪੰਜਾਬ ਦੀ ਕਿਸੇ ਯੂਨੀਵਰਸਿਟੀ ਵਿਚ ਚੇਅਰ ਸਥਾਪਤ ਕਰਨੀ ਅੰਡਰ ਕੰਸਿਡਰੇਸ਼ਨ ਨਹੀਂ ਹੈ।

ਸ਼੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਡਾਕਟਰ ਅੰਬੇਦਕਰ ਸਾਹਿਬ ਹਿੰਦੁਸਤਾਨ ਦੇ ਵਿਧਾਨ ਦੇ ਲਿਖਣ ਵਾਲੇ ਹਨ ਅਤੇ ਦਲਿਤ ਸਮਾਜ ਦੇ ਸਿਆਸੀ ਗੁਰੂ ਸਨ। ਅਗਰ ਹਿੰਦੁਸਤਾਨ ਵਿਚ ਦਲਿਤ ਸਮਾਜ ਨੂੰ ਕੋਈ ਦੇਣ ਹੈ ਤਾਂ ਉਹ ਡਾਕਟਰ ਅੰਬੇਦਕਰ ਜੀ ਦੀ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਜੋ ਕੁਝ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਆਪਣੇ ਜੀਵਨ ਦਾ ਹਿੱਸਾ ਪਾਇਆ, ਦੇਸ਼ ਨੂੰ ਚੰਗਾ ਸਾਹਿਤ ਦਿੱਤਾ, ਚੰਗੀਆਂ ਕਿਤਾਬਾਂ ਲਿਖੀਆਂ ਅਤੇ ਚੰਗੇ ਕਾਰਨਾਮੇ ਕੀਤੇ, ਉਨ੍ਹਾਂ ਦੀ ਯਾਦ ਵਿਚ ਪੰਜਾਬ ਦੀ ਕਿਸੇ ਯੂਨੀਵਰਸਿਟੀ ਵਿਚ ਚੇਅਰ ਕਾਇਮ ਕੀਤੀ ਜਾਵੇ ਕਿਉਂਕਿ ਇਸ ਦੇ ਨਾਲ ਪੰਜਾਬ ਦੇ ਲੋਕਾਂ ਦੇ ਸੈਂਟੀਮੈਂਟਸ ਜੁੜੇ ਹੋਏ ਹਨ। ਇਹ ਚੇਅਰ ਸਰਕਾਰ ਨੂੰ ਕਾਇਮ ਕਰ ਦੇਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਇਹ ਇਨ੍ਹਾਂ ਦੀ ਸੁਜੈਸ਼ਨ ਹੈ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਸਵੇਰੇ ਸਵਾਲਾਂ ਦੇ ਵਕਤ ਮਹਾਰਿਸ਼ੀ ਬਾਲਮੀਕ ਦੀ ਚੇਅਰ ਦਾ ਸਵਾਲ ਆਇਆ ਸੀ। ਉਹ ਸੰਸਕ੍ਰਿਤ ਦੇ ਇਕ ਵਿਦਵਾਨ ਸਨ ਅਤੇ ਉਨ੍ਹਾਂ ਦੀ ਚੇਅਰ ਦਾ ਸਵਾਲ ਆਇਆ ਸੀ। ਹੁਣ ਡਾਕਟਰ ਅੰਬੇਦਕਰ ਚੇਅਰ ਦੀ ਗਲ ਆਈ ਹੈ ਜਿਨ੍ਹਾਂ ਨੇ ਵਰਲਡ ਕਾਂਸਟੀਚਿਊਸ਼ਨ ਨੂੰ ਸਟੱਡੀ ਕਰਕੇ ਹਿੰਦੁਸਤਾਨ ਦਾ ਸੰਵਿਧਾਨ ਬਣਾਇਆ ਸੀ। ਸਰਕਾਰ ਨੂੰ ਤਿੰਨ ਯੂਨੀਵਰਸਿਟੀਆਂ ਵਿਚੋਂ ਕਿਸੇ ਇਕ ਵਿਚ ਉਨ੍ਹਾਂ ਦੀ ਚੇਅਰ ਕਾਇਮ ਕਰ ਦੇਣੀ ਚਾਹੀਦੀ ਹੈ।

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ ਡਾਕਟਰ ਅੰਬੇਦਕਰ ਜੀ ਦਾ ਅਸੀਂ ਬਹੁਤ ਸਤਿਕਾਰ ਕਰਦੇ ਹਾਂ, ਉਨ੍ਹਾਂ ਦਾ ਭਾਰਤ ਦੇ ਸੰਵਿਧਾਨ ਨੂੰ ਲਿਖਣ ਵਿਚ ਜੋ ਮੁੱਖ ਰੋਲ ਰਿਹਾ ਹੈ, ਉਸ ਦੀ ਬੜੀ ਮਹੱਤਤਾ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੀ ਕਿਸੇ ਇਕ ਯੂਨੀਵਰਸਿਟੀ ਵਿਚ ਉਨ੍ਹਾਂ ਦੀ ਚੇਅਰ ਨੂੰ ਐਸਟੈਬਲਿਸ਼ ਕਰਨ ਲਈ ਅਸੀਂ ਵਿਚਾਰ ਕਰ ਲਵਾਂਗੇ।

ਸ਼੍ਰੀ ਰਾਮ ਲਾਲ : ਸਪੀਕਰ ਸਾਹਿਬ, ਡਾਕਟਰ ਅੰਬੇਦਕਰ ਜੀ ਦੀ ਚੇਅਰ ਪੰਜਾਬ ਦੀ ਕਿਸੇ ਯੂਨੀਵਰਸਿਟੀ ਵਿਚ ਸਥਾਪਤ ਕਰ ਦੇਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਦਾ ਕਾਨੂੰਨ ਦੇ ਖੇਤਰ ਵਿਚ ਬਹੁਤ ਵੱਡਾ ਹਿੱਸਾ ਹੈ ਅਤੇ ਉਨ੍ਹਾਂ ਦੀ ਬਦੌਲਤ ਅਸੀਂ ਇਥੇ ਬੈਠੇ ਹੋਏ ਹਾਂ। ਇਹ ਗੱਲ ਸਰਕਾਰ ਲਈ ਬੜੀ ਪ੍ਰਸ਼ੰਸਾਯੋਗ ਹੋਵੇਗੀ ਜੇਕਰ ਉਹ ਮੰਨ ਲਵੇ।

ਸ਼੍ਰੀ ਸਪੀਕਰ : ਗੱਲ ਮੰਨ ਤਾਂ ਲਈ ਹੈ। ਠੀਕ ਹੈ, ਤੁਹਾਡੀ ਸੁਜੈਸ਼ਨ ਹੈ।

Deep Tubewells in Anandpur Sahib Tehsil

***599. Shri Ram Parkash Bali :** Will the Chief Minister be pleased to state the number of Deep Tubewells installed in Tehsil Anandpur Sahib, district Ropar during the year 1985-86 alongwith the details thereof ?

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ) : ਦੋ ਗਹਿਰੇ ਟਿਊਬਵੈਲਾਂ ਦਾ ਬਿਜਲੀਕਰਨ ਕੀਤਾ ਗਿਆ। ਇਹ ਪਿੰਡ ਭਨੋਪਲੀ ਤੇ ਹਰੀਪੁਰ ਵਿਚ ਲੱਗੇ ਹਨ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਨੇ ਆਪਣੇ ਟਾਈਮ ਵਿਚ ਕਿਤਨੇ ਡੀਪ ਟਿਊਬਵੈਲ ਲਗਾਏ ਹਨ ? ਸਰਦਾਰ ਦਰਬਾਰਾ ਸਿੰਘ, ਮੁੱਖ ਮੰਤਰੀ ਵੇਲੇ

ਕੰਡੀ ਏਰੀਏ ਵਿਚ ਕਾਫੀ ਡੀਪ ਟਿਊਬਵੈਲ ਲਗਾਏ ਗਏ ਸਨ ਅਤੇ ਉਸ ਵੇਲੇ ਪੰਡਿਤ ਸਰਵਣ ਰਾਮ ਜੀ ਟਿਊਬਵੈਲ ਕਾਰਪੋਰੇਸ਼ਨ ਦੇ ਚੇਅਰਮੈਨ ਸਨ। ਉਨ੍ਹਾਂ ਦੇ ਵੇਲੇ ਵੀ ਕਾਫੀ ਡੀਪ ਟਿਊਬਵੈਲ ਲਗਾਏ ਗਏ ਸਨ। ਹੁਣ ਸਾਡੇ ਚੇਅਰਮੈਨ ਸਾਹਿਬ ਬੜੇ ਤਕੜੇ ਹਨ ਔਰ ਬੜੇ ਪਾਵਰ-ਫੁੱਲ ਹਨ। ਇਨ੍ਹਾਂ ਨੂੰ ਵਰਲਡ ਬੈਂਕ ਵੀ ਪੈਸਾ ਦਿੰਦਾ ਹੈ। ਕੀ ਮੰਤਰੀ ਜੀ ਸਾਡੇ ਏਰੀਏ ਵਿਚ ਡੀਪ ਟਿਊਬਵੈਲ ਲਗਾਉਣ ਦਾ ਯਤਨ ਕਰਨਗੇ ? ਇਸ ਨਾਲ, ਸਪੀਕਰ ਸਾਹਿਬ, ਗਰੀਬ ਆਦਮੀਆਂ ਨੂੰ ਫਾਇਦਾ ਹੋਵੇਗਾ ਅਤੇ ਗਰੀਬ ਆਦਮੀ ਕਣਕ , ਸਬਜ਼ੀਆਂ ਬੀਜ ਸਕਣਗੇ।

ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ 1985–86 ਦੀ ਜਾਣਕਾਰੀ ਦੇ ਦਿਤੀ ਹੈ। ਇਹ ਪਿੰਡ ਭਨੋਪਲੀ ਤੇ ਹਰੀਪੁਰ ਵਿਚ ਲਗੇ ਹਨ। ਸਪੀਕਰ ਸਾਹਿਬ, ਹਰ ਸਾਲ ਡੀਪ ਟਿਊਬਵੈਲ ਲਗ ਰਹੇ ਹਨ। 31 ਮਾਰਚ, 1987 ਤਕ 5 ਹੋਰ ਟਿਊਬਵੈਲ ਲਗ ਜਾਣਗੇ। 1987–88 ਵਿਚ ਦੋ ਹੋਰ ਡੀਪ ਟਿਊਬਵੈਲ ਲਗਣਗੇ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜੀਆਂ ਸਕੀਮਾਂ ਮਨਜ਼ੂਰ ਹੋਈਆਂ ਸਨ, ਉਹ ਵੀ ਕੰਸਿਡਰ ਨਹੀਂ ਹੋ ਰਹੀਆਂ। 1986–87 ਵਿਚ ਕੋਈ ਡੀਪ ਟਿਊਬਵੈਲ ਦੀ ਸਕੀਮ ਨਹੀਂ ਆਈ। ਮੈਂ ਅਨੰਦਪੁਰ ਸਾਹਿਬ ਦੀ ਗੱਲ ਕਰਦਾ ਹਾਂ। ਮੈਂ ਬਾਕੀ ਪੰਜਾਬ ਦੀ ਗੱਲ ਨਹੀਂ ਕਰਦਾ। ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੰਡੀ ਏਰੀਆ ਲਈ 1978–88 ਵਿਚ ਸਪੈਸ਼ਲ ਬਜਟ ਰੱਖਣਗੇ ਅਤੇ ਕਮ-ਸੇ-ਕਮ ਇਕ ਟਿਊਬਵੈਲ ਲਗਾਉਣ ਦਾ ਯਤਨ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਿੰਡਾਂ ਦੇ ਨਾਂ ਪੜ੍ਹ ਦਿੰਦਾ ਹਾਂ ਔਰ ਮੈਂਬਰ ਸਾਹਿਬ ਦੇਖ ਲੈਣ ਕਿ ਇਨ੍ਹਾਂ ਦਾ ਪਿੰਡ ਇਸ ਵਿਚ ਆਉਂਦਾ ਹੈ। ਇਹ ਡੀਪ ਟਿਊਬਵੈਲ 31 ਮਾਰਚ, 1987 ਤਕ ਲਗਣਗੇ। ਇਹ ਪਿੰਡ ਰਾਮਪੁਰਕਲਾਂ, ਭੰਗਲਾਂ, ਕਰਤਾਰਪੁਰ, ਕੁੱਕੋਵਾਲ (ਕਲਮੇਂ) ਅਤੇ ਖਮੇਰਾ ਵਿਖੇ ਲਗਾਏ ਜਾਣੇ ਹਨ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਇਨ੍ਹਾਂ ਪਿੰਡਾਂ ਵਿਚ ਪਹਿਲਾਂ ਹੀ ਸਰਕਾਰ ਨੇ ਟਿਊਬਵੈਲ ਡੀਪ ਲਗਾਏ ਹੋਏ ਹਨ ਅਤੇ ਉਹ ਕੰਪਲੀਟ ਹੋ ਰਹੇ ਹਨ। ਮੈਂ ਇਨ੍ਹਾਂ ਦੀ ਸਰਕਾਰ ਦੇ ਵੇਲੇ ਦੇ ਡੀਪ ਟਿਊਬਵੈਲਾਂ ਬਾਰੇ ਪੁੱਛਣਾ ਚਾਹੁੰਦਾ ਹਾਂ। ਪਿਛਲੇ ਸੈਸ਼ਨ ਵਿਚ ਵੀ, ਸਪੀਕਰ ਸਾਹਿਬ, ਇਸ ਦਾ ਜ਼ਿਕਰ ਕੀਤਾ ਗਿਆ ਸੀ। ਕੀ ਮੰਤਰੀ ਜੀ ਇਸ ਬਾਰੇ ਦਸਣਗੇ ਕਿ 1987–88 ਵਿਚ ਕਿਤਨੇ ਟਿਊਬਵੈਲ ਲਗਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, 1987–88 ਵਿਚ ਦੋ ਡੀਪ ਟਿਊਬਵੈਲ ਲਗਣਗੇ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਡੀਪ ਟਿਊਬਵੈਲ ਇਕੱਲੇ ਕੰਡੀ ਏਰੀਆ ਵਿਚ ਹੀ ਲਗਾਉਣਗੇ ? ਕੀ ਮਾਝੇ ਏਰੀਏ ਦਾ ਵੀ ਖਿਆਲ ਰੱਖਣਗੇ ?

(ਕੋਈ ਜਵਾਬ ਨਹੀਂ ਆਇਆ।)

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੇਰਾ ਸਵਾਲ ਪਿਛਲੇ ਬਜਟ ਸੈਸ਼ਨ ਵਿਚ ਵੀ ਸੀ ਕਿ ਪਿਛਲੇ ਪੰਜ ਸਾਲਾਂ ਵਿਚ ਕਿਤਨੇ ਟਿਊਬਵੈਲ ਲਗੇ ਹਨ ?

ਸ਼੍ਰੀ ਸਪੀਕਰ : ਕਟਾਰੀਆ ਜੀ, ਜੋ ਸਵਾਲ ਇਸ ਕੁਐਸਚਨ ਨਾਲ ਸਬੰਧਤ ਹੋਵੇ, ਉਹ ਸਵਾਲ ਕਰਨਾ ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਵਲੋਂ ਦਸਿਆ ਗਿਆ ਸੀ ਕਿ 12 ਟਿਊਬਵੈਲ ਲਗੇ ਹਨ। ਮੈਂ ਉਸ ਵੇਲੇ ਕਿਹਾ ਸੀ ਕਿ ਇਕ ਵੀ ਟਿਊਬਵੈਲ ਨਹੀਂ ਲਗਾ। ਜੇਕਰ ਇਹ ਸਾਬਤ ਕਰ ਦੇਣ ਤਾਂ ਮੈਂ 12 ਟਿਊਬਵੈਲ ਦੇਵਾਂਗਾ। ਸਪੀਕਰ ਸਾਹਿਬ, ਮੈਂ ਇਹ ਚੀਜ਼ ਸਾਬਤ ਕਰ ਚੁਕਾ ਹਾਂ। ਇਸ ਲਈ ਮੁੱਖ ਮੰਤਰੀ ਅਤੇ ਮੰਤਰੀ ਸਾਹਿਬ ਦੀ ਅਸ਼ੋਰੈਂਸ ਦੇ ਮੁਤਾਬਿਕ ਕੀ 12 ਟਿਊਬਵੈਲ ਦੇਣਗੇ ? ਸਪੀਕਰ ਸਾਹਿਬ, ਉਹ ਬਾਰਾਂ ਦੇ ਬਾਰਾਂ ਟਿਊਬਵੈਲ ਮੇਰੇ ਹਲਕੇ ਦੇ ਨਹੀਂ ਸਨ ਔਰ ਹੋਰ ਹਲਕਿਆਂ ਦੇ ਸਨ।

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜੋ ਗੱਲ ਕਹੀ ਗਈ ਹੈ, ਇਹ ਇਸ ਨਾਲ ਮੇਲ ਨਹੀਂ ਖਾਂਦੀ। ਇਹ ਵਖਰਾ ਦੱਸ ਦੇਣ। ਇਨ੍ਹਾਂ ਨੂੰ ਥੋੜ੍ਹਾ ਜਿਹਾ ਭੁਲੇਖਾ ਲਗਦਾ ਹੈ । ਸਪੀਕਰ ਸਾਹਿਬ, ਜਵਾਬ ਹੋਰ ਸੀ ਅਤੇ ਹੋਰ ਨਾਲ ਜੋੜ ਰਹੇ ਹਨ।

ਸ਼੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੇਰਾ ਹਲਕਾ ਦਸੂਹਾ ਹੈ। ਮੈਂ ਦੇਖਿਆ ਹੈ ਕਿ ਕਿਸੇ ਹਲਕੇ ਵਿੱਚ 12 ਅਤੇ ਕਿਸੇ ਵਿੱਚ 14 ਡੀਪ ਟਿਊਬਵੈਲਜ਼ ਲਗੇ ਹੋਏ ਹਨ ਪਰ ਮੇਰੇ ਹਲਕੇ ਵਿੱਚ ਇਕ ਵੀ ਨਹੀਂ ਲਗਾ। ਮੈਂ ਮੰਤਰੀ ਜੀ ਕੋਲੋਂ ਜਾਣਨਾ ਚਾਹਵਾਂਗਾ ਕਿ ਕੀ ਇਨ੍ਹਾਂ ਕੋਲ ਕੋਈ ਤਜਵੀਜ਼ ਸਾਡੇ ਵਾਸਤੇ ਵੀ ਹੈ ? ਦਸੂਹੇ ਦਾ ਇਲਾਕਾ ਕੰਡੀ ਏਰੀਆ ਵਿੱਚ ਪੈਂਦਾ ਹੈ ਅਤੇ ਇਹ ਬੜਾ ਹੀ ਗਰੀਬ ਅਤੇ ਬੈਕਵਰਡ ਏਰੀਆ ਹੈ ਅਤੇ ਉਥੇ ਪਾਣੀ ਦਾ ਵੀ ਕੋਈ ਇੰਤਜ਼ਾਮ ਨਹੀਂ ਹੈ। ਕੀ ਇਹ ਉਥੇ ਕੋਈ ਟਿਊਬਵੈਲ ਲਗਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਵਖਰਾ ਸਵਾਲ ਦੇ ਦੇਣ, ਉਸ ਤੇ ਵਿਚਾਰਿਆ ਜਾ ਸਕਦਾ ਹੈ।

Persons killed by Torrorists in the State

***648. Shri Harnam Dass Johar, Advocate :** Will the Chief Minister be pleased to state :—

(a) the number of persons killed by the terrorists/extremists in the State since September, 1985 to date alongwith the number of persons of political parties and the policemen among them ;

(b) whether the Government has granted any relief to the next of kin of the victims mentioned in part (a) above ; if not, the reasons therefor ?

ਕੈਪਟਨ ਕੰਵਲਜੀਤ ਸਿੰਘ (ਰਾਜ ਮੰਤਰੀ, ਗ੍ਰਹਿ) : (ੳ) 1 ਸਤੰਬਰ, 1985 ਤੋਂ 31 ਜਨਵਰੀ, 1987 ਦੇ ਸਮੇਂ ਦੌਰਾਨ , 612 ਵਿਅਕਤੀ, ਜਿਨ੍ਹਾਂ ਵਿੱਚ 56 ਪੁਲਿਸ ਕਰਮਚਾਰੀ ਅਤੇ 35 ਵੱਖ ਵੱਖ ਸਿਆਸੀ ਪਾਰਟੀਆਂ ਨਾਲ ਸਬੰਧਤ ਵਿਅਕਤੀ ਸ਼ਾਮਲ ਹਨ ਰਾਜ ਵਿੱਚ ਅੱਤਵਾਦੀਆਂ/ਆਤੰਕਵਾਦੀਆਂ ਹਥੋਂ ਮਾਰੇ ਗਏ ਸਨ।

(ਅ) ਰਾਜ ਸਰਕਾਰ ਦੀ ਪਾਲਿਸੀ ਅਨੁਸਾਰ ਅੱਤਵਾਦੀ ਜੁਰਮਾਂ ਵਿੱਚ ਮਰਨ ਵਾਲੇ ਵਿਅਕ- ਤੀਆਂ ਦੇ ਵਾਰਸਾਂ ਨੂੰ 20,000 ਰੁਪਏ ਦੀ ਰਕਮ ਅਦਾ ਕੀਤੀ ਜਾਂਦੀ ਹੈ। ਹੁਣ ਤੱਕ ਅਜਿਹੇ ਵਿਅਕਤੀਆਂ ਦੇ ਵਾਰਸਾਂ ਨੂੰ 1,05,16,400 ਰੁਪਏ ਦੀ ਰਕਮ ਅਦਾ ਕੀਤੀ ਜਾ ਚੁੱਕੀ ਹੈ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ 20 ਹਜ਼ਾਰ ਰੁਪਿਆ ਇਕ ਜਾਨ ਦੀ ਕੀਮਤ ਬਹੁਤ ਥੋੜ੍ਹੀ ਨਹੀਂ ਹੈ ? ਸਿਰਫ 20 ਹਜ਼ਾਰ ਰੁਪਿਆ ਦੇ ਕੇ ਇਹ ਜਾਨ ਛੁੜਾ ਲੈਂਦੇ ਹਨ। ਕੀ ਇਹ ਸੋਚਣਗੇ ਕਿ ਉਨ੍ਹਾਂ ਨੂੰ ਜਿਨ੍ਹਾਂ ਦੇ ਬੰਦੇ ਮਾਰੇ ਗਏ ਹਨ, ਉਨ੍ਹਾਂ ਦੇ ਵਾਰਸਾਂ ਨੂੰ ਕੋਈ ਲਗਾਤਾਰ ਪੈਨਸ਼ਨ ਵੀ ਜਿਹੜੀ ਕਿ ਮੈਂ ਕਹਿਣਾ ਚਾਹੁੰਦਾ ਹਾਂ 500 ਰੁਪਏ ਮਹੀਨਾ ਦੇਣਗੇ ? ਨਾਲ ਹੀ ਮੈਂ ਪੁਛਿਆ ਸੀ ਕਿ ਕੀ ਇਹ ਦੱਸਣਗੇ ਕਿ ਜਿਨ੍ਹਾਂ ਨੂੰ ਕੰਪੈਨਸੇਸ਼ਨ ਨਹੀਂ ਮਿਲਿਆ, ਇਹ ਡਿਟੇਲ ਮੰਤਰੀ ਸਾਹਿਬ ਨੇ ਨਹੀਂ ਦਿੱਤੀ, ਕੀ ਉਨ੍ਹਾਂ ਨੂੰ ਕੰਪੈਨਸੇਸ਼ਨ ਦੇਣਗੇ ਅਤੇ ਉਹ ਕਿਹੜੇ ਲੋਕ ਹਨ ਅਤੇ ਕਿੰਨੇ ਹਨ ਜਿਨ੍ਹਾਂ ਨੂੰ ਹਾਲੇ ਤੱਕ ਕੁਝ ਨਹੀਂ ਮਿਲਿਆ ?

ਰਾਜ ਮੰਤਰੀ, ਗ੍ਰਹਿ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਇਹ ਦੱਸ ਦੇਣਾ ਚਾਹੁੰਦਾ ਹਾਂ ਕਿ ਜਾਨ ਦੀ ਕੋਈ ਕੀਮਤ ਅਦਾ ਨਹੀਂ ਕੀਤੀ ਜਾ ਸਕਦੀ। 20 ਹਜ਼ਾਰ ਰੁਪਿਆ ਇਕ ਤੁੱਛ ਜਿਹੀ ਰਕਮ ਵਾਰਸਾਂ ਨੂੰ ਭੇਂਟ ਕੀਤੀ ਜਾਂਦੀ ਹੈ। ਦੂਸਰੇ ਸਵਾਲ ਦੇ ਸਬੰਧ ਵਿੱਚ ਜੋ ਇਨ੍ਹਾਂ ਨੇ ਪੁੱਛਿਆ ਹੈ, ਕੁਝ ਕੇਸ ਐਸੇ ਹਨ, ਸਪੀਕਰ ਸਾਹਿਬ, ਜਿਹੜੇ ਹਾਲੇ ਪ੍ਰਾਸੈਸ ਵਿੱਚ ਹਨ 44 ਕੇਸਾਂ ਵਿੱਚ ਵੈਰੀਫਿਕੇਸ਼ਨ ਹੋ ਰਹੀ ਹੈ ਲੀਗਲ ਹੇਅਰਜ਼ ਦੀ, 2 ਕੇਸਿਜ਼ ਐਸੇ ਹਨ ਜਿਨ੍ਹਾਂ ਵਿੱਚ ਕਿਸੇ ਨੇ ਅਰਜ਼ੀ ਨਹੀਂ ਦਿੱਤੀ ਕੰਪੈਨਸੇਸ਼ਨ ਵਾਸਤੇ, 3 ਕੇਸਿਜ਼ ਐਸੇ ਹਨ ਜਿਨ੍ਹਾਂ ਵਿੱਚ ਕੰਪੈਨਸੇਸ਼ਨ ਐਕਸੈਪਟ ਨਹੀਂ ਕੀਤੀ ਗਈ ਅਤੇ ਬਾਕੀ 11 ਕੇਸਿਜ਼ ਐਸੇ ਹਨ ਜਿਨ੍ਹਾਂ ਵਿੱਚ ਲੀਗਲ ਹੇਅਰਜ਼ ਟਰੇਸੇਬਲ ਨਹੀਂ ਹਨ। ਇਸ ਤੋਂ ਇਲਾਵਾ, ਸਪੀਕਰ ਸਾਹਿਬ, ਕੁਝ ਐਸੇ ਵਿਅਕਤੀ ਹਨ ਜਿਹੜੇ ਕਿ ਕਾਰਪੋਰੇਸ਼ਨ ਬੋਰਡਜ਼, ਬੈਂਕਾਂ ਦੇ ਅਧਿਕਾਰੀ ਜਾਂ ਕਰਮਚਾਰੀ ਹਨ, ਉਨ੍ਹਾਂ ਨੂੰ ਜੋ ਕੰਪੈਨਸੇਸ਼ਨ ਪੇ ਕੀਤੀ ਜਾਂਦੀ ਹੈ, ਉਹ ਕਾਰਪੋਰੇਸ਼ਨਜ਼ ਜਾਂ ਉਨ੍ਹਾਂ ਦੇ ਬੈਂਕ ਅਦਾ ਕਰਦੇ ਹਨ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਇਸ ਕੰਪੈਨਸੇਸ਼ਨ ਤੋਂ ਇਲਾਵਾ ਮੈਂ ਪੁਛਿਆ ਸੀ ਕਿ ਕੀ ਕੋਈ ਪੈਨਸ਼ਨ ਵੀ ਦੇਣ ਦਾ ਇਰਾਦਾ ਹੈ ਸਰਕਾਰ ਦਾ ਔਰ ਨਾਲ ਹੀ ਜਿਹੜੇ ਲੋਕ ਮਾਰੇ ਗਏ, ਉਨ੍ਹਾਂ ਦੇ ਵਾਰਸਾਂ ਨੂੰ ਕੋਈ ਨੌਕਰੀਆਂ ਦੇਣ ਦਾ ਵੀ ਵਿਚਾਰ ਹੈ ਜਾਂ ਕੀ ਕੋਈ ਨੌਕਰੀਆਂ ਦਿੱਤੀਆਂ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਪੈਨਸ਼ਨ ਦਾ ਸਵਾਲ ਹੈ, ਐਸੀ ਕੋਈ ਸਕੀਮ ਵਿਚਾਰ ਅਧੀਨ ਨਹੀਂ ਹੈ। ਲੇਕਿਨ ਵਾਰਸਾਂ ਨੂੰ ਨੌਕਰੀਆਂ ਦੇਣ ਬਾਰੇ ਗੌਰਮਿੰਟ ਪਾਲਿਸੀ ਅਡਾਪਟ ਕਰ ਰਹੀ ਹੈ। ਮੈਂ ਕਲੀਅਰ ਕਰਨਾ ਚਾਹੁੰਦਾ ਹਾਂ ਕਿ ਅਸੀਂ ਵਾਰਸਾਂ ਨੂੰ ਨੌਕਰੀਆਂ ਦਿੰਦੇ ਰਹੇ ਹਾਂ ਆਨ ਐਡਹਾਕ ਬੇਸਿਜ਼। ਹੁਣ ਕਲੀਅਰ ਪਾਲਿਸੀ ਡਿਟਰਮਿਨ ਕਰ ਦੇਣਾ ਚਾਹੁੰਦੇ ਹਾਂ ਕਿ ਕਿਸ ਤਰ੍ਹਾਂ ਨੌਕਰੀਆਂ ਵਾਰਸਾਂ ਨੂੰ ਦਿੱਤੀਆਂ ਜਾਣ ਔਰ ਇਸ ਤੋਂ ਇਲਾਵਾ ਇਕ ਵਿਅਕਤੀ ਕਿਸੇ ਵੀ ਪਰਿਵਾਰ ਦਾ ਉਸ ਨੌਕਰੀ ਵਾਸਤੇ ਹੱਕਦਾਰ ਹੋਏਗਾ।

ਡਾਕਟਰ ਕੇਵਲ ਕ੍ਰਿਸ਼ਨ : ਮਨਿਸਟਰ ਸਾਹਿਬ ਨੇ ਫਰਮਾਇਆ ਹੈ ਔਰ ਮੈਂ ਜਾਣਨਾ ਚਾਹਾਂਗਾ ਕਿ ਗੌਰਮਿੰਟ ਦੀ ਪਾਲਿਸੀ ਅਖਬਾਰਾਂ ਵਿਚ ਆਈ ਸੀ ਕਿ ਜਿਹੜੇ ਦਿੱਲੀ ਰਾਇਟਸ ਦੇ ਵਿਕਟਿਮਜ਼ ਹਨ ਉਨ੍ਹਾਂ ਦੇ ਮੁਤਾਬਿਕ , ਉਨ੍ਹਾਂ ਦੇ ਐਟ ਪਾਰ ਪੰਜਾਬ ਦੇ ਟੈਰੋਰਿਸਟ ਵਿਕਟਿਮਜ਼ ਨੂੰ ਟਰੀਟ ਕੀਤਾ

[ਡਾਕਟਰ ਕੇਵਲ ਕ੍ਰਿਸ਼ਨ]

ਜਾਏਗਾ। ਇਨ੍ਹਾਂ ਦੀਆਂ ਵਿਡੋਜ਼ ਨੂੰ ਪੈਨਸ਼ਨਾਂ ਉਸ ਮੁਤਾਬਿਕ ਦਿੱਤੀਆਂ ਜਾਣਗੀਆਂ, ਪਲਾਟਸ ਦਿੱਤੇ ਜਾਣਗੇ ਔਰ ਦੂਸਰੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਕੀ ਇਹ ਉਸ ਤੇ ਸਟੈਂਡ ਕਰਦੇ ਹਨ; ਅਗਰ ਕਰਦੇ ਹਨ, ਤਾਂ ਦੱਸਣ ?

ਵਿੱਤ ਮੰਤਰੀ: ਥੋੜ੍ਹੀ ਜਿਹੀ ਗਲਤ ਫਹਿਮੀ ਹੋ ਗਈ ਹੈ। ਜੋ ਦੰਗਾ ਪੀੜਤਾਂ ਲਈ ਪਾਲਸੀ ਹੈ ਉਸੀ ਤਰ੍ਹਾਂ ਹੀ ਟੈਰੋਰਿਸਟ ਵਿਕਟਮਜ਼ ਲਈ ਪਾਲਿਸੀ ਹੈ। ਇਸ ਦੇ ਮੁਤਾਬਿਕ ਅਫੈਕਟਿਡ ਫੈਮਿਲੀ ਦੇ ਇੱਕ ਸੱਜਣ ਨੂੰ ਨੌਕਰੀ ਦੇਣ ਦਾ ਪ੍ਰੋਗਰਾਮ ਪਾਲਿਸੀ ਦਾ ਹਿੱਸਾ ਹੈ। ਜਿਹੜੀਆਂ ਵਿਡੋਜ਼ ਬਿਲਕੁਲ ਬੇਸਹਾਰਾ ਹਨ ਉਨ੍ਹਾਂ ਨੂੰ ਢਾਈ ਸੌ ਰੁਪਿਆ ਫਿਨਾਂਸ਼ਿਅਲ ਸਪੋਰਟ ਹੈ। ਜਿਨ੍ਹਾਂ ਕੋਲ ਕੋਈ ਘਰ ਨਹੀਂ ਉਨ੍ਹਾਂ ਨੂੰ ਲੋਅ ਇਨਕਮ ਗਰੁੱਪ (ਐਲ.ਆਈ.ਜੀ.) ਦਾ ਘਰ ਦਿੱਤਾ ਜਾਏਗਾ। ਜੋ ਆਪਣਾ ਕੰਮ ਕਰਨਾ ਚਾਹੇ ਉਸ ਨੂੰ 25,000 ਰੁਪਿਆ ਦਿੱਤਾ ਜਾਏਗਾ। ਇਸ ਵਿਚੋਂ 5,000 ਰੁਪਏ ਬਤੌਰ ਸਬਸਿਡੀ ਦੇ ਔਰ ਬਾਕੀ ਦਾ 20,000 ਰੁਪਿਆ ਸਾਢੇ ਚਾਰ ਪਰਸੈਂਟ ਰੇਟ ਆਫ ਇੰਟਰੈਸਟ ਤੇ ਦਿੱਤਾ ਜਾਏਗਾ। ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਜਿਹੜੇ ਸਾਡੇ ਸਿਟੀਜ਼ਨਜ਼ ਪੰਜਾਬ ਦੇ ਬਾਹਰ ਚਲੇ ਗਏ ਹਨ, ਇਥੋਂ ਦੇ ਹਾਲਾਤ ਕਰਕੇ ਮਾਈਗਰੇਟ ਕਰ ਗਏ ਹਨ, ਉਨ੍ਹਾਂ ਨੂੰ ਵਾਪਸ ਲਿਆਉਣ ਵਾਸਤੇ ਪਾਲਿਸੀ ਬਣਾਈ ਗਈ ਹੈ ਕਿ ਉਨ੍ਹਾਂ ਨੂੰ ਵਾਪਸ ਆਉਣ ਦਾ ਕਰਾਇਆ 2,500 ਰੁਪਏ ਤਕ ਦਿੱਤਾ ਜਾਏ। ਜੇਕਰ ਆਪਣੇ ਪਿੰਡ ਨਹੀਂ ਜਾਣਾ ਚਾਹੁੰਦਾ ਔਰ ਕਿਸੇ ਹੋਰ ਥਾਂ ਜਾਣਾ ਚਾਹੇ ਤਾਂ ਉਸ ਨੂੰ ਰਿਜ਼ਰਵ ਪ੍ਰਾਈਸ ਤੇ ਸਸਤਾ ਪਲਾਟ ਦਿੱਤਾ ਜਾਏਗਾ, ਹਾਊਸਿੰਗ ਪਲਾਟ ਦਿੱਤਾ ਜਾਏਗਾ। (ਥੰਪਿੰਗ)

ਡਾਕਟਰ ਕੇਵਲ ਕ੍ਰਿਸ਼ਨ: ਮਨਿਸਟਰ ਸਾਹਿਬ ਨੇ ਦਸਿਆ ਕਿ 612 ਐਕਸਟ੍ਰੀਮਿਸਟਸ ਕਿਲਿੰਗਜ਼ ਹੋਈਆਂ ਹਨ, 56 ਪੁਲਿਸ ਵਾਲੇ ਔਰ 35 ਪੁਲੀਟੀਕਲ ਲੀਡਰਜ਼ ਹਨ। ਇਹ ਜਿਹੜੀ ਨਵੀਂ ਪਾਲਿਸੀ ਬਣਾਈ ਹੈ ਉਸ ਦੇ ਮੁਤਾਬਿਕ ਕਿੰਨੀਆਂ ਵਿਡੋਜ਼ ਨੂੰ ਪੈਨਸ਼ਨਾਂ ਦਿਤੀਆਂ ਗਈਆਂ ਹਨ, ਪਲਾਟ ਕਿੰਨਿਆਂ ਨੂੰ ਅਲਾਟ ਹੋਏ ਹਨ ਔਰ ਹੋਰ ਸਹੂਲਤਾਂ ਲੋਨਜ਼ ਆਦਿ ਦੇਣ ਬਾਰੇ ਕਿਸ ਤਰ੍ਹਾਂ ਕੀਤਾ ਹੈ ?

ਰਾਜ ਮੰਤਰੀ, ਗ੍ਰਹਿ : ਇਹ ਨਵਾਂ ਸਵਾਲ ਹੈ। ਇਸ ਬਾਰੇ ਨੋਟਿਸ ਦੇ ਦੇਣ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 649

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਕੀਤਾ ਗਿਆ।)

Widow Pension

*600. **Shri Ram Parkash Bali** : Will the Chief Minister be pleased to State whether Widow Pension to the new applicants is not being sanctioned, if so, the reasons thereof ?

ਸਰਦਾਰ ਦਲੀਪ ਸਿੰਘ ਪਾਂਧੀ (ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ): ਵਿਧਵਾ ਪੈਨਸ਼ਨਾਂ ਫੰਡਾਂ ਦੀ ਉਪਲਬਧਤਾ ਅਨੁਸਾਰ ਮਨਜ਼ੂਰ ਕੀਤੀਆਂ ਜਾ ਰਹੀਆਂ ਹਨ। ਇਸ ਸਾਲ ਦੌਰਾਨ 1570 ਨਵੇਂ ਕੇਸ ਮਨਜ਼ੂਰ ਕੀਤੇ ਜਾ ਚੁੱਕੇ ਹਨ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤਕਰੀਬਨ ਡੇਢ ਸਾਲ ਤੋਂ ਪੈਨਸ਼ਨਾਂ ਬੰਦ ਪਈਆਂ ਹਨ। ਐਪਲੀਕੇਸ਼ਨਜ਼ ਲੈ ਕੇ ਸੋਸ਼ਲ ਵੈਲਫੇਅਰ ਅਫਸਰ ਰੱਖ ਲੈਂਦੇ ਹਨ। ਹਾਲੇ ਤਕ ਵਿਡੋਜ਼ ਪੈਨਸ਼ਨ ਨਵੀਆਂ ਲਗਾਉਣ ਵਾਸਤੇ ਜਾਂ ਬੁਢਾਪਾ ਪੈਨਸ਼ਨਾਂ ਨਵੀਆਂ ਲਗਾਉਣ ਵਾਸਤੇ ਕੁਝ ਨਹੀਂ ਕੀਤਾ ਗਿਆ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਵਿਡੋਜ਼ ਪੈਨਸ਼ਨਾਂ ਕਿਸ ਤਰ੍ਹਾਂ ਬੰਦ ਕੀਤੀਆਂ ਹਨ ? ਇਨ੍ਹਾਂ ਲਈ ਕਿੰਨੇ ਫੰਡਜ਼ ਦੀ ਲੋੜ ਹੈ ? ਇਹ ਵਿਡੋਜ਼ ਨਾਲ ਬਹੁਤ ਜ਼ਿਆਦਾ ਧੱਕਾ ਹੈ। ਡਿਸ- ਟ੍ਰਿਕਟ ਰੋਪੜ ਵਿਚ ਇੱਕ ਕੇਸ ਵੀ ਦੱਸ ਦੇਣ ਜੋ ਕਿ ਪਿਛਲੇ ਛੇ ਮਹੀਨਿਆਂ ਵਿਚ ਜਾਂ ਇੱਕ ਸਾਲ ਵਿਚ ਸੈਂਕਸ਼ਨ ਕੀਤਾ ਹੋਵੇ ?

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਰੋਪੜ ਦਾ ਹੀ ਦਸ ਦਿੰਦਾ ਹਾਂ। ਇਸ ਸਾਲ 59 ਸੈਂਕਸ਼ਨ ਕੀਤੇ ਗਏ ਹਨ ਔਰ 52 ਪੈਂਡਿੰਗ ਪਏ ਹਨ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸੈਂਕਸ਼ਨ ਕਰਕੇ ਆਪਣੇ ਕੋਲ ਰਖ ਲਏ ਹਨ ਜਾਂ ਉਨ੍ਹਾਂ ਨੂੰ ਇਤਲਾਹ ਦਿੱਤੀ ਹੈ ਜਾਂ ਪੇਮੈਂਟ ਕੀਤੀ ਹੈ ?

ਰਾਜ ਮੰਤਰੀ : ਤੁਸੀਂ ਆਪਣੇ ਸਵਾਲ ਵਿਚ ਪੁੱਛਿਆ ਸੀ ਕਿ ਕਿੰਨੇ ਮਨਜ਼ੂਰ ਕੀਤੇ ਜਿਸ ਦੇ ਬਾਰੇ ਤੁਹਾਨੂੰ ਇਨਫਰਮੇਸ਼ਨ ਮਿਲ ਗਈ ਹੈ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਬੇਨਤੀ ਕਰਦਾ ਹਾਂ ਕਿ ਇਹ ਬੜਾ ਇੰਪਾਰਟੈਂਟ ਮਾਮਲਾ ਹੈ। ਮੁੱਖ ਮੰਤਰੀ ਦੇ ਨੋਟਿਸ ਵਿਚ ਵੀ ਮੈਂ ਪਿਛੇ ਲਿਆਉਣਾ ਚਾਹੁੰਦਾ ਸੀ ਸਵਾਲ ਦੇ ਰਾਹੀਂ। ਅੱਛੀ ਗੱਲ ਹੈ ਉਹ ਹਾਊਸ ਵਿਚ ਬੈਠੇ ਹਨ। ਗਰੀਬ ਔਰਤਾਂ ਪੈਨਸ਼ਨ ਵਾਸਤੇ ਅਪਲਾਈ ਕਰਦੀਆਂ ਹਨ ਜਿਸ ਦੀ ਕੋਈ ਆਮਦਨ ਨਾ ਹੋਵੇ। ਪਰ ਇਹੋ ਜਿਹੀ ਹਾਲਤ ਵਿਚ ਉਨ੍ਹਾਂ ਦੀ ਪੈਨਸ਼ਨ ਰੋਕਣੀ ਅਤੇ ਉਨ੍ਹਾਂ ਨੂੰ ਪੈਨਸ਼ਨ ਜਾਰੀ ਨਾ ਕਰਨੀ ਜਾਂ ਸੈਂਕਸ਼ਨ ਕਰਕੇ ਆਪਣੀ ਅਲਮਾਰੀ ਵਿਚ ਰੱਖਣੀ, ਇਹ ਉਨ੍ਹਾਂ ਨਾਲ ਅੰਨਿਆਏ ਹੈ। ਉਨ੍ਹਾਂ ਦੀ ਪੈਨਸ਼ਨ ਰੁਕਣੀ ਨਹੀਂ ਚਾਹੀਦੀ ਅਤੇ ਜਿਹੜੀ ਇਸ ਕਿਸਮ ਦੀ ਪਾਬੰਦੀ ਲਗਾਈ ਹੈ ਉਸ ਨੂੰ ਖਤਮ ਕਰਕੇ ਉਨ੍ਹਾਂ ਨੂੰ ਪੇਮੈਂਟ ਜਲਦੀ ਕਰਨੀ ਚਾਹੀਦੀ ਹੈ।

ਰਾਜ ਮੰਤਰੀ : ਜਿਹੜਾ ਇਸ ਸਾਲ ਦਾ ਬੱਜਟ ਸੀ ਉਹ 14 ਲੱਖ ਸੀ ਅਤੇ ਇਸ ਨੂੰ ਅਸੀਂ ਰੀਵਾਈਜ਼ ਕਰਕੇ 23 ਲੱਖ 54 ਹਜ਼ਾਰ ਰੁਪਏ ਕਰ ਦਿੱਤਾ ਹੈ। ਇਸ ਤਰ੍ਹਾਂ 2/87 ਤੱਕ 14,88,304 ਰੁਪਏ ਖਰਚ ਵੀ ਕਰ ਦਿਤੇ ਹਨ। ਇਹ ਪਲਾਨ ਸਕੀਮ ਦਾ ਹੈ। ਫਿਰ ਨਾਨ-ਪਲਾਨ ਵਿਚ 1 ਕਰੋੜ 68 ਲੱਖ ਰੁਪਏ ਬੱਜਟ ਵਿਚ ਸੀ ਜਿਸ ਨੂੰ ਅਸੀਂ 1 ਕਰੋੜ 22 ਲੱਖ 57 ਹਜ਼ਾਰ ਰੁਪਏ ਕਰ ਦਿੱਤਾ ਹੈ। ਇਸ ਵਿਚੋਂ 2/87 ਤੱਕ 90,76,675 ਰੁਪਏ ਖਰਚ ਕਰ ਦਿੱਤੇ ਹਨ। ਮੈਂ ਤੁਹਾਡੇ ਗਿਆਤ ਲਈ ਇਹ ਵੀ ਦੱਸ ਦੇਣਾ ਚਾਹੁੰਦਾ ਹਾਂ ਕਿ ਇਹ ਜਿਹੜੀ 50 ਜਾਂ 60 ਰੁਪਏ ਦੀ ਰਕਮ ਦਿੱਤੀ ਜਾਂਦੀ ਹੈ, ਇਸ ਨੂੰ ਵਧਾਉਣ ਬਾਰੇ ਵੀ ਮਾਮਲਾ ਵਿਚਾਰ ਅਧੀਨ ਹੈ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਇਹ ਤੁਹਾਡੀ ਗੱਲ ਠੀਕ ਹੈ ਪਰ ਰੋਪੜ ਜ਼ਿਲ੍ਹੇ ਵਿਚ ਇਕ ਵੀ ਔਰਤ ਨੂੰ ਪੇਮੈਂਟ ਨਹੀਂ ਹੋਈ। ਜੇ ਸੈਂਕਸ਼ਨ ਹੋਈ ਹੋਵੇ ਤਾਂ ਇਹ ਦੱਸ ਦੇਣ।

(ਕੋਈ ਜਵਾਬ ਨਹੀਂ ਆਇਆ।)

ਪ੍ਰੋਫੈਸਰ ਦਰਬਾਰੀ ਲਾਲ : ਪਹਿਲੇ ਵਿਡੋਜ਼ ਨੂੰ ਪੈਨਸ਼ਨਾਂ ਚੰਡੀਗੜ੍ਹ ਤੋਂ ਮਿਲਦੀਆਂ ਸਨ ਪਰ ਪਿਛਲੀ ਸਰਕਾਰ ਨੇ ਪਾਵਰਜ਼ ਨੂੰ ਡੀਸੈਂਟਰੇਲਾਈਜ਼ ਕਰਕੇ ਡਿਸਟ੍ਰਿਕਟ ਲੈਵਲ ਤੇ ਅਖਤਿਆਰ ਦੇ

[ਪ੍ਰੋਫੈਸਰ ਦਰਬਾਰੀ ਲਾਲ]

ਦਿਤੇ। ਵਿਡੋਜ਼ ਨੂੰ ਪੈਨਸ਼ਨ ਦੇਣ ਵਿਚ ਸਭ ਤੋਂ ਵੱਡੀ ਪ੍ਰਾਬਲਮ ਇਹ ਹੈ ਕਿ ਪੈਨਸ਼ਨ ਮਨਜ਼ੂਰ ਹੋ ਜਾਂਦੀ ਹੈ ਔਰ ਜਿਹੜੇ ਲੋਅਰ ਲੈਵਲ ਦੇ ਕਲਰਕ ਅਤੇ ਹੋਰ ਅਮਲਾ ਹੈ ਜਦੋਂ ਵਿਡੋਜ਼ ਉਨ੍ਹਾਂ ਕੋਲ ਲੈਣ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਕ ਵਾਰੀ ਪੈਨਸ਼ਨ ਮਿਲ ਜਾਂਦੀ ਹੈ ਪਰ ਫਿਰ ਛੇ ਛੇ ਮਹੀਨੇ ਸਾਲ ਸਾਲ ਪੈਸੇ ਨਹੀਂ ਮਿਲਦੇ। ਉਹ ਵਿਡੋਜ਼ 50—60 ਰੁਪਏ ਲੈਣ ਵਾਸਤੇ ਆਉਂਦੀਆਂ ਹਨ ਜਿਨ੍ਹਾਂ ਦਾ ਹੋਰ ਕੋਈ ਆਸਰਾ ਨਹੀਂ ਹੁੰਦਾ। ਇਸ ਲਈ ਡਿਸਟ੍ਰਿਕਟ ਲੈਵਲ ਤੇ ਇਸ ਤਰ੍ਹਾਂ ਇੰਤਜ਼ਾਮ ਕਰਨਾ ਚਾਹੀਦਾ ਹੈ ਤਾਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਤਕਲੀਫ ਦਾ ਸਾਹਮਣਾ ਨਾ ਕਰਨਾ ਪਵੇ।

ਰਾਜ ਮੰਤਰੀ : ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਿ ਪਹਿਲੇ ਕਈ ਵਾਰੀ ਹੇਰਾਫੇਰੀ ਹੋ ਜਾਇਆ ਕਰਦੀ ਸੀ, ਅਸੀਂ ਫੈਸਲਾ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਬੈਂਕਾਂ ਵਿਚੋਂ ਪੈਨਸ਼ਨ ਮਿਲੇ। ਕੋਈ ਵੀ ਨੇੜੇ ਦਾ ਬੈਂਕ ਹੋਵੇ, ਉਥੋਂ ਮਿਲੇਗੀ। ਸੋ ਇਸ ਤਰ੍ਹਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤਰ੍ਹਾਂ ਵਿਡੋਜ਼ ਨੂੰ ਕੋਈ ਮੁਸ਼ਕਲ ਨਹੀਂ ਹੋਵੇਗੀ। ਬਾਕੀ ਜੇ ਕੋਈ ਖਾਸ ਗੱਲ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਉਹ ਦੱਸ ਦੇਣ, ਅਸੀਂ ਫੈਸਲਾ ਕਰਵਾ ਦਿਆਂਗੇ ਅਤੇ ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ।

50 Bed Hosptial at Balachaur

***668. Shri Ram Kishan Kataria :** Will the Chief Minister be pleased to state whether it is a fact that the land for construction of a 50 Bed Hospital at Balachaur has been acquired ; if so, the time by which the construction of the said hospital is likely to be started?

Sardar Natha Singh Dalam (Information and Public Relations Minister) : No, Sir.

ਸ੍ਰੀ ਰਾਮ ਕਿਸ਼ਨ ਕਟਾਰੀਆ : ਪਿਛਲੇ ਸੈਸ਼ਨ ਵਿਚ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਗਿਆ ਸੀ—

"It is not possible to specify the time by which construction of the building is to be started".

ਇਹ 1972 ਵਿਚ ਹਸਪਤਾਲ ਸੈਂਕਸ਼ਨ ਹੋਇਆ ਸੀ। ਬਿਲਡਿੰਗ ਵਾਸਤੇ ਜ਼ਮੀਨ ਐਕੁਆਇਰ ਹੋਈ, ਫਿਰ ਡੀਨੋਟੀਫਾਈ ਹੋ ਗਈ। ਇਹ ਤਹਿਸੀਲ ਹੈਡਕੁਆਰਟਰ ਹੈ। ਸਭ ਤੋਂ ਵੱਡੀ ਪ੍ਰਾਬਲਮ ਇਹ ਹੈ ਕਿ ਪ੍ਰਾਇਮਰੀ ਹੈਲਥ ਸੈਂਟਰ ਵਿਚ ਹਸਪਤਾਲ ਹਾਊਸ ਕੀਤਾ ਹੋਇਆ ਹੈ। ਉਥੇ ਲੋਕਾਂ ਦੀ ਸਹੂਲਤ ਵਾਸਤੇ ਕੋਈ ਸਾਧਨ ਨਹੀਂ ਹੈ। ਉਥੇ ਕੋਈ ਬਾਥ ਰੂਮ ਨਹੀਂ ਹੈ। 1972 ਤੋਂ ਲੈ ਕੇ ਹੁਣ 1987 ਆ ਗਿਆ ਹੈ ਪਰ ਅੱਜ ਇਹ ਜਵਾਬ 'ਨੋ' ਵਿਚ ਦਿੰਦੇ ਹਨ। ਇਹ ਮੈਨੂੰ ਡੈਫੀਨਿਟ ਪੀਰੀਅਡ ਦੱਸ ਦੇਣ ਕਿ ਕਦੋਂ ਤੱਕ ਬਣ ਜਾਵੇਗਾ ? ਕੀ ਹਸਪਤਾਲ ਸੈਂਕਸ਼ਨ ਨਹੀਂ ਹੋਇਆ ਜਾਂ ਬਣੇਗਾ ਵੀ ਕਿ ਨਹੀਂ ?

ਸੂਚਨਾ ਅਤੇ ਲੋਕ ਸੰਪਰਕ ਮੰਤਰੀ : ਉਥੇ ਹਸਪਤਾਲ ਬਣਾਉਣ ਵਾਸਤੇ ਜ਼ਮੀਨ ਐਕੁਆਇਰ ਕੀਤੀ ਗਈ ਸੀ ਔਰ ਉਸ ਦੀ ਨੋਟੀਫਿਕੇਸ਼ਨ ਵੀ 6 ਮਾਰਚ, 1978 ਨੂੰ ਜਾਰੀ ਕੀਤੀ ਗਈ ਸੀ। ਪਰ ਉਸ ਸਮੇਂ ਇਲਾਕੇ ਦੇ ਐਮ.ਐਲ.ਏ. ਨੇ ਸਰਕਾਰ ਪਾਸ ਰੀਪਰੀਜ਼ੈਂਟੇਸ਼ਨ ਕੀਤੀ ਸੀ ਕਿ ਉਹ ਜ਼ਮੀਨ

ਜਿਹੜੀ ਹਸਪਤਾਲ ਵਾਸਤੇ ਐਕੁਆਇਰ ਕੀਤੀ ਗਈ ਹੈ ਉਹ ਛੋਟੇ ਛੋਟੇ ਜ਼ਿਮੀਦਾਰਾਂ ਦੀ ਹੈ। ਇਸ ਲਈ ਉਨ੍ਹਾਂ ਦੀ ਰੀਪਰੀਜ਼ੈਂਟੇਸ਼ਨ ਦੀ ਬਿਨਾਂ ਤੇ ਸਰਕਾਰ ਨੇ ਉਸ ਐਕੁਆਇਰ ਕੀਤੀ ਗਈ ਜ਼ਮੀਨ ਨੂੰ ਡੀਨੋਟੀਫਾਈ ਕਰ ਦਿੱਤਾ। ਹੁਣ ਦੁਬਾਰਾ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਹਸਪਤਾਲ ਬਣਾਉਣ ਵਾਸਤੇ ਕੋਈ ਮੌਜ਼ੂ ਜ਼ਮੀਨ ਐਕੁਆਇਰ ਕੀਤੀ ਜਾਵੇ। (ਵਿਘਨ) ਜਲਦੀ ਤੋਂ ਜਲਦੀ ਕੋਸ਼ਿਸ਼ ਕੀਤੀ ਜਾਵੇਗੀ ਕਿ ਜ਼ਮੀਨ ਐਕੁਆਇਰ ਕੀਤੀ ਜਾਵੇ ਫਿਰ ਹਸਪਤਾਲ ਬਣਾਇਆ ਜਾਵੇ।

Mr. Speaker : Question hour is over. The remaining questions shall be deemed to have been answered under Rule 38 of the Rules of procedure and conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

New Buildings for Rural Dispensaries in District Hoshiarpur

***653. Pandit Sarwan Ram Mansowalia :** Will the Chief Minister be pleased to state :—

(a) whether the Government proposes to construct new buildings for rural Dispensaries in Hoshiarpur District which, at present are housed in unsafe buildings; if so, the number thereof ;

(b) whether the Government has sanctioned funds for construction of the building of Rural dispensary Garhi Mansowal; if not, the reasons therefor ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਨਹੀਂ ਜੀ।

(ਅ) ਨਹੀਂ ਜੀ। ਰੂਰਲ ਡਿਸਪੈਂਸਰੀਆਂ ਦੀ ਬਿਲਡਿੰਗਾਂ ਦੀ ਉਸਾਰੀ ਵਾਸਤੇ ਸਾਲ 1986–87 ਲਈ ਕੋਈ ਫੰਡਜ਼ ਉਪਲੱਬਧ ਨਹੀਂ ਹਨ ਜੀ। ਫਿਰ ਭੀ ਸਾਲ 1987–88 ਦੌਰਾਨ, ਕੁਝ ਫੰਡਜ਼, ਵਸੀਲਿਆਂ ਦੀ ਉਪਲੱਬਧਤਾ ਹੋਣ ਤੇ, ਸਬਸਿਡਰੀ ਹੈਲਥ ਸੈਂਟਰਾਂ (ਰੂਰਲ ਡਿਸਪੈਂਸਰੀਆਂ) ਦੀ ਮੁਰੰਮਤ/ਸੋਧ ਲਈ ਮੁਹੱਈਆ ਕੀਤੇ ਜਾਣਗੇ।

Amount Earmarked for special Component scheme for the year 1986-87

***644. Shri Jagjit Singh :** Will the Chief Minister be pleased to state the amount earmarked for the special Component scheme for the year 1986-87 together with the amount spent so far department-wise ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਸਾਲ 1986–87 ਲਈ ਸਪੈਸ਼ਲ ਕੰਪੋਨੈਂਟ ਪਲਾਨ ਸਕੀਮ ਲਈ 2590.01 ਲੱਖ ਰੁਪਏ ਰੱਖੇ ਗਏ ਹਨ।

(ਹੁਣ ਤੱਕ (31 ਦਸੰਬਰ, 1986 ਤੱਕ) ਵਿਭਾਗ–ਵਾਰ ਖਰਚ ਕੀਤੀ ਗਈ ਰਕਮ ਦਾ ਵੇਰਵਾ ਨੱਥੀ ਕੀਤਾ ਗਿਆ ਹੈ ਜੀ।)

[Chief Minister]

ANNEXURE

STATEMENT SHOWING THE DEPARTMENT-WISE DETAILS OF FUNDS PROVIDED UNDER SPECIAL COMPONENT PLAN FOR THE YEAR 1986-87 AND THE AMOUNT SPENT UPTO 31-12-1986

(Rs. in lacs.)

Serial No.	Name of Department	Funds provided under special Component Plan during 1986-87	Amount spent upto 31-12-1986
1.	Agriculture ..	166·98	19·31
2.	Horticulture ..	1·10	0·61
3.	Soil Conservation ..	21·00	8·46
4.	Animal Husbandry ..	42·21	14·39
5.	Dairy Development ..	5·36	1·75
6.	Fisheries ..	1·00	1·00
7.	Forest ..	12·50	14·30
8.	Co-operation ..	8·66	1·23
9.	N.R.E.P. ..	66·22	32·00
10.	Community Development and Panchayats ..	322·60	206·47
11.	Industries ..	100·42	39·28
12.	Power ..	107·50	69·16
13.	General Education ..	8·88	4·13
14.	Technical Education ..	1·00	0·26
15.	Health and Family Welfare ..	319·35	112·45
16.	Ayurvedic ..	4·80	1·43
17.	Homoeopathy ..	3·98	0·65
18.	Sewerage and Water Supply ..	419·58	204·02
19.	Housing ..	214·60	95·62
20.	Urban Development ..	136·75	89·05
21.	Welfare of Scheduled Castes and Backward Classes ..	479·50	278·21
22.	Social Welfare ..	23·52	17·71
23.	Nutrition (Minimum Need Programme) ..	122·50	73·00
	Total ..	2,590·01	1,248·49

SHORT NOTICE QUESTION AND ANSWER

Mr. Speaker : Now we take up Short Notice Question by Sardar Karnail Singh Doad.

Excise Duty

***825. Sardar Karnail Singh Doad :** Will the Minister for Finance be pleased to state:—

(a) the expected revenue under Excise Duty for the financial year ending 31st March, 1987 ;

(b) how does it compare with the excise revenue for the previous two financial years ;

(c) if there is an increase what are the factors which have contribured to the increase ?

ਸਰਦਾਰ ਬਲਵੰਤ ਸਿੰਘ : (ੳ) ਵਿੱਤੀ ਸਾਲ 1986–87 ਦੇ ਬਜਟ ਵਿੱਚ ਆਬਕਾਰੀ ਅਧੀਨ ਆਮਦਨ ਦੇ ਅਨੁਮਾਨ 215.50 ਕਰੋੜ ਰੁਪਏ ਹਨ। ਪ੍ਰੰਤੂ ਇਹ ਆਮਦਨ ਲੱਗ–ਭੱਗ 240 ਕਰੋੜ ਰੁਪਏ ਹੋ ਜਾਣ ਦੀ ਉਮੀਦ ਹੈ।

(ਅ) ਪਿਛਲੇ 2 ਸਾਲਾਂ ਵਿੱਚ ਆਬਕਾਰੀ ਤੋਂ ਆਮਦਨ ਹੇਠ ਲਿਖੇ ਅਨੁਸਾਰ ਸੀ :—

1984–85	... 180.97 ਕਰੋੜ ਰੁਪਏ
1985–86	... 196.10 ਕਰੋੜ ਰੁਪਏ।

(ੲ) ਰੀਆਲਿਸਟਿਕ ਅਤੇ ਇਨਲਾਈਟਿਡ ਪਾਲਿਸੀ ਬਣਾਉਣਾ ਅਤੇ ਲਾਗੂ ਕਰਨਾ, ਫੀਸ ਅਤੇ ਡਿਊਟੀਜ਼ ਨੂੰ ਰੈਸ਼ਨੇਲਾਈਜ਼ ਕਰਨਾ, ਕਾਨੂੰਨ ਚੰਗੀ ਤਰ੍ਹਾਂ ਲਾਗੂ ਕਰਨਾ ਅਤੇ ਚੰਗਾ ਪ੍ਰਬੰਧ ਕਰਨਾ, ਆਮਦਨ ਵੱਧਣ ਦੇ ਕਾਰਨ ਹਨ।

ਸਰਦਾਰ ਕਰਨੈਲ ਸਿੰਘ ਡੋਡ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਸਾਲ 1987–88 ਦੇ ਜਿਹੜੇ ਅਨੁਮਾਨ ਹਨ ਇਸੇ ਆਸਪੈਕਟ ਵਿੱਚ ਹਨ, ਜਿਹੜੇ ਹੁਣ ਠੇਕੇ ਦਿੱਤੇ ਜਾ ਰਹੇ ਹਨ ਕੀ ਉਹ ਇਸੇ ਸੇਧ ਵਿੱਚ ਹਨ ?

ਮੰਤਰੀ : ਸਪੀਕਰ ਸਾਹਿਬ, ਮੋਟਰ ਸਾਈਕਲਾਂ ਤੇ ਬੜਾ ਚਰਚਾ ਕੀਤਾ ਗਿਆ ਅਤੇ ਬੜੇ ਚੱਕਰ ਲਾਏ ਗਏ ਕਿ ਪਿੰਡਾਂ ਵਿਚ ਠੇਕੇ ਨੀਲਾਮ ਨਹੀਂ ਹੋਣ ਦੇਵਾਂਗੇ ਅਤੇ ਜਿਹੜਾ ਕਰੇਗਾ ਉਸ ਨੂੰ ਠੋਕ ਦੇਵਾਂਗੇ। ਕਾਫੀ ਕੁਝ ਕਿਹਾ ਗਿਆ ਕਿ ਪਿੰਡਾਂ ਵਿਚ ਪੰਚਾਇਤਾਂ ਨੂੰ ਠੇਕੇ ਨਿਲਾਮ ਨਹੀਂ ਕਰਨ ਦਿੱਤੇ ਜਾਣਗੇ। ਇਸ ਚੀਜ਼ ਨੂੰ ਸਾਹਮਣੇ ਰਖ ਕੇ ਕੁਝ ਫਿਸੀਕਲ ਪਾਲਿਸੀ ਬਣਾ ਕੇ ਫੈਸਲਾ ਕੀਤਾ ਗਿਆ ਹੈ ਕਿ ਜਿਹੜੀ ਪੰਚਾਇਤ ਦਾ ਠੇਕਾ ਹੋਵੇਗਾ ਉਸ ਵਿੱਚ ਇਕ ਬੋਤਲ ਮਗਰ 25 ਪੈਸੇ ਪੰਚਾਇਤ ਨੂੰ ਦਿੱਤੇ ਜਾਣਗੇ। ਉਸ ਲਈ ਪੰਚਾਇਤਾਂ ਵਲੋਂ ਪ੍ਰੋਟੈਕਸ਼ਨ ਮਿਲੀ। ਸਪੀਕਰ ਸਾਹਿਬ, ਮੈਨੂੰ ਦੱਸ ਕੇ ਖੁਸ਼ੀ ਹੈ ਕਿ ਇਸ ਸਾਲ ਦੀ ਪਾਲਿਸੀ ਪਿਛਲੇ ਸਾਲ ਨਾਲੋਂ ਜ਼ਿਆਦਾ ਤਰੱਕੀ-ਪਸੰਦ ਬਣੇਗੀ ਔਰ ਮੈਨੂੰ ਆਸ ਹੈ ਕਿ 240 ਕਰੋੜ ਰੁਪਏ ਤੋਂ ਇਹ ਵੱਧ ਕੇ 370 ਕਰੋੜ ਰੁਪਏ ਹੋ ਜਾਵੇਗੀ। (ਵਿਘਨ) ਆਈ.ਐਮ. ਸੋਰੀ, 370 ਕਰੋੜ ਰੁਪਏ ਨਹੀਂ 270 ਕਰੋੜ ਰੁਪਏ ਹੋ ਜਾਵੇਗੀ। ਸਪੀਕਰ

[ਵਿੱਤ ਮੰਤਰੀ]

ਸਾਹਿਬ, ਮੈਨੂੰ ਇਹ ਦੱਸ ਕੇ ਖੁਸ਼ੀ ਹੈ ਕਿ ਪਿਛਲੇ 40 ਸਾਲਾਂ ਵਿੱਚ ਅਸੀਂ 86 ਕਰੋੜ ਰੁਪਏ ਤੇ ਪਹੁੰਚੇ ਸੀ ਅਤੇ ਅਸੀਂ ਇਨ੍ਹਾਂ 2 ਸਾਲਾਂ ਵਿਚ 270 ਕਰੋੜ ਰੁਪਏ ਤਕ ਪਹੁੰਚ ਜਾਵਾਂਗੇ।

ਸਰਦਾਰ ਕਿਰਪਾਲ ਸਿੰਘ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਸ਼ਰਾਬ ਨੂੰ ਸੰਗਤਾਂ ਵਿੱਚ ਮਕਬੂਲ ਕਰਨ ਵਾਸਤੇ ਧਰਮੀ ਸਰਕਾਰ ਨੇ ਹੋਰ ਕਿਹੜੇ ਕਿਹੜੇ ਜ਼ਰਾਏ ਅਖਤਿਆਰ ਕੀਤੇ ਹਨ ?

(ਕੋਈ ਜਵਾਬ ਨਹੀਂ ਆਇਆ)

ਸਰਦਾਰ ਕਰਨੈਲ ਸਿੰਘ ਡੋਡ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਟੈਰੋਰਿਸਟਸ ਵਲੋਂ ਇਕ ਬੜਾ ਵਡਾ ਚੈਲੈਂਜ ਸੀ ਸਟੇਟ ਗੌਰਮਿੰਟ ਨੂੰ ਔਰ ਕੰਟਰੈਕਟਰਜ਼ ਨੂੰ, ਕੀ ਕੰਟਰੈਕਟਰਜ਼ ਦੀ ਪ੍ਰੋਟੈਕਸ਼ਨ ਲਈ ਕੋਈ ਪ੍ਰਬੰਧ ਕੀਤੇ ਗਏ ਹਨ ?

ਮੰਤਰੀ : ਅਸੀਂ ਇਕ ਇਹ ਕੰਮ ਤਾਂ ਕੀਤਾ ਹੈ ਕਿ ਨੀਲਾਮੀ ਜਿਹੜੀ ਹੈ ਇਸ ਢੰਗ ਨਾਲ ਕਰੀਏ ਕਿ ਹਾਲ ਦੇ ਵਿੱਚ ਚਾਰ ਚੁਫੇਰੇ ਸਿਕਿਉਰਟੀ ਹੋਵੇ। ਜਿਹੜਾ ਆਦਮੀ ਬੋਲੀ ਦਿੰਦਾ ਹੈ ਉਹ ਪਹਿਲਾਂ ਹਜ਼ਾਰ ਰੁਪਏ ਦੀ ਟਿਕਟ ਲੈਂਦਾ ਹੈ। ਇਹ ਜਿਹੜਾ 25 ਪੈਸੇ ਪਰ ਬੋਤਲ ਪੰਚਾਇਤ ਦਾ ਕੀਤਾ ਹੈ ਇਸ ਦੇ ਨਾਲ ਵਿਲੇਜ ਪੰਚਾਇਤ ਦਾ ਇੰਟਰੈਸਟ ਹੋ ਜਾਂਦਾ ਹੈ ਔਰ ਉਹ ਲੋਕ ਠੇਕੇਦਾਰ ਨੂੰ ਪ੍ਰੋਟੈਕਸ਼ਨ ਦੇਣਗੇ।

ਸ਼੍ਰੀ ਰਾਮ ਲਾਲ : ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਠੇਕੇਦਾਰ ਹੈ ਉਹ ਇਕ ਜਗ੍ਹਾ ਦਾ ਠੇਕਾ ਲੈ ਕੇ ਤੇ ਪੇਟੀਆਂ ਵਿਚ ਸ਼ਰਾਬ ਪਾ ਕੇ ਅੱਠ ਥਾਈਂ ਜਾ ਕੇ ਵੇਚਦਾ ਹੈ ਕੀ ਇਸ ਦੀ ਵੀ ਕੋਈ ਪੜਤਾਲ ਕਰਾਉਣਗੇ ?

ਮੰਤਰੀ : ਮੈਨੂੰ ਸਦਨ ਨੂੰ ਦੱਸ ਕੇ ਖੁਸ਼ੀ ਹੈ ਕਿ ਇਸ ਇਲਿਸਿਟ ਡਿਸਟਿਲਰੀਜ਼ ਨੂੰ ਰੋਕਣ ਵਾਸਤੇ ਅਸੀਂ 40 ਡਿਗਰੀ ਦੀ ਸ਼ਰਾਬ ਦੀ ਕੀਮਤ 20 ਰੁਪਏ ਅਤੇ 50 ਡਿਗਰੀ ਸ਼ਰਾਬ ਦੀ ਕੀਮਤ 25 ਰੁਪਏ ਕਰ ਦਿੱਤੀ ਹੈ। ਇਸ ਦੇ ਨਾਲ 70, 80% ਇਲਿਸਿਟ ਲਿਕਰ ਬਣਨੀ ਬੰਦ ਹੋ ਜਾਣ ਦੀ ਸੰਭਾਵਨਾ ਹੈ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਨਵੀਂ ਪਾਲਿਸੀ ਵਿਚ ਤਬਦੀਲੀ ਲਿਆਂਦੀ ਹੈ। ਜੋ ਲੁਧਿਆਣਾ ਵਿਚ ਨੀਲਾਮੀ ਹੋਈ ਹੈ ਉਸ ਵਿਚ ਕਾਫ਼ੀ ਰੈਵੇਨਿਊ ਵਧਿਆ ਹੈ। ਮਗਰ ਜੋ ਇਨ੍ਹਾਂ ਨੇ ਦਸਿਆ ਹੈ ਕਿ ਸ਼ਰਾਬ ਦੀ ਇਕ ਬੋਤਲ ਦੀ ਕੀਮਤ 20 ਰੁਪਏ ਅਤੇ ਦੂਜੀ ਦੀ 25 ਰੁਪਏ ਹੋਵੇਗੀ ਪਰ ਉਥੇ ਇਨ੍ਹਾਂ ਨੇ 29 ਔਰ 30 ਰੁਪਏ ਦੀ ਵੇਚੀ ਹੈ। ਕੀ ਇਨ੍ਹਾਂ ਨੇ ਕਦੇ ਅੰਦਾਜ਼ਾ ਲਗਾਇਆ ਹੈ ਕਿ ਜਿਹੜੇ ਠੇਕੇਦਾਰ ਨੇ ਬੰਦ ਹਾਲ ਵਿਚ 20,25 ਰੁਪਏ ਦੀ ਬੋਤਲ ਦੀ ਬੋਲੀ 30 ਰੁਪਏ ਦਿੱਤੀ ਹੈ ਉਹ ਲੋਕਾਂ ਨੂੰ ਕੀ ਦੇਣਗੇ ?

ਮੰਤਰੀ : ਇਹੀ ਤਾਂ ਹੈ ਇਸ ਪਾਲਿਸੀ ਦੀ ਐਕਨਾਮਿਕ ਜਾਦੂਗਰੀ। ਸਰ, ਮੈਂ ਦੱਸਣਾ ਚਾਹੁੰਦਾ ਹਾਂ ਕਿ ਰਿਜ਼ਰਵ ਪ੍ਰਾਈਸ ਬੋਤਲ ਦੀ ਜਿਹੜੀ ਹੈ, ਡਾਕਟਰ ਸਾਹਿਬ ਮੇਰੇ ਨਾਲ ਐਗਰੀ ਕਰਨਗੇ, ਉਹ ਡੀਲ ਕਰਦੇ ਰਹੇ ਹਨ, ਸਾਢੇ 22 ਰੁਪਏ ਰਖੀ ਹੈ, ਪਰ ਜਿਹੜਾ 23 ਰੁਪਏ ਬੋਲੀ ਦੇਵੇਗਾ ਉਸ ਨੂੰ 10% ਐਡੀਸ਼ਨਲ ਕੋਟਾ ਦੇਵਾਂਗੇ ਰਮ ਦਾ ਔਰ ਜਿਹੜਾ 24 ਰੁਪਏ ਦੇਵੇਗਾ ਉਸ ਨੂੰ ਹੋਰ 10% ਐਡੀਸ਼ਨਲ ਕੋਟਾ ਰਮ ਦਾ ਦੇਵਾਂਗੇ ਅਤੇ ਜਿਹੜਾ 25 ਰੁਪਏ ਦੇਵੇਗਾ ਉਸ ਨੂੰ ਹੋਰ 10% ਐਡੀਸ਼ਨਲ ਕੋਟਾ ਦੇਵਾਂਗੇ ਰਮ ਦਾ। ਇਸ ਰਮ ਦੀ ਬੋਤਲ ਦੀ ਪ੍ਰਾਈਸ 8 ਰੁਪਏ, 7 ਰੁਪਏ ਅਤੇ

6 ਰੁਪਏ ਤਰਤੀਬਵਾਰ ਹੋਵੇਗੀ। ਉਹ ਰਮ ਦੀ ਬੋਤਲ ਜਿਸ ਭਾਅ ਮਰਜ਼ੀ ਆਏ ਵੇਚੇ। ਇਸ ਤਰੀਕੇ ਨਾਲ ਉਸ ਨੂੰ ਕਾਫ਼ੀ ਲਾਭ ਹੋ ਜਾਂਦਾ ਹੈ......

Sardar Gurcharan Singh Nihal Singh Wala : You are misleadin g the State.

Minister : This is an open thing. The policy has been published. No body is being mislead. ਇਸ ਕਰਕੇ ਮੈਨੂੰ ਇਸ ਗਲ ਦੀ ਖੁਸ਼ੀ ਹੈ ਕਿ ਦੋ ਸਾਲਾਂ ਵਿਚ ਸਾਡੇ ਸਟੇਟ ਦੀ ਐਕਸਾਈਜ਼ ਡਿਊਟੀ 90 ਕਰੋੜ ਰੁਪਏ ਤੋਂ ਵੱਧ ਕੇ 270 ਕਰੋੜ ਰੁਪਏ ਦੇ ਕਰੀਬ ਹੋ ਜਾਵੇਗੀ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਚੌਧਰੀ ਸਾਹਿਬ ਨੇ ਸੁਆਲ ਕੀਤਾ ਸੀ ਕਿ ਠੇਕੇਦਾਰ ਨੇ ਪਰਟੀਕੁਲਰ ਥਾਂ ਠੇਕਾ ਨੀਲਾਮੀ ਤੇ ਲਿਆ ਹੈ ਅਤੇ ਉਹ ਠੇਕਾ ਲੈ ਕੇ ਹੋਰ 8 ਜਗ੍ਹਾ ਤੇ ਵੇਚਦਾ ਹੈ। ਇਸ ਇਲਲੀਗਲ ਕੰਮ ਨੂੰ ਰੋਕਣ ਲਈ ਕੋਈ ਕਦਮ ਚੁਕੇ ਹਨ ?

ਮੰਤਰੀ : ਇਹ ਚੀਜ਼ ਕਾਨੂੰਨ ਦੇ ਖਿਲਾਫ਼ ਹੈ। ਜਿਥੇ ਕਿਤੇ ਹੈ ਸਾਨੂੰ ਦਸਣ, ਅਸੀਂ ਐਕਸ਼ਨ ਲਵਾਂਗੇ।

Mr. Speaker : Calling Attention Notices. Call Attention Motion No. 35 by Shri Ramesh Chand Dogra.

CALL ATTENTION NOTICES UNDER RULE 66

(Serial No. 35)

1. **Shri Romesh Chander Dogra**
2. **Sardar Parkash Singh Garhdiwala**

:Sir, I beg to draw the attention of the Government towards a matter of urgent public importance, namely., the Cultivable landed property and houses situated on the bank of river Beas from village Begpur to Budho Barkat, Kanwari, Garsian, Lalewal and Maidian in Tehsil Dasuya, District Hoshiarpur, are fastly being eroded by the Beas river water and has become a matter of great concern in the absence of any steps taken to protect the aforesaid area from the swift current of water. The spurs constructed have also been washed away by the water.

It would cause irreparable loss to the inhabitants, Cultivators and owners of land and Houses.

There is a great anxiety prevailing among the residents on account of erosion of their property.

In view of the urgency of the matter the Government may be asked to make a statement in the House on this behalf.

ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ (ਸਰਦਾਰ ਹਰੀ ਸਿੰਘ ਜ਼ੀਰਾ) : ਪਿਛਲੇ ਕੁਝ ਸਾਲਾਂ ਦੌਰਾਨ ਦਰਿਆ ਬਿਆਸ ਦੇ ਖਬੇ ਪਾਸੇ ਨਾਲ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਆ ਦੇ ਪਿੰਡ ਬੇਗਪੁਰ, ਭੀਖਵਾਲ, ਕਾਲੇਵਾਲ ਨਾਈਚਕ ਅਤੇ ਡੇਰਾ ਸ੍ਰੀ ਬਾਜਵਾ ਦੇ ਸਾਹਮਣੇ ਦੀ ਕੁਝ ਖੇਤੀ ਯੋਗ ਜ਼ਮੀਨ ਰੁੜ੍ਹ ਗਈ ਸੀ।

[ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ]

ਸਾਲ 1985 ਦੌਰਾਨ 15.00 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਭੀਖੋਵਾਲ ਅਤੇ ਬੇਗਪੁਰ ਦੇ ਸਾਹਮਣੇ ਇਕ ਆਰਮਡ ਸਪੱਰ ਅਤੇ 5 ਸਟੋਨ ਕਰੇਟਡ ਸਟੱਡ ਬਣਾਏ ਗਏ ਸਨ, ਜੋ ਕਿ ਉਪਰੋਕਤ ਪਿੰਡਾਂ ਦੀ ਖੇਤੀ ਯੋਗ ਭੂਮੀ ਨੂੰ ਰੁੜ੍ਹਨ ਤੋਂ ਬਚਾਉਣ ਲਈ ਲਾਭਦਾਇਕ ਸਿੱਧ ਹੋਏ ਅਤੇ ਪੇਂਡੂ ਆਬਾਦੀਆਂ ਨੂੰ ਖਤਰੇ ਤੋਂ ਬਚਾਇਆ ਗਿਆ। ਸਾਲ 1986 ਦੌਰਾਨ ਇਨ੍ਹਾਂ ਹੜ੍ਹ ਰੋਕੂ ਕੰਮਾਂ ਦੇ ਵਿਚਲੇ ਪਾਸੇ ਦਰਿਆ ਨੇ ਤੁਰੰਤ ਆਪਣਾ ਰੁਖ ਬਦਲ ਲਿਆ ਅਤੇ ਖੱਬੇ ਪਾਸੇ ਨੂੰ ਝੁਕਾਉ ਹੋ ਗਿਆ। ਫਿਰ ਵੀ, ਇਸ ਜਗ੍ਹਾ ਤੇ ਕੋਈ ਸੱਪਰ/ਸਟੱਡ ਨਹੀਂ ਰੁੜ੍ਹਿਆ।

ਸਾਲ 1986 ਵਿਚ ਦਰਿਆ ਵਲੋਂ ਬਦਲੇ ਰੁਖ ਕਾਰਨ ਉਪਰੋਕਤ ਪਿੰਡਾਂ ਦੀ ਵਾਹੀਯੋਗ ਭੂਮੀ ਨੂੰ ਰੁੜ੍ਹਨ ਤੋਂ ਬਚਾਉਣ ਲਈ 8.49 ਲੱਖ ਰੁਪਏ ਦੀ ਅਨੁਮਾਨਤ ਲਾਗਤ ਨਾਲ ਪਿੰਡ ਬੇਗਪੁਰ ਅਤੇ ਭੀਖੋਵਾਲ ਦੇ ਸਾਹਮਣੇ ਵਾਧੂ ਸਪੱਰ ਬਣਾਉਣ ਲਈ ਇਕ ਤਜਵੀਜ਼ ਬਣਾਈ ਗਈ ਹੈ। ਰਾਜ ਹੜ੍ਹ ਰੋਕੂ ਬੋਰਡ ਦੀ ਪ੍ਰਵਾਨਗੀ ਉਪਰੰਤ, ਫੰਡਾਂ ਦੀ ਉਪਲਬਧਤਾ ਨੂੰ ਮੁੱਖ ਰਖਦੇ ਹੋਏ, ਇਸ ਕੰਮ ਨੂੰ ਹੱਥ ਵਿਚ ਲਿਆ ਜਾ ਸਕਦਾ ਹੈ।

ਪਿੰਡ ਮੈਦੀਆਂ, ਗੈਰਸੀਆਂ ਅਤੇ ਕੈਰੀ ਦੀਆਂ ਆਬਾਦੀਆਂ ਅਤੇ ਖੇਤੀਯੋਗ ਭੂਮੀ ਨੂੰ ਕੋਈ ਗੰਭੀਰ ਖਤਰਾ ਨਹੀਂ ਹੈ ਕਿਉਂਕਿ ਪਿਛਲੇ ਦੋ ਸਾਲਾਂ ਦੌਰਾਨ 12 ਸਟੱਡ ਅਤੇ 2 ਕਰੇਟ ਬਾਰਾਂ, ਕਿਸੇ ਖਤਰੇ ਦੇ ਬਚਾਉ ਲਈ ਪਹਿਲਾਂ ਹੀ ਬਣਾਏ ਜਾ ਚੁਕੇ ਹਨ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜਾ ਪਿੰਡਾਂ ਦਾ ਵੇਰਵਾ ਦਿੱਤਾ ਹੈ ਕਿ ਅਸੀਂ ਬਣਾਇਆ ਹੈ। ਮੈਂ ਦੱਸ ਦਿਆਂ ਕਿ ਬਿਲਕੁਲ ਕੰਮ ਕੋਈ ਨਹੀਂ ਕੀਤਾ ਗਿਆ। ਲੇਕਿਨ ਉਹ ਕੰਮ ਤਾਂ ਜਿਸ ਤਰ੍ਹਾਂ ਕਹਿੰਦੇ ਹਨ ਹੋ ਗਿਆ ਸੀ। ਕੰਮ ਹੋਣ ਦੇ ਬਾਵਜੂਦ ਵੀ ਜ਼ਮੀਨ ਰੁੜ੍ਹਦੀ ਜਾ ਰਹੀ ਹੈ ਔਰ ਮੈਂ ਸਮਝਦਾ ਹਾਂ ਕਿ ਰਿਵਰ ਦੀ ਡਾਈਵਰਸ਼ਨ ਹੋ ਗਈ ਹੈ। ਇਸ ਤਰ੍ਹਾਂ ਨਾਲ ਪਿੰਡ ਰੁੜ੍ਹ ਜਾਵੇਗਾ। ਮੈਂ ਬੇਨਤੀ ਕਰਦਾ ਹਾਂ ਕਿ ਬਰਸਾਤ ਤੋਂ ਪਹਿਲਾਂ ਪਹਿਲਾਂ ਇਸ ਇਰੋਜ਼ਨ ਨੂੰ ਰੋਕਣ ਵਾਸਤੇ ਕੀ ਸਟੈਪਸ ਲੈ ਰਹੇ ਹਨ, ਕਿਤਨਾ ਰੁਪਿਆ ਲਗਾਇਆ ਜਾ ਰਿਹਾ ਹੈ।

ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ : ਸੰਨ 1986-87 ਵਿਚ ਤਾਂ ਹੋ ਨਹੀਂ ਸਕਦਾ। ਅਗਲੇ ਸਾਲ ਫੰਡਜ਼ ਮਿਲੇ ਤਾਂ ਇਹ ਸਕੀਮ ਹੱਥ ਵਿਚ ਲਈ ਜਾ ਸਕਦੀ ਹੈ। ਪਿੰਡਾਂ ਨੂੰ ਵੈਸੇ ਗੰਭੀਰ ਮਸਲਾ ਨਹੀਂ ਹੈ। ਜ਼ਮੀਨ ਨੂੰ ਬਚਾਉਣ ਵਾਸਤੇ ਫੰਡ ਉਪਲਬਧ ਹੋਣ ਤੋਂ ਬਾਦ ਸਕੀਮ ਹੱਥ ਵਿਚ ਲਈ ਜਾ ਸਕਦੀ ਹੈ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਸਪੀਕਰ ਸਾਹਿਬ, ਬੜਾ ਅਹਿਮ ਮਸਲਾ ਹੈ, ਉਥੇ ਇਸ ਮਹਿਕਮੇ ਦੇ ਅਫਸਰ ਸਾਹਿਬਾਨ ਜਾ ਕੇ ਆਏ ਹਨ। ਜਿਨ੍ਹਾਂ ਪਿੰਡਾਂ ਦੀ ਜ਼ਮੀਨ ਨੂੰ ਦਰਿਆ ਨੇ ਢਾਹ ਲਾਈ ਹੈ, ਉਹ ਪਿੰਡ ਇਸ ਪ੍ਰਕਾਰ ਹਨ :—

ਗੈਰਸੀਆਂ, ਮੇਵਾ ਮਿਆਨੀ, ਕਾਵਾਂਵਾਲੀ, ਇਬਰਾਹੀਮਪੁਰ ਆਦਿ ਇਨ੍ਹਾਂ ਪਿੰਡਾਂ ਦੀ ਸਾਰੀ ਜ਼ਮੀਨ ਰੁੜ੍ਹ ਚੁੱਕੀ ਹੈ। ਜ਼ਮੀਨ ਦੇ ਬਚਾਉ ਲਈ ਜੋ ਸੱਪਰ ਲਾਏ ਗਏ ਸਨ ਉਹ ਵੀ ਰੁੜ੍ਹ ਗਏ ਹਨ।

ਦਰਿਆ ਬਿਆਸ ਪਿੰਡ ਇਬਰਾਹੀਮਪੁਰ ਕਾਵਾਂਵਾਲੀ, ਮੈਦੀਆਂ, ਗੈਰਸੀਆਂ ਆਦਿ ਦੀ ਉਪਜਾਊ

ਜ਼ਮੀਨ ਨੂੰ ਬਚਾਉਣ ਬਾਰੇ ਜੋ ਪੱਤਰ ਮਿਤੀ 19 ਫਰਵਰੀ, 1987 ਰਾਹੀਂ ਮਿਲਿਆ ਹੈ ਮੈਂ ਇਸ ਨੂੰ ਪੜ੍ਹ ਦੇਂਦਾ ਹਾਂ :—

"ਦੇ ਹਵਾਲੇ ਵਿਚ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਮੇਵਾ ਮਿਆਨੀ, ਮੈਦੀਆਂ, ਗੈਰਸੀਆਂ ਕਾਵਾਂਵਾਲੀ, ਇਬਰਾਹੀਮਪੁਰ, ਆਦਿ ਦਰਿਆ ਬਿਆਸ ਦੇ ਖਤਰੇ ਤੋਂ ਬਚਾਉਣ ਲਈ ਹੇਠ ਦਰਸਾਏ ਗਏ ਕੰਮ ਪੂਰੇ ਕਰ ਦਿੱਤੇ ਗਏ ਹਨ" :—

ਸਪੀਕਰ ਸਾਹਿਬ, ਉਹ ਜੋ ਸੱਪਰ ਲਗੇ ਸੀ, ਸਾਰੇ ਰੁੜ੍ਹ ਗਏ ਹਨ, ਲੋਕਾਂ ਦੀ ਇਛਾ ਹੈ ਕਿ ਇਹ ਰੁੜ੍ਹ ਰਹੀ ਜ਼ਮੀਨ ਕਿਸੇ ਤਰ੍ਹਾਂ ਬਚਾਈ ਜਾਵੇ। ਮੈਂ ਬੇਨਤੀ ਕਰਾਂਗਾ ਕਿ ਐਸਾ ਉਪਰਾਲਾ ਕੀਤਾ ਜਾਵੇ ਜਿਥੋਂ ਜ਼ਮੀਨ ਰੁੜ੍ਹ ਰਹੀ ਹੈ, ਲੱਖਾਂ ਰੁਪਿਆ ਦਾ ਨੁਕਸਾਨ ਹੋ ਰਿਹਾ ਹੈ, ਉਥੇ ਇਕ ਐਸਾ ਬੰਨ੍ਹ ਲਗਾ ਕੇ ਉਹ ਜ਼ਮੀਨ ਬਚਾਈ ਜਾਵੇ, ਇਹ ਮੇਰੀ ਬੇਨਤੀ ਹੈ।

ਰਾਜ ਮੰਤਰੀ : ਜਿਸ ਤਰ੍ਹਾਂ ਸਤਿਕਾਰਯੋਗ ਮੈਂਬਰ ਨੇ ਕਿਹਾ ਹੈ ਪਿਛਲੇ ਪੰਜ ਸਾਲਾਂ ਵਿਚ 85 ਲੱਖ ਰੁਪਏ ਦੇ ਸੱਪਰ ਬਣੇ। ਸਟੋਨ ਕਰੇਟਿਡ ਸੱਪਰ ਬਣੇ ਹਨ ਉਹ ਨਹੀਂ ਰੁੜ੍ਹੇ। ਉਹ ਮੁਕੰਮਲ ਹਨ। ਇਸ ਕਰਕੇ ਪਿੰਡਾਂ ਨੂੰ ਕੋਈ ਖਤਰਾ ਨਹੀਂ ਹੈ। ਜੇਕਰ ਕੋਈ ਐਸੇ ਹਾਲਾਤ ਹੋਏ ਤਾਂ ਬਚਾਓ ਵਾਸਤੇ ਜ਼ਰੂਰ ਪ੍ਰਬੰਧ ਕੀਤਾ ਜਾਵੇਗਾ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਲੋਕ ਖਤਰੇ ਤੋਂ ਵਾਂਝੇ ਨਹੀਂ ਹਨ, ਇਸ ਕਰਕੇ ਮੈਂ ਬੇਨਤੀ ਕੀਤੀ ਸੀ।

(ਕ੍ਰਮ ਨੰ: 36)

ਸ੍ਰੀ ਸਪੀਕਰ : ਇਸ ਕਾਲ ਅਟੈਨਸ਼ਨ ਮੋਸ਼ਨ ਬਾਰੇ ਕੀ ਵਜ਼ੀਰ ਸਾਹਿਬ ਜਵਾਬ ਦੇਣਗੇ ?

ਰਾਜ ਮੰਤਰੀ, ਟਰਾਂਸਪੋਰਟ (ਸਰਦਾਰ ਹਰਦੀਪਇੰਦਰ ਸਿੰਘ) : ਸਪੀਕਰ ਸਾਹਿਬ, ਇਸ ਵਿਚ ਸਪੈਸੀਫਿਕ ਇਨਫਰਮੇਸ਼ਨ ਇਨਵਾਲਵਡ ਹੈ। ਥੋੜ੍ਹਾ ਟਾਈਮ ਮਿਲਿਆ ਹੈ। ਇਸ ਨੂੰ ਇਸ ਕਰਕੇ ਫਿਰ ਕਿਸੇ ਦਿਨ ਲਈ ਰੱਖ ਲਿਆ ਜਾਵੇ।

ਸ੍ਰੀ ਸਪੀਕਰ : ਵੈਸੇ ਕਾਲ ਅਟੈਨਸ਼ਨ ਮੋਸ਼ਨ ਤੇ ਆਮ ਤੌਰ ਤੇ ਐਕਸਟੈਨਸ਼ਨ ਹੁੰਦੀ ਨਹੀਂ ਹੈ। ਹੁਣ ਇਹ 25 ਤਾਰੀਖ ਨੂੰ ਪਹਿਲੀ ਸਿਟਿੰਗ ਵਿਚ ਲਈ ਜਾਵੇਗੀ, ਜਿਹੜੇ ਵੀ ਮਨਿਸਟਰ ਕਨਸਰਨਡ ਹਨ ਉਹ ਤਿਆਰ ਹੋ ਕੇ ਆਉਣ।

ਡਾਕਟਰ ਕੇਵਲ ਕ੍ਰਿਸ਼ਨ : ਇਹ ਕੱਲ੍ਹ ਕਿਉਂ ਨਹੀਂ ਰਖ ਲੈਂਦੇ ?

ਸ੍ਰੀ ਸਪੀਕਰ : ਕਿਉਂਕਿ ਹਾਲੇ ਇਹ ਪ੍ਰੀਪੇਅਰ ਨਹੀਂ ਹੋਏ। 25 ਤਰੀਖ ਨੂੰ ਰਖ ਲੈਂਦੇ ਹਾਂ।

MOTION UNDER RULE 77 *Re.* SPEECHES MADE AT THE HOLA MOHALLA FESTIVAL AT ANANDPUR SAHIB

Mr. Speaker: Sardar Gurcharan Singh Nihalsinghwala may move his Motion under Rule 77.

Sardar Gurcharan Singh Nihalsinghwala: Sir, I beg to move—

That the situation arising out of the speeches made at the Hola Mohalla Festival at Anandpur Sahib on 15th March, 1987 be discussed.

Mr. Speaker: Motion moved—

That the situation arising out of the speeches made at the Hola Mohalla Festival at Anandpur Sahib on 15th March, 1987 be discussed.

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ (ਮੋਗਾ): ਸਪੀਕਰ ਸਾਹਿਬ, ਬੜੇ ਲੰਬੇ ਅਰਸੇ ਤੋਂ ਪੰਜਾਬ ਦੇ ਵਿਚ ਹਾਲਾਤ ਵਿਗੜੇ ਹੋਏ ਹਨ ਔਰ ਦਿਨ ਬਦਿਨ ਬਦ ਤੋਂ ਬਦਤਰ ਹੁੰਦੇ ਗਏ। ਸਮਾਂ ਆਇਆ ਕਿ ਉਨ੍ਹਾਂ ਨੂੰ ਦਰੁਸਤ ਕਰਨ ਵਾਸਤੇ ਮੁੜਕੇ ਡੈਮੋਕਰੇਸੀ ਬਹਾਲ ਕਰਨ ਵਾਸਤੇ ਅਕਾਲੀ ਪਾਰਟੀ ਦੇ ਲੀਡਰ ਸੰਤ ਹਰਚੰਦ ਸਿੰਘ ਜੀ ਨੇ ਇਸ ਮੁਲਕ ਦੇ ਪ੍ਰਾਈਮ ਮਨਿਸਟਰ ਮਿਸਟਰ ਰਾਜੀਵ ਗਾਂਧੀ ਦੇ ਨਾਲ ਅਕਾਰਡ ਕੀਤਾ। ਉਸ ਅਕਾਰਡ ਤੋਂ ਬਾਅਦ ਪੰਜਾਬ ਦੇ ਲੋਕਾਂ ਨੂੰ ਬਲਕਿ ਹਿੰਦੁਸਤਾਨ ਦੇ ਲੋਕਾਂ ਨੂੰ ਇਹ ਮਹਿਸੂਸ ਹੋਇਆ ਕਿ ਸ਼ਾਇਦ ਹੁਣ ਪੰਜਾਬ ਦੇ ਹਾਲਾਤ ਠੀਕ ਹੋ ਜਾਣਗੇ। ਬਦਕਿਸਮਤੀ ਦੀ ਗੱਲ ਹੈ ਉਸ ਅਕਾਰਡ ਦੇ ਬਾਅਦ ਇਲੈਕਸ਼ਨ ਹੋਣੇ ਸੀ। ਹਾਲੇ ਅਕਾਰਡ ਹੋਇਆ ਹੀ ਸੀ ਔਰ ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਉਸੇ ਪਾਰਟੀ ਦੇ ਦੋ ਬੜੇ ਵਡੇ ਲੀਡਰਾਂ ਨੇ ਫੌਰਨ ਉਸ ਅਕਾਰਡ ਤੋਂ ਬਾਅਦ ਬਿਆਨ ਦਿਤਾ ਕਿ ਸਾਨੂੰ ਇਹ ਅਕਾਰਡ ਮਨਜ਼ੂਰ ਨਹੀ ਔਰ ਉਸੇ ਪਾਰਟੀ ਦੇ ਵਿਚ ਹੀ ਉਹ ਬੜੇ ਸੀਨੀਅਰ ਲੀਡਰ ਸਨ। ਅੱਜ ਉਹ ਦੋਨੋਂ ਜੇਲ੍ਹ ਵਿਚ ਹਨ। ਖੈਰ ਅਕਾਰਡ ਦੇ ਮੁਤੱਲਕ ਲੋਕ ਮਹਿਸੂਸ ਕਰਦੇ ਰਹੇ ਕਿ ਸਿਰੇ ਚੜ੍ਹੇਗਾ। ਉਹ ਦਿਨ ਵੀ ਬਦਕਿਸਮਤ ਆਇਆ ਜਦੋਂ ਸੰਤ ਹਰਚੰਦ ਸਿੰਘ ਜੀ ਨੂੰ ਸ਼ੇਰਪੁਰ ਪਿੰਡ ਵਿਚ ਦੀਵਾਨ ਦੇ ਵਿਚ ਕਤਲ ਕੀਤਾ ਗਿਆ, ਅੱਤਵਾਦੀਆਂ ਦੇ ਹੱਥੋਂ ਉਹ ਕਤਲ ਹੋ ਗਏ। ਉਸ ਤੋਂ ਬਾਅਦ ਉਸ ਪਾਰਟੀ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਚੁਣਨਾ ਜ਼ਰੂਰੀ ਸੀ। ਸਰਦਾਰ ਸੁਰਜੀਤ ਸਿੰਘ ਬਰਨਾਲਾ ਮੌਜੂਦਾ ਚੀਫ਼ ਮਨਿਸਟਰ ਨੂੰ ਅਕਾਲੀ ਪਾਰਟੀ ਦਾ ਪ੍ਰਧਾਨ ਚੁਣ ਲਿਆ। ਇਲੈਕਸ਼ਨ ਆਏ ਔਰ ਮੇਰਾ ਖਿਆਲ ਹੈ ਕਿ ਐਨੀ ਭਾਰੀ ਗਿਣਤੀ ਵਿਚ ਸ਼ਾਇਦ 1947 ਤੋਂ ਬਾਅਦ ਕਦੇ ਹੀ ਅਕਾਲੀ ਪਾਰਟੀ ਐਨੀ ਬਹੁ-ਗਿਣਤੀ ਨਾਲ ਕਾਮਯਾਬ ਹੋਈ ਹੋਵੇ। 117 ਵਿਚੋਂ 73 ਆਦਮੀ ਅਕਾਲੀ ਪਾਰਟੀ ਦੇ ਜਿੱਤ ਕੇ ਆਏ। ਬੜੀ ਚੰਗੀ ਗੌਰਮਿੰਟ ਬਣੀ, ਚਲੀ ਔਰ ਥੋੜ੍ਹੇ ਚਿਰ ਬਾਅਦ ਉਹ ਸਰਕਾਰ, ਉਹ ਪਾਰਟੀ ਟੁੱਟ ਗਈ, ਦੋ ਥਾਈਂ ਤਕਸੀਮ ਹੋ ਗਈ। ਉਸ ਤੋਂ ਪਹਿਲਾਂ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਉਸੇ ਪਾਰਟੀ ਦੇ ਲੀਡਰ ਨੇ ਇਹ ਐਲਾਨ ਕੀਤਾ ਸੀ ਕਿ ਮੈਨੂੰ ਇਹ ਅਕਾਰਡ ਮਨਜ਼ੂਰ ਨਹੀਂ ਔਰ ਮੈਨੂੰ ਯਾਦ ਹੈ ਕਿ ਬਲਿਊ ਸਟਾਰ ਓਪਰੇਸ਼ਨ ਤੋਂ ਕੁਝ ਦਿਨ ਪਹਿਲਾਂ ਜਾਂ ਇਕ ਦੋ ਦਿਨ ਬਾਅਦ, ਉਨ੍ਹਾਂ ਦੀ ਗ੍ਰਿਫ਼ਤਾਰੀ ਹੋਈ ਸੀ। ਉਹ ਚੌਧਰੀ ਦੇਵੀ ਲਾਲ ਦੇ ਫਾਰਮ ਤੋਂ, ਜਿਥੇ ਠਹਿਰੇ ਹੋਏ ਸੀ, ਚੰਡੀਗੜ੍ਹ ਆਏ। ਚੰਡੀਗੜ੍ਹ ਆਕੇ ਉਨ੍ਹਾਂ ਨੇ ਬਿਆਨ ਦਿੱਤਾ ਕਿ ਹਿੰਦੁਸਤਾਨ ਦੇ ਫੌਜੀਓ, ਸਿਖੋ ਫੌਜੀਓ, ਤੁਸੀਂ ਬਗਾਵਤ ਕਰ ਦਿਓ। ਮੈਂ ਸਮਝਦਾ ਹਾਂ ਕਿ ਸਮਝਦਾਰ ਪੁਲਿਟੀਕਲ ਲੀਡਰ ਵਾਸਤੇ ਆਪਣੀ ਕੌਮ ਦੇ ਫ਼ੌਜੀਆਂ ਨੂੰ ਐਡੀ ਗੁਮਰਾਹਕੁਨ ਕਾਲ ਦੇਣੀ ਇਕ ਬਹੁਤ ਵੱਡਾ ਬਦਕਿਸਮਤੀ ਦਾ ਮੁਕਾਮ ਸੀ।

ਬਲਿਊ ਸਟਾਰ ਓਪਰੇਸ਼ਨ ਹੋਇਆ। ਸਭ ਕੁਝ ਹੋਣ ਤੋਂ ਬਾਅਦ ਜੋ ਹਾਲਾਤ ਹਨ ਉਹ ਦੁਨੀਆਂ ਦੇ ਸਾਹਮਣੇ ਹਨ। ਸਰਕਾਰ ਚਲਣ ਲਗ ਪਈ। ਹੁਣ ਸਰਕਾਰ ਦੇ ਵਿਚ ਮੈਂ ਮੰਨਣ ਨੂੰ ਤਿਆਰ ਹਾਂ ਕਿ ਸਰਦਾਰ ਸੁਰਜੀਤ ਸਿੰਘ ਬਰਨਾਲਾ ਔਰ ਉਨ੍ਹਾਂ ਦੇ ਗਰੁੱਪ ਨੇ ਬੜੀ ਕੋਸ਼ਿਸ਼ ਕੀਤੀ ਕਿ ਸੂਬੇ ਦੇ ਹਾਲਾਤ ਨਾਰਮਲ ਹੋ ਜਾਣ। ਬਲਕਿ ਮੈਂ ਇਸ ਗੱਲ ਦੀ ਉਨ੍ਹਾਂ ਦੀ ਤਾਰੀਫ ਵੀ ਕਰਨ ਨੂੰ ਤਿਆਰ ਹਾਂ, ਵਧਾਈ ਵੀ ਦਿੰਦਾ ਹਾਂ ਕਿ ਉਨ੍ਹਾਂ ਨੇ ਗਲਤ ਨੂੰ ਗਲਤ ਕਿਹਾ, ਠੀਕ ਨੂੰ ਠੀਕ ਕਿਹਾ ਔਰ ਮੁਲਕ ਦੇ ਲੋਕਾਂ ਨੇ, ਮੁਲਕ ਦੀਆਂ ਪੁਲਿਟੀਕਲ ਪਾਰਟੀਆਂ ਨੇ ਮਹਿਸੂਸ ਕੀਤਾ ਕਿ ਜੋ ਪੁਲਿਟੀਕਲ ਲੀਡਰ ਦਰੁਸਤ ਨੂੰ ਦਰੁਸਤ ਕਹਿੰਦਾ ਹੈ ਗਲਤ ਨੂੰ ਗਲਤ ਕਹਿੰਦਾ ਹੈ, ਚਾਹੇ ਕੋਈ ਵੀ ਪਾਰਟੀ ਹੋਵੇ ਉਸ ਦੀ ਮਦਦ ਹੋਣੀ ਚਾਹੀਦੀ ਹੈ। ਅੱਜ ਉਸ ਫੈਸਲੇ ਦੇ ਮੁਤਾਬਿਕ ਸਾਰੇ ਹਿੰਦੁਸਤਾਨ ਦੀਆਂ ਪੁਲਿਟੀਕਲ ਪਾਰਟੀਆਂ ਵਾਲੇ ਚਾਹੇ ਕਿਸੇ ਪਾਰਟੀ ਨਾਲ ਤੁਅੱਲਕ ਰਖਦੇ ਹਨ, ਚਾਹੇ ਕਿਸੇ ਸੂਬੇ ਨਾਲ ਤੁਅੱਲਕ ਰਖਦੇ ਹਨ ਉਹ ਉਸ ਗੱਲ ਦੇ ਨਾਲ, ਉਨ੍ਹਾਂ ਦੇ ਨਾਲ ਹਾਮੀ ਹਨ ਕਿ ਇਨ੍ਹਾਂ ਨੂੰ ਮਜ਼ਬੂਤ ਕੀਤਾ ਜਾਏ ਤਾਂ ਕਿ ਸੂਬੇ ਦੇ ਹਾਲਾਤ ਠੀਕ ਹੋ ਸਕਣ ਔਰ ਸੁਧਾਰੇ ਜਾਣ। ਲੇਕਿਨ, ਸਪੀਕਰ ਸਾਹਿਬ, ਨਾਲ ਦੀ

ਨਾਲ ਹੀ ਜਿਹੜੇ ਲੋਕਾਂ ਨੇ ਇਹ ਇਲਾਨ ਕੀਤਾ ਸੀ ਕਿ ਸਾਨੂੰ ਅਕਾਰਡ ਮਨਜ਼ੂਰ ਨਹੀਂ, ਨਾਲ ਦੀ ਨਾਲ ਜਿਨ੍ਹਾਂ ਵੀ ਵਜ੍ਹਾ ਨਾਲ ਉਹ ਅਕਾਰਡ ਕਰਨ ਵਾਲਾ ਇਕ ਲੀਡਰ ਅਕਾਲੀ ਪਾਰਟੀ ਦਾ ਕਤਲ ਹੋਇਆ ਔਰ ਜਿਨ੍ਹਾਂ ਦੀ ਵਜ੍ਹਾ ਨਾਲ ਇਹ ਤਬਾਹੀ ਆਈ ਉਹ ਲੋਕ ਇਥੇ ਹੀ ਨਹੀਂ ਖੜ੍ਹੇ, ਉਨ੍ਹਾਂ ਨੇ ਅਕਾਲੀ ਪਾਲਿਟਿਕਸ ਵਿਚ ਡਿਸਰਪਸ਼ਨ ਲਿਆਂਦੀ ਔਰ ਇੰਨੀ ਬੁਰੀ ਤਰ੍ਹਾਂ ਲਿਆਂਦੀ ਕਿ ਉਥੇ ਆਪ ਦੀ ਮਰਜ਼ੀ ਦੇ ਮੇਰਾ ਖਿਆਲ ਕਿ ਜ਼ਿੰਦਗੀ ਵਿਚ ਕੀ ਹਿਸਟਰੀ ਦੇ ਵਿੱਚ ਪਹਿਲੀ ਦਫ਼ਾ ਹੋਇਆ ਕਿ ਸਾਰੇ ਅਕਾਲ ਤਖ਼ਤ ਦੇ ਜੱਥੇਦਾਰਾਂ ਨੂੰ ਬਗੈਰ ਕਿਸੇ ਗਲ ਤੋਂ, ਬਗੈਰ ਕਿਸੇ ਵਜ੍ਹਾ ਤੋਂ ਉਨ੍ਹਾਂ ਨੂੰ ਡਿਸਮਿਸ ਕਰਕੇ, ਉਨ੍ਹਾਂ ਨੂੰ ਕੱਢਕੇ ਉਥੇ ਨਵੇ ਲਿਆ ਕੇ ਬਿਠਾ ਦਿਤੇ। ਇਹ ਪਹਿਲੀ ਦਫ਼ਾ ਵਾਕਿਆ ਹੋਇਆ ਔਰ ਉਨ੍ਹਾਂ ਨੇ ਆਉਣ ਸਾਰ ਇਕ ਫੈਸਲਾ ਦਿਤਾ ਕਿ ਸ਼ਾਮ ਦੇ 5 ਵਜੇ ਤਕ ਫੈਸਲਾ ਕਰੋ, ਮੇਰਾ ਖਿਆਲ ਹੈ ਦੁਨੀਆਂ ਦੀ ਕੋਈ ਅਦਾਲਤ, ਦੁਨੀਆਂ ਦਾ ਕੋਈ ਕਮਿਸ਼ਨ, ਦੁਨੀਆਂ ਦੀ ਕੋਈ ਕੋਰਟ ਐਸ ਕਿਸਮ ਦਾ ਐਡਾ ਵੱਡਾ ਫੈਸਲਾ ਨਹੀਂ ਦਿੰਦੀ। ਇਲੈਕਟਿਡ ਗੌਰਮਿੰਟ ਹੋਵੇ, ਡੈਮੋਕਰੇਸੀ ਦੇ ਵਿਚ ਚੁਣੀ ਹੋਈ ਸਰਕਾਰ ਹੋਵੇ ਔਰ ਲੋਕਾਂ ਦੀਆਂ ਵੋਟਾਂ ਨਾਲ ਉਹ ਚੁਣਕੇ ਆਏ ਹੋਣ ਉਨ੍ਹਾਂ ਨੂੰ ਇਕ ਆਦਮੀ ਕਹਿ ਦੇਵੇ ਜਿਸ ਦਾ ਸਿਰਫ਼ ਧਰਮ ਨਾਲ ਤੁਅੱਲਕ ਹੈ, ਧਰਮ ਦੇ ਮੁਤੱਲਕ ਕਹਿ ਦੇਵੇ ਤਾਂ ਅਸੀਂ ਮੰਨਣ ਨੂੰ ਤਿਆਰ ਹਾਂ ਕਿ ਪੰਜਾਬ ਦੀ ਸਰਕਾਰ ਬਾਰੇ ਫੈਸਲਾ ਕਰਨਾ ਹੈ ਸ਼ਾਮ ਦੇ ਪੰਜ ਵਜੇ ਤਕ, ਕਰੋ ਪਰ ਉਹ ਨਾ ਹੋ ਸਕਿਆ। ਲੇਕਿਨ ਉਸ ਨੂੰ ਇਹ ਰੰਗਤ ਦਿਤੀ ਜਿਸ ਨਾਲ ਅੱਜ ਜੋ ਹਾਲਾਤ ਬਲਿਊ ਸਟਾਰ ਔਪਰੇਸ਼ਨ ਤੋਂ ਪਹਿਲਾਂ ਜਾਂ ਬਲਿਊ ਸਟਾਰ ਔਪਰੇਸ਼ਨ ਵੇਲੇ ਸੀ ਉਸ ਤੋਂ ਸੈਂਕੜੇ ਗੁਣਾ ਖ਼ਤਰਨਾਕ ਹੋਰ ਪੈਦਾ ਹੋ ਗਏ। ਸਪੀਕਰ ਸਾਹਿਬ, ਇਹ ਮਤੇ ਦੇ ਜੋ ਲਫ਼ਜ਼ ਹਨ ਚਾਰ ਮੈਂ ਪੜ੍ਹੇ ਹਨ ਕਿ ਇੰਨੀ ਮਿਹਨਤ ਤੋਂ ਬਾਅਦ, ਇੰਨੀ ਤਰਦੱਦ ਤੋਂ ਬਾਅਦ ਕਿ ਅਕਾਲੀ ਪਾਰਟੀ ਨੇ ਇੰਨਾ ਨੁਕਸਾਨ ਉਠਾਇਆ ਹੋਵੇ, ਟੁੱਟ ਕੇ ਦੋ ਹੋ ਗਏ ਹੋਣ, ਸਿੱਖ ਫੌਜੀ ਆਪਦੀ ਲਾਈਫ਼ ਤੋਂ ਖੇਡ ਚੁਕੇ ਹੋਣ, ਸਿੱਖ ਨੌਜਵਾਨ ਗੁਮਰਾਹ ਹੋ ਕੇ ਜੇਲ੍ਹਾਂ ਵਿਚ ਸੜ ਰਹੇ ਹੋਣ ਔਰ ਸੈਂਕੜੇ ਗੋਲੀਆਂ ਦਾ ਨਿਸ਼ਾਨਾਂ ਬਣ ਗਏ ਹੋਣ ਪਰ ਉਸ ਤੋਂ ਕੋਈ ਸਬਕ ਨਾ ਸਿਖਿਆ। ਜੋ ਦੋਨਾਂ ਪਾਰਟੀਆਂ ਨੇ ਰੈਜੋਲਿਊਸ਼ਨ ਕੀਤੇ ਹਨ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਇਸ ਤੋਂ ਵੱਡਾ ਬਦਕਿਸਮਤੀ ਦਾ ਦਿਨ ਸਿੱਖ ਕੌਮ ਵਾਸਤੇ ਕਦੇ ਆ ਨਹੀਂ ਸਕਦਾ। ਉਸਦੇ ਵਿਚ ਇਕ ਰੈਜ਼ੋਲਿਊਸ਼ਨ ਇਹ ਵੀ ਹੈ ਜੋ ਦਮਦਮੀ ਟਕਸਾਲ ਇਕ ਧਾਰਮਿਕ ਸੰਸਥਾ ਕਹਿੰਦੀ ਹੈ ਜਿਨ੍ਹਾਂ ਦਾ ਪ੍ਰਚਾਰ ਬਾਬਾ ਗੁਰਬਚਨ ਸਿੰਘ ਵੇਲੇ ਇਹ ਹੁੰਦਾ ਸੀ ਕਿ ਪਿੰਡ ਪਿੰਡ ਜਾਣਾ, ਉਹ ਇਕ ਆਪਦੇ ਵਿਚ ਇਕ ਇੰਸਟੀਚਿਊਸ਼ਨ ਸੀ, ਅੰਮ੍ਰਿਤ ਪ੍ਰਚਾਰ ਕਰਨਾ, ਲੋਕਾਂ ਨੂੰ ਨੇਕੀ ਦੇ ਰਾਹ ਤੇ ਲਿਆਉਣਾ, ਨਸ਼ਿਆਂ ਤੋਂ ਰਹਿਤ ਕਰਨਾ, ਉਨ੍ਹਾਂ ਦਾ ਸਿਆਸਤ ਨਾਲ ਕੋਈ ਤੁਅੱਲਕ ਨਹੀਂ ਸੀ। ਮਗਰ ਅੱਜ, ਸਪੀਕਰ ਸਾਹਿਬ, ਉਨ੍ਹਾਂ ਨੇ ਮਤਾ ਪਾਸ ਕੀਤਾ ਹੈ ਕਿ ਜੇ ਭਿੰਡਰਾਂਵਾਲੇ ਦੇ ਕਹਿਣ ਦੇ ਉਤੇ ਇਕ ਇਕ ਸਿੱਖ 35, 35 ਹਿੰਦੂ ਕਤਲ ਕਰ ਦਿੰਦਾ ਤਾਂ ਅੱਜ ਇਹ ਮੁਸੀਬਤ ਨਾ ਹੁੰਦੀ। ਅੱਜ ਨੂੰ ਸਿੱਖਾਂ ਦਾ ਮਸਲਾ ਸਾਫ ਹੋਇਆ ਹੁੰਦਾ। ਇਕ ਤਾਂ ਇਹ ਰੈਜ਼ੋਲਿਊਸ਼ਨ ਹੈ। ਇਥੇ ਹੀ ਬਸ ਨਹੀਂ, ਇਸ ਕਿਸਮ ਦੇ ਰੈਜ਼ੋਲਿਊਸ਼ਨ ਕੀਤੇ ਹਨ ਕਿ ਮੈਂ ਹੈਰਾਨ ਹਾਂ ਐਨੇ ਨੇਕ ਲੀਡਰ ਮਾਸਟਰ ਤਾਰਾ ਸਿੰਘ ਦੀ ਲੜਕੀ ਬੀਬੀ ਰਾਜਿੰਦਰ ਕੌਰ ਹਿੰਦੁਸਤਾਨ ਦੀ ਪਾਰਲੀਮੈਂਟ ਦੀ ਮੈਂਬਰ ਰਹੀ ਹੋਵੇ, ਉਸ ਨੇ ਉਥੇ ਦਿੱਲੀ ਖਾਲਸਾ ਦਾ ਇਕ ਮੈਸੇਜ ਪੜ੍ਹ ਕੇ ਸੁਣਾਇਆ, ਜਿਸ ਮੈਸੇਜ ਦੇ ਵਿਚ ਲੋਕਾਂ ਨੂੰ, ਔਰਤਾਂ ਨੂੰ, ਲੇਡੀਜ਼ ਨੂੰ ਸੁਨੇਹਾ ਦਿੱਤਾ ਕਿ ਤੁਸੀਂ ਸਾਰੇ ਖਾਲਸਾ ਰਾਜ ਕਾਇਮ ਕਰਨ ਵਾਸਤੇ ਕਾਇਮ ਹੋ ਜਾਓ ਔਰ ਆਪ ਦੀ ਪੂਰੀ ਜੋ ਵੱਧ ਤੋਂ ਵੱਧ ਕੁਰਬਾਨੀ ਕਰ ਸਕਦੇ ਹੋ ਖਾਲਸਾ ਰਾਜ ਕਾਇਮ ਕਰਨ ਵਾਸਤੇ ਉਹ ਕਰੋ। ਇਥੇ ਹੀ ਬਸ ਨਹੀਂ, ਸਾਡੇ ਲੀਡਰ ਜਿਨ੍ਹਾਂ ਦੇ ਮੁਤੱਲਕ ਮੈਂ ਅੱਗੇ ਦਸ ਚੁਕਾ ਹਾਂ ਉਹ ਬਿਆਨ ਦਿੰਦੇ ਰਹੇ ਹਨ, ਉਨ੍ਹਾਂ ਦੇ ਛੋਟੇ ਭਾਈ ਸਰਦਾਰ ਗੁਰਦਾਸ ਸਿੰਘ

[ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ]

ਨੇ ਵੀ ਉਥੇ ਤਕਰੀਰ ਕੀਤੀ ਔਰ ਮੈਂ ਹੈਰਾਨ ਹੋ ਗਿਆ ਅਤੇ ਬਾਰ ਬਾਰ ਪੜ੍ਹਿਆ ਕਿ ਕੀ ਉਹੀ ਸਰਦਾਰ ਗੁਰਦਾਸ ਸਿੰਘ ਹੈ ਜਿਨ੍ਹਾਂ ਨੇ ਇਸੇ ਹੀ ਖਾਸ ਦਿਨ ਤੇ ਜ਼ਿੰਦਗੀ ਵਿਚ ਮੂੰਹ ਖੋਲ੍ਹਿਆ, ਇਸ ਮੁਤਬੱਰਕ ਦਿਨ ਤੇ ਮੂੰਹ ਖੋਲ੍ਹਿਆ ਹੈ ਪਹਿਲਾਂ ਕਦੇ ਨਹੀਂ ਖੋਲ੍ਹਿਆ ਕਿ ਹਿੰਦੁਸਤਾਨ ਦੀ ਸਰਕਾਰ ਸਿਖ ਕੌਮ ਨੂੰ ਬਦਨਾਮ ਕਰ ਰਹੀ ਹੈ । ਇਸ ਕਰਕੇ ਕਮਰਬਸਤਾ ਹੋ ਜਾਓ, ਸਿੱਖ ਰਾਜ ਕਾਇਮ ਕਰਨ ਵਾਸਤੇ । ਏਥੇ ਹੀ ਬਸ ਨਹੀਂ, ਉਸ ਅਕਾਲੀ ਦਲ ਦੇ ਜਿਹੜੇ ਸਾਰੇ ਇਕੱਠੇ ਹੋ ਗਏ—ਯੂਨਾਈਟਿਡ ਅਕਾਲੀ ਦਲ—ਬਾਦਲ ਸਾਹਿਬ ਦੇ ਭਾਈ ਸਾਹਿਬ ਵੀ ਉਨ੍ਹਾਂ ਵਿਚ ਹਨ, ਉਥੇ ਸਰਦਾਰ ਜਗਦੇਵ ਸਿੰਘ ਤਲਵੰਡੀ ਵੀ ਉਹਦੇ ਨਾਲ ਹੈ, ਉਹ ਕਹਿੰਦੇ ਹਨ ਖਾਲਸਾ ਰਾਜ ਤੋਂ ਘੱਟ ਕੋਈ ਚੀਜ਼ ਹੀ ਨਹੀਂ ਔਰ ਇਸ ਤੋਂ ਬਾਦ ਜਿਹੜੀਆਂ ਸਾਡੀਆਂ ਬਾਕੀ ਮੰਗਾਂ ਹਨ ਉਹ ਤਾਂ ਪੂਰੀਆਂ ਹੋ ਹੀ ਜਾਣੀਆਂ ਹਨ ਜਦੋਂ ਖਾਲਸਾ ਰਾਜ ਬਣ ਗਿਆ । ਇਸ ਤੋਂ ਘੱਟ ਸਾਡੀ ਗਲ ਕੋਈ ਨਹੀਂ । ਦੋ ਕਾਨਫਰੰਸਾਂ ਹੋਈਆਂ, ਲੇਕਿਨ ਲੈਂਗੁਏਜ ਦੋਨਾਂ ਦੀ ਇਕੋ ਹੀ ਹੈ, ਖਾਲਸਾ ਰਾਜ ਦੀ ਯੂਨਾਈਟਿਡ ਅਕਾਲੀ ਦਲ ਦੀ ਵੀ, ਦਮਦਮੀ ਟਕਸਾਲ ਦੀ ਵੀ ਔਰ ਫੈਡਰੇਸ਼ਨ ਦੀ ਵੀ । ਸਪੀਕਰ ਸਾਹਿਬ, ਜੇ ਇਸੇ ਤਰ੍ਹਾਂ ਕੰਮ ਚਲਦਾ ਰਿਹਾ, ਇਸੇ ਤਰ੍ਹਾਂ ਬਗਾਵਤ ਦੇ ਝੰਡੇ ਬੁਲੰਦ ਹੁੰਦੇ ਰਹੇ ਤਾਂ ਕੀ ਆਪਾਂ ਸੋਚ ਸਕਦੇ ਹਾਂ ਕਿ ਪੰਜਾਬ ਅਮਨ ਦੇ ਰਸਤੇ ਤੇ ਆ ਜਾਵੇਗਾ ? ਇਥੇ ਨਾਰਮੈਲਿਸੀ ਆ ਜਾਵੇਗੀ ? ਹਰਗਿਜ਼ ਨਹੀਂ ਆ ਸਕਦੀ ।

ਮੁੱਖ ਧਾਰਾ ਦੀ ਗੱਲ ਕੀਤੀ ਹੈ । ਨੌਜਵਾਨਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਵਾਸਤੇ ਅਸੀਂ ਬੜੇ ਖੁਸ਼ ਹਾਂ ਲੇਕਿਨ ਨੌਜਵਾਨਾਂ ਦੇ ਦਿਮਾਗ ਵਿਚ ਉਨ੍ਹਾਂ ਨੇ ਇੰਨਾ ਜ਼ਹਿਰ ਭਰ ਦਿੱਤਾ ਹੈ ਕਿ ਉਨ੍ਹਾਂ ਨੂੰ ਬੜਾ ਮੁਸ਼ਕਲ ਹੈ ਮੁੱਖ ਧਾਰਾ ਵਿਚ ਆਉਣਾ। ਇਹ ਸੋਚ ਲੈਣਾ ਚਾਹੀਦਾ ਹੈ ਤੁਹਾਨੂੰ ਵੀ ਜਿਹੜੇ ਲਿਆਉਣਾ ਚਾਹੁੰਦੇ ਹੋ, ਅਸੀਂ ਤੁਹਾਡੇ ਨਾਲ ਸ਼ਾਮਲ ਹਾਂ । ਮੈਂ ਤੁਹਾਨੂੰ ਇਕ ਵਾਕਿਆ ਪਹਿਲਾਂ ਹੀ ਸੁਣਾ ਦਿੰਦਾ ਹਾਂ । ਮੇਰੇ ਪਿੰਡ ਦੇ ਨਾਲ ਇਕ ਪਾਵਰ ਹਾਊਸ ਹੈ ਪਤੋ ਹੀਰਾ ਸਿੰਘ । ਪਿਛਲੇ ਹਫ਼ਤੇ ਸਾਢੇ ਦਸ ਵਜੇ ਉਥੇ ਤਿੰਨ ਅਤਿਵਾਦੀ ਮੁੰਡਿਆਂ ਨੇ ਆ ਕੇ ਪਾਵਰ ਹਾਊਸ ਲੁਟ ਲਿਆ। ਉਥੋਂ ਤਕਰੀਬਨ ਦੋ ਕਿਲੋਮੀਟਰ ਤੇ ਥਾਨਾ ਹੈ। ਉਨ੍ਹਾਂ ਨੂੰ ਟੈਲੀਫੂਨ ਆ ਗਿਆ ..... (ਘੰਟੀ) ਉਨ੍ਹਾਂ ਨੇ ਕੋਸ਼ਿਸ਼ ਕੀਤੀ । ਉਥੋਂ ਪੰਜ ਕੁ ਮੀਲ ਦੇ ਉਤੇ ਜ਼ਿਲ੍ਹਾ ਬਠਿੰਡਾ ਦੀ ਹੱਦ ਹੈ। ਬੋੜ੍ਹ ਸਿੰਘ ਵਾਲਾ ਪਿੰਡ ਹੈ, ਉਥੇ ਜਾਕੇ ਉਨ੍ਹਾਂ ਦਾ ਮੋਟਰ-ਸਾਈਕਲ ਸਲਿਪ ਹੋ ਗਿਆ। ਸੀ.ਆਰ.ਪੀ. ਵਾਲੇ ਉਥੇ ਮੌਜੂਦ ਸਨ। ਉਨ੍ਹਾਂ ਨੇ, ਸਪੀਕਰ ਸਾਹਿਬ, ਉਨ੍ਹਾਂ ਨੂੰ ਗਿਫਤਾਰ ਕਰ ਲਿਆ । ਇੰਟੈਰੋਗੇਸ਼ਨ ਹੋਈ । ਇੰਟੈਰੋ-ਗੇਸ਼ਨ ਵਿਚ ਸਾਬਤ ਹੋਇਆ ਕਿ ਉਨ੍ਹਾਂ ਤਿੰਨਾਂ ਦੇ ਵਿਚੋਂ ਦੋ ਅਤਿਵਾਦੀ ਉਹ ਸਨ ਜਿਨ੍ਹਾਂ ਨੂੰ 20/20 ਹਜ਼ਾਰ ਰੁਪਿਆ ਦੰਗਾ ਪੀੜਤ ਦਾ ਮਿਲਿਆ ਸੀ । ਉਹ ਜ਼ਿਲ੍ਹਾ ਗੁਰਦਾਸਪੁਰ ਦੇ ਹਨ । ਹੁਣ ਗੁਰਦਾਸਪੁਰ ਵਲੋਂ ਉਥੇ ਕਿਵੇਂ ਗਏ ? ਉਥੇ ਇਕ ਦੀਨਾ ਪਿੰਡ ਹੈ, ਪੁਲਿਸ ਸਟੇਸ਼ਨ ਨਿਹਾਲਸਿੰਘਵਾਲਾ ਦੇ ਵਿਚ ਜਿਥੇ ਸਤਿਗੁਰਾਂ ਨੇ ਜ਼ਫਰਨਾਮਾ ਲਿਖਿਆ । ਉਥੇ ਦਾ ਬਾਬਾ ਜੁਗਿੰਦਰ ਸਿੰਘ ਦਾ ਇਕ ਸੇਵਕ ਹੈ ਜਿਹੜੇ ਫਾਇਰਬ੍ਰੈਂਡ ਕਹਾਉਂਦੇ ਹਨ ਆਪਣੇ ਆਪ ਨੂੰ, ਇਸ ਕਿਸਮ ਦੀਆਂ ਤਕਰੀਰਾਂ ਕਰਦੇ ਹਨ, ਉਸ ਨੇ ਪਤਾ ਨਹੀਂ ਕਿਥੋਂ ਇਕ ਦੰਗਾ ਪੀੜਤ ਭਾਲ ਕੇ ਲਿਆਂਦਾ ਗੁਰਦਾਸਪੁਰ ਦੇ ਜ਼ਿਲ੍ਹੇ ਦਾ। ਉਸਨੂੰ ਉਸ ਨੇ ਆਪਣੇ ਮਕਾਨ ਦੇ ਵਿਚ ਰਿਹਾਇਸ਼ ਦੀ ਜਗਾਹ ਦਿੱਤੀ । ਉਸ ਨੇ ਉਨ੍ਹਾਂ ਨੂੰ ਹਾਰਬਰ ਕੀਤਾ ਉਥੇ ਲਿਆਕੇ ਔਰ ਉਨ੍ਹਾਂ ਤੋਂ ਵਾਰਦਾਤਾਂ ਕਰਾਉਂਦਾ ਰਿਹਾ । ਉਹ ਵੀ ਉਥੇ ਦੰਗਾ ਪੀੜਤ ਬਣ ਕੇ ਬੈਠਾ ਹੈ । ਉਸ ਨੇ ਵੀ ਗੌਰਮਿੰਟ ਤੋਂ ਦੰਗਾ ਪੀੜਤ ਦੀ ਏਡ ਲਈ । ਇਹ ਤਾਂ ਮੁੱਖ ਧਾਰਾ ਦੀ ਗਲ ਹੈ ਜਿਥੋਂ ਤਕ ਇਹ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣਾ ਚਾਹੁੰਦੇ ਹਨ।

ਸਪੀਕਰ ਸਾਹਿਬ, ਇਕ ਪਾਸੇ ਗੱਲ ਹੋਵੇ ਤਾਂ ਉਮੀਦ ਕੀਤੀ ਜਾ ਸਕਦੀ ਹੈ ਕਿ ਸਰਕਾਰ ਜਾਂ ਅਕਾਲੀ ਪਾਰਟੀ ਉਸ ਤੇ ਕਾਬੂ ਪਾ ਲਵੇਗੀ ਮਗਰ ਹਰ ਪਾਸਿਉਂ ਇਸ ਕਿਸਮ ਦੀ ਆਵਾਜ਼ ਆ ਰਹੀ ਹੈ, ਕੋਈ ਕਿਸੇ ਕਿਸਮ ਦਾ ਰੈਜ਼ੋਲਿਊਸ਼ਨ ਪਾਸ ਕਰਦਾ ਹੈ, ਖਾਲਸਾ ਰਾਜ ਲਿਆਉਣਾ ਹੈ, ਯੂਨਾਈਟਿਡ ਅਕਾਲੀ ਦਲ ਲਿਆਉਂਦਾ ਹੈ, ਦਮਦਮੀ ਟਕਸਾਲ ਲਿਆਉਂਦੀ ਹੈ ਔਰ ਬਾਕੀ ਸਾਰੇ ਲਿਆਉਂਦੇ ਹਨ। ਮੈਨੂੰ ਇਹ ਵੀ ਯਾਦ ਹੈ ਕਿ ਬਿਮਲ ਖਾਲਸਾ ਨੇ ਇਕ ਦਫ਼ਾ ਜਲੂਸ ਕਢਿਆ ਸੀ ਇਥੇ ਚੰਡੀਗੜ੍ਹ ਦੇ ਨੇੜੇ ਕੋਈ ਪਿੰਡ ਹੈ, ਖੁਡਾ ਜਾਂ ਕੋਈ ਹੋਰ, ਉਸ ਨੂੰ ਇਥੋਂ ਦਾ ਕੋਈ ਮਨਿਸਟਰ ਰਸੀਵ ਕਰਨ ਲਈ ਗਿਆ। ਅਸੀਂ ਉਦੋਂ ਵੀ ਇਤਰਾਜ਼ ਕਰਦੇ ਸੀ ਕਿ ਇਹ ਗੱਲ ਬੜੀ ਮਾੜੀ ਹੈ। ਜਿਹੜੇ ਲੋਕ ਕਾਇਦਾ ਕਾਨੂੰਨ ਦੇ ਵਿਚ ਯਕੀਨ ਨਹੀਂ ਰਖਦੇ, ਜਿਹੜੇ ਬਗਾਵਤ ਦੇ ਵਿਚ ਯਕੀਨ ਰਖਦੇ ਹਨ, ਇਕ ਗੌਰਮਿੰਟ, ਬਤੌਰ ਮਨਿਸਟਰ ਉਸ ਦਾ ਜਾ ਕੇ ਸਵਾਗਤ ਕਰੇ, ਉਸਦਾ ਮੈਮੋਰੰਡਮ ਆਪ ਜਾ ਕੇ ਉਸ ਦੇ ਕੋਲੋਂ ਲਵੇ (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਤੋਂ ਮੈਂ ਸਮਝਦਾ ਹਾਂ ਇਹ ਉਸ ਵੇਲੇ ਦੀਆਂ ਗਲਤੀਆਂ ਸਾਡੇ ਸਾਹਮਣੇ ਆ ਰਹੀਆਂ ਹਨ। (ਘੰਟੀ)

ਸ੍ਰੀ ਸਪੀਕਰ : ਕਨਕਲੂਡ ਕਰੋ ਸਰਦਾਰ ਗੁਰਚਰਨ ਸਿੰਘ ਜੀ ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤਾ ਜ਼ਿਆਦਾ ਟਾਈਮ ਨਹੀਂ ਲੈਂਦਾ। ਬੜੀਆਂ ਜ਼ਰੂਰੀ ਜ਼ਰੂਰੀ ਦੋ ਚਾਰ ਗਲਾਂ ਕਰਨੀਆਂ ਹਨ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਜਦੋਂ ਅਕਾਰਡ ਹੋਇਆ, ਉਸ ਅਕਾਰਡ ਤੋਂ ਬਾਦ ਤਕਰੀਬਨ ਸਾਰੇ ਫੈਸਲੇ ਹੋਏ, ਬੇਸ਼ਕ ਉਹ ਸਿਰੇ ਨਹੀਂ ਚੜ੍ਹੇ ਮਗਰ ਜੋ ਪੰਜਾਬ ਦੇ ਹਿਤ ਵਿਚ ਹੈ, ਅਸੀਂ ਉਹ ਮੰਨਣ ਨੂੰ ਤਿਆਰ ਹਾਂ ਕਿ ਚੜ੍ਹਨੇ ਚਾਹੀਦੇ ਹਨ in letter and spirit both ਲੇਕਿਨ ਜਿਹੜੇ ਆਪਾਂ ਮੰਨਕੇ ਆਏ ਹਾਂ ਉਹ ਵੀ ਚੜ੍ਹਨੇ ਚਾਹੀਦੇ ਹਨ। ਉਨ੍ਹਾਂ ਨੂੰ ਅਗਰ ਗਲਤ ਸ਼ਕਲ ਦਿੱਤੀ ਜਾਵੇ ਤਾਂ ਕਦੇ ਅਕਾਰਡ ਸਿਰੇ ਅਗ੍ਹਾਂ ਨੂੰ ਵੀ ਨਹੀਂ ਚੜ੍ਹੇਗਾ । ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਅੱਜ ਵੀ ਦੁਹਰਾਇਆ ਜਾਂਦਾ ਹੈ। ਅਨੰਦਪੁਰ ਸਾਹਿਬ ਦੇ ਰੈਜ਼ੋਲਿਊਸ਼ਨ ਦੇ ਮੁਤੱਲਕ ਹਿੰਦੁਸਤਾਨ ਦੇ ਲੋਕਾਂ ਨੇ ਵਰਡਿਕਟ ਵੀ ਦਿੱਤਾ। ਅਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ, ਸਪੀਕਰ ਸਾਹਿਬ, ਉਸ ਦੇ ਮੁਤੱਲਕ ਅਕਾਲੀ ਪਾਰਟੀ ਨੇ ਮੰਨਿਆ ਕਿ ਰੈਫਰ ਕੀਤਾ ਜਾਵੇ ਸਰਕਾਰੀਆ ਕਮਿਸ਼ਨ ਨੂੰ ਔਰ ਉਹ ਰੈਫਰ ਹੋਇਆ। ਅਕਾਲੀ ਪਾਰਟੀ ਮੰਨ ਗਈ। ਅੱਜ ਸਰਦਾਰ ਬਲਵੰਤ ਸਿੰਘ ਹੁਸ਼ਿਆਰਪੁਰ ਜਾ ਕੇ ਬਿਆਨ ਦਿੰਦੇ ਹਨ ਕਿ nothing less than Anandpur Sahib Resolution. ਤੋਂ ਮੈਂ ਸਮਝਦਾ ਹਾਂ ਇਨ੍ਹਾਂ ਬੈਂਚਾਂ ਤੇ ਬੈਠ ਕੇ (ਵਿਘਨ) ਕੋਈ ਗਲ ਨਹੀਂ। (ਇਕ ਅਵਾਜ਼: ਸਰਕਾਰੀਆ ਕਮਿਸ਼ਨ) ਤੁਸੀਂ ਕਹਿੰਦੇ ਹੋ। ਉਸ ਵੇਲੇ ਕਹਿ ਦੇਣਾ ਸੀ। ਗਲਤ ਗਲ ਨੂੰ ਕ੍ਰਿਟੇਸਾਈਜ਼ ਕਰੋ । ਤੇ ਮੈਂ ਸਮਝਦਾ ਹਾਂ ਕਿ ਇਹ ਗੱਲਾਂ ਜਿੰਨਾ ਚਿਰ ਤੁਸੀਂ ਸਪਸ਼ਟ ਨਹੀਂ ਕਰਦੇ, ਸਪੀਕਰ ਸਾਹਿਬ, ਇਨ੍ਹਾਂ ਨੂੰ ਸਪਸ਼ਟ ਕਰਨੀਆਂ ਚਾਹੀਦੀਆਂ ਹਨ। ਅੱਜ ਵੀ ਇਹ ਸਰਕਾਰੀਆ ਕਮਿਸ਼ਨ ਦੇ ਵਿਚ ਯਕੀਨ ਨਹੀਂ ਰਖਦੇ । ਇਹ ਪਾਣੀ ਦਾ ਮਾਮਲਾ ਕਮਿਸ਼ਨ ਨੂੰ ਜੋ ਦਿੱਤਾ ਗਿਆ ਉਸ ਵਿਚ ਯਕੀਨ ਨਹੀਂ ਰਖਦੇ । ਬਾਅਦ ਵਿਚ ਫੈਸਲਾ ਕਰਨ ਤੋਂ ਬਾਅਦ ਫਿਰ ਰੌਲਾ ਪਾਉਣ ਤਾਂ ਮੈਂ ਸਮਝਦਾ ਹਾਂ ਇਹ ਆਰਜ਼ੀ ਮਲ੍ਹਮ ਪੱਟੀ ਨਾਲ ਕੋਈ ਫਾਇਦਾ ਨਹੀਂ ਹੋਵੇਗਾ । ਤੁਸੀਂ ਕਿਸੇ ਨੂੰ ਮੁੱਖ ਧਾਰਾ ਵਿੱਚ ਨਹੀਂ ਲਿਆ ਸਕੋਗੇ । ਇਸ ਤਰ੍ਹਾਂ ਬਰਬਾਦੀ ਜ਼ਿਆਦਾ ਹੋਵੇਗੀ।

ਸਰਦਾਰ ਕਰਨੈਲ ਸਿੰਘ ਡੋਡ : ਪੁਆਇੰਟ ਆਫ ਆਰਡਰ, ਸਰ।

ਸ਼੍ਰੀ ਸਪੀਕਰ : ਡੋਡ ਸਾਹਿਬ ।

A Voice: How it becomes a point of order, Sir ?

ਸਰਦਾਰ ਕਰਨੈਲ ਸਿੰਘ ਡੋਡ: ਇਹ ਇਰਾਦੀ ਕਮਿਸ਼ਨ ਦੀ ਗੱਲ ਕਰਦੇ ਹਨ ਕਿ ਆਨੰਦਪੁਰ ਦੀਆਂ ਸਪੀਚਾਂ ਦੀ ਗੱਲ ਕਰਦੇ ਹਨ ?

ਸ਼੍ਰੀ ਸਪੀਕਰ : ਹਾਂ ਜੀ, ਸਰਦਾਰ ਗੁਰਚਰਨ ਸਿੰਘ ਜੀ, please continue and conclude within a minute or two.

ਇਕ ਮੈਂ ਬੇਨਤੀ ਕਰਾਂ ਕਿ ਸਮਾਂ ਜਿੰਨਾ ਤਹਿ ਹੋਇਆ ਸੀ, ਉਸ ਦੇ ਮੁਤਾਬਿਕ ਤੁਹਾਡੇ ਹਿੱਸੇ 14 ਮਿੰਟ ਆਉਂਦੇ ਹਨ, ਪਰ ਤੁਸੀਂ ਤਕਰੀਬਨ 16-17 ਮਿੰਟ ਲੈ ਚੁਕੇ ਹੋ। ਇਸ ਤਰ੍ਹਾਂ ਤਾਂ ਫਿਰ ਅਸੀਂ ਉਸ ਟਾਈਮ ਦੇ ਵਿੱਚ ਸਾਰਾ ਕੰਮ ਮੁਕਾ ਨਹੀਂ ਸਕਾਂਗੇ।

ਇਕ ਅਵਾਜ਼ : 10 ਮਿੰਟ ਵੀ ਨਹੀਂ ਹੋਏ ਜੀ ।

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘਵਾਲਾ : ਟਾਈਮ ਦੇਖ ਲਵੋ ਜੀ । ਮੇਰਾ ਖਿਆਲ ਹੈ 10 ਮਿੰਟ ਵੀ ਨਹੀਂ ਹੋਏ ।

ਸ਼੍ਰੀ ਸਪੀਕਰ : ਤੁਹਾਡੇ 16-17 ਮਿੰਟ ਹੋ ਚੁਕੇ ਹਨ ਜੀ ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਕੀ 17 ਹੋ ਗਏ ਹਨ ਜੀ ?

ਸ਼੍ਰੀ ਸਪੀਕਰ : 17 ਮਿੰਟ ਜੀ। 2 ਮਿੰਟ ਹੋਰ ਲਵੋ, ਤੁਸੀਂ ਮੁਕਾ ਲਵੋ ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ: ਸਪੀਕਰ ਸਾਹਿਬ, ਤੁਸੀਂ ਹੁਣ ਆਪ ਅੰਦਾਜ਼ਾ ਲਗਾਓ ਕਿ ਕਈ ਦਫਾ ਅਖਬਾਰਾਂ ਵਿੱਚ ਗਲਤ ਗੱਲਾਂ ਵੀ ਆ ਜਾਂਦੀਆਂ ਹਨ ਔਰ ਉਨ੍ਹਾਂ ਦੀ ਕੰਟਰਾਡਿਕਸ਼ਨ ਹੋ ਜਾਂਦੀ ਹੈ। ਆਮ ਆਦਮੀ ਦੇ ਮੁਤੱਲਕ ਕੋਈ ਗੱਲ ਆ ਜਾਵੇ ਤਾਂ ਉਹ ਵੀ ਕੰਟਰਾਡਿਕਸ਼ਨ ਕਰਦਾ ਹੈ ਔਰ ਜੇ ਨਾ ਕੰਟ੍ਰਾਡਿਕਸ਼ਨ ਕਰੇ ਤਾਂ ਠੀਕ ਸਮਝੀ ਜਾਂਦੀ ਹੈ ਔਰ ਜੇ ਬਾਰ ਬਾਰ ਆਵੇ ਅਖਬਾਰ ਦੇ ਵਿਚ ਔਰ ਕਿਸੇ ਪਰਾਮੀਨੈਂਟ ਆਦਮੀ ਦੇ ਮੁਤੱਲਕ ਆਵੇ ਤਾਂ ਫਿਰ ਉਸ ਦਾ ਨਤੀਜਾ ਕੀ ਹੋਵੇਗਾ ? ਹੁਣ ਤੁਹਾਨੂੰ ਪਤਾ ਹੈ ਕਿ ਮੇਰੇ ਸਾਹਮਣੇ ਬੈਠੇ ਹੁਕਮਰਾਨ ਬੈਂਚਾਂ ਤੇ ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ ਮਨਿਸਟਰ ਹਨ, ਉਨ੍ਹਾਂ ਦੇ ਮੁਤੱਲਕ ਬੜੇ ਸੀਰੀਅਸ ਇਲਜ਼ਾਮ ਅਖਬਾਰ ਦੇ ਵਿੱਚ ਲਗੇ ਕਿ ਉਨ੍ਹਾਂ ਦਾ ਲੜਕਾ ਰੱਤੇਕੇ ਪਿੰਡ ਵਿੱਚ ਗ੍ਰਿਫਤਾਰ ਹੋਇਆ। (ਵਿਘਨ) ਮੇਰੀ ਗੱਲ ਤਾਂ ਸੁਣੋ । I am not confined to only work. ਜੋ ਤੁਹਾਡੀਆਂ ਕਰਤੂਤਾਂ ਹਨ ਬਲਵੰਤ ਸਿੰਘ ਜੀ, ਉਹ ਸਾਰਿਆਂ ਨੂੰ ਮਾਰ ਰਹੀਆਂ ਹਨ। (ਥੰਪਿੰਗ)

ਇਕ ਅਵਾਜ਼ : ਸਾਰੀਆਂ ਕਰਤੂਤਾਂ ਦਫਾ ਹੋ ਜਾਂਦੀਆਂ ਹਨ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਇਹ ਆਈ ਕਿਉਂ ਮੁਸੀਬਤ ? ਮੇਰਾ ਖਿਆਲ ਹੈ ਕਿ ਮੈਂ ਤੁਹਾਡੇ ਨਾਲੋਂ ਉਨ੍ਹਾਂ ਦਾ ਜ਼ਿਆਦਾ ਹਮਦਰਦ ਹਾਂ, ਉਹ ਮੇਰਾ ਰਿਸ਼ਤੇਦਾਰ ਹੈ।

ਸ੍ਰੀ ਸਪੀਕਰ : ਵੈਸੇ ਸਰਦਾਰ ਗੁਰਚਰਨ ਸਿੰਘ ਜੀ, ਇਹ ਮਸਲਾ ਸਬਜੁਡਿਸ ਹੈ। ਸਰਦਾਰ ਗੁਰਚਰਨ ਸਿੰਘ ਜੀ (ਘੰਟੀ) ਇਹ ਮਸਲਾ ਜਿਹੜਾ ਤੁਸੀਂ ਰੈਫਰ ਕਰ ਰਹੇ ਹੋ, ਸਬਜੁਡਿਸ ਹੈ, ਅਦਾਲਤ ਦੇ ਵਿਚਾਰ ਅਧੀਨ ਹੈ ਇਸ ਕਰਕੇ ਰੈਫਰ ਨਾ ਕਰੀਏ ਉਸ ਮਸਲੇ ਨੂੰ ਤਾਂ ਚੰਗਾ ਰਹੇਗਾ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਨਹੀਂ ਜੀ, ਮੈਂ ਕੁਝ ਨਹੀਂ ਕਹਿੰਦਾ। ਸਪੀਕਰ ਸਾਹਿਬ, ਉਸ ਮੁੰਡੇ ਦੀ ਜ਼ਮਾਨਤ ਹੋ ਗਈ। ਉਸ ਦੇ ਕੋਲੋਂ ਇਕ ਰਿਵਾਲਵਰ ਬਰਾਮਦ ਹੋਇਆ। ਸ਼ਾਇਦ ਤੁਹਾਨੂੰ ਨਾ ਪਤਾ ਹੋਵੇ, ਮੈਂ ਦਸ ਦਿੰਦਾ ਹਾਂ। (ਵਿਘਨ)

ਸ੍ਰੀ ਸਪੀਕਰ :ਕੇਸ ਸਬਜੁਡਿਸ ਹੈ, let us not discuss the contents of that case.

Sardar Gurcharan Singh Nihalsinghwala : It is a separate case ਉਹ ਫਿਰ ਆਦਮੀ ਕਾਰ ਦੇ ਵਿੱਚ ਲੈ ਕੇ ਗਿਆ। ਉਨ੍ਹਾਂ ਨੇ ਬਿਆਨ ਇਹ ਦਿੱਤਾ ਇੰਟੈਰੋਗੇਸ਼ਨ ਦੇ ਵਿੱਚ ਕਿ ਅਸੀਂ ਰਾਤ ਰਹੇ ਸੀ ਸਾਈਆਂਵਾਲਾ, ਅਸੀਂ ਸੰਧੂ ਸਾਹਿਬ ਨੂੰ ਵੀ ਮਿਲੇ ਸੀ, ਉਨ੍ਹਾਂ ਨਾਲ ਵੀ ਗੱਲਾਂ ਕੀਤੀਆਂ ਸਨ। ਇਥੇ ਹੀ ਬੱਸ ਨਹੀਂ, ਸਪੀਕਰ ਸਾਹਿਬ, ਇਹ ਤਾਂ ਮੈਨੂੰ ਪਤਾ ਹੈ ਬਈ ਜ਼ਮਾਨਤ ਕਿਵੇਂ ਹੋਈ, ਚਲੋ ਹੋ ਗਈ, ਇਹ ਕਾਨੂੰਨ ਦੀ ਗੱਲ ਹੈ, ਮੰਨਣੀ ਪਵੇਗੀ ਭਾਵੇਂ ਕਿਵੇਂ ਹੋਈ। ਲੇਕਿਨ ਉਥੇ, ਸਪੀਕਰ ਸਾਹਿਬ, ਮਨਿਸਟਰ ਦਾ ਸਰਕਾਰੀ ਗੱਡੀ ਲੈ ਕੇ ਜਾਣਾ ਕੋਰਟ ਦੇ ਵਿੱਚ, ਵੈਸੇ ਹੀ ਮੈਂ ਸਮਝਦਾ ਹਾਂ ਕਿ ਇਡੀ ਤੌਹੀਨ ਵਾਲੀ ਗੱਲ ਹੈ ਕਿ ਬੀਇੰਗ ਏ ਮਨਿਸਟਰ ਕੋਰਟ ਦੇ ਵਿੱਚ ਇਕ ਮੁਲਜ਼ਮ ਨੂੰ ਦੌੜਾਉਣ ਵਾਸਤੇ ਜਾਵੇ ਕਿਉਂਕਿ ਉਸ ਦੇ ਵਿੱਚ ਇਕ ਹੋਰ ਕੇਸ ਵੀ ਰਜਿਸਟਰ ਹੋਇਆ ਸੀ ਜਿਸ ਦੇ ਵਿੱਚ ਉਸ ਨੂੰ ਅਰੈਸਟ ਕਰਨਾ ਸੀ ....

ਸ੍ਰੀ ਸਪੀਕਰ : ਸਰਦਾਰ ਗੁਰਚਰਨ ਸਿੰਘ ਜੀ, ਮੇਰੀ ਬੇਨਤੀ ਹੈ ਕਿ ਇਹ ਮਸਲਾ ਜਨਰਲ ਡਿਸਕਸ਼ਨ ਵਿੱਚ ਕੱਲ੍ਹ ਵੀ ਆ ਜਾਏਗਾ, ਤੁਸੀਂ ਕਿਸ ਇਸ਼ੂ ਤੇ ਉਸ ਨੂੰ ਉਠਾਇਆ ...... (ਵਿਘਨ) (ਸ਼ੋਰ)

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਇਹ ਜਿਹੜੀ ਅੱਗ ਮਚਾਈ ਹੈ ਅਨੰਦਪੁਰ ਸਾਹਿਬ ਦੀ (ਵਿਘਨ) ਇਨ੍ਹਾਂ ਨੇ ਮਚਾਈ ਹੈ ਮੈਂ ਹੋਰ ਕੀ ਰੋਂਦਾ ਹਾਂ। (ਥੰਪਿੰਗ) ਜੇ ਤੁਸੀਂ ਇਸ ਤਰ੍ਹਾਂ ਮਲ੍ਹਮ ਪੱਟੀ ਕਰਦੇ ਰਹੋਗੇ ਤਾਂ ਅਸੀਂ ਵੀ ਮਰ ਜਾਵਾਂਗੇ, ਤੁਸੀਂ ਵੀ ਮਰ ਜਾਉਗੇ (ਵਿਘਨ) ਨਹੀਂ ਬਚਾ ਸਕਦੇ ਕਿਸੇ ਨੂੰ। (ਵਿਘਨ) ਜੇ ਤੁਸੀਂ ਇਕ ਮਨਿਸਟਰ ਨੂੰ ਨਹੀਂ ਰੋਕ ਸਕਦੇ ਮਾੜੇ ਕੰਮ ਤੋਂ ਤਾਂ ਤੁਸੀਂ ਆਮ ਆਦਮੀ, ਡਕਾਇਤ ਨੂੰ ਅਤੇ ਚੋਰ ਨੂੰ ਕਿਵੇਂ ਰੋਕ ਦਿਉਗੇ ? (ਵਿਘਨ) ਸਰਕਾਰੀ ਕਾਰ ਉਥੇ ਜਾਵੇ, ਫਲੈਗਡ ਕਾਰ ਉਥੇ ਜਾਵੇ, ਤਿੰਨ ਮੂਰਤੀ ਲੱਗੀ ਕਾਰ ਉਥੇ ਜਾਵੇ ਕਚਹਿਰੀ ਵਿੱਚੋਂ ਉਹ ਮੁਲਜ਼ਮ ਨੂੰ ਚੁੱਕ ਲਿਆਵੇ ਔਰ ਫਿਰ ਕੁਝ ਨਾ ਹੋਵੇ, ਮੈਂ ਸਮਝਦਾ ਹਾਂ ਜਿੰਨੀ ਹਿੰਮਤ ਕੀਤੀ ਸੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ, ਜਿੰਨਾ ਹੌਂਸਲਾ ਦਿਖਾਇਆ ਸੀ, ਉਸ ਸਾਰੇ ਦੇ ਉਤੇ ਇਕੋ ਮਨਿਸਟਰ ਨੇ ਪਾਣੀ ਫੇਰ ਦਿੱਤਾ (ਸ਼ੇਮ, ਸ਼ੇਮ) ਮੈਨੂੰ ਪਤਾ ਹੈ ਇਹ ਚੇਂਜ ਲਿਆਉਣਗੇ। ਮੈਨੂੰ ਇਹ ਵੀ ਪਤਾ ਹੈ ਕਿ ਇਹ ਮਹਿਸੂਸ ਕਰਦੇ ਹਨ ਕਿ ਮੇਰੇ ਨਾਲੋਂ ਅਗੇ ਇੰਨੇ ਟੁੱਟ ਗਏ, ਪੰਜ ਚਾਰ ਹੋਰ ਕੱਢ ਦਿੱਤੇ, ਦੋ ਕੁ ਉਨ੍ਹਾਂ ਦੇ ਨਾਲ ਹੋਰ ਚਲੇ ਜਾਣਗੇ। ਸਰਦਾਰ

[ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ]

ਸੁਰਜੀਤ ਸਿੰਘ ਜੀ, ਜੇ ਤੁਸੀਂ ਗੱਟਸ ਨਾਲ ਕਰੋਗੇ ਤਾਂ ਇਹ ਦਸ ਨਿਕਲ ਜਾਣ, ਤੁਹਾਡੇ ਨਾਲ ਹਜ਼ਾਰਾਂ ਬੰਦੇ ਇਕੱਠੇ ਹੋ ਜਾਣਗੇ (ਥੰਪਿੰਗ) ਲੱਖਾਂ ਤੁਹਾਡੇ ਮਗਰ ਲੱਗ ਜਾਣਗੇ (ਥੰਪਿੰਗ) ਤੇ ਜੇ ਬੀਮਾਰੀਆਂ ਆਪ ਦੇ ਗੱਲ ਪਾਈ ਰਖੀਆਂ ਤਾਂ ਤੁਹਾਡਾ ਵੀ ਨਾਲ ਹੀ ...... (ਘੰਟੀ) (ਵਿਘਨ)

ਸ਼੍ਰੀ ਸਪੀਕਰ : ਸਮਾਪਤ ਕਰੋ ਸਰਦਾਰ ਗੁਰਚਰਨ ਸਿੰਘ ਜੀ। Please conclude *(Interruption)*

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਤੁਹਾਡਾ ਜ਼ਿਆਦਾ ਟਾਈਮ ਨਹੀਂ ਲੈਂਦਾ। ਮੈਨੂੰ ਪਤਾ ਹੈ ਤੁਹਾਡੀ ਮਜ਼ਬੂਰੀ ਹੈ। ਮੈਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਬਾਰੇ ਕਹਿਣਾ ਚਾਹੁੰਦਾ ਹਾਂ। ਇਕ ਤਾਂ ਹੋਈ ਅਕਾਲੀ ਪਾਰਟੀ, ਇਕ ਹੋਈ ਦਮਦਮੀ ਟਕਸਾਲ, ਇਕ ਹੋਈ ਸਿੱਖ ਸਟੂਡੈਂਟਸ ਫੈਡਰੇਸ਼ਨ। ਇਸ ਵੇਲੇ ਬਾਦਲ ਗਰੁੱਪ ਤਾਂ ਅਕਾਲੀ ਪਾਰਟੀ ਬਾਗ਼ੀ ਅਕਾਲੀ ਹੈ। ਉਸ ਨੂੰ ਕੋਈ ਰਿਕਗਨਾਈਜ਼ ਨਹੀਂ ਕਰਦਾ। (ਵਿਘਨ) ਜਿਹੜੀ ਸਿੱਖ ਸਟੂਡੈਂਟਸ ਫੈਡਰੇਸ਼ਨ ਹੈ ਉਨ੍ਹਾਂ ਬਾਰੇ ਆਖਰ ਸਰਕਾਰ ਨੂੰ ਕੋਈ ਫੈਸਲਾ ਕਰਨਾ ਚਾਹੀਦਾ ਹੈ ਕਿ ਅਸੀਂ ਉਨਾਂ ਨੂੰ ਮੁੱਖ ਧਾਰਾ ਵਿਚ ਲਿਆਉਣਾ ਹੈ ਤਾਂ ਕੋਈ ਪ੍ਰੋਗਰਾਮ ਬਣਾਈਏ। ਜੇ ਅਸੀਂ ਸੂਬੇ ਵਿਚ ਨਾਰਮੈਲਸੀ ਲਿਆਉਣੀ ਹੈ ਤਾਂ ਅਸੀਂ ਉਨ੍ਹਾਂ ਨਾਲ ਕਿਸੇ ਸਿਧੇ ਪਾਸੇ ਦੀ ਕੋਈ ਗੱਲ ਕਰੀਏ। ਉਹ ਧੱਕੇ ਚੜ੍ਹੇ ਹਨ ਉਨ੍ਹਾਂ ਦੇ ਹੈਡ ਗਰੰਥੀ ਸਾਹਿਬਾਨ ਦੇ। ਆਪਾਂ ਉਥੇ ਜਾਣਾ ਨਹੀਂ (ਵਿਘਨ) ਸਿਧੀ ਤੁਸੀਂ ਦਸ ਦਿਓ। ਤੁਹਾਡਾ ਵੀ ਹਿਸਾਬ ਕਿਤਾਬ ਉਨ੍ਹਾਂ ਨਾਲ ਹੈ। (ਵਿਘਨ) ਅੱਛਾ ਜਿੰਨਾ ਚਿਰ ਤੁਸੀਂ ਬਤੌਰ ਹਕੂਮਤ, ਬਤੌਰ ਇਥੋਂ ਦੀ ਰਾਜਸੀ ਪਾਰਟੀ ਇਫੈਕਟਿਵ ਸਟੈਪਸ ਨਹੀਂ ਲੈਂਦੇ, ਮੈਂ ਮੰਨਦਾ ਹਾਂ ਕਿ ਤੁਸੀਂ, ਮੈਂ ਇਸ ਹੱਕ ਵਿਚ ਹੀਂ ਕਿ ਕਿਸੇ ਨੂੰ ਕਰੱਸ਼ ਕੀਤਾ ਜਾਵੇ ਲੇਕਿਨ ਕੁਝ ਐਲੀਮੈਂਟ ਹੈ ਤੁਹਾਨੂੰ ਜ਼ਰੂਰ ਉਨ੍ਹਾਂ ਨਾਲ ਡੀਲ ਵਿਦ ਕਰਨਾ ਪਵੇਗਾ। ਜੇ ਤੁਸੀਂ ਇਹੋ ਸੋਚੋ ਕਿ ਸਾਰਿਆਂ ਦੇ ਮੂਹਰੇ ਹੱਥ ਬੰਨ੍ਹੀ ਜਾਈਏ, ਸਪੀਕਰ ਸਾਹਿਬ, ਕੱਲ੍ਹ ਦੀ ਗੱਲ ਹੈ , ਇਸ ਹਾਊਸ ਦਾ ਇਲੈਕਟਿਡ ਮੈਂਬਰ ਮਾਰ ਦਿੱਤਾ, ਪਿਛਲੇ ਸਾਲ ਇਧਰ ਬੈਠਾ ਸਾਡਾ ਇਲੈਕਟਿਡ ਮੈਂਬਰ ਮਾਰ ਦਿੱਤਾ। ਕੱਲ੍ਹ 12 ਆਦਮੀ ਮਾਰ ਦਿੱਤੇ। ਪਰ ਆਪਾਂ ਕਹਿੰਦੇ ਹਾਂ ਕਿ ਨਾਰਮੈਲਸੀ ਆ ਰਹੀ ਹੈ, ਅਸੀਂ ਤਕੜੇ ਹੋ ਗਏ ਹਾਂ। ਮਜ਼ਬੂਤ ਹੋ ਗਏ ਹਾਂ। ਇਹ ਜਿਹੜੇ 12 ਆਦਮੀ ਮਾਰੇ ਹਨ ਉਨ੍ਹਾਂ ਦੇ ਵਿਚ ਇਕ ਮੇਰੇ ਹਲਕੇ ਦਾ ਮੇਰਾ ਸਪੋਰਟਰ ਸੂਬੇਦਾਰ ਨਿਹਾਲ ਸਿੰਘ ਬੁੱਟਰ ਦਾ ਰਹਿਣਵਾਲਾ ਦੋਦਰ ਪਿੰਡ ਵਿਚ ਕਤਲ ਕੀਤਾ ਗਿਆ। ਉਸ ਦੀ 85 ਸਾਲ ਦੀ ਉਮਰ ਹੈ। ਅਖ਼ਬਾਰ ਵਿਚ ਲਿਖਿਆ ਹੈ ਕਿ ਕਮਾਂਡੋ ਫੋਰਸ ਨੇ ਕਿਹਾ ਹੈ ਕਿ ਇਹਨੇ ਕਿਸੇ ਵੇਲੇ ਨਿਰੰਕਾਰੀਆਂ ਨਾਲ ਰਲ ਕੇ 18 (ਵਿਘਨ) ਉਹ ਇੰਨ੍ਹਾਂ ਸ਼ਰੀਫ਼ ਆਦਮੀ ਸੀ, ਉਹ ਮੇਰਾ ਖਿਆਲ ਹੈ ਕਦੇ ਅੰਮ੍ਰਿਤਸਰ ਨਹੀਂ ਗਿਆ ਹੋਣਾ। ਉਸ ਰਿਟਾਇਰਡ ਸੂਬੇਦਾਰ ਨੇ ਸਾਰੀ ਉਮਰ ਫੌਜ ਵਿਚ ਖ਼ਿਦਮਤ ਕੀਤੀ, ਉਸ ਨੂੰ ਕਤਲ ਕਰ ਦਿੱਤਾ। ਤੇ ਇਸ ਤਰ੍ਹਾਂ 12, 12 ਆਦਮੀ ਅੱਜ ਕਤਲ ਹੋ ਰਹੇ ਹਨ ਤੇ ਲੋਕਾਂ ਦੇ ਚਿਹਰੇ ਤੇ ਬਿਲਕੁਲ ਮਲਾਲ ਕੋਈ ਨਹੀਂ ਔਰ ਸਮਝਦੇ ਹਨ ਕਿ ਰੁਟੀਨ ਹੈ ਰੋਜ਼ ਦਾ (ਵਿਘਨ) ਤੇ, ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਤਰੀਕੇ ਦੇ ਨਾਲ ਇਹ ਮਸਲਾ ਹਲ ਨਹੀਂ ਹੋਣਾ ਕਿ ਖਾਲਸਾ ਰਾਜ ਦਾ ਐਲਾਨ ਹੋਵੇ, 35, 35 ਹਿੰਦੂ ਮਾਰਨ ਦਾ ਐਲਾਨ ਹੋਵੇ। ਅੱਜ ਮੁਲਕ ਤੁਹਾਡੇ ਨਾਲ ਖੜ੍ਹਾ ਹੈ, ਲੇਕਿਨ ਜੇ ਤੁਸੀਂ ਕੁਝ ਨਾ ਕੀਤਾ ਤਾਂ ਇਕ ਮਿੰਟ ਵਿਚ ਮੁਲਕ ਤੁਹਾਡੇ ਨਾਲੋਂ ਟੁੱਟ ਜਾਏਗਾ। ਤੁਸੀਂ ਬਿਲਕੁਲ

ਆਈਸੋਲੇਟ ਹੋ ਜਾਉਗੇ ਔਰ ਤੁਹਾਡੇ ਕੋਲੋਂ ਫਿਰ ਕੁਝ ਨਹੀਂ ਹੋਣਾ। ਮੈਂ ਸਮਝਦਾ ਹਾਂ ਤੁਹਾਨੂੰ ਤਕੜੇ ਹੋ ਕੇ ...... (ਵਿਘਨ)

ਇਕ ਲਾਸਟ ਗੱਲ, ਸਪੀਕਰ ਸਾਹਿਬ, ਮੈਂ ਕਹਾਂਗਾ। ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿੰਦਾ ਹਾਂ। ਮੈਂ ਇਉਂ ਮਹਿਸੂਸ ਕਰਦੇ ਹੋਏ ਕਿ ਮੈਨੂੰ ਵੀ ਕਾਫੀ ਅਰਸਾ ਇਸ ਹਾਊਸ ਦੇ ਵਿਚ ਰਹਿਣ ਦਾ ਮੌਕਾ ਮਿਲਿਆ ਹੈ ਔਰ ਹਾਊਸ ਵਿਚ ਰਹਿਣ ਤੋਂ ਬਾਦ ਮੈਂ ਪੰਜਾਬ ਦੇ ਅਫਸਰ ਸਾਹਿਬਾਨ ਨੂੰ ਵੀ ਜਾਣਦਾ ਹਾਂ। ਅਫਸੋਸ ਦੀ ਗੱਲ ਹੈ ਕਿ ਐਸੀ ਸਾਡੀ ਬਦਕਿਸਮਤੀ ਹੈ ਕਿ ਪਿਛਲੇ ਤਿੰਨ ਕੁ ਸਾਲ , ਚਾਰ ਸਾਲ ਤੋਂ ਲੈ ਕੇ ਉਸ ਦੇ ਵਿਚ ਮੈਂ ਆਪਣੀ ਪਾਰਟੀ ਨੂੰ ਵੀ ਬਲੇਮ ਕਰਦਾ ਹਾਂ to be very frank ਸਰਦਾਰ ਦਰਬਾਰਾ ਸਿੰਘ ਵੇਲੇ ਵੀ ਸਾਰੇ ਪੰਜਾਬ ਵਿਚ ਪੁਲਿਸ ਅਫਸਰਾਂ ਦੀ ਜੋ ਤਾਇਨਾਤੀ ਸੀ, ਪੋਸਟਿੰਗ ਸੀ, ਨਹਾਇਤ ਗਲਤ ਤਰੀਕੇ ਨਾਲ ਹੋਈ ਹੋਈ ਸੀ। ਮੈਂ ਇਕ ਇਕ ਬੰਦੇ ਦੀ ਲਿਸਟ ਦਿੰਦਾ ਹਾਂ ਸੀ.ਐਮ. ਸਾਹਿਬ ਨੂੰ ਔਰ ਨਾਲ ਰੈਜ਼ਿਗਨੇਸ਼ਨ ਦੇ ਦੇਵਾਂਗਾ, ਐਫੀਡੈਵਿਟ ਦੇ ਦੇਵਾਂਗਾ ਜੇ ਅੱਜ ਵੀ ਉਨ੍ਹਾਂ ਦਾ ਕੁਲੈਕਸ਼ਨ ਭੈੜਿਆਂ ਬੰਦਿਆਂ ਕੋਲੋਂ, ਸਮੱਗਲਰਾਂ ਕੋਲੋਂ 50/50 ਹਜ਼ਾਰ, ਲੱਖ ਲੱਖ ਮਹੀਨੇ ਦੀ ਨਾ ਹੋਵੇ। ਅੱਜ ਦੇਵਾਂਗਾ ਔਰ ਮੈਂ ਦੇਵਾਂਗਾ ਜ਼ਰੂਰ, ਐਫੀਡੈਵਿਟ ਵੀ ਕਹਿ ਦੇਣ ਤਾਂ ਦੇ ਦੇਵਾਂਗਾ। ਜਦੋਂ ਐਨੀ ਪੋਸਟਿੰਗ ਗਲਤ ਹੋਵੇ, ਤੁਸੀਂ ਡਿਪੈਂਡ ਉਨ੍ਹਾਂ ਤੇ ਕਰਦੇ ਹੋ ਪੁਲਿਸ ਅਫਸਰਾਂ ਤੇ ਚਾਹੇ ਉਹ ਡਿਸਟ੍ਰਿਕਟ ਹੈਡਕੁਆਰਟਰ ਤੇ ਲੱਗਾ ਹੋਇਆ ਹੈ, ਚਾਹੇ ਉਹ ਡਵੀਜ਼ਨ, ਸਬ-ਡਵੀਜ਼ਨ ਹੈਡਕੁਆਰਟਰ ਤੇ ਲੱਗਿਆ ਹੈ, ਚਾਹੇ ਐਸ.ਐਚ.ਓ. ਲੱਗਿਆ ਹੈ ਤਾਂ ਫਿਰ ਉਥੇ ਭਲੇ ਦਾ ਕੰਮ ਕਿਥੇ ? ਉਥੇ ਇੰਪਰੂਵਮੈਂਟ ਕਿਥੇ ? ਮੈਂ ਸਮਝਦਾ ਹਾਂ ਕਿ ਸਭ ਤੋਂ ਪਹਿਲਾਂ ਸੀ .ਐਮ. ਸਾਹਿਬ ਆਪਦੇ ਬੰਦਿਆਂ ਨੂੰ ਪੁੱਛ ਲਵੋ, ਸਾਨੂੰ ਪੁੱਛ ਲਵੋ, ਨਾਨ-ਪੁਲਿਟੀਕਲ ਬੰਦਿਆਂ ਤੋਂ ਪੁੱਛ ਲਵੋ ਕਿ ਕਿਹੜੇ ਕਿਹੜੇ ਬੰਦਿਆਂ ਨੂੰ ਤੁਸੀਂ ਕਿਵੇਂ ਕਿਵੇਂ ਪੋਸਟ ਕੀਤਾ ਹੈ ? ਉਨ੍ਹਾਂ ਦਾ ਕੀ ਕਿਰਦਾਰ ਹੈ ?

Mr. Speaker : Sardar Gurcharan Singh Ji, please conclude now.

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਜੇ ਇਕ ਪਰਸੈਂਟ ......

ਸ਼੍ਰੀ ਸਪੀਕਰ : ਕਨਕਲੂਡ ਕਰੋ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਕਰਦਾ ਹਾਂ ਜੀ, ਕਰਦਾ ਹਾਂ। ਮੈਂ ਇਹ ਕਹਾਂਗਾ ਕਿ ਜੇ ਇਸਦੇ ਵਿਚ ਇੰਪਰੂਵਮੈਂਟ ਲਿਆਉਣੀ ਹੈ ਫਸਟ ਸਕਰੀਨਿੰਗ ਕਰੋ ਆਪਦੇ ਪੁਲਿਸ ਅਫਸਰਾਂ ਦੀ, ਫੀਲਡ ਦੇ ਵਿਚ ਉਨ੍ਹਾਂ ਨੂੰ ਭੇਜੋ ਜਿਹੜੇ ਉਨ੍ਹਾਂ ਦੇ ਨਾਲ ਨਹੀਂ ਮਿਲੇ ਹੋਏ। ਮੈਂ ਤੁਹਾਨੂੰ ਸਾਬਤ ਕਰਾਂਗਾ ਇਕੱਲਾ ਮਿਲ ਕੇ। ਮੈਂ ਕਿਸੇ ਦੇ ਬਰਖਿਲਾਫ ਗੱਲ ਥੋੜ੍ਹਾ ਕਰਦਾ ਹਾਂ। ਇਕ ਗਜ਼ਟਿਡ ਅਫਸਰ ਪੁਲਿਸ ਦਾ ਕਹਿੰਦਾ ਹੈ ਡਰੇਡਿਡ ਟੈਰੋਰਿਸਟ ਨੂੰ ਔਰ ਉਸ ਦੀ ਮੁਲਾਕਾਤ ਦਾ ਮੇਰੇ ਪਾਸ ਟਾਈਮ ਹੈ ਕਿ ਕਿੱਥੇ ਹੋਈ ਹੈ। ਉਹ ਕਹਿੰਦਾ ਹੈ, ਸਾਨੂੰ ਦੱਸ ਕੇ ਅੱਗਾ ਪਿੱਛਾ ਕਰ ਲਿਆ ਕਰੋ, ਸਾਡੀ ਜਾਨ ਬਚਾਓ। ਮੈਂ ਇਮਾਨਦਾਰੀ ਨਾਲ ਇਸ ਆਗਸਟ ਹਾਊਸ ਦੇ ਵਿਚ ਦੱਸਦਾ ਹਾਂ। ਉਹ ਕਹਿੰਦਾ ਹੈ ਕਿ ਅੱਗਾ ਪਿੱਛਾ ਕਰ ਲਿਆ ਕਰੋ ਔਰ ਰੋਜ਼ ਕਤਲ ਹੁੰਦੇ ਹਨ ਔਰ ਅੱਗਾ ਪਿੱਛਾ ਰੋਜ਼ ਹੁੰਦਾ ਹੈ।

ਸਪੀਕਰ ਸਾਹਿਬ, ਲਾਸਟ ਇਹ ਗੱਲ ਕਿ ਕੋਰਟਸ ਦੇ ਵਿਚ ਚਾਰ ਆਦਮੀ ਕਚਹਿਰੀ ਵਿਚ ਖੜੇ ਹੋਣ, ਮੈਜਿਸਟਰੇਟ ਆਪਣੀ ਕੁਰਸੀ ਤੇ ਬੈਠਾ ਹੋਵੇ, ਕੇਸ ਸੁਣ ਰਿਹਾ ਹੋਵੇ, ਇਕ ਸਰਕਾਰੀ

[ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ]

ਵਕੀਲ ਖੜਾ ਹੋਵੇ ਔਰ ਇਕ ਦੂਜਾ ਵਕੀਲ ਖੜਾ ਹੋਵੇ, ਦੋ ਚਾਰ ਸਾਇਲ ਖੜੇ ਹੋਣ, ਉਥੇ ਇਕ ਸਬ-ਇਨਸਪੈਕਟਰ ਖੜਾ ਹੋਵੇ, 455 ਬੋਰ ਦਾ ਰਿਵਾਲਵਰ ਪਾਈ, ਇਕ 38 ਬੋਰ ਦਾ ਰਿਵਾਲਵਰ ਲੈ ਕੇ ਆਇਆ ਜਿਹੜਾ ਸਭ ਤੋਂ ਨਿਕੰਮਾ ਹਥਿਆਰ ਹੈ ਤੇ ਉਹ ਦੋ ਗੋਲੀਆਂ ਮਾਰ ਕੇ ਚਲਾ ਜਾਏ ਔਰ ਉਸ ਨੂੰ ਫਾਲੋ ਤੱਕ ਨਹੀਂ ਕੀਤਾ ਮੋਗੇ ਦੇ ਵਿਚ। ਹਰ ਕਿਸਮ ਦੀ ਇਕੁਇਪਮੈਂਟ ਤੁਹਾਡੇ ਕੋਲ ਹੈ। ਤੁਹਾਡੇ ਕੋਲ ਵਾਇਰਲੈਸਾਂ, ਕੋਨੇ ਕੋਨੇ ਤੇ ਤੁਹਾਡੇ ਕੋਲ ਸੀ.ਆਰ.ਪੀ. ਖੜੀ ਹੈ। ਕੋਨੇ ਕੋਨੇ ਤੇ ਤੁਹਾਡੇ ਮਾਰੂਤੀ ਜੀਪਾਂ ਖੜੀਆਂ ਹਨ ਔਰ ਏਨੇ ਫਾਸਟ ਇਕੁਇਪਮੈਂਟ ਤੁਹਾਡੇ ਕੋਲ ਹਨ। ਕੋਈ ਉਥੋਂ ਤੱਕ ਪਿੱਛਾ ਨਹੀਂ ਕਰਦਾ, । Do you think ਕਿ ਉਹ ਐਫਰਟਸ ਕਰਦੇ ਹਨ ਉਨ੍ਹਾਂ ਨੂੰ ਫੜਨ ਵਾਸਤੇ ? ਤੁਹਾਡੀ ਐਫਰਟਸ ਕੁਝ ਨਹੀਂ ਕਰੇਗੀ ਜਿੰਨਾ ਚਿਰ ਤੁਹਾਡਾ ਉਹ ਵਿੰਗ, ਇੰਪਲੀ-ਮੈਂਟੇਸ਼ਨ ਕਰਨ ਵਾਲਾ ਵਿੰਗ ਠੀਕ ਨਹੀਂ ਹੁੰਦਾ ਔਰ ਉਸ ਚੀਜ਼ ਨੂੰ ਤੁਸੀਂ ਦਰੁਸਤ ਨਹੀਂ ਕਰਦੇ, ਕਦੇ ਪੰਜਾਬ ਨਹੀਂ ਸੁਧਰ ਸਕਦਾ। ਇਹ ਕਹਿਕੇ ਮੈਂ ਕਹਾਂਗਾ ਕਿ ਜੋ ਹੋਲੇ ਮੁਹੱਲੇ ਦੀ ਜਿਹੜੀ ਮੀਟਿੰਗ ਹੋਈ ਹੈ, ਜਦ ਤੱਕ ਅਜਿਹੀਆਂ ਮੀਟਿੰਗਾਂ ਬਿਲਕੁਲ ਬੰਦ ਨਹੀਂ ਕਰਦੇ ਔਰ ਇਹ ਬਗਾਵਤ ਕਰਨ ਵਾਲਿਆਂ ਤੇ ਸਖਤ ਐਕਸ਼ਨ ਨਹੀਂ ਲੈਂਦੇ, ਓਨਾ ਚਿਰ ਕਦੇ ਸੁਧਾਰ ਨਹੀਂ ਹੋ ਸਕਦਾ। ਇਹ ਕਹਿ ਕੇ ਮੈਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ।

ਵੈਦ ਓਮ ਪ੍ਰਕਾਸ਼ ਦੱਤਾ (ਜਲੰਧਰ ਉੱਤਰੀ) : ਆਦਰਨੀਏ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ, ਮੈਂ ਤੁਹਾਡਾ ਧੰਨਵਾਦੀ ਹਾਂ। ਇਹ ਜਿਹੜੀ ਗੱਲ ਅਨੰਦਪੁਰ ਸਾਹਿਬ ਵਿਚ ਹੋਈ, ਉਥੇ ਸਪੀਚਾਂ ਹੋਈਆਂ, ਇਹ ਕਾਫੀ ਦੇਰ ਦੀ ਚਲੀ ਆ ਰਹੀ ਗੱਲ ਦਾ ਨਤੀਜਾ ਹੈ। ਇਹ ਉਦੋਂ ਤੋਂ ਕੰਮ ਸ਼ੁਰੂ ਹੋਇਆ ਜਦੋਂ ਪੰਜਾਬ ਵਿਚ ਪਿੰਡਾਂ ਵਿਚ ਹਥਿਆਰ ਸਪਲਾਈ ਹੁੰਦੇ ਰਹੇ ਅਤੇ ਹਰ ਇਕ ਆਦਮੀ, ਨੌਜਵਾਨ ਨੂੰ ਗੁਮਰਾਹ ਕਰਕੇ ਉਨ੍ਹਾਂ ਲਾਈਨਜ਼ ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਗਈ। ਅੱਜ ਪੰਜਾਬ ਵਿਚ ਹਿੰਦੂ ਸਿੱਖਾਂ ਨੂੰ ਆਪਿਸ ਵਿਚ ਲੜਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿਸੇ ਤਰੀਕੇ ਨਾਲ ਉਹ ਆਪਿਸ ਵਿਚ ਲੜਨ। ਹਿੰਦੂ ਲੋਕ ਇਥੋਂ ਪੰਜਾਬ ਵਿਚੋਂ ਕਾਫੀ ਨਿਕਲੇ ਵੀ ਹਨ ਜਿਸ ਤਰ੍ਹਾਂ ਕਿ ਬਾਰਡਰ ਦੇ ਲੋਕ, ਤਰਨ ਤਾਰਨ ਅਾਦਿ ਦੇ ਲੋਕ ਕਾਫੀ ਨਿਕਲੇ ਹਨ। ਉਹ ਜੋ ਮਰਜ਼ੀ ਕਹੀ ਜਾਣ ਪਰ ਸਾਨੂੰ ਹਿੰਦੂ ਸਿੱਖ ਨੂੰ ਮਿਲਕੇ ਰਹਿਣਾ ਚਾਹੀਦਾ ਹੈ। ਅੱਜ ਕੋਈ ਪੰਜਾਬ ਦੇ ਹਿੰਦੂ ਸਿੱਖ ਆਪਿਸ ਵਿਚ ਲੜ ਨਹੀਂ ਰਹੇ ਲੇਕਿਨ ਉਨ੍ਹਾਂ ਲੋਕਾਂ ਵੱਲੋਂ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਆਪਿਸ ਵਿਚ ਲੜਨ। ਫਿਰ ਪੋਲਿਟੀਕਲ ਰੈਲੀਆਂ ਹੋ ਰਹੀਆਂ ਹਨ। ਲੋਕੀਂ ਮਰ ਰਹੇ ਹਨ। ਟੀਚਰ ਮਰ ਰਹੇ ਹਨ। ਐਡਵੋਕੇਟ ਮਰ ਰਹੇ ਹਨ। ਐਮ.ਐਲ.ਏ. ਮਰ ਰਹੇ ਹਨ। ਕਈ ਐਕਸ-ਐਮ.ਐਲ.ਏ. ਮਰ ਰਹੇ ਹਨ। ਲੇਕਿਨ ਆਮ ਸਿੱਖ ਜੋ ਹੈ ਉਸ ਦੇ ਦਿਮਾਗ ਵਿੱਚ ਇਕੋ ਗੱਲ ਖਾਲਿਸਤਾਨ ਦੀ ਹੈ। ਇਹ ਸਚਾਈ ਹੈ ਕਿ ਹਿੰਦੂ ਪੰਜਾਬ ਖਾਲੀ ਕਰਕੇ ਚਲੇ ਜਾਣ। ਸਰਦਾਰ ਬਲਵੰਤ ਸਿੰਘ ਨੇ ਕਿਹਾ ਸੀ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਜੋ ਚਲੇ ਗਏ ਹਨ ਜੇ ਉਹ ਲੋਕ ਆਉਣਗੇ ਤਾਂ ਅਸੀਂ ਉਨ੍ਹਾਂ ਨੂੰ ਉਹੀ ਫੈਸਿਲਿਟੀਜ਼ ਦੇਵਾਂਗੇ ਜਿਹੜੀਆਂ ਦੰਗਾ ਪੀੜਤ ਲੋਕਾਂ ਨੂੰ ਦਿੱਤੀਆਂ ਗਈਆਂ ਹਨ। ਮੈਂ ਸਮਝਦਾ ਹਾਂ ਕਿ ਕੋਈ ਵੀ ਉਨ੍ਹਾਂ ਨੂੰ ਲੈਣ ਵਾਸਤੇ ਦਿੱਲੀ ਜਾਂ ਹੋਰ ਥਾਵਾਂ ਤੇ ਨਹੀਂ ਗਿਆ। ਇਕ ਐਮ.ਐਲ.ਏਜ਼. ਦੀ ਕਮੇਟੀ ਬਣਾਈ ਗਈ ਸੀ, ਉਹ ਵੀ ਕਿਸੇ ਨੂੰ ਕੋਈ ਮਿਲ ਕੇ ਨਹੀਂ ਆਈ। ਕੋਈ ਵੀ ਉਨ੍ਹਾਂ ਨੂੰ ਮਿਲਣ ਨਹੀਂ ਗਿਆ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਪ੍ਰੇਰਿਆ ਗਿਆ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਉਸ ਕਮੇਟੀ ਨੇ ਜੋ ਕੁਝ ਕੀਤਾ ਹੈ ਤਾਂ ਉਸ ਦੀ ਰਿਪੋਰਟ ਪਤਾ ਲੱਗਣੀ ਚਾਹੀਦੀ ਹੈ ਕਿ ਉਸ ਨੇ ਕੀ ਕੀਤਾ ਹੈ ਅਤੇ ਉਸ ਤੇ ਸਰਕਾਰ ਨੇ ਕੀ ਕੀਤਾ ਹੈ। ਤੁਸੀਂ ਦੇਖੋ, ਸਪੀਕਰ ਸਾਹਿਬ, ਕਿ ਅਕਾਲੀ ਗੌਰਮਿੰਟ ਨੂੰ ਅਨੰਦਪੁਰ ਸਾਹਿਬ ਜਾਣ ਨਹੀਂ ਦਿੱਤਾ।

ਸਾਰੇ ਗੁਰਦੁਆਰਿਆਂ ਵਿੱਚ ਉਨ੍ਹਾਂ ਲੋਕਾਂ ਦਾ ਕਬਜ਼ਾ ਹੈ। ਗੁਰਦੁਆਰਿਆਂ ਦੇ ਵਿੱਚ ਜਿਹੜੇ ਗੁੰਮਰਾਹ ਹੋਏ ਹੋਏ ਲੋਕ ਹਨ ਉਨ੍ਹਾਂ ਦਾ ਕਬਜ਼ਾ ਹੈ। ਕਮ-ਅਜ਼-ਕਮ ਇਸ ਦੇ ਵਾਸਤੇ ਕੋਈ ਐਸੀ ਸਕੀਮ ਬਣਾਈ ਜਾਵੇ ਜਿਸ ਦੇ ਨਾਲ ਇਹ ਜੋ ਰੋਜ਼ ਰੋਜ਼ ਦੇ ਵਾਕੇ ਹੋ ਰਹੇ ਹਨ ਉਹ ਰੁਕ ਸਕਣ ਅਤੇ ਅਮਨ ਤੇ ਸਾਂਤੀ ਹੋ ਸਕੇ। (ਵਿਘਨ) ਸਰਦਾਰ ਬਲਵੰਤ ਸਿੰਘ ਜੀ ਜਲੰਧਰ ਗਏ ਸੀ ਉਥੇ ਉਨ੍ਹਾਂ ਨੂੰ ਦੰਗਾ ਪੀੜਤ ਲੋਕ ਮਿਲੇ ਸਨ। (ਇਨ੍ਹਾਂ ਨੇ ਉਨ੍ਹਾਂ ਨੂੰ ਕਾਫੀ ਪ੍ਰੇਰਨਾ ਕੀਤੀ। ਹਰਭਜਨ ਕੌਰ ਮੇਰੇ ਘਰ ਦੇ ਨਾਲ ਰਹਿੰਦੀ ਸੀ। ਇਕ ਆਵਾਜ਼ : ਇਹ ਸਾਈਡ ਟਰੈਕ ਕਰ ਗਏ ਹਨ) ਉਸ ਦੇ ਘਰ 2 ਆਦਮੀ ਆਏ ਔਰ ਗੋਲੀ ਮਾਰ ਕੇ ਚਲੇ ਗਏ। ਉਥੇ ਕੋਈ ਅਕਾਲੀ ਨਹੀਂ ਪਹੁੰਚਿਆ, ਹੋਰ ਕੋਈ ਨਹੀਂ ਪਹੁੰਚਿਆ। ਮੈਂ ਹੀ ਉਥੇ ਗਿਆ ਸੀ ਅਤੇ ਉਸ ਨੂੰ ਹਸਪਤਾਲ ਲੈ ਕੇ ਗਿਆ ਔਰ ਮੈਂ ਹੀ ਉਸ ਦਾ ਪੋਸਟ ਮਾਰਟਮ ਕਰਵਾਇਆ। ਇਨ੍ਹਾਂ ਚੀਜ਼ਾਂ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਜਿਹੜਾ ਇਨ੍ਹਾਂ ਨੇ ਅਕਾਰਡ ਕੀਤਾ ਹੈ ਉਸ ਨੂੰ ਫੌਰਨ ਲਾਗੂ ਕਰਾਉਣਾ ਚਾਹੀਦਾ ਹੈ। ਕਦੇ ਕੋਈ ਇਸ ਦੇ ਲਈ ਕਮਿਸ਼ਨ ਅਤੇ ਕਦੇ ਕੋਈ ਕਮਿਸ਼ਨ, ਇਸ ਤਰ੍ਹਾਂ ਕਮਿਸ਼ਨ ਬਣਾਉਣ ਦੇ ਨਾਲ ਕੋਈ ਹੱਲ ਨਹੀਂ ਹੋਵੇਗਾ। (ਵਿਘਨ) ਹੱਲ ਤਾਂ ਇਸ ਦਾ ਤਾਂ ਹੀ ਹੋਵੇਗਾ ਜੇ ਇਨ੍ਹਾਂ ਲੋਕਾਂ ਨਾਲ ਸਖਤੀ ਵਰਤੀ ਜਾਵੇਗੀ ਜਿਹੜੇ ਗਲਤ ਕੰਮ ਕਰਦੇ ਹਨ। ਦਮਦਮੀ ਟਕਸਾਲ ਵਾਲੇ ਜੋ ਦਿਲ ਵਿੱਚ ਆਵੇ ਕਰੀ ਜਾਂਦੇ ਹਨ। ਜੇ ਦਿਲ ਕਰਦਾ ਹੈ ਤਾਂ ਬੈਂਕ ਲੁੱਟ ਲੈਂਦੇ ਹਨ, ਜੇ ਦਿਲ ਕਰਦਾ ਹੈ ਤਾਂ ਕਿਸੇ ਨੂੰ ਮਾਰ ਦਿੰਦੇ ਹਨ। ਜੋ ਉਹ ਚਾਹੁੰਦੇ ਹਨ ਉਹੀ ਕੁਝ ਕਰਦੇ ਹਨ। ਹਥਿਆਰ ਉਨ੍ਹਾਂ ਦੇ ਕੋਲ ਆਮ ਹਨ। ਜਲੰਧਰ ਦੇਖਿਆ ਹੈ ਕਿ ਉਨ੍ਹਾਂ ਨੂੰ ਕਨੇਡਾ ਵਗੈਰਾ ਤੋਂ ਟੈਲੀਫੋਨ ਆਉਂਦੇ ਹਨ। ਉਸ ਦੇ ਲਈ ਮੈਂ ਸਮਝਦਾ ਹਾਂ ਕਿ ਗੌਰਮਿੰਟ ਦੇ ਕੋਲ ਇਕੋ ਤਰੀਕਾ ਹੈ ਕਿ ਉਨ੍ਹਾਂ ਨਾਲ ਸਖਤੀ ਨਾਲ ਪੇਸ਼ ਆਵੇ, ਉਨ੍ਹਾਂ ਤੇ ਸਖ਼ਤੀ ਕਰੇ। ਜੇ ਗੌਰਮਿੰਟ ਕੋਈ ਸਖ਼ਤੀ ਨਹੀਂ ਕਰਦੀ ਤਾਂ ਕੁਝ ਨਹੀਂ ਹੋਵੇਗਾ।

ਸਰਦਾਰ ਬਚਿੱਤਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਇਹ ਸਾਰੀ ਦਮਦਮੀ ਟਕਸਾਲ ਦੇ ਬਾਰੇ ਜਿਹੜੀ ਸਿਖ ਕੌਮ ਦੀ ਸਿਰਮੌਰ ਧਾਰਮਿਕ ਜਥੇਬੰਦੀ ਹੈ ਉਸ ਸਾਰੀ ਦੀ ਸਾਰੀ ਜੱਥੇਬੰਦੀ ਦਮਦਮੀ ਟਕਸਾਲ ਦੇ ਬਾਰੇ ਇਸ ਤਰ੍ਹਾਂ ਦੇ ਇਲਫਾਜ਼ ਕਹਿ ਰਹੇ ਹਨ, ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਇਹ ਇਲਫਾਜ਼ ਐਕਸਪੰਜ ਹੋਣ ਚਾਹੀਦੇ ਹਨ।

ਵੈਦ ਓਮ ਪ੍ਰਕਾਸ਼ ਦੱਤਾ : ਮੈਂ ਤਾਂ ਕਿਸੇ ਧਾਰਮਿਕ ਜਥੇਬੰਦੀ ਦੀ ਬੇਇਜ਼ਤੀ ਨਹੀਂ ਕਰਨਾ ਚਾਹੁੰਦਾ, ਮੈਂ ਤਾਂ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਅਮਨ ਹੋਣਾ ਚਾਹੀਦਾ ਹੈ। ਔਰ ਇਹ ਅਮਨ ਲਿਆਉਣ ਵਾਸਤੇ ਸਰਕਾਰ ਨੂੰ ਕੋਈ ਸਖ਼ਤ ਕਦਮ ਚੁਕੱਣੇ ਚਾਹੀਦੇ ਹਨ। ਇਹ ਜਿਹੜਾ ਅਨੰਦਪੁਰ ਸਾਹਿਬ ਦਾ ਪ੍ਰਸਤਾਵ ਸੀ ਇਸ ਦਾ ਅਸਰ ਸਾਰੇ ਹਿੰਦੁਸਤਾਨ ਵਿੱਚ ਪਿਆ। ਇਸ ਪ੍ਰਸਤਾਵ ਕਰਕੇ ਭਾਰਤੀਆ ਜਨਤਾ ਪਾਰਟੀ ਨੂੰ ਸਾਰੇ ਹਿੰਦੁਸਤਾਨ ਵਿੱਚ 2 ਸੀਟਾਂ ਹੀ ਮਿਲੀਆਂ। ਪਹਿਲਾਂ ਅਨੰਦਪੁਰ ਸਾਹਿਬ ਦੇ ਮਤੇ ਬਾਰੇ ਰਾਜੀਵ ਗਾਂਧੀ ਨੇ ਕੀ ਕੁਝ ਕਿਹਾ ਤੇ ਆਖਿਰ ਉਸ ਮਤੇ ਨੂੰ ਰਾਜੀਵ ਨੇ ਸਵੀਕਾਰ ਕਰ ਲਿਆ। ਇਹ ਅਨੰਦਪੁਰ ਸਾਹਿਬ ਦਾ ਜਿਹੜਾ ਰੈਜ਼ੋਲਿਊਸ਼ਨ ਹੈ ਇਹ ਰੈਜ਼ੋਲਿਊਸ਼ਨ ਦੇਸ਼ ਦਾ ਬਟਵਾਰਾ ਕਰਨਾ ਚਾਹੁੰਦਾ ਹੈ। ਮੈਂ ਸਮਝਦਾ ਹਾਂ ਕਿ ਅਕਾਲੀ ਗੌਰਮਿੰਟ ਪੰਜਾਬ ਦੀ ਰਖਵਾਲੀ ਹੈ, ਜੇ ਆਪਸ ਵਿੱਚ ਕੋਈ ਗਲਤ ਫਹਿਮੀ ਹੈ ਉਸ ਨੂੰ ਇਹ ਠੀਕ ਕਰ ਲੈਣ। ਸਾਰੀਆਂ ਪੁਲੀਟੀਕਲ ਪਾਰਟੀਆਂ ਤੁਹਾਡੀ ਸਪੋਰਟ ਤੇ ਬੈਠੀਆਂ ਹਨ। ਪੰਜਾਬ ਨੂੰ ਖੁਸ਼ਹਾਲ ਬਣਾਉ ਨਹੀਂ ਤਾਂ ਸਾਰਾ ਪੰਜਾਬ ਤਬਾਹ ਹੋ ਜਾਵੇਗਾ। ਇਨ੍ਹਾਂ ਸ਼ਬਦਾਂ ਨਾਲ ਮੈਂ, ਸਪੀਕਰ ਸਾਹਿਬ, ਤੁਹਾਡੀ ਇਜਾਜ਼ਤ ਚਾਹੁੰਦਾ ਹਾਂ।

ਸ਼੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ) : ਸਪੀਕਰ ਸਾਹਿਬ, ਹੋਲਾ ਮਹੱਲਾ ਦੇ ਮੌਕੇ ਤੇ ਕੀਤੇ ਗਏ ਭਾਸ਼ਨਾਂ ਦਾ ਜ਼ਿਕਰ ਕਰਦੇ ਹੋਏ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਥੇ ਮੌਜੂਦ ਲੋਕਾਂ ਨੇ ਦੱਸਿਆ ਹੈ ਕਿ ਜਦੋਂ ਸਰਦਾਰ ਅਮਰਜੀਤ ਸਿੰਘ ਸਮਰਾਲਾ ਦੀ ਮੌਤ ਦੀ ਖਬਰ ਅਨੰਦਪੁਰ ਸਾਹਿਬ ਉਨ੍ਹਾਂ ਦੀ ਸਟੇਜ ਤੇ ਦੱਸੀ ਗਈ ਤਾਂ ਉਥੇ ਖੁਸ਼ੀ ਮਨਾਈ ਗਈ। ਉਨ੍ਹਾਂ ਨੇ ਸਟੇਜ ਤੇ ਅਨਾਊਂਸ ਕੀਤਾ ਕਿ ਉਹ ਕਿਹੜਾ ਵਡਭਾਗੀ ਸਿੱਖ ਹੈ ਜਿਸ ਨੇ ਇਹ ਮਾਣ ਪ੍ਰਾਪਤ ਕੀਤਾ ਹੈ। ਦੱਸ ਮਿੰਟ ਲਗਾਤਾਰ ਉਥੇ ਖੁਸ਼ੀ ਮਨਾਈ ਗਈ। ਸਪੀਕਰ ਸਾਹਿਬ, ਜਿਸ ਜਗ੍ਹਾ ਤੋਂ ਮਨੁੱਖਤਾ ਦਾ ਸੰਦੇਸ਼ ਮਿਲੇ, ਜਿਸ ਜਗ੍ਹਾ ਤੇ ਦੁਨੀਆਂ ਵਿਚ ਹਿਸਟੋਰੀਕਲ ਗੱਲ ਹੋਈ ਹੋਵੇ ਕਿ ਕਸ਼ਮੀਰ ਤੋਂ ਚਲ ਕੇ ਪੰਡਿਤਾਂ ਦੇ ਰਹਿਨੁਮਾ ਸ੍ਰੀ ਕ੍ਰਿਪਾ ਰਾਮ ਨੇ ਚਲ ਕੇ ਗੁਰੂ ਤੇਗ ਬਹਾਦਰ ਜੀ ਨੂੰ ਉਨ੍ਹਾਂ ਤੇ ਹੋਏ ਜ਼ੁਲਮਾਂ ਬਾਰੇ ਦੱਸਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਇਸ ਦੇਸ਼ ਦੇ ਲਈ ਕੁਰਬਾਨੀ ਕਰਨੀ ਪਏਗੀ ਔਰ ਉਨ੍ਹਾਂ ਨੇ ਐਡੀ ਵੱਡੀ ਕੁਰਬਾਨੀ ਕੀਤੀ ਸੀ ਇਸ ਪਾਵਨ ਧਰਤੀ ਤੇ ਅਗਰ ਐਸੀ ਗੱਲ ਹੋਵੇ ਤਾਂ ਫਿਰ ਇਹ ਦੇਖਣਾ ਪਏਗਾ ਕਿ ਜਿਹੜੇ ਲੋਕ ਇਥੇ ਐਸਾ ਕਰਦੇ ਹਨ ਆਇਆ ਉਹ ਸਿੱਖ ਹਨ ਜਾਂ ਨਹੀਂ। ਸਿੱਖ ਕੌਮ, ਸਿੱਖਾਂ ਦਾ ਧਰਮ ਸਭ ਦਾ ਭਲਾ ਮੰਗਣ ਵਾਸਤੇ ਹੈ। 1917 ਵਿਚ ਸ਼ਿਕਾਗੋ ਵਿਚ ਇਕ ਧਾਰਮਿਕ ਕਾਨਫਰੰਸ ਹੋਈ। ਸਾਰੇ ਧਰਮਾਂ ਦੇ ਨੁਮਾਇੰਦੇ ਉਥੇ ਗਏ ਅਤੇ ਸਾਡੇ ਜੋਗਿੰਦਰ ਸਿੰਘ, ਐਮ.ਏ. ਨੇ ਸਿੱਖ ਧਰਮ ਨੂੰ ਰਿਪ੍ਰਿਜ਼ੈਂਟ ਕੀਤਾ। ਸਾਰੇ ਧਰਮਾਂ ਦੀਆਂ ਅਰਦਾਸਾਂ ਦਾ ਨਿਰੀਖਣ ਕੀਤਾ ਗਿਆ ਅਤੇ ਸਿੱਖ ਧਰਮ ਦੀ ਅਰਦਾਸ ਨੂੰ ਸਭ ਤੋਂ ਉੱਚਾ ਮੰਨਿਆਂ ਗਿਆ ਕਿਉਂਕਿ ਉਹ ਸਰਬੱਤ ਦਾ ਭਲਾ ਚਾਹੁੰਦੀ ਹੈ। (ਥੰਪਿੰਗ) :

> ਨਾਨਕੁ ਨਾਮੁ ਚੜ੍ਹਦੀ ਕਲਾ,
> ਤੇਰੇ ਭਾਣੇ ਸਰਬਤ ਕਾ ਭਲਾ।

ਇਹ ਸਿੱਖਾਂ ਨੂੰ ਕਿਹੜੇ ਪਾਸੇ ਲਿਜਾ ਰਹੇ ਹਨ ? ਸਾਨੂੰ ਇਹ ਆਈਡੈਂਟੀਫਾਈ ਕਰਨਾ ਪਏਗਾ। ਇਹ ਸਰਕਾਰ ਤਾਂ ਇਕ ਇੰਪਰੈਸ਼ਨ ਹੁੰਦਾ ਹੈ, ਇਕ ਡਰ ਹੁੰਦਾ ਹੈ, ਇਕ ਭੈ ਹੁੰਦਾ ਹੈ। ਅਗਰ ਲੋਕਾ ਦੇ ਦਿਲਾਂ ਵਿਚੋਂ ਇਹ ਚੀਜ਼ਾਂ ਨਿਕਲ ਗਈਆਂ ਤਾਂ ਫਿਰ ਇਥੇ ਜੰਗਲ ਰਾਜ ਹੋ ਜਾਏਗਾ, ਜਿਹੜਾ ਮਿਲਿਆ ਮਾਰ ਦਿੱਤਾ ਗਿਆ ਔਰ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੋਵੇਗੀ। ਅਗਰ ਕਿਸੇ ਪਿੰਡ ਵਿਚ ਕੋਈ ਸਿਪਾਹੀ ਚਲਾ ਜਾਂਦਾ ਹੈ ਤਾਂ ਸਾਰੇ ਉਠ ਕੇ ਖੜ੍ਹੇ ਹੋ ਜਾਂਦੇ ਹਨ ਉਹ ਇਸ ਲਈ ਕਿ ਉਸ ਦੇ ਪਿਛੇ ਕੋਈ ਤਾਕਤ ਹੈ। ਲੋਕ ਤਾਕਤ ਤੋਂ ਡਰਦੇ ਹਨ। ਸਪੀਕਰ ਸਾਹਿਬ, ਸਾਨੂੰ ਇਹ ਫੈਸਲਾ ਕਰਨਾ ਪਏਗਾ ਕਿ ਇਨ੍ਹਾਂ ਲੋਕਾਂ ਨਾਲ ਹਮਦਰਦੀ ਕਰਨੀ ਹੈ ਜਾਂ ਸਖਤੀ ਕਰਨੀ ਹੈ। ਅਗਰ ਸਖ਼ਤੀ ਕਰਨੀ ਹੈ ਤਾਂ ਕਿਥੋਂ ਤੱਕ ਕਰਨੀ ਹੈ। ਸਾਡੇ ਪੰਜਾਬ ਦਾ ਜਿਸ ਦਾ ਨਾਂ, ਜਿਸ ਦਾ ਜ਼ਿਕਰ ਬੜੇ ਮਾਣ ਨਾਲ ਦੇਸ਼ ਪ੍ਰਦੇਸ਼ ਵਿਚ ਲਿਆ ਜਾਂਦਾ ਹੈ, ਭਾਈਚਾਰੇ ਦੇ ਨਾਂ ਤੇ ਮਸ਼ਹੂਰ ਹੈ, ਪਰ ਅੱਜ ਪੰਜਾਬ ਦਾ ਜ਼ਿਕਰ ਕੁਝ ਹੋਰ ਤਰੀਕੇ ਨਾਲ ਆਉਂਦਾ ਹੈ। 1986 ਦੀਆਂ ਅਖਬਾਰਾਂ ਵਿਚ ਰਿਕਾਰਡ ਹੈ। ਸਾਲ ਦੇ 365 ਦਿਨ ਹੁੰਦੇ ਹਨ ਅਤੇ ਉਨ੍ਹਾਂ ਵਿਚੋਂ 362 ਦਿਨ ਦਹਿਸ਼ਤ ਦੇ ਹੈਡਿੰਗਜ਼ ਅਖਬਾਰਾਂ ਵਿਚ ਆਏ। ਇਸ ਤਰ੍ਹਾਂ ਸਾਡੇ ਪੰਜਾਬ ਦੇ ਨਾਂ ਨੂੰ ਕਲੰਕਤ ਕੀਤਾ ਜਾ ਰਿਹਾ ਹੈ। ਇਹ ਬੜਾ ਹੀ ਸੋਚ ਕਰਨ ਵਾਲਾ ਵਿਸ਼ਾ ਹੈ। (ਘੰਟੀ) ਸਪੀਕਰ ਸਾਹਿਬ, ਤੁਸੀਂ ਤਾਂ ਘੰਟੀ ਵਜਾਉਣੀ ਸ਼ੁਰੂ ਕਰ ਦਿੱਤੀ ਹੈ। ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਸ ਬਾਰੇ ਬੜਾ ਸੁਚੇਤ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘਵਾਲਾ ਨੇ ਕਿਹਾ ਹੈ ਕਿ ਸੀ.ਐਮ, ਸਾਹਿਬ ਦੀ ਪਿਠ ਤੇ ਸਾਰੀ ਨੇਸ਼ਨ ਦਾ ਹੱਥ ਹੈ। ਅਸੀਂ ਪੰਜਾਬ ਦਾ ਭਲਾ ਚਾਹੁੰਦੇ ਹਾਂ ਅਸੀਂ ਨਹੀਂ ਚਾਹੁੰਦੇ ਕਿ ਉਨ੍ਹਾਂ ਨਾਲ ਕੋਈ ਅਨਿਆਂ ਕੀਤਾ ਜਾਵੇ ਜਾਂ ਕਿਸੇ ਨਾਲ ਜ਼ਿਆਦਤੀ ਕਰਨ, ਲੇਕਿਨ ਉਨ੍ਹਾਂ ਦੀ ਮੁੱਖ ਜ਼ਿਮੇਵਾਰੀ ਹੈ

ਕਿ ਪੰਜਾਬ ਦੇ ਵਿਚ ਅਮਨ ਔਰ ਸ਼ਾਂਤੀ ਬਹਾਲ ਕੀਤੀ ਜਾਵੇ ਔਰ ਪੰਜਾਬ ਦਾ ਜਿਹੜਾ ਨਾਮ ਦੇਸ਼ ਵਿਚ, ਦੁਨੀਆਂ ਵਿਚ ਸੀ ਉਸ ਨਾਂ ਨੂੰ ਮੁੜ ਕੇ ਬਹਾਲ ਕੀਤਾ ਜਾਵੇ। ਕੋਈ ਵਿਅਕਤੀ ਜੋ ਸਿੱਖੀ ਦੇ ਉੱਚੇ ਨਾਮ ਨੂੰ ਧੱਬਾ ਲਗਾਉਂਦਾ ਹੈ, ਉਸ ਦੇ ਨਾਲ ਕਿਸੇ ਵੀ ਤਰ੍ਹਾਂ ਨਰਮੀ ਨਹੀਂ ਕੀਤੀ ਜਾਣੀ ਚਾਹੀਦੀ, ਕਿਉਂਕਿ ਉਹ ਨਾਨਕ ਨਾਮ ਲੇਵਾ ਨਹੀਂ। ਸਨ 1920 ਵਿਚ ਪੰਜਾਬ ਹਿਸਟੋਰੀਕਲ ਸੋਸਾਇਟੀ ਦੀ ਸ਼ਿਮਲੇ ਮੀਟਿੰਗ ਹੋਈ ਜਿਸ ਵਿਚ ਸਾਰੇ ਹਿੰਦੁਸਤਾਨ ਦੇ ਮੁਸਲਮਾਨ, ਈਸਾਈ, ਹਿੰਦੂ, ਸ਼ਾਮਲ ਹੋਏ। ਪੰਜਾਬ ਵਿਚੋਂ ਸਰਦਾਰ ਜੋਗਿੰਦਰ ਸਿੰਘ ਖੈਰਾਵਾਲੇ ਗਏ ਸਨ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਬਾਰੇ ਕਿਹਾ ਕਿ ਤੁਸੀਂ ਗਲਤ ਕਹਿੰਦੇ ਹੋ। ਗੁਰੂ ਨਾਨਕ ਦੇਵ ਜੀ ਤਾਂ ਹਿੰਦੂ ਸੁਧਾਰਕ ਸਨ, ਜਿਨ੍ਹਾਂ ਤੇ ਆਪਤੀ ਕਰਕੇ ਮਲੇਰਕੋਟਲੇ ਦੇ ਮੁਸਲਮਾਨਾਂ ਨੇ ਕਿਹਾ ਕਿ ਨਹੀਂ ਉਹ ਤਾਂ ਮੁਸਲਮਾਨਾਂ ਲਈ ਆਏ ਸਨ। ਉਸ ਤੇ ਆਪਤੀ ਕਰਦਿਆਂ ਮਾਈਕਲ ਐਡਵਾਇਰ ਨੇ ਕਿਹਾ, ਜੋ ਕਿ ਮੀਟਿੰਗ ਦੀ ਪ੍ਰਧਾਨਗੀ ਕਰਦੇ ਸਨ, ਉਨ੍ਹਾਂ ਨੇ ਕਿਹਾ ਤੁਸੀਂ ਸਾਰੇ ਗਲਤ ਕਹਿ ਰਹੇ ਹੋ, ਦਰਅਸਲ ਉਹ ਤਾਂ ਈਸਾਈ ਸਨ।

ਜੋ ਮਹਾਂਪੁਰਸ਼ ਹਨ ਉਨ੍ਹਾਂ ਨੂੰ ਸਾਰੀ ਇਨਸਾਨੀਅਤ ਇਕ ਲਗਦੀ ਹੈ, ਸਾਰੇ ਹੀ ਉਨ੍ਹਾਂ ਨੂੰ ਪਿਆਰੇ ਲਗਦੇ ਹਨ। ਉਨ੍ਹਾਂ ਦੇ ਨਾਮ ਲੇਵਾ ਅਤੇ ਇਹ ਕਹਿਣ ਵਾਲੇ ਅਗਰ ਇਸ ਤਰ੍ਹਾਂ ਦਾ ਕੰਮ ਕਰਦੇ ਹਨ ਤਾਂ ਉਹ ਇਨਸਾਨੀਅਤ ਦੇ ਖਿਲਾਫ ਹਨ ਔਰ ਹਿਊਮੈਨਿਟੀ ਦੇ ਵਿਰੁੱਧ ਹਨ। ਉਨ੍ਹਾਂ ਦੇ ਨਾਲ ਕਿਸੇ ਕਿਸਮ ਦੀ ਨਰਮੀ ਨਹੀਂ ਕੀਤੀ ਜਾਣੀ ਚਾਹੀਦੀ। ਇਹ ਗਲਤ ਗੱਲ ਹੈ। ਇਹ ਹਿਸਟਰੀ ਵਿਚ ਗੱਲਾਂ ਆਉਣਗੀਆਂ ਔਰ ਹਿਸਟਰੀ ਅਸੀਂ ਸਾਰੇ ਪੜ੍ਹਦੇ ਹਾਂ। ਮੈਂ ਬਰਨਾਲਾ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ....

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਹੋਲੇ ਮਹੱਲੇ ਤੇ ਜੋ ਸਪੀਚਾਂ ਹੋਈਆਂ ਉਨ੍ਹਾਂ ਬਾਰੇ ਕੁਝ ਵੀ ਨਹੀਂ ਬੋਲ ਰਹੇ। ਸਿੱਖੀ ਦੀਆਂ ਮਿਸਾਲਾਂ ਦੇਈ ਜਾ ਰਹੇ ਹਨ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਮੈਂ ਇਰ-ਰੈਲੇਵੈਂਟ ਗੱਲ ਨਹੀਂ ਕਰਦਾ। ਜੋ ਵੀ ਜਾਂਦਾ ਹੈ ਤੀਰਥ ਸਥਾਨ ਤੇ, ਉਸ ਧਰਤੀ ਨੂੰ ਨਮਸਕਾਰ ਕਰਨ ਜਾਂਦਾ ਹੈ। ਅਗਰ ਉਸ ਨੇ ਕਿਸੇ ਖਿਆਲ ਨਾਲ ਇਸ ਤਰ੍ਹਾਂ ਦੀ ਗੱਲ ਕੀਤੀ ਹੈ ਤਾਂ ਉਹ ਗਲਤ ਗੱਲ ਕਰਦਾ ਹੈ।

ਸ਼੍ਰੀ ਸਪੀਕਰ : ਬੱਸ ਕਰੋ ਹੁਣ। ਪਲੀਜ਼ ਕਨਕਲੂਡ ਕਰੋ ਜੀ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਇਸ ਮਾਹੌਲ ਨੂੰ ਸੁਧਾਰਨ ਵਿਚ ਕੋਈ ਕਸਰ ਨਹੀਂ ਰਹਿਣੀ ਚਾਹੀਦੀ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ): ਸਪੀਕਰ ਸਾਹਿਬ, ਜਿਹੜਾ ਮਤਾ ਸਰਦਾਰ ਗੁਰਚਰਨ ਸਿੰਘ ਜੀ ਨੇ ਰਖਿਆ ਹੈ ਉਸ ਦੀ ਸਪਿਰਿਟ ਨਾਲ ਕਿਸੇ ਨੂੰ ਇਖਤਲਾਫ ਨਹੀਂ ਹੋ ਸਕਦਾ। ਇਸ ਦੇਸ਼ ਵਿਚ ਰਹਿੰਦਿਆਂ ਹੋਇਆਂ ਅਮਨ ਨੂੰ, ਸਾਂਝੀਵਾਲਤਾ ਨੂੰ, ਸਦ-ਭਾਵਨਾ ਨੂੰ, ਮਨੁੱਖੀ ਏਕਤਾ ਨੂੰ ਸੱਟ ਮਾਰਨ ਵਾਲੀ ਬਾਤ ਕੋਈ ਵੀ ਕਹੀ ਜਾਵੇ, ਮਾੜੀ ਹੈ। ਜੇਕਰ ਧਾਰਮਿਕ ਸਟੇਜ ਤੋਂ ਕਹੀ ਜਾਵੇ ਤਾਂ ਹੋਰ ਵੀ ਮਾੜੀ ਗੱਲ ਹੈ ਲੇਕਿਨ ਇਕ ਗੱਲ ਹੈ ਇਹ ਸਾਰਾ ਕੁਝ ਜੰਮਿਆਂ ਕਿੱਥੋਂ ?.........

ਸ਼੍ਰੀ ਓਮ ਪ੍ਰਕਾਸ਼ ਗੁਪਤਾ (ਬੈਠੇ ਬੈਠੇ): ਖੀਰ ਬਣਾ ਕੇ ਸਵਾਹ ਪਾਉਣ ਵਾਲੀ ਗੱਲ ਕੀਤੀ ਹੈ। (ਹਾਸਾ)

ਸਰਦਾਰ ਕਿਰਪਾਲ ਸਿੰਘ : ਮੈਂ ਉਹ ਲਫਜ਼ ਨਹੀਂ ਵਰਤਣੇ ਚਾਹੁੰਦਾ ਜੋ ਅਨਪਾਰਲੀਮੈਂਟਰੀ ਹਨ। ਸਪੀਕਰ ਸਾਹਿਬ, ਦਾੜ੍ਹੀ ਮੇਂ ਤਿਨਕਾ ਵਰਤ ਲੈਂਦਾ ਹਾਂ (ਹਾਸਾ)। ਮੈਂ ਕਟਾਰੀਆ ਸਾਹਿਬ ਦੀ ਤਕਰੀਰ ਦੀ ਤਾਰੀਫ ਕੀਤੇ ਬਗੈਰ ਨਹੀਂ ਰਹਿ ਸਕਦਾ ਜਿਨ੍ਹਾਂ ਨੇ ਸੱਚੇ ਪਾਤਸ਼ਾਹ ਦੀ ਗੱਲ ਕਰਦਿਆਂ ਤਫਸੀਲ ਬਿਆਨ ਕੀਤੀ ਹੈ। ਐਸੇ ਹਿਸਟੋਰੀਅਨ ਦਾ ਜ਼ਿਕਰ ਕਰਕੇ, ਮੀਟਿੰਗ ਦਾ ਜ਼ਿਕਰ ਕਰਕੇ, ਜਿਹੜੇ ਧਰਮ ਸਮੇਲਨ ਵਿਚ ਮੌਜੂਦ ਸਨ, ਉਨ੍ਹਾਂ ਦਾ ਜ਼ਿਕਰ ਕਰਕੇ ਬਹੁਤ ਅੱਛਾ ਕੀਤਾ ਹੈ। ਸਪੀਕਰ ਸਾਹਿਬ, 70/80 ਹਜ਼ਾਰ ਲੋਕ ਕੈਦ ਹੁੰਦੇ ਰਹੇ ਔਰ ਕੈਦ ਕਰਨ ਵਾਲੀ ਪਾਰਟੀ ਜਿਹੜੀ ਸੀ ਤੁਹਾਡੇ ਕੋਲੋਂ ਭੁਲੀ ਨਹੀਂ। ਇਹ ਗੁੱਸੇ ਹੋ ਜਾਂਦੇ ਹਨ। (ਵਿਘਨ) ਥੋੜ੍ਹਾ ਜਿਹਾ ਸਬਰ ਕਰੋ, ਦੰਦਾਂ ਹੇਠ ਜੀਭ ਦਿਓ ਮਾੜੀ ਜਿਹੀ। ਸਾਰੇ ਕੰਮ ਤੁਹਾਡੇ ਹੀ ਕੀਤੇ ਹੋਏ ਹਨ ਜਿਨ੍ਹਾਂ ਪੰਜਾਬ ਨੂੰ ਕਦੇ ਜਸਟਿਸ ਨਹੀਂ ਦਿੱਤਾ। ਤੁਹਾਡੀ ਪਾਰਟੀ ਕਦੇ ਇਮਾਨਦਾਰ ਨਹੀਂ ਹੋਈ। ਅਕਾਰਡ ਕੀਤਾ ਤਾਂ ਦਿਲ ਵਿਚ ਬੇਈਮਾਨੀ ਰੱਖ ਲਈ ਔਰ ਉਹ ਚੀਜ਼ ਜ਼ਾਹਿਰ ਹੋ ਗਈ ਹੈ। ਵੱਖਵਾਦ, ਅਤਿਵਾਦ ਕਿੱਥੋਂ ਨਿਕਲਦਾ ਹੈ ? ਜਦੋਂ ਕਿਸੇ ਦੀ ਕੋਈ ਬਾਂਹ ਨਾ ਫੜਨ ਵਾਲਾ ਹੋਵੇ ਤਾਂ ਉਹ ਭੁਲਿਆ ਹੋਇਆ, ਭਟਕਿਆ ਹੋਇਆ ਇਹ ਕੰਮ ਕਰਦਾ ਹੈ। ਇਹ ਭਟਕੇ ਹੋਏ, ਭੁੱਲੇ ਹੋਏ ਲੋਕ ਹਨ। ਇਸ ਦੇ ਪਿਛਲੇ ਪਾਸੇ ਤੁਹਾਡੇ ਜ਼ੁਲਮ, ਤੁਹਾਡੀ ਬੇਇਨਸਾਫੀ, ਤੁਹਾਡੀ ਕੁਰੱਪਸ਼ਨ ਔਰ ਤੁਹਾਡੀ ਸਾਰੇ ਹਿੰਦੁਸਤਾਨ ਦੀਆਂ ਜੜ੍ਹਾਂ ਵਿਚ ਅੱਗ ਲਾਉਣ ਵਾਲੀ ਪਾਰਟੀ ਹੈ। ਇਹ ਕਦੇ ਨਹੀਂ ਸੋਚਿਆ ਕਿ ਇਹ ਸਾਰੇ ਤੁਹਾਡੇ ਹੀ ਪੈਦਾ ਕੀਤੇ ਹੋਏ ਕੰਮ ਹਨ ਜਿਸ ਕਰਕੇ ਮਾਹੌਲ ਵਿਗੜਿਆ ਹੈ। ਕਹਿੰਦੇ ਹਨ :—

"ਸਜਦਾ ਹੋ ਬੇਖਲੂਸ ਤੋ ਸਜਦਾ ਭੀ ਹੈ ਗੁਨਾਹ।
ਲਗਜਿਸ਼ ਹੋ ਪੁਰਖਲੂਸ ਤੋ ਲਗਜਿਸ਼ ਨਮਾਜ ਹੈ।"

ਅਗਰ ਗਲਤੀ ਖਲੂਸ ਨਾਲ ਹੋਵੇ ਤਾਂ ਮੰਨੀ ਜਾ ਸਕਦੀ ਹੈ ਪਰ ਇਹ ਤਾਂ ਸਾਰੇ ਹਾਲਾਤ ਤੁਹਾਡੇ ਹੀ ਪੈਦਾ ਕੀਤੇ ਹੋਏ ਹਨ। ਅਨੰਦਪੁਰ ਸਾਹਿਬ ਮਤੇ ਦੇ ਨਾਂ ਤੇ ਵੋਟਾਂ ਲਈਆਂ ਜਾਂਦੀਆਂ ਹਨ। ਸਿੱਖਾਂ ਨੂੰ ਤੁਸੀਂ ਐਨਾ ਬਦਨਾਮ ਕੀਤਾ ਹੈ ਕਿ ਰਾਜੀਵ ਗਾਂਧੀ ਨੂੰ ਕਿਸੇ ਦੇਸ਼ ਨੇ ਖੁਸ਼ ਕਰਨਾ ਹੋਵੇ ਤਾਂ 4-5 ਸਿੱਖਾਂ ਤੇ ਕੇਸ ਬਣਾ ਦਿਓ ਕਿ ਇਹ ਤੁਹਾਨੂੰ ਮਾਰਨ ਦੀ ਤਿਆਰੀ ਕਰ ਰਹੇ ਸਨ। ਇਸ ਤਰ੍ਹਾਂ ਦੇ ਹਾਲਾਤ ਤੁਸੀਂ ਪੈਦਾ ਕੀਤੇ ਹਨ। ਇਹ ਮਾਯੂਸੀ ਤੁਹਾਡੀ ਪੈਦਾ ਕੀਤੀ ਹੋਈ ਹੈ। ਸਿੱਖ ਤਾਂ ਹਰ ਥਾਂ ਨੂੰ ਪੂਜਦਾ ਹੈ। ਉਹ ਤਾਂ ਇਹ ਕਹਿੰਦਾ ਹੈ :—

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥

ਜਿਸ ਜਿਸ ਥਾਂ ਤੇ ਵੀ ਸਤਿਗੁਰੂ ਨੇ ਆਪਣੇ ਚਰਨ ਪਾਏ ਹਨ ਚਾਹੇ ਉਹ ਪਟਨਾ ਸਾਹਿਬ, ਹੈ, ਹਜ਼ੂਰ ਸਾਹਿਬ ਹੈ, ਨਾਨਕ ਝੀਰਾ ਹੈ, ਧੋਬੜੀ ਸਾਹਿਬ ਹੈ ਜਾਂ ਕੋਈ ਹੋਰ ਥਾਂ ਹੈ ਉਸ ਸਾਰੀ ਥਾਂ ਤੇ ਉਹ ਆਪਣਾ ਮੱਥਾ ਟੇਕਦਾ ਹੈ। ਇਹ ਗੁਰੂਆਂ ਦੀ ਧਰਤੀ ਹੈ। ਉਹ ਇਸ ਨੂੰ ਇਕੱਠਾ ਰੱਖਣਾ ਚਾਹੁੰਦਾ ਹੈ, ਵੱਖ ਨਹੀਂ ਕਰਨਾ ਚਾਹੁੰਦਾ ਪਰ ਜੇ ਹਾਲਾਤ ਹੀ ਤੁਸੀਂ ਇਸ ਤਰ੍ਹਾਂ ਦੇ ਪੈਦਾ ਕਰ ਦਿਓ ਤਾਂ ਉਹ ਕੀ ਕਰ ਸਕਦਾ ਹੈ। ਸਰਦਾਰ ਬਲਵੰਤ ਸਿੰਘ ਨੇ ਧਰਮ ਔਰ ਪਾਲਿਟਿਕਸ ਵਿਚ ਮਾਯੂਸੀ ਪੈਦਾ ਕਰ ਦਿੱਤੀ ਹੈ। ਧਰਮ ਇਕ ਅਜਿਹੀ ਚੀਜ਼ ਹੈ ਜਿਸ ਨਾਲ ਇਨਸਾਨ ਨੂੰ ਇਨਸਾਫ ਮਿਲਦਾ ਹੈ, ਪਿਆਰ ਮਿਲਦਾ ਹੈ ਔਰ ਪਾਲਿਟਿਕਸ ਵਿਚ ਤਾਂ ਕਈ ਕਾਨੂੰਨ ਬਣਦੇ ਹਨ। ਚਾਣਕੀਆ ਨੇ ਆਪਣਾ ਰਾਜਨੀਤੀ ਸ਼ਾਸਤਰ ਸ਼ਾਮ, ਦਾਮ, ਦੰਡ, ਭੇਦ ਦੇ ਅਸੂਲ ਤੇ ਬਣਾਇਆ। ਇਸ ਵਿਚ ਉਸ ਨੇ ਧਰਮ ਦਾ ਨਾਂ ਨਹੀਂ ਸੀ ਪਾਇਆ। ਧਰਮ ਇਕ ਫੰਡਾਮੈਂਟਲ ਸਚਾਈ ਹੈ। ਧਰਮ ਇਕ ਜਥੇਬੰਦੀ ਜਾਂ

ਇਕਾਈ ਦਾ ਨਾਂ ਨਹੀਂ ਹੈ। ਇਸ ਲਈ ਸਾਡਾ ਧਰਮ ਹੈ ਕਿ ਅਸੀਂ ਆਪਣੇ ਬੱਚੇ ਨੂੰ ਚੰਗੇ ਰਾਹ ਤੇ ਲੈ ਜਾਈਏ। ਜੇ ਸਾਡਾ ਕੋਈ ਬੱਚਾ ਸਪਾਇਲ ਹੋ ਜਾਂਦਾ ਹੈ ਤਾਂ ਅਸੀਂ ਉਸ ਨੂੰ ਕਿਸੇ ਮਾਨਸਿਕ ਡਾਕਟਰ ਨੂੰ ਵਿਖਾਉਂਦੇ ਹਾਂ। ਕਈ ਵਾਰ ਉਹ ਇਹ ਵੀ ਕਹਿੰਦਾ ਹੈ ਕਿ ਇਸ ਦੇ ਮਾਂ ਬਾਪ ਨੇ ਇਸ ਨੂੰ ਠੀਕ ਤਰ੍ਹਾਂ ਨਹੀਂ ਰਖਿਆ ਜਿਸ ਕਰਕੇ ਇਹ ਸਪਾਇਲ ਹੋਇਆ ਹੈ। ਇਸੇ ਤਰ੍ਹਾਂ ਹੀ ਜੇ ਕਿਸੇ ਕੌਮ ਤੇ ਕੋਈ ਅਤਿਆਚਾਰ ਹੋਇਆ ਹੈ—ਤੁਹਾਨੂੰ ਪਤਾ ਹੈ ਕਿ ਹਜ਼ਾਰਾਂ ਸਿੱਖਾਂ ਨੂੰ ਇਕੋ ਵਾਰ ਮਾਰ ਦਿੱਤਾ ਪਰ ਕਿਸੇ ਨੇ ਕੁਝ ਨਾ ਕੀਤਾ? ਜਿਹੜੇ ਕਮਿਸ਼ਨ ਬਣੇ ਉਨ੍ਹਾਂ ਨੇ ਵੀ ਆਪਣੀਆਂ ਰਿਪੋਰਟਾਂ ਗਲਤ ਦੇ ਦਿੱਤੀਆਂ, ਗੁਨਾਹਗਾਰਾਂ ਨੂੰ ਨਹੀਂ ਫੜਿਆ। ਇਸ ਨਾਲ ਜਿਸ ਤੇ ਅੱਤਿਆਚਾਰ ਹੋਇਆ ਹੈ ਉਹ ਨਿਰਾਸ਼ ਹੋ ਜਾਂਦਾ ਹੈ। (ਵਿਘਨ) ਇਸ ਲਈ ਮੈਂ ਕਹਿ ਰਿਹਾਂ ਸੀ ਕਿ ਸਾਨੂੰ ਧਰਮ ਹਮਦਰਦੀ ਸਿਖਾਉਂਦਾ ਹੈ ਤਾਂ ਸਾਨੂੰ ਉਨ੍ਹਾਂ ਨਾਲ ਹਮਦਰਦੀ ਨਾਲ ਵਰਤਣਾ ਚਾਹੀਦਾ ਹੈ। ਜਿਹੜਾ ਹਮਦਰਦੀ ਨਾਲ ਨਹੀਂ ਸਲੂਕ ਕਰਦਾ ਉਹ ਇਨਸਾਨ ਨਹੀਂ ਹੋ ਸਕਦਾ। ਤੁਹਾਨੂੰ ਪਤਾ ਹੀ ਹੈ ਕਿ ਜਿਸ ਦਿਨ ਹਰਬੰਸ ਲਾਲ ਖੰਨੇ ਦਾ ਮਰਡਰ ਹੋਇਆ ਸੀ ਉਸੇ ਦਿਨ 6 ਬੰਦਿਆਂ ਨੂੰ ਬਗੈਰ ਕਸੂਰ ਦੇ ਸੀ.ਆਰ.ਪੀ. ਨੇ ਗੋਲੀ ਨਾਲ ਮਾਰ ਦਿੱਤਾ ਸੀ। ਇਕ ਹੋਰ ਮੁੰਡਾ ਜਿਸ ਦਾ ਵਿਆਹ ਹੋ ਕੇ ਆਇਆ ਸੀ ਉਸ ਨੂੰ ਵੀ ਸੀ.ਆਰ.ਪੀ. ਨੇ ਗੋਲੀ ਨਾਲ ਮਾਰ ਦਿੱਤਾ। ਅਜਿਹੀਆਂ ਗੱਲਾਂ ਨਾਲ ਜਿਹੜਾ ਦੁਖੀ ਹੁੰਦਾ ਹੈ ਉਹ ਕੁਝ ਵੀ ਕਹਿ ਸਕਦਾ ਹੈ ਜਿਵੇਂ ਕਿ ਯਾਦਵਾਂ ਨੇ ਮਖੌਲ ਕਰਨ ਲਈ ਇਕ ਮੁੰਡੇ ਦੇ ਪੇਟ ਤੇ ਬਾਟੀ ਬੰਨ੍ਹ ਕੇ ਦੁਰਵਾਸਾ ਰਿਸ਼ੀ ਦੇ ਕੋਲੋਂ ਪੁਛਿਆ ਕਿ ਇਸ ਵਿਚੋਂ ਕੀ ਜੰਮੇਗਾ। ਉਸ ਨੇ ਕਿਹਾ ਸੀ ਕਿ ਇਸ ਵਿਚੋਂ ਉਹ ਪੈਦਾ ਹੋਵੇਗਾ ਜਿਸ ਨਾਲ ਤੁਹਾਡਾ ਕੁਲ ਨਾਸ ਹੋ ਜਾਵੇਗਾ। ਇਸ ਲਈ ਮੈਂ ਇਹ ਕਹਿੰਦਾ ਹਾਂ ਕਿ ਉਨ੍ਹਾਂ ਨੂੰ ਪਿਆਰ ਨਾਲ ਰਸਤੇ ਤੇ ਲਿਆਓ। ਉਨ੍ਹਾਂ ਨੂੰ ਚੈਲੰਜ ਨਾ ਕਰੋ। ਚਾਹੇ ਉਹ ਸਿੱਖ ਹੈ, ਚਾਹੇ ਉਹ ਮੁਸਲਿਮ ਹੈ ਜਾਂ ਕਿਸੇ ਵੀ ਵੀਕਰ ਸੈਕਸ਼ਨ ਦਾ ਹੈ ਜੇ ਤੁਸੀਂ ਹਮਦਰਦੀ ਨਾਲ ਚਲੋਗੇ ਤਾਂ ਉਹ ਜ਼ਰੂਰ ਹੀ ਦੇਸ਼ ਦੀ ਬੇਹਤਰੀ ਵਾਸਤੇ ਤਿਆਰ ਹੋਵੇਗਾ।

ਜੇਕਰ ਬੱਚੇ ਦੇ ਦਿਮਾਗ ਵਿਚ ਆ ਜਾਵੇ ਕਿ ਉਸਨੂੰ ਆਪਣੇ ਘਰ ਵਿਚ ਸਾਰੇ ਗਾਲਾਂ ਹੀ ਕੱਢਦੇ ਹਨ ਅਤੇ ਅਤਿਵਾਦੀ ਹੀ ਕਹਿੰਦੇ ਹਨ ਤਾਂ ਉਸ ਬੱਚੇ ਤੇ ਕੀ ਅਸਰ ਹੋਵੇਗਾ। ਸਿੱਖਾਂ ਦੀ 400 ਸਾਲਾਂ ਦੀ ਇਜ਼ਤ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਆਜ਼ਾਦੀ ਦੇ ਵਾਸਤੇ 50 ਲੱਖ ਸਿੱਖਾਂ ਨੇ ਜਾਨਾ ਦਿੱਤੀਆਂ ਸਨ ਅਤੇ ਮੁਲਕ ਅਜ਼ਾਦ ਕੀਤਾ ਪਰ ਇਹ ਉਸ ਨੂੰ ਵੱਖਵਾਦੀ ਅਤੇ ਅਤਿਵਾਦੀ ਕਹਿੰਦੇ ਹਨ। ਇਸ ਅਤਿਵਾਦ ਅਤੇ ਵੱਖਵਾਦ ਨੂੰ ਤੁਸੀਂ ਸਖਤੀ ਨਾਲ ਖ਼ਤਮ ਨਹੀਂ ਕਰ ਸਕਦੇ ਬਲਕਿ ਇਸ ਨੂੰ ਤੁਸੀਂ ਪਿਆਰ ਅਤੇ ਇਜ਼ਤ ਦੇ ਜਜ਼ਬੇ ਨਾਲ ਖਤਮ ਕਰ ਸਕਦੇ ਹੋ। ਅਗਰ ਤੁਸੀਂ ਪਿਆਰ ਨਹੀਂ ਕਰੋਗੇ ਤਾਂ ਇਹ ਅੱਤਿਵਾਦ ਅਤੇ ਵੱਖਵਾਦ ਕਦੇ ਖ਼ਤਮ ਨਹੀਂ ਹੋਵੇਗਾ। ਇਸ ਦੇਸ਼ ਵਿਚ ਕਮਿਸ਼ਨ ਮੁਕੱਰਰ ਕੀਤੇ ਜਾਂਦੇ ਹਨ। ਉਨ੍ਹਾਂ ਨੂੰ ਕਿਹਾ ਕੋਈ ਹੋਰ ਕੰਮ ਜਾਂਦਾ ਹੈ ਪਰ ਉਹ ਜਾਂਦੇ ਕਿਸੇ ਹੋਰ ਪਾਸੇ ਨੂੰ ਹਨ। ਜਿਸ ਰਾਜ ਵਿਚ ਕਮਿਸ਼ਨਾਂ ਦਾ ਇਹ ਹਾਲ ਹੋਵੇ, ਜੁਡੀਸ਼ਰੀ ਦਾ ਇਹ ਹਾਲ ਹੋਵੇ ਉਹ ਹੀ ਪਾਰਟੀ ਆਨੰਦਪੁਰ ਸਾਹਿਬ ਮਤੇ ਬਾਰੇ ਵਾਵੇਲਾ ਕਰਦੀ ਰਹੀ ਅਤੇ ਹੁਣ ਆਪੇ ਹੀ ਉਸ ਨੂੰ ਕਮਿਸ਼ਨ ਕੋਲ ਰੈਫਰ ਕਰ ਦਿੱਤਾ। ਆਨੰਦਪੁਰ ਸਾਹਿਬ ਮਤੇ ਵਿਚ ਸੂਬਿਆਂ ਲਈ ਵੱਧ ਅਧਿਕਾਰ ਮੰਗੇ ਗਏ ਸਨ ਜਿਸ ਦੀ ਸਪੋਰਟ ਕਾਂਗਰਸ ਪਾਰਟੀ ਆਪਣੀਆਂ ਸਟੇਜਾਂ ਤੋਂ ਮਤੇ ਪਾਸ ਕਰਕੇ ਜਨਤਾ ਪਾਰਟੀ ਦੀ ਸਰਕਾਰ ਵੇਲੇ ਮੈਮੋਰੰਡਮ ਬਣਾ ਕੇ ਭੇਜਦੀ ਰਹੀ ਹੈ। ਉਸੇ ਮਤੇ ਨੂੰ ਇਹ ਵੱਖਵਾਦ ਦਾ ਨਾਹਰਾ ਦਿੰਦੇ ਹਨ। ਸਾਰੀਆਂ ਸਟੇਟਾਂ ਵੱਧ ਅਧਿਕਾਰ ਚਾਹੁੰਦੀਆਂ ਹਨ। ਇਹ ਸੋਸ਼ਾ ਸਰਦਾਰ ਬਲਵੰਤ ਸਿੰਘ ਨੇ ਛੇੜਿਆ ਸੀ ਹੁਣ ਇਹ ਕਹਿੰਦੇ ਹਨ ਕਿ ਇਸ ਮਤੇ ਨੂੰ ਕਿਉਂ ਲਿਆਂਦਾ ਸੀ। ਇਹ ਪਾਰਟੀ ਦੋ ਫਾੜ ਹੋ ਗਈ। ਜਿਹੜੇ ਹੁਣ ਕਾਂਗਰਸ ਦੇ ਨਾਲ

[ਸਰਦਾਰ ਕਿਰਪਾਲ ਸਿੰਘ]

ਦੋਸਤੀ ਕਰੀ ਫਿਰਦੇ ਹਨ ਉਨ੍ਹਾਂ ਨੂੰ ਭੁਗਤਣਾ ਪਵੇਗਾ, ਉਨ੍ਹਾਂ ਨੂੰ ਨਤੀਜਾ ਭੁਗਤਣਾ ਪਵੇਗਾ ਅਤੇ ਲੋਕਾਂ ਨੂੰ ਜਵਾਬ ਦੇਣਾ ਪਵੇਗਾ। ਜਦ ਤੱਕ ਤੁਸੀਂ ਬੇਇਨਸਾਫੀ ਬੰਦ ਨਹੀਂ ਕਰਦੇ ਉਤਨੀ ਦੇਰ ਤੱਕ ਅਤਿਵਾਦ ਅਤੇ ਵੱਖਵਾਦ ਖਤਮ ਨਹੀਂ ਹੋ ਸਕਦਾ। ਇਸ ਨੂੰ ਪੈਦਾ ਦਿੱਲੀ ਦਰਬਾਰ ਨੇ ਕੀਤਾ ਸੀ ਅਤੇ ਇਸ ਨੂੰ ਪੈਦਾ ਕਰਨ ਵਿਚ ਮਰਹੂਮ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨੇ ਅਕਾਲ ਤਖਤ ਤੇ ਗੋਲੇ ਸੁਟਾ ਕੇ ਢਹਿ ਢੇਰੀ ਕੀਤਾ ਸੀ ਜਿਸ ਨੂੰ ਦੇਖ ਕੇ ਸਿੱਖ ਨੌਜਵਾਨ ਦਾ ਖੂਨ ਖੌਲ ਉਠਦਾ ਹੈ ਅਤੇ ਉਹ ਆਪਣੇ ਵਾਸਤੇ ਚੈਲੰਜ ਸਮਝਦਾ ਹੈ। ਢਹਿ ਢੇਰੀ ਹੋਏ ਅਕਾਲ ਤਖਤ ਨੂੰ ਦੇਖ ਕੇ ਹਰ ਸਿੱਖ ਨੂੰ ਰੋਣਾ ਆ ਜਾਂਦਾ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਗੁੱਸਾ ਠੰਢਾ ਕਰਨ ਲਈ ਉਨ੍ਹਾਂ ਨਾਲ ਪਿਆਰ ਨਾਲ ਪੇਸ਼ ਆਵੇ।

ਸ੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ, ਤੁਸੀਂ ਹੁਣ ਖਤਮ ਕਰੋ, ਟਾਈਮ ਹੋ ਚੁੱਕਾ ਹੈ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਸੈਂਟਰ ਦੀ ਸਰਕਾਰ ਨੂੰ ਉਨ੍ਹਾਂ ਨਾਲ ਗੱਲ ਕਰਨੀ ਚਾਹੀਦੀ ਹੈ। ਇਹ ਸਾਰੀ ਸ਼ਰਾਰਤ ਹਿੰਦੁਸਤਾਨ ਦੀ ਸਰਕਾਰ ਦੀ ਹੈ। ਜਿਥੋਂ ਤਕ ਸਾਡੇ ਅਸੂਲ ਦਾ ਤੁਅੱਲਕ ਹੈ ਸਾਨੂੰ ਇਸ ਦੇਸ਼ ਦੀ ਮਿੱਟੀ ਨਾਲ, ਆਪਣੀ ਜਨਮ ਭੂਮੀ ਹੋਣ ਕਰਕੇ ਅਤੇ ਆਪਣੇ ਬਜ਼ੁਰਗਾਂ ਦੀ ਚਰਨ ਛੋਹ ਨਾਲ ਵਰੋਸਾਈ ਹੋਈ ਹੋਣ ਕਰਕੇ, ਪਿਆਰ ਵੀ ਹੈ ਤੇ ਅਕੀਦਤ ਵੀ ਹੈ :—

"ਸ਼ੈਦਾਏ ਗੋਸਤਾਂ ਕੋ ਸਰਬੋ ਸਮਨ ਮੁਬਾਰਿਕ,
ਰੰਗੀ ਤਬੀਅਤੋਂ ਕੋ ਰੰਗੇ ਸੁਕਲ ਮੁਬਾਰਿਕ।
ਬੁਲਬੁਲ ਕੋ ਬੁਲ ਮੁਬਾਰਿਕ ਗੁਲ ਕੋ ਚਮਨ ਮੁਬਾਰਿਕ।
ਹਮ ਬੇਕਸੋਂ ਕੋ ਅਪਨਾ ਪਿਆਰ ਵਤਨ ਮੁਬਾਰਿਕ।
ਗੁੰਚੇ ਹਮਾਰੇ ਦਿਲ ਕੇ ਇਸ ਬਾਗ ਮੇਂ ਖਿਲੇਂਗੇ।
ਇਸ ਖਾਕ ਸੇ ਉਠੇ ਹੈਂ ਇਸ ਖਾਕ ਮੇਂ ਮਿਲੇਂਗੇ।"

(ਘੰਟੀ)

ਅਸੀਂ ਗੁਰੂ ਨਾਨਕ ਦੇ ਨਾਂ ਤੇ ਅਰਦਾਸ ਕਰਦਿਆਂ ਹੋਇਆ ਰੋਜ਼ ਆਪਣੇ ਪ੍ਰਣ ਨੂੰ ਦੁਹਰਾਉਂਦੇ ਹਾਂ, 'ਨਾਨਕ ਨਾਮੁ ਚੜਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ'। (ਘੰਟੀ)

ਸਾਡੀ ਹਿਸਟਰੀ ਇਸ ਗੱਲ ਦੀ ਗਵਾਹ ਹੈ ਕਿ ਜਦੋਂ ਸ਼ਹੀਦ ਗੰਜ ਲਾਹੌਰ ਵਿਚ ਸਿੱਖ ਬੀਬੀਆਂ ਨੂੰ ਕੈਦ ਕਰਕੇ ਜ਼ੁਲਮ ਦਾ ਨਿਸ਼ਾਨਾ ਬਣਾਇਆ ਗਿਆ, ਉਨ੍ਹਾਂ ਦੇ ਬੱਚਿਆਂ ਦੇ ਟੋਟੇ ਕਰਕੇ ਝੋਲੀਆਂ ਵਿਚ ਪਾਏ ਗਏ, ਭੁੱਖ ਤੇ ਪਿਆਸ ਨਾਲ ਤੜਫਦੀਆਂ ਬੀਬੀਆਂ ਨੂੰ ਮੁਗਲ ਹਕੂਮਤ ਦੇ ਕੈਦਖਾਨੇ ਵਿਚੋਂ ਛੁਡਾਉਣ ਵਾਲੇ ਸਿੰਘ ਸਰਦਾਰਾਂ ਤੇ ਜਥੇਦਾਰਾਂ ਨੇ ਕਦੇ ਵੀ ਇਹ ਨਹੀਂ ਕਿਹਾ ਕਿ ਸਿਖ ਮੁਸਲਮਾਨਾਂ ਨਾਲ ਇਸੇ ਤਰ੍ਹਾਂ ਦਾ ਸਲੂਕ ਕਰਨ। ਲੜਾਈ ਮੁਗਲ ਹਕੂਮਤ ਨਾਲ ਹੀ ਰਹੀ। ਜਨ ਸਾਧਾਰਨ ਮੁਸਲਮਾਨ ਦੇ ਖਿਲਾਫ ਕੋਈ ਵੀ ਨਫਰਤ ਦਾ ਲਫਜ਼ ਨਹੀਂ ਕਿਹਾ ਗਿਆ। (ਘੰਟੀ)

ਸ੍ਰੀ ਸਪੀਕਰ : ਕਾਫੀ ਟਾਈਮ ਹੋ ਚੁੱਕਾ ਹੈ, ਹੁਣ ਤੁਸੀਂ ਬੈਠ ਜਾਓ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਬੜੇ ਦੁਖ ਦੇ ਨਾਲ ਕਹਿਣਾ ਪੈਂਦਾ ਹੈ ਕਿ ਸਰਦਾਰ ਕਿਰਪਾਲ ਸਿੰਘ ਕੋਲ ਹੋਰ ਕੋਈ ਸ਼ਬਦ ਨਹੀਂ ਸਿਵਾਏ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਨਾਂ ਲੈਣ ਤੋਂ। ਇਨ੍ਹਾਂ ਦੀ ਸਪੀਚ ਸਾਰੀ ਗਲਤ ਹੈ ਇਸ ਲਈ ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਸਪੀਕਰ ਸਾਹਿਬ, ਮੈਂ ਤੁਹਾਡਾ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਬੋਲਣ ਲਈ ਮੌਕਾ ਦਿੱਤਾ ਹੈ।

(ਇਸ ਸਮੇਂ ਮਾਨਯੋਗ ਮੈਂਬਰ ਦਾ ਮਾਈਕ ਬੰਦ ਸੀ।)

ਸ੍ਰੀ ਸਪੀਕਰ : ਤੁਸੀਂ ਕਾਮਰੇਡ ਜੀ, ਆਪਣਾ ਮਾਈਕ ਠੀਕ ਕਰ ਲਵੋ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਦੇ ਮਤੇ ਬਾਰੇ ਪਹਿਲਾਂ ਬੜਾ ਖਦਸ਼ਾ ਜ਼ਾਹਿਰ ਕੀਤਾ ਗਿਆ। ਇਥੇ ਕਿਹਾ ਗਿਆ ਕਿ ਇਸ ਨਾਲ ਹਿੰਦੂ ਸਿੱਖਾਂ ਵਿਚ ਪਾੜਾ ਵਧੇਗਾ, ਇਹ ਮਤਾ ਖਾਲਿਸਤਾਨ ਵੱਲ ਜਾਂਦਾ ਹੈ। ਸਪੀਕਰ ਸਾਹਿਬ, ਇਹ ਮਤਾ ਖਾਲਿਸਤਾਨ ਵੱਲ ਨਹੀਂ ਜਾਂਦਾ। ਬੜਾ ਰੌਲਾ ਪਾਇਆ ਗਿਆ ਕਿ ਇਹ ਮਤਾ ਸਿੱਖ ਕੌਮ ਨੂੰ ਵਖਰਾ ਕਰਨ ਵਾਲਾ ਹੈ, ਖਾਲਿਸਤਾਨ ਵੱਲ ਲੈ ਜਾਏਗਾ। ਸਪੀਕਰ ਸਾਹਿਬ, ਹਿੰਦੁਸਤਾਨ ਸਾਡੀ ਇਕ ਕੌਮ ਹੈ। ਬਾਕੀ ਸਾਡਾ ਧਰਮ ਵਖਰਾ ਹੈ। (ਥੰਪਿੰਗ) ਸਪੀਕਰ ਸਾਹਿਬ, ਉਸ ਵਕਤ ਦੀ ਗੱਲ ਹੈ ਜਦੋਂ ਭਿੰਡਰਾਂ ਵਾਲੇ ਮਹਿਤਾ ਚੌਕ ਪਹੁੰਚ ਗਏ। ਉਸ ਵੇਲੇ ਕਿਥੇ ਸੀ.ਆਈ.ਡੀ. ਸੀ ਔਰ ਕਿਥੇ ਪੁਲਿਸ ਬੈਠੀ ਸੀ ? ਦਿਨ ਦਿਹਾੜੇ ਮਾਰੂ ਹਥਿਆਰ ਲੈ ਕੇ ਫਿਰਦੇ ਰਹੇ। ਕਾਨੂੰਨ ਸਭ ਲਈ ਬਰਾਬਰ ਹੈ। ਕੀ ਉਸ ਵੇਲੇ ਕਾਨੂੰਨ ਲਾਗੂ ਨਹੀਂ ਸੀ ? ਸਪੀਕਰ ਸਾਹਿਬ, ਭਾਵੇਂ ਕੋਈ ਵੀ ਹੋਵੇ ਔਰ ਵੱਡੇ ਤੋਂ ਵੱਡਾ ਆਦਮੀ ਹੋਵੇ ਪਰ ਲਾਇਸੰਸ ਤੋਂ ਬਗੈਰ ਕੋਈ ਵੀ ਵੈਪਨ ਨਹੀਂ ਰਖ ਸਕਦਾ। ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਮਤੇ ਦੇ ਨਾਂ ਤੇ ਕਾਂਗਰਸ ਸਰਕਾਰ ਨੇ ਵੋਟਾਂ ਲਈਆਂ ਅਤੇ ਫਿਰ ਅਨੰਦਪੁਰ ਸਾਹਿਬ ਮਤਾ ਸਰਕਾਰੀਆ ਕਮਿਸ਼ਨ ਨੂੰ ਸੌਂਪ ਦਿੱਤਾ। ਇਹ ਇਕ ਸਿਆਸੀ ਚਾਲ ਸੀ। ਅਨੰਦਪੁਰ ਸਾਹਿਬ ਵਿਖੇ ਜੋ ਕੁਝ ਹੋਇਆ ਹੈ ਇਸ ਵਿਚ ਭਾਵੇਂ ਕੋਈ ਕਿਸੇ ਪਾਸੇ ਦਾ ਵੀ ਹੋਵੇ, ਚਾਹੇ ਇਸ ਪਾਸੇ ਦਾ ਹੋਵੇ, ਚਾਹੇ ਦੂਜੇ ਪਾਸੇ ਦਾ ਹੋਵੇ, ਇਹ ਦੇਸ਼ ਵਾਸਤੇ ਖਤਰਨਾਕ ਹੈ। ਬਲਿਊ ਸਟਾਰ ਓਪਰੇਸ਼ਨ ਵਕਤ ਕੀ ਹੋਇਆ ਸੀ ? ਇਹ ਬਹੁਤ ਭੈੜੀ ਗੱਲ ਹੋਈ ਹੈ। ਜਿਥੇ, ਸਪੀਕਰ ਸਾਹਿਬ, ਆਤਮਾ ਦੀ ਸ਼ੁਧੀ ਹੁੰਦੀ ਹੋਵੇ, ਜਿਥੇ ਆਤਮਾ ਨੂੰ ਸ਼ਾਂਤੀ ਮਿਲਦੀ ਹੋਵੇ, ਉਥੇ ਡਰ ਅਤੇ ਸਹਿਮ ਪੈਦਾ ਹੋਵੇ ਔਰ ਲੋਕ ਮਾਈਗਰੇਸ਼ਨ ਕਰਕੇ ਚਲੇ ਜਾਣ ਔਰ ਹੁਣ ਪੰਜਾਬ ਸਰਕਾਰ ਉਨ੍ਹਾਂ ਨੂੰ ਵਾਪਿਸ ਲਿਆਉਣ ਦਾ ਯਤਨ ਕਰ ਰਹੀ ਹੈ, ਇਸ ਤਰ੍ਹਾਂ ਦੀਆਂ ਗਲਾਂ ਨਾਲ ਪੰਜਾਬ ਦਾ ਨੁਕਸਾਨ ਹੋਵੇਗਾ। ਦੇਸ਼ ਦਾ ਨੁਕਸਾਨ ਹੋਵੇਗਾ। ਕੀ, ਸਪੀਕਰ ਸਾਹਿਬ, ਹਿੰਦੁਸਤਾਨ ਵਿਚ ਕੋਈ ਕਾਨੂੰਨ ਨਹੀਂ ਹੈ ਜੋ ਕਿ ਮਾੜੀ ਗੱਲ ਨੂੰ ਰੋਕੇ ? ਮੈਂ ਸਮਝਦਾ ਹਾਂ ਕਿ ਜਦੋਂ ਸੀ.ਐਮ. ਸਾਹਿਬ ਜਵਾਬ ਦੇਣਗੇ ਤਾਂ ਇਸ ਬਾਰੇ ਦੱਸਣਗੇ ਕਿ ਹਾਲਾਤ ਤੇ ਕਿਸ ਤਰ੍ਹਾਂ ਕਾਬੂ ਪਾਇਆ ਜਾਵੇ। ਸਭ ਨੇ ਇਕ ਦਿਨ ਮਰਨਾ ਹੈ। ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ—

"ਮਾਨਸਿ ਕੀ ਜਾਤਿ ਸਭੈ ਏਕੈ ਪਹਿਚਾਨਬੋ।"

[ਕਾਮਰੇਡ ਮਹਿਤਾਬ ਸਿੰਘ]

ਮਾਨਿਸ ਕੀ ਜਾਤਿ ਇਕ ਹੋਵੇ। ਇਸ ਗੱਲ ਨੂੰ ਵਰਤ ਕੇ ਸਿੱਖਾਂ ਨੂੰ ਸਰੋਪੇ ਭੇਂਟ ਕੀਤੇ ਜਾਣ। ਭਿੰਡਰਾਂਵਾਲੇ ਉਚ ਕੋਟੀ ਦੇ ਲੀਡਰ ਸਨ। ਸਭ ਬੰਦੇ ਉਨ੍ਹਾਂ ਦੇ ਚਰਨਾਂ ਵਿਚ ਆਏ। ਸਪੀਕਰ ਸਾਹਿਬ, ਅਤਿਵਾਦ ਬੜਾ ਹੀ ਬਲਵਾਨ ਹੋ ਚੁਕਾ ਹੈ। ਉਨ੍ਹਾਂ ਬੰਦਿਆਂ ਨੂੰ ਹੋਰ ਖੁਰਾਕ ਮਿਲ ਰਹੀ ਹੈ। ਅਜਿਹੀਆਂ ਕਾਲੀਆਂ ਸ਼ਕਤੀਆਂ ਨੂੰ ਥਾਂ ਥਾਂ ਤੇ ਚੈਲੰਜ ਕਰੀਏ। ਜਿਹੜੇ ਮੰਤਰੀ ਰੂਲਿੰਗ ਪਾਰਟੀ ਵਿਚ ਬੈਠੇ ਹਨ, ਜੇਕਰ ਉਨ੍ਹਾਂ ਦੇ ਰਿਸ਼ਤੇਦਾਰ, ਪੁੱਤਰ ਨੂੰ ਕਾਬੂ ਕਰ ਲਿਆ ਜਾਵੇ ਅਤੇ ਛੱਡ ਦਿਤਾ ਜਾਵੇ ਤਾਂ ਫਿਰ ਇਸ ਤਰ੍ਹਾਂ ਟੈਰੋਰਿਜ਼ਮ ਨੂੰ ਕਿਵੇਂ ਖਤਮ ਕਰੋਗੇ। ਜੇਕਰ ਮਨਿਸਟਰ ਅਤੇ ਪੁਲਿਟੀਕਲ ਲੀਡਰਾਂ ਦੇ ਹੀ ਰਿਸ਼ਤੇਦਾਰ ਵਿਚ ਸ਼ਾਮਿਲ ਹੋਣ ਤਾਂ ਫਿਰ ਪੰਜਾਬ ਵਿਚ ਕਿਵੇਂ ਸ਼ਾਂਤੀ ਆਵੇਗੀ। ਇਥੇ ਬੜਾ ਹੀ ਖਦਸ਼ਾ ਜ਼ਾਹਿਰ ਕੀਤਾ ਗਿਆ ਹੈ। ਭੈੜੀ ਗੱਲ ਨੂੰ ਕੰਡੈਮ ਕਰਨਾ ਚਾਹੀਦਾ ਹੈ। ਇਹ ਗੱਲ ਕਹਿਣ ਵਿਚ ਕਿਸੇ ਨੂੰ ਝਿਜਕ ਨਹੀਂ ਹੋਣੀ ਚਾਹੀਦੀ ਸਗੋਂ ਜੁਰਅਤ ਹੋਣੀ ਚਾਹੀਦੀ ਹੈ। ਜਦੋਂ ਕਿਸੇ ਵੀ ਧਰਮ ਸਥਾਨ ਤੇ ਹਿੰਦੂ ਸਿੱਖ ਮਥਾ ਟੇਕਣ ਜਾਂਦੇ ਹਨ ਤਾਂ ਇਹ ਧਰਮ ਸਥਾਨ ਸਭ ਦੇ ਸਾਂਝੇ ਹਨ। ਕਿਸੇ ਇਕ ਵਿਅਕਤੀ ਦਾ ਧਰਮ ਨਹੀਂ ਹੈ ਕਿ ਧਰਮ ਸਥਾਨ ਨੂੰ ਐਕਸਪਲਾਇਟ ਕਰਕੇ ਲੋਕਾਂ ਨੂੰ ਗੁੰਮਰਾਹ ਕਰੋ। ਧਰਮ ਸਥਾਨ ਸਾਂਝੇ ਹਨ। ਸਾਡੀ ਕੌਮ ਹਿੰਦੁਸਤਾਨੀ ਹੈ। ਇਸ ਕਿਸਮ ਦੀ ਕੋਈ ਗੱਲ ਕਰੇ ਤਾਂ ਉਸਦੀ ਨਿਖੇਧੀ ਕਰਨੀ ਚਾਹੀਦੀ ਹੈ। ਧੰਨਵਾਦ।

ਸ਼੍ਰੀ ਸਪੀਕਰ : ਇਸ ਇਸ਼ੂ ਦੇ ਉਤੇ ਮੈਂ ਸਦਨ ਨੂੰ ਗਿਆਤ ਦੇਣੀ ਚਾਹੁੰਦਾ ਹਾਂ ਕਿ ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੇ ਇਕ ਘੰਟਾ ਤਹਿ ਕੀਤਾ ਸੀ ਜੋ ਕਿ ਪੂਰਾ ਹੋ ਗਿਆ ਹੈ। ਹਾਲੇ ਵੀ ਕੁਝ ਸਪੀਕਰ ਖੜੇ ਹਨ ਅਤੇ ਸੀ.ਐਮ. ਸਾਹਿਬ ਨੇ ਵੀ ਜਵਾਬ ਦੇਣਾ ਹੈ। ਸੀ.ਐਮ. ਸਾਹਿਬ, ਤੁਸੀਂ ਕਿੰਨਾਂ ਸਮਾਂ ਲਉਗੇ ?

ਮੁੱਖ ਮੰਤਰੀ : 15 ਮਿੰਟ ਲਵਾਂਗਾ।

ਸ਼੍ਰੀ ਸਪੀਕਰ : ਸਰਦਾਰ ਬਚਿੱਤਰ ਸਿੰਘ ਜੀ, ਤੁਸੀਂ ਕਿੰਨਾਂ ਸਮਾਂ ਲਉਗੇ ? ਪੰਜ ਮਿੰਟ ਠੀਕ ਹਨ ?

ਸਰਦਾਰ ਬਚਿੱਤਰ ਸਿੰਘ : ਮੈਂ 5 ਮਿੰਟ ਵਿੱਚ ਖਤਮ ਕਰ ਦਿਆਂਗਾ ਜੀ।

ਸ਼੍ਰੀ ਸਪੀਕਰ : ਇਸ ਇਸ਼ੂ ਲਈ ਅੱਧਾ ਘੰਟਾ ਹੋਰ ਐਕਸਟੈਂਡ ਕਰ ਲਿਆ ਜਾਂਦਾ ਹੈ।

ਸਰਦਾਰ ਬਚਿੱਤਰ ਸਿੰਘ (ਖਰੜ) : ਸਪੀਕਰ ਸਾਹਿਬ, ਅੱਜ ਤੁਸੀਂ ਇਸ ਸਦਨ ਵਿੱਚ ਬਹਿਸ ਛੇੜੀ ਹੈ। ਜਿਹੜੀ ਅੱਜ ਤੱਕ ਕਦੇ ਰਵਾਇਤ ਨਹੀਂ ਸੀ ਅਖਬਾਰੀ ਖਬਰਾਂ ਦੀ ਬਿਨਾਂ ਤੇ ਸਰਦਾਰ ਗੁਰਚਰਨ ਸਿੰਘ ਨੇ ਕਾਲ-ਅਟੈਨਸ਼ਨ ਲਿਆਂਦੀ ਅਤੇ ਤੁਸੀਂ ਐਡਮਿਟ ਕੀਤੀ। ਮੈਂ ਸਮਝਦਾ ਹਾਂ ਕਿ ਇਸ ਵੇਲੇ ਜੋ ਪੰਜਾਬ ਦੇ ਹਾਲਾਤ ਹਨ, ਇਸ ਮੋਸ਼ਨ ਤੇ ਵਿਚਾਰ ਕਰਨਾ ਬਣਦਾ ਹੈ। ਉਹ ਹਾਲਾਤ ਕਿਉਂ ਪੈਦਾ ਹੋਏ, ਕਿਉਂ ਲੋੜ ਪਈ ਇਥੇ ਤੱਕ ਗੱਲ ਪਹੁੰਚਣ ਦੀ ? ਇਨ੍ਹਾਂ ਨੇ ਬੜਾ ਇਤਰਾਜ਼ ਕੀਤਾ ਅਤੇ ਨੋਟਿਸ ਵਿੱਚ ਲਿਆਂਦਾ ਕਿ ਉਥੇ ਖਾਲਿਸਤਾਨ ਦੇ ਨਾਹਰੇ ਲਗੇ, ਵੱਖਵਾਦ ਵਾਲੀਆਂ ਗੱਲਾਂ ਹੋਈਆਂ। ਸਪੀਕਰ ਸਾਹਿਬ, ਮੈਂ ਚੇਤੇ ਕਰਾਉਣਾ ਚਾਹੁੰਦਾ ਹਾਂ ਕਿ ਜਦੋਂ ਸੰਤ ਬਾਬਾ ਜਰਨੈਲ ਸਿੰਘ ਹੋਰਾਂ ਨੇ ਮੋਰਚਾ ਲਾਇਆ, ਉਸ ਤੋਂ ਬਾਅਦ ਰਾਮ ਜੇਠਮਲਾਨੀ ਜੀ ਨੇ ਆ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਮੈਂ ਰਾਮ ਜੇਠਮਲਾਨੀ ਜੀ ਦੇ ਸ਼ਬਦ ਵਰਤ ਰਿਹਾ ਹਾਂ ਉਨ੍ਹਾਂ ਕਿਹਾ ਕਿ ਮੈਂ ਲੌਂਗੋਵਾਲ ਜੀ ਨੂੰ ਮਿਲਿਆ, ਉਨ੍ਹਾਂ ਕਦੇ ਖਾਲਿਸਤਾਨ ਦੀ ਗੱਲ ਨਹੀਂ ਕੀਤੀ। ਜਰਨੈਲ ਸਿੰਘ ਜੀ ਨੂੰ ਮਿਲਿਆ, ਉਨ੍ਹਾਂ ਏਨੀ ਗੱਲ ਆਖੀ ਕਿ ਜੇ ਦੇਣਗੇ ਤਾਂ ਖਾਲਿਸਤਾਨ ਵਾਪਸ ਨਹੀਂ ਕਰਾਂਗੇ। ਦੱਸੋ ਇਹ ਕੋਈ ਖਾਲਿਸਤਾਨ ਦੀ

ਮੰਗ ਸੀ ? ਏਨੀ ਗੱਲ ਇਕ ਜ਼ਿੰਮੇਵਾਰ ਵਕੀਲ, ਨੇਤਾ ਅਤੇ ਮੈਂਬਰ ਪਾਰਲੀਮੈਂਟ ਨੇ ਕਹੀ ਹੈ। ਪਰ ਅੱਜ ਹਾਲਾਤ ਕਿਉਂ ਬਦਲ ਗਏ ? ਜਦੋਂ ਜਰਨੈਲ ਸਿੰਘ ਜੀ ਨੇ ਖਾਲਿਸਤਾਨ ਨਹੀਂ ਮੰਗਿਆ ਤਾਂ ਅੱਜ ਨੌਜਵਾਨਾਂ ਨੇ ਇਹ ਨਾਹਰੇ ਕਿਉਂ ਲਾਏ, ਇਸ ਲਈ ਕੌਣ ਜ਼ਿੰਮੇਵਾਰ ਹੈ ? ਤੁਸੀਂ ਉਹ ਦਿਨ ਵੀ ਸਰਦਾਰ ਗੁਰਚਰਨ ਸਿੰਘ ਜੀ ਯਾਦ ਕਰੋ ਜਦੋਂ ਇੰਦਰਾ ਗਾਂਧੀ ਨੇ ਬਿਆਨ ਦਿੱਤਾ ਸੀ ਕਿ ਦਰਬਾਰ ਸਾਹਿਬ ਵਿੱਚ ਫੌਜ ਦਾਖਲ ਨਹੀਂ ਹੋਵੇਗੀ। ਰਾਜੀਵ ਗਾਂਧੀ ਨੇ ਕਿਹਾ ਸੀ ਕਿ ਜਰਨੈਲ ਸਿੰਘ ਜੀ ਇਕ ਧਾਰਮਿਕ ਨੇਤਾ ਹਨ। ਫੇਰ ਉਹ ਚੰਡੀਗੜ੍ਹ 3–4 ਦਿਨ ਬਾਅਦ ਆਏ ਤਾਂ ਪ੍ਰੈਸ ਵਾਲਿਆਂ ਨੇ ਪੁੱਛਿਆ ਕਿ ਕੀ ਤੁਸੀਂ ਜਰਨੈਲ ਸਿੰਘ ਜੀ ਨੂੰ ਧਾਰਮਿਕ ਨੇਤਾ ਕਿਹਾ ਹੈ ਤਾਂ ਉਨ੍ਹਾਂ ਨੇ ਕਿਹਾ "Yes, I still reiterate it" ਇਸ ਤੋਂ ਬਾਅਦ ਇਹ ਐਟਮੌਸਫੀਅਰ ਪੈਦਾ ਕੀਤਾ ਗਿਆ, ਕੌਮ ਨੂੰ ਭੁਲੇਖੇ ਵਿੱਚ ਰਖਿਆ ਗਿਆ ਅਤੇ 3 ਤਾਰੀਖ ਨੂੰ ਕਰਫਿਊ ਲਾ ਕੇ ਅਕਾਲ ਤਖਤ ਦੇ ਉਤੇ 3 ਡਵੀਜ਼ਨ ਫੌਜ ਚੜ੍ਹਾ ਕੇ ਢਹਿ–ਢੇਰੀ ਕਰ ਦਿੱਤਾ। ਹਾਲਾਤ ਬਦਲੇ ਹਨ, ਕਿਉਂ ਬਦਲੇ ਹਨ ? ਸੰਤ ਬਾਬਾ ਜਰਨੈਲ ਸਿੰਘ ਜੀ ਜਿਹੜੇ ਦਸਵੀਂ ਪਾਤਸ਼ਾਹੀ ਦੇ ਸੇਵਕ ਬਾਬਾ ਦੀਪ ਸਿੰਘ ਜੀ ਦੀ ਥਾਂ ਤੇ ਬੈਠਣ ਵਾਲੇ ਸਿੱਖ ਸਨ, ਸਿੱਖੀ ਦਾ ਪਰਚਾਰ ਕਰਨ ਵਾਲੇ ਸਨ, ਉਨ੍ਹਾਂ ਦੀ ਕੁਰਬਾਨੀ ਨੇ, ਭਾਈ ਅਮਰੀਕ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਖੂਨ ਨੇ, ਬੀਬੀਆਂ ਤੇ ਬੇਗੁਨਾਹਾਂ ਦੇ ਖੂਨ ਨੇ, ਝੂਠੇ ਮੁਕਾਬਲਿਆਂ ਨੇ, ਜੋ ਦੰਗੇ ਹੋਏ, ਉਨ੍ਹਾਂ ਵਿੱਚ ਮਾਰੇ ਗਏ ਸਿੱਖਾਂ ਦੇ ਖੂਨ ਨੇ, ਉਨ੍ਹਾਂ ਦੀਆਂ ਜਿਊਂਦੀਆਂ ਸੜ ਰਹੀਆਂ ਲਾਸ਼ਾਂ ਦੇ ਧੂਏਂ ਨੇ ਜਿਸ ਕੌਮ ਨੇ ਇਸ ਦੇਸ਼ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਬਚਾਉਣ ਖਾਤਰ ਜਾਨਾਂ ਵਾਰ ਦਿੱਤੀਆਂ, ਉਨ੍ਹਾਂ ਦੀ ਬੇਪਤੀ ਕੀਤੀ ਗਈ ਇਨ੍ਹਾਂ ਗੱਲਾਂ ਨੇ ਇਹ ਹਾਲਾਤ ਪੈਦਾ ਕੀਤੇ। ਮੈਂ ਸਮਝਦਾ ਹਾਂ ਕਿ ਅੱਜ ਵੀ ਠੰਡੇ ਦਿਲ ਨਾਲ ਵਿਚਾਰੋ। ਤੁਸੀਂ ਇਨ੍ਹਾਂ ਨੂੰ ਕਿਉਂ ਸਪੋਰਟ ਕਰਦੇ ਹੋ (ਵਿਘਨ) ਡੇਰਾ ਬਾਬਾ ਨਾਨਕ ਕਾਂਡ ਹੋਇਆ, ਉਦੋਂ ਤੁਸੀਂ ਬੋਲੇ ਨਹੀਂ। ਬ੍ਰਹਮਪੁਰਾ ਕਾਂਡ ਹੋਇਆ। ਬੀਬੀਆਂ ਦੀ ਬੇਪਤੀ ਕੀਤੀ ਗਈ ਤਾਂ ਤੁਸੀਂ ਬੋਲੇ ਨਹੀਂ। ਨੌਜਵਾਨਾਂ ਨੇ ਗੁੱਸੇ ਵਿਚ ਆਕੇ ਅਗਰ ਕੁਝ ਕਹਿ ਦਿੱਤਾ ਤਾਂ ਕੀ ਹੋਇਆ ? ਗੁਰੂ ਨਾਨਕ ਸ਼ਾਂਤੀ ਦਾ ਪੁਜਾਰੀ ਜੋ ਕਿ ਸਾਰੀ ਦੁਨੀਆਂ ਦਾ ਅਵਤਾਰ ਹੋਇਆ ਹੈ, ਉਨ੍ਹਾਂ ਨੇ ਕਿਹਾ ਹੈ—

ਰਾਜੇ ਸ਼ੀਂਹ ਮੁਕੱਦਮ ਕੁੱਤੇ,
ਜਾਏ ਜਗਾਇਨ ਬੈਠੇ ਸੁੱਤੇ।

ਨੌਜਵਾਨ ਗਭਰੂ ਸਵੈਮਾਨ ਦੀ ਖਾਤਰ ਲੜੇ ਹਨ। ਉਨ੍ਹਾਂ ਵਿਚੋਂ ਜੇਕਰ ਕਿਸੇ ਨੇ ਨਾਅਰਾ ਲਗਾ ਦਿੱਤਾ ਤਾਂ ਫਿਰ ਕੀ ਹੋ ਗਿਆ। ਇਹ ਹਾਲਾਤ ਕਿਉਂ ਪੈਦਾ ਹੋ ਰਹੇ ਹਨ ? ਜੇਕਰ ਇਸੇ ਤਰ੍ਹਾਂ ਹੀ ਇੱਕ ਦੂਜੇ ਨੂੰ ਬਲੇਮ ਕਰਦੇ ਰਹੇ ਤਾਂ ਠੀਕ ਨਹੀਂ ਹੈ। ਕਾਂਗਰਸ ਵਾਲਿਉ, ਤੁਸੀਂ ਤਾਂ ਆਪਣੀ ਡਿਊਟੀ ਪੂਰੀ ਕਰ ਰਹੇ ਹੋ। ਇਨ੍ਹਾਂ ਦਾ ਇਹ ਹਾਲ ਹੋ ਗਿਆ ਹੈ। ਕਿ ਇਹ ਅਖੌਤੀ ਅਕਾਲੀ ਸਰਕਾਰ ਵਿਚ ਹੋਣ ਦੇ ਬਾਵਜੂਦ ਵੀ, ਅੱਜ ਅਕਾਲੀ ਦਲ ਦੀ ਹਿਸਟਰੀ ਵਿਚ ਪਹਿਲੀ ਵਾਰ ਹੋਲਾ ਮੁਹੱਲੇ ਤੇ ਨਹੀਂ ਜਾ ਸਕੇ ਹਨ। ਬਰਨਾਲਾ ਸਾਹਿਬ ਆਨੰਦਪੁਰ ਸਾਹਿਬ ਦਾ ਮਤਾ ਲਿਖਣ ਵਾਲੇ ਹਨ। ਜੇਕਰ ਬਲਵੰਤ ਸਿੰਘ ਨੇ ਆਨੰਦਪੁਰ ਮਤੇ ਦੀ ਗੱਲ ਕਰ ਦਿਤੀ ਤਾਂ ਕੀ ਗਊ ਹੱਤਿਆ ਕਰ ਦਿੱਤੀ ? ਜੇਕਰ ਇਨ੍ਹਾਂ ਨੌਜਵਾਨਾਂ ਨੇ ਕਿਹਾ ਹੈ ਕਿ 'ਰਾਜ ਕਰੇਗਾ ਖਾਲਸਾ' ਔਰ 'ਖਾਲਸੇ ਦਾ ਬੋਲ ਬਾਲਾ' ਇਸ ਵਿਚ ਕੀ ਮਾੜੀ ਗੱਲ ਹੈ। ਜੋ ਹਾਲਤ ਦੇਸ਼ ਦੀ ਇਨ੍ਹਾਂ ਕਾਂਗਰਸੀਆਂ ਨੇ ਕੀਤੀ ਹੈ, ਇਸ ਨੂੰ ਬਚਾਉਣਾ ਚਾਹੀਦਾ ਹੈ। ਫਿਰ ਕਿਹਾ ਗਿਆ ਹੈ ਕਿ ਨੌਜਵਾਨ ਤਾਂ ਜ਼ੁਲਮ ਦੇ ਵਿਰੁਧ ਡਟੇ ਹੋਏ ਹਨ ਤੇ ਕਹਿ ਰਹੇ ਹਨ, "ਹਰ ਜ਼ੋਰ–ਓ–ਜ਼ਬਰ, ਜ਼ੁਲਮ–ਓ–ਸਿਤਮ ਦੇਖੇਂਗੇ। ਤੂਫਾਂ ਕੇ ਬੜ੍ਹਤੇ ਕਦਮ ਦੇਖੇਂਗੇ। ਅਬਲੀਸ ਦੇ ਬੇਟੇ ਜ਼ਰਾ ਝੂਮ ਕੇ ਆ, ਕਿਤਨਾ ਹੈ ਤੇਰੀ ਤੇਗ ਮੇਂ ਦਮ ਦੇਖੇਂਗੇ"।

[ਸਰਦਾਰ ਬਚਿੱਤਰ ਸਿੰਘ]

ਗਭਰੂਆਂ ਨੂੰ ਇਥੇ ਕਿਸ ਨੇ ਲਿਆਂਦਾ ਹੈ ? ਇਹ ਝੂਠੇ ਮੁਕੱਦਮਿਆਂ ਨੇ ਇਨ੍ਹਾਂ ਨੂੰ ਇਥੇ ਲਿਆਂਦਾ ਹੈ। ਇਸ ਤੇ ਠੰਡੇ ਦਿਲ ਨਾਲ ਵਿਚਾਰਣ ਦੀ ਲੋੜ ਹੈ। ਇਸ ਵੇਲੇ ਸੇਠ ਰਾਮ ਨਾਥ ਔਰ ਚੰਦਰ ਸ਼ੇਖਰ ਵਰਗੇ ਬੰਦਿਆਂ ਦੀ ਲੋੜ ਹੈ ? ਸਰਦਾਰ ਕਿਰਪਾਲ ਸਿੰਘ, ਐਮ.ਐਲ.ਏ. ਜਨਤਾ ਦੀ ਲੋੜ ਹੈ, ਪੰਜਾਬ ਨਾ ਹਿੰਦੂਆਂ ਦਾ, ਨਾ ਮੁਸਲਮਾਨਾਂ ਦਾ ਹੈ ਬਲਕਿ ਇਥੇ ਚੱਪੇ ਚੱਪੇ ਤੇ ਕਲਗੀਆਂ ਵਾਲੇ ਦੇ ਘੋੜੇ ਦੀ ਛਾਪ ਲਗੀ ਹੋਈ ਹੈ। ਸਾਰਿਆਂ ਨਾਲ ਪਿਆਰ ਨਾਲ ਗਲ ਕਰਨੀ ਚਾਹੀਦੀ ਹੈ।

ਪੰਜਾਬ ਦੇ ਸਮਝੌਤੇ ਦੀ ਗਲ ਕੀਤੀ ਗਈ। ਕਿਹਾ ਗਿਆ ਕਿ ਇਸ ਦੀਆਂ 9 ਕਲਾਜ਼ਾਂ ਅਸੀਂ ਲਾਗੂ ਕਰ ਦਿੱਤੀਆਂ ਹਨ। ਮੈਂ ਕਹਿੰਦਾ ਹਾਂ ਕਿ ਇਹ ਦੱਸਣ ਕਿਹੜੀਆਂ ਕਲਾਜ਼ਾਂ ਲਾਗੂ ਕੀਤੀਆਂ ਹਨ ? ਜੇ ਰੱਬ ਜਾਣੇ ਇਹ ਝੂਠ ਬੋਲੇ ਹੋਣਗੇ। ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਸਟੇਜ ਤੇ ਖੜ੍ਹ ਕੇ ਕਿਹਾ ਗਿਆ ਕਿ ਸਾਰੇ ਫੌਜੀ ਬਹਾਲ ਕੀਤੇ ਜਾਣਗੇ। ਜੋ ਜੋਧਪੁਰ ਦੇ ਕੈਦੀ ਹਨ ਉਹ ਛੱਡੇ ਜਾਣਗੇ। ਇਸ ਬਾਰੇ ਇਹ ਪੁੱਛਣ ਜਾਂ ਤੁਸੀਂ ਸੈਂਟਰ ਵਾਲਿਆਂ ਤੋਂ ਪੁਛੋ ਇਹ ਕੰਮ ਹੁਣ ਤੱਕ ਕਿਉਂ ਨਹੀਂ ਕੀਤਾ ਗਿਆ ? ਪੰਜਾਬ ਦੇ ਵਾਤਾਵਰਨ ਨੂੰ ਮੁੜ ਕੇ ਖਰਾਬ ਨਹੀਂ ਕਰਨਾ ਚਾਹੀਦਾ। ਝੂਠੇ ਪੁਲਿਸ ਮੁਕਾਬਲੇ ਬੰਦ ਹੋਣ। ਝੂਠੇ ਮੁਕਦਮੇ ਬੰਦ ਹੋਣ। ਜੇ ਇਸ ਤਰ੍ਹਾਂ ਹੋਵੇ ਤਾਂ ਕੋਈ ਵੀ ਅੱਤਿਵਾਦੀ ਨਹੀਂ ਹੋ ਸਕੇਗਾ।

ਪ੍ਰੋਫੈਸਰ ਦਰਸ਼ਨ ਸਿੰਘ ਦੀ ਗੱਲ ਕੀਤੀ ਗਈ। ਸਿੰਘ ਸਾਹਿਬਾਨ ਦੀ ਗੱਲ ਕੀਤੀ ਗਈ। ਪ੍ਰੋਫੈਸਰ ਦਰਸ਼ਨ ਸਿੰਘ , ਅਕਾਲ ਤਖਤ ਦੇ ਜੱਥੇਦਾਰ ਉਸ ਸੀਟ ਤੇ ਬੈਠੇ ਹਨ ਜਿਥੇ ਕਦੇ ਅਕਾਲੀ ਫੂਲਾ ਸਿੰਘ ਨੇ ਬੈਠਕੇ ਮਹਾਂਰਾਜਾ ਰਣਜੀਤ ਸਿੰਘ ਨੂੰ ਕਿਹਾ ਸੀ ਕਿ ਕਾਣਿਆਂ ਤੂੰ ਇਸ ਤਰ੍ਹਾਂ ਕਰਦਾ ਹੈਂ। ਅੱਜ ਪ੍ਰੋਫੈਸਰ ਦਰਸ਼ਨ ਸਿੰਘ ਉਸ ਸੀਟ ਤੇ ਆ ਗਏ ਹਨ। ਸਾਰੀਆਂ ਪਾਰਟੀਆਂ ਇਕੱਠੀਆਂ ਹੋ ਗਈਆਂ ਅਤੇ ਅਕਾਲ ਤਖਤ ਨਾਲ ਟੱਕਰ ਲੈਣ ਦੀ ਗੱਲ ਕੀਤੀ। ਮੈਂ ਕਹਾਂਗਾ ਕਿ ਅਕਾਲ ਤਖ਼ਤ ਨਾਲ ਟੱਕਰ ਨਹੀਂ ਲੈਣੀ ਚਾਹੀਦੀ, ਇਹ ਠੀਕ ਨਹੀਂ ਹੈ। ਇਹ ਪੰਜਾਬ ਦੇ ਹਿੱਤ ਵਿਚ ਹੈ ਕਿ ਅਕਾਲ ਤਖਤ ਨਾਲ ਟੱਕਰ ਨਾ ਲਈ ਜਾਵੇ। ਫਿਰ ਇਹ ਧਰਮ ਅਤੇ ਸਿਆਸਤ ਨੂੰ ਵੱਖ ਕਰਨ ਦੀਆਂ ਗੱਲਾਂ ਕਰਦੇ ਹਨ। ਗੁਰੂ ਹਰਗੋਬਿੰਦ ਸਾਹਿਬ ਨੇ ਧਰਮ ਅਤੇ ਸਿਆਸਤ ਨੂੰ ਇਕੱਠੇ ਮੰਨਿਆਂ ਸੀ। ਇਸ ਲਈ ਧਰਮ ਅਤੇ ਸਿਆਸਤ ਵੱਖ ਨਹੀਂ ਹੋ ਸਕਦੇ (ਘੰਟੀ) ਉਨ੍ਹਾਂ ਨਾਲ ਗੱਲ ਕਰੋ। ਕਨਫਰੰਟੇਸ਼ਨ ਠੀਕ ਨਹੀਂ ਹੈ। ਉਨ੍ਹਾਂ ਨੌਜਵਾਨਾਂ ਨਾਲ ਗੱਲ ਕਰੋ, ਉਨ੍ਹਾਂ ਨੂੰ ਸਮਝਾਓ। ਉਨ੍ਹਾਂ ਨੂੰ ਬਿਠਾਕੇ ਸਮਝਾਓ, ਉਨ੍ਹਾਂ ਨਾਲ ਵਿਚਾਰ ਕਰੋ, ਗੱਲ ਕਰੋ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਦੋ ਭਰਾ ਲੜ ਪੈਣ, ਕਸੂਰ ਭਾਵੇਂ ਕਿਸੇ ਭਰਾ ਦਾ ਹੀ ਹੋਵੇ, ਵੱਡੇ ਭਰਾ ਦਾ ਫਰਜ਼ ਹੁੰਦਾ ਹੈ ਕਿ ਉਹ ਛੋਟੇ ਭਰਾ ਨੂੰ ਜੱਫੀ ਵਿਚ ਲੈ ਕੇ ਉਸ ਨਾਲ ਪਿਆਰ ਨਾਲ ਗੱਲ ਕਰੇ ਕਿ ਕੀ ਤਕਲੀਫ ਹੈ, ਉਸ ਦਾ ਦੁਖ ਸੁਣੇ। ਇਸ ਲਈ ਜੇ ਤੁਸੀਂ ਉਨ੍ਹਾਂ ਲੋਕਾਂ ਦਾ ਦੁੱਖ ਸੁਣੋਗੇ, ਉਨ੍ਹਾਂ ਦੀ ਤਕਲੀਫ ਸੁਣੋਗੇ ਤਾਂ ਫਿਰ ਕੰਮ ਠੀਕ ਹੋ ਸਕਦਾ ਹੈ। ਡਰਾ ਕੇ ਨਹੀਂ। ਇਨ੍ਹਾਂ ਨੌਜਵਾਨਾਂ ਬਾਰੇ ਤਾਂ ਮੈਂ ਇਹ ਹੀ ਕਹਿ ਸਕਦਾ ਹਾਂ "ਇਰਾਦੇ ਜਿਨ ਕੇ ਫੌਲਾਦੀ ਹੈਂ, ਫਿਤਰਤ ਹੈ ਤੂਫਾਨੀ, ਵੋਹ ਕਸ਼ਤੀ ਕੋ ਕਿਨਾਰੇ ਕੀ ਤਰਫ ਮੋੜਾ ਨਹੀਂ ਕਰਤੇ।"

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਤਿਕਾਰ ਯੋਗ ਸਪੀਕਰ ਸਾਹਿਬ, ਅਨੰਦ-ਪੁਰ ਸਾਹਿਬ ਹੋਲੇ ਮਹੱਲੇ ਦਾ ਜਿਹੜਾ ਮੇਲਾ ਹੋਇਆ ਹੈ, ਉਥੇ ਜੋ ਤਕਰੀਰਾਂ ਹੋਈਆਂ, ਜੋ ਮਤਾ ਹੋਇਆ, ਉਨ੍ਹਾਂ ਬਾਰੇ ਅੱਜ ਸਦਨ ਵਿਚ ਬਹਿਸ ਮੰਗੀ ਗਈ ਕਿ ਇਸ ਤੇ ਬਹਿਸ ਹੋਣੀ ਚਾਹੀਦੀ ਹੈ

ਔਰ ਮੈਂਬਰ ਸਾਹਿਬਾਨ ਦੇ ਜਜ਼ਬਾਤ ਨੂੰ ਵੇਖਦੇ ਹੋਏ ਇਸ ਦੀ ਸਹਿਮਤੀ ਦਿੱਤੀ, ਇਸ ਦੀ ਆਗਿਆ ਦੇ ਦਿੱਤੀ । ਇਸ ਤੇ ਬਹਿਸ ਹੋਈ । ਵੱਖ ਵੱਖ ਵਿਚਾਰ ਆਏ ਹਨ । ਅਨੰਦਪੁਰ ਸਾਹਿਬ ਦਾ ਬੜਾ ਪਵਿੱਤਰ ਸਥਾਨ ਹੈ। ਇਹ ਉਹ ਸਥਾਨ ਹੈ ਜਿਥੇ ਖਾਲਸੇ ਦਾ ਜਨਮ ਹੋਇਆ। ਇਹ ਉਹ ਸਥਾਨ ਹੈ ਜਿਥੋਂ ਗੁਰੂ ਤੇਗ ਬਹਾਦਰ ਜੀ ਨੇ ਚੱਲਕੇ ਦਿੱਲੀ ਵਿਚ ਧਰਮ ਦੀ ਖਾਤਰ ਆਪਣਾ ਸੀਸ ਦਿੱਤਾ । ਉਨ੍ਹਾਂ ਨੂੰ ਹਿੰਦ ਦੀ ਚਾਦਰ, ਧਰਮ ਦੀ ਚਾਦਰ ਕਿਹਾ ਜਾਂਦਾ ਹੈ। ਉਨ੍ਹਾਂ ਨੇ ਦਿੱਲੀ ਵਿਚ ਚਾਂਦਨੀ ਚੌਂਕ ਵਿਚ ਸ਼ਹਾਦਤ ਦਿਤੀ। ਅਨੰਦਪੁਰ ਸਾਹਿਬ ਉਹ ਸਥਾਨ ਹੈ ਜਿਥੇ ਖਾਲਸੇ ਦਾ ਜਨਮ ਹੋਇਆ। ਇਸ ਸਥਾਨ ਤੇ ਗੁਰੂ ਗੋਬਿੰਦ ਸਿੰਘ ਨੇ 1699 ਵਿਚ ਖਾਲਸੇ ਦੀ ਸਿਰਜਣਾ ਕੀਤੀ । ਉਨ੍ਹਾਂ ਨੇ ਸਾਰੇ ਦੇਸ਼ ਦੇ ਲੋਕਾਂ ਨੂੰ ਵੰਗਾਰ ਦਿਤੀ ਸੀ ਕਿ ਕੋਈ ਦੱਸੇ ਜਿਹੜਾ ਮੇਰਾ ਖਾਲਸਾ ਬਣਨ ਵਾਸਤੇ ਤਿਆਰ ਹੋਵੇ। ਇਸ ਤਰ੍ਹਾਂ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਲੋਕ ਆਏ ਸਨ। ਪੰਜ ਪਿਆਰੇ ਥਾਪੇ ਗਏ। ਉਨ੍ਹਾਂ ਪੰਜ ਪਿਆਰਿਆਂ ਵਿਚ ਇਕੱਲੇ ਰੋਪੜ ਜ਼ਿਲ੍ਹੇ ਦੇ ਹੀ ਨਹੀਂ ਸੀ ਲਏ। ਦੇਸ਼ ਦੇ ਸਾਰੇ ਹਿੱਸਿਆਂ ਵਿਚੋਂ ਪੰਜ ਪਿਆਰੇ ਲਏ ਸਨ ਅਤੇ ਵੱਖ ਵੱਖ ਸ਼੍ਰੇਣੀਆਂ ਦੇ ਲਏ ਸਨ। ਵੱਖ ਵੱਖ ਗੱਲਾਂ ਨੂੰ ਮੰਨਣ ਵਾਲੇ, ਵੱਖ ਵੱਖ ਵਿਚਾਰਧਾਰਾ ਨੂੰ ਮੰਨਣ ਵਾਲੇ ਲਏ ਸਨ। ਅੱਜ ਅਫਸੋਸ ਦੀ ਗੱਲ ਹੈ ਕਿ ਇਹ ਕਿਹੜੇ ਪਾਸੇ ਨੂੰ ਚਲੇ ਗਏ ਹਨ। ਅਨੰਦਪੁਰ ਸਾਹਿਬ ਸਾਡਾ ਬੜਾ ਵਿਸ਼ਾਲ ਸੀ ਪਰ ਅੱਜ ਉਹ ਸੁੰਗੜ ਗਿਆ ਹੈ। ਉਥੋਂ ਸੇਧ ਮਿਲਦੀ ਸੀ। ਉਥੋਂ ਦੇਸ਼ ਦੀ ਆਜ਼ਾਦੀ ਦੀ ਸੇਧ ਮਿਲੀ ਸੀ ਪਰ ਉਸ ਦੀ ਇਨ੍ਹਾਂ ਨੇ ਅੱਜ ਹਸਤੀ ਖਤਮ ਕਰ ਦਿੱਤੀ ਹੈ। ਇਸ ਦੇ ਇਤਿਹਾਸ ਵਿਚ ਮੈਨੂੰ ਜਾਣ ਦੀ ਲੋੜ ਨਹੀਂ ਹੈ, ਇਸ ਤੋਂ ਸਾਰੇ ਵਾਕਿਫ ਹਨ। ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਵਾਸਤੇ, ਮਾਨਵਤਾ ਵਾਸਤੇ ਸੰਦੇਸ਼ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਨੇ 29 ਸਾਲ ਆਪਣੀ ਜ਼ਿੰਦਗੀ ਦੇ ਦੁਨੀਆਂ ਵਿਚ ਥਾਂ ਥਾਂ ਜਾ ਕੇ ਆਪਣਾ ਸੰਦੇਸ਼, ਆਪਣਾ ਗਿਆਨ ਲੋਕਾਂ ਨੂੰ ਦੱਸਿਆ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਨੇ ਛੋਟੀਆਂ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਇਕੱਠਾ ਕਰਕੇ ਦੇਸ਼ ਨੂੰ ਸੇਧ ਦਿੱਤੀ। ਅੱਜ ਅਫਸੋਸਨਾਕ ਗੱਲ ਇਹੀ ਹੈ ਕਿ ਉਸੇ ਅਸਥਾਨ ਨੂੰ ਕੁਝ ਛੋਟੀ ਸੋਚ ਵਾਲੇ ਲੋਕਾਂ ਨੇ ਆਪਣੇ ਖਿਆਲਾਂ ਲਈ ਵਰਤਿਆ ਔਰ ਕੁਝ ਐਸਾ ਦੇਖਿਆ ਗਿਆ ਕਿ ਐਸੇ ਹਾਲਾਤ ਪੈਦਾ ਕੀਤੇ ਗਏ ਕਿ ਜਿਥੇ ਇਸ ਮੌਕੇ ਤੇ ਸਾਧਾਰਨ ਤੌਰ ਤੇ ਅਨੰਦਪੁਰ ਸਾਹਿਬ ਵਿਖੇ ਕੋਈ ਚਾਰ ਜਾਂ ਪੰਜ ਲੱਖ ਲੋਕਾਂ ਦਾ ਇਕੱਠ ਹੁੰਦਾ ਸੀ ਉਥੇ ਐਤਕੀ ਇਹ ਗਿਣਤੀ ਕੋਈ ਹਜ਼ਾਰਾਂ ਵਿੱਚ ਹੀ ਆਈ। ਸਾਨੂੰ ਰਿਪੋਰਟ ਮਿਲੀ ਹੈ ਕਿ ਐਤਕੀ ਕੇਵਲ 70 ਜਾਂ 80 ਹਜ਼ਾਰ ਤੱਕ ਇਹ ਗਿਣਤੀ ਇਕੱਠ ਦੀ ਰਹਿ ਗਈ ਹੈ ਜਿਹੜੀ ਕਿ ਤਕਰੀਬਨ ਚੌਥਾ ਪੰਜਵਾਂ ਹਿੱਸਾ ਆਮ ਪਹਿਲੇ ਸਾਧਾਰਨ ਇਕੱਠ ਨਾਲੋਂ ਰਹਿ ਗਈ ਕਿਉਂਕਿ ਕੁਝ ਮਾਹੌਲ ਹੀ ਐਸਾ ਪੈਦਾ ਕੀਤਾ ਗਿਆ ਅਤੇ ਉਹ ਕੁਝ ਲੋਕਾਂ ਵਾਸਤੇ ਹੀ ਸੀਮਿਤ ਹੋ ਗਿਆ। ਕੁਝ ਇਸ ਕਿਸਮ ਦਾ ਖਿਆਲ ਦਿੱਤਾ ਗਿਆ ਇਹ ਅਸਥਾਨ ਕੁਝ ਲੋਕਾਂ ਵਾਸਤੇ ਸੀਮਤ ਰਹਿ ਗਿਆ, ਸਾਰੇ ਸਿਖਾਂ ਵਾਸਤੇ ਨਹੀਂ ਰਿਹਾ ਜਿਸ ਕਰਕੇ ਲੋਕਾਂ ਦੇ ਮਨਾਂ ਵਿੱਚ ਸਹਿਮ ਪੈ ਗਿਆ, ਡਰ ਪੈ ਗਿਆ। ਇਥੇ ਸਵਾਲ ਆਇਆ ਸੀ ਔਰ ਮੈਂ ਕਿਹਾ ਸੀ, ਮੈਂ ਉਸ ਵੇਲੇ ਵੀ ਬੇਨਤੀ ਕੀਤੀ ਸੀ ਕਿ ਮੈਂ ਇਸ ਦਾ ਜਵਾਬ ਦੇਵਾਂਗਾ। ਉਥੇ, ਸਪੀਕਰ ਸਾਹਿਬ, ਦੋ ਸਟੇਜਾਂ ਲਾਈਆਂ ਗਈਆਂ। ਇਕ ਸਟੇਜ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਲਾਈ ਗਈ ਸੀ ਅਤੇ ਦੂਸਰੀ ਸਟੇਜ ਯੂਨੀਫਾਈਡ ਅਕਾਲੀ ਦਲ ਵਲੋਂ ਲਾਈ ਗਈ ਸੀ। ਜਿਹੜੀ ਸਟੂਡੈਂਟਸ ਫੈਡਰੇਸ਼ਨ ਦੀ ਸਟੇਜ ਸੀ ਉਸ ਵਲੋਂ ਗਰਮ ਖਿਆਲ ਆਏ, ਉਨ੍ਹਾਂ ਵੱਲੋਂ ਗਰਮ ਮਤੇ ਪਾਸ ਕੀਤੇ ਗਏ ਔਰ ਗਰਮ ਤਕਰੀਰਾਂ ਕੀਤੀਆਂ ਗਈਆਂ ਔਰ ਯੂਨੀਫਾਈਡ ਅਕਾਲੀ ਦਲ ਵੱਲੋਂ ਜੋ ਜਲਸਾ ਕੀਤਾ ਜਾ ਰਿਹਾ ਸੀ ਉਸ ਸਟੇਜ ਤੋਂ ਜਿਸ ਕਿਸੇ ਦਾ

[ਮੁੱਖ ਮੰਤਰੀ]

ਜਿਹੜਾ ਦਾਅ ਲੱਗਿਆ ਉਸ ਨੇ ਉਸ ਤਰ੍ਹਾਂ ਦੀ ਗੱਲ ਕਹਿ ਲਈ। ਕਿਸੇ ਨੇ ਅਸੰਬਲੀ ਵਿੱਚ ਆਉਣਾ ਸੀ ਉਸ ਨੇ ਇਸ ਕਿਸਮ ਦੀਆਂ ਗੱਲਾਂ ਕਹੀਆਂ ਕਿ ਮੈਂ ਅਸੰਬਲੀ ਵਿੱਚ ਜਾ ਕੇ ਕੋਈ ਗੱਲ ਕਰ ਸਕਾਂ, ਇਸ ਕਰਕੇ ਕੋਈ ਗੱਲ ਕਰਨ ਵਿਚ ਕੋਈ ਸੰਕੋਚ ਵੀ ਕਰ ਗਏ। ਉਹ ਅਨੰਦਪੁਰ ਸਾਹਿਬ ਦੇ ਮਤੇ ਤੇ ਆ ਕੇ ਠਹਿਰ ਗਏ ਕਿ ਅਸੀਂ ਅਨੰਦਪੁਰ ਸਾਹਿਬ ਦਾ ਮਤਾ ਹਾਸਲ ਕਰਨਾ ਹੈ, ਇਹ ਸਾਡੀ ਸੋਚ ਹੈ। ਲੇਕਿਨ ਉਸੇ ਸਟੇਜ ਤੋਂ ਕੁਝ ਐਸੀਆਂ ਗੱਲਾਂ ਕੀਤੀਆਂ ਗਈਆਂ ਜਿਸ ਦੀ ਅੱਜ ਇਹ ਜ਼ਿੰਮੇਵਾਰੀ ਲੈਣ ਤੋਂ ਸੰਕੋਚ ਕਰਦੇ ਹਨ। ਇਸੇ ਸਟੇਜ ਤੋਂ ਇਕ ਸ਼ੇਰ ਸਿੰਘ ਡੂਮਛੇੜੀ ਨੇ ਰੈਜ਼ੋਲਿਊਸ਼ਨ ਪੇਸ਼ ਕੀਤਾ।

Sardar Sher Singh of Doomsheri presented a Resolution calling upon the Sikhs to give shelter to the militant youths wanted by the police. The Resolution was passed by 'Bole So Nihal' and raising of the hands.

ਇਹ ਰੈਜ਼ੋਲਿਊਸ਼ਨ ਇਥੇ ਪੇਸ਼ ਕੀਤਾ ਗਿਆ ਕਿ ਜੇ ਅੱਤਿਵਾਦੀ ਦੇ ਪਿਛੇ ਪੁਲਿਸ ਜਾਂਦੀ ਹੋਵੇ ਤਾਂ ਉਸ ਨੂੰ ਪਨਾਹ ਦੇਣੀ ਹੈ। ਜਦੋਂ ਅੱਤਿਵਾਦੀ ਨੂੰ ਕੋਈ ਪਨਾਹ ਦਿੱਤੀ ਜਾਂਦੀ ਹੈ ਤਾਂ ਇਸ ਦਾ ਮਤਲਬ ਹੈ ਕਿ ਉਹ ਵੀ ਅੱਤਿਵਾਦੀ ਦਾ ਹਿੱਸੇਦਾਰ ਬਣਦਾ ਹੈ, ਅੱਤਿਵਾਦੀ ਨੂੰ ਪਨਾਹ ਦੇਣੀ, ਉਸ ਨੂੰ ਸ਼ਹਿ ਦੇਣੀ ਮੈਂ ਸਮਝਦਾ ਹਾਂ ਕਿ ਮਾੜੀ ਗੱਲ ਹੈ। ਜੇ ਅੱਤਿਵਾਦ ਨੂੰ ਐਨਕਰੇਜ ਕੀਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਹਾਲਾਤ ਨੂੰ ਖ਼ਰਾਬ ਕਰਨ ਵਾਲੀ ਗੱਲ ਹੈ। ਉਥੇ ਮਤਾ ਇਸ ਢੰਗ ਨਾਲ ਆਇਆ ਜਿਸ ਦੇ ਨਾਲ ਅੱਤਿਵਾਦ ਨੂੰ ਸ਼ਹਿ ਮਿਲੇ। ਦੂਸਰੀ ਸਟੇਜ ਤੋਂ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਜੋ ਮਤੇ ਪੇਸ਼ ਹੋਏ ਜਾਂ ਜੋ ਕੁਝ ਹੋਇਆ ਉਹ ਖਾਸਾ ਖ਼ਤਰਨਾਕ ਹੈ। ਸਾਡੇ ਲਈ ਹੀ ਨਹੀਂ, ਇਹ ਇਨ੍ਹਾਂ ਵਾਸਤੇ ਵੀ ਜਿਹੜੇ ਇਨ੍ਹਾਂ ਦੇ ਮੁਦੱਈ ਹਨ ਉਨ੍ਹਾਂ ਵਾਸਤੇ ਵੀ ਖ਼ਤਰਨਾਕ ਹੈ। ਇਹ ਉਨ੍ਹਾਂ ਵਾਸਤੇ ਵੀ ਖ਼ਤਰਨਾਕ ਹੈ ਜਿਹੜੇ ਦੋਹਾਂ ਪਾਸਿਆਂ ਦੀ ਗੱਲ ਰਖਦੇ ਹਨ, ਇਹ ਉਨ੍ਹਾਂ ਵਾਸਤੇ ਵੀ ਘਬਰਾਹਟ ਵਾਲੀ ਗੱਲ ਹੈ। ਮੇਰੇ ਕੋਲ ਕੁਝ ਰਿਪੋਰਟਸ ਆਈਆਂ ਹਨ ਔਰ ਮੈਂ ਉਨ੍ਹਾਂ ਰਿਪੋਰਟਸ ਦੇ ਮੁਤਾਬਿਕ ਆਪ ਨੂੰ ਦੱਸਣਾ ਚਾਹਵਾਂਗਾ।

Apart from this, warnings were held out to people on behalf of Harjinder Singh alias Jinda, Commander of Khalistan Liberation Force and General Labh Singh that those Sikhs who are Amritdhari but take liquor and indulge in other misdeeds should abandon otherwise they would be taught a lesson.

ਹੁਣ ਅੱਜ ਸਵੇਰੇ ਜ਼ਿਕਰ ਹੋ ਰਿਹਾ ਸੀ। ਕਈ ਸ਼ਰਾਬ ਪੀਣ ਵਾਲੇ ਬੈਠੇ ਹਨ। ਉਨ੍ਹਾਂ ਦਾ ਕੀ ਬਣੇਗਾ ਇਹ ਸੋਚੋ? ਸਵੇਰੇ ਇਥੇ ਵਿਚਾਰ ਹੋ ਰਿਹਾ ਸੀ। ਤਕਰੀਬਨ ਰੋਜ਼ ਹੀ ਹੋ ਜਾਂਦਾ ਹੈ। ਉਨ੍ਹਾਂ ਵਲੋਂ ਇਕ ਬੜੀ ਖਤਰਨਾਕ ਵਾਰਨਿੰਗ ਦਿੱਤੀ ਗਈ ਹੈ ਕਿ ਜੇ ਕੋਈ ਸ਼ਰਾਬ ਪੀਏਗਾ ਤਾਂ ਉਨ੍ਹਾਂ ਦਾ ਸਫ਼ਾਇਆ ਕਰ ਦਿੱਤਾ ਜਾਏਗਾ। ਸ੍ਰੀ ਕੁਲਦੀਪ ਸਿੰਘ ਨੇ ਪੰਜ ਮੈਂਬਰੀ ਕਮੇਟੀ ਦਾ ਮੈਸੇਜ ਪੜ੍ਹ ਦਿੱਤਾ। ਉਹ ਪੰਥਕ ਕਮੇਟੀ ਕਿਹੜੀ ਹੈ ਜਿਸ ਨੂੰ ਇਨ੍ਹਾਂ ਨੇ ਅਕਾਲ ਤਖਤ ਤੋਂ ਉਪਰ ਬਣਾ ਦਿੱਤਾ? ਇਹ ਦੇਖੋ, ਇਹ ਅਕਾਲ ਤਖਤ ਦੀ ਮਹਾਨਤਾ ਸਵੀਕਾਰ ਕਰਨ ਵਾਲੇ ਲੋਕ ਹਨ। ਇਹ ਕਮੇਟੀ ਕੀ ਕਹਿੰਦੀ ਹੈ?

Bhai Kuldip Singh read out a message of the Five Members Panthik Committee wherein they threatened that the leaders demanding less than Khalistan would face the fate of Sant Longowal.

ਐਸੀਆਂ ਧਮਕੀਆਂ ਵਾਲੀਆਂ ਗਲਾਂ ਕਹੀਆਂ ਗਈਆਂ ਜੋ ਮੈਂ ਸਮਝਦਾ ਹਾਂ ਕਿ ਭਿਆਨਕ ਸਨ, ਦੇਸ਼ ਵਿਰੋਧੀ ਹਨ, ਧਰਮ ਵਿਰੋਧੀ ਹਨ। ਇਹ ਵੀ ਆਖਿਆ ਗਿਆ ਕਿ ਖਾਲਿਸਤਾਨ ਤੋਂ ਘੱਟ ਜੇ

ਕੋਈ ਗਲ ਕਰੇਗਾ ਤਾਂ ਸੰਤ ਲੌਂਗੋਵਾਲ ਦੀ ਤਰ੍ਹਾਂ ਮਾਰ ਦਿੱਤਾ ਜਾਏਗਾ। ਇਹ ਗੁਰੂ ਗ੍ਰੰਥ ਸਾਹਿਬ ਦੀ ਬੀੜ ਅਗੇ ਕਤਲ ਕਰ ਦਿੱਤਾ ਜਾਵੇਗਾ। ਢੀਂਡਸਾ ਸਾਹਿਬ ਅਨੰਦਪੁਰ ਸਾਹਿਬ ਦਾ ਮਤਾ ਚਾਹੁੰਦੇ ਹਨ। ਉਨ੍ਹਾਂ ਨੇ ਵਾਰਨਿੰਗ ਦਿੱਤੀ ਹੈ। ਸਾਨੂੰ ਤਾਂ ਰੋਜ਼ ਆਉਂਦੀ ਹੈ ਲੇਕਿਨ ਇਹ ਤੁਹਾਡੇ ਵਾਸਤੇ ਹੈ ਜਿਹੜੇ ਮੁਦਈ ਬਣ ਕੇ ਜਾਂਦੇ ਹਨ, ਜਿਹੜੇ ਕਵਰ ਦਿੰਦੇ ਹਨ, ਪਨਾਹ ਦਿੰਦੇ ਹਨ, ਤੰਬੀਹ ਕੀਤੀ ਹੈ। ਮੈਂ ਕਹਿਣਾ ਚਾਹਵਾਂਗਾ ਕਿ ਮੈਂ ਅਕਾਲ ਤਖ਼ਤ ਦਾ ਸਤਿਕਾਰ ਕਰਦਾ ਹਾਂ। ਮੈਂ ਰੋਜ਼ ਕਹਿੰਦਾ ਹਾਂ ਕਿ ਅਕਾਲ ਤਖ਼ਤ ਦੀ ਸੇਵਾ ਔਰ ਮਾਣ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਅਸੀਂ ਸਾਰੇ ਸਤਿਕਾਰ ਕਰਦੇ ਹਾਂ ਮੇਰੀ ਪਾਰਟੀ ਵਾਲੇ ਪਰ ਮੇਰੇ ਦਿਲ ਵਿਚ ਬਹੁਤ ਹੀ ਸਤਿਕਾਰ ਹੈ (ਥੰਪਿੰਗ) ਕਿਉਂਕਿ ਇਹ ਪਵਿੱਤਰ ਇੰਸਟੀਚਿਊਸ਼ਨ ਛੇਵੇਂ ਗੁਰੂ ਪਾਤਸ਼ਾਹ ਨੇ ਆਪਣੇ ਹੱਥ ਨਾਲ ਕਾਇਮ ਕੀਤੀ ਸੀ। ਅਕਾਲ ਤਖਤ ਦੇ ਤਾਂ ਕਈ ਜੱਥੇਦਾਰ ਕਾਇਮ ਹੋ ਗਏ ਹਨ, ਕੋਈ ਬਾਬਾ ਦੀਪ ਸਿੰਘ ਵਾਲੀ ਥਾਂ ਤੇ ਬੈਠੇ ਹਨ। ਕੋਈ ਉਸ ਜਗ੍ਹਾ ਤੇ ਬੈਠੇ ਹਨ ਜਿਥੇ ਅਕਾਲੀ ਫੂਲਾ ਸਿੰਘ ਬੈਠਦੇ ਸਨ। ਉਹ ਐਕਟਿੰਗ ਜੱਥੇਦਾਰ ਨਹੀਂ ਸੀ। ਸ਼੍ਰੋਮਣੀ ਕਮੇਟੀ ਨੇ ਨਹੀਂ ਬਣਾਇਆ। ਅਸਲ ਜੱਥੇਦਾਰ ਕੌਣ ਅਕਾਲ ਤਖ਼ਤ ਦਾ ਬਣਿਆ ? ਮੈਂ ਕਿਹਾ ਕਿ ਇਸ ਕੰਟਰੋਵਰਸੀ ਵਿਚ ਨਹੀਂ ਪੈਣਾ ਚਾਹੀਦਾ। ਉਹ ਸਾਡੇ ਤੇ ਅਟੈਕ ਕਰਨਾ ਚਾਹੁੰਦੇ ਹਨ, ਸਾਡੀਆਂ ਕੁਝ ਕਮਜ਼ੋਰੀਆਂ ਬਿਆਨ ਕਰਨਾ ਚਾਹੁੰਦੇ ਹਨ। ਮੈਂ ਕਹਾਂਗਾ ਕਿ ਉਹ ਐਸੇ ਪਵਿੱਤਰ ਸਦਨ ਹਨ, ਉਨ੍ਹਾਂ ਦਾ ਜ਼ਿਕਰ ਇਥੇ ਨਹੀਂ ਲਿਆਉਣਾ ਚਾਹੀਦਾ । ਸਰਦਾਰ ਅਮਰਿੰਦਰ ਸਿੰਘ ਨੇ ਕਈ ਵਾਰੀ ਜ਼ਿਕਰ ਲਿਆਂਦਾ ਹੈ, ਅੱਜ ਸਰਦਾਰ ਬਚਿੱਤਰ ਸਿੰਘ ਨੇ ਨਾਂ ਲਿਆਂਦਾ ਹੈ। ਇਕ ਸਰਬਤ ਖਾਲਸਾ 1986 ਵਿਚ ਹੋਇਆ। ਉਥੇ ਇਕ ਜੱਥੇਦਾਰ ਬਣਾ ਦਿੱਤਾ। ਸ਼੍ਰੋਮਣੀ ਕਮੇਟੀ ਨੇ ਜੱਥੇਦਾਰ ਕੱਢ ਦਿੱਤਾ। ਇਨ੍ਹਾਂ ਨੇ ਐਕਟਿੰਗ ਜੱਥੇਦਾਰ ਬਣਾ ਦਿੱਤਾ। ਇਸ ਕਿਸਮ ਦੀਆਂ ਕੰਟਰੋਵਰਸੀ ਪਹਿਲਾਂ ਵਧਾਈ ਬੈਠੇ ਹਨ। ਉਨ੍ਹਾਂ ਦਾ ਦਖ਼ਲ ਕਿਥੋਂ ਤਕ ਹੋਣਾ ਚਾਹੀਦਾ ਹੈ ਕਿਥੋਂ ਤਕ ਨਹੀਂ ? ਅਸੀਂ ਜੱਥਦਾਰ ਸਾਹਿਬਾਨ ਦਾ ਸਤਿਕਾਰ ਕਰਦੇ ਹਾਂ। ਹਰਿਮੰਦਰ ਸਾਹਿਬ ਦਾ, ਅਕਾਲ ਤਖ਼ਤ ਦਾ ਅਸੀਂ ਬੜਾ ਸਤਿਕਾਰ ਕਰਦੇ ਹਾਂ ਲੇਕਿਨ ਇਸ ਦੀ ਵਰਤੋਂ ਠੀਕ ਹੋਣੀ ਚਾਹੀਦੀ ਹੈ। ਅਨੰਦਪੁਰ ਸਾਹਿਬ ਦੇ ਤਖ਼ਤ ਦੀ ਵਰਤੋਂ ਵੀ ਸਹੀ ਹੋਣੀ ਚਾਹੀਦੀ ਹੈ। (ਵਿਘਨ) (ਸ਼ੋਰ) ਇਸੇ ਤਰ੍ਹਾਂ ਦਰਬਾਰ ਸਾਹਿਬ ਇਕ ਪਵਿੱਤਰ ਸਥਾਨ ਹੈ, ਇਸ ਦਾ ਮਾਣ ਕਰਨਾ ਸਾਡਾ ਫਰਜ਼ ਹੈ। ਉਸ ਦੀ ਪਵਿੱਤਰਤਾ ਨੂੰ ਕਾਇਮ ਰੱਖਣਾ ਚਾਹੀਦਾ ਹੈ, ਸਾਡੇ ਸਾਰਿਆਂ ਦਾ ਫਰਜ਼ ਹੈ ਚਾਹੇ ਕੋਈ ਪੰਜਾਬੀ ਹੈ, ਚਾਹੇ ਸਿੱਖ ਧਰਮ ਨਾਲ ਸਬੰਧ ਰਖਦਾ ਹੈ ਜਾਂ ਨਹੀਂ। ਹਰ ਇਕ ਦੇ ਮਨ ਵਿਚ ਹੈ ਕਿ ਜ਼ਰੂਰ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰਹਿਣੀ ਚਾਹੀਦੀ ਹੈ। ਜਦੋਂ ਪਰਕਰਮਾ ਦੇ ਕਮਰਿਆਂ ਨੂੰ ਟਾਰਚਰ ਰੂਮ ਵਿਚ ਬਦਲ ਦਿੱਤਾ ਜਾਵੇ ਫਿਰ ਇਨ੍ਹਾਂ ਦੇ ਮੂੰਹ ਵਿਚੋਂ ਇਹ ਨਾ ਕਿਹਾ ਜਾਵੇ ਕਿ ਮਾੜੀ ਗੱਲ ਹੋਈ ਤਾਂ ਬੜਾ ਅਫਸੋਸ ਹੁੰਦਾ ਹੈ। ਉਸ ਸਥਾਨ ਦੀ ਪਵਿੱਤਰਤਾ ਭੰਗ ਹੋਈ। ਮੈਂ ਉਸ ਦਿਨ ਦਸਿਆ ਸੀ ਕਿ ਇਸ ਤਰ੍ਹਾਂ ਨਾਲ ਬੰਦੇ ਨੂੰ ਜ਼ਖ਼ਮੀ ਕਰਕੇ ਟਾਰਚਰ ਕੀਤਾ ਗਿਆ। ਗਟਰਾਂ ਵਿਚੋਂ ਲਾਸ਼ਾਂ ਬਰਾਮਦ ਹੋਈਆਂ ਹੋਣ, ਇਹ ਠੀਕ ਨਹੀਂ। ਪਵਿੱਤਰ ਸਥਾਨ ਦੀ ਪਵਿੱਤਰਤਾ ਕਾਇਮ ਰੱਖਣੀ ਚਾਹੀਦੀ ਹੈ। ਇਹ ਮੈਂ ਸਮਝਦਾ ਹਾਂ ਕਿ ਐਸ.ਜੀ.ਪੀ.ਸੀ. ਦਾ ਫਰਜ਼ ਹੈ, ਸਿੰਘ ਸਾਹਿਬਾਨ ਦਾ ਫਰਜ਼ ਹੈ। ਜੇਕਰ ਉਹ ਆਪਣਾ ਫਰਜ਼ ਨਹੀਂ ਪੂਰਾ ਕਰਦੇ ਤਾਂ ਮੈਂ ਸਮਝਦਾ ਹਾਂ ਕਿ ਫਰਜ਼ ਪੂਰਾ ਕਰਨਾ ਚਾਹੀਦਾ ਹੈ।

ਆਨੰਦਪੁਰ ਸਾਹਿਬ ਉਥੇ ਪਵਿੱਤਰ ਸਥਾਨ ਤੇ ਇਸ ਤਰ੍ਹਾਂ ਦੀਆਂ ਭੜਕਾਹਟ ਵਾਲੀਆਂ ਗੱਲਾਂ ਨਹੀਂ ਸਨ ਕਰਨੀਆਂ ਚਾਹੀਦੀਆਂ ਔਰ ਉਹ ਭੜਕਾਊ ਤਕਰੀਰਾਂ ਦਾ ਅਸਰ ਹੋਇਆ ਹੈ। ਇਕ ਐਮ.ਐਲ.ਏ. ਮਾਰਿਆ ਗਿਆ ਹੈ, ਇਕ ਲੀਡਰ ਪਟਿਆਲੇ ਮਾਰਿਆ ਗਿਆ ਹੈ, ਮਾਸੂਮਾਂ ਦੀ ਹੱਤਿਆ

[ਮੁਖ ਮੰਤਰੀ]

ਹੋਈ ਹੈ, ਕਈ ਹੱਤਿਆਵਾਂ ਹੋਈਆਂ। ਸਾਡਾ ਉਹ ਭਰਾ ਸੀ ਐਮ.ਐਲ.ਏ., ਮੈਨੂੰ ਅਫਸੋਸ ਹੁੰਦਾ ਹੈ, ਸਪੀਕਰ ਸਾਹਿਬ, ਉਸ ਨੂੰ ਅੱਤਿਵਾਦੀਆਂ ਵਲੋਂ ਹਲਾਕ ਕਰ ਦਿੱਤਾ ਗਿਆ ? ਉਪਰੋਂ ਲੈ ਕੇ ਥੱਲੇ ਤਕ ਗੋਲੀਆਂ ਚਲੀਆਂ ਗਈਆਂ। ਉਹ ਦਲੇਰ ਸਨ। ਉਸ ਨੇ ਪੁਲਿਸ ਦੀ ਪ੍ਰੋਟੈਕਸ਼ਨ ਵਾਸਤੇ ਇਨਕਾਰ ਕਰ ਦਿੱਤਾ ਸੀ। ਆਬਿਚੁਅਰੀ ਰੈਫਰੈਂਸਿਜ਼ ਹੋਈਆਂ। ਅਮਰਿੰਦਰ ਸਿੰਘ ਪਹਿਲਾਂ ਵੀ ਟਲ ਗਏ ਸਨ, ਪਹਿਲਾਂ ਜਦੋਂ ਹਾਊਸ ਨੇ ਇਤਰਾਜ਼ ਕੀਤਾ ਸੀ ਤਾਂ ਮੁਆਫੀ ਮੰਗੀ ਸੀ। ਜਦੋਂ ਅਮਰਜੀਤ ਸਿੰਘ ਦੀਆਂ ਆਬਿਚੁਅਰੀ ਰੈਫਰੈਂਸਿਜ਼ ਹੋ ਰਹੀਆਂ ਸਨ ਤਾਂ ਕੈਪਟਨ ਸਾਹਿਬ ਬਾਹਰ ਚਲੇ ਗਏ। ਦੂਸਰੇ ਰਾਜੇ ਨੇ ਇਕ ਸ਼ਬਦ ਨਹੀਂ ਆਖਿਆ ਕਿ ਅਸੀਂ ਕੰਡੈਮ ਕਰਦੇ ਹਾਂ ਜਿਨ੍ਹਾਂ ਲੋਕਾਂ ਨੇ ਉਨ੍ਹਾਂ ਦੀ ਹੱਤਿਆ ਕੀਤੀ। ਮੈਂ ਕਹਿੰਦਾ ਹਾਂ ਕਿ ਕੰਡੈਮਨੇਸ਼ਨ ਵਾਸਤੇ ਤਾਂ ਕੁਝ ਆਖ ਦਿਓ। ਇਹ ਹੀ ਕਹਿ ਦਿਓ ਕਿ ਬਹੁਤ ਮਾੜਾ ਹੋਇਆ ਹੈ। ਅੱਜ ਫਿਰ ਉਹ ਹੀ ਗੱਲ ਹੋਈ। ਅੱਜ ਅਮਰਿੰਦਰ ਸਿੰਘ ਨੇ ਫਿਰ ਬੋਲਣਾ ਸੀ। ਮੈਂ ਬੜਾ ਧਿਆਨ ਰੱਖਿਆ ਹੈ। ਇਥੇ ਸਪੀਚ ਵਿਚ ਕਿਹਾ ਗਿਆ ਕਿ ਅਮਰਜੀਤ ਸਿੰਘ ਨੂੰ ਮਾਰਿਆ ਗਿਆ ,, ਮਾੜਾ ਹੋਇਆ ਹੈ ਪਰ ਜਿਨ੍ਹਾਂ ਨੇ ਗੋਲੀਆਂ ਮਾਰੀਆਂ ਮਾੜਾ ਹੋਇਆ, ਇਸ ਤਰ੍ਹਾਂ ਦਾ ਇਕ ਸ਼ਬਦ ਨਹੀਂ ਕਿਹਾ। ਇਹ ਡਰਦੇ ਹਨ ਉਨ੍ਹਾਂ ਲੋਕਾਂ ਤੋਂ। ਪਰ ਉਨ੍ਹਾਂ ਨੇ ਖਹਿੜਾ ਨਹੀਂ ਛੱਡਣਾ। ਚੰਦੂਮਾਜਰਾ ਜੀ ਨੇ ਸਵੇਰੇ ਦੱਸਿਆ ਹੈ ਕਿ ਉਹ ਕਿਸ ਤਰ੍ਹਾਂ ਤੁੰਨੀ ਮੁੰਨੀ ਦਾ ਸਾਰਾ ਹਿਸਾਬ ਕਿਤਾਬ ਰਖਦੇ ਹਨ। ਉਹ ਹਿਸਾਬ ਮੰਗਦੇ ਹਨ, ਜੇਕਰ ਕੋਈ ਦਾਹੜੀ ਕਾਲੀ ਕਰਦਾ ਹੈ ਤਾਂ ਵੀ ਹਿਸਾਬ ਮੰਗਦੇ ਹਨ ਕਿ ਕਾਲੀ ਕਿਸ ਤਰ੍ਹਾਂ ਹੋ ਗਈ। ਤੇ, ਇਹ ਬੜੇ ਔਖੇ ਰਸਤੇ ਤੇ ਤੁਰੇ ਹੋਏ ਹਨ। ਰਸਤਾ ਇਹ ਚੰਗਾ ਸੀ ਕਿ ਆ ਕੇ ਇਥੇ ਸਾਡੇ ਵਿਚ ਬੈਠੋ, ਆਓ, ਅਸੀਂ ਬਾਹਾਂ ਅੱਡੀ ਬੈਠੇ ਹਾਂ, ਆਓ ਪੰਜਾਬ ਦੇ ਹਾਲਾਤ ਨੂੰ ਰਲ ਕੇ ਸੁਧਾਰਿਆ ਜਾਵੇ, ਪੰਜਾਬ ਦੇ ਹਾਲਾਤ ਵਿਗੜਦੇ ਜਾ ਰਹੇ ਹਨ, ਹਾਲਾਤ ਨੂੰ ਵਿਗੜਨ ਦੇਣਾ ਨਹੀਂ ਚਾਹੀਦਾ, ਇਹ ਸਾਰਿਆਂ ਦਾ ਫਰਜ਼ ਹੈ। ਇਹ ਪਵਿੱਤਰ ਮੇਲੇ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਯਾਦਗਾਰਾਂ ਹਨ। ਮਹਿਜ਼ ਆਨੰਦਪੁਰ ਸਾਹਿਬ ਉਨ੍ਹਾਂ ਨੇ ਇਹ ਮੇਲਾ ਸ਼ੁਰੂ ਕੀਤਾ ਸੀ ਤਾਕਿ ਲੋਕ ਆਉਣ, ਨੇਜ਼ੇਬਾਜ਼ੀ ਵੇਖਣ, ਉਥੇ ਘੋੜ-ਦੌੜ ਵੇਖਣ। ਇਸ ਕਿਸਮ ਦੇ ਕੰਪੀਟੀਸ਼ਨ ਸ਼ੁਰੂ ਕਰਵਾ ਦਿੱਤੇ ਸੀ। ਇਨ੍ਹਾਂ ਗੱਲਾਂ ਵਾਸਤੇ ਨਹੀਂ ਸੀ ਕਿ ਫਲਾਣੇ ਨੂੰ ਮਾਰਨਾ ਹੈ, ਹੁਣ ਹੁਕਮ ਕੀਤੇ ਜਾਂਦੇ ਹਨ ਕਿ ਫਲਾਣੇ ਨੂੰ ਸੋਧ ਦਿਓ। ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਸਨ ਹੋਣੀਆਂ ਚਾਹੀਦੀਆਂ। ਆਓ ਸਾਰੇ ਖੜੇ ਹੋਈਏ, ਇਸ ਗੱਲ ਦਾ ਵਿਰੋਧ ਕਰੀਏ, ਇਨ੍ਹਾਂ ਸਥਾਨਾਂ ਦੀ ਪਵਿੱਤਰਤਾ ਕਾਇਮ ਰੱਖਣੀ ਸਾਰਿਆਂ ਦਾ ਫਰਜ਼ ਬਣਦਾ ਹੈ। ਮੈਂ ਆਪ ਦਾ ਧੰਨਵਾਦ ਕਰਦਾ ਹਾਂ।

FINANCIAL BUSINESS

SUPPLEMENTARY DEMANDS FOR GRANTS FOR EXPENDITURE FOR THE YEAR 1986-87

(i) Discussion on the Estimates of the expenditure charged on revenues of the State

Mr. Speaker: If any Hon'ble Member wants to discuss any charged item, he may do so.

(No one rose to speak)

(ii) Voting of the Demands for Supplementary Grants.

Mr. Speaker: There are 29 Demands for Supplementary Grants which are to be discussed and voted upon today. If the Hon'ble Members agree, all these Demands may be deemed to have been read and moved as per past practice.

(Voices: yes, yes)

DEMAND NO. 1

That a Supplementary sum not exceeding Rs. 37,73,000 on Revenue Account be granted to the Governor to defray the charges that will come in due course of payment for the year ending 31st March, 1987 in respect of State Legislature.

DEMAND NO. 2

That a Supplementary sum not exceeding Rs. 1,54,03,000 on Revenue Account be granted to the Governor to defray the charges that will come in due course of payment for the year ending 31st March, 1987 in respect of Council for Ministers.

DEMAND NO. 3

That a Supplementary sum not exceeding Rs. 38,87,000 on Revenue Account be granted to the Governor to defray the charges that will come in due course of payment for the year ending 31st March, 1987 in respect of Administration of Justice.

DEMAND NO. 5

That a Supplementary sum not exceeding Rs. 2,70,38,000 on Revenue Account be granted to the Governor to defray the charges that will come in due course of payment for the year ending 31st March, 1987 in respect of Revenue.

DEMAND NO. 9

That a Supplementary sum not exceeding Rs. 59,54,000 on Revenue Account be granted to the Governor to defray the charges that will come in due course of payment for the year ending 31st March, 1987 in respect of Civil Secretariat.

DEMAND NO. 10

That a Supplementary sum not exceeding Rs. 1,38,21,500 on Revenue Account be granted to the Governor to defray the charges that will come in due course of payment for the year ending 31st March, 1987 in respect of District Administration.

DEMAND NO. 11

That a Supplementary sum not exceeding Rs. 5,85,42,000 on Revenue Account be granted to the Governor to defray the charges that will come in due course of payment for the year ending 31st March, 1987 in respect of police.

DEMAND NO. 12

That a Supplementary sum not exceeding Rs. 49,26,000 on Revenue Account be granted to the Governor to defray the charges that will come in due course of payment for the year ending 31st March, 1987 in respect of Jails.

DEMAND NO. 13

That a Supplementary sum not exceeding Rs. 78,34,000 on Revenue Account be granted to the Governor to defray the charges that will come in due course of payment for the year ending 31st March, 1987 in respect of Stationery and Printing.

Demand No. 14

That a Supplementary sum not exceeding Rs. 3,71,52,000 on Revenue Account be granted to the Governor to defray the charges that will come in due course of payment for the year ending 31st March, 1987 in respect of Miscellaneous Services.

[Mr. Speaker]

DEMAND NO. 16

That a Supplementary sum not exceeding Rs. 11,49,81,000 on Revenue Account be granted to the Governor to defray the charges that will come in due course of payment for the year ending 31st March, 1987 in respect of Education.

DEMAND NO. 17

That a Supplementary sum not exceeding Rs. 40,00,000 on Capital account be granted to the Governor to defray the charges that will come in due course of payment for the year ending 31st March, 1987 in respect of Technical Education, Science and Technology.

DEMAND NO- 19

That a Supplementary sum not exceeding Rs. 3,34,68,000 on Revenue Account and Rs. 74,87,000 on Capital Account be granted to the Governor to defray the charges that will come in due course of payment for the year ending 31st March, 1987 in respect of Housing and Urban Development.

DEMAND NO. 20

That a Supplementary sum not exceeding Rs. 42,31,000 on Revenue Account be granted to the Governor to defray the charges that will come in due course of payment for the year ending 31st March, 1987 in respect of Information and Publicity.

DEMAND NO. 21

That a Supplementary sum not exceeding Rs. 24,64,000 on Capital Account be granted to the Governor to defray the charges that will come in due course of payment for the year ending 31st March, 1987 in respect of Tourism and Cultural Affairs.

DEMAND NO. 22

That a Supplementary sum not exceeding Rs. 23,86,000 on Revenue Account and Rs. 5,79, 000 on Capital Account be granted to the Governor to defray the charges that will come in due course of payment for the year ending 31st March, 1987 in respect of Labour, Employment and Industrial Training.

DEMAND NO. 23

That a Supplementary sum not exceeding Rs. 2, 75,77,000 on Revenue Account be granted to the Governor to defray the charges that will come in due course of payment for the year ending 31st March, 1987 in respect of Social Security and Welfare.

DEMAND NO. 26

That a Supplementary sum not exceeding Rs. 1,000 on Revenue Account be granted to the Governor to defray the charges that will come in due course of payment for the year ending 31st March, 1987 in respect of Agriculture.

DEMAND NO. 27

That a Supplementary sum not exceeding Rs. 1,000 on Revenue Account be granted to the Governor to defray the charges that will come in due course of payment for the year ending 31st March, 1987 in respect of Soil and Water Conservation .

DEMAND NO. 29

That a Supplementary sum not exceeding Rs. 1,76,000 on Revenue Account be granted to the Governor to defray the charges that will come in due course of payment for the year ending 31st March, 1987 in respect of Animal Husbandry.

DEMAND NO. 33

That a Supplementary sum not exceeding Rs. 5,70,47,000 on Revenue Account be granted to the Governor to defray the charges that will come in due course of payment for the year ending 31st March, 1987 in respect of Community Development.

DEMAND NO. 34

That a Supplementary sum not exceeding Rs. 1,83,74,000 on Revenue Account and Rs. 2,70,00,000 on Capital Account be granted to the Governor to defray the charges that will come in due course of payment for the year ending 31st March, 1987 in respect of Industries.

DEMAND NO. 35

That a Supplementary sum not exceeding Rs. 9,46,000 on Revenue Account be granted to the Governor to defray the charges that will come in due course of payment for the year ending 31st March, 1987 in respect of Civil Aviation.

DEMAND NO. 36

That a Supplementary sum not exceeding Rs. 1,82,27,000 on Revenue Account be granted to the Governor to defray the charges that will come in due course of payment for the year ending 31st March, 1987 in respect of Roads and Bridges.

DEMAND NO. 37

That a Supplementary sum not exceeding Rs. 1,31,000 on Revenue Account be granted to the Governor to defray the charges that will come in due course of payment for the year ending 31st March, 1987 in respect of Road Transport.

DEMAND NO. 38

That a Supplementary sum not exceeding Rs. 30,80,000 on Revenue Account and Rs. 29,74,20,000 on Capital Account be granted to the Governor to defray to the charges that will come in due course of payment for the year ending 31st March, 1987 in respect of Multipurpose River Projects.

DEMAND NO. 39

That a Supplementary sum not exceeding Rs. 6,39,66,000 on Revenue Account and Rs. 17,11,40,000 on Capital Account be granted to the Governor to defray the charges that will come in due course of paymnet for the year ending 31st March, 1987 in respect of Irrigation, Navigation, Drainage and Flood Control Projects.

DEMAND NO. 40

That a Supplementary sum not exceeding Rs. 6,00,03,000 on Revenue Account be granted to the Governor to defray the charges that will come in due course of payment for the year ending 31st March, 1987 in respect of Buildings.

DEMAND NO. 41

That a Supplementary sum not exceeding Rs. 51,65,58,000 on Capital Account be granted to the Governor to defray the charges that will come in due course of payment for the year ending 31st March, 1987 in respect of Loans and Advances by the State Government.

Mr. Speaker : I will request that while raising discussion, the demand number on which the discussion is sought to be raised may please be indicated by the Member concerned.

The Guillotine will be applied under sub-rule (4) of Rule 168 of the Rules of Procedure and Conduct of Business in the Punjab Vidhan Sabha (Punjab Legislative Assembly) at 5.30 P.M.

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ): ਮੇਰਾ ਖਿਆਲ ਹੈ ਕਿ ਕੋਈ ਡਿਸਕਸ਼ਨ ਵਾਸਤੇ ਤਿਆਰ ਨਹੀਂ ਹੈ। ਇਹ ਪਾਸ ਹੀ ਕਰ ਦਿਓ।

(ਇਸ ਵੇਲੇ ਮਾਨਯੋਗ ਮੈਂਬਰ ਸ਼੍ਰੀ ਜਗਜੀਤ ਸਿੰਘ ਬੋਲਣ ਲਈ ਖੜੇ ਹੋਏ।)

ਵਿੱਤ ਮੰਤਰੀ : ਹੁਣ ਤੁਸੀਂ ਬੈਠ ਜਾਓ। ਫਿਰ ਬੋਲ ਲੈਣਾ।

ਸ਼੍ਰੀ ਸਪੀਕਰ : ਵੈਸੇ ਉਸ ਵੇਲੇ ਫੈਸਲਾ ਇਹ ਹੋਇਆ ਸੀ ਕਿ ਜਿਹੜੀ ਪਹਿਲੇ ਡਿਸਕਸ਼ਨ ਕੀਤੀ ਹੈ ਉਸ ਵਾਸਤੇ ਟਾਈਮ ਵਧਾ ਲਵਾਂਗੇ ਔਰ ਇਧਰ ਟਾਈਮ ਘੱਟ ਲਾ ਲਵਾਂਗੇ।

ਵਿੱਤ ਮੰਤਰੀ : ਸਾਰੀਆਂ ਡਿਮਾਂਡਜ਼ ਇਕੱਠੀਆਂ ਕਰ ਦਿਓ।

DEMAND NO. 1

Mr. Speaker : Question is—

That a Supplementary sum not exceeding Rs. 37,73,000 on Revenue Account be granted to the Governor to defray the charges that will come in due course of payment for the year ending 31st March, 1987 in respect of State Legislature.

The Motion was carried.

DEMAND NO. 2

Mr. Speaker : Question is—

That a Supplementary sum not exceeding Rs. 1,54,03,000 on Revenue Account be granted to the Governor to defray the charges that will come in due course of payment for the year ending 31st March, 1987 in respect of Council of Ministers.

The Motion was carried.

DEMAND NO. 3

Mr. Speaker : Question is—

That a Supplementary sum not exceeding Rs. 38,87,000 on Revenue Account be granted to the Governor to defray the charges that will come in due course of payment for the year ending 31st March, 1987 in respect of Administration of Justice.

The Motion was carried.

DEMAND NO. 5

Mr. Speaker : Question is—

That a Supplementary sum not exceeding Rs. 2,76,38,000 on Revenue Account be granted to the Governor to defray the charges that will come in due course of payment for the year ending 31st March, 1987 in respect of Revenue.

The Motion was carried.

DEMAND NO. 9

Mr. Speaker : Question is—

That a Supplementary sum not exceeding Rs. 59,54,000 on Revenue Account be granted to the Governor to defray the charges that will come in due course of payment for the year ending 31st March, 1987 in respect of Civil Secretariat.

The Motion was carried.

DEMAND NO. 10

Mr. Speaker : Question is—

That a Supplementary sum not exceeding Rs. 1,38,21,000 on Revenue Account be granted to the Governor to defray the charges that will come in due course of payment for the year ending 31st March, 1987 in respect of Disttict Administration.

The Motion was carried.

DEMAND NO. 11

Mr. Speaker : Question is—

That a Supplementary sum not exceeding Rs. 5,85,42,000 on Revenue Account be granted to the Governorto defrary the charges that will come in due course of payment for the year ending 31st March, 1987 in respect of Police.

The Motion was carried.

DEMAND NO. 12

Mr. Speaker : Question is—

That a Supplementary sum not exceeding Rs. 49,26,000 on Revenue Account be granted to the Governor to defray the charges that will come in due course of payment for the year ending 31st March, 1987 in respect of Jails.

The Motion was carried.

DEMAND NO. 13

Mr. Speaker : Question is—

That a Supplementary sum not exceeding Rs. 78,34,000 on Revenue Account be granted to the Governor to defray the charges that will come in due course of payment for the year ending March 1987 in respect of Stationery and Printing.

The Motion was carried.

DEMAND NO. 14

Mr. Speaker : Question is—

That a Supplementary sum not exceeding Rs. 3,71,52,000 on Revenue Account be granted to the Governor to defray the charges that will come in due dourse of payment for the year ending 31st, March, 1987 in respect of Mscellaneous Services

The Motion was carried.

DEMAND NO. 16

Mr. Speaker : Question is—

That a Supplementary sum not exceeding Rs. 11,49,81,000 on Revenue Account be granted to the Governor to defray the charges that will come in due course of payment for the year ending 31st March, 1987. in respect of Education.

The Motion was carried.

DEMAND NO. 17

Mr. Speaker : Question is—

That a Supplementary sum not exceeding Rs. 40,00,000 on Capital Account be granted to the Governor to defray the charges that will come in due course of payment for the year ending 31st March, 1987 in respect of Technical Education, Science and Technology.

The Motion was carried.

DEMAND NO. 19

Mr. Speaker : Question is—

That a Supplementary sum not exceeding Rs. 3,34,68,000 on Revenue Account and Rs. 74,87,000 on Capital Account be granted to the Governor to defray the charges that will come in due course of payment for the year ending 31st March, 1987 in respect of Housing and Urban Development.

The Motion was carried.

DEMAND NO. 20

Mr. Speaker : Question is—

That a Supplementary sum not exceeding Rs. 42,31,000 on Revenue Account be granted to the Governor to defray the charges that will come in due course of payment for the year ending 31st March, 1987 in respect of Information and Publicity.

The Motion was carried.

DEMAND NO. 21

Mr. Speaker : Question is—

That a Supplementary sum not exceeding Rs. 24,64,000 on Capital Account be granted to the Governor to defray the charges that will come in due course of payment for the year ending 31st March, 1987 in respect of Tourism and Cultural Affairs.

The Motion was carried.

DEMAND NO. 22

Mr. Speaker : Question is—

That a Supplementary sum not exceeding Rs. 23,86,000 on Revenue Account and Rs. 5,79,000 on Capital Account be granted to the Governor to defray the charges that will come in due course of payment for the year ending 31st March, 1987 in respect of Labour, Employment and Industrial Training.

The Motion was carried.

DEMAND NO. 2.

Mr. Speaker. : Question is—

That a Supplementary sum not exceeding Rs. 2,75,77,000 on Revenue Account be granted to the Governor to defray the charges that will come in due course of payment for the year ending 31st March, 1987 in respect of Social Security and Welfare.

The Motion was carried.

DEMAND NO. 26

Mr. Speaker : Question is—

That a Supplementary sum not exceeding Rs. 1,000 on Revenue Account be granted to the Governor to defray the charges that will come in due course of payment for the year ending 31st March, 1987 in respect of Agriculture.

The Motion was carried.

DEMAND NO. 27

Mr. Speaker : Question is—

That a Supplementary sum not exceeding Rs. 1,000 on Revenue Account be granted to the Governor to defray the charges that will come in due course of payment for the year ending 31st March, 1987 in respect of Soil and Water Conservation.

The Motion was carried.

DEMAND NO. 29

Mr. Speaker : Question is—

That a Supplementary sum not exceeding Rs. 1,76,000 on Revenue Account be granted to the Governor to defray the charges that will come in due course of payment for the year ending 31st March, 1987 in respect of Animal Husbandry.

The Motion was carried.

DEMAND NO. 33

Mr. Speaker : Question is—

That a Supplementary sum not exceeding Rs. 5,70,47,000 on Revenue Account be granted to the Governor to defray the charges that will come in due course of payment for the year ending 31st March 1987 in respect of Community Development.

The Motion was carried.

DEMAND NO. 34

Mr. Speaker : Question is—

That a Supplementary sum not exceeding Rs. 1,83,74,000 on Revenue Account and Rs. 2,70,00,000 on Capital Account be granted to the Governor to defray the charges that will come in due course of payment for the year ending 31st March, 1987 in respect of Industries

The Motion was carried.

DEMAND NO. 35

Mr. Speaker : Question is—

That a Supplementary sum not exceeding Rs 9,46,000 on Revenue Account be granted to the Governor to defray the charges that will come in due course of payment for the year ending 31st March, 1987 in respect of Civil Aviation.

The Motion was carried.

DEMAND NO. 36

Mr. Speaker : Question is—

That a Supplementary sum not exceeding Rs. 1,82,27,000 on Revenue Account be granted to the Governor to defray the charges that will come in due course of payment for the year ending 31st March, 1987 in respect of Roads and Bridges.

The Motion was carried.

DEMAND NO. 37

Mr. Speaker : Question is—

That a Supplementary sum not exceeding Rs 1,31,000 on Revenue Account be granted to the Governor to defray the charges that will come in due course of payment for the year ending 31st March, 1987 in respect of Road Transport.

The Motion was carried.

DEMAND NO. 38

Mr. Speaker : Question is—

That a Supplementary sum not exceeding Rs. 30,80,000 on Revenue Account and Rs. 29,74,20,000 on Capital Account be granted to the Governor to defray the charges that will come in due course of payment for the year ending 31st March, 1987 in respect of Multipurpose River Projects.

The Motion was carried.

DEMAND NO. 39

Mr. Speaker : Question is—

That a Supplementary sum not exceeding Rs. 6,39,66,000 on Revenue Account and Rs. 17,11,40,000 on Capital Account be granted to the Governor to defray the charges that will come in due course of payment for the year ending 31st March, 1987 in respect of Irrigation. Navgation Drainage and Flood Control Projects.

The Mottion was carried.

DEMAND NO. 40

Mr. Speaker : Question is—

That a Supplementary sum not exceeding Rs 6,00,03 000 on Revenue Account be granted to the Governor to defray the charges that will come in due course of payment for the year ending 31st March 1987 in respect of Buildings.

The Motion was carried.

DEMAND NO. 41

Mr. Speaker : Question is—

That a Supplementary sum not exceeding Rs. 51,65,58,000 on Capital Account be granted to the Governor to defray the charges that will come in due course of payment for the year ending 31st March, 1987 in respect of Loans and Advances by the State Government.

The Motion was carried.

LEGISLATIVE BUSINESS

THE PUNJAB APPROPRIATION (NO. 1) BILL, 1987

Finance Minister (Sardar Balwant Singh) : Sir, I beg to introduce the Punjab Appropriation (No. 1) Bill.

Sir, I also beg to move—

That the Punjab Appropriation (No. 1) Bill be taken into consideration at once

Mr. Speaker : Motion moved—

That the Punjab Appropriation (No. 1) Bill be taken into consideration at once

Mr. Speaker : Question is—

That the Punjab Appropriation (No. 1) Bill be taken into consideration at once

The Motion was carried.

Mr. Speaker : Now the House will proceed to consider the Bill Clause by Clause.

Clause 2

Mr. Speaker : Question is—

That Clause 2 stand part of the Bill.

The Motion was carried.

Clause 3

Mr. Speaker : Question is —

That Clause 3 stand part of the Bill.

The Motion was carried.

Schedule

Mr. Speaker : Question is—

That Schedule stand part of the Bill.

The Motion was carried.

Clause 1

Mr. Speaker : Question is—

That Clause 1 stand part of the Bill.

The Motion was carried.

Title

Mr. Speaker : Question is—

That Title be the Title of the Bill.

The Motion was carried.

Finance Minister (Sardar Balwant Singh) Sir, I beg to move—

That the Punjab Appropriation (No. 1) Bill be passed,

Mr. Speaker : Motion moved—

That the Punjab Appropriation (No. 1) Bill be passed.

Mr. Speaker : Question is—

That the Punjab Appropriation (No. 1) Bill be passed.

The Motion was carried.

Mr. Speaker : The House stands adjourned till 9.00 A.M. on Thursday, the 19th March, 1987.

*

*5.22 P.M. | (*The Sabha then adjourned till* 9.00 *A.M. on Thursday, the* 19*th March,* 1987)

25841 PVS—Govt. Press, Chd.

Published under the authority of the Punjab Vidhan Sabha and printed by the Controller, Printing and Stationry Department (U. T.) Chd.

7

PUNJAB VIDHAN SABHA DEBATES

19th March, 1987

Vol. V—No. 7

OFFICIAL REPORT

CONTENTS

Thursday, the 19*th March*, 1987

Punjab Vidhan Sabha Secretariat, Chandigarh.

Price : Rs. 100.00

ERRATA

TO

PUNJAB VIDHAN SABHA DEBATES VOL. V—No. 7
DATED 19TH MARCH, 1987

Read	*For*	*Page*	*Line*
ਪੈਦਾ	ਪਦਾ	(7)6	10th from below
ਹਨ	ਅਨ	(7)15	3
blocks are covered	block-wise covered	(7)30	6th & 7th
ਸਰਕਾਰ	ਸਕਾਰ	(7)77	3
ਅਤੁਦਾ	ਅਤੁਦ	(7)80	17
ਬੈਠੋ	ੈਠੋ	(7)80	21
ਬੈਠੇ	ਬੈਠੋ	(7)91	8th from below
ਸ੍ਰੀ ਗੁਰੂ ਗਬਿੰਦ ਸਿੰਘ	ਸੀ ਗੁਰੂ ਗੋਬਿੰਦ ਸਿ ਘ	(7)91	7
ਮਸਲੇ	ਮਜ਼ਲ	(7)95	4th from below
ਥੈਲੇ	ਥੈਲ	(7)124	1
ਇਨ੍ਹਾਂ	ਙਿਨ੍ਹਾਂ	(7)125	17
Mr. Sukhjinder Singh	Mr. Sukjinder Singh	(7)125	20
Hindu	Iindu	(7)128	8
ਟੈਰੋਰਿਜ਼ਮ	ਟੈਰੋਰਿਮਜ਼	(7)123	19
ਪੱਤਰ	ਪੁੱਤਰ	(7)131	14
ਗ੍ਰੰਥ	ਗੰਥ	(7)131	21
democratic	demorcratic	(7)135	16th from below

PUNJAB VIDHAN SABHA

Thursday, the 19th March, 1987

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A. M. of the Clock. Mr. Speaker (Sardar Surjit Singh Minhas) in the Chair.

STARRED QUESTIONS AND ANSWERS

Plots reserved for Homeless persons in the land acquired by Jalandhar Urban Estate

***699. Shri Mohinder Singh K. P. :** Will the Minister of State for Housing and Urban Development be pleased to state—

(a) whether it is a fact that 314 plots were reserved for the homeless persons in the land acquired by the Jalandhar Urban Estate in village Garha, tehsil and district Jalandhar;

(b) if the reply to part (a) above be in the affirmative the reasons for not alloting the said plots to the homeless persons so far together with the time by which the same are likely to be allotted?

ਸਰਦਾਰ ਬਲਦੇਵ ਸਿੰਘ ਮਾਨ (ਰਾਜ ਮੰਤਰੀ, ਖੁਰਾਕ ਅਤੇ ਸਪਲਾਈ) : (ਏ) ਜਲੰਧਰ ਸ਼ਹਿਰੀ ਮਿਲਖ ਵਿਚ ਬੇਘਰੇ ਵਿਅਕਤੀਆਂ ਲਈ 313 ਪਲਾਟ ਰਾਖਵੇਂ ਰੱਖੇ ਗਏ ਸਨ ।

(ਬੀ) ਕਿਉਂਕਿ ਪੇਂਡੂ ਬੇਘਰੇ ਭੂਮੀਹੀਣ ਕਿਰਤੀਆਂ ਦੀ ਸਕੀਮ ਸਿਰਫ ਪੇਂਡੂ ਇਲਾਕਿਆਂ ਵਿਚ ਹੀ ਲਾਗੂ ਸੀ, ਇਹ ਪਲਾਟ ਸ਼ਹਿਰੀ ਮਿਲਖ ਵਿਚ ਗਲਤੀ ਨਾਲ ਰਾਖਵੇਂ ਰੱਖੇ ਗਏ ਸਨ । ਇਸ ਤੋਂ ਇਲਾਵਾ ਪਿੰਡ ਗੜਾ ਵਹਿੰਦਾ ਜਲੰਧਰ ਕਮੇਟੀ ਦੀ ਵਧੀ ਸੀਮਾ ਵਿਚ ਸ਼ਾਮਲ ਕਰ ਲਿਆ ਗਿਆ ਸੀ ਅਤੇ ਇਸ ਕਾਰਨ ਇਥੋਂ ਦੇ ਵਸਨੀਕ ਇਸ ਸਕੀਮ ਅਧੀਨ ਲਾਭ ਦੇ ਪਾਤਰ ਨਹੀਂ ਸਨ । ਇਸ ਵੇਲੇ ਪੇਂਡੂ ਬੇਘਰੇ ਵਿਅਕਤੀਆਂ ਨੂੰ ਜਲੰਧਰ ਸ਼ਹਿਰੀ ਮਿਲਖ ਵਿਚ ਪਲਾਟ ਅਲਾਟ ਕਰਨ ਦਾ ਕੋਈ ਵਿਚਾਰ ਨਹੀਂ ।

ਸ੍ਰੀ ਮਹਿੰਦਰ ਸਿੰਘ ਕੇ.ਪੀ.: ਸਪੀਕਰ ਸਾਹਿਬ, ਇਹ ਜਿਹੜੇ ਪਲਾਟ ਸੀ, ਬੇਘਰੇ ਵਿਅਕਤੀਆਂ ਨੂੰ ਦੇਣੇ ਸੀ, ਬਾਅਦ ਵਿਚ ਉਹ ਪਿੰਡ ਦੀ ਹੱਦ ਤੋਂ ਬਾਹਰ ਆ ਗਏ ਔਰ ਉਨ੍ਹਾਂ ਪਿੰਡ ਵਾਲਿਆਂ ਦੀ ਬਦ-ਕਿਸਮਤੀ ਹੈ ਕਿ ਉਹ ਪਿੰਡ ਸ਼ਹਿਰ ਵਿਚ ਆਉਣ ਕਰਕੇ ਉਸ ਸਕੀਮ ਨੂੰ ਡੀਨਾਈ ਕੀਤਾ ਜਾ ਰਿਹਾ ਹੈ। ਮੈਂ ਵਜ਼ੀਰ ਸਾਹਿਬ ਨੂੰ ਖਾਸ ਕਰਕੇ ਬੇਨਤੀ ਕਰਾਂਗਾ ਕਿ ਬੇਘਰੇ ਲੋਕਾਂ ਨੂੰ ਜਿਹੜੇ ਸ਼ਡਿਊਲਡ ਕਾਸਟ ਦੇ ਨਾਲ ਸਬੰਧ ਰਖਦੇ ਹਨ, ਕੀ ਉਨ੍ਹਾਂ ਨੂੰ ਪਲਾਟ ਦੇਣ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਸਪੀਕਰ ਸਾਹਿਬ, ਮੈਂ ਜਵਾਬ ਬਿਲਕੁਲ ਸਾਫ ਦਿੱਤਾ ਹੈ। ਮੈਂਬਰ ਸਾਹਿਬ ਕੁਝ ਵੀ ਕਹਿਣ ਚਾਹੇ ਉਨ੍ਹਾਂ ਦੀ ਖੁਸ਼ਕਿਸਮਤੀ ਕਹਿਣ ਜਾਂ ਬਦਕਿਸਮਤੀ ਕਹਿਣ। ਪਿਛਲੀ

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਗਿਆਨੀ ਜ਼ੈਲ ਸਿੰਘ ਦੀ ਮਨਿਸਟਰੀ ਵੇਲੇ 12 ਜਨਵਰੀ, 1977 ਨੂੰ ਫੈਸਲਾ ਕੀਤਾ ਗਿਆ ਸੀ ਕਿ ਪਿੰਡਾਂ ਵਿਚ ਖੇਤੀ ਕਰਨ ਵਾਲੇ ਬੇਘਰਾਂ ਨੂੰ ਪਲਾਟ ਦੇਣੇ ਸੀ। ਸਹਿਰ ਵਿਚ ਇਹ ਪਲਾਟ ਨਹੀਂ ਸੀ ਦਿੱਤੇ ਜਾ ਸਕਦੇ। ਇਸ ਕਰਕੇ ਇਹ ਪਲਾਟ ਇਨ੍ਹਾਂ ਨੂੰ ਨਹੀਂ ਸੀ ਦਿੱਤੇ ਗਏ।

ਸ੍ਰੀ ਮਹਿੰਦਰ ਸਿੰਘ ਕੇ.ਪੀ. ਸਪੀਕਰ ਸਾਹਿਬ, ਬਾਅਦ ਵਿਚ ਡਾਇਰੈਕਟਰ ਸਾਹਿਬ ਨਾਲ ਲਿਖਾ ਪੜ੍ਹੀ ਕੀਤੀ ਗਈ ਔਰ ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਸੀ ਕਿ ਬੇਘਰੇ ਲੋਕਾਂ ਨੂੰ ਉਥੇ ਪਲਾਟ ਦਿਤੇ ਜਾਣਗੇ। ਤਾਂ ਫਿਰ, ਸਪੀਕਰ ਸਾਹਿਬ, ਡਾਇਰੈਕਟਰ ਨੇ ਜਵਾਬ 'ਹਾਂ' ਵਿਚ ਕਿਵੇਂ ਦੇ ਦਿੱਤਾ ਹੈ ?'

ਰਾਜ ਮੰਤਰੀ : ਸਪੀਕਰ ਸਾਹਿਬ, ਕਿਸੇ ਵੇਲੇ ਇਹ ਕੇਸ ਚਲਦਾ ਸੀ। ਲੋਕ ਹਾਈ ਕੋਰਟ ਵਿਚ ਚਲੇ ਗਏ। ਸ਼ਹਿਰਾਂ ਵਿਚ ਜ਼ਮੀਨ ਦੇਣ ਬਾਰੇ ਸੀ ਔਰ, ਸਪੀਕਰ ਸਾਹਿਬ, ਉਹ ਸਕੀਮ ਕਲੋਜ਼ ਹੋ ਗਈ ਸੀ।

Provision of Wall Clocks to the Gram Panchayats

***712. Sardar Balwinder Singh Bhunder :** Will the Minister of State for Rural Development and Panchayats be pleased to state —

(a) whether wall clocks are being provided to the Gram Panchayats by the Panchayats Department ; if so, the price of the wall Clock ;

(b) the criteria followed for the purchase of the said wall Clocks?

ਸਰਦਾਰ ਬਲਦੇਵ ਸਿੰਘ ਖਿਆਲਾ : (ੳ) ਨਹੀਂ ਜੀ।

(ਅ) ਸਵਾਲ ਪੈਦਾ ਨਹੀਂ ਹੁੰਦਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਵੀ ਇਹੀ ਜਵਾਬ ਚਾਹੁੰਦਾ ਸੀ। ਸਪੀਕਰ ਸਾਹਿਬ, ਸਰਕਾਰ ਵਾਲ ਕਲਾਕ ਦੀ ਸਕੀਮ ਚਲਾ ਰਹੀ ਹੈ ਪਰ ਜਵਾਬ ਨਾਂਹ ਵਿਚ ਦਿੱਤਾ ਗਿਆ ਹੈ। ਸਪੀਕਰ ਸਾਹਿਬ, ਕੀ ਪੰਚਾਇਤਾਂ ਤੇ ਦਬਾਅ ਪਾਇਆ ਜਾਂਦਾ ਹੈ ਕਿ ਫਲਾਣੀ ਫਲਾਣੀ ਫਰਮ ਤੋਂ ਹੀ ਘੜੀਆਂ ਖਰੀਦਣ ਔਰ ਕੀ ਇਸ ਲਈ ਉਨ੍ਹਾਂ ਨੂੰ ਮਜਬੂਰ ਕੀਤਾ ਜਾਂਦਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਐਸਾ ਨਹੀਂ ਹੈ। ਪੰਚਾਇਤਾਂ ਦੀ ਸਹੂਲਤ ਨੂੰ ਹੀ ਮੁੱਖ ਰਖਦਿਆਂ ਹੋਇਆਂ ਕਿਹਾ ਜਾਂਦਾ ਹੈ ਕਿ ਉਹ ਖਰੀਦ ਕਰ ਲੈਣ। ਇਹ ਨਹੀਂ ਕਿਹਾ ਗਿਆ ਕਿ ਅਸੀਂ ਖਰੀਦ ਕੇ ਦੇਵਾਂਗੇ। ਉਨ੍ਹਾਂ ਨੂੰ ਰਾਈਟ ਹੈ, ਉਹ ਵਾਲ ਕਲਾਕ ਖਰੀਦ ਸਕਦੇ ਹਨ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ, ਸਪੀਕਰ ਸਾਹਿਬ, ਦੋਬਾਰਾ ਇਹੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦਖਲ ਦਿੰਦੀ ਹੈ ਕਿ ਫਲਾਣੀ ਫਰਮ ਤੋਂ ਘੜੀਆਂ ਖਰੀਦਣ ਦਾ ਯਤਨ ਕੀਤਾ ਜਾਵੇ। ਇਹ ਪੰਚਾਇਤ ਅਤੇ ਗ੍ਰਾਮ ਪੰਚਾਇਤਾਂ ਵਿਚ ਹੋ ਰਿਹਾ ਹੈ ਕਿ ਫਲਾਣੀ ਵੱਡੀ ਫਰਮ ਤੋਂ ਹੀ ਠੀਕ ਹੈ। ਕੀ ਇਸ ਚੀਜ਼ ਨੂੰ ਰੋਕਣ ਦਾ ਸਰਕਾਰ ਯਤਨ ਕਰੇਗੀ ਤਾਕਿ ਫੰਡਜ਼ ਮਿਸਯੂਟੇ- ਲਾਈਜ਼ ਨਾ ਹੋ ਸਕਣ ਔਰ ਕੋਈ ਘਪਲਾ ਨਾ ਹੋਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜੋ ਪੰਚਾਇਤ ਦਾ ਫੰਡ ਹੈ, ਪੰਚਾਇਤ ਉਸ ਦੀ ਪੂਰੀ ਜ਼ਿੰਮੇਵਾਰ ਹੈ। ਸਾਨੂੰ ਕੋਈ ਇਖਤਿਆਰ ਨਹੀਂ ਹੈ ਕਿ ਅਸੀਂ ਕੋਈ ਪੈਸਾ ਖਰਚ ਕਰਾ ਦੇਈਏ। ਅਸੀਂ ਸਹੂਲਤ ਵਾਸਤੇ ਪ੍ਰਵਾਨਗੀ ਭੇਜੀ ਸੀ। ਜੋ ਘੜੀਆਂ ਖਰੀਦੀਆਂ ਜਾ ਰਹੀਆਂ ਹਨ, ਉਹ ਅਸੀਂ ਨਹੀਂ ਕਹਿੰਦੇ ਕਿ ਕਿਹੜੀਆਂ ਖਰੀਦਣੀਆਂ ਹਨ, ਕਿੰਨੀਆਂ ਖਰੀਦਣੀਆਂ ਹਨ ਅਤੇ ਕਿਥੋਂ ਖਰੀਦਣੀਆਂ ਹਨ। ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ ਨਾ ਖਰੀਦੋ। ਜੇ ਮੈਂਬਰ ਸਾਹਿਬ ਦੇ ਧਿਆਨ ਵਿੱਚ ਕੋਈ ਗੱਲ ਹੈ ਕਿ ਕੋਈ ਅਫਸਰ ਕਿਸੇ ਫਰਮ ਸਬੰਧੀ ਦਬਾਓ ਪਾ ਰਿਹਾ ਹੈ ਤਾਂ ਇਹ ਦੱਸ ਦੇਣ, ਅਸੀਂ ਪੜਤਾਲ ਕਰਾ ਦਿਆਂਗੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਇਸ ਮਸਲੇ ਦੀ ਇਨਕੁਆਇਰੀ ਕਰਾ ਲੈਣ। ਇਹ ਸਰਕਾਰੀ ਲੈਵਲ ਤੇ ਤਕਰੀਬਨ ਸਾਰੇ ਪੰਜਾਬ ਵਿੱਚ ਹੋ ਰਿਹਾ ਹੈ ਕਿ ਘੜੀਆਂ ਫਲਾਣੀ ਫਰਮ ਤੋਂ ਖਰੀਦੋ। ਸੀ.ਐਮ. ਸਾਹਿਬ ਆਪ ਇੰਟਰਵੀਨ ਕਰਕੇ ਇਸ ਗੱਲ ਦਾ ਪਤਾ ਕਰਾ ਲੈਣ। ਇਨ੍ਹਾਂ ਨੇ ਜਵਾਬ ਹਾਂ ਵਿੱਚ ਦਿੱਤਾ ਹੈ ਕਿ ਖਰੀਦਣ ਦੀ ਚਿੱਠੀ ਦੇ ਦਿੱਤੀ ਹੈ ਲੇਕਿਨ ਇਹ ਪਰੈਸ਼ਰ ਨਹੀਂ ਪਾ ਰਹੇ।

ਰਾਜ ਮੰਤਰੀ : ਸਪੀਕਰ ਸਾਹਿਬ, ਸਾਉਣ ਦੇ ਅੰਨ੍ਹੇ ਨੂੰ ਹਮੇਸ਼ਾ ਹਰਾ ਹੀ ਹਰਾ ਦਿਖਦਾ ਹੁੰਦਾ ਹੈ। ਇਹ ਮੈਂਬਰ ਸਾਹਿਬ ਇਥੇ ਵਜ਼ੀਰ ਵੀ ਰਹੇ ਹਨ। ਉਸ ਸਮੇਂ ਇਕ ਦਵਾਈਆਂ ਦਾ 29 ਲੱਖ ਰੁਪਏ ਦਾ ਸਕੈਂਡਲ ਹੋਇਆ ਸੀ। ਸੋ, ਇਹ ਕਹਿਣ ਤਾਂ ਉਸ ਦੀ ਵੀ ਪੜਤਾਲ ਕਰਾ ਲੈਂਦੇ ਹਾਂ ਅਤੇ ਇਸ ਦੀ ਵੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਕਲੈਰੀਫਿਕੇਸ਼ਨ। ਇਹ ਜਵਾਬ ਦੇਣ ਦੀ ਬਜਾਏ ਘਬਰਾ ਗਏ ਹਨ। ਇਹ ਸਾਡੀਆਂ ਕੋਠੀਆਂ, ਜਾਇਦਾਦਾਂ ਸਭ ਦੀ ਪੜਤਾਲ ਕਰਾ ਲੈਣ। ਅਸੀਂ ਹਾਊਸ ਵਿੱਚ 1972 ਤੋਂ ਆਏ ਹਾਂ ਐਮ. ਐਲ. ਏ. ਚੁਣ ਕੇ। ਕੌਣ ਕਿਥੇ ਖੜਾ ਹੈ, ਇਹ ਤਾਂ ਪਤਾ ਲੱਗ ਜਾਵੇਗਾ। ਅਸੀਂ ਆਪਣੇ ਆਪ ਨੂੰ ਪੇਸ਼ ਕਰਦੇ ਹਾਂ। ਤੁਸੀਂ ਹਰ ਸਿਆਸਤਦਾਨ ਦੀ ਪੜਤਾਲ ਕਰਾਓ। (ਵਿਘਨ)

ਸਰਦਾਰ ਭਾਗ ਸਿੰਘ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਮੰਤਰੀ ਜੀ ਨੇ ਕਿਹਾ ਕਿ ਅਸੀਂ ਘੜੀਆਂ ਦੇਣੀਆਂ ਹਨ। ਪਰ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਤਾਂ ਐਨਸ਼ਿਓਰ ਕਰਾ ਲੈਣ ਕਿ ਜਿਹੜੇ ਸਰਪੰਚ ਹਨ, ਉਹ ਘੜੀਆਂ ਆਪਣੇ ਘਰਾਂ ਵਿਚ ਲਾਉਣਗੇ ਕਿਉਂਕਿ ਪੰਚਾਇਤ ਘਰ ਤਾਂ ਹੈ ਨਹੀਂ?

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਇਕ ਨਵੇਂ ਆਦੇਸ਼ ਜਾਰੀ ਕੀਤੇ ਹਨ ਕਿ ਹਰ ਪੰਚਾਇਤ ਦਾ ਦਫਤਰ ਹੋਣਾ ਚਾਹੀਦਾ ਹੈ। ਸੈਕਰੇਟਰੀ ਤੇ ਗ੍ਰਾਮ ਸੇਵਕਾਂ ਦੇ ਪਿੰਡ ਵੰਡ ਕੇ ਇਕੋ ਜਗ੍ਹਾ ਦਫਤਰ ਪੰਚਾਇਤ ਮੁਕੱਰਰ ਕਰੇ ਅਤੇ ਹਫਤੇ ਦੇ ਦਿਨ ਮੁਕੱਰਰ ਕਰੇ। ਉਸ ਦਫਤਰ ਵਿੱਚ ਫੇਰ ਸੈਕਰੇਟਰੀ ਅਤੇ ਹੋਰ ਪੰਚਾਇਤ ਅਧਿਕਾਰੀ ਵੀ ਜਾਵੇ ਅਤੇ 9 ਵਜੇ ਤੋਂ 5 ਵਜੇ ਤੱਕ ਹਾਜ਼ਰ ਰਹੇ। ਉਥੇ ਬੁੱਕ ਰਖੀ ਜਾਵੇ ਜਿਸ ਵਿੱਚ ਦਰਜ ਹੋਵੇ ਕਿ ਉਹ ਅਧਿਕਾਰੀ ਕਿਸ ਵੇਲੇ ਆਇਆ ਅਤੇ ਕਿਸ ਵੇਲੇ ਗਿਆ। ਅਸੀਂ ਪੰਚਾਇਤਾਂ ਦਾ ਕੰਮ ਸਹੀ ਚਲਾਉਣ ਵਾਸਤੇ ਦਫਤਰ ਬਣਾ ਰਹੇ ਹਾਂ। ਉਥੇ ਘੜੀਆਂ ਵੀ ਲਗ ਸਕਣਗੀਆਂ ਅਤੇ ਜੇ ਪੰਚਾਇਤ ਚਾਹੇ ਤਾਂ ਟੈਲੀਵੀਜ਼ਨ ਵੀ ਲਗਾ ਸਕਦੀ ਹੈ। ਜੇ ਕੋਈ ਪੰਚਾਇਤ ਟੈਲੀਵੀਜ਼ਨ ਖਰੀਦਣ ਦਾ ਮਨ ਰੱਖਦੀ ਹੈ ਤਾਂ ਅਸੀਂ ਉਸ ਤੇ ਵਿਚਾਰ ਕਰ ਲਵਾਂਗੇ ਤਾਕਿ ਉਹ ਖਰੀਦ ਸਕੇ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਦਫ਼ਤਰ ਬਣਾ ਰਹੇ ਹਾਂ। ਪੰਚਾਇਤ ਘਰ ਵੀ ਬਣਾ ਰਹੇ ਹਾਂ। ਅਜੇ ਤੱਕ ਪੰਚਾਇਤ ਘਰ ਵੀ ਸਾਰੀਆਂ ਪੰਚਾਇਤਾਂ ਨੂੰ ਪ੍ਰੋਵਾਈਡ ਨਹੀਂ ਹੋਏ, ਨਾਲ ਹੀ ਦਫ਼ਤਰਾਂ ਦਾ ਕੰਮ ਸ਼ੁਰੂ ਕਰਨ ਨਾਲ ਕੀ ਪੰਚਾਇਤ ਘਰਾਂ ਵਿੱਚ ਕਮੀ ਨਹੀਂ ਆਵੇਗੀ ?

ਰਾਜ ਮੰਤਰੀ : ਅਸੀਂ ਜਿਹੜੇ ਦਫਤਰ ਬਣਾ ਰਹੇ ਹਾਂ, ਉਹ ਪੰਚਾਇਤ ਘਰ ਵਿੱਚ ਵੀ ਹੋ ਸਕਦਾ ਹੈ, ਧਰਮਸ਼ਾਲਾ ਵਿੱਚ ਵੀ ਹੋ ਸਕਦਾ ਹੈ, ਪਿੰਡ ਦੀ ਕਿਸੇ ਸਾਂਝੀ ਜਗ੍ਹਾ ਤੇ ਹੋ ਸਕਦਾ ਹੈ ਅਤੇ ਸਰਪੰਚ ਕਿਰਾਏ ਤੇ ਕੋਈ ਜਗ੍ਹਾ ਲੈ ਕੇ ਵੀ ਦਫਤਰ ਬਣਾ ਸਕਦਾ ਹੈ।

Grant under CD-3·3 Scheme to the Villages in tehsil Anandpur Sahib

*601. **Shri Ram Parkash Bali** : Will the Minister of State for Rural Development and Panchayats be pleased to state the names of villages in tehsil Anandpur Sahib which have been granted grants under CD-3·3 Scheme during the current financial year ?

ਸਰਦਾਰ ਬਲਦੇਵ ਸਿੰਘ ਖਿਆਲਾ : ਚਾਲੂ ਮਾਲੀ ਸਾਲ 1986–87 ਦੇ ਦੌਰਾਨ ਸੀ.ਡੀ. 3.3 ਸਕੀਮ ਅਧੀਨ ਅਨੰਦਪੁਰ ਸਾਹਿਬ ਤਹਿਸੀਲ ਵਿੱਚ ਜਿਨ੍ਹਾਂ ਪਿੰਡਾਂ ਨੂੰ ਗਰਾਂਟ ਦਿੱਤੀ ਗਈ ਹੈ, ਉਨ੍ਹਾਂ ਦੇ ਨਾਵਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੰਦਪੁਰ ਸਾਹਿਬ ਤਹਿਸੀਲ ਦੇ ਉਨ੍ਹਾਂ ਪਿੰਡਾਂ ਦੀ ਸੂਚੀ ਜਿਨ੍ਹਾਂ ਨੂੰ ਚਾਲੂ ਮਾਲੀ ਸਾਲ 1986–87 ਵਿੱਚ ਸੀ.ਡੀ. 3.3 ਅਧੀਨ ਗਰਾਂਟ ਦਿੱਤੀ ਗਈ ਹੈ :—

ਲੜੀ ਨੰ:	ਪਿੰਡ ਦਾ ਨਾਂ	ਲੜੀ ਨੰ:	ਪਿੰਡ ਦਾ ਨਾਂ
1.	ਸੂਰੇਵਾਲ	8.	ਸੂਰੀ
2.	ਪਲਾਸੀ	9.	ਐਲਖ
3.	ਮਹਿੰਦਾਲੀ ਖੁਰਦ	10.	ਸ਼ੇਖਪੁਰ
4.	ਜੱਟ ਪੁਰ	11.	ਉਸਮਾਨਪੁਰ
5.	ਰਾਮਪੁਰ ਕਲਾਂ	12.	ਨੂਰਪੁਰ ਬੇਦੀ
6.	ਕਲਿਆਣਪੁਰ	13.	ਸਿੰਬਲ ਮਾਜਰਾ
7.	ਚੰਦਪੁਰ	14.	ਕੋਟਲਾ

ਲੜੀ ਨੰ:	ਪਿੰਡ ਦਾ ਨਾਂ	ਲੜੀ ਨੰ:	ਪਿੰਡ ਦਾ ਨਾਂ
15.	ਲਾਲਪੁਰ	26.	ਜੱਡਬਰੀ
16.	ਲਹਰੀਆਂ	27.	ਮੋਫਾਪੁਰ
17.	ਬੱਸੀ	28.	ਕੋਟਾ
18.	ਮੱਸਕੌਰ	29.	ਸਰਫਾਲੀ
19.	ਭਲਾੜੀ	30.	ਬਲੇਹੜੀ
20.	ਬੈਂਸ	31.	ਭਨਵਾਲ
21.	ਪਤੀ ਜੀਵਨ ਸਿੰਘ	32.	ਧਮੇਵਾਲ
22.	ਪਤੀ ਰਤਨ ਸਿੰਘ	33.	ਗੋਪਾਲਪੁਰ
23.	ਜੱਸੋਵਾਲ	34.	ਬੇਲਾ ਰਾਮਗੜ੍ਹ
24.	ਖਾਨਪੁਰ	35.	ਬਾੜੀਆਂ
25.	ਬਾਲੂ		

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਜਿਸ ਮਕਸਦ ਲਈ ਸਵਾਲ ਕੀਤਾ ਸੀ ਵਜ਼ੀਰ ਸਹਿਬ ਨੇ ਮੈਨੂੰ ਬੁਲਾਕੇ ਕਾਫੀ ਐਸ਼ਿਉਰੈਂਸ ਦਿੱਤੀ ਹੈ ਕਿ ਤੁਹਾਡੇ ਪਿੰਡ ਕੰਸਿਡਰ ਕਰਾਂਗੇ। ਇਹ ਬਹੁਤ ਚੰਗੇ ਬੁਲਾਰੇ ਹਨ ਔਰ ਚੰਗੇ ਮਨਿਸਟਰ ਹਨ। ਮੇਰੇ ਹਲਕੇ ਵਿਚ ਗਏ ਸੀ ਉਥੇ ਇਨ੍ਹਾਂ ਨੇ ਮੇਰੀ ਬੜੀ ਇਜ਼ਤ ਕੀਤੀ ਸੀ ਔਰ ਪਬਲਿਕ ਨੂੰ ਵਿਸ਼ਵਾਸ ਦਿਲਾਇਆ ਸੀ ਕਿ ਉਥੋਂ ਦਾ ਐਮ.ਐਲ.ਏ. ਜੋ ਕੁਝ ਕਹੇਗਾ ਉਹੀ ਹਲਕੇ ਵਿਚ ਕੰਮ ਕੀਤੇ ਜਾਣਗੇ। ਪਰ ਜਦੋਂ ਲਿਸਟ ਨਿਕਲੀ ਤਾਂ ਮੈਂ ਬਹੁਤ ਪਿਛੇ ਰਹਿ ਗਿਆ। ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਥੋਂ ਤਕ ਪਿੰਡਾਂ ਦਾ ਸਵਾਲ ਹੈ ਉਸ ਸਬੰਧੀ ਇਨ੍ਹਾਂ ਨੇ ਆਪਣੇ ਆਫਿਸ ਵਿਚ ਮੈਨੂੰ ਐਸ਼ਿਉਰੈਂਸ ਦਿੱਤੀ ਹੈ। ਮੇਰੇ ਹਲਕੇ ਵਿਚ ਬਹੁਤ ਲੰਬਾ ਝਗੜਾ ਹੈ ਔਰ ਇੱਕ ਤਹਿਸੀਲ ਵਿਚ ਦੋ ਐਮ.ਐਲ. ਏਜ਼ ਦੀਆਂ ਕਾਂਸਟੀਚੂਐਂਸੀਜ਼ ਹਨ। ਜ਼ਿਆਦਾ 70% ਪਿੰਡ ਮੇਰੇ ਹਲਕੇ ਵਿਚ ਹਨ ਜਦ ਕਿ 30% ਪਿੰਡ ਆਨੰਦਪੁਰ ਸਾਹਿਬ ਹਲਕੇ ਵਿਚ ਹਨ। ਪਰ ਗਰਾਂਟ ਜ਼ਿਆਦਾ ਆਨੰਦਪੁਰ ਸਾਹਿਬ ਦੇ ਹਲਕੇ ਨੂੰ ਮਿਲਦੀ ਹੈ ਔਰ ਮੇਰੇ ਹਲਕੇ ਨੂੰ ਘੱਟ ਗਰਾਂਟ ਮਿਲਦੀ ਹੈ। ਕੀ ਇਸ ਚੀਜ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਮੇਰੇ ਹਲਕੇ ਨਾਲ ਇਨਸਾਫ ਕੀਤਾ ਜਾਏਗਾ ਔਰ ਗਰਾਂਟ ਜ਼ਿਆਦਾ ਮੇਰੇ ਹਲਕੇ ਦੇ ਪਿੰਡਾਂ ਨੂੰ ਮਿਲੇਗੀ ?

ਰਾਜ ਮੰਤਰੀ : ਅਸੀਂ ਜਿਹੜੀ ਗਰਾਂਟ ਦਿੰਦੇ ਹਾਂ ਆਬਾਦੀ ਦੇ ਲਿਹਾਜ਼ ਨਾਲ ਪੈਸੇ ਦਿੰਦੇ ਹਾਂ, ਬਲਾਕਾਂ ਦੇ ਪਿੰਡਾਂ ਦੇ ਮੁਤਾਬਿਕ ਗਰਾਂਟ ਦਿੱਤੀ ਜਾਂਦੀ ਹੈ। ਇਨ੍ਹਾਂ ਦੇ ਬਲਾਕ ਵਿਚ 35 ਪਿੰਡਾਂ ਨੂੰ ਗਰਾਂਟ ਦਿੱਤੀ ਗਈ ਹੈ। ਸਾਰੇ ਪੰਜਾਬ ਦੇ ਬਲਾਕਾਂ ਤੋਂ ਵੱਧ ਗਰਾਂਟ ਇਨ੍ਹਾਂ ਨੂੰ ਦਿੱਤੀ ਗਈ ਹੈ

[ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ]

ਪਰ ਹਾਲੇ ਵੀ ਇਹ ਕਹਿੰਦੇ ਹਨ ਕਿ ਗਰਾਂਟ ਘਟ ਦਿੱਤੀ ਗਈ ਹੈ। ਜਦੋਂ ਵੀ ਕੋਈ ਮੈਂਬਰ ਕਹਿੰਦਾ ਹੈ ਕਿ ਉਸ ਦੇ ਪਿੰਡਾਂ ਨੂੰ ਗਰਾਂਟ ਨਹੀਂ ਮਿਲੀ ਤਾਂ ਕੋਸ਼ਿਸ਼ ਕੀਤੀ ਜਾਂਦੀ ਹੈ ਉਸ ਦੇ ਪਿੰਡਾਂ ਨੂੰ ਗਰਾਂਟ ਦਿੱਤੀ ਜਾਏ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਬੇਨਤੀ ਕੀਤੀ ਸੀ ਕਿ ਮੇਰੀ ਕਾਂਸਟੀਚੂਐਂਸੀ ਵਿਚ ਕਈ ਪਿੰਡ ਹਾਲੇ ਰਹਿੰਦੇ ਹਨ। ਆਨੰਦਪੁਰ ਸਾਹਿਬ ਦੀ ਕਾਂਸਟੀਚੂਐਂਸੀ ਨਾਲੋਂ ਮੇਰੀ ਕਾਂਸਟੀਚੂਐਂਸੀ ਦੇ ਪਿੰਡਾਂ ਲਈ ਘੱਟ ਗਰਾਂਟ ਮਿਲੀ ਹੈ (ਵਿਘਨ)

ਸ੍ਰੀ ਸਪੀਕਰ : ਉਨ੍ਹਾਂ ਨੇ ਐਸ਼ਿਉਰੈਂਸ ਤਾਂ ਦੇ ਦਿੱਤੀ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ : ਮੈਂ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ (ਵਿਘਨ)

ਸ੍ਰੀ ਸਪੀਕਰ : ਅਗਲਾ ਸਵਾਲ।

ਸ੍ਰੀ ਰਾਮ ਕਿਸ਼ਨ ਕਟਾਰੀਆ : ਮੈਂ ਸਪਲੀਮੈਂਟਰੀ ਪੁੱਛਣਾ ਚਾਹੁੰਦਾ ਹਾਂ .....

ਸ੍ਰੀ ਸਪੀਕਰ : ਨੈਕਸਟ ਕੁਐਸਚਨ ਨੰ: 602

Vacancies of Panchayat Secretaries

*602. **Shri Ram Parkash Bali :** Will the Minister of State for Rural Development and Panchayats be pleased to state—

(a) the number of vacancies of Panchayat Secretaries in the State, district-wise ;

(b) the steps taken/proposed to be taken to fill up the said vacancies ?

ਸਰਦਾਰ ਬਲਦੇਵ ਸਿੰਘ ਖਿਆਲਾ : (ੳ) ਰਾਜ ਵਿੱਚ ਪੰਚਾਇਤ ਸਕੱਤਰ ਦੀ ਕੋਈ ਅਸਾਮੀ ਖਾਲੀ ਨਹੀਂ ਹੈ।

(ਅ) ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਆਪਣੀ ਤਹਿਸੀਲ ਦੀ ਗੱਲ ਕਰਦਾ ਹਾਂ ਘਾਟ ਹੈ, ਹੋ ਸਕਦਾ ਹੈ ਇਨ੍ਹਾਂ ਦਿਨਾਂ ਵਿਚ ਕੁਝ ਬੰਦੇ ਐਪੁਆਇੰਟ ਕਰ ਦਿੱਤੇ ਹੋਣ। ਪਰ ਪੰਚਾਇਤ ਸਕੱਤਰ ਦੀ ਬਹੁਤ ਘਾਟ ਹੈ। ਇਕ ਇਕ ਪੰਚਾਇਤ ਸੈਕਟਰੀ ਕੋਲ ਦਸ ਦਸ ਪਿੰਡ ਹਨ। ਸਰਪੰਚ ਅਨਪੜ੍ਹ ਹੁੰਦੇ ਹਨ ਉਨ੍ਹਾਂ ਦੇ ਅਕਾਊਂਟਸ ਨਾ ਹੋਣ ਨਾਲ ਮਹਿਕਮਾ ਉਨ੍ਹਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਹੈ। ਲੋਕਾਂ ਨੂੰ ਲੋਨ ਲੈਣ ਵਿਚ ਤਕਲੀਫ ਹੁੰਦੀ ਹੈ। ਕੀ ਪੰਚਾਇਤ ਸੈਕਟਰੀਜ਼ ਦੀਆਂ ਪੋਸਟਾਂ ਹੋਰ ਨਵੀਆਂ ਕ੍ਰੀਏਟ ਕਰਕੇ ਇਨ੍ਹਾਂ ਅਸਾਮੀਆਂ ਨੂੰ ਛੇਤੀ ਭਰਨ ਦਾ ਉਪਰਾਲਾ ਕਰਨਗੇ ?

ਰਾਜ ਮੰਤਰੀ : ਰਾਜ ਵਿਚ ਪੰਚਾਇਤ ਸਕੱਤਰਾਂ ਦੀਆਂ ਆਸਾਮੀਆਂ ਦੀ ਸੰਖਿਆ ਪੰਜਾਬ ਗਰਾਮ ਪੰਚਾਇਤ ਐਕਟ, 1952 ਦੀ ਧਾਰਾ 16(4) ਅਧੀਨ 1558 ਨਿਸ਼ਚਿਤ ਕੀਤੀ ਗਈ ਹੈ। ਇਸ ਸਮੇਂ 1596 ਪੰਚਾਇਤ ਸਕੱਤਰ ਕੰਮ ਕਰ ਰਹੇ ਹਨ। ਇਨ੍ਹਾਂ ਵਿਚ 108 ਪੰਚਾਇਤ ਸਕੱਤਰ ਅਜਿਹੇ

ਸ਼ਾਮਲ ਹਨ ਜਿਹੜੇ 89 ਦਿਨਾਂ ਦੇ ਆਧਾਰ ਤੇ ਸਾਲ 1980–81 ਤੋਂ ਕੰਮ ਕਰ ਰਹੇ ਹਨ। ਇਸ ਤਰ੍ਹਾਂ ਪ੍ਰਵਾਨਿਤ ਅਸਾਮੀਆਂ ਤੇ 38 ਪੰਚਾਇਤ ਸਕੱਤਰ ਪਹਿਲਾਂ ਹੀ ਵੱਧ ਕੰਮ ਕਰ ਰਹੇ ਹਨ। ਇਸ ਸਮੇਂ ਰਾਜ ਵਿਚ ਪੰਚਾਇਤ ਸਕੱਤਰ ਦੀ ਕੋਈ ਅਸਾਮੀ ਖਾਲੀ ਨਹੀਂ ਹੈ। ਇਸ ਲਈ ਖਾਲੀ ਅਸਾਮੀਆਂ ਭਰਨ ਲਈ ਚੁਕੇ ਗਏ ਜਾਂ ਚੁਕੇ ਜਾਣੇ ਤਜਵੀਜ਼ ਕੀਤੇ ਕਦਮਾਂ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਮੈਂਬਰ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਤੇ ਕੰਮ ਦਾ ਬੋਝ ਹੈ। ਅਸੀਂ ਮੀਟਿੰਗ ਕਰਕੇ ਦੇਖਾਂਗੇ ਜੇ ਉਨ੍ਹਾਂ ਦੀਆਂ ਹੋਰ ਅਸਾਮੀਆਂ ਬਣਦੀਆਂ ਹੋਈਆਂ ਤਾਂ ਪ੍ਰਵਾਨਗੀ ਲੈ ਕੇ ਜ਼ਰੂਰ ਕਰਾਂਗੇ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕੋਈ ਕਰਾਈਟੇਰੀਆ ਹੈ ਕਿ ਕਿਸ ਕਰਾਈਟੇਰੀਆ ਨਾਲ ਸੈਕਟਰੀ ਐਪੁਆਇੰਟ ਕੀਤੇ ਜਾਂਦੇ ਹਨ ? ਵਰਕ ਲੋਡ ਬਹੁਤ ਹੈ। ਇਸ ਲਈ ਸਾਨੂੰ ਦੱਸਿਆ ਜਾਵੇ ਤਾਕਿ ਸਾਨੂੰ ਪਤਾ ਲੱਗੇ ਕਿ ਸਾਡੀ ਤਹਿਸੀਲ, ਸਾਡੇ ਡਿਸਟ੍ਰਿਕਟ ਵਿਚ ਆਸਾਮੀਆਂ ਘੱਟ ਹਨ ਅਤੇ ਕਹੀਏ ਕਿ ਹੋਰ ਸੈਕਟਰੀ ਐਪੁਆਇੰਟ ਕੀਤੇ ਜਾਣ ?

ਰਾਜ ਮੰਤਰੀ : ਇਹ ਵੱਖਰਾ ਸਵਾਲ ਦੇ ਦੇਣ, ਇਸ ਬਾਰੇ ਇਨਫਰਮੇਸ਼ਨ ਦੇ ਦੇਵਾਂਗੇ।

ਸ੍ਰੀ ਰਾਮ ਕਿਸ਼ਨ ਕਟਾਰੀਆ : ਪੰਜਾਬ ਵਿਚ 12373 ਦੇ ਕਰੀਬ ਪਿੰਡ ਹਨ ਜਿਨ੍ਹਾਂ ਵਿਚ 1596 ਸੈਕਟਰੀ ਹਨ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਕ ਸੈਕਟਰੀ ਕੋਲ ਕਿੰਨੇ ਪਿੰਡ ਆ ਸਕਦੇ ਹਨ। ਉਹ ਕਿਸ ਤਰ੍ਹਾਂ ਐਨਾ ਕੰਮ ਕਰ ਸਕਦੇ ਹਨ। ਇਸ ਲਈ ਕੀ ਮੰਤਰੀ ਜੀ ਭਰੋਸਾ ਦੇਣਗੇ ਕਿ ਪਿਛਲੀ ਗੱਲ ਰੀਵਾਈਜ਼ ਕਰਕੇ ਕਮ–ਅਜ਼–ਕਮ 2–3 ਪਿੰਡ ਇਕ ਸੈਕਟਰੀ ਦੇ ਜ਼ਿੰਮੇ ਕਰਨਗੇ ਤਾਕਿ ਉਹ ਆਪਣੀ ਡਿਊਟੀ ਠੀਕ ਢੰਗ ਨਾਲ ਕਰ ਸਕਣ ਨਹੀਂ ਤਾਂ ਸਾਰੀ ਜ਼ਿੰਮੇਵਾਰੀ ਸਰਪੰਚ ਤੇ ਆਉਂਦੀ ਹੈ। ਕੀ ਇਹ ਇਸ ਤਰ੍ਹਾਂ ਦਾ ਭਰੋਸਾ ਦੇਣਗੇ ?

ਰਾਜ ਮੰਤਰੀ : ਜੋ ਮੈਂਬਰ ਸਾਹਿਬ ਨੇ ਸਵਾਲ ਕੀਤਾ ਹੈ, ਬਿਲਕੁਲ ਠੀਕ ਹੈ। ਹਫਤੇ ਦੇ ਪੰਜ ਦਿਨ ਕੰਮ ਦੇ ਦਿਨ ਹੁੰਦੇ ਹਨ ਅਤੇ ਸੈਕਟਰੀਆਂ ਦੀ ਤਾਦਾਦ ਐਨੀ ਹੋਣੀ ਚਾਹੀਦੀ ਹੈ ਕਿ ਉਹ ਇਕ ਦਿਨ ਇਕ ਪਿੰਡ ਜ਼ਰੂਰ ਜਾ ਸਕੇ। ਇਸ ਤੇ ਵਿਚਾਰ ਕਰਾਂਗੇ। ਖਜ਼ਾਨਾ ਮੰਤਰੀ ਤੋਂ ਮਨਜ਼ੂਰੀ ਲੈ ਕੇ, ਜੇ ਮਨਜ਼ੂਰੀ ਆ ਜਾਵੇਗੀ ਤਾਂ ਜ਼ਰੂਰ ਭਰਤੀ ਕਰ ਲਵਾਂਗੇ।

ਸਰਦਾਰ ਭਾਗ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਸੈਕਟਰੀ ਹਨ ਇਨ੍ਹਾਂ ਦੀ ਪਰੋਵਿੰਸ਼ੇਲਾਈਜ਼ੇਸ਼ਨ ਦਾ ਮਸਲਾ ਬੜੀ ਦੇਰ ਤੋਂ ਚਲ ਰਿਹਾ ਹੈ। ਸੈਕਟਰੀ ਦੀ ਬੜੀ ਇੰਪਾਰਟੈਂਟ ਪੋਸਟ ਹੈ। ਉਹ ਸਰਪੰਚ ਦੀ ਮੱਦਦ ਕਰਦਾ ਹੈ। ਉਨ੍ਹਾਂ ਵਿਚ ਬੜੀ ਰੀਜ਼ੈਂਟਮੈਂਟ ਹੈ। ਕੀ ਉਨ੍ਹਾਂ ਨੂੰ ਪਰੋਵਿੰਸ਼ੇਲਾਈਜ਼ ਕੀਤਾ ਜਾਵੇਗਾ ?

ਰਾਜ ਮੰਤਰੀ : ਇਸ ਸਵਾਲ ਨਾਲ ਇਹ ਮੇਲ ਨਹੀਂ ਖਾਂਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਕੋਲ ਫਾਈਲ ਆਈ ਸੀ ਕਿ ਸਾਨੂੰ ਵੀ ਸਰਕਾਰੀ ਕੀਤਾ ਜਾਵੇ। ਮੈਂ ਇਸ ਨੂੰ ਅਸੂਲੀ ਤੌਰ ਤੇ ਪ੍ਰਵਾਨ ਕਰਕੇ ਫਾਈਲ ਖਜ਼ਾਨਾ ਮੰਤਰੀ ਨੂੰ ਭੇਜੀ ਹੈ। ਜੇ ਮਨਜ਼ੂਰ ਹੋ ਗਈ ਤਾਂ ਜ਼ਰੂਰ ਉਨ੍ਹਾਂ ਨੂੰ ਪੱਕੇ ਕੀਤਾ ਜਾਵੇਗਾ।

Arrangements for the Night Stay of Drivers/Conductors at Kulu

***733. Prof. Kumari Susheel Mahajan :** Will the Minister of State for Transport be pleased to state whether it is a fact that there are no arrangements for the night stay for the drivers and conductors of the buses of Punjab Roadways and Pepsu Road Transport Corporation at Kulu ?

Sardar Hardipinder Singh : Yes, please.

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦੀ ਹਾਂ ਕਿ ਸੈਕੰਡ ਮਾਰਚ ਨੂੰ ਕੁੱਲੂ ਸਾਡੀ ਮੀਟਿੰਗ ਸੀ। ਮੈਨੂੰ ਬੱਸ ਤੇ ਜਾਣਾ ਪਿਆ। ਰਸਤੇ ਵਿਚ ਡਰਾਈਵਰ ਦੀ ਸਿਹਤ ਖ਼ਰਾਬ ਹੋ ਗਈ। ਬੱਸ ਦਾ ਟਾਇਰ ਵੀ ਰਿਟਰੀਟ ਕੀਤਾ ਹੋਇਆ ਸੀ ਜੋ ਕਿ ਖਰਾਬ ਹੋ ਗਿਆ। ਉਸ ਨੂੰ ਠੀਕ ਕਰਦਿਆਂ ਦੋ ਘੰਟੇ ਲਗ ਗਏ। ਮੈਂ ਜਿਸ ਵੇਲੇ ਉਨ੍ਹਾਂ ਨੂੰ ਪੁੱਛਿਆ ਕਿ ਜਦ ਤੁਸੀਂ ਲੌਂਗ ਰੂਟ ਤੇ ਆਉਣਾ ਹੁੰਦਾ ਹੈ ਅਤੇ 12-12 ਘੰਟੇ ਦਾ ਸਫਰ ਹੁੰਦਾ ਹੈ ਤਾਂ ਤੁਸੀਂ ਠੀਕ ਬੱਸ ਕਿਉਂ ਨਹੀਂ ਲਿਆਉਂਦੇ। ਉਨ੍ਹਾਂ ਨੇ ਕਿਹਾ ਕਿ ਇਸ ਵਿਚ ਬੜੀ ਡਿਪਾਰਟ-ਮੈਂਟਲ ਕੁਰੱਪਸ਼ਨ ਚਲਦੀ ਹੈ। ਕੋਈ ਧਿਆਨ ਨਹੀਂ ਦਿੰਦਾ। ਹਿੱਲ ਸਟੇਸ਼ਨ ਤੇ ਜਿਥੇ ਬਰਫ ਬਹੁਤ ਪੈਂਦੀ ਹੁੰਦੀ ਹੈ, ਉਨ੍ਹਾਂ ਵਿਚਾਰਿਆਂ ਨੂੰ ਬੱਸ ਵਿਚ ਸੌਣਾ ਪੈਂਦਾ ਹੈ। ਇਸ ਲਈ ਕੀ ਡਰਾਈਵਰ ਅਤੇ ਕੰਡਕਟਰ ਦੀ ਨਾਈਟ ਸਟੇਅ ਵਾਸਤੇ ਕੋਈ ਅਰੇਂਜਮੈਂਟ ਕਰਨਗੇ ? ਫਿਰ ਉਥੇ ਕੋਈ ਮਕੈਨਿਕ ਵੀ ਹੋਣਾ ਚਾਹੀਦਾ ਹੈ ਜਿਹੜਾ ਛੋਟੀ ਮੋਟੀ ਖਰਾਬੀ ਦੂਰ ਕਰ ਸਕੇ। ਇਸ ਲਈ ਡਰਾਈਵਰ ਅਤੇ ਕੰਡਕਟਰ ਦੀ ਨਾਈਟ ਸਟੇਅ ਦਾ ਕੋਈ ਅਰੇਂਜਮੈਂਟ ਹੋਣਾ ਚਾਹੀਦਾ ਹੈ।

ਰਾਜ ਮੰਤਰੀ : ਇਹ ਇਕੱਲੇ ਪੰਜਾਬ ਦੀ ਨਹੀਂ, ਜਨਰਲ ਪਰੈਕਟਿਸ ਹੈ। ਪੰਜਾਬ ਦੇ ਕੁਝ ਹਾਲਾਤ ਗੜਬੜ ਵਾਲੇ ਹੋਣ ਕਰਕੇ ਅਸੀਂ ਡਰਾਈਵਰ ਅਤੇ ਕੰਡਕਟਰ ਨੂੰ ਰੀਕੁਐਸਟ ਕਰਦੇ ਹਾਂ ਕਿ ਉਹ ਬੱਸ ਵਿਚ ਸੌਣ। ਇਹ ਜਨਰਲ ਪਰੈਕਟਿਸ ਹੈ ਅਤੇ ਇਹ ਪਰੈਕਟਿਸ ਰਾਜਿਸਥਾਨ, ਹਰਿਆਣਾ, ਯੂ.ਪੀ. ਆਦਿ ਸਾਰੇ ਹੈ। ਉਨ੍ਹਾਂ ਨੂੰ ਹਾਲਟ ਅਲਾਊਂਸ ਦਿੰਦੇ ਹਾਂ। ਇਹ ਸਾਡੇ ਜਨਰਲ ਪਰੈਕ-ਟਿਸ ਹੈ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਹ ਜਨਰਲ ਪਰੈਕਟਿਸ ਹੈ ਅਤੇ ਉਨ੍ਹਾਂ ਨੂੰ ਬੱਸ ਵਿਚ ਸੌਣਾ ਪੈਂਦਾ ਹੈ। ਹਿੱਲ ਸਟੇਸ਼ਨ ਵਾਸਤੇ ਉਨ੍ਹਾਂ ਨੂੰ ਐਕੋਮੋਡੇਸ਼ਨ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਕਮਰਾ ਅਰੇਂਜ ਕਰ ਦੇਣਾ ਚਾਹੀਦਾ ਹੈ। ਬਾਕੀ ਬੱਸ ਦੀ ਰਾਖੀ ਤਾਂ ਉਥੋਂ ਦਿਆਂ ਦੀ ਹੀ ਜ਼ਿਮੇਵਾਰੀ ਹੈ।

ਸ੍ਰੀ ਸਪੀਕਰ : ਤੁਸੀ ਸਵਾਲ ਪੁਛੋ, ਇਨਫਰਮੇਸ਼ਨ ਨਾ ਦਿਓ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਬੱਸ ਦੀ ਰਾਖੀ ਕੌਣ ਕਰੇਗਾ।

ਰਾਜ ਮੰਤਰੀ : ਸਪੀਕਰ ਸਾਹਿਬ, ਅਸੀਂ ਡੀ.ਸੀ., ਕੁੱਲੂ ਨੂੰ ਲਿਖਿਆ ਹੈ। ਦਿੱਲੀ ਇੰਟਰਸਟੇਟ ਬੱਸ ਸਟੈਂਡ ਤੇ ਇਸ ਦਾ ਪ੍ਰੋਵੀਜ਼ਨ ਹੈ, ਇਕ ਹੋਰ ਜਗ੍ਹਾ ਤੇ ਇਸ ਦਾ ਪ੍ਰੋਵੀਜ਼ਨ ਹੈ ਪਰ ਹੋਰ ਬਹੁਤ ਘੱਟ ਜਗ੍ਹਾ ਤੇ ਪ੍ਰੋਵੀਜ਼ਨ ਹੈ। ਅਸੀਂ ਆਪ ਦੇ ਵਲੋਂ ਤੇ ਇਨ੍ਹਾਂ ਦੇ ਕਹਿਣ ਤੇ ਡੀ.ਸੀ. ਕੁੱਲੂ ਨੂੰ ਉਥੇ ਇੰਤਜ਼ਾਮ ਕਰਨ ਲਈ ਚਿੱਠੀ ਲਿਖੀ ਹੈ, ਜੇ ਉਹ ਕੁਝ ਕਰ ਸਕਦੇ ਹੋਣਗੇ ਤੇ ਜੋ ਸਾਡੇ ਤੋਂ ਮੰਗਣਗੇ, ਅਸੀਂ ਕਰਾਂਗੇ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ, ਇਹ ਕਿਹਾ ਜਾਂਦਾ ਹੈ ਕਿ—

'ਰੋਡਵੇਜ਼ ਦੀਆਂ ਲਾਰੀਆਂ, ਧੱਕਾ ਲਾਉਣ ਸਵਾਰੀਆਂ, ਨਾ ਬੂਹੇ ਨਾ ਬਾਰੀਆਂ।'

ਸਾਡੇ ਇਲਾਕੇ ਵਿੱਚ ਜਿੰਨੀਆਂ ਵੀ ਬੱਸਾਂ ਚਲਦੀਆਂ ਹਨ ਉਹ ਬਿਲਕੁਲ ਟੁੱਟੀਆਂ ਭੱਜੀਆਂ ਹਨ ਅਤੇ ਕੋਈ ਟਾਈਮ ਸਿਰ ਨਹੀਂ ਤੁਰਦੀਆਂ, ਕੀ ਮਨਿਸਟਰ ਸਾਹਿਬ ਉਥੇ ਚੰਗੀਆਂ ਬੱਸਾਂ ਚਲਾਉਣ ਦਾ ਕੋਈ ਪ੍ਰਬੰਧ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਾਤ ਦੀ ਪ੍ਰਾਬਲਮ ਕਰਕੇ ਕੁਝ ਪੈਸਾ ਟਰਾਂਸਪੋਰਟ ਨੂੰ ਘੱਟ ਮਿਲਿਆ ਹੈ, ਜਦੋਂ ਪੈਸਾ ਮੁਹੱਈਆ ਹੋ ਜਾਵੇਗਾ ਉਦੋਂ ਉਥੇ ਨਵੀਆਂ ਬੱਸਾਂ ਲਾ ਦੇਵਾਂਗੇ।

Installation of Planatorium at Ludhiana

*728. **Shri Om Parkash Gupta :** Will the Minister of State for Local Government be pleased to state—

(a) whether there is a proposal under the consideration of the Municipal Corpoıation, Ludhiana to instal a planatorium at Ludhiana; if so, the amount of expenditure involved therein ;

(b) whether the machinery for the said purpose has since been purchased?

ਸਰਦਾਰ ਸੁਰਿੰਦਰਪਾਲ ਸਿੰਘ (ਰਾਜ ਮੰਤਰੀ, ਜੰਗਲਾਤ, ਭੂਮੀ ਰਖਿਆ ਤੇ ਜੰਗਲੀ ਜੀਵ) : (ੳ) ਜੀ ਹਾਂ। ਖਰਚ 44.00 ਲੱਖ ਰੁਪਏ ਹੈ ।

(ਅ) ਜੀ ਹਾਂ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਮਸ਼ੀਨਰੀ ਆ ਗਈ ਹੈ, ਕੀ ਇਹ ਦੱਸਣਗੇ ਕਿ ਇਹ ਮਸ਼ੀਨਰੀ ਕਿਹੜੇ ਸਾਲ ਖਰੀਦੀ ਗਈ ਔਰ ਕਿਹੜੇ ਸਾਲ ਇਨਸਟਾਲ ਹੋਈ ਹੈ ਅਤੇ ਕੀ ਇਹ ਪਲੈਨੇਟੋਰੀਅਮ ਖੋਲ੍ਹ ਦਿੱਤਾ ਗਿਆ ਹੈ ?

ਰਾਜ ਮੰਤਰੀ, ਜੰਗਲਾਤ, ਭੂਮੀ ਰਖਿਆ ਤੇ ਜੰਗਲੀ ਜੀਵ : ਸਪੀਕਰ ਸਾਹਿਬ, ਸਾਲ 1981 ਵਿੱਚ ਇਹ ਮਸ਼ੀਨਰੀ ਖਰੀਦੀ ਗਈ ਸੀ। ਜੂਨ, 1986 ਵਿੱਚ ਸਾਰੀ ਮਸ਼ੀਨਰੀ ਇਨਸਟਾਲ ਹੋ ਚੁੱਕੀ ਹੈ ਅਤੇ ਜਲਦੀ ਹੀ ਖੋਲ੍ਹਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ ਲੁਧਿਆਣਾ ਦਾ ਰਹਿਣ ਵਾਲਾ ਹਾਂ ਔਰ ਇਨ੍ਹਾਂ ਨੂੰ ਮੈਂ ਦੱਸਣ ਲਗਾ ਹਾਂ ਕਿ ਜਿਹੜੀ ਮਸ਼ੀਨਰੀ ਆਈ ਉਹ ਠੰਡੀ ਜਗ੍ਹਾ ਤੇ ਰੱਖਣੀ ਸੀ ਤੇ ਉਹ ਮਸ਼ੀਨਰੀ ਖ਼ਰਾਬ ਹੋ ਚੁੱਕੀ ਹੈ। ਇਕ ਸਾਲ ਵਿੱਚ ਮਾਲਕਾਂ ਨੇ ਇਹ ਮਸ਼ੀਨਰੀ ਇਨਸਟਾਲ ਕਰਨੀ ਸੀ ਪਰ ਉਹ ਅਜੇ ਤਕ ਚਾਲੂ ਨਹੀਂ ਹੋ ਸਕੀ ਤੇ ਮਸ਼ੀਨਰੀ ਵੇਸਟ ਹੋ ਜਾਵੇਗੀ। ਇਹ ਮੈਂ ਇਨ੍ਹਾਂ ਨੂੰ ਇਤਲਾਹ ਦੇ ਰਿਹਾ ਹਾਂ। ਕੀ ਮਨਿਸਟਰ ਸਾਹਿਬ ਕੋਈ ਇਸ ਦੀ ਇਨਕੁਆਇਰੀ ਕਰਾਉਣਗੇ ਔਰ ਦੱਸਣਗੇ ਕਿ ਇਹ ਕਿਉਂ ਨਹੀਂ ਇਨਸਟਾਲ ਹੋ ਸਕੀ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਰੈਲੇਵੈਂਟ ਨਹੀਂ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਕਿਸ ਤਰ੍ਹਾਂ ਰੈਲੇਵੈਂਟ ਨਹੀਂ ਹੈ, ਤੁਸੀਂ ਆਪਣੀ ਫਾਈਲ ਦੇਖ ਲਓ, ਇਹ ਰੈਲੇਵੈਂਟ ਹੈ ਜਾਂ ਨਹੀਂ।

ਰਾਜ ਮੰਤਰੀ : ਮੈਂ ਫਾਈਲ ਦੇਖ ਲਈ ਹੈ।

ਸ੍ਰੀ ਸਪੀਕਰ : ਤੁਸੀਂ ਸਵਾਲ ਕਰੋ, ਗੁਪਤਾ ਸਾਹਿਬ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਮੈਂ ਸਵਾਲ ਕੀਤਾ ਹੈ, ਸਪੀਕਰ ਸਾਹਿਬ, ਕਿ ਕੀ ਇਹ ਇਨ-ਕੁਆਇਰੀ ਕਰਕੇ ਦੱਸਣਗੇ ਕਿ ਕਿਉਂ ਉਹ ਚਾਲੂ ਨਹੀਂ ਹੋਈ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਜਲਦੀ ਚਾਲੂ ਕਰਨ ਦਾ ਯਤਨ ਕਰ ਰਹੇ ਹਾਂ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਇਹ ਦੱਸ ਦੇਣ ਕਿ ਕਦੋਂ ਹੋਵੇਗਾ ?

ਰਾਜ ਮੰਤਰੀ : ਤੁਸੀਂ ਲਿਖ ਕੇ ਦੇ ਦਿਓ, ਇਨਕੁਆਇਰੀ ਵੀ ਕਰ ਲਵਾਂਗੇ, ਬਾਕੀ ਹੋਰ ਇਹ ਵੀ ਦੱਸ ਦੇਵਾਂਗੇ।

ਸਰਦਾਰ ਕਿਰਪਾਲ ਸਿੰਘ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਲੁਧਿਆਣੇ ਤੋਂ ਬਾਅਦ ਅੰਮ੍ਰਿਤਸਰ ਵਿੱਚ ਵੀ ਇਸ ਦਾ ਕੋਈ ਪ੍ਰਬੰਧ ਕਰਨਗੇ ?

ਸ੍ਰੀ ਸਪੀਕਰ : ਪਹਿਲਾਂ ਉਥੇ ਤਾਂ ਹੋ ਲੈਣ ਦਿਓ।

ਸਰਦਾਰ ਕਿਰਪਾਲ ਸਿੰਘ : ਜੇ ਇਹ ਕਹਿ ਦੇਣ ਤਾਂ ਇਕ ਗਲ ਦੀ ਐਸ਼ੋਰੈਂਸ ਹੋ ਜਾਵੇਗੀ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ, ਇਸ ਕੰਟਰੀ ਵਿੱਚ, ਸਿਰਫ਼ ਇਕ ਬੰਬਈ ਵਿੱਚ, ਕਲਕੱਤਾ ਵਿੱਚ ਅਤੇ ਦਿੱਲੀ ਵਿੱਚ ਖੋਲ੍ਹਿਆ ਹੈ ਜਾਂ ਹੁਣ ਇਕ ਹੈਦਰਾਬਾਦ ਵਿੱਚ ਖੋਲ੍ਹਿਆ ਹੈ। ਇਹ ਯੂਨੀਕ ਕਿਸਮ ਦਾ ਸਿਸਟਮ ਹੈ ਅਤੇ ਇਹ ਉਥੇ ਕਾਰਪੋਰੇਸ਼ਨ ਨੇ ਖੋਲ੍ਹਿਆ ਹੈ। ਜੇ ਅੰਮ੍ਰਿਤਸਰ ਇਨ੍ਹਾਂ ਨੇ ਖੁਲ੍ਹਾਉਣਾ ਹੈ ਤਾਂ ਇਹ ਅੰਮ੍ਰਿਤ-ਸਰ ਦੀ ਕਾਰਪੋਰੇਸ਼ਨ ਨਾਲ ਗੱਲ ਕਰ ਲੈਣ।

ਸ੍ਰੀ ਸਪੀਕਰ : ਬੰਗਾਲ ਵਿਚ ਕਲਕੱਤੇ ਇਕ ਪਲੈਨੇਟੋਰੀਅੱਮ ਹੈ, ਦਿੱਲੀ ਵਿਚ ਵੀ ਇਕ ਹੈ ਜਿਥੇ ਪੰਡਿਤ ਨਹਿਰੂ ਜੀ ਰਹਿੰਦੇ ਸਨ। ਸਟੇਟ ਵਿਚ ਅਗਰ ਇਕ ਵੀ ਹੋ ਜਾਏ ਤਾਂ ਸਫ਼ੀਸ਼ੈਂਟ ਹੁੰਦਾ ਹੈ।

ਸਰਦਾਰ ਕਿਰਪਾਲ ਸਿੰਘ : ਗੌਰਮਿੰਟ ਨੇ ਕਾਰਪੋਰੇਸ਼ਨ ਨੂੰ ਕੀ ਦਿੱਤਾ ਹੈ, ਉਹ ਦਸ ਦੇਣ ?

ਸ੍ਰੀ ਸਪੀਕਰ : ਮੰਤਰੀ ਸਾਹਿਬ, ਅਗਰ ਕੋਈ ਤੁਹਾਡੇ ਕੋਲ ਫ਼ਿਗਰਜ਼ ਹਨ, ਤਾਂ ਦਸ ਦਿਓ।

ਰਾਜ ਮੰਤਰੀ : ਫਿਗਰਜ਼ ਮੇਰੇ ਕੋਲ ਨਹੀਂ ਹਨ ਜੀ, ਨਾਲੇ ਇਹ ਇਰਰੈਲੇਵੈਂਟ ਹੈ।

ਸ੍ਰੀ ਹਰਨਾਮ ਦਾਸ ਜੌਹਰ ਐਡਵੋਕੇਟ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਬੜਾ ਇਵੇ-ਸਿਵ ਜਵਾਬ ਦਿੱਤਾ ਹੈ। ਇਹ ਇਨਕੁਆਇਰੀ ਕਿਉਂ ਨਹੀਂ ਕਰਾਉਣਾ ਚਾਹੁੰਦੇ ? ਐਨੇ ਸਾਲਾਂ ਤੋਂ ਮਸ਼ੀਨਰੀ ਆਈ ਪਈ ਹੈ, ਇਹ ਇਸ ਦੇ ਲਈ ਟਾਈਮ ਲਿਮਿਟ ਕਿਉਂ ਨਹੀਂ ਮੁਕਰੱਰ ਕਰਦੇ। ਕੀ ਇਹ ਇਸ ਮਨਿਸਟਰੀ ਵੇਲੇ ਹੋ ਜਾਏਗਾ ਜਾਂ ਕੋਈ ਨਵੀਂ ਮਨਿਸਟਰੀ ਆ ਕੇ ਇਨਸਟਾਲ ਕਰੇਗੀ ?

ਰਾਜ ਮੰਤਰੀ : ਜੂਨ, 1986 ਵਿਚ ਮਸ਼ੀਨਰੀ ਇਨਸਟਾਲ ਹੋਈ ਸੀ ਔਰ ਇਹ ਮਸ਼ੀਨਰੀ ਜਰਮਨ ਤੋਂ ਆਈ ਹੈ। ਬੜੀ ਸੋਫਿਸਟੀਕੇਟਿਡ ਮਸ਼ੀਨਰੀ ਹੈ। ਇਹ ਤਾਂ ਪੜ੍ਹੇ ਲਿਖੇ ਮੈਂਬਰ ਹਨ, ਇਸ ਦੇ ਲਈ ਐਕਸਪਰਟ ਟੈਕਨੀਕਲ ਸਟਾਫ਼ ਦੀ ਲੋੜ ਹੁੰਦੀ ਹੈ।

Starred Question No. *669

ਸ੍ਰੀ ਸਪੀਕਰ : ਇਸ ਪ੍ਰਸ਼ਨ ਲਈ ਐਕਸਟੈਨਸ਼ਨ ਮੰਗੀ ਗਈ ਹੈ।

Repair of Roads in Tehsil Balachaur

***670. Shri Ram Kishan Kataria :** Will the Minister of State for Public Works be pleased to state the amount incurred on the repair of the roads in Tehsil Balachaur, District Hoshiarpur during the the year 1985-86 and 1986-87?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਬਲਾਚੌਰ ਵਿੱਚ ਸੜਕਾਂ ਦੀ ਮੁਰੰਮਤ ਦੇ ਕੰਮ ਤੇ ਸਾਲ 1985-86 ਅਤੇ 1986-87 ਦੇ ਫਰਵਰੀ ਮਹੀਨੇ ਤੱਕ ਕ੍ਰਮਵਾਰ 15.09 ਲੱਖ ਰੁਪਏ ਤੇ 16.86 ਲੱਖ ਰੁਪਏ ਖਰਚ ਕੀਤੇ ਗਏ ਹਨ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਜਾਣਨਾ ਚਾਹਾਂਗਾ ਕਿ ਮਨਿਸਟਰ ਸਾਹਿਬ ਨੇ ਜੋ ਪੈਸਿਆਂ ਦਾ ਵੇਰਵਾ ਦਿੱਤਾ ਹੈ, ਕੀ ਇਸ ਦੇ ਵਿਚ ਸਟੇਟ ਰੋਡਜ਼ ਇਨਕਲੂਡਿਡ ਹਨ ਜਾਂ ਇਹ ਕੇਵਲ ਲਿੰਕ ਰੋਡਜ਼ ਦਾ ਹੀ ਹੈ? ਅਗਰ ਸਟੇਟ ਰੋਡਜ਼ ਇਨਕਲੂਡਿਡ ਹਨ ਤਾਂ ਉਹ ਕਿਹੜੀਆਂ ਕਿਹੜੀਆਂ ਹਨ?

ਰਾਜ ਮੰਤਰੀ : ਇਸ ਦੇ ਵਿਚ ਸਟੇਟ ਰੋਡਜ਼ ਔਰ ਲਿੰਕ ਰੋਡਜ਼ ਦੋਨੋਂ ਹਨ।

ਸ੍ਰੀ ਰਾਮ ਕਿਸ਼ਨ ਕਟਾਰੀਆ : ਮੈਂ ਤਾਂ ਆਪ ਬੜਾ ਹੈਰਾਨ ਸੀ ਕਿ ਇਤਨੇ ਪੈਸੇ ਲਿੰਕ ਰੋਡਜ਼ ਤੇ ਕਿਸ ਤਰ੍ਹਾਂ ਖਰਚ ਹੋ ਗਏ। ਸਟੇਟ ਰੋਡਜ਼ ਤਾਂ ਸਾਰੀ ਸਟੇਟ ਵਾਸਤੇ ਹੁੰਦੀਆਂ ਹਨ ਪਰ ਮੈਂ ਤਾਂ ਬਲਾਚੌਰ ਵਾਸਤੇ ਫਿਕਰਮੰਦ ਹਾਂ। ਕੀ ਲਿੰਕ ਰੋਡਜ਼ ਦੀਆਂ ਡਿਟੇਲਜ਼ ਦੇਣਗੇ? ਮੈਂ ਲਿਖ ਕੇ ਦੇ ਦੇਵਾਂਗਾ ਜਿਹੜੀ ਰੋਡ ਰਿਪੇਅਰ ਨਹੀਂ ਹੋਈ, ਕੀ ਉਸ ਬਾਰੇ ਇਹ ਇਨਕੁਆਇਰੀ ਕਰਾਉਣਗੇ?

ਰਾਜ ਮੰਤਰੀ : ਹਾਂ ਜੀ, ਇਹ ਲਿਖ ਕੇ ਦੇ ਦੇਣ ਜੇ ਲੋੜ ਹੋਈ ਤਾਂ ਜ਼ਰੂਰ ਇਨਕੁਆਇਰੀ ਕਰਾਵਾਂਗੇ।

Pay Commission

***634. Professor Kumari Shusheel Mahajan :** Will the Chief Minister be pleased to state—

(a) whether the Pay Commission constituted by the Government has submitted its recommendations ; if so, whether the said recommendations are likely to be implemented before the 31st March, 1987 ;

(b) whether the Government propose to give any interim relief to its employees?

*For Starred Question No. 669 and reply thereto, please see P.V.S. Debates dated 24-3-1987.

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਤਨਖਾਹ ਕਮਿਸ਼ਨ ਨੇ ਅਜੇ ਕੋਈ ਸਿਫਾਰਸ਼ਾਂ ਨਹੀਂ ਦਿੱਤੀਆਂ ।

(ਅ) ਇਹ ਮਾਮਲਾ ਕਮਿਸ਼ਨ ਦੇ ਵਿਚਾਰਨ ਹਿੱਤ ਛੱਡ ਦਿੱਤਾ ਗਿਆ ਹੈ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦੀ ਹਾਂ ਕਿ ਜਦੋਂ ਇਨ੍ਹਾਂ ਨੇ ਪੇਅ-ਕਮਿਸ਼ਨ ਬਿਠਾਇਆ ਤਾਂ ਕਿਹਾ ਸੀ ਕਿ 31 ਮਾਰਚ, 1987 ਤਕ ਉਸ ਦੀ ਰਿਪੋਰਟ ਆ ਜਾਏਗੀ। ਜੇ ਉਸ ਨੇ ਇਨ੍ਹਾਂ ਨੂੰ ਰਿਪੋਰਟ ਨਹੀਂ ਦਿੱਤੀ ਤਾਂ ਕਦੋਂ ਤਕ ਆ ਜਾਏਗੀ ? ਕੀ ਪੇਅ-ਕਮਿਸ਼ਨ ਨੂੰ ਰਿਪੋਰਟ ਦੇਣ ਲਈ ਟਾਈਮ ਬਾਊਂਡ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਕਾਫੀ ਲੰਬਾ ਪ੍ਰੋਸੈਸ ਹੁੰਦਾ ਹੈ; ਕਮਿਸ਼ਨ ਚਲ ਰਿਹਾ ਹੈ ਔਰ ਕਾਫੀ ਕੰਮ ਹੋ ਚੁੱਕਾ ਹੈ ਪਰ ਇਸ ਦੇ ਲਈ ਕੋਈ ਤਾਰੀਖ ਮੁਕਰੱਰ ਨਹੀਂ ਕੀਤੀ ਜਾ ਸਕਦੀ ਕਿ ਕਦੋਂ ਤਕ ਰਿਪੋਰਟ ਆ ਜਾਏਗੀ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਕੀ ਚੀਫ ਮਨਿਸਟਰ ਸਾਹਿਬ ਮੈਨੂੰ ਦੱਸਣਗੇ ਕਿ ਪੰਜਾਬ ਗੌਰਮਿੰਟ ਨੇ ਜੁਲਾਈ, 1986 ਤਕ ਡੀ.ਏ. ਦਿਤਾ ਹੈ ਬਾਕੀ ਦੀਆਂ ਜਿਹੜੀਆਂ ਮੁਲਾਜ਼ਮਾਂ ਦੀਆਂ ਦੋ ਕਿਸ਼ਤਾਂ ਬਣਦੀਆਂ ਹਨ, ਉਹ ਕਦੋਂ ਤਕ ਦੇ ਦੇਣਗੇ ?

ਮੁੱਖ ਮੰਤਰੀ : ਜੋ ਜੋ ਗਲ ਪੇਅ-ਕਮਿਸ਼ਨ ਦੇ ਧਿਆਨ ਵਿਚ ਹੈ ਉਸ ਦਾ ਫੈਸਲਾ ਪੇ-ਕਮਿਸ਼ਨ ਨੇ ਕਰਨਾ ਹੈ। ਜਦ ਤਕ ਪੇਅ-ਕਮਿਸ਼ਨ ਦੀ ਰਿਕੁਮੈਂਡੇਸ਼ਨ ਰਿਪੋਰਟ ਨਹੀਂ ਆ ਜਾਂਦੀ ਤਦ ਤਕ ਕੁਝ ਨਹੀਂ ਕਿਹਾ ਜਾ ਸਕਦਾ। ਜਦੋਂ ਰਿਪੋਰਟ ਆ ਗਈ ਉਦੋਂ ਦੇਖਾਂਗੇ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਕੋਈ ਡੇਟ ਫਿਕਸ ਨਹੀਂ ਕੀਤੀ ਜਾ ਸਕਦੀ, ਟਾਈਮ ਬਾਊਂਡ ਪ੍ਰੋਗਰਾਮ ਨਹੀਂ ਹੋ ਸਕਦਾ। ਨਾਲ ਦੀ ਸਟੇਟ ਵਲੋਂ ਅਨਾਊਂਸਮੈਂਟ ਹੋ ਗਈ ਹੈ ਔਰ ਉਥੇ ਦੇ ਮੁਲਾਜ਼ਮਾਂ ਨੂੰ ਸੈਂਟਰਲ ਪੈਟਰਨ ਤੇ ਸਭ ਕੁਝ ਮਿਲੇਗਾ। ਪੰਜਾਬ ਸਟੇਟ ਦੇ ਐਮਪਲਾਈਜ਼ ਜਿਹੜੇ ਐਸੇ ਹਲਾਤ ਵਿੱਚ ਕੰਮ ਕਰ ਰਹੇ ਹਨ, ਕੀ ਇਹ ਕੋਈ ਉਪਰਾਲਾ ਕਰਨਗੇ ਕਿ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਦੇ ਦੇਣ ?

ਮੁੱਖ ਮੰਤਰੀ : ਪੇਅ-ਕਮਿਸ਼ਨ ਦੀ ਰਿਪੋਰਟ ਆਉਣ ਤੇ ਹੀ ਦਿੱਤਾ ਜਾਂਦਾ ਹੈ, ਵਿਚੇ ਲਟਕਦੀ ਤੇ ਨਹੀਂ ਦਿੱਤਾ ਜਾਂਦਾ। ਜੇਕਰ ਉਹ ਇਨਟੈਰਿਮ ਰਿਲੀਫ ਲਈ ਰਿਕੁਮੈਂਡ ਕਰਨਗੇ ਤਾਂ ਉਹ ਹੋ ਜਾਵੇਗਾ ।

(ਇਸ ਸਮੇਂ ਸਰਦਾਰ ਕਿਰਪਾਲ ਸਿੰਘ ਜੀ ਸਪਲੀਮੈਂਟਰੀ ਕਰਨ ਲਈ ਖੜੇ ਹੋਏ)।

ਸ੍ਰੀ ਸਪੀਕਰ : ਨੈਕਸਟ ਕੁਐਸਚਨ, ਸਰਦਾਰ ਕਿਰਪਾਲ ਸਿੰਘ ਜੀ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਕੀ ਪਹਿਲਾ ਸਵਾਲ ਮੁੱਕ ਗਿਆ ਹੈ ?

ਸ੍ਰੀ ਸਪੀਕਰ : ਪੇਅ-ਕਮਿਸ਼ਨ ਦੀ ਰਿਪੋਰਟ ਨਹੀਂ ਆਈ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈਂ ਇੰਟੇਰਿਮ ਰਿਲੀਫ ਵਾਸਤੇ ਗੱਲ ਕਰ ਰਹੀ ਹਾਂ।

ਸ਼੍ਰੀ ਸਪੀਕਰ : ਦੋ ਸਪਲੀਮੈਂਟਰੀਜ਼ ਅਲਾਊਡ ਸਨ, ਉਹ ਤੁਸੀਂ ਪੁੱਛ ਲਈਆਂ ਹਨ। ਹਾਂ ਜੀ, ਸਰਦਾਰ ਕਿਰਪਾਲ ਸਿੰਘ ਜੀ।

Investigation of the case registered in the Police Station, Lopoke

*650. **Sardar Kirpal Singh :** Will the Chief Minister refer to the reply given by him to Starred Question No. 542 (C.U.) for 18th December, 1986 and be pleased to state—

(a) whether the case registered in the Police Station, Lopoke on the report of C.R.P.F. has since been investigated ; if so, the results thereof ;

(b) if the reply to part (a) above be in the affirmative, whether the two occupants of the car who were killed by the C.R.P.F. patrol party on the night of 24th/25th November, 1986 have since been identified; if so, the particulars thereof;

(c) whether it is a fact that the investigation has proved that the two occupants killed were not extremists ;

(d) if the reply to part (c) above be in the affirmative, whether any action has been taken against the C.R.P.F. patrol party responsible for this killing ; if so, the details thereof ;

(e) whether any compensation has been paid to the heirs of the deceased ; if so, the details thereof ; if not, the reasons therefor ?

Capt. Kanwaljit Singh (Minister of State for Home):(a) Yes. A cancellation report has been submitted in the case to the court on 27th November, 1986.

(b) The two persons killed were identified as Sukhwinder Singh son of Tehal Singh, resident of Kohali and Ajit Singh son of Swarn Singh, resident of Delhi.

(c) Yes.

(d) Investigation has revealed that the C.R.P.F. patrol party had signalled the car to stop. The car did not stop but continued running and went and hit the C.R.P.F. jeep. The C.R.P.F. on the genuine apprehension that the occupants of the car were extremists, as they had ignored the signal to stop and intended to attack the patrol party as had happened on previous occasions also, had opened fire. No action has been taken against the C.R.P.F. patrol party as their action was bonafide and had flowed from the performance of their official duties under the relevant law.

(e) Rs. 20,000 has been paid to the next kin of each of two deceased.

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਜਿਹੜੀ ਰਿਪੋਰਟ, ਜਿਹੜਾ ਜਵਾਬ ਮਨਿਸਟਰ ਸਾਹਿਬ ਨੂੰ ਮਹਿਕਮੇਂ ਨੇ ਸਪਲਾਈ ਕੀਤਾ ਹੈ, ਇਹ ਸਾਰਾ ਝੂਠ ਦਾ ਪਲੰਦਾ ਹੈ। ਇਸ ਵਾਸਤੇ ਇਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਸੀ.ਆਰ.ਪੀ.ਐਫ. ਨੇ ਕਾਰ ਵਿਚੋਂ ਇਕ ਕਲੀਨ ਸ਼ੇਵਨ

[ਸਰਦਾਰ ਕਿਰਪਾਲ ਸਿੰਘ]

ਜੋ ਸੀ, ਡਰਾਈਵਰ, ਉਸ ਨੂੰ ਛੱਡ ਦਿੱਤਾ ਔਰ ਦੂਸਰੇ ਨੂੰ ਖਲਾਰ ਕੇ ਗੋਲੀ ਨਾਲ ਮਾਰ ਦਿੱਤਾ। ਕਲਗੀ ਲੱਗੀ ਹੋਈ ਹੈ, ਵਿਆਹ ਵਾਲਾ ਮੁੰਡਾ ਹੈ, ਸਾਥੀ ਨੂੰ ਛੱਡਣ ਜਾ ਰਿਹਾ ਹੈ। ਡਰਾਈਵਰ ਨੇ ਗਲਤੀ ਕੀਤੀ ਹੈ ਔਰ ਕਾਰ ਥੋੜ੍ਹਾ ਅੱਗੇ ਜਾ ਕੇ ਖੜੀ ਕੀਤੀ ਹੈ ਔਰ ਸੀ.ਆਰ.ਪੀ.ਐਫ. ਨੇ ਕਾਰ ਵਿਚੋਂ ਕੱਢ ਕੇ ਗੋਲੀਆਂ ਮਾਰੀਆਂ ਹਨ। ਜੇਕਰ ਫਿਰ ਵੀ ਕਹਿੰਦੇ ਹੋ ਕਿ ਸੀ.ਆਰ.ਪੀ.ਐਫ ਦੀ ਗਲਤੀ ਨਹੀਂ ਹੈ ਤਾਂ ਉਨ੍ਹਾਂ ਨੂੰ ਛੁਟੀ ਦਿਓ ਸਾਰਿਆਂ ਨੂੰ ਗੋਲੀ ਮਾਰ ਦੇਣ। ਜੇਕਰ ਸਰਕਾਰ ਜੁਡੀਸ਼ੀਅਲ ਇਨਕੁਆਇਰੀ ਕਰਵਾਏ ਤਾਂ ਪਤਾ ਲਗੇਗਾ। ਜੇਕਰ ਮਾਮੂਲੀ ਗਲਤੀ ਹੋਵੇ ਤਾਂ ਹੋਰ ਗਲ ਹੈ, ਚਲਦੀ ਗੱਡੀ ਤੇ ਗੋਲੀ ਚਲੀ ਹੋਵੇ ਤਾਂ ਹੋਰ ਗੱਲ ਹੈ ਪਰ ਇਹ ਤਾਂ ਗੋਲੀ ਮਾਰੀ ਖੜੇ ਕਰਕੇ। ਜਿਨ੍ਹਾਂ ਦਾ ਘਰ ਉਜੜਿਆ ਹੈ, ਇਹ ਸਾਬਤ ਹੋ ਗਿਆ ਹੈ ਕਿ ਇਹ ਅਤਿਵਾਦੀ ਨਹੀਂ ਹੈ, ਇਹ ਮਨਿਸਟਰ ਸਾਹਿਬ ਨੇ ਜਵਾਬ ਵੀ ਦਿੱਤਾ ਹੈ। ਇਹ ਜੁਡੀਸ਼ੀਅਲ ਇਨਕੁਆਇਰੀ ਕਰਾਉਣ ਤਾਕਿ ਫੈਕਟਸ ਦਾ ਪਤਾ ਲਗ ਸਕੇ।

ਰਾਜ ਮੰਤਰੀ, ਗ੍ਰਿਹ : ਸਪੀਕਰ ਸਾਹਿਬ, ਮੈਨੂੰ ਪਤਾ ਨਹੀਂ ਹੈ ਕਿ ਸਵਾਲ ਮਾਨਯੋਗ ਮੈਂਬਰ ਸਾਹਿਬ ਨੇ ਕੀ ਕੀਤਾ ਹੈ। ਮੈਂ ਜਵਾਬ ਦੇ ਦਿੱਤਾ ਹੈ।

ਸ੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ ਭਾਸ਼ਣ ਨਾ ਦਿਓ, ਸਪਲੀਮੈਂਟਰੀ ਕਰੋ।

ਸਰਦਾਰ ਕਿਰਪਾਲ ਸਿੰਘ : ਭਾਸ਼ਣ ਦੀ ਗੱਲ ਨਹੀਂ, ਜਿਨ੍ਹਾਂ ਦੇ ਘਰ ਅੱਗ ਲੱਗੀ ਹੋਈ ਹੈ, ਜਵਾਨ ਮੁੰਡਾ ਮਰਿਆ ਹੈ, ਉਸ ਦੀ ਗੱਲ ਹੈ। ਜੋ ਫੈਕਟ ਦੱਸਿਆ ਹੈ ਗੌਰਮਿੰਟ ਨੇ, ਮਹਿਕਮੇਂ ਨੇ ਸਪਲਾਈ ਕੀਤਾ ਹੈ, ਸੱਚ ਝੂਠ ਸਾਬਤ ਕਰਨ ਵਾਸਤੇ ਕੀ ਕੋਈ ਜੁਡੀਸ਼ੀਅਲ ਇਨਕੁਆਇਰੀ ਕਰਾਉਣਗੇ ?

ਰਾਜ ਮੰਤਰੀ : ਜੁਡੀਸ਼ੀਅਲ ਇਨਕੁਆਇਰੀ ਦੀ ਲੋੜ ਕੋਈ ਨਹੀਂ ਅਸੀਂ ਸਮਝਦੇ। ਇਸ ਦੀ ਤਫਤੀਸ਼ ਹੋ ਚੁਕੀ ਹੈ ਔਰ ਫੈਕਟਸ ਮੈਂ ਪਹਿਲਾਂ ਹੀ ਜਵਾਬ ਵਿਚ ਦੇ ਚੁੱਕਾ ਹਾਂ।

ਸਰਦਾਰ ਕਿਰਪਾਲ ਸਿੰਘ : ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਫੈਕਟ ਦੀ ਇਨਕੁਆਇਰੀ ਜਿਹੜੀ ਹੈ, ਇਕ ਬੰਦੇ ਨੂੰ ਕਾਰ ਵਿਚੋਂ ਕੱਢ ਕੇ ਮਾਰਿਆ ਗਿਆ ਹੈ। ਸਿਰਫ ਡਿਪਾਰਟਮੈਂਟ ਦੇ ਕਹਿਣ ਨੂੰ ਮੰਨ ਲਵੋ, ਕਿਸੇ ਤਰ੍ਹਾਂ ਦੀ ਇਨਕੁਆਇਰੀ ਨਾ ਕਰਨੀ, ਠੀਕ ਨਹੀਂ ਹੈ। ਕੋਈ ਮਨਿਸਟਰ ਮੌਕੇ ਤੇ ਜਾ ਕੇ ਆਪ ਇਨਕੁਆਇਰੀ ਕਰ ਲੈਣ, ਪਿੰਡ ਦੇ ਲੋਕਾਂ ਨੂੰ ਸੱਦ ਕੇ। ਕਿਸੇ ਦੇ ਅੱਥਰੂ ਪੂੰਝੇ ਜਾਣਗੇ, ਇਸ ਵਿਚ ਕੀ ਹਰਜ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਮੈਂ ਪਹਿਲਾਂ ਹੀ ਦੇ ਚੁੱਕਾ ਹਾਂ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਇਹ ਜਿਹੜੀ ਸ਼ਿਕਾਇਤ ਹੈ ਇਹੋ ਜਿਹੀਆਂ ਆਮ ਸ਼ਿਕਾਇਤਾਂ ਪੰਜਾਬ ਵਿਚ ਹੁੰਦੀਆਂ ਹਨ ਕਿ ਸੀ.ਆਰ.ਪੀ. ਐਫ. ਪਬਲਿਕ ਨਾਲ ਮਿਸਹੈਂਡਲਿੰਗ ਕਰਦੀ ਹੈ। ਉਹ ਪੰਜਾਬ ਦੇ ਹਾਲਾਤ ਤੋਂ ਅਤੇ ਪੰਜਾਬ ਦੀ ਬੋਲੀ ਤੋਂ ਵਾਕਫ ਨਹੀਂ ਹੁੰਦੇ। ਇਸ ਕਰਕੇ ਨਾ ਤਾਂ ਉਹ ਸਾਡੀ ਗਲ ਸਮਝਦੇ ਹਨ ਅਤੇ ਨਾ ਉਨ੍ਹਾਂ ਨੂੰ ਹਾਲਾਤ ਦਾ ਪਤਾ ਲਗਦਾ ਹੈ, ਜਿਸ ਕਰਕੇ ਇਹੋ ਜਿਹੀਆਂ ਕਈ ਮਿਸਹੈਪਨਿੰਗਜ਼ ਹੁੰਦੀਆਂ ਹਨ। ਇਸੇ ਤਰ੍ਹਾਂ ਦਾ ਇਕ ਕੇਸ ਅੱਗੇ ਬ੍ਰਹਿਮਪੁਰੇ ਵਿਚ ਵੀ ਹੋਇਆ ਹੈ ਜਿਥੇ ਕਿ ਸੀ.ਆਰ.ਪੀ.ਐਫ. ਨੇ ਜ਼ਿਆਦਤੀ ਕੀਤੀ ਹੈ। ਇਸ ਲਈ ਮੇਰੀ ਅਰਜ਼ ਹੈ ਕਿ ਸਰਕਾਰ ਨੂੰ ਇਹੋ ਜਿਹੇ ਹਾਦਸੇ ਨਿਗਲੈਕਟ ਜਾਂ ਇਗਨੋਰ ਨਹੀਂ ਕਰਨੇ ਚਾਹੀਦੇ।

ਸ੍ਰੀ ਸਪੀਕਰ : ਠੀਕ ਹੈ, ਇਹ ਸੁਜੈਸ਼ਨ ਹੈ ਨੋਟ ਕਰ ਲਈ ਜਾਏ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਕੁਝ ਸ਼ਿਕਾਇਤਾਂ ਆਈਆਂ ਸਨ ਤੇ ਫਿਰ ਸਰਕਾਰ ਨੇ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ ਕਿ ਬੀ.ਐਸ.ਐਫ., ਸੀ.ਆਰ. ਪੀ. ਐਫ. ਜਾਂ ਪੰਜਾਬ ਪੁਲਿਸ ਵਾਲੇ ਕਿਸੇ ਤਰ੍ਹਾਂ ਵੀ ਕੋਈ ਅਨਜਾਨੇ ਵਿਚ ਹੱਤਿਆ ਨਾ ਕਰਨ, ਬੇਕਸੂਰ ਦੀ ਹੱਤਿਆ ਕਿਸੇ ਤਰ੍ਹਾਂ ਵੀ ਨਹੀਂ ਹੋਣੀ ਚਾਹੀਦੀ। ਇਸ ਲਈ ਉਹ ਪੂਰੀ ਪੜਤਾਲ ਕਰਦੇ ਰਹਿੰਦੇ ਹਨ ਔਰ ਪੂਰੀ ਘੋਖ ਕਰਦੇ ਹਨ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਬੜੀ ਅੱਛੀ ਗਲ ਸੀ.ਐਮ. ਸਾਹਿਬ ਨੇ ਕਹੀ ਹੈ ਕਿ ਹਦਾਇਤਾਂ ਕਰ ਦਿੱਤੀਆਂ ਹਨ ਪਰ ਜਿਹੜੀਆਂ ਪਿਛੇ ਇਹੋ ਜਿਹੀਆਂ ਗਲਾਂ ਹੋ ਚੁੱਕੀਆਂ ਹਨ ਜਿਸ ਤਰ੍ਹਾਂ ਬ੍ਰਹਿਮਪੁਰਾ ਕਾਂਡ ਹੋਇਆ ਹੈ ਅਤੇ ਇਹ ਜਿਹੜਾ ਅੱਜ ਸਵਾਲ ਆਇਆ ਹੈ ਇਹੋ ਜਿਹੇ ਕਾਂਡਾਂ ਦੇ ਬਾਰੇ ਹਾਊਸ ਦੇ ਮਾਨਯੋਗ ਮੈਂਬਰਜ਼ ਕਹਿ ਰਹੇ ਹਨ ਕਿ ਬੇਕਸੂਰਾਂ ਨੂੰ ਮਾਰਿਆ ਗਿਆ ਹੈ ਔਰ ਸਰਕਾਰ ਨੇ ਮੁਆਵਜ਼ਾ ਵੀ ਦਿੱਤਾ ਹੈ। ਇਸ ਦੇ ਬਾਵਜੂਦ ਵੀ ਜੇ ਸਰਕਾਰ ਜੁਡੀਸ਼ੀਅਲ ਇਨਕੁਆਇਰੀ ਕਰਾਉਣ ਨੂੰ ਤਿਆਰ ਨਹੀਂ ਤਾਂ ਫਿਰ ਕੋਈ ਹਾਊਸ ਦੇ ਮੈਂਬਰਾਂ ਦੀ ਹੀ ਕਮੇਟੀ ਬਣਾ ਦੇਣ, ਬੇਸ਼ੱਕ ਉਸ ਵਿਚ ਸਾਡੇ ਮੈਂਬਰ ਨਾ ਲੈਣ, ਕਾਂਗਰਸ ਦੇ ਹੀ ਲੈ ਲੈਣ, ਤਾਕਿ ਉਨ੍ਹਾਂ ਕੇਸਾਂ ਦਾ ਪੂਰਾ ਪਤਾ ਲਗ ਸਕੇ ਔਰ ਇਹ ਗਲਤੀ ਫਿਰ ਨਾ ਹੋਵੇ।

ਰਾਜ ਮੰਤਰੀ ਗ੍ਰਿਹ : ਸਪੀਕਰ ਸਾਹਿਬ, ਇਹ ਸਵਾਲ ਦੁਬਾਰਾ ਦੁਬਾਰਾ ਦੁਹਰਾ ਰਹੇ ਹਨ। ਸਰਦਾਰ ਕਿਰਪਾਲ ਸਿੰਘ ਜੀ ਨੂੰ ਮੈਂ ਇਸ ਦਾ ਜਵਾਬ ਦੇ ਚੁੱਕਾ ਹਾਂ।

ਸ੍ਰੀ ਸਪੀਕਰ : ਜਵਾਬ ਦੇਣਾ ਚਾਹੀਦਾ ਹੈ। ਇਹ ਮੈਂਬਰ ਦਾ ਪ੍ਰੈਰੋਗੇਟਿਵ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕੀਤੀ ਸੀ ਕਿ ਜਿਹੜੀ ਤਫਤੀਸ਼ ਅਸੀਂ ਕੀਤੀ ਹੈ ਉਸ ਤੋਂ ਬਾਅਦ ਅਸੀਂ ਨਹੀਂ ਸਮਝਦੇ ਕਿ ਜੁਡੀਸ਼ੀਅਲ ਇਨਕੁਆਇਰੀ ਦੀ ਕੋਈ ਲੋੜ ਹੈ।

(ਇਸ ਵੇਲੇ ਸਪੀਕਰ ਸਾਹਿਬ ਨੇ ਨੈਕਸਟ ਕੁਐਸਚਨ ਕਾਲ ਅਪਾਨ ਕੀਤਾ ਪਰ ਕਈ ਮੈਂਬਰਜ਼ ਬੋਲਣ ਲਈ ਖੜੇ ਸਨ।) (ਵਿਘਨ)

ਇਕ ਆਵਾਜ਼ : ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਸੁਣ ਲਓ। ਬੇਸ਼ੱਕ ਉਨਾਂ ਦੀ ਲੇਡੀ ਹੋਣ ਦੇ ਨਾਤੇ ਆਵਾਜ਼ ਵੀਕ ਹੈ।

ਸ੍ਰੀ ਸਪੀਕਰ : ਲੀਡਰ ਆਫ ਦੀ ਆਪੋਜ਼ੀਸ਼ਨ ਮਾਨਯੋਗ ਹਨ, ਵੀਕ ਨਾ ਕਹੋ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਹੁਣੇ ਹੀ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਉਨਾਂ ਨੇ ਹਦਾਇਤਾਂ ਕੀਤੀਆਂ ਹਨ ਕਿ ਕੋਈ ਬੇਗੁਨਾਹ ਨਾ ਮਾਰਿਆ ਜਾਵੇ। ਮੈਂ ਇਹ ਪੁੱਛਦੀ ਹਾਂ ਕਿ ਕੀ ਪਹਿਲੇ ਕੋਈ ਅਜਿਹਾ ਕੇਸ ਨੋਟਿਸ ਵਿਚ ਆਇਆ ਸੀ ਜਿਥੇ ਬੇਗੁਨਾਹ ਮਾਰਿਆ ਗਿਆ ਹੋਵੇ ?

ਮੁੱਖ ਮੰਤਰੀ : ਸਵਾਲ ਤਾਂ ਇਹ ਅਰਾਇਜ਼ ਨਹੀਂ ਹੁੰਦਾ ਪਰ ਕਿਉਂਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਕੀਤਾ ਹੈ ਮੈਂ ਸੋਚਿਆ ਜਵਾਬ ਵੀ ਦੇ ਦੇਣਾ ਚਾਹੀਦਾ ਹੈ। ਹਾਂ, ਐਸਾ ਕੇਸ ਨੋਟਿਸ ਵਿਚ ਆਇਆ ਸੀ ਔਰ ਕੇਸ ਵੀ ਰਜਿਸਟਰ ਕੀਤਾ ਗਿਆ ਸੀ ਔਰ ਉਸ ਤੋਂ ਬਾਅਦ ਅਦਾਲਤ ਵਿਚੋਂ ਵਾਰੰਟ ਵੀ ਲਏ ਗਏ ਸਨ। (ਥੰਪਿੰਗ)

Scarce Supply of Non-ferrous Metals

***734. Vaid Om Parkash Datta :** Will the Minister for Finance be pleased to state whether the Government is aware of the hardship of the small scale industrial units in the State because of the scarce and irregular supply of non-ferrous metals by the Mineral and Metal Trading Corporation ; if so, the steps Government proposes to take to improve the supply of the said metals ?

ਸਰਦਾਰ ਬਲਵੰਤ ਸਿੰਘ : (ੳ) ਇਸ ਮਾਮਲੇ ਵਿਚ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ। ਇਹ ਮੈਟੀਰੀਅਲ ਐਮ.ਐਮ.ਟੀ.ਸੀ. ਦੀ ਪਾਲਿਸੀ ਅਨੁਸਾਰ ਵੰਡਿਆ ਜਾ ਰਿਹਾ ਹੈ।

ਉਪਰੋਕਤ ਨੂੰ ਮੁੱਖ ਰਖਦੇ ਹੋਏ ਹੋਰ ਕੋਈ ਕਾਰਵਾਈ ਦੀ ਲੋੜ ਨਹੀਂ।

ਵੈਦ ਓਮ ਪ੍ਰਕਾਸ਼ ਦੱਤਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਵਿਚ ਕਿਹਾ ਹੈ ਕਿ ਹੋਰ ਕੋਈ ਕਾਰਵਾਈ ਦੀ ਲੋੜ ਨਹੀਂ। ਕਾਪਰ, ਟਿੱਨ, ਲੈਦਰ ਦਾ ਜਲੰਧਰ ਵਿਚ ਬਹੁਤ ਕੰਮ ਹੈ ਔਰ ਉਥੇ ਇਸ ਦਾ ਕਰੋੜਾਂ ਰੁਪਏ ਦਾ ਬਿਜ਼ਨੈਸ ਹੈ। ਕੀ ਸਰਕਾਰ ਐਮ.ਐਮ. ਟੀ. ਸੀ. ਦਾ ਦਫਤਰ ਜਲੰਧਰ ਖੋਲ੍ਹਣ ਲਈ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਇਹ ਐਮ.ਐਮ.ਟੀ.ਸੀ. ਸੈਂਟਰਲ ਗੌਰਮਿਟ ਦੀ ਹੈ। ਇਹ ਜਿੰਨਾ ਵੀ ਕੈਮੀਕਲ ਮੈਟੀਰੀਅਲ ਹੈ ਇਹ ਗੌਰਮਿੰਟ ਆਫ ਇੰਡੀਆ ਆਪਣੀ ਇਸ ਕਾਰਪੋਰੇਸ਼ਨ ਦੇ ਰਾਹੀਂ ਵੱਖ ਵੱਖ ਇੰਡਸਟਰੀਜ਼ ਨੂੰ ਇੰਪੋਰਟ ਕਰਦੀ ਹੈ। ਇਸ ਦਾ ਦਫਤਰ ਲੁਧਿਆਣੇ ਵਿਚ ਹੈ ਜੇਕਰ ਮੈਂਬਰ ਸਾਹਿਬ ਜ਼ਰੂਰਤ ਸਮਝਦੇ ਹਨ ਤਾਂ ਇਹ ਦਫਤਰ ਜਲੰਧਰ ਖੋਲ੍ਹਣ ਲਈ ਅਸੀਂ ਗੌਰਮਿੰਟ ਆਫ ਇੰਡੀਆ ਨੂੰ ਚਿੱਠੀ ਲਿਖ ਦੇਵਾਂਗੇ।

ਵੈਦ ਓਮ ਪ੍ਰਕਾਸ਼ ਦੱਤਾ : ਮਿਹਰਬਾਨੀ ਜੀ ।

Scarce Supply of P.V.C. Leather etc. to the Sports Industry

***735. Vaid Om Parkash Datta:** Will the Minister for Finance be pleased to state whether the Government is aware of the failure of Punjab Sports Industry to compete with its counterpart of Pakistan in International Sports Goods market due to scarce and undependable supply of Imported P.V.C. leather cloth and P.U. coated leather; if so, the remedial measures which are proposed to be taken in the matter ?

ਸਰਦਾਰ ਬਲਵੰਤ ਸਿੰਘ : (ੳ) ਸਰਕਾਰ ਇਸ ਸਮਸਿਆ ਤੋਂ ਜਾਣੂ ਹੈ। ਭਾਰਤ ਸਰਕਾਰ ਦੀ ਆਯਾਤ ਨੀਤੀ ਅਤੇ ਬਹੁਤ ਅਧਿਕ ਆਯਾਤ ਡਿਊਟੀ ਕਰਕੇ ਪੀ.ਵੀ.ਸੀ. ਲੈਦਰ ਕਲਾਥ ਅਤੇ ਪੀ.ਯੂ. ਕੋਟਿਡ ਲੈਦਰ ਖੇਡਾਂ ਦਾ ਸਮਾਨ ਬਣਾਕੇ ਉਦਯੋਗ ਨੂੰ ਬਹੁਤ ਹੀ ਮਹਿੰਗਾ ਪੈਂਦਾ ਹੈ। ਦੇਸ਼ ਵਿਚ ਬਣੇ ਪੀ.ਵੀ.ਸੀ. ਲੈਦਰ ਕਲਾਥ ਅਤੇ ਪੀ.ਯੂ. ਕੋਟਿਡ ਲੈਦਰ ਤੋਂ ਬਣੀਆਂ ਵਸਤੂਆਂ ਅੰਤਰਰਾਸ਼ਟਰੀ ਸਟੈਂਡਰਡ ਮੁਤਾਬਿਕ ਨਹੀਂ ਹੁੰਦੀਆਂ।

ਭਾਰਤ ਸਰਕਾਰ ਦੁਆਰਾ ਖੇਡਾਂ ਦੇ ਸਮਾਨ ਬਣਾਉਣ ਵਾਲੇ ਉਦਯੋਗ ਦੀਆਂ ਕਿੱਲਤਾਂ ਨੂੰ ਦੂਰ ਕਰਨ ਲਈ ਇਕ ਵਰਕਿੰਗ ਗਰੁੱਪ ਸਥਾਪਤ ਕੀਤਾ ਹੈ ।

ਵੇਦ ਓਮ ਪ੍ਰਕਾਸ਼ ਦੱਤਾ : ਸਪੀਕਰ ਸਾਹਿਬ, ਜਲੰਧਰ ਵਿਚ ਲੈਦਰ ਦਾ ਕੰਮ ਬਹੁਤ ਹੈ ਅਤੇ ਉਥੇ ਸਪੋਰਟ ਦਾ ਸਾਮਾਨ ਐਕਸਪੋਰਟ ਹੁੰਦਾ ਹੈ। ਇਸ ਨੂੰ ਵਧਾਉਣ ਲਈ ਕੀ ਸਰਕਾਰ ਉਥੇ ਇਕ ਪਪੋਰਟ ਕਮਪਲੈਕਸ ਜਲੰਧਰ ਵਿਚ ਬਣਾਉਣ ਲਈ ਤਿਆਰ ਹੈ ਤਾਕਿ ਉਥੋਂ ਦੀ ਜ਼ਰੂਰਤ ਪੂਰੀ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਠੀਕ ਹੈ ਕਿ ਜਲੰਧਰ ਸਪੋਰਟਸ ਇੰਡਸਟਰੀ ਦਾ ਘਰ ਹੈ ਔਰ ਉਥੇ ਸਪੋਰਟਸ ਦਾ ਕੰਮ ਬਹੁਤ ਵੱਧ ਰਿਹਾ ਹੈ ਔਰ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਇੰਟਰਨੈਸ਼ਨਲ ਮਾਰਕਿਟ ਵਿਚ ਪਹੁੰਚਣ ਲਈ ਅਸੀਂ ਸਪੋਰਟ ਇੰਡਸਟਰੀ ਦੇ ਡੀਜ਼ਾਈਨ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ ਅਤੇ ਇਸ ਨੂੰ ਮੌਡਰਨਾਈਜ਼ ਕਰਨ ਦੀ ਵੀ ਲੋੜ ਹੈ। ਇਸ ਸਬੰਧੀ ਅਸੀਂ ਇਕ ਕਮੇਟੀ ਬਣਾਈ ਹੈ ਜਿਹੜੀ ਇਸ ਸਾਰੇ ਮਾਮਲੇ ਤੇ ਗੌਰ ਕਰੇਗੀ।

Hiring of the Aeroplane of the Government of Haryana

***711. Sardar Balwinder Singh Bhunder** : Will the Minister of State for Transport be pleased to state—

(a) whether the Government hired the Aeroplane of the Haryana Government or the Helicopter of the Government of India during the period from October, 1985 to February, 1987 ;

(b) if the reply to part (a) above be in the affirmative, the number of times and the names of the persons who used the said Helicopter/Aeroplane together with the amount of the hire charges paid/or to be paid by the Government for said purpose?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : (ੳ) ਹਾਂ ਜੀ ।

(ਅ) ਸੂਚਨਾ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ । ਹੁਣ ਤਕ 1,51,167.70 ਰੁਪਏ ਦੇ ਬਿਲ ਪ੍ਰਾਪਤ ਹੋਏ ਹਨ ਜਿਨ੍ਹਾਂ ਦੀ ਅਦਾਇਗੀ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ ।

ਹਰਿਆਣਾ ਸਰਕਾਰ ਦੇ ਹਵਾਈ ਜਹਾਜ਼/ਭਾਰਤ ਸਰਕਾਰ ਦੇ ਹੈਲੀਕਾਪਟਰ ਨੂੰ ਵਰਤੋਂ ਵਿੱਚ ਲਿਆਉਣ ਵਾਲੇ ਵਿਅਕਤੀਆਂ ਸਬੰਧੀ ਸੂਚਨਾ।

1. ਰਾਜਪਾਲ, ਪੰਜਾਬ ...	(ਏ)	ਹਰਿਆਣਾ ਸਰਕਾਰ ਦਾ ਹਵਾਈ ਜਹਾਜ਼	9 ਵਾਰ
	(ਬੀ)	ਹੈਲੀਕਾਪਟਰ ...	8 ਵਾਰ
2. ਮੁੱਖ ਮੰਤਰੀ, ਪੰਜਾਬ	(ਏ)	ਹਰਿਆਣਾ ਸਰਕਾਰ ਦਾ ਹਵਾਈ ਜਹਾਜ਼	2 ਵਾਰ
	(ਬੀ)	ਹੈਲੀਕਾਪਟਰ ...	2 ਵਾਰ
3. ਵਿੱਤ ਮੰਤਰੀ, ਪੰਜਾਬ	(ਏ)	ਹਰਿਆਣਾ ਸਰਕਾਰ ਦਾ ਹਵਾਈ ਜਹਾਜ਼	2 ਵਾਰ
	(ਬੀ)	ਹੈਲੀਕਾਪਟਰ ...	ਨਿੱਲ

[ਮੁੱਖ ਮੰਤਰੀ]

4. ਡਾਇਰੈਕਟਰ ਜਨਰਲ ਪੁਲਿਸ (ਏ) ਹਰਿਆਣਾ ਸਰਕਾਰ ਦਾ ਹਵਾਈ ਜਹਾਜ਼ ਨਿੱਲ

(ਬੀ) ਹੈਲੀਕਾਪਟਰ .. 4 ਵਾਰ

ਭਾਰਤ ਸਰਕਾਰ ਨੇ ਡਾਇਰੈਕਟਰ ਜਨਰਲ ਪੁਲਿਸ ਨੂੰ ਪੁਲਿਸ ਕਾਰਵਾਈ ਲਈ ਦੋ ਮਹੀਨੇ ਲਈ ਦੋ ਹੈਲੀਕਾਪਟਰ ਵਾਧੂ ਤੌਰ ਤੇ ਦਿੱਤੇ ।

5. ਸ੍ਰੀ ਸੋਭਾ ਸਿੰਘ ਭਾਰਤੀ ਹਵਾਈ ਸੈਨਾ ਦਾ ਹੈਲੀਕਾਪਟਰ ਸਵਰਗਵਾਸੀ ਸ੍ਰੀ ਸੋਭਾ ਸਿੰਘ ਨੂੰ ਪਾਲਮਪੁਰ ਡਾਕਟਰੀ ਸਹਾਇਤਾ ਪਹੁੰਚਾਉਣ ਅਤੇ ਪੀ.ਜੀ.ਆਈ. ਚੰਡੀਗੜ੍ਹ ਇਲਾਜ ਲਈ ਲਿਆਉਣ ਲਈ ਵਰਤਿਆ ਗਿਆ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਜਿਸ ਵੇਲੇ ਚੀਫ ਮਨਿਸਟਰ ਸਾਹਿਬ ਅਤੇ ਗਵਰਨਰ ਸਾਹਿਬ ਪੰਜਾਬ ਸਰਕਾਰ ਦੇ ਜਹਾਜ਼ ਵਿਚ ਸਫਰ ਕਰ ਰਹੇ ਹੋਣ, ਤਾਂ ਇਹ ਗੱਲ ਮੰਨੀ ਜਾ ਸਕਦੀ ਸੀ ਕਿ ਹਰਿਆਣੇ ਦੀ ਸਰਕਾਰ ਦਾ ਜਹਾਜ਼ ਲਿਆ ਗਿਆ ਪਰ ਜਦੋਂ ਕੇਵਲ ਚੀਫ ਮਨਿਸਟਰ ਸਾਹਿਬ ਨੇ ਸਫਰ ਕਰਨਾ ਹੋਵੇ ਅਤੇ ਉਹ ਆਪਣਾ ਜਹਾਜ਼ ਛੱਡ ਕੇ ਹਰਿਆਣੇ ਦੀ ਸਰਕਾਰ ਦਾ ਜਹਾਜ਼ ਲੈਣ ਤਾਂ ਇਸ ਦੇ ਨਾਲ ਪੰਜਾਬ ਸਰਕਾਰ ਦੇ ਖਜ਼ਾਨੇ ਉਤੇ ਬੋਝ ਪੈਂਦਾ ਹੈ ਜਦ ਕਿ ਪੰਜਾਬ ਸਰਕਾਰ ਦਾ ਜਹਾਜ਼ ਅਵੇਲੇਬਲ ਹੋਵੇ । ਇਸ ਤਰ੍ਹਾਂ ਕਿਉਂ ਕੀਤਾ ਗਿਆ ?

ਮੁੱਖ ਮੰਤਰੀ: ਸਪੀਕਰ ਸਾਹਿਬ, ਜਹਾਜ਼ ਵਿਚ ਅਗਰ ਛੋਟੀ ਮੋਟੀ ਖਰਾਬੀ ਵੀ ਹੋਵੇ ਤਾਂ ਉਸ ਨੂੰ ਉਡਾਇਆ ਨਹੀਂ ਜਾ ਸਕਦਾ ਹੈ ਔਰ ਕਈ ਵਾਰ ਇਸ ਤਰ੍ਹਾਂ ਹੁੰਦਾ ਵੀ ਹੈ ਕਿ ਜਹਾਜ਼ ਖੜ੍ਹਾ ਹੁੰਦਾ ਹੈ ਪਰ ਲਿਜਾਇਆ ਨਹੀਂ ਜਾ ਸਕਦਾ, ਜਿਸ ਕਰਕੇ ਅਸੀਂ ਗਵਾਂਢੀ ਸਟੇਟ ਤੋਂ ਜਹਾਜ ਲਿਆ ਸੀ ਅਤੇ ਉਹ ਵੀ ਕਈ ਵਾਰ ਸਾਡੇ ਕੋਲੋਂ ਜਹਾਜ ਲੈ ਜਾਂਦੇ ਹਨ ਇਹ ਰੈਸੀਪਰੋਕਲ ਹੈ। ਇਹ ਕੋਈ ਖਾਸ ਦਿਨ, ਤਾਰੀਖ, ਮਹੀਨਾ, ਸਾਲ ਦੱਸਣ, ਮੈਂ ਇਨ੍ਹਾਂ ਨੂੰ ਜਵਾਬ ਦੇ ਦੇਵਾਂਗਾ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਕੀ ਇਹ ਗੱਲ ਸੱਚੀ ਹੈ ਕਿ ਜਿਸ ਦਿਨ ਚੀਫ ਮਨਿਸਟਰ ਸਾਹਿਬ ਨੇ ਹਰਿਆਣਾ ਸਰਕਾਰ ਦਾ ਜਹਾਜ਼ ਇਸਤੇਮਾਲ ਕੀਤਾ ਸੀ, ਉਸ ਦਿਨ ਪੰਜਾਬ ਸਰਕਾਰ ਦੇ ਜਹਾਜ਼ ਨੂੰ ਇਕ ਪ੍ਰਾਈਵੇਟ ਆਦਮੀ ਨੇ ਇਸਤੇਮਾਲ ਕੀਤਾ ਸੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਕੋਈ ਤਾਰੀਖ, ਮਹੀਨਾ ਅਤੇ ਸਾਲ ਦੱਸ ਦੇਣ, ਮੈਂ ਇਨ੍ਹਾਂ ਨੂੰ ਦੱਸ ਦੇਵਾਂਗਾ। ਇਹ ਜਵਾਬ ਲੈਣਾ ਚਾਹੁੰਦੇ ਹਨ ਤਾਂ ਗੱਲ ਕਲੀਅਰ ਕਰਨ। ਇਸ ਤਰ੍ਹਾਂ ਜਵਾਬ ਕਿਸ ਤਰ੍ਹਾਂ ਦਿਤਾ ਜਾ ਸਕਦਾ ਹੈ।

Water logging along the Mukerian Hydel Channel

***658. Shri Romesh Chander Dogra :** Will the Chief Minister be pleased to state—

(a) whether it is a fact that the area alongwith the Mukerian Hydel Channel is under the grip of water logging ;

(b) If the reply to part (a) above be in the affirmative, the steps being taken or proposed to be taken to remove the said logging;

(c) whether any compensation has been paid to the affected peopl if so, the details thereof ?

ਸਰਦਾਰ ਬਲਦੇਵ ਸਿੰਘ ਮਾਨ (ਰਾਜ ਮੰਤਰੀ, ਖੁਰਾਕ ਤੇ ਸਪਲਾਈ) : (ੳ) ਹਾਂ ਜੀ, ਮੁਕੇਰੀਆਂ ਹਾਈਡਲ ਚੈਨਲ ਵਿੱਚ ਬੁਰਜੀ 3200 ਤੋਂ 5400 ਤਕ 2200 ਮੀਟਰ ਲੰਮੀ ਜ਼ਿਆਦਾ ਭਰਾਈ ਵਾਲੀ ਰੀਚ ਵਿਚ ਸੇਮ ਆਈ ਹੈ । ਪਰ ਇਸ ਨਾਲ ਕਿਸੀ ਦੀ ਪ੍ਰਾਈਵੇਟ ਜ਼ਮੀਨ ਤੇ ਅਸਰ ਨਹੀਂ ਪੈਂਦਾ।

(ਅ) ਸੇਮ ਨੂੰ ਦੂਰ ਕਰਨ ਲਈ ਨਹਿਰ ਦੇ ਕਿਨਾਰੇ ਦੇ ਨਾਲ ਨਾਲ ਇੱਕ ਖਾਲਾ ਬਣਾਇਆ ਗਿਆ ਹੈ ।

(ੲ) ਨਹੀਂ ਜੀ ।

ਸ਼੍ਰੀ ਰਮੇਸ਼ ਚੰਦਰ ਡੋਗਰਾ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਵਿਚ ਮੰਨਿਆ ਹੈ ਕਿ ਵਾਟਰ ਲੌਗਿੰਗ ਹੋਈ ਹੈ ਔਰ ਕਿਸੇ ਪ੍ਰਾਈਵੇਟ ਲੈਂਡ ਨੂੰ ਕੋਈ ਨੁਕਸਾਨ ਨਹੀਂ ਹੋਇਆ। ਮੈਂ ਮੰਤਰੀ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਵਾਟਰ ਲੌਗਿੰਗ ਹੋਈ ਹੈ ਔਰ ਪ੍ਰਾਈਵੇਟ ਲੈਂਡ ਨੂੰ ਨੁਕਸਾਨ ਵੀ ਹੋਇਆ ਹੈ । ਇਹ ਕਹਿੰਦੇ ਹਨ ਕਿ ਨੁਕਸਾਨ ਨਹੀਂ ਹੋਇਆ, ਇਹ ਕਿਸ ਤਰ੍ਹਾਂ ਹੋ ਸਕਦਾ ਹੈ ? ਰਸਤੇ ਵਿਚ ਮਕਾਨ ਹਨ 200 ਮੀਟਰ ਤੇ, 400 ਮੀਟਰ ਤੇ, ਅੱਧਾ ਕਿਲੋਮੀਟਰ ਤੇ ਅਤੇ 1 ਕਿਲੋਮੀਟਰ ਤੇ ਵੀ ਮਕਾਨ ਹਨ। 3-3 ਫੁਟ ਪਾਣੀ ਹੈ। ਉਥੇ ਪ੍ਰਾਈਵੇਟ ਲੈਂਡ ਦਾ ਵੀ ਨੁਕਸਾਨ ਹੋਇਆ ਹੈ। ਵਾਟਰ ਲੌਗਿੰਗ ਵੀ ਹੋਈ ਹੈ । ਸਪੀਕਰ ਸਾਹਿਬ, ਜਾਂ ਤਾਂ ਅਸੀਂ ਗਲਤ ਹਾਂ ਔਰ ਜਾਂ ਮਨਿਸਟਰ ਸਾਹਿਬ ਗਲਤ ਹਨ । ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਸ ਸਬੰਧ ਵਿਚ ਹਾਈ ਆਫੀਸ਼ਿਅਲਜ਼ ਵਲੋਂ ਇਨਕੁਆਇਰੀ ਕਰਵਾ ਲੈਣ ਤਾਂ ਉਨ੍ਹਾਂ ਨੂੰ ਪਤਾ ਲਗ ਜਾਵੇਗਾ ਕਿ ਚੱਕ ਪੰਡਾਇਣ, ਚਕ ਮੀਰਪੁਰ, ਚੰਗੜਵਾਂ ਅਤੇ ਆਦਮਪੁਰ ਮੌਦੀਆਂ ਪਿੰਡਾਂ ਦਾ ਨੁਕਸਾਨ ਹੋਇਆ ਹੈ।

ਰਾਜ ਮੰਤਰੀ, ਖੁਰਾਕ ਤੇ ਸਪਲਾਈ): ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਬੜਾ ਸਪੱਸ਼ਟ ਸੀ ਔਰ ਠੀਕ ਉੱਤਰ ਦਿੱਤਾ ਗਿਆ ਹੈ । ਸਪੀਕਰ ਸਾਹਿਬ, ਉਥੇ ਨਾਲ ਲਗਦੀ ਜ਼ਮੀਨ ਨਹਿਰੀ ਵਿਭਾਗ ਦੀ ਸੀ ਔਰ ਪਾਣੀ ਉਥੋਂ ਕਢਵਾ ਦਿਤਾ ਗਿਆ ਹੈ । ਪ੍ਰਾਈਵੇਟ ਲੈਂਡ ਨੂੰ ਉਥੇ ਕੋਈ ਨੁਕਸਾਨ ਨਹੀਂ ਹੋਇਆ। ਸਪੀਕਰ ਸਾਹਿਬ, ਪਿੰਡਾਂ ਦੇ ਨਾਂ ਲਿਖਕੇ ਭੇਜ ਦੇਣ ਤਾਂ ਪੜਤਾਲ ਕਰਾ ਦੇਵਾਂਗੇ।

ਡਾਕਟਰ ਕੇਵਲ ਕ੍ਰਿਸ਼ਨ : ਮੈਂ ਵੀ ਉਸ ਹਲਕੇ ਦੇ ਨਾਲ ਸਬੰਧ ਰਖਦਾ ਹਾਂ। ਮੁਕੇਰੀਆਂ ਹਾਈਡਲ ਚੈਨਲ ਵਿਚ ਨੁਕਸਾਨ ਹੋਇਆ ਹੈ ਔਰ ਇਹ ਗੱਲ ਵਜ਼ੀਰ ਸਾਹਿਬ ਨੇ ਮੰਨੀ ਹੈ ਕਿ ਸੇਮ ਹੋਈ ਹੈ ਔਰ ਕਿਹਾ ਹੈ ਕਿ ਪ੍ਰਾਈਵੇਟ ਲੈਂਡ ਤੇ ਵੀ ਕੋਈ ਅਸਰ ਨਹੀਂ ਹੋਇਆ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਸੇਮ ਨਾਲ ਪ੍ਰਾਈਵੇਟ ਲੈਂਡ ਦਾ ਨੁਕਸਾਨ ਹੋਇਆ ਹੈ । ਕੀ ਮੰਤਰੀ ਜੀ ਇਸ ਸਬੰਧੀ ਇਨਵੈਸਟੀਗੇਸ਼ਨ ਅਫਸਰਾਂ ਵਲੋਂ ਕਰਾਉਣਗੇ ਕਿ ਪ੍ਰਾਈਵੇਟ ਲੈਂਡ ਦਾ ਨੁਕਸਾਨ ਹੋਇਆ ਹੈ, ਜਾਂ ਨਹੀਂ । ਨੰਬਰ 2 ਕਿ ਇਸ ਨਾਲ ਜਿਸ ਦਾ ਨੁਕਸਾਨ ਹੋਇਆ ਹੈ ਕੀ ਸਰਕਾਰ ਉਨ੍ਹਾਂ ਨੂੰ ਕੰਪੈਨਸੇਸ਼ਨ ਦੇਣ ਦਾ ਪ੍ਰਬੰਧ ਕਰੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਡਿਪਟੀ ਕਮਿਸ਼ਨਰ, ਹੁਸ਼ਿਆਰਪੁਰ ਤੋਂ ਰਿਪੋਰਟ ਮੰਗਵਾਈ ਗਈ ਸੀ। ਉਨ੍ਹਾਂ ਨੇ ਰਿਪੋਰਟ ਵਿਚ ਲਿਖਿਆ ਹੈ ਕਿ ਸੇਮ ਨਾਲ ਪ੍ਰਾਈਵੇਟ ਬੰਦਿਆਂ ਦਾ ਕੋਈ ਨੁਕਸਾਨ ਨੋਟਿਸ ਵਿਚ ਨਹੀਂ ਆਇਆ । ਜੇਕਰ ਪ੍ਰਾਈਵੇਟ ਜ਼ਮੀਨ ਤੇ ਸੇਮ ਆਈ ਹੈ ਤਾਂ ਮੈਂਬਰ ਸਾਹਿਬ ਲਿਖਕੇ ਭੇਜ ਦੇਣ ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਮੁਕਤਸਰ ਪੰਜਾਬ ਦਾ ਇਕ ਇਤਿਹਾਸਕ ਸਥਾਨ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਿਲਡਿੰਗ ਕੋਲ 2-2 ਫੁੱਟ ਪਾਣੀ ਆ ਗਿਆ। ਕਈ ਦਫਾ ਪਾਣੀ ਜ਼ਿਆਦਾ ਇਕੱਠਾ ਹੋ ਜਾਂਦਾ ਹੈ। ਕਈ ਮਕਾਨਾਂ ਵਿਚ 10-10 ਫੁੱਟ ਪਾਣੀ ਚਲਾ ਗਿਆ। ਕੀ ਮਨਿਸਟਰ ਸਾਹਿਬ, ਜਲਦੀ ਤੋਂ ਜਲਦੀ ਪਾਣੀ ਨੂੰ ਰੋਕਣ ਦਾ ਯਤਨ ਕਰਨਗੇ ? ਸਪੀਕਰ ਸਾਹਿਬ, ਉਥੇ ਮਕਾਨ ਬਣਾਉਣ ਦੀ ਵੀ ਮਨਾਹੀ ਕੀਤੀ ਗਈ ਹੈ।

ਰਾਜ ਮੰਤਰੀ: ਸਪੀਕਰ ਸਾਹਿਬ, ਵੈਸੇ ਇਸ ਸਵਾਲ ਦਾ ਇਸ ਨਾਲ ਕੋਈ ਤੁਅੱਲਕ ਨਹੀਂ ਹੈ। ਮੁਕਤਸਰ ਵਿਚ ਵਾਟਰ ਲੌਗਿੰਗ ਕਰਨ ਸਮੇਂ ਮੁਸ਼ਕਲ ਆਈ ਹੈ। ਸਰਕਾਰ ਨੇ 7 ਕਰੋੜ ਰੁਪਏ ਦੀ ਸਕੀਮ ਚਾਲੂ ਕਰ ਦਿਤੀ ਹੈ। ਇਹ ਪੈਸਾ 31 ਮਾਰਚ, 1987 ਤਕ ਪਾਸ ਹੋ ਜਾਵੇਗਾ। 53 ਕਰੋੜ ਰੁਪਏ ਦੀ ਸਕੀਮ ਸੈਂਟਰ ਨੂੰ ਵਾਟਰ ਕਮਿਸ਼ਨ ਨੂੰ ਬਣਾ ਕੇ ਭੇਜੀ ਹੈ। ਜੇਕਰ ਇਹ ਸਕੀਮ ਦੀ ਅਪਰੂਵਲ ਨਾ ਆਈ ਤਾਂ ਸਰਕਾਰ ਆਪਣੇ ਖਰਚੇ ਵਿਚੋਂ ਵਾਟਰ ਲੌਗਿੰਗ ਦੂਰ ਕਰਵਾਏਗੀ।

ਸ੍ਰੀ ਰਮੇਸ਼ ਚੰਦਰ ਡੋਗਰਾ: ਸਪੀਕਰ ਸਾਹਿਬ, ਮੰਤਰੀ ਜੀ ਨੇ ਹਾਈਡਲ ਚੈਨਲ ਵਿਚ ਬੁਰਜੀ ਤੇ ਹੋਏ ਨੁਕਸਾਨ ਬਾਰੇ ਦਸਿਆ ਹੈ। ਜਵਾਬ ਬੜਾ ਮਿਸਲੀਡ ਕਰਨ ਵਾਲਾ ਦਿਤਾ ਗਿਆ ਹੈ। ਮੰਤਰੀ ਜੀ ਕਹਿੰਦੇ ਹਨ ਕਿ ਲਿਖ ਕੇ ਦੇ ਦੇਣ। ਮੰਤਰੀ ਜੀ ਇਸ ਗੱਲ ਨੂੰ ਸਹੀ ਮੰਨ ਲੈਣ ਔਰ ਅਫਸਰਾਂ ਕੋਲ ਇਸ ਗਲ ਦੀ ਇਨਵੈਸਟੀਗੇਸ਼ਨ ਕਰਾ ਲੈਣ ਔਰ ਲੋਕਾਂ ਦੇ ਹੋਏ ਨੁਕਸਾਨ ਬਾਰੇ ਕੰਪੈਨਸੇਸ਼ਨ ਵੀ ਦਿਤਾ ਜਾਵੇ। ਕੀ ਮੰਤਰੀ ਜੀ ਇਸ ਬਾਰੇ ਰਿਪੋਰਟ ਲੈਣ ਦਾ ਪ੍ਰਬੰਧ ਕਰਨਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਡਿਪਟੀ ਕਮਿਸ਼ਨਰ ਪਾਸੋਂ ਰਿਪੋਰਟ ਮੰਗੀ ਗਈ ਸੀ ਅਤੇ ਉਨ੍ਹਾਂ ਨੇ ਰਿਪੋਰਟ ਵਿਚ ਦਸਿਆ ਹੈ ਕਿ ਕੋਈ ਜ਼ਮੀਨ ਪ੍ਰਾਈਵੇਟ ਪਾਰਟੀ ਦੀ ਸੇਮ ਵਿਚ ਨਹੀਂ ਆਈ। ਸਰਕਾਰੀ ਜ਼ਮੀਨ ਸੇਮ ਵਿਚ ਆਈ ਹੈ। ਇਕ ਸਕੀਮ 6 ਲੱਖ ਰੁਪਏ ਦੀ ਬਣਾਈ ਗਈ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਕਹਿੰਦਾ ਹਾਂ ਕਿ ਉਹ ਲਿਖ ਕੇ ਦੇ ਦੇਣ ਪਤਾ ਲਗ ਜਾਵੇਗਾ।

ਸ੍ਰੀ ਸਪੀਕਰ: ਨੈਕਸਟ ਕੁਐਸਚਨ।

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਅਫਸਰਾਂ ਦੇ ਲਿਖੇ ਹੋਏ ਤੇ ਮਨਿਸਟਰ ਸਾਹਿਬ ਜਵਾਬ ਦੇ ਦੇਣ ਤਾਂ ਇਸ ਹਾਊਸ ਦੇ ਮੈਂਬਰਾਂ ਦੀ ਪ੍ਰੋਟੈਕਸ਼ਨ ਕੌਣ ਕਰੇਗਾ। ਇਹ ਜਵਾਬ ਮਿਸਲੀਡਿੰਗ ਹੈ। ਇਸ ਵਿਚ ਸਪਲੀਮੈਂਟਰੀ ਦਾ ਸਵਾਲ ਨਹੀਂ ਹੈ। ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਕਿੰਨੀ ਹੀ ਪ੍ਰਾਈਵੇਟ ਲੈਂਡ ਬਰਬਾਦ ਹੋ ਗਈ ਹੈ।

Mr. Speaker : He will certainly look into the matter.

Dr. Kewal Krishan: You are custodian of this House.

Sanctioned strength of Teachers in the Primary Schools in Education Block Garhshankar

*655. **Pandit Sarwan Ram Mansowalia** . Will the Chief Minister be pleased to state—

(a) the sanctioned strength of teachers in the Primary Schools in Education Block Garhshankar in District Hoshiarpur ;

(b) the number of the posts of J.B.T. Teachers out of those referred to in part (a) above transferred to other Education Block on deputation alongwith the reasons therefor ?

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) : (ੳ) ਗੜ੍ਹਸ਼ੰਕਰ-1 ਅਤੇ ਗੜ੍ਹ-ਸ਼ੰਕਰ-2 ਦੇ ਸਿੱਖਿਆ ਬਲਾਕਾਂ ਵਿਚ ਕ੍ਰਮਵਾਰ 284 ਅਤੇ 201 ਅਧਿਆਪਕਾਂ ਦੀਆਂ ਆਸਾਮੀਆਂ ਹਨ।

(ਅ) ਇਕ ਟੀਚਰ ਸਰੋਆ ਬਲਾਕ ਵਿਚ ਡੈਪੂਟੇਸ਼ਨ ਤੇ ਹੈ ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਕ ਟੀਚਰ ਇਨ੍ਹਾਂ ਨੇ ਦਸਿਆ ਹੈ ਕਿ ਡੈਪੂਟੇਸ਼ਨ ਤੇ ਹੈ। ਪਰ ਕੀ ਇਨ੍ਹਾਂ ਬਲਾਕਾਂ ਦੇ ਵਿਚੋਂ ਵਿਦ ਪੋਸਟ ਟੀਚਰਜ਼ ਜਿਹੜੇ ਚੁਕ ਲਏ ਗਏ ਹਨ, ਉਹ ਵਾਪਿਸ ਭੇਜਣਗੇ ਅਤੇ ਇਹ ਵੀ ਦੱਸਣਗੇ ਕਿ ਕਿੰਨੇ ਟੀਚਰਜ਼ ਵਿਦ ਪੋਸਟ ਭੇਜੇ ਗਏ ਹਨ ?

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਮੈਂ ਦਸਿਆ ਹੈ ਕਿ ਇਕ ਟੀਚਰ ਡੈਪੂਟੇਸ਼ਨ ਤੇ ਭੇਜਿਆ ਹੈ ਉਹ ਇਸ ਬਲਾਕ ਵਿਚੋਂ ਉਸ ਬਲਾਕ ਵਿਚ ਭੇਜਿਆ ਹੈ ਜਿਸ ਬਲਾਕ ਵਿਚ ਇਸ ਦੀ ਜ਼ਰੂਰਤ ਸੀ। ਇਨ੍ਹਾਂ ਦੇ ਬਲਾਕ ਵਿਚ 35 ਆਲਰੈਡੀ ਪੋਸਟਾਂ ਸਰਪਲੱਸ ਹਨ। ਉਸ ਬਲਾਕ ਵਿਚ 11 ਪੋਸਟਾਂ ਦੀ ਹੋਰ ਲੋੜ ਹੈ। ਅਸੀਂ ਉਸਦਾ ਡੈਪੂਟੇਸ਼ਨ ਦਾ ਪੀਰੀਅਡ ਵੀ ਖਤਮ ਕਰਕੇ ਉਸਨੂੰ ਉਥੇ ਰੈਗੂਲਰ ਐਡਜਸਟ ਕਰ ਰਹੇ ਹਾਂ। ਅਸੀਂ ਆਪਣੀ ਰੈਸ਼ਨੇਲਾਈਜੇਸ਼ਨ ਪਾਲਿਸੀ ਮੁਤਾਬਿਕ ਠੀਕ ਕਰ ਰਹੇ ਹਾਂ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਦੱਸਦਾ ਹਾਂ ਕਿ ਪਿੰਡਾਂ ਦੇ ਪ੍ਰਾਇਮਰੀ ਸਕੂਲਾਂ ਵਿਚੋਂ ਲੋਕ ਸ਼ਹਿਰਾਂ ਨੂੰ ਜਾਣਾ ਚਾਹੁੰਦੇ ਹਨ, ਪਿੰਡਾਂ ਵਿਚ ਰਹਿਣਾ ਨਹੀਂ ਚਾਹੁੰਦੇ ਅਤੇ ਇਸ ਕਰਕੇ ਮਾਸਟਰਜ਼ ਵਿਦ ਪੋਸਟ ਸ਼ਹਿਰਾਂ ਦੇ ਨੇੜੇ ਲਾ ਦਿੱਤੇ ਜਾਂਦੇ ਹਨ। ਮੇਰੇ ਹਲਕੇ ਦੇ ਕਈ ਸਕੂਲ ਖਾਲੀ ਪਏ ਹਨ ਜਿਨ੍ਹਾਂ ਵਿਚ ਟੀਚਰ ਨਹੀਂ। ਮਿਸਾਲ ਵਜੋਂ ਜੇ ਇਹ ਪੁਛਣਗੇ ਤਾਂ ਮੈਂ ਦੱਸ ਦੇਂਦਾ ਹਾਂ। ਨਸਰਾਲਾ ਪਿੰਡ ਹੈ, ਜਿਸ ਵਿੱਚ 3 ਸਕੂਲ ਹਨ। ਜਿਨ੍ਹਾਂ ਵਿਚੋਂ 2 ਸਕੂਲਾਂ ਵਿੱਚ ਪੋਸਟਾਂ ਘੱਟ ਹਨ ਅਤੇ ਇਕ ਵਿਚ ਇਕ ਵੀ ਟੀਚਰ ਨਹੀਂ ਹੈ। ਉਥੋਂ ਮਾਸਟਰ ਦੀ ਪੋਸਟ ਵਿਦ ਪੋਸਟ ਸ਼ਿਫਟ ਕਰ ਦਿੱਤੀ ਹੈ। ਕੀ ਜਿਹੜੇ ਮਾਸਟਰ ਉਥੋਂ ਵਿਦ ਪੋਸਟ ਸ਼ਿਫਟ ਕੀਤੇ ਹਨ, ਕੀ ਇਹ ਉਨ੍ਹਾਂ ਨੂੰ ਵਾਪਸ ਲਿਆਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਸਾਡੀ ਸਰਕਾਰ ਦੀ ਨੀਤੀ ਹੈ, ਰੈਸ਼ਨੇਲਾਈਜੇਸ਼ਨ ਦੀ ਪਾਲਿਸੀ ਅਨੁਸਾਰ ਜਿਥੇ ਸਕੂਲਾਂ ਵਿੱਚ ਪੋਸਟਾਂ ਜ਼ਿਆਦਾ ਹਨ, ਟੀਚਰ ਘਟ ਗਏ ਹਨ, ਉਨ੍ਹਾਂ ਥਾਵਾਂ ਤੇ ਮਈ ਵਿੱਚ ਰੈਸ਼ਨੇਲਾਈਜੇਸ਼ਨ ਦੀ ਪਾਲਿਸੀ ਮੁਤਾਬਕ ਐਡਜਸਟ ਕਰ ਰਹੇ ਹਾਂ। ਸਾਡੀ ਕੋਸ਼ਿਸ਼ ਹੈ ਕਿ ਪਿੰਡਾਂ ਵਿੱਚ ਸਾਰੀਆਂ ਥਾਵਾਂ ਤੇ ਟੀਚਰ ਲਾਏ ਜਾਣ।

ਪੰਡਿਤ ਸਰਵਣ ਰਾਮ ਮਨਸੋਵਾਲੀਆਂ : ਸਪੀਕਰ ਸਾਹਿਬ, ਮੈਂ ਪਿੰਡ ਦਾ ਨਾਂ ਲੈ ਕੇ ਦੱਸਿਆ ਹੈ। ਇਨ੍ਹਾਂ ਨੇ ਕਿਹਾ ਹੈ ਕਿ ਉਸਨੂੰ ਅਸੀਂ ਪੂਰਾ ਕਰ ਦਿਆਂਗੇ ।

ਮੰਤਰੀ : ਸਵਾਲ ਵਿਚ ਕੋਈ ਪਿੰਡ ਦਾ ਨਾਂ ਨਹੀਂ ਦਸਿਆ ਗਿਆ ਸੀ। ਜੇ ਦੱਸ ਦੇਂਦੇ ਤਾਂ ਉਸ ਬਾਰੇ ਅਸੀਂ ਵੀ ਦੱਸ ਦੇਣਾ ਸੀ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇਕ ਪ੍ਰਾਇਮਰੀ ਸਕੂਲ ਦੁੱਲਾ ਫੱਤਾ ਹੈ ਜੋ ਕਿ ਹਰਗੋਬਿੰਦ ਸ਼ਹਿਰ ਨੇੜੇ ਪੈਂਦਾ ਹੈ। ਸ਼ਹਿਰ ਹੁਸ਼ਿਆਰਪੁਰ ਵਿਚੋਂ ਉਥੇ ਕੋਈ ਮਾਸਟਰ ਜਾਣ ਵਾਸਤੇ ਤਿਆਰ ਨਹੀਂ। ਕੀ ਇਹ ਉਥੇ ਕੋਈ ਮਾਸਟਰ ਭੇਜਣਗੇ ?

ਮੰਤਰੀ : ਵੈਸੇ ਤਾਂ ਇਹ ਸਵਾਲ ਪਹਿਲੇ ਜਵਾਬ ਵਿੱਚ ਕਵਰ ਹੋ ਚੁੱਕਾ ਹੈ ਕਿ ਰੈਸ਼ਨੇਲਾਈਜੇਸ਼ਨ ਦੀ ਪਾਲਿਸੀ ਮੁਤਾਬਿਕ ਲਾਵਾਂਗੇ। ਵੈਸੇ ਵੀ ਪਿੰਡਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵੱਧ ਰਹੀ ਹੈ ਅਤੇ ਸ਼ਹਿਰਾਂ ਵਿੱਚ ਘੱਟ ਰਹੀ ਹੈ। ਉਸ ਨੂੰ ਵੀ ਮੁੱਖ ਰਖਕੇ ਕਾਰਵਾਈ ਕਰ ਰਹੇ ਹਾਂ।

ਪ੍ਰੋਫੈਸਰ ਦਰਬਾਰੀ ਲਾਲ : ਅੰਮ੍ਰਿਤਸਰ, ਗੁਰਦਾਸਪੁਰ ਔਰ ਫਿਰੋਜ਼ਪੁਰ ਬਾਰਡਰ ਡਿਸ-ਟ੍ਰਿਕਟਸ ਵਿਚ ਕਈ ਟੀਚਰਾਂ ਨੂੰ ਮਾਰ ਦਿੱਤਾ ਗਿਆ ਹੈ ਔਰ ਕਈਆਂ ਨੂੰ ਥਰੈਟਨਿੰਗ ਲੈਟਰਜ਼ ਆਏ ਹੋਏ ਹਨ। ਜਿਸ ਤਰ੍ਹਾਂ ਪਿਛਲੀ ਵਾਰੀ ਸਰਕਾਰ ਨੇ ਡਿਸਟ੍ਰਿਕਟ ਐਜੂਕੇਸ਼ਨ ਅਫਸਰਾਂ ਨੂੰ ਆਥੋਰਾਈਜ਼ ਕੀਤਾ ਸੀ ਕਿ ਅਜਿਹੇ ਟੀਚਰਾਂ ਦੀ ਟੈਂਪੋਰੇਰੀ ਐਡਜਸਟਮੈਂਟ ਕੀਤੀ ਜਾਏ ਔਰ ਬਾਅਦ ਵਿਚ ਉਹ ਖਤਮ ਕਰ ਦਿੱਤੀ ਗਈ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਡੀ. ਈ. ਓਜ਼ ਨੂੰ ਦੁਬਾਰਾ ਆਥੋਰਾਈਜ਼ ਕੀਤਾ ਜਾਏਗਾ ਜਿਹੜੇ ਟੀਚਰਜ਼ ਡਰੇ ਹੋਏ ਹਨ ਉਨ੍ਹਾਂ ਨੂੰ ਪ੍ਰਾਪਰਲੀ ਐਡਜਸਟ ਕੀਤਾ ਜਾਏ ਤਾਂਕਿ ਉਹ ਕੰਮ ਕਰ ਸਕਣ ?

ਮੰਤਰੀ : ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਐਡਹਾਕ ਰੱਖਣ ਦੀ ਬਜਾਏ ਅਸੀਂ ਇਨ੍ਹਾਂ ਨੂੰ ਪੱਕੇ ਤੌਰ ਤੇ ਰਖਣਾ ਹੈ। ਇਸ ਲਈ ਚੋਣ ਕਮੇਟੀ ਬਣਾ ਦਿੱਤੀ ਹੈ ਔਰ ਸਿਲੈਕਸ਼ਨ ਸ਼ੁਰੂ ਹੋ ਗਈ ਹੈ। ਐਡਹਾਕ ਦੀ ਬਜਾਏ ਅਸੀਂ ਪੱਕੇ ਤੌਰ ਤੇ ਰਖਣਾ ਸ਼ੁਰੂ ਕਰ ਦੇਣਾ ਹੈ, ਸਿਲੈਕਸ਼ਨ ਸ਼ੁਰੂ ਹੋ ਗਈ ਹੈ।

ਪ੍ਰੋਫੈਸਰ ਦਰਬਾਰੀ ਲਾਲ : ਮਨਿਸਟਰ ਸਾਹਿਬ ਸਮਝ ਨਹੀਂ ਸਕੇ। ਮੈਂ ਬੇਨਤੀ ਕੀਤੀ ਸੀ ਕਿ ਜਿਹੜੇ ਰੈਗੂਲਰ ਟੀਚਰਜ਼ ਹਨ ਔਰ ਜੋ ਅੰਮ੍ਰਿਤਸਰ, ਗੁਰਦਾਸਪੁਰ ਔਰ ਫਿਰੋਜ਼ਪੁਰ ਜ਼ਿਲ੍ਹਿਆਂ ਵਿਚ ਕੰਮ ਕਰਦੇ ਹਨ ਔਰ ਪਿੰਡਾਂ ਵਿਚ ਪੜ੍ਹਾਉਂਦੇ ਹਨ ਅੱਤਵਾਦ ਕਰਕੇ ਕਾਫੀਆਂ ਨੂੰ ਮਾਰ ਦਿੱਤਾ ਗਿਆ ਹੈ ਔਰ ਕਈਆਂ ਨੂੰ ਥਰੈਟਨਿੰਗ ਲੈਟਰਜ਼ ਆਏ ਹੋਏ ਹਨ। ਬਹੁਤ ਸਾਰੇ ਟੀਚਰਜ਼ ਡਰ ਗਏ ਹਨ। ਕੀ ਡੀ. ਈ. ਓਜ਼ ਨੂੰ ਆਥੋਰਾਈਜ਼ ਕਰ ਦਿੱਤਾ ਜਾਏਗਾ ਜਿਸ ਨਾਲ ਕਿ ਅਜਿਹੇ ਟੀਚਰਾਂ ਦੀ ਟੈਂਪੋਰੇਰੀ ਐਡਜਸਟਮੈਂਟ ਕਰ ਦਿੱਤੀ ਜਾਏ ਤਾਕਿ ਉਹ ਆਪਣਾ ਕੰਮ ਠੀਕ ਤਰ੍ਹਾਂ ਨਾਲ ਕਰ ਸਕਣ ? ਪਿਛਲੀ ਵਾਰੀ ਇਸ ਤਰ੍ਹਾਂ ਕਰਾਇਆ ਸੀ। ਕੀ ਵਜ਼ੀਰ ਸਾਹਿਬ ਹੁਣ ਫਿਰ ਡੀ. ਈ. ਓਜ਼ ਨੂੰ ਆਥੋਰਾਈਜ਼ ਕਰਨਗੇ ਤਾਕਿ ਜਿਹੜੇ ਟੀਚਰਜ਼ ਪਿੰਡਾਂ ਵਿਚ ਡਰੇ ਹੋਏ ਹਨ ਉਨ੍ਹਾਂ ਨੂੰ ਉਥੋਂ ਸ਼ਿਫਟ ਕਰ ਦਿੱਤਾ ਜਾਏ ?

ਮੰਤਰੀ : ਮੈਂਬਰ ਸਾਹਿਬ, ਮੇਰਾ ਜਵਾਬ ਨਹੀਂ ਸਮਝ ਸਕੇ ਮੈਂ ਇਨ੍ਹਾਂ ਦਾ ਸਵਾਲ ਸਮਝ ਲਿਆ ਸੀ। ਅਪਰੈਲ ਦੇ ਮਹੀਨੇ ਵਿਚ ਜਦੋਂ ਕਿ ਨਵਾਂ ਸੈਸ਼ਨ ਸ਼ੁਰੂ ਹੋਣਾ ਹੈ, ਖਾਲੀ ਥਾਵਾਂ ਭਰੀਆਂ ਜਾਣੀਆਂ ਹਨ ਔਰ ਇਸ ਲਈ ਚੋਣ ਕਮੇਟੀ ਬਣ ਚੁੱਕੀ ਹੈ। ਇਹ ਐਡਹਾਕ ਦੀ ਗਲ ਕਰਦੇ ਹਨ ਜਿਥੇ ਵੀ ਖਾਲੀ ਅਸਾਮੀਆਂ ਹੋਣਗੀਆਂ ਉਸ ਲਈ ਵਿਚਾਰ ਕਰ ਲਿਆ ਜਾਏਗਾ।

ਪ੍ਰੋਫੈਸਰ ਦਰਬਾਰੀ ਲਾਲ : ਇਹ ਮੇਰਾ ਸਵਾਲ ਨਹੀਂ ਸਮਝ ਸਕੇ (ਵਿਘਨ)

ਸ੍ਰੀ ਸਪੀਕਰ : ਨੈਕਸਟ ਕੁਐਸਚਨ।

Industrial Plots in Focal Points, Ludhiana

*729. **Shri Om Parkash Gupta** : Will the Minister for Finance be pleased to state—

(a) the number of industrial plots carved out in the Focal Point, Ludhiana;

(b) the number of plots out of these referred to in part (a) above allotted to the individuals and Government/Semi-Government Departments separately;

(c) the number of industrial units which have started working;

(d) the details of facilities/concessions granted to these units?

ਸਰਦਾਰ ਬਲਵੰਤ ਸਿੰਘ : (ੲ) ਕੁੱਲ ਕੱਟੇ ਗਏ ਪਲਾਟ 1091 ।

(ਬੀ) (1) 789 ਪਲਾਟ ਹੁਣ ਤਕ ਈਕਾਈਆਂ ਨੂੰ ਅਲਾਟ ਕੀਤੇ ਗਏ ਹਨ ।

(2) 6 ਪਲਾਟ ਸਰਕਾਰੀ/ਅੱਧ ਸਰਕਾਰੀ ਵਿਭਾਗਾਂ ਨੂੰ ਅਲਾਟ ਕੀਤੇ ਗਏ ਹਨ ।

(ਸੀ) 225 ।

(ਡੀ) ਪਲਾਟ ਹੋਲਡਰਾਂ ਨੂੰ ਉਨਤ ਪਲਾਟ ਦਿੱਤੇ ਜਾਂਦੇ ਹਨ, ਜਿਨ੍ਹਾਂ ਵਿਚ ਸੜਕਾਂ ਪਾਣੀ, ਸੀਵਰੇਜ ਅਤੇ ਸਟੋਰਮ ਵਾਟਰ ਡਰੇਨੇਜ਼ ਆਦਿ ਦਾ ਪ੍ਰਬੰਧ ਹੁੰਦਾ ਹੈ ।

ਹੇਠ ਦੱਸੀਆਂ ਸਹੂਲਤਾਂ ਇਨ੍ਹਾਂ ਇਕਾਈਆਂ ਨੂੰ ਦਿੱਤੀਆਂ ਜਾਂਦੀਆਂ ਹਨ :—

(1) ਵਿਆਜ਼ ਮੁਕਤ ਕਰਜ਼ਾ ।

(2) 25 ਪ੍ਰਤੀਸ਼ਤ ਸਬਸਿਡੀ ਆਨ ਇਲੈਕਟਰੀਸਿਟੀ ਟੈਰਿਫ ।

(3) ਚੂੰਗੀ ਦੀ ਵਾਪਸੀ ।

(4) ਭੌਂ ਉਪਦਾਨ ।

(5) ਬਿਜਲੀ ਦੀ ਡਿਊਟੀ ਤੇ ਛੋਟ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਐਫ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ 1091 ਪਲਾਟ ਉਥੇ ਕਾਰਵ ਆਊਟ ਹੋਏ ਹਨ ਮਗਰ ਅਲਾਟ 789 ਹੋਏ ਹਨ । ਮਤਲਬ ਤਕਰੀਬਨ 300 ਪਲਾਟ ਅਨ-ਅਲਾਟਿਡ ਪਏ ਹਨ । ਇੰਡਸਟਰੀਅਲ ਯੂਨਿਟਸ ਲਈ 225 ਚਲੇ ਹਨ 789 ਵਿਚੋਂ ਬਾਕੀ ਉਸੇ ਤਰ੍ਹਾਂ ਹੀ ਜ਼ਮੀਨਾਂ ਪਈਆਂ ਹਨ । ਕੀ ਇਹ ਦੱਸਣਗੇ ਕਿ ਕੀ ਵਜ੍ਹਾ ਹੈ ਕਿ ਇਸ ਦੀ ਐਨੀ ਲੋ ਸਪੀਡ ਹੈ ਜਦੋਂ ਕਿ ਇਹ ਕਹਿੰਦੇ ਹਨ ਕਿ ਇੰਡਸਰੀ ਦੀ ਇਥੇ ਬਹੁਤ ਡਿਮਾਂਡ ਹੈ ਔਰ ਇੰਡਸਟਰੀ ਇਥੇ ਬਹੁਤ ਚਲ ਰਹੀ ਹੈ । ਇਹ ਬਾਕੀ ਰਹਿੰਦੀਆਂ ਜ਼ਮੀਨਾਂ ਦੀ ਅਲਾਟਮੈਂਟ ਕਿਉਂ ਨਹੀਂ ਹੋਈ ਔਰ ਚਾਲੂ ਥੋੜ੍ਹੀਆਂ ਕਿਉਂ ਹੋਈਆਂ ਹਨ ?

ਮੰਤਰੀ: ਅਲਾਟਮੈਂਟ 789 ਪਲਾਟਾਂ ਦੀ ਹੋ ਚੁੱਕੀ ਹੈ। ਇਹ ਗਲ ਠੀਕ ਹੈ ਕਿ 789 ਵਿਚੋਂ 225 ਯੂਨਿਟਸ ਹੀ ਪਰੋਡਕਸ਼ਨ ਤੇ ਆਏ ਹਨ ਔਰ ਬਹੁਤ ਸਾਰੇ ਪਲਾਟਸ ਖਾਲੀ ਪਏ ਹਨ। ਬਹੁਤ ਸਾਰੇ ਪਲਾਟਸ ਪਰਾਪਰਟੀ ਡੀਲਰਜ਼ ਨੇ ਜੋ ਕਿ ਰੀਅਲ ਖਰੀਦਣ ਵਾਲੇ ਨਹੀਂ ਸਨ ਉਨ੍ਹਾਂ ਨੇ ਖਰੀਦ ਲਏ। ਅਸੀਂ ਇਸ ਵਿਚ ਤਬਦੀਲੀ ਲਿਆਂਦੀ ਹੈ ਅੱਗੇ ਨੂੰ ਜਿਹੜੇ ਅਸਲੀ ਲੈਣਾ ਚਾਹੁੰਦੇ ਹਨ ਉਨ੍ਹਾਂ ਨੂੰ ਹੀ ਪਲਾਟਸ ਦਿੱਤੇ ਜਾਣਗੇ। ਜਿਨ੍ਹਾਂ ਨੇ ਕੰਮ ਸ਼ੁਰੂ ਨਹੀਂ ਕੀਤਾ ਔਰ ਵਾਧੂ ਪਲਾਟਸ ਲੈ ਲਏ ਹਨ ਉਨ੍ਹਾਂ ਨੂੰ ਨੋਟਿਸ ਦਿੱਤੇ ਜਾ ਰਹੇ ਹਨ ਔਰ ਉਨ੍ਹਾਂ ਤੋਂ ਪਲਾਟਸ ਵਾਪਸ ਲੈ ਲਏ ਜਾਣਗੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਇਨ੍ਹਾਂ ਨੇ 'ਡੀ' ਫਾਰਮ ਵਿਚ ਕਿਹਾ ਹੈ the following incentives are granted to the units.

ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ 25% ਸਬਸਿਡੀ ਉਨ੍ਹਾਂ ਨੇ ਕੀਤੀ ਹੈ—25% subsidy on electricity tariff ; refund of octroi, land subsidy and exemption from payment of the electricity duty.

ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿੰਨੀਆਂ ਫਰਮਾਂ ਨੂੰ ਅੱਜ ਤਕ ਇਨ੍ਹਾਂ ਨੇ ਇਨਸੈਂਟਿਵ ਦੇ ਦਿੱਤਾ ਹੈ? ਇਹੀ ਵਜਾਹ ਹੈ ਕਿ ਜਦ ਤੱਕ ਇਨਸੈਂਟਿਵ ਪੂਰਾ ਨਹੀਂ ਕੀਤਾ ਜਾਂਦਾ, ਡੀਵੈਲਪਮੈਂਟ ਸਲੋ ਹੁੰਦੀ ਹੈ। ਕੀ ਇਹ ਦੱਸਣਗੇ ਕਿ ਇਸ ਉਤੇ ਅੱਤਵਾਦ ਅਤੇ ਵੱਖਵਾਦ ਦਾ ਅਸਰ ਤਾਂ ਨਹੀਂ ਹੈ ?

ਮੰਤਰੀ: ਅੱਤਵਾਦ ਅਤੇ ਵੱਖਵਾਦ ਦਾ ਕੋਈ ਅਸਰ ਨਹੀਂ ਕਿਉਂਕਿ ਪਿਛਲੇ ਸਾਲ ਪੰਜਾਬ ਵਿਚ 700 ਕਰੋੜ ਰੁਪਏ ਦੀ ਐਨੂਅਲ ਪਲਾਨ ਸੀ। ਇਸ ਲਈ ਇਸ ਉਤੇ ਅੱਤਵਾਦ ਅਤੇ ਵੱਖਵਾਦ ਦਾ ਕੋਈ ਅਸਰ ਨਹੀਂ। ਸਾਡੀ ਟਰੇਡ ਵਧੀ ਹੈ। ਸਾਡਾ ਸੇਲਜ਼ ਟੈਕਸ 18% ਪਿਛਲੇ ਸਾਲ ਨਾਲੋਂ ਵੱਧ ਹੋਇਆ ਹੈ। ਸੇਲਜ਼ ਟੈਕਸ ਵਿਚ ਪਿਛਲੇ ਸਾਲ ਵਿਚ 40-50 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਹ ਦੱਸਦਾ ਹੈ ਕਿ ਅੱਤਵਾਦ ਅਤੇ ਵੱਖਵਾਦ ਦਾ ਕੋਈ ਅਸਰ ਨਹੀਂ। ਟਰੇਡ ਇੰਡਸਟਰੀ ਤੇ ਇਸ ਦਾ ਕੋਈ ਅਸਰ ਨਹੀਂ ਪਿਆ। ਜਿਥੋਂ ਤੱਕ ਗੁਪਤਾ ਜੀ ਦੇ ਸਵਾਲ ਦਾ ਸਬੰਧ ਹੈ, ਉਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਇੰਟਰੈਸਟ ਫਰੀ ਲੋਨ 90.80 ਲੱਖ ਦੇ ਦਿੱਤੇ ਹਨ। 25% ਸਬਸਿਡੀ ਬਿਜਲੀ ਤੇ ਦਿੱਤੀ ਹੈ। 14.44 ਲੱਖ ਰੁਪਏ ਰੀਫੰਡ ਆਫ ਆਕਟਰਾਏ ਹੈ। ਫਿਰ ਲੈਂਡ ਸਬਸਿਡੀ 12.93 ਲੱਖ ਦਿੱਤੀ ਹੈ। ਔਰ ਐਗਜ਼ੰਪਸ਼ਨ ਫਰਾਮ ਪੇਮੈਂਟ ਆਫ ਇਲੈਕਟ੍ਰਿਸਿਟੀ ਡਿਊਟੀ 11 ਯੂਨਿਟਸ ਨੂੰ ਦਿੱਤੀ ਹੈ। ਐਨਾ ਕੁਝ ਕੀਤਾ ਹੈ। ਇਹ ਠੀਕ ਹੈ ਕਿ ਕੁਝ ਫੇਕ ਇੰਟਰਪਰੈਨਿਉਰਜ਼ ਨੇ ਅਲਾਟ ਕਰਵਾ ਲਏ।

Mr. Speaker: Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha(Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Industrial Projects cleared by the State Project Approval Committee

***662. Doctor Kewal Krishan:** Will the Minister for Finance be pleased to state—

(a) the names of the Industrial Projects cleared by the State Project Approval Committee during the period from 1st October 1985 to date, along with the proposed cost of each project and the place of its installation;

(b) the names of such industries which have since gone into production?

ਸਰਦਾਰ ਬਲਵੰਤ ਸਿੰਘ : (ੳ) ਇੱਕ ਸੂਚੀ ਜਿਸ ਵਿੱਚ 31 ਉਦਯੋਗਿਕ ਪ੍ਰੋਜੈਕਟਾਂ ਦੇ ਨਾਂ ਹਨ, ਜਿਨ੍ਹਾਂ ਨੂੰ ਪ੍ਰੋਜੈਕਟ ਅਪਰੂਵਲ ਬੋਰਡ ਨੇ 1 ਅਕਤੂਬਰ, 1985 ਤੋਂ ਅੱਜ ਤੱਕ ਪਰਵਾਨ ਕੀਤਾ ਹੈ, ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ, ਜਿਸ ਵਿੱਚ ਹਰ ਪ੍ਰੋਜੈਕਟ ਬਾਰੇ ਅਨੁਮਾਨਤ ਖਰਚਾ ਅਤੇ ਲਗਾਉਣ ਦੀ ਜਗ੍ਹਾਂ ਵੀ ਦਰਸਾਈ ਗਈ ਹੈ ।

(ਅ) ਇਨ੍ਹਾਂ ਵਿਚੋਂ ਕੋਈ ਵੀ ਪ੍ਰੋਜੈਕਟ ਅਜੇ ਤੱਕ ਉਤਪਾਦਨ ਵਿੱਚ ਨਹੀਂ ਆਇਆ ।

ANNEXURE

Industrial Projects cleared by the State Project Approval Board during the period 1st October, 1985 to-date (28th February, 1987)

Punjab State Industrial Development Corporation

Sr. No.	Name of the Project	Capital cost (Rs. lacs)	Location
1	Telephone Cables ..	2,500·00	S. A. S. Nagar (Ropar)
2	Furfural ..	5,100·00	Dhuri (Sangrur)
3	1,200 spindles woollen/shoddy spinning mill	200·00	Distt. Amritsar
4	1,200 spindles woollen/shoddy spinning mill	200·00	Distt. Amritsar
5	1,200 spindles woollen/shoddy spinning mill	200·00	Distt. Amritsar
6	1,200 spindles woollen/shoddy spinning mill	200·00	Distt. Amritsar
7	1,200 spindles woollen/shoddy spinning mill	200·00	Distt. Amritsar
8	1,200 spindles woollen/shoddy spinning mill	200·00	Distt. Ludhiana
9	Piston Assembly ..	625·00	Distt. Amritsar
10	Automobiles Radiators ..	120·00	Distt. Ropar
11	Acrylic Fibre ..	8,000·00	Distt. Sangrur
12	Non-Woven Fabrics ..	600·00	Distt. Sangrur
13	Paper Moulding ..	450·00	Dera Bassi (Patiala)
14	Acetic Acid ..	450·00	Distt. Gurdaspur
15	Phenyl Glycine & its derivatives ..	1,500·00	Distt. Sangrur
16	Tungsten Wires & Filament ..	450·00	Distt. Sangrur
17	Polyster Filament Yarn ..	8,500·00	Any Industrially declared backward Distt.

[ਵਿੱਤ ਮੰਤਰੀ]

Sr. No.	Name of the Project	Capital Cost (Rs. lacs)	Location
18	Computer peripheria ..	700·00	S. A. S. Nagar (Ropar)
19	Cold Rolled Formed Sections/Profiles	385·00	Distt. Sangrur
20	Open End Spinning Mill ..	325·00	Distt. Sangrur
21	Distilled Dry Grains & Industrial Alcohal from wheat	650·00	Distt. Sangrur
22	Coil Springs ..	800·00	Distt. Amritsar
23	Ammonium Nitrate ..	325·00	Dera Bassi (Patiala)
	Punjab State Electronics Development and Production Corporation		
24	Magnetic Tapes for Computer Video and Audio	1,200.00	Rail Majra Distt. Ropar
25	V.C.R. ..	1,770.00	S.A.S. Nagar
26	Gamma Camera, Linear Accelerator, Simulator for Radiation Therapy & High Power X-Rays, X-Rays up to 1000 MA	325.00	S.A.S. Nagar
27	Micro Wave Ovens ..	250·00	S. A. S. Nagar
28	Colour T. V. Sets ..	150	S. A. S. Nagar
29	Mini Computer/Microprocessor Based systems	600·00	S. A.S. Nagar
30	Cordless Telephone Sets ..	145·00	S. A. S. Nagar
	Punjab State Leather Dev. Corporation		
31	Tannery ..	142·00	Distt. Sangrur

Sanctioned Strength of Masters in Secondary Schools in Garhshankar Block (II)

***656 Pandit Sarwan Ram Mansowalia.** Will the Chief Minister be pleased to state—

(a) whether the sanction strength of masters in the Schools in Garshankar Block-II, District Hoshiarpur is according to the norms fixed by the Government ;

(b) if the reply to part (a) above be in the negative, whether there is any proposal to sanction posts in accordance with the said norms ; if so, when?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਹਾਂ ਜੀ ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

Students in the Government Girls High School, Sur Singh (District Amritsar)

*666. **Sardar Kirpal Singh.:** Will the Chief Minister be pleased to state—

(a) the number of students in the Government Girls High School, Sur Singh, Tehsil Patti, District Amritsar;

(b) the number of sanctioned posts of teachers there together with the number of teachers working there, at present;

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) 316 ।

(ਅ) 14 ਸਾਰੀਆਂ ਆਸਾਮੀਆਂ ਭਰੀਆਂ ਹੋਈਆਂ ਹਨ ।

Extremists

*663 **Doctor Kewal Krishan :** Will the Chief Minister be pleased to state:—

(a) whether it is a fact that several extremists/terrorists involved in criminal/violent activities in the State have been identified and categorised under A,B and C categories since 1st October, 1985;

(b) if the reply to part (a) above be in the affirmative, the number and name of such persons ;

(c) the names of persons, out of those referred to in part (a) above who have been arrested or killed in encounters up to-date?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਮੰਗੀ ਸੂਚਨਾ ਵਿਚ ਸੁਰੱਖਿਆ ਸਬੰਧੀ ਗੰਭੀਰ ਉਲਝਣਾਂ ਹਨ ਅਤੇ ਇਹ ਸੂਚਨਾ ਸਦਨ ਵਿਚ ਦਸਣਾ ਲੋਕ ਹਿਤ ਵਿਚ ਨਹੀਂ ਹੋਵੇਗਾ ।

UNSTARRED QUESIONS AND ANSWERS

Post of Examiner, Local Fund Accounts

88. **Sardar Balwinder Singh Bhunder :** will the Minister for Finance be pleased to state :—

(a) the date on which the post of Examiner, Local Fund Accounts fell Vacant ;

(b) whether the said post has since been filled up, if not, the reasons therefor ?

Sardar Balwant Singh : (a) Ist November, 1986, current charge of the post has been entrusted to the Controller, Internal Audit Organisation (Revenue),

(b) No, as representations claiming promotion to the post and matters connected therewith are under consideration.

Guidelines for Giving Grants to Panchayats for Development Works

89. Shri Ram Kishan Kataria: Will the Minister of State for Rural Development and Panchayats be pleased to state—

(a) the guidelines laid down for giving grants to the Panchayats for development works ;

(b) the Blockwise number of the villages which have been given such grants alongwith the amount thereof during the period from Ist January, 1986 todate ?

ਸਰਦਾਰ ਬਲਦੇਵ ਸਿੰਘ ਖਿਆਲਾ : (ੳ) ਪੰਚਾਇਤਾਂ ਨੂੰ ਵਿਕਾਸ ਦੇ ਕੰਮਾਂ ਲਈ ਗਰਾਂਟ ਦੇਣ ਸਬੰਧੀ ਵੱਖ ਵੱਖ ਸਕੀਮਾਂ ਅਧੀਨ ਉਲੀਕੇ ਹੋਏ ਪੱਥ-ਦਰਸ਼ਕ ਅਨੁਲਗ-I ਵਿੱਚ ਦਿੱਤੇ ਜਾਂਦੇ ਹਨ ।

(ਅ) ਬਲਾਕ-ਵਾਰ ਪਿੰਡਾਂ ਦੀ ਗਿਣਤੀ ਜਿਨ੍ਹਾਂ ਨੂੰ ਮਿਤੀ 1 ਜਨਵਰੀ, 1986 ਤੋਂ ਮਿਤੀ ਅੰਤ ਤੱਕ ਅਜਿਹੀ ਗਰਾਂਟ ਦਿੱਤੀ ਜਾ ਚੁੱਕੀ ਹੈ ਦਾ ਵੇਰਵਾ ਅਨੁਲਗ-II ਵਿੱਚ ਦਿਤਾ ਹੋਇਆ ਹੈ ।

ANNEXURE-I

GUIDELINES

CD—3.3 : Pavement of Streets and Construction of Drains.

The programme "Pavement of Streets and Const. of Drains" was initiated during 1973-74 on a modest scale as a part of drive for the improvement of village sanitation. During the Sixth Five Year Plan, the pace of implementation of this programme was accelerated in a big way and funds under N.R.E.P. were also tagged with this scheme.

A District Selection Committee under the Chairmanship of Deputy Commissioner of the respective District was formed to select the villages. District Development and Panchayat Officers, Block Development and Panchayat Officers, Executive Engineers, Sub-Divisional Officer (P.R.) and M.L.A./Member of Parliament of the area are also members of the said Committee. The following criteria has been laid down to give grants under the scheme.

1.	Panchayats which are capable of making their 25% contribution	25%
2.	Panchayats which are partially capable and are able to contribute only 13% of the grant as Panchayat share	25%
3.	Villages which are incapable of making any cash contribution being poor	25%
4.	Reserve. To accommodate 25% the recommendation of Chief Minister/Minister and other high up, public representatives	25%

The amount of grant is drawn by the Executive Officer Panchayat Samiti and released to the Panchayats concerned in instalments as and when required by them for immediate expenditure.

CD—3.4 : Construction of Panchayat Ghars/Community Halls.

Under this scheme Panchayat Ghars/Community Centres are provided to villages. Apart from holding meetings, this common place can also be utilised to serve as an information centre for dissemination of knowledge on various developmental activities being implemented at village, block or district level. Land for the construction of Panchayat Ghar is arranged by the concerned Panchayats themselves. In case of expenditure on construction exceeds Rs. 25,000 the excess amount is to be met by the Panchayats out of their own resources to complete the project.

CD—3.5 : Matching grants to Panchayats.

Matching grants to Panchayats for Development works aim at overall rural development through community involvement and by tapping local resources in order to induce panchayats to undertake development works on their own. The State Government offer matching contribution in terms of money. Under this scheme the amount of grant is placed at the disposal of Deputy Commissioners which is released to the Panchayats by them after the announcement of grant is made by the Chief Minister/Ministers.

CD—3.6 : Grant-in-aid to Zila Parishad/Panchayat Samities or Integrated Development of Villages of Historical/Religious importance.

This scheme was introduced in the year 1979-80 with a view to make alround development of villages of Historical/Religious Importance. The grant is released to the Panchayat Samiti concerned for carrying out development works in the villages selected under this scheme.

RURAL LANDLESS EMPLOYMENT GUARANTEE PROGRAMME

A committee at the district level under the Chairmanship of Additional Deputy Commissioner (Development) consisting of Sub-Divisional Officer (P.R.) (Headquarter), Block Development and Panchayat Officer concerned and District Development and

[Minister of State for Rural Development and Panchayats]

Panchayat Officers as Secretary of the Committee may be convened at the earliest possible. Tentative Physical Targets for each District keeping the block as a unit have been worked out but it will be open to the Additional Deputy Commissioner (Dev.), District Development and Panchayat Officer concerned to make adjustments within the District and it should also be ensured that all the block-wise covered. Some of the essential features which have to be kept in mind for this programme :—

(a) For making recommendation for the Development of Fish Ponds, detailed estimates alongwith sketch plans may be got prepared from the appropriate competent authority.

(b) In respect of reclamation of Kallar/Banjar Panchayats lands, District Agriculture Officer/Officers of the Land Development Reclamation Corporation may be consulted and per acre cost estimate may be got prepared.

(c) Flood Control/Anti-water logging works-Xen, of the Drainage Department may be associated and a detailed estimates for each work may be got prepared.

(d) Indra Awas Yojna (Construction of Rural Houses for Scheduled Castes/ Scheduled Tribes/Freed Bonded Labourers)—AD.C. (Dev.) may select one or two villages per block for construction of houses. Selection of beneficiaries may be made in accordance with the guidelines already issued. However, he will be at liberty to make changes within the District in consultation with the members of the Committee. Cluster Construction should be preferred.

(e) Construction of Rural Sanitary Latrines for Scheduled Castes and for other Common Places—Rs. 1,000 for each Latrine in the houses of the Scheduled Castes and for other common places has been earmarked. Construction may be/will be undertaken by the beneficiaries themselves under the technical guidance of Junior Engineer of the block, District Development and Panchayat Officer will be incharge at the block level. You may select 2-3 new blocks which have not yet been covered.

(f) This year i.e. (1986-87) to 400 Primary School Buildings will be constructed where the schools have been sanctioned but there is no building or the building is in delapidated condition or children take classes in the open. While making recommendations 4 such villages from each. Deputy Commissioners in the State with the request block may be selected/recommended in consultation with the District Education Officer.

(g) Construction/renovation of field Channels to maximise the utilisation of potential created by existing irrigation projetcs. The renovation of important community works such as field channels on private lands which are part of a project to improve the productivity of an area, can be undertaken. However, only these blocks of land would be permitted to be taken up under the programme where more than 50% of the landholders are small and marginal farmers and they own not less than 25% of the land in the block. The total number of farmers covered by any such works will not be less than 18. No recovery of the cost of the land development will be made from the small and marginal farmers.

ANNEXURE—II

Blockwise No. of villages which have been given grants alongwith the amount during the period from 1st January, 1986 to-date.

Serial No.	District	Block	CD-3·3 Pavement of Streets and Const.		CD-3·4 Const. of Panchayat Ghars		CD-3·5 Matching grant		CD-3·6 Grant-in-aid to Zila Parishad/ Panchayat Samati for villages of Historical and religious importance		RLEGP Rural Landless Employment Guarantee Programme	
			No. of villages	Amount	No. of villages	Amount	No. of villages	Amount	No. of villages	Amount	No. of villages	Amount
1	2	3	4	4(a)	5	5(a)	6	6(a)	7	7(a)	8	8(a)
		DISTRICT AMRITSAR										
1.	Amritsar	1. Ajnala	26	11,63,000	2	50,000	Separate Statement attached		..	..	Separate Statement attached	
		2. Bhikhiwind	27	12,13,000	..	..			..	..		
		3. Chogawan	21	9,50,000	1	25,000			..	..		
		4. Chohla Sahib	22	10,06,500	..	..			..	..		
		5. Gandiwind	25	11,06,500	..	..			1	25,000		
		6. Jandiala	28	13,00,500	1	25,000			..	..		
		7. Khadoor Sahib	31	13,69,000	1	25,000			..	..		

[Minister of State for Rural Development and Panchayats]

1	2	3	4	4(a)	5	5(a)	6	6(a)	7	7(a)	8	8(a)
		8. Majitha	22	9,87,500	: :	: :			: :	: :		
		9. Patti	22	10,50,000	2	50,000			: :	: :		
		10. Naushehra Pannuan	28	11,65,000	1	25,000			: :	: :		
		11. Rayya	18	8,75,200	1	25,000			: :	: :		
		12. Tarn Taran	30	12,62,500	1	25,000			: :	: :		
		13. Tarsikka	25	11,24,000	1	25,000			: :	: :		
		14. Valtoha	23	10,87,500	2	50,000			: :	: :		
		15. Verka	24	11,37,500	1	25,000			: :	: :		
2.	Bhatinda	1. Bathinda	23	9,50,000	1	25,000			: :	: :		
		2. Budhlada	36	16,50,000	: :	: :			2	1,00,000		
		3. Jhunir	40	19,00,000	1	25,000			2	50,000		
		4. Mansa	75	35,75,000	1	25,000			: :	: :		
		5. Nathana	14	7,00,000	: :	: :			: :	: :		
		6. Phul	35	14,50,000	1	25,000			: :	: :		
		7. Rampura	47	22,00,000	1	25,000			: :	: :		
		8. Sangat	16	8,00,000	1	25,000			: :	: :		
		9. Talwandi Sabo	40	20,00,000	3	75,000			4	3,00,000		
3.	Faridkot	1. Bagha Purana	42	15,06,500	1	25,000			: :	: :		

		2.	Faridkot	32	15,81,500	1	25,000	..	..
		3.	Gidderbaha	31	13,13,333	1	25,000	..	..
		4.	Kot Kapura	26	11,94,000	1	25,000	..	..
		5.	Lambi	30	13,50,000	..	..	..	..
		6.	Malout	24	10,06,500	1	25,000	..	..
		7.	Moga-I	27	11,81,500	1	25,000	..	..
		8.	Moga-II	33	14,44,000	1	25,000	..	..
		9.	Mukatsar	27	13,31,500	..	..	..	..
		10.	NihalSinghWala	41	16,88,000	1	25,000	..	..
4.	Ferozepur	1.	Abohar	23	10,06,500	2	50,000	..	..
		2.	Dharamkot	31	10,56,300	1	25,000	..	..
		3.	Fazilka	27	11,94,000	2	50,000	..	..
		4.	Ferozepur	30	13,19,000	1	25,000	..	..
		5.	Ghall Khurd	29	13,19,000	2	50,000	..	..
		6.	Guru-har-Sahai	29	13,06,500	..	..	..	..
		7.	Jalalabad	25	11,19,100	1	25,000	..	..
		8.	Khuian Sarwar	28	12,06,500	1	25,000	..	..
		9.	Zira	42	16,63,000	1	25,000	..	..
5.	Gurdaspur	1.	Bamial	6	3,00,000	..	..	..	..
		2.	Batala	21	9,50,000	..	..	..	..

[Ministery of State for Rural Development and Panchayats]

1	2	3	4	4(a)	5	5(a)	6	6(a)	7	7(a)	8	8(a)
		3. Dera Baba Nanak	24	11,02,340	..	..			..	..		
		4. Dina Nagar	26	11,34,000	1	25,000			..	..		
		5. Dharkalan	15	7,00,000	1	25,000			..	..		
		6. Dhariwal	32	14,00,500	2	50,000			..	..		
		7. Fatehgarh Churian	27	11,63,000	..	..			..	..		
		8. Gurdaspur	29	13,99,800	1	25,000			..	..		
		9. Kahnuwan	29	13,37,500	1	25,000			..	..		
		10. Kalanaur	24	10,56,500	1	25,000			..	..		
		11. Narot Jaimal Singh	22	9,47,500	1	25,000			..	..		
		12. Pathankot	28	11,54,355	1	25,000			..	..		
		13. Shri Hargobindpur	26	10,96,100	2	50,000			1	50,000		
6.	Hoshiarpur	1. Balachaur	21	9,44,000	1	25,000			..	..		
		2. Bhunga	25	11,02,800	..	..			2	75,000		
		3. Dasuya	33	12,46,554	..	..			..	..		16
		4. Garhshanker	25	11,06,500	1	25,000			..	..		
		5. Hoshiarpur-I	27	22,69,500	2	50,000			..	..		
		6. Hoshiarpur-II	23	9,70,428	..	..			..	..		
		7. Mahilpur	26	11,25,000	2	50,000			1	50,000		

		8. Mukerian	17	7,77,500	1	25,000	..	..
		9. Saroya	21	9,19,000	2	50,000	..	..
		10. Talwara	19	9,00,000	2	50,000	1	5,000
		11. Tanda	31	12,44,000	1	25,000	1	25,000
7.	Jalandhar	1. Adampur	21	9,37,500	..	..	1	50,000
		2. Aur	26	12,49,000	1	25,000	..	..
		3. Banga	22	9,80,000	..	..	..	..
		4. Bhogpur	21	9,55,300	1	25,000	2	75,000
		5. Jalandhar (East)	22	9,87,500	2	50,000	..	..
		6. Jalandhar (West)	21	8,71,500	1	25,000	..	..
		7. Nakodar	31	12,43,000	1	25,000	..	..
		8. Nawan Shahr	22	10,69,100	1	25,000	..	..
		9. Nurmahal	23	9,87,500	1	25,000	..	..
		10. Phillaur	21	8,52,600	1	25,000	..	..
		11. Rurka Kalan	29	13,86,500	..	..	..	..
		12. Shahkot	54	24,51,500	1	25,000	..	..
8.	Kapurthala	1. Kapurthala	17	9,94,000	1	25,000	..	..
		2. Nadala	31	11,17,000	2	50,000	..	..
		3. Phagwara	17	8,87,500	1	25,000	..	..
		4. Sultanpur Lodhi	18	9,93,000	1	25,000	..	..

[Ministery of State for Rural Development and Panchayats]

1	3	4	4(a)	5	5(a)	6	6(a)	7	7(a)	8	8(a)
9. Ludhiana	1. Dehlon	23	10,19,000	2	50,000			..	..		
	2. Doraha	24	10,56,500	1	25,000			..	..		
	3. Jagraon	25	13,00,000	..	..			1	50,000		
	4. Ludhiana-1	31	12,00,000	..	..			..	..		
	5. Ludhiana-2	34	17,19,000	1	25,000			..	..		
	6. Machhiwara	26	21,53,348	1	25,000			..	..		
	7. Pakhowa	21	9,25,000	1	25,000			..	..		
	8. Samrala	24	15,56,500	1	25,000			..	..		
	9. Sidhwan bet	33	14,94,000	1	25,000			1	50,000		
	10. Sudhar	27	22,87,500	1	25,000			..	..		
10. Patiala	1. Bassi Pathana	26	12,21,000	2	50,000			..	..		
	2. Bhunerheri	29	12,56,500	..	..			3	7,000		
	3. Dera Bassi	28	13,31,500	1	25,000			..	..		
	4. Ghanour	33	14,69,000	..	..			..	..		
	5. Nabha	34	15,13,000	1	25,000			..	..		
	6. Patiala	20	9,50,500	1	25,000			..	..		
	7. Rajpura	47	20,06,500	3	75,000			4	98,000		
	8. Samana	37	17,44,000	4	1,00,000			..	..		
	9. Sirhind	32	14,81,500	1	25,000			..	..		

11.	Ropar	1. Anandpur Sahib	20	8,50,000	1	25,000	..	..
		2. Chamkaur Sahib	24	10,87,000	2	50,000	..	..
		3. Kharar	20	8,50,000	2	50,000	..	..
		4. Majri	22	9,18,700	1	25,000	..	..
		5. Nurpurbedi	24	10,44,200	1	25,000	..	..
		6. Ropar	18	8,00,000	2	50,000	..	..
12.	Sangrur	1. Ahmedgarh	26	12,50,000	..		..	..
		2. Barnala	47	22,38,000	..	..	..	..
		3. Bhiwanigarh	27	12,59,000	1	25,000	1	50,000
		4. Dhuri	28	11,75,200	..	..	1	50,000
		5. Lehragaga	33	15,31,500	5	1,25,000	1	50,000
		6. Malerkotla	34	15,25,000	1	25,000	..	..
		7. Mahal Kalan	45	20,37,500	..	..	..	..
		8. Sangrur	30	14,13,000	2	50,000	..	..
		9. Sehna	31	14,75,000	..	..	..	..
		10. Sunam	33	13,75,000	..	..	..	..

[Minister of State for Rural Development and Panchayats]

PLAN SCHEME CD—3·5 MATCHING GRANT

STATEMENT

S.No.	Name of District		Amount of grant (in lacs)	Remarks
1	2		3	4
1.	Amritsar	..	7·12	The allocation of funds is made to the Deputy Commissioners and the grant is released by them to Panchayats on Matching contribution basis for Dev. works after the announcement is made by the Chief Minister/Ministers. The information reg. no. of panchayats/Blockwise benefitted by this scheme for the period from 1st January, 1986 to-date is yet to be received from the Deputy Commissioners
2.	Bhatinda	..	4·13	
3.	Faridkot	..	4·58	
4.	Ferozepur	..	4·52	
5.	Gurdaspur	..	6·49	
6.	Hoshiarpur	..	5·69	
7.	Jalandhar	..	5·86	
8.	Kapurthala	..	2·06	
9.	Ludhiana	..	4·85	
10.	Patiala	..	4·74	
11.	Ropar	..	3·11	
12.	Sangrur	..	5·10	

R. L. E. G. P.

ARBORICULTURE

Name of the Block		No. of Villages covered	Cash	Wheat in Rs.	Total
1		2	3	4	5
1. AMRITSAR					
1. Verka	..	20	89,386	23,835	1,13,221·00
2. Rayya	..	6	33,994	9,060	43,054·00
3. Majitha	..	3	37,167	9,915	47,882·00
4. Tarsikka	..	4	35,405	9,435	44,840·00
5. Tarn Taran	..	30	84,070	22,425	1,06,495·00
6. Nashera Pannuan	..	15	31,851	8,505	40,356·00
7. Chola Sahib	..	5	97,345	25,965	1,23,310·00

1		2	2	4	5
8. Khadoor Sahib	..	5	70,795·00	18,885·00	89,680·00
9. Gandi Wind	..	3	23,811·00	6,135·00	29,146·00
10. Patti	..	12	60,178	160,50	76,228
11. Valtoha	..	13	1,30,988	34,920	1,65,908
12. Bhikiwind	..	7	44,260	11,790	56,050
13. Ajnala	..	2	17,718	4,718	22,420
14. Chogawan	..	5	67,256	11,940	79,196
15. Jandiala	..	16	65,494	17,460	82,954
2. BHATINDA					
1. Bhatinda	..	3	69,735	18,600	88,335
2. Phool	..	2	65,495	17,460	82,955
3. Nathana	..	2	14,515	3,878	18,385
4. Rampura	..	2	31,330	8,355	39,685
5. Talwandi Sabo	..	2	27,435	7,320	34,755
6. Sangat	..	3	71,515	19,065	90,580
7. Mansa	..	7	1,09,385	29,175	1,38,560
8. Jhunir	..	8	2,08,860	55,695	2,64,555
9. Budhlada	..	6	1,53,905	40,040	1,94,965
3. FARIDKOT					
1. Faridkot	..	3	49,561	13,215	62,776
2. Kot Kapura	..	8	35,405	9,435	44,840
3. Nihalsinghwala	..	5	28,327	7,545	35,872
4. Moga-I	..	2	43,364	11,565	54,929
5. Moga II	..	6	63,717	16,995	80,712
6. Muktsar	..	9	23,898	59,715	83,613
7. Lambi	..	2	53,100	74,160	49,260
8. Bagha Purana	..	11	92,044	24,540	1,16,584
9. Kot Bhai at Giddarbaha		1	18,627	2,835	13,462
4. FEROZEPUR					
1. Ferozepur	..	7	62,307	11,620	78,927
2. Ghall Khurd	..	7	84,610	22,500	1,07,170
3. Guruharsahai	..	2	65,140	17,370	82,510
4. Zira	..	7	58,060	15,480	73,540

[Minister of State for Rural Development and Panchayats]

1	2	3	4	5
5. Kot Ise Khan ..	5	63,720	16,995	80,715
6. Jallalabad ..	5	63,720	16,995	80,715
7. Fazilka ..	8	50,980	13,590	64,570
8. Khuian Sarwar ..	4	59,480	22,605	82,085
5. GURDASPUR				
1. Kalanaur ..	3	1,06,200	28,320	1,34,520
2. Pathankot ..	8	70,795	18,885	89,680
3. Dera Baba Nanak ..	10	1,06,200	28,320	1,34,520
4. Siri Har Gobindpur ..	2	70,795	18,885	89,680
5. Dhar Kalan ..	6	91,955	16,515	78,470
6. F.G. Churian ..	1	44,260	11,790	56,050
7. Dina Nangar ..	5	1,23,985	33,045	1,56,940
8. Gurdaspur ..	11	1,15,055	30,675	1,45,730
9. Kahnuwan ..	3	53,180	14,115	49,215
10. N.J. Singh ..	2	17,695	4,725	22,420
6. HOSHIARPUR				
1. Hoshiarpur ..	2	53,985	14,400	68,389
2. Hoshiarpur II ..	2	53,100	14,160	67,260
3. Mahilpur ..	1	64,605	17,235	81,840
4. Garhshankar ..	2	1,38,590	36,960	1,75,550
5. Balachaur ..	6	76,110	20,295	96,405
6. Saroya ..	5	88,505	23,595	1,12,100
7. Dasuya ..	4	37,170	9,915	47,085
8. Mukerian ..	7	54,795	14,610	79,485
9. Talwara ..	1	62,835	16,755	89,590
7. JULLUNDUR				
1. Jullundur East ..	6	23,010	6,135	19,145
2. Bhogpur ..	7	40,356	10,755	51,111
3. Adampur ..	13	88,500	23,610	1,12,110
4. Nakodar ..	7	1,15,055	30,675	1,45,740
5. Shahkot ..	10	1,11,335	29,685	1,41,020
6. Nawanshahar ..	6	1,08,502	28,935	1,37,437

1	2		3	4	5	6
7.	Aur	..	4	33,610	970	426
8.	Nurmahal	..	1	17,700	4,725	22,425
	8. DISTRICT KAPURTHALA					
1.	Kapurthala	..	6	61,955	16,315	78,470
2.	Nadala	..	3	26,910	7,170	34,080
3.	Sultanpur	..	14	73,815	19,680	93,495
4.	Phagwara	..	6	88,500	23,610	1,12,110
	9. DISTRICT LUDHIANA					
1.	Ludhiana I	..	4	38,940	10,380	49,320
2.	Ludhiana II	..	10	96,465	25,725	1,22,190
3.	Pakhowal	..	2	25,670	6,840	32,510
4.	Doraha	..	4	21,595	8,760	30,355
5.	Jagraon	..	5	61,955	16,515	78,470
6.	Sudhar	..	2	38,940	10,380	49,320
7.	Samrala	..	7	1,09,740	29,265	1,39,005
8.	Machhiwara	..	10	1,32,750	35,400	1,68,150
9.	Sidhwan Bet	..	3	66,900	17,850	84,750
	10. DISTRICT PATIALA					
1.	Patiala	..	2	35,390	9,450	44,840
2.	Bhunerheri	..	9	79,650	21,240	1,00,890
3.	Samana	..	5	88,510	23,595	1,12,105
4.	Nabha	..	3	44,250	11,805	56,055
5.	Sirhind	..	16	53,100	14,160	67,260
6.	Bassi Pathana	..	3	17,700	4,725	22,425
7.	Rajpura	..	8	88,510	25,595	1,12,105
8.	Ghanaur	..	1	26,550	7,080	33,630
9.	Dera Bassi	..	3	99,140	26,430	1,25,570
	11. DISTRICT ROPAR					
1.	Ropar	..	8	1,13,285	30,210	1,43,495
2.	Kharar	..	7	99,125	26,430	1,25,550
3.	Majri	..	5	77,885	20,775	98,660
4.	Anandpur Sahib	..	3	44,260	11,150	56,065
5.	Nurpurbedi	..	4	21,250	5,655	26,905

[Minister of State for Rural Development and Panchayats]

1	2	3	4	5	6
	12. DISTRITC SANGRUR				
1.	Bhawanigarh ..	5	38,949	10,380	49,329
2.	Sunam ..	10	43,548	11,610	55,158
3.	Lehragaga ..	4	44,250	11,805	56,055
4.	Malerkotla ..	5	35,400	9,450	44,850
5.	Ahmedgarh ..	2	25,490	6,795	32,285
6.	Barnala ..	2	37,170	9,915	47,085
7.	Mahalkalan ..	3	53,100	14,160	67,260
	PRIMARY SCHOOLS				
1.	DISTRICT AMRITSAR				
1.	Verka ..	2	1,16,700·00	24,399·00	1,41,099·00
2.	Rayya ..	8	4,73,864·00	60,598·50	5,34,462·50
3.	Majitha ..	5	2,97,900·00	56,798·00	3,54,698·00
4.	Tarsikka ..	11	6,85,698.00	88,798·00	7,74,496·00
5.	Tarn Taran ..	7	3,91,964·00	68,997·50	4,60,961·50
6.	Nashehra Pannwan ..	5	2,97,900·00	56,798·00	3,54,698·00
7.	Chola Sahib ..	4	2,33,400·00	48,798·00	2,82,198·00
8.	Khadoor Sahib ..	6	3,17,128·00	40,399·00	3,57,527·00
9.	Gandi Wind ..	16	8,64,248·00	1,00,997·50	9,65,245·50
10.	Patti ..	3	1,52,414·00	24,399·00	1,76,813·00
11.	Valtoha ..	9	4,11,970·00	48,798·00	4,60,768·00
12.	Bhikhiwind ..	1	35,714·00	..	35,714·00
13.	Ajnala ..	6	3,04,828·00	48,798·00	3,53,626.00
14.	Chogawan ..	10	4,77,620 00	52,598·50	5,30,218·50
15.	Jandiala ..	5	2,91,750·00	60,997·50	3,52,747·50
2.	DISTRICT BHATINDA				
1.	Phul ..	5	3,04,050·00	52,598·50	3,56,648·50
2.	Jhunir ..	6	3,62,400·00	64,798·00	4,27,198·00
3.	Nathana ..	5	3,04,050·00	52,598·50	3,56,648·50
4.	Sangat ..	2	1,29,000·00	16,000·00	1,45,000·00
5.	Mansa ..	5	3,09,150·00	44,598·50	3,53,748·50
6.	Rampura ..	6	3,67,500·00	56,798·00	4,24,298·00

1	2	3	4	5	6
7.	Budhladda ..	7	4,20,750.00	76,997·50	4,97,747·50
8.	Talwandi Sabo ..	5	2,97,900·00	56,798·00	3,54,698·00
9.	Bhathinda ..	6	3,62,400.00	64,798·00	4,27,198·00
3.	DISTRICT FARIDKOT				
1.	Faridkot ..	8	4,96,500·00	72,798·00	5,69,298·00
2.	Kot Kapura ..	4	2,45,700·00	40,399·00	2,86,099·00
3.	Muktsar ..	6	3,68,550·00	60,598·50	4,29,148·50
4.	Malout ..	6	3,62,400·00	64,798·00	4,27,198·00
5.	Gidderbaha ..	5	2,97,900·00	56,798·00	3,54,698·00
6.	Lambi ..	6	3,56,250·00	68,997·50	4,25,247·50
7.	Moga-I ..	3	1,81,200·00	32,399·00	2,13,599·00
8.	Moga-II ..	4	2,39,550·00	44,598·50	2,84,148·50
9.	Bagha Purana ..	5	3,04,050·00	52,598·50	3,56,648·50
10.	Nihal Singh Wala ..	4	2,39,550·00	44,598·50	2,84,148·50
4.	DISTRICT FEROZEPUR				
1.	Ferozepur ..	17	7,55,254·00	64,798·00	8,20,042·00
2.	Ghall Khurd ..	1	64,500·00	8,000·00	72,500·00
3.	Guru Har Sahai ..	16	7,87,448·00	61,396·50	8,88,844.50
4.	Zira ..	3	1,81,200·00	32,399·00	2,13,599·00
5.	Dharamkot at Kot Ise Khan ..	5	3,04,050·00	52,598·50	3,56,648·50
6.	Jalalabad ..	6	3,39,764·00	52,598·50	3,92,362·50
7.	Fazilka ..	4	2,23,064·00	28,199·50	2,51,263·50
8.	Khuyian Sarwar ..	6	3,68,550·00	60,598·50	4,29,148·50
9.	Abohar ..	3	1,98,600·00	16,000·00	2,14,600·00
5.	DISTRICT GURDASPUR				
1.	Kalanaur ..	7	3,98,114·00	64,798·00	4,62,912·00
2.	Pathankot ..	7	4,03,214·00	56,798·00	4,60,012·00
3.	Dera Baba Nanak ..	10	4,76,470·00	56,798·00	5,33,268·00
4.	Sri Hargobindpur ..	7	4,26,900·00	72,798·00	4,99,698·00
5.	Fatehgarh Churian ..	13	6,57,670·00	89,197·00	7,46,867·00
6.	Dina Nagar ..	9	4,40,756·00	56,798·00	4,97,553·00

[Minister of State for Rural Development and Panchayats]

1	2	3	4	5	6
7.	Gurdaspur ..	7	4,33,828·00	64,798·00	4,98,626·00
8.	Kahnuwan ..	6	3,62,400·00	64,798·00	4,27,198·00
9.	Narot Jaimal Singh ..	8	4,05,042·00	56,798·00	4,61,840·00
10.	Bamial ..	5	2,35,092·00	12,199·50	2,47,291.50
11.	Batala ..	5	2,97,900·00	56,798·00	3,54,698·00
12.	Dhar Kalan ..	6	3,62,400·00	64,798·00	4,27,198·00
13.	Dhariwal ..	5	2,97,900·00	56,798·00	3,54,698·00
6.	DISTRICT HOSHIARPUR				
1.	Hoshiarpur-I ..	5	3,04,050·00	52,598·50	2,84,148·50
2.	Hoshiarpur-II ..	5	2,97,900.00	56,798·00	3,54,698·00
3.	Bhunga ..	6	3,62,400·00	64,798·00	4,27,198·00
4.	Mahilpur ..	6	3,62,400·00	64,798·00	4,27,198·00
5.	Garshankar ..	7	4,20,750·00	76,997·50	4,97,747·50
6.	Balachaur ..	7	4,20,750·00	76,997·50	4,97,747·50
7.	Saroya ..	8	4,79,100·00	79,197·00	5,68,297·00
8.	Tanda ..	6	3,62,400·00	64,798·00	4,27,198.00
9.	Dasuya ..	5	3,04,050.00	52,598·50	3,56,648·50
10.	Mukerian ..	4	2,45,700·00	40,399·00	2,86,099.00
11.	Talwara ..	7	4,25,850·00	68,997·50	4 94,847. 50
7.	**District** Jalandhar				
1.	Jalandhar-East ..	11	6,85,250·00	2,60,798·00	9,46,048·00
2.	Jalandhar-West ..	7	4,26,900·00	72,798·00	4,99,698·00
3.	Bhogpur ..	10	6,14,250·00	1,00,997·50	7,15,247·50
4.	Adampur ..	3	1,75,050·00	36,598·50	2,11,648·50
5.	Phillaur ..	8	7,89,300·00	76,598·50	8,65,898·50
6.	Banga ..	4	2,39,550·00	44,598·50	2,84,148·50
7.	Aur ..	3	1,81,200·00	32,399·00	2,13,599·00
8.	Shahkot ..	12	7,37,100·00	1,21,179·00	8,58,279·00
9.	Nawan Shahar ..	4	2,44,650·00	36,598·50	2,81,248·50
10.	Nurmahal ..	2	1,16,700·00	24,399·00	1,41,099·00
11.	Rurka Kalan ..	3	1,75,050·00	36,598·50	2,11,648·50
12.	Nakodar ..	4	2,33,400·00	48,798·00	2,82,198·00

1	2	3	4	5
8. DISTRICT KAPURTHALA				
1. Nadala ..	5	3,79,800·00	48,399·00	4,28,199·00
2. Phagwara ..	3	1,81,200·00	32,399·00	2,13,599·00
3. Sultanpur Lodhi ..	7	4,20,750·00	76,997·50	4,97,747·50
4. Kapurthala ..	3	1,75,050·00	36,598·50	2,11,648·00
9. DISTRICT LUDHIANA				
1. Ludhiana-11 ..	3	1,93,500·00	24,000·00	2,17,500·00
2. Dehlon ..	2	1,29,000·00	16,000·00	1,45,000·00
3. Doraha ..	4	2,39,550·00	44,598·50	2,84,140·50
4. Jagraon ..	3	1,93,500·00	28,199·50	2,21,699·50
5. Sidhwan Bet ..	7	4,34,000·00	64,798·00	4,98,798·00
6. Sudhar ..	1	64,500·00	8,000·00	72,500·00
7. Samrala ..	7	4,20,750·00	76,997·50	4,91,747·50
8. Machhiwara ..	9	5,37,450·00	1,01,396·50	6,38,846·50
9. Ludhiana-1 ..	9	5,25,510·00	1,09,795·50	6,35,305·50
10. Pakhowal ..	2	1,16,700·00	24,399·00	1,41,099·00
10. DISTRICT PATIALA				
1. Patiala ..	6	3,73,650·00	52,598·50	4,26,248·50
2. Bhunerheri ..	5	3,04,050·00	52,598·50	3,56,648·50
3. Samana ..	5	3,04,050·00	52,598·50	3,56,648·50
4. Nabha ..	5	2,97,900·00	56,798·00	3,54,698·00
5. Rajpura ..	4	2,39,550·00	44,598·50	2,84,148·50
6. Ghanaur ..	3	1,81,200·00	32,399·00	2,13,599·00
7. Dera Bassi ..	5	3,04,050·00	52,598·50	3,56,648·50
8. Sirhind ..	6	3,62,400·00	64,798·00	4,27,198·00
9. Bassi Pathana ..	6	3,62,400·00	64,798·00	4,27,198·00
11. ROOP NAGAR				
1. Ropar ..	6	3,62,400·00	64,798·00	4,27,198·00
2. Chamkaur Sahib ..	8	4,79,100·00	89,197·00	5,08,297·00
3. Kharar ..	5	2,97,900·00	56,798·00	3,54,698·00
4. Majri ..	4	2,39,550·00	1,44,598·50	2,84,148·50
5. Anandpur Sahib ..	7	4,32,000·00	64,798·00	4,96,798·00
6. Nurpur Bedi ..	5	3,04,050·00	52,598·50	3,56,348·50

[Minister of State for Rural Development and Panchayats]

1	2	3	4	5
12. SANGRUR DISTRICT				
1. Sangrur ..	4	2,45,700·00	40,399·00	2,86,099·00
2. Sehna ..	1	64,500·00	8,000·00	72,500·00
3. Lehra Gaga ..	10	6,07,050·00	1,01,396·50	7,08,446·50
4. Bhawanigarh ..	4	2,39,550·00	44,598·50	2,84,148·50
5. Ahmedgarh ..	5	3,04,050·00	52,598·50	3,56,648·50
6. Sunam ..	6	3,56,250·00	68,997·50	4,25,247·50
7. Mahil Kalan ..	4	2,50,800·00	32,399·00	2,83,199·00
8. Barnala ..	5	3,15,300·00	40,399·00	3,55,699·00
9. Maler Kotla ..	6	3,62,400·00	64,798·00	4,27,198·00
10. Dhuri ..	5	2,97,900·00	56,798·00	3,54,698·00

Development of Fish Pond

Name of the Block	No. of village covered	Cash	Wheat	Total
1	2	3	4	5
1. DISTRICT AMRITSAR				
1. Verka ..	1	26,910	11,865	38,775
2. Tarsikka ..	2	34,677	16,280	50,900
3. Majitha ..	2	40,830	48,670	59,500
4. Tarn Taran ..	2	44,240	20,010	64,250
5. Chohla Sahib ..	1	26,230	11,595	37,825
6. Naushera Pannuan ..	1	26,230	11,595	37,825
7. Khadur Sahib ..	1	24,860	11,065	35,925
8. Gandiwind ..	1	26,230	11,595	37,825
9. Patti ..	1	27,600	12,125	39,725
10. Rayya ..	1	26,910	11,865	38,775
11. Bhikhiwind ..	1	26,230	11,595	37,825
12. Ajnala ..	1	28,280	12,395	40,675
13. Chogawan ..	1	26,230	11,595	37,825

1		2	3	4	5
2. DISTRICT BHATINDA					
1. Phul	..	5	1,02,410	46,815	1,49,225
2. Nathana	..	3	96,460	41,775	1,38,175
3. Jhunir	..	1	28,960	12,665	41,625
4. Rampur	..	1	26,230	11,595	37,825
5. Bhatinda	..	2	51,090	22,660	73,750
6. Budlada	..	3	80,740	35,585	1,16,325
7. Talwandi Sabo	..	2	54,510	23,990	78,500
8. Sangat	..	1	26,230	11,595	37,825
3. DISTRICT FARIDKOT					
1. Moga-I	..	2	49,720	22,130	71,825
2. Muktsar	..	6	1,25,220	51,080	1,82,300
3. Malout	..	3	70,980	31,795	1,02,775
4. Lambi	..	1	24,860	11,865	35,825
5. —Do—	..	3	5,42,000	3,92,000	9,34,000
6. Gidderbaha	..	2	48,170	21,530	69,700
7. Kotkapura	..	2	46,300	20,800	67,100
8. Moga-II	..	4	89,870	40,530	1,30,400
9. Faridkot-II	..	2	29,200	14,150	48,350
4. DISTRICT FEROZEPUR					
1. Ferozepur	..	2	56,200	24,650	80,850
2. Ghal Khurd	..	2	56,200	24,650	80,850
3. Guruharsahai	..	2	56,200	24,650	80,850
4. Dharamkot	..	2	56,200	24,650	80,850
5. Zira	..	2	56,200	24,650	80,850
6. Abohar	..	2	56,200	24,650	80,850
7. Khuian Sarwar	..	1	28,100	12,625	40,425
8. Fazilka	..	2	56,200	24,650	80,850
9. Jalalabad	..	2	48,170	21,530	69,700
5. DISTRICT GURDASPUR					
1. Di ar Kalan	..	2	22,400	11,450	33,850
2. Pathankot	..	2	43,550	19,700	63,250

[Minister of State for Rural Development and Panchayats]

1		2	3	4	5
3.	Pathankot ..	1	29,000	21,000	50,000
4.	Narot Jaimal Singh ..	2	66,300	43,045	1,09,425
5.	Fatehgarh Churian ..	3	1 ,55,920	64,855	2,20,775
6.	Gurdaspur ..	4	44,800	22,900	67,770
7.	Kahnuwan ..	1	44,000	18,525	62,525
8.	Dhariwal ..	4	1,66,15	88,375	2,64,525
9.	Srihargobindpur ..	3	29,200	14,550	44,775
10.	Dine Nagar ..	2	30,300	14,550	44,850
11.	Kalanaur ..	1	29,900	13,025	42,925
6.	DISTRICT HOSHIARPUR				
1.	Hoshiarpur-II ..	2	1 ,42,000	..	1,42,000
2.	Bhunga ..	2	79,000	..	79,000
3.	Mahilpur ..	2	1,11,000	..	1,11,000
4.	Garshankar ..	4	2,70,600	61,600	2,32,200
5.	Saroya ..	3	2,49,560	34,440	2,84,000
6.	Balachaur ..	4	4,04,000	..	4,04,000
7.	Mukerian ..	1	59,000	..	59,000
8.	Dasuya ..	2	1,11,000	..	1,11,000
9.	Talwara ..	1	76,000	..	76,000
10.	Hoshiarpur ..	1	52,200	37,800	90,000
7.	DISTRICT JALANDHAR				
1.	Jalandhar (East) ..	10	3,08,200	37,800	3,46,000
2.	Jalandhar (W) ..	6	1,95,000	..	1,95,000
3.	Adampur ..	16	3,56,000	..	3,56,000
4.	Shahkot ..	5	2,60,000	..	2,60,000
5.	Phillaur ..	7	3,00,000	..	3,00,000
6.	Rurka Kalan ..	7	1,85,000	..	1,85,000
7.	Nurmehal ..	8	2,56,000	..	2,56,000
8.	Nawan Shehar ..	9	1,57,000	..	1,57,000
9.	Banga ..	4	2,20,000	..	2,20,000
10.	Nakodar ..	8	2,92,000	..	2,92,000
11.	Aur ..	6	2,20,000	..	2,20,000

1		2	3	4	5
8. DISTRICT KAPURTHALA					
1. Kapurthala	..	3	83,001	..	83,001
2. Nadala	..	5	1,38,335	..	1,38,335
3. Phagwara	..	3	83,001	..	83,001
4. Sultanpur	..	1	27,663	..	27,663
9. DISTRICT LUDHIANA					
1. Jagraon	..	6	2,31,800	22,850	2,54,650
2. Ludhiana-I	..	11	3,06,800	22,850	3,29,650
3. Dehlon	..	7	1,51,800	22,850	1,74,650
4. Doraha	..	10	3,01,800	22,850	3,24,650
5. Sidhwan Bet	..	11	3,46,000	22,850	3,69,850
6. Sudhar	..	8	3,16,800	22,850	3,39,650
7. Samrala	..	9	3,56,800	22,850	3,79,650
8. Machhiwara	..	7	2,05,800	22,850	2,28,650
9. Pakhowal	..	8	1,91,800	22,850	2,14,650
10. Ludhiana-II	..	9	3,01,800	22,850	3,24,650
10. DISTRICT PATIALA					
1. Bhunerheri	..	5	2,37,500	28,425	2,65,925
2. Nabha	..	5	3,37,100	56,650	3,93,750
3. Ghanaur at Rajpura	..	3	1,47,900	20,025	1,67,925
4. Sirhind	..	5	2,48,500	49,425	2,97,925
5. Bassi Pathana	..	4	2,19,500	28,025	2,47,925
6. Patiala	..	1	69,500	28,425	97,932
7. Samana	..	4	1,59,200	67,500	2,36,700
8. Rajpura	..	2	81,400	34,450	1,15,850
9. Dera Bassi	..	1	69,500	28,425	97,925
11. DISTRICT ROPAR					
1. Ropar	..	3	39,320	19·455	58,775
2. Chamkaur Sahib	..	6	1,06,500	58,125	1,64,625
3. Kharar	..	2	44,340	21,435	67,775
4. Majri	..	4	1,40,140	60,760	2,00,900
5. Anandpur Sahib	..	2	26,680	13,170	39,850
6. Nurpur Bedi	..	3	55,680	34,170	89,850

[Minister of State for Rural Development and Panchayats]

1	2	3	4	5
12. DISTRICT SANGRUR				
1. Sangrur ..	2	52,460	23,190	75,650
2. Bhawanigarh ..	2	77,080	32,770	1,89,850
3. Sunam ..	1	11,900	6,025	17,925
4. Ahmedgarh ..	3	62,360	28,415	90,775
5. Dhuri ..	1	26,230	11,595	37,825
6. Barnala ..	1	24,860	11,865	35,925
7. Malerkotla ..	1	39,980	16,945	56,925
8. Lehragaga ..	1	44,660	18,765	63,425
. Mehal Kalan ..	6	3,03,080	26,270	3,29,350
Reclamanation of Kallar/Banjar Lands				
1. Amritsar				
1. Majitha ..	1	30,000	8,000	38,000
2. Tarn Taran ..	1	52,500	14,000	66,500
3. Ajnala ..	3	1,42,500	38,000	1,80,500
4. Chogawan ..	7	2,10,000	56,000	2,66,000
Total ..	12	4,35,000	1,16,000	5,51,000
2. Bhatinda				
1. Nathana ..	1	30,000	8,000	38,000
2. Jhunir ..	2	64,500	17,200	81,700
3. Rampura ..	1	26,000	9,600	35,600
4. Talwandi Sabo ..	2	82,500	22,000	1,04,500
5. Phul ..	3	67,500	18,000	85,500
6. Sangat ..	2	39,000	10,400	49,400
7. Bhatinda ..	3	51,000	13,600	64,600
8. Budlada ..	3	63,000	16,800	79,800
Total ..	17	4,23,500	1,15,600	5,39,100
3. Faridkot				
1. Muktsar ..	7	2,22,000	59,200	2,81,200
2. Malout ..	3	67,500	18,000	85,500
3. Lambi ..	4	85,500	22,800	1,08,300
4. Kot Bhai ..	6	78,000	20,800	98,800
5. Bhag apurana ..	2	19,500	5,200	24,700
6. Nihal Singhwala ..	2	48,000	12,800	60,800
Total ..	24	5,20,500	1,38,800	6,59,300

1	2	3	4	5	6
4.	**Ferozepur**				
1.	Ferozepur ..	3	31,500	8,400	39,900
2.	Ghal Khurd ..	1	30,000	8,000	38,000
3.	Guru Har Sahai ..	3	63,000	16,800	79,800
4.	Zira ..	1	15,000	4,000	19,000
5.	Dharamkot ..	5	79,500	21,200	1,07,000
6.	Jalalabad ..	5	72,000	19,200	91,200
7.	Fazilka ..	4	60,000	16,000	76,000
8.	Abohar ..	4	75,000	20,000	95,000
9.	Khuian Sarwar ..	1	30,000	8,000	38,000
	Total ..	27	3,00,000	80,000	3,80,000
5.	**Gurdaspur**				
1.	Kalanaur ..	1	3,00,000	80,000	3,80,000
6.	**Hoshiarpur**				
1.	Bhunga ..	1	33,000	8,800	41,800
2.	Mahilpur ..	1	15,000	4,000	19,000
3.	Balachaur ..	3	1,50,000	40,000	1,90,000
4.	Saroya ..	1	18,000	4,800	22,800
5.	Dasuya ..	3	87,000	23,200	1,10,200
6.	Mukerian ..	3	97,500	26,000	1,23,500
7.	Garhshankar ..	2	5,93,300	2,23,600	8,16,900
	Total ..	14	9,93,800	3,30,400	13,24,200
7.	**Jalandhar**				
1.	Jalandhar East ..	2	82,500	22,000	1,04,500
2.	Jalandhar West ..	2	25,500	6,800	32,300
3.	Shah Kot ..	5	1,20,000	32,000	1,52,000
4.	Phillaur ..	5	2,82,500	54,000	2,56,500
5.	Banga ..	3	1,50,000	40,000	1,90,000
	Total ..	17	5,80,500	1,54,800	7,35,300
8.	**Kapurthala**				
1.	Kapurthala ..	4	60,000	16,000	76,000
2.	Phagwara ..	3	45,000	12,000	57,000

[Minister of State for Rural Development and Panchayats]

1	2	3	4	5	6
3.	Sultanpur Lodhi ..	5	75,000	20,000	95,000
4.	Nadala ..	1	7,500	2,000	9,5C9
	Total ..	13	1,87,500	50,000	2,37,500
9.	**Ludhiana**				
1.	Sidhwan Bet ..	3	29,250	7,800	37,050
2.	Machhiwara ..	5	1,57,500	42,000	1,99,500
3.	Samrala ..	7	94,500	24.800	1,17,800
4.	Ludhiana ..	3	37,500	10,000	47,500
	Total ..	18	3,17,250	84,600	4,01,850
10.	**Patiala**				
1.	Patiala ..	1	60,000	16,000	76,CC0
2	Bhunerheri ..	2	34,500	9,200	43,700
3.	Nabha ..	2	39,000	10,400	49,400
4.	Bassi Pathana ..	1	19,500	5,200	24,700
5.	Rajpura ..	2	48,000	12,800	60,800
6.	Ghanaur ..	3	55,500	14,800	70,300
7.	Dera Bassi ..	1	30,000	8,000	38,000
	Total ..	12	2,86,500	76,400	3.62,900
11.	**Ropar**				
1.	Ropar ..	1	52,500	14,000	66,500
2.	Chamkaur Sahib ..	3	34,500	9,200	43,700
3.	Kharar	2	48,000	12,800	29,300
4.	Majri ..	2	22,500	6,800	2 ,700
5.	Nurpur Bedi ..	2	76,500	20,400	96,900
	Total ..	10	2,37,000	63,200	3,00,200
12.	**Sangrur**				
1.	Barnala ..	5	1,09,376	27,344	1,36,730
2.	Mahil Kalan ..	4	25,712	6,428	32,140
3.	Sehna ..	1	9,200	2,300	11,500
4i	Dhuri ..	2	12,500	3,125	15,625
5.	Sangrur ..	1	2,672	668	3,340
6.	Malerkotla ..	1	30,400	7,600	38,000
7.	Ahmedgarh ..	1	6,800	1,700	8,500
8.	Sunam ..	1	6,080	1,520	7,600
	Total ..	16	2,02,740	50,685	12,53,485

CONSTRUCTION OF RURAL HOUSES

Name of the Block		No. of Village	Cash	Wheat	Total
1		2	3	4	5
1. Gandhiwind	..	8	53,136	15,264	68,400
2. Verka	..	46	3,05,532	87,778	3,93,310
,,	..	30	1,99,207	57,240	2,56,500
	..	76	5,04,792	5,04,792	6,49,810
3. Rayya	..	12	79,704	22,896	1,02,600
	..	30	1,99,260	57,240	2,56,500
	..	42	2,78,964	80,136	3,59,100
4. Tarsikka	..	12	79,704	22,896	1,02,600
5. Majitha	..	12	79,704	22,896	1,02,600
6. Tarn Taran	..	12	79,704	22,896	1,02,600
7. Chohla Sahib	..	12	79,704	22,896	1,02,600
8. Naushahra Pannuan	..	12	79,704	22,896	1,02,600
9. Valtoha	..	12	79,704	22,896	1,02,600
	..	42	2,52,880	1,20,288	3,78,168
	..	54	3,37,584	1,43,184	4,80,768
10. Patti	..	11	73,062	78,228	3,50,550
11. Chogawan	..	11	73,062	20,988	94,050
	..	30	1,99,260	57,200	2,56,500
	..	41	2,72,322	78,288	3,50,550
12. Ajnala	..	30	1,99,260	57,240	2,56,500
	..	11	67,540	31,500	99,044
	..	41	2,66,800	88,744	3,55,544
2. **Bhathinda**					
1. Budhlada	..	11	73,062	20,988	94,050
2. Bhathinda	..	11	73,062	30,988	94,050

[Minister of State for Rural Development and Panchayats]

1		2	3	4	5
3. Sangat	..	11	73,062	20,988	94,050
4. Jhunir	..	10	66,420	19,080	85,500
	..	80	5,67,360	1,52,640	7,20,000
	..	90	6,33,780	1,71,720	8,05,500
5. Nathana	..	11	73,062	20,988	94,050
6. Rampura	..	11	73,062	20,988	94,050
7. Mansa	..	11	73,062	20,988	94,050
		42	2,57,880	1,20,288	3,78,168
		53	3,30,942	1,41,276	4,72,218
8. Phul	..	11	73,062	20,988	94,050
9. Talwandi Saboo	..	11	67,540	31,504	99,044
3. Faridkot					
1. Faridkot	..	11	73,062	20,988	94,050
2. Lambi		80	5,67,360	1,52,640	7,20,000
3. Gidderbaha	..	11	73,062	20,988	94,050
		90	6,38,280	1,71,700	8,10,000
		101	7,11,342	1,92,708	9,04,050
4. Baghapurana	..	11	73,062	20,988	94,050
5. Moga-I		11	73,062	20,988	94,050
,,		42	2,57,880	1,20,288	3,78,168
		53	330,942	141,276	4,72,218
6. Nihalsinghwala		11	73,062	20,988	94,050
7. Moga-II		11	73,062	20,988	94,050
8. Kot Kapura	..	22	1,46,124	41,976	1,88,100
9. Muktsar	..	80	5,67,360	1,73,720	3,39,080
		11	67,540	31,504	99,044
		91	6,34,900	2,03,224	8,38,124

1	2	3	4	5
10. Talwandi Saboo	90	6,38,280	1,71,720	8,10,000
11. Nathana ..	80	56,760	1,52,640	7,20,000
4. Ferozepur				
1. Ghall Khurd	11	73,062	20,988	94,050
2. Guru Har Sahai	42,062	2,57,880	1,20,288	3,78,168
	53	3,30,942	1,41,276	4,72,218
3. Zira ..	11	73,062	20,988	93,050
4. Dharamkot ..	11	73,062	20,988	94,050
5. Jalalabad ..	11	73,062	20,960	94,050
6. Fazilka ..	11	73,062	20,988	94,050
7. Abohar ..	11	73,062	20,988	94,050
8. Khuian Sarwar at Abohar	11	73,062	20,988	94,050
9. Ferozepur ..	11	67,540	31,504	99,044
5. Gurdaspur				
1. Narot Jaimal Singh ..	11	73,062	20,988	94,050
2. Fatehgarh Churian ..	11	73,062	20,988	94,050
3. Dera Baba Nanak ..	11	73,062	20,988	94,050
4. Kahnuwan ..	11	73,062	20,988	94,050
5. Pathankot ..	30	1,99,260	57,240	2,56,500
	11	67,540	31,504	99,044
	41	2,66,800	88,744	3,55,544
6. Dina Nagar ..	11	73,062	20,988	94,050
	30	1,99,260	57,240	2,56,500
	41	2,72,322	78,228	3,50,550
7. Bamial ..	8	53,136	15,264	68,400
	42	2,57,880	1,20,288	3,78,169
	50	3,11,016	35,552	4,46,568

[Minister of State for Rural Development and Panchayat]

1		2	3	4	5
8. Gurdaspur	..	10	66,420	19,080	85,500
9. Kalanaur	..	11	73,062	20,988	94,050
10. Siri Hargobindpur	..	11	73,062	20,988	94,050
,,		30	1,99,260	57,240	1,56,500
		41	9,29,322	78,288	9,50,550
11. Dharkalan	..	11	73,062	20,988	94,050
12. Batala	..	30	1,99,260	57,240	2,56,580
		11	73,062	20,988	94,050
		41	2,73.322	78,288	3,50,550
13. Dhariwal	..	11	73,062	20,988	94,050
6. Hoshiarpur					
1. Bhunga	..	11	73,062	20,988	94,050
2. Mahilpur	..	11	73,062	20,988	94,050
3. Garhshankar	..	35	232,470	66,780	2,99,250
,,		11	67,540	31,504	99,044
		46	3,00,010	98,284	3,98,294
4. Balachaur	..	11	73,062	20,988	94,050
		42	2,57,880	1,20,,288	3,78,168
		53	3,30,942	1,41,276	4,72,218
5. Saroya	..	18	1,19,556	34,344	
6. Mukerian	..	11	73,062	20,988	94,050
7. Hoshiarpur	..	11	73,062	20,988	94,050
		80	5,67,360	1,52,640	7,20,000
		91	6,40,422	1,73,620	8,14,050

1		2	3	4	5
8. Hoshiarpur-II	..	12	88,560	22,896	1,11,456
9. Talwara	..	11	73,062	20,988	95,050
10. Tanda	..	90	6,38,280	1,71,720	8,10,000
11. Dasuya	..	80	5,67,360	1,52,640	7,20,000
7. Jalandhar					
1. Jalandhar (East)	...	11	73,062	20,988	94,050
2. Adampur		11	73,062	20,988	94,050
		80	5,67,360	1,52,640	7,20,000
		91	6,40,422	1,73,628	8,14,050
3. Bhogpur	..	11	73,062	20,988	94,050
4. Nakodar	..	11	73,062	20,988	94,050
5. Shahkot	..	11	73,062	20.988	94,050
		90	6,38,780	1,71,720	8,10,000
		41	2,51,740	1,17,424	3,69,164
		142	9,63,082	3,10,132	12,73,214
6. Phillaur	..	11	73,062	20,988	94,050
7. Rurka Kalan		11	73,062	20,988	94,050
8. Nurmahal	...	11	73,062	20,988	94,050
9. Banga	..	11	73,062	20,988	94,050
10. Nawanshahar	..	11	73,062	20,988	94,050
11. Aur	...	11	73,062	20,988	94,050
12i Jalandhar (West)	..	80	5,67,360	1,52,640	7,20,000
		20	1,22,800	57,280	1,80,080
		100	69,160	2,09,920	9,00,080
8. Kapurthala					
	..	11	73,062	20,988	94,050
1. Nadala	..	80	5,67,360	1,52,640	7,20,000
		91	6,40,422	1,73,628	8,14,050

[Minister of State for Rural Development and Panchayats]

1	2	3	4	5
2. Sultanpur ..	11	73,062	20,988	94,050
	80	5,67,360	1,52,640	7,20,000
	91	6,40,422	1,73,628	8,14,050
3. Phagwara ..	11	73,062	20,988	94,050
4. Kapurthala ..	90	6,38,280	1,71,720	8,10,000
	19	1,66,660	54,416	2,21,076
	41	2,51,740	1,17,424	3,69,164
	150	10,54,680	3,43,560	14,00,240
9. Ludhiana				
1. Ludhiana ..	11	73,062	20,988	94,050
2. Pakhowal ..	11	73,062	20,988	94,050
3. Doraha ..	11	73,062	20,988	94,050
4. Ludhiana-I ..	30	1,99,260	57,240	2,56,200
	20	1,22,800	57,280	1,80,080
	50	3,22,060	1,14,520	4,36,580
5. Dehlon ..	11	73,062	20,988	94,050
	30	1,99,260	57,240	2,56,500
	41	2,72,322	78,288	3,50,550
6. Jagroan ..	11	73,062	20,988	94,050
	30	1,99,260	57,240	2,56,500
	41	2,72,322	78,228	3,50,550
7. Sidhwan Bet ..	11	73,062	20,988	94,050
	41	2,51,740	1,17,424	3,69,164
	52	3,24,802	1,38,412	4,63,214

1	2	3	4	5
8. Sudhar ..	11	73,862	20,988	94,050
9. Samrala ..	11	73,062	20,988	94,050
	30	1,99,260	57,240	2,56,500
	41	2,72,322	78,228	3,50,550
10. Machhiwara ..	11	73,062	20,988	94,050
10. Patiala				
1. Nabha ..	11	73,062	20,988	94,050
2. Rajpura ..	11	73,062	20,988	94,050
3. Ghanaur ..	11	73,062	20,988	94,050
4. Dera Bassi ..	11	73062	20,988	94,050
	30	1,99,260	57,240	2,56,500
	41	2,51,740	1,17,424	3,69,164
	82	5,24,062	1,95,652	7,19,714
5. Sirhind ..	11	73,062	20,988	94,050
	30	1,99,260	57,240	2,56,500
	41	2,72,322	78,228	3,50,550
6. Patiala ..	30	1,99,260	57,240	2,56,500
	30	1,84,200	85,920	2,70,120
7. Samana ..	30	1,90,260	57,240	2,56,500
11. Ropar				
1. Ropar ..	39	1,59,038	74,012	3,33,450
2 Nurpur Bedi ..	24	1,59,408	45,792	2,05,200
	44	2,51,740	1,17,424	3,69,164
	65	4,11,148	1,63,226	5,74,364
3. Chamkaur Sahib ..	5	39,207		48,750
	24	1,59,408		2,95,280
	29	1,98,618		2,53,950

[Minister of State for Rural Development and Panchayats]

1	2	3	4	5
4. Majri ..	10	66,420	19,080	85,500
	23	1,52,766	48,884	1,96,650
	33	2,19,186	62,264	2,82,150
5. Anandpur Sahib	20	1,32,840	88,162	1,71,002
6. Kharar ..	24	1,59,408	4,45,792	2,05,200
	19	1,66,660	54,416	2,21,076
	43	3,26,068	1,00,208	4,26,276
12. Sangrur				
1. Bhawanigarh ..	16	1,06,272	30,520	1,36,792
2. Sunam ..	11	73,062	299,88	94,050
3. Sunam ..	80	5,67,360	1,52,640	7,20,080
	91	6,40,422	1,73,628	8,14,050
3. Lehragaga ..	11	73,062	20,988	94,050
	90	6,38,280	1,71,720	8,10,000
	41	2,51,740	1,17,424	3,69,664
	142	96,382	3,10,132	12,73,214
4. Ahmedgarh	17	1,12,914	32,436	1,45,350
5. Barnala	22	1,46,124	41,976	1,88,100
	90	5,67,360	1,52,640	7,20,000
	102	7,13,484	1,94,616	9,08,100
6. Sehna ..	11	73,062	20,988	94,050
7. Sangrur ..	11	67,540	31,504	99,044

RURAL SANITARY LATRINES

Name of the Block		No. of Villages covered	Grant Released
1		2	3
			Rs.
1. AMRITSAR			
1. Ajnala	..	2	1,919
2. Bhikhiwind	..	2	1,915
3. Chogawan	..	2	1,919
4. Chohla Sahib	..	2	1,915
5. Gandi Wind	..	2	17,138
6. Jandiala	..	2	1,558
7. Khadoor Sahib	..	12	9,348
8. Majitha	..	2	1,558
9. Patti	..	2	1,919
10. Naushehra Panuwan	..	2	1,558
11. Rayya	..	2	1,558
12. Tarn Taran	..	2	1,558
13. Tarsika	..	12	9,348
14. Valtoha	..	2	1,919
15. Verka	..	22	17,138
2. BHATINDA			
1. Bhatinda	..	12	11,514
2. Budhladda	..	2	1,919
3. Jhunir	..	12	11,513
4. Mansa	..	54	51,814
5. Nathana	..	2	1,919
6. Phul	..	2	1,919
7. Rampura	..	16	15,352
8. Sangat	..	..	..
9. Talwandi Sabo	..	122	1,17,059

[Minister of State for Rural Development and Panchayats]

1	2	3
3. FARIDKOT		
1. Bagha Purana ..	2	1,919
2. Faridkot ..	12	11,514
3. Gidderbaha ..	10	9,595
4. Kot Kapura ..	2	1,919
5. Lambi ..	2	1,919
6. Moga-I ..	2	1,919
7. Moga-II ..	2	1,919
8. Muktsar ..	22	21,109
9. Nihal Singh Wala ..	2	1,919
4. FEROZEPUR		
1. Dharamkot at Kot Ise Khan ..	12	11,514
2. Fazilka ..	10	9,595
3. Ferozepur ..	19	18,230
4. Ghall Khurd ..	9	8,636
5. Guru Har Sahae ..	4	3,838
6. Khuhiyan Sarwar ..	2	1,919
5. GURDASPUR		
1. Batala ..	2	1,919
2. Dera Baba Nanak ..	2	1,558
3. Dina Nagar ..	14	10,906
4. Dhar Kalan ..	2	1,915
5. Dhariwal ..	2	1,558
6. Fatehgarh Churian ..	2	1,558
7. Gurdaspur ..	12	9,348
8. Kahnuwan ..	4	3,838
9. Kalanaur ..	2	1,558
10. Narot Jaimal Singh ..	10	9,595
11. Pathankot ..	14	13,433
6. HOSHIARPUR		
1. Balachaur ..	2	1,919
2. Bhunga ..	12	11,514
3. Dasuya ..	12	11,514
4. Garshankar ..	2	1,919

1		2	3
5. Hoshiarpur-I	..	4	3,838
6. Hoshiarpur-II	..	2	1,919
7. Mahilpur	..	2	1,919
8. Mukerian	..	2	1,919
9. Saroya	..	14	13,433
10. Talwara	..	2	1,919
11. Tanda	..	12	11,514
7. JALANDHAR			
1. Aur	..	2	1,558
2. Banga	..	4	3,116
3. Bhogpur	..	2	1,919
4. Jalandhar East	..	2	1,919
5. Jalandhar West	..	2	1,919
6. Nakodar	..	2	1,919
7. Nawan Shahr	..	2	1,558
8. Nurmahal	..	2	1,919
9. Phillaur	..	2	1,919
10. Rurka Kalan	..	2	1,919
11. Shahkot	..	22	21,109
8. KAPURTHALA			
1. Kapurthala	..	24	18,696
2. Nadala	..	2	1,558
3. Phagwara	..	4	3,116
4. Sultanpur Lodhi	..	24	23,028
9. LUDHIANA			
1. Dehlon	..	2	1,919
Doraha	..	4	3,838
Ludhiana-I	..	24	23,028
udhiana-II	..	4	3,838
chhiwara	..	14	13,433
la	..	12	11,514
n Bet	..	2	1,919

[Minister of State for Rural Development and Panchayats]

1		2	3
	10. PATIALA		
1.	Bassi Pathana ..	2	1,919
2.	Bhunerheri ..	4	3,838
3.	Dera Bassi ..	12	11,514
4.	Ghanaur ..	2	1,919
5.	Nabha ..	2	1,919
6.	Patiala ..	16	15,352
7.	Rajpura ..	12	11,514
8.	Samana ..	2	1,919
9.	Sirhind ..	12	11,514
	11. ROPAR		
1.	Anandpur Sahib ..	14	13,433
2.	Chamkaur Sahib ..	4	4,838
3.	Kharar ..	24	23,028
4.	Majri ..	2	1,919
5.	Nurpur Bedi ..	4	3,838
6.	Ropar ..	10	9,595
	12. SANGRUR		
1.	Ahmedgarh ..	2	1,919
2.	Barnala ..	24	23,028
3.	Bhawanigarh ..	4	3,838
4.	Dhuri ..	4	3,838
5.	Lehra Gagga ..	12	11,514
6.	Sangrur ..	4	3,838
7.	Sahna ..	10	9,595
8.	Sunam ..	2	1,919

Construction of Multi-purpose Community Centres in D.W.C.R.A. Districts of the Punjab State

Serial No.	Name of the Block	No. of villages covered	Grants released
	BHATINDA		
1.	Rampura ..	1	1,11,150
2.	Talwandi Sabo ..	1	1,11,150
3.	Nathana ..	1	1,34,900

1	2	3	4	5
4. Jhunir		..	1	1,34,900
GURDASPUR				
5. Siri Hargobindpur		..	1	1,11,150
6. Kahnuwan		..	1	1,11,150
7. Dhar Kalan		..	1	1,34,900
8. Bamial		..	1	1,34,900

AMOUNT RECEIVED FROM PUNJAB AGRICULTURAL MARKETING BOARD FOR CONSTRUCTION OF LINK ROADS ETC.

90. **Shri Ram Kishan Kataria** : Will the Minister of State for Public Works be pleased to state the amount received from the Punjab Agricultural Marketing Board for the construction of link roads/culverts/ramps and bridges in each tehsil in the State during the period from Ist January, 1986 today ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : 1 ਜਨਵਰੀ, 1986 ਤੋਂ ਫਰਵਰੀ, 1987 ਤੱਕ ਪੰਜਾਬ ਰਾਜ ਮੰਡੀਕਰਨ ਬੋਰਡ ਅਤੇ ਮਾਰਕੀਟ ਕਮੇਟੀਆਂ ਵੱਲੋਂ ਲਿੰਕ ਸੜਕਾਂ, ਕਲਵਰਟਸ ਰੈਮਪਸ ਅਤੇ ਪੁੱਲਾਂ ਦੀ ਉਸਾਰੀ ਲਈ 2451 ਲੱਖ ਰੁਪਿਆ ਜਮ੍ਹਾਂ ਕਰਾਇਆ ਗਿਆ ਸੀ। ਮਾਰਕੀਟ ਕਮੇਟੀਆਂ ਵੱਲੋਂ ਧਨ ਲੋਕ ਨਿਰਮਾਣ ਵਿਭਾਗ ਵਿਚ ਜਮ੍ਹਾ ਕਰਾਇਆ ਜਾਂਦਾ ਹੈ। ਧਨ ਜਮ੍ਹਾ ਕਰਾਉਣ ਲਈ ਮਾਰਕੀਟ ਕਮੇਟੀਆਂ ਨੂੰ ਇਕਾਈ ਮੰਨਿਆ ਜਾਂਦਾ ਹੈ ਜਿਸ ਲਈ ਤਹਿਸੀਲ-ਵਾਈਜ਼ ਸੂਚਨਾ ਇਕੱਠੀ ਨਹੀ ਕੀਤੀ ਜਾਂਦੀ ਕਿਉਂਕਿ ਕਈ ਮਾਰਕੀਟ ਕਮੇਟੀਆਂ ਦਾ ਖੇਤਰ ਉਹੀ ਨਾ ਹੋਵੇ ਜਿਹੜਾ ਕਿ ਬਤੌਰ ਤਹਿਸੀਲ ਹੁੰਦਾ ਹੈ ਫਿਰ ਵੀ ਜਮ੍ਹਾਂ ਹੋਏ ਧਨ ਦਾ ਜ਼ਿਲ੍ਹਾ-ਵਾਈਜ਼ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

STATEMENT

Serial No.	District		Amount received from Market Committee/ Marketing Board from January, 1986 to February, 1987 (Rs. in lacs)
1.	Ludhiana	..	291
2.	Sangrur	..	318
3.	Ferozepur	..	130

[Minister of State for Public Works]

Serial No.	District	Amount received from Market Committee/ Marketing Board from January, 1986 to February, 1987 (Rs. in lacs)
1	2	3
4.	Bhatinda	466
5.	Faridkot	159
6.	Gurdaspur	73
7.	Jalandhar	125
8.	Kapurthala	89
9.	Amritsar.	141
10.	Ropar.	127
11.	Hoshiarpur	95
12,	Patiala	437
	Total	2,451 lacs

SHORT NOTICE QUESTION AND ANSWER

*826 **Sardar Karnail Singh Doad :** Will the Minister for Finance is pleased to state—

(a) the expected revenue under Sales Tax in the State for the financial year ending 31st March, 1987 ;

(b) how does it compare with the revenue for the previous year ;

(c) if there is an increase, what are the factors which have contributed to the increase ?

ਸਰਦਾਰ ਬਲਵੰਤ ਸਿੰਘ : (ੳ) ਵਿੱਤੀ ਸਾਲ 1986-87 ਦੌਰਾਨ ਵਿਕਰੀ ਕਰ ਤੋਂ ਆਮਦਨ ਦੇ ਅਨੁਮਾਨ 361.81 ਕਰੋੜ ਰੁਪਏ ਹਨ। ਪਰੰਤੂ ਇਹ ਆਮਦਨ ਲਗਭਗ 370.00 ਕਰੋੜ ਰੁਪਏ ਹੋ ਜਾਣ ਦੀ ਉਮੀਦ ਹੈ।

(ਅ) ਵਿੱਤੀ ਸਾਲ 1985-86 ਦੌਰਾਨ ਵਿਕਰੀ ਕਰ ਤੋਂ 312.84 ਕਰੋੜ ਰੁਪਏ ਆਮਦਨ ਹੋਈ ਸੀ। ਇਸ ਤਰ੍ਹਾਂ ਵਾਧਾ 18% ਤੋਂ ਵੱਧ ਹੋਣ ਦੀ ਉਮੀਦ ਹੈ।

(ੲ) ਭਿੰਨ ਭਿੰਨ ਟੈਕਸਾਂ ਦੇ ਰੇਟਾਂ ਨੂੰ ਵਿਗਿਆਨਿਕੀਕਰਨ ਕਰਨਾ, ਕਾਨੂੰਨ ਨੂੰ ਚੰਗੀ ਤਰ੍ਹਾਂ ਲਾਗੂ ਕਰਨਾ ਅਤੇ ਚੰਗਾ ਪ੍ਰਬੰਧ, ਆਮਦਨ ਵਧਣ ਦੇ ਕਾਰਨ ਹਨ।

(ਇਸ ਸਮੇਂ ਸਰਦਾਰ ਹਰਦਿਆਲ ਸਿੰਘ ਰਾਜਲਾ ਆਨ ਦੀ ਫਲੋਰ ਆਫ ਦੀ ਹਾਊਸ ਬੈਠ ਗਏ ਜਿਹੜੇ ਕਿ ਮਾਨਯੋਗ ਸਪੀਕਰ ਸਾਹਿਬ ਅਤੇ ਕੁਝ ਮੈਂਬਰ ਸਾਹਿਬਾਨ ਦੇ ਕਹਿਣ ਤੇ ਉਠ ਕੇ ਚਲੇ ਗਏ।)

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਇਹ ਸਾਡੇ ਆਮ ਗਿਆਤ ਦੀ ਗੱਲ ਹੈ ਕਿ ਜਿਹੜਾ ਵਿਕਰੀ ਕਰ ਹੈ ਉਹ ਕੰਜ਼ਿਊਮਰ ਤੋਂ ਤਾਂ ਵਸੂਲ ਕਰ ਲਿਆ ਜਾਂਦਾ ਹੈ ਪਰ ਉਹ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਨਹੀਂ ਹੁੰਦਾ। 40% ਟੈਕਸ ਦੀ ਜ਼ਰੂਰ ਲੀਕੇਜ ਹੁੰਦੀ ਹੈ। ਇਸ ਲਈ ਕੀ ਇਹ ਐਸਾ ਪ੍ਰਬੰਧ ਕਰਨਗੇ ਕਿ ਉਹ ਵਿਕਰੀ ਟੈਕਸ ਦੀ ਰਕਮ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਹੋ ਜਾਵੇ ?

ਮੰਤਰੀ : ਇਸ ਸਾਲ ਵਿਚ ਸਾਡਾ ਸੇਲਜ਼ ਟੈਕਸ 58 ਕਰੋੜ ਰੁਪਏ ਵਧਿਆ ਹੈ ਇਸ ਦੇ ਬਾਵਜੂਦ ਅਸੀਂ ਡਰਾਈ ਫਰੂਟ ਤੇ ਇਹ 7% ਤੋਂ ਘਟਾ ਕੇ 3% ਕਰ ਦਿਤਾ ਹੈ। ਫਿਰ ਬੱਸਾਂ ਅਤੇ ਟਰੱਕਾਂ ਤੇ ਸੇਲਜ਼ ਟੈਕਸ 10% ਤੋਂ ਘਟਾ ਕੇ 4% ਕਰ ਦਿਤਾ ਹੈ। ਬਾਈਸਿਕਲ ਇੰਡਸਟਰੀ ਨੂੰ ਤਰੱਕੀ ਦੇਣ ਵਾਸਤੇ ਉਸ ਉਤੇ ਸੇਲਜ਼ ਟੈਕਸ ਘਟਾਇਆ ਹੈ ਕਿਉਂਕਿ ਬੜੇ ਗਰੀਬ ਲੋਕ ਜਿਹੜੇ ਰਿਕਸ਼ਾ ਪੁੱਲਰਜ਼ ਹਨ, ਉਨ੍ਹਾਂ ਤੋਂ ਇਹ ਟੈਕਸ ਘਟਾਇਆ ਹੈ । ਇਸੇ ਤਰ੍ਹਾਂ ਅਸੀਂ ਇਲੈਕਟ੍ਰਾਨਿਕਸ ਗੁਡਜ਼ ਤੇ 10 ਫੀਸਦੀ ਤੋਂ 2 ਫੀਸਦੀ ਕੀਤਾ ਸੀ। ਇਸ ਤਰ੍ਹਾਂ ਟੈਕਸ ਰੈਸ਼ਨੇਲਾਈਜ਼ ਕਰਨ ਦੇ ਬਾਵਜੂਦ ਸਾਡਾ 58% ਵੱਧਿਆ ਹੈ। ਮੈਂ ਇਨ੍ਹਾਂ ਦੀ ਇਸ ਗੱਲ ਨਾਲ ਸਹਿਮਤ ਹਾਂ ਕਿ ਲੀਕੇਜ ਜ਼ਰੂਰ ਹੈ ਪਰ ਨਾਲ ਹੀ ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਟੈਕਸ ਦੀਆ ਛੋਟਾਂ ਦੇਣ ਦੇ ਬਾਵਜੂਦ ਇਹ ਵੱਧਿਆ ਹੈ ਇਸ ਦੀ ਵਜ੍ਹਾ ਇਹੀ ਹੈ ਕਿ ਲੀਕੇਜ ਕਾਫੀ ਹੱਦ ਤੱਕ ਬੰਦ ਕਰਨ ਵਿਚ ਅਸੀਂ ਕਾਮਯਾਬ ਹੋਏ ਹਾਂ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਵਿੱਤ ਮੰਤਰੀ ਸਾਹਿਬ ਨੇ ਮੇਰੇ ਸਵਾਲ ਦੇ ਜਵਾਬ ਵਿੱਚ ਭਾਗ (ੲ) ਵਿੱਚ ਕਿਹਾ ਹੈ ਕਿ ਵਿਗਿਆਨਕੀਕਰਨ ਕਰਕੇ ਇਹ ਰੇਜ਼ ਹੋਇਆ ਹੈ, ਇਸ ਦਾ ਮਤਲਬ ਹੈ ਕਿ ਲੀਕੇਜ ਬੰਦ ਕਰਕੇ ਨਹੀਂ ਰੇਜ਼ ਹੋਇਆ। ਸਰਦਾਰ ਬਲਵੰਤ ਸਿੰਘ ਬੱਜ਼ਟਰੀ ਮਿਰੇਕਲ ਕਰਨ ਵਿਚ ਆਰਥਕ ਜਾਦੂਗਰੀ ਕਰਨ ਵਿਚ ਬੜੇ ਮਾਹਰ ਮੰਨੇ ਜਾਂਦੇ ਹਨ ਪਰ ਅੱਜ ਤੱਕ ਕਈ ਵਾਰ ਫਾਈਨਾਂਸ ਮਨਿਸਟਰ ਦੀ ਪਦਵੀ ਤੇ ਬੈਠਣ ਦੇ ਬਾਵਜੂਦ ਲੀਕੇਜ਼ ਨੂੰ ਬੰਦ ਕਰਨ ਵਾਸਤੇ ਇਨ੍ਹਾਂ ਨੇ ਕੋਈ ਜਾਦੂਗਰੀ ਨਹੀਂ ਦਿਖਾਈ। ਮੈਂ ਸਮਝਦਾ ਹਾਂ ਕਿ ਜੇ ਐਟ ਸੋਰਸ ਟੈਕਸ ਕਰ ਦਿੱਤਾ ਜਾਵੇ ਤਾਂ ਲੀਕੇਜ ਦਾ ਚਾਂਸ ਵੀ ਨਹੀਂ ਰਹਿੰਦਾ ਅਤੇ ਇਸ ਦੇ ਨਾਲ ਕਨਜ਼ਿਊਮਰ ਟਰੇਡਰ ਆਦਿ ਬਾਕੀ ਦੇ ਸਾਰੇ ਵੀ ਖੁਸ਼ ਹੋਣਗੇ। ਕੀ ਵਿੱਤ ਮੰਤਰੀ ਸਾਹਿਬ ਦੱਸਣਗੇ ਕਿ ਐਟ ਸੋਰਸ ਟੈਕਸ ਕਰਨ ਵਿੱਚ ਕੀ ਦਿੱਕਤ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਇਸ ਗੱਲ ਤੇ ਸਹਿਮਤ ਹਾਂ ਔਰ ਬਹੁਤ ਸਾਰੀਆਂ ਮੱਦਾਂ ਤੇ ਜਿਵੇਂ ਪ੍ਰੋਡਕਸ਼ਨ ਜੋ ਘੀ ਜਾਂ ਸੀਮੇਂਟ ਵਗੈਰਾ ਦੀ ਹੈ ਉਨ੍ਹਾਂ ਤੇ ਅਸੀਂ ਐਟ ਸੋਰਸ ਕੀਤਾ ਹੈ ਹੋਰ ਵੀ ਕੋਸ਼ਿਸ਼ ਕਰ ਰਹੇ ਹਾਂ ਔਰ ਮੈਕਸੀਮਮ ਏਰੀਆ ਵਿੱਚ ਐਟ ਸੋਰਸ ਕਰਨ ਦੀ ਕੋਸ਼ਿਸ਼ ਕਰਾਂਗੇ । ਸਰਦਾਰ ਕਿਰਪਾਲ ਸਿੰਘ ਵੱਲੋਂ ਇਕ ਬੜਾ ਚੰਗਾ ਸੁਝਾਵ ਆਇਆ ਸੀ, ਮੈਂ ਸਾਰੇ ਮਾਨਯੋਗ ਮੈਂਬਰਜ਼ ਨੂੰ ਅਰਜ਼ ਕਰਾਂਗਾ ਕਿ ਜੇ ਕਿਸੇ ਕੋਲ ਕੋਈ ਚੰਗੇ ਸੁਜੈਸ਼ਨਜ਼ ਹਨ ਤਾਂ ਉਹ ਸਾਨੂੰ ਦੇਣ, ਅਸੀਂ ਉਨ੍ਹਾਂ ਦੇ ਮੁਤਾਬਿਕ ਵਿਚਾਰ ਕਰਾਂਗੇ ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪਠਾਨਕੋਟ ਦਾ ਇਲਾਕਾ ਹਿਮਾਚਲ ਪ੍ਰਦੇਸ਼ ਦੇ ਨਾਲ ਲਗਦਾ ਹੈ। ਪਠਾਨਕੋਟ ਦੇ ਵਪਾਰੀ ਜਮਸੂਰ ਅਤੇ ਡਮਟੋਲ ਇਸ ਕਰਕੇ ਚਲੇ ਗਏ ਹਨ ਕਿਉਂਕਿ ਹਿਮਾਚਲ ਵਿਚ ਸੇਲਜ਼ ਟੈਕਸ ਇਕ ਫੀਸਦੀ ਹੈ ਅਤੇ ਇਥੇ 4 ਫੀਸਦੀ ਹੈ। ਸੇਲਜ਼ ਟੈਕਸ ਤੋਂ ਬਚਣ ਵਾਸਤੇ ਸਾਰੇ ਪਠਾਨਕੋਟ ਦੇ ਵਪਾਰੀ, ਉਨ੍ਹਾਂ ਦੋ ਸ਼ਹਿਰਾਂ ਵਿਚ ਚਲੇ ਗਏ। ਕੀ ਇਹ ਇਸ ਤਰ੍ਹਾਂ ਦੀਆਂ ਸਹੂਲਤਾਂ ਦੇਣਗੇ ਤਾਂਕਿ ਉਹ ਵਪਾਰੀ ਵਾਪਸ ਆ ਜਾਣ ?

ਮੰਤਰੀ: ਸਪੀਕਰ ਸਾਹਿਬ, ਮੈਨੂੰ ਪਤਾ ਨਹੀਂ ਲੱਗਾ ਕਿ ਇਹ ਕਿਹੜੇ ਆਈਟਮ ਬਾਰੇ ਕਹਿ ਰਹੇ ਹਨ ਅਤੇ ਕਿਹੜੇ ਵਪਾਰੀਆਂ ਦੀ ਗਲ ਕਰ ਰਹੇ ਹਨ।

QUESTION OF PRIVILEGE

ਸ੍ਰੀ ਸਪੀਕਰ: ਹਾਊਸ ਨੂੰ ਪਤਾ ਹੈ ਕਿ ਪਿਛਲੇ ਦਿਨਾਂ ਵਿਚ ਸਰਦਾਰ ਰਣਜੀਤ ਸਿੰਘ ਜੰਡਿਆਲਾ ਵਲੋਂ ਇਕ ਪ੍ਰਿਵਲੇਜ ਇਸ਼ੂ ਰੇਜ਼ ਕੀਤਾ ਗਿਆ ਸੀ ਅਤੇ ਮੈਂ ਉਸ ਦੇ ਬਾਰੇ ਬੇਨਤੀ ਕੀਤੀ ਸੀ ਕਿ ਮੈਂ ਆਪਣੀ ਰੂਲਿੰਗ ਬਾਅਦ ਵਿਚ, ਮਾਮਲਾ ਜਾਂਚ ਕੇ, ਦਿਆਂਗਾ, ਮੈਂ ਅੱਜ ਉਸ ਦੇ ਬਾਰੇ ਅਨਾਊਂਸ ਕਰਦਾ ਹਾਂ।

As the hon. Members are aware, Sardar Ranjit Singh (Jandiala) M.L.A., gave a notice of privilege Motion on 13th March, 1987 disapproving the action of Sardar Gurdev Singh Badal and some other M.L.As. for raising derogatory slogans against an hon. Member of this House and the Chair. I had then stated that I will consider over the matter and give my ruling later.

I have examined the issue. There are no two opinions that no House would be able to discharge the high functions entrusted to it properly, if it does not impose disciplinary regulations upon its members. However, as the House is aware, the derogatory remarks and the slogans were expunged from the proceedings of the House and did not form its part now. Further Sardar Gurdev Singh Badal, M. L. A. had apologised for this behaviour and Sardar Amarinder Singh had regretted about this incident and consequently the order of the House suspending Sardar Badal for the remainder of the Session was revoked. In view of this, I withhold my consent to raise this question of privilege.

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਆਨਰੇਬਲ ਮੈਂਬਰ ਸਰਦਾਰ ਬਚਿੱਤਰ ਸਿੰਘ ਦੇ ਲੜਕੇ ਨੂੰ ਜਦੋਂ ਜੁਡੀਸ਼ੀਅਲ ਕਸਟੱਡੀ ਵਿਚ ਲੈ ਕੇ ਗਏ ਤਾਂ ਉਸ ਨੂੰ ਬਹੁਤ ਟਾਰਚਰ ਕੀਤਾ ਗਿਆ ਔਰ ਇਹ ਚੀਜ਼ ਤੁਹਾਡੇ ਨੋਟਿਸ ਵਿਚ ਲਿਆਂਦੀ ਸੀ ਔਰ ਹਾਊਸ ਵਿਚ ਇਹ ਕੁਐਸਚਨ ਉਠਾਇਆ ਸੀ, ਪਰ ਸਰਕਾਰ ਵਲੋਂ ਅਜੇ ਤਕ ਉਸ ਤੇ ਨਾ ਇਸ ਹਾਊਸ ਵਿਚ ਨਾ ਕਿਸੇ ਢੰਗ ਨਾਲ ਅਜੇ ਤਕ ਲਿਆਂਦਾ ਗਿਆ ਔਰ ਨਾ ਹੀ ਇਸ ਦੀ ਕੋਈ ਇਨਕੁਆਇਰੀ ਹੋਈ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਦੀ ਇਨਕੁਆਇਰੀ ਕਰਾਈ ਜਾਵੇ ਕਿਉਂਕਿ ਅੱਜ ਵੀ ਉਨ੍ਹਾਂ ਤੇ ਇਸ ਤਰ੍ਹਾਂ ਦਾ ਪ੍ਰਭਾਵ ਪਾਇਆ ਜਾ ਰਿਹਾ ਹੈ ਕਿ ਉਸ ਨੂੰ ਜੇਲ੍ਹ ਵਿਚ ਲਿਜਾ ਕੇ ਦੋਬਾਰਾ ਇਨਕੁਆਇਰੀ ਕਰਨੀ ਹੈ। ਮੇਰੀ ਬੇਨਤੀ ਇਹ ਹੈ ਕਿ ਉਸ ਬਾਰੇ ਸਰਕਾਰ ਇਨਕੁਆਇਰੀ ਕਰਾਵੇ ਔਰ ਹਾਊਸ ਨੂੰ ਦਸੇ ਕਿ ਉਸ ਦੇ ਨਾਲ ਕੀ ਵਾਪਰਿਆ ਅਤੇ ਕੀ ਹੋਇਆ ?

ਸ਼੍ਰੀ ਸਪੀਕਰ : ਢੀਂਡਸਾ ਸਾਹਿਬ, ਕੋਈ ਨੋਟਿਸ ਦਿਓਗੇ ਤਾਂਕਿ ਵਿਚਾਰ ਹੋ ਸਕੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਸਰਕਾਰ ਨੂੰ ਜਵਾਬ ਦੇ ਲੈਣ ਦਿਓ।

ਸ਼੍ਰੀ ਸਪੀਕਰ : ਸਰਕਾਰ ਕੋਈ ਜਵਾਬ ਦੇਣਾ ਚਾਹੁੰਦੀ ਹੈ ਤਾਂ ਮੈਨੂੰ ਕੋਈ ਇਤਰਾਜ਼ ਨਹੀਂ

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਪੰਜਾਬ ਐਮ. ਐਲ. ਏ. ਹੋਸਟਲ ਜਿਸ ਦੇ ਤੁਸੀਂ ਮਾਲਕ ਹੋ, ਉਸ ਦੇ ਆਲੇ ਦੁਆਲੇ ਦੋ ਫਲੈਟਾਂ ਦੀਆਂ ਕਤਾਰਾਂ ਵੀ ਹਨ। ਮਗਰ ਉਥੇ ਸਭ ਤੋਂ ਵੱਡੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ 10, 15 ਕੁੱਤੇ ਉਥੇ ਅਵਾਰਾ ਫਿਰਦੇ ਰਹਿੰਦੇ ਹਨ। ਉਹ ਪੈਦਲ ਚਲਣ ਵਾਲਿਆਂ, ਰਿਕਸ਼ਾ ਵਾਲਿਆਂ, ਸਕੂਟਰ ਮੋਟਰ ਵਾਲਿਆਂ ਦੇ ਮਗਰ ਪੈਟਰੋਲ ਪੰਪ ਤੋਂ ਭੌਂਕਦੇ ਹੋਏ ਲੋਕਾਂ ਦੇ ਮਗਰ ਚਲੇ ਜਾਂਦੇ ਹਨ. । ਕਈ ਵਾਰੀ ਐਕਸੀਡੈਂਟਸ ਵੀ ਹੋਏ ਹਨ। ਅੰਮ੍ਰਿਤਸਰ ਤੋਂ ਚੰਡੀਗੜ੍ਹ ਆਉਣਾ ਸੌਖਾ ਹੈ, ਸਰਕਾਰ ਸਾਨੂੰ ਅੱਤਵਾਦੀਆਂ ਤੋਂ ਬਚਾ ਸਕੇ ਜਾਂ ਨਾ ਬਚਾ ਸਕੇ, ਕਮ-ਅਜ਼-ਕਮ ਸਾਨੂੰ ਇਨ੍ਹਾਂ ਕੁਤਿਆਂ ਤੋਂ ਤਾਂ ਬਚਾਇਆ ਜਾਏ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਥੇ ਬਾਰ ਬਾਰ ਕਈਆਂ ਨੇ ਸੀ. ਆਰ. ਪੀ. ਐਫ. ਫੌਜੀਆਂ ਦੇ ਬਾਰੇ ਕਈ ਕੁਝ ਕਿਹਾ ਹੈ। ਮੈਂ ਕਹਿੰਦਾ ਹਾਂ ਕਿ ਜਿਹੜੀ ਇਨਕੁਆਇਰੀ ਚਲਦੀ ਹੋਵੇ ਅੱਤਵਾਦ ਨੂੰ ਰੋਕਣ ਵਾਸਤੇ ਅਸੀਂ ਸਾਰਿਆਂ ਨੇ ਫੈਸਲਾ ਕੀਤਾ ਹੈ, ਪਰ ਕਈ ਪ੍ਰੈਸ਼ਰਾਈਜ਼ ਕਰਨ ਦੀ ਕੋਸ਼ਿਸ਼ ਕਰਦੇ ਹਨ,ਇਹ ਠੀਕ ਨਹੀਂ। ਜਿਹੜਾ ਲੁਧਿਆਣਾ ਕਾਂਡ ਹੋਇਆ ਹੈ ਜਾਂ ਹੋਰ ਥਾਵਾਂ ਤੇ ਹੋਏ ਹਨ, ਮੈਂ ਉਨ੍ਹਾਂ ਬਾਰੇ ਉਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਜਿਹੜੇ ਅੱਤਵਾਦ ਨੂੰ ਸਪੋਰਟ ਕਰਦੇ ਹਨ, ਕੀ ਸਰਕਾਰ ਜੂਡੀਸ਼ੀਅਲ ਇਨਕੁਆਇਰੀ ਸੁਪਰੀਮ ਕੋਰਟ ਦੇ ਜੱਜ ਤੋਂ ਜਾਂ ਫਿਰ ਵਲਾਇਤੋਂ ਲਿਆ ਕੇ ਕਰਵਾਏ। ਇਹ ਤਾਂ ਅੱਤਵਾਦ ਨੂੰ ਸ਼ਹਿ ਦੇ ਰਹੇ ਹਨ।

ਸਰਦਾਰ ਭਾਗ ਸਿੰਘ : ਸਪੀਕਰ ਸਾਹਿਬ, ਮੈਂ ਕੱਲ 18 ਮਾਰਚ, 1987 ਨੂੰ 11.10 ਤੇ ਕਾਲ ਅਟੈਨਸ਼ਨ ਨੋਟਿਸ ਦਿੱਤਾ ਸੀ ਅੰਡਰ ਰੂਲ 66. ਉਹ ਮੋਸ਼ਨ ਸੀ—

> "..to draw the attention of the Government towards a matter of urgent public importance of recent occurrance, namely, that a police party headed by S.H.O. threatened a Judicial Magistrate of Tarn Taran to eliminate him, because the said police official was declared a proclaimed offender by the Court. This sad incident happened on 16th March, 1987 in Tarn Tarau Sub-Division of District Amritsar........."

Mr. Speaker : Please take your seat. This is under my consideration. You can meet me in the Chamber. ਜਾਂ ਤਾਂ ਤੁਸੀਂ ਚੈਂਬਰ ਵਿਚ ਆ ਕੇ ਗੱਲ ਕਰ ਲਵੋ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਗੁਪਤਾ ਜੀ ਨੇ ਇਕ ਪੁਆਇੰਟ ਉਠਾਇਆ ਹੈ, ਮੈਂ ਵੀ ਕੁਝ ਕਹਿਣਾ ਚਾਹਵਾਂਗਾ। ਜਦੋਂ ਇਹ ਸਰਕਾਰ ਬਣੀ ਹੈ ਇਕ ਰਿਟਾਇਰਡ ਜੱਜ ਹਾਈ ਕੋਰਟ, ਪੰਜਾਬ, ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਥਲੇ ਕਮੇਟੀ ਬਣੀ ਸੀ । ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਰਿਪੋਰਟ ਇਸ ਹਾਊਸ ਵਿਚ ਰਖੀ ਜਾਵੇ ਔਰ ਉਸ ਦੀ ਰਿਪੋਰਟ ਤੇ ਕੀ ਅਜੇ ਤਕ ਕਾਰਵਾਈ ਹੋਈ, ਕਿੰਨੀ ਹੋਈ, ਕਿੰਨੀ ਰਹਿ ਗਈ ਹੈ ਕਿੰਨੀ ਰਿਜੈਕਟ ਕਰ ਦਿਤੀ ਹੈ, ਉਹ ਹਾਊਸ ਨੂੰ ਜ਼ਰੂਰ ਦੱਸਿਆ ਜਾਵੇ, ਮੇਰੀ ਬੇਨਤੀ ਹੈ

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੇਰੇ ਸਮਾਣੇ ਸਬ-ਡਵੀਜ਼ਨ ਵਿਚ ਜੁਡੀਸ਼ੀਅਲ ਕੋਰਟ ਹੈ ਨਹੀਂ ਉਸ ਦੇ ਬਾਰੇ ਬਹੁਤ ਵਾਰੀ ਦਰਖਾਸਤਾਂ ਕੀਤੀਆਂ ਗਈਆਂ। ਕਈ ਮਹੀਨਿਆਂ ਤੋਂ ਸੀ. ਐਮ. ਸਾਹਿਬ ਦੀ ਕੋਠੀ ਦੁਆਲੇ ਧਰਨਾ ਵੀ ਜਾਰੀ ਹੈ, ਡੀ. ਸੀ. ਸਾਹਿਬ ਦੀ, ਐਸ. ਡੀ. ਐਮ. ਸਾਹਿਬ ਦੀ ਕੋਠੀ ਅੱਗੇ, ਪਿਛਲੇ ਸੈਸ਼ਨ ਦੌਰਾਨ ਅਸੰਬਲੀ ਗੇਟ ਅੱਗੇ ਧਰਨੇ ਮਾਰੇ ਹਨ।ਅਜ ਵੀ ਮੇਰੇ 4/5 ਵੀਰ ਗ੍ਰਿਫਤਾਰੀ ਦੇ ਰਹੇ ਹਨ। ਕੈਪਟਨ ਕੰਵਲਜੀਤ ਸਿੰਘ ਜੀ ਨੇ ਪਟਿਆਲੇ ਬਾਰ ਐਸੋਸੀਏਸ਼ਨ ਵਿਚ ਇਹ ਗੱਲ ਕਹੀ ਸੀ ਕਿ ਸਮਾਣੇ ਜੁਡੀਸ਼ੀਅਲ ਕੋਰਟ ਬਣਾ ਦਿੱਤੀ ਹੈ, ਮੈਂ ਕੁਐਸਚਨ ਬਰਾਂਚ ਵਿਚ ਬੇਨਤੀ ਕੀਤੀ ਸੀ ਸਵਾਲ ਵਾਸਤੇ, ਉਹ ਕਹਿਣ ਲਗੇ ਕਿ ਇਹ ਸਵਾਲ ਰਖਿਆ ਨਹੀਂ ਜਾ ਸਕਦਾ। ਇਸ ਵਾਸਤੇ ਮਜਬੂਰ ਹੋ ਕੇ ਇਥੇ ਬੋਲਣਾ ਪਿਆ ਹੈ। ਮੇਰੀ ਬੇਨਤੀ ਹੈ ਕਿ ਸਮਾਣੇ ਵਿਚ ਜੁਡੀਸ਼ੀਅਲ ਕੋਰਟ ਬਣ ਜਾਵੇ (ਇਸ ਸਮੇਂ ਖੁਰਾਕ ਤੇ ਸਪਲਾਈ ਰਾਜ ਮੰਤਰੀ ਜੀ ਨੇ ਬੈਠੇ ਬੈਠੇ ਕੁਝ ਕਿਹਾ ਜੋ ਸੁਣਾਈ ਨਹੀਂ ਦਿਤਾ) ਮਾਨ ਸਾਹਿਬ, ਤੁਸੀਂ ਮੇਰੀ ਗਲ ਵਿਚ ਕਿਉਂ ਬੋਲਦੇ ਹੋ। ਜੇਕਰ ਮੈਂ ਸਹੀ ਗਲ ਤੇ ਹੋ ਗਿਆ ਤਾਂ ਤੁਸੀਂ ਫਿਰ ਕਹੋਗੇ। ਸਪੀਕਰ ਸਾਹਿਬ, 100 ਕਿਲੋਮੀਟਰ ਦੂਰ ਲੋਕਾਂ ਨੂੰ ਬੱਸਾਂ ਰਾਹੀਂ ਆਉਣਾ ਪੈਂਦਾ ਹੈ। ਬਸਾਂ ਤੇ ਬਹੁਤ ਬੁਰਾ ਹਾਲ ਹੈ। ਇਕ ਮੁਜ਼ਰਮ ਨੂੰ ਲੈ ਜਾਣ ਵਾਸਤੇ ਦੋ ਸਿਪਾਹੀ ਜਾਂਦੇ ਹਨ,ਉਹ ਉਸ ਨੂੰ ਘੜੀਸ ਕੇ ਤਿੰਨ ਤਿੰਨ ਬੱਸਾਂ ਬਦਲ ਕੇ ਲੈ ਜਾਂਦੇ ਹਨ। ਖੜੌਰੀ ਤੋਂ 12/14 ਕਿਲੋਮੀਟਰ ਤੋਂ ਲੋਕ ਆਉਂਦੇ ਹਨ। ਸਰਕਾਰ ਦੱਸੇ ਕਿ ਕਿਹੜੀ ਤਾਰੀਖ ਤਕ ਜੁਡੀਸ਼ੀਅਲ ਕੋਰਟ ਬਣਾਈ ਜਾਵੇਗੀ। ਡੀ. ਸੀ., ਸੈਸ਼ਨ ਜੱਜ ਮੌਕੇ ਤੇ ਗਏ ਸਨ। ਇਹ ਗੱਲ ਨਿਖਾਰ ਕੇ ਸਾਹਮਣੇ ਲਿਆਂਦੀ ਜਾਵੇ। ਆਪ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਆਪਣਾ ਪੱਖ ਪੇਸ਼ ਕਰਨ ਲਈ ਮੌਕਾ ਦਿੱਤਾ ਹੈ।

CALL ATTENTION NOTICES UNDER RULE 66

(ਕ੍ਰਮ ਨੰ : 39)

ਕਾਮਰੇਡ ਮਹਿਤਾਬ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ, ਮਿਤੀ 12/13 ਮਾਰਚ, ਨੂੰ ਭਾਰੀ ਬਾਰਸ਼ ਕਾਰਨ ਹੇਠ ਲਿਖੇ ਪਿੰਡਾਂ ਦੀਆਂ ਖੜ੍ਹੀਆਂ ਫਸਲਾਂ ਨਸ਼ਟ ਹੋ ਗਈਆਂ ਹਨ। ਨੀਵੇਂ ਥਾਂ ਪਾਣੀ ਭਰਨ ਨਾਲ ਕਣਕ ਦੀ ਫਸਲ ਨੂੰ ਭਾਰੀ ਨੁਕਸਾਨ ਪੁੱਜਾ ਹੈ। ਇਨ੍ਹਾਂ ਪਿੰਡਾਂ ਦੇ ਕਿਸਾਨਾਂ ਜਿਨ੍ਹਾਂ ਦੀ ਫਸਲ ਹਾੜੀ ਨੁਕਸਾਨ ਹੋ ਗਈ ਹੈ ਭਾਰੀ ਮੁਸ਼ਕਿਲ ਵਿਚ ਹਨ। ਕਿਸਾਨਾਂ ਵਿਚ ਸਖਤ ਬੇਚੈਨੀ ਪਾਈ ਜਾ ਰਹੀ ਹੈ। ਸਰਕਾਰ ਇਸ ਸਦਨ ਵਿਚ ਬਿਆਨ ਦੇਣ ਦੀ ਕ੍ਰਿਪਾਲਤਾ ਕਰੇ।

ਹੇਠ ਲਿਖੇ ਪਿੰਡ ਜਿਨ੍ਹਾਂ 'ਚ ਨੁਕਸਾਨ ਹੋਇਆ ਹੈ:—

1. ਨੁਕੇਰੀਆਂ
2. ਅਲਿਆਣਾ
3. ਹਲੀਸਵਾਲ
4. ਘਟਿਆਵਲ

} ਤਹਿਸੀਲ ਫਾਜ਼ਿਲਕਾ, ਜ਼ਿਲ੍ਹਾ ਫਿਰੋਜ਼ਪੁਰ।

ਮਾਲ ਅਤੇ ਪੁਨਰਵਾਸ ਮੰਤਰੀ (ਸਰਦਾਰ ਮੇਜਰ ਸਿੰਘ ਉਬੋਕੇ) : ਡਿਪਟੀ ਕਮਿਸ਼ਨਰ, ਫਿਰੋਜ਼ਪੁਰ ਤੋਂ ਪ੍ਰਾਪਤ ਹੋਈ ਮੁਢਲੀ ਰਿਪੋਰਟ ਅਨੁਸਾਰ 12/13 ਮਾਰਚ, 1987 ਨੂੰ ਹੋਈ ਭਾਰੀ ਬਾਰਸ਼ ਕਾਰਨ, ਪਿੰਡ ਨੁਕੇਰੀਆਂ, ਅਲਿਆਣਾ, ਹਲੀਸਵਾਲ ਅਤੇ ਘਟਿਆਵਲ ਵਿਚ ਕਣਕ ਦੀ ਖੜ੍ਹੀ ਫਸਲ ਨੂੰ ਕੋਈ ਨੁਕਸਾਨ ਨਹੀਂ ਹੋਇਆ। ਫਿਰ ਵੀ ਜੇਕਰ ਆਮ ਗਿਰਦਾਵਰੀ ਜਿਹੜੀ ਕਿ ਚਲ

ਰਹੀ ਹੈ ਦੇ ਦੌਰਾਨ ਕੋਈ ਨੁਕਸਾਨ ਪਾਇਆ ਗਿਆ ਤਾਂ ਕੁਦਰਤੀ ਆਫਤਾਂ ਨਾਲ ਨੁਕਸਾਨ ਹੋਣ ਕਾਰਨ ਰਾਹਤ ਦੇਣ ਸਬੰਧੀ ਹਦਾਇਤਾਂ ਅਨੁਸਾਰ ਪ੍ਰਭਾਵਿਤ ਕਾਸ਼ਤਕਾਰਾਂ ਨੂੰ ਮੁਆਵਜ਼ਾ ਦੇ ਦਿੱਤਾ ਜਾਵੇਗਾ।

ਕਾਮਰੇਡ ਮਹਿਤਾਬ ਸਿੰਘ: ਸਪੀਕਰ ਸਾਹਿਬ, ਨੁਕਸਾਨ ਨਾ ਹੋਣ ਦੀ ਗਲਤ ਰਿਪੋਰਟ ਇਨ੍ਹਾਂ ਪਾਸ ਆ ਗਈ ਹੈ, ਪਰ ਹੁਣ ਜਿਹੜਾ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਗਿਰਦਾਵਰੀ ਕਰਵਾਈ ਜਾਵੇਗੀ ਔਰ ਜੇ ਨੁਕਸਾਨ ਹੋਇਆ ਤਾਂ ਮੁਆਵਜ਼ਾ ਦਿੱਤਾ ਜਾਵੇਗਾ, ਇਹ ਚੰਗੀ ਗਲ ਹੈ। ਪਰ ਇਸ ਵਿਚ ਅਸਲ ਗਲ ਜਿਹੜੀ ਹੈ ਉਹ ਇਹ ਹੈ ਕਿ ਨੁਕੇਰੀਆਂ, ਕਲੀ ਖੇੜਾ ਤੇ ਇਕ ਛੋਟੀ ਡਰੇਨ ਹੈ ਉਸ ਦੀ ਖੁਦਾਈ ਨਾ ਹੋਣ ਕਾਰਨ ਉਥੇ ਪਾਣੀ ਖੜ੍ਹਾ ਰਹਿੰਦਾ ਹੈ, ਉਸ ਪਾਣੀ ਖੜ੍ਹਨ ਨਾਲ ਉਹ ਫਸਲ ਪਕਦੀ ਨਹੀਂ। ਇਸ ਲਈ ਕੀ ਸਰਕਾਰ ਉਥੇ ਨਾਲੇ ਦੀ ਪੁਟਾਈ ਕਰਾਵੇਗੀ ਤਾਂਕਿ ਜਿਹੜੀ ਸਾਉਣੀ ਦੀ ਫਸਲ ਆਉਣੀ ਹੈ ਉਸ ਨੂੰ ਨੁਕਸਾਨ ਨਾ ਪੁਜੇ ?

ਮੰਤਰੀ: ਸਪੀਕਰ ਸਾਹਿਬ, ਜਿਥੋਂ ਤਕ ਰਾਹਤ ਦਾ ਤੁਅੱਲਕ ਹੈ ਇਹ ਪ੍ਰਚਲਤ ਹੈ ਕਿ ਜਿਸ ਵੇਲੇ ਨੁਕਸਾਨ ਹੁੰਦਾ ਹੈ ਉਸ ਦੀ ਰਿਪੋਰਟ ਮਿਲਣ ਤੇ 10 ਦਿਨਾਂ ਦੇ ਅੰਦਰ ਅੰਦਰ ਗਿਰਦਾਵਰੀ ਕੀਤੀ ਜਾਂਦੀ ਹੈ। ਕਿਉਂਕਿ ਕਈ ਵਾਰ ਬਾਰਸ਼ ਆਉਣ ਤੋਂ ਬਾਅਦ ਫਸਲਾਂ ਫਿਰ ਖੜੀਆਂ ਹੋ ਜਾਂਦੀਆਂ ਹਨ। ਜਿਥੇ ਪਾਣੀ ਬਾਰਸ਼ਾਂ ਨਾਲ ਖੜ੍ਹਾ ਹੋ ਜਾਂਦਾ ਹੈ ਉਸ ਵਾਸਤੇ ਸਰਕਾਰ ਨੇ ਨਾਲੇ ਖੋਦਣ ਦੀ ਸਕੀਮ ਵੀ ਬਣਾਈ ਹੈ ਤਾਂਕਿ ਨੁਕਸਾਨ ਨਾ ਹੋਵੇ। ਬਾਕੀ ਜਿਥੋਂ ਤਕ ਕਾਮਰੇਡ ਸਾਹਿਬ ਨੇ ਜਿਹੜਾ ਸਵਾਲ ਕੀਤਾ ਹੈ ਉਸ ਵਾਸਤੇ ਅਸੀਂ ਮੁਆਵਜ਼ਾ ਦੇਣ ਦਾ ਇਕਰਾਰ ਕੀਤਾ ਹੈ, ਜੇ ਨੁਕਸਾਨ ਹੋਇਆ ਹੋਇਆ ਤਾਂ। ਅਸੀਂ ਆਪ ਜਾ ਕੇ ਵੇਖਾਂਗੇ। 22 ਮਾਰਚ, 1987 ਨੂੰ ਐਤਵਾਰ ਦਾ ਦਿਨ ਇਸੇ ਕਰਕੇ ਰਖਿਆ ਹੈ ਕਿ ਜੇਕਰ ਕਾਮਰੇਡ ਸਾਹਿਬ ਵੀ ਉਥੇ ਆ ਸਕਦੇ ਹਨ ਤਾਂ ਆ ਜਾਣ ਅਸੀਂ ਆਪ ਵੇਖਾਂਗੇ ਔਰ ਜੇ ਕੋਈ ਸਚਾਈ ਹੋਵੇਗੀ ਤਾਂ ਜ਼ਰੂਰ ਮੁਆਵਜ਼ਾ ਦੇਵਾਂਗੇ। ਡਿਪਟੀ ਕਮਿਸ਼ਨਰ ਦੀ ਰਿਪੋਰਟ ਮਿਲਣ ਤੇ ਵੀ ਮੈਂ ਉਥੇ ਆਪ ਜਾਣ ਦਾ ਫੈਸਲਾ ਕੀਤਾ ਹੈ ਤਾਂਕਿ ਸਚਾਈ ਵੇਖ ਲਵਾਂਗੇ।

(ਇਸ ਵੇਲੇ ਕਈ ਮੈਂਬਰਜ਼ ਬੋਲਣ ਲਈ ਖੜ੍ਹੇ ਸਨ।)

ਸ਼੍ਰੀ ਸਪੀਕਰ: ਹੋਰ ਸਪਲੀਮੈਂਟਰੀ ਨਹੀਂ ਹੋ ਸਕਦੀਆਂ।

ਕਾਮਰੇਡ ਮਹਿਤਾਬ ਸਿੰਘ: ਸਪੀਕਰ ਸਾਹਿਬ, ਇਹ ਚੰਗੀ ਗਲ ਹੈ ਅਤੇ ਅਸੀਂ ਇਨ੍ਹਾਂ ਦੇ ਮਸ਼ਕੂਰ ਹਾਂ ਕਿ ਇਨ੍ਹਾਂ ਨੇ ਉਥੇ ਜਾਣ ਦਾ ਸਮਾਂ ਫਿਕਸ ਕੀਤਾ ਹੈ ਪਰ ਮੈਂ ਇਹ ਗੱਲ ਪੁੱਛਣੀ ਹੈ ਕਿ ਕੀ ਉਥੇ ਕੋਈ ਕਰੇਨ ਵਗੈਰਾ ਲਵਾਕੇ ਨਾਲੇ ਦੀ ਖੁਦਾਈ ਕਰਵਾਉਣਗੇ ਤਾਂਕਿ ਅਗੇਂ ਤੋਂ ਉਨ੍ਹਾਂ ਦਾ ਨੁਕਸਾਨ ਨਾ ਹੋ ਸਕੇ ?

ਸ਼੍ਰੀ ਸਪੀਕਰ: ਦੂਸਰੀ ਸਪਲੀਮੈਂਟਰੀ ਨਹੀਂ ਆ ਸਕਦੀ। ਉਨ੍ਹਾਂ ਨੇ ਤਾਂ ਤੁਹਾਨੂੰ ਆਫਰ ਦਿੱਤੀ ਹੈ। ਤੁਸੀਂ ਉਨ੍ਹਾਂ ਦੀ ਕੰਪਨੀ ਕਰ ਲੈਣਾ। ਉਨ੍ਹਾਂ ਨੇ ਤੁਹਾਨੂੰ ਸੈਟਿਸਫਾਈ ਕੀਤਾ ਹੈ। ਨੈਕਸਟ ਕਾਲ ਅਟੈਨਸ਼ਨ। ਤੁਸੀਂ ਬੈਠੋ।

ਕਾਮਰੇਡ ਮਹਿਤਾਬ ਸਿੰਘ : ** ** **

ਸ਼੍ਰੀ ਸਪੀਕਰ: ਤੁਸੀਂ ਬੈਠੋ। ਇਹ ਜੋ ਕੁਝ ਕਾਮਰੇਡ ਸਾਹਿਬ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ।

**Not recorded as ordered by the Chair.

(ਕ੍ਰਮ ਨੰ: 40)

ਸਰਦਾਰ ਕਿਰਪਾਲ ਸਿੰਘ: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਕਿ ਆਲ ਇੰਡੀਆ ਟੱਪਰੀਵਾਸ ਤੇ ਵਿਮੁਕਤ ਜਾਤੀਆਂ ਫੈਡਰੇਸ਼ਨ ਨੇ ਬੜੀ ਦੇਰ ਤੋਂ ਰਿਜ਼ਰਵੇਸ਼ਨ ਵਿਚ ਆਪਣਾ ਹਿੱਸਾ ਰਾਖਵਾਂ ਰੱਖਣ ਵਾਸਤੇ ਸੰਘਰਸ਼ ਚਲਾਇਆ ਹੋਇਆ ਹੈ। ਉਨ੍ਹਾਂ ਦੇ ਦੋ ਵੱਡੇ ਲੀਡਰਾਂ ਨੇ ਮਰਨ ਵਰਤ ਰਖਿਆ ਹੋਇਆ ਹੈ ਜਿਨ੍ਹਾਂ ਦੀ ਸਿਹਤ ਦਿਨੋਂ ਦਿਨ ਡਿਗ ਰਹੀ ਹੈ। ਉਨ੍ਹਾਂ ਜਾਤੀਆਂ ਵਿਚ ਬੇਚੈਨੀ ਵੱਧ ਰਹੀ ਹੈ। ਸਰਕਾਰ ਸਮਾਜ ਦੇ ਇਸ ਲਤਾੜੇ ਹੋਏ ਵਰਗ ਨੂੰ ਇਨਸਾਫ ਦੇਣ ਲਈ ਆਪਣੀ ਨੀਤੀ ਸਪੱਸ਼ਟ ਕਰੇ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ (ਸਰਦਾਰ ਦਲੀਪ ਸਿੰਘ ਪਾਂਧੀ): ਸਪੀਕਰ ਸਾਹਿਬ, ਵਿਮੁਕਤ ਜਾਤੀਆਂ ਅਤੇ ਟਪਰੀਵਾਸੀਆਂ ਵਲੋਂ ਕੀਤੀਆਂ ਮੰਗਾਂ ਅਨੁਸਾਰ ਇਨ੍ਹਾਂ ਜਾਤੀਆਂ ਨੂੰ ਅਨੁਸੂਚਿਤ ਕਬੀਲਿਆਂ ਵਿਚ ਸ਼ਾਮਲ ਕਰਨ ਲਈ ਪੰਜਾਬ ਰਾਜ ਵਲੋਂ ਮਾਮਲਾ ਭਾਰਤ ਸਰਕਾਰ ਨੂੰ ਸਾਲ 1979 ਦਾ ਭੇਜਿਆ ਹੋਇਆ ਹੈ। ਇਨ੍ਹਾਂ ਜਾਤੀਆਂ ਨੂੰ ਅਨੁਸੂਚਿਤ ਕਬੀਲੇ ਘੋਸ਼ਿਤ ਜਲਦੀ ਕਰਨ ਲਈ ਪੰਜਾਬ ਰਾਜ ਦੇ ਮੁੱਖ ਮੰਤਰੀਆਂ ਵਲੋਂ ਭਾਰਤ ਸਰਕਾਰ ਦੇ ਗ੍ਰਹਿ ਮੰਤਰੀ ਨੂੰ ਅੱਧ ਸਰਕਾਰੀ ਪੱਤਰਾਂ ਰਾਹੀਂ ਬੇਨਤੀਆਂ ਕੀਤੀਆਂ ਜਾਂਦੀਆਂ ਰਹੀਆਂ ਹਨ। ਭਾਰਤ ਸਰਕਾਰ ਨੇ ਰਾਜ ਸਰਕਾਰ ਨੂੰ ਸੂਚਿਤ ਕੀਤਾ ਹੈ ਕਿ ਇਨ੍ਹਾਂ ਜਾਤੀਆਂ ਨੂੰ ਅਨੁਸੂਚਿਤ ਕਬੀਲਿਆਂ ਵਿਚ ਸ਼ਾਮਲ ਕਰਨ ਲਈ ਸੰਵਿਧਾਨ ਵਿਚ ਸੋਧ ਸੰਸਦ ਵਿਚ ਕਾਨੂੰਨਸਾਜ਼ੀ ਰਾਹੀਂ ਕੀਤੀ ਜਾ ਸਕਦੀ ਹੈ ਜਿਸ ਸਬੰਧੀ ਮਾਮਲਾ ਗ੍ਰਹਿ ਮੰਤਰਾਲੇ ਦੇ ਸਰਗਰਮੀ ਨਾਲ ਵਿਚਾਰ ਅਧੀਨ ਹੈ। ਇਨ੍ਹਾਂ ਜਾਤੀਆਂ ਵਿਚੋਂ ਕਈ ਜਾਤੀਆਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹਨ। ਰਾਜ ਸਰਕਾਰ ਵਲੋਂ ਜੋ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਹਿੱਤਾਂ ਲਈ ਰਿਜ਼ਰਵੇਸ਼ਨ ਨਿਰਧਾਰਤ ਕੀਤੀ ਹੋਈ ਹੈ ਉਸ ਦਾ ਲਾਭ ਵਿਮੁਕਤ ਜਾਤੀਆਂ ਵਿਚੋਂ ਜੋ ਜਾਤੀਆਂ ਅਨੁਸੂਚਿਤ ਜਾਤੀਆਂ/ਪਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹਨ, ਉਹ ਪ੍ਰਾਪਤ ਕਰ ਰਹੀਆਂ ਹਨ। ਵਿਮੁਕਤ ਜਾਤੀਆਂ/ਟਪਰੀਵਾਸੀਆਂ ਲਈ ਵੱਖਰੀ ਰਿਜ਼ਰਵੇਸ਼ਨ ਕਰਨ ਦਾ ਮਾਮਲਾ ਭਾਰਤ ਸਰਕਾਰ ਵਲੋਂ ਇਨ੍ਹਾਂ ਜਾਤੀਆਂ ਨੂੰ ਅਨੁਸੂਚਿਤ ਕਬੀਲੇ ਘੋਸ਼ਿਤ ਕਰਨ ਤੇ ਹੀ ਇਨ੍ਹਾਂ ਦੀ ਜਨ ਸੰਖਿਆ ਦੇ ਸਨਮੁੱਖ ਵਿਚਾਰਿਆ ਜਾ ਸਕਦਾ ਹੈ। ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਉਪਲਬਧ ਸਹੂਲਤਾਂ ਤੋਂ ਇਲਾਵਾ ਵਿਮੁਕਤ ਜਾਤੀਆਂ ਲਈ ਵਿਸ਼ੇਸ਼ ਤੌਰ ਤੇ ਵੀ ਸਕੀਮਾਂ ਅਧੀਨ ਜਿਵੇਂ ਮਕਾਨ ਉਸਾਰੀ ਲਈ 5,000 ਰੁਪਏ ਵਿਮੁਕਤ ਜਾਤੀਆਂ ਦੇ ਪ੍ਰਤੀ ਵਿਅਕਤੀ ਦੇ ਹਿਸਾਬ ਨਾਲ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਕਾਰਜ ਲਈ ਚਾਲੂ ਸਾਲ ਵਿਚ 8 ਲੱਖ ਰੁਪਏ ਦਾ ਉਪਬੰਧ ਹੈ। ਇਸ ਤੋਂ ਇਲਾਵਾ ਵਿਮੁਕਤ ਜਾਤੀਆਂ ਜਿਨ੍ਹਾਂ ਦੀ ਆਮਦਨ 5,000 ਰੁਪਏ ਸਾਲਾਨਾ ਤੋਂ ਵੱਧ ਨਹੀਂ ਹੈ, ਉਨ੍ਹਾਂ ਦੇ ਬਚਿਆਂ ਨੂੰ ਪੜ੍ਹਾਈ ਲਈ ਵਜ਼ੀਫੇ ਪ੍ਰਾਇਮਰੀ ਕਲਾਸ ਤੋਂ ਦਿੱਤੇ ਜਾਂਦੇ ਹਨ।

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਮਹਾਂਰਾਸ਼ਟਰਾ ਅਤੇ ਆਂਧਰਾ ਪ੍ਰਦੇਸ਼ ਸਰਕਾਰਾਂ ਨੇ ਇਨ੍ਹਾਂ ਦਾ ਕੋਟਾ ਵੱਖਰਾ ਵੱਖਰਾ ਮੁਕੱਰਰ ਕੀਤਾ ਹੋਇਆ ਹੈ। ਇਨ੍ਹਾਂ ਦੇ ਮੁਤੱਲਕ ਕਈ ਕਮਿਸ਼ਨ
3 P.M. ਹਨ। ਪਹਿਲੇ ਐਂਗਰੀ ਕਮਿਸ਼ਨ 1952 ਵਿਚ ਫੇਰ ਲਾਟੂਊਰ ਕਮੇਟੀ ਬਣਾਈ ਗਈ ਸੀ ਅਤੇ ਫੇਰ ਹਾਈਕੋਰਟ ਦਾ ਡਿਸੀਜ਼ਨ ਆਇਆ ਸੀ। ਇਸ ਨੇ ਰਿਪੋਰਟ ਇਨ੍ਹਾਂ ਦੇ ਫੇਵਰ ਵਿਚ ਦਿੱਤੀ ਸੀ ਕਿਉਂਕਿ ਅੰਗਰੇਜ਼ਾਂ ਦੇ ਰਾਜ ਵਿਚ ਇਨ੍ਹਾਂ ਦੇ ਬਚਿਆਂ ਨੂੰ ਵਜ਼ੀਫੇ ਮਿਲਦੇ ਸਨ ਅਤੇ ਬਾਦ ਵਿਚ ਸਾਰੀਆਂ ਸਹੂਲਤਾਂ ਮਿਲਦੀਆਂ ਰਹੀਆਂ ਹਨ, ਪਰ 1952 ਵਿਚ ਸੰਵਿਧਾਨ ਵਿਚ ਇਹ

ਸਹੂਲਤਾਂ ਖ਼ਤਮ ਕਰ ਦਿੱਤੀਆਂ ਗਈਆਂ ਸਨ, ਜਿਹੜੀ ਗੱਲ ਸਟੇਟ ਗੌਰਮਿੰਟ ਉਨ੍ਹਾਂ ਦੇ ਹੱਕ ਵਿਚ ਕਰ ਸਕਦੀ ਹੈ ਅਤੇ ਕੋਟਾ ਫਿਕਸ ਕਰ ਸਕਦੀ ਹੈ ਉਸ ਨੂੰ ਤਾਂ ਮੁਕੱਰਰ ਕਰੇ। ਇਸ ਤੋਂ ਸਰਕਾਰ ਕਿਉਂ ਗੁਰੇਜ਼ ਕਰ ਰਹੀ ਹੈ। ਇਸ ਦੇ ਵਿੱਚ ਸੈਂਟਰਲ ਗੌਰਮਿੰਟ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ। ਇਸ ਸਬੰਧੀ ਮਨਿਸਟਰ ਸਾਹਿਬ ਸਰਕਾਰ ਦੀ ਪਾਲਿਸੀ ਦੱਸਣ ਕੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੇ ਵਿਮੁੱਕਤ ਜਾਤੀਆਂ ਅਤੇ ਟੱਪਰੀਵਾਸੀ ਲੋਕ ਇਹ ਇਕ ਕ੍ਰਿਮੀਨਲ ਲੋਕ ਅੰਗਰੇਜ਼ਾਂ ਦੇ ਸਮੇਂ ਸਨ ਪਰ ਇਹ ਸਮੇਂ ਦੇ ਮੁਤਾਬਿਕ ਤਬਦੀਲ ਹੁੰਦੇ ਗਏ ਅਤੇ ਬਹੁਤ ਸਾਰੇ ਤਬਦੀਲ ਹੋ ਗਏ ਹਨ ਅਤੇ ਪੰਜਾਬ ਵਿਚ ਰਹਿੰਦੇ ਹਨ। ਉਨ੍ਹਾਂ ਦੀ ਨੁਮਾਇੰਦਗੀ ਸਰਦਾਰ ਨਿਰਮਲ ਸਿੰਘ ਨਿਰਮਲ ਅਤੇ ਆਜ਼ਾਦ ਵਗੈਰਾ ਕਰ ਰਹੇ ਹਨ ਅਤੇ ਉਨ੍ਹਾਂ ਨੇ ਭੁੱਖ ਹੜਤਾਲ ਰੱਖੀ ਹੋਈ ਹੈ। ਉਨ੍ਹਾਂ ਦੀ ਮੰਗ ਹੈ ਕਿ ਸਾਨੂੰ ਸ਼ਡਿਊਲਡ ਟਰਾਈਬਜ਼ ਕਰਾਰ ਦਿੱਤਾ ਜਾਵੇ। ਉਨ੍ਹਾਂ ਦਾ ਮਾਮਲਾ ਵਿਚਾਰਿਆ ਜਾ ਸਕਦਾ ਹੈ। ਉਹ ਆਪਣੇ ਆਪ ਨੂੰ ਮਾਰਵਾੜ ਰਾਜਾ ਦੇ ਰਾਜ ਦੇ ਜੈਸਲਮੇਰ ਰਾਜ ਦੇ ਰਾਜਪੂਤ ਕਲੇਮ ਕਰਦੇ ਹਨ ਕਿ ਅਸੀਂ ਉਸ ਫੈਮਿਲੀ ਵਿਚੋਂ ਹਾਂ ਜਿਵੇਂ ਕੈਪਟਨ ਸਾਹਿਬ ਰਾਜਪੂਤ ਜੈਸਲਮੇਰ ਦੇ ਕਰਦੇ ਹਨ ਉਹ ਕਹਿੰਦੇ ਹਨ ਕਿ ਅਸੀਂ ਅਨੁਸੂਚਿਤ ਜਾਤੀ ਨਹੀਂ ਬਲਕਿ ਅਸੀਂ ਰਾਜਪੂਤ ਹੁੰਦੇ ਹਾਂ। ਇਸ ਮਾਮਲੇ ਸਬੰਧੀ ਭਾਰਤ ਸਰਕਾਰ ਨੂੰ ਡੀ. ਓ. ਲੈਟਰ ਰਾਹੀਂ ਲਿਖਿਆ ਗਿਆ ਸੀ ਕਿਉਂਕਿ ਪੰਜਾਬ ਵਿਚ ਕੋਈ ਐਸ. ਟੀ. ਨਹੀਂ ਹੈ ਔਰ ਇਹ ਕਾਸਟ ਹੋਰਨਾਂ ਸਟੇਟਸ ਦੇ ਵਿਚ ਹੈ ਅਤੇ ਇਸ ਨੂੰ ਡਿਕਲੇਅਰ ਭਾਰਤ ਸਰਕਾਰ ਨੇ ਕਰਨਾ ਹੈ ਪਰ ਫੇਰ ਵੀ ਜਿਹੜੇ ਇਨ੍ਹਾਂ ਵਿਚੋਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਹਨ ਉਨ੍ਹਾਂ ਨੂੰ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪਿਛੇ ਜਿਹੇ ਸਾਡੇ ਮੁੱਖ ਮੰਤਰੀ ਸਾਹਿਬ ਨਾਲ ਕੁਝ ਮੈਂਬਰ ਸਾਹਿਬਾਨ ਨੇ ਉਨ੍ਹਾਂ ਦੇ ਹੱਕ ਵਿਚ ਫੈਸਲਾ ਕਰਨ ਲਈ ਕਿਹਾ ਸੀ, ਜਿਸ ਉਤੇ ਵਿਚਾਰ ਹੋ ਰਹੀ ਹੈ ਪਰ ਇਨ੍ਹਾਂ ਨੂੰ ਡਿਕਲੇਅਰ ਐਸ. ਟੀ. ਕਰਨਾ ਭਾਰਤ ਸਰਕਾਰ ਦਾ ਹੈ। ਔਰ ਜਦ ਤੱਕ ਭਾਰਤ ਸਰਕਾਰ ਸੰਵਿਧਾਨ ਵਿਚ ਅਮੈਂਡਮੈਂਟ ਨਹੀਂ ਕਰਦੀ ਉਤਨੀ ਦੇਰ ਤੱਕ ਪੰਜਾਬ ਸਰਕਾਰ ਇਸ ਦੇ ਵਿਚ ਦਖਲ ਅੰਦਾਜ਼ੀ ਨਹੀਂ ਕਰ ਸਕਦੀ ਹੈ ਕਿਉਂਕਿ ਸਾਰਾ ਕੰਮ ਭਾਰਤ ਸਰਕਾਰ ਨੇ ਕਰਨਾ ਹੈ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਅਗਲੀ ਗੱਲ ਮੇਰੀ ਇਹ ਹੈ ਕਿ ....

ਸ੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ, ਤੁਸੀਂ ਆਪ ਇਤਨੇ ਪੁਰਾਣੇ ਸੀਨੀਅਰ ਲੈਜਿਸਲੇਟਰ ਹੋ। ਹੋਰ ਸਪਲੀਮੈਂਟਰੀ ਦੀ ਲੋੜ ਨਹੀਂ ਹੈ। ਅਗਲੀ ਕਾਲ ਅਟੈਨਸ਼ਨ ਵੀ ਤੁਹਾਡੀ ਹੀ ਹੈ।

(ਕ੍ਰਮ ਨੰ : 42)

ਸਰਦਾਰ ਕਿਰਪਾਲ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਵਾਂਗਾ, ਅਰਥਾਤ, ਜੋ ਬਲਿਊ ਸਟਾਰ ਐਕਸ਼ਨ ਕਰਕੇ ਬਰਬਾਦ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲਗਦੇ ਬਜ਼ਾਰ ਦੇ ਗਰੀਬ ਕਿਰਾਏਦਾਰ ਦੁਕਾਨਦਾਰਾਂ ਦੇ ਮੁਤੱਲਕ ਹੈ ਤੇ ਜਿਨ੍ਹਾਂ ਦੀਆਂ ਦੁਕਾਨਾਂ ਅਕਾਲ ਤਖਤ ਸਾਹਿਬ ਦੀ ਨਵੀਂ ਬਾਊਂਡਰੀ ਦਿਵਾਰ ਵਿਚ ਆ ਚੁਕੀਆਂ ਹਨ। ਇਨ੍ਹਾਂ ਲੋਕਾਂ ਵਿਚ ਇਨਸ਼ੋਰੈਂਸ ਕਰਾਉਣ ਵਾਲੇ ਆਪਣੇ ਨੁਕਸਾਨ ਦਾ ਕਾਫੀ ਹਿੱਸਾ ਪ੍ਰਾਪਤ ਕਰ ਚੁੱਕੇ ਹਨ। ਜਿਨ੍ਹਾਂ ਇਨਸ਼ੋਰੈਂਸ ਨਹੀਂ ਕਰਵਾਈ ਉਨ੍ਹਾਂ ਨੂੰ ਪੰਜਾਬ ਸਰਕਾਰ ਵਲੋਂ ਮਾਕੂਲ ਮੁਆਵਜ਼ਾ ਮਿਲਿਆ ਹੈ ਜਦੋਂ ਕਿ ਮਾਲਕ ਦੁਕਾਨਾਤ ਆਪਣੀ ਜਾਇਦਾਦ ਦਾ ਮਾਕੂਲ ਮੁਆਵਜ਼ਾ ਹਾਸਲ ਕਰ ਚੁੱਕੇ ਹਨ। ਐਸੇ ਕਿਰਾਏਦਾਰ ਦੁਕਾਨਦਾਰ ਇਨਸ਼ੋਰੈਂਸ ਕਰਾਉਣ ਵਾਲਿਆਂ ਦੇ ਬਰਾਬਰ ਮੁਆਵਜ਼ਾ

[ਸਰਦਾਰ ਕਿਰਪਾਲ ਸਿੰਘ]

ਲੈਣ ਦੇ ਹੱਕਦਾਰ ਹਨ। ਦੂਸਰੇ ਉਹ ਹੀ ਕਿਰਾਏਦਾਰ ਦੁਕਾਨਦਾਰ ਹਨ ਜਿਨ੍ਹਾਂ ਦੇ ਮਾਲ ਤੇ ਫਰ- ਨੀਚਰ ਦਾ ਮੁਆਵਜ਼ਾ ਦੇਣ ਤੇ ਅਜੇ ਤਕ ਗੌਰ ਨਹੀਂ ਕੀਤਾ ਗਿਆ। ਇਹ ਲੋਕ ਉਨ੍ਹਾਂ ਦੁਕਾਨਾਂ ਵਿਚ ਸਨ ਜੋ ਜੱਥੇਦਾਰ ਸੰਤਾ ਸਿੰਘ ਨਿਹੰਗ ਨੇ ਢੁਆਈਆਂ ਸਨ ਤੇ ਜਿਨ੍ਹਾਂ ਨੂੰ ਮਿਲਟਰੀ ਕੰਟਰੋਲ ਵਾਲਾ ਇਲਾਕਾ ਹੋਣ ਕਰਕੇ ਆਪਣਾ ਮਾਲ ਅਸਬਾਬ ਕੱਢਣ ਨਹੀਂ ਦਿੱਤਾ ਗਿਆ। ਇਨ੍ਹਾਂ ਤੇ ਇਸ ਕਿਸਮ ਦੇ ਗਰੀਬਾਂ ਤੇ ਸਤਾਏ ਹੋਏ ਲੋਕਾਂ ਵਿਚ ਬੇਚੈਨੀ ਦੂਰ ਕਰਨ ਵਾਸਤੇ ਸਰਕਾਰ ਆਪਣੀ ਨੀਤੀ ਸਪੱਸ਼ਟ ਕਰੇ ।

ਮਾਲ ਅਤੇ ਪੁਨਰਵਾਸ ਮੰਤਰੀ (ਸਰਦਾਰ ਮੇਜਰ ਸਿੰਘ ਉਬੋਕੇ): ਸਪੀਕਰ ਸਾਹਿਬ, ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਜਿਹੜੇ ਵਿਅਕਤੀਆਂ ਦਾ ਓਪਰੇਸ਼ਨ ਬਲਿਊ ਸਟਾਰ ਦੌਰਾਨ ਦੁਕਾਨਾਂ ਵਿਚ ਪਈਆਂ ਵਪਾਰਕ ਵਸਤੂਆਂ ਦਾ ਨੁਕਸਾਨ ਹੋਇਆ ਸੀ ਉਹਨਾਂ ਨੂੰ ਨੁਕਸਾਨ ਦਾ ਨਿਰਧਾਰਨ ਕਰਨ ਲਈ ਇਕ ਕਮੇਟੀ ਦੀ ਸਥਾਪਨਾ ਕੀਤੀ ਗਈ ਸੀ, ਜਿਸ ਵਿਚ ਹੇਠ ਲਿਖੇ ਮੈਂਬਰ ਰੱਖੇ ਗਏ ਸਨ:—

1. ਕਾਰਜ ਸਾਧਕ ਅਫਸਰ, ਨਗਰ ਨਿਗਮ, ਅੰਮ੍ਰਿਤਸਰ।
2. ਤਹਿਸੀਲਦਾਰ, ਅੰਮ੍ਰਿਤਸਰ ।
3. ਕਰ ਅਤੇ ਆਬਕਾਰੀ ਅਫਸਰ।
4. ਸ਼ਾਪ ਇਨਸਪੈਕਟਰ ।

ਸਪੀਕਰ ਸਾਹਿਬ, ਇਸ ਨੀਤੀ ਅਨੁਸਾਰ ਨਿਰਧਾਰਤ ਕੀਤੇ ਗਏ ਨੁਕਸਾਨ ਦੀ 50 ਫੀਸਦੀ ਮਾਲੀ ਸਹਾਇਤਾ ਜਾਂ ਵੱਧ ਤੋਂ ਵੱਧ 50,000 ਰੁਪਏ ਪ੍ਰਤੀ ਪਰਿਵਾਰ ਦਿੱਤੀ ਜਾਂਦੀ ਹੈ, ਬਸ਼ਰਤੇ ਕਿ ਜਿਹੜੀ ਰਕਮ ਬੀਮਾ ਕੰਪਨੀ ਵਲੋਂ ਮਿਲੇਗੀ ਉਹ ਇਸ ਕੁੱਲ ਮਿਲਣ ਵਾਲੀ ਸਹਾਇਤਾ ਰਾਸ਼ੀ ਵਿਚੋਂ ਘਟਾਈ ਜਾਵੇਗੀ। ਇਹੀ ਪਾਲਿਸੀ ਭਾਰਤਵਰਸ਼ ਦੇ ਸਾਰੇ ਰਾਜਾਂ ਵਿਚ ਪ੍ਰਚੱਲਤ ਹੈ ਅਤੇ ਲਾਗੂ ਕੀਤੀ ਜਾ ਰਹੀ ਹੈ ।

ਇਸ ਨੀਤੀ ਦੀ ਪਾਲਣਾ ਕਰਦੇ ਹੋਏ ਹੁਣ ਤਕ ਦੁਕਾਨਾਂ ਵਿਚ ਨਸ਼ਟ ਹੋਇਆ ਵਪਾਰਕ ਵਸਤੂਆਂ ਦਾ 27,23,465 ਰੁਪਏ ਦੀ ਸਹਾਇਤਾ ਦਿੱਤੀ ਜਾ ਚੁੱਕੀ ਹੈ।

122 ਬੀਮਾ ਸ਼ੁਦਾ ਜਾਇਦਾਦਾਂ ਜਿਨ੍ਹਾਂ ਦੇ ਮਾਲਕਾਂ/ਕਿਰਾਏਦਾਰਾਂ ਦਾ ਇਮਾਰਤਾਂ ਅਤੇ ਵਪਾਰਕ ਵਸਤੂਆਂ ਦਾ ਓਪਰੇਸ਼ਨ ਬਲਿਊ ਸਟਾਰ ਵੇਲੇ ਨੁਕਸਾਨ ਹੋਇਆ ਸੀ ਉਹਨਾਂ ਨੂੰ ਉਪਰੋਕਤ ਪਾਲਿਸੀ ਅਨੁਸਾਰ 21,81,472 ਰੁਪਏ ਦੀ ਮਾਲੀ ਸਹਾਇਤਾ ਦਿੱਤੀ ਗਈ ਸੀ। ਬੀਮਾ ਕੰਪਨੀਆਂ ਨੇ ਜਾਇਦਾਦਾਂ ਦੇ ਮਾਲਕਾਂ ਅਤੇ ਕਿਰਾਏਦਾਰਾਂ ਨੂੰ ਬੀਮੇ ਦੀ ਰਕਮ ਦੀ ਅਦਾਇਗੀ ਕਰਨ ਤੋਂ ਅਸਮਰਥਤਾ ਪ੍ਰਗਟ ਕੀਤੀ ਕਿਉਂਕਿ ਉਨ੍ਹਾਂ ਜਾਇਦਾਦਾਂ ਦਾ ਨੁਕਸਾਨ ਫੌਜੀ ਕਾਰਵਾਈ ਕਰਕੇ ਹੋਇਆ ਸੀ, ਜਿਸ ਬਾਰੇ ਬੀਮਾ ਪਾਲਿਸੀ ਵਿਚ ਕੋਈ ਧਾਰਾ ਨਹੀਂ ਸੀ। ਪੰਜਾਬ ਸਰਕਾਰ ਵਲੋਂ ਉਚ ਪੱਧਰ ਤੇ ਬਾਰ ਬਾਰ ਯਤਨ ਕਰਨ ਦੇ ਉਪਰਾਲੇ ਵਜੋਂ ਅਤੇ ਪੁਰਜ਼ੋਰ ਸਿਫਾਰਸ਼ ਕਰਨ ਉਪਰੰਤ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਦੀ ਤਜਵੀਜ਼ ਸਵੀਕਾਰ ਕਰਦੇ ਹੋਇਆਂ ਇਹ ਫੈਸਲਾ ਕੀਤਾ ਕਿ ਜੇਕਰ ਬੀਮਾ ਕੰਪਨੀਆਂ ਬੀਮੇ ਦੀ ਰਕਮ ਅਦਾ ਨਹੀਂ ਕਰ ਸਕਦੀਆਂ ਤਾਂ ਪੰਜਾਬ ਸਰਕਾਰ ਬੀਮਾਂ ਸ਼ੁਦਾ ਜਾਇਦਾਦਾਂ ਦਾ ਸਰਵੇਖਕਾਂ ਵਲੋਂ ਨਿਰਧਾਰਤ ਕੀਤੇ ਗਏ ਨੁਕਸਾਨ ਦੀ 100 ਫੀਸਦੀ ਸਹਾਇਤਾ ਰਾਸ਼ੀ ਅਦਾ ਕਰ ਦੇਵੇ। ਇਸ ਤਰ੍ਹਾਂ

ਅਦਾ ਕੀਤੀ ਗਈ ਰਕਮ ਦੀ ਰੀਇੰਬਰਸਮੈਂਟ ਲੈ ਲਵੇ। ਇਸ ਫੈਸਲੇ ਦੇ ਫਲਸਰੂਪ ਪੰਜਾਬ ਸਰਕਾਰ ਨੇ 57,72,067 ਰੁਪਏ ਦੀ ਅਤਿਰਿਕਤ ਸਹਾਇਤਾ ਰਾਸ਼ੀ ਬੀਮਾ ਸ਼ੁਦਾ ਜਾਇਦਾਦਾਂ ਦੇ ਮਾਲਕਾਂ ਅਤੇ ਕਿਰਾਏਦਾਰਾਂ ਨੂੰ ਅਦਾ ਕਰ ਦਿੱਤੀ ਹੈ।

ਜਿਨ੍ਹਾਂ ਦੁਕਾਨਾਂ ਦੇ ਕਿਰਾਏਦਾਰਾਂ ਨੇ ਆਪਣੀਆਂ ਵਪਾਰਕ ਵਸਤੂਆਂ ਦਾ ਬੀਮਾਂ ਨਹੀਂ ਕਰਵਾਇਆ ਸੀ ਉਨ੍ਹਾਂ ਨੂੰ ਕੇਵਲ ਨਿਯਮਾਂ ਅਤੇ ਨੀਤੀ ਅਨੁਸਾਰ ਨਿਰਧਾਰਤ ਕੀਤੇ ਗਏ ਨੁਕਸਾਨ ਦੀ 50% ਮਾਲੀ ਸਹਾਇਤਾ ਜਾਂ ਵੱਧ ਤੋਂ ਵੱਧ 50,000 ਰੁਪਏ ਦੀ ਰਕਮ ਪ੍ਰਤੀ ਪਰਿਵਾਰ ਦੇ ਹਿਸਾਬ ਨਾਲ ਦਿੱਤੀ ਗਈ ਹੈ। ਇਨ੍ਹਾਂ ਵਿਅਕਤੀਆਂ ਨੂੰ ਇਸ ਤੋਂ ਵੱਧ ਹੋਰ ਮਾਲੀ ਸਹਾਇਤਾ ਬੀਮਾ ਸ਼ੁਦਾ ਜਾਇਦਾਦਾਂ ਦੇ ਬਰਾਬਰ ਮੌਜੂਦਾ ਪਾਲਿਸੀ ਅਨੁਸਾਰ ਨਹੀਂ ਦਿੱਤੀ ਜਾ ਸਕਦੀ।

24 ਜਾਇਦਾਦਾਂ ਦਰਬਾਰ ਸਾਹਿਬ ਵਿਖੇ ਕਾਰ ਸੇਵਾ ਦੌਰਾਨ ਸ਼ਾਮਲ ਕੀਤੀਆਂ ਗਈਆਂ ਸਨ। ਇਨ੍ਹਾਂ ਜਾਇਦਾਦਾਂ ਦੇ 45 ਕਿਰਾਏਦਾਰਾਂ ਨੇ ਵਪਾਰਕ ਸਮਾਨ ਦੇ ਨੁਕਸਾਨ ਵਲੋਂ ਮਾਲੀ ਸਹਾਇਤਾ ਦੀ ਮੰਗ ਕੀਤੀ ਸੀ ਪਰ ਨਿਰਧਾਰਤ ਕਮੇਟੀ ਨੇ ਪ੍ਰਵਾਨ ਨਹੀਂ ਕੀਤੀ ਕਿਉਂਕਿ ਕਮੇਟੀ ਦੇ ਨੋਟਿਸ ਵਿੱਚ ਆਇਆ ਹੈ ਕਿ ਜ਼ਿਲ੍ਹਾ ਪੁਲਿਸ ਅਤੇ ਫੌਜੀ ਅਧਿਕਾਰੀਆਂ ਨੇ ਇਨ੍ਹਾਂ 45 ਕਿਰਾਏਦਾਰਾਂ ਨੂੰ ਕਾਰ ਸੇਵਾ ਹੋਣ ਤੋਂ ਪਹਿਲਾਂ ਆਪਣਾ ਵਪਾਰਕ ਸਮਾਨ ਕੱਢ ਕੇ ਲੈ ਜਾਣ ਲਈ ਕਾਫੀ ਸਮਾਂ ਦੇ ਦਿੱਤਾ ਸੀ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਆਪਣੀ ਕਾਲ ਅਟੈਨਸ਼ਨ ਵਿੱਚ ਵੀ ਇਹ ਬਾਤ ਕਹੀ ਹੈ ਕਿ ਮਿਲਟਰੀ ਕੰਟਰੋਲ ਦਾ ਉਹ ਏਰੀਆ ਸੀ, ਉਥੇ ਲੋਕਾਂ ਨੂੰ ਸਮਾਨ ਕੱਢਣ ਵਾਸਤੇ ਕਿਹਾ ਗਿਆ, ਚਿੜੀ ਵੀ ਨਹੀਂ ਫੜਕਦੀ ਸੀ, ਜਦੋਂ ਤਕ ਸਮਾਨ ਕੱਢਣਾ ਹੁੰਦਾ ਸੀ। ਫੇਰ ਉਹ ਸਾਰਾ ਸਮਾਨ ਜਾਂ ਤਾਂ ਉਹ ਨਿਹੰਗ ਜਿਹੜੇ ਸਰਦਾਰ ਬੂਟਾ ਸਿੰਘ ਨੇ ਭੇਜੇ ਸਨ, ਉਹ ਲੁੱਟ ਕੇ ਲੈ ਗਏ ਜਾਂ ਹੋਰ ਲੋਕ ਲੈ ਗਏ। ਮਾਲਕ ਨੂੰ ਕੁਝ ਪ੍ਰਾਪਤ ਹੋਇਆ ਨਹੀਂ। ਉਹ ਲੋਕ ਰੁਲਦੇ ਫਿਰਦੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵੇਲੇ ਤੱਕ ਤੁਹਾਡੇ ਪਾਸ ਉਨ੍ਹਾਂ ਲੋਕਾਂ ਦੀਆਂ ਕਿੰਨੀਆਂ ਦਰਖਾਸਤਾਂ ਕਾਰਵਾਈ ਦੀ ਉਡੀਕ, ਮੁਆਵਜ਼ੇ ਦੀ ਉਡੀਕ ਕਰ ਰਹੀਆਂ ਹਨ। ਉਹ ਜਿਹੜੀ ਕੈਟੇਗਰੀ ਦਾ ਤੁਸੀਂ ਜਵਾਬ ਦਿੱਤਾ ਹੈ, ਉਹ ਸਭ ਤੋਂ ਜ਼ਿਆਦਾ ਇਫੈਕਟਿਡ ਹੈ। ਜਾਇਦਾਦ ਵਾਲਿਆਂ ਨੂੰ ਪੈਸਾ ਮਿਲ ਗਿਆ, ਉਨ੍ਹਾਂ ਨੇ ਕਿਧਰੇ ਹੋਰ ਜਾ ਕੇ ਬਣਾ ਲਈ, ਇਨਸ਼ਿਓਰੈਂਸ ਵਾਲਿਆਂ ਨੂੰ ਇਨਸ਼ਿਓਰੈਂਸ ਦੀ ਡਬਲ ਡਬਲ ਰਕਮ ਮਿਲ ਗਈ। ਜਿਨ੍ਹਾਂ ਦੀ ਇਨਸ਼ਿਓਰੈਂਸ ਨਹੀਂ ਸੀ, ਜਿਸ ਕੈਟੇਗਰੀ ਦਾ ਤੁਸੀਂ ਜ਼ਿਕਰ ਕੀਤਾ ਹੈ, ਉਸ ਦਾ ਮੁਤਾਲਬਾ ਏਨਾ ਹੀ ਹੈ ਕਿ ਉਨ੍ਹਾਂ ਦੀਆਂ ਦਰਖਾਸਤਾਂ ਤੇ ਗੌਰ ਕੀਤਾ ਜਾਵੇ। ਸੋ, ਉਨ੍ਹਾਂ ਦੀਆਂ ਪੈਂਡਿੰਗ ਦਰਖਾਸਤਾਂ ਤੇ ਤੁਹਾਡਾ ਮੁਆਵਜ਼ਾ ਦੇਣ ਸਬੰਧੀ ਕੀ ਵਿਚਾਰ ਹੈ ?

ਮੰਤਰੀ : ਸਪੀਕਰ ਸਾਹਿਬ, ਸਰਦਾਰ ਕਿਰਪਾਲ ਸਿੰਘ ਹੋਰਾਂ ਨੇ ਆਪਣੀ ਕਾਲ ਅਟੈਨਸ਼ਨ ਮੋਸ਼ਨ ਵਿੱਚ ਆਪ ਹੀ ਮੰਨਿਆ ਹੈ ਕਿ ਬਹੁਤ ਸਾਰੀਆਂ ਕੈਟੇਗਰੀਜ਼ ਨੂੰ ਕਾਫੀ ਸਹਾਇਤਾ ਮਿਲ ਗਈ ਹੈ। ਬੜੀ ਮਾਕੂਲ ਸਹਾਇਤਾ ਮਿਲੀ ਹੈ। ਇਨ੍ਹਾਂ ਨੇ ਆਪ ਲਿਖਿਆ ਹੋਇਆ ਹੈ ਅਤੇ ਹਾਊਸ ਵਿੱਚ ਕਿਹਾ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੁਝ ਕਿਰਾਇਦਾਰ ਰਹਿ ਗਏ ਹਨ ਜਿਨ੍ਹਾਂ ਨੂੰ ਮੁਆਵਜ਼ਾ ਬਹੁਤ ਘੱਟ ਮਿਲਿਆ ਹੈ ਔਰ ਉਨ੍ਹਾਂ ਦੀ ਇਹ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਦੂਸਰੇ ਲੋਕਾਂ ਜਿੰਨਾ ਮੁਆਵਜ਼ਾ ਮਿਲੇ। ਮੈਂ ਤੁਹਾਨੂੰ ਅੱਜ ਇਸ ਸਮੇਂ ਦੱਸ ਦੇਣਾ ਚਾਹੁੰਦਾ ਹਾਂ ਕਿ

[ਮਾਲ ਅਤੇ ਪੁਨਰਵਾਸ ਮੰਤਰੀ]

ਪੰਜਾਬ ਸਰਕਾਰ ਨੇ ਵੱਖ ਵੱਖ ਮੱਦਾਂ ਅਧੀਨ, ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ, ਜੋ ਕਿਸੇ ਗੱਲ ਕਾਰਨ ਨੁਕਸਾਨ ਹੋਇਆ, ਉਸ ਲਈ 3 ਕਰੋੜ, 24 ਲੱਖ ਰੁਪਿਆ ਦਿੱਤਾ। ਇਸ ਦੇ ਵਿੱਚ 527 ਐਸੇ ਵਿਅਕਤੀ ਸਨ, ਜੋ ਆਰਮੀ ਐਕਸ਼ਨ ਦੌਰਾਨ ਸ਼ਹੀਦ ਹੋਏ। ਉਨ੍ਹਾਂ ਨੂੰ 1 ਕਰੋੜ 5 ਲੱਖ 40 ਹਜ਼ਾਰ ਰੁਪਿਆ ਦਿੱਤਾ ਗਿਆ। ਏਸੇ ਤਰ੍ਹਾਂ ਵੱਖ ਵੱਖ ਪਰਾਪਰਟੀਜ਼ ਦਾ ਮਕਾਨ ਮਾਲਕਾਂ ਨੂੰ ਕੁਲ ਰਲਾ ਕੇ 3 ਕਰੋੜ 24 ਲੱਖ ਰੁਪਿਆ ਦਿੱਤਾ ਗਿਆ। ਇਹ ਵੀ ਫੈਸਲਾ ਕੀਤਾ ਹੈ ਕਿ ਕੋਈ ਵੀ ਆਦਮੀ ਜਿਸ ਨੂੰ ਅਜੇ ਵੀ ਮਿਸਿੰਗ ਕੀਤਾ ਜਾ ਰਿਹਾ ਹੈ ਜਾਂ ਦਰਬਾਰ ਸਾਹਿਬ ਵਿਚ ਸ਼ਹੀਦ ਗਿਣਿਆਂ ਜਾਂਦਾ ਹੈ, ਹੁਣ ਤਕ ਵੀ ਦਰਖਾਸਤਾਂ ਦੇ ਦੇਣ, ਉਨ੍ਹਾਂ ਨੂੰ ਮੈਰਿਟ ਦੇ ਅਧਾਰ ਤੇ ਕੰਸਿਡਰ ਕਰਾਂਗੇ। ਏਸੇ ਤਰ੍ਹਾਂ ਜੋ ਇਨ੍ਹਾਂ ਨੇ ਕਿਹਾ ਹੈ, ਜਦੋਂ ਮੈਂ ਇਹ ਰਕਮ ਵੰਡਣ ਗਿਆ ਸੀ ਇਨ੍ਹਾਂ ਪ੍ਰਭਾਵਿਤ ਪਰਿਵਾਰਾਂ ਨੂੰ ਅੰਮ੍ਰਿਤਸਰ ਵਿਖੇ, ਇਹ ਲੋਕ ਵੀ ਮੈਨੂੰ ਮਿਲੇ ਸੀ। ਮੈਂ ਉਨ੍ਹਾਂ ਦੀਆਂ ਦਰਖਾਸਤਾਂ ਲਈਆਂ ਸਨ। ਉਨ੍ਹਾਂ ਨੂੰ ਇਹੀ ਗਿਲਾ ਸੀ ਕਿ ਇਨਸ਼ਿਓਰੈਂਸ ਵਾਲਿਆਂ ਨੂੰ ਅਤੇ ਮਕਾਨ ਮਾਲਕਾਂ ਨੂੰ ਬਹੁਤ ਵੱਡੀਆਂ ਰਕਮਾਂ ਮਿਲ ਗਈਆਂ ਹਨ। ਜਿਹੜੀਆਂ ਆਰਮੀ ਵਾਲਿਆਂ ਦੀ ਅਤੇ ਪੁਲਿਸ ਵਾਲਿਆਂ ਦੀ ਨਿਰਧਾਰਤ ਕਮੇਟੀ ਸੀ, ਉਸ ਨੇ ਦੱਸਿਆ ਕਿ ਇਨ੍ਹਾਂ ਨੂੰ ਕਾਫੀ ਸਮਾਂ ਦੇ ਦਿੱਤਾ ਸੀ ਕਿ ਆਪਣਾ ਸਮਾਨ ਕੱਢ ਕੇ ਲੈ ਜਾਓ। ਇਹ ਲੋਕ ਸਮਾਨ ਵੀ ਕੱਢ ਕੇ ਲੈ ਗਏ ਅਤੇ ਹੁਣ ਮੁਆਵਜ਼ੇ ਦੀ ਰਕਮ ਗਲਤ ਮੰਗ ਰਹੇ ਹਨ। ਸਰਦਾਰ ਕਿਰਪਾਲ ਸਿੰਘ ਨੇ ਉਦੋਂ ਵੀ ਸ਼ਿਕਾਇਤ ਕੀਤੀ ਸੀ ਅਤੇ ਹੁਣ ਵੀ ਕੀਤੀ ਹੈ। ਉਦੋਂ ਵੀ ਅਸੀਂ ਫੈਸਲਾ ਕੀਤਾ ਸੀ ਅਤੇ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਕਿਹਾ ਹੈ ਕਿ ਸਾਰੇ ਕੇਸਾਂ ਦੀ ਦੁਬਾਰਾ ਪੜਤਾਲ ਕਰਾਓ। ਇਹ ਵੀ ਪਤਾ ਸੀ ਕਿ ਉਸ ਦੌਰਾਨ ਕਈ ਸ਼ਿਕਾਇਤਾਂ ਵੀ ਆਈਆਂ ਸਨ ਕਿ ਆਰਮੀ ਐਕਸ਼ਨ ਦੌਰਾਨ ਬਹੁਤ ਸਾਰੀਆਂ ਦੁਕਾਨਾਂ ਅਤੇ ਮਕਾਨ ਕੁਝ ਫੌਜੀਆਂ ਨੇ ਅਤੇ ਕੁਝ ਹੋਰ ਆਦਮੀਆਂ ਨੇ ਲੁਟੇ ਅਤੇ ਚੋਰੀ ਕੀਤੀ ਹੈ। ਸੋ, ਇਸ ਕੇਸ ਵਿੱਚ ਦੋਬਾਰਾ ਜਿਹੜੀਆਂ ਵੀ ਐਪਲੀਕੇਸ਼ਨਾਂ ਆਉਣਗੀਆਂ, ਕੁਝ ਆਈਆਂ ਵੀ ਹਨ, 45 ਦੁਕਾਨਦਾਰ ਦੀਆਂ ਆਈਆਂ ਹਨ, ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਕਹਿ ਦਿੱਤਾ ਹੈ ਕਿ ਇਸ ਤੇ ਦੋਬਾਰਾ ਵਿਚਾਰ ਕਰਨ।

RESUMPTION OF DISCUSSION ON GOVERNOR'S ADDRESS AND VOTING ON THE MOTION OF THANKS

Mr. Speaker : Sardar Dalip Singh Pandhi was on his legs when the House adjourned on 18th March, 1987.

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ (ਸਰਦਾਰ ਦਲੀਪ ਸਿੰਘ ਪਾਂਧੀ) : ਐਨਾ ਸੋਹਣਾ ਬਜਟ ਅਜਿਹੇ ਹਾਲਾਤ ਵਿਚ ਐਨੀਆਂ ਚੁਨੌਤੀਆਂ ਦੀ ਮੌਜੂਦਗੀ ਵਿਚ ਇਸ ਸਰਕਾਰ ਨੇ ਲਿਆਂਦਾ ਹੈ ਜਿਸ ਵਿਚ ਬਹੁਤ ਪ੍ਰਾਪਤੀਆਂ ਹਨ ਅਤੇ ਡਿਵੈਲਪਮੈਂਟ ਬਹੁਤ ਹੋ ਰਹੀ ਹੈ, ਜਿਵੇਂ ਕਿ ਕਿਸਾਨਾਂ ਨੂੰ ਬਹੁਤ ਰਾਹਤ ਦਿੱਤੀ ਗਈ ਹੈ, ਸੜਕਾਂ ਬਹੁਤ ਬਣਾਈਆਂ ਗਈਆਂ ਹਨ। ਬਿਜਲੀ ਦੀ ਪੰਜਾਬ ਵਿਚ ਘਾਟ ਨਹੀਂ ਹੈ। ਕਈ ਮਸਲੇ ਕਾਫੀ ਸਮੇਂ ਤੋਂ ਲਮਕਦੇ ਪਏ ਸਨ ਪਰ ਪੰਜਾਬ ਸਰਕਾਰ ਦੀ ਕੋਸ਼ਿਸ਼ ਹੈ ਕਿ ਉਹ ਮਸਲੇ ਹੱਲ ਹੋ ਜਾਣ। ਸ਼ਡਿਊਲਡ ਕਾਸਟਸ ਲੋਕਾਂ ਦੀ ਗਲ ਲੈ ਲਓ, ਮੈਂ ਸਮਝਦਾ ਹਾਂ ਕਿ ਮੁੱਖ ਮੰਤਰੀ ਜੀ ਨੇ ਇਨ੍ਹਾਂ ਦੇ ਕੰਮਾਂ ਵਿਚ ਬਹੁਤ ਦਿਲਚਸਪੀ ਲਈ ਹੈ। ਸਾਡੀ ਕਮਿਊਨਿਟੀ ਦੀ ਮੰਗ ਸੀ ਜੋ ਕਿ 40 ਸਾਲਾਂ ਤੋਂ ਚਲ ਰਹੀ ਸੀ ਸਰਵਿਸ ਵਿਚ ਜੋ ਹਨ ਉਨ੍ਹਾਂ ਲਈ ਕਾਨੂੰਨ ਬਣਾਇਆ ਜਾਵੇ ਤਾਕਿ ਉਨ੍ਹਾਂ ਨੂੰ ਪ੍ਰੋਮੋਸ਼ਨ ਵਿਚ ਕੋਈ ਇਤਰਾਜ਼ ਨਾ ਹੋਵੇ ਜਾਂ ਐਪੁਆਇੰਟਮੈਂਟ ਵਿਚ ਜੋ ਰਿਜ਼ਰਵੇਸ਼ਨ ਪਾਲਿਸੀ ਸਰਕਾਰ ਦੀ ਬਣੀ ਹੋਈ ਹੈ ਉਸ ਲਈ ਵੀ ਇਸ ਸਰਕਾਰ ਨੇ ਕਾਨੂੰਨ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਬਾਰੇ ਗਵਰਨਰ ਸਾਹਿਬ ਨੇ ਵੀ ਰੈਫਰੈਂਸ

ਦਿੱਤਾ ਹੈ। ਮੈਂ ਸਮਝਦਾ ਹਾਂ ਕਿ ਕਾਫੀ ਪ੍ਰਾਪਤੀਆਂ ਹੋਈਆਂ ਹਨ। ਜਿਹੜੇ ਛੋਟੀਆਂ ਕੌਮਾਂ ਦੇ ਠੇਕੇਦਾਰ ਬਣੇ ਹੋਏ ਸਨ ਉਹ ਵੀ ਇਹ ਕੰਮ ਨਹੀਂ ਕਰ ਸਕੇ। ਟਪਰੀਵਾਸਾਂ ਦਾ ਕੁਐਸਚਨ ਆਇਆ ਹੈ ਭਾਵੇਂ ਇਹ ਭਾਰਤ ਸਰਕਾਰ ਨੇ ਕਰਨਾ ਹੈ ਔਰ ਇਸ ਸਟੇਟ ਗੌਰਮਿੰਟ ਨੇ ਕੁਝ ਨਹੀਂ ਕਰਨਾ ਪਰ ਫਿਰ ਵੀ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਉਨ੍ਹਾਂ ਦੇ ਮਸਲੇ ਅਸੀਂ ਹੱਲ ਕਰ ਦੇਈਏ। ਸਰਕਾਰੀ ਮੁਲਾਜ਼ਮਾਂ ਦੇ ਮਸਲੇ ਅਕਾਲੀ ਸਰਕਾਰ ਹੱਲ ਕਰਦੀ ਹੈ। ਪੇਅ ਕਮਿਸ਼ਨ ਬਣਾਇਆ ਗਿਆ ਹੈ। ਨਦੀਆਂ, ਨਾਲੇ ਹੁਸ਼ਿਆਰਪੁਰ ਜ਼ਿਲ੍ਹੇ; ਕਾਂਡੀ ਏਰੀਆ ਦੀ ਪ੍ਰਾਬਲਮਜ਼ ਹਨ ਇਨ੍ਹਾਂ ਦੀਆਂ ਹੋਰ ਪ੍ਰਾਬਲਮਜ਼ ਹਨ, ਅਸੀਂ ਦੇਖ ਰਹੇ ਹਾਂ ਕਿ ਇਹ ਹੱਲ ਕੀਤੀਆਂ ਜਾਣ। ਹਰ ਮਾਨਯੋਗ ਮੈਂਬਰ ਮੰਗ ਕਰਦਾ ਹੈ ਕਿ ਇਹ ਹੋ ਜਾਏ ਉਹ ਹੋ ਜਾਏ ਬਾਵਜੂਦ ਐਨੇ ਹਾਲਾਤ ਖਰਾਬ ਹੋਣ ਦੇ ਸਰਕਾਰ ਕੋਸ਼ਿਸ਼ ਕਰਦੀ ਹੈ ਕਿ ਜਾਇਜ਼ ਮੰਗਾਂ ਮੰਨ ਲਈਆਂ ਜਾਣ। ਪਾਰਟੀਸ਼ਨ ਤੋਂ ਪਹਿਲਾਂ ਲੋਕ ਸਿਆਸੀ ਲੋਕਾਂ ਦੀ ਸੁਣਦੇ ਸਨ ਔਰ ਉਨ੍ਹਾਂ ਤੇ ਵਿਸ਼ਵਾਸ ਕਰਦੇ ਸਨ ਪਰ ਅੱਜ ਕਲ ਸਿਆਸੀ ਆਦਮੀ ਅੱਜ ਕੁੱਝ ਕਹਿੰਦਾ ਹੈ ਔਰ ਦੋ ਦਿਨਾਂ ਬਾਅਦ ਦਸ ਦਿਨਾਂ ਬਾਅਦ ਕੁੱਝ ਹੋਰ ਕਹਿੰਦਾ ਹੈ, ਇਨ੍ਹਾਂ ਨੇ ਆਪਣੀ ਕਦਰ ਆਪ ਗੁਆ ਲਈ ਹੈ। ਮੈਂ ਅਰਜ਼ ਕਰ ਰਿਹਾ ਸੀ ਕਿ ਸੰਤ ਜੀ ਦੀ ਮਿਹਰਬਾਨੀ ਕਰਕੇ ਪੰਜਾਬ ਦੇ ਲੋਕਾਂ ਨੇ ਸਾਨੂੰ ਚੋਣਾਂ ਵਿਚ ਫਤਵਾ ਦਿੱਤਾ ਔਰ ਇਥੇ ਲਿਆਂਦਾ ਹੈ। ਛੋਟੀਆਂ ਛੋਟੀਆਂ ਗਲਾਂ ਕਰਕੇ, ਕੁਰਸੀਆਂ ਕਰਕੇ ਲੋਕ ਆਪਸ ਵਿਚ ਝਗੜਦੇ ਹਨ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਹਿ ਦਿੱਤਾ ਕਿ ਮੱਤ ਭੇਦ ਮਿੱਟ ਸਕਦੇ ਹਨ ਅਤੇ ਸਾਡੇ ਵਿਚ ਸ਼ਾਮਲ ਹੋ ਜਾਓ ਔਰ ਪੰਜਾਬ ਦੀ ਸੇਵਾ ਕਰੋ। ਸਿੱਖਾਂ ਦਾ ਜਿੰਨਾਂ ਨੁਕਸਾਨ ਪਿਛਲੇ ਸਮੇਂ ਵਿਚ ਹੋਇਆ ਹੈ ਸ਼ਾਇਦ ਹੀ ਅੱਗੇ ਕਦੇ ਐਨਾ ਨੁਕਸਾਨ ਹੋਇਆ ਹੋਵੇ। ਰਾਤ ਮੈਂ ਬੀ.ਬੀ. ਸੀ. ਸੁਣ ਰਿਹਾ ਸੀ ਮਿਸਟਰ ਮਾਰਕ ਟੁੱਲੀ ਤੇ ਜਾਕੋਬ ਦੀ ਕਿਤਾਬ ਪੜ੍ਹੋ, ਇਹ ਸਾਡੇ ਸਿੱਖਾਂ ਬਾਰੇ ਦਸਦੀ ਹੈ। 1978 ਦੇ ਹਾਲਾਤ ਹਨ, ਉਹਦੀ ਕੋਈ ਕੰਟ੍ਰਾਡਿਕਸ਼ਨ ਨਹੀਂ ਹੈ। ਸਟੇਟ ਦੇ ਹਾਲਾਤ ਨੂੰ ਵਿਗਾੜਨ ਵਿਚ ਬਹੁਤ ਸਾਰੇ ਲੋਕਾਂ ਦਾ ਹਿੱਸਾ ਹੈ। ਛੋਟੀਆਂ ਛੋਟੀਆਂ ਕੁਰਸੀਆਂ ਨੂੰ ਵੰਡਣਾ ਚਾਹੁੰਦੇ ਹਨ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਐਨਾ ਬੜਾ ਫਤਵਾ ਪੰਜਾਬ ਦੇ ਲੋਕਾਂ ਨੇ ਦਿੱਤਾ ਹੈ। ਪੰਜਾਬ ਦੇ ਲੋਕ ਚਾਹੁੰਦੇ ਸਨ ਕਿ ਅਕਾਲੀ ਪਾਰਟੀ ਰਾਜ ਕਰੇ ਔਰ ਇਹ ਰਾਜ ਕਰ ਰਹੇ ਹਨ। ਕੋਸ਼ਿਸ਼ ਹੋ ਰਹੀ ਹੈ ਕਿ ਲੋਕਾਂ ਨੂੰ ਇਨਸਾਫ ਮਿਲੇ, ਲੋਕਾਂ ਨੂੰ ਅਮਨ ਮਿਲੇ। ਲੋਕਾਂ ਦੀਆਂ ਮੰਗਾਂ ਕਾਫੀ ਸਮੇਂ ਤੋਂ ਪਈਆਂ ਸਨ ਸਰਕਾਰ ਚਾਹੁੰਦੀ ਹੈ ਕਿ ਇਹ ਹੱਲ ਹੋ ਜਾਣ। ਸੰਤ ਜੀ ਨੇ ਸਮਝੌਤਾ ਕਰਾ ਦਿੱਤਾ ਸੀ ਜੋ ਕਿ ਪੂਰਾ ਹੋਣਾ ਚਾਹੀਦਾ ਹੈ। ਇਹ ਪਹਿਲੀ ਵਾਰੀ ਸਮਝੌਤਾ ਲਿਖਤੀ ਰੂਪ ਵਿਚ ਹੋਇਆ ਸੀ। ਪਹਿਲਾਂ ਇਹ ਹੁੰਦਾ ਰਿਹਾ ਹੈ ਕਿ ਹੁਕਮ ਸਿੰਘ ਆਇਆ ਅਤੇ ਉਨ੍ਹਾਂ ਨੇ ਇਹ ਗਲਾਂ ਕੀਤੀਆਂ। 70,000 ਏਕੜ ਜ਼ਮੀਨ ਦਾ ਮਸਲਾ ਹੈ। ਕਮਿਸ਼ਨ ਜਾਂ ਤਾਂ ਇਹ ਹਿੰਦੀ ਸਪੀਕਿੰਗ ਏਰੀਆ ਡਿਕਲੇਅਰ ਕਰ ਦਿੰਦਾ ਤਾਂ ਸਰਕਾਰ ਨੂੰ ਇਤਰਾਜ਼ ਨਹੀਂ ਸੀ। ਪਾਣੀ ਦਾ ਮਸਲਾ ਬਹੁਤ ਦੇਰ ਦਾ ਮਸਲਾ ਹੈ। ਥੀਨ ਡੈਮ ਦਾ ਮਸਲਾ 20 ਸਾਲ ਪਹਿਲਾਂ 1970 ਵਿਚ 100 ਕਰੋੜ ਰੁਪਿਆ ਰਾਵੀ ਦਰਿਆ ਦੇ ਪਾਣ ਦੇ ਬਦਲੇ ਵਿਚ ਪਾਕਿਸਤਾਨ ਨੂੰ ਦਿਤਾ ਗਿਆ। ਅਗਰ ਇਹ ਪਹਿਲਾਂ ਬਣਾ ਲਿਆ ਜਾਂਦਾ ਤਾਂ ਇਹ ਪਾਣੀ ਨੂੰ ਇਸਤੇਮਾਲ ਕੀਤਾ ਜਾ ਸਕਦਾ ਸੀ ਔਰ ਇਸ ਨਾਲ ਪੰਜਾਬ ਦੀ ਤਰੱਕੀ ਹੋ ਸਕਦੀ ਸੀ। ਜਦੋਂ ਵੀ ਕਦੇ ਲੜਾਈ ਹੋਈ ਪੰਜਾਬ ਦੇ ਲੋਕਾਂ ਨੇ ਕੁਰਬਾਨੀਆਂ ਕੀਤੀਆਂ ਪਰ ਇਨ੍ਹਾਂ ਦੇ ਹਿੱਸੇ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਐਸ. ਜੀ.ਪੀ.ਸੀ. ਦੀਆਂ ਚੋਣਾਂ ਵਿਚ ਤੁਹਾਨੂੰ ਯਾਦ ਹੋਵੇਗਾ ਇਨਾਂ ਨੇ ਅਹੁਦੇ ਵੰਡ ਲਏ ਸਨ। ਕੈਪਟਨ ਸਾਹਿਬ ਜੈਸਲਮੇਰ ਤੋਂ ਆਏ। ਉਹ ਰਾਜੇ ਮਹਾਰਾਜੇ ਬਣ ਗਏ। ਇਨ੍ਹਾਂ ਨੇ ਫੈਸਲਾ ਕਰ ਲਿਆ ਕਿ ਇਹ ਡਿਪਟੀ ਸੀ.ਐਮ. ਬਣੇਗਾ। ਕੁਰਸੀਆਂ ਵੰਡ ਲਈਆਂ ਸਨ। ਇਨ੍ਹਾਂ ਨੇ ਸਾਰੇ ਅਹੁਦੇ ਵੰਡ ਲਏ ਸਨ ਪਰ ਉਹ ਕੰਮ ਇਨ੍ਹਾਂ ਦਾ ਵਿਚ ਹੀ ਰਹਿ ਗਿਆ। ਮੈਂ ਬੇਨਤੀ ਕਰ ਰਿਹਾ ਸੀ ਕਿ ਐਸੇ ਹਾਲਾਤ

[ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ]

ਚਲ ਰਹੇ ਹਨ ਕਿ ਅਸੀਂ ਵਕਤ ਨਾਲ ਖੇਡ ਰਹੇ ਹਾਂ। ਤੁਸੀਂ ਵੀ ਖੇਡ ਰਹੇ ਹੋ। ਇਹ ਜਿਹੜਾ ਪਿੰਡ ਰੋਡੇ ਵਿਚ ਇਕੱਠ ਹੋਇਆ। ਉਥੇ ਫਤਵੇ ਲਏ ਗਏ। ਇਹ ਸਾਡੇ ਸਭ ਲਈ ਚੈਲੰਜ ਹੈ। ਉਨ੍ਹਾਂ ਨੇ ਸਾਡਾ ਸਭ ਦਾ ਵਾਰੀ ਵਾਰੀ ਸਫਾਇਆ ਕਰਨਾ ਹੈ। ਇਸੇ ਤਰ੍ਹਾਂ ਹਿੰਦੁਸਤਾਨ ਵਿਚ ਨੈਕਸੇ-ਲਾਈਟ ਮੂਵਮੈਂਟ ਸ਼ੁਰੂ ਹੋਈ ਸੀ। ਇਨ੍ਹਾਂ ਗੱਲਾਂ ਪਿਛੇ ਜ਼ਰੂਰ ਕੋਈ ਫੋਰਸ ਹੁੰਦੀ ਹੈ। ਇਹ ਜਿਹੜੀ ਖਾਲਿਸਤਾਨ ਦੀ ਗੱਲ ਕਰਦੇ ਹਨ ਉਨ੍ਹਾਂ ਨੂੰ ਪਤਾ ਨਹੀਂ ਖਾਲਿਸਤਾਨ ਕੀ ਬਲਾ ਹੈ। ਪਰਦੇ ਪਿਛੇ ਰਹਿ ਕੇ ਉਨ੍ਹਾਂ ਦੀ ਮੱਦਦ ਕੀਤੀ ਜਾਂਦੀ ਹੈ। ਇਨ੍ਹਾਂ ਗੱਲਾਂ ਨਾਲ ਸਾਡਾ ਨੁਕਸਾਨ ਹੋ ਰਿਹਾ ਹੈ, ਸਾਡੇ ਦੇਸ਼ ਦਾ ਨੁਕਸਾਨ ਹੋ ਰਿਹਾ ਹੈ। ਮੈਂ ਅਰਜ਼ ਕਰ ਰਿਹਾ ਸੀ ਕਿ ਨੈਕਸੇਲਾਈਟ ਮੂਵਮੈਂਟ ਸ਼ੁਰੂ ਹੋਈ ਸੀ। ਐਕਸਪਲਾਇਟ ਕੀਤਾ ਗਿਆ। ਉਸ ਮੂਵਮੈਂਟ ਦੇ ਰਹਿਬਰਾਂ ਨੇ ਕੀ ਕੁੱਝ ਕੀਤਾ। ਭੇਸ ਬਦਲ ਕੇ ਆਪ ਪਿੱਛੇ ਰਹਿ ਕੇ ਸਭ ਕੁੱਝ ਕੀਤਾ ਜਾਂਦਾ ਹੈ। ਉਸ ਦੀ ਬੋਲੀ ਪਿਛਿਉਂ ਚੁੱਕੀ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਹ ਉਨ੍ਹਾਂ ਵਿਚਾਰਿਆਂ ਦਾ ਕੋਈ ਦੋਸ਼ ਨਹੀਂ ਹੈ, ਜਿਹੜੇ ਅਸਲੀ ਦੋਸ਼ੀ ਹਨ, ਜਿਹੜੀਆਂ ਪਿਛੇ ਫੋਰਸਿਜ਼ ਬੈਠੀਆਂ ਹਨ, ਉਹ ਉਨ੍ਹਾਂ ਨੂੰ ਚੱਕਦੀਆਂ ਹਨ। ਮੈਨੂੰ ਕੁੱਝ ਗਲਾਂ ਦਾ ਪਤਾ ਹੈ ਕਿ ਪੁਲਿਸ ਵਾਲਿਆਂ ਨੇ ਕੁਝ ਆਰਮਜ਼ ਬਰਾਮਦ ਕੀਤੇ। ਬੰਦੂਕ ਨੂੰ ਛੋਟੀ ਜਿਹੀ ਬਣਾ ਕੇ, ਕਾਰ-ਬਾਈਨ ਨੂੰ ਛੋਟੀ ਜਿਹੀ ਬਣਾ ਕੇ ਝੋਲੇ ਵਿਚ ਪਾ ਲੈਂਦੇ ਹਨ। ਇਹ ਗੱਲਾਂ ਠੀਕ ਨਹੀਂ ਹਨ। ਅਸੀਂ ਹਿੰਦੁਸਤਾਨ ਦੀ ਸ਼ਾਨ ਨੂੰ ਬਰਕਰਾਰ ਰੱਖਣਾ ਹੈ, ਅਸੀਂ ਪੰਜਾਬ ਦੀ ਸ਼ਾਨ ਨੂੰ ਬਰਕਰਾਰ ਰਖਣਾ ਹੈ। ਅਜਿਹੀਆਂ ਹਰਕਤਾਂ ਠੀਕ ਨਹੀਂ ਹਨ। ਇਹ ਹਿੰਦੁਸਤਾਨ, ਪੰਜਾਬ ਲਈ ਨੁਕਸਾਨਦੇਹ ਹਨ। ਅਸੀਂ ਪੰਜਾਬ ਨਾਲ, ਹਿੰਦੁਸਤਾਨ ਨਾਲ ਖਿਲਵਾੜ ਨਹੀਂ ਕਰਨੀ। ਮੈਂ ਕਹਿ ਸਕਦਾ ਹਾਂ ਕਿ ਜਿਹੜਾ ਦੂਜੇ ਦੇ ਮਾਰਨ ਲਈ ਉਸ ਦੇ ਘਰ ਟੋਆ ਪੁੱਟਦਾ ਹੈ, ਉਸ ਦੇ ਘਰ ਵੀ ਜ਼ਰੂਰ ਟੋਆ ਪੁਟਿਆ ਜਾਵੇਗਾ ਅਤੇ ਉਹ ਜ਼ਰੂਰ ਕਿਸੇ ਨਾ ਕਿਸੇ ਦਿਨ ਆਪ ਉਸ ਟੋਏ ਵਿਚ ਡਿੱਗਦਾ ਹੈ। ਇਸ ਲਈ ਤੁਸੀਂ ਸੋਚ ਕੇ ਚਲੋ। ਜ਼ਰਾ ਸੋਚੋ ਪੰਜਾਬ ਦੀ ਜਨਤਾ ਕੀ ਚਾਹੁੰਦੀ ਹੈ ? ਤੁਸੀਂ ਤਾਂ ਕਿਸੇ ਪਿੰਡ ਜਾਣਾ ਹੀ ਨਹੀਂ ਇਸ ਲਈ ਤੁਹਾਨੂੰ ਕੀ ਪਤਾ ਹੈ। ਤੁਸੀਂ ਚੱਕ ਚੱਕਈਆਂ ਵਿਚ ਪਏ ਹੋਏ ਹੋ। ਲੋਕ ਚਾਹੁੰਦੇ ਹਨ ਕਿ ਸਾਨੂੰ ਨੌਕਰੀ ਦਿਓ, ਸਕੂਲ ਅੱਪਗਰੇਡ ਕਰੋ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ 300 ਸਕੂਲ ਅੱਪਗਰੇਡ ਕੀਤੇ ਹਨ। ਸੜਕਾਂ ਦਾ ਵੀ ਕਰ ਰਹੇ ਹਾਂ। ਤੁਹਾਨੂੰ ਯਾਦ ਹੋਵੇਗਾ ਕਿ ਸੁਪਰੀਮ ਕੋਰਟ ਨੇ 1976 ਵਿਚ ਕਿਹਾ ਸੀ ਕਿ ਮਾਰਕਿਟ ਕਮੇਟੀਆਂ ਦਾ ਪੈਸਾ ਸੜਕਾਂ ਤੇ ਨਹੀਂ ਵਰਤਿਆ ਜਾਵੇਗਾ ਪਰ ਸਰਕਾਰ ਕਰ ਰਹੀ ਹੈ। ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਉਨ੍ਹਾਂ ਲੋਕਾਂ ਦੀਆਂ ਡੀਮਾਂਡਜ਼ ਪੂਰੀਆਂ ਕੀਤੀਆਂ ਜਾਣ। ਲੋਕ ਕਹਿੰਦੇ ਹਨ ਕਿ ਸਾਨੂੰ ਠੀਕ ਫਰਟੇਲਾਈਜ਼ਰ ਦਿਓ, ਬਿਜਲੀ ਦਿਓ, ਸਾਧਨ ਮੁਹੱਈਆ ਕਰੋ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਅਸੀਂ ਇਥੇ ਸਵਰਗ ਬਣਾ ਸਕੀਏ। ਪਰ ਇਹ ਜਿਹੜੇ ਸੱਜਣ ਬੈਠੇ ਹਨ, ਇਹ ਨਹੀਂ ਚਾਹੁੰਦੇ ਕਿ ਇਸ ਤਰ੍ਹਾਂ ਹੋਵੇ। ਉਨ੍ਹਾਂ ਲੋਕਾਂ ਦਾ ਕੀ ਕਸੂਰ ਹੈ ? ਉਨ੍ਹਾਂ ਦਾ ਇਹੀ ਕਸੂਰ ਹੈ ਕਿ ਉਹ ਛੋਟੇ ਜਿਹੇ ਕਿੱਤੇ ਵਿਚ ਰਹਿੰਦੇ ਹਨ।

Minister of State for Food and Supplies : Mr. Speaker, there is a stranger in the House. ਕੋਰਟ ਨੇ ਕਿਹਾ ਸੀ ਕਿ ਉਹ ਕੁਝ ਸਮੇਂ ਲਈ ਹਾਊਸ ਵਿਚ ਬੈਠ ਸਕਦੇ ਹਨ। ਉਹ ਹਾਲਾਂ ਵੀ ਬੈਠੇ ਹਨ। ਉਹ ਉਲੰਘਣਾ ਕਰ ਰਹੇ ਹਨ ਅਤੇ ਹਾਊਸ ਵਿਚ ਬੈਠੇ ਹਨ। ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਇਸ ਪਾਸੇ ਲਿਆਉਣਾ ਚਾਹੁੰਦਾ ਹਾਂ।

Mr. Speaker: Mr. Pandhi to conclude please.

ਰਾਜ ਮੰਤਰੀ, ਅਨਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬ ਦੇ ਲੋਕਾਂ ਨੇ, ਪੰਜਾਬ ਦੀ ਗਰੀਬ ਜਨਤਾ ਨੇ ਸਾਨੂੰ ਸੇਵਾ ਕਰਨ ਦਾ ਮੌਕਾ ਦਿਤਾ ਹੈ ਅਤੇ ਅਸੀਂ ਉਨ੍ਹਾਂ ਦੀ ਸੇਵਾ ਕਰ ਰਹੇ ਹਾਂ ਇਸ ਦੇ ਬਾਵਜੂਦ ਕਿ ਸਾਡੇ ਸਾਹਮਣੇ ਬਹੁਤ ਸਾਰੀਆਂ ਚਨੌਤੀਆਂ ਹਨ। ਅਸੀਂ ਕਿੰਨੀਆਂ ਪ੍ਰਾਪਤੀਆਂ ਕੀਤੀਆਂ ਹਨ। ਹਰ ਪਹਿਲੂ ਤੇ ਅਸੀਂ ਤਰੱਕੀ ਕੀਤੀ ਜਿਥੇ ਕਿਤੇ ਕੋਈ ਨੁਕਸ ਹਨ, ਦਿੱਕਤਾਂ ਹਨ ਉਨ੍ਹਾਂ ਵਿਚ ਸੋਧ ਕਰਕੇ ਅਸੀਂ ਲੋਕਾਂ ਨੂੰ ਜਲਦੀ ਸਹੂਲਤਾਂ ਪਹੁੰਚਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂਕਿ ਸਾਡਾ ਪੰਜਾਬ, ਪੰਜਾਬ ਦੇ ਲੋਕ ਖੁਸ਼ਹਾਲ ਹੋਣ। ਜਿਹੜੀਆਂ ਰੁਕਾਵਟਾਂ ਆਉਂਦੀਆਂ ਹਨ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂਕਿ ਸਾਡਾ ਸੂਬਾ ਖੁਸ਼ਹਾਲ ਹੋ ਸਕੇ।

ਤੇ ਮੈਂ ਅਰਜ਼ ਕਰ ਰਿਹਾ ਸੀ ਕਿ ਇਸ ਮਾਰ ਧਾੜ ਵਿੱਚ ਅੱਜ ਕਿਸੇ ਤੇ ਖੁਸ਼ੀ ਹੈ ਉਹ ਕਦੇ ਸਾਡੇ ਤੇ ਵੀ ਬਤੀਤ ਹੋ ਸਕਦੀ ਹੈ। ਡਿਕਟੇਟਰ ਨੂੰ ਡਿਕਟੇਟਰ ਮਾਰਦਾ ਹੈ, ਚੋਰ ਨੂੰ ਚੋਰ ਮਾਰਦਾ ਹੈ, ਡਾਕੂ ਨੂੰ ਡਾਕੂ ਮਾਰਦਾ ਹੈ। ਇਸ ਤਰ੍ਹਾਂ ਦੀ ਪਾਲਿਸੀ ਹਿੰਦੁਸਤਾਨ ਵਿਚ ਕਦੇ ਕਿਸੇ ਨੇ ਕੋਈ ਪਸੰਦ ਨਹੀਂ ਕੀਤੀ ਅਤੇ ਇਹ ਕਿਸੇ ਕੰਸਟੀਚਿਊਸ਼ਨ ਵਿੱਚ ਨਹੀ, ਕਿਸੇ ਵਿਧਾਨ ਵਿੱਚ ਨਹੀਂ, ਕਿਸੇ ਸਿਧਾਂਤ ਵਿੱਚ ਨਹੀਂ। ਸਾਡੇ ਗੁਰੂ ਸਾਹਿਬਾਨ ਨੇ ਕੋਈ ਐਸਾ ਰਸਤਾ ਨਹੀਂ ਦੱਸਿਆ, ਉਨ੍ਹਾਂ ਨੇ ਕੋਈ ਐਸਾ ਰਸਤਾ ਨਹੀਂ ਅਖਤਿਆਰ ਕੀਤਾ, ਉਨ੍ਹਾਂ ਨੇ ਸਾਰਿਆਂ ਨੂੰ ਪਿਆਰ ਨਾਲ, ਭਾਈਚਾਰੇ ਵਿੱਚ ਪ੍ਰੇਮ ਪਿਆਰ ਨਾਲ ਰਹਿਣ ਦਾ ਸਿਧਾਂਤ ਦੱਸਿਆ ਹੈ। ਉਨ੍ਹਾਂ ਨੇ ਸਾਨੂੰ ਪਿਆਰ ਨਾਲ ਰਹਿਣਾ ਸਿਖਾਇਆ ਹੈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਇਕ ਕਿਤਾਬ ਡਾਕਟਰ ਤਾਰਣ ਸਿੰਘ ਅਤੇ ਡਾਕਟਰ ਫੌਜਾ ਸਿੰਘ ਨੇ ਲਿਖੀ ਹੈ। ਸਾਰੇ ਧਰਮਾਂ ਦੇ ਲੋਕ ਉਸ ਦੇ ਵਿੱਚ ਸ਼ਾਮਲ ਸਨ। ਗੁਰੂ ਸਾਹਿਬ ਨੇ ਜਿਹੜੀ ਫੌਜ ਬਣਾਈ ਸੀ ਉਸ ਦੇ ਵਿੱਚ ਬੁਧੂ ਸ਼ਾਹ ਵੀ ਸਨ ਅਤੇ ਫਕੀਰ ਵੀ ਸਨ। ਸਾਡਾ ਸਿਧਾਂਤ ਇਹ ਬਿਲਕੁਲ ਨਹੀਂ ਰਿਹਾ ਕਿ ਨਫਰਤ ਫੈਲਾਉਣੀ ਹੈ। ਸਾਡਾ ਸਿਧਾਂਤ ਇਹ ਰਿਹਾ ਹੈ ਕਿ ਆਪਸ ਵਿੱਚ ਪ੍ਰੇਮ ਪਿਆਰ ਨਾਲ ਰਹਿਣਾ ਹੈ। ਸਦਨ ਵਿੱਚੋਂ ਅੱਜ ਇਸ ਗਲ ਦੀ ਆਵਾਜ਼ ਉਠਣੀ ਚਾਹੀਦੀ ਹੈ ਕਿ ਪੰਜਾਬ ਵਿਚ ਖੁਸ਼ਹਾਲੀ ਲਿਆਉਣੀ ਹੈ, ਪੰਜਾਬ ਦੀ ਖੁਸ਼ਹਾਲੀ ਲਈ ਕਦਮ ਚੁੱਕੇ ਜਾਣ ਔਰ ਇਸ ਸਰਕਾਰ ਨੇ ਪੰਜਾਬ ਦੀ ਖੁਸ਼ਹਾਲੀ ਲਈ ਕਦਮ ਚੁੱਕੇ ਹਨ। ਕੁਰੱਪਸ਼ਨ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ। ਮੈਂ ਕਹਿਣਾ ਨਹੀਂ ਸੀ ਚਾਹੁੰਦਾ ਪਰ ਹਾਲਾਤ ਐਸੇ ਹਨ ਕਿ ਲੋਕ ਚਾਹੁੰਦੇ ਹਨ ਕਿ ਸਾਡੀ ਜਾਨ ਬਚਾਓ। ਗੁਰਦਾਸਪੁਰ, ਫਿਰੋਜ਼ਪੁਰ ਆਦਿ ਜ਼ਿਲ੍ਹਿਆਂ ਵਿੱਚ ਲੋਕਾਂ ਦੀ ਜਾਨ ਮੁਸੀਬਤ ਵਿੱਚ ਰਹਿੰਦੀ ਹੈ ਅਤੇ ਲੋਕ ਚਾਹੁੰਦੇ ਹਨ ਕਿ ਸਾਡੀਆਂ ਜਾਨਾਂ ਨੂੰ ਬਚਾਓ। ਪਿੰਡਾਂ ਦੇ ਵਿੱਚ ਖੁਸ਼ਹਾਲੀ ਨਹੀਂ। ਇਥੋਂ ਦੇ ਲੋਕ ਪਹਿਲਾਂ ਬਹੁਤ ਖੁਸ਼ਹਾਲ ਸਨ ਅਤੇ ਇਥੋਂ ਬਾਹਰ ਲੋਕ ਜਾਂਦੇ ਸਨ, ਕੋਈ ਬਰਮਾ ਨੂੰ ਜਾਂਦਾ ਸੀ ਤੇ ਕੋਈ ਕਿਧਰੇ। ਆਮ ਕਿਹਾ ਜਾਂਦਾ ਸੀ ਕਿ—

'ਨਾ ਜਾਵੀਂ ਬਰਮਾ ਨੂੰ ਲੇਖ ਜਾਣਗੇ ਨਾਲੇ'।

ਜਿਥੇ ਜਿਥੇ ਵੀ ਪੰਜਾਬ ਦੇ ਲੋਕ ਗਏ ਹਨ ਉਨ੍ਹਾਂ ਨੇ ਤਰੱਕੀ ਕੀਤੀ ਹੈ। ਇਥੋਂ ਦੇ ਲੋਕ ਕਲਕੱਤੇ ਵਿਚ ਗਏ, ਜਾਂ ਬੰਬਈ ਵਿੱਚ ਜਾ ਕੇ ਬੈਠੇ ਹਨ, ਜਿਥੇ ਕਿਧਰੇ ਵੀ ਗਏ ਹਨ ਉਨ੍ਹਾਂ ਨੇ ਤਰੱਕੀ ਕੀਤੀ ਹੈ ਅਤੇ ਉਹ ਮਾਲਾ ਮਾਲ ਹੋਈ ਬੈਠੇ ਹਨ। ਹੁਣ ਜਿਹੜੀ ਸੋਚ ਬਣ ਗਈ ਹੈ ਉਸ ਦੇ ਨਾਲ ਇਹ ਇਨ੍ਹਾਂ ਨੂੰ ਸੰਘੋੜ ਕੇ ਬਿਠਾਉਣਾ ਚਾਹੁੰਦੇ ਹਨ, ਇਹ ਇਸ ਤਰ੍ਹਾਂ ਦੀ ਨਫਰਤ ਪੈਦਾ ਕਰ ਰਹੇ ਹਨ ਜਿਹੜੀ ਕਿ ਬਹੁਤ ਭੈੜੀ ਗੱਲ ਹੈ। ਸਿੱਟਾ ਅਤਿਵਾਦ ਦਾ ਨਿਕਲਿਆ ਅਤੇ ਇਹ ਗਲਤ ਪਾਲਿਸੀ ਦਾ ਨਤੀਜਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਥੇ ਪਿੰਡਾਂ ਵਿਚ ਜ਼ਿਮੀਂਦਾਰ

[ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ]

ਲੋਕ ਖੂਹ ਤੇ ਚਲੇ ਗਏ ਸੀ, ਖੇਤਾਂ ਵਿੱਚ ਚਲੇ ਗਏ ਸੀ ਅਤੇ ਪਿੰਡਾਂ ਵਿਚ ਖੁਸ਼ਹਾਲੀ ਆ ਗਈ ਸੀ, ਗਰੀਨ ਰੈਵੋਲਿਊਸ਼ਨ ਆ ਗਿਆ ਸੀ। ਇਸ ਅੱਤਿਵਾਦ ਦੀ ਪਾਲਿਸੀ ਨੇ ਸਾਰੇ ਦੇ ਸਾਰੇ ਪਿੰਡਾਂ ਦੀ ਤਰੱਕੀ ਨੂੰ ਤਬਾਹ ਕਰ ਦਿੱਤਾ ਹੈ । ਜੋ ਗਰੀਨ ਰੈਵੋਲਿਊਸ਼ਨ ਆਇਆ ਸੀ ਉਹ ਤਬਾਹ ਕਰ ਦਿਤਾ ਹੈ। ਲੋਕ ਇਸ ਗੱਲ ਦੀ ਮੰਗ ਕਰਦੇ ਹਨ ਕਿ ਸਾਨੂੰ ਅਮਨ ਤੇ ਸ਼ਾਂਤੀ ਦਿਓ, ਸਾਨੂੰ ਖੁਸ਼ਹਾਲੀ ਦਿਓ। ਸਾਡੀ ਸਰਕਾਰ ਇਸ ਗੱਲ ਦਾ ਪੂਰਾ ਯਤਨ ਕਰ ਰਹੀ ਹੈ ਕਿ ਲੋਕਾਂ ਵਿੱਚ ਅਮਨ ਤੇ ਸ਼ਾਂਤੀ ਹੋਵੇ ਅਤੇ ਪੰਜਾਬ ਦੇ ਲੋਕਾਂ ਨੂੰ ਖੁਸ਼ਹਾਲੀ ਮਿਲੇ। ਜੋ ਕੁਝ ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਸਿਧਾਂਤ ਦੱਸੇ ਉਨ੍ਹਾਂ ਸਿਧਾਂਤਾਂ ਤੇ ਸ਼੍ਰੋਮਣੀ ਅਕਾਲੀ ਦੱਲ ਦੀ ਸਰਕਾਰ ਚਲ ਰਹੀ ਹੈ। ਬਰਨਾਲਾ ਸਾਹਿਬ ਨੂੰ, ਸਪੀਕਰ ਸਾਹਿਬ, ਸਰਬਸੰਮਤੀ ਨਾਲ ਚੁਣਿਆ ਗਿਆ ਲੀਡਰ ਔਰ ਉਸ ਵੇਲੇ ਤੁਸੀਂ ਵੀ ਇਸ ਦੇ ਵਿੱਚ ਸ਼ਾਮਲ ਸੀ। ਜੇ ਕਿਸੇ ਸੱਜਣ ਨੂੰ ਕੋਈ ਅਹੁਦਾ ਨਹੀਂ ਮਿਲਿਆ ਤਾਂ ਫਿਰ ਮਿਲ ਜਾਵੇਗਾ, ਇਸ ਤੇ ਕਿਸੇ ਦੀ ਠੇਕੇਦਾਰੀ ਤਾਂ ਨਹੀਂ ਹੈ। ਜੇ ਕਿਸੇ ਸੱਜਣ ਨੂੰ ਚੀਫ਼ ਮਨਿਸਟਰੀ ਨਹੀਂ ਮਿਲੀ, ਜੇ ਉਨ੍ਹਾਂ ਨੂੰ ਕੋਈ ਅਹੁਦਾ ਜਾਂ ਸ਼ਕਤੀ ਨਹੀਂ ਮਿਲੀ ਤਾਂ ਫਿਰ ਮਿਲ ਜਾਵੇਗੀ, ਇਸ ਦੇ ਵਿੱਚ ਕਿਸੇ ਦੀ ਕੋਈ ਠੇਕੇਦਾਰੀ ਨਹੀਂ ਹੈ। ਇਹ ਤਾਂ ਚੀਫ ਮਨਿਸਟਰ ਦੀ ਇਕ ਹੀ ਕੁਰਸੀ ਹੈ ਅਤੇ ਇਹ ਉਸ ਨੂੰ ਸਰਬਸੰਮਤੀ ਨਾਲ ਲੀਡਰ ਚੁਣ ਕੇ ਦਿੱਤੀ ਗਈ ਹੈ। ਚੀਫ਼ ਮਨਿਸਟਰ ਦੀ ਕੁਰਸੀ ਤਾਂ ਇਕ ਹੀ ਹੈ, ਜਾਂ ਤਾਂ 20—25 ਚੀਫ਼ ਮਨਿਸਟਰ ਦੀਆਂ ਕੁਰਸੀਆਂ ਹੋਣ ਅਤੇ ਕਿਸੇ ਦਿਨ ਕੋਈ ਅਤੇ ਕਿਸੇ ਦਿਨ ਕੋਈ ਹੋਵੇਗਾ। ਜੇ ਕਿਸੇ ਨੂੰ ਕੋਈ ਚੀਫ਼ ਮਨਿਸਟਰੀ ਨਹੀਂ ਮਿਲੀ ਜਾਂ ਕਿਸੇ ਨੂੰ ਕੋਈ ਅਹੁਦਾ ਨਹੀਂ ਮਿਲਿਆ ਤਾਂ ਉਸ ਦੇ ਵਾਸਤੇ ਇਸ ਤਰ੍ਹਾਂ ਦੀਆਂ ਗਲਾਂ ਠੀਕ ਨਹੀਂ। ਜਿਵੇਂ ਨਾਈ ਨੇ ਪਿੰਡ ਦੇ ਵਾੜੇ ਤੇ ਸੁਲਗਦੀ ਅਗ ਸੁਟ ਕੇ ਸਾਰੀ ਫ਼ਸਲ ਉਜਾੜ ਦਿਤੀ ਅਤੇ ਜਦੋਂ ਉਸ ਨੂੰ ਪੁਛਿਆ ਗਿਆ ਕਿ ਤੂੰ ਇਹ ਕੀ ਕੀਤਾ ਤਾਂ ਉਹ ਕਹਿਣ ਲਗਾ ਕਿ ਮੈਨੂੰ ਕੀ ਪਤਾ ਸੀ ਇਹ ਸਾਰੀ ਤਬਾਹ ਹੋ ਜਾਏਗੀ। ਮੈਂ ਤਾਂ ਸ਼ੁਗਲ ਕਰਦਾ ਸੀ। ਇਹ ਤਾਂ ਸ਼ੁਗਲ ਕਰਦੇ ਹਨ ਇਨ੍ਹਾਂ ਸ਼ੁਗਲ ਕਰਨ ਵਾਲਿਆਂ ਤੋਂ ਰੱਬ ਬਚਾਏ। ਜਦੋਂ ਅਕਾਲੀ ਦਲ ਦੇ ਪ੍ਰੈਜ਼ੀਡੈਂਟ ਨੇ ਕਿਹਾ ਕਿ ਆਓ ਇਕਠੇ ਹੋ ਚੁਣ ਲਵੋ ਜਿਸ ਨੂੰ ਚੁਣਨਾ ਹੈ। ਮੈਂ ਕਹਿਦਾ ਹਾਂ ਕਿ ਇਹ ਗਲ ਸਾਡੇ ਸੀ.ਐਮ. ਸਾਹਿਬ ਫਿਰ ਵੀ ਕਹਿਣ ਨੂੰ ਤਿਆਰ ਹਨ, ਪਰ ਇਨ੍ਹਾਂ ਨੇ ਨਹੀਂ ਮੰਨਣਾ। ਮੈਂ ਕਹਿਦਾ ਹਾਂ ਕਿ ਇਨ੍ਹਾਂ ਝੂਠੇ ਸੱਚੇ ਫ਼ਤਵਿਆਂ ਵਿਚ ਨਾ ਪਵੋ, ਚਿੱਠੀਆਂ ਦੀ ਦੌੜ ਵਿੱਚ ਨਾ ਪਵੋ। ਇਸ ਤਰ੍ਹਾਂ ਡਰਾਉਣ ਧਮਕਾਉਣ ਨਾਲ ਕੁਝ ਨਹੀਂ ਬਣਨਾ। ਆਓ ਬੈਠੋ ਜਿਸ ਨੂੰ ਮਰਜ਼ੀ ਆਏ ਬਣਾ ਦਿਓ। ਢੀਂਡਸਾ ਸਾਹਿਬ ਬੈਠੇ ਹਨ, ਭੂੰਦੜ ਸਾਹਿਬ ਬੈਠੇ ਹਨ ਬੜੇ ਸੋਹਣੇ ਲਗਦੇ ਹਨ। ਮੈਂ ਕਹਿਦਾ ਹਾਂ ਕਿ ਡਿਫਰੈਂਸਿਜ਼ ਕੀ ਹਨ ? ਮਾਮਲਾ ਕੀ ਹੈ ? ਜੇ ਢੀਂਡਸਾ ਸਾਹਿਬ ਸੀ.ਐਮ. ਬਣ ਜਾਂਦਾ ਤਾਂ ਤੇ ਸਭ ਕੁੱਝ ਠੀਕ ਸੀ। ਉਹ ਫਿਰ ਵੀ ਬਣ ਸਕਦਾ ਹੈ ਕੋਈ ਗਲ ਨਹੀਂ ਹੈ। ਤੁਸੀਂ ਪਬਲੀਕਲੀ ਕਹਿੰਦੇ ਹੋ ਕਿ ਅਸੀਂ ਉਨ੍ਹਾਂ ਦੀ ਮੱਦਦ ਨਹੀਂ ਕਰਦੇ ਲੇਕਿਨ ਉਨ੍ਹਾਂ ਦੇ ਸੁਆਗਤਾਂ ਲਈ ਜਾਂਦੇ ਹੋ, ਉਨ੍ਹਾਂ ਨੂੰ ਚੁਕਦੇ ਰਹਿੰਦੇ ਹੋ। ਝੂਠੇ ਸਚੇ ਢੰਗ ਨਾਲ ਫਤਵੇ ਲੈਂਦੇ ਹੋ। ਮੈਂ ਕਹਿਦਾ ਹਾਂ ਇਹ ਤਰੀਕਾਕਾਰ ਠੀਕ ਨਹੀਂ ਹੈ। ਮੇਰਾ ਵਿਸ਼ਵਾਸ ਸੀ ਕਿ ਰਾਜੇ ਮਹਾਰਾਜੇ ਚੰਗੇ ਹੁੰਦੇ ਹਨ, ਮੈਂ ਇਹ ਸਮਝਦਾ ਸੀ ਲੇਕਿਨ ਮੈਂ ਪਰਸਨਲ ਤਜਰਬੇ ਦੀ ਬਿਨਾ ਤੇ ਕਹਿ ਸਕਦਾ ਹਾਂ ਕਿ ਮੇਰਾ ਵਿਸ਼ਵਾਸ ਗਲਤ ਨਿਕਲਿਆ। ਇਹ ਐਗਰੀਕਲਚਰਲ ਮਨਿਸਟਰ ਜਦੋਂ ਰਹੇ, ਸੰਤ ਜੀ ਤੋਂ ਗਲਤੀ ਹੋਈ ਇਹ ਸੱਜਣ ਕਾਂਗਰਸ ਪਾਰਟੀ ਵਿਚ ਵੀ ਰਹੇ ਉਨ੍ਹਾਂ ਦਾ ਹਿਸਾਬ ਕਿਤਾਬ ਜੋ ਵੀ ਹੈ ਉਸ ਦੀ ਸਾਰੀ ਹਿਸਟਰੀ ਹੈ। ਇਹ ਪਹਿਲੀ ਵਾਰੀ ਐਮ. ਐਲ.ਏ. ਬਣ ਕੇ ਆਏ ਤਾਂ ਇਨ੍ਹਾਂ ਨੂੰ ਵਜ਼ੀਰ ਬਣਾ ਦਿੱਤਾ...... (ਵਿਘਨ)

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਪਾਂਧੀ ਸਾਹਿਬ ਗਲਤੀ ਕਰਦੇ ਹਨ। ਮੈਂ ਕਹਿੰਦਾ ਹਾਂ ਕਿ ਸੰਤ ਜੀ ਨੇ ਕੋਈ ਗਲਤੀ ਨਹੀਂ ਕੀਤੀ ਸੀ। ਜਿਨ੍ਹਾਂ ਸੱਜਣਾਂ ਦਾ ਇਹ ਨਾਂ ਲੈ ਰਹੇ ਹਨ, ਉਹ ਸੰਤ ਜੀ ਦੀ ਸ਼ਹਾਦਤ ਤੋਂ ਬਾਅਦ ਅਕਾਲੀ ਦਲ ਵਿਚ ਆਏ ਸਨ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਇਹ ਸੀ ਕਿ ਉਹ ਸਿੰਪਲ ਆਦਮੀ ਸਨ। ਮੈਨੂੰ ਕਈ ਗਲਾਂ ਦਾ ਜ਼ਾਤੀ ਤੌਰ ਤੇ ਪਤਾ ਹੈ ਪਰ ਮੈਂ ਨਹੀਂ ਦੱਸਣਾ ਚਾਹੁੰਦਾ। ਉਹ ਮੰਤਰੀ ਬਣ ਗਏ। ਮੈਂ ਇਕ ਮਿਸਾਲ ਦਿੰਦਾ ਹਾਂ ਕਿ ਇਹ ਤਾਂ ਆਸਮਾਨ ਵਿਚ ਗਲਾਂ ਕਰਦੇ ਹਨ ਕਿਉਂਕਿ ਜਹਾਜ਼ਾਂ ਵਿਚ ਫਿਰਦੇ ਹਨ। ਇਨ੍ਹਾਂ ਨੂੰ ਕੀ ਪਤਾ ਕਿ ਬੱਸਾਂ ਵਿਚ ਕਿਵੇਂ ਸਫ਼ਰ ਕਰੀਦਾ ਹੈ ਅਤੇ ਗੱਡੀਆਂ ਵਿਚ ਕਿਵੇਂ ? ਇਹ ਖਨੌਰੀ ਪਿੰਡ ਗਏ ਅਤੇ ਉਥੇ ਦੀ ਇਨ੍ਹਾਂ ਨੂੰ ਰੋਟੀ ਚੰਗੀ ਨਹੀਂ ਲਗੀ। ਇਨ੍ਹਾਂ ਲਈ ਪਟਿਆਲਾ ਦੇ ਗਰੀਨ ਹੋਟਲ ਤੋਂ ਸੌ ਮੁਰਗੇ ਤਿਆਰ ਕਰਵਾ ਕੇ ਲਿਜਾਏ ਗਏ ਔਰ ਇਹ ਕੈਨਾਲ ਰੈਸਟ ਹਾਊਸ ਵਿਚ ਬੈਠ ਕੇ ਛੱਕੇ ਗਏ। ਇਹ ਕਿਥੋਂ ਆਏ ? ਇਹ ਤਹਿਸੀਲਦਾਰ ਅਤੇ ਪਟਵਾਰੀਆਂ ਤੋਂ ਖ਼ਰਚ ਕਰ-ਵਾਇਆ ਗਿਆ। ਮੈਂ ਇਮਾਨਦਾਰੀ ਨਾਲ ਕਹਿ ਸਕਦਾ ਹਾਂ ਕਿ ਇਨ੍ਹਾਂ ਨੂੰ ਪਿੰਡ ਦੀ ਰੋਟੀ ਠੀਕ ਨਹੀਂ ਲਗੀ, ਇਨ੍ਹਾਂ ਲਈ ਗਰੀਨ ਹੋਟਲ ਤੋਂ ਗਈ। ਸਪੀਕਰ ਸਾਹਿਬ, ਮੈਂ ਵੀ ਵਿਆਹ ਕੀਤਾ ਅਤੇ ਸਰਦਾਰ ਬਲਵੰਤ ਸਿੰਘ ਜੀ ਨੇ ਵੀ ਵਿਆਹ ਕੀਤਾ ਪਰ ਇਨ੍ਹਾਂ ਦੇ ਵਿਆਹ ਤੇ ਸਾਰਾ ਦੁੱਧ ਬੀ. ਡੀ.ਓ. ਤੋਂ ਮੰਗਵਾਇਆ ਗਿਆ ਔਰ ਉਸ ਦਾ ਖਰਚਾ ਉਸ ਤੇ ਪਾ ਦਿੱਤਾ। ਇਸ ਤਰ੍ਹਾਂ ਦੇ ਹਾਲਾਤ ਪੈਦਾ ਕੀਤੇ। ਫਿਰ ਘੋੜੇ ਨਠਾਏ ਗਏ ਅਤੇ ਗੇਮਾਂ ਕਰਵਾਈਆਂ ਗਈਆਂ, ਸਾਰਾ ਪ੍ਰੋਗਰਾਮ ਕੀਤਾ ਗਿਆ, ਪਰ ਉਸ ਦੇ ਖਰਚੇ ਦਾ ਬਿਲ ਗੌਰਮਿੰਟ ਤੇ ਪਾ ਦਿੱਤਾ। ਮੈਂ ਇਸ ਬਾਰੇ ਸੀ.ਐਮ. ਸਾਹਿਬ ਨੂੰ ਇਕ ਚਿੱਠੀ ਵੀ ਦਿੱਤੀ ਹੈ। ਮੈਂ ਹੈਰਾਨ ਹਾਂ ਕਿ ਕਿਸ ਤਰ੍ਹਾਂ ਕੰਮ ਚਲਦਾ ਰਿਹਾ। ਇਨ੍ਹਾਂ ਤੋਂ ਰੱਬ ਬਚਾਏ। ਤੁਸੀਂ ਰਾਜਿਆਂ ਮਹਾਰਾਜਿਆਂ ਬਾਰੇ ਜਰਮਨੀ ਦਾਸ ਦੀ ਕਿਤਾਬ 'ਮਹਾਰਾਜਾ ਤੇ ਮਹਾਰਾਣੀ', ਇਥੇ ਲਾਇਬ੍ਰੇਰੀ ਵਿਚ ਪਈ ਹੈ, ਪੜ੍ਹ ਕੇ ਵੇਖ ਲਵੋ। ਮੈਂ ਕਹਿੰਦਾ ਹਾਂ ਕਿ "ਮਾਂ ਪਰ ਧੀ ਪਿਤਾ ਪਰ ਘੋੜਾ, ਬਹੁਤਾ ਨਹੀਂ ਤੇ ਥੋੜ੍ਹਾ ਥੋੜ੍ਹਾ।" ਸਾਨੂੰ ਕੋਈ ਝੁਠਲਾ ਨਹੀਂ ਸਕਦਾ। ਸਾਰਾ ਇਤਿਹਾਸ ਪਿਆ ਹੈ ਮਾਲਵੇ ਦਾ ਪੜ੍ਹ ਲਵੋ ਜੋ ਸਾਡੇ ਗਰੀਬ ਲੋਕਾਂ ਨਾਲ ਇਨ੍ਹਾਂ ਨੇ ਕੀਤਾ; ਕੋਈ ਸੜਕ ਨਹੀਂ ਬਣਨ ਦੇਣੀ, ਕੋਈ ਗੁਰਦੁਆਰਾ ਨਹੀਂ ਬਣਨ ਦੇਣਾ, ਕੋਈ ਹੋਰ ਸਹੂਲਤ ਨਹੀਂ ਲੈਣ ਦੇਣੀ। ਐਸੇ ਆਦਮੀ ਨੂੰ ਰਾਜ ਪਾਠ ਦੇਣਾ ਗਲਤੀ ਹੈ। ਸਰਦਾਰ ਸੇਵਾ ਸਿੰਘ ਠੀਕਰੀ ਵਾਲੇ ਨੂੰ ਇਕ ਗੜਵੀ ਦੀ ਚੋਰੀ ਪਾ ਕੇ ਜੇਲ੍ਹ ਵਿਚ ਸੁੱਟ ਕੇ ਮਾਰ ਦਿੱਤਾ। ਇਸ ਕਰਕੇ ਇਨ੍ਹਾਂ ਤੋਂ ਬੱਚੋ ....

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਇਹ ਇਕ ਰਿਵਾਜ ਪੈ ਗਿਆ ਹਾਊਸ ਦੇ ਵਿਚ ਜ਼ਾਤੀਆਤ ਤੇ ਕਿਸੇ ਬਾਰੇ ਜੋ ਕੁਝ ਮੂੰਹ ਆਇਆ ਗਲ ਕਹਿ ਦਿੱਤੀ। ਮੈਂ ਇਤਰਾਜ਼, ਕਰਦਾ ਹਾਂ ਤੁਹਾਡੇ ਤੇ ਜੇ ਕਿਸੇ ਦੀ ਜ਼ਾਤੀ ਗਲ ਹੈ ਤਾਂ ਤੁਹਾਡਾ ਫਰਜ਼ ਬਣਦਾ ਹੈ, ਤੁਸੀਂ ਹਾਊਸ ਦੇ ਕਸ-ਟੋਡੀਅਨ ਹੋ ਤੁਸੀਂ ਕਿਉਂ ਨਹੀਂ ਰੋਕਦੇ। ਤੁਸੀਂ ਕੱਲ੍ਹ ਵੀ ਦਖ਼ਲ ਨਹੀਂ ਦਿੱਤਾ। ਜੇਕਰ ਇਹ ਲੋਕ ਇੰਨਾ ਨੀਵੇਂ ਤੁਰ ਜਾਂਦੇ ਹਨ, ਇਹ ਤਾਂ ਕੱਚ ਦੇ ਘਰ ਵਿਚ ਬੈਠੇ ਹਨ ਜਿਹੜਾ ਇਕ ਡਲੇ ਨਾਲ ਟੁੱਟ ਜਾਂਦਾ ਹੈ......

ਸ਼੍ਰੀ ਸਪੀਕਰ : ਸਰਦਾਰ ਨਰਿੰਦਰ ਸਿੰਘ ਹੋਰਾਂ ਜਿਹੜੀ ਗੱਲ ਕਹੀ ਹੈ, ਰੂਲਜ਼ ਦੇ ਵਿਚ ਬੜਾ ਕਲੀਅਰ ਪ੍ਰੋਵੀਜ਼ਨ ਹੈ ਪਰਸਨਲ ਐਕਸਪਲਾਨੇਸ਼ਨ ਉਤੇ ਜਿਨ੍ਹਾਂ ਦੇ ਬਾਰੇ ਗਲ ਹੋਈ ਹੈ ਸਰਟੇਨਲੀ ਅਗਰ ਉਹ ਚਾਹੁੰਦੇ ਹਨ Captain Sahib will have the right to say something on

[Mr. Speaker]

personal explanation. I will allow him an opportunity to speak on personal explanation.

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਇਹ ਮੰਤਰੀ ਰਹੇ ਹਨ। ਮੈਂ ਕੁਰੱਪਸ਼ਨ ਦੀ ਗਲ ਕਹੀ ਹੈ। ਔਰ ਸਮਝਦਾ ਹਾਂ ਕਿ ਇਨ੍ਹਾਂ ਦਾ ਲੋਕਾਂ ਨਾਲ ਕੋਈ ਸਬੰਧ ਨਹੀਂ ਹੈ, ਆਮ ਲੋਕਾਂ ਨਾਲ ਕੋਈ ਸਬੰਧ ਨਹੀਂ ਹੈ। ਇਹ ਪੰਥ ਦੇ ਦੁਸ਼ਮਣ ਹਨ, ਪੰਜਾਬ ਦੇ ਹਿਤੈਸ਼ੀ ਨਹੀਂ ਹਨ, ਪੰਜਾਬ ਦੇ ਲੋਕਾਂ ਨੂੰ ਮਾਰਨਾ ਚਾਹੁੰਦੇ ਹਨ।

Mr. Speaker: Pandhi Sahib, please conclude your speech now.

ਡਾਕਟਰ ਸਤਵੰਤ ਸਿੰਘ ਮੋਹੀ : ਇਹ ਜ਼ਾਤੀ ਗੱਲਾਂ ਤੇ ਬੋਲੇ ਹਨ। ਇਹ ਇਸ ਤਰ੍ਹਾਂ ਨਾ ਕਰਨ ਨਹੀਂ ਤਾਂ ਅਸੀਂ ਵੀ ਇਨ੍ਹਾਂ ਦੀਆਂ ਫੋਟੋਆਂ ਤੇ ਇਕੱਲੇ ਇਕੱਲੇ ਦੀਆਂ ਗੱਲਾਂ ਦਸਾਂਗੇ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਤੁਸੀਂ ਇਨ੍ਹਾਂ ਦੇ ਪੱਕੇ ਆਦਮੀ ਹੋ। ਤੁਸੀਂ ਵੀ ਇਨ੍ਹਾਂ ਦੇ ਨਾਲ ਫੜੇ ਜਾਣਾ ਹੈ। ਤੁਸੀਂ ਵੀ ਲੋਕ ਮਾਰ ਦਿਓਗੇ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਇਹ ਇਸ਼ੂ ਜ਼ਾਤਿਆਤ ਦਾ ਆਇਆ ਹੈ। ਅੱਗੇ ਵੀ ਗੱਲ ਹੋਈ ਸੀ। ਪਰਸੋਂ ਚੌਥ ਮਹਾਰਾਜਾ ਜੀ ਨੇ ਕਿਹਾ ਸੀ ਕਿ ਇਕ ਦਿਨ ਮੇਰੀ ਫੈਮਿਲੀ ਤੇ ਬਹਿਸ ਲਈ ਰੱਖ ਦਿਓ। ਮਹਾਰਾਜਾ ਸਾਹਿਬ ਦੀ ਆਪਣੀ ਪੇਸ਼ਕਸ਼ ਹੈ, ਸੀਨੀਅਰ ਮੈਂਬਰ ਦੀ ਪੇਸ਼ਕਸ਼ ਕਬੂਲ ਕਰਨੀ ਚਾਹੀਦੀ ਹੈ। ਇਕ ਦਿਨ ਮਹਾਰਾਜਾ ਸਾਹਿਬ ਦੇ ਖਾਨਦਾਨ ਦੀ ਹਿਸਟਰੀ ਤੇ ਕਿਰਦਾਰ ਤੇ ਬਹਿਸ ਲਈ ਹੀ ਰੱਖ ਲੈਣਾ ਚਾਹੀਦਾ ਹੈ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਸਰਕਾਰ ਨੇ ਪ੍ਰਾਪਤੀ ਕਰੀ ਹੈ। ਪਹਿਲੀ ਜਮਾਤ ਤੋਂ ਲੈ ਕੇ ਕਾਪੀਆਂ ਕਿਤਾਬਾਂ ਅਸੀਂ ਮੁਫਤ ਦਿਤੀਆਂ ਹਨ, ਬਹੁਤ ਬੜੀ ਪ੍ਰਾਪਤੀ ਹੈ ਔਰ ਜੇਕਰ ਅਸੀਂ ਗਰੀਬ ਸਾਂ ਔਰ ਬਰਤਨਾਂ ਦੀ ਜਿਹੜੀ ਸਕੀਮ ਹੈ 15 ਲੱਖ ਰੁਪਿਆਂ ਮੁਫਤ ਦਿੱਤਾ ਗਿਆ ਫਿਰ ਬਿਜਲੀ ਦੀ ਘਾਟ ਸੀ ਉਨ੍ਹਾਂ ਨੂੰ ਬਿਜਲੀ ਨਹੀਂ ਸੀ ਮਿਲਦੀ 30 ਲੱਖ ਰੁਪਿਆ ਦੇ ਦਿੱਤਾ ਹੈ ਔਰ ਧਰਮਸ਼ਾਲਾ ਦਾ 45 ਲੱਖ ਦੇ ਦਿੱਤਾ, ਹੋਰ ਵੀ ਅਗਲੇ ਸਾਲ ਸਕੀਮਾਂ ਬਣਨਗੀਆਂ। ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਹਰ ਫਰੰਟ ਤੇ ਜਿਹੜਾ ਵੀ ਮਹਿਕਮਾ ਲਈਏ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ। ਇਸ ਲਈ ਇਹ ਸੱਜਣ ਬਹੁਤ ਉਤਾਵਲੇ ਹਨ। ਪਰ ਇਨ੍ਹਾਂ ਨੂੰ ਦਸ ਦੇਵਾਂ ਕਿ ਚੰਦ ਤੇ ਸਿਤਾਰੇ ਬਹੁਤਾ ਚਿਰ ਨਹੀਂ ਚਮਕਣੇ। ਇਹ ਸੱਜਣ ਤਾਂ ਲੋਕਾਂ ਦੀ ਕੋਈ ਸੇਵਾ ਕਰਦੇ ਨਹੀਂ ਹਨ। 10/10 ਹਜ਼ਾਰ ਰੁਪਿਆ ਲੋਕਾਂ ਦਾ ਜਿਹੜਾ ਇਹ ਖਾ ਜਾਂਦੇ ਹਨ ਉਹ ਬੰਦ ਕਰਨਾ ਚਾਹੀਦਾ ਹੈ। ਇਨ੍ਹਾਂ ਦੀ ਕਾਂਸਟੀਚਿਊਐਂਸੀ ਵਿਚ ਜਾ ਕੇ ਵੇਖੋ ਲੋਕ ਤੜਫਦੇ ਪਏ ਹਨ ਕਹਿੰਦੇ ਹਨ ਕਿ ਤੁਸੀਂ ਗਲਤੀ ਕਰਵਾਈ ਹੈ, ਅਸੀਂ ਤਾਂ ਇਨ੍ਹਾਂ ਕਾਫਰਾਂ ਦਾ ਮੂੰਹ ਵੇਖਣਾ ਨਹੀਂ ਸੀ ਚਾਹੁੰਦੇ। ਇਸ ਲਈ ਕਹਿੰਦੇ ਹਨ ਕਿ ਤਕੜੇ ਹੋ ਕੇ ਸਮਾਜੀ ਬਾਈਕਾਟ ਕਰੋ ਔਰ ਸਾਨੂੰ ਕਹਿੰਦੇ ਹਨ ਕਿ ਤੁਸੀਂ ਸੇਵਾ ਕਰੋ। ਅਸੀਂ ਤੁਹਾਡੇ ਨਾਲ ਹਾਂ। ਲੌਂਗੋਵਾਲ ਵਿਚ ਇਕੱਠ ਕਰਿਆ ਉਹ ਵੇਖ ਲਿਆ ਹੈ, ਫਿਰ ਲੁਧਿਆਣਾ ਵਿਚ ਹੋਇਆ। ਇਨ੍ਹਾਂ ਦਾ ਤਾਂ **ਬੋਲਣ ਦਾ ਕੰਮ ਹੈ।

**Expunged under orders of the Speaker.

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਹੈ ਕਿ ਲੋਕਾਂ ਨੇ ਤਕੜੀ ਨੂੰ ਵੋਟਾਂ ਪਾਈਆਂ, ਬਲਿਊ ਸਟਾਰ ਓਪਰੇਸ਼ਨ ਕਰਕੇ ਪਾਈਆਂ। ਹੁਣ ਸਰਕਾਰ ਆਪ ਰੋਜ਼ ਬਲਿਊ ਸਟਾਰ ਕਰਵਾ ਰਹੀ ਹੈ। ਇਸ ਦਾ ਖਮਿਆਜ਼ਾ ਇਹ ਬਾਦ ਵਿਚ ਭੁਗਤ ਲੈਣਗੇ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਮੈਂ ਬਹੁਤਾ ਸਮਾਂ ਨਹੀਂ ਲਵਾਂਗਾ, ਇਨ੍ਹਾਂ ਨੇ ਵੀ ਬੋਲਣਾ ਹੈ, ਇਥੇ ਦੱਸੋ ਆਪਣੀ ਪਰਫਾਰਮੈਂਸ ਕੀ ਕਰਦੇ ਹੋ। ਇਥੇ ਖਾਲਸਾ ਜੀ ਨੇ ਕਿਹਾ ਕਿ ਸਿੱਖ ਮਰੇ, ਦੱਸੋ ਜਿਹੜੇ ਕਾਤਲ ਹਨ ਉਨ੍ਹਾਂ ਦਾ ਕੀ ਕਰੀਏ। ਜਿਨ੍ਹਾਂ ਨੇ ਲੋਕਾਂ ਦਾ ਕਤਲ ਕਰਵਾਇਆ, ਜਿਨ੍ਹਾਂ ਨੇ ਸਰਦਾਰ ਅਮਰਜੀਤ ਸਿੰਘ ਦਾ ਕਤਲ ਕਰਵਾਇਆ ਉਨ੍ਹਾਂ ਨੂੰ ਸਿੱਖ ਕਿਵੇਂ ਕਿਹਾ ਜਾ ਸਕਦਾ ਹੈ। ਅੱਜ ਇਹ ਪੰਜਾਬ ਦੇ ਭੋਲੇ ਭਾਲੇ ਲੋਕਾਂ ਨੂੰ ਇਹੋ ਜਿਹੀਆਂ ਗਲਾਂ ਕਰਕੇ ਐਕਸਪਲਾਇਟ ਕਰਦੇ ਹਨ। ਇਨ੍ਹਾਂ ਨੂੰ ਸਿੱਖੀ ਦੀ ਕੋਈ ਗਲ ਦਾ ਪਤਾ ਨਹੀਂ ਹੈ। ਇਹ ਜਿਹੜੇ ਕੰਮ ਕਰ ਰਹੇ ਹਨ (ਵਿਘਨ) ਇਸ ਨਾਲ ਇਨ੍ਹਾਂ ਨੂੰ ਪੰਜਾਬ ਦੀ ਜਨਤਾ ਕਦੇ ਮੁਆਫ਼ ਨਹੀਂ ਕਰੇਗੀ। (ਵਿਘਨ) ਜਦੋਂ ਦੀ ਅਕਾਲੀ ਸਰਕਾਰ ਆਈ ਹੈ, ਸੀ.ਐਮ. ਸਾਹਿਬ ਨੇ ਵੀ ਕਹਿ ਦਿੱਤਾ ਹੈ ਕਿ ਅਸੀਂ ਉਥੇ ਰਾਜਲਾ ਦੇ ਹਲਕੇ ਵਿਚ ਕਈ ਕੰਮ ਕਰ ਰਹੇ ਹਾਂ, ਸਬ ਡਿਵੀਜ਼ਨ ਬਣਾਈ ਹੈ। ਹੋਰ ਕਈ ਕੰਮ ਤਰੱਕੀ ਦੇ ਕੀਤੇ ਹਨ, ਇਹ ਇਕ ਕੰਪਲੈਕਸ ਦੀ ਗਲ ਲੈ ਕੇ ਬੈਠੇ ਹਨ (ਵਿਘਨ) (ਘੰਟੀ) ਸਪੀਕਰ ਸਾਹਿਬ ਮੈਂ ਬਹੁਤਾ ਸਮਾਂ ਨਹੀਂ ਲਵਾਂਗਾ। ਮੈਂ ਇਹ ਫਿਰ ਕਹਾਂਗਾ ਕਿ ਤੁਸੀਂ ਬਰਨਾਲਾ ਸਾਹਿਬ ਦੀ ਮੇਹਰਬਾਨੀ ਨਾਲ ਉਥੇ ਬੈਠੇ ਹੋ, ਉਨ੍ਹਾਂ ਕੁਰਸੀਆਂ ਤੇ ਬੈਠੇ ਹੋ, ਨਹੀਂ ਤਾਂ ਤੁਸੀਂ ਉਥੇ ਬੈਠ ਨਹੀਂ ਸੀ ਸਕਦੇ । ਅੱਜ ਵੀ ਜੇ ਤੁਸੀਂ ਆਪਣੀਆਂ ਭੁੱਲਾਂ ਬਖਸ਼ਾਉਂਣਾ ਚਾਹੁੰਦੇ ਹੋ ਤਾਂ ਤੁਹਾਨੂੰ ਬਰਨਾਲਾ ਸਾਹਿਬ ਕੋਲੋਂ ਉਨ੍ਹਾਂ ਦੇ ਚਰਣੀਂ ਲਗ ਕੇ ਮੁਆਫੀ ਮੰਗਣੀ ਪਵੇਗੀ ਨਹੀਂ ਤਾਂ ਲੋਕ ਤੁਹਾਡਾ ** ਕਰਕੇ ਪੰਜਾਬ ਵਿਚ ਵੜਨ ਨਹੀਂ ਦੇਣਗੇ (ਵਿਘਨ) ਤੁਸੀਂ ਗੁਰਦੁਆਰਿਆਂ ਨੂੰ ਆਪਣੇ ਢੰਗ ਨਾਲ ਵਰਤਿਆ ...... (ਵਿਘਨ) ਤੁਸੀਂ ਅਕਾਲੀ ਦਲ ਦੇ ਮਗਰ ਲਗੋ, ਜਿਸ ਦੇ ਪ੍ਰਧਾਨ ਬਰਨਾਲਾ ਸਾਹਿਬ ਹਨ, ਨਹੀਂ ਤਾਂ ਲੋਕ ਤੁਹਾਨੂੰ ਕਦੇ ਮੁਆਫ਼ ਨਹੀਂ ਕਰਨਗੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਤੁਸੀਂ ਮੇਰਾ ਤਾਂ ਪੁਆਇੰਟ ਆਫ਼ ਆਰਡਰ ਕਟਵਾ ਦਿਤਾ ਹੈ, ਇਨ੍ਹਾਂ ਦੇ ਲਫਜ਼ ** ਕਰਨ ਵਾਲੇ ਕਟਵਾਓ।

ਸ਼੍ਰੀ ਸਪੀਕਰ : ਜਿਹੜੇ ਸ਼ਬਦ ** ਕਰਨ ਵਾਲੇ ਕਹੇ ਹਨ, ਉਹ ਐਕਸਪੰਜ ਕਰ ਦਿੱਤੇ ਜਾਣ । (ਵਿਘਨ) ਤੁਸੀਂ ਬੈਠੋ।

ANNOUNCEMENT BY THE SPEAKER *Re.* A STRANGER-SARDAR HARBHAJAN SINGH SANDHU-IN THE HOUSE

ਸ਼੍ਰੀ ਸਪੀਕਰ : ਹੁਣ ਮੈਂ ਦੋ ਗੱਲਾਂ ਵਲ ਹਾਊਸ ਦਾ ਧਿਆਨ ਖਿਚਣਾ ਚਾਹਵਾਂਗਾ । ਇਕ ਤਾਂ ਇਹ ਚੀਜ਼ ਕਿ ਜਿਸ ਵੇਲੇ ਕੋਈ ਆਨਰੇਬਲ ਮੈਂਬਰ ਚੇਅਰ ਨੂੰ ਐਡਰੈਸ ਕਰਦਾ ਹੋਵੇ ਤਾਂ ਉਸ ਵੇਲੇ ਮੇਰੇ ਦੇਖਣ ਵਿਚ ਆਇਆ ਹੈ ਕਿ ਕਈ ਸੱਜਣ ਵਿਚੋਂ ਲੰਘ ਜਾਂਦੇ ਹਨ। ਇਹ ਠੀਕ ਨਹੀਂ। ਹਾਊਸ ਦੀ ਮਰਿਆਦਾ ਨੂੰ ਕਾਇਮ ਰੱਖਣਾ ਚਾਹੀਦਾ ਹੈ । ਅੱਜ ਵੀ ਜਦੋਂ ਆਨਰੇਬਲ ਮੈਂਬਰ ਬੋਲ ਰਹੇ ਸਨ ਤਾਂ ਸਾਡੇ ਕਈ ਪਤਵੰਤੇ ਆਨਰੇਬਲ ਮੈਂਬਰਜ਼ ਸੀਟਸ ਨੂੰ ਕੱਟ ਕਰਕੇ ਵਿਚੋਂ ਨਿਕਲ ਗਏ। ਇਹ ਠੀਕ ਨਹੀਂ ਲਗਦਾ।

**Expunged as ordered by the Chair.

[ਸ੍ਰੀ ਸਪੀਕਰ]

ਦੂਸਰੀ ਗਲ ਮੈਂ ਇਹ ਕਹਿਣੀ ਚਾਹਵਾਂਗਾ ਕਿ ਮਾਨ ਸਾਹਿਬ ਨੇ ਇਹ ਕਿਹਾ ਹੈ ਕਿ ਹਾਊਸ ਵਿਚ ਕੁਝ ਅਜਨਬੀ, ਸਟ੍ਰੇਂਜਰ ਆਏ ਹਨ। ਇਸ ਮਸਲੇ ਤੇ ਮੈਂ ਇਹ ਕਹਾਂਗਾ ਕਿ ਸਰਦਾਰ ਹਰਭਜਨ ਸਿੰਘ ਸੰਧੂ ਬੈਠੇ ਹਨ। ਇਨ੍ਹਾਂ ਵਾਸਤੇ ਜਿਸ ਤਰ੍ਹਾਂ ਪੰਜਾਬ ਹਰਿਆਣਾ ਹਾਈ ਕੋਰਟ ਨੇ 10 ਮਾਰਚ, 1987 ਨੂੰ ਫੈਸਲਾ ਦਿੱਤਾ ਹੈ ਕਿ—

The Hon'ble Punjab and Haryana High Court *vide* its order dated the 10th March, 1987 decided that S. Harbhajan Singh Sandhu shall be entitled to attend the Assembly proceedings and sign the register therein for the minimum period of days so as to keep his seat intact but he shall not have the right to vote or take part in the proceedings of the State Assembly or draw any remuneration.

Sardar Harbhajan Singh Sandhu was informed *vide* Punjab Vidhan Sabha Secretariat letter No. 13-LA-87/4255, dated the 11th March, 1987, that by attending the Session of the Punjab Vidhan Sabha on the 11th March, 1987. the requirement of the order granted by the Hon'ble Punjab and Haryana High Court on 10th March, 1987, has been complied with for the current Session of the Assembly. He was, therefore, informed that he may not attend the rest of the sittings of the House in the current Session nor mark his presence in the Attendance register.

It may be stated here that sub-section (4) of Article 190 of the Constitution of India provides that—

> "If for a period of sixty days a member of a House of the Legislature of a State is without permission of the House absent from all meetings thereof, the House may declare his seat vacant :
>
> Provided that in computing the said period of sixty days no account shall be taken of any period during which the House is prorogued or is adjourned for more than four consecutive days".

The present Session of the Vidhan Sabha according to the tentative programme, is to continue upto the 30th March, 1987. The Session started on the 11th March, 1987 and thus, at the most the Session will be for the duration of about 20 days. Whereas Shri Sandhu is required to attend the Session once in sixty day , but he has been attending the sittings of the House after the 11th March 1987 and has also been marking his presence in the Attendance register. In such situations, the Constitution of India contains Article 193 which reads as under :—

> "**Penalty for sitting and voting before making oath or affirmation under Article 188 or when not qualified or when disqualified.**—If a person sits or votes as a member of the Legislative Assembly or the Legislative Council of a State before he has complied with the requirements of Article 188, or when he knows that he is not qualified or that he is disqualified for membership thereof, or that he is prohibited from so doing by the provisions of any law made by Parliament or the Legislature of the State, he shall be liable in respect of each day on which he so sits or voter to a penalty of five hundred rupees to be recovered as a debt due to the State."

In view of the provisions of this Article, Shri Sandhu is liable in respect of each day on which he sits in the House to a penalty of Rs. 500 to be recovered from him as a debt due to the State.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ ਆਰਡਰ ਸਪੀਕਰ ਸਾਹਿਬ ......

ਸ੍ਰੀ ਸਪੀਕਰ : ਤੁਸੀਂ ਕਿਸ ਇਸ਼ੂ ਤੇ ਬੋਲਣਾ ਚਾਹੁੰਦੇ ਹੋ । ਜੇਕਰ ਤੁਸੀਂ ਗਵਰਨਰ ਸਾਹਿਬ ਦੇ ਐਡਰੇਸ ਤੇ ਬੋਲਣਾ ਚਾਹੁੰਦੇ ਹੋ ਤਾਂ ਬੋਲ ਸਕਦੇ ਹੋ।

ਸਰਦਾਰ ਸੁਖਦੇਵ ਸਿੰਘ ਢੀਂਡਸਾ ; ਸਪੀਕਰ ਸਾਹਿਬ, ਕਿਸ ਇਸ਼ੂ ਤੇ ਨਹੀਂ ਬੋਲਣਾ ਸਪੀਕਰ ਸਾਹਿਬ, ਅੱਖਬਾਰਾਂ ਵਿਚ ਆਇਆ ਸੀ ਕਿ ਸਰਦਾਰ ਹਰਭਜਨ ਸਿੰਘ ਸੰਧੂ ਨੇ ਤੁਹਾਨੂੰ ਇਕ ਚਿੱਠੀ ਲਿਖੀ ਸੀ ਜਿਸ ਉਤੇ ਤੁਸੀਂ ਰੂਲਿੰਗ ਦਿੱਤੀ ਹੈ ਪਰ ਜਿਸ ਵਿਚ ਉਨ੍ਹਾਂ ਨੇ ਕਿਹਾ ਸੀ ਕਿ ਸਰਦਾਰ ਸੁਰਜੀਤ ਸਿੰਘ ਬਰਨਾਲਾ, ਅਕਾਲੀ ਦਲ ਦੇ ਮੈਂਬਰ ਵੀ ਨਹੀਂ ਰਹਿ ਸਕਦੇ ਉਸ ਉਤੇ ਵੀ ਤੁਹਾਡੀ ਰੂਲਿੰਗ ਆਉਣੀ ਚਾਹੀਦੀ ਹੈ। ਉਸ ਉਤੇ ਤੁਹਾਡਾ ਕੀ ਡਿਸੀਜ਼ਨ ਹੈ ?

ਸ੍ਰੀ ਸਪੀਕਰ : ਇਸ ਇਸ਼ੂ ਤੇ ਡਿਸੀਜ਼ਨ ਦੇ ਦਿੱਤਾ ਹੈ ਅਤੇ ਮੈਂ ਰਿਕੁਐਸਟ ਕਰਾਂਗਾ ਕਿ ਹਾਊਸ ਦੀਆਂ ਜਿਹੜੀਆਂ ਕਾਂਸਟੀਚਿਊਸ਼ਨਲ ਮਰਿਯਾਦਾਂ ਹਨ, ਉਹ ਭੰਗ ਹੋਈਆਂ ਹਨ, ਇਸ ਲਈ he should withdraw from the House. If he insists, further action will be taken under the provisions of the Constitution.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਗਵਰਨਰ ਐਡਰੇਸ ਤੇ ਬੋਲਣਾ ਹੈ। ਮੈਨੂੰ ਦਸਿਆ ਜਾਵੇ ਕਿੰਨਾ ਟਾਈਮ ਦਿੱਤਾ ਜਾਵੇਗਾ।

(ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ ਵਲੋਂ ਵਿਘਨ)

Mr. Speaker : I have given you time. Let Mr. Bhunder Speak.

RESUMPTION OF DISCUSSION ON GOVERNOR'S ADDRESS AND VOTING ON THE MOTION OF THANKS

ਸਰਦਾਰ ਬਲਵਿੰਦਰ ਸਿੰਘ ਭੂੰਦੜ (ਸਰਦੂਲਗੜ੍ਹ) : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿੱਤਾ ਹੈ। (ਵਿਘਨ) ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਕਰਕੇ ਧੰਨਵਾਦ ਦਾ ਮਤਾ ਰਖਿਆ ਗਿਆ ਹੈ। ਸਪੀਕਰ ਸਾਹਿਬ, ਅਸੀਂ ਕਈ ਦਫਾ ਅਸਲੀਅਤ ਤੋਂ ਪਾਸੇ ਹੋ ਜਾਂਦੇ ਹਾਂ। ਮੈਂ ਇਹ ਚੀਜ਼ ਨੋਟ ਕੀਤੀ ਹੈ। ਮੈਂ ਬਹੁਤ ਪੁਰਾਣਾ ਮੈਂਬਰ ਹਾਂ ਅਤੇ ਮੇਰੇ ਤੋਂ ਵੀ ਕਈ ਪੁਰਾਣੇ ਮੈਂਬਰ ਹੋਣ ਗੇ ਪਰ ਨਵੇਂ ਜ਼ਿਆਦਾ ਹਨ ਔਰ ਮੈਂ ਕਈਆਂ ਤੋਂ ਜ਼ਿਆਦਾ ਪੁਰਾਣਾ ਮੈਂਬਰ ਹਾਂ। ਇਥੇ ਹਾਊਸ ਵਿਚ ਬਹਿਸ ਹੁੰਦੀ ਰਹੀ ਹੈ ਔਰ ਜ਼ਿਆਦਾ ਤਰ ਜਾਤੀ ਤੌਰ ਤੇ ਉਪਰ ਚਲੇ ਗਏ ਹਨ। ਤੁਸੀਂ ਹਾਊਸ ਦੀਆਂ ਪਰੋਸੀਡਿੰਗਜ਼ ਕਢਵਾ ਕੇ ਵੇਖ ਲਓ। ਸਪੀਕਰ ਸਾਹਿਬ , ਡੀਬੇਟ ਠੀਕ ਢੰਗ ਨਾਲ ਹੋਣੀ ਚਾਹੀਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ, ਸਪੀਕਰ ਸਾਹਿਬ, 16 ਅਕਤੂਬਰ, 1985, 3 ਮਾਰਚ, 1986 ਅਤੇ 11 ਮਾਰਚ, 1987 ਨੂੰ ਤਿੰਨ ਗਵਰਨਰ ਸਾਹਿਬ ਵਲੋਂ ਐਡਰੈਸ ਹੋਏ ਹਨ। ਤਕਰੀਬਨ ਬਹੁਤ ਸਾਰੀ ਬਹਿਸ ਧਰਮ ਉਪਰ ਹੀ ਹੋਈ ਹੈ। ਪਹਿਲਾ ਗਵਰਨਰ ਐਡਰੈਸ ਸ੍ਰੀ ਅਰਜਨ ਸਿੰਘ ਜੀ ਹੋਰਾਂ ਨੇ ਪੇਸ਼ ਕੀਤਾ ਸੀ। ਹਰਿਮੰਦਰ ਸਾਹਿਬ ਵਿਚ ਫੌਜ ਦਾ ਦਾਖਲ ਹੋਣਾ ਔਰ ਦਿੱਲੀ ਦੇ ਦੰਗਿਆਂ ਨੂੰ ਨਹੀਂ ਭੁਲਾਇਆ ਜਾ ਸਕਦਾ। ਇਨ੍ਹਾਂ ਦੁਖਦਾਈ ਘਟਨਾਵਾਂ ਨੂੰ ਕਿਵੇਂ ਭੁਲਾਇਆ ਜਾਵੇਗਾ। ਸਪੀਕਰ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਸਾਹਿਬ, ਬੜੇ ਅੱਛੇ ਤਰੀਕੇ ਦੇ ਨਾਲ ਅਕਾਲੀਦਲ ਨੇ ਅਕਾਰਡ ਕੀਤਾ। ਦਿੱਲੀ ਵਾਲਿਆਂ ਨਾਲ ਅਕਾਰਡ ਕੀਤਾ ਗਿਆ ਕਿ ਪੰਜਾਬ ਦਾ ਮਸਲਾ ਹੱਲ ਹੋ ਜਾਵੇਗਾ ਅਤੇ ਪੰਜਾਬ ਦੇ ਲੋਕਾਂ ਤੇ ਹੋਏ ਜ਼ਖਮਾਂ ਤੇ ਮਲੱਮ ਲਗਾਈ ਜਾਵੇਗੀ ਪੰਜਾਬ ਵਿਚ ਅਮਨ ਹੋ ਜਾਵੇਗਾ ਇਹ ਉਸ ਵੇਲੇ ਦਾ ਗਵਰਨਰ ਅਡਰੈਸ ਹੈ ਜਦੋਂ ਅਕਾਲੀ ਮਨਿਸਟਰੀ ਬਣੀ ਸੀ। ਧਰਮ ਦੀਆਂ ਸਭ ਪਰੰਪਰਾਵਾਂ ਨੂੰ ਤੋੜਿਆ ਗਿਆ ਹੈ । ਸਪੀਕਰ ਸਾਹਿਬ, ਮਿਸ਼ਰਾ ਕਮਿਸ਼ਨ, ਮੈਥਿਊ ਕਮਿਸ਼ਨ, ਇਰਾਦੀ ਕਮਿਸ਼ਨ ਤੋਂ ਆਸਾਂ ਸੀ ਕਿ ਇਨ੍ਹਾਂ ਕਮਿਸ਼ਨਾਂ ਨਾਲ ਪੰਜਾਬ ਵਿਚ ਅਮਨ ਹੋਵੇਗਾ ਪਰ ਕੋਈ ਵੀ ਹਿੰਦੁਸਤਾਨ ਦਾ ਬੱਚਾ ਕਹਿ ਸਕਦਾ ਹੈ ਕਿ ਇਨ੍ਹਾਂ ਕਮਿਸ਼ਨਾਂ ਤੋਂ ਇਨਸਾਫ ਮਿਲੇਗਾ। ਜਿਨ੍ਹਾਂ ਕਮਿਸ਼ਨਾਂ ਤੋਂ ਅਕਾਲੀ ਦਲ ਦੀ ਸਰਕਾਰ ਨੇ ਆਸਾਂ ਲਾਈਆਂ ਸਨ ਤਾਂ ਅੱਜ ਉਸ ਪਾਰਟੀ ਦਾ ਕੋਈ ਵੀ ਬੰਦਾ ਜਾਂ ਸੀ.ਐਮ. ਸਾਹਿਬ ਕਹਿ ਦੇਣ ਕਿ ਉਹ ਇਨ੍ਹਾਂ ਕਮਿਸ਼ਨਾਂ ਦੀਆਂ ਰਿਪੋਰਟਾਂ ਤੋਂ ਖੁਸ਼ ਹਨ। ਇਨ੍ਹਾਂ ਨੂੰ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਲਿਖਣਾ ਚਾਹੀਦਾ ਸੀ ਕਿ ਇਹ ਬਹੁਤ ਮਾੜਾ ਹੋਇਆ ਹੈ। ਪੰਜਾਬ ਨਾਲ ਬੇਇਨਸਾਫੀ ਹੋਈ ਹੈ। ਪੰਜਾਬ ਦੇ ਅਕਾਰਡ ਨੂੰ ਸਾਰੀ ਦੁਨੀਆਂ ਵਿੱਚ ਇਸ ਦਾ ਪ੍ਰਚਾਰ ਕੀਤਾ ਗਿਆ ਸੀ। ਸਪੀਕਰ ਸਾਹਿਬ, 20 ਜਨਵਰੀ, 1987 ਦਾ ਇੰਡੀਅਨ ਐਕਸਪ੍ਰੈਸ ਪੜ੍ਹ ਲਓ, ਸੰਡੇ ਆਬਜ਼ਰਵਰ ਅਖਬਾਰ ਪੜ੍ਹ ਲਓ ਜਾਂ ਕੋਈ ਹੋਰ ਅਖਬਾਰ ਪੜ੍ਹ ਲਓ। ਸਪੀਕਰ ਸਾਹਿਬ, ਦੋ ਘੰਟੇ ਪੰਜਾਬ ਦੇ ਮਸਲੇ ਬਾਰੇ ਪ੍ਰਾਈਮ ਮਨਿਸਟਰ ਵਲੋਂ ਪ੍ਰੈਸ ਕਾਨਫਰੰਸ ਹੋਈ। ਸਭ ਤੋਂ ਵੱਧ ਸਮਾਂ ਪੰਜਾਬ ਦੇ ਮਸਲੇ ਬਾਰੇ ਦਿੱਤਾ ਗਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਧਾਰਮਿਕ ਬੰਦੇ ਸਨ। ਪਰਾਈਮ ਮਨਿਸਟਰ ਨੇ ਇਥੇ ਆ ਕੇ ਕਿਹਾ ਅਤੇ ਦਿੱਲੀ ਜਾ ਕੇ ਵੀ ਕਿਹਾ। ਅਕਾਰਡ ਬਾਰੇ ਪਰਾਈਮ ਮਨਿਸਟਰ ਜੀ ਨੇ ਕਿਹਾ ਕਿ 9 ਕਲਾਜ਼ਾਂ ਲਾਗੂ ਹੋ ਚੁੱਕੀਆਂ ਹਨ ਅਤੇ ਦੋ ਕਲਾਜ਼ਾਂ ਰਹਿੰਦੀਆਂ ਹਨ। ਉਨ੍ਹਾਂ ਦੋ ਕਲਾਜ਼ਾਂ ਨੂੰ ਵੀ ਲਾਗੂ ਕਰਨ ਲਈ ਅਸੀਂ ਤਿਆਰ ਹਾਂ ਪਰ ਪੰਜਾਬ ਦੀ ਸਰਕਾਰ ਨਹੀਂ ਮੰਨਦੀ। ਇਧਰ ਬੈਠੇ ਭਰਾ ਡਰਦੇ ਹਨ ਅਤੇ ਅਕਾਰਡ ਬਾਰੇ ਇਨ੍ਹਾਂ ਨੂੰ ਆਪਣਾ ਮੂੰਹ ਖੋਲਣਾ ਚਾਹੀਦਾ ਹੈ। ਸਪੀਕਰ ਸਾਹਿਬ, ਅਕਾਰਡ ਤੇ ਅਮਲ ਕਿਉਂ ਨਹੀਂ ਹੋ ਰਿਹਾ। ਜੇਕਰ ਅਕਾਰਡ ਠੀਕ ਹੈ ਤਾਂ ਇਸ ਤੇ ਪੂਰੀ ਤਰ੍ਹਾਂ ਅਮਲ ਕਿਉਂ ਨਹੀਂ ਹੋ ਰਿਹਾ। ਇਸ ਬਾਰੇ ਸਪੀਕਰ ਸਾਹਿਬ, ਸੀ.ਐਮ. ਸਾਹਿਬ ਦੱਸਣ ਜਾਂ ਜਿਹੜੇ ਸੁਪਰ ਸੀ.ਐਮ. ਬਣੇ ਬੈਠੇ ਹਨ, ਸਰਦਾਰ ਬਲਵੰਤ ਸਿੰਘ ਜੀ, ਉਹ ਦੱਸਣ ਕਿ ਹੁਣ ਦਿੱਲੀ ਦੀ ਸਰਕਾਰ ਮੁਕਰ ਕਿਉਂ ਰਹੀ ਹੈ ? ਮਿਸਰਾ ਕਮਿਸ਼ਨ, ਅਤੇ ਹੋਰ ਕਮਿਸ਼ਨਾਂ ਦੀ ਰਿਪੋਰਟਾਂ ਗਲਤ ਹਨ, ਜਾਂ ਨਹੀਂ ? ਪਰ ਇਨ੍ਹਾਂ ਗੱਲਾਂ ਤੇ ਜ਼ੋਰ ਨਹੀਂ ਦਿੱਤਾ ਗਿਆ। ਮੈਂ ਆਉਣਾ ਚਾਹੁੰਦਾ ਹਾਂ ਉਧਰ ਕਿ ਪੰਜਾਬ ਸਮੱਸਿਆ ਜਿਹੜੀ ਹੈ, ਇਹ ਸਮੱਸਿਆ ਬਾਰੇ ਇਨ੍ਹਾਂ ਨੇ ਗਵਰਨਰ ਐਡਰੈਸ ਵਿੱਚ ਵੀ ਮੰਨਿਆਂ ਹੈ ਕਿ ਰਾਜਸੀ ਸਮੱਸਿਆ ਹੈ, ਲਾਅ ਐਂਡ ਆਰਡਰ ਦੀ ਨਹੀਂ। ਇਹ ਸਮੱਸਿਆ ਸਟਾਰਟ ਕਿਥੋਂ ਹੋਈ । ਰਾਜਸੀ ਇਹ ਸੀ, ਕੀ ਸਨ ਸਾਡੀਆਂ ਮੰਗਾਂ, ਕਿਥੋਂ ਅਸੀਂ ਚਲੇ ਸੀ ? ਚਲੇ ਸੀ ਦਰਿਆਵਾਂ ਦੇ ਪਾਣੀਆਂ ਦੇ ਮਸਲੇ ਤੋਂ ਚੰਡੀਗੜ੍ਹ ਦੇ ਬਦਲੇ ਪੰਜਾਬ ਦੇ ਇਲਾਕਿਆਂ ਦੇ ਮਸਲੇ ਤੋਂ, ਫੌਜਾਂ ਵਿੱਚ ਭਰਤੀ ਮੈਰਿਟ ਦੇ ਆਧਾਰ ਤੇ ਕਰਨ ਦੇ ਮਸਲੇ ਤੋਂ, ਇੰਡਸਟਰੀ ਦੇ ਮਸਲੇ ਤੇ ਅਤੇ ਸਾਡੇ ਕਿਸਾਨਾਂ ਨੂੰ ਭਾਅ ਦਿੱਲੀ ਦੇ ਕਹਿਣ ਤੇ ਮਿਲਦੇ ਹਨ, ਉਸ ਮਸਲੇ ਤੋਂ ਅਤੇ ਇਸ ਪਾਰਟੀ ਨੇ ਅਨੰਦਪੁਰ ਸਾਹਿਬ ਦਾ ਮਤਾ 1972 ਵਿੱਚ ਲਿਖਿਆ ਅਤੇ ਲੋਕਾਂ ਦੇ ਸਾਹਮਣੇ ਆਪਣੀਆਂ ਮੰਗਾਂ ਰਖੀਆਂ। ਉਦੋਂ ਇਹ ਸੀ.ਐਮ. ਸਾਹਿਬ ਅਤੇ ਸਰਦਾਰ ਬਲਵੰਤ ਸਿੰਘ ਜੀ ਨੇ ਲਿਖਿਆ ਸੀ। ਉਥੋਂ ਅਸੀਂ ਚਲੇ ਸੀ। ਫੇਰ ਅਸੀਂ ਸ਼ਾਂਤਮਈ ਮੋਰਚਾ ਲਾਇਆ, ਲੱਖਾਂ ਬੰਦੇ ਜੇਲ੍ਹਾਂ ਵਿੱਚ ਚਲੇ ਗਏ, ਕੈਦ ਕਰਾਏ, ਆਜ਼ਾਦੀ ਦੇ ਮੋਰਚੇ ਵਿੱਚ ਵੀ ਏਨੇ ਲੋਕ ਜੇਲ੍ਹਾਂ ਵਿੱਚ ਨਹੀਂ ਗਏ ਹੋਣੇ, ਜਿੰਨੇ ਸ਼੍ਰੋਮਣੀ ਅਕਾਲੀ ਦੱਲ ਦੇ ਸ਼ਾਂਤਮਈ ਧਾਰਮਿਕ ਮੋਰਚੇ ਵਿੱਚ ਗਏ। ਅਸੀਂ ਆਪਣੀ ਮੰਗਾਂ ਅਤੇ ਹੱਕਾਂ ਨੂੰ ਮਨਾਉਣ ਵਾਸਤੇ ਇਹ ਮੋਰਚਾ ਲਗਾਇਆ ਸੀ।

ਸਪੀਕਰ ਸਾਹਿਬ, ਹੋਇਆ ਇਸ ਦੇ ਉਲਟ। ਅਸੀਂ ਸ਼ਾਂਤਮਈ ਜਲੂਸ ਦਿੱਲੀ ਕੱਢਿਆ ਤਾਂ ਸਾਡੇ ਤੇ ਗੋਲੀਆਂ ਮਾਰੀਆਂ ਗਈਆਂ। ਅਸੀਂ ਬਿਲਕੁਲ ਚੁੱਪ ਜਲੂਸ ਕੱਢਿਆ ਅਤੇ ਮੰਗਾਂ ਵੀ ਲਿਖ ਕੇ ਦੇ ਦਿੱਤੀਆਂ ਅਤੇ ਮੂੰਹ ਤੋਂ ਇਕ ਅੱਖਰ ਨਹੀਂ ਕੱਢਿਆ। ਪਰ ਫੇਰ ਵੀ ਸਾਡੇ ਸੈਂਕੜੇ ਭਰਾ ਸ਼ਹੀਦ ਹੋਏ ਅਤੇ ਲੱਖਾਂ ਜੇਲ੍ਹਾਂ ਵਿਚ ਗਏ। ਬਜਾਏ ਸ਼ਾਂਤਮਈ ਢੰਗ ਨਾਲ ਗੱਲ ਕਰਨ ਦੇ ਇਹ ਕਹਿ ਦਿੱਤਾ ਗਿਆ ਕਿ ਇਹ ਗਰਮ ਦੱਲ ਦੇ ਹਨ। ਅਸੀਂ ਤਾਂ ਅੱਜ ਵੀ ਸ਼ਾਂਤਮਈ ਢੰਗ ਨਾਲ ਲੜਾਈ ਲੜਨਾ ਚਾਹੁੰਦੇ ਹਾਂ। ਫੇਰ ਕੀ ਹੋਇਆ, ਫੇਰ ਆਪਰੇਸ਼ਨ ਬਲਿਊ-ਸਟਾਰ ਹੋਇਆ। ਉਸ ਤੋਂ ਬਅਦ ਮੁੰਡੇ ਦੋ ਦੋ ਢਾਈ ਢਾਈ ਸਾਲ ਤੋਂ ਜੋਧਪੁਰ ਜੇਲ੍ਹਾਂ ਵਿਚ ਬੈਠੇ ਹਨ, ਉਹ ਮੁਕਦਮੇ ਤੋਂ ਬਿਨਾਂ ਉਥੇ ਬੈਠੇ ਰਹੇ, ਸਾਡੇ ਧਾਰਮਿਕ ਫੌਜੀ ਜਿਨ੍ਹਾਂ ਨੇ ਕੋਈ ਕਸੂਰ ਨਹੀਂ ਕੀਤਾ ਸੀ, ਕਿਸੇ ਤੇ ਹੱਥ ਨਹੀਂ ਚੁਕਿਆ ਸੀ, ਸਿਰਫ ਹਰਿਮੰਦਰ ਸਾਹਿਬ ਦੇਖਣ ਆ ਰਹੇ ਸਨ ਅਤੇ ਮੱਥਾ ਟੇਕਣ ਆ ਰਹੇ ਸਨ, ਉਨ੍ਹਾਂ ਵਿਚੋਂ 46 ਨੂੰ ਰਾਹ ਵਿੱਚ ਹੀ ਮਾਰ ਦਿੱਤਾ ਗਿਆ ਅਤੇ 286 ਫੌਜੀ 10-10 ਅਤੇ 12-12 ਸਾਲਾਂ ਲਈ ਜੇਲ੍ਹਾਂ ਵਿੱਚ ਬਿਠਾ ਦਿੱਤੇ ਗਏ ਹਨ। ਇਹ ਸ਼ਾਂਤਮਈ ਢੰਗ ਨਾਲ ਮੋਰਚਾ ਲਾਉਣ ਦਾ ਰਿਜ਼ਲਟ ਮਿਲ ਰਿਹਾ ਹੈ। ਇਹ ਦਿੱਲੀ ਮਲ੍ਹਮ ਲਾ ਰਹੀ ਹੈ। ਫੇਰ ਸ਼ੇਰਸ਼ਾਹ ਸੂਰੀ ਮਾਰਗ 7 ਦਿਨਾਂ ਵਾਸਤੇ ਬੰਦ ਰਿਹਾ। ਕੀ ਪੰਜਾਬ ਹਿੰਦੁਸਤਾਨ ਦਾ ਪਾਰਟ ਨਹੀਂ; ਕੀ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਪੰਜਾਬੀਆਂ ਨੇ ਕੁਰਬਾਨੀਆਂ ਨਹੀਂ ਦਿੱਤੀਆਂ, ਲੜਾਈ ਨਹੀਂ ਲੜੀ, ਫੇਰ ਵੀ ਪੰਜਾਬੀਆਂ ਦਾ ਰਸਤਾ ਕੱਟਿਆ ਜਾ ਰਿਹਾ ਹੈ। ਦਿੱਲੀ, ਜੋ ਹਿੰਦੁਸਤਾਨ ਦਾ ਦਿਲ ਹੈ, ਜਿਥੇ ਹਿੰਦੁਸਤਾਨ ਦਾ ਬਾਦਸ਼ਾਹ ਜੋ ਕਹਿੰਦਾ ਹੈ ਕਿ ਬੜਾ ਕਲੀਨ ਹਾਂ, ਉਸ ਦੀਆਂ ਅੱਖਾਂ ਥੱਲੇ ਉਥੇ ਕਤਲੇਆਮ ਹੋ ਰਿਹਾ ਸੀ ਅਤੇ ਅੱਜ 3-4 ਸਾਲ ਤੋਂ ਬਾਅਦ ਪਤਾ ਨਹੀਂ ਲਗ ਰਿਹਾ ਕਿ ਕਿਸਨੇ ਕੀਤਾ ਹੈ। ਮਿਸ਼ਰਾ ਕਮਿਸ਼ਨ ਦੀਆਂ ਰਿਪੋਰਟਾਂ ਦੇਖ ਲਓ। ਉਹ ਕਹਿੰਦਾ ਹੈ ਕਿ ਇਹ ਆਰਗਨਾਈਜ਼ਡ ਨਹੀਂ ਸੀ। ਪਤਾ ਨਹੀਂ ਇਹ ਕਿਸਨੇ ਕੀਤਾ ਹੈ। ਇਹ ਮਿਲਿਆ ਸਾਨੂੰ, ਇਹ ਮਲ੍ਹਮ ਲਗ ਰਹੀ ਹੈ। ਅਨੇਕਾਂ ਮੁੰਡੇ ਜੇਲ੍ਹਾਂ ਅੰਦਰ ਡੱਕੇ ਹੋਏ ਸਨ। 2000 ਛੱਡ ਦਿੱਤੇ ਗਏ ਅਤੇ 2100 2200 ਫੇਰ ਫੜ ਲਏ ਗਏ। ਝੂਠੇ ਪੁਲਿਸ ਮੁਕਾਬਲੇ ਕਰਵਾਏ ਗਏ, ਮੁੰਡੇ ਨੂੰ ਕਾਰ ਵਿਚੋਂ ਕੱਢਕੇ ਮਾਰ ਦਿੱਤਾ ਗਿਆ। ਫੇਰ ਦਿਲੀ ਕਹਿੰਦੀ ਹੈ ਕਿ ਅਸੀਂ ਮਲ੍ਹਮ ਲਾਉਂਦੇ ਹਾਂ। ਪੰਜਾਬ ਵਾਲੇ ਕਹਿੰਦੇ ਹਨ ਕਿ ਮਲ੍ਹਮ ਲਾਉਂਦੇ ਹਨ ਪਰ ਅਕਾਰਡ ਰਾਹੀਂ ਲਾਉਂਦੇ ਹਾਂ। ਅੱਜ ਬਰਨਾਲਾ ਸਾਹਿਬ ਸਾਨੂੰ ਕਹਿੰਦੇ ਹਨ ਕਿ ਤੁਸੀਂ ਇਧਰ ਜਾ ਕੇ ਸਾਡਾ ਨੁਕਸਾਨ ਕਰਾ ਦਿੱਤਾ ਨਹੀਂ ਤਾਂ ਅਸੀਂ ਜ਼ਖਮਾਂ ਮੱਲ੍ਹਮ ਲਾ ਦੇਣੀ ਸੀ। ਸਪੀਕਰ ਸਾਹਿਬ, 26 ਜਨਵਰੀ ਤੱਕ ਕੋਈ ਇਧਰ ਉਧਰ ਨਹੀਂ ਸੀ। ਕੀ ਇਨ੍ਹਾਂ ਨੇ ਜੋ ਦਿੱਲੀ ਸਮਝੌਤਾ ਕੀਤਾ ਸੀ ਉਹ ਪੂਰਾ ਹੋ ਗਿਆ? ਜੋ ਜ਼ਖਮਾਂ ਤੇ ਮਲ੍ਹਮ ਲਗਾਉਣੀ ਸੀ ਕੀ ਉਹ ਲਗਾ ਦਿੱਤੀ ਗਈ? 1976 ਐਮਰਜੈਂਸੀ ਅਵਾਰਡ ਰਾਹੀਂ ਨਹਿਰ ਪਟਵਾਉਣੀ ਆਪ ਮੰਨ ਲਈ ਔਰ ਪਟਵਾ ਰਹੇ ਹਨ। ਇਸ ਤੋਂ ਬਾਅਦ ਚੰਡੀਗੜ੍ਹ ਦਾ ਭੋਗ ਪੈ ਗਿਆ। ਚੰਡੀਗੜ੍ਹ ਦਾ ਈਸ਼ੂ ਗੱਡੇ ਨਾਲ ਕੱਟਾ ਬਣ ਦਿੱਤਾ, ਕਹਿ ਦਿੱਤਾ ਗਿਆ ਕਿ 70,000 ਏਕੜ ਜ਼ਮੀਨ ਦੇ ਦਿਓ। ਇਹ ਕਹਿੰਦੇ ਹਨ ਕਿ ਹਿੰਦੀ ਸਪੀਕਿੰਗ ਏਰੀਆ ਦੇਣਾ ਹੈ। ਜੱਜ ਕਹਿੰਦਾ ਹੈ ਕਿ ਨੈਸ਼ਨਲ ਲੈਵਲ ਦੀਆਂ ਗਲਾਂ ਹਨ ਇਹ 70,000 ਏਕੜ ਜ਼ਮੀਨ ਦੇ ਦਿਓ। ਮਾਨ ਸਾਹਿਬ ਬੈਠੇ ਬੈਠੇ ਬੋਲਦੇ ਹਨ ਪਰ ਮੈਂ ਫੈਕਟਸ ਦੀਆਂ ਗਲਾਂ ਕਰ ਰਿਹਾ ਹਾਂ। ਇਨ੍ਹਾਂ ਨੂੰ ਪੁਛੋ ਹਿੰਦੁਸਤਾਨ ਵਿਚੋਂ ਕੀ ਆਵਾਜ਼ਾਂ ਆ ਰਹੀਆਂ ਹਨ ਉਹ ਕਹਿੰਦੇ ਹਨ ਕਿ 70,000 ਏਕੜ ਜ਼ਮੀਨ ਦੇ ਦਿਓ। ਇਨ੍ਹਾਂ ਤੋਂ ਅਖਵਾ ਲਓ ਕਿ ਮਿਸਰਾ ਕਮਿਸ਼ਨ ਗਲਤ ਹੈ। ਇਹ ਤੁਹਾਡੇ ਨਾਲ ਹਨ, ਇਨ੍ਹਾਂ ਤੋਂ ਕੋਈ ਗਲ ਤਾਂ ਜੋ ਜਾਇਜ਼ ਹੈ, ਉਹ ਅਖਵਾਹਾ ਲਓ। ਇਹ ਤੁਹਾਡੇ ਦੋਸਤ ਹਨ ਔਰ ਅਸੀਂ ਮਾੜੇ ਹਾਂ। ਚੰਗਾ ਹੁੰਦਾ ਜੇਕਰ ਇਕ

[ਸਰਦਾਰ ਬਲਵਿੰਦਰ ਸਿੰਘ ਭੂੰਦੜ]

ਗਲ ਵੀ ਇਨ੍ਹਾਂ ਤੋਂ ਮੰਨਵਾ ਲੈਂਦੇ (ਵਿਘਨ) ਪਾਣੀ ਦੀ ਗਲ ਲੈ ਲਓ। ਬਜਾਏ ਪਾਣੀ ਲੈਣ ਦੇ ਇਹ ਪਾਣੀ ਦੇਣਾ ਮੰਨ ਗਏ ਹਨ। ਪ੍ਰਾਈਮ ਮਨਿਸਟਰ ਇਨ੍ਹਾਂ ਨੂੰ ਗਲ ਕਰਨ ਲਈ ਟਾਈਮ ਨਹੀਂ ਦਿੰਦਾ ਹੈ। ਪ੍ਰਾਈਮ ਮਨਿਸਟਰ ਨਾਲ ਗਲ ਕਰਨ ਲਈ ਇਹ ਫਾਰੂਖ ਅਬਦੁਲਾ ਦਾ ਸਹਾਰਾ ਲੈਂਦੇ ਹਨ ਕਿ ਉਹ ਇਨ੍ਹਾਂ ਦੀ ਗਲ ਕਰਾਏ।ਅੱਜ ਅਕਾਲੀ ਦਲ ਕਿਸੇ ਆਪੋਜ਼ੀਸ਼ਨ ਪਾਰਟੀ ਦਾ ਸਹਾਰਾ ਲੈਂਦਾ ਹੈ। ਜਿਸ ਪਾਰਟੀ ਨੇ ਧਰਮ ਯੁਧ ਮੋਰਚੇ ਦੀ ਮੁਖਾਲਫਤ ਕੀਤੀ ਸੀ ਉਸ ਪਾਰਟੀ ਦਾ ਇਹ ਸਹਾਰਾ ਲੈਂਦੇ ਹਨ। ਉਹ ਕਹਿੰਦੇ ਹਨ ਕਿ ਅਕਾਰਡ ਦੀਆਂ 9 ਕਲਾਜ਼ਾਂ ਤੇ ਅਮਲ ਹੋ ਗਿਆ ਹੈ ਔਰ 2 ਕਲਾਜ਼ਾਂ ਤੇ ਬਰਨਾਲਾ ਜੀ ਅਮਲ ਨਹੀਂ ਕਰਦੇ ਹਨ। ਪੰਜਾਬ ਦੇ ਜ਼ਖਮਾਂ ਤੇ ਮਲ੍ਹਮ ਲਗਾਉਣੀ ਚਾਹੀਦੀ ਹੈ (ਵਿਘਨ) ਸਪੀਕਰ ਸਾਹਿਬ, ਮੈਨੂੰ ਖੁਸ਼ੀ ਹੁੰਦੀ (ਵਿਘਨ) ਨਾ ਅਸੀਂ ਟੈਰੋਰਿਸਟ ਹਾਂ, ਨਾ ਇਨ੍ਹਾਂ ਦੇ ਸਾਥੀ ਹਾਂ ਔਰ ਨਾ ਹੀ ਇਨ੍ਹਾਂ ਦੇ ਹੱਕ ਵਿਚ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਕਹਿੰਦੇ ਕਿ ਮਿਸ਼ਰਾ ਕਮਿਸ਼ਨ ਨੇ ਸਾਡੇ ਨਾਲ ਬਹੁਤ ਧੱਕਾ ਕੀਤਾ ਹੈ ਔਰ ਇਨ੍ਹਾਂ ਤੋਂ ਅਖਵਾਉਂਦੇ ਕਿ ਇਸ ਦੀ ਰਿਪੋਰਟ ਗਲਤ ਹੈ। ਹਿੰਦੁਸਤਾਨ ਵਿਚ 5000 ਸਿੱਖ ਮਾਰੇ ਗਏ ਔਰ ਟੀ.ਵੀ. ਤੇ ਪ੍ਰਾਈਮ ਮਨਿਸਟਰ ਨੇ 19 ਨਵੰਬਰ ਨੂੰ ਕਿਹਾ ਕਿ ਜਦੋਂ ਕੋਈ ਵੱਡਾ ਦਰਖਤ ਗਿਰਦਾ ਹੈ ਤਾਂ ਧਰਤੀ ਕੰਬਦੀ ਹੈ । ਪਰ ਜਦੋਂ ਇਹ ਪੰਜ ਹਜ਼ਾਰ ਆਦਮੀ ਮਰੇ ਤਾਂ ਧਰਤੀ ਨਹੀਂ ਕੰਬੀ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਆਨ ਏ ਪੁਆਇੰਟ ਆਫ ਆਰਡਰ। ਇਹ ਅਕਾਰਡ ਦੀ ਗਲ ਕਰਦੇ ਹਨ। ਇਨ੍ਹਾਂ ਨੂੰ ਪੁਛੋ ਕੀ ਇਹ ਅਕਾਰਡ ਨੂੰ ਮੰਨਦੇ ਵੀ ਹਨ ?

ਸਰਦਾਰ ਬਲਵਿੰਦਰ ਸਿੰਘ ਭੂੰਦੜ : ਅਸੀਂ ਸਭ ਕੁੱਝ ਛੱਡ ਸਕਦੇ ਹਾਂ। ਅਸੀਂ ਆਪਣੀਆਂ ਮੈਂਬਰੀਆਂ ਵੀ ਛੱਡ ਸਕਦੇ ਹਾਂ। ਜੇਕਰ ਪੰਜਾਬ ਦਾ ਭਲਾ ਹੋਵੇ (ਵਿਘਨ)

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਆਨ ਏ ਪੁਆਇੰਟ ਆਫ ਆਰਡਰ। ਅਕਾਲ ਤਖਤ ਤੇ ਹੋਰ ਬਿਆਨ ਦਿੰਦੇ ਹਨ ਔਰ ਹਾਈ ਕੋਰਟ ਵਿਚ ਹੋਰ ਬਿਆਨ ਦਿਤੇ ਹਨ। ਇਹ ਮੈਂਬਰੀਆਂ ਨਹੀਂ ਛੱਡਣਾ ਚਾਹੁੰਦੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਕਹਿੰਦੇ ਹਨ ਕਿ ਸਾਡੇ ਨਾਲ ਆ ਜਾਓ। ਪੰਜ ਹਜ਼ਾਰ ਬੰਦੇ ਹਿੰਦੁਸਤਾਨ ਵਿਚ ਮਾਰੇ ਗਏ ਔਰ ਉਨ੍ਹਾਂ ਦੇ ਗਲਾਂ ਵਿਚ ਟਾਇਰ ਪਾ ਕੇ ਉਨ੍ਹਾਂ ਨੂੰ ਸਾੜਿਆ ਗਿਆ। ਮੈਥੀਉ ਕਮਿਸ਼ਨ ਕਹਿੰਦਾ ਹੈ ਕਿ 70 000 ਏਕੜ ਜ਼ਮੀਨ ਦੇ ਦਿਓ। ਅਸੀਂ ਇਨ੍ਹਾਂ ਨੂੰ ਕਹਿੰਦੇ ਹਾਂ ਕਿ ਫੌਜੀ ਆਪਣੇ ਛਡਾ ਲਓ। ਝੂਠੇ ਮੁਕੱਦਮੇਂ ਬਣਾਉਣੇ ਛੱਡ ਦਿਓ। ਇਹ ਚੀਜ਼ਾਂ ਹੋ ਜਾਣ ਤਾਂ ਅਸੀਂ ਬਗੈਰ ਸ਼ਰਤ ਤੁਹਾਡੇ ਨਾਲ ਆ ਜਾਵਾਂਗੇ ਸਾਡੀ ਕੋਈ ਲੜਾਈ ਨਹੀਂ । ਜੇ ਸੀ.ਐਮ. ਸਾਹਿਬ ਤਹਾਡੀ ਗਲ ਸੈਂਟਰ ਵਾਲੇ ਨਹੀਂ ਮਨਦੇ ਤੁਹਾਡੀ ਕੋਈ ਸੁਣਵਾਈ ਨਹੀਂ ਤਾਂ ਫਿਰ ਅਸੀ ਇਹ ਕਹਿ ਸਕਦੇ ਹਾਂ ਕਿ ਤੁਸੀਂ ਸਾਡੇ ਪਿਛੇ ਆ ਜਾਓ। ਮੈਂ ਸੀ.ਐਮ. ਨੂੰ ਕਹਾਂਗਾ ਕਿ ਤੁਸੀਂ ਇਨ੍ਹਾਂ ਦੇ ਆਖੇ ਨਾ ਲੱਗੋ। ਇਹ ਤੁਹਾਨੂੰ ਅਕਾਲ ਤਖਤ ਦੇ ਖਿਲਾਫ ਚੁੱਕ ਰਹੇ ਹਨ। ਜਿਸ ਤਰ੍ਹਾਂ ਮੁਸਲਮਾਨ ਸਿੱਖਾਂ ਨੂੰ ਮਾਰਨ ਤੇ ਤੁਲੇ ਹੋਏ ਸਨ। ਇਸੇ ਤਰ੍ਹਾਂ ਇਹ ਕਰ ਰਹੇ ਹਨ। ਤੁਸੀਂ ਇਨ੍ਹਾਂ ਦੇ ਆਖੇ ਨਾ ਲਗੋ। ਅਕਾਲ ਤਖਤ ਦੇ ਖਿਲਾਫ ਲੜਾਈ ਠੀਕ ਨਹੀਂ ਹੈ। ਇਹ ਤੁਹਾਡੇ ਕੋਲੋਂ ਮੁੰਡੇ ਮਰਵਾਉਂਦੇ ਹਨ। ਤੁਸੀਂ ਅਸੂਲ ਦੀ ਲੜਾਈ

ਲੜੋ। ਤੁਸੀਂ ਸਹੀ ਲੜਾਈ ਲੜੋ। ਕਿਉਂ ਮੁੰਡਿਆਂ ਨੂੰ ਮਾਰ ਰਹੇ ਹੋ। ਅਕਾਲ ਤਖਤ ਦੇ ਆਖੇ ਲੱਗੋ। ਇਹ ਤੁਹਾਨੂੰ ਕਹਿੰਦੇ ਹਨ ਕਿ ਅਕਾਲ ਤਖਤ ਦਾ ਫੈਸਲਾ ਨਹੀਂ ਮੰਨਣਾ। (ਇਕ ਆਵਾਜ਼ : ਸਰਦਾਰ ਹਰਚੰਦ ਸਿੰਘ ਬਰਾੜ ਦੀ ਰਿੱਟ ਪਟੀਸ਼ਨ ਦਾ ਵੀ ਜਵਾਬ ਦਿਓ।)

ਸ਼੍ਰੀ ਸਪੀਕਰ : ਤੁਸੀਂ 5 ਮਿੰਟਾਂ ਵਿਚ ਕਨਕਲੂਡ ਕਰ ਦਿਓ। ਤੁਸੀਂ ਸਮਾਂ ਕਾਫੀ ਲੈ ਲਿਆ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਹ ਅਕਾਲ ਤਖਤ ਨੂੰ ਚੈਲੰਜ ਕਰਦੇ ਹਨ। ਤੁਸੀਂ ਸਿੱਖਾਂ ਦੀ ਹਿਸਟਰੀ ਦੇਖੋ। ਅਕਾਲ ਤਖਤ ਦੀ ਹਿਸਟਰੀ ਦੇਖੋ। ਕਿਸੇ ਸਿੱਖ ਨੇ ਅਕਾਲ ਤਖਤ ਨੂੰ ਚੈਲੰਜ ਨਹੀਂ ਸੀ ਕੀਤਾ।

ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ (ਸਰਦਾਰ ਬਲਦੇਵ ਸਿੰਘ ਖਿਆਲਾ) : ਪੁਆਇੰਟ ਆਫ ਆਰਡਰ, ਸਰ। ਮੈਂਬਰ ਸਾਹਿਬ ਖੁਦ ਨਿਰੰਕਾਰੀਆਂ ਦੇ ਗਏ। ਅਕਾਲ ਤਖਤ ਦਾ ਹੁਕਮ ਤੋੜਿਆ। ਫਿਰ ਭਾਂਡੇ ਮਾਂਜੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਭਾਂਡੇ ਮਾਂਜਣੇ ਮਾੜੀ ਗੱਲ ਨਹੀਂ ਹੈ। ਭਾਂਡੇ ਰੋਜ਼ ਮਾਂਜਦੇ ਹਾਂ। ਖਾਲਸੇ ਨੂੰ ਫਖਰ ਹਾਸਿਲ ਹੈ ਜੋੜੇ ਸਾਫ ਕਰਨ ਦਾ ਅਤੇ ਭਾਂਡੇ ਮਾਂਜਣ ਦਾ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਅਖਬਾਰਾਂ ਵਿਚ ਫੋਟੋਆਂ ਛਪੀਆਂ ਹਨ। ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਹੈ। ਇਹ ਕਿਹੜੀਆਂ ਗੱਲਾਂ ਕਰਦੇ ਹਨ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਕ ਸਮਾਂ ਐਸਾ ਆਇਆ ਕਿ ਹਰਨਾਕਸ਼ ਨੇ ਆਪਣੀ ਭੈਣ ਹੋਲਕਾ ਨੂੰ ਕਿਹਾ ਕਿ ਤੂੰ ਮੇਰੇ ਪੁੱਤਰ ਪ੍ਰਹਿਲਾਦ ਨੂੰ ਲੈ ਕੇ ਅੱਗ ਵਿਚ ਬੈਠ ਜਾ। ਨਤੀਜਾ ਇਹ ਨਿਕਲਿਆ ਕਿ ਹੋਲਕਾ ਜਲ ਗਈ ਪਰ ਪ੍ਰਹਿਲਾਦ ਬੱਚ ਗਿਆ। ਇਸੇ ਤਰ੍ਹਾਂ ਕਾਂਗਰਸ ਆਈ ਹੈ ਸਿੱਖਾਂ ਨੂੰ ਮਾਰਨ ਵਾਸਤੇ। ਇਸ ਵਿਚ ਇਹ ਕਾਮਯਾਬ ਨਹੀਂ ਹੋਣਗੇ। ਇਨ੍ਹਾਂ ਨੂੰ ਅਕਾਲ ਤਖਤ ਦੇ ਆਖੇ ਲੱਗਣਾ ਪਵੇਗਾ। (ਥੰਪਿੰਗ)

ਪ੍ਰੋਫੈਸਰ ਦਰਬਾਰੀ ਲਾਲ : ਪੁਆਇੰਟ ਆਫ ਆਰਡਰ, ਸਰ। ਇਹ ਜੋ ਹਿਸਟਰੀ ਕੋਟ ਕਰ ਰਹੇ ਹਨ ਇਨ੍ਹਾਂ ਨੇ ਸਾਨੂੰ ਹੋਲਕਾ ਕਿਹਾ ਹੈ। ਕੀ ਇਹ ਤਾੜਕਾ ਹਨ ਜਿਨ੍ਹਾਂ ਨੇ ਸਾਰਾ ਕੁੱਝ ਫਨ੍ਹਾ ਕਰ ਦਿੱਤਾ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਆਪੋ ਆਪਣੇ ਧਰਮ ਤੇ ਸਾਰੇ ਚਲਦੇ ਅਤੇ ਫੈਸਲੇ ਕਰਦੇ ਹਨ। (ਵਿਘਨ) ਹੁਣ ਵੇਖੋ ਰਾਜੀਵ ਦੇ ਹੱਕ ਵਿਚ ਅੰਗੂਠੇ ਲਗਵਾਏ ਜਾ ਰਹੇ ਹਨ। (ਵਿਘਨ) ਇਹ ਚੰਡੀਗੜ੍ਹ ਪੰਜਾਬ ਨੂੰ ਦੇ ਨਹੀਂ ਰਹੇ 70 ਹਜ਼ਾਰ ਏਕੜ ਜ਼ਮੀਨ ਦੀ ਮੰਗ ਕਰਦੇ ਹਨ। ਨਹਿਰ ਪੁੱਟਕੇ ਹਰਿਆਣਾ ਨੂੰ ਪਾਣੀ ਦੇ ਰਹੇ ਹਨ ਪਰ ਚੰਡੀਗੜ੍ਹ ਨਹੀਂ ਦੇ ਰਹੇ। ਮੈਂ ਤੁਹਾਨੂੰ ਹਿਸਟਰੀ ਦੀ ਗੱਲ ਦੱਸਣਾ ਚਾਹੁੰਦਾ ਹਾਂ ਕਿ ਚੰਦੂ ਦੇ ਕਹਿਣ ਤੇ ਜਹਾਂਗੀਰ ਨੂੰ ਮੌਕਾ ਮਿਲ ਗਿਆ ਤੇ ਕਿਹਾ ਕਿ ਗੁਰੂ ਅਰਜਨ ਦੇਵ ਜੀ ਨੂੰ ਫਾਂਸੀ ਚੜ੍ਹਾ ਦਿਓ ਤੱਤੀ ਤਵੀ ਤੇ ਬਿਠਾ ਦਿਓ ਕਿਉਂਕਿ ਉਸ ਨੇ ਕਹਿਣਾ ਨਹੀਂ ਮੰਨਿਆਂ।

ਪ੍ਰੋਫੈਸਰ ਦਰਬਾਰੀ ਲਾਲ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ ਟੋਟਲ ਹਿਸਟਰੀ ਦੇ ਵਿੱਚ ਦੇਖ ਲਓ ਇਹ ਚੀਜ਼ ਨਹੀਂ ਹੈ। ਹਿਸਟਰੀ ਲਿਖਣੇ ਵਾਲੇ ਸਰਦਾਰ ਗੰਡਾ ਸਿੰਘ ਤੇ ਸਰਦਾਰ ਫੌਜਾ ਸਿੰਘ ਦੀ ਮਾਸਟਰੀ ਹੈ ਔਰ ਦੋਹਾਂ ਨੇ ਇਹ ਸਾਬਤ ਕੀਤਾ ਹੈ ਚੰਦੂ ਨਾਮ ਦਾ ਕੋਈ ਸੱਜਣ ਲਾਹੌਰ ਦਰਬਾਰ ਵਿੱਚ ਨਹੀਂ ਸੀ। ਇਹ ਮਨ ਘੜੰਤ ਹਿਸਟਰੀ ਇਥੇ ਹਾਊਸ ਵਿਚ ਪੇਸ਼ ਕਰ ਰਹੇ ਹਨ ਔਰ ਹਾਊਸ ਨੂੰ ਮਿਸਲੀਡ ਕਰ ਰਹੇ ਹਨ। ਇਸ ਤਰ੍ਹਾਂ ਦੇ ਲਫਜ਼ ਰਿਕਾਰਡ ਤੇ ਨਹੀਂ ਆਉਣੇ ਚਾਹੀਦੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਜਹਾਂਗੀਰ ਸੀ ਤਾਂ ਗੁਰੂ ਅਰਜਨ ਦੇਵ ਜੀ ਤੱਤੀ ਤਵੀ ਤੇ ਬੈਠੇ ਸੀ।

ਜਹਾਂਗੀਰ ਬਾਦਸ਼ਾਹ ਦਾ ਹੁਕਮ ਅਲੱਗ ਅਲੱਗ ਵਿਅਕਤੀਆਂ ਵਾਸਤੇ ਅਲੱਗ ਅਲੱਗ ਹੁੰਦਾ ਸੀ। ਇਕ ਮੁਸਲਮਾਨ ਫਕੀਰ ਸ਼ੇਖ ਥਨੇਸਰੀ ਸੀ। ਖੁਸਰੋ ਦਿੱਲੀ ਤੋਂ ਹਾਰ ਕੇ ਜਦੋਂ ਲਾਹੌਰ ਜਾ ਰਿਹਾ ਸੀ ਤਾਂ ਉਸ ਨੂੰ ਉਹ ਮੁਸਲਮਾਨ ਫਕੀਰ ਸ਼ੇਖ ਥਨੇਸਰੀ ਮਿਲਿਆ ਅਤੇ ਖੁਸਰੋ ਨੇ ਉਸ ਨੂੰ ਸਲਾਮ ਦੁਆ ਕੀਤੀ ਅਤੇ ਉਸ ਦੀ ਮੱਦਦ ਵਾਸਤੇ ਪ੍ਰਾਰਥਨਾ ਕੀਤੀ। ਉਸ ਫਕੀਰ ਨੇ ਮੱਥੇ ਤੇ ਉਸ ਦੇ ਤਿਲਕ ਲਾ ਦਿੱਤਾ ਅਤੇ ਨਾਲੇ ਖੁਦਾ ਨੂੰ ਦੁਆ ਕੀਤੀ ਕਿ ਤੈਨੂੰ ਖੁਦਾ ਗਦੀ ਦੇਵੇ। ਮਗਰੋਂ ਜਦੋਂ ਜਹਾਂਗੀਰ ਨੂੰ ਪਤਾ ਲਗਿਆ ਕਿ ਇਸ ਤਰ੍ਹਾਂ ਸ਼ੇਖ਼ ਫਕੀਰ ਨੇ ਖੁਸਰੋ ਦੀ ਮਦਦ ਕੀਤੀ ਹੈ ਤਾਂ ਉਸ ਨੇ ਕਿਹਾ ਕਿ ਇਸ ਨੂੰ ਇਥੇ ਨਾ ਰਹਿਣ ਦਿਓ ਇਸ ਨੂੰ ਕਹੋ ਕਿ ਮੇਰੇ ਮੱਥੇ ਨਾ ਲਗੇ ਅਤੇ ਇਸ ਨੂੰ ਮੇਰੇ ਦੇਸ਼ ਤੋਂ ਬਾਹਰ ਕੱਢ ਦਿਓ। ਪਰ ਕਿਹਾ ਕਿ ਇਸ ਨੂੰ ਤੱਤੀ ਤਵੀ ਤੇ ਨਾ ਬਿਠਾਓ ਇਸ ਨੂੰ ਮੱਕੇ ਦੇ ਹੱਜ ਕਰਨ ਵਾਸਤੇ ਪੈਸੇ ਦੇ ਦਿਓ। ਉਸ ਨੂੰ ਤਾਂ ਮੱਕੇ ਤੇ ਹੱਜ ਕਰਨ ਵਾਸਤੇ ਪੈਸੇ ਦੇ ਕੇ ਤੋਰ ਦਿੱਤਾ ਪਰ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ਤੇ ਬਿਠਾਉਣ ਦਾ ਹੁਕਮ ਕੀਤਾ। (ਵਿਘਨ) ਭੈਣ ਜੀ ਮੈਂ ਕੁੱਝ ਨਹੀਂ ਕਹਿੰਦਾ। ਜੇ ਅਕਾਲੀ ਦਲ ਵਾਲੇ ਆਪਣੇ ਹੱਕ ਮੰਗਦੇ ਹਨ ਤਾਂ ਇਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਇਨ੍ਹਾਂ ਨੂੰ ਫਾਂਸੀ ਤੇ ਚਾੜ੍ਹ ਦਿਓ। ਦਿਲੀ ਦੀ ਸਰਕਾਰ ਜੋ ਚਾਹੇ ਕਰ ਸਕਦੀ ਹੈ। ਮੇਰੇ ਪਾਤਸ਼ਾਹ ਵਾਸਤੇ ਵੀ ਦਿੱਲੀ ਤੋਂ ਅਲੱਗ ਹੁਕਮ ਤੇ ਕਿਸੇ ਹੋਰ ਵਾਸਤੇ ਅਲੱਗ ਹੁਕਮ ਹੋਇਆ ਹੁਣ ਦੇ ਬਾਦਸ਼ਾਹ ਵੀ ਕਿਸੇ ਹੋਰ ਵਾਸਤੇ ਅਲੱਗ ਹੁਕਮ ਤੇ ਕਿਸੇ ਹੋਰ ਵਾਸਤੇ ਅਲੱਗ ਹੁਕਮ ਕਰਦੇ ਹਨ ਪਹਿਲਾਂ ਦੇ ਬਾਦਸ਼ਾਹ ਵੀ ਇਸ ਤਰ੍ਹਾਂ ਕਰਦੇ ਸਨ ਅਤੇ ਹੁਣ ਦੇ ਵੀ ਇਸ ਤਰ੍ਹਾਂ ਕਰਦੇ ਹਨ। (ਘੰਟੀ)

ਸ੍ਰੀ ਸਪੀਕਰ : ਕਨਕਲੂਡ ਕਰੋ ਭੂੰਦੜ ਸਾਹਿਬ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਕਰ ਰਿਹਾ ਹਾਂ ਜੀ।

ਸਪੀਕਰ ਸਾਹਿਬ, ਮੈਂ ਜ਼ਿਆਦਾ ਲੰਮਾ ਚੌੜਾ ਇਸ ਦੇ ਵਿੱਚ ਨਹੀਂ ਜਾਣਾ ਚਾਹੁੰਦਾ। ਇਹ ਜਿਹੜਾ ਅੱਤਿਵਾਦ ਵੱਖਵਾਦ ਦੀ ਗਲ ਕਰਦੇ ਹਨ ਇਹ ਦੇਸ਼ ਵਿੱਚ ਕੋਈ ਵੱਖਵਾਦ ਅੱਤਿਵਾਦ ਦੀ ਗਲ ਨਹੀਂ ਹੈ। (ਇਕ ਆਵਾਜ਼ : ** ** **) ਅਸੀਂ ਹਮੇਸ਼ਾਂ ਦੇਸ਼ ਨੂੰ ਆਪਣਾ ਮੰਨਿਆਂ ਹੈ ਅਤੇ ਹਮੇਸ਼ਾਂ ਮੰਨਦੇ ਰਹਾਂਗੇ।

ਸ੍ਰੀ ਸਪੀਕਰ : ਬੈਠੇ ਬੈਠੇ ਜੋ ਰਿਮਾਰਕਸ ਕਰ ਰਹੇ ਹਨ ਉਹ ਰਿਕਾਰਡ ਨਹੀਂ ਹੋਣੇ ਚਾਹੀਦੇ।

** Not recorded as ordered by the Speaker.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਦੇਸ਼ ਦੇ ਵਿੱਚ ਸਿੱਖਾਂ ਨੇ ਮੁਗਲਾਂ ਦੇ ਖਿਲਾਫ ਲੜਾਈ ਲੜੀ ਤਿਲਕ ਜੰਞੂ ਦੀ ਰਖਿਆ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਵਿੱਚ ਸੀਸ ਦਿੱਤਾ ਸਿੱਖਾਂ ਨੇ ਅੰਗਰੇਜ਼ਾਂ ਦੇ ਖਿਲਾਫ ਲੜਾਈ ਕੀਤੀ। ਸਿੱਖ ਚੀਨ ਦੀ ਜੰਗ ਵੇਲੇ ਮਰੇ, ਆਪਣੀਆਂ ਜਾਨਾਂ ਦਿੱਤੀਆਂ, ਪਾਕਿਸਤਾਨ ਦੀ ਲੜਾਈ ਵੇਲੇ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਭ ਤੋਂ ਵੱਧ ਜਾਨਾਂ ਵਾਰੀਆਂ ਪਰ ਅਫਸੋਸ ਦੀ ਗੱਲ ਹੈ ਕਿ ਜਦੋਂ ਅਸੀਂ ਆਪਣਾ ਕੋਈ ਹੱਕ ਮੰਗਦੇ ਹਾਂ ਤਾਂ ਸਾਨੂੰ ਦੇਸ਼ ਦਾ ਗਦਾਰ ਕਿਹਾ ਜਾਂਦਾ ਹੈ ਅੱਜ ਸਾਨੂੰ ਦੇਸ਼ ਦਾ ਗੱਦਾਰ ਕਿਹਾ ਜਾਂਦਾ ਹੈ। ਅੱਜ ਤੋਂ ਕੁੱਝ ਚਿਰ ਪਹਿਲਾਂ ਫਾਰੂਖ ਅਬਦੁੱਲਾ ਦੇਸ਼ ਦਾ ਗੱਦਾਰ ਸੀ ਅੱਜ ਉਹ ਦੇਸ਼ ਦਾ ਸਰਦਾਰ ਬਣ ਗਿਆ ਹੈ। ਮੀਜ਼ੋਰਾਮ ਦਾ ਲਾਲ ਡੇਂਗਾ ਅੱਜ ਤੋਂ ਕੁੱਝ ਚਿਰ ਪਹਿਲਾਂ ਦੇਸ਼ ਦਾ ਗੱਦਾਰ ਸੀ ਪਰ ਅੱਜ ਉਹ ਦੇਸ਼ ਦਾ ਸਰਦਾਰ ਬਣ ਗਿਆ ਹੈ ਅਤੇ ਉਸ ਨੂੰ ਚੀਫ ਮਨਿਸਟਰ ਬਣਾਇਆ ਗਿਆ ਹੈ। ਕੁੱਝ ਦਿਨ ਪਹਿਲਾਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਵੀ ਇਸੇ ਲਿਸਟ ਵਿੱਚ ਸੀ ਜਿਨ੍ਹਾਂ ਵਿੱਚ ਅਨੰਦਪੁਰ ਸਾਹਿਬ ਦਾ ਮਤਾ ਲਿਖਣ ਵਾਲੇ ਸੀ ਅਨੰਦਪੁਰ ਸਾਹਿਬ ਦੇ ਮਤੇ ਤੇ ਅਮਲ ਕਰਾਉਣ ਵਾਲਿਆਂ ਵਿੱਚ ਸੀ। ਅਨੰਦਪੁਰ ਸਾਹਿਬ ਦਾ ਮਤਾ ਲਿਆਉਣ ਵਿੱਚ ਸਾਰੇ ਸਿੱਖ ਸੀ ਅਤੇ ਉਸ ਵੇਲੇ ਸਟੇਜ ਤੇ ਇਸ ਗੱਲ ਦੇ ਨਾਹਰੇ ਲਗੇ ਕਿ ਅਸੀਂ ਸਾਰਿਆਂ ਨੇ ਲੜਨਾ ਹੈ। ਅਫਸੋਸ ਹੈ ਅੱਜ ਇਧਰਲਿਆਂ ਨੇ ਵੀ ਅਤੇ ਉਧਰ-ਲਿਆਂ ਨੇ ਵੀ ਮਤਾ ਲਿਆਂਦਾ ਹੈ। ਜਦੋਂ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਆਈ ਤਾਂ ਭਗਤ ਨੇ ਟਾਈਟਲਰ ਨੇ ਖੁਸ਼ੀਆਂ ਮਨਾਈਆਂ ਵਿਸਕੀਆਂ ਉੜਾਈਆਂ ਕਿ ਕਮਿਸ਼ਨ ਨੇ ਸਾਨੂੰ ਬਰੀ ਕਰ ਦਿੱਤਾ। ਸੋ ਜਦ ਦਿੱਲੀ ਦੰਗੇ ਹੋ ਰਹੇ ਸਨ ਤਾਂ ਟੈਲੀਵੀਜ਼ਨ ਪਰ ਕਿਹਾ ਜਾ ਰਿਹਾ ਸੀ ਕਿ ** ਮਿਸ਼ਰਾ ਕਮਿਸ਼ਨ ਇਸ ਤਰ੍ਹਾਂ ਬਰੀ ਨਹੀਂ ਕਰ ਸਕਦਾ। ਇਨਸਾਫ ਲੈਣ ਵਾਲੇ ਇਨਸਾਫ ਲੈਣਗੇ ਜਦ ਲੋਕਾਂ ਦੀ ਕਚਹਿਰੀ ਵਿੱਚ ਪੁੱਜੇਂਗੇ ਤਦ ਪਤਾ ਲਗੇਗਾ ਕਿ ਤੁਸੀਂ ਕਾਂਗਰਸ ਵਾਲਿਆਂ ਨੇ ਕੀ ਕੀ ਪਾਪ ਕੀਤੇ ਹਨ

(ਆਵਾਜ਼ਾਂ : ਇਹ ਦੇਖੋ ਸਪੀਕਰ ਸਾਹਿਬ ਕਹਿ ਰਹੇ ਹਨ ** **)

ਸ਼੍ਰੀ ਸਪੀਕਰ : ਅਗਰ ਇਹ ਸ਼ਬਦ ਆਏ ਹਨ ਤਾਂ ਉਹ ਮੈਂ ਦਰੁਸਤ ਕਰ ਲਵਾਂਗਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਇਹ ਨਹੀਂ ਕਿਹਾ ਮੈਂ ਆਪਣੇ ਆਪ ਨੂੰ ਦਰੁਸਤ ਕਰਦਾ ਹਾਂ। ਮੈਂ ਉਨ੍ਹਾਂ ਵਿਚੋਂ ਨਹੀਂ ਹਾਂ ਜਿਹੜੇ ਇਨ੍ਹਾਂ ਸੀਟਾਂ ਤੇ ਬੈਠੇ ਖਾਲਿਸਤਾਨ ਮੰਗਦੇ ਸਨ ਅਤੇ ਅੱਜ ਉਥੇ ਬੈਠ ਕੇ ਭੱਜ ਗਏ ਹਨ। ਅਸੀਂ ਪੰਜਾਬ ਦੇ ਹੱਕਾਂ ਵਾਸਤੇ ਲੜਦੇ ਸੀ ਲੜਦੇ ਰਹਾਂਗੇ। ਅਸੀਂ ਪੰਜਾਬ ਦੇ ਹੱਕ ਮੰਗਣੋਂ ਨਹੀਂ ਹਟਣਾ ਸਾਡੀ ਸਟੇਟ ਹੈ। ਪਾਣੀ ਦਾ ਮਸਲਾ ਹੈ ਪੰਜਾਬੀ ਸਪੀਕਿੰਗ ਏਰੀਆਜ਼ ਹਨ, ਝੂਠੇ ਪੁਲੀਸ ਮੁਕਾਬਲੇ ਵਿਚ ਮਾਰੇ ਗਏ ਪੰਜਾਬੀ ਹਨ ਅਤੇ ਹੋਰ ਚੀਜ਼ਾਂ ਹਨ ਉਨ੍ਹਾਂ ਲਈ ਅਸੀਂ ਲੜਦੇ ਰਹਾਂਗੇ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਭ ਤੋਂ ਪਹਿਲਾਂ ਐਸ.ਵਾਈ.ਐਲ. ਵਾਸਤੇ ਕਿਸ ਦੇ ਰਾਜ ਵਿਚ ਰਕਮ ਜਮ੍ਹਾਂ ਕਰਵਾਈ ਗਈ ਸੀ। ਬਾਦਲ ਸਾਹਿਬ ਦੇ ਵੇਲੇ ਜਮ੍ਹਾਂ ਕਰਵਾਈ ਸੀ।

** Not recorded as ordered by the Chair.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ ਦਸਦਾ ਹਾਂ, ਸਪੀਕਰ ਸਾਹਿਬ ਕੀ ਗਲ ਹੈ (ਵਿਘਨ)

ਸ਼੍ਰੀ ਸਪੀਕਰ : ਭੂੰਦੜ ਸਾਹਿਬ, ਤੁਸੀਂ ਦੋ ਮਿੰਟਾਂ ਵਿਚ ਕੰਨਕਲੂਡ ਕਰੋ, ਅਦਰਵਾਈਜ਼ ਮੈਂ ਕਿਸੇ ਹੋਰ ਮੈਂਬਰ ਸਾਹਿਬ ਨੂੰ ਟਾਈਮ ਦੇ ਦਿਆਂਗਾ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਕ ਤਾਂ ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਜਿਹੜਾ ਨਹਿਰ ਦਾ ਫੈਸਲਾ ਸੀ; ਅਸੀਂ ਤਾਂ ਇਧਰ ਵੀ ਰਹੇ ਅਤੇ ਉਧਰ ਵੀ ਰਹੇ ਲੇਕਿਨ ਜਿਹੜੀ ਗੌਰਮਿੰਟ ਵੇਲੇ ਰੁਪਏ ਦਾਖਲ ਹੋਏ ਸਨ। ਨੌਮੀਨਲ ਹੈਡ ਵਿਚ (ਵਿਘਨ) ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ ਉਹ ਗੌਰਮਿੰਟ ਸੁਪਰੀਮ ਕੋਰਟ ਵਿਚ ਗਈ, ਦਾਅਵਾ ਕੀਤਾ ਔਰ ਇਨ੍ਹਾਂ ਨੇ ਦਾਅਵਾ ਵਾਪਸ ਲੈ ਲਿਆ ਔਰ ਇੰਦਰਾ ਗਾਂਧੀ ਨੇ ਉਸ ਵਕਤ ਕਬਜ਼ਾ ਕਰਵਾਇਆ। ਜੇਕਰ ਉਹ ਗੌਰਮਿੰਟ ਸੁਪਰੀਮ ਕੋਰਟ ਵਿਚ ਨਾ ਗਈ ਹੁੰਦੀ ਤਾਂ ਤੇ ਉਹ ਦੋਸ਼ੀ ਸੀ।

ਜਿਹੜੀ ਗਲ ਹੁਣ ਹੋਈ ਹੈ ਕਿ ਅਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਹੋਏ ਹਨ। ਸਾਡੇ ਤੇ ਇਕੋ ਦੋਸ਼ ਲਾਇਆ ਗਿਆ ਕਿ ਡੂਮਛੇੜੀ ਨੇ ਰੈਜ਼ੋਲਿਊਸ਼ਨ ਪੜ੍ਹਿਆ। ਇਹ ਠੀਕ ਹੈ ਮੈਂ ਮੰਨਦਾ ਹਾਂ। ਮੈਂ ਉਥੇ ਸਟੇਜ ਤੇ ਨਹੀਂ ਸੀ। ਮੇਰੇ ਸਾਥੀ ਮਾਸਟਰ ਤਾਰਾ ਸਿੰਘ ਹੋਰੀਂ ਉਥੇ ਬੈਠੇ ਸਨ, ਉਨ੍ਹਾਂ ਨੇ ਦੱਸਿਆ ਕਿ ਉਸੇ ਵਕਤ ਤਲਵੰਡੀ ਸਾਹਿਬ ਨੇ ਕਿਹਾ ਕਿ ਇਹ ਗਲਤ ਗਲ ਹੈ, ਪਾਰਟੀ ਦੀ ਪਾਲਿਸੀ ਦੇ ਉਲਟ ਕੋਈ ਵਖਰੀ ਗਲ ਨਹੀਂ ਹੋਵੇਗੀ। ਪਾਰਟੀ ਦੀ ਇਕ ਲਾਈਨ ਹੈ ਅਤੇ ਉਸ ਤੇ ਚਲਣਾ ਹੈ ਔਰ ਅਸੀਂ ਚਲਦੇ ਰਹਾਂਗੇ। ਇਹ ਜੋ ਮਰਜ਼ੀ ਆਏ ਕਹੀ ਜਾਣ। ਅਸੀਂ ਆਪਣੀ ਆਵਾਜ਼ ਉਠਾਉਣੀ ਹੈ। ਪ੍ਰਾਈਮ ਮਨਿਸਟਰ ਕਹਿੰਦਾ ਹੈ ਕਿ ਅਸੀਂ 9 ਵਿਚੋਂ 7 ਮੰਗਾਂ ਪੂਰੀਆਂ ਕਰ ਦਿੱਤੀਆਂ, ਪਰ ਬਰਨਾਲਾ ਸਾਹਿਬ ਕਹਿੰਦੇ ਹਨ, ਕੋਈ ਨਹੀਂ ਹੋਈ। ਇਹ ਦਸਣ ਕਿ ਕੌਣ ਝੂਠਾ ਹੈ ਔਰ ਕੌਣ ਸੱਚ ਬੋਲਦਾ ਹੈ। ਇਹ ਮੰਗਾਂ ਮਨਵਾ ਲੈਣ ਅਸੀਂ ਇਨ੍ਹਾਂ ਦੇ ਨਾਲ ਹਾਂ। ਪਰ ਇਹ ਹੈਦਰੀ ਝੰਡਾ ਸਾਡੇ ਖਿਲਾਫ਼ ਨਾ ਚੁੱਕਣ, ਇਹ ਜ਼ੁਲਮ ਦੇ ਖਿਲਾਫ ਚੁਕਣ। ਬਲਵੰਤ ਸਿੰਘ ਨੇ ਕਿਹਾ ਕਿ ਅਸੀਂ ਤਾਂ ਸਮਝੌਤਾ ਕਰ ਆਏ। ਸਰਦਾਰ ਬਲਵੰਤ ਸਿੰਘ ਅਤੇ ਬਰਨਾਲਾ ਸਾਹਿਬ ਦੋਨੋਂ ਸਨ, ਪਰ ਅਜੇ ਤਕ ਕੋਈ ਲਾਗੂ ਨਹੀਂ ਹੋਇਆ। ਅਸੀਂ ਨਾ ਅਗੇ ਨਾ ਪਿਛੇ। ਇਨ੍ਹਾਂ ਦੇ ਅੱਗੇ ਪ੍ਰਾਈਮ ਮਨਿਸਟਰ ਅਤੇ ਇਨ੍ਹਾਂ ਦੇ ਪਿਛੇ ਸਰਦਾਰ ਬਲਵੰਤ ਸਿੰਘ ਵਾਲੀ ਗੌਰਮਿੰਟ ਹੈ। ਸਪੀਕਰ ਸਾਹਿਬ, ਮੈਂ ਤੁਹਾਡੀ ਰਾਹੀਂ ਗੱਲ ਕਹਿਣੀ ਚਾਹੁੰਦਾ ਹਾਂ। ਵੈਸੇ ਤਾਂ ਟਾਈਮ ਘੱਟ ਦਿੱਤਾ ਹੈ। ਸਪੀਕਰ ਸਾਹਿਬ, ਸਾਡੀ ਪਾਰਟੀ ਦਾ ਰੋਲ ਕਲੀਅਰ ਹੈ। (ਆਵਾਜ਼, ਕਿਹੜੀ ਪਾਰਟੀ) ਅਸਲੀ ਪਾਰਟੀ ਇਹ ਹੀ ਹੈ ਜਿਹੜੀ ਸਾਡੀ ਹੈ। ਸਾਥੋਂ ਬਗੈਰ ਜ਼ਰਾ ਪੁਲਿਸ ਤੋਂ ਬਗੈਰ ਪੰਜਾਬ ਵਿਚ ਜਾ ਕੇ ਤਾਂ ਵਿਖਾ ਦਿਓ ਮੰਨ ਲਵਾਂਗਾ। ਸਾਡੀ ਹੀ ਪਾਰਟੀ ਹੈ ਜੋ ਜ਼ੁਲਮ ਸਰਕਾਰ ਦਾ ਹੈ ਉਸ ਦੇ ਖਿਲਾਫ ਹੈ, ਜੋ ਇੰਡੀਵਿਜੂਅਲ ਜ਼ੁਲਮ ਹੈ ਉਸ ਦੇ ਖਿਲਾਫ ਹੈ। ਦਿੱਲੀ ਵਾਲੇ ਹਨ ਉਹ ਇਨਸਾਫ ਨਹੀਂ ਕਰਦੇ। ਚੰਗਾ ਹੁੰਦਾ ਜੇਕਰ ਇਹ ਕਹਿੰਦੇ ਕਿ ਆਓ ਇਕੱਠੇ ਹੋ ਕੇ ਦਿੱਲੀ ਦੇ ਖਿਲਾਫ ਜਹਾਦ ਖੜਾ ਕਰੀਏ। ਜਿਨ੍ਹਾਂ ਦਾ ਮਿਸ਼ਰਾ ਕਮਿਸ਼ਨ ਗਲਤ ਹੈ, ਇਰਾਦੀ ਕਮਿਸ਼ਨ ਗਲਤ ਹੈ, ਮੁੰਡੇ ਨਹੀਂ ਛੱਡੇ, ਧਰਮੀ ਫੌਜੀ ਨਹੀਂ ਛੱਡੇ, ਜੇਕਰ ਉਨ੍ਹਾਂ ਨੂੰ ਇਹ ਮਿਲੇ ਤਾਂ ਕਹਿਣ ਲਗੇ ਫੌਜ ਹੋਰ ਲੈ ਜਾਵੋ, ਫੌਜ ਲੈ ਜਾਓ ਅਕਾਲ ਤਖਤ ਦੇ ਖਿਲਾਫ ਬੋਲੋ ਔਰ ਇਹ ਉਸੇ ਤਰ੍ਹਾਂ ਹੀ ਉਨ੍ਹਾਂ ਦੇ ਕਹੇ ਤੇ ਕਰਦੇ ਹਨ। ਇਸ ਕਰਕੇ, ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ। ਆਪਣੀ ਪਾਰਟੀ ਦੀ ਪਾਲਿਸੀ ਕਲੀਅਰ ਕਰਕੇ ਬੈਠਦਾ ਹਾਂ। ਇਹ ਦੱਸਣਗੇ ਕਿ ਇਨ੍ਹਾਂ ਦਾ ਕੀ ਸਟੈਂਡ ਹੈ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਸੇਵਾ ਰਾਮ ਅਰੋੜਾ ਜੀ ਬੋਲਣ ਲਈ ਖੜੇ ਹੋਏ)

ਸ੍ਰੀ ਸਪੀਕਰ : ਹਾਂ ਜੀ ਸ੍ਰੀ ਸੇਵਾ ਰਾਮ ਅਰੋੜਾ।

ਮੈਂ ਸ਼ੁਰੂ ਵਿਚ ਬੇਨਤੀ ਕਰ ਦਿਆਂ ਕਿ ਡੇਢ ਵਜੇ ਅਸੀਂ ਸਮਾਪਤ ਕਰਨਾ ਹੈ। ਟਾਈਮ ਜੋ ਅਵੇਲੇਬਲ ਸੀ ਉਸ ਦੇ ਮੁਤਾਬਿਕ ਕਾਂਗਰਸ ਪਾਰਟੀ ਦਾ ਟਾਈਮ ਇਕ ਮਿੰਟ ਰਹਿੰਦਾ ਹੈ, ਬੀ.ਜੇ.ਪੀ. ਦਾ ਨਿੱਲ ਹੈ, ਸੀ.ਪੀ.ਆਈ. ਦਾ ਨਿੱਲ ਹੈ। ਤੁਸੀਂ ਦਸ ਮਿੰਟ ਵਿਚ ਸਮਾਪਤੀ ਕਰਨੀ।

ਸ੍ਰੀ ਸੇਵਾ ਰਾਮ ਅਰੋੜਾ : ਫਿਰ ਮੈਂ ਬੈਠ ਜਾਂਦਾ ਹਾਂ। (ਵਿਘਨ)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਕੀ ਸੇਵਾ ਰਾਮ ਜੀ ਬੋਲਣਾ ਚਾਹੁੰਣਗੇ ? ਟਾਈਮ ਤਾਂ ਪਾਰਟੀ ਦੇ ਮੁਤਾਬਿਕ ਵੰਡ ਕੇ ਆਇਆ ਹੈ। ਤੁਸੀਂ ਜਾਂ ਤਾਂ ਚੈਂਬਰ ਵਿਚ ਆ ਜਾਣਾ ਮੈਂ ਮਾਮਲਾ ਸਮਝਾ ਦੇਵਾਂਗਾ।

ਸ੍ਰੀ ਸੇਵਾ ਰਾਮ ਅਰੋੜਾ: ਉਨ੍ਹਾਂ ਨੂੰ ਇਕ ਇਕ ਨੂੰ ਘੰਟਾ ਘੰਟਾ ਟਾਈਮ ਦਿੱਤਾ ਹੈ।

ਸ੍ਰੀ ਸਪੀਕਰ : ਇਕ ਇਕ ਨੂੰ ਇਤਨਾਂ ਟਾਈਮ ਨਹੀਂ ਦਿੱਤਾ। ਤੁਸੀਂ ਚੈਂਬਰ ਵਿਚ ਆ ਜਾਓ ਮੈਂ ਸਾਰਾ ਸਮਝਾ ਦੇਵਾਂਗਾ।

ਸ੍ਰੀ ਸੇਵਾ ਰਾਮ ਅਰੋੜਾ (ਅੰਮ੍ਰਿਤਸਰ ਪੱਛਮੀ) : ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਜਿਹੜਾ ਐਡਰੈਸ ਇਸ ਹਾਊਸ ਵਿਚ ਪੜ੍ਹਿਆ ਹੈ ਇਹ ਇਕ ਰਸਮਨ ਰਵਾਇਤ ਹੈ। ਐਡਰੈਸ ਸਰਕਾਰ ਤਿਆਰ ਕਰਦੀ ਹੈ ਔਰ ਗਵਰਨਰ ਸਾਹਿਬ ਪੜ੍ਹਦੇ ਹਨ। ਮੈਂ ਉਸ ਐਡਰੈਸ ਨੂੰ ਬੜੇ ਗੌਰ ਦੇ ਨਾਲ ਪੜ੍ਹਿਆ ਹੈ, ਬੜੇ ਖੂਬਸੂਰਤ ਸ਼ਬਦ ਇਸਤੇਮਾਲ ਕੀਤੇ ਗਏ ਹਨ ਲੇਕਿਨ ਹਕੀਕੀ ਤੌਰ ਤੇ ਉਸ ਦੇ ਵਿਚ ਲੋਕਾਂ ਦੀਆਂ ਉਮੀਦਾਂ ਦੀ ਝਲਕ ਨਜ਼ਰ ਨਹੀਂ ਆਈ। ਲੋਕਾਂ ਦੇ ਹਿੱਤਾਂ ਦੀ ਗੱਲ ਨਹੀਂ ਆਈ। ਪੰਜਾਬ ਦਾ ਮਸਲਾ ਕੀ ਹੈ, ਪੰਜਾਬ ਦਾ ਮਸਲਾ ਇਕ ਛੋਟਾ ਜਿਹਾ ਮਸਲਾ ਹੈ, ਨਾ ਧਰਮ ਦਾ ਹੈ, ਲੜਾਈ ਕਰਸੀ ਦੀ ਹੈ, ਸਜ਼ਾ ਬੇਗੁਨਾਹ ਲੋਕਾਂ ਨੂੰ ਦਿਤੀ ਜਾ ਰਹੀ ਹੈ। ਜਿਹੜੇ ਲੋਕ ਅੱਜ ਧਰਮ ਦੀ ਗੱਲ ਕਰਦੇ ਨੇ ਮੈਂ ਉਨ੍ਹਾਂ ਦੋਸਤਾਂ ਕੋਲੋਂ ਬੜੇ ਅਦਬ ਨਾਲ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਰਿਸ਼ੀਆਂ, ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਹੈ। ਗੁਰੂ ਸਾਹਿਬਾਨ ਸੈਕੂਲਰ ਸਨ ਔਰ ਏਸ ਸੈਕੂਲਰ ਹੋਣ ਦੀ ਨਿਸ਼ਾਨੀ ਸੀ ਕਿ ਸ੍ਰੀ ਦਰਬਾਰ ਸਾਹਿਬ ਦਾ ਨੀਂਹ ਪੱਥਰ ਮੀਆਂ ਮੀਰ ਫਕੀਰ ਕੋਲੋਂ ਰਖਵਾਇਆ ਸੀ। (ਇਸ ਸਮੇਂ ਸਰਦਾਰ ਪਰਸ਼ੋਤਮ ਸਿੰਘ, ਮੈਂਬਰ, ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

11.50 A.M.

ਉਸ ਦੇ ਚਾਰ ਦਰਵਾਜ਼ੇ ਰਖਵਾਏ ਗਏ, ਚਾਰ ਵਰਨਾ ਵਾਸਤੇ; ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਧਰਮ ਦੀ ਵਿਆਖਿਆ ਕੀਤੀ ਸੀ ਔਰ ਧਰਮ ਦੇ ਪਰਚਾਰ ਦੇ ਅੰਦਰ, ਜਦੋਂ ਕੁਰਕਸ਼ੇਤਰ ਦੇ ਅੰਦਰ ਪੁੱਜੇ ਤਾਂ ਮਰਦਾਨਾ ਉਨ੍ਹਾਂ ਦੇ ਨਾਲ ਸੀ। ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਜੇਕਰ ਇਨ੍ਹਾਂ ਨੇ ਇਤਿਹਾਸ ਦੇ ਪੰਨੇ ਨਹੀਂ ਪੜ੍ਹੇ। ਗੁਰੂ ਜੀ ਮਰਦਾਨੇ ਨੂੰ ਕਹਿਣ ਲਗੇ ਅੱਗ ਲਿਆ ਲੰਗਰ ਬਣਾਈਏ। ਜਦੋਂ ਉਹ ਅੱਗ ਲੈਣ ਗਿਆ, ਇਕ ਸਾਧੂ ਧੂਣੀ ਲਾਈ ਬੈਠਾ ਸੀ। ਜਦੋਂ ਮਰਦਾਨਾ ਉਥੋਂ ਅੱਗ ਲੈਣ ਲਗਾ ਤਾਂ ਉਹ ਸਾਧੂ ਕਹਿਣ ਲੱਗਾ ਤੂੰ ਨੀਚ ਜਾਤੀ ਦਾ ਹੈ। ਗੁਰੂ ਨਾਨਕ ਜੀ ਜਾਣੀ ਜਾਣ ਸਨ, ਉਹ ਜਾਣਦੇ ਸਨ। ਉਹ ਉਥੇ ਗਏ ਤੇ ਸਾਧੂ ਨੂੰ ਕਹਿਣ ਲਗੇ ਕਿ ਈਸ਼ਵਰ ਦੀ ਪ੍ਰਾਪਤੀ ਦੀਆਂ ਗੱਲਾਂ, ਪਰਮਾਤਮਾ ਦੀ ਪ੍ਰਾਪਤੀ ਦੀਆਂ ਗੱਲਾਂ,

[ਸ਼੍ਰੀ ਸੇਵਾ ਰਾਮ ਅਰੋੜਾ]

ਵਾਹਿਗੁਰੂ ਦੀ ਪ੍ਰਾਪਤੀ ਦੀਆਂ ਗੱਲਾਂ, ਔਰ ਤੇਰੇ ਮਨ ਦੇ ਅੰਦਰ ਨਫਰਤ ਹੈ। ਅੱਜ ਜਿਹੜਾ ਇਨਸਾਨ ਇਨਸਾਨ ਦੇ ਨਾਲ ਨਫਰਤ ਕਰਦਾ ਹੈ ਉਸ ਨੂੰ ਪ੍ਰਮਾਤਮਾ, ਅੱਲਾ, ਵਾਹਿਗੁਰੂ ਜਾਂ ਈਸ਼ਵਰ ਕਿਵੇਂ ਮਿਲ ਸਕਦਾ ਹੈ। ਗੁਰੂਆਂ ਨੇ ਆਪਣੀ ਬਾਣੀ ਵਿਚ ਲਿਖਿਆ ਸੀ ਕਿ —

'ਜਿਨ ਪ੍ਰੇਮ ਕਿਉ ਤਿਨਹੀ ਪ੍ਰਭੁ ਪਾਇਉ'।

ਅੱਜ ਇਹ ਪ੍ਰੇਮ ਦੀਆਂ ਗਲਾਂ ਭੁਲ ਗਏ ਹਨ। ਜਿਨ੍ਹਾਂ ਨੇ ਧਰਮ ਦੇ ਨਾਂ ਤੇ ਗੁਰੂ ਤੇਗ ਬਹਾ-ਦਰ ਨੇ ਆਪਣਾ ਬਲਿਦਾਨ ਦਿੱਤਾ ਭਾਈ ਗਰੀਬ ਰਾਮ ਨੇ ਸਿਰ ਲਾਹਿਆ ਅਤੇ ਭਾਈ ਜੈਤੋ ਚਾਂਦਨੀ ਚੌਕ ਦੇ ਵਿਚੋਂ ਉਨ੍ਹਾਂ ਦਾ ਸੀਸ ਚੁਕ ਕੇ ਲੈ ਆਏ ਸੀ। ਧਰਮ ਸੀ ਗੁਰੂ ਗੋਬਿੰਦ ਸਿੰਘ ਜੀ ਦਾ ਜਿਨ੍ਹਾਂ ਨੇ ਪੰਜ ਪਿਆਰੇ ਸਜਾਏ ਸਨ। ਜਿਨ੍ਹਾਂ ਦੀ ਜਨਮ ਭੂਮੀ ਪਟਨਾ ਵਿਚ ਹੈ। ਉਹ ਉਥੇ ਪੈਦਾ ਹੋਏ ਅਤੇ ਇਥੇ ਆ ਕੇ ਉਨ੍ਹਾਂ ਨੇ ਪੰਜ ਪਿਆਰੇ ਸਜਾਏ। ਜਿਹੜੇ ਪੰਜ ਪਿਆਰੇ ਲਏ ਉਹ ਜਾਤਪਾਤ ਦੇ ਲਿਹਾਜ਼ ਤੋਂ ਦੂਰ ਹੋ ਕੇ ਲਏ ਸਨ। ਉਨ੍ਹਾਂ ਨੇ ਕਿਹਾ ਸੀ ਕਿ—

'ਬੇ ਸਹਾਰਿਆਂ ਦਾ ਗੁਰੂ ਗੋਬਿੰਦ ਸਿੰਘ'।

ਭਾਈ ਕਨੌਹੀਆ ਨੂੰ ਇਹ ਵੀ ਕਿਹਾ ਸੀ ਕਿ 'ਮਾਨਸ ਕੀ ਜਾਤ ਸਭੈ ਇਕ ਹੀ ਪਹਿਚਾਨਬੋ। ਅੱਜ ਇਹ ਉਨ੍ਹਾਂ ਗਲ ਨੂੰ ਭੁਲ ਕੇ ਨਫਰਤ ਕਰਦੇ ਹਨ। ਇਹ ਕਿਹੜਾ ਧਰਮ ਕਹਿੰਦਾ ਹੈ ਕਿ ਭਰਾ ਨੂੰ ਮਾਰੋ, ਭੈਣ ਨੂੰ ਮਾਰੋ ਅਤੇ ਕਿਸੇ ਨੂੰ ਵਿਧਵਾ ਕਰੋ। ਅੱਜ ਇਹ ਲੜਾਈ ਲੜ ਰਹੇ ਹਨ ਕੁਰਸੀ ਦੀ ਅਤੇ ਨਾਂ ਲੈਂਦੇ ਹਨ ਧਰਮ ਦਾ। ਧਰਮ ਦੇ ਨਾਂ ਤੇ ਕੁਰਸੀ ਦੀ ਲੜਾਈ ਲੜਨੀ ਠੀਕ ਨਹੀਂ। ਚੇਅਰਮੈਨ ਸਾਹਿਬ, ਮੈਂ ਤੁਹਾਡੀ ਵਸਾਤੱਤ ਨਾਲ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਹ 1985 ਵਿਚ ਇਥੇ ਜਿੱਤ ਕੇ ਆਏ ਸਨ ਤਾਂ ਇਥੇ ਬਰਨਾਲਾ ਸਾਹਿਬ ਨੇ ਕਿਹਾ ਸੀ ਕਿ ਅੱਜ ਪੰਜਾਬ ਇਕ ਨਾਜ਼ੁਕ ਦੌਰ ਵਿਚੋਂ ਦੀ ਲੰਘ ਰਿਹਾ ਹੈ ਔਰ ਅਸੀਂ ਜਿਹੜੇ ਰਾਜਨੀਤਿਕ ਲੀਡਰ ਜਿੱਤ ਕੇ ਆਏ ਹਾਂ ਸਾਡਾ ਸਾਰਿਆਂ ਦਾ ਫਰਜ਼ ਬਣ ਜਾਂਦਾ ਹੈ ਕਿ ਅਸੀਂ ਦੇਸ਼ ਦੀ ਏਕਤਾ ਨੂੰ ਬਚਾਈਏ, ਦੇਸ਼ ਦੀ ਅਖੰਡਤਾ ਨੂੰ ਬਚਾਈਏ ਨਹੀਂ ਤਾਂ ਸਾਨੂੰ ਆਉਣ ਵਾਲੀਆਂ ਨਸਲਾਂ ਕਦੇ ਮੁਆਫ਼ ਨਹੀਂ ਕਰਨਗੀਆਂ। ਪਰ ਉਸ ਤੋਂ ਬਾਅਦ ਕੁਰਸੀ ਦੀ ਲੜਾਈ ਲਈ ਧਰਮ ਨੂੰ ਤਸ਼ੱਦਦ ਦਾ ਰਸਤਾ ਬਣਾਇਆ। ਇਹ ਕਿਹੜਾ ਧਰਮ ਕਹਿੰਦਾ ਹੈ ਕਿ ਕਤਲ ਕਰੋ ਕੁਰਸੀ ਦੀ ਲੜਾਈ ਲਈ। ਮੈਂ ਸਮਝਦਾ ਹਾਂ ਕਿ ਇਹ ਕਤਲ ਹੈ ਗੁਰੂਆਂ ਦੇ ਆਦੇਸ਼ ਦਾ, ਇਹ ਕਤਲ ਹੈ ਗੁਰੂਆਂ ਦੀ ਬਾਣੀ ਦਾ। ਜਿਨ੍ਹਾਂ ਉਦੇਸ਼ਾਂ ਲਈ ਗੁਰੂਆਂ ਨੇ ਸੰਘਰਸ਼ ਕੀਤਾ, ਉਨ੍ਹਾਂ ਉਦੇਸ਼ਾਂ ਦਾ ਕਤਲ ਕਰਕੇ ਤੁਸੀਂ ਉਨ੍ਹਾਂ ਕਾਤਲਾਂ ਦੇ ਭੋਗਾਂ ਤੇ ਜਾਂਦੇ ਹੋ ਜਾਂ ਉਨ੍ਹਾਂ ਦੇ ਮਰਨ ਵਾਲਿਆਂ ਦੀ ਵਕਾਲਤਾਂ ਕਰਦੇ ਹੋ। ਅੱਜ ਤਕ ਮਾਰਨ ਵਾਲੇ ਦੀ ਵਕਾਲਤ ਕਿਸੇ ਨੇ ਨਹੀਂ ਕੀਤੀ। ਮੈਂ ਇਹ ਬੇਨਤੀ ਕਰਦਾ ਹਾਂ ਕਿ ਦੇਸ਼ ਦੀ ਏਕਤਾ ਲਈ, ਦੇਸ਼ ਦੀ ਅਖੰਡਤਾ ਲਈ, ਦੇਸ਼ ਦੇ ਭਾਈਚਾਰੇ ਲਈ, ਪੰਜਾਬ ਦੇ ਕਲਚਰ ਲਈ ਅੱਜ ਤੁਸੀਂ ਉਨ੍ਹਾਂ ਲੋਕਾਂ ਦਾ ਸਾਥ ਦਿਓ ਜਿਹੜੇ ਏਕਤਾ ਵਿਚ ਵਿਸ਼ਵਾਸ ਨਹੀਂ ਕਰਦੇ, ਜਿਹੜੇ ਕੁਰਸੀ ਦੇ ਨਹੀਂ ਧਰਮ ਦੇ ਨਾਂ ਤੇ ਲੜਾਈ ਲੜਦੇ ਹਨ। ਬਰਨਾਲਾ ਸਾਹਿਬ ਨਾਲ ਤੁਹਾਡੇ ਇਖਤਲਾਫ਼ ਹੋ ਸਕਦੇ ਹਨ ਪਰ ਮੈਂ ਬੜੇ ਅਦਬ ਨਾਲ, ਬੜੇ ਸਤਿਕਾਰ ਨਾਲ ਬੇਨਤੀ ਕਰਾਂਗਾ ਕਿ ਅੱਜ ਸਿਆਸੀ ਇਖਤਲਾਫ ਹੋਣ ਕਾਰਣ ਪੰਜਾਬ ਦੀ ਪੰਜਾਬੀਅਤ ਨੂੰ ਖਤਮ ਕਰਨਾ, ਪੰਜਾਬ ਦੇ ਭਾਈਚਾਰੇ ਨੂੰ ਖਤਮ ਕਰਨਾ, ਪੰਜਾਬ ਦੀ

ਮੈਹਮਾਨ ਨਿਵਾਜ਼ੀ ਹੈ ਖਤਮ ਕਰਨਾ, ਕੋਈ ਚੰਗੀ ਗਲ ਨਹੀਂ। ਇਸ ਨਾਲ ਪੰਜਾਬ ਸਾਰਾ ਤਬਾਹ ਹੋ ਜਾਵੇਗਾ। ਤੁਸੀਂ ਕੁਰਸੀ ਦੀ ਲੜਾਈ ਲੜੋ ਅਸੀਂ ਤੁਹਾਡੇ ਵਿਚ ਦਖਲ ਨਹੀਂ ਦਿੰਦੇ ਤੁਹਾਡਾ ਆਪਣਾ ਮਾਮਲਾ ਹੈ ਪਰ ਦੇਸ਼ ਦੀ ਅਖੰਡਤਾ ਅਤੇ ਏਕਤਾ ਨੂੰ ਕਿਸੇ ਤਰ੍ਹਾਂ ਨਾ ਟੁੱਟਣ ਦਿਓ। ਇਸ ਵਾਸਤੇ ਦੇਸ਼ ਦੇ ਹਰਮਨ ਪਿਆਰੇ ਰਾਜੀਵ ਗਾਂਧੀ ਨੇ ਵੀ ਤੁਹਾਡੀ ਪਾਰਟੀ ਨੂੰ ਕਿਹਾ ਸੀ ਕਿ ਜੇ ਤੁਸੀਂ ਦੇਸ਼ ਦੀ ਅਖੰਡਤਾ ਲਈ, ਦੇਸ਼ ਦੀ ਏਕਤਾ ਲਈ ਕੁੱਝ ਕਹਿਣਾ ਚਾਹੁੰਦੇ ਹੋ ਤਾਂ ਆਓ ਫਿਰ ਟੀ.ਵੀ. ਤੇ ਤੁਹਾਨੂੰ ਟਾਈਮ ਦਿੰਦੇ ਹਾਂ। ਪਰ ਇਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ। ਇਸ ਕਰਕੇ ਕਿ ਇਸ ਤੇ ਸਾਰੀਆਂ ਪਾਰਟੀਆਂ ਇਕੱਠੀਆਂ ਹੋ ਰਹੀਆਂ ਹਨ। ਪੰਜਾਬ ਦੀ ਏਕਤਾ ਨੂੰ ਤੋੜਨ ਵਾਲੇ ਅੱਜ ਧਰਮ ਦੀਆਂ ਗਲਾਂ ਕਰਦੇ ਹਨ। ਇਸ ਪਾਸੇ ਇਨ੍ਹਾਂ ਨੂੰ ਆਉਣਾ ਚਾਹੀਦਾ ਹੈ। ਅਸੀਂ ਇਥੇ ਸੀਟਾਂ ਤੇ ਬੈਠੇ ਹਾਂ। ਅਸੀਂ ਤੁਹਾਨੂੰ ਬੜੇ ਮਾਨ ਨਾਲ, ਸਤਿਕਾਰ ਨਾਲ ਅਤੇ ਅਦਬ ਨਲ ਅਰਜ਼ ਕਰਨੀ ਚਾਹੁੰਦੇ ਹਾਂ ਕਿ ਪੰਜਾਬ ਇਕ ਬੜੇ ਨਾਜ਼ੁਕ ਦੌਰ ਤੋਂ ਗੁਜ਼ਰ ਰਿਹਾ ਹੈ, ਜੇਕਰ ਤੁਹਾਡੀ ਰਗਾਂ ਵਿਚ ਜ਼ਰਾ ਵੀ ਪੰਜਾਬੀਅਤ ਦਾ ਖੂਨ ਹੈ, ਹਿੰਦੂਸਤਾਨੀ ਹੋਣ ਦਾ ਖੂਨ ਹੈ, ਅਤੇ ਰਿਸ਼ੀਆਂ ਮੁਨੀਆਂ, ਗੁਰੂਆਂ ਦੀ ਧਰਤੀ ਦੇ ਰਹਿਣ ਵਾਲੇ ਹੋ ਅਤੇ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋ ਅਤੇ ਗੁਰੂ ਗੋਬਿੰਦ ਸਿੰਘ ਦੇ ਸਿੱਖ ਹੋ ਤਾਂ ਇਹ ਸਾਰੀਆਂ ਗੱਲਾਂ ਨੂੰ ਛੱਡ ਕੇ ਪੰਜਾਬ ਵਿਚੋਂ ਅੱਤਵਾਦ ਅਤੇ ਵੱਖਵਾਦ ਨੂੰ ਖਤਮ ਕਰੀਏ। ਇਹ ਸਾਡੇ ਸਾਰਿਆਂ ਲਈ ਜ਼ਰੂਰੀ ਹੈ ਅਤੇ ਪੰਜਾਬ ਦੀ ਵਿਗੜੀ ਸਥਿਤੀ ਨੂੰ ਸੁਧਾਰੀਏ। ਪੰਜਾਬ ਦੀ ਚਰਚਾ ਹਿੰਦੁਸਤਾਨ ਦੇ ਕੋਨੇ ਕੋਨੇ ਤੇ ਹੋ ਰਹੀ ਹੈ ਅਤੇ ਸਾਰਾ ਹਿੰਦੁਸਤਾਨ ਇਸ ਉਤੇ ਚਿੰਤਾਜਨਕ ਹੈ ਕਿ ਪੰਜਾਬ ਨੂੰ ਕਿਸ ਤਰ੍ਹਾਂ ਬਚਾਇਆ ਜਾਵੇ। ਤੁਸੀਂ ਆਪਣੇ ਅੰਦਰ ਝਾਤੀ ਮਾਰ ਕੇ ਦੇਖੋ, ਤੁਸੀਂ ਕੀ ਕਰ ਰਹੇ ਹੋ। ਤੁਸੀਂ ਕੁਰਸੀ ਦੀ ਖਾਤਿਰ ਪੰਜਾਬ ਨੂੰ ਤਬਾਹ ਨਾ ਕਰੋ, ਪੰਜਾਬ ਨੂੰ ਬਰਬਾਦ ਨਾ ਕਰੋ। ਪੰਜਾਬ ਨੂੰ ਦੇਸ਼ ਤੋਂ ਅਲਹਿਦਾ ਨਾ ਕਰੋ ਅਤੇ ਵਿਦੇਸ਼ੀ ਤਾਕਤਾਂ ਦੇ ਹੱਥਾਂ ਵਿਚ ਨਾ ਖੇਡੋ। ਮੇਰੇ ਵਰਗਾ ਪਰਿਵਾਰ ਜਿਸ ਦੇ ਬਹਿਨੋਈ ਸਿੱਖ ਹਨ ਅਤੇ ਵੱਡਾ ਭਰਾ ਸਿੱਖ ਹੈ, ਤੁਸੀਂ ਕਿਉਂ ਸਾਡੇ ਰਿਸ਼ਤੇ ਵਿਚ ਦਰਵਾਜ਼ੇ ਬੰਦ ਕਰਨ ਲਗੇ ਹੋਏ ਹੋ, ਤੁਸੀਂ ਗੁਰਦੁਆ- ਰਿਆਂ ਦੇ ਦਰਵਾਜ਼ੇ ਕਿਉਂ ਬੰਦ ਕਰਵਾ ਰਹੇ ਹੋ। ਸਾਡੇ ਪਰਿਵਾਰ ਵਿਚ ਜਨਮ ਅਤੇ ਮਰਨ ਵਿਚ ਗੁਰਬਾਨੀ ਦਾ ਪ੍ਰਚਾਰ ਕੀਤਾ ਜਾਂਦਾ ਹੈ। ਤੁਸੀਂ ਧਰਮ ਨੂੰ ਰਾਜਨੀਤੀ ਵਾਸਤੇ ਇਸਤੇਮਾਲ ਨਾ ਕਰੋ ਤੁਸੀਂ ਕੁਰਸੀ ਦੀ ਖਾਤਿਰ ਪੰਜਾਬ ਦੇ ਹਾਲਾਤ ਨਾ ਖਰਾਬ ਕਰੋ। ਜੇਕਰ ਤੁਸੀਂ ਕੁਰਸੀ ਦੇ ਭੁੱਖੇ ਹੋ ਤਾਂ ਤੁਸੀਂ ਪਹਿਲੇ ਪੰਜਾਬ ਵਿਚ ਸ਼ਾਂਤੀ ਅਤੇ ਅਮਨ ਕਾਇਮ ਕਰ ਦਿਓ ਅਸੀਂ ਬਰਨਾਲਾ ਸਾਹਿਬ ਨੂੰ ਕਹਿ ਦੇਵਾਂਗੇ ਕਿ ਤੁਸੀਂ ਕੁਰਸੀ ਛੱਡ ਦਿਓ ਅਤੇ ਅਸੀਂ ਆਪਣੇ ਨੇਤਾ ਰਾਜੀਵ ਜੀ ਨੂੰ ਕਹਿ ਦੇਵਾਂਗੇ ਕਿ ਇਨ੍ਹਾਂ ਨੂੰ ਕੁਰਸੀ ਬਰਨਾਲਾ ਸਾਹਿਬ ਚੀਫ ਮਨਿਸਟਰ ਰਹਿਣ ਚਾਹੇ ਨਾ ਰਹਿਣ ਪਰ ਤੁਸੀਂ ਕੰਮ-ਸੇ-ਕੰਮ ਪੰਜਾਬ ਵਿਚ ਸ਼ਾਂਤੀ ਤਾਂ ਕਾਇਮ ਕਰੋ। ਮੇਰੀ ਪਾਰਟੀ ਇਹ ਵੀ ਕੁਰਬਾਨੀ ਕਰਨ ਵਾਸਤੇ ਤਿਆਰ ਹੈ ਕਿ ਤੁਸੀਂ ਕੁਰਸੀ ਲੈ ਲਵੋ ਪਰ ਪੰਜਾਬ ਵਿਚ ਸ਼ਾਂਤੀ ਅਤੇ ਅਮਨ ਪਹਿਲੇ ਕਾਇਮ ਕਰ ਦਿਓ। ਤੁਸੀਂ ਪਹਿਲੇ ਅੱਤਵਾਦ ਅਤੇ ਵੱਖਵਾਦ ਦੇ ਖਿਲਾਫ ਲੜਾਈ ਤਾਂ ਲੜੋ।

ਪੰਜਾਬ ਦੇ ਹਾਲਾਤ ਖਰਾਬ ਹੋਣ ਨਾਲ ਕਿੰਨੇ ਮਰਡਰ ਹੋ ਰਹੇ ਹਨ ਅਤੇ ਕਿੰਨੇ ਘਰ ਬਰਬਾਦ ਹੋ ਰਹੇ ਹਨ ਅਤੇ ਕਿੰਨੀ ਤਬਾਹੀ ਹੋ ਰਹੀ ਹੈ। ਤੁਸੀਂ ਪਹਿਲੇ ਪੰਜਾਬ ਦੇ ਮਹੌਲ ਨੂੰ ਠੀਕ ਕਰੋ। ਤੁਸੀਂ ਪੰਜਾਬ ਦੇ ਮਸਲੇ ਨੂੰ ਸੁਲਝਾਉਣ ਵਿਚ ਸਾਡੀ ਮੱਦਦ ਕਰੋ ਅਤੇ ਇਸ ਮਸਲੇ ਨੂੰ ਹੋਰ ਉਲਝਾਉਣ ਦੀ ਕੋਸ਼ਿਸ਼ ਨਾ ਕਰੋ। ਇਥੇ ਰਾਜੀਵ ਗਾਂਧੀ ਦੇ ਨਾਲ ਹੋਏ ਪੰਜਾਬ ਅਕਾਰਡ ਦੀ ਗੱਲ ਕੀਤੀ ਗਈ ਹੈ ਅਤੇ ਜਿਹੜੇ ਇਸ ਅਕਾਰਡ ਦੀ ਮੁਖਾਲਫਤ ਕਰਦੇ ਸਨ ਅੱਜ ਉਹ ਹੀ ਕਹਿੰਦੇ ਹਨ ਕਿ ਪੰਜਾਬ ਅਕਾਰਡ ਨੂੰ ਰਾਜੀਵ ਗਾਂਧੀ ਲਾਗੂ ਨਹੀਂ ਕਰਦਾ। ਜਦ ਕਿ ਰਾਜੀਵ

[ਸ੍ਰੀ ਸੇਵਾ ਰਾਮ ਅਰੋੜਾ]

ਗਾਂਧੀ ਅਕਾਰਡ ਨੂੰ ਇੰਪਲੀਮੈਂਟ ਕਰਨਾ ਚਾਹੁੰਦਾ ਹੈ ਅਤੇ ਕਰ ਰਿਹਾ ਹੈ। ਸਾਡੀ ਪਾਰਟੀ ਅਕਾਰਡ ਦੀ ਇੰਪਲੀਮੈਂਟੇਸ਼ਨ ਵਿਚ ਪੂਰਾ ਹਿੱਸਾ ਪਾਵੇਗੀ ਪਰ ਤੁਸੀਂ ਇਸ ਨੂੰ ਇੰਪਲੀਮੈਂਟ ਨਹੀਂ ਹੋਣ ਦਿੰਦੇ ਅਤੇ ਪੰਜਾਬ ਦੇ ਹਾਲਾਤ ਨੂੰ ਹੋਰ ਖਰਾਬ ਕਰੀ ਜਾ ਰਹੇ ਹੋ ਤਾਕਿ ਅਕਾਰਡ ਲਾਗੂ ਨਾ ਹੋ ਸਕੇ (ਘੰਟੀ) ਚੇਅਰਮੈਨ ਸਾਹਿਬ, ਦੂਜੀ ਗੱਲ ਇਹ ਹੈ ਕਿ ਪੰਜਾਬ ਦੁਨੀਆਂ ਦੇ ਅੰਦਰ ਬਦਨਾਮ ਹੋ ਰਿਹਾ ਹੈ। ਦੁਨੀਆਂ ਦੇ ਵਿਚ ਪੰਜਾਬ ਦੀ ਬੜੀ ਬਦਨਾਮੀ ਅੱਤਵਾਦ ਅਤੇ ਵੱਖਵਾਦ ਕਰਕੇ ਹੋ ਰਹੀ ਹੈ। (ਘੰਟੀ)

ਸ੍ਰੀ ਸਭਾਪਤੀ: ਤੁਸੀਂ ਹੁਣ ਖਤਮ ਕਰੋ। ਤੁਹਾਡਾ ਟਾਈਮ ਹੋ ਚੁਕਾ ਹੈ।

ਸ੍ਰੀ ਸੇਵਾ ਰਾਮ ਅਰੋੜਾ: ਚੇਅਰਮੈਨ ਸਾਹਿਬ, ਮੈਂ ਹਾਲੇ ਬੋਲਣਾ ਹੈ। ਤੁਸੀਂ ਟਾਈਮ ਹੋਰ ਦਿਓ।

ਸ੍ਰੀ ਸਭਾਪਤੀ: ਟਾਈਮ ਐਕਸਟੈਂਡ ਕਰਨਾ ਪਵੇਗਾ, ਜਲਦੀ ਖਤਮ ਕਰੋ।

ਸ੍ਰੀ ਸੇਵਾ ਰਾਮ ਅਰੋੜਾ: ਚੇਅਰਮੈਨ ਸਾਹਿਬ, ਪੰਜਾਬ ਦੇ ਵਿਚ ਅੱਤਵਾਦ ਅਤੇ ਵੱਖਵਾਦ ਚਲ ਹੀ ਰਿਹਾ ਸੀ ਪਰ ਇਥੇ ਕੁਰੱਪਸ਼ਨ ਦਾ ਬੜਾ ਜ਼ੋਰ ਚਲ ਰਿਹਾ ਹੈ। ਪੰਜਾਬ ਦੇ ਅੰਦਰ ਕੁਰੱਪਸ਼ਨ ਗਲੀਆਂ ਅਤੇ ਬਜ਼ਾਰਾਂ ਵਿਚ ਬੜੀ ਚਲ ਰਹੀ ਹੈ ਅਤੇ ਬਰਨਾਲਾ ਸਾਹਿਬ ਦੀ ਸਰਕਾਰ ਦੇ ਕਾਫੀ ਸਾਥੀ ਕੁਰੱਪਸ਼ਨ ਕਰ ਰਹੇ ਹਨ। ਜਿਥੇ ਉਹ ਅੱਤਵਾਦ ਅਤੇ ਵੱਖਵਾਦ ਦੇ ਖਿਲਾਫ ਲੜ ਰਹੇ ਸਨ ਉਥੇ ਇਨ੍ਹਾਂ ਨੂੰ ਕੁਰੱਪਸ਼ਨ ਦੇ ਖਿਲਾਫ ਵੀ ਲੜਨਾ ਚਾਹੀਦਾ ਹੈ। ਇਸ ਸਬੰਧੀ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਇਕ ਕਮੇਟੀ ਬਣਾਈ ਸੀ ਜਿਸ ਕੋਲ 20 ਹਜ਼ਾਰ ਐਫੀਡੇਵਿਟ ਕੁਰੱਪਸ਼ਨ ਦੇ ਬਾਰੇ ਮਿਲੇ ਸਨ। ਇਸ ਕੁਰੱਪਸ਼ਨ ਨੂੰ ਦੂਰ ਕਰਨ ਲਈ ਪੰਜਾਬ ਸਰਕਾਰ ਨੂੰ ਦੂਜੀਆਂ ਸਟੇਟਾਂ ਦੇ ਵਾਂਗ ਇਥੇ ਵੀ ਲੋਕਪਾਲ ਐਕਟ ਪਾਸ ਕਰਨਾ ਚਾਹੀਦਾ ਹੈ ਜਿਸ ਵਿਚ ਸਿਆਸੀ ਅਤੇ ਗੈਰ ਸਿਆਸੀ ਬੰਦਿਆਂ ਦੇ ਖਿਲਾਫ ਕੁਰੱਪਸ਼ਨ ਚਾਰਜਿਜ਼ ਲਗਾਏ ਜਾ ਸਕਣ ਅਤੇ ਲੋਕ ਆਪਣੀ ਆਵਾਜ਼ ਉਸ ਅੱਗੇ ਪੇਸ਼ ਕਰ ਸਕਣ। ਲੇਕਿਨ ਇਸ ਗਵਰਨਰ ਸਾਹਿਬ ਦੇ ਐਡਰੈਸ ਵਿਚ ਕੁਰੱਪਸ਼ਨ ਦੇ ਬਾਰੇ ਇਕ ਲਫਜ਼ ਤੱਕ ਦਾ ਇਸਤੇਮਾਲ ਸਰਕਾਰ ਵਲੋਂ ਨਹੀਂ ਕੀਤਾ ਗਿਆ ਹੈ ਜਿਹੜੀ ਕਿ ਲੋਕਾਂ ਦੇ ਨਾਲ ਇਕ ਬੇਇਨਸਾਫੀ ਹੈ। ਦੂਜੀ ਤਰਫ ਸਰਕਾਰ ਵਲੋਂ ਕਿਹਾ ਗਿਆ ਕਿ ਮਿਨੀਮੱਮ ਵੇਜਿਜ਼ ਰੀਵਾਈਜ਼ ਕਰ ਰਹੇ ਹਾਂ ਔਰ ਸਰਕਾਰ ਮਜ਼ਦੂਰਾਂ ਦੀ ਬੇਹਤਰੀ ਲਈ ਕੰਮ ਕਰ ਰਹੀ ਹੈ। 1982 ਵਿਚ ਕਾਂਗਰਸ ਗੌਰਮਿੰਟ ਦੇ ਦੌਰਾਨ ਮਿਨੀਮਮ ਵੇਜਿਜ਼ ਨੂੰ ਰਿਵਾਈਜ਼ ਕੀਤਾ ਗਿਆ ਸੀ। ਇਸ ਨੂੰ 3 ਸਾਲਾਂ ਬਾਦ ਮਿਨੀਮੱਮ ਵੇਜਿਜ਼ ਨੂੰ ਰਿਵਾਈਜ਼ ਕਰਨਾ ਲਾਜ਼ਮੀ ਹੁੰਦਾ ਹੈ।

ਚੇਅਰਮੈਨ ਸਾਹਿਬ, ਇਸਦਾ ਜਾਂ ਤਾਂ ਆਲਟਰਨੇਟਿਵ ਵੀ ਦਿੱਤਾ ਹੈ। 50 ਪ੍ਰਤੀਸ਼ਤ ਤੋਂ ਉਪਰ ਜੇ ਮਹਿੰਗਾਈ ਵੱਧ ਜਾਏ ਤਾਂ ਮੀਨੀਮਮ ਵੇਜਿਜ਼ ਰਿਵਾਈਜ਼ ਕਰਨੇ ਪੈਂਦੇ ਹਨ। 111 ਪੁਆਇੰਟ ਪਰਾਇਸ ਇੰਡੈਕਸ ਦੇ ਹੋ ਗਏ ਹਨ, ਪਰ ਸਰਕਾਰ ਨੇ ਮੀਨੀਮੱਮ ਵੇਜਿਜ਼ ਰਿਵਾਈਜ਼ ਨਹੀਂ ਕੀਤੇ। ਚੇਅਰਮੈਨ ਸਾਹਿਬ, ਤਿੰਨ ਸਾਲ ਦਾ ਅਰਸਾ ਗੁਜ਼ਰ ਚੁੱਕਾ ਹੈ। ਇਹ ਬਹੁਤ ਸ਼ਰਮ ਦੀ ਗੱਲ ਹੈ ਔਰ ਇਕ ਤਰਫ ਕਿਹਾ ਜਾਂਦਾ ਹੈ ਕਿ ਅਸੀਂ ਨੌਜਵਾਨਾਂ ਨੂੰ ਮੁੱਖ ਧਾਰਾ ਵਿਚ ਲਿਆਉਣਾ ਹੈ। ਮੈਂ ਇਸ ਦੀ ਵਿਰੋਧਤਾ ਨਹੀਂ ਕਰਦਾ। ਦੂਜੀ ਤਰਫ ਟਿਊਬਵੈਲ ਕਾਰਪੋਰੇਸ਼ਨ ਦੇ 3500 ਮੁਲਾਜਮਾਂ ਦੀ ਛਾਂਟੀ ਕਰ ਦਿੱਤੀ ਗਈ ਹੈ। ਚੇਅਰਮੈਨ ਸਾਹਿਬ, 13 ਡਿਵੀਜ਼ਨ ਤੋੜ ਦਿੱਤੇ ਗਏ ਹਨ। ਉਨ੍ਹਾਂ ਮੁਲਾਜ਼ਮਾਂ ਦੀ 10—10,

15—15 ਅਤੇ 20—20 ਸਾਲ ਦੀ ਸਰਵਿਸ ਹੋ ਚੁਕੀ ਹੈ । ਉਨ੍ਹਾਂ ਮੁਲਾਜ਼ਮਾਂ ਬਾਰੇ ਸਰਕਾਰ ਦੀ ਕੋਈ ਪਾਲਿਸੀ ਨਹੀਂ ਹੈ । 13 ਡਿਵੀਜ਼ਨ ਇਸ ਸਾਲ ਤੋੜ ਦਿਤੇ ਗਏ ਹਨ। ਵਰਲਡ ਬੈਂਕ ਤੋਂ ਲੋਨ ਮਿਲਣਾ ਸੀ । ਇਹ ਆਪਣੀ ਸ਼ੋਹਰਤ ਹਾਸਲ ਕਰਨ ਲਈ ਕੀਤਾ ਗਿਆ ਹੈ। ਵਰਲਡ ਬੈਂਕ ਵਲੋਂ ਜਿਹੜਾ ਲੋਨ ਦਿਤਾ ਗਿਆ ਸੀ, ਕੀ ਉਸ ਤੇ ਪੰਜਾਬ ਦੇ ਸ਼ਹਿਰੀਆਂ ਦਾ ਕੋਈ ਹੱਕ ਨਹੀਂ ਹੈ? ਕੀ ਉਸ ਰੁਪਏ ਨੂੰ ਪੰਜਾਬ ਦੇ ਲੋਕ ਖਰਚ ਨਹੀਂ ਕਰ ਸਕਦੇ ? ਚੇਅਰਮੈਨ ਸਾਹਿਬ, ਵਾਟਰ ਸੀਵਰੇਜ ਦੀ ਸਕੀਮ ਸ਼ਹਿਰਾਂ ਵਿਚ ਕਿਉਂ ਨਹੀਂ ਚਾਲੂ ਕੀਤੀ ਗਈ । ਸਾਡੀ ਸਰਕਾਰ ਨੇ ਫੈਸਲਾ ਕੀਤਾ ਸੀ ਕਿ ਪੰਜ ਸਾਲ ਦੀ ਸਰਵਿਸ ਵਾਲੇ ਮੁਲਾਜ਼ਮ ਨੂੰ ਰੈਗੂਲਰ ਕੀਤਾ ਜਾਵੇਗਾ । ਪੀ.ਡਬਲਿਓ.ਡੀ. ਅਤੇ ਪਬਲਿਕ ਹੈਲਥ ਵਿਚ ਵਰਕ ਚਾਰਜਾਂ ਨੂੰ 1978 ਤੋਂ ਬਾਅਦ ਸਰਕਾਰ ਨੇ ਰੈਗੂਲਰ ਨਹੀਂ ਕੀਤਾ । ਅੱਜ ਚੇਅਰਮੈਨ ਸਾਹਿਬ, ਲੋਕਲ ਬਾਡੀਜ਼ ਅੰਦਰ, ਪੰਚਾਇਤਾਂ ਅੰਦਰ, ਇਮਪਰੂਵਮੈਂਟ ਟਰਸਟਾਂ ਅੰਦਰ ਮੁਲਾਜ਼ਮ ਜਿਹੜੇ 5—5 ਸਾਲਾਂ ਤੋਂ ਕੰਮ ਕਰਦੇ ਸਨ, ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ ਹੈ। ਔਰ ਚੇਅਰਮੈਨ ਸਾਹਿਬ, ਖੁਲ੍ਹੇ ਤੌਰ ਤੇ ਪੈਸਾ ਲਿਤਾ ਜਾ ਰਹਾ ਹੈ। (ਸ਼ੇਮ, ਸ਼ੇਮ) ਮੈਂ ਸੀ.ਐਮ. ਸਾਹਿਬ ਨੂੰ ਕਹਾਂਗਾ ਕਿ 4—4 ਸਾਲ ਅਤੇ 5—5 ਸਾਲ ਦੀ ਸਰਵਿਸ ਵਾਲੇ ਮੁਲਾਜ਼ਮਾਂ ਨੂੰ ਜਿਨ੍ਹਾਂ ਨੂੰ ਕਢਿਆ ਗਿਆ ਹੈ ਦੁਬਾਰਾ ਨੌਕਰੀਆਂ ਤੇ ਲਗਾਓ । (ਵਿਘਨ) ਚੇਅਰਮੈਨ ਸਾਹਿਬ, ਥੀਨ ਡੈਮ ਤੇ ਸਾਡੇ ਪ੍ਰਧਾਨ ਮੰਤਰੀ ਸਾਹਿਬ ਨੇ ਖਰਚਾ ਬਰਦਾਸ਼ਤ ਕਰਨ ਦੀ ਗੱਲ ਕਹੀ ਸੀ ਔਰ ਟਾਈਮ ਬਾਉਂਡ ਸਕੀਮ ਬਣਾਈ ਸੀ ਪਰ ਬਦਕਿਸਮਤੀ ਹੈ ਕਿ ਥੀਨ ਡੈਮ ਤੇ ਪੂਰਾ ਪੈਸਾ ਖਰਚ ਨਹੀਂ ਕੀਤਾ ਜਾ ਰਿਹਾ। ਪੈਸਾ ਚੇਅਰਮੈਨ ਸਾਹਿਬ, ਥੀਨਡੈਮ ਤੇ ਨਹੀਂ ਲਗ ਰਿਹਾ ਬਲਕਿ ਅਫਸਰਾਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ। ਇਸ ਦਾ ਕੀ ਕਾਰਨ ਹੈ? ਸੀ.ਐਮ. ਸਾਹਿਬ, ਇਸ ਵੇਲੇ ਹਾਊਸ ਵਿਚ ਮੌਜੂਦ ਨਹੀਂ ਹਨ। ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਮੁਕੇਰੀਆਂ ਹਾਈਡਲ ਪ੍ਰਾਜੈਕਟ, ਰੋਪੜ ਥਰਮਲ ਪਲਾਂਟ ਅਤੇ ਹੋਰ ਦੂਜੇ ਜਿਹੜੇ ਪ੍ਰਾਜੈਕਟਸ ਸਨ, ਕੀ ਕਾਰਨ ਹੈ ਕਿ ਉਨ੍ਹਾਂ ਉਤੇ ਕੰਮ ਨਹੀਂ ਹੋ ਰਿਹਾ ਹੈ ? ਵਿਜੀਲੈਂਸ ਡਿਪਾਰਟਮੈਂਟ ਵਲੋਂ ਛਾਪੇ ਮਾਰੇ ਗਏ ਔਰ ਸਾਰੀ ਚੀਜ਼ ਸਾਹਮਣੇ ਆਈ ਹੈ। ਸਾਰੇ ਸਬੂਤ ਮਿਲੇ ਹਨ ਔਰ ਚੇਅਰਮੈਨ ਸਾਹਿਬ ਮੈਂ, ਸੀ.ਐਮ. ਸਾਹਿਬ ਨੂੰ ਕਹਾਂਗਾ ਕਿ ਪੰਜਾਬ ਦੇ ਹਿੱਤ ਦੀ ਗੱਲ ਕਰੋ ਔਰ ਕਾਇਦੇ ਕਾਨੂੰਨ ਦੇ ਮੁਤਾਬਿਕ ਕੰਮ ਕਰੋ । ਪੰਜਾਬ ਦੇ ਪਾਣੀ ਦੀ ਗੱਲ ਹੈ, ਪੰਜਾਬ ਦੀ ਬਿਜਲੀ ਦੀ ਗੱਲ ਹੈ । ਇਸ ਤਰ੍ਹਾਂ ਰੁਪਿਆ ਬਰਬਾਦ ਹੋਈ ਜਾ ਰਿਹਾ ਹੈ ਅਤੇ ਪੰਜਾਬ ਦੇ ਅਫਸਰ ਖਾਈ ਜਾ ਰਹੇ ਹਨ । ਪੰਜਾਬ ਅੰਦਰ ਅੱਜ ਕੁਰੱਪਸ਼ਨ ਚਲ ਰਹੀ ਹੈ। ਚੇਅਰਮੈਨ ਸਾਹਿਬ, ਬਿਜਲੀ ਬੋਰਡ ਦੇ ਅੰਦਰ, ਪੀ.ਆਰ.ਟੀ.ਸੀ. ਦੇ ਅੰਦਰ ਔਰ ਦੂਸਰੀਆਂ ਕਾਰਪੋਰੇਸ਼ਨਾਂ ਕਿਸ ਤਰੀਕੇ ਦੇ ਨਾਲ ਰੁਪਿਆ ਇਨਵੈਸਟ ਕਰ ਰਹੀਆਂ ਹਨ। ਸਾਡੀ ਖਾਹਿਸ਼ ਹੈ ਕਿ ਇਹ ਅਦਾਰੇ ਕਾਮਯਾਬ ਹੋਣ ਔਰ ਇਹ ਅਦਾਰੇ ਲੋਕਾਂ ਦੇ ਭਲੇ ਲਈ ਹਨ । ਸੀ.ਐਮ. ਸਾਹਿਬ ਵੀ ਆ ਗਏ ਹਨ। ਇਸ ਬਾਰੇ ਹਾਈ ਪਾਵਰ ਕਮੇਟੀ ਬਣਾ ਦਿੱਤੀ ਜਾਏ । ਚੇਅਰਮੈਨ ਸਾਹਿਬ, ਜਿਤਨੀਆਂ ਵੀ ਕਾਰਪੋਰੇਸ਼ਨਾਂ ਹਨ, ਉਨ੍ਹਾਂ ਵਿਚ ਬਦਅਮਨੀ ਨਾ ਹੋਵੇ । ਅੱਜ ਬਿਜਲੀ ਬੋਰਡ ਫੇਲ੍ਹ ਹੋ ਰਿਹਾ ਹੈ ।

ਚੇਅਰਮੈਨ ਸਾਹਿਬ, ਕੱਲ੍ਹ ਦੇ ਬਲਿਟਜ਼ ਦੇ ਅੰਦਰ ਖਬਰ ਛਪੀ ਹੈ, ਪੀ.ਐਸ.ਈ.ਬੀ. ਬਾਰੇ ਕਿ ਇਸਨੇ ਦੇ ਬਲੈਕਲਿਸਟਿਡ ਫਰਮਾਂ ਨੂੰ ਠੇਕੇ ਦਿੱਤੇ ਹਨ। ਪੀ.ਆਰ.ਟੀ.ਸੀ. ਦਾ ਦਿਵਾਲਾ ਨਿਕਲ ਗਿਆ ਹੈ, ਥੀਨ ਡੈਮ ਦੇ ਅੰਦਰ ਕੀ ਹੋ ਰਿਹਾ ਹੈ? ਜੋ ਹਾਲਾਤ ਹਨ, ਇਨ੍ਹਾਂ ਨੂੰ ਦੇਖਦੇ ਹੋਏ ਇਕ ਹਾਈ ਪਾਵਰ ਕਮੇਟੀ ਬਣਾਓ । ਸੀ.ਐਮ. ਸਾਹਿਬ ਆਪਣੇ ਈਮਾਨਦਾਰ ਬੰਦਿਆਂ ਦੀ ਕਮੇਟੀ ਬਣਾ ਲੈਣ (ਘੰਟੀ) ਤਾਂਕਿ ਪਬਲਿਕ ਦਾ ਪੈਸਾ ਬਰਬਾਦ ਨਾ ਹੋਵੇ ।

ਸ੍ਰੀ ਸਭਾਪਤੀ : ਤੁਸੀਂ ਹੁਣ ਬੈਠੋ । ਤੁਹਾਡਾ ਟਾਈਮ ਖਤਮ ਹੋ ਗਿਆ ਹੈ ।

ਸ੍ਰੀ ਸੇਵਾ ਰਾਮ ਅਰੋੜਾ : ਬਸ ਜੀ, 2 ਮਿੰਟ ਹੋਰ ਲਵਾਂਗਾ । ਸਰਕਾਰ ਨੇ ਸਕੂਲ ਦਿੱਤੇ ਹਨ । ਚੰਗੀ ਗੱਲ ਹੈ । 300 ਸਕੂਲ ਬਣਾਏ ਗਏ ਹਨ । ਪਰ ਬੜੇ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਵਿੱਚ ਵੀ ਕਾਣੀ ਵੰਡ ਪ੍ਰਣਾਲੀ ਹੋਈ ਹੈ । ਇਕ ਹਲਕੇ ਵਿੱਚ ਤਾਂ 17—17 ਸਕੂਲ ਹਨ, ਪਰ ਜਿਹੜੇ ਜਿਹੜੇ ਦੋਸਤ ਇਧਰ ਬੈਠੇ ਹਨ, ਉਨ੍ਹਾਂ ਦੇ ਹਲਕਿਆਂ ਵਿੱਚ ਇਕ ਵੀ ਸਕੂਲ ਨਹੀਂ । ਇਸ ਨੂੰ ਰਿਵਾਈਜ਼ ਕਰੋ, ਵਿਤਕਰਾ ਨਾ ਕਰੋ । ਅਸੀਂ ਸਾਂਝੇ ਹਾਂ, ਪੰਜਾਬੀ ਹਾਂ, ਪੰਜਾਬ ਦੇ ਹਿਤੂ ਹਾਂ, ਦੇਸ਼ ਦੇ ਹਿਤੂ ਹਾਂ। ਇਸ ਵਿਤਕਰੇ ਨਾਲ ਕਾਫੀ ਰਿਜ਼ੈਂਟਮੈਂਟ ਫੈਲੀ ਹੋਈ ਹੈ । ਇਸ ਨੂੰ ਰਿਵਾਇਜ਼ ਕਰੋ । ਦੂਜੀ ਗੱਲ ਮੈਂ ਕਹਿਣੀ ਚਾਹੁੰਦਾ ਹਾਂ, ਸੀ.ਐਮ. ਸਾਹਿਬ, ਕਿ ਅੱਜ ਪੰਜਾਬ ਦੇ ਅੰਦਰ ਜਗ੍ਹਾ ਜਗ੍ਹਾ ਤੇ ਪਬਲਿਕ ਟੀਚਿੰਗ ਸ਼ਾਪਸ ਖੁਲਦੀਆਂ ਜਾ ਰਹੀਆਂ ਹਨ । ਇਨ੍ਹਾਂ ਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ । ਨਵੇਂ ਸ਼ਹਿਰ ਦੀ ਟਰੇਜਿਡੀ ਹੋਈ ਹੈ । ਇਸ ਸਬੰਧੀ ਇਕ ਕਮੇਟੀ ਬਣਾਈ ਜਾਵੇ ਤਾਂਕਿ ਉਹ ਦੇਖ ਸਕੇ ਕਿ ਕਿਸੇ ਪਬਲਿਕ ਟੀਚਿੰਗ ਸ਼ਾਪ ਦੇ ਖੁਲਣ ਤੋਂ ਪਹਿਲਾਂ ਉਸਦੀ ਬਿਲਡਿੰਗ ਠੀਕ ਹੈ, ਸਟਾਫ ਠੀਕ ਹੈ, ਮੈਨੇਜਮੈਂਟ ਹੈ । ਜੋ ਨਵਾਂ ਸ਼ਹਿਰ ਦੀ ਟਰੈਜਿਡੀ ਹੋਈ ਹੈ ਇਸ ਤਰ੍ਹਾਂ ਫੇਰ ਨਾ ਹੋਵੇ ।

ਹੋਰ ਮੈਂ ਕਹਿਣਾ ਚਾਹੁੰਦਾ ਹਾਂ, ਸੀ.ਐਮ. ਸਾਹਿਬ ਕਿ ਹਰਿਆਣੇ ਦੇ ਅੰਦਰ ਮੁਲਾਜ਼ਮਾਂ ਨੂੰ ਲੜਕੀ ਦੀ ਸ਼ਾਦੀ ਲਈ ਅਤੇ ਭੈਣ ਦੀ ਸ਼ਾਦੀ ਲਈ 20,000 ਰੁਪਿਆ ਮਿਲਦਾ ਹੈ । ਪੰਜਾਬ ਦੇ ਅੰਦਰ ਇਹ ਸਹੂਲਤ ਨਹੀਂ ਜਿਸ ਕਾਰਣ ਪੰਜਾਬ ਦੇ ਮੁਲਾਜ਼ਮ ਇਸ ਵੇਲੇ ਪਰੇਸ਼ਾਨ ਹਨ । ਇਹ ਰਿਟਰਨੇਬਲ ਲੋਨ ਹੈ ਅਤੇ ਸਰਕਾਰ ਨੂੰ ਇਸਦਾ ਇੰਟਰਸਟ ਵੀ ਮਿਲੇਗਾ । ਮੁਲਾਜ਼ਮਾਂ ਦੀ ਇਹ ਗੱਲ ਸਰਕਾਰ ਨੂੰ ਮੰਨ ਲੈਣੀ ਚਾਹੀਦੀ ਹੈ ।

ਇਸ ਦੇ ਨਾਲ ਮੈਂ ਕਹਿਣਾ ਚਾਹੁੰਦਾ ਹਾਂ, ਸੀ.ਐਮ. ਸਾਹਿਬ ਕਿ ਅਸੀਂ ਤੁਹਾਡੀ ਈਮਾਨਦਾਰੀ ਤੇ ਸ਼ਕ ਨਹੀਂ ਕਰਦੇ ਲੇਕਿਨ ਪੰਜਾਬ ਦੇ ਅੰਦਰ ਜਿਹੜੀਆਂ ਕਾਰਪੋਰੇਸ਼ਨਾਂ ਦੀਆਂ ਇਲੈਕਸ਼ਨਾਂ ਹੋਈਆਂ ਹਨ, ਉਹ ਬਿਲਕੁਲ ਬੋਗਸ ਹੋਈਆਂ ਹਨ । ਤੁਸੀਂ ਆਪ ਛਾਣ ਬੀਣ ਕਰਾ ਕੇ ਦੇਖ ਲਓ । ਇਨ੍ਹਾਂ ਤੇ ਨਾਜਾਇਜ਼ ਤਰੀਕੇ ਨਾਲ ਕਬਜ਼ਾ ਕੀਤਾ ਗਿਆ ਹੈ । ਇਹ ਲੋਕ ਬਰਦਾਸ਼ਤ ਨਹੀਂ ਕਰਨਗੇ । ਮੈਂ ਵੀ ਇਸ ਸਬੰਧੀ 30—35 ਕੰਪਲੇਂਟਸ ਭੇਜੀਆਂ ਹਨ । ਹਰੇਕ ਦਾ ਜਵਾਬ ਆਉਂਦਾ ਹੈ 'I am having the matter looked into'. ਇਸ ਤਰ੍ਹਾਂ ਨਾਲ ਗੱਲ ਨਹੀਂ ਚਲਦੀ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਪੰਜਾਬ ਦੀ ਟਰਾਂਸਪੋਰਟ ਪਾਲਿਸੀ ਬਾਰੇ । ਪੰਜਾਬ ਦੇ ਅੰਦਰ ਨੈਸ਼ਨੇਲਿਜ਼ਮ, ਟਰਾਂਸਪੋਰਟ ਨੂੰ ਕੌਮੀਕਰਣ ਕਰਨ ਦਾ ਜਿਹੜਾ ਫੈਸਲਾ ਸੀ, ਉਹ ਕਿਥੇ ਗਿਆ । ਅਜ ਲੌਂਗ ਰੂਟਸ ਤੇ ਬੱਸਾਂ ਦੇ ਕੇ ਤੁਸੀਂ ਆਪ ਪੰਜਾਬ ਦੀ ਟਰਾਂਸਪੋਰਟ ਨੂੰ ਤਬਾਹ ਕਰਨਾ ਚਾਹੁੰਦੇ ਹੋ । ਇਸ ਤਰ੍ਹਾਂ ਦੀਆਂ ਨੀਤੀਆਂ ਨਾ ਅਪਣਾਓ । ਪੰਜਾਬ ਅੱਗੇ ਹੀ ਬਹੁਤ ਨਾਜ਼ੁਕ ਦੌਰ ਤੋਂ ਗੁਜਰ ਰਿਹਾ ਹੈ । ਪੰਜਾਬੀ ਦੁੱਖੀ ਦਿਲੋਂ ਇਹ ਆਸ ਕਰਦਾ ਹੈ, ਜਿਹੜਾ ਪੰਜਾਬੀ ਹੈ, ਜਿਹੜਾ ਹਿੰਦੁਸਤਾਨੀ ਹੈ । ਗਲਤ ਗੱਲਾਂ ਛੱਡ ਦਿਓ । ਇਧਰ ਬੈਠੇ ਲੋਕਾਂ ਨੂੰ ਭਾਵੇਂ ਹਮਦਰਦੀ ਨਾ ਹੋਵੇ, ਇਕ ਐਮ.ਐਲ.ਏ. ਵੀ ਮਾਰ ਦਿੱਤਾ ਗਿਆ, ਹੋਰ ਜਨਤਾ ਦਾ ਕੀ ਹਾਲ ਹੈ ਆਪਣੀਆਂ ਪਾਲਿਸੀਆਂ ਨੂੰ ਤੁਸੀਂ ਰਿਵਾਈਜ਼ ਕਰੋ । (ਘੰਟੀ)

ਮੇਰੀ ਆਖਰੀ ਅਰਜ਼ ਹੈ ਸੀ.ਐਮ. ਸਾਹਿਬ ਕਿ ਤੁਸੀਂ ਐਡਮਨਿਸਟਰੇਸ਼ਨ ਨੂੰ ਵੀ ਟੋਨ ਅਪ ਕਰੋ । ਡੀ.ਐਸ.ਪੀ. ਕੀ ਕਰਨ, ਜਿਹੜੇ ਹਿੱਟ-ਲਿਸਟ ਤੇ ਵੀ ਹਨ, ਉਨ੍ਹਾਂ ਦੀ ਪ੍ਰੋਟੈਕਸ਼ਨ ਦਾ ਕੀ

ਪ੍ਰਬੰਧ ਹੈ, ਉਨ੍ਹਾਂ ਨੂੰ ਮਕਾਨ ਕਿਰਾਏ ਤੇ ਨਹੀਂ ਮਿਲ ਰਹੇ। ਤੁਸੀਂ ਪੁਲਿਸ ਤੋਂ ਕੰਮ ਲੈਣਾ ਹੈ । ਇਹ ਲੋਕਾਂ ਦੇ ਜਾਨੋ ਮਾਲ ਦੀ ਰਖਿਆ ਕਰਦੀ ਹੈ । ਤੁਸੀਂ ਹਰਿਆਣੇ ਦੀ ਤਰ੍ਹਾਂ ਇਨ੍ਹਾਂ ਨੂੰ ਸਫਰ ਦੀ ਇਜ਼ਾਜ਼ਤ ਦਿਓ । ਆਪਣੀ ਐਡਮਨਿਸਟਰੇਸ਼ਨ ਦਾ ਮੌਰਲ ਉਚਾ ਕਰੋ । ਪਰੋਮੋਸ਼ਨਾਂ ਵੀ ਗਲਤ ਹੋ ਰਹੀਆਂ ਹਨ। ਐਮ.ਐਲ.ਏ. ਦੇ ਬੱਚੇ, ਵਜ਼ੀਰਾਂ ਦੇ ਬੇਟੇ ਅਤੇ ਬੇਟੀਆਂ ਐਜੂਕੇਸ਼ਨ ਬੋਰਡ ਵਿਚ ਅਪੁ-ਆਇੰਟਮੈਂਟਸ ਲੈ ਰਹੇ ਹਨ। ਇਸ ਤਰ੍ਹਾਂ ਨਾਲ ਤੁਹਾਡੀ ਇਮੇਜ਼ ਚੰਗੀ ਨਹੀਂ ਬਣੇਗੀ। ਇਸ ਦੇ ਨਾਲ ਹੀ ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਤਾ ਹੈ ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ (ਸਰਦਾਰ ਬਲਦੇਵ ਸਿੰਘ ਮਾਨ) : ਚੇਅਰਮੈਨ ਸਾਹਿਬ, ਰਾਜਪਾਲ ਜੀ ਵਲੋਂ . . . .

ਸਰਦਾਰ ਕਰਨੈਲ ਸਿੰਘ ਡੋਡ : ਚੇਅਰਮੈਨ ਸਾਹਿਬ, ਸਾਡੇ ਵਿਚੋਂ ਕੋਈ ਨਹੀਂ ਬੋਲਿਆ। ਸਾਨੂੰ ਵੀ ਟਾਈਮ ਦਿਓ ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ (ਸਰਦਾਰ ਬਲਦੇਵ ਸਿੰਘ ਮਾਨ) : ਤੁਹਾਨੂੰ ਇਸ ਤੋਂ ਬਾਅਦ ਟਾਈਮ ਮਿਲ ਜਾਣਾ ਹੈ। ਮੈਂ 5—7 ਮਿੰਟ ਹੀ ਲੈਣੇ ਹਨ, ਜ਼ਿਆਦਾ ਨਹੀਂ। ਚੇਅਰਮੈਨ ਸਾਹਿਬ, ਰਾਜਪਾਲ ਜੀ ਵਲੋਂ ਜੋ ਭਾਸ਼ਣ ਸਦਨ ਵਿੱਚ ਦਿੱਤਾ ਗਿਆ, ਉਸਦਾ ਅੱਖਰ ਅੱਖਰ ਮਹੱਤਵਪੂਰਨ ਹੈ। ਉਨ੍ਹਾਂ ਦੀ ਸਰਕਾਰ ਵਲੋਂ ਕੀਤੀ ਗਈ ਉਨੱਤੀ ਦਰਸਾਈ ਹੈ । ਆਉਣ ਵਾਲੇ ਸਾਲਾਂ ਵਿਚ ਜੋ ਕੁੱਝ ਕਰਨਾ ਹੈ ਉਹ ਵੀ ਦਸਿਆ ਹੈ। ਉਨ੍ਹਾਂ ਨੇ ਉਨ੍ਹਾਂ ਚੁਣੌਤੀਆਂ ਦਾ ਜ਼ਿਕਰ ਵੀ ਕੀਤਾ ਹੈ ਜੋ ਸਰਕਾਰ ਦੇ ਸਾਹਮਣੇ ਹਨ, ਪੰਜਾਬ ਦੇ ਲੋਕਾਂ ਦੇ ਸਾਮਹਣੇ ਹਨ ਔਰ ਇਸ ਦੇਸ਼ ਦੇ ਲੋਕਾਂ ਦੇ ਸਾਹਮਣੇ ਹਨ। ਉਨ੍ਹਾਂ ਨੇ ਠੀਕ ਫਰਮਾਇਆ ਹੈ, ਉਨ੍ਹਾਂ ਨੇ ਆਪਣੇ ਐਡਰੈਸ ਦੇ ਪੈਰਾ ਨੰ: 2 ਵਿਚ ਕਿਹਾ ਹੈ —

> "ਹਰ ਕੌਮ ਦੀ ਜ਼ਿੰਦਗੀ ਵਿਚ ਇਕ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਇਸ ਦੀਆਂ ਕੁੱਝ ਮੁਢਲੀਆਂ ਤੇ ਵੱਡਮੁਲੀਆਂ ਕਦਰਾਂ-ਕੀਮਤਾਂ ਨੂੰ ਗੰਭੀਰ ਹਮਲਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਇਹ ਹਮਲੇ, ਕਦੀ ਰਾਸ਼ਟਰ-ਵਿਰੋਧੀ, ਕਦੀ ਗੈਰਜਮਹੂਰੀ, ਕਦੀ ਫਿਰਕੂ, ਪਰ ਹਮੇਸ਼ਾਂ ਹਿੰਸਕ ਹੁੰਦੇ ਹਨ ਅਤੇ ਸਮੁੱਚੇ ਤੌਰ ਤੇ ਦੇਸ਼ ਦੇ ਹਿੱਤਾਂ ਦੇ ਵਿਰੁੱਧ ਹੁੰਦੇ ਹਨ । ਇਹੋ ਸਮਾਂ ਹੁੰਦਾ ਹੈ ਜਦੋਂ ਲੋਕਾਂ ਤੇ ਉਨ੍ਹਾਂ ਦੇ ਆਗੂਆਂ ਨੇ ਆਪਣੇ ਸਾਰੇ ਮਤ ਭੇਦ ਭੁਲਾ ਕੇ, ਇਕ ਮੁੱਠ ਹੋ ਕੇ ਅਗੇ ਆਉਣਾ ਹੁੰਦਾ ਹੈ।"

ਚੇਅਰਮੈਨ ਸਾਹਿਬ, ਅਜਿਹੀਆਂ ਇਸ ਤਰ੍ਹਾਂ ਦੀਆਂ ਗਲਾਂ ਕੀਤੀਆਂ ਗਈਆਂ ਹਨ ਜਿਹੜੀਆਂ ਸਿਖੀ ਸਿਧਾਤਾਂ ਦੇ ਉਲਟ ਹਨ। ਅਕਾਲ ਤਖਤ ਸਾਰੇ ਸਿੱਖਾਂ ਵਾਸਤੇ ਸਰਵਉਚਤਮ ਹੈ। ਹਰ ਸਿੱਖ ਉਸ ਦਾ ਸਤਿਕਾਰ ਕਰਦਾ ਹੈ ਅਤੇ ਆਪਣਾ ਮਸਤਕ ਉਸ ਅੱਗੇ ਝੁਕਾਉਂਦਾ ਹੈ। ਪਰ ਅੱਜ ਅਕਾਲ ਤਖਤ ਕਿਸ ਤਰ੍ਹਾਂ ਨਾਲ ਵਰਤਿਆ ਜਾ ਰਿਹਾ ਹੈ। ਇਸ ਤਰ੍ਹਾਂ ਨਾਲ ਕਦੇ ਇਤਿਹਾਸ ਵਿਚ ਨਹੀਂ ਹੋਇਆ ਹੈ । ਇਥੇ ਬੜੀਆਂ ਵੱਡੀਆਂ ਗਲਾਂ ਕੀਤੀਆਂ ਗਈਆਂ ਹਨ। ਪਰ ਅਫਸੋਸ ਦੀ ਗਲ ਹੈ ਕਿ ਇਨ੍ਹਾਂ ਨੂੰ ਇਹ ਪਤਾ ਨਹੀਂ ਹੈ ਕਿ ਅਕਾਲ ਤਖਤ ਦੀ ਹਿਸਟਰੀ ਕੀ ਹੈ। ਅਕਾਲ ਤਖਤ ਦਾ ਰੋਲ ਕੀ ਰਿਹਾ ਹੈ । ਅਕਾਲ ਤਖਤ ਤੇ ਕਦੋਂ ਇਕੱਠ ਹੁੰਦਾ ਰਿਹਾ ਹੈ। ਚੇਅਰਮੈਨ ਸਾਹਿਬ, ਸਿੱਖਾਂ ਨੇ ਦੇਸ਼

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਦੀ ਆਜ਼ਾਦੀ ਵਿਚ ਅਪਣਾ ਬਹੁਤ ਵੱਡਾ ਹਿੱਸਾ ਪਾਇਆ । ਦੇਸ਼ ਦੀ ਸੁਰੱਖਿਆ ਲਈ ਔਰ ਇਸ ਤੇ ਹੋਏ ਹਮਲਿਆਂ ਨੂੰ ਰੋਕਣ ਵਿਚ ਸਿੱਖਾਂ ਨੇ ਬਹੁਤ ਵੱਡਾ ਹਿੱਸਾ ਪਾਇਆ ਔਰ ਇਨ੍ਹਾਂ ਨੇ ਬਹੁਤ ਕੁਰਬਾਨੀਆਂ ਦਿੱਤੀਆਂ ਦੇਸ਼ ਦੀ ਰਖਿਆ ਵਾਸਤੇ । ਅਕਾਲ ਤਖਤ ਤੇ ਪਹਿਲਾਂ ਇਕੱਠ ਹੋਇਆ 1745 ਵਿਚ 14 ਅਕਤੂਬਰ ਨੂੰ। ਉਸ ਵਿਚ ਕੀ ਫੈਸਲਾ ਲਿਆ ਗਿਆ ਸੀ, ਕਿਸੇ ਨੇ ਨਹੀਂ ਦਸਿਆ । ਉਦੋਂ ਮਹਿਸੂਸ ਕੀਤਾ ਗਿਆ ਕਿ ਸਿੱਖ ਖਿੰਡੇ ਪਏ ਹਨ । 25 ਜੱਥਿਆਂ ਵਿਚ ਇਕੱਠੇ ਹੋਏ ਔਰ ਹਰ ਜੱਥੇ ਵਿਚ 100 ਸਿੰਘ ਸਨ । ਉਦੋਂ ਵਿਚਾਰ ਕੀਤੀ ਗਈ ਕਿ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਤੋਂ ਦੇਸ਼ ਨੂੰ ਬਚਾਉਣਾ ਹੈ। ਫਿਰ ਦੂਜਾ ਇਕੱਠ ਹੋਇਆ ਅਕਾਲ ਤਖਤ ਤੇ। ਇਹ ਇਕੱਠ 30 ਮਾਰਚ, 1747 ਈ: ਨੂੰ ਕੀਤਾ ਗਿਆ ਸੀ। ਉਦੋਂ ਫੈਸਲਾ ਹੋਇਆ ਕਿ ਆਪਾਂ ਕਿਲਾ ਬਣਾਈਏ ਤਾਕਿ ਹਮਲਾਆਵਰਾਂ ਦਾ ਟਾਕਰਾ ਕੀਤਾ ਜਾ ਸਕੇ । ਫਿਰ ਇਕੱਠ ਹੋਇਆ 30 ਮਾਰਚ, 1748 ਨੂੰ ਔਰ ਉਦੋਂ ਦਲ ਖਾਲਸਾ ਕਾਇਮ ਕੀਤਾ ਗਿਆ ਔਰ ਦਲ ਖਾਲਸਾ ਬਣਾਇਆ ਗਿਆ । ਮਕਸਦ ਇਹ ਸੀ ਕਿ ਆਪਾਂ ਇਕੱਠੇ ਹੋਈਏ । 12 ਮਿਸਲਾਂ ਬਣਾਇਆਂ ਗਈਆਂ ਔਰ ਸਰਦਾਰ ਜੱਸਾ ਸਿੰਘ ਆਹਲੂਵਾਲਿਆ ਲੀਡਰ ਸੀ। ਉਥੇ ਇਕੱਠ ਵਿਚ 12 ਮਿਸਲਾਂ ਨਹੀਂ ਗਈਆਂ ਬਲਕਿ 11 ਮਿਸਲਾਂ ਗਈਆਂ । ਉਸ ਤੋਂ ਬਾਅਦ ਸਰਬਤ ਖਾਲਸਾ ਦਾ ਸੰਮੇਲਨ ਹਰ ਵਿਸਾਖੀ ਔਰ ਹਰ ਦੀਵਾਲੀ ਤੇ ਹੋਣ ਲਗਾ । ਉਥੇ ਦਲ ਖਾਲਸਾ ਇਕੱਠਾ ਹੁੰਦਾ ਰਿਹਾ। ਔਰ ਇਹ ਸੋਚ ਹੁੰਦੀ ਰਹੀ ਕਿ ਕਿਸ ਤਰ੍ਹਾਂ ਨਾਲ ਲੜਣਾ ਹੈ। ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ, ਇਹ ਹਿਸਟਰੀ ਆਫ ਦੀ ਸਿੱਖਸ ਸ੍ਰੀ ਹਰੀ ਰਾਮ ਗੁਪਤਾ ਨੇ ਲਿਖੀ ਹੈ। ਮੈਂ ਇਸ ਬਾਰੇ ਜ਼ਿਕਰ ਕਰਨਾ ਚਾਹੁੰਦਾ ਹਾਂ। ਇਹਨਾਂ 12 ਮਿਸਲਾਂ ਵਿਚੋਂ ਜਿਹੜੀਆਂ ਮਿਸਲਾਂ ਨਹੀਂ ਜਾਂਦੀਆਂ ਸਨ ਉਸਦਾ ਰੋਲ ਇਹ ਅਦਾ ਕਰ ਰਹੇ ਹਨ ਔਰ ਸਿੱਖਾਂ ਦੇ ਘਾਤਕ ਇਹ ਹਨ। ਹਿਸਟੋਰੀਅਨ ਨੇ ਲਿਖਿਆ ਹੈ :—

> "It is interesting to note that the Sikhs of Malwa pursued a different line of action from that of their co-religionists of the Majha. They always adopted a diplomatic tone, never defying the Government of the day openly ...."

ਇਨ੍ਹਾਂ ਨੇ ਕਦੇ ਵੀ ਦਿੱਲੀ ਦੀ ਸਰਕਾਰ ਨੂੰ ਡਿਫਾਈ ਨਹੀਂ ਕੀਤਾ । ਇਹ ਦਿੱਲੀ ਦੀ ਸਰਕਾਰ ਦੇ ਹਮਦੱਰਦ ਰਹੇ ਹਨ । ਦਿੱਲੀ ਦੀ ਸਰਕਾਰ ਨਾਲ ਇਹ ਹੁਣ ਵੀ ਗੱਲ ਕਰਕੇ ਆਉਂਦੇ ਹਨ ਕਿ ਤੁਸੀਂ ਸਾਨੂੰ ਮੱਦਦ ਦਿਓ ਪਰ ਇਨ੍ਹਾਂ ਨੂੰ ਮੱਦਦ ਨਹੀਂ ਮਿਲੀ ।

ਉਸ ਦੇ ਬਾਅਦ ਕੀ ਹੋਈਆ, ਅਹਿਮਦਸ਼ਾਹ ਅਬਦਾਲੀ ਨਾਲ 11 ਮਿਸਲਾਂ ਲੜ ਰਹੀਆਂ ਸਨ। ਇਸ ਬਾਰੇ ਇਸ ਕਿਤਾਬ ਦੇ ਸਫਾ 159 ਤੇ ਇਸ ਤਰ੍ਹਾਂ ਕੋਟ ਕੀਤਾ ਹੈ :—

> "Just at this time Ahmad Shah Abdali invaded India. Ali Mohammad Khan took flight to Aonla to avoid fighting with his Afghan brother. The imperial army under Prince Ahmad Shah lay encamped in the neighbourhood of Alha Singh for a couple of months. Alha Singh lost no time in offering submission and in paying homage to the imperial authority .."

ਜਿਹੜਾ ਦਿੱਲੀ ਵਾਲਾ ਆਇਆ ਉਸ ਨੂੰ ਹੋਮੇਜ ਪੇ ਕਰ ਦਿਤੀ । ਉਸ ਨੂੰ ਕਿਹਾ ਕਿ ਮੈਂ ਤੇਰੇ ਨਾਲ ਹਾਂ ।

ਦੂਜਾ ਵੱਡਾ ਘੱਲੂਘਾਰਾ 1762 ਵਿਚ ਹੋਇਆ ਜਿਸ ਵਿਚ 20 ਹਜ਼ਾਰ ਸਿੱਖ ਸ਼ਹੀਦ ਹੋਏ । ਉਹ ਕੁਪਰਨੀਏ ਤੋਂ ਚੱਲ ਕੇ ਲੋਕ ਗਏ । ਬਰਨਾਲਾ ਤੇ ਸਰਦਾਰ ਆਲ੍ਹਾ ਸਿੰਘ ਦਾ ਰਾਜ ਸੀ। ਉਹ ਉਥੇ ਗਏ ਕਿ ਸਾਨੂੰ ਮੱਦਦ ਮਿਲ ਜਾਵੇਗੀ । ਪਰ ਸਰਦਾਰ ਆਲ੍ਹਾ ਸਿੰਘ ਬਰਨਾਲਾ ਕੀ ਪਟਿਆਲਾ ਛੱਡਕੇ ਅੱਗੇ ਚਲਾ ਗਿਆ । ਫਿਰ ਉਹ ਸੋਚਣ ਲੱਗੇ ਕਿ ਕੀ ਕਰੀਏ। (ਵਿਘਨ) ਸੋ ਉਦੋਂ 20 ਹਜ਼ਾਰ ਸਿੱਖ ਸ਼ਹੀਦ ਹੋਏ ।

ਡਾਕਟਰ ਸਤਵੰਤ ਸਿੰਘ ਮੋਹੀ : ਚੇਅਰਮੈਨ ਸਾਹਿਬ, ਕੀ ਇਹ ਗਵਰਨਰ ਐਡਰੈਸ ਤੇ ਬਹਿਸ ਹੋ ਰਹੀ ਹੈ ? ਇਹ ਪੁਰਾਣੀ ਹਿਸਟਰੀ ਦੀਆਂ ਗੱਲਾਂ ਕਰ ਰਹੇ ਹਨ ।

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਮੈਂ ਗਵਰਨਰ ਐਡਰੈਸ ਤੇ ਬੋਲ ਰਿਹਾ ਹਾਂ । ਇਹ ਅੱਧਾ ਡਾਕਟਰ ਹੈ। ਪਤਾ ਨਹੀਂ ਇਹ ਕਿਉਂ ਰਾਜਿਆਂ ਦਾ ਝੋਲੀ ਚੁੱਕ ਹੋ ਗਿਆ ਹੈ। ਨਾ ਇਹ ਰਾਜਿਆਂ ਵਿਚ ਜੰਮਿਆਂ ਅਤੇ ਨਾ ਉਨ੍ਹਾਂ ਵਿਚ ਪਲਿਆ । ਇਸ ਤਰ੍ਹਾਂ ਝੋਲੀ ਨਹੀਂ ਚੁੱਕਣੀ ਚਾਹੀਦੀ । 1764-65 ਵਿਚ ਜਦੋਂ ਅਹਿਮਦਸ਼ਾਹ ਅਬਦਾਲੀ ਆਇਆ ਤਾਂ ਉਤੋਂ ਦਿੱਲੀ ਤੇ ਸੱਤਵਾਂ ਹਮਲਾ ਕੀਤਾ । ਸਤਵੇਂ ਹਮਲੇ ਵਿਚ ਉਹ ਦਿੱਲੀ ਪਹੁੰਚਿਆ ਨਹੀਂ । ਸਰਕਾਰੀ ਵਜ਼ੀਰ ਨੇ ਕਿਹਾ ਕਿ ਅਸੀਂ ਸਿੱਖਾਂ ਨਾਲ ਕਿਵੇਂ ਲੜਨਾ ਹੈ । ਸਿੱਖਾਂ ਨੇ ਸੋਚਿਆ ਕਿ ਆਲ੍ਹਾ ਸਿੰਘ ਸਾਡੀ ਮੱਦਦ ਕਰੇਗਾ ਪਰ ਉਹ ਮਿਲਿਆ ਨਹੀਂ । ਇਸ ਕਿਤਾਬ ਵਿਚ ਆਲ੍ਹਾ ਸਿੰਘ ਬਾਰੇ ਜੋ ਲਿਖਿਆ ਹੈ, ਉਹ ਇਸ ਤਰ੍ਹਾਂ ਹੈ :—

> "He is more obedient to the king than other Indians. Though he is a Hindu and idol-worshipper yet he is far better than other Hindus. He always fought against the Sikhs, though for the sake of worldly things and not for religion.."

> "..Ahmad Shah, therefore, conferred upon Alha Singh a title, invested him with a knilat, kettledrums, and banners, and installed him in the independent chieftainship of Sarhind for an annual subsidy of three and a half lakhs of rupees".

ਉਸ ਨੂੰ ਸਰਹੰਦ ਦਾ ਸੂਬੇਦਾਰ ਬਣਾ ਦਿੱਤਾ । ਇਹ ਇਨ੍ਹਾਂ ਦੀ ਮੁੱਢਲੀ ਹਿਸਟਰੀ ਹੈ। ਉਸ ਦੇ ਬਾਅਦ ਇਨ੍ਹਾਂ ਲੋਕਾਂ ਦਾ ਰਾਜ ਆ ਗਿਆ । ਮੈਂ ਮਹਾਰਾਜਾ ਭੁਪਿੰਦਰ ਸਿੰਘ ਦੀ ਗੱਲ ਕਰਨੀ ਚਾਹੁੰਦਾ ਹਾਂ। ਉਨ੍ਹਾਂ ਬਾਰੇ ਸਾਰੇ ਮੈਂਬਰ ਸਾਹਿਬਾਨ ਨੂੰ ਪਤਾ ਹੀ ਹੈ । ਉਸ ਰਾਜ ਵਿਚ ਕੀ ਹੋਇਆ, ਉਸ ਬਾਰੇ ਮੈਂ ਥੋੜ੍ਹਾ ਜਿਹਾ ਜ਼ਿਕਰ ਹੋਰ ਕਰਨਾ ਚਾਹੁੰਦਾ ਹਾਂ ।

12.19 P. M. (ਇਸ ਸਮੇਂ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਠਾਕੁਰ ਦੇਵ ਰਾਜ ਲਿਖਦਾ ਹੈ ਕਿ "1808 ਈ: ਵਿੱਚ ਕੈਥਲ ਦੇ ਰਾਜਾ ਉਦੇ ਸਿੰਘ ਦੇ ਜਰਨੈਲ ਭੋਗਾ ਸਿੰਘ ਦੀ ਦੇਖ-ਰੇਖ ਥਲੇ ਇਕ ਮੀਟਿੰਗ ਸਮਾਣੇ ਵਿੱਚ ਕੀਤੀ ਗਈ, ਜਿਸ ਵਿੱਚ ਪਟਿਆਲਾ, ਨਾਭਾ, ਤੇ ਜੀਂਦ ਦੇ ਰਾਜੇ ਸ਼ਾਮਲ ਹੋਏ । ਵਿਚਾਰ ਕੀਤੀ ਗਈ ਕਿ ਹੁਣ ਕੀ ਕੀਤਾ ਜਾਵੇ । ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਚੜ੍ਹਦੀ ਕਲਾਂ ਵੱਲ ਵੱਧ ਰਿਹਾ ਸੀ। ਇਨ੍ਹਾਂ ਨੇ ਕਿਹਾ ਕਿ "ਮਹਾਰਾਜਾ ਰਣਜੀਤ ਸਿੰਘ ਹੈਜ਼ਾ ਹੈ ਤੇ ਅੰਗਰੇਜ਼ ਤਪੇਦਿਕ ਹਨ। ਹੈਜ਼ੇ ਨਾਲ ਤੁਰੰਤ ਮਰਾਂਗੇ ਪਰ ਤਪੇਦਿਕ ਨਾਲ 4 ਦਿਨ ਵੱਧ ਕੱਟ ਸਕਦੇ ਹਾਂ।" ਅੱਜ ਉਨ੍ਹਾਂ ਦੇ ਵਾਰਸ ਸਿੱਖਾਂ ਦੇ ਤੇ ਸਿੱਖੀ ਦੇ ਠੇਕੇਦਾਰ ਬਣੇ ਫਿਰਦੇ ਹਨ ।

ਉਦੋਂ ਇਨ੍ਹਾਂ ਨੂੰ ਅਕਾਲ ਤਖਤ ਯਾਦ ਨਹੀਂ ਆਇਆ । ਇਹ ਲੋਕ ਜਿਨ੍ਹਾਂ ਦੇ ਬਜ਼ੁਰਗ ਹਮੇਸ਼ਾ ਅਕਾਲ ਤਖਤ ਨੂੰ ਡਿਫਾਈਂ ਕਰਦੇ ਰਹੇ ਹਨ ਅੱਜ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਹਨ।

ਡਾਕਟਰ ਰਤਨ ਸਿੰਘ : ** ** **

ਸ੍ਰੀ ਸਪੀਕਰ : No point of order.

**Expunged as ordered by the Chair.

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਇਹ ਨਵੇਂ ਨਵੇਂ ਮੈਂਬਰ ਬਣ ਕੇ ਆਏ ਹਨ, ਇਨ੍ਹਾਂ ਨੂੰ ਕਿਸੇ ਗੱਲ ਦਾ ਕੀ ਪਤਾ ਹੈ। ਨਾ ਕਿਸੇ ਜੇਲ੍ਹ ਵਿੱਚ ਗਏ ਹਨ, ਨਾ ਕੋਈ ਆਜ਼ਾਦੀ ਦੀ ਲੜਾਈ ਲੜੀ ਹੈ । ਕਿਸੇ ਸੰਤ ਦੀ ਸੇਵਾ ਕਰਦੇ ਸੀ ਔਰ ਉਨ੍ਹਾਂ ਸੰਤਾਂ ਨੇ ਇਨ੍ਹਾਂ ਨੂੰ ਟਿਕਟ ਦੇ ਦਿੱਤੀ । ਇਨ੍ਹਾਂ ਨੂੰ ਕੀ ਪਤਾ ਹੈ ਕਿ ਕਿਵੇਂ ਲੋਕਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜੀ ਹੈ, ਕਿਵੇਂ ਮੁਸ਼ਕਲਾਂ ਕੱਟੀਆਂ ਹਨ ।

ਸਪੀਕਰ ਸਾਹਿਬ, ਫਿਰ ਕੀ ਹੋਇਆ । 1808 ਵਿੱਚ ਇਨ੍ਹਾਂ ਨੇ ਉਸ ਰਾਜ ਦੀ ਮੁਖਾਲਫਤ ਕੀਤੀ । ਮਹਾਰਾਜਾ ਰਣਜੀਤ ਸਿੰਘ ਸੱਤਲੁਜ ਤੋਂ ਉਰੇ ਨਹੀਂ ਆ ਸਕਿਆ । ਜਦੋਂ ਉਹ ਸਿੱਖ-ਰਾਜ ਦੀ ਖਾਤਰ ਲੜਾਈ ਕਰ ਰਹੇ ਸਨ, ਸਰਾਵਾਂ ਦੇ ਮੈਦਾਨ ਵਿੱਚ ਲੜਾਈ ਹੋ ਰਹੀ ਸੀ ਤਾਂ ਇਹ ਅੰਗਰੇਜ਼ਾਂ ਦੇ ਨਾਲ ਰੱਲ ਕੇ ਉਨ੍ਹਾਂ ਦੇ ਖਿਲਾਫ਼ ਲੜਾਈ ਕੀਤੀ । ਉਹ ਤਾਂ ਸਿੱਖ ਰਾਜ ਨੂੰ ਫੈਲਾਉਣ ਵਾਸਤੇ, ਵਧਾਉਣ ਵਾਸਤੇ ਲੜਾਈ ਕਰ ਰਹੇ ਸਨ ਪਰ ਇਨ੍ਹਾਂ ਨੇ ਅੰਗਰੇਜ਼ਾਂ ਨਾਲ ਰਲਕੇ ਲੜਾਈ ਕੀਤੀ ਅਤੇ ਅੱਜ ਇਹ ਠੇਕੇਦਾਰ ਬਣ ਰਹੇ ਹਨ ਸਿੱਖਾਂ ਦੇ। ਇਨ੍ਹਾਂ ਨੇ ਸਿੱਖਾਂ ਦੇ ਰਾਜ ਨੂੰ ਢਾਇਆ, ਖਾਲਸਾ ਰਾਜ ਨੂੰ ਖਤਮ ਕੀਤਾ । (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ** **

Mr. Speaker : No point of order.

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਇਹ ਹੈ ਤਾਂ ਸਾਡੇ ਖਿਆਲਾਂ ਦਾ ਹੀ। (ਵਿਘਨ) ਹੁਣ ਇਹ ਕਹਿੰਦੇ ਹਨ, ਪਰ ਸਪੀਕਰ ਸਾਹਿਬ, ਉਸ ਵਕਤ 5 ਬੰਦੇ ਰਾਜ ਵਿੱਚ ਇਕੱਠੇ ਹੋ ਕੇ ਗਲ ਨਹੀਂ ਸੀ ਕਰ ਸਕਦੇ, 5 ਆਦਮੀ ਇਕੱਠੇ ਗੁਰਦੁਆਰੇ ਵਿੱਚ ਨਹੀਂ ਸੀ ਜਾ ਸਕਦੇ, ਇਕੱਲਾ ਇਕੱਲਾ ਜਾਂਦਾ ਹੁੰਦਾ ਸੀ । ਸਮਾਣਾ-ਪਾਤੜਾਂ ਰੋਡ ਤੇ ਇਕ ਇਨ੍ਹਾਂ ਨੇ ਸੈਰਗਾਹ, ਸ਼ਿਕਾਰਗਾਹ ਬਣਾਈ ਹੋਈ ਸੀ ਉਥੇ ਬੰਦੇ ਕਿਸੇ ਨੇ ਤਾਂ ਕੀ ਚੜ੍ਹਨਾ ਹੈ ਜੇ ਕੋਈ ਜਾਨਵਰ ਵੀ ਚੜ੍ਹ ਗਿਆ ਤਾਂ ਉਸ ਦਾ ਵੀ ਪੰਜ ਸੌ ਰੁਪਿਆ ਜੁਰਮਾਨਾ ਕਰ ਦਿੰਦੇ ਸੀ। (ਵਿਘਨ) ਰਾਜੇ ਰਾਣੀਆਂ ਚੜ੍ਹਦੇ ਸੀ।

ਸਪੀਕਰ ਸਾਹਿਬ, ਇਕ ਜਨੂੰਨ ਕਾਨੂੰਨ ਬਣਾਇਆ ਸੀ ਕਿ ਜਦੋਂ ਕੋਈ ਬੰਦਾ ਮਰ ਜਾਂਦਾ ਤਾਂ ਉਸ ਦੀ ਜ਼ਮੀਨ ਆਪਣੇ ਕਬਜ਼ੇ ਵਿੱਚ ਲੈ ਲੈਂਦੇ ਸੀ, ਜ਼ਮੀਨ ਤਾਂ ਕਬਜ਼ੇ ਵਿੱਚ ਲੈ ਲੈਂਦੇ ਸੀ ਤਾਂ ਠੀਕ ਹੈ ਪਰ ਇਕ ਹੋਰ ਕੰਮ ਜੋ ਕੀਤਾ ਗਿਆ ਉਹ ਬੜਾ ਮਾੜਾ ਕੀਤਾ ਗਿਆ । ਉਹ ਇਹ ਕਿ ਉਥੇ ਦੇ ਰਹਿਣ ਵਾਲੇ ਲੋਕਾਂ ਦੀ ਬਹੂ ਬੇਟੀ ਤੇ ਅੱਖ ਰਖੀ ਜਾਂਦੀ ਸੀ ਅਤੇ ਰਾਜੇ ਦੀ ਖੁਸ਼ੀ ਪ੍ਰਾਪਤ ਕਰਨ ਦੀ ਖਾਤਰ ਰਾਜੇ ਕੋਲ ਸੁੰਦਰ ਬਹੂ ਬੇਟੀ ਚੁਕ ਕੇ ਲੈ ਜਾਂਦੇ ਸੀ, ਕੋਈ 360 ਪਟਿਆਲੇ ਵਾਲੇ ਰਾਜੇ ਕੋਲ ਸੀ। ਅੱਜ ਇਹ ਉਸ ਖਾਨਦਾਨ ਦੇ ਲੋਕ ਸਿੱਖਾਂ ਦੇ ਅਲੰਬਰਦਾਰ ਬਣਦੇ ਹਨ, ਸਿੱਖਾਂ ਦੇ ਪੈਰੋਕਾਰ ਬਣਦੇ ਹਨ। ਫਿਰ ਸਪੀਕਰ ਸਾਹਿਬ, ਉਥੇ ਕੀ ਕੀਤਾ ਗਿਆ ਕਿ ਕਾਲੀ ਪੱਗ ਬੰਨਣ ਵਾਲੇ ਨੂੰ ਗੁਰਦੁਆਰੇ ਜਾਣ ਨਹੀਂ ਸੀ ਦਿੱਤਾ ਜਾਂਦਾ, ਉਸ ਦੇ ਗੁਰਦੁਆਰੇ ਜਾਣ ਤੇ ਪਾਬੰਧੀ ਸੀ, ਉਸ ਨੂੰ ਗੁਰਦੁਆਰੇ ਨਹੀਂ ਸੀ ਜਾਣ ਦਿੱਤਾ ਜਾਂਦਾ ਅੱਜ ਇਹ ਵੀ ਉਸੇ ਰਸਤੇ ਤੇ ਚਲ ਰਹੇ ਹਨ। ਮੈਂ ਸਪੀਕਰ ਸਾਹਿਬ, ਦੱਸਣਾ ਚਾਹੁੰਦਾ ਹਾਂ ਕਿ ਮਹਾਰਾਜਾ ਰਣਜੀਤ ਸਿੰਘ ਵੇਲੇ ਅਕਾਲੀ ਫੂਲਾ ਸਿੰਘ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਬਣੇ ਸਨ। ਉਨ੍ਹਾਂ ਨੇ ਖਾਲਸਾ ਰਾਜ ਨੂੰ ਵਧਾਉਣ ਲਈ ਲੜਾਈ ਲੜੀ ਸੀ ਪਰ ਅੱਜ ਇਹ ਅਕਾਲੀ ਦੱਲ ਦੀ ਬਣੀ ਸਰਕਾਰ ਨੂੰ ਤੋੜਨ ਦੀ ਗੱਲ ਕਰ ਰਹੇ ਹਨ। ਇਸ ਤਰ੍ਹਾਂ ਦਾ ਹੁਕਮਨਾਮਾ ਅਕਾਲ ਤਖ਼ਤ ਸਾਹਿਬ ਤੋਂ ਕਦੀ ਨਹੀਂ ਸੀ ਹੁੰਦਾ।

**Expunged as ordered by the Chair.

ਉਥੇ ਰਲ ਮਿਲ ਕੇ ਬੈਠ ਕੇ ਸਲਾਹ ਮਸ਼ਵਰੇ ਕਰਕੇ ਗੁਰਮੱਤੇ ਪਾਸ ਹੁੰਦੇ ਸਨ। ਅਸੀਂ ਕਿਹਾ ਆਓ ਬੈਠ ਜਾਓ ਔਰ ਗਲ ਬਾਤ ਕਰ ਲਵੋ। ਅਗੇ ਵੀ ਬੁਲਾਉਂਦੇ ਰਹੇ ਅਤੇ ਬੁਲਾਉਂਦੇ ਰਹਾਂਗੇ, ਪਰ ਇਹ ਨਹੀਂ ਮੰਨੇ। ਅੱਜ ਜਿਸ ਤਰ੍ਹਾਂ ਉਸ ਪਵਿੱਤਰ ਸਥਾਨ ਦਾ ਦੁਰਉਪਯੋਗ ਹੋ ਰਿਹਾ ਹੈ ਉਹ ਠੀਕ ਨਹੀਂ ਹੈ। ਅਗਰ ਇਨ੍ਹਾਂ ਨੂੰ ਧਰਮ ਦੇ ਨਾਲ ਪਿਆਰ ਸੀ ਤਾਂ ਇਹ ਆਉਂਦੇ ਬੈਠ ਕੇ ਗਲ ਬਾਤ ਕਰਦੇ ਪਰ ਐਸਾ ਨਹੀਂ। ਇਹ ਤਾਂ ਕੁਰਸੀ ਦੇ ਭੁੱਖੇ ਹਨ। ਇਨ੍ਹਾਂ ਨੂੰ ਦੋ ਦੋ ਵਾਰੀ ਮੌਕਾ ਦਿੱਤਾ, ਪਰ ਇਨ੍ਹਾਂ ਦੀ ਮਨਿਸਟਰੀ ਦੋ ਢਾਈ ਸਾਲ ਤੋਂ ਵੱਧ ਨਹੀਂ ਚਲ ਸਕੀ। ਅੱਜ ਵੀ ਅਗਰ ਬਾਦਲ ਸਾਹਿਬ ਨੂੰ ਚੀਫ ਮਨਿਸਟਰ ਬਣਾ ਦਿਓ ਤਾਂ ਸਭ ਕੁੱਝ ਠੀਕ ਹੈ, ਜੇ ਕਰ ਉਹ ਨਾ ਬਣੇ ਤਾਂ ਕਹਿੰਦੇ ਹਨ ਕਿ ਕੁਝ ਵੀ ਠੀਕ ਨਹੀਂ। ਇਨ੍ਹਾਂ ਵਾਸਤੇ ਠੀਕ ਇਹ ਹੈ ਕਿ ਇਹ ਪੰਜਾਬ ਨੂੰ ਅੱਗ ਵਿਚ ਸੁਟਣਾ ਚਾਹੁੰਦੇ ਹਨ ਜਿਸ ਅੱਗ ਵਿਚੋਂ ਮਹਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਢਿਆ ਸੀ। ਜਿਹੜੇ ਦੰਗਿਆਂ ਤੋਂ ਲੋਕ ਪ੍ਰਭਾਵਤ ਹੋਏ ਸਨ ਉਨ੍ਹਾਂ ਨੂੰ ਅਸੀਂ ਮਰਹਮ ਪੱਟੀ ਲਾਈ ਔਰ ਜਿਨ੍ਹਾਂ ਭੈਣਾਂ ਦਾ ਸੁਹਾਗ ਲੁੱਟਿਆ ਗਿਆ ਸੀ ਉਨ੍ਹਾਂ ਨੂੰ ਅਸੀਂ 658 ਮਕਾਨ ਬਣਾ ਕੇ ਦਿਤੇ ਹਨ। ਇਹ ਹੋਰ ਪੰਜਾਬ ਦੇ ਵਿਚ ਵਿਧਵਾਵਾਂ ਕਰਕੇ ਲਿਆਉਣਾ ਚਾਹੁੰਦੇ ਹਨ, ਹੋਰ ਪੰਜਾਬ ਦੇ ਲੋਕਾਂ ਨੂੰ ਬਾਹਰੋਂ ਉਜਾੜ ਕੇ ਇਥੇ ਲਿਆਉਣਾ ਚਾਹੁੰਦੇ ਹਨ। ਇਨ੍ਹਾਂ ਦਾ ਇਹ ਪਰੋਗਰਾਮ ਹੈ। ਮੈਂ ਇਧਰ ਜ਼ਿਆਦਾ ਨਹੀਂ ਜਾਣਾ ਚਾਹੁੰਦਾ। ਮੈਂ ਦੱਸਦਾ ਹਾਂ ਕਿ ਬਹੁਤ ਸਾਰੀਆਂ ਰਿਆਇਤਾਂ ਸਰਕਾਰ ਨੇ ਉਨ੍ਹਾਂ ਨੂੰ ਦਿੱਤੀਆਂ ਹਨ। ਇਸ ਸਰਕਾਰ ਦੀਆਂ ਬੜੀਆਂ ਰਿਮਾਰਕੇਬਲ ਅਚੀਵਮੈਂਟਸ ਹਨ। ਅਸੀਂ ਪਹਿਲੀ ਵਾਰੀ ਰਿਕਾਰਡ ਤੋੜ ਕਣਕ ਦਾ ਉਤਪਾਦਨ ਕੀਤਾ, ਝੋਨੇ ਦਾ ਵੀ ਰਿਕਾਰਡ ਤੋੜ ਉਤਪਾਦਨ ਕੀਤਾ ਹੈ। 75.61 ਲੱਖ ਟਨ ਝੋਨਾ ਅੱਜ ਕਲ੍ਹ ਪੰਜਾਬ ਦੀਆਂ ਮੰਡੀਆਂ ਵਿਚੋਂ ਜਾ ਚੁਕਾ ਹੈ। ਹੁਣ ਤਕ ਦੇ ਸਾਰੇ ਰਿਕਾਰਡ ਮਾਤ ਕਰ ਦਿਤੇ ਹਨ। ਅਸੀਂ ਦਿੱਲੀ ਵਿਚ ਗਏ ਅਸੀਂ ਕਿਹਾ ਕਿ ਸਾਡੇ ਕੋਲ ਬਹੁਤ ਸਾਰਾ ਸਟਾਕ ਪਿਆ ਹੈ, ਇਸ ਦੀ ਮੂਵਮੈਂਟ ਜਲਦੀ ਕਰਵਾਓ। ਫੂਡ ਐਂਡ ਸਪਲਾਈਜ਼ ਮੰਤਰੀ ਨੇ ਕਿਹਾ ਕਿ ਅਸੀਂ ਦਸ ਲੱਖ ਟਨ ਹੋਰ ਵਾਧੂ ਚੁਕਾ ਲੈਣ ਦੇ ਪ੍ਰਬੰਧ ਕਰ ਦਿੰਦੇ ਹਾਂ। ਅਸੀਂ ਕਿਹਾ ਇਹ ਬਹੁਤ ਘਟ ਹੈ ਕਿਉਂਕਿ ਅਸੀਂ ਆਏ ਸਾਲ ਪੰਜ ਲੱਖ ਟਨ ਕਣਕ ਅਤੇ ਪੰਜ ਲੱਖ ਟਨ ਝੋਨਾ ਵੱਧਾ ਦੇਣਾ ਹੈ। (ਵਿਘਨ)

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਜਿੰਨੇ ਕੰਮ ਇਨ੍ਹਾਂ ਨੇ ਕੀਤੇ ਰਿਕਾਰਡ ਤੋੜ ਕੀਤੇ। ਜੇ ਡਾਕਾ ਪਿਆ ਤਾਂ ਵੀ ਰਿਕਾਰਡ ਤੋੜ, ਜੇ ਬੰਦੇ ਮਰੇ 24 ਤਾਂ ਵੀ ਰਿਕਾਰਡ ਤੋੜ। ਇਨ੍ਹਾਂ ਨੂੰ ਕਹੋ ਕਿ ਇਨ੍ਹਾਂ ਦੀ ਵੀ ਪ੍ਰਸ਼ੰਸਾ ਕਰਨ। (ਵਿਘਨ)

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਧਰਤੀ ਤੇ ਇਹ ਪਹਿਲੀ ਵਾਰੀ ਫੈਸਲਾ ਹੋਇਆ ਹੈ ਕਿ ਪੰਜਾਬ ਦਾ ਅਨਾਜ ਟਰੱਕਾਂ ਰਾਹੀਂ ਭੇਜਿਆ ਜਾਏਗਾ। ਦਿੱਲੀ ਦੀ ਸਰਕਾਰ ਵਾਲੇ ਅੜੇ ਬੈਠੇ ਸਨ। ਅਸੀਂ ਕਿਹਾ ਕਿ ਇਸ ਨਾਲ ਟਰੱਕਾਂ ਵਾਲਿਆਂ ਨੂੰ ਬਹੁਤ ਸਾਰਾ ਕੰਮ ਮਿਲ ਜਾਣਾ ਹੈ। ਸਰਦਾਰ ਦਿਲਬਾਗ ਸਿੰਘ ਹੋਰੀਂ ਅੱਜ ਹਾਊਸ ਵਿਚ ਨਹੀਂ ਹਨ ਕੱਲ੍ਹ ਉਨ੍ਹਾਂ ਨੇ ਇਹੀ ਜ਼ਿਕਰ ਕੀਤਾ ਸੀ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸੌ ਟਰੱਕ ਅੱਜ ਪੰਜਾਬ ਵਿਚੋਂ ਬੰਬਈ ਲਈ ਚਲ ਪਏ, ਅਜੇ ਕੁਝ ਟਰੱਕ ਕਲਕੱਤੇ ਵਾਸਤੇ ਤਿਆਰ ਖੜੇ ਹਨ, ਉਨ੍ਹਾਂ ਦੀ ਹਾਲੇ ਤਕ ਮੇਰੇ ਕੋਲ ਕੰਪਲੀਟ ਇਨਫਰਮੇਸ਼ਨ ਨਹੀਂ ਆਈ। ਪੰਜਾਬ ਦੇ ਟਰੱਕਾਂ ਵਾਲਿਆਂ ਨੂੰ ਕਰੋੜਾਂ ਰੁਪਏ ਦੀ ਇਨਕੰਮ ਹੋਵੇਗੀ। ਜਿਹੜੇ ਟਰੱਕ ਵਾਲੇ ਹਨ, ਉਹ 49 ਰੁਪਏ ਪ੍ਰਤੀ ਕੁਇੰਟਲ ਕਣਕ ਜਾਂ ਚਾਵਲ ਲੈ ਕੇ ਜਾਣਗੇ ਅਤੇ ਕਲਕੱਤੇ ਵਿਚੋਂ 45 ਰੁਪਏ ਕੁਇੰਟਲ ਦੇ ਹਿਸਾਬ ਨਾਲ

[ਰਾਜ ਮੰਤਰੀ, ਖੁਰਾਕ ਅਤੇ ਸਪਲਾਈ]

ਕੋਲਾ ਲੈ ਕੇ ਆਉਣਗੇ । ਇਸ ਤਰ੍ਹਾਂ ਇਕ ਚੱਕਰ ਦਾ ਉਨ੍ਹਾਂ ਦਾ 14 ਹਜ਼ਾਰ ਰੁਪਿਆ ਬਣ ਜਾਏਗਾ ਥੋਹੜੇ ਸਮੇਂ ਵਿਚ। (ਘੰਟੀ) ਸਪੀਕਰ ਸਾਹਿਬ, ਹੋਰ ਅਨੇਕਾਂ ਚੀਜ਼ਾਂ ਹਨ ਪਰ ਤੁਸੀਂ ਘੰਟੀ ਵਜਾਉਣ ਲਗ ਪਏ । ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਅਖੀਰਲੇ ਪੈਰੇ ਵਿਚ ਕਿਹਾ ਹੈ 'ਮਾਨਯੋਗ ਮੈਂਬਰ ਸਾਹਿਬਾਨ ਆਉਣ ਵਾਲਾ ਸਮਾਂ ਚੁਨੌਤੀਆਂ ਭਰਿਆਂ ਹੈ।' ਇਹ ਬਿਲਕੁਲ ਠੀਕ ਹੈ ਸਾਨੂੰ ਸਾਰਿਆਂ ਨੂੰ ਵੇਖਣਾ ਪਏਗਾ ਅਸੀਂ ਸਾਰੇ ਇਸ ਗਲ ਦੇ ਹਾਮੀ ਹਾਂ "ਰਾਜ ਬਿਨਾ ਨਹੀਂ ਧਰਮ ਚਲੇ ਹੈਂ, ਧਰਮ ਬਿਨਾਂ ਸਬ ਦਲੇ ਮਲੇ ਹੈਂ।" ਪਰ ਜੇ ਰਾਜ ਤੇ ਧਰਮ ਇਨਾ ਹਾਵੀ ਹੋ ਜਾਵੇ ਤਾਂ ਉਹ ਰਾਜ ਔਰੰਗਜ਼ੇਬ ਵਾਲਾ ਰਾਜ ਹੋ ਜਾਂਦਾ ਹੈ, ਖੁਮੈਨੀ ਵਾਲਾ ਰਾਜ ਹੋ ਜਾਂਦਾ ਹੈ ਔਰ ਅਗਰ ਰਾਜ ਬਿਨਾਂ ਧਰਮ ਹੋ ਜਾਏ ਤਾਂ ਚੰਗੇਜ਼ ਖਾਂ ਵਾਲਾ ਬਣ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਧਰਮ ਜ਼ਰੂਰ ਹੋਣਾ ਚਾਹੀਦਾ ਹੈ, ਪਰ ਇਹ ਨਹੀਂ ਹੋਣਾ ਚਾਹੀਦਾ ਕਿ ਧਰਮ ਦੇ ਡੰਡੇ ਨਾਲ ਰਾਜ ਨੀਤੀ ਦੇ ਮਸਲੇ ਨੂੰ ਸੁਲਝਾਇਆ ਜਾਏ । ਇਸ ਦੇ ਲਈ ਪੰਜਾਬ ਦੇ ਸਾਰੇ ਲੋਕਾਂ ਨੂੰ ਸਦਨ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਉਠਣਾ ਪਏਗਾ । ਮੈਂ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਪ੍ਰਸਤਾਵ ਨੂੰ ਪਾਸ ਕਰ ਦਿਤਾ ਜਾਏ ।

ਸਰਦਾਰ ਕਰਨੈਲ ਸਿੰਘ ਡੋਡ (ਫਰੀਦਕੋਟ) : ਸਨਮਾਨਯੋਗ ਸਪੀਕਰ ਸਾਹਿਬ, ਪਿਛਲੀਆਂ ਅਸੰਬਲੀ ਦੀਆਂ ਆਮ ਚੋਣਾਂ ਨਿਹਾਇਤ ਦੁਖਦਾਈ ਤੇ ਮੰਦੇ ਹਾਲਤਾਂ ਵਿਚ ਹੋਈਆਂ । ਰਾਜਪਾਲ ਸਾਹਿਬ ਨੇ ਠੀਕ ਹੀ ਆਪਣੇ ਭਾਸ਼ਣ ਵਿਚ ਕਿਹਾ ਹੈ ਕਿ ਮੇਰੀ ਸਰਕਾਰ ਨੂੰ ਪੰਜਾਬ ਅਜਿਹੀ ਹਾਲਤ ਵਿਚ ਮਿਲਿਆ ਜਦ ਇਹ ਖੂਨ-ਆਲੂਦਾ ਤੇ ਬੇਚੈਨ ਸੀ। ਅਜ ਦੇ ਹਾਲਾਤ ਵੀ ਐਨ ਉਸੇ ਤਰ੍ਹਾਂ ਦੇ ਹਨ ਪਰ ਅਫਸੋਸ ਹੈ ਕਿ ਜੋ ਸਾਹਿਬਾਨ ਇਥੇ ਆਪਣੇ ਵਿਚਾਰ ਪੇਸ਼ ਕਰਦੇ ਹਨ ਉਹ ਪੰਜਾਬ ਦੇ ਹਾਲਾਤ ਨੂੰ ਸਾਹਮਣੇ ਰਖ ਕੇ ਨਹੀਂ ਕਰਦੇ । ਉਨ੍ਹਾਂ ਆਪਣੀ ਪਾਰਟੀ ਪੱਖਪਾਤ ਨੂੰ ਸਾਹਮਣੇ ਰਖ ਕੇ ਵਿਚਾਰ ਪੇਸ਼ ਕੀਤੇ ਹਨ । ਕਿਉਂਕਿ ਸਾਰੇ ਲੋਕ ਆਪਣੀ ਪਾਰਟੀ ਡਿਸਿਪਲਨ ਵਿਚ ਬੱਝੇ ਹੋਏ ਹਨ, ਹਿੱਜ਼ ਮਾਸਟਰਜ਼ ਵਾਇਸ ਵਿਚ ਬੱਝੇ ਹਨ (ਹਾਸਾ) । ਅਸੀਂ ਚਾਰ ਆਦਮੀ ਹੀ ਹਾਂ ਜਿਨ੍ਹਾਂ ਨੇ ਕਿਸੇ ਦਾ ਕੁੱਝ ਨਹੀਂ ਦੇਣਾ । ਆਪਣੀ ਆਪਣੀ ਜਮੀਰ ਦੀ ਗੱਲ ਕਰਦੇ ਹਾਂ । ਇਧਰਲੇ ਭਰਾ (ਕਾਂਗਰਸ ਪਾਰਟੀ ਵਲ ਇਸ਼ਾਰਾ) ਬੈਠੇ ਹਨ। ਕਾਂਗਰਸੀ ਵੀਰ ਕਹਿੰਦੇ ਹਨ ਕਿ ਇਹ ਬਰਨਾਲਾ ਸਰਕਾਰ ਦੀ ਹਿਮਾਇਤ ਤੇ ਬੈਠੇ ਹਨ । ਅੱਜ ਸ੍ਰੀ ਸੇਵਾ ਰਾਮ ਕਿੱਲ ਕਿੱਲ ਕੇ ਬੋਲਿਆ ਹੈ (ਹਾਸਾ) ਕੱਲ੍ਹ ਸਰਦਾਰ ਦਿਲਬਾਗ ਸਿੰਘ ਜੀ ਬੋਲੇ ਸਨ। ਪਰ ਇਨ੍ਹਾਂ ਦੀ ਜ਼ਬਾਨ ਸੜ ਜਾਵੇ ਜੇਕਰ ਇੱਕ ਵੀ ਲਫਜ਼ ਸਰਕਾਰ ਦੀ ਹਮਾਇਤ ਦਾ ਕਿਹਾ ਹੋਵੇ । ਜਿਹੜੀ ਸੱਚੀ ਗੱਲ ਹੈ ਕਬੂਲ ਕਰ ਲੈਣੀ ਚਾਹੀਦੀ ਹੈ (ਵਿਘਨ) । ਜਿਵੇਂ ਸਰਦਾਰ ਬਲਦੇਵ ਸਿੰਘ ਨੇ ਕਿਹਾ ਹੈ ਕਿ ਕਿੰਨੀ ਮੰਦੀ ਹਾਲਤ ਵਿਚ ਫੌਜੀ ਡੈਜ਼ਰਟਿਡ ਹੋਏ, ਉਨ੍ਹਾਂ ਦੀ ਇਮਦਾਦ, ਫੌਜੀਆਂ ਦੀ ਇਮਦਾਦ, ਦੰਗਾ ਪੀੜਤ ਜਿਹੜੇ ਇਥੇ ਆਏ ਹਨ ਉਨ੍ਹਾਂ ਦੀ ਇਮਦਾਦ, ਉਨ੍ਹਾਂ ਨੂੰ ਘਰ ਦੇਣੇ, ਜਿਹੜੇ ਕਿੱਲਰਜ਼ ਹੱਥੋਂ ਮਰੇ ਹਨ ਉਨ੍ਹਾਂ ਦੇ ਪਰਿਵਾਰਾਂ ਦੀ ਇਮਦਾਦ ਕਰਨਾ, ਜਦੋਂ ਕਿ 400 ਕਰੋੜ ਰੁਪਏ ਦਾ ਖਜ਼ਾਨਾ ਘਾਟੇ ਵਿਚ ਮਿਲਿਆ ਸੀ, ਇਸ ਦੇ ਵਾਸਤੇ ਇਨ੍ਹਾਂ ਦੇ ਮੂੰਹ ਵਿਚੋਂ ਇਕ ਮਾੜਾ ਜਿਹਾ ਲਫਜ਼ ਵਡਿਆਈ ਦਾ ਨਹੀਂ ਨਿਕਲਿਆ। ਇਹ ਕਹਿ ਦੇਣਾ ਮਾੜਿਆਂ ਕੰਮਾਂ ਨੂੰ ਮਾੜਾ ਤੇ ਚੰਗਿਆਂ ਕੰਮਾਂ ਨੂੰ ਚੰਗਾ ਇਸ ਵਿਚ ਕੋਈ ਹਰਜ ਨਹੀਂ ਹੈ। ਪਰ ਨਹੀਂ ਕਿਹਾ। ਕੋਈ ਗੱਲ ਨਹੀਂ ਕਹੀ। ਇਹ ਭਰਾ ਵੀ ਬੈਠੇ ਹਨ ਪਰ ਐਸੀ ਕੋਈ ਗੱਲ ਨਹੀਂ ਕੀਤੀ ਬਾਇਸਡ ਰਾਏ ਨਹੀਂ, ਸਹੀ ਰਾਏ ਦੇਣੀ ਚਾਹੀਦੀ ਹੈ, ਚੰਗੇ ਕੰਮ ਨੂੰ ਚੰਗਾ ਕਹਿਣਾ ਚਾਹੀਦਾ ਹੈ। ਦੂਸਰੀ ਗੱਲ ਹੈ ਕਿ ਬੜੀ ਬੜਕ ਮਾਰਦੇ ਸੀ ਕਿ ਸਾਰੀ ਕੌਮ ਬਰਨਾਲੇ ਦੀ ਪਿੱਠ ਤੇ ਖੜੀ ਹੋਈ ਹੈ, ਪਰ ਕੋਈ ਸਿਆਸੀ ਮਦੱਦ ਲਈ ਤਿਆਰ ਹੈ, ਬੋਲੋ ? ਸਰਕਾਰ ਨੇ ਰਾਜੀਵ ਗਾਂਧੀ, ਆਲ ਇੰਡੀਆ

ਕਾਂਗਰਸ ਕਮੇਟੀ ਨੇ ਕੋਈ ਕੰਮ ਪੰਜਾਬ ਲਈ ਕੀਤਾ ਹੋਵੇ, ਕੋਈ ਅਕਾਰਡ ਦੀ ਇੰਪਲੀਮੈਂਟੇਸ਼ਨ ਲਈ ਕੀਤਾ ਹੋਵੇ । ਹੁਣ ਰਾਜੀਵ ਨੇ ਕਹਿ ਦਿੱਤਾ ਕਿ 70 ਹਜ਼ਾਰ ਏਕੜ ਜ਼ਮੀਨ ਦਿਓ । ਅਕਾਰਡ ਦੀ ਕਲਾਜ਼ 7.2 ਵਿਚ ਲਿਖਿਆ ਹੋਇਆ ਹੈ —

"A Commission will be constituted to determine the specific Hindi speaking areas of Punjab which should go to Haryana in lieu of Chandigarh".

ਹੁਣ ਰਾਜੀਵ ਗਾਂਧੀ ਨੇ ਕਿਹਾ ਕਿ ਪੰਜਾਬੀ ਸਪੀਕਿੰਗ ਏਰੀਆ ਦੇਣਾ ਸੀ ਔਰ ਵੈਂਕਟਰਾਮੱਈਆ ਨੇ ਸਾਰਾ ਜ਼ੋਰ ਲਗਾ ਕੇ 45 ਹਜ਼ਾਰ ਏਕੜ ਹਿੰਦੀ ਏਰੀਆ ਆਈਡੈਂਟੀਫਾਈ ਵੀ ਕੀਤਾ ਔਰ ਉਹ ਇਮਾਨਦਾਰੀ ਦੀ ਬਾਤ ਹੈ ਹਰਿਆਣੇ ਦਾ ਹੱਕ ਬਣਦਾ ਹੈ, ਦੇ ਦੇਣਾ ਚਾਹੀਦਾ ਹੈ। 45 ਹਜ਼ਾਰ ਤੋਂ ਅੱਗੇ ਹੋਰ ਵੱਧ ਨਹੀਂ ਦੇਣਾ ਚਾਹੀਦਾ । ਹਰਿਆਣੇ ਦੇ ਵਕੀਲਾਂ ਨੂੰ ਕਮਿਸ਼ਨ ਨੇ ਨਕਸ਼ਾ ਵਿਖਾ ਕੇ ਕਿਹਾ ਕਿ ਰੱਖੋ ਪੈਨਸਲ, ਕਿਹੜਾ ਹੋਰ ਇਲਾਕਾ ਦੇਣਾ ਚਾਹੀਦਾ ਹੈ ਹਰਿਆਣੇ ਨੂੰ, ਪਰ ਹਰਿਆਣੇ ਦੇ ਵਕੀਲ ਔਰ ਸਰਕਾਰ ਨੇ 45 ਹਜ਼ਾਰ ਤੋਂ ਵੱਧ ਕੁਝ ਨਾ ਦੱਸਿਆ । ਅਗਰ ਇਹ ਸਹੀ ਹੈ । ਹੁਣ ਦਿੱਲੀ ਵਾਲਿਆਂ ਨੂੰ ਸੁਰਤ ਆਈ ਹੈ । ਇਹ ਬਾਤ ਤਾਂ ਕਲਾਜ਼ ਸੱਤ ਵਿਚ ਆ ਜਾਣੀ ਹੈ, ਚੰਡੀਗੜ੍ਹ ਦੇ ਬਦਲੇ ਕੀ ਦੇਣਾ ਹੈ। ਇਹ ਉਦੋਂ ਸੋਚਣਾ ਸੀ। ਇਹ ਤਾਂ ਚੰਡੀਗੜ੍ਹ ਪੰਜਾਬ ਦਾ ਹੈ, ਪੰਜਾਬ ਨੂੰ ਦੇ ਦੇਣਾ ਚਾਹੀਦਾ ਹੈ । ਕਮਿਸ਼ਨ ਨੇ ਹਿੰਦੀ ਸਪੀਕਿੰਗ ਏਰੀਆ ਡਿਕਲੇਅਰ ਕਰ ਦਿੱਤਾ ਹੈ । ਫੈਸਲਾ ਤਾਂ ਹੋਣਾ ਸੀ ਹਿੰਦੀ ਸਪੀਕਿੰਗ ਏਰੀਆ ਦਾ ਕਿ ਹਿੰਦੀ ਸਪੀਕਿੰਗ ਏਰੀਆ ਪੰਜਾਬ ਵਿਚ ਹੈ ਜਾਂ ਨਹੀਂ। ਹੁਣ ਦੇਣਾ ਹੈ 45 ਹਜ਼ਾਰ ਏਕੜ । ਉਨ੍ਹਾਂ ਨੂੰ ਕਹੋ ਕਿ ਇਹ ਲੈ ਲਵੋ ਹੋਰ ਕਿਥੋਂ ਦੇ ਦੇਣਾ ਹੈ। ਫਿਰ ਨਾ ਪਾਣੀਆਂ ਦੇ ਮਾਮਲੇ ਤੇ, ਨਾ ਜੋਧਪੁਰ ਦੇ ਜੋ ਦੋ ਦੋ ਸਾਲਾਂ ਤੋਂ ਡੱਕੇ ਹੋਏ ਸੱਜਣ ਹਨ, ਜਿਹੜੇ ਗਏ ਦਰਸ਼ਨ ਕਰਨ ਸੀ ਉਨ੍ਹਾਂ ਨੂੰ ਬਿਨਾਂ ਮੁਕੱਦਮੇ ਚਲਾਇਆਂ ਦੋ ਸਾਲ ਤੋਂ ਵੱਧ ਅਰਸਾ ਉਥੇ ਰਖਿਆਂ ਗਿਆ ਹੈ । ਤਿੰਨ ਸਾਲ ਜੂਨ ਵਿਚ ਹੋਣ ਵਾਲੇ ਹਨ, ਮੁਕੱਦਮਾ ਕੋਈ ਨਹੀਂ ਚਲਾਇਆ। ਕੀ ਇਹ ਬਰਨਾਲਾਂ ਸਰਕਾਰ ਦੀ ਹਮਾਇਤ ਹੋ ਰਹੀ ਹੈ ?

ਬਰਨਾਲਾ ਸਾਹਿਬ ਦੀ ਜਿਹੜੀ ਹਮਾਇਤ ਹੋ ਰਹੀ ਹੈ ਉਹ ਇਸ ਲਈ ਹੈ ਕਿ ਪੰਜਾਬ ਦੇ ਮਾਹੌਲ ਨੂੰ ਠੀਕ ਕਰ ਸਕੇ । ਇਸ ਦੇ ਵਾਸਤੇ ਆਲ ਪਾਰਟੀਜ਼ ਨੇ ਹਮਾਇਤ ਦਿੱਤੀ ਹੈ । ਪਰ ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ ਜਿਹੜੀ ਇਨ੍ਹਾਂ ਦੀਆਂ ਛੋਟੀਆਂ ਛੋਟੀਆਂ ਗਲਾਂ ਹਨ ਉਹ ਮੰਨ ਲੈਣੀਆਂ ਚਾਹੀਦੀਆਂ ਹਨ । ਇਨ੍ਹਾਂ ਬਾਰੇ ਪਾਰਲੀਆਮੈਂਟ ਵਿਚ ਕਈ ਮੈਂਬਰਾਂ ਨੇ ਕਿਹਾ ਹੈ ਕਿ ਜੋਧਪੁਰ ਜੇਲ੍ਹ ਵਿਚ ਜਿਹੜੇ ਬੰਦ ਹਨ ਜਿਨ੍ਹਾਂ ਤੇ ਮੁਕੱਦਮਾ ਨਹੀਂ ਚਲ ਰਿਹਾ ਹੈ, ਉਨ੍ਹਾਂ ਨੂੰ ਉਥੇ ਨਹੀਂ ਰਖਣਾ ਚਾਹੀਦਾ । ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ ਔਰ ਜੇ ਉਨ੍ਹਾਂ ਵਿਚੋਂ ਜਿਨ੍ਹਾਂ ਦਾ ਕੋਈ ਕਸੂਰ ਹੈ ਤਾਂ ਉਨ੍ਹਾਂ ਤੇ ਮੁਕੱਦਮਾ ਚਲਾਉਣਾ ਚਾਹੀਦਾ ਹੈ। ਇਸੇ ਤਰ੍ਹਾਂ ਹੀ ਫੌਜੀਆਂ ਵਾਲੀ ਗਲ ਹੈ ਜਿਹੜੀ ਹਾਲੇ ਤਕ ਸਿਰੇ ਨਹੀਂ ਚੜ੍ਹੀ । ਮੈਂ ਸਮਝਦਾ ਹਾਂ ਕਿ ਜਿਹੜੇ ਥੋੜੇ ਬਹੁਤੇ ਫੌਜੀ ਰਹਿ ਗਏ ਹਨ ਉਨ੍ਹਾਂ ਨੂੰ ਰਲੀਜ਼ ਕਰ ਦੇਣਾ ਚਾਹੀਦਾ ਹੈ। ਅਕਾਰਡ ਜਿਸ ਤੇ ਕਿ ਬੜੀ ਗੁਡ ਵਿਸ਼ਿਜ਼ ਦੇ ਨਾਲ ਦਸਖ਼ਤ ਕੀਤੇ ਸਨ ਕਈ ਲੋਕਾਂ ਦੇ ਵਿਘਨ ਪਾਉਣ ਦੇ ਬਾਵਜੂਦ ਉਨ੍ਹਾਂ ਦੇ ਵਿਚੋਂ ਕਈ ਕਾਂਗਰਸ ਦੇ ਮਨਿਸਟਰ ਵੀ ਸਨ। ਮੈਂ ਇਹ ਕਹਿੰਦਾ ਹਾਂ ਕਿ ਜਿਸ ਇਮਾਨਦਾਰੀ ਨਾਲ ਦਸਖ਼ਤ ਕੀਤੇ ਉਸ ਨੂੰ ਉਸੇ ਦਲੇਰੀ ਨਾਲ ਪੂਰਾ ਕਰਨਾ ਚਾਹੀਦਾ ਹੈ, ਸਿਰੇ ਚੜ੍ਹਾਉਣਾ ਚਾਹੀਦਾ ਹੈ । ਇਸ ਵਾਸਤੇ ਦਿੱਲੀ ਦੀ ਸਰਕਾਰ ਨੂੰ ਔਰ ਇਨ੍ਹਾਂ ਨੂੰ ਪੂਰੀ ਹਮਾਇਤ ਕਰਨੀ ਚਾਹੀਦੀ ਹੈ ਇਹ ਨਹੀਂ ਕਿ ਰਸਤੇ ਵਿਚ ਰੋੜਾ ਅਟਕਾਉਣਾ ਚਾਹੀਦਾ ਹੈ । (ਵਿਘਨ)

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਡੋਡ ਸਾਹਿਬ ਨੇ ਫਰਮਾਇਆ ਹੈ ਕਿ ਜਿਹੜੀ ਹਮਾਇਤ ਦੇ ਰਹੇ ਹਾਂ ਜਾਂ ਦਿੱਲੀ ਦੀ ਸਰਕਾਰ ਦੇ ਰਹੀ ਹੈ ਜੇ ਉਹ ਠੀਕ ਨਹੀਂ ਤਾਂ ਇਹ ਚੀਫ਼ ਮਨਿਸਟਰ ਸਾਹਿਬ ਨੂੰ ਪੁੱਛ ਲੈਣ, ਜੇ ਨਹੀਂ ਲੋੜ ਤਾਂ ਅਸੀਂ ਵਾਪਸ ਹਟਾ ਲੈਂਦੇ ਹਾਂ। (ਹਾਸਾ)

ਸਰਦਾਰ ਕਰਨੈਲ ਸਿੰਘ ਡੋਡ : ਇਹ ਤਾਂ ਚੀਫ ਮਨਿਸਟਰ ਜਾਣੇ ਜਾਂ ਤੁਸੀਂ ਜਾਣੋ, ਮੈਂ ਤਾਂ ਅਜ਼ਾਦ ਮੈਂਬਰ ਹਾਂ। ਮੈਂ ਤਾਂ ਸਪਸ਼ਟ ਔਰ ਸਤਿਗੁਰੂ ਦੇ ਆਦੇਸ਼ ਦੇ ਮੁਤਾਬਿਕ ਹੀ ਗਲ ਕਰਦਾ ਹਾਂ। ਤੁਹਾਨੂੰ ਕਦੇ ਬਰਨਾਲਾ ਨੇ ਨਹੀਂ ਕਿਹਾ ਕਿ ਤੁਸੀਂ ਹਮਾਇਤ ਦਿਓ। ਇਹ ਤੁਸੀਂ ਇਸ ਕਰਕੇ ਹਮਾਇਤ ਦੇ ਰਹੇ ਹੋ ਕਿਉਂਕਿ ਤੁਸੀਂ ਅਤਿਵਾਦ ਦੇ ਇਨ੍ਹਾਂ ਹਮਾਇਤੀਆਂ ਨੂੰ ਵੋਟਾਂ ਨਹੀਂ ਦੇਣਾ ਚਾਹੁਦੇ। ਜੇ ਉਧਰ ਨਹੀਂ ਹਮਾਇਤ ਦੇਣਾ ਚਾਹੁੰਦੇ ਤਾਂ ਇਧਰ ਦਿਓ (ਵੱਖ ਹੋਏ ਧੜੇ ਵਲ ਇਸ਼ਾਰਾ) ਉਹ ਤੁਸੀਂ ਦੇ ਨਹੀਂ ਸਕਦੇ। ਇਸ ਕਰਕੇ ਤੁਸੀਂ ਉਧਰ ਹਮਾਇਤ ਕਹਿੰਦੇ ਹੋ। ਇਸ ਲਈ ਤੁਹਾਡੀ ਕਾਹਦੀ ਹਮਾਇਤ ਹੈ (ਹਾਸਾ) ਸਰਦਾਰ ਸੁਰਜੀਤ ਸਿੰਘ ਬਰਨਾਲਾ 45/46 ਵੋਟਾਂ ਦੇ ਸਿਰ ਤੇ ਕਾਇਮ ਹੈ, ਤੁਹਾਡੀਆਂ ਵੋਟਾਂ ਦੇ ਆਸਰੇ ਨਹੀਂ।

ਸਪੀਕਰ ਸਾਹਿਬ, ਇਸ ਤੋਂ ਅਗੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਅਨਾਜ ਦੀ ਢੋਆ ਢੁਆਈ ਵਾਸਤੇ ਰੋਡ ਟਰਾਂਸਪੋਰਟ ਤੋਂ ਕੰਮ ਲਿਆ ਹੈ ਇਹ ਬੜੀ ਚੰਗੀ ਗਲ ਹੈ। ਇਸ ਨਾਲ ਟਰੱਕ ਓਪਰੇਟਰਾਂ ਦੀ ਵੀ ਬੇਹਤਰੀ ਹੋਵੇਗੀ ਉਨ੍ਹਾਂ ਨੂੰ ਕਾਫੀ ਰੋਜ਼ਗਾਰ ਮਿਲੇਗਾ। ਉਹ ਅਨਾਜ ਇਥੋਂ ਲੈ ਕੇ ਜਾਣਗੇ ਅਤੇ ਵਾਪਸੀ ਤੇ ਕੋਲਾ ਲੈਕੇ ਇਥੇ ਆਉਣਗੇ। ਇਹ ਬੜਾ ਚੰਗਾ ਕੰਮ ਹੈ। ਇਸ ਨਾਲ ਟ੍ਰਾਂਸਪੋਰਟਰਜ਼ ਦੀ ਬੇਹਤਰੀ ਹੋਵੇਗੀ। ਇਸ ਲਈ ਮੈਂ ਸਰਦਾਰ ਦਿਲਬਾਗ ਸਿੰਘ ਨੂੰ ਵੀ ਮੁਬਾਰਕਬਾਦ ਦਿੰਦਾ ਹਾਂ। ਇਕ ਗੱਲ ਮੈਂ ਮਾਲ ਮੰਤਰੀ ਸਾਹਿਬ ਨੂੰ ਵੀ ਕਹਿੰਦਾ ਹਾਂ ਕਿ ਉਹ ਕਿਉਂ ਜ਼ਿਦ ਕਰਦੇ ਹਨ ਜੇ ਸਰਦਾਰ ਦਿਲਬਾਗ ਸਿੰਘ ਕਹਿੰਦਾ ਹੈ ਕਿ ਨਾਇਬ ਤਹਿਸੀਲਦਾਰ ਗਲਤ ਹੈ ਉਸ ਨੇ ਧਾਂਧਲੀ ਮਚਾਈ ਹੈ ਤਾਂ ਉਸ ਨੂੰ ਬਦਲ ਦਿਓ। ਉਸ ਦਾ ਕੁਆਟਰ ਵਾਪਸ ਲੈ ਲਓ ਤਾਂ ਫਿਰ ਇਸ ਵਿਚ ਕਿਹੜੀ ਵੱਡੀ ਗੱਲ ਹੈ। ਜੇ ਉਸ ਦੀ ਬਦਲੀ ਕਰ ਦਿੱਤੀ ਹੈ ਤਾਂ ਕੁਆਰਟਰ ਵੀ ਵਾਪਸ ਲੈ ਲੈਣਾ ਚਾਹੀਦਾ ਹੈ (ਵਿਘਨ) ਚਲੋ ਪੰਡਿਤ ਸਰਵਣ ਰਾਮ ਜੀ ਦੀ ਗਲ ਵੀ ਮੰਨ ਲਓ ਇੱਟਾਂ ਦੀ। ਸ੍ਰੀ ਰਾਮ ਕ੍ਰਿਸ਼ਨ ਕਟਾਰਿਆ ਦੀ ਗਲ ਵੀ ਮੰਨ ਲਓ। ਉਹ ਕਹਿੰਦੇ ਹਨ ਕਿ ਡੀ.ਸੀ. ਨੇ ਗਲਤ ਰਿਪੋਰਟ ਦਿੱਤੀ ਹੈ ਤਾਂ ਠੀਕ ਹੋ ਸਕਦਾ ਹੈ ਕਿਉਂਕਿ ਡੀ.ਸੀ. ਆਪ ਤਾਂ ਰਿਪੋਰਟ ਨਹੀਂ ਦਿੰਦਾ ਉਸ ਨੂੰ ਜੋ ਰਿਪੋਰਟ ਪਟਵਾਰੀ ਤੋਂ ਮਿਲਦੀ ਹੈ ਉਹ ਭੇਜ ਦਿੰਦਾ ਹੈ। ਪਰ ਇਕ ਐਮ.ਐਲ.ਏ. ਦੀ ਇਮਾਨਦਾਰੀ ਤੇ ਡਾਊਟ ਨਹੀਂ ਕੀਤਾ ਜਾ ਸਕਦਾ। ਐਮ.ਐਲ.ਏ. ਦਾ ਇਕ ਸਟੇਟਸ ਹੈ, ਉਸ ਦੀ ਮਾਨ ਮਰਿਆਦਾ ਹੈ, ਉਸ ਦਾ ਪ੍ਰਿਵੇਲਜ ਹੈ। ਉਸ ਦੀ ਇਸ ਮਾਨ ਮਰਿਆਦਾ ਨੂੰ ਆਨਰ ਕਰਨਾ ਚਾਹੀਦਾ ਹੈ।

ਅੱਗੇ ਕਿਹਾ ਗਿਆ ਹੈ ਰੋਜ਼ਗਾਰ ਸੰਬੰਧੀ। ਇਸ ਐਡਰੈਸ ਵਿਚ ਆਇਆ ਹੈ ਕਿ ਅਸੀਂ ਨੌਜਵਾਨਾਂ ਨੂੰ ਜੋ ਪੜ੍ਹੇ ਲਿਖੇ ਹਨ ਉਨ੍ਹਾਂ ਨੂੰ ਰੋਜ਼ਗਾਰ ਦੇਣਾ ਹੈ। ਪਰ ਪੰਜਾਬ ਦੇ ਵਿਚ ਅਫਸਰਾਂ ਨੇ ਬੜੀ ਧਾਂਧਲੀ ਪਾਈ ਹੋਈ ਹੈ। ਹੇਠਾਂ ਭਰਤੀ ਕੀਤੀ ਜਾਂਦੀ ਹੈ ਅਤੇ ਅਨਡਿਊ ਪਰੋਮੋਸ਼ਨਾਂ ਦਿੱਤੀਆਂ ਜਾਂਦੀਆਂ ਹਨ ਅਤੇ ਅਫਸਰ ਆਪਣੇ ਚਹੇਤਿਆਂ ਨੂੰ ਖੁਸ਼ ਕਰਨ ਵਿਚ ਲੱਗੇ ਹੋਏ ਹਨ ਅਤੇ ਪੋਸਟਾਂ ਨੂੰ ਭਰੀ ਜਾ ਰਹੇ ਹਨ ਅਤੇ ਖਾਲੀ ਪੋਸਟਾਂ ਸ਼ੋ ਹੀ ਨਹੀਂ ਕਰਦੇ। ਤੁਸੀਂ ਨੌਜਵਾਨਾਂ ਨੂੰ ਨੌਕਰੀਆਂ ਕਿਥੋਂ ਦੇਵੋਗੇ ਜਦ ਅਫਸਰ ਪੋਸਟਾਂ ਨੂੰ ਲੁਕਾਈ ਜਾ ਰਹੇ ਹਨ। ਮੈਂ ਫੂਡ ਐਂਡ ਸਪਲਾਈ ਦੇ ਮਹਿਕਮੇ ਬਾਰੇ ਮਿਸਾਲ ਪੇਸ਼ ਕੀਤੀ ਸੀ। ਚੀਫ ਮਨਿਸਟਰ ਸਾਹਿਬ ਦਾ ਜਵਾਬ ਵੀ ਆਇਆ। ਸਾਡੀ ਕਮੇਟੀਆਂ ਵਿਚ ਇਹ ਗੱਲ ਆਈ ਸੀ, ਇਸ ਕਰਕੇ ਅਫਸਰ ਡਾਇਰੈਕਟ ਰਿਕਰੂਟ-

ਮੈਂਟ ਬਾਰੇ ਪੋਸ਼ਟਾਂ ਲੁਕਾ ਰਹੇ ਹਨ ਅਤੇ ਮਹਿਕਮੇ ਵਿਚ ਅਨਡਿਓ ਪਰੋਮੋਸ਼ਨਾਂ ਦੇ ਰਹੇ ਹਨ। ਜੇਕਰ ਇਸ ਤਰ੍ਹਾਂ ਹੁੰਦਾ ਰਿਹਾ ਤਾਂ ਕਿਸ ਤਰ੍ਹਾਂ ਨੌਜਵਾਨਾਂ ਨੂੰ ਫਾਇਦਾ ਹੋ ਸਕਦਾ ਹੈ ਅਤੇ ਕਿਸ ਤਰ੍ਹਾਂ ਰੋਜ਼ਗਾਰ ਪਾਲਿਸੀ ਲਾਗੂ ਹੋ ਸਕਦੀ ਹੈ। ਉਨ੍ਹਾਂ ਦਾ ਭੱਲਾ ਅਸੀਂ ਕਿਸ ਤਰ੍ਹਾਂ ਕਰ ਸਕਦੇ ਹਾਂ ਅਤੇ ਨਾ ਹੀ ਸਰਕਾਰ ਦਾ ਭੱਲਾ ਹੋ ਸਕਦਾ ਹੈ। ਫੇਰ ਪ੍ਰੋਸੈਸਿੰਗ ਆਫ ਐਗਰੀਕਲਚਰ ਪ੍ਰੋਡਿਊਸ ਦੀ ਗੱਲ ਹੈ। ਮਾੜੀ ਗੱਲ ਨੂੰ ਮਾੜਾ ਕਹਿਣਾ ਚਾਹੀਦਾ ਹੈ। ਆਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਹੀ ਇਸ ਦਾ ਇਕ ਹੱਲ ਹੈ ਜਦ ਤੱਕ ਇਸ ਰੈਜ਼ੋਲਿਊਸ਼ਨ ਨੂੰ ਲਾਗੂ ਨਹੀਂ ਕੀਤਾ ਜਾਂਦਾ ਉਤਨੀ ਦੇਰ ਤੱਕ ਹਿੰਦੁਸਤਾਨ ਤਕੜਾ ਨਹੀਂ ਹੋ ਸਕਦਾ। ਸੂਬਿਆਂ ਦੇ ਕੋਲ ਵੱਧ ਅਧਿਕਾਰ ਹੋਣੇ ਚਾਹੀਦੇ ਹਨ ਅਤੇ ਸਟੇਟ ਐਟਾਨਮੀ ਮਿਲਣੀ ਚਾਹੀਦੀ ਹੈ, ਸੂਬੇ ਤਕੜੇ ਹੋਣਗੇ ਤਾਂ ਦੇਸ਼ ਤਕੜਾ ਹੋਵੇਗਾ ਅਤੇ ਤਦ ਹੀ ਦੇਸ਼ ਤਰੱਕੀ ਕਰ ਸਕਦਾ ਹੈ। ਸੂਬਾ ਤਰੱਕੀ ਕਰ ਸਕਦਾ ਹੈ ਅਤੇ ਹਿੰਦੁਸਤਾਨ ਨੂੰ ਟੋਟੇ ਹੋਣ ਤੋਂ ਬਚਾਇਆ ਜਾ ਸਕਦਾ ਹੈ। ਅਗਰ ਵੱਧ ਅਧਿਕਾਰ ਸੂਬੇ ਨੂੰ ਨਾ ਮਿਲੇ ਤਾਂ ਦੇਸ਼ ਟੋਟੇ ਹੋਣ ਤੋਂ ਬੱਚ ਨਹੀਂ ਸਕਦਾ। unity ਰਹਿ ਨਹੀਂ ਸਕਦੀ। ਜੇਕਰ ਕੋਈ ਬਾਪ ਆਪਣੇ ਬੇਟਿਆਂ ਨੂੰ ਸੰਤੁਸ਼ਟ ਨਹੀਂ ਕਰੇਗਾ ਤਾਂ ਉਹ ਵੱਖ ਹੋ ਜਾਣਗੇ। ਇਸੇ ਕਰਕੇ ਸੂਬੇ ਹਿੰਦੁਸਤਾਨ ਦੀ ਸਰਕਾਰ ਤੋਂ ਵੱਧ ਅਧਿਕਾਰ ਮੰਗ ਰਹੇ ਹਨ। ਇਹ ਕਿਥੋਂ ਦਾ ਇਨਸਾਫ ਹੈ ਕਿ ਚੀਫ ਮਨਿਸਟਰ ਸਾਹਿਬ ਨੂੰ ਆਪਣੇ ਸੂਬੇ ਵਿਚ ਸ਼ੂਗਰ ਮਿੱਲ ਲਗਾਉਣ ਲਈ ਦਿੱਲੀ ਭੱਜਣਾ ਪੈਂਦਾ ਹੈ। ਲੈਟਰ ਆਫ ਇਨਟੈਂਟ ਲੈਣ ਲਈ, ਸਪਿੰਨਿੰਗ ਮਿਲਜ਼ ਲਗਾਉਣ ਲਈ ਦਿੱਲੀ ਜਾਣਾ ਪੈਂਦਾ ਹੈ। ਸਾਨੂੰ ਆਪਣੇ ਸ਼ੂਗਰ ਕੇਨ ਨੂੰ ਪ੍ਰੋਸੈਸਿੰਗ ਕਰਨ ਦਾ ਅਧਿਕਾਰ ਨਹੀਂ ਹੈ। ਜਿਸ ਸੂਬੇ ਕੋਲ ਅਧਿਕਾਰ ਨਹੀਂ ਹੋਣਗੇ ਉਹ ਸੂਬਾ ਮਿਉਂਸਪਲ ਕਮੇਟੀ ਤੋਂ ਵੀ ਘਟੀਆ ਸੂਬਾ ਹੋ ਗਿਆ, ਜਿਸ ਪਾਸ ਕੋਈ ਪਾਵਰਜ਼ ਨਹੀਂ ਹੈ। ਇਸ ਲਈ ਸਾਰੇ ਸੂਬੇ ਵੱਧ ਅਧਿਕਾਰਾਂ ਦੀ ਗੱਲ ਕਰਦੇ ਹਨ ਅਤੇ ਆਨੰਦਪੁਰ ਸਾਹਿਬ ਦਾ ਮਤਾ ਹੀ ਇਸ ਦਾ ਇਕ ਹੱਲ ਹੈ ਅਤੇ ਇਸ ਉਤੇ ਅਮਲ ਹੋਣਾ ਚਾਹੀਦਾ ਹੈ ਤਾਕਿ ਪੰਜਾਬ ਵਿਚ ਸ਼ੂਗਰ ਮਿਲਾਂ ਅਤੇ ਸਪਿੰਨਿੰਗ ਮਿਲਾਂ ਲਗਾ ਸਕੀਏ। ਮੈਂ ਸਵਾਲ ਕੀਤਾ ਸੀ ਜਿਸ ਨੂੰ ਚੰਦੂਮਾਜਰਾ ਜੀ ਨੇ ਟਾਲ ਦਿੱਤਾ। ਜੋ ਵੀ ਫੈਸਲਾ ਤੁਸੀਂ ਸੈਂਟਰ ਦੇ ਨਾਲ ਕਰਨਾ ਹੈ ਉਹ ਸਟੇਟ ਐਟਾਨਮੀ ਤੋਂ ਘੱਟ ਦਾ ਫੈਸਲਾ ਨਾ ਕਰਨਾ ਤਾਕਿ ਤੁਸੀਂ ਸ਼ੂਗਰ ਮਿਲਾਂ ਲਗਾ ਸਕੋ ਅਤੇ ਉਸ ਦੀ ਪ੍ਰੋਡੱਕਸ਼ਨ ਵੱਧਾ ਸਕੋ ਔਰ ਜਿਥੇ ਜਿਥੇ ਇਸ ਦੀ ਕਪੈਸਿਟੀ ਹੈ ਉਥੇ ਮਿਲਾਂ ਲਗਾ ਸਕੋ। ਸ਼ੂਗਰ ਕੇਨ ਦੀਆਂ ਮਿਲਾਂ ਫਰੀਦਕੋਟ, ਬਠਿੰਡਾ ਅਤੇ ਬੁਢਲਾਡਾ ਲਗਾਈਆਂ ਜਾਣੀਆਂ ਚਾਹੀਦੀਆਂ ਹਨ। ਅਗਰ ਤੁਹਾਨੂੰ ਥੋੜਾ ਜਿਹਾ ਵੀ ਹਿੱਤ ਪੰਜਾਬ ਦੇ ਨਾਲ ਹੈ ਤਾਂ ਪਹਿਲਾਂ ਮਿੱਲਾਂ ਉਨ੍ਹਾਂ ਜ਼ਿਲ੍ਹਿਆਂ ਵਿਚ ਲਾਓ ਜਿਥੇ ਕੋਈ ਮਿਲ ਨਹੀਂ ਪਰ ਸ਼ੂਗਰ ਕੇਨ ਸਪਲਾਈ ਦੀ capacity ਹੈ ਇਸ ਲਈ ਸਭ ਤੋਂ ਪਹਿਲਾਂ ਤੁਸੀਂ ਫਰੀਦਕੋਟ ਅਤੇ ਬੁਢਲਾਡਾ ਵਿਖੇ ਸ਼ੂਗਰ ਮਿਲਾਂ ਲਗਾਓ। ਇਸ ਤੋਂ ਇਲਾਵਾ, ਵਾਟਰ ਸਪਲਾਈ ਦਾ ਮਸਲਾ ਹੈ। ਇਹ ਸਕੀਮ ਵਰਲਡ ਬੈਂਕ ਦੀ ਸਹਾਇਤਾ ਨਾਲ ਚਲਾਈ ਜਾ ਰਹੀ ਹੈ ਅਤੇ ਪਿੰਡਾਂ ਨੂੰ ਪਾਣੀ ਦੇਣ ਦੀ ਸਕੀਮ ਹੈ ਪਰ ਇਹ ਪੈਸਾ ਹਰ ਸਾਲ ਲੈਪਸ ਹੁੰਦਾ ਜਾ ਰਿਹਾ ਹੈ ਔਰ ਜਿਹੜਾ ਮਿਊਂਸਪਲ ਕਮੇਟੀਜ਼ ਦਾ ਸ਼ਹਿਰਾਂ ਦੇ ਵਿਚ ਇਸ ਸਕੀਮ ਨੂੰ ਲਾਗੂ ਕਰਨ ਦਾ ਸਵਾਲ ਹੈ ਉਥੇ ਇਹ ਸ਼ਹਿਰਾਂ ਵਿਚ ਕਮੇਟੀਆਂ ਨੂੰ ਸਪੁਰਦ ਕੀਤੀ ਹੋਈ ਹੈ ਔਰ ਜਿਹੜੀਆਂ ਕੰਗਾਲ ਮਿਉਂਸਪਲ ਕਮੇਟੀਆਂ ਹਨ ਉਹ ਇਸ ਸਕੀਮ ਨੂੰ ਚਲਾ ਨਹੀਂ ਸਕਦੀਆਂ ਹਨ, ਜਿਸ ਤਰ੍ਹਾਂ ਫਰੀਦਕੋਟ ਮਿਉਂਸਪਲ ਕਮੇਟੀ ਕੋਲ ਪੈਸਾ ਨਹੀਂ ਹੈ। ਵਾਟਰ ਸਪਲਾਈ ਦਾ ਕੰਮ ਪਬਲਿਕ ਹੈਲਥ ਮਹਿਕਮੇ ਕੋਲ ਹੈ ਉਥੇ ਵੀ ਪੈਸਾ ਖਰਚ ਨਹੀਂ ਕੀਤਾ ਜਾ ਰਿਹਾ। 1972-73 ਦੀ ਸਕੀਮ ਹਾਲੇ ਤੱਕ ਉਥੇ ਲਾਗੂ ਨਹੀਂ ਹੋਈ ਹੈ। ਉਥੇ ਪਹਿਲੇ ਆਬਾਦੀ ਘੱਟ ਸੀ ਪਰ ਹੁਣ ਉਥੇ ਆਬਾਦੀ ਵੀ ਵੱਧ ਗਈ ਅਤੇ ਆਰਮੀ ਨੇ ਕੈਨਟੋਨਮੈਂਟ ਬਣਾ ਲਈ ਅਤੇ ਬੀ.ਐਸ.ਐਫ. ਵੀ ਆ ਗਈ ਹੈ। ਇਸ ਲਈ, ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਥੇ ਵਾਟਰ ਸਪਲਾਈ ਦੀ ਸਕੀਮ ਨੂੰ ਜਲਦੀ

[ਸਰਦਾਰ ਕਰਨੈਲ ਸਿੰਘ ਡੋਡ]

ਤੋਂ ਜਲਦੀ ਲਾਗੂ ਕੀਤਾ ਜਾਵੇ ਅੌਰ ਫਰੀਦਕੋਟ ਵਿਚ ਇਹ ਪਾਣੀ ਦੀ ਕਮੀ ਨੂੰ ਦੂਰ ਕੀਤਾ ਜਾਵੇ। ਮੇਰੇ ਘਰ ਵੀ ਝਗੜਾ ਹੁੰਦਾ ਹੈ ਕਿ ਇਲੈਕਸ਼ਨਾਂ ਦੇ ਦੌਰਾਨ ਵੋਟਾਂ ਮੰਗਦੇ ਸਮੇਂ ਲੋਕ ਪਾਣੀ ਦੀ ਮੰਗ ਕਰਦੇ ਸਨ ਅੌਰ ਅਸੀਂ ਕਿਹਾ ਸੀ ਕਿ ਇਸ ਦਾ ਪ੍ਰਬੰਧ ਕਰਾਂਗੇ ਲੇਕਿਨ ਇਸ ਬਾਰੇ ਅਸੀਂ ਕੁਝ ਨਹੀਂ ਕਰਵਾ ਸਕੇ। ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਮਹਿਕਮੇ ਦੇ ਅਫਸਰਾਂ ਦੀ ਇਕ ਮੀਟਿੰਗ ਬੁਲਾਓ ਤਾਕਿ ਇਸ ਬਾਰੇ ਕੋਈ ਫੈਸਲਾ ਹੋ ਸਕੇ। ਤੁਸੀਂ ਇਹ ਦੇਖੋ ਕਿਸ ਤਰ੍ਹਾਂ ਫਰੀਦਕੋਟ ਦਾ ਭੱਲਾ ਹੋ ਸਕਦਾ ਹੈ ਤਾਕਿ ਲੋਕਾਂ ਨੂੰ ਪਾਣੀ ਮਿਲ ਸਕੇ। ਇਸ ਬਾਰੇ ਸਾਨੂੰ ਕੁੱਝ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਇੱਕ ਗੱਲ ਡੈਮੋਕਰੇਸੀ ਦੀ ਕਰਨੀ ਹੈ। ਮਿਉਂਸੀਪਲ ਕਮੇਟੀਆਂ ਦੇ ਇਲੈਕਸ਼ਨ ਹੋਣੇ ਚਾਹੀਦੇ ਹਨ। ਮੈਂ ਇਸ ਗਲ ਦੀ 100 ਫੀਸਦੀ ਤਾਈਦ ਕਰਦਾ ਹਾਂ। ਮਾਰਕਿਟ ਕਮੇਟੀਆਂ ਵਿਚ ਨਾਮੀਨੇਸ਼ਨ ਨਹੀਂ ਹੋਣੀਆਂ ਚਾਹੀਦੀਆਂ ਬਲਕਿ ਇਲੈਕਸ਼ਨ ਹੋਣੇ ਚਾਹੀਦੇ ਹਨ। ਪੰਚਾਇਤ ਸੰਮਤੀਆਂ ਦੇ ਵੀ ਇਲੈਕਸ਼ਨ ਹੋਣੇ ਚਾਹੀਦੇ ਹਨ। ਅੱਜ ਅਸੀਂ ਡੈਮੋਕਰੇਸੀ ਦੇ ਹਾਮੀ ਹਾਂ। ਡੈਮੋਕਰੇਸੀ ਦਾ ਗਲਾ ਘੁਟਿਆ ਜਾ ਰਿਹਾ ਹੈ। ਇਸ ਗੱਲ ਵਿਚ ਇਧਰ ਵਾਲੇ ਵੀ ਅਤੇ ਉਧਰ ਵਾਲੇ ਵੀ ਸਾਰੇ ਹੀ "ਇਸ ਹਮਾਮ ਮੈਂ ਨੰਗੇ ਹਨ।" ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਵੇਲੇ ਵੀ ਇਲੈਕਸ਼ਨ ਨਹੀਂ ਹੋਏ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਹਿਬ ਦੇ ਵੇਲੇ ਵੀ ਇਲੈਕਸ਼ਨ ਨਹੀਂ ਹੋਏ ਅੌਰ ਹੁਣ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੀ ਸਰਕਾਰ ਵੇਲੇ ਵੀ ਇਲੈਕਸ਼ਨ ਨਹੀਂ ਹੋ ਰਹੇ ਹਨ। ਇਸ ਤਰ੍ਹਾਂ ਲੋਕਲ ਡੈਮੋਕਰੇਸੀ ਦਾ ਗਲਾ ਨਹੀਂ ਘੁਟਣਾ ਚਾਹੀਦਾ। ਫਰੀਦਕੋਟ ਵਿਚ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਹੈ। ਉਸ ਦਾ ਕੰਮ ਠੀਕ ਤਰ੍ਹਾਂ ਨਹੀਂ ਚਲ ਰਿਹਾ। ਸਪੀਕਰ ਸਾਹਿਬ, ਉਥੇ ਨਾ ਇਮਾਰਤ ਹੈ, ਉਥੇ ਨਾ ਹੀ ਮਸ਼ੀਨਾਂ ਹਨ। ਪ੍ਰਾਇਮਰੀ ਹੈਲਥ ਸੈਂਟਰ ਦੀਆਂ ਮਸ਼ੀਨਾਂ ਉਥੇ ਲਾਈਆਂ ਹਨ। ਇਕੁਇਪਮੈਂਟਸ ਨਹੀਂ ਹਨ। ਇਹ ਬਹੁਤ ਕਮਜ਼ੋਰੀ ਦੀ ਗੱਲ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਤੇ ਸਤਿਕਾਰ ਦੀ ਗੱਲ ਹੈ। ਹੁਣ ਜਦ ਬਜਟ ਅਗਲੇ ਸਾਲ ਦਾ ਆਵੇਗਾ, ਸਪੀਕਰ ਸਾਹਿਬ, ਵਿੱਤ ਮੰਤਰੀ ਜੀ ਬੈਠੇ ਨਹੀਂ ਹਨ। ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਮੈਡੀਕਲ ਕਾਲਜ ਵਾਸਤੇ ਪੈਸਾ ਰਖਣ ਤਾਕਿ ਕਾਲਜ ਦੀ ਇਮਾਰਤ ਬਣ ਸਕੇ ਅਤੇ ਇਕੁਇਪਮੈਂਟਸ ਲਈ ਵੀ ਪ੍ਰਬੰਧ ਹੋ ਸਕੇ। ਇਸ ਦਾ ਬੱਜਟ ਵਿਚ ਪ੍ਰਬੰਧ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਕਾਲੋਨੀਜ਼ ਐਕਟ ਬਾਰੇ ਮੈਂ ਸਵਾਲ ਕੀਤਾ ਸੀ ਪਰ ਸਪੀਕਰ ਸਾਹਿਬ, ਉਸ ਸਵਾਲ ਦੀ ਐਕਸਟੈਨਸ਼ਨ ਦੇ ਦਿਤੀ ਗਈ ਹੈ। ਇਸ ਸਵਾਲ ਦਾ ਸਰਕਾਰ ਕੋਲ ਕੋਈ ਜਵਾਬ ਨਹੀਂ ਬਣਦਾ। ਸਪੀਕਰ ਸਾਹਿਬ, 1975 ਤੋਂ ਹੁਣ ਤਕ 7 ਲਾਇਸੈਂਸ ਮਿਲੇ ਹਨ। 12 ਸਾਲਾਂ ਵਿਚ ਸਿਰਫ 7 ਲਾਇਸੈਂਸ ਇਸ਼ੂ ਹੋਏ ਹਨ। ਉਸ ਐਕਟ ਨੇ ਅਰਬਨ ਡਿਵੈਲਪਮੈਂਟ ਵਿਚ ਵਿਘਨ ਪਾਇਆ ਹੈ। ਕੋਈ ਕਾਲੋਨੀ ਬਣ ਨਹੀਂ ਸਕਦੀ। ਜਿਹੜੇ ਜ਼ਿਮੀਦਾਰ ਹਨ, ਉਨ੍ਹਾਂ ਦੇ ਹੱਕਾਂ ਦੀ ਰਾਖੀ ਨਹੀਂ ਕੀਤੀ ਗਈ। ਉਹ ਲੋਕ ਜ਼ਮੀਨ ਵੇਚ ਨਹੀਂ ਸਕਦੇ। ਪਿੰਡਾਂ ਦੇ ਲੋਕ ਜਿਨ੍ਹਾਂ ਥੋੜ੍ਹੀ ਜਿਹੀ ਜ਼ਮੀਨ, ਦੋ ਚਾਰ ਕਨਾਲ, ਵੇਚਣੇ ਹਨ ਉਹ ਵੀ ਇਸ ਐਕਟ ਦੇ ਜ਼ਬਤ ਵਿਚ ਆ ਜਾਂਦੇ ਹਨ। ਜਿਹੜਾ ਇਲਾਕਾ ਮਿਉਨਿਸਪਲ ਏਰੀਆ ਵਿਚ ਆਉਂਦਾ ਹੈ। ਉਹ ਵੀ ਇਸ ਵਿਚ ਆ ਜਾਂਦਾ ਹੈ। 12 ਸਾਲਾਂ ਵਿਚ ਇਹ ਚੀਜ਼, ਸਪੀਕਰ ਸਾਹਿਬ, ਵਰਕਏਬਲ ਨਹੀਂ ਹੋ ਸਕੀ। ਸਰਕਾਰ ਨੂੰ ਇਸ ਤੇ ਦੁਬਾਰਾ ਗੌਰ ਕਰਨਾ ਚਾਹੀਦਾ ਹੈ ਅੌਰ ਇਹ ਐਕਟ ਮਿਉਨਿਸਪਲ ਏਰੀਆ ਵਿਚ ਨਹੀਂ ਲਾਗੂ ਹੋਣਾ ਚਾਹੀਦਾ। ਅੱਜ ਬਾਦਲ ਸਾਹਿਬ ਬੈਠੇ ਨਹੀਂ ਹਨ ਅੌਰ ਸਪੀਕਰ ਸਾਹਿਬ, ਸਰਦਾਰ ਬਲਵਿੰਦਰ ਸਿੰਘ ਭੂੰਦੜ ਜੀ ਨੇ ਅੱਜ ਸਪੀਚ ਕੀਤੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਦਿੱਲੀ ਦੀ ਸਰਕਾਰ ਜੋ ਕੁਝ ਕਰ ਰਹੀ ਹੈ, ਉਸ ਬਾਰੇ ਮੈਂ ਉਨ੍ਹਾਂ ਦੀ ਗੱਲ ਦੀ ਹਮਾਇਤ ਕਰਦਾ ਹਾਂ। ਮੈਂ ਇਹ ਗੱਲ ਕਹਿ ਵੀ ਦਿੱਤੀ ਹੈ ਅੌਰ ਅੱਜ ਇਨ੍ਹਾਂ ਨੂੰ ਫਿਰ ਕਹਿੰਦਾ ਹਾਂ ਕਿ ਇਹ ਕੁਰਸੀ ਦੀ ਗੱਲ ਕਰਦੇ ਹਨ। ਇਹ ਦੇਸ਼ ਦੇ ਭਲੇ ਦੀ ਗੱਲ

ਨਹੀਂ ਕਰਦੇ । ਇਹ ਸਿੱਖਾਂ ਨਾਲ ਤਸ਼ੱਦਦ ਦੀ ਬਾਤ ਨਹੀਂ ਕਰ ਰਹੇ । ਇਹ ਗੱਲ ਸਪੀਕਰ ਸਾਹਿਬ, ਬਿਲਕੁਲ ਸਹੀ ਹੈ ਕਿ ਇਹ ਕੁਰਸੀ ਯੁਧ ਹੈ। ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੀ ਗੱਲ ਦਾ ਜਵਾਬ ਆਪਣੀ ਸਪੀਚ ਵਿਚ ਕਿਉਂ ਨਹੀਂ ਦਿੱਤਾ ਔਰ ਹੁਣ ਇਸ ਗੱਲ ਦਾ ਜਵਾਬ ਦੇ ਦੇਣ। ਅਪਰੈਲ, 1979 ਵਿਚ ਗੁਰਦੁਆਰਾ ਸਰਾਏਨਾਗਾ ਵਿਚ ਪੁਲਿਸ ਨੇ ਸ਼ਾਮ 6.00 ਵਜੇ ਤੋਂ ਗੋਲੀਆਂ ਚਲਾ-ਉਣੀਆਂ ਸ਼ੁਰੂ ਕੀਤੀਆਂ ਔਰ ਅਗਲੇ ਦਿਨ 11.00 ਵਜੇ ਤਕ ਗੋਲੀਆਂ ਚਲਦੀਆਂ ਰਹੀਆਂ ਹਨ। ਬਾਦਲ ਸਾਹਿਬ ਉਸ ਵੇਲੇ ਮੁੱਖ ਮੰਤਰੀ ਸਨ। (ਵਿਘਨ) (ਸ਼ੋਰ) ਤੁਸੀਂ ਇਸ ਦਾ ਜਵਾਬ ਕਿਉਂ ਨਹੀਂ ਦਿਤਾ । ਸਿਮਰਨਜੀਤ ਸਿੰਘ ਮਾਨ ਉਸ ਵੇਲੇ ਐਸ.ਐਸ.ਪੀ. ਸਨ। ਉਸ ਵੇਲੇ ਇਸ ਗੱਲ ਦਾ ਕੌਣ ਜ਼ਿੰਮੇਵਾਰ ਸੀ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇਨ੍ਹਾਂ ਨੇ ਉਸ ਮੈਂਬਰ ਸਾਹਿਬਾਨ ਦਾ ਨਾਂ ਲਿਆ ਹੈ ਜਿਹੜਾ ਕਿ ਇਥੇ ਹਾਊਸ ਵਿਚ ਬੈਠਾ ਨਹੀਂ ਹੈ। ਜਦੋਂ ਉਹ ਹਾਊਸ ਵਿਚ ਆ ਜਾਣਗੇ ਤਾਂ ਉਸ ਦਾ ਜਵਾਬ ਉਹ ਦੇ ਦੇਣਗੇ । ਮੈਂ ਤੁਹਾਨੂੰ ਅਤੇ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਪੰਜਾਬ ਦੇ ਅਕਾਰਡ ਦਾ ਜਵਾਬ ਦਿਓ ?

ਸਪੀਕਰ ਸਾਹਿਬ, ਜੇ ਮੈਂ ਬੇਲੋੜੀ ਦਾ ਬੋਲਾਂ ਤਾਂ ਤੁਸੀਂ ਘੰਟੀ ਬਜਾ ਦੇਣਾ, ਮੈਂ ਬੈਠ ਜਾਵਾਂਗਾ। ਮੈਂ ਜ਼ਰੂਰੀ ਗੱਲਾਂ ਕਰਦਾ ਹਾਂ, ਮੌਕਾ ਦਿਓ ਮੈਨੂੰ ਸਪੀਕਰ ਸਾਹਿਬ ਬੋਲਣ ਦਾ ।

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ ਆਰਡਰ, ਸਪੀਕਰ ਸਾਹਿਬ। ਇਹ ਇਕੋ ਗੱਲ ਕਰੀ ਜਾਂਦੇ ਹਨ . . .

ਸ੍ਰੀ ਸਪੀਕਰ : ਤੁਸੀਂ ਬੈਠੋ ਬਾਦਲ ਸਾਹਿਬ, ਪਲੀਜ਼ । ਭੂੰਦੜ ਸਾਹਿਬ ਆਲਰੈਡੀ ਬੋਲ ਚੁਕੇ ਹਨ। ਭੂੰਦੜ ਸਾਹਿਬ, ਤੁਹਾਡੇ ਪੁਆਇੰਟ ਆਫ ਆਰਡਰ ਤੋਂ ਬਾਅਦ ਉਨ੍ਹਾਂ ਨੇ ਕੁੱਝ ਨਹੀਂ ਕਿਹਾ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਇਹ ਇਕੱਲੇ ਮੈਂਬਰ ਹਨ, ਜੀ ਆਇਆਂ ਨੂੰ ਬੋਲਦੇ ਹਨ ਪਰ ਇਹ ਇਕੋ ਗੱਲ ਕਹੀ ਜਾਂਦੇ ਹਨ । ਨਾ ਤਾਂ ਬਾਦਲ ਸਾਹਿਬ ਏਥੇ ਹਨ ਨਾ ਸਿਮਰਨਜੀਤ ਸਿੰਘ ਮਾਨ ਏਥੇ ਹਨ ਜਿਹੜੇ ਜਵਾਬ ਦੇ ਸਕਣ । ਮੇਰੀ ਸਤਿਕਾਰ ਨਾਲ ਬੇਨਤੀ ਹੈ ਕਿ ਤੁਸੀਂ ਇਹ ਗੱਲਾਂ ਸੁਣ ਕੇ ਖੁਸ਼ ਨਾ ਹੋਇਆ ਕਰੋ । ਫੇਰ ਸਾਨੂੰ ਬੋਲਣਾ ਪੈਂਦਾ ਹੈ। ਫੇਰ ਤੁਸੀਂ ਨਾਰਾਜ਼ ਹੋ ਜਾਂਦੇ ਹੋ । ਮਿਹਰਬਾਨੀ ਕਰਕੇ ਇਹ ਕਰੋ ਕਿ ਜਿੰਨਾਂ ਕਿਸੇ ਮੈਂਬਰ ਨੂੰ ਟਾਈਮ ਦਿੱਤਾ ਹੈ, ਓਨਾ ਹੀ ਦਿਓ । ਇਹ ਸ਼ਰਾਰਤ ਵਾਲੀ ਗੱਲ ਜਾਣ ਕੇ ਨਾ ਅਖਵਾਈ ਜਾਇਆ ਕਰੋ। ਕਨਸਰਨਡ ਮੈਂਬਰ ਹੈ ਨਹੀਂ ਹਾਜ਼ਰ, ਜੇਲ੍ਹਾਂ ਵਿੱਚ ਬੈਠੇ ਹਨ, ਕੋਈ ਜਬਲਪੁਰ ਅਤੇ ਕੋਈ ਕਿਧਰੇ ਹੈ। ਮੈਨੂੰ ਆਸ ਹੈ ਕਿ ਤੁਸੀਂ ਇਹ ਗੱਲ ਜ਼ਰੂਰ ਪ੍ਰਵਾਨ ਕਰੋਗੇ।

ਸ੍ਰੀ ਸਪੀਕਰ : ਜਿਹੜੀ ਗੱਲ ਸਰਦਾਰ ਬਾਦਲ ਸਾਹਿਬ ਨੇ ਕਹੀ ਹੈ, ਇਹ ਦਰੁਸਤ ਨਹੀਂ ਹੈ। ਟਾਈਮ ਬਿਲਕੁਲ ਹਿਸਾਬ ਨਾਲ ਦਿੱਤਾ ਗਿਆ ਹੈ । ਮੈਂ ਕਾਂਗਰਸ ਬੈਂਚਿਜ਼ ਨੂੰ ਵੀ ਬੇਨਤੀ ਕੀਤੀ ਸੀ ਅਤੇ ਸਪੈਸ਼ਲੀ ਉਠ ਕੇ ਚੈਂਬਰ ਵਿੱਚ ਗਿਆ ਸੀ ਕਿ ਅਗਰ ਕੋਈ ਸੱਜਨ ਟਾਈਮ ਬਾਰੇ ਪੁੱਛਣਾ ਚਾਹੁੰਦਾ ਹੋਵੇਗਾ, ਤਾਂ ਉਸਨੂੰ ਐਕਸਪਲੇਨ ਕਰ ਦਿੱਤਾ ਜਾਵੇਗਾ । ਤੁਸੀਂ ਬਾਦਲ ਸਾਹਿਬ, ਕੋਆਪਰੇਟ ਕਰਿਆ ਕਰੋ । ਪੂਰਾ ਪੂਰਾ ਟਾਈਮ ਦਿੱਤਾ ਗਿਆ ਹੈ। ਆਪਣੇ ਆਪਣੇ ਟਾਈਮ ਤੋਂ ਵੱਧ ਸਾਰੇ ਸੱਜਣਾਂ ਨੇ ਟਾਈਮ ਲਿਆ ਹੈ । 19 ਮਿੰਟ ਦਾ ਟਾਈਮ ਇੰਡੀਪੈਂਡੈਂਟਸ ਦਾ ਬਣਦਾ ਹੈ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਹ ਇਕੱਲੇ ਹੀ ਪੌਣਾ ਘੰਟਾ ਲੈ ਚੁਕੇ ਹਨ। ਜੇ ਤੁਸੀਂ ਟਾਈਮ ਇਸ ਤਰ੍ਹਾਂ ਹੀ ਵੰਡਣਾ ਹੈ ਤਾਂ ਹਾਊਸ ਕਿਸ ਤਰ੍ਹਾਂ ਚਲੇਗਾ।

ਸ੍ਰੀ ਸਪੀਕਰ : ਡੋਡ ਸਾਹਿਬ, ਪਲੀਜ਼ ਕਾਂਟੀਨਿਊ। ਚੇਅਰ ਨੂੰ ਐਡਰੈਸ ਕਰੋ ਅਤੇ ਵਿਦਿਨ 2 ਮਿਨਟਸ ਖਤਮ ਕਰੋ। (ਵਿਘਨ)

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਕੁਰਸੀ ਦਾ ਯੁੱਧ ਸੀ। ਇਹ ਬਹਾਨਾ ਬਣਾ ਕੇ ਟੁੱਟ ਗਏ। ਇਨ੍ਹਾਂ ਨੂੰ ਅੰਦਾਜ਼ਾ ਸੀ ਕਿ ਹਰਿਮੰਦਰ ਸਾਹਿਬ ਦਾ ਇਸ਼ੂ ਇਕ ਇਮੋਸ਼ਨਲ ਜਿਹਾ ਇਸ਼ੂ ਹੈ ਅਤੇ ਮੈਂਬਰ ਸਾਹਿਬਾਨ ਧੜਾਧੜ ਡਿਗਣਗੇ ਅਤੇ ਬਰਨਾਲਾ ਸਾਹਿਬ ਵੀ ਲਹਿ ਜਾਣਗੇ ਅਤੇ ਅਸੀਂ ਸੀ.ਐਮ. ਬਣ ਜਾਵਾਂਗੇ। ਪਰ ਇਹ ਗੱਲ ਨਹੀਂ ਹੋਈ। ਫੇਰ ਇਹ ਫੱਸ ਗਏ ਅਤੇ ਅਤਿਵਾਦ ਦੇ ਚੱਕਰ ਵਿੱਚ ਫਸ ਗਏ ਹਨ। ਏਨੀਆਂ ਪ੍ਰੋਸੀਡਿੰਗਜ਼ ਵਿੱਚ ਇਕ ਲਫਜ਼ ਵੀ ਅਤਿਵਾਦ ਦੇ ਖਿਲਾਫ ਇਨ੍ਹਾਂ ਨਹੀਂ ਕਿਹਾ। ਸੀ.ਐਮ. ਸਾਹਿਬ ਨੇ ਵੀ ਅਤੇ ਹੋਰਾਂ ਨੇ ਵੀ ਇਸ ਗੱਲ ਦਾ ਗਿਲਾ ਕੀਤਾ। ਇਹ ਡਰੇ ਹੋਏ ਹਨ ਜਾਂ ਇਨ੍ਹਾਂ ਨੇ ਅਤਿਵਾਦ ਦਾ ਸਹਾਰਾ ਲੈ ਲਿਆ ਹੈ ਕਿਉਂਕਿ ਹੁਣ ਇਨ੍ਹਾਂ ਦਾ ਆਸਰਾ ਉਹੀ ਰਹਿ ਗਿਆ ਹੈ। ਹੁਣ ਸਭ ਕੁੱਝ ਰਿਕਾਰਡ ਹੋ ਰਿਹਾ ਹੈ ਅਤੇ ਇਹ ਗੱਲ ਤੁਸੀਂ ਵੀ ਕਰਨੈਲ ਸਿੰਘ ਡੋਡ ਦੀ ਅੱਜ ਨੋਟ ਕਰ ਲਓ ਕਿ "ਡੁਬੇਗੀ ਕਿਸ਼ਤੀ ਤੋਂ ਡੁਬੇਂਗੇ ਸਾਰੇ" ਅੱਜ ਇਨ੍ਹਾਂ ਨੇ ਅੱਗ ਦੀ ਖੇਡ ਖੇਡੀ ਹੈ ਇਸ ਨਾਲ ਜੇ ਇਧਰ ਵਾਲੇ ਨਹੀਂ ਬਚਣਗੇ ਤਾਂ ਤੁਸੀਂ ਵੀ ਇਸ ਤੋਂ ਨਹੀਂ ਬਚ ਸਕਣਾ। ਇਹ ਨਹੀਂ ਬਚਣਗੇ ਤਾਂ ਬਚੋਗੇ ਤੁਸੀਂ ਵੀ ਨਹੀਂ। (ਥੰਪਿੰਗ) ਟੌਹੜਾ ਸਾਹਿਬ, ਸ੍ਰੋਮਣੀ ਕਮੇਟੀ ਦੇ ਪ੍ਰਧਾਨ, ਜਿਨ੍ਹਾਂ ਨੂੰ ਅੱਜ 5 ਮੈਂਬਰੀ ਕਮੇਟੀ ਵਿੱਚ ਨਹੀਂ ਲਿਆ ਗਿਆ ਹੈ। ਜਿਨ੍ਹਾਂ ਕੋਲ ਸ੍ਰੋਮਣੀ ਕਮੇਟੀ ਦੀ ਸੱਤਾ ਸੀ, ਮੁਖੀ ਸੀ, ਜਿਸ ਨੂੰ ਪੋਪ ਕਿਹਾ ਜਾਂਦਾ ਹੈ, ਉਸਦਾ ਅੱਜ 5 ਮੈਂਬਰੀ ਕਮੇਟੀ ਵਿੱਚ ਨਾਂ ਨਹੀਂ। ਬਾਦਲ ਸਾਹਿਬ ਦਾ ਨਾਂ ਪਾ ਲਿਆ। ਇਸ ਦਾ ਲੇਖਾ ਤੁਹਾਡੇ ਨਾਲ ਹੋਣਾ ਹੈ। ਅੱਜ ਵਾਲੀ ਮੇਰੀ ਗੱਲ ਨੂੰ ਯਾਦ ਰੱਖਣਾ। ਤੁਹਾਡਾ ਬਨਣਾ ਕੁਝ ਨਹੀਂ। ਇਹ ਪੰਜਾਬ ਦੇ ਭਲੇ ਦੀ ਬਾਤ ਹੈ, ਸ਼ਾਂਤੀ ਦੀ ਬਾਤ ਹੈ ਅਤੇ ਸਿੱਖੀ ਦੀ ਬਾਤ ਹੈ। ਦਿੱਲੀ ਸਾਡੇ ਖਿਲਾਫ਼ ਹੈ, ਪੰਜਾਬ ਦੀ ਦੁਸ਼ਮਨ ਹੈ, ਸਿੱਖੀ ਦੀ ਦੁਸ਼ਮਨ ਹੈ, ਤਾਂ ਕਿ ਜ਼ਹਿਰ ਦੇ ਪਿਆਲੇ ਪੀ ਕੇ ਖੁਦਕਸ਼ੀ ਕਰਨੀ ਹੈ। ਖੁਦਕਸ਼ੀ ਨਾ ਕਰੋ। (ਥੰਪਿੰਗ) ਇਹ ਟੈਰੋਰਿਜ਼ਮ ਹੈ, ਐਕਸਟ੍ਰੀਮਿਜ਼ਮ ਹੈ' ਬੇਦੋਸ਼ਿਆਂ ਨੂੰ ਮਾਰਨਾ ਹੈ, ਹਿੰਦੂ ਹੋਣ ਕਰਕੇ ਮਾਰਨਾ ਹੈ, ਸਰਦਾਰ ਅਮਰਜੀਤ ਸਿੰਘ ਨੂੰ ਮਾਰ ਦੇਣਾ ਹੈ ਕਿ ਉਹ ਬਰਨਾਲਾ ਸਾਹਿਬ ਦੇ ਅਕਾਲੀ ਦੱਲ ਦਾ ਮੈਂਬਰ ਹੈ। ਹਰ ਬੰਦੇ ਦੀ ਜ਼ਿੰਦਗੀ ਉਸਦੀ ਤਲੀ ਤੇ ਧਰੀ ਹੋਈ ਹੈ ਅਤੇ ਮੈਂ ਵੀ ਤਲੀ ਤੇ ਧਰ ਕੇ ਬੋਲ ਰਿਹਾ ਹਾਂ। ਸਿੱਖੀ ਜਜ਼ਬਾਤ ਹਨ ਅਤੇ ਉਸਦੀ ਹੋਂਦ ਲਈ ਜ਼ਿੰਦਗੀ ਦੀ ਕੁਰਬਾਨੀ ਦੇਣ ਨੂੰ ਤਿਆਰ ਹਾਂ। ਇਹ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਨਾਂ ਲੈ ਕੇ, ਇਲੈਕਸ਼ਨਜ਼ ਉਨ੍ਹਾਂ ਦੇ ਨਾਂ ਤੇ ਲੜੇ, ਉਨ੍ਹਾਂ ਦੀਆਂ ਫੋਟੋਆਂ ਗੱਡੀਆਂ ਤੇ ਰੱਖਕੇ ਇਲੈਕਸ਼ਨਜ਼ ਲੜੀਆਂ ਗਈਆਂ ਪਰ ਇਨ੍ਹਾਂ ਨੇ ਸੰਤ ਲੌਂਗੋਵਾਲ ਦੇ ਕਾਤਲਾਂ ਨਾਲ ਜੱਫੀ ਪਾਈ ਹੈ (ਵਿਘਨ) (ਸ਼ੋਰ) ਇਹ ਸਿੱਖੀ ਦੀ ਗਲ ਛਡ ਬੈਠੇ ਹਨ ਔਰ ਉਨ੍ਹਾਂ ਦੇ ਕਾਤਲਾਂ ਨਾਲ ਮਿਲ ਗਏ ਹਨ। (ਵਿਘਨ) ਅਕਾਲ ਤਖਤ ਦੀ ਗਲ ਲੈ ਲਓ। ਸਰਦਾਰ ਹਰਭਜਨ ਸਿੰਘ ਸੰਧੂ ਸੰਤ ਲੌਂਗੋਵਾਲ ਜੀ ਦੇ ਸ਼ਰਧਾਲੂ ਰਹੇ ਹਨ ਔਰ ਮੈਂ ਵੀ ਉਨ੍ਹਾਂ ਦਾ ਸ਼ਰਧਾਲੂ ਰਿਹਾ ਹਾਂ। ਪਰ ਅੱਜ ਇਹ ਕਿਥੇ ਬੈਠੇ ਹਨ। ਅਕਾਲ ਤਖਤ ਤੇ ਕੁਝ ਹੋਰ ਕਹਿ ਆਏ ਹਨ ਔਰ ਹਾਈ ਕੋਰਟ ਵਿਚ ਹੋਰ ਬਿਆਨ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹੀ ਸਰਦਾਰ ਨਿਰਮਲ ਸਿੰਘ ਕਾਹਲੋਂ ਅੱਜ ਕਿਥੇ ਬੈਠੇ ਹਨ। ਜੇ ਮਰਦ ਦਾ ਪੁੱਤ ਹੈ ਤਾਂ ਜੋ ਅਕਾਲ ਤਖਤ ਤੇ ਕਹਿ ਕੇ ਆਇਆ ਸੀ ਉਸ ਤੇ ਕਾਇਮ ਰਹਿੰਦਾ (ਥੰਪਿੰਗ) (ਵਿਘਨ) ਇਹ ਜੋ ਅਕਾਲ ਤਖਤ ਦਾ ਫੈਸਲਾ ਹੈ, ਇਹ ਗਲਤ ਫੈਸਲਾ ਹੈ। ਜੇਕਰ ਫੈਸਲੇ ਤੇ ਅਮਲ ਹੁੰਦਾ ਤਾਂ 73 ਦੇ 73 ਐਮ.ਐਲ.ਏ. ਡਿਸਕੁਆਲੀਫਾਈ ਹੋ ਜਾਂਦੇ (ਵਿਘਨ)

(ਇਸ ਸਮੇਂ ਸਰਦਾਰ ਬਸੰਤ ਸਿੰਘ ਖਾਲਸਾ ਕੁਝ ਕਹਿ ਰਹੇ ਸਨ ਜੋ ਕਿ ਬਹੁਤ ਸ਼ੋਰ ਹੋਣ ਕਰਕੇ ਸੁਣਾਈ ਨਹੀਂ ਦਿੰਦਾ ਸੀ।)

ਇੱਕ ਗਲ ਅਖਬਾਰ ਵਿਚ ਆਈ ਹੈ। ਇਹ ਕਹਿੰਦੇ ਹਨ ਕਿ ਬੜਾ ਸੁਧਾਰ ਹੋ ਰਿਹਾ ਹੈ। ਲੁਧਿਆਣੇ ਵਿਚ ਔਰ ਫਰੀਦਕੋਟ ਵਿਚ ਸਿਗਰਟ ਦੀਆਂ ਦੁਕਾਨਾਂ ਬੰਦ ਕਰਾਈਆਂ ਜਾ ਰਹੀਆਂ ਹਨ ਔਰ ਅੰਮ੍ਰਿਤ ਪ੍ਰਚਾਰ ਹੋ ਰਿਹਾ ਹੈ। ਵਧੀਆ ਗਲ ਹੈ ਜੇਕਰ ਅੰਮ੍ਰਿਤ ਪ੍ਰਚਾਰ ਹੋ ਰਿਹਾ ਹੈ। ਪਰ ਅੰਮ੍ਰਿਤ ਪ੍ਰਚਾਰ ਧਰਮ ਦੇ ਮੁਤਾਬਿਕ ਹੋਣਾ ਚਾਹੀਦਾ ਹੈ ਤਾਂ ਇਹ ਚੰਗੀ ਗਲ ਹੈ। ਸਮਾਜ ਦਾ ਸੁਧਾਰ ਕਰਨਾ ਚਾਹੀਦਾ ਹੈ। ਜਿਹੜੇ ਲੋਕ ਦਾੜ੍ਹੀਆਂ ਕੱਟਦੇ ਹਨ ਉਨ੍ਹਾਂ ਨੂੰ ਪ੍ਰੇਰਨਾਂ ਕਰਕੇ ਰੋਕਣਾ ਚਾਹੀਦਾ ਹੈ। ਅਖਬਾਰਾਂ ਵਿਚ ਆਇਆ ਹੈ ਕਿ ਬੰਦੂਕਾਂ ਨਾਲ ਔਰ ਤਲਵਾਰਾਂ ਦੀ ਨੋਕ ਨਾਲ ਕਿਵੇਂ ਪਿੰਡਾਂ ਵਿਚ ਦੁਕਾਨਾਂ ਬੰਦ ਕਰਾਈਆਂ ਜਾ ਰਹੀਆਂ ਹਨ। ਇਹ ਤਾਂ ਉਹੀ ਤਰੀਕਾ ਹੋਇਆ ਜੋ ਕਿ ਔਰੰਗਜ਼ੇਬ ਨੇ ਅਪਣਾਇਆ ਸੀ। ਔਰੰਗਜ਼ੇਬ ਕੁਰਾਨ ਸ਼ਰੀਫ ਲਿਖ ਕੇ ਰੋਜ਼ੀ ਕਮਾਉਂਦਾ ਸੀ ਔਰ ਸਰਕਾਰੀ ਖਜ਼ਾਨੇ ਵਿਚੋਂ ਪੈਸੇ ਨਹੀਂ ਲੈਂਦਾਂ ਸੀ। ਤਲਵਾਰ ਦੀ ਨੋਕ ਨਾਲ ਦੁਕਾਨਾਂ ਬੰਦ ਕਰਾਉਣਾ ਇਹ ਠੀਕ ਨਹੀਂ ਹੈ। ਫਿਰ ਇਨ੍ਹਾਂ ਔਰ ਔਰੰਗਜ਼ੇਬ ਵਿਚ ਫਰਕ ਕੀ ਹੈ। ਔਰੰਗਜ਼ੇਬ ਵੀ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾਉਂਦਾ ਸੀ। ਇਹ ਕਹਿੰਦੇ ਹਨ ਕਿ ਦੁਕਾਨਾਂ ਬੰਦ ਕਰਾ ਦਿੱਤੀਆਂ ਹਨ। ਇਹ ਕੋਈ ਸੁਧਾਰ ਦੀ ਗਲ ਨਹੀਂ ਹੈ। ਦੁਕਾਨਦਾਰ ਨੇ ਜਿਸ ਨੇ ਚਾਰ ਆਨੇ ਦੀ ਚੀਜ਼ ਵੇਚਣੀ ਹੈ ਉਸ ਨੇ ਦੁਕਾਨ ਬੰਦ ਹੋਣ ਕਰਕੇ ਇੱਕ ਰੁਪਏ ਦੀ ਵੇਚਣੀ ਹੈ ਔਰ ਇਸੇ ਤਰ੍ਹਾਂ ਹੀ ਨਸ਼ਾ ਕਰਨ ਵਾਲੇ ਨੇ ਨਸ਼ਾ ਤਾਂ ਕਰਨਾ ਹੀ ਹੈ ਭਾਵੇਂ ਨਸ਼ਾ ਕਿਸੇ ਮੁੱਲ ਮਿਲੇ। ਧਰਮ ਨੂੰ ਅਗਰ ਫੈਲਾਉਣਾ ਹੈ ਤਾਂ ਉਹ ਤਲਵਾਰ ਨਾਲ ਨਹੀਂ ਫੈਲਾਇਆ ਜਾ ਸਕਦਾ ਬਲਕਿ ਧਰਮ ਤਾਂ ਪ੍ਰਚਾਰ ਨਾਲ ਫੈਲਾਇਆ ਜਾ ਸਕਦਾ ਹੈ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਿੱਖੀ ਦੀ ਹੋਂਦ ਦਾ ਮਸਲਾ ਹੈ, ਸਿੱਖਾਂ ਦੇ ਭਲੇ ਔਰ ਬੁਰੇ ਦੀ ਬਾਤ ਹੈ, ਇਹ ਅੱਤਵਾਦੀ ਸਿੱਖੀ ਨੂੰ ਤਬਾਹ ਕਰ ਰਹੇ ਹਨ। ਸਿੱਖਾਂ ਦੀ ਮਾਨ ਮਰਿਆਦਾ ਹਿੰਦੁਸਤਾਨ ਵਿਚ ਨਹੀਂ ਰਹੀ। ਇਸ ਕਰਕੇ ਸਾਨੂੰ ਜੋ ਨੁਕਸਾਨ ਹੋਇਆ ਹੈ ਉਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ। ਅੱਤਵਾਦ ਦੇ ਕੰਮ ਖੁਦਕਸ਼ੀ ਕਰਨ ਵਾਲੇ ਕੰਮ ਹਨ।

ਗੁਰੂ ਦੀ ਬਾਣੀ ਹੈ ਜੋ ਕਿ ਸਾਂਝੀਵਾਲਤਾ ਦਾ ਸਬਕ ਸਿਖਾਉਂਦੀ ਹੈ। ਗੁਰੂ ਦੀ ਬਾਣੀ ਹੈ :—

'ਸਭੇ ਸਾਂਝੀਵਾਲ ਸਦਾਇਨ ਕੋਇ ਨਾ ਦਿਸੈ ਬਾਹਿਰਾ ਜੀਉ।'

ਸਾਂਝੀਵਾਲਤਾ ਦੀ ਗੱਲ ਕਰਨੀ ਚਾਹੀਦੀ ਹੈ। ਗੁਰੂਆਂ ਨੇ ਸਾਨੂੰ ਇਕ ਸੇਧ ਦਿੱਤੀ ਹੈ। ਉਸ ਨੂੰ ਅਪਨਾਉਣਾ ਚਾਹੀਦਾ ਹੈ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸਾਨੂੰ ਇਕ ਸੇਧ ਦਿਤੀ ਹੈ, ਭਰਾਤਰੀ ਭਾਵ ਦੀ, ਮਿਲ ਬੈਠਣ ਦੀ, ਭਾਈਚਾਰੇ ਦੀ, ਰਲਕੇ ਚੱਲਣ ਦੀ। ਜੇ ਇਹ ਸਾਡੇ ਲੀਡਰ ਇਨ੍ਹਾਂ ਗੱਲਾਂ ਨੂੰ, ਸੇਧਾਂ ਨੂੰ ਰੀਅਲਾਈਜ਼ ਕਰ ਲੈਣ ਤਾਂ ਇਥੇ ਸ਼ਾਂਤਮਈ ਦਾ ਵਾਤਾਵਰਣ ਪੈਦਾ ਹੋ ਸਕਦਾ ਹੈ। ਅੱਜ ਤੁਸੀਂ ਪੰਜਾਬ ਤੋਂ ਬਾਹਰ ਜਾ ਕੇ ਦੇਖ ਲਵੋ, ਸਿੱਖਾਂ ਨੂੰ ਟੈਰੋਰਿਸਟ ਮੰਨਿਆ ਜਾਂਦਾ ਹੈ। ਮੈਂ ਬੇਨਤੀ ਕਰਾਂਗਾ ਭਟਕੇ ਹੋਏ ਵੀਰਾਂ ਨੂੰ, ਨੌਜਵਾਨਾਂ ਨੂੰ ਕਿ ਤੁਹਾਨੂੰ ਮੁੱਖ ਧਾਰਾ ਵਿਚ ਆ ਜਾਣਾ ਚਾਹੀਦਾ ਹੈ। ਸਰਕਾਰ ਨੂੰ ਉਨ੍ਹਾਂ ਨੂੰ ਰੁਜ਼ਗਾਰ ਦੇਣਾ ਚਾਹੀਦਾ ਹੈ। ਸਰਕਾਰ ਨੂੰ ਉਨ੍ਹਾਂ ਦੀ ਅਨਇੰਪਲਾਇਮੈਂਟ ਦੂਰ ਕਰਨੀ ਚਾਹੀਦੀ ਹੈ। ਡਾਕੇ ਮਾਰਕੇ, ਬੈਂਕ ਲੁਟ ਕੇ, ਬਿਜਲੀ ਬੋਰਡ ਦੇ ਦਫਤਰ ਲੁੱਟਕੇ, ਡਾਕਖਾਨੇ ਲੁੱਟਕੇ ਰੁਜ਼ਗਾਰ ਨਹੀਂ ਮਿਲਣਾ। ਉਨ੍ਹਾਂ ਨੂੰ ਮੁੱਖ ਧਾਰਾ ਵਿਚ ਆਉਣਾ ਚਾਹੀਦਾ ਹੈ। ਜਦੋਂ ਕੋਈ ਨਿਰਦੋਸ਼ ਹਿੰਦੂ ਮਾਰਿਆ ਜਾਂਦਾ ਹੈ, ਸਿੱਖੀ ਦਾ ਕਤਲ

[ਸਰਦਾਰ ਕਰਨੈਲ ਸਿੰਘ ਡੋਡ]

ਹੋ ਜਾਂਦਾ ਹੈ, ਜਿਵੇਂ ਸਰਦਾਰ ਅਮਰਜੀਤ ਸਿੰਘ ਦਾ ਕਤਲ ਹੋਇਆ, ਮੁਕਤਸਰ ਵਿਚ ਕਿੰਨੇ ਹਿੰਦੂ ਮਾਰੇ ਗਏ, ਮੈਂ ਉਦੋਂ ਵੀ ਕਿਹਾ ਸੀ ਅਤੇ ਹੁਣ ਫਿਰ ਕਹਿੰਦਾ ਹਾਂ ਕਿ ਹਿੰਦੂ, ਸਿੱਖ ਨਹੀਂ ਮਾਰੇ ਗਏ ਬਲਿਕ ਉਨ੍ਹਾਂ ਦੇ ਧਰਮ ਦਾ ਕਤਲ ਕੀਤਾ ਗਿਆ ਹੈ। ਸਿੱਖ ਦਾ ਧਰਮ ਕਤਲ ਕੀਤਾ ਗਿਆ ਹੈ। ਮੈਂ ਜੋ ਜਜ਼ਬਾਤ ਪੇਸ਼ ਕੀਤੇ ਹਨ ਇਹ ਕੇਵਲ ਧਰਮ ਦੇ ਜਜ਼ਬਾਤ ਹਨ। ਸਿੱਖੀ ਜਜ਼ਬਾਤ ਥਲੇ ਕੀਤੇ ਹਨ।

ਸਪੀਕਰ ਸਾਹਿਬ, ਮੈਂ ਬੇਨਤੀ ਕਰ ਰਿਹਾ ਹਾਂ ਕਿ ਮੈਂ ਪਾਰਟੀਸ਼ਨ ਤੋਂ ਪਹਿਲਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਲਾਹੌਰ ਹਾਈ ਕਮਾਂਡ ਐਗਜ਼ੈਕਟਿਵ ਦਾ ਮੈਂਬਰ ਸੀ। ਸਾਡੀ ਫੈਡਰੇਸ਼ਨ ਕਲਮ ਵਾਲੀ ਸੀ, ਕੰਮ ਕਰਨ ਵਾਲੀ ਸੀ ਪਰ ਬੰਦੂਕਾਂ ਵਾਲੀ ਨਹੀਂ ਸੀ। (ਵਿਘਨ) ਇਹ ਉਦੋਂ ਜੰਮੇ ਵੀ ਨਹੀਂ ਸਨ। ਮੈਂ 1955 ਵਿਚ ਮਾਸਟਰ ਤਾਰਾ ਸਿੰਘ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦਾ ਮੈਂਬਰ ਰਿਹਾ ਹਾਂ। ਮੈਂ 1955 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਦਾ ਮੈਂਬਰ ਸੀ। ਮੈਂ ਗੌਰਵ ਨਾਲ ਕਹਿ ਸਕਦਾ ਹਾਂ ਕਿ ਇਹ ਜਿਹੜੇ ਸਾਥੀ ਬੈਠੇ ਹਨ ਜਿਹੜੇ ਆਪਣੇ ਆਪ ਨੂੰ ਲੀਡਰ ਕਹਿੰਦੇ ਹਨ ਮੈਂ ਇਨ੍ਹਾਂ ਸਾਰਿਆਂ ਨਾਲੋਂ ਸੀਨੀਅਰ ਸੀ। ਸਪੀਕਰ ਸਾਹਿਬ, ਮੈਂ ਜੋ ਗੱਲ ਕਹੀ ਹੈ ਇਹ ਮੈਂ ਧਰਮ ਦੇ ਜਜ਼ਬਾਤ, ਸਿੱਖੀ ਦੇ ਜਜ਼ਬਾਤ ਥੱਲੇ ਕੀਤੀ ਹੈ। ਮੈਂ ਕਹਾਂਗਾ ਕਿ ਪੰਜਾਬ ਦੇ ਹਾਲਾਤ ਨੂੰ ਹੋਰ ਅੱਗ ਨਾ ਲਾਓ। (ਘੰਟੀ) ਨਹੀਂ ਤਾਂ ਇਤਿਹਾਸਕਾਰ ਤੁਹਾਡੇ ਕਾਰਨਾਮੇ ਲਿਖਣਗੇ। ਇਹ ਜਿਹੜੇ ਮੇਰੇ ਖੱਬੇ ਪਾਸੇ ਬੈਠੇ ਹਨ ਇਹ ਪੰਜਾਬ ਨੂੰ ਮਚਦੇ ਭਾਂਬੜਾਂ ਵਿਚ ਨਾ ਸੁੱਟਣ, ਨਹੀਂ ਤਾਂ ਇਤਿਹਾਸਕਾਰ ਲਿਖਣਗੇ ਕਿ ਇਹਨਾਂ ਨੇ ਪੰਜਾਬ ਦੀ ਤਬਾਹੀ ਵਿੱਚ ਕਿੰਨਾ ਯੋਗਦਾਨ ਪਾਇਆ ਹੈ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਤੁਹਾਡਾ ਮੈਂ ਧੰਨਵਾਦ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਗਵਰਨਰ ਸਾਹਿਬ ਦੇ ਐਡਰੈਸ ਤੇ ਜਿਹੜਾ ਧੰਨਵਾਦ ਦਾ ਮਤਾ ਹੈ, ਉਸ ਨੂੰ ਪਾਸ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਤਿਕਾਰਯੋਗ ਸਪੀਕਰ ਸਾਹਿਬ, ਗਵਰਨਰ ਦੇ ਐਡਰੈਸ ਤੇ ਇਸ ਵਾਰ ਖੁਲ੍ਹਾ ਟਾਈਮ ਦੇ ਕੇ ਬਹਿਸ ਹੋਈ ਹੈ ਔਰ ਸਾਰੀਆਂ ਪਾਰਟੀਆਂ ਨੇ ਇਸ ਵਿਚ ਹਿਸਾ ਲਿਆ ਹੈ। ਸਾਰੇ ਪੱਖਾਂ ਤੋਂ ਇਥੇ ਗੱਲਾਂ ਆਈਆਂ ਔਰ ਆਪ ਨੇ ਬੜੀ ਖੁਲ੍ਹਦਿਲੀ ਨਾਲ ਸਾਰਿਆਂ ਨੂੰ ਟਾਈਮ ਦਿੱਤਾ। ਇਸ ਤੋਂ ਸਭ ਤੋਂ ਪਹਿਲੇ ਬੋਲਣ ਵਾਲੇ ਵਿਰੋਧੀ ਧਿਰ ਦੇ ਨੇਤਾ, ਆਪੋਜ਼ੀਸ਼ਨ ਦੇ ਲੀਡਰ ਮਿਸਿਜ਼ ਬਰਾੜ ਸਨ। ਉਨ੍ਹਾਂ ਨੇ ਇਸ ਐਡਰੈਸ ਦੀ ਭਰਪੂਰ ਸ਼ਲਾਘਾ ਕੀਤੀ। ਮੈਂ ਹੋਰਨਾ ਨੂੰ ਵੀ ਸੁਣਦਾ ਰਿਹਾ ਹਾਂ। ਤਕਰੀਬਨ ਸਾਰਿਆਂ ਦੀ ਸਪੀਚ ਸੁਣੀ ਹੈ ਔਰ ਬਹੁਤਾ ਕਿੰਤੂ ਨਹੀਂ ਹੋਇਆ ਇਸ ਐਡਰੈਸ ਤੇ ਸਿਵਾਏ ਕੁਝ ਮੇਰੇ ਵੀਰਾਂ ਤੋਂ ਜੋ ਸਾਡੇ ਤੋਂ ਰੁੱਸ ਕੇ ਉਧਰ ਚਲੇ ਗਏ ਹਨ, ਉਨ੍ਹਾਂ ਤੋਂ ਇਲਾਵਾ ਇਸ ਐਡਰੈਸ ਦੀ ਸ਼ਲਾਘਾ ਹੋਈ ਹੈ ਕਿਉਂਕਿ ਇਸ ਦੇ ਵਿਚ ਜੋ ਕੁਝ ਲਿਖਿਆ ਗਿਆ ਹੈ, ਜੋ ਕੁਝ ਅੰਕਿਤ ਕੀਤਾ ਗਿਆ ਹੈ ਉਹ ਕੋਈ ਗਲਤ ਨਹੀਂ ਸੀ। ਜੋ ਗੱਲਾਂ ਇਸ ਵਿਚ ਦਰਜ ਹਨ ਉਹ ਸਹੀ ਪ੍ਰਾਪਤੀਆਂ ਦੀਆਂ ਹਨ। ਇਹ ਕੌਣ ਨਹੀਂ ਜਾਣਦਾ ਕਿ ਪਿਛਲਾ ਸਾਲ ਜੋ ਲੰਘਿਆ ਹੈ ਉਹ ਔਕੜਾਂ ਦਾ ਸਾਲ ਸੀ। ਰੋਜ਼ ਕੋਈ ਨਾ ਕੋਈ ਨਵੀਂ ਸਮੱਸਿਆ ਸਾਹਮਣੇ ਆਉਂਦੀ ਸੀ। ਇਥੋਂ ਦੇ ਹਾਲਾਤ ਵਿਗਾੜਨ ਦੀ ਕੋਸ਼ਿਸ਼ ਕੀਤੀ ਗਈ ਪਰ ਬਾਵਜੂਦ ਇਸ ਮਾਹੌਲ ਦੇ ਪੰਜਾਬ ਦੀ ਪਰਗਤੀ ਹੋਈ ਅਤੇ ਹਰ ਖੇਤਰ ਵਿਚ ਹੋਈ। ਇਸ ਕਰਕੇ ਗਵਰਨਰ ਸਾਹਿਬ ਨੇ ਇਸ ਖੂਬਸੂਰਤ ਐਡਰੈਸ ਦੇ ਪੰਨਾ 8 ਤੇ ਸਾਰਾ

ਖੁਲਾਸਾ ਜਿਹਾ ਲਿਖਕੇ ਦੇ ਦਿਤਾ ਹੈ। ਇਹ ਰਿਕਾਰਡ ਦੀ ਗੱਲ ਹੈ। ਬਾਵਜੂਦ ਹਾਲਾਤ ਖਰਾਬ ਹੋਣ ਦੇ, ਇਹ ਜੋ ਕੁਝ ਵੀ ਹੋਇਆ ਹੈ, ਇਹ ਰਿਕਾਰਡ ਦੀ ਗੱਲ ਹੈ।

> "It is a matter of great pride that due to the new policy initiatives taken by my Government and the relentless and determined hard work of our farmers, peasants, agricultural labourers, industrial workers and all others engaged in trying to revive the economy of Punjab, our State has recorded outstanding achievements in various fields during this year".

ਐਗਰੀਕਲਚਰ ਦੇ ਵਿਚ ਰਿਕਾਰਡ ਮਾਤ ਕਰ ਦਿੱਤਾ। 110 ਲੱਖ ਟਨ ਦੇ ਕਰੀਬ ਪੈਦਾਵਾਰ ਹੋਈ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਝੋਨੇ ਦੇ ਬਾਰੇ ਸਰਦਾਰ ਬਲਦੇਵ ਸਿੰਘ ਮਾਨ ਨੇ ਜ਼ਿਕਰ ਕੀਤਾ ਹੈ। 75 ਲੱਖ ਟਨ ਝੋਨਾ ਕਦੇ ਅੱਗੇ ਮੰਡੀਆਂ ਵਿੱਚ ਨਹੀਂ ਸੀ ਆਇਆ। ਇਸੇ ਤਰ੍ਹਾਂ ਗੰਨੇ ਦੀ ਪੈਦਾਵਾਰ ਅੱਗੇ ਕਦੇ ਇਤਨੀ ਨਹੀਂ ਸੀ ਹੋਈ। ਗੰਨੇ ਦੀ ਪੈਦਾਵਾਰ ਇਤਨੀ ਜ਼ਿਆਦਾ ਹੋਣ ਕਰਕੇ ਹੀ ਸ਼ੂਗਰ ਮਿਲਾਂ ਦੇ ਬਾਰੇ ਮਾਨਯੋਗ ਮੈਂਬਰਜ਼ ਕਹਿ ਰਹੇ ਹਨ, ਸ਼ੂਗਰ ਮਿਲਾਂ ਦੇ ਚਰਚੇ ਹੋਏ ਹਨ ਇਤਨੇ ਜੋ ਅੱਜੇ ਕਦੇ ਨਹੀਂ ਸੀ ਹੋਏ। ਫਿਰ ਨਰਮੇ ਕਪਾਹ ਦੀ ਗੱਲ ਆਈ। ਉਹ ਵੀ ਰਿਕਾਰਡ ਤੋੜ ਹੋਇਆ। ਸਾਡਾ ਅੰਦਾਜ਼ਾ ਸੀ ਕਿ 15 ਲੱਖ ਟਨ ਹੋਵੇਗਾ ਪਰ ਇਹ 16 ਲੱਖ 41 ਹਜ਼ਾਰ ਗਠਾਂ ਹੋ ਗਈਆਂ। ਹਰ ਪਾਸਿਉਂ ਤਕਰੀਬਨ ਤਕਰੀਬਨ ਰਿਕਾਰਡ ਤੋੜੇ ਗਏ। ਇਹ ਗੱਲ ਸਾਧਾਰਣ ਤਰੀਕੇ ਨਾਲ ਨਹੀਂ ਹੁੰਦੀ, ਇਸ ਦੇ ਵਾਸਤੇ ਮਿਹਨਤ ਕਰਨੀ ਪੈਂਦੀ ਹੈ ਔਰ ਉਸੇ ਮਿਹਨਤ ਦੇ ਨਤੀਜੇ ਵਜੋਂ ਇਹ ਅਚੀਵਮੈਂਟਸ ਸਾਡੇ ਸਾਹਮਣੇ ਆਈਆਂ ਹਨ। ਇਸ ਦੇ ਵਾਸਤੇ ਸਾਰੇ ਸਦਨ ਦੇ ਮਾਨਯੋਗ ਮੈਂਬਰਾਂ ਨੇ ਸਰਾਹਨਾ ਕੀਤੀ ਹੈ। ਜਿਥੇ ਸਪੀਕਰ ਸਾਹਿਬ, ਅਸੀਂ ਯਤਨ ਕੀਤਾ ਹੈ ਕਿ ਪੈਦਾਵਾਰ ਵਧੇ ਉਥੇ ਸਾਨੂੰ ਹੋਰ ਕਈ ਯਤਨ ਵੀ ਕਰਨੇ ਪਏ, ਪੈਦਾਵਾਰ ਵਧ ਗਈ ਪਰ ਇਥੇ ਪਹਿਲਾਂ ਕੋਈ ਪ੍ਰਚੇਜ਼ ਠੀਕ ਨਾ ਹੋਈ। ਕਿਸਾਨ ਨੂੰ ਬੜੀ ਔਖ ਉਠਾਉਣੀ ਪੈਂਦੀ ਸੀ। ਪਿਛਲੀ ਵਾਰੀ ਤੁਹਾਨੂੰ ਯਾਦ ਹੋਵੇਗਾਂ ਜਦੋਂ ਸ਼ੁਰੂ ਸ਼ੁਰੂ ਵਿਚ ਹਾਲੀਂ ਸਰਕਾਰ ਸਾਡੀ ਬਣੀ ਸੀ ਤਾਂ ਉਸ ਵੇਲੇ ਕਾਫੀ ਦਿਕਤਾਂ ਸਾਹਮਣੇ ਆਈਆਂ, ਔਕੜਾਂ ਆਈਆਂ ਅਤੇ ਉਨ੍ਹਾਂ ਨੂੰ ਫਿਰ ਅਸੀਂ ਜਲਦੀ ਹੀ ਹੱਲ ਕਰ ਸਕੇ। ਹੁਣ ਅਸੀਂ ਪਹਿਲਾਂ ਇਸ ਗੱਲ ਦਾ ਪ੍ਰਬੰਧ ਕਰ ਲਿਆ ਹੈ ਕਿ ਕਿਸਾਨਾਂ ਨੂੰ ਕੋਈ ਮੁਸ਼ਕਿਲ ਨਾ ਆਵੇ। ਕੋਸ਼ਿਸ਼ ਇਹ ਵੀ ਕੀਤੀ ਗਈ ਕਿ 2–4 ਰੁਪਏ ਮੁੱਲ ਜ਼ਿਆਦਾ ਕਿਸਾਨ ਨੂੰ ਮਿਲੇ। ਜਦੋਂ ਸਾਡੀ ਸਰਕਾਰ ਹਾਲੀਂ ਨਹੀਂ ਸੀ ਬਣੀ ਤਾਂ ਸ਼ੁਰੂ ਸ਼ੁਰੂ ਵਿਚ ਕਪਾਹ ਤੇ ਨਰਮੇ ਦੇ ਭਾਅ ਕੁਝ ਗਿਰ ਗਏ। ਸ਼ੁਰੂ ਸ਼ੁਰੂ ਵਿੱਚ ਕੁਝ ਇਸ ਦੀ ਮੁਸ਼ਕਿਲ ਸਾਨੂੰ ਪੇਸ਼ ਆਈ। ਉਸ ਦੇ ਵਾਸਤੇ ਫਿਰ ਅਸੀਂ ਆ ਕੇ ਕੋਸ਼ਿਸ਼ ਕੀਤੀ। ਸਾਡੇ ਐਗਰੀਕਲਚਰ ਮਨਿਸਟਰ ਸਾਹਿਬ ਵੀ ਦਿੱਲੀ ਗਏ ਮੈਂ ਵੀ ਗਿਆ ਅਤੇ ਫਾਈਨਾਂਸ ਮਨਿਸਟਰ ਸਾਹਿਬ ਨੇ ਵੀ ਯਤਨ ਕੀਤਾ ਕਿਉਂਕਿ ਇਹ ਕਾਟਨ ਜੋ ਹੈ ਉਹ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਦੇ ਹਥਾਂ ਵਿੱਚ ਆਉਂਦੀ ਹੈ। ਸੋ ਇਸ ਸਿਲਸਿਲੇ ਵਿੱਚ ਅਸੀਂ ਦਿੱਲੀ ਜਾਂਦੇ ਰਹੇ। ਇਸ ਕਾਟਨ ਦੇ ਸਿਲਸਿਲੇ ਵਿੱਚ ਕੋਈ ਐਸੀ ਗੱਲ ਹੈ ਕਿ ਜੇ ਕਾਟਨ ਐਕਸਪੋਰਟ ਹੋ ਜਾਵੇ ਤਾਂ ਉਸ ਦਾ ਭਾਅ ਵੱਧ ਜਾਂਦਾ ਹੈ ਅਤੇ ਜੇ ਐਕਸਪੋਰਟ ਨਾ ਹੋਵੇ ਤਾਂ ਭਾਅ ਕੁਝ ਘੱਟ ਜਾਂਦਾ ਹੈ ਅਤੇ ਜੇ ਇਮਪੋਰਟ ਹੋ ਜਾਵੇ ਤਾਂ ਭਾਅ ਹੋਰ ਥੱਲੇ ਆ ਜਾਂਦਾ ਹੈ। ਅਸੀਂ ਯਤਨ ਕੀਤਾ ਕਿ ਇਹ ਐਕਸਪੋਰਟ ਹੋਵੇ। ਪਹਿਲਾਂ ਜਿਥੇ ਇਮਪੋਰਟ ਹੁੰਦੀ ਸੀ ਉਥੇ ਇਹ ਹੁਣ ਐਕਸਪੋਰਟ ਹੋਈ। ਬੰਗਾਲ ਕਾਟਨ ਨੂੰ ਜਾਂ ਹੋਰ ਦੂਸਰਾ ਨਰਮਾ ਜੋ ਅੱਛਾ ਹੈ ਉਸ ਨੂੰ ਬਾਹਰ ਭੇਜਣ ਦੀ ਗੱਲ ਚਲੀ। ਅਸੀਂ ਯਤਨ ਕਰਕੇ ਇਥੇ ਕਾਟਨ ਕਾਰਪੋਰੇਸ਼ਨ ਆਫ ਇੰਡੀਆ ਨੂੰ ਲਿਆਂਦਾ, ਮਾਰਕਫੈੱਡ ਨੂੰ ਮੰਡੀਆਂ ਵਿਚ ਲਿਆਂਦਾ ਔਰ ਕਿਸਾਨ ਨੂੰ ਇਸ ਦਾ ਅੱਛਾ ਭਾਅ ਮਿਲਿਆ ਔਰ ਤਕਰੀਬਨ ਤਕਰੀਬਨ ਸਾਢੇ ਪੰਜ ਸੌ ਰੁਪਏ ਜਾਂ ਸਾਢੇ ਪੰਜ ਸੌ ਰੁਪਏ ਤੋਂ ਉਪਰ ਕਿਸਾਨ ਨੂੰ ਇਸ ਦਾ ਭਾਅ ਮਿਲਿਆ। ਇਹ ਸਾਰਾ ਕੁਝ

[ਮੁੱਖ ਮੰਤਰੀ]

ਅਸੀਂ ਆਪਣੇ ਯਤਨਾਂ ਨਾਲ ਕੀਤਾ। ਜਿਥੇ, ਸਪੀਕਰ ਸਾਹਿਬ, ਕਪਾਹ ਅਤੇ ਨਰਮੇਂ ਦੀ ਗੱਲ ਅਸੀਂ ਆਪਣੇ ਯਤਨਾਂ ਨਾਲ ਕੀਤੀ ਉਥੇ ਅਸੀਂ ਇਸ ਗੱਲ ਦਾ ਵੀ ਯਤਨ ਕੀਤਾ ਕਿ ਤੇਲ ਬੀਜ ਅਤੇ ਦਾਲਾਂ ਦੀਆਂ ਜੋ ਫਸਲਾਂ ਹਨ ਇਹ ਬਹੁਤ ਘੱਟ ਸਨ, ਇਨ੍ਹਾਂ ਦੋਨਾਂ ਚੀਜ਼ਾਂ ਦੀ ਪੈਦਾਵਾਰ ਕੋਈ ਬਹੁਤੀ ਵਧੀ ਨਹੀਂ ਸੀ। ਜਦੋਂ ਮੈਂ ਦਿੱਲੀ ਵਿਚ ਐਗਰੀਕਲਚਰ ਮਨਿਸਟਰ ਦੇ ਤੌਰ ਤੇ ਸੇਵਾ ਕਰਦਾ ਸੀ ਤਾਂ ਉਸ ਵੇਲੇ ਵੀ ਮੈਨੂੰ ਯਾਦ ਹੈ ਕਿ ਮੈਂ ਦਾਲਾਂ ਦੀ ਪੈਦਾਵਾਰ ਨੂੰ ਵਧਾਉਣ ਵਾਸਤੇ ਕਾਫੀ ਯਤਨ ਕੀਤਾ ਸੀ। ਬਾਹਰਲੇ ਮੁਲਕਾਂ ਵਿਚ ਦਾਲਾਂ ਨਹੀਂ ਮਿਲਦੀਆਂ। ਬਰਮਾ ਜਾਂ ਥਾਈਲੈਂਡ ਤੋਂ ਇਲਾਵਾ ਹੋਰ ਕਿਧਰੇ ਦਾਲਾਂ ਨਹੀਂ ਮਿਲਦੀਆਂ। ਇਸੇ ਤਰ੍ਹਾਂ ਆਇਲ ਸੀਡਜ਼ ਦੀ ਪੈਦਾਵਰ ਵੀ ਬਹੁਤ ਨਾਂ ਵੱਧ ਸਕੀ। ਬਾਹਰਲੇ ਦੇਸ਼ਾਂ ਤੋਂ ਇਥੇ 11-11, 12-12 ਕਰੋੜ ਰੁਪਏ ਦਾ ਤੇਲ ਬਾਹਰੋਂ ਸਾਨੂੰ ਲਿਆਉਣਾ ਪਿਆ। ਇਸ ਦੇ ਲਈ ਅਸੀਂ ਯਤਨ ਕੀਤਾ ਕਿ ਪੰਜਾਬ ਵਿੱਚ ਤੇਲ ਬੀਜ ਅਤੇ ਦਾਲਾਂ ਦੀ ਪੈਦਾਵਾਰ ਜੋ ਹੈ ਇਹ ਹੋਰ ਵਧਾਈ ਜਾਵੇ ਔਰ ਹੋਰ ਵਧਾਉਣ ਦਾ ਅਸੀਂ ਯਤਨ ਕਰ ਰਹੇ ਹਾਂ। ਫਲਾਂ ਦੀ ਪੈਦਾਵਾਰ ਵੱਧ ਗਈ ਸਾਡੇ ਵਾਸਤੇ ਪ੍ਰਾਬਲਮ ਬਣ ਗਈ। ਫਲਾਂ ਦੀ ਮਾਰਕਿਟਿੰਗ ਦਾ ਝਗੜਾ ਹੈ। ਇਸ ਦੇ ਲਈ ਲੋੜ ਹੈ ਪ੍ਰਾਸੈਸਿੰਗ ਦੀ। ਪ੍ਰਾਸੈਸਿੰਗ ਦਾ ਇਕ ਛੋਟਾ ਜਿਹਾ ਕਾਰਖਾਨਾ ਹੈ ਅਬੋਹਰ ਵਿਚ ਉਹ ਆਪਣੇ ਇਲਾਕੇ ਵਾਸਤੇ ਵੀ ਕਾਫੀ ਨਹੀਂ। ਟਮਾਟਰਾਂ ਦੀ ਐਸੀ ਹਾਲਤ ਹੋ ਗਈ ਸੀ ਕਿ ਸੁਟਣੇ ਪੈ ਗਏ ਸਨ। ਅਸੀਂ ਯਤਨ ਕੀਤਾ ਕਿ ਵੱਡੇ ਪ੍ਰਾਸੈਸਿੰਗ ਦਾ ਸਿਲਸਿਲਾ ਸ਼ੁਰੂ ਕੀਤਾ ਜਾਏ ਤਾਕਿ ਪੰਜਾਬ ਦਾ ਮਸਲਾ ਹਲ ਹੋ ਜਾਵੇ। ਅਸੀਂ ਚਾਹੁੰਦੇ ਹਾਂ ਕਿ ਪੈਦਾਵਾਰ ਦੀ ਡਾਈਵਰਸੀਫਿਕੇਸ਼ਨ ਕਰ ਸਕੀਏ। ਅਸੀਂ ਚਾਹੁੰਦੇ ਹਾਂ ਕਿ ਕਿਸਾਨ ਹੋਰ ਕੰਮ ਕਰਨ ਜਿਸ ਨਾਲ ਉਨ੍ਹਾਂ ਨੂੰ ਫਾਇਦਾ ਹੋ ਸਕੇ। ਅਸੀਂ ਐਗਰੋ ਇੰਡਸਟਰੀ ਦੇ ਨਾਲ, ਪੈਪਸੀ ਔਰ ਟਾਟਾ ਦੇ ਨਾਲ ਮਿਲ ਕੇ ਪ੍ਰਾਸੈਸਿੰਗ ਦੇ ਯਤਨ ਕਰ ਰਹੇ ਹਾਂ। ਫਿਰ ਇਥੇ ਗਲ ਆ ਜਾਂਦੀ ਹੈ ਮਨਜ਼ੂਰੀ ਦੀ, ਮਨਜ਼ੂਰੀ ਲੈਣੀ ਪੈਂਦੀ ਹੈ। ਸਾਨੂੰ ਦਿਕਤਾਂ ਆ ਜਾਂਦੀਆਂ ਹਨ। 6 ਮਹੀਨਿਆਂ ਤੋਂ ਕਦੇ ਪਾਰਲੀਆਮੈਂਟ ਵਿਚ ਅਤੇ ਕਦੇ ਬਾਹਰ ਇਹ ਸਿਲਸਿਲਾ ਇਥੇ ਚਲ ਰਿਹਾ ਹੈ। ਅਗਰ ਸਾਨੂੰ ਅਖਤਿਆਰ ਹੁੰਦਾ ਤਾਂ ਪ੍ਰਾਸੈਸਿੰਗ ਫੈਸਿਲਟੀਜ਼ ਆਈਆਂ ਹੁੰਦੀਆਂ ਅਤੇ ਜੇ ਪ੍ਰਾਸੈਸਿੰਗ ਫੈਸਿਲਟੀ ਹੋਵੇ ਤਾਂ 55 ਕਰੋੜ ਰੁਪਏ ਦਾ ਫੂਡ ਅਤੇ ਫਰੂਟ ਆ ਜਾਵੇ ਇਸ ਦੇ ਨਾਲ ਸੂਬੇ ਦੀ ਤਰੱਕੀ ਹੋਵੇ। ਇਥੇ ਇਨ੍ਹਾਂ ਨੇ ਰਿਸਰਚ ਅਤੇ ਟੈਕਨਾਲੋਜੀ ਨੂੰ ਬੜ੍ਹਾਵਾ ਦੇਣਾ ਹੈ। ਇਹ ਇੰਸਟੀਚਿਊਸ਼ਨਜ਼ ਬਣਦੇ ਹਨ। ਫਿਰ ਦੇਸ਼ ਦੀਆਂ ਹੋਰ ਥਾਵਾਂ ਤੇ ਇਸ ਕਿਸਮ ਦੀਆਂ ਗਲਾਂ ਕਰ ਸਕਾਂਗੇ। ਮੈਨੂੰ ਆਸ ਹੈ ਕਿ ਜਲਦੀ ਹੀ ਇਸ ਦੀ ਮਨਜ਼ੂਰੀ ਪ੍ਰਾਪਤ ਹੋ ਜਾਵੇਗੀ। ਇਥੇ ਸ਼ੂਗਰ ਮਿਲਾਂ ਦੀ ਗਲ ਕਰ ਰਹੇ ਸਨ। ਇਸ ਦਾ ਜ਼ਿਕਰ ਆਇਆ। ਗੰਨੇ ਦੀ ਪੈਦਾਵਾਰ ਵਧੀ ਕਿਉਂਕਿ 19 ਹਜ਼ਾਰ ਹੈਕਟੇਅਰ ਰਕਬਾ ਇਸ ਦੇ ਥੱਲੇ ਲਿਆਂਦਾ ਗਿਆ ਹੈ। ਇਸਦੀ ਜਿਹੜੀ ਰਿਕਵਰੀ ਹੈ ਉਹ ਵੀ ਵੱਧੀ ਹੈ। ਹੁਣ ਰਿਕਵਰੀ ਸੋਹਣੀ ਹੋ ਗਈ ਹੈ ਇਹ ਕੋਈ 11 ਅਤੇ ਇਸਤੋਂ ਉਤੇ ਚਲੀ ਗਈ ਹੈ। ਇਹ ਅੱਛਾ ਹੋ ਗਿਆ ਹੈ। ਸਾਨੂੰ ਖੁਸ਼ੀ ਹੈ ਕਿ ਅਸੀਂ ਹੋਰ ਮਿੱਲਾਂ ਲਾ ਰਹੇ ਹਾਂ। ਪਿਛਲੇ ਸਾਲ ਦੋ ਮਿਲਾਂ ਹੋਰ ਸ਼ੁਰੂ ਕੀਤੀਆਂ ਹਨ। ਜਿਸ ਤਰ੍ਹਾਂ ਚੰਦੂਮਾਜਰਾ ਜੀ ਨੇ ਕਿਹਾ ਹੈ ਕਿ ਅਸੀਂ 6 ਮਿਲਾਂ ਹੋਰ ਲਾ ਰਹੇ ਹਾਂ ਉਨ੍ਹਾਂ ਦੀ ਸਹਿਮਤੀ ਹੋ ਗਈ ਹੈ ਇਹ ਵੀ ਗਏ ਸਨ ਅਤੇ ਮੈਂ ਖੁਦ ਵੀ ਜਾ ਕੇ ਆਇਆ ਹਾਂ। ਇਥੇ ਗੱਲ ਉਹੀ ਅਨੰਦਪੁਰ ਸਾਹਿਬ ਦੇ ਮਤੇ ਵਾਲੀ ਆ ਜਾਂਦੀ ਹੈ। ਇਹ ਗੱਲ ਆਈ ਕਿ ਅਧਿਕਾਰ ਸੂਬੇ ਵਿਚ ਹੋਣੇ ਚਾਹੀਦੇ ਹਨ ਜਿਹੜੇ ਉਨਤੀ ਦੇ ਕੰਮ ਹਨ ਸੂਬੇ ਕਰ ਸਕਣ ਇਸ ਦੇ ਅਖਤਿਆਰ ਹੋਣੇ ਚਾਹੀਦੇ ਹਨ। ਇਸ ਦੇ ਲਈ ਛੇ ਛੇ ਮਹੀਨੇ ਨਹੀਂ ਲਾਉਣੇ ਚਾਹੀਦੇ ਹਨ। ਵਿਧਾਨ ਇਸ ਤਰ੍ਹਾਂ ਦਾ ਬਣਿਆ ਹੋਇਆ ਹੈ ਇਸ ਦਾ ਝਗੜਾ ਪੈਂਦਾ ਹੈ ਇਸ ਦੇ ਨਾਲ ਸੈਂਟਰ ਦੇ ਅਧੀਕਾਰ ਵੱਧੇ ਹਨ ਅਤੇ ਸੂਬਿਆਂ ਦੇ ਘੱਟੇ ਹਨ।

ਅਸੀਂ ਮਿਲਾਂ ਲਾਉਣਾ ਚਾਹੁੰਦੇ ਹਾਂ ਪੈਸਾ ਤਾਂ ਹੈ ਕੋਆਪ੍ਰੇਟਿਵ ਕਰਕੇ ਅਸੀਂ ਪ੍ਰਬੰਧ ਕਰ ਲੈਂਦੇ ਹਾਂ, ਜਾਂ ਇੰਸਟੀਚਿਊਸ਼ਨਾਂ ਦਾ ਪ੍ਰਬੰਧ ਕਰ ਲੈਂਦੇ ਹਾਂ। ਸਾਨੂੰ ਅਖਤਿਆਰ ਹੋਣਾ ਚਾਹੀਦਾ ਹੈ ਇਸ ਕਰਕੇ ਅਸੀਂ ਅਨੰਦਪੁਰ ਸਾਹਿਬ ਦਾ ਮੱਤਾ ਲਿਆਉਂਦੇ ਰਹੇ ਹਾਂ ਔਰ ਸੂਬੇ ਲਈ ਵੱਧ ਅਧੀਕਾਰ ਮੰਗਦੇ ਰਹੇ ਹਾਂ, ਉਹ ਮੰਗ ਅਜੇ ਪੈਂਡਿੰਗ ਹੈ ਫੈਸਲੇ ਹੋਣੇ ਹਨ। ਇਥੇ ਹਾਲਾਤ ਸੁਖਾਵੇਂ ਨਹੀਂ ਸਨ ਬਾਵਜੂਦ ਇਸ ਗਲ ਦੇ ਇੰਡਸਟਰੀ ਨੂੰ ਖਿਚਿਆ ਹੈ ਬਾਹਰਲੇ ਸੂਬਿਆਂ ਤੋਂ ਇੰਡਸਟਰੀ ਆ ਰਹੀ ਹੈ, ਵੱਡੇ ਵੱਡੇ ਇੰਡਸਟਰੀ ਹਾਊਸਿਜ਼ ਨੂੰ ਪ੍ਰੇਰਿਆ ਹੈ, ਉਹ ਇਥੇ ਇੰਡਸਟਰੀ ਲਾਉਣ ਨੂੰ ਆ ਰਹੇ ਹਨ। ਕਈ ਯੂਨਿਟ ਲਗਾਏ ਵੀ ਹਨ। ਪਿਛਲੇ ਸਾਲ ਕੋਈ 16 ਯੂਨਿਟਾਂ ਦੇ ਨੀਂਹ ਪੱਥਰ ਅਤੇ ਫੀਤੇ ਮੈਂ ਆਪ ਕੱਟੇ ਹਨ। ਫਿਰ ਇੰਡਸਟਰੀ ਮਨਿਸਟਰ ਨੇ ਵੀ ਕਈ ਇੰਡਸਟਰੀਜ਼ ਦੇ ਉਦਘਾਟਨ ਕੀਤੇ ਹਨ। ਇਸ ਤੋਂ ਇਲਾਵਾ ਢਾਈ ਸੌ ਕਰੋੜ ਰੁਪਏ ਦੀ ਇੰਡਸਟਰੀ ਪੰਜਾਬ ਦੇ ਅੰਦਰ ਖੜੀ ਕੀਤੀ ਗਈ ਹੈ। ਇਹ ਉਦੋਂ ਹੋ ਰਿਹਾ ਹੈ ਜਦੋਂ ਪੰਜਾਬ ਦੇ ਵਿਚ ਗੜਬੜ ਦਾ ਮਾਹੌਲ ਹੈ। ਅਖਬਾਰਾਂ ਵਿਚ ਬਹੁਤ ਕੁਝ ਆ ਜਾਂਦਾ ਹੈ ਜਿਸ ਕਰਕੇ ਜਿਹੜੇ ਗੁਜਰਾਤ, ਕਲਕੱਤਾ, ਬੰਬਈ ਵਿੱਚ ਬੈਠੇ ਸਰਮਾਇਆਦਾਰ ਧਨਾਢ ਹਨ, ਉਹ ਥੋੜਾ ਜਿਹਾ ਘਬਰਾ ਜਾਂਦੇ ਹਨ ਲੇਕਿਨ ਫਿਰ ਵੀ ਇਨਾ ਕੁਝ ਹੋ ਰਿਹਾ ਹੈ। ਅਸੀਂ ਯਤਨ ਕੀਤੇ ਹਨ ਅਤੇ ਸੂਬੇ ਦੇ ਪਾਣੀ ਬਿਜਲੀ ਦੇ ਹਾਲਾਤ ਚੰਗੇ ਬਣੇ ਹੋਏ ਹਨ। ਮੈਨੂੰ ਖੁਸ਼ੀ ਹੈ ਇਹ ਦਸ ਕੇ ਕਿ ਸਾਰੇ ਨਾਰਦਰਨ ਏਰੀਆ ਵਿਚੋਂ ਪੰਜਾਬ ਦੇ ਵਿਚ ਬਿਜਲੀ ਦੀ ਹਾਲਤ ਅੱਛੀ ਹੈ। ਇਹ ਲਗਾਤਾਰ ਸਾਡੇ ਯਤਨਾਂ ਦਾ ਨਤੀਜਾ ਹੈ। ਅਸੀਂ ਬਿਜਲੀ ਦੇ ਨਾਲ ਪਾਣੀ ਵੀ ਦਿੱਤਾ ਹੈ। ਜਦੋਂ ਅਕਾਲੀ ਸਰਕਾਰ ਆਉਂਦੀ ਹੈ, ਜਦੋਂ ਅਕਾਲੀ ਤਾਕਤ ਦੇ ਵਿਚ ਆਉਂਦੇ ਹਨ ਬਿਜਲੀ ਦੀ ਔਰ ਪਾਣੀ ਦੀ ਕਮੀ ਨਹੀਂ ਆਉਣ ਦਿੰਦੀ। ਹੁਣ ਜੋ ਪਿਛਲਾ ਸਮਾਂ ਗੁਜ਼ਰਿਆ ਹੈ ਪਾਣੀ ਦੇ ਰਜਵਾਹਿਆਂ ਤੇ ਕੱਟ ਲਗਾ ਦਿੱਤੀ ਸੀ ਨਾਲੇ ਖੁਸ਼ਕ ਪਏ ਸਨ, ਇਸ ਤਰ੍ਹਾਂ ਬਿਜਲੀ ਵਿਚ ਕਾਫੀ ਕੱਟ ਲੱਗੀ ਹੋਈ ਸੀ ਹੁਣ ਲੋਕ ਉਹ ਸਮਾਂ ਭੁਲ ਗਏ ਹਨ। ਅਸੀਂ ਯਤਨ ਕੀਤਾ ਹੈ ਅਤੇ ਬਿਜਲੀ ਦੀ ਪੈਦਾਵਾਰ ਠੀਕ ਰਹੀ। ਇਸ ਦੇ ਵਾਸਤੇ ਕਾਫੀ ਪ੍ਰੋਵੀਜ਼ਨ ਵੀ ਕੀਤੇ ਜਾਂਦੇ ਹਨ। ਕਈ ਪਾਸਿਉਂ ਯਤਨ ਕੀਤੇ ਕਿਉਂਕਿ ਸਾਡੇ ਪਾਸ ਹਾਈਡਲ ਦੇ ਸਰੋਤ ਤਾਂ ਹੈ ਨਹੀਂ, ਉਹ ਤਾਂ ਹਿਮਾਚਲ ਵਿਚ ਚਲੇ ਗਏ। ਛੋਟੀਆਂ ਛੋਟੀਆਂ ਨਹਿਰਾਂ ਰਹਿ ਗਈਆਂ ਜਾਂ ਅਸੀਂ ਹਾਈਡਲ ਪ੍ਰੋਜੈਕਟਸ ਦਰਿਆਵਾਂ ਤੇ ਲਗਾ ਸਕਦੇ ਹਾਂ। ਅਸੀਂ ਛੋਟੇ ਛੋਟੇ ਹਾਈਡਲ ਸ਼ੁਰੂ ਕੀਤੇ ਹਨ ਤਾਂਕਿ ਇਕ ਮੈਗਾਵਾਟ ਜਾਂ ਡੇਢ ਮੈਗਾਵਾਟ ਬਿਜਲੀ ਮਿਲ ਸਕੇ। ਐਸ. ਵਾਈ. ਐਲ. ਬਣ ਰਹੀ ਹੈ ਇਸਦੇ ਨਾਲ ਦੋ ਬਿਜਲੀ ਘਰ ਬਣਾ ਰਹੇ ਹਾਂ ਕਿ ਬਿਜਲੀ ਲੈ ਸਕੀਏ। ਯੂ. ਬੀ. ਡੀ. ਹੈ ਔਰ ਰੋਪੜ ਦਾ ਥਰਮਲ ਪਲਾਂਟ ਹੈ, ਲੇਕਿਨ ਇਸ ਦੇ ਨਾਲ ਹੀ ਹੋਰ ਬਿਜਲੀ ਪੈਦਾ ਕਰਨ ਦੇ ਯਤਨ ਕਰਦੇ ਹਾਂ। 30 ਮੈਗਾਵਾਟ ਸੂਰਜ ਤੋਂ ਬਿਜਲੀ ਲੈਣ ਦੇ ਯਤਨ ਕਰ ਰਹੇ ਹਾਂ। 90 ਕਰੋੜ ਰੁਪਿਆ ਖਰਚ ਹੋਵੇਗਾ। ਇਸ ਤੇ ਕਾਫੀ ਸਮੇਂ ਤੋਂ ਵਿਚਾਰ ਹੋ ਰਿਹਾ ਸੀ । 30 ਮੈਗਾਵਾਟ ਬਿਜਲੀ ਲੈਣ ਦਾ ਸੂਰਜ ਤੋਂ ਯਤਨ ਕਰ ਰਹੇ ਹਾਂ। 10 ਮੈਗਾਵਾਟ ਰਾਈਸ ਹਸਕ ਤੋਂ। 10 ਮੈਗਾਵਾਟ ਬਿਜਲੀ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਸ ਤੇ ਕੰਮ ਸ਼ੁਰੂ ਹੋਣ ਵਾਲਾ ਹੈ, ਇਸ ਨਾਲ ਕਿਸਾਨਾਂ ਨੂੰ ਲਾਭ ਹੋਵੇਗਾ ਉਸ ਦਾ ਰਾਈਸ ਹਸਕ ਦੇ ਹੋਰ ਪੈਸੇ ਮਿਲਣ ਲਗ ਜਾਣਗੇ। ਉਸ ਨੂੰ ਹੋਰ ਪੈਸੇ ਦੇ ਕੇ ਲਿਆ ਜਾਵੇਗਾ। ਇਸ ਤਰ੍ਹਾਂ ਯਤਨ ਕਰ ਰਹੇ ਹਾਂ ਕਿ ਬਿਜਲੀ ਵੱਧ ਸਾਡੇ ਪਾਸ ਹੋਵੇ। ਜੇਕਰ ਰਾਈਸ ਹਸਕ ਵਾਲੀ ਗੱਲ ਕਾਮਯਾਬ ਹੋ ਗਈ ਫਿਰ ਮੈਂ ਸਮਝਦਾ ਹਾਂ ਕਿ ਬਹੁਤ ਸਾਰੀਆਂ ਥਾਵਾਂ ਤੇ ਇਹ ਪਲਾਂਟ ਲਗਾ ਸਕਾਂਗੇ। ਈਂਧਨ ਦੇ ਤੌਰ ਤੇ ਬਾਲ ਕੇ ਬਿਜਲੀ ਪੈਦਾ ਹੋਵੇਗੀ। ਮੈਂ ਸਮਝਦਾ ਹਾਂ ਕਿ ਖਾਸਾ ਮਸਲਾ ਹੱਲ ਹੋ ਜਾਵੇਗਾ। ਇਕ ਹੋਰ ਵੱਡਾ ਪ੍ਰਾਜੈਕਟ ਹੈ। ਉਸ ਤੇ ਵੀ ਕੰਮ ਹੋ ਰਿਹਾ ਹੈ। ਇਸ ਤੇ ਪਾਵਰ ਬਣਾਉਣ ਵਾਸਤੇ ਜੋ ਗੰਨਾ ਪੀੜਿਆ

[ਮੁੱਖ ਮੰਤਰੀ]

ਜਾਂਦਾ ਹੈ ਉਥੋਂ ਕਾਗਜ਼ ਬਣ ਸਕਦਾ ਹੈ ਔਰ ਤਕਰੀਬਨ ਅੰਦਾਜ਼ਾ ਲਗਾਇਆ ਹੈ ਕਿ 200 ਟਨ ਕਾਗਜ਼ ਬਣ ਸਕਦਾ ਹੈ ਹੁਣ ਉਹ ਜਾਇਆ ਜਾਂਦਾ ਹੈ। ਉਸ ਨੂੰ ਮਿੱਲਾਂ ਵਿਚ ਖੰਡ ਬਨਾਉਣ ਲਈ ਬਾਲ ਦਿੰਦੇ ਹਾਂ। ਉਸ ਦੀ ਜਗਾਹ ਪਰਾਲੀ ਵਰਤੀ ਜਾਵੇਗੀ ਤਾਂਕਿ ਪਰਾਲੀ ਦੀ ਕੀਮਤ ਕਿਸਾਨ ਨੂੰ ਵੱਧ ਮਿਲ ਸਕੇ। ਪਹਿਲਾਂ ਕੋਈ ਕੀਮਤ ਨਹੀਂ ਮਿਲਦੀ ਉਹ ਖੇਤਾਂ ਵਿਚ ਫੂਕ ਦਿੰਦਾ ਹੈ। ਪਰਾਲੀ ਦੇ ਪੈਸੇ ਮਿਲ ਜਾਣਗੇ। ਮੈਂ ਅੰਦਾਜ਼ਾ ਲਗਾਇਆ ਹੈ ਕਿ 25/30 ਰੁਪਏ ਕੁਇੰਟਲ ਤੱਕ ਪੈਸੇ ਮਿਲ ਜਾਣਗੇ। ਜੇਕਰ ਇਹ ਬਣ ਗਏ ਜਿਸ, ਏਰੀਆ ਵਿਚ ਇਹ ਫੈਕਟਰੀ ਲਗੇਗੀ 4/5 ਹਜ਼ਾਰ ਬੰਦਿਆਂ ਨੂੰ ਇੰਪਲਾਇਮੈਂਟ ਮਿਲ ਸਕਦੀ ਹੈ। ਪੈਡੀ ਹਸਕ ਦੀ ਵੀ ਖਪਤ ਹੋ ਜਾਵੇਗੀ, ਕਾਗਜ਼ ਬਣ ਸਕੇਗਾ। ਇਕ ਹੋਰ ਯਤਨ ਕਰ ਰਹੇ ਹਾਂ। ਭਾਵੇਂ ਇਤਨੀਆਂ ਕਠਨਾਈਆਂ ਹਨ ਇਸ ਦੇ ਬਾਵਜੂਦ ਵੀ ਇਹ ਕੰਮ ਕਰ ਰਹੇ ਹਾਂ। ਇਕ ਹੈ ਪੈਟਰੋ-ਕੈਮੀਕਲ ਕੰਪਲੈਕਸ ਦਾ। ਜੇਕਰ ਕਾਮਯਾਬ ਹੋ ਗਏ ਤਾਂ ਪੰਜਾਬ ਦੇ ਵਿਚ ਇੰਡਸਟਰੀਅਲ ਰੈਵੋਲਿਊਸ਼ਨ ਆ ਜਾਵੇਗਾ। ਦੋ ਹਜ਼ਾਰ ਕਰੋੜ ਰੁਪਏ ਦਾ ਪ੍ਰਾਜੈਕਟ ਹੈ ਲੇਕਿਨ ਜਾਪਦਾ ਹੈ ਕਿ ਹੁਣ ਤਕ ਜੋ ਵਿਚਾਰ ਕੀਤਾ ਗਿਆ ਹੈ ਉਹ ਇਹ ਸੀ ਕਿ ਇਸ ਵਿਚ ਕਾਮਯਾਬ ਹੋ ਸਕਾਂਗੇ ਔਰ ਪੰਜਾਬ ਦੇ ਵਿਚ ਐਸੀ ਪਰਗਤੀ ਆਵੇਗੀ ਜਿਸ ਤਰ੍ਹਾਂ ਕਿ ਗਰੀਨ ਰੈਵੋਲਿਊਸ਼ਨ ਆਇਆ ਸੀ। ਏਸ ਤਰ੍ਹਾਂ ਦਾ ਇੰਡਸਟਰੀਅਲ ਰੈਵੋਲਿਊਸ਼ਨ ਆਵੇਗਾ। ਪੈਸੇ ਦੇ ਯਤਨ ਵਿਚ ਲਗੇ ਹੋਏ ਹਾਂ। ਥੀਨ ਡੈਮ ਦਾ ਜ਼ਿਕਰ ਆਇਆ ਹੈ। ਥੀਨ ਡੈਮ ਤੇ ਕਈ ਸਾਲਾਂ ਤੋਂ ਕੰਮ ਚਲ ਰਿਹਾ ਹੈ ਪਰ ਕਦੇ ਉਸ ਤੇ ਦਸ ਕਰੋੜ ਤੇ ਕਦੇ ਪੰਜ ਕਰੋੜ ਰੁਪਿਆ ਲਗ ਗਿਆ ਔਰ ਕੁਝ ਬਣ ਨਹੀਂ ਸੀ ਰਿਹਾ ਹੁਣ ਬੜੇ ਜ਼ੋਰ ਨਾਲ ਕੰਮ ਸ਼ੁਰੂ ਕੀਤਾ ਹੈ। ਪ੍ਰਾਇਮ ਮਨਿਸਟਰ ਨੂੰ ਬੁਲਾਵਾ ਦਿੱਤਾ ਉਹ ਨੀਂਹ ਪੱਥਰ ਰੱਖ ਕੇ ਗਏ। ਦਸ ਹਜ਼ਾਰ ਤੋਂ ਉਪਰ ਕਾਮੇ ਲਗੇ ਹੋਏ ਹਨ ਵਰਟੀਕਲ ਟਨਲਜ਼ ਬਣ ਰਹੀਆਂ ਹਨ। ਜ਼ੋਰਾਂ ਸ਼ੋਰਾਂ ਨਾਲ ਕੰਮ ਚਲ ਰਿਹਾ ਹੈ ਲੇਕਿਨ ਪੁਆਇੰਟ ਆਊਟ ਕੀਤਾ ਕਿ ਕੁਝ ਵੇਖਣ ਦੀ ਲੋੜ ਹੈ। ਉਥੇ ਟੀਮ ਗਈ ਸੀ, ਕੁਝ ਨੁਕਸ ਪਾਏ ਗਏ ਹਨ, ਰਿਪੋਰਟ ਵੀ ਆਈ ਹੈ। ਜਿਥੇ ਕਿਤੇ ਨੁਕਸ ਪਾਇਆ ਜਾਵੇਗਾ ਐਕਸ਼ਨ ਲਵਾਂਗੇ। ਜੋ ਇੰਜੀਨੀਅਰ ਚੀਫ ਇੰਜੀਨੀਅਰ ਉਥੇ ਲਗੇ ਹਨ ਉਨ੍ਹਾਂ ਦਾ 25/30 ਸਾਲ ਦਾ ਤਜਰਬਾ ਹੈ। ਉਨ੍ਹਾਂ ਲੋਕਾਂ ਨੂੰ ਛਾਂਟੀ ਕਰਕੇ ਲਗਾਇਆ ਗਿਆ ਹੈ, ਇਹ ਵੀ ਨਹੀਂ ਸੀ ਜਾਣਦੇ ਕਿ ਉਹ ਕੌਣ ਬੰਦਾ ਹੈ। ਕਿਥੇ ਕਿਥੇ ਕੰਮ ਕੀਤਾ ਹੈ, ਕਿਸ ਕਿਸ ਤਰ੍ਹਾਂ ਕੀਤਾ ਹੈ, ਉਸ ਹਿਸਾਬ ਨਾਲ ਲਗਾਦੇ ਹਨ। ਉਨ੍ਹਾਂ ਦੇ ਕੰਮਾਂ ਦੀਆਂ ਰਿਪੋਰਟਾਂ ਚੰਗੀਆਂ ਆਉਂਦੀਆਂ ਹਨ, ਯਤਨ ਕਰ ਰਹੇ ਹਾਂ ਕਿ ਸ਼ਡਿਊਲਡ ਟਾਇਮ ਤੇ ਡੈਮ ਬਣ ਜਾਵੇ। ਦਿੱਕਤ ਸਾਨੂੰ ਹੈ ਸਿਰਫ ਪੈਸੇ ਦੀ। ਪੈਸਾ ਘੱਟ ਹੈ। ਇਸ ਸਾਲ ਅਸੀਂ ਇਸ ਤੇ 150 ਕਰੋੜ ਰੁਪਿਆ ਖਰਚਣਾ ਹੈ। ਲੇਕਿਨ ਪਲਾਨ ਵਿਚ ਇਤਨਾ ਪਰੋਵੀਜ਼ਨ ਨਹੀਂ ਹੈ। 30% ਕਟੌਤੀ ਹੋ ਰਹੀ ਹੈ। ਬਹੁਤ ਸਾਰੀ ਮਸ਼ੀਨਰੀ ਬਹਿਰ ਤੋਂ ਲੈਣ ਵਾਸਤੇ ਆਰਡਰ ਹੋ ਚੁੱਕੀ ਹੈ ਉਸ ਵਾਸਤੇ ਪੈਸੇ ਦੇਣੇ ਪੈਣਗੇ। ਇਸ ਲਈ ਸਾਨੂੰ ਸੈਂਟਰ ਕੋਲ ਵੀ ਜਾਕੇ ਗਲਬਾਤ ਕਰਨੀ ਪੈਂਦੀ ਹੈ ਕਿ ਪੈਸੇ ਦੀ ਕੁਝ ਮੱਦਦ ਕੀਤੀ ਜਾਵੇ। ਪਿਛਲੀ ਵਾਰੀ 35 ਕਰੋੜ ਰੁਪਿਆ ਪਾਵਰ ਪਰੋਜੈਕਟਸ ਵਾਸਤੇ ਮਿਲਿਆ ਸੀ ਹੁਣ ਜੇ ਸਾਨੂੰ 100 ਕਰੋੜ ਵੱਧ ਮਿਲ ਜਾਵੇ ਤਾਂ ਸਾਡੇ ਪਾਵਰ ਪਰੋਜੈਕਟਸ ਦਾ ਕੰਮ ਵਧੀਆ ਚਲ ਸਕਦਾ ਹੈ।

ਸਪੀਕਰ ਸਾਹਿਬ, ਇਸ ਗਵਰਨਰ ਐਡਰੈਸ ਬਾਰੇ ਮੈਂ ਗਲ ਕਰ ਰਿਹਾ ਸੀ। ਇਸ ਗਵਰਨਰ ਐਡਰੈਸ ਵਿਚ ਬਹੁਤ ਚੰਗੀਆਂ ਗਲਾਂ ਆਈਆਂ ਹਨ। ਇਸ ਕਰਕੇ ਆਮ ਤੌਰ ਤੇ ਸਾਰੇ ਮੈਂਬਰਾਂ ਨੇ ਇਹ ਕਿਹਾ ਹੈ ਕਿ ਇਸ ਨੂੰ ਯੂਨੈਨੀਮਸਲੀ ਪਾਸ ਕਰ ਦਿਤਾ ਜਾਵੇ। ਸਿਰਫ ਇਕ ਡਾਈਸੈਂਟਿੰਗ ਵਿਊ ਆਇਆ ਹੈ, ਉਹ ਮੇਰੇ ਦੋਸਤ ਇਸ ਵੇਲੇ ਇਥੇ ਬੈਠੇ ਨਹੀਂ ਹਨ। ਸਰਦਾਰ

ਅਮਰਿੰਦਰ ਸਿੰਘ ਉਨ੍ਹਾਂ ਨੇ ਬੋਲਦੇ ਹੋਏ ਪਹਿਲੇ 7 ਸਫਿਆਂ ਤੇ ਸਾਰਾ ਟਾਈਮ ਲਿਆ ਹੈ। ਇਸ ਤੋਂ ਅੱਗੇ ਇਸ ਐਡਰੈਸ ਨੂੰ ਨਹੀਂ ਵੇਖਿਆ। ਬਾਕੀ ਸਫਿਆਂ ਵਲ ਉਨ੍ਹਾਂ ਨੇ ਧਿਆਨ ਨਹੀਂ ਦਿੱਤਾ ਕਿ ਸਟੇਟ ਨੇ ਕਿੰਨੀ ਤਰੱਕੀ ਕੀਤੀ ਹੈ ਕਿਉਂਕਿ ਉਸ ਵਿਚ ਉਨ੍ਹਾਂ ਦੀ ਦਿਲਚਸਪੀ ਨਹੀਂ ਸੀ। ਪਹਿਲੇ 7 ਸਫਿਆਂ ਵਿਚ ਹੀ ਉਹ ਫਿਰਦੇ ਰਹੇ ਹਨ। ਸਪੀਕਰ ਸਾਹਿਬ, ਪਹਿਲੇ 7 ਸਫਿਆਂ ਵਿਚ ਕੀ ਹੈ ਉਹੀ ਕੁਝ ਹੈ ਜਿਸ ਵਾਸਤੇ ਅਸੀਂ ਇਲੈਕਸ਼ਨ ਲੜੀ ਸੀ। ਅਸੀਂ ਇਕੋ ਤਕੜੀ ਦੇ ਨਿਸ਼ਾਨ ਤੇ ਹੀ ਇਲੈਕਸ਼ਨ ਲੜੀ ਸੀ, ਇਕੋ ਸੰਤ ਜੀ ਦੇ ਨਾਂ ਤੇ ਇਲੈਕਸ਼ਨ ਲੜੀ ਸੀ ਔਰ ਉਸ ਵੇਲੇ ਵੀ ਇਹ ਕਿਹਾ ਕਰਦੇ ਸੀ ਕਿ ਓਪਰੇਸ਼ਨ ਬਲਿਊ ਸਟਾਰ ਔਰ ਦਿੱਲੀ ਦੇ ਦੰਗਿਆਂ ਵਿਚ ਜਿਹੜੇ ਪੀੜਤ ਹੋਏ ਹਨ ਉਨ੍ਹਾਂ ਨੂੰ ਸਹਾਇਤਾ ਮਿਲਣੀ ਚਾਹੀਦੀ ਹੈ। ਜਿਹੜੀਆਂ ਵਿਡੋਜ਼ ਹੋਈਆਂ ਹਨ, ਉਨ੍ਹਾਂ ਦੀ ਕੁਝ ਸਹਾਇਤਾ ਕੀਤੀ ਜਾਵੇ। ਜਿਹੜੇ ਜੇਲ੍ਹਾਂ ਵਿਚ ਬੰਦ ਹਨ ਉਨ੍ਹਾਂ ਨੂੰ ਛਡਿਆ ਜਾਵੇ, ਜਿਹੜੇ ਫੌਜੀ ਹਨ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਔਰ ਇਨ੍ਹਾਂ ਵਾਸਤੇ ਅਸੀਂ ਕਾਫੀ ਲੜਾਈ ਲੜ ਕੇ ਕੁਝ ਪ੍ਰਾਪਤੀਆਂ ਕੀਤੀਆਂ ਹਨ, ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ ਤਾਕਿ ਉਨ੍ਹਾਂ ਨੂੰ ਕੁਝ ਰਾਹਤ ਮਿਲ ਸਕੇ। ਇਸ ਵਿਚ ਲਿਖਿਆ ਹੈ :--

> In this way, inspite of tremendous financial constraints, the Government has given liberal help and relief to the victims of the Operation Blue Star to the tune of Rs. 3,22,95,000.

ਅਸੀਂ ਇਹ ਪ੍ਰਾਈਮ ਮਨਿਸਟਰ ਨੂੰ ਵੀ ਕਿਹਾ ਸੀ ਕਿ ਇਸ ਦਾ ਮੁਆਵਜ਼ਾ ਮਿਲਣਾ ਚਾਹੀਦਾ ਹੈ ਔਰ ਇਸ ਵਾਸਤੇ ਹੁਣ ਤਕ ਅਸੀਂ 3 ਕਰੋੜ 22 ਲੱਖ ਰੁਪਏ ਵੰਡ ਵੀ ਚੁੱਕੇ ਹਾਂ। ਪਰ ਪਤਾ ਨਹੀਂ ਕਿਉਂ ਉਹ ਇਸ ਤੋਂ ਔਖੇ ਹੋ ਗਏ ਹਨ। ਇਹ ਤਾਂ ਤਾਰੀਫ ਵਾਲੀ ਗੱਲ ਹੈ। ਜੇ ਕਿਤੇ ਥੋੜਾ ਬਹੁਤ ਨੁਕਸ ਰਹਿ ਗਿਆ ਹੈ ਤਾਂ ਜਿਸ ਤਰ੍ਹਾਂ ਸਰਦਾਰ ਕ੍ਰਿਪਾਲ ਸਿੰਘ ਨੇ ਕਿਹਾ ਹੈ ਕਿ ਹੋਰ ਰਾਹਤ ਦੇਣੀ ਚਾਹੀਦੀ ਹੈ। ਇਹ ਤਾਂ ਉਨ੍ਹਾਂ ਨੇ ਵੀ ਮੰਨਿਆ ਹੈ ਕਿ ਚੰਗੀ ਗਲ ਹੈ ਰਾਹਤ ਦਿੱਤੀ ਗਈ ਹੈ। ਇਸ ਵਾਸਤੇ ਸਾਡੇ ਰੈਵੇਨਿਊ ਮਨਿਸਟਰ ਜਿਨ੍ਹਾਂ ਕੋਲ ਰੀਹੈਬੀਲੀਟੇਸ਼ਨ ਦਾ ਮਹਿਕਮਾ ਵੀ ਹੈ, ਉਨ੍ਹਾਂ ਨੇ ਕਿਹਾ ਹੈ ਕਿ ਅਸੀਂ ਹੋਰ ਵੇਖਾਂਗੇ ਔਰ ਜਿਥੇ ਕਿਤੇ ਵੀ ਕੋਈ ਠੀਕ ਕਰਨ ਵਾਲੀ ਗਲ ਹੋਈ ਉਹ ਕਰਾਂਗੇ। ਇਸੇ ਤਰ੍ਹਾਂ ਫੌਜੀਆਂ ਨੂੰ ਬਹਾਲ ਕਰਨ ਵਾਲੀ ਗਲ ਹੈ ਇਸ ਬਾਰੇ ਵੀ ਇਸ ਐਡਰੈਸ ਵਿਚ ਲਿਖਿਆ ਹੈ:--

> 'I am glad to say that thanks to the persistent efforts of my Government, 2,296 such personnel have been reinstated while 266 are in jail. We would very much want that these persons be granted reprieve and released".

ਇਹ ਜੋ ਕੁਝ ਹੋਇਆ ਹੈ, ਇਹ ਕੋਈ ਐਵੇਂ ਨਹੀਂ ਹੋ ਗਿਆ। ਇਸ ਵਾਸਤੇ ਲੜਾਈ ਕਰਨੀ ਪੈਂਦੀ ਹੈ। ਕਾਫੀ ਕੁਝ ਕਰਨਾ ਪੈਂਦਾ ਹੈ। ਸਿਰਫ ਨਾਹਰੇ ਮਾਰਨ ਨਾਲ ਕੋਈ ਗਲ ਨਹੀਂ ਬਣ ਜਾਂਦੀ। ਕਾਫੀ ਬਹਾਲ ਹੋ ਗਏ ਹਨ। ਜਿਹੜੇ ਅੰਦਰ ਰਹਿ ਗਏ ਹਨ ਉਨ੍ਹਾਂ ਦੇ ਵਾਸਤੇ ਮੁਕੱਦਮੇਂ ਲੜ ਰਹੇ ਹਾਂ। ਅਪੀਲਾਂ ਵੀ ਕੀਤੀਆਂ ਹਨ। ਪਰ ਇਨ੍ਹਾਂ ਸੱਜਣਾਂ ਨੇ ਇਸ ਦੀ ਤਾਰੀਫ ਕਰਨ ਦੀ ਬਜਾਏ ਇਸ ਦੀ ਵਿਰੋਧਤਾ ਕੀਤੀ ਹੈ। ਹੁਣ ਜਿਹੜੇ ਨੌਜਵਾਨ ਜੇਲ੍ਹਾਂ ਦੇ ਵਿਚ ਹਨ, ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਰਿਹਾਅ ਕਰਾਉਣ ਵਿਚ ਲਗੇ ਹੋਏ ਹਾਂ। ਉਨ੍ਹਾਂ ਨੂੰ ਮਿਲਣ ਲਈ ਸਾਡੇ ਮਨਿਸਟਰ ਸਾਹਿਬ ਵੀ ਗਏ ਹਨ ਅਤੇ ਉਨ੍ਹਾਂ ਨੂੰ ਅਸੀਂ ਸਹਾਇਤਾ ਵੀ ਦਿੱਤੀ ਹੈ ਤਾਂਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਫੈਸਿਲਟੀਜ਼ ਮਿਲ ਸਕਣ। ਇਹ ਸਾਡੀ ਕੋਸ਼ਿਸ਼ ਜਾਰੀ ਹੈ ਕਿ ਉਨ੍ਹਾਂ ਨੂੰ ਦੂਜੀਆਂ ਸਟੇਟ ਦੀਆਂ ਜੇਲ੍ਹਾਂ ਵਿਚੋਂ ਲਿਆ ਕੇ ਪੰਜਾਬ ਵਿਚ ਲਿਆਂਦਾ ਜਾਵੇ, ਪਰ ਉਨ੍ਹਾਂ ਨੂੰ ਲਿਆਉਣ ਵਿਚ ਮੁਸ਼ਕਿਲ ਪੈਦਾ ਹੋ ਜਾਂਦੀ ਹੈ ਜਦੋਂ ਇਹ ਪੰਜਾਬ ਵਿਚ ਹਾਲਾਤ ਖਰਾਬ ਕਰ ਦਿੰਦੇ ਹਨ। ਇਹ ਜੋਧਪੁਰ ਕੈਦੀਆਂ ਨੂੰ ਰਿਹਾਅ ਕਰਵਾਉਣ ਵਿਚ ਕਦੇ ਡੀ. ਸੀ. ਆਫਿਸ ਅੱਗੇ ਧਰਨਾ ਮਾਰਦੇ ਹਨ ਅਤੇ ਕਦੇ ਨਾਹਰੇ ਲਗਾਉਂਦੇ ਹਨ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਨੂੰ ਕਿਸੇ ਨੇ ਨਹੀਂ ਛੱਡਣਾ ਹੈ। ਉਨ੍ਹਾਂ ਨੂੰ ਰਿਹਾਅ ਕਰਨ ਵਿਚ ਅਸੀਂ ਸਹਾਇਤਾ ਕਰ ਰਹੇ ਹਾਂ ਅਤੇ ਮੈਨੂੰ ਉਮੀਦ ਹੈ

[ਮੁੱਖ ਮੰਤਰੀ]

ਕਿ ਅਸੀਂ ਇਸ ਵਿਚ ਕਾਮਯਾਬ ਹੋਵਾਂਗੇ। ਉਨ੍ਹਾਂ ਦੀ ਰਿਹਾਈ ਨਾ ਹੋਣ ਵਿਚ ਕਿਸ ਦਾ ਕਸੂਰ ਹੈ। ਇਹ ਇਨ੍ਹਾਂ ਲੋਕਾਂ ਦਾ ਜਿਹੜੇ ਪੰਜਾਬ ਵਿਚ ਵਾਤਾਵਰਨ ਖਰਾਬ ਕਰ ਰਹੇ ਹਨ ਅਤੇ ਅੱਤਵਾਦ ਅਤੇ ਵੱਖਵਾਦ ਦਾ ਸਾਥ ਦਿੰਦੇ ਹਨ ਅਤੇ ਉਨ੍ਹਾਂ ਦੀ ਰਿਹਾਈ ਵਿਚ ਰੁਕਾਵਟਾਂ ਪੈਦਾ ਕਰ ਰਹੇ ਹਨ। ਇਸ ਦੇ ਵਿਚ ਬੜੀ ਸ਼ਲਾਘਾ ਕਰਨ ਵਾਲੀ ਗਲ ਸੀ ਪਰ ਇਹ ਸ਼ਲਾਘਾ ਨਹੀਂ ਕਰ ਸਕੇ। ਟੈਰੋਰਿਸ਼ਟਸ ਨੇ ਜਿਨ੍ਹਾਂ ਲੋਕਾਂ ਨੂੰ ਮਾਰਿਆ ਅਤੇ ਸਿਕਿਉਰਿਟੀ ਫੋਰਸਿਜ਼ ਨੇ ਜਿਨ੍ਹਾਂ ਲੋਕਾਂ ਨੂੰ ਮਾਰਿਆ ਇਸ ਦੀ ਚਰਚਾ ਇਥੇ ਚਲੀ ਹੈ। ਇਹ ਠੀਕ ਹੈ ਕਿ ਕੁਝ ਨਜਾਇਜ਼ ਸਿਕਿਉਰਿਟੀ ਫੋਰਸਿਜ਼ ਨੇ ਮਾਰੇ ਹੋਣਗੇ ਪਰ ਫੇਰ ਵੀ ਅਸੀਂ ਉਨ੍ਹਾਂ ਦੇ ਦੁਖੀ ਪਰਿਵਾਰਾਂ ਨੂੰ ਸਹਾਇਤਾ ਦਿੱਤੀ ਹੈ।

Ex-gratia grant totalling Rs. 2.84 crores has been disbursed to the families of the persons killed or those injured as a result of terrorist or mob violence and action by Security Forces.

ਇਹ ਸਾਰਾ ਕੁਝ ਅਸੀਂ ਕੀਤਾ। ਨਵੰਬਰ ਰਾਇਟਸ ਤੋਂ ਬਾਅਦ ਜਿਹੜੀਆਂ ਵਿਡੋਜ਼ ਪੰਜਾਬ ਵਿਚ ਆਈਆਂ ਉਨ੍ਹਾਂ ਨੂੰ ਕਿਸੇ ਨੇ ਸਹਾਇਤਾ ਨਹੀਂ ਦਿੱਤੀ। ਅਸੀਂ ਉਨ੍ਹਾਂ ਨੂੰ ਮਕਾਨ ਦਿੱਤੇ ਅਤੇ ਉਨ੍ਹਾਂ ਨੂੰ ਵਜ਼ੀਫੇ ਦਿੱਤੇ ਅਤੇ ਕੰਮ ਸਿਖਾਇਆ ਗਿਆ ਅਤੇ ਉਨ੍ਹਾਂ ਨੂੰ ਨੌਕਰੀਆਂ ਉਤੇ ਲਗਾਇਆ ਗਿਆ। ਇਹ ਗੱਲ ਸ਼ਲਾਘਾਯੋਗ ਸੀ, ਪਰ ਇਹ ਹੋਰ ਹੀ ਪਾਸੇ ਪੈ ਗਏ ਅਤੇ ਇਥੇ ਉਲਟ ਗਲਾਂ ਕਰਨ ਲਗ ਪਏ ਜੋ ਅਸੀਂ ਨਹੀਂ ਚਾਹੁੰਦੇ ਸੀ।

EXTENSION OF TIME OF THE SITTING

ਸ੍ਰੀ ਸਪੀਕਰ : ਚੀਫ ਮਨਿਸਟਰ ਸਾਹਿਬ, ਟਾਈਮ ਹੋ ਗਿਆ ਹੈ ਅਤੇ ਹਾਲੇ ਚੀਫ ਮਨਿਸਟਰ ਸਾਹਿਬ ਨੇ 45 ਮਿੰਟ ਹੋਰ ਬੋਲਣਾ ਹੈ। ਜੇਕਰ ਹਾਊਸ ਦੀ ਇੱਛਾ ਹੋਵੇ ਤਾਂ ਹਾਊਸ ਦਾ ਸਮਾਂ 2.15 ਵਜੇ ਤੱਕ ਐਕਸਟੈਂਡ ਕਰ ਦਿੱਤਾ ਜਾਵੇ।

ਆਵਾਜ਼ਾਂ : ਠੀਕ ਹੈ ਜੀ।

ਸ੍ਰੀ ਸਪੀਕਰ : ਹਾਊਸ ਦਾ ਸਮਾਂ 2.15 ਵਜੇ ਤੱਕ ਐਕਸਟੈਂਡ ਕੀਤਾ ਜਾਂਦਾ ਹੈ।

RESEMPTION OF DISCUSSION ON GOVERNOR'S ADDRESS AND VOTING ON THE MOTION OF THANKS

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਅਸੀਂ ਕੀ ਕੰਮ ਕੀਤੇ। ਅਗਰ ਇਹ ਸਾਡੇ ਨਾਲ ਰਹਿੰਦੇ ਤਾਂ ਅਸੀਂ ਇਸ ਨਾਲੋਂ ਡੇਢ ਦੋ ਗੁਣਾ ਕੰਮ ਕਰ ਦਿੰਦੇ ਪਰ ਇਹ ਸਾਡਾ ਸਾਥ ਛੱਡ ਗਏ। ਕੈਪਟਨ ਅਮਰਿੰਦਰ ਸਿੰਘ ਇਥੇ ਖੇਤੀਬਾੜੀ ਵਜ਼ੀਰ ਸਨ ਅਤੇ ਬੜਾ ਸੋਹਣਾ ਕੰਮ ਕਰ ਰਹੇ ਸਨ ਅਤੇ ਪੰਜਾਬ ਦੀ ਸੇਵਾ ਕਰ ਰਹੇ ਸਨ। ਅਗਰ ਇਹ ਸਾਡੇ ਨਾਲ ਰਹਿੰਦੇ ਤਾਂ ਅਸੀਂ ਇਸ ਨਾਲੋਂ ਦੁਗਣਾ ਕੰਮ ਕਰ ਸਕਦੇ ਪਰ ਇਨ੍ਹਾਂ ਸਾਡੇ ਨਾਲੋਂ ਅਲਗ ਹੋ ਕੇ ਸਾਡੀਆਂ ਲੱਤਾਂ ਖਿਚਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਨ੍ਹਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਮਿਨੀ ਅਪਰੇਸ਼ਨ ਬਲਿਊਸਟਾਰ ਹੋ ਗਿਆ ਹੈ, ਇਸ ਕਰਕੇ ਅਲਗ ਹੋ ਗਏ ਹਾਂ। ਜਦੋਂ ਇਹ ਪਾਰਲੀਮੈਂਟ ਦੇ ਮੈਂਬਰ ਸਨ ਅਤੇ ਅੰਮ੍ਰਿਤਸਰ ਬਲਿਊ ਸਟਾਰ ਅਪਰੇਸ਼ਨ ਹੋਇਆ ਸੀ ਅਤੇ ਇਨ੍ਹਾਂ ਦੇ ਮਨ ਨੂੰ ਧੱਕਾ ਲਗਾ ਸੀ ਤਾਂ ਇਨ੍ਹਾਂ ਨੇ ਲੋਕ ਸਭਾ ਦੀ ਮੈਂਬਰੀ ਤੋਂ ਵੀ ਅਸਤੀਫਾ ਦੇ ਦਿੱਤਾ ਸੀ ਅਤੇ ਕਾਂਗਰਸ ਪਾਰਟੀ ਵੀ ਛੱਡ ਦਿਤੀ ਸੀ ਪਰ ਇਥੇ ਇਨ੍ਹਾਂ ਨੇ ਅਸੈਂਬਲੀ ਤੋਂ ਅਤੀਫਾ ਨਹੀਂ ਦਿਤਾ ਪਰ ਅਲਗ ਹੋ ਕੇ ਬੈਠ ਗਏ ਅਤੇ ਇਸ ਕੁਰਸੀ ਤੇ ਬੈਠਣ ਲਈ ਯਤਨ ਕਰਦੇ ਰਹੇ ਪਰ ਇਹ ਕਾਮਯਾਬ ਨਹੀਂ ਹੋ ਸਕੇ

ਅਤੇ ਕੁਰਸੀ ਦੀ ਖਾਤਿਰ ਇਤਨਾ ਅਡੰਬਰ ਰਚਿਆ ਗਿਆ ਪਰ ਇਹ ਕਾਮਯਾਬ ਨਹੀਂ ਹੋ ਸਕੇ। ਪਰ ਇਹ ਲੋਕਾਂ ਨੂੰ ਮਿਨੀ ਬਲਿਊ ਸਟਾਰ ਅਪਰੇਸ਼ਨ ਕਹਿ ਕੇ ਗੁਮਿਰਾਹ ਕਰਦੇ ਰਹੇ ਪਰ ਲੋਕਾਂ ਨੇ ਇਨ੍ਹਾਂ ਨੂੰ ਮੂੰਹ ਨਹੀਂ ਲਾਇਆ। ਫੇਰ ਇਨ੍ਹਾਂ ਨੇ ਅਜੀਬ ਕਿਸਮ ਦੀ ਕੰਟਰੋਵਰਸੀ ਸ਼ੁਰੂ ਕਰ ਦਿੱਤੀ। ਇਨ੍ਹਾਂ ਦਾ ਇਤਿਹਾਸ ਪਹਿਲੇ ਦਾ ਹੈ ਕਿ ਇਨ੍ਹਾਂ ਨੇ ਪੰਥ ਵਿਚ ਹਮੇਸ਼ਾ ਫੁੱਟ ਪਾਈ ਹੈ ਅਤੇ ਪਾਉਂਦੇ ਰਹੇ ਹਨ ਅਤੇ ਇਹ ਪਾਰਟੀ ਨੂੰ ਦੋ ਫਾੜ ਕਰਦੇ ਰਹੇ ਹਨ। ਇਨ੍ਹਾਂ ਦਾ ਇਹ ਕੰਮ ਹੀ ਰਿਹਾ ਹੈ। ਪਾਰਟੀ ਵਿਚ ਦੋ ਫਾੜ ਪਾਉਣ ਦਾ। ਇਨ੍ਹਾਂ ਨੇ ਕੋਈ ਨਵੀਂ ਗੱਲ ਨਹੀਂ ਕੀਤੀ ਹੈ। ਮੇਰੇ ਕੋਲ ਕੁਝ ਡਾਕੂਮੈਂਟਸ ਹਨ ਜਿਨ੍ਹਾਂ ਨੂੰ ਮੈਂ ਹਾਊਸ ਦੇ ਸਾਹਮਣੇ ਪੇਸ਼ ਕਰਾਂਗਾ। ਕੁਝ ਐਸਾ ਸਮਾਂ ਆਇਆ ਜਦੋਂ ਬਾਦਲ ਸਾਹਿਬ 1979 ਵਿਚ ਚੀਫ ਮਨਿਸਟਰ ਸਨ ਅਤੇ ਉਸ ਵਕਤ ਪਾਰਟੀ ਦੇ ਪ੍ਰਧਾਨ ਸਰਦਾਰ ਜਗਦੇਵ ਸਿੰਘ ਤਲਵੰਡੀ ਸਾਹਿਬ ਸਨ ਅਤੇ ਲਾਇਲਪੁਰਾ ਸਾਹਿਬ, ਜੋ ਇਸ ਹਾਊਸ ਦੇ ਮੈਂਬਰ ਵੀ ਹਨ ਉਹ-ਉਸ ਵਕਤ ਜਨਰਲ ਸੈਕਟਰੀ ਸਨ। ਉਸ ਵਕਤ ਜਨਰਲ ਸੈਕਟਰੀ ਅਤੇ ਪ੍ਰਧਾਨ ਅਕਾਲੀ ਦਲ ਨੇ ਜੋ ਕੁਝ ਕੀਤਾ ਉਹ ਮੈਂ ਟ੍ਰਿਬਿਊਨ ਦੀ ਅਖਬਾਰ ਦੀ 15 ਦਸੰਬਰ, 1979 ਦੀ ਖਬਰ ਪੜ੍ਹ ਦਿੰਦਾ ਹਾਂ:—

"The Akali Dal President, Mr. Jagdev Singh Talwandi, has accused the Chief Minister. Mr. Parkash Singh Badal, of destroying Akali Dal under a pre-planned conspiracy at the instance of the Congress (I)".

ਸਪੀਕਰ ਸਾਹਿਬ, ਜਦੋਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਚੀਫ ਮਨਿਸਟਰ ਸਨ, ਇਨ੍ਹਾਂ ਦੇ ਜਨਰਲ ਸੈਕਟਰੀ ਨੇ ਗਵਰਨਰ ਸਾਹਿਬ ਨੂੰ 24 ਸਤੰਬਰ, 1979 ਨੂੰ ਉਨ੍ਹਾਂ ਦੇ ਵਿਰੁੱਧ ਇਕ ਮੈਮੋਰੈਂਡਮ ਦਿੱਤਾ ਸੀ। ਇਹ ਮੇਰੇ ਕੋਲ 25 ਸਤੰਬਰ, 1979 ਦਾ ਟ੍ਰਿਬਿਊਨ ਹੈ, ਮੈਂ ਇਸ ਨੂੰ ਕੋਟ ਕਰਦਾ ਹਾਂ—

"The Akali Dal in a memorandum to the Punjab Governor today alleged that a serious threat to law and order in the State had emerged as a result of 'gross abuse of power' by the Chief Minister and some of his colleagues.

The eight-page memorandum was submitted to Mr. Jaisukhlal Hathi by a three-member team consisting of Mr. Prem Singh Lalpura, General Secretary of the Dal......"

"Mr. Lalpura and his colleagues later released a copy of the memorandum to the press. The memorandum said that the Chief Minister in pursuit of his 'factional designs' wanted to instal a 'puppet' President of the Dal by holding a parallel meeting of the general house at Amritsar on October 10. Dal leaders feared that 'threats and bullying tactics' by the Ministerial group might lead to violence and loss of human lives on that day."

The memorandum said that the Chief Minister and his Ministerial collegues were touring the districts by official cars to promote factional feuds and were invariably accompained by police and civil officers.

"The Dal has received serious complaints from as many as 210 delegates revealing misuse of official machinery by the Chief Minister to pressure and black mail them. They were called to police stations and public offices and asked to cast their votes in favour of the Chief Minister's nominee for the Dal Presidentship', the memorandum added......"

ਸਪੀਕਰ ਸਾਹਿਬ, ਇਹ ਬੜਾ ਲੰਬਾ ਹੈ। ਮੈਂ ਇਥੇ ਹਾਊਸ ਵਿਚ ਸਾਰਾ ਨਹੀਂ ਪੜ੍ਹਦਾ। ਜਨਰਲ ਸੈਕਟਰੀ, ਗਵਰਨਰ ਸਾਹਿਬ ਕੋਲ ਚੀਫ ਮਨਿਸਟਰ ਦੇ ਖਿਲਾਫ ਮੈਮੋਰੈਂਡਮ ਲੈ ਕੇ ਗਏ ਸੀ। ਇਹ ਉਨ੍ਹਾਂ ਦੇ ਵਿਰੁੱਧ ਚਲਦੇ ਰਹੇ। ਅਕਾਲ ਤਖਤ ਦਾ ਵੀ ਜ਼ਿਕਰ ਆਇਆ ਹੈ। ਜਦੋਂ ਤਕ ਸਪੀਕਰ ਸਾਹਿਬ, ਸਰਕਾਰ ਟੁੱਟ ਨਹੀਂ ਗਈ ਉਦੋਂ ਤਕ ਕਾਰਵਾਈ ਕਰਦੇ ਰਹੇ ਅਤੇ ਸਰਕਾਰ ਨੂੰ ਤੋੜ ਕੇ ਘਰ ਬੈਠ ਗਏ। ਇਹੀ, ਸਪੀਕਰ ਸਾਹਿਬ, ਉਹ ਹੁਣ ਚਾਹੁੰਦੇ ਹਨ। (ਥੰਪਿੰਗ) ਸਪੀਕਰ ਸਾਹਿਬ, ਜੱਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸਰਦਾਰ ਗੁਰਚਰਨ ਸਿੰਘ ਟੌਹੜਾ ਦੇ ਅਸਤੀਫਿਆਂ

[ਮੁੱਖ ਮੰਤਰੀ]

ਦੀ ਪਿਛੋਕੜ-ਕਹਾਣੀ ਦਸਦਾ ਹਾਂ। ਇਹ ਇੱਕ ਕਿਤਾਬ ਜਨਰਲ ਸਕੱਤਰ, ਸ਼੍ਰੋਮਣੀ ਅਕਾਲੀ ਦਲ, ਅਮ੍ਰਿਤਸਰ ਵਲੋਂ ਮਿਤੀ 28 ਸਤੰਬਰ, 1979 ਨੂੰ ਛੱਪੀ ਹੈ। ਸਪੀਕਰ ਸਾਹਿਬ ਇਸ ਵੇਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਹਾਊਸ ਵਿਚ ਮੌਜੂਦ ਨਹੀਂ ਹਨ। ਇਹ ਮੈਂ ਆਪਣੇ ਖਿਆਲ ਨਹੀਂ ਦੇ ਰਿਹਾ ਬਲਿਕ ਉਸ ਵੇਲੇ ਦੇ ਇਨ੍ਹਾਂ ਲੀਡਰਾਂ ਦੇ ਖਿਆਲ ਤੁਹਾਡੇ ਸਾਹਮਣੇ ਰਖਦਾ ਹਾਂ। "ਖਾਲਸਾ ਪੰਥ ਦੇ ਮੁੱਖ ਸੇਵਾਦਾਰ ਹੋਣ ਦੇ ਨਾਤੇ ਅੱਜ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਜਿਵੇਂ ਅਸਾਂ ਬੀਤੇ ਸਮੇਂ ਵਿਚ ਪੰਥਕ ਸਿਧਾਂਤਾਂ ਅਤੇ ਪ੍ਰੋਗਰਾਮਾਂ ਦੀ ਬਲੀ ਦੇ ਕੇ ਏਕਤਾ ਨੂੰ ਕਾਇਮ ਰਖਿਆ ਹੈ, ਇਸ ਦੇ ਉਲਟ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਤੇ ਉਸ ਦੇ ਸਾਥੀਆਂ ਵਜ਼ੀਰਾਂ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਨੇ ਸ਼ਹੀਦਾਂ ਦੀ ਸਿਰਮੌਰ ਜਥੇਬੰਦੀ ਸ੍ਰੋਮਣੀ ਅਕਾਲੀ ਦਲ ਅਤੇ ਸਮੁਚੇ ਪੰਥ ਨੂੰ ਦੋ ਫਾੜ ਕਰਨ ਲਈ ਤੁਲੇ ਹੀ ਨਹੀਂ ਰਹੇ ਬਲਿਕ ਅੱਜ ਨਿਖਰ ਕੇ ਸਾਹਮਣੇ ਆ ਗਏ ਹਨ।"

ਇਹ, ਸਪੀਕਰ ਸਾਹਿਬ, ਐਮਰਜੈਂਸੀ ਤੋਂ ਫੌਰਨ ਪਿਛੋਂ ਦੀ ਗੱਲ ਹੈ। "ਸ੍ਰੀ ਅਕਾਲ ਤਖਤ ਸਾਹਿਬ ਦੇ ਓਟ ਆਸਰੇ ਦੇ ਸਦਕੇ ਅਤੇ ਖਾਲਸਾ ਪੰਥ ਦੀਆਂ ਕੁਰਬਾਨੀਆਂ ਦੇ ਕਾਰਨ ਦੇਸ਼ ਦੇ ਲੋਕਾਂ ਨੂੰ ਅਜ਼ਾਦੀ ਦਾ ਮੂੰਹ ਵੇਖਣਾ ਨਸੀਬ ਹੋਇਆ। ਲੋਕ ਸਭਾ ਦੀਆਂ ਚੋਣਾਂ ਹੋਈਆਂ ਤੇ ਅਕਾਲ ਪੁਰਖ ਨੇ ਖਾਲਸਾ ਪੰਥ ਨੂੰ ਜਿਤ ਪਰਦਾਨ ਕੀਤੀ। ਅਸੀਂ ਲੋਕ ਸਭਾ ਵਿਚ ਗਏ। ਉਸ ਸਮੇਂ ਅਸਾਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵਿਸ਼ੇਸ਼ ਤੌਰ ਤੇ ਪੁਛਿਆ ਕਿ ਤੁਸੀਂ ਸੈਂਟਰ ਵਿਚ ਰਹਿਣਾ ਪਸੰਦ ਕਰੋਗੇ ਜਾਂ ਕਿ ਪੰਜਾਬ ਵਿਚ? ਇਹਨਾਂ ਦਾ ਜਵਾਬ ਸੀ ਕਿ ਮੈਂ ਸੈਂਟਰ ਵਿਚ ਹੀ ਰਹਾਂਗਾ, ਪਰੰਤੂ ਜਦੋਂ ਇਹ ਸੈਂਟਰ ਵਿਚ ਆਪਣੀ ਜ਼ਿੰਮੇਵਾਰੀ ਅਤੇ ਵਜ਼ਾਰਤ ਦੇ ਕੰਮ ਨੂੰ ਆਪਣੀ ਨਾ-ਅਹਿਲੀਅਤ ਦੇ ਕਾਰਨ ਨਾ ਚਲਾ ਸਕੇ, (ਥੰਪਿੰਗ) ਤਾਂ ਆਪਣੀ ਮਸਨੂਈ ਬੀਮਾਰੀ ਦਾ ਬਹਾਨਾ ਲਾ ਕੇ ਪੰਜਾਬ ਵਾਪਸ ਆਉਣ ਲਈ ਉਤਾਵਲੇ ਹੋ ਗਏ। ਇਹਨਾਂ ਵਲੋਂ ਕੀਤੇ ਗਏ ਤਰਲੇ ਮਿਨਤਾਂ ਤੋਂ ਪਿਛੋਂ ਪੰਥਕ ਜਥੇਬੰਦੀ ਨੇ ਇਹਨਾਂ ਨੂੰ ਬਾ ਵਕਾਰ ਤਰੀਕੇ ਨਾਲ ਵਾਪਸ ਪੰਜਾਬ ਲਿਆਂਦਾ।" ਸੋ, ਇਹ ਇਨ੍ਹਾਂ ਦੀ ਤਾਰੀਫ ਇਨ੍ਹਾਂ ਦੇ ਆਗੂ ਕਰ ਰਹੇ ਹਨ। ਤਰਲੇ ਲੈ ਕੇ ਉਥੇ ਗਏ, ਫੇਲ੍ਹ ਹੋ ਗਏ ਅਤੇ ਵਾਪਸ ਆ ਗਏ। ਫੇਰ ਅੱਗੋਂ ਇਹ ਵੀ ਕਿਹਾ ਗਿਆ ਹੈ ਕਿ ਬਾਦਲ ਸਾਹਿਬ, ਉਨ੍ਹਾਂ ਦੀਆਂ, ਦਿੱਲੀ ਵਾਲਿਆਂ ਦੀਆਂ ਕਸਵੱਟੀਆਂ ਤੇ ਪੂਰੇ ਵੀ ਉਤਰੇ ਹਨ। ਉਹ ਕਹਿੰਦੇ ਹਨ "ਲੰਮੇ ਸਮੇਂ ਤੋਂ ਹਿੰਦੂ ਰਾਸ਼ਟਰ ਦਾ ਟੀਚਾ ਰੱਖਣ ਵਾਲੀ ਇਸ ਜਥੇਬੰਦੀ ਨੂੰ ਸਿਖ ਕੌਮ ਵਿਚੋਂ ਇਕ ਅਜਿਹੇ ਸਿੱਖ ਆਗੂ ਦੀ ਲੋੜ ਸੀ। ਸਰਦਾਰ ਬਾਦਲ ਉਹਨਾਂ ਦੀ ਕਸਵੱਟੀ ਤੇ ਪੂਰਾ ਉਤਰਿਆ ਅਤੇ ਉਹਨਾਂ ਦੀਆਂ ਇਛਾਵਾਂ ਤੋਂ ਕਿਤੇ ਵੱਧ ਯੋਗ ਨਿਕਲਿਆ। ਸਰਦਾਰ ਬਾਦਲ ਨੇ ਸਦਾ ਲਈ ਆਪਣੀ ਕੁਰਸੀ ਨੂੰ ਕਾਇਮ ਰਖਣ ਦਾ ਇਕੋ ਇਕ ਰਾਹ ਜੋ ਕਢਿਆ ਉਹ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਘੱਟ ਤੋਂ ਘੱਟ ਅਕਾਲੀ ਉਮੀਦਵਾਰਾਂ ਨੂੰ ਚੋਣਾਂ ਲੜਾਉਣਾ ਅਤੇ ਤਾਕਤ ਦਾ ਤਵਾਜ਼ਨ ਸ਼ਕਤੀਸ਼ਾਲੀ ਰੂਪ ਵਿਚ ਜਨਸੰਘ ਦੇ ਹੱਥਾਂ ਵਿਚ ਸੌਂਪਣਾ ਸੀ।" ਫੇਰ ਇਸ ਤੋਂ ਅਗੋਂ ਇਨ੍ਹਾਂ ਦੀ ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰਨ ਦੀਆਂ ਨੀਤੀਆਂ ਤੇ ਵੀ ਡੂੰਘਾ ਪ੍ਰਕਾਸ਼ ਪਾਇਆ ਗਿਆ ਹੈ। ਅੱਜ ਵੀ ਇਹੀ ਕਰ ਰਹੇ ਹਨ। ਹੁਣ ਅਸੀਂ ਚੋਣ ਇਕੱਲੇ ਲੜੇ ਸੀ। ਕਿਸੇ ਨਾਲ ਮਿਲ ਕੇ ਨਹੀਂ ਲੜੇ ਸੀ ਅਤੇ ਸਾਨੂੰ 73 ਸੀਟਾਂ ਆ ਗਈਆਂ। ਫੇਰ ਆਖਿਆ ਹੋਣਾ ਹੈ ਕਿ ਹੁਣ ਜ਼ਿਆਦਾ ਕਿਉਂ ਹੋ ਗਈਆਂ। ਹੁਣ ਘਟਾ ਕੇ ਫੇਰ ਥੋੜੀਆਂ ਕਰ ਦਿੱਤੀਆਂ। ਉਹ ਪਰ੍ਹੇ ਬਹਿ ਗਏ ਛਾਲ ਮਾਰ ਕੇ ਇਥੇ ਉਹ ਆਨੰਦਪੁਰ ਸਾਹਿਬ ਦੇ ਮਤੇ ਦੀ ਗੱਲ ਕਰ ਰਹੇ ਹਨ। ਉਨ੍ਹਾਂ ਦੇ ਆਗੂ ਦੇ ਕਹੇ ਸ਼ਬਦਾਂ ਦਾ ਮੈਂ ਜ਼ਿਕਰ ਕਰਦਾ ਹਾਂ—"ਇਸ ਤੋਂ ਕੁਝ ਸਮਾਂ ਬਾਅਦ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਟੇਟ ਅਟਾਨੋਮੀ ਦੇ ਮਤੇ ਪਰ ਅਟਾਨੋਮੀ ਮੰਗਣ ਵਾਲੇ ਰਾਜਾਂ ਦੇ ਮੁੱਖ ਮੰਤਰੀਆਂ ਨੂੰ

ਚੰਡੀਗੜ੍ਹ ਬੁਲਾਉਣ ਦਾ ਐਲਾਨ ਕੀਤਾ, ਐਪਰ ਜਦ ਸਰਦਾਰ ਬਾਦਲ ਨੂੰ ਦਿੱਲੀ ਵਾਲੇ ਇਥੋਂ ਵਾਲੇ ਜਨਤਾ ਪਾਰਟੀ ਦੇ ਫਿਰਕੂ ਗਰੋਹ ਨੇ ਅੱਖਾਂ ਵਿਖਾਲੀਆਂ ਤਾਂ ਇਹ ਸ਼੍ਰੋਮਣੀ ਅਕਾਲੀ ਦਲ ਦੇ ਪੁਰਾਣੇ ਸਿਧਾਂਤ ਤੋਂ ਨਾ ਕੇਵਲ ਪਿਛਾਂਹ ਹਟੇ, ਬਲਿਕ ਇਹ ਉਸ ਸਿਧਾਂਤ ਦੀ ਰੂਪ ਰੇਖਾ ਨੂੰ ਵਿਗਾੜ ਕੇ ਮਾਲੀ ਅਧਿਕਾਰਾਂ ਤੇ ਆ ਗਏ ਅਤੇ ਪੰਥ ਵਿਰੋਧੀਆਂ ਨਾਲ ਮਿਲ ਕੇ 'ਸਟੇਟ ਅਟਾਨੋਮੀ' ਲਈ ਸੱਦੀ ਗਈ ਮੁੱਖ ਮੰਤਰੀਆਂ ਦੀ ਕਾਨਫਰੰਸ ਦਾ ਵਿਚਾਰ ਛੱਡ ਦਿਤਾ। ਅਸੀਂ ਇਹਨਾਂ ਪਾਸ ਅਜਿਹਾ ਕਰਨ ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਜੇਕਰ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੇ ਉਲੀਕੇ ਪ੍ਰੋਗਰਾਮ ਨੂੰ ਕਹਿ ਸਕਣ ਦੀ ਭੀ ਦਲੇਰੀ ਨਹੀਂ ਰੱਖਦੇ ਤਾਂ ਇਸ ਨੂੰ ਵਿਗਾੜਨ ਦਾ ਯਤਨ ਭੀ ਨਾ ਕਰੋ।"

ਇਹ ਕੋਸ਼ਿਸ਼ ਹੋ ਰਹੀ ਸੀ ਇਨ੍ਹਾਂ ਦੇ ਆਗੂ ਵਲੋਂ। ਫੇਰ ਮਾਰਚ 1978 ਵਿੱਚ ਰਾਜ ਸਭਾ ਦੀ ਚੋਣ ਹੋਈ। ਉਸਦਾ ਵੀ ਜ਼ਿਕਰ ਕੀਤਾ ਹੈ ਇਨ੍ਹਾਂ ਨੇ ਕਿ—"ਮਾਰਚ 1978 ਵਿੱਚ ਰਾਜ ਸਭਾ ਦੀ ਹੋਈ ਚੋਣ ਸਮੇਂ ਸਰਦਾਰ ਪ੍ਰਕਾਸ਼ ਸਿੰਘ ਬਾਦਲ ਇਸ ਦੇ ਰਿਸ਼ਤੇਦਾਰਾਂ ਅਤੇ ਖਾਸ ਚਹੇਤਿਆਂ ਨੇ 7 ਵੋਟਾਂ ਡਾਕਟਰ ਬੀਬੀ ਰਾਜਿੰਦਰ ਕੌਰ, ਜੋ ਕਿ ਅਕਾਲੀ ਉਮੀਦਵਾਰ ਸਨ, ਦੇ ਵਿਰੁੱਧ ਪਾਈਆਂ, ਜਿਸ ਦੀ ਪੰਥ ਅਤੇ ਪਾਰਟੀ ਵਿਚ ਬਹੁਤ ਚਰਚਾ ਹੋਈ, ਐਪਰ ਏਕਤਾ ਟੁੱਟਣ ਦੇ ਡਰ ਕਾਰਨ ਉਹਨਾਂ ਤੇ ਕੋਈ ਐਕਸ਼ਨ ਨਾ ਲਿਆ ਜਾ ਸਕਿਆ।" ਇਸ ਗਲ ਦੀ ਕਾਫੀ ਚਰਚਾ ਵੀ ਹੋਈ ਸੀ। ਇਹ ਤਾਂ ਇਥੋਂ ਤਕ ਜਾਂਦੇ ਰਹੇ ਹਨ ਜੀ। ਫੇਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਆ ਗਈਆਂ। ਉਸ ਬਾਰੇ ਵੀ ਲਿਖਿਆ ਹੈ ਕਿ "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਆਈਆਂ। ਟਿਕਟਾਂ ਦੀ ਵੰਡ ਸਰਬ ਸੰਮਤੀ ਨਾਲ ਹੋਈ, ਇਸ ਦੇ ਬਾਵਜੂਦ ਮੁੱਖ ਮੰਤਰੀ ਅਤੇ ਇਸ ਦੇ ਰਿਸ਼ਤੇਦਾਰਾਂ ਸਰਦਾਰ ਰਵੀਇੰਦਰ ਸਿੰਘ ਅਤੇ ਹੋਰ ਸਾਥੀ ਮੰਤਰੀਆਂ ਨੇ ਪੰਥ ਵਿਰੋਧੀ ਸਾਜ਼ਸ਼ ਕਰਕੇ ਪੰਥਕ ਉਮੀਦਵਾਰਾਂ ਦੇ ਮੁਕਾਬਲੇ ਤੇ ਆਪਣੇ ਉਮੀਦਵਾਰ ਖੜੇ ਕੀਤੇ।" ਇਹ ਇਥੇ ਹੋਇਆ ਜੀ। ਜਿਸ ਕਰਕੇ ਅੱਜ ਡਾਕਟਰ ਸਾਹਿਬ ਹੋਰੀਂ ਥੋੜ੍ਹਾ ਜਿਹਾ ਜ਼ਿਕਰ ਕਰ ਰਹੇ ਸਨ। ਇਸ ਤਰ੍ਹਾਂ ਦਾ ਮਾਹੌਲ ਇਨ੍ਹਾਂ ਨੇ ਬਣਾਇਆ। ਫੇਰ ਉਨ੍ਹਾਂ ਕਿਹਾ "ਸਰਦਾਰ ਬਾਦਲ, ਸਿਖੀ ਦੇ ਕੱਟੜ ਵਿਰੋਧੀਆਂ ਨੂੰ ਖੁਸ਼ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰਨ ਵਾਸਤੇ ਰਾਜ ਸੱਤਾ ਦੀ ਦੁਰਵਰਤੋਂ ਕਰ ਰਿਹਾ ਹੈ।" ਇਹ ਇਨ੍ਹਾਂ ਦੇ ਖਿਲਾਫ ਸ਼ਿਕਾਇਤ ਸੀ। ਇਹ ਅੱਜ ਹੀ ਨਹੀਂ ਕਰਨ ਲਗੇ ਦੋਫਾੜ, ਉਦੋਂ ਦੇ ਕਰਦੇ ਆ ਰਹੇ ਹਨ। ਇਕ ਧੜੇ ਨੂੰ ਆਪਣੇ ਨਾਲ ਲਾ ਲਿਆ। ਦੂਸਰੇ ਨੂੰ ਦੂਸਰੇ ਪਾਸੇ ਲਾ ਲਿਆ। ਫੇਰ 1977 ਦੀ ਸਥਿਤੀ ਦਾ ਜ਼ਿਕਰ ਕਰ ਰਹੇ ਸਨ ਕਿ "ਸਰਦਾਰ ਬਾਦਲ ਨੇ ਰਾਜ ਦੀ ਕੁਲ ਸ਼ਕਤੀ ਨੂੰ ਗੈਰ ਅਕਾਲੀਆਂ ਅਤੇ ਰਿਸ਼ਤੇਦਾਰਾਂ ਦੇ ਹੱਥਾਂ ਵਿੱਚ ਸੀਮਤ ਕਰ ਲਿਆ ਹੈ, ਅਜਿਹਾ ਕਰਕੇ ਉਹਨਾਂ ਨੇ ਪਾਰਟੀ ਰਾਜ ਨੂੰ ਖਤਮ ਕਰਕੇ ਪੰਜਾਬ ਵਿਚ ਆਪਣਾ ਪਰਵਾਰਕ ਰਾਜ ਸਥਾਪਿਤ ਕਰ ਲਿਆ ਹੈ। ਜਨ ਸੰਘ ਅਤੇ ਆਰ. ਐਸ. ਐਸ. ਨਾਲ ਮਿਲ ਕੇ ਪੰਥਕ ਜਥੇਬੰਦੀਆਂ ਤੇ ਕਬਜ਼ਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਲੋਂ ਬੁਲਾਏ ਗਏ ਜਨਰਲ ਇਜਲਾਸ ਦੇ ਮੁਕਾਬਲੇ ਤੇ ਜਥੇਬੰਦੀ ਵਿਚੋਂ ਕਢੇ ਗਏ ਲੋਕਾਂ ਦਾ ਇਜਲਾਸ ਬੁਲਾ ਕੇ ਸਿੱਖ ਕੌਮ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਕੁਨਬਾ ਪਰਵਾਰ ਸ: ਬਾਦਲ ਨੇ ਝੂਠ ਅਤੇ ਬੇਈਮਾਨੀ ਦਾ ਸਹਾਰਾ ਲੈਂਦਿਆਂ ਪੰਥਕ ਸਿਧਾਂਤਾਂ ਅਤੇ ਨਿਸ਼ਾਨਿਆਂ ਨੂੰ ਮਿੱਟੀ ਵਿਚ ਮਿਲਾ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਦੋ ਫਾੜ ਕਰਨ ਵਾਸਤੇ ਖਾਲਸਾ ਪੰਥ ਤੇ ਦੁਪਾਸਿਉਂ ਹੱਲਾ ਬੋਲਿਆ ਹੈ।" ਮੈਂ ਤਾਂ ਨਹੀਂ ਹਾਊਸ ਵਿੱਚ ਕਹਿਣਾ ਸੀ, ਪਰ ਉਨ੍ਹਾਂ ਕਿਹਾ ਹੈ, ਇਸ ਲਈ ਕਹਿਣਾ ਪੈ ਰਿਹਾ ਹੈ। ਫੇਰ ਕਿਹਾ ਹੈ "ਇਕ ਪਾਸੇ ਸਰਦਾਰ ਬਾਦਲ ਪਾਸ ਰਾਜ ਦੀ ਅਥਾਹ ਸ਼ਕਤੀ ਅਤੇ ਕਾਲੇ ਧਨ ਦੇ ਭੰਡਾਰ ਹਨ, ਦੂਸਰੇ ਪਾਸੇ ਸ਼੍ਰੋਮਣੀ ਅਕਾਲੀ

[ਮੁੱਖ ਮੰਤਰੀ]

ਦੱਲ ਪਾਸ ਪੰਥ ਲਈ ਆਪਾ ਵਾਰਨ ਵਾਲੇ ਗਰੀਬ ਵਰਕਰ ਹੀ ਇਸ ਦੇ ਡੈਲੀਗੇਟ ਹਨ (ਸਾਡੇ ਵਰਗੇ) ਇਹੋ ਸਿਖ ਕੌਮ ਦੀ ਸ਼ਕਤੀ ਅਤੇ ਸਰਮਾਇਆ ਹਨ। ਸਰਦਾਰ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਡੈਲੀਗੇਟਾਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਵਿਧਾਨ ਸਭਾ ਦੇ ਅਕਾਲੀ ਮੈਂਬਰਾਂ ਦੇ ਈਮਾਨ ਨੂੰ ਕਰੱਪਟ ਕਰ ਰਹੇ ਹਨ। ਸਰਕਾਰੀ ਪਦਵੀਆਂ ਦਾ ਲਾਲਚ ਦਿਤਾ ਜਾ ਰਿਹਾ ਹੈ, ਬੇਪਨਾਹ ਕਾਲਾ ਧਨ ਵੰਡਿਆ ਜਾ ਰਿਹਾ ਹੈ। ਪੰਜਾਬ ਭਰ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਡੈਲੀ-ਗੇਟਾਂ, ਸ਼੍ਰੋਮਣੀ ਕਮੇਟੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰਾਂ ਦੇ ਪਰਵਾਰਾਂ ਵਿੱਚ ਡਰ ਅਤੇ ਸਹਿਮ ਪੈਦਾ ਕੀਤਾ ਜਾ ਰਿਹਾ ਹੈ।"

ਸਰਦਾਰ ਬਾਦਲ ਪੰਥ ਹਿਤੈਸ਼ੀਆਂ ਵਿਰੁਧ ਝੂਠੇ ਮਕੱਦਮੇ ਬਣਾ ਰਹੇ ਹਨ। ਅਸੀਂ ਅੱਜ ਦੀ ਇਸ ਘੜੀ ਤਕ ਹਰ ਸੰਭਵ ਯਤਨ ਕੀਤਾ ਕਿ ਪੰਥ ਨੂੰ ਵਰਤਮਾਨ ਸਥਿੱਤੀ ਵਿਚ ਪੰਥ ਦੁਸ਼ਮਨ ਸ਼ਕਤੀਆਂ ਵਲੋਂ ਚੁਪਾਸਿਉਂ ਕੀਤੇ ਜਾ ਰਹੇ ਮਾਰੂ ਹਮਲਿਆਂ ਤੋਂ ਬਚਾਇਆ ਜਾ ਸਕੇ ਅਤੇ ਏਕਤਾ ਨੂੰ ਕਾਇਮ ਰਖਿਆ ਜਾ ਸਕੇ। ਪਰ 'ਹਿੰਦੂ-ਸਿਖ ਏਕਤਾ-ਪੰਥ ਦੋਫਾੜ' ਦੇ ਨਾਹਰੇ ਵਿਚ ਵਿਸ਼ਵਾਸ ਰਖਣ ਵਾਲੇ ਸਰਦਾਰ ਬਾਦਲ ਆਪਣੀ ਕੁਰਸੀ ਦਾ ਬਚਾਓ ਪੰਥਕ ਏਕਤਾ ਨੂੰ ਖਤਮ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰਨ ਵਿਚ ਹੀ ਸਮਝਦੇ ਹਨ। ਇਸ ਲਈ ਅਸੀਂ ਪੰਥ ਨੂੰ ਦੋ ਫਾੜ ਕਰਨ ਵਿਚ ਰੁਝੇ ਹੋਏ ਸਿੱਖਾਂ ਵਿਚ ਸਿੱਖੀ ਦੇ ਉਤਸ਼ਾਹ ਨੂੰ ਖਤਮ ਕਰਨ ਲਈ ਜ਼ਿਮੇਵਾਰ ਪੰਜਾਬ ਨੂੰ ਦੋ ਭਾਸ਼ਾਈ ਬਣਾਉਂਦਿਆਂ ਖਾਲਸਾ ਪੰਥ ਨੂੰ ਸਦਾ ਲਈ ਫਿਰਕੂ ਹਿੰਦੂਆਂ ਦੇ ਗੁਲਾਮ ਬਣਾਉਣ ਲਈ ਪੱਕੇ ਬਾਨ੍ਹਣੂ ਬੰਨ੍ਹ ਰਹੇ, ਹਰ ਪੱਧਰ ਦੀ ਕੁਰੱਪਸ਼ਨ ਕੁਨਬਾ-ਪ੍ਰਵਰੀ ਅਤੇ ਮਾਰੂ ਗੁਟਬੰਦੀ ਦੇ ਕੋਝੇ ਅਤੇ ਘਿਨਾਉਣੇ ਯਤਨਾਂ ਵਿਚ ਈਮਾਨ ਰੱਖਣ ਵਾਲੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੇ ਅਸਤੀਫੇ ਦੀ ਮੰਗ ਕਰਦੇ ਹਾਂ।

ਇਸ ਤਰ੍ਹਾਂ ਦਾ ਪੱਤਰ ਹੈ। ਸਾਰਾ ਨਹੀਂ ਪੜ੍ਹਿਆ ਅਤੇ ਕੁਝ ਹਿੱਸਾ ਮੈਂ ਪੜ੍ਹਿਆ ਹੈ। ਇਹੋ ਜਿਹਾ ਇਤਿਹਾਸ ਹੈ ਇਨਾਂ ਦਾ (ਵਿਘਨ) ਅਕਾਲ ਤਖਤ ਤੇ ਮੈਨੂੰ ਦੋ ਤਿੰਨ ਵਾਰੀ ਜਾਣ ਦਾ ਮੌਕਾ ਮਿਲਿਆ ਹੈ। ਮੈਂ ਅਕਾਲ ਤਖਤ ਦਾ ਬਹੁਤ ਸਤਿਕਰ ਕਰਦਾ ਹਾਂ। ਅਕਾਲ ਤਖਤ ਦੀ ਗੱਲ ਇਥੇ ਨਹੀਂ ਕਰਨੀ ਚਾਹੀਦੀ ਸੀ ਲੇਕਿਨ ਹਰ ਤਕਰੀਰ ਵਿਚ ਹੋਰ ਕੁਝ ਪਹਿਲਾਂ ਨਹੀਂ ਸੀ। ਕੰਮ ਕੁਝ ਇਹ ਕਰ ਨਹੀਂ ਸਕੇ। ਬਾਦਲ ਇਨ੍ਹਾਂ ਨੂੰ ਆਪਣੇ ਨਾਲ ਵਜ਼ੀਰੀ ਤੋਂ ਕੱਢਾ ਕੇ ਲੈ ਗਿਆ ਅਤੇ ਆਪਣੇ ਵਰਗਾ ਇਨ੍ਹਾਂ ਨੂੰ ਵੀ ਬਣਾ ਦਿੱਤਾ। ਕੋਈ ਇਨ੍ਹਾਂ ਕੋਲ ਦਿਸ਼ਾ ਨਹੀਂ ਹੈ ਕਿ ਕਿਸ ਤਰਫ ਜਾਣਾ ਹੈ। ਕੋਈ ਚੀਜ਼ ਇਨ੍ਹਾਂ ਕੋਲ ਨਹੀਂ ਹੈ। ਇਸ ਲਈ ਇਨ੍ਹਾਂ ਨੇ ਸਾਰਾ ਜ਼ੋਰ ਅਕਾਲ ਤਖਤ ਦਾ ਸਹਾਰਾ ਲੈਣ ਤੇ ਲਗਾ ਦਿੱਤਾ ਹੈ। ਜਦੋਂ ਇਹ ਫੇਲ੍ਹ ਹੋ ਗਏ ਤਾਂ ਫਿਰ ਅਕਾਲ ਤਖਤ ਦਾ ਸਹਾਰਾ ਲੈ ਲਿਆ। ਇਹ ਕਹਿੰਦੇ ਹਨ ਕਿ ਅਕਾਲ ਤਖਤ ਦਾ ਸਤਿਕਾਰ ਨਹੀਂ ਕੀਤਾ। ਮੈਂ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੀ ਸਤਿਕਾਰ ਕੀਤਾ ਹੈ। ਅੱਜ ਇਥੇ ਕੈਪਟਨ ਅਮਰਿੰਦਰ ਸਿੰਘ ਨਹੀਂ ਹਨ। ਕੋਈ ਚੀਜ਼ ਕਹਿ ਕੇ ਚਲੇ ਜਾਣਾ ਸੁਖਾਲਾ ਹੁੰਦਾ ਹੈ ਔਰ ਸੁਣਨਾ ਔਖਾ ਹੁੰਦਾ ਹੈ। ਪਹਿਲਾਂ ਵੀ ਇਹ ਗੈਰ-ਹਾਜ਼ਰ ਹੁੰਦੇ ਰਹੇ ਹਨ। ਜਦੋਂ ਅੱਤਵਾਦ ਦੀ ਨਿੰਦਿਆ ਕਰਨੀ ਹੁੰਦੀ ਹੈ ਉਦੋਂ ਇਹ ਗੈਰ-ਹਾਜ਼ਰ ਹੋ ਜਾਂਦੇ ਹਨ। ਕੈਪਟਨ ਅਮਰਿੰਦਰ ਸਿੰਘ ਆਪਣੇ ਆਪ ਨੂੰ ਅਕਾਲ ਤਖਤ ਨਾਲ ਦਸਦੇ ਹਨ ਅਤੇ ਮੇਰੇ ਤੇ ਕਿੰਤੂ ਕਰਦੇ ਹਨ। ਪਿਛੇ ਜਿਹੇ ਆਨੰਦਪੁਰ ਸਾਹਿਬ ਵਿਖੇ ਏਕਤਾ ਕਰਾਉਣ ਵਾਸਤੇ ਕਿਹਾ ਗਿਆ। ਇਨ੍ਹਾਂ ਨੂੰ ਵੀ ਬੁਲਾਇਆ ਗਿਆ ਔਰ ਸਾਨੂੰ ਵੀ ਬੁਲਾਇਆ ਗਿਆ। ਅਸੀਂ ਕਿਹਾ ਕਿ ਏਕਤਾ ਹੋਣੀ ਚਾਹੀਦੀ ਹੈ। ਕੈਪਟਨ ਅਮਰਿੰਦਰ ਸਿੰਘ ਦਾ ਬਿਆਨ ਹੈ ਜੋ ਕਿ ਪੰਜਾਬੀ ਟ੍ਰਿਬਿਊਨ ਮਿਤੀ 3 ਅਕਤੂਬਰ 1986 ਵਿਚ ਛਪਿਆ ਹੈ। ਉਹ ਮੈਂ ਪੜ੍ਹਦਾ ਹਾਂ।

"ਅੱਜ ਇਥੇ ਦੁਪਹਿਰ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਏਕਤਾ ਦੇ ਮੁੱਦੇ ਬਾਰੇ ਜੱਥੇਦਾਰ ਕਿਰਪਾਲ ਨੂੰ ਸਾਰੇ ਸਿੰਘ ਸਾਹਿਬਾਨ ਦੇ ਨਾਂ ਦਿੱਤੀ ਚਿੱਠੀ ਜਾਰੀ ਕੀਤੀ। ਉਨ੍ਹਾਂ ਨੇ ਇਹ ਗਲ ਸਪੱਸ਼ਟ ਕਰ ਦਿੱਤੀ ਹੈ ਕਿ ਜਦੋਂ ਤਕ ਬਰਨਾਲਾ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਦੇ ਆਹੁਦੇ ਤੋਂ ਅਸਤੀਫਾ ਨਹੀਂ ਦਿੰਦੇ ਉਦੋਂ ਤਕ ਮੈਂ ਸਿੰਘ ਸਾਹਿਬਾਨ ਨੂੰ ਨਹੀਂ ਮਿਲਾਂਗਾ।"

ਇਸ ਵਿਚ ਲਿਖਿਆ ਹੈ ਕਿ ਮੈਂ ਨਹੀਂ ਮਿਲਦਾ। ਪਹਿਲਾਂ ਇਹ ਅਸਤੀਫਾ ਦੇਵੇ ਫਿਰ ਮਿਲਾਂਗਾ।

ਇਸ ਵਿਚ ਅੱਗੇ ਇਸ ਤਰ੍ਹਾਂ ਲਿਖਿਆ ਹੈ।—

"ਕੈਪਟਨ ਅਮਰਿੰਦਰ ਸਿੰਘ ਨੇ ਸਿੰਘ ਸਾਹਿਬਾਨ ਦੀ ਏਕਤਾ ਮੁਹਿਮ ਉਤੇ ਹੈਰਾਨਗੀ ਪ੍ਰਗਟ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਸਟੈਂਡ ਜਾਣਦੇ ਹੋਏ ਵੀ ਏਕਤਾ ਕਰਵਾਉਣ ਲਈ ਬੁਲਾਉਣ ਵਾਸਤੇ ਵਿਚਾਰ ਹੋ ਰਹੀ ਹੈ। ਸਿੱਖ ਰਵਾਇਤਾਂ ਦਾ "ਰਾਖਾ" ਹੋਣ ਦੇ ਨਾਤੇ ਸਿੰਘ ਸਾਹਿਬਾਨ ਨੂੰ ਸਾਨੂੰ ਆਪਣਾ ਸਟੈਂਡ ਛੱਡਣ ਲਈ ਕਹਿਣਾ ਠੀਕ ਨਹੀਂ।"

ਇਹ ਕਿੰਤੂ ਉਨ੍ਹਾਂ ਤੇ ਕਰ ਰਹੇ ਹਨ। ਇਹ ਪਾਰਟੀ ਬਣਾਉਂਦੇ ਸੀ ਪਰ ਇਨ੍ਹਾਂ ਦੀ ਪਾਰਟੀ ਬਣ ਨਹੀਂ ਸਕੀ। ਇਹ ਕਹਿੰਦੇ ਹਨ ਕਿ ਸਾਡਾ ਪੱਖ ਠੀਕ ਹੈ ਸਾਨੂੰ ਬਲਾਉਣ ਦਾ ਉਨ੍ਹਾਂ ਦਾ ਹਕ ਨਹੀਂ।

ਅੱਜ ਇਹ ਸਿੱਖਾਂ ਦੇ ਬਾਰੇ ਬਾਰ ਬਾਰ ਜ਼ਿਕਰ ਕਰਦੇ ਹਨ। ਇਹ ਬਾਦਲ ਸਾਹਿਬ ਦਾ 14 ਅਕਤੂਬਰ 1986 ਦਾ ਬਿਆਨ ਹੈ। ਉਹ ਬਾਹਿਰ ਸੀ। ਉਹ ਇਨ੍ਹਾਂ ਦੀ ਪਾਰਟੀ ਦਾ ਲੀਡਰ ਹੈ ਇਨ੍ਹਾਂ ਦੀ ਪਾਰਟੀ ਦਾ ਪ੍ਰਧਾਨ ਹੈ। ਉਨ੍ਹਾਂ ਦਾ ਬਿਆਨ ਇਸ ਤਰ੍ਹਾਂ ਹੈ :—

"ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਸਪੱਸ਼ਟ ਕਿਹਾ ਹੈ ਕਿ ਜਦੋਂ ਤਕ ਸਰਦਾਰ ਸੁਰਜੀਤ ਸਿੰਘ ਬਰਨਾਲਾ ਅਕਾਲੀ ਦਲ ਦੀ ਪ੍ਰਧਾਨਗੀ ਤੇ ਮੁੱਖ ਮੰਤਰੀ ਦੇ ਦੋਵੇਂ ਅਹੁਦੇ ਨਹੀਂ ਛਡਦੇ ਉਦੋਂ ਤੱਕ ਸਿੰਘ ਸਾਹਿਬਾਨ ਵਲੋਂ ਪੰਥ ਵਿਚ ਏਕਤਾ ਲਈ ਕੀਤੇ ਜਾ ਰਹੇ ਯਤਨਾਂ ਦਾ ਕੋਈ ਲਾਭ ਨਹੀਂ।"

ਇਹ ਉਨ੍ਹਾਂ ਨੂੰ ਨਸੀਹਤਾਂ ਦੇਣ ਚਲੇ ਹਨ। ਪੰਜ ਸਿੰਘ ਸਾਹਿਬਾਨ ਉਨ੍ਹਾਂ ਨੂੰ ਬੁਲਾ ਰਹੇ ਹਨ। ਉਨ੍ਹਾਂ ਨੇ ਯਤਨ ਬਹੁਤ ਦੇਰ ਜਾਰੀ ਰੱਖੇ। 20-25 ਵਾਰ ਯਤਨ ਕੀਤੇ। ਕਦੇ ਸਾਨੂੰ ਬੁਲਾਇਆ ਕਦੇ ਇਨ੍ਹਾਂ ਨੂੰ ਬੁਲਾਇਆ। ਉਨ੍ਹਾਂ ਨੇ ਕੋਈ ਸੌ ਆਦਮੀਆਂ ਨੂੰ ਬੁਲਾਇਆ ਕਿ ਕਿਵੇਂ ਸਮਝੌਤਾ ਹੋ ਸਕਦਾ ਹੈ ਇਕੱਠੇ ਹੋ ਸਕਦੇ ਹਨ। ਇਸ ਕਰਕੇ ਪਹਿਲਾ ਬਿਆਨ ਜੋ ਮੈਂ ਅਰਜ਼ ਕੀਤੀ ਹੈ ਕੈਪਟਨ ਅਮਰਿੰਦਰ ਸਿੰਘ ਦਾ 3 ਅਕਤੂਬਰ ਦਾ ਹੈ ਅਤੇ ਬਾਦਲ ਸਾਹਿਬ ਦਾ 14 ਅਕਤੂਬਰ ਦਾ ਹੈ। ਹੁਣ ਮੈਂ 31 ਅਕਤੂਬਰ ਦੇ ਬਾਦਲ ਸਾਹਿਬ ਦੇ ਬਿਆਨ ਬਾਰੇ ਦੱਸਣਾ ਚਾਹੁੰਦਾ ਹਾਂ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਮੇਰਾ ਨਾਮ ਲੈ ਕੇ ਕਹਿ ਰਹੇ ਹਨ ......

ਸ੍ਰੀ ਸਪੀਕਰ : ਉਨ੍ਹਾਂ ਨੇ ਤੁਹਾਡਾ ਕੋਈ ਰੈਫਰੈਂਸ ਨਹੀਂ ਦਿੱਤਾ। ਤੁਸੀਂ ਬੈਠੋ।

ਮੁੱਖ ਮੰਤਰੀ : ਅੱਜ ਬਿੱਲੀ ਥੈਲ ਵਿਚੋਂ ਬਾਹਿਰ ਆਉਣ ਲੱਗੀ ਹੈ । ਫਿਰ ਇਹ ਘਬਰਾ ਗਏ ਹਨ । ਬਾਦਲ ਸਾਹਿਬ ਦਾ 31 ਅਕਤੂਬਰ ਦਾ ਬਿਆਨ ਇਸ ਤਰ੍ਹਾਂ ਹੈ :—

"ਵਰਨਣਯੋਗ ਹੈ ਕਿ ਸ੍ਰੀ ਬਾਦਲ, ਭਾਈ ਸ਼ਮਿੰਦਰ ਸਿੰਘ, ਕੈਪਟਨ ਅਮਰਿੰਦਰ ਸਿੰਘ ਅਤੇ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਕੱਲ੍ਹ ਸ਼ਾਮੀ ਆਨੰਦਪੁਰ ਸਾਹਿਬ ਸਿੰਘ ਸਾਹਿਬਾਨ ਨੂੰ ਮਿਲਣ ਗਏ ਸਨ। ਉਥੇ ਚੌਹਾਂ ਆਗੂਆਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਜੇਕਰ ਸਿੰਘ ਸਾਹਿਬਾਨ ਉਨ੍ਹਾਂ ਦੇ ਸਟੈਂਡ ਤੋ ਪਰੇ ਜਾ ਕੇ ਕੋਈ ਫੈਸਲਾ ਦੇਣਗੇ ਤਾਂ ਉਨ੍ਹਾਂ ਦੀ ਪਾਰਟੀ ਉਸ ਫੈਸਲੇ ਨੂੰ ਮੰਨਣ ਲਈ ਪਾਬੰਦ ਨਹੀਂ ਹੋਵੇਗੀ।

ਇਹ ਇਨ੍ਹਾਂ ਦੀ ਹੈਸੀਅਤ ਹੈ। ਇਹ ਇਨ੍ਹਾਂ ਦੇ ਆਗੂਆਂ ਦੀ ਹੈਸੀਅਤ ਹੈ । ਅੱਜ ਇਹ ਕੋਈ ਗੱਲ ਕਰਨ ਜੋਗੇ ਨਹੀਂ ਰਹੇ। ਬਾਦਲ ਸਾਹਿਬ ਨੇ ਹੋਰ ਆਖਿਆ —

"ਪਾਰਟੀ ਸੂਤਰਾਂ ਅਨੁਸਾਰ ਬਾਗੀ ਅਕਾਲੀ ਨੇਤਾਵਾਂ ਨੇ ਕੱਲ ਸਿੰਘ ਸਾਹਿਬਾਨ ਨਾਲ ਮੀਟਿੰਗ ਸਮੇਂ ਉਨ੍ਹਾਂ (ਸਿੰਘ ਸਾਹਿਬਾਨ) ਦੀ ਕਾਰਗੁਜ਼ਾਰੀ ਦੀ ਵੀ ਆਲੋਚਨਾ ਕੀਤੀ ।"

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

Mr. Speaker : This is no point of order.

ਮੁੱਖ ਮੰਤਰੀ : "ਤਾਲੋ ਖੁੰਝੀ ਡੂਮਣੀ ਬੋਲੇ ਤਾਲ ਪਤਾਲ ।" ਇਹ ਹੈ ਗੱਲ ਇਨ੍ਹਾਂ ਦੀ ਹੋਰ ਕੁੱਝ ਨਹੀਂ। ਸਾਡੇ ਬਾਦਲ ਸਾਹਿਬ ਦਾ ਹੋਰ ਬਿਆਨ ਹੈ ਕਿ ਪਾਰਟੀ ਸੂਤਰਾਂ ਅਨੁਸਾਰ ਐਨੀ ਗੱਲ ਕਹੀ ਹੈ ਕਿ ਉਨ੍ਹਾਂ ਨੇ ਸਿੰਘ ਸਾਹਿਬਾਨ ਦੀ ਕਾਰਗੁਜ਼ਾਰੀ ਦੀ ਅਲੋਚਨਾ ਕੀਤੀ । ਉਨ੍ਹਾਂ ਸਿੰਘ ਸਾਹਿਬਾਨ ਨੂੰ ਇਹ ਵੀ ਕਿਹਾ ਕਿ ਇਸ ਅਹੁਦੇ ਦਾ ਸਤਿਕਾਰ ਕਾਇਮ ਰੱਖਣ ਲਈ ਉਹ ਐਡਵਾਈਸ ਕਰ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਵਲੋਂ ਸਿੰਘ ਸਾਹਿਬਾਨ ਦੀ ਕੀਤੀ ਅਲੋਚਨਾ ਦਾ ਮਾਮਲਾ ਉਠਾਇਆ ਗਿਆ। ਕੈਪਟਨ ਨੇ ਉਨ੍ਹਾਂ ਨੂੰ ਸਪੱਸ਼ਟ ਕੀਤਾ ਕਿ ਉਸ ਦੀ ਅਲੋਚਨਾ ਬਿਲਕੁਲ ਵਾਜਬ ਹੈ। ਉਨ੍ਹਾਂ ਦੀ ਮੌਜੂਦਗੀ ਵਿਚ ਆਖਿਆ ਜਾ ਰਿਹਾ ਹੈ। ਅਕਾਲ ਤਖਤ ਦੇ ਜੱਥੇਦਾਰ ਪੰਜ ਬੈਠੇ ਹੋਏ ਹਨ। ਉਨ੍ਹਾਂ ਦੀ ਮੌਜੂਦਗੀ ਵਿਚ ਆਖਿਆ ਜਾ ਰਿਹਾ ਹੈ । ਜਿਹੜੇ ਅੱਜ ਜੱਥੇਦਾਰ 5 ਬੈਠੇ ਹੋਏ ਹਨ ਉਨ੍ਹਾਂ ਦੀ ਮੌਜੂਦਗੀ ਵਿਚ ਆਖਿਆ ਗਿਆ। ਅਸੀਂ ਅਲੋਚਨਾ ਨਹੀਂ ਕੀਤੀ। ਅਲੋਚਨਾ ਇਹ ਕਰਦੇ ਹਨ। ਅਸੀਂ ਕਿਸੇ ਤਖਤ ਦੀ ਅਲੋਚਨਾ ਨਹੀਂ ਕੀਤੀ। ਅਸੀਂ ਅਕਾਲ ਤਖਤ ਜਾਂ ਅਨੰਦਪੁਰ ਸਾਹਿਬ ਤਖਤ ਦੀ ਅਲੋਚਨਾ ਨਹੀਂ ਕੀਤੀ। ਅਸੀਂ ਸਤਿਕਾਰ ਕਰਦੇ ਹਾਂ। ਅਸੀਂ ਕੋਈ ਕੰਡੀਸ਼ਨ ਨਹੀਂ ਲਾਉਂਦੇ। ਕੰਡੀਸ਼ਨ ਇਹ ਲਗਾਉਂਦੇ ਹਨ। ਸਾਡੀ ਗੱਲ ਇਹ ਮੰਨੋ। ਫਲਾਣੇ ਨੂੰ ਮਾਰੋ ਫਲਾਣੇ ਨੂੰ ਮਾਰੋ। ਇਹ ਸ਼ਰਤਾਂ ਲਾ ਕੇ ਗਏ ਸੀ ਕਿ ਸਾਡੀ ਪਾਰਟੀ ਨਹੀਂ ਮੰਨੇਗੀ ਜੇ ਕੋਈ ਹੋਰ ਫੈਸਲਾ ਕੀਤਾ ਤਾਂ। ਜੇ ਸਿੰਘ ਸਾਹਿਬ ਨੇ ਪੁੱਛਿਆ ਕਿ ਤੁਸੀਂ ਅਲੋਚਨਾ

**Expunged as ordered by the Chair.

ਕੀਤੀ ਹੈ ਤਾਂ ਇਨ੍ਹਾਂ ਨੇ ਕਿਹਾ ਕਿ ਹਾਂ ਜੀ ਅਸੀਂ ਕੀਤੀ ਹੈ। ਫਿਰ ਕੀ ਹੋਇਆ ? ਪਿੱਛੇ ਜਿਹੇ ਅਕਾਲ ਤਖ਼ਤ ਸਾਹਿਬ ਤੇ ਕਿਉਂਕਿ ਕੁਝ ਐਸਾ ਅਨਸਰ ਸੀ ਜਿਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਹੱਥਿਆ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਔਰ ਉਸ ਦਾ ਨਾਮ ਰੱਖ ਦਿਤਾ ਸਰਬਤ ਖਾਲਸਾ। ਇਹ ਸਪੀਕਰ ਸਾਹਿਬ ਮੈਂ 26 ਜਨਵਰੀ 1986 ਦੀ ਗੱਲ ਕਰ ਰਿਹਾ ਹਾਂ। ਉਨ੍ਹਾਂ ਨੇ ਉਥੇ ਸਰਬਤ ਖਾਲਸਾ ਕਰ ਲਿਆ। ਉਥੇ ਹੋਇਆ ਕੀ ? ਉਥੇ ਜੋ ਹੋਇਆ ਉਹ ਮੈਂ 27 ਜਨਵਰੀ ਦੀ ਟ੍ਰਿਬਿਊਨ ਵਿਚੋਂ ਪੜ੍ਹ ਦਿੰਦਾ ਹਾਂ।

"The Damdami Taksal sponsored "Sarbat Khalsa" convention held here today "sacked" the Jathedar of Akal Takht, "dissolved the S. G. P. C. and appointed a five member committee to run panthic affairs."

ਸਾਰਾ ਤੈਸ਼ ਨੈਸ਼ ਕਰ ਦਿੱਤਾ। ਅਕਾਲ ਤਖਤ ਸਾਹਿਬ ਦੇ ਜੱਥੇਦਾਰ ਹਨ ਇਨ੍ਹਾਂ ਦੀ ਸ਼ਕਤੀ ਸੀ ਜਿਵੇਂ ਉਨ੍ਹਾਂ ਨੂੰ ਹਟਾਉਣ ਦੀ। ਸ਼੍ਰੋਮਣੀ ਕਮੇਟੀ ਤੋੜ ਕੇ ਪੰਥਕ ਕਮੇਟੀ ਬਣਾ ਦਿਤੀ।

"The convention "excommanicated" president Zail Singh, Union Agriculture Minister Buta Singh, Akal Takht Chief Kirpal Singh. Golden Temple Head priest, Sahib Singh and Budha Dal Chief Santa Singh."

ਸਾਰਿਆਂ ਨੂੰ ਐਕਸ ਕਾਮਊਨੀਕੇਟ ਕਰ ਦਿਤਾ। ਉਸ ਦੇ ਖਿਲਾਫ ਇਹ ਇਕ ਸ਼ਬਦ ਨਹੀਂ ਆਖ ਸਕੇ। ਇਨ੍ਹਾਂ ਨੂੰ ਸ਼ਾਇਦ ਹਾਲੀਂ ਵੀ ਖਿਆਲ ਹੈ ਕਿ ਉਹ ਤਾਕਤ ਸ਼ਾਇਦ ਸਾਡੇ ਨਾਲ ਹੈ। ਜਿਨ੍ਹਾਂ ਦੇ ਬਾਰੇ ਜੋ ਉਨ੍ਹਾਂ ਨੇ ਸ਼ਬਦ ਇਸਤੇਮਾਲ ਕੀਤੇ ਹਨ ਉਹ ਜ਼ਰਾ ਸੁਣ ਲਓ।

"The "gurmata" described Sant Harchand Singh Longowal, Mr. Gurcharan Singh Tohra, Mr. Surjit Singh Barnala, Mr. Parkash Singh Badal, Mr. Balwant Singh, Mr. Sukjinder Singh and Mr. B. S. Ramoowalia as "traitors" of the Panth and directed the Sikhs to adopt a "contemptuous attitude" towards them."

ਸੋ ਇਨ੍ਹਾਂ ਸਾਰਿਆਂ ਦੀ ਸੇਵਾ ਉਨ੍ਹਾਂ ਨੇ ਕਰ ਦਿੱਤੀ। ਸਾਰਿਆਂ ਨੂੰ ਕਿਹਾ ਕਿ ਟਰੇਟਰਜ਼ ਹਨ ਗੱਦਾਰ ਹਨ। ਇਹ ਲਫਜ਼ ਅਕਾਲ ਤਖ਼ਤ ਤੋਂ ਉਥੇ ਕਹੇ ਗਏ। ਉਨ੍ਹਾਂ ਨੇ ਜਦੋਂ ਕਬਜ਼ਾ ਕਰ. ਲਿਆ ਫਿਰ ਸੋਚ ਚਲਾਈ ਗਈ ਕਿ ਹੁਣ ਕੀ ਕੀਤਾ ਜਾਵੇ। ਉਸ ਵੇਲੇ ਸਰਬੱਤ ਖਾਲਸਾ ਬੁਲਾ ਲਿਆ। ਸਰਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸਨ ਔਰ ਉਸ ਵੇਲੇ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਰਦਾਰ ਕਿਰਪਾਲ ਸਿੰਘ ਸਨ। ਉਨ੍ਹਾਂ ਨੇ ਬਾਕੀ ਜੱਥੇਦਾਰ ਸਾਹਿਬਾਨ ਨਾਲ ਸਲਾਹ ਕੀਤੀ ਅਤੇ ਸਾਰਿਆਂ ਨੇ ਫੈਸਲਾ ਕੀਤਾ ਔਰ ਅਨੰਦਪੁਰ ਸਾਹਿਬ ਸਰਬਤ ਖਾਲਸਾ ਸੱਦ ਲਿਆ। ਉਸ ਵੇਲੇ ਇਹ ਸਾਰੇ ਵਿੱਚ ਸਨ। ਉਥੇ ਕੋਈ 5-6 ਲੱਖ ਦਾ ਇਕੱਠ ਹੋਇਆ ਔਰ ਉਸ ਇਕੱਠ ਵਿੱਚ ਰੈਜ਼ੋਲਿਊਸ਼ਨ ਅਡਾਪਟ ਕੀਤਾ ਗਿਆ। ਇਹ ਅਕਾਲ ਤਖ਼ਤ ਸਾਹਿਬ ਦੀ ਜੋ ਕਾਰਵਾਈ ਹੋਈ ਸੀ ਧਾੜਵੀਆਂ ਨੇ ਕਬਜ਼ਾ ਕਰ ਲਿਆ। ਉਹ ਇਨ੍ਹਾਂ ਦਾ ਲੀਡਰ ਹੈ। ਦੂਸਰਾ ਇਕ ਕਲਮ ਦਾ ਲਿਖਾਰੀ ਹੈ ਉਹ ਇਨ੍ਹਾਂ ਦਾ ਆਗੂ ਹੈ। ਉਹ ਇਨ੍ਹਾਂ ਦੇ ਮੈਂਬਰ ਬਣੇ ਹੋਏ ਹਨ। ਮੈਂ ਉਨ੍ਹਾਂ ਦਾ ਨਾਂ ਨਹੀਂ ਲੈਂਦਾ ਕਿਉਂਕਿ ਉਹ ਇਸ ਹਾਊਸ ਵਿਚ ਮੌਜੂਦ ਨਹੀਂ ਹਨ (ਵਿਘਨ) ਮੈਂ ਉਸ ਮਤੇ ਦਾ ਇਕ ਹਿੱਸਾ ਪੜ੍ਹ ਰਿਹਾ ਹਾਂ। ਇਹ ਥੋਹੜਾ ਲੰਬਾ ਹੈ :—

"(ੳ) ਕਿ ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਦੇ ਅਰੰਭ ਸਮੇਂ ਸਰਬੱਤ ਖਾਲਸੇ ਦੇ ਨਾਮ ਦੀ ਦੁਰਵਰਤੋਂ ਕਰਦੇ ਹੋਇਆਂ ਕੁਝ ਮਨ-ਮਤੀਆਂ ਵਲੋਂ ਹਠ ਮੱਤ ਨਾਲ ਖਾਲਸਾ ਪੰਥ ਦੀਆਂ ਇਤਿਹਾਸਕ ਪਰੰਪਰਾਵਾਂ ਮੇਟਣ ਵਿਚ ਕੀਤੇ ਅਖੌਤੀ ਫੈਸਲਿਆਂ

[ਮੁੱਖ ਮੰਤਰੀ]

ਦੀ ਸਖ਼ਤ ਨਿਖੇਧੀ ਕਰਦਾ ਹੋਇਆ ਇਨ੍ਹਾਂ ਨੂੰ ਸਿੱਖ ਧਰਮ ਦੇ ਸਿਧਾਂਤਾਂ ਦਾ ਵਿਰੋਧ, ਸਿੱਖ ਰਵਾਇਤਾਂ ਦੀ ਉਲੰਘਣਾ, ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਅਤੇ ਪੰਥਕ ਹਿੱਤਾਂ ਦਾ ਘਾਤਕ ਸਮਝਦਾ ਹੈ। ਕਾਰ ਸੇਵਾ ਸਬੰਧੀ ਹੋਏ ਸਾਂਝੇ ਪੰਥਕ ਫੈਸਲੇ ਤੋਂ ਮੁਨਕਰ ਹੋ ਕੇ ਜਿਸ ਸੀਨਾ ਜ਼ੋਰੀ ਨਾਲ ਇਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਕਬਜ਼ਾ ਅਤੇ ਸ੍ਰੀ ਦਰਬਾਰ ਸਾਹਿਬ ਵਿਚ ਨਜਾਇਜ਼ ਦਖਲ ਦਿੱਤਾ ਹੈ, ਉਹ ਪੰਥ ਵਿਚ ਆਦਿ ਤੋਂ ਪਰਚਲਤ ਪੰਚਾਇਤੀ ਅਤੇ ਸੰਗਤੀ ਵਿਧੀ-ਵਿਧਾਨ ਦੀ ਘੋਰ ਉਲੰਘਣਾ, ਸਾਰੇ ਦਾ ਸਾਰਾ ਪੰਥ ਵਿਰੋਧੀ ਅਤੇ ਹੱਕ ਸੱਚ ਦੇ ਉਲਟ ਸਿੱਖ ਧਰਮ ਉੱਤੇ ਸਿੱਧਾ ਹਮਲਾ ਹੈ। ਸਰਬੱਤ ਖਾਲਸਾ ਅਨੁਭਵ ਕਰਦਾ ਹੈ ਕਿ ਪੰਥ ਦੋਖੀ ਤਾਕਤਾਂ ਦੇ ਹੱਥ ਠੋਕੇ ਬਣ ਕੇ ਇਹ ਲੋਕ ਪੰਥ ਨੂੰ ਖਾਨਾ ਜੰਗੀ ਵਿਚ ਉਲਝਾ, ਸਿੱਖਾਂ ਵਿਚ ਭਰਾ-ਭਰਾ ਵਿਚ ਫਸਾਦ ਕਰਵਾ ਕੇ ਪੱਕੀ ਦਫੇੜ ਪਾਉਣ ਦੀ ਸਾਜਿਸ਼ ਦੀਆਂ ਕਾਰਵਾਈਆਂ ਕਰ ਰਿਹਾ ਹੈ; ਇਹ ਅਤਿ ਗੰਭੀਰ ਅਤੇ ਚਿੰਤਾ ਜੰਨਕ ਸਥਿੱਤੀ ਹੈ। ਇਹ ਲੋਕ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਪ੍ਰਕਰਮਾਂ ਵਿਚ ਨੰਗੀਆਂ ਕਿਰਪਾਨਾਂ ਨਾਲ ਹੁਲੜਬਾਜ਼ੀ ਅਤੇ ਅਗਨੀ ਹਥਿਆਰਾਂ ਦਾ ਪ੍ਰਦਰਸ਼ਨ ਕਰਕੇ ਸੰਗਤਾਂ ਦੇ ਦਰਸ਼ਨ ਇਸ਼ਨਾਨ ਵਿਚ ਵਿਘਨ ਪਾਉਂਦੇ ਅਤੇ ਡਰ ਭੈ ਨਫ਼ਰਤ ਅਤੇ ਦਹਿਸ਼ਤ ਦਾ ਵਾਤਾਵਰਨ ਬਣਾਉਂਦੇ ਹਨ। ਕੂੜ ਨਿਖੁਟ ਕੇ ਹੁਣ ਇਹ ਸੱਚ ਉਜਾਗਰ ਹੋ ਗਿਆ ਹੈ ਕਿ ਇਹ ਲੋਕ ਗੁਰਧਾਮਾਂ ਨੂੰ ਕੇਵਲ ਲੜਾਈ ਅਤੇ ਬੁਰਛਾਗਰਦੀ ਦੇ ਅਖਾੜੇ ਹੀ ਨਹੀਂ ਬਣਾ ਰਹੇ ਬਲਕਿ ਬਹੁਤ ਸਾਰੇ ਨਾਸਤਿਕ ਤੇ ਨਕਸਲੀਏ ਗੁਰਧਾਮਾਂ ਦੀ ਮਾਣ-ਮਰਿਆਦਾ ਖ਼ਤਮ ਕਰਨ ਅਤੇ ਸਿੱਖੀ ਸ਼ਰਧਾ ਦੇ ਸੋਮੇ ਸੁਕਾਉਣ ਦੀ ਆਪਣੀ ਚਿਰੋਕਣੀ ਸਾਜਿਸ਼ ਨੇਪਰੇ ਚਾੜ੍ਹਣ ਲਈ ਹੁਣ ਸਿੱਖੀ ਭੇਖ ਧਾਰ ਕੇ ਦਮਦਮੀ ਟਕਸਾਲ ਅਤੇ ਫੈਡਰੇਸ਼ਨ ਵਿਚ ਘੁਸ-ਪੈਠ ਕਰ ਚੁਕੇ ਹਨ। ਇਹ ਨਿੱਤ ਨਵੇਂ ਸੂਰਜ ਕੁਰਬਾਨੀ ਕਰਕੇ ਜੇਲ੍ਹਾਂ ਵਿਚੋਂ ਰਿਹਾ ਹੋਏ, ਰਹਿਤੁਵਾਨ ਸਿੱਖ ਨੌਜਵਾਨਾਂ, ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਅਤੇ ਪੰਥ ਦੇ ਸੇਵਕ ਅਕਾਲੀ ਆਗੂਆਂ ਨੂੰ ਚੁਣ ਚੁਣ ਕੇ ਬੇ-ਰਹਿਮੀ ਨਾਲ ਕਤਲ ਕਰ ਰਹੇ ਹਨ। ਇੰਜ ਜਾਪਦਾ ਹੈ ਕਿ ਮੁੜ ਉਹੀ ਇਤਿਹਾਸ ਦੁਹਰਾਇਆ ਜਾ ਰਿਹਾ ਹੈ ਜਿਵੇਂ ਮਹਾਰਾਜਾ ਰਣਜੀਤ ਸਿੰਘ ਦੇ ਅੱਖ ਮੀਟਣ ਪਿਛੋਂ ਡੋਗਰਿਆਂ, ਮਿਸਰਾਂ ਅਤੇ ਕੁਝ ਗਦਾਰਾਂ ਨੇ ਅੰਗਰੇਜ਼ਾਂ ਨਾਲ ਸਾਜਿਸ਼ ਕਰਕੇ ਸਿੱਖ ਸ਼ਕਤੀ ਦੀ ਪ੍ਰਤੀਕ ਖਾਲਸਾ ਫੌਜ ਵਿਚ ਹੁਲੜਬਾਜ਼ੀ ਤੋਂ ਬੁਰਛਾਗਰਦੀ ਫੈਲਾ ਕੇ ਵਫਾਦਾਰ ਸਿੱਖ ਸੂਰਬੀਰਾਂ ਦਾ ਚਰਿਤਰਘਾਤ ਕਰਕੇ ਖਾਲਸਾ ਫੌਜ ਨੂੰ ਆਗੂਹੀਣ ਕੀਤਾ ਅਤੇ ਪਿਛੋਂ ਭੜਕਾਓ ਨਾਹਰੇ ਦੇ, ਬੇਲੋੜੀ ਜੰਗ ਵਿਚ ਝੋਕ ਖਾਲਸਾ ਰਾਜ ਦਾ ਖਾਤਮਾ ਕਰਵਾਇਆ। ਐਨ ਉਸੇ ਤਰ੍ਹਾਂ ਅੱਜ ਭੀ ਇਹ ਸਿੱਖ ਕੌਮ ਨੂੰ ਆਗੂਹੀਣ ਅਤੇ ਜਥੇਬੰਦੀ ਹੀਣ ਕਰਕੇ ਪੰਥਕ ਸ਼ਕਤੀ ਖਤਮ ਕਰਨ ਉਤੇ ਤੁਲੇ ਹੋਏ ਹਨ। ਅੱਜ ਇਨ੍ਹਾਂ ਦੇ ਕਹਿਰ ਢਾਹੁਣ ਦੇ ਕਾਰਨ ਪੰਥ ਦੇ ਵਿਹੜੇ ਵਿਚ ਸਥਰ ਵਿਛੇ ਹੋਏ ਹਨ ਅਤੇ ਪੰਥ ਦੋਖੀਆਂ ਦੇ ਘਰੀਂ ਘਿਓ ਦੇ ਦੀਵੇ ਮਚ ਰਹੇ ਹਨ। ਪੰਥ ਉੱਤੇ ਆਏ ਇਸ ਵਿਪਤਕਾਲ ਅਤੇ ਐਸੀ ਘੜੀ ਸਮੇਂ ਅੱਜ ਦਾ ਸਰਬੱਤ ਖਾਲਸਾ ਸਮੁੱਚੇ ਸਿੱਖ ਜਗਤ ਨੂੰ ਆਏ ਗੰਭੀਰ ਖਤਰੇ ਤੋਂ ਚਿੰਤਨ ਕਰਦਾ ਹੋਇਆ 26 ਜਨਵਰੀ, 1986 ਦੇ ਅੰਮ੍ਰਿਤਸਰ ਦੇ ਇਕ ਇਕੱਠ ਵਲੋਂ ਕੀਤੇ ਕਥਿਤ ਫੈਸਲਿਆਂ ਨੂੰ ਨਿਰਮੂਲ ਅਤੇ ਅਣ-ਅਧਿਕਾਰਤ ਸਮਝ ਕੇ ਇਨ੍ਹਾਂ ਨੂੰ ਕਤਈ ਤੌਰ ਉਤੇ ਰੱਦ ਕਰਦਾ ਹੈ। ਇਹ ਸਮਾਗਮ ਸਮੁਚੇ ਸਿੱਖ ਜਗਤ ਨੂੰ ਆਦੇਸ਼ ਦਿੰਦਾ ਹੈ ਕਿ ਉਹ ਇਨ੍ਹਾਂ ਨੂੰ ਕੋਈ ਮਾਨਤਾ ਨਾ ਦੇਣ। ਇਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਆਗਿਆ ਕਰਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ 'ਚੋਂ ਇਨ੍ਹਾਂ ਦਾ ਨਜਾਇਜ਼ ਦਖ਼ਲ ਖਤਮ ਕਰਨ ਅਤੇ ਭੰਗ ਹੋਈ ਮਰਯਾਦਾ ਨੂੰ ਮੁੜ ਕਾਇਮ ਕਰਨ ਲਈ ਛੇਤੀ ਤੋਂ ਛੇਤੀ ਉਪਰਾਲਾ ਕਰਨ। ਇਸ ਸਬੰਧੀ ਜੋ ਵੀ ਕਦਮ ਇਨ੍ਹਾਂ ਵਲੋਂ ਚੁਕਿਆ ਜਾਵੇਗਾ, ਉਸ ਨੂੰ ਸਾਰੇ ਪੰਥ ਦਾ ਮੁਕੰਮਲ ਸਹਿਯੋਗ ਅਤੇ ਪ੍ਰਵਾਨਗੀ ਪ੍ਰਾਪਤ ਹੋਵੇਗੀ। ਸਰਬੱਤ ਖਾਲਸਾ ਪੰਥ ਦੀ ਸਿਰਮੌਰ ਪ੍ਰਤੀਨਿਧ ਧਾਰਮਿਕ ਸੰਸਥਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੀਆਂ ਲਗਾਤਾਰ ਕੋਸ਼ਿਸ਼ਾਂ ਅਤੇ ਸਾਜਿਸ਼ਾਂ ਦਾ ਗੰਭੀਰ ਨੋਟ ਲੈਂਦਾ ਹੈ। ਇਤਿਹਾਸ ਗਵਾਹ ਹੈ ਕਿ ਖਾਲਸਾ ਪੰਥ ਨੇ ਸਾਲਾਂ ਬੱਧੀ ਜੱਦੋ-ਜਹਿਦ ਕਰਨ, ਸ਼ਹੀਦੀਆਂ ਪਾਣ ਅਤੇ ਭਾਰੀ ਕੁਰਬਾਨੀਆਂ ਉਪਰੰਤ ਵਿਦੇਸ਼ੀ ਸਾਮਰਾਜ ਦੀ ਪਿਠੂ ਮਹੰਤ ਸ਼ਾਹੀ ਤੋਂ ਗੁਰਧਾਮ ਮੁਕਤ ਕਰਵਾ ਕੇ ਇਹ ਪ੍ਰਬੰਧ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਰੂਪ ਵਿਚ ਵਜੂਦ ਵਿਚ ਲਿਆਂਦਾ। ਸੰਸਾਰ ਭਰ ਦੀਆਂ ਧਾਰਮਿਕ ਪ੍ਰਣਾਲੀਆਂ ਵਿਚੋਂ ਗੁਰਦਵਾਰਿਆਂ ਦਾ ਇਹ ਪੰਥਕ ਪ੍ਰਬੰਧ ਵਿਲਖਣ ਹੈ, ਜਿਸ ਨੂੰ ਕਾਨੂੰਨੀ ਅਤੇ ਵਿਧਾਨਕ ਮਾਨਤਾ ਪ੍ਰਾਪਤ ਹੈ ਅਤੇ ਕਿਸੇ ਨੂੰ ਭੀ ਇਸ ਨੂੰ ਭੰਗ ਕਰਨ ਦਾ ਕੋਈ ਅਧਿਕਾਰ ਪ੍ਰਾਪਤ ਨਹੀਂ। ਵਰਤਮਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਸਰਬੱਤ ਖਾਲਸਾ ਪੂਰੀ ਤਰ੍ਹਾਂ ਵਿਧਾਨਕ ਅਤੇ ਕਾਨੂੰਨੀ ਹੋਣ ਦੀ ਪ੍ਰਵਾਨਗੀ ਦਿੰਦਾ ਹੈ।"

ਇਹ ਮਤਾ ਸ੍ਰੀ ਸਪੀਕਰ ਸਾਹਿਬ, ਜਿਹੜਾ ਉਸ ਵਿਸ਼ਾਲ ਇਕੱਤਰਤਾ ਤੇ ਸਰਬੱਤ ਖਾਲਸਾ ਵਿਚ ਪਾਸ ਹੋਇਆ ਔਰ ਇਨ੍ਹਾਂ ਨੇ ਦੋ ਦੋ ਹੱਥ ਖੜ੍ਹੇ ਕਰਕੇ ਪਾਸ ਕੀਤਾ ਸੀ। ਉਹ ਅਖੌਤੀ ਸਰਬੱਤ ਖਾਲਸਾ ਕਰਕੇ ਫੈਸਲਾ ਕੀਤਾ ਸੀ ਔਰ ਇਨ੍ਹਾਂ ਬਾਰੇ ਉਨ੍ਹਾਂ ਨੇ ਇਹ ਸ਼ਬਦ ਇਸਤੇਮਾਲ ਕੀਤੇ ਹਨ। ਤੁਸੀਂ ਜਾਣਦੇ ਹੋ ਫਿਰ ਇਹ ਮਹਿਜ਼ ਇਕ ਸਿਆਸੀ ਚਾਲ ਖੇਡੀ ਕਿ ਪਾਰਟੀ ਤੋੜੀਏ, ਜਿਸ ਦਾ ਇਤਹਾਸ ਮੈਂ ਪਹਿਲਾਂ ਦੱਸ ਚੁਕਿਆ ਹਾਂ। ਇਹ ਤਿਆਰ ਰਹਿੰਦੇ ਹਨ। ਜਦੋਂ ਨੌਜਵਾਨ ਦੇ ਇਹ ਕਰੀਬ ਹੁੰਦੇ ਹਨ ਜਾਂ ਉਹ ਸਟੇਜ ਤੇ ਹੁੰਦੇ ਹਨ ਉਥੇ ਇਹ ਬੜੀਆਂ ਭੜਕੀਲੀਆਂ ਗਲਾਂ ਕਰਦੇ ਹਨ, ਭੜਕੀਲੀਆਂ ਤਕਰੀਰਾਂ ਕਰਦੇ ਹਨ ਔਰ ਇਹ ਉਨ੍ਹਾਂ ਦੀ ਅਗਵਾਈ ਕਰਦੇ ਹਨ। ਫਿਰ ਉਹ ਜੋਸ਼ ਵਿਚ ਉਠ ਕੇ ਤਲਵਾਰਾਂ ਨਾਲ ਸੇਵਾਦਾਰਾਂ ਦਾ ਕਤਲ ਕਰ ਦਿੰਦੇ ਹਨ।

ਬਹੁਤ ਹੀ ਘਿਰਣਾਤ੍ਮਿਕ ਗੱਲ ਸੀ ਲੇਕਿਨ ਉਸ ਦੀ ਨਿੰਦਾ ਨਹੀਂ ਕੀਤੀ। ਅੱਗ ਲਗਾ ਕੇ ਚਲੇ ਜਾਂਦੇ ਹਨ, ਭੁਗਤਦਾ ਕੋਈ ਹੋਰ ਰਹਿੰਦਾ ਹੈ, ਮੁਕੱਦਮੇ ਕਿਸੇ ਹੋਰ ਤੇ ਬਣ ਜਾਂਦੇ ਹਨ। ਸਟੇਜ ਇਨ੍ਹਾਂ ਕੋਲ ਹੋਵੇ ਪਰ ਜੇਕਰ ਨੌਜਵਾਨ ਇਨ੍ਹਾਂ ਦੇ ਸਾਹਮਣੇ ਹੋਵੇ ਬੋਲੀ ਬਦਲ ਜਾਂਦੀ ਹੈ। ਚੰਡੀਗੜ੍ਹ ਵਿਚ ਅਵਾਜ਼ ਹੋਰ ਹੁੰਦੀ ਹੈ, ਦਿੱਲੀ ਵਿਚ ਹੋਰ ਹੁੰਦੀ ਹੈ, ਇਨ੍ਹਾਂ ਦੀ ਅਸੰਬਲੀ ਵਿਚ ਅਵਾਜ਼ ਬਦਲ ਜਾਂਦੀ ਹੈ। ਦਿੱਲੀ ਇਹ ਗਏ ਸਨ, ਸਾਨੂੰ ਅਫਸੋਸ ਹੈ ਦਿੱਲੀ ਵਿਚ ਕਿਸ ਤਰ੍ਹਾਂ ਦੀਆਂ ਤਕਰੀਰਾਂ ਕਰਦੇ ਹਨ। ਇਨ੍ਹਾਂ ਦੇ ਭਾਈ ਸ਼ਮਿੰਦਰ ਸਿੰਘ ਆਗੂ ਨੂੰ ਭੇਜਿਆ ਹੈ, ਜਿਨ੍ਹਾਂ ਨੂੰ ਇਹ ਕਹਿੰਦੇ ਹਨ ਕਿ ਜੋ ਨਵਾਂ ਦਲ ਬਣਾਇਆ ਹੈ ਉਸ ਦਾ ਆਗੂ ਹੈ। ਉਸ ਨੇ ਬਿਆਨ ਦਿੱਤਾ ਹੈ। ਇਹ ਟ੍ਰਿਬਿਊਨ ਵਿਚ ਛਪਿਆ ਹੈ 18 ਫਰਵਰੀ, 1987 ਵਿਚ ਦਿੱਤਾ ਹੈ। ਇਹ ਨਹੀਂ ਕਿ ਕੋਈ ਪੁਰਾਣਾ ਹੈ, ਬੋਸੀਦਾ ਹੋ ਗਿਆ ਹੈ, ਪੁਰਾਣਾ ਹੋ ਗਿਆ ਹੈ, ਇਹ ਨਹੀਂ ਕਿ ..... (ਵਿਘਨ) ਸੁਣ ਲਵੋ, ਭਾਈ ਸ਼ਮਿੰਦਰ ਸਿੰਘ ਦਾ ਬਿਆਨ ਹੈ :—

> **"Bhai Shaminder Singh not only praised the Prime Minister's effort to solve the Punjab crisis but also went a step further by saying that he himself had never demanded the dismissal of Mr. Surjit Singh Barnala or his replacement."**

ਇਹ ਤਾ ਮੇਰੇ ਬਾਰੇ ਜਾਂ ਪ੍ਰਾਇਮ ਮਨਿਸਟਰ ਦੇ ਬਾਰੇ ਸ਼ਬਦ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਕੋਈ ਬਹੁਤੀ ਗੱਲ ਨਹੀਂ ਹੈ। ਫਿਰ ਉਨ੍ਹਾਂ ਨੇ ਕਿਹਾ—

> **"We have never accepted the Panthic Committee nor we will ever do so. Such Committees come and go and I am prepared to give a written undertaking in this regard".**

ਹੁਣ ਲਿਖ ਕੇ ਦੇਣ। ਇਹ ਇਨ੍ਹਾਂ ਦੇ ਆਗੂ ਨੇ ਕਹੇ ਪ੍ਰੈਸ ਵਾਲਿਆਂ ਨੂੰ। ਉਨ੍ਹਾਂ ਨੇ ਕਿਹਾ ਪੰਥਕ ਕਮੇਟੀਆਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਮੈਂ ਲਿਖ ਕੇ ਦੇਣ ਨੂੰ ਤਿਆਰ ਹਾਂ।

[ਮੁੱਖ ਮੰਤਰੀ]
ਲੇਕਿਨ ਕਹਿ ਦਿੱਤਾ ਕਿਸੇ ਪ੍ਰੈਸ ਵਾਲੇ ਨੇ ਕਿ ਸਿੱਖਾਂ ਦੇ ਬੋਲ ਬਾਲੇ ਬਾਰੇ ਕੀ ਵਿਚਾਰ ਹਨ। ਅਸੀਂ ਸਿੱਖਾਂ ਦਾ, ਸਪੀਕਰ ਸਾਹਿਬ, ਬੋਲ ਬਾਲਾ ਕਹਿੰਦੇ ਹਾਂ, ਰੋਜ਼ ਅਰਦਾਸ ਵਿਚ ਰੋਜ਼ ਕਹਿੰਦੇ ਹਾਂ। ਉਨ੍ਹਾਂ ਨੂੰ ਜਦੋਂ ਇਸ ਬਾਰੇ ਪੁਛਿਆ ਤਾਂ ਕਿਹਾ—

"This was a matter of routine effort which did not have much significance".

ਇਹ ਤਾਂ ਤੁਹਾਡਾ ਆਗੂ ਕਹਿ ਰਿਹਾ ਹੈ, ਸ਼ਰਮ ਦੀ ਗੱਲ ਹੈ। ਹੋਰ ਸੁਣ ਲਵੋ। ਵੱਖਰੀ ਕੌਮ, ਵੱਖਰੀ ਕੌਮ ਦਾ ਨਾਹਰਾ ਮਾਰਦੇ ਹਨ, ਉਹ ਵੀ ਸੁਣ ਲਵੋ। ਇਹ ਤੁਹਾਡੇ ਆਗੂ ਨੇ ਉਥੇ ਕਿਹਾ ਹੈ।

"Sikhs were a Kaum but were part of the Hindu community. Those who wore turbans were Sikhs and those without these, were Hindus."

ਇਹ ਕਰ ਗਿਆ ਸਫਾਈ ਤੁਹਾਡੀਆਂ ਸਾਰੀਆਂ ਗੱਲਾਂ ਦੀ ਉਨ੍ਹਾਂ ਕਿਹਾ ਕਿ ਪੱਗ ਬੰਨ੍ਹ ਲਈ ਹੈ, ਸਿੱਖ ਹੋ ਗਏ, ਪੱਗ ਨਹੀਂ ਬੰਨ੍ਹੀ ਤਾਂ ਹਿੰਦੂ ਹੋ ਗਏ। ਇਹ ਕਹਿੰਦੇ ਹਨ ਕਿ ਦੋ ਅਖਬਾਰਾਂ ਵਿਚੋਂ ਪੜ੍ਹੋ। ਇੰਡੀਅਨ ਐਕਸਪ੍ਰੈਸ ਦਾ ਬਿਆਨ ਹੈ। ਜਦੋਂ ਕਿਸੇ ਨੂੰ ਪ੍ਰੈਸ ਵਾਲਿਆਂ ਨੂੰ ਮਿਲਣ ਦਾ ਸ਼ੌਕ ਹੋ ਜਾਵੇ, ਤਾਂ ਉਹ ਬੜਾ ਮਿਲਦਾ ਹੈ, ਫਿਰ ਕੀ ਕਹਿੰਦੇ ਹਨ ਭਾਈ ਸਾਹਿਬ:—

"He not only praised the Prime Minister (thumping) who according to him, was genuine in his effort to find a solution for the Punjab Problem but also urged Mr. Gandhi to take effective steps to curb terrorism in Punjab".

(ਕਾਂਗਰਸ ਪਾਰਟੀ ਵੱਲ ਇਸ਼ਾਰਾ) ਤਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ। He has not only praised the Prime Minister (thumping) ਪ੍ਰਧਾਨ ਮੰਤਰੀ ਨੂੰ ਕਹਿ ਰਹੇ ਹਨ ਕਿ ਨੱਥ ਪਾਓ ਟੈਰੋਰਿਮਜ਼ ਨੂੰ ਪੰਜਾਬ ਵਿਚ। ਇਥੇ ਹੀ ਬੱਸ ਨਹੀਂ ਕੀ ਆਖਿਆ ਹੈ, ਸਾਰੇ ਹਾਊਸ ਵਾਲਿਆਂ ਨੂੰ ਕਹਾਂਗਾ ਕਿ ਧਿਆਨ ਦੇਣ--

"He suggested that the government should follow the "Badal style" of eliminating nexalites in the State for tackling the terrorists' menace."

ਸਪੀਕਰ ਸਾਹਿਬ, ਉਨ੍ਹਾਂ ਨੇ ਤਰੀਕਾ ਦੱਸਿਆ ਹੈ ਕਿ ਕਿਸ ਤਰ੍ਹਾਂ ਬਾਦਲ ਨੇ ਨੈਕਸੇਲਾਈਟਸ ਨੂੰ ਖਤਮ ਕੀਤਾ ਸੀ। ਇਸ ਦੇ ਅੱਗੇ ਲਿਖਿਆ ਹੈ :—

"Mr. Badal as the Akali Chief Minister of Punjab had sent government officials to the relatives of the Nexalites in the State and as a result of their persuation only 131 persons were killed by security forces in encounters and the rest had joined the national mainstream, Bhai Shaminder Singh said."

ਸਪੀਕਰ ਸਾਹਿਬ, 131 ਮਰੇ ਪਰ ਇਸ ਨਾਲ ਉਹ ਆਵਾਜ਼ ਦਬੀ ਨਹੀਂ। ਇਹ ਲੰਬੀ ਚੌੜੀ ਗੱਲ ਹੈ। ਮੈਂ ਹਾਲੇ ਦਸਦਾ ਹਾਂ ਕਿ ... ...

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ ਇਹ ਜੋ ਮੁੱਖ ਮੰਤਰੀ ਸਾਹਿਬ ਦੱਸ ਰਹੇ ਹਨ ਇਹ ਇਕ ਦਿਨ ਦਾ ਵਰਸ਼ਨ ਹੈ। ਜਿਸ ਦਿਨ ਇਹ ਅਖਬਾਰ ਵਿਚ ਆਇਆ ਹੈ ਉਸ ਤੋਂ ਅਗਲੇ ਦਿਨ ਇਸ ਦੀ ਸਾਰੀ ਕੰਟਰਾਡਿਕਸ਼ਨ ਆਈ ਹੈ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ ਹਾਲੇ ਬਿਆਨ ਖ਼ਤਮ ਨਹੀਂ ਹੋਇਆ। 131 ਮਾਰ ਦਿੱਤੇ ਔਰ ਉਸ ਤੋਂ ਅੱਗੇ ਲਿਖਿਆ ਹੈ ......

"The Unified Akali Dal leader said there were not more than 140 dreaded terrorists and the rest could join the national mainstream through persuation."

ਫਿਰ ਕਹਿੰਦੇ ਹਨ 140 ਨੂੰ ਤਾਂ ਮਾਰ ਦਿਓ ਬਾਕੀ ਆਪੇ ਆ ਜਾਣਗੇ। ਇਹ ਬਿਆਨ ਹਨ ਜੋ ਇਨ੍ਹਾਂ ਨੇ ਦਿੱਲੀ ਵਿਚ ਦਿੱਤੇ ਸਨ। ਇਸ ਲਈ ਮੈਂ ਇਹ ਕਹਿਣਾ ਚਾਹਵਾਂਗਾ ਕਿ ਇਥੇ ਇਨ੍ਹਾਂ ਦੀ ਗੱਲ ਹੋਰ ਹੈ ਦਿੱਲੀ ਵਿਚ ਇਨ੍ਹਾਂ ਦੀ ਗੱਲ ਹੋਰ ਹੈ। ਇਹ ਇਨ੍ਹਾਂ ਦੇ ਦੋਸਤ ਇਤਨੇ ਸਾਲ ਪ੍ਰਾਈਮ ਮਨਿਸਟਰ ਦੇ ਨੇੜੇ ਰਹੇ ਹਨ ਇਨ੍ਹਾਂ ਦੇ ਜੋ ਉਨ੍ਹਾਂ ਨਾਲ ਤੁਅਲਕਾਤ ਹਨ ਉਹ ਜਿਥੇ ਵੀ ਕੋਈ ਰਹਿੰਦਾ ਹੈ ਪਿਆਰ ਤਾਂ ਹੋ ਹੀ ਜਾਂਦਾ ਹੈ। ਠੀਕ ਹੈ ਹੁਣ ਇਹ ਇਧਰ ਆ ਗਏ ਪਰ ਇਨ੍ਹਾਂ ਨੂੰ ਹਾਲੇ ਅਕਾਲੀ ਦਲ ਦੀ ਏ.ਬੀ.ਸੀ. ਦਾ ਵੀ ਪਤਾ ਨਹੀਂ ਹੈ। ਅਕਾਲੀ ਦਲ ਤਾਂ ਤਨ ਤਪੱਸਿਆ ਵਾਲੀ ਜਮਾਤ ਹੈ। ਇਹ ਸ਼ਹੀਦਾਂ ਦੀ ਜਮਾਤ ਆਖੀ ਜਾਂਦੀ ਹੈ। ਕੋਈ ਅਜਿਹਾ ਨਹੀਂ ਹੋਵੇਗਾ ਜਿਸ ਨੇ ਦੋ ਸਾਲ ਤੋਂ ਘੱਟ ਦੀ ਜੇਲ੍ਹ ਕੱਟੀ ਹੋਵੇ। ਇਹ ਤਾਂ ਕੈਦਾਂ ਕੱਟ ਕੱਟ ਕੇ ਇਥੇ ਆਏ ਹਨ। ਅਜ਼ਾਦੀ ਤੋਂ ਬਾਅਦ ਢਾਈ ਸਾਲ ਤਾਂ ਮੈਂ ਜੇਲ੍ਹ ਕੱਟ ਲਈ ਹੈ। ਠੀਕ ਹੈ ਇਹ ਹੁਣ ਅਕਾਲੀਆਂ ਵਿਚ ਆ ਗਏ ਇਹ ਰਾਜੇ ਸਨ ਰਾਜੇ ਦੇ ਲੜਕੇ ਸਨ ਇਸ ਕਰਕੇ ਇਨ੍ਹਾਂ ਨੂੰ ਆਗੂ ਬਣਾ ਲਿਆ ਪਰ ਬਾਕੀ ਇਨ੍ਹਾਂ ਵਿਚ ਕੋਈ ਅਜਿਹੀ ਗੱਲ ਨਹੀਂ ਹੈ ਲੀਡਰ ਬਣਨ ਵਾਲੀ।

ਸਪੀਕਰ ਸਾਹਿਬ ਇਥੇ ਸਿੱਖੀ ਸਿਧਾਂਤਾਂ ਬਾਰੇ ਸਿੱਖੀ ਦੇ ਅਸੂਲ ਸਿਖਾਉਣ ਬਾਰੇ ਕਾਫੀ ਗੱਲਾਂ ਕੀਤੀਆਂ ਗਈਆਂ। ਸਰਦਾਰ ਅਮਰਿੰਦਰ ਸਿੰਘ ਜੀ ਕੁੰਦਨ ਸਿੰਘ ਪਤੰਗ ਵਰਗਿਆਂ ਨੂੰ ਸਿੱਖੀ ਦੇ ਅਸੂਲ ਦਸਦੇ ਰਹੇ ਜਿਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਇਸ ਵਿਚ ਲਾ ਦਿੱਤੀ। ਉਨ੍ਹਾਂ ਨੂੰ ਇਨ੍ਹਾਂ ਨੇ ਅਕਾਲ ਤਖਤ ਦੇ ਉਪਦੇਸ਼ ਦੇਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ 10-10 ਸਾਲ ਜੇਲ੍ਹਾਂ ਕੱਟੀਆਂ ਹਨ। ਉਹ ਜਾਣਦੇ ਹਨ ਕਿ ਅਕਾਲ ਤਖਤ ਦਾ ਕਾਨੂੰਨ ਕੀ ਹੈ। ਅਕਾਲ ਤਖਤ ਕਿਸ ਤਰ੍ਹਾਂ ਕਾਇਮ ਰਖਿਆ ਜਾਂਦਾ ਹੈ। ਅਮਰਿੰਦਰ ਸਿੰਘ ਨੇ ਇਥੇ ਮੁੰਨੀ ਤੁੰਨੀ ਦੀ ਗੱਲ ਕੀਤੀ ਸੀ। ਇਸ ਸਬੰਧ ਵਿਚ ਮੈਂ ਸੋਚਿਆ ਕਿ ਇਸ ਦਾ ਜਵਾਬ ਦੇਣਾ ਹੈ ਔਰ ਇਸ ਵਾਸਤੇ ਮੈਂ ਇਹ ਕਿਤਾਬ ਲੈਕੇ ਆਇਆ ਹਾਂ। ਇਹ ਸਿੱਖ ਮਰਿਆਦਾ ਦੀ ਕਿਤਾਬ ਹੈ ਜਿਹੜੀ ਕਿ ਪ੍ਰਿੰਸੀਪਲ ਸਤਬੀਰ ਸਿੰਘ ਦੀ ਲਿਖੀ ਹੋਈ ਹੈ। ਇਸ ਵਿਚ ਲਿਖਿਆ ਹੈ ਕਿ ਤਨਖਾਹੀਆ ਕੌਣ ਹੁੰਦਾ ਹੈ। ਸਪੀਕਰ ਸਾਹਿਬ ਇਸ ਕਿਤਾਬ ਵਿਚ ਦਿੱਤਾ ਹੋਇਆ ਹੈ ਕਿ ਤਨਖਾਹੀਆ ਕਿਸ ਨੂੰ ਕਿਹਾ ਜਾਂਦਾ ਹੈ ਜੋ ਬੇ-ਅੰਮ੍ਰਿਤਧਾਰੀ ਹੋਵੇ ਜਾਂ ਦਾੜ੍ਹੀ ਰੰਗਦਾ ਹੋਵੇ ਨਸ਼ਾ ਕਰਦਾ ਹੋਵੇ ਚਾਹੇ ਉਹ ਨਸ਼ਾ ਭੰਗ ਦਾ ਹੋਵੇ, ਪੋਸਤ ਦਾ ਹੋਵੇ ਅਫੀਮ ਦਾ ਹੋਵੇ ਕੋਕੀਨ ਦਾ ਇਸਤੇਮਾਲ ਕਰਦਾ ਹੋਵੇ। ਉਸ ਨੂੰ ਤਨਖਾਹੀਆ ਕਰਾਰ ਦਿੱਤਾ ਜਾ ਸਕਦਾ ਹੈ। ਜੇਕਰ ਹੁਣ ਅਸੀਂ ਇਨ੍ਹਾਂ ਦੀ ਤਰਫ ਦੇਖਿਆ ਤਾਂ ਇਨ੍ਹਾਂ ਵਿਚੋਂ ਕੋਈ ਵੀ ਬੱਚ ਨਹੀਂ ਸਕਦਾ। ਇਹ ਕਿਤਾਬ ਇਨ੍ਹਾਂ ਦੇ ਦੋਸਤ ਜਸਦੇਵ ਸਿੰਘ ਸੰਧੂ ਦੀ ਲਿਖੀ ਹੋਈ ਹੈ। ਮੈਂ ਇਸ ਕਿਤਾਬ ਨੂੰ ਸਾਰਾ ਪੜ੍ਹਿਆ ਹੈ ਅਤੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਵੇਖਿਆ ਹੈ ਅਤੇ ਇਸ ਮੁਤਾਬਿਕ ਕਿਸੇ ਨੂੰ ਪੰਥ ਵਿਚੋਂ ਛੇਕਿਆ ਨਹੀਂ ਜਾ ਸਕਦਾ। ਪੰਥ ਵਿਚ ਸਿਖੀ ਸਜਾਈ ਗਈ ਹੈ ਅਤੇ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਨੂੰ ਸਜਾਇਆ ਸੀ। ਇਹ ਸਿੱਖੀ ਨੂੰ ਤਬਾਹ ਕਰਨ ਤੇ ਲੱਗੇ ਹੋਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਨੂੰ ਪੰਥ ਵਿਚੋਂ ਨਹੀਂ ਛੇਕਿਆ ਸੀ ਅਤੇ ਧਰਮ ਵਿਚੋਂ ਕਿਸੇ ਨੂੰ ਛੇਕਿਆ ਨਹੀਂ ਜਾ ਸਕਦਾ। ਗੁਰੂ ਗੋਬਿੰਦ ਸਿੰਘ ਜੀ ਦੇ ਰਾਜ ਸਮੇਂ ਕਿਸੇ ਨੂੰ ਨਹੀਂ ਛੇਕਿਆ ਗਿਆ ਅਤੇ ਨਾ ਹੀ ਖਾਲਸਾ ਪੰਥ ਵੱਲੋਂ ਕੋਈ ਹੁਕਮਨਾਮਾ ਜਾਰੀ ਕੀਤਾ ਗਿਆ। ਜਦੋਂ ਝਗੜਾ ਖੜ੍ਹਾ ਹੋਇਆ ਸੀ ਤਾਂ ਉਸ ਵਕਤ ਮਾਤਾ ਜੀ ਨੇ ਸਮਝੌਤਾ ਕਰਵਾ ਦਿੱਤਾ ਪਰ ਕੋਈ ਹੁਕਮਨਾਮਾ ਜਾਰੀ ਨਹੀਂ ਕੀਤਾ ਸੀ ਅਤੇ ਨਾ ਹੀ ਕਿਸੇ ਨੂੰ ਛੇਕਿਆ ਗਿਆ। ਜਦੋਂ ਸਾਡੇ ਜਰਨੈਲ ਸੁਬੇਗ ਸਿੰਘ ਜੋ ਬਹੁਤ ਲੜਾਕੇ ਸਨ ਉਹ ਮੁਸਲਮਾਨਾਂ ਅਤੇ ਤੁਰਕਾਂ ਦੇ ਨਾਲ ਮਿਲ ਗਏ ਸਨ ਅਤੇ ਉਨ੍ਹਾਂ ਵਿਚ ਸ਼ਾਮਲ ਹੋ ਗਏ ਅਤੇ ਲੋੜ ਪੈਣ ਤੇ ਉਸ ਨੂੰ ਪੰਥ ਵਿਚ ਸ਼ਾਮਲ ਕਰ ਲਿਆ ਗਿਆ ਪਰ ਉਸ ਨੂੰ ਪੰਥ ਵਿਚੋਂ ਛੇਕਿਆ ਨਹੀਂ

[ਮੁੱਖ ਮੰਤਰੀ]

ਗਿਆ ਸੀ। ਇਸੇ ਤਰ੍ਹਾਂ ਜੱਸਾ ਸਿੰਘ ਜਰਨੈਲ ਦਾ ਸਾਰਿਆਂ ਨੇ ਨਾਂ ਸੁਣਿਆ ਹੋਣਾ ਹੈ ਉਹ ਇਕ ਬਹੁਤ ਬਹਾਦਰ ਜਰਨੈਲ ਸਿੱਖ ਸੀ ਉਹ ਮੁਸਲਮਾਨਾਂ ਨਾਲ ਮਿਲ ਗਿਆ ਅਤੇ ਉਨ੍ਹਾਂ ਨਾਲ ਸ਼ਾਮਲ ਹੋਣ ਤੋਂ ਬਾਦ ਉਹ ਸਿੱਖਾਂ ਨਾਲ ਮੁਕਾਬਲਾ ਕਰਨ ਲੱਗ ਗਿਆ ਪਰ ਪੰਥ ਨੇ ਉਸ ਨੂੰ ਛੇਕਿਆ ਨਹੀਂ ਫੇਰ ਉਸ ਨੂੰ ਪੰਥ ਵਿਚ ਸ਼ਾਮਲ ਕਰ ਲਿਆ ਅਤੇ ਉਸ ਨੇ ਪੰਥ ਦੀ ਸਹਾਇਤਾ ਕੀਤੀ। ਇਸ ਤਰ੍ਹਾਂ ਪੰਥ ਵਿਚ ਬਹੁਤ ਸਾਰੀਆਂ ਮਿਸਾਲਾਂ ਮਿਲਦੀਆਂ ਹਨ। ਸਪੀਕਰ ਸਾਹਿਬ, ਸਿੱਖ ਹਿਸਟਰੀ ਵਿਚ 1700 ਤੋਂ 1799 ਤੱਕ ਦਾ ਸਮਾਂ ਸਿੱਖਾਂ ਲਈ ਬੜਾ ਦਰਦਨਾਕ ਸੀ। ਇਹ 100 ਸਾਲ ਦਾ ਸਮਾਂ ਸਿਖਾਂ ਨੂੰ ਖਤਮ ਕਰਨ ਵਾਸਤੇ ਮੁਗਲ ਸਰਕਾਰ ਲੱਗੀ ਰਹੀ ਅਤੇ ਉਨ੍ਹਾਂ ਉਤੇ ਵਾਰਦਾਤਾਂ ਹੁੰਦੀਆਂ ਰਹੀਆਂ। ਸਿੱਖਾਂ ਦੇ ਖਿਲਾਫ ਮੁਗਲ ਸਰਕਾਰ ਅਤੇ ਲਾਹੌਰ ਦਰਬਾਰ ਲੱਗਾ ਰਿਹਾ। ਇਸ ਤੋਂ ਬਾਦ ਸਿੱਖਾਂ ਨੇ ਛੋਟੇ ਛੋਟੇ ਗਰੋਹ ਬਹੁਤ ਸਾਰੇ ਬਣਾ ਲਏ ਜਿਸ ਤਰ੍ਹਾਂ ਬਲਦੇਵ ਸਿੰਘ ਮਾਨ ਨੇ ਦਸਿਆ ਹੈ ਔਰ ਇਥੇ ਸਿੱਖ ਮਿਸਲਾਂ ਬਣ ਗਈਆਂ। ਕਿਸੇ ਨੇ ਆਪਣੀ ਮਿਸਲ ਲਈ ਤਹਿਸੀਲ ਉਤੇ ਕਬਜ਼ਾ ਕਰ ਲਿਆ ਅਤੇ ਕਿਸੇ ਨੇ ਜ਼ਿਲ੍ਹੇ ਉਤੇ ਕਬਜ਼ਾ ਕਰ ਲਿਆ ਅਤੇ ਉਹ ਮਿਸਲਾਂ ਆਪਣੀਆਂ ਸਰਹੱਦਾਂ ਵਧਾਉਣ ਦੀ ਖਾਤਿਰ ਆਪਸ ਵਿਚ ਵੀ ਲੜਦੀਆਂ ਰਹੀਆਂ। ਪਰ ਉਨ੍ਹਾਂ ਨੂੰ ਕਿਸੇ ਨੇ ਪੰਥ ਵਿਚੋਂ ਨਹੀ ਛੇਕਿਆ ਸੀ। ਇਸ ਤੋਂ ਮਹਾਰਾਜਾ ਰਣਜੀਤ ਸਿਘ ਨੇ ਇਨ੍ਹਾਂ ਨੂੰ ਕਾਬੂ ਕਰ ਲਿਆ ਅਤੇ ਕਾਬੂ ਕਰਕੇ 11 ਮਿਸਲਾਂ ਨੂੰ ਇਕੱਠਾ ਕਰ ਲਿਆ ਅਤੇ ਆਪਣੇ ਅਧੀਨ ਲੈ ਲਿਆ ਪਰ ਇਕ 12ਵੀਂ ਮਿਸਲ ਦਰਿਆ ਦੇ ਬਾਹਰ ਬੈਠੀ ਹੋਈ ਸੀ ਜਿਹੜੀ ਕਾਬੂ ਨਹੀਂ ਆ ਰਹੀ ਸੀ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਸਾਨੂੰ ਕਾਬੂ ਕਰ ਲੈਣਾ ਹੈ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਰਹਿਣਾ ਪਵੇਗਾ ਅਤੇ ਸਿੱਖ ਰਾਜ ਵਿਚ ਰਹਿਣਾ ਪਵੇਗਾ। ਉਹ ਆਪਣੀ ਸਰਦਾਰੀ ਕਾਇਮ ਰੱਖਣ ਲਈ ਦੂਜੇ ਕੋਲ ਪੇਸ਼ ਹੋ ਗਏ। ਮੈਂ ਬੜੇ ਅਦਬ ਨਾਲ ਬਾਬਾ ਆਲਾ ਸਿੰਘ ਦਾ ਨਾਂ ਲੈਂਦਾ ਹਾਂ ਉਨ੍ਹਾਂ ਨੇ ਰਾਜ ਚਲਾਇਆ ਅਤੇ ਉਨ੍ਹਾਂ ਨੇ ਮਾਰੋ ਮਾਰੀ ਵੀ ਕੀਤੀ ਅਤੇ ਉਹ ਅਬਦਾਲੀ ਸ਼ਾਹ ਦੇ ਅਧੀਨ ਚਲੇ ਗਏ ਅਤੇ ਉਨ੍ਹਾਂ ਵਿਚ ਸ਼ਾਮਲ ਹੋ ਗਏ।

EXTENSION OF TIME OF THE SITTING

ਸ੍ਰੀ ਸਪੀਕਰ: ਹਾਊਸ ਦਾ ਸਮਾਂ ਖਤਮ ਹੋ ਗਿਆ ਹੈ ਔਰ ਹਾਲੇ ਚੀਫ ਮਨਿਸਟਰ ਸਾਹਿਬ ਨੇ ਬੋਲਣਾ ਹੈ। ਚੀਫ ਮਨਿਸਟਰ ਸਾਹਿਬ ਹੋਰ ਕਿੰਨੇ ਸਮੇਂ ਲਈ ਹਾਊਸ ਐਕਸਟੈਂਡ ਕਰ ਦਿੱਤਾ ਜਾਵੇ।

ਆਵਾਜ਼ਾਂ: ਖੁੱਲ੍ਹਾ ਟਾਈਮ ਦਿਓ ਜਿੰਨੀ ਦੇਰ ਤੱਕ ਬੋਲ ਸਕਦੇ ਹਨ ਵੱਧਾ ਦਿਓ।

ਸ੍ਰੀ ਸਪੀਕਰ: ਹਾਊਸ ਦਾ ਸਮਾਂ ਹਾਊਸ ਦੀ ਮਰਜ਼ੀ ਨਾਲ ਪੰਦਰਾਂ ਮਿੰਟ ਹੋਰ ਐਕਸਟੈਂਡ ਕੀਤਾ ਜਾਂਦਾ ਹੈ।

RESUMPTION OF DISCUSSION ON GOVERNOR'S ADDRESS AND VOTING ON THE MOTION OF THANKS

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿਘ ਬਰਨਾਲਾ): ਸਪੀਕਰ ਸਾਹਿਬ, ਬਾਕੀ ਸਾਰੀਆਂ 11 ਮਿਸਲਾਂ ਅਧੀਨ ਆ ਗਈਆਂ ਅਤੇ ਖ਼ਾਲਸਾ ਰਾਜ ਦਾ ਹਿੱਸਾ ਬਣ ਗਈਆਂ ਪਰ 12ਵੀਂ ਨੇ ਇਨ੍ਹਾਂ ਦੀ ਸਰਦਾਰੀ ਕਬੂਲ ਨਾ ਕੀਤੀ। ਉਸ ਸਮੇਂ ਮਹਾਰਾਜਾ ਰਣਜੀਤ ਸਿੰਘ ਨੂੰ ਸ਼ਕਤੀਸ਼ਾਲੀ ਰਾਜਾ ਕਿਹਾ ਜਾਂਦਾ ਸੀ। ਸਪੀਕਰ ਸਾਹਿਬ, ਇਹ ਮਸਲਾ ਅਧੂਰਾ ਰਹਿ ਗਿਆ। ਉਨ੍ਹਾਂ ਨੇ ਜਾਣਾ ਮੁਨਾਸਿਬ ਨਹੀਂ ਸਮਝਿਆ। ਮੈਂ ਕੋਈ, ਸਪੀਕਰ ਸਾਹਿਬ, ਐਸੀ ਗੱਲ ਨਹੀਂ ਕਹਿਣਾ ਚਾਹੁੰਦਾ ਉਨ੍ਹਾਂ ਨੇ ਅਬਦਾਲੀਆਂ ਨਾਲ ਸਾਂਝ ਪਾ ਲਈ ਅਤੇ ਆਪ ਰਾਜਾ ਬਣ ਗਏ। ਕਈ ਰਾਜੇ ਬਣਨ ਦੇ ਬੜੇ ਸ਼ੌਕੀਨ

ਹੁੰਦੇ ਹਨ। ਰਾਜੇ ਦਾ ਖਿਤਾਬ ਮਿਲ ਜਾਏ ਭਾਵੇਂ ਉਹ ਰਾਜੇ ਹੋਣ ਜਾਂ ਨਾ ਹੋਣ। (ਹਾਸਾ) ਸਪੀਕਰ ਸਾਹਿਬ, ਇਨ੍ਹਾਂ ਨੇ ਅਹਿਮਦਸ਼ਾਹ ਅਬਦਾਲੀ ਦੀ ਈਨ ਕਬੂਲ ਕਰ ਲਈ ਅਤੇ ਸਰਹਿੰਦ ਦਾ ਰਾਜ ਮਿਲ ਗਿਆ। ਇਨ੍ਹਾਂ ਨੇ ਬੜੀਆਂ ਮਾਰਾਂ ਮਾਰੀਆਂ । ਮਹਾਰਾਜਾ ਰਣਜੀਤ ਸਿੰਘ ਜੀ ਨੇ ਕਿਹਾ ਕਿ ਗੋਰਿਆਂ ਦੇ ਵਿਰੁੱਧ ਇਕੱਠੇ ਹੋ ਜਾਓ । ਸਪੀਕਰ ਸਾਹਿਬ, ਇਹ ਇਕੱਠੇ ਨਹੀਂ ਹੋਏ । ਇਨ੍ਹਾਂ ਨੇ ਅੰਗਰੇਜ਼ਾਂ ਦੀ ਤਾਬੇਦਾਰੀ ਕੀਤੀ ਅਤੇ ਪੰਜਾਬ ਨੂੰ ਅੰਗਰੇਜ਼ਾਂ ਦੇ ਅਧੀਨ ਕਰਨ ਦੇ ਜ਼ਿੰਮੇਵਾਰ ਇਹ ਹਨ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਇਨ੍ਹਾਂ ਨੇ, ਸਪੀਕਰ ਸਾਹਿਬ, ਅੰਗਰੇਜ਼ਾਂ ਨੂੰ ਸਤਲੁਜ ਦੇ ਕੰਢੇ ਤੇ ਲਿਆ ਕੇ ਬਿਠਾ ਦਿੱਤਾ। ਅੰਗਰੇਜ਼ ਲੁਧਿਆਣੇ ਵਿਚ ਨਹੀਂ ਜਾ ਸਕਦੇ ਸੀ ਪਰ ਇਨ੍ਹਾਂ ਨੇ ਅੰਗਰੇਜ਼ਾਂ ਨੂੰ ਲੁਧਿਆਣਾ ਅਤੇ ਸਰਹਿੰਦ ਵਿਚੋਂ ਲੰਘਣ ਦੀ ਆਗਿਆ ਦੇ ਦਿੱਤੀ । ਮੋਗੇ ਵਿਚੋਂ ਲੰਘਣ ਦੀ ਆਗਿਆ ਦੇ ਦਿੱਤੀ ਅਤੇ ਮੁਦਕੀ ਤੱਕ ਪਹੁੰਚ ਗਏ। ਸਪੀਕਰ ਸਾਹਿਬ, ਸਿੱਖ ਹਕੂਮਤ ਮਿੱਟ ਗਈ। ਅੰਗਰੇਜ਼ਾਂ ਨੇ ਇਨ੍ਹਾਂ ਨੂੰ ਫਰਜ਼ੰਦੇ ਖਾਸ ਦੌਲਤ-ਏ-ਇੰਗਲਿਸ਼ੀਆ ਕਿਹਾ। ਫਰਜੰਦ ਦਾ ਮਤਲਬ ਪੰਡਿਤ ਜੀ ਤੁਸੀਂ ਸਮਝਾ ਦਿਓ। (ਵਿਘਨ) ਹੁਣ ਇਹ ਗੱਲ ਕਰ ਰਹੇ ਹਨ। ਉਦੋਂ, ਸਪੀਕਰ ਸਾਹਿਬ, ਐਨਾਂ ਕੁੱਝ ਹੋਣ ਦੇ ਬਾਵਜੂਦ ਕਿਸੇ ਨੂੰ ਪੰਥ ਵਿਚੋਂ ਛੇਕਿਆ ਨਹੀਂ ਗਿਆ। ਸਪੀਕਰ ਸਾਹਿਬ, ਗੁਰੂ ਸਾਹਿਬ ਬਖਸ਼ਣਹਾਰ ਹੁੰਦੇ ਹਨ। ਪਹਿਲਾਂ ਕਿਤੇ ਹੁਕਮਨਾਮੇ ਇਸ਼ੂ ਨਹੀਂ ਹੋਏ। ਗੁਰੂ ਸਾਹਿਬ ਦੇ ਜਿਹੜੇ ਪੁੱਤਰ ਸਨ ਉਹ ਸੰਗਤ ਨੂੰ ਲਿਖੇ ਹੁੰਦੇ ਸਨ ਉਨ੍ਹਾਂ ਨੂੰ ਹੁਕਮਨਾਮੇ ਕਹਿੰਦੇ ਸਨ। ਮਾਤਾਵਾਂ ਦੇ ਪੱਤਰਾਂ ਨੂੰ ਵੀ ਹੁਕਮਨਾਮਾ ਕਿਹਾ ਜਾਂਦਾ ਸੀ। ਅਕਾਲ ਤਖ਼ਤ ਜੋ ਅੰਗਰੇਜ਼ਾਂ ਦੇ ਅਧੀਨ ਸੀ ਉਦੋਂ ਵੀ ਕੋਈ ਹੁਕਮਨਾਮਾ ਜਾਰੀ ਨਹੀਂ ਹੋਇਆ। ਪਹਿਲਾ ਹੁਕਮਨਾਮਾ ਉਦੋਂ ਜਾਰੀ ਹੋਇਆ ਜਦੋਂ ਬਾਬਾ ਤੇਜਾ ਸਿੰਘ ਪਿੰਡ ਪਸੌੜ ਨੇ ਜਿਹੜਾ ਕਿ ਧੂਰੀ ਦੇ ਨੇੜੇ ਹੈ ਭਗਤਾਂ ਅਤੇ ਭੱਟਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕੱਢ ਦਿਤਾ। ਉਸ ਨੂੰ ਇਹ ਗਿਆਨ ਨਹੀਂ ਸੀ ਕਿ ਭਗਤਾਂ ਦੀ ਬਾਣੀ ਅਤੇ ਭੱਟਾਂ ਦੇ ਸਵੱਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਉਂ ਅੰਕਤ ਕੀਤੇ ਗਏ ਹਨ। ਉਸ ਸਮੇਂ ਬੜਾ ਭਾਰੀ ਧਾਰਮਿਕ ਵਿਰੋਧ ਹੋਇਆ। ਬਾਬਾ ਤੇਜਾ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਖੰਡਨ ਕੀਤਾ ਕਿਉਂਕਿ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਸੀ ਇਹ ਪਹਿਲਾ ਹੁਕਮਨਾਮਾ ਸੀ। ਦੂਜਾ ਹੁਕਮਨਾਮਾ ਨਿਰੰਕਾਰੀਆਂ ਦੇ ਬਰਖਿਲਾਫ ਹੋਇਆ । ਹੁਣ ਜਿਹੜਾ ਹੁਕਮਨਾਮਾ ਜਾਰੀ ਕੀਤਾ ਹੈ, ਸਪੀਕਰ ਸਾਹਿਬ, ਇਹ ਮੇਰੇ ਵਰਗੇ ਗਰੀਬ ਨਿਮਾਣੇ ਤੇ ਮਾਰ ਪਈ ਹੈ। ਇਹ ਇਸ ਤਰ੍ਹਾਂ ਕਰਵਾਕੇ ਬੜੇ ਖੁਸ਼ ਹੋ ਰਹੇ ਹਨ।

ਇਸ ਤੇ ਇਹ ਚਾਂਬਲਾਂ ਪਾਉਂਦੇ ਹਨ, ਖੁਸ਼ ਹੁੰਦੇ ਹਨ, ਮੱਲਾਂ ਮਾਰ ਰਹੇ ਹਨ ਕਿ ਬੜੀ ਵੱਡੀ ਗੱਲ ਕਰ ਲਈ ਹੈ। ਪਰ ਇਹ ਫੈਸਲਾ ਗਲਤ ਹੋਇਆ ਹੈ, ਕਾਨੂੰਨ ਦੇ ਮੁਤਾਬਿਕ ਨਹੀਂ ਹੋਇਆ ਹੈ, ਵਿਧੀ ਦੇ ਮੁਤਾਬਿਕ ਨਹੀਂ ਹੋਇਆ ਹੈ, ਪਰੰਪਰਾਵਾਂ ਦੇ ਮੁਤਾਬਿਕ ਨਹੀਂ ਹੋਇਆ ਹੈ, ਅਕਾਲ ਤਖ਼ਤ ਸਾਹਿਬ ਦੇ ਮੁਤਾਬਿਕ ਨਹੀਂ ਹੋਇਆ ਅਤੇ ਇਸੇ ਕਰਕੇ ਲੋਕਾਂ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ । ਇਸ ਮਤੇ ਨੂੰ ਸਵੀਕਾਰ ਨਹੀਂ ਕੀਤਾ ਅਤੇ ਆਵਾਜ਼ ਦਿੱਤੀ ਕਿ ਫੈਸਲਾ ਗਲਤ ਹੋ ਗਿਆ ਹੈ। ਇਨ੍ਹਾਂ ਦੇ ਆਗੂ ਜਾ ਕੇ ਸ਼ਰਤਾਂ ਪਾਉਂਦੇ ਸਨ, ਕਿੰਤੂ ਕਰ ਰਹੇ ਸਨ। ਅਸੀਂ ਸ਼ਰਤ ਨਹੀਂ ਲਾਈ, ਕਿੰਤੂ ਨਹੀਂ ਕੀਤਾ। ਅਸੀਂ ਤਾਂ ਏਨਾ ਹੀ ਕਿਹਾ ਕਿ ਸਾਡੀ ਗੱਲ ਤਾਂ ਸੁਣ ਲਓ । ਏਨੀ ਗੱਲ ਕਹੀ ਸੀ ਇਸ ਤੇ ਹੀ ਸਜ਼ਾ ਏਨੀ ਦਿੱਤੀ ਕਿ ਹੁਕਮਨਾਮਾ ਜਾਰੀ ਕਰਵਾ ਦਿੱਤਾ । ਇਹ ਖੁਸ਼ ਹੋਏ ਹਨ ਕਿ ਸ਼ਾਇਦ ਹੁਕਮਨਾਮਾ ਜਾਰੀ ਕਰਵਾ ਕੇ ਕਾਮਯਾਬ ਹੋ ਜਾਵਾਂਗੇ। ਹਾਲੇ ਤੱਕ ਸਿਆਸੀ ਹੁਕਮਨਾਮਾ ਕਿਸੇ ਅਕਾਲ ਤਖ਼ਤ ਦੇ ਜੱਥੇਦਾਰ ਨੇ ਜਾਰੀ ਨਹੀਂ ਕੀਤਾ । ਉਹ ਸਿਆਸਤ ਤੋਂ ਹਮੇਸ਼ਾ ਦੂਰ ਰਹੇ। ਜੱਥੇਦਾਰ ਸਾਹਿਬਾਨ ਬਹੁਤ ਸਿਆਣੇ ਆਦਮੀ ਨੂੰ ਬਣਾਇਆਂ ਜਾਂਦਾ ਰਿਹਾ ਹੈ।

[ਮੁੱਖ ਮੰਤਰੀ]

ਇਹ ਤਾਂ ਲੋਕਾਂ ਦੀ ਰਾਏ ਲੈ ਕੇ ਸਿੰਘ ਸਾਹਿਬਾਨ ਦੀ ਰਾਏ ਲੈ ਕੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਰਾਹੀਂ ਜੱਥੇਦਾਰ ਸਾਹਿਬਾਨ ਦੀ ਚੋਣ ਹੁੰਦੀ ਹੈ । ਐਤਕੀਂ ਇਨ੍ਹਾਂ ਨੇ ਕਾਹਲੀ ਕਾਹਲੀ ਕਰਕੇ ਪਤਾ ਨਹੀਂ ਕਿਸ ਤਰ੍ਹਾਂ ਜਿਵੇਂ ਪੋਲਿਟ-ਬਿਊਰੋ ਵਿੱਚ ਹੁੰਦਾ ਹੈ ਪਹਿਲੇ ਪੰਜ ਸਿੰਘ ਸਾਹਿਬਾਨਾਂ ਨੂੰ ਲਾਹ ਕੇ ਅਤੇ ਨਵਿਆਂ ਨੂੰ ਪਾ ਕੇ ਇਹ ਚੋਣ ਕਰ ਦਿੱਤੀ। ਇਹ ਇਕ ਨਵੀਂ ਗੱਲ ਹੋਈ ਹੈ । ਇਹ ਜੋ ਕੁਝ ਕਾਰਵਾਈ ਕੀਤੀ ਗਈ ਪਰੰਪਰਾਵਾਂ ਦੇ ਖਿਲਾਫ ਸੀ ਬਿਨਾਂ ਸੁਣੇ ਹੀ ਫੈਸਲਾ ਲਿਖ ਦਿੱਤਾ। ਪੱਤਰ ਹਾਲੇ ਜਾ ਰਿਹਾ ਸੀ ਪੜ੍ਹਿਆ ਵੀ ਨਹੀਂ ਸੀ। ਇਹ ਪਹਿਲਾਂ ਹੀ ਫੈਸਲਾ ਲਿਖਾਈ ਬੈਠੇ ਸਨ। ਅਦਾਲਤ ਸਾਹਮਣੇ ਮੁਕੱਦਮਾਂ ਜਾਣਾ ਹੋਵੇ ਤਾਂ ਸੁਣਾਈ ਹੁੰਦੀ ਹੈ ਅਤੇ ਫੇਰ ਫੈਸਲਾ ਹੁੰਦਾ ਹੈ। ਏਥੇ ਤਾਂ ਫੈਸਲਾ ਪਹਿਲਾਂ ਹੀ ਸਾਈਕਲੋਸਟਾਈਲ ਕਰਾ ਕੇ ਵੰਡਣ ਵਾਸਤੇ ਤਿਆਰ ਬੈਠੇ ਸਨ। ਐਸਾ ਕਦੇ ਨਹੀਂ ਹੋਇਆ ਇਹ ਗਲਤ ਗੱਲ ਹੋਈ ਹੈ। (ਵਿਘਨ) ਮੈਂ ਅਰਜ਼ ਕਰ ਰਿਹਾ ਸੀ, ਸਪੀਕਰ ਸਾਹਿਬ, ਕਿ ਜਥੇਦਾਰ ਸਾਹਿਬਾਨ ਦੀ ਪਰੰਪਰਾ ਰਹੀ ਹੈ ਕਿ ਉਹ ਸਿਆਸਤ ਤੋਂ ਦੂਰ ਰਹੇ ਹਨ, ਅੱਜ ਦੀ ਜਿਹੜੀ ਸਿਆਸੀ ਜ਼ਿੰਦਗੀ ਹੈ ਇਹ ਗੰਦੀ ਹੋ ਚੁੱਕੀ ਹੈ। ਜੇ ਕੋਈ ਧਾਰਮਿਕ ਆਦਮੀ ਇਸ ਵਿੱਚ ਜਾਂਦਾ ਹੈ ਤਾਂ ਉਸ ਤੇ ਛਿੱਟੇ ਪੈ ਸਕਦੇ ਹਨ। ਅਕਾਲ ਤਖਤ ਸਾਹਿਬ ਦੇ ਜੱਥੇਦਾਰ ਸਾਹਿਬਾਨ ਦੇ ਚਿੱਟੇ ਚੋਗੇ ਤੇ ਛਿੱਟੇ ਪੈ ਸਕਦੇ ਹਨ। ਪਹਿਲੇ ਜੱਥੇਦਾਰ ਸਾਹਿਬਾਨ ਸਿਆਸਤ ਤੋਂ ਥੋੜ੍ਹਾ ਜਿਹਾ ਪਰ੍ਹੇ ਰਹਿੰਦੇ ਸਨ। ਉਹ ਪਾਸੇ ਰਹਿੰਦੇ ਸਨ ਤਾਂਕਿ ਛਿੱਟੇ ਨਾ ਪੈ ਜਾਣ ਕੋਈ ਕਿੰਤੂ ਪਰੰਤੂ ਨਾ ਹੋਣ ਲੱਗ ਜਾਵੇ। ਪਰ ਹੁਣ ਇਹ ਧਿਆਨ ਨਹੀਂ ਕੀਤਾ ਗਿਆ। ਐਸੇ ਕੁਝ ਲੋਕ ਹਨ ਜਿਨ੍ਹਾਂ ਦੇ ਅਸਰ ਹੇਠਾਂ ਆ ਕੇ ਉਨ੍ਹਾਂ ਨੇ ਇਸ ਤਰ੍ਹਾਂ ਦਾ ਫੈਸਲਾ ਕੀਤਾ ਹੈ। ਇਸ ਲਈ ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਫੈਸਲਾ ਦੱਸਣ ਵਾਸਤੇ ਇਨ੍ਹਾਂ ਨੇ ਸਾਰਾ ਟਾਈਮ ਗੁਆ ਦਿੱਤਾ। ਭੂੰਦੜ ਸਾਹਿਬ ਬੋਲ ਰਹੇ ਸਨ ਇਹ ਮਨਿਸਟਰ ਵੀ ਰਹੇ ਹਨ ਮੈਂ ਸਮਝਦਾ ਸੀ ਕਿ ਇਹ ਕੋਈ ਨਵੀਂ ਗੱਲ ਕੱਢ ਕੇ ਲਿਆਉਣਗੇ। ਪਰ ਇਨ੍ਹਾਂ ਨੇ ਕਿਸੇ ਗੱਲ ਤੇ ਬਹਿਸ ਨਹੀਂ ਛੇੜੀ। ਅਕਾਲ ਤਖਤ ਸਾਹਿਬ ਦੀ ਗੱਲ ਹੀ ਚਲਦੀ ਰਹੀ। ਡੋਡ ਸਾਹਿਬ ਨੇ ਠੀਕ ਆਖਿਆ ਹੈ ਕਿ ਤੁਸੀਂ ਮਾਹੌਲ ਨੂੰ ਵਿਗਾੜਨ ਵਿੱਚ ਹਿੱਸੇਦਾਰ ਬਣਦੇ ਜਾ ਰਹੇ ਹੋ। ਤੁਹਾਨੂੰ ਪਤਾ ਹੈ ਇਸ ਗੱਲ ਦਾ ਜਾਂ ਨਹੀਂ ਪਤਾ ਅਤੇ ਭਾਵੇਂ ਅਣਜਾਣੇ ਵਿੱਚ ਬਣਦੇ ਜਾ ਰਹੇ ਹੋ, ਇਹ ਚੰਗੀ ਗੱਲ ਨਹੀਂ। ਮੈਂ ਕੱਲ ਹੀ ਸੁਣਾਇਆ ਸੀ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੋਂ, ਜੋ ਮਤੇ ਪਾਸ ਕੀਤੇ ਗਏ, 5 ਮੈਂਬਰੀ ਕਮੇਟੀ ਦੀ ਗੱਲ ਸੁਣਾਈ ਗਈ, ਹੁਕਮ ਭੇਜਿਆ ਗਿਆ, ਉਹ ਇਹ ਸੀ ਕਿ ਖਾਲਿਸਤਾਨ ਦੀ ਮੰਗ ਤੋਂ ਘੱਟ ਜੋ ਗੱਲ ਕਰੇਗਾ ਉਸ ਦਾ ਉਹੀ ਹਸ਼ਰ ਹੋਵੇਗਾ ਜੋ ਲੌਂਗੋਵਾਲ ਜੀ ਨਾਲ ਹੋਇਆ ਹੈ। 5 ਮੈਂਬਰੀ ਕਮੇਟੀ ਅਕਾਲ ਤਖਤ ਸਾਹਿਬ ਦੇ ਉਤੇ ਬੈਠੀ ਹੈ। ਜਿਸ ਨੂੰ ਤੁਸੀਂ ਅਕਾਲ ਤਖਤ ਸਾਹਿਬ ਸਮਝਦੇ ਹੋ ਉਸ ਦੀ ਪਵਿੱਤਰਤਾ ਨੂੰ ਖਰਾਬ ਨਹੀਂ ਕਰਨਾ ਚਾਹੀਦਾ । ਉਸ ਸਥਾਨ ਦੀ ਪਵਿੱਤਰਤਾ ਉਸੇ ਤਰ੍ਹਾਂ ਰੱਖਣੀ ਚਾਹੀਦੀ ਹੈ। ਇਸ ਨੂੰ ਇਸਤੇਮਾਲ ਕਰਕੇ ਸਿਆਸਤ ਵਿੱਚ ਘੋਲਮਚੋਲ ਨਹੀਂ ਕਰਨਾ ਚਾਹੀਦਾ ।

ਇਨ੍ਹਾਂ ਦੀਆਂ ਜਦੋਂ ਸਾਰੀਆਂ ਗਲਾਂ ਵਿਅਰਥ ਹੋ ਗਈਆਂ ਤਾਂ ਇਸ ਪਾਸੇ ਇਨ੍ਹਾਂ ਨੇ ਆਪਣੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਔਰ ਅਕਾਲ ਤਖਤ ਦੀ ਵਰਤੋਂ ਕਰਕੇ ਇਹ ਸਮਝਦੇ ਸਨ ਕਿ ਕੋਈ ਗਲ ਹਾਸਲ ਕਰ ਸਕਣਗੇ। ਇਨ੍ਹਾਂ ਨੇ ਅਕਾਰਡ ਦੀ ਗੱਲ ਆਖੀ। ਅਸੀਂ ਇਸ ਪ੍ਰਤੀ ਆਪਣਾ ਯਤਨ ਕਰ ਰਹੇ ਹਾਂ ਔਰ ਇਨ੍ਹਾਂ ਨੇ ਵਿਰੋਧ ਕਰਨਾ ਹੈ। ਇਨ੍ਹਾਂ ਨੇ ਨਹਿਰ ਦੀ ਗੱਲ ਕੀਤੀ । ਇਨ੍ਹਾਂ ਦੇ ਆਗੂ ਨੇ ਇਕ ਕਰੋੜ ਰੁਪਿਆ ਉਸ ਨੂੰ ਦਿੱਤਾ ਸੀ। ਦੇਵੀ ਲਾਲ ਨੂੰ ਸੱਦਿਆ ਸੀ ਟੱਕ ਲਗਾਉਣ ਵਾਸਤੇ।

ਇਨ੍ਹਾਂ ਸਾਰੀਆਂ ਨਹਿਰਾਂ ਆਪ ਦਿੱਤੀਆਂ ਹਨ । ਇਨ੍ਹਾਂ ਦੇ ਇਲਾਕੇ ਵਿਚੋਂ ਰਾਜਿਸਥਾਨ ਨੂੰ ਨਹਿਰ ਲੰਘ ਗਈ ਪਰ ਇਨ੍ਹਾਂ ਨੇ ਉਸ ਵੇਲੇ ਕੁਝ ਨਹੀਂ ਕੀਤਾ। ਇਹ ਉਸ ਵੇਲੇ ਸਿਆਸਤ ਵਿਚ ਸਨ। ਅਸੈਂਬਲੀ ਦੇ ਮੈਂਬਰ ਇਹ ਉਦੋਂ ਬਣੇ ਹੋਏ ਸਨ। ਉਦੋਂ ਇਨ੍ਹਾਂ ਦੇ ਹਿੱਕ ਤੋਂ ਇਹ ਨਿਕਲ ਗਈ ਭਾਖੜਾ ਨਹਿਰ । ਉਦੋਂ ਇਨ੍ਹਾਂ ਵਿਚੋਂ ਕੁਝ ਬੰਦੇ ਸਿਆਸਤ ਵਿਚ ਆਏ ਹੋਏ ਸਨ । ਅਸੀਂ ਉਦੋਂ ਸਿਆਸਤ ਵਿਚ ਨਹੀਂ ਸੀ। ਕਹਿੰਦੇ ਹਨ ਕਿ ਸੁਪਰੀਮ ਕੋਰਟ ਵਿਚ ਮੁਕੱਦਮਾ ਕਰ ਦਿੱਤਾ ਪਰ ਰਾਜਿਸਥਾਨ ਦੇ ਪਾਣੀ ਬਾਰੇ ਜ਼ਿਕਰ ਨਹੀਂ ਕੀਤਾ ਗਿਆ। ਉਸ ਪਾਣੀ ਦਾ ਜ਼ਿਕਰ ਮੁਕੱਦਮੇਂ ਵਿਚ ਨਹੀਂ ਕੀਤਾ ਗਿਆ। ਜੇਲ੍ਹਾਂ ਵਿਚੋਂ ਆ ਕੇ ਜਦੋਂ ਅਸੀਂ ਇਸ ਗੱਲ ਦੀ ਘੋਖ ਕੀਤੀ ਤਾਂ ਪਤਾ ਲਗਿਆ ਕਿ ਐਨਾ ਪਾਣੀ ਰਾਜਿਸਥਾਨ ਵਿਚ ਜਾ ਰਿਹਾ ਹੈ ਔਰ ਪੰਜਾਬ ਦਾ ਹੱਕ ਬਣਦਾ ਹੈ ਇਹ ਪਾਣੀ ਸਾਨੂੰ ਮਿਲਣਾ ਚਾਹੀਦਾ ਹੈ। ਪਾਣੀ ਦੀ ਕਹਾਣੀ ਮੈਂ ਦੱਸਣਾ ਚਾਹੁੰਦਾ ਹਾਂ ਇਹ ਸਾਰੇ ਇਲਾਕੇ ਨੂੰ ਸਿੰਝਣ ਦੀ ਸਕੀਮ ਬਣਾਈ ਹੈ। ਜਿਥੇ ਇਕ ਬੂੰਦ ਨਹੀਂ ਆਈ ਪਾਣੀ ਦੀ ਉਥੇ ਲਈ ਅਸੀਂ ਯਤਨ ਕਰ ਰਹੇ ਹਾਂ ਪਾਣੀ ਕਿਸਾਨਾਂ ਨੂੰ ਦਿਲਾਇਆ ਜਾਏ। ਕਿਸਾਨਾਂ ਨੂੰ ਪਹਿਲੀ ਵਾਰੀ ਲੱਖ ਲੱਖ ਰੁਪਿਆ ਮੁਆਵਜ਼ੇ ਵਜੋਂ ਦਿਲਾਇਆਂ ਗਿਆ ਹੈ । ਜਿਨ੍ਹਾਂ ਦੀਆਂ ਜ਼ਮੀਨਾਂ ਉਸ ਵਿਚ ਆਈਆਂ ਹਨ। ਇਹ ਹੜਤਾਲ ਕਰਾ ਸਕਦੇ ਹਨ ਪਰ ਕੰਮ ਨਹੀਂ ਕਰ ਸਕਦੇ। ਜਿਨ੍ਹਾਂ ਦੀਆਂ ਜ਼ਮੀਨਾਂ ਆਈਆਂ ਹਨ ਉਨ੍ਹਾਂ ਦੇ ਬੱਚਿਆਂ ਨੂੰ ਨੌਕਰੀਆਂ ਦਿਆਂਗੇ (ਥੰਪਿੰਗ) ਟਿਊਬਵੈੱਲ ਲਗਾਉਣ ਵਿਚ ਉਨ੍ਹਾਂ ਦੀ ਸਹਾਇਤਾ ਕਰਾਂਗੇ। ਇਹ ਸਿਰਫ ਇਕ ਤਕਰੀਰ ਅੱਧੀ ਸਿਆਸੀ ਔਰ ਅੱਧੀ ਧਾਰਮਿਕ ਕਰਕੇ ਚਲੇ ਗਏ। ਅੱਜ ਇਹ ਸੁਣਨ ਵਾਸਤੇ ਨਹੀਂ ਆਏ। ਇਥੇ ਕਿਹਾ ਗਿਆ ਕਿ ਲੈਫਟਿਸਟ ਪਾਰਟੀ ਕਾਡਰ ਨੂੰ ਲਾਈਸੰਸ ਦਿੱਤੇ ਜਾ ਰਹੇ ਹਨ ਔਰ ਇਥੇ ਸਿਵਲ ਵਾਰ ਕਰਾਉਣਾ ਚਾਹੁੰਦੇ ਹਨ। ਕੋਈ ਸਿਵਿਲ ਵਾਰ ਨਹੀਂ ਕਰਾਉਣਾ ਚਾਹੁੰਦੇ। ਮੇਰੇ ਕੋਲ ਬਗੈਰ ਤਮੀਜ਼ ਦੇ ਹਰ ਕਮਿਊਨਿਟੀ ਦੇ ਬੰਦੇ ਅਉਂਦੇ ਹਨ ਚਾਹੇ ਹਿੰਦੂ ਹੋਵੇ ਚਾਹੇ ਮੁਸਲਮਾਨ ਹੋਵੇ ਹਰ ਕਮਿਊਨਿਟੀ ਦੇ ਲੋਕ ਮੇਰੇ ਕੋਲ ਆਉਂਦੇ ਹਨ। ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਉਨ੍ਹਾਂ ਦੀ ਪ੍ਰੋਟੈਕਸ਼ਨ ਵਾਸਤੇ ਲਾਈਸੰਸ ਦਿੱਤੇ ਜਾਣ। ਇਹ ਕਹਿਣਾ ਕਿ ਕਾਡਰ ਨੂੰ ਲਾਈਸੰਸ ਦਿੱਤੇ ਜਾ ਚੁੱਕੇ ਹਨ, ਇਹ ਗਲਤ ਹੈ। ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਕਿਸੇ ਕਾਡਰ ਨੂੰ ਲਾਈਸੰਸ ਨਹੀਂ ਦਿੱਤੇ ਗਏ। ਇੰਡੀਵੀਜੁਅਲ ਨੂੰ ਲਾਈਸੰਸ ਦੇ ਰਹੇ ਹਾਂ ਔਰ ਹਰ ਕਮਿਊਨਿਟੀ ਨੂੰ ਦੇ ਰਹੇ ਹਾਂ। ਫਿਰ ਇਥੇ ਕਿਹਾ ਗਿਆ ਕਿ ਐਸ.ਜੀ.ਪੀ.ਸੀ. ਨੂੰ ਤੋੜ ਕੇ ਅਸੀਂ ਬੋਰਡ ਬਨਾਉਣਾ ਚਾਹੁੰਦੇ ਹਾਂ । ਅਸੀਂ ਬਨਾਉਣ ਵਾਲਿਆਂ ਵਿਚ ਸੀ ਔਰ ਤੋੜਣ ਵਾਲਿਆਂ ਵਿਚ ਤੁਸੀਂ ਹੋ ਸਕਦੇ ਹੋ। ਹੁਣ ਇਹ ਨਿਹੱਥੇ ਹੋ ਕੇ ਬੈਠੇ ਹਨ। ਅਸੀਂ ਐਸ.ਜੀ.ਪੀ.ਸੀ. ਤੋੜ ਕੇ ਬੋਰਡ ਨਹੀਂ ਬਨਾਉਣਾ ਚਾਹੁੰਦੇ। ਇਸ ਤਰ੍ਹਾਂ ਨਹੀਂ ਹੋਏਗਾ। ਐਸਾ ਕੋਈ ਇਰਾਦਾ ਨਹੀਂ ਸਰਕਾਰ ਦਾ ਕਿ ਇਸ ਨੂੰ ਤੋੜਿਆ ਜਾਏ। ਇੱਕ ਹੋਰ ਇਥੇ ਚੈਲੰਜ ਕਰ ਦਿੱਤਾ ਹੈ ਕਿ ਅਕਾਲ ਤਖਤ ਸਾਹਿਬ ਨੂੰ ਮੈਂ ਫੇਸ ਕਰਨਾ ਚਾਹੁੰਦਾ ਹਾਂ। ਐਸਾ ਕੋਈ ਚੈਲੰਜ ਨਹੀਂ ਕੀਤਾ ਗਿਆ ਅਕਾਲ ਤਖਤ ਸਾਹਿਬ ਨੂੰ। ਸਾਡੇ ਮਨ ਵਿਚ ਜੱਥੇਦਾਰਾਂ ਦਾ ਸਤਿਕਾਰ ਹੈ। ਇਹ ਜੱਥੇਦਾਰਾਂ ਨਾਲ ਕਿੰਤੂ ਕਰਦੇ ਰਹੇ । ਇਹ ਕੰਡੀਸ਼ਨ ਲਗਾਉਂਦੇ ਰਹੇ ਪਰ ਅਸੀਂ ਐਸੀ ਕੋਈ ਗੱਲ ਨਹੀਂ ਆਖੀ ਅਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਹਾਂ। ਅਕਾਲ ਤਖਤ ਨਾਲ ਸਾਡੀ ਕੋਈ ਲੜਾਈ ਨਹੀਂ ਹੈ। ਜੇਕਰ ਲੜਾਈ ਹੈ ਤਾਂ ਅੱਤਵਾਦ ਨਾਲ ਹੈ (ਥੰਪਿੰਗ) ਜਾਂ ਜੋ ਅੱਤਵਾਦ ਦਰਬਾਰ ਸਾਹਿਬ ਕੰਪਲੈਕਸ ਵਿਚ ਹੈ ਉਸ ਨਾਲ ਹੈ। ਉਸ ਦੇ ਖਿਲਾਫ ਆਨੰਦਪੁਰ ਸਾਹਿਬ ਦਾ ਮਤਾ ਹੋਇਆ ਉਥੇ ਸਰਬਤ ਖਾਲਸੇ ਨੇ ਹੁਕਮ ਦਿੱਤਾ ਕਿ ਉਸ ਨੂੰ ਉਥੋ ਕੱਢ ਦਿਓ। ਉਨ੍ਹਾਂ ਬੰਦਿਆਂ ਨੂੰ ਉਥੋਂ ਕੱਢ ਦਿਓ ਸਾਰੇ ਬੰਦੇ ਤੁਹਾਡੀ ਪਿੱਠ ਤੇ ਖੜਣਗੇ ਉਨ੍ਹਾਂ ਨੂੰ ਉਥੋਂ ਕੱਢ ਦਿਓ। ਕਿਉਂਕਿ ਇਹ ਮਾੜਾ ਕੰਮ ਕਰ ਰਹੇ ਸੀ ਅੱਜ ਵੀ ਉਥੇ ਉਸੇ ਤਰ੍ਹਾਂ ਗੱਲ ਹੋ ਰਹੀ ਹੈ। ਮੈਂ ਕਹਾਂਗਾ ਕਿ ਕੋਈ ਤਾਂ ਇਹ

[ਮੁੱਖ ਮੰਤਰੀ]

ਕਹਿਣ ਕਿ ਉਥੇ ਮਾੜਾ ਕੰਮ ਹੋ ਰਿਹਾ ਹੈ। ਇਹ ਕਹਿੰਦੇ ਨਹੀਂ ਡਰਦੇ ਹਨ। ਅੱਤਿਵਾਦ ਦੇ ਖਿਲਾਫ ਅਸੀਂ ਜ਼ੋਰਦਾਰ ਆਵਾਜ਼ ਉਠਾਈ ਹੈ।

EXTENSION OF TIME OF THE SITTING

ਸ੍ਰੀ ਸਪੀਕਰ : ਜੇ ਹਾਊਸ ਦੀ ਪਲੱਈਅਰ ਹੋਵੇ ਤਾਂ ਹਾਊਸ ਦਾ ਸਮਾਂ 15 ਮਿੰਟਾਂ ਲਈ ਵਧਾ ਦਿੱਤਾ ਜਾਵੇ ?

ਆਵਾਜ਼ਾਂ : ਹਾਂ ਜੀ, ਹਾਂ ਜੀ।

ਸ੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟਾਂ ਲਈ ਐਕਸਟੈਂਡ ਕੀਤਾ ਜਾਂਦਾ ਹੈ।

RESUMPTION OF DISCUSSION ON GOVERNOR'S ADDRESS AND VOTING ON THE MOTION OF THANKS

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) **:** ਬੜੇ ਅਫਸੋਸ ਦੀ ਗੱਲ ਹੈ ਕਿ ਅਕਾਲ ਤਖਤ ਦੀ ਕੰਟਰੋਵਰਸੀ ਵਿਚ ਇਹ ਪੈ ਗਏ। ਇਨ੍ਹਾਂ ਨੂੰ ਇਸ ਕੰਟਰੋਵਰਸੀ ਵਿਚ ਨਹੀਂ ਸੀ ਪੈਣਾ ਚਾਹੀਦਾ। ਮੈਂ ਉਸ ਦਿਨ ਕਿਹਾ ਸੀ ਕਿ ਅਕਾਲ ਤਖਤ ਨੂੰ ਹਾਊਸ ਵਿਚ ਨਾ ਲਿਆਓ। ਇਥੇ ਹਾਊਸ ਵਿਚ ਅਸੀਂ ਲੋਕਾਂ ਦੇ ਮਫਾਦ ਦੀ ਗੱਲ ਕਰੀਏ ਉਨ੍ਹਾਂ ਦੇ ਫਾਇਦੇ ਦੀ ਗੱਲ ਕਰੀਏ। ਲੇਕਿਨ ਇਹ ਹਟੇ ਨਹੀਂ। ਇਨ੍ਹਾਂ ਨੇ ਮੱਲੋ ਮੱਲੀ ਅਕਾਲ ਤਖਤ ਦਾ ਵਾਦ-ਵਿਵਾਦ ਖੜ੍ਹਾ ਕਰ ਲਿਆ। ਇਹ ਕੰਟਰੋਵਰਸੀ ਇਨ੍ਹਾਂ ਨੇ ਛੇੜੀ ਸੀ ਕਿ ਅਕਾਲ ਤਖਤ ਨੂੰ ਚੈਲੰਜ ਕੀਤਾ ਗਿਆ। ਸਾਡੇ ਵੱਲੋਂ ਅਕਲ ਤਖਤ ਨੂੰ ਕੋਈ ਚੈਲੰਜ ਨਹੀਂ। ਅਕਾਲ ਤਖਤ ਦਾ ਕੋਈ ਸਿੱਖ ਮੁਕਾਬਲਾ ਨਹੀਂ ਕਰ ਸਕਦਾ। ਅਕਾਲ ਤਖਤ ਦਾ ਐਨਾ ਸਤਿਕਾਰ ਹੈ ਕਿ ਅਸੀਂ ਸੋਚ ਵੀ ਨਹੀਂ ਸਕਦੇ ਕਿ ਅਕਾਲ ਤਖਤ ਨੂੰ ਚੈਲੰਜ ਕੀਤਾ ਜਾਵੇ। ਇਕੱਲਾ ਅਕਾਲ ਤਖਤ ਹੀ ਨਹੀਂ ਜਿੰਨੇ ਵੀ ਤਖਤ ਹਨ ਸਾਨੂੰ ਸਾਰਿਆਂ ਦਾ ਸਤਿਕਾਰ ਹੈ। ਪਰ ਇਨ੍ਹਾਂ ਨੇ ਉਸ ਨੂੰ ਸੀਮਤ ਕਰ ਦਿੱਤਾ ਹੈ। ਤਖਤ ਪਟਨਾ ਸਾਹਿਬ ਹੈ ਜਿਥੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਪੈਦਾ ਹੋਏ ਫਿਰ ਹਜ਼ੂਰ ਸਾਹਿਬ ਹੈ। ਉਨ੍ਹਾਂ ਨੂੰ ਇਹ ਭੁੱਲਦੇ ਜਾਂਦੇ ਹਨ। ਇਹ ਕਿਸ ਰਸਤੇ ਤੇ ਪੈ ਗਏ ਹਨ। ਅਫਸੋਸ ਦੀ ਗੱਲ ਹੈ ਕਿ ਇਹ ਗੱਲ ਨਹੀਂ ਸੁਣਦੇ ਪਤਾ ਨਹੀਂ ਇਨ੍ਹਾਂ ਨੂੰ ਸਮਝ ਨਹੀਂ ਆਉਂਦੀ। ਜਿਸ ਰਸਤੇ ਤੇ ਇਹ ਪੈ ਗਏ ਹਨ ਸਾਨੂੰ ਅਰਦਾਸ ਵਿਚ ਇਸ ਤਰ੍ਹਾਂ ਦੀ ਸ਼ਾਇਦ ਤਰਮੀਮ ਕਰਨੀ ਪੈਣੀ ਹੈ। ਅੱਜ ਅਸੀਂ ਨਨਕਾਣਾ ਸਾਹਿਬ ਨੂੰ ਯਾਦ ਕਰਦੇ ਹਾਂ ਉਸ ਦੇ ਦਰਸ਼ਨ ਮੰਗਦੇ ਹਾਂ। ਮੈਂ ਕਹਿੰਦਾ ਹਾਂ ਕਿ ਐਸਾ ਸਮਾਂ ਨਾ ਲਿਆਓ ਕਿ ਇਨ੍ਹਾਂ ਤਖਤਾਂ ਦੀ ਅਰਦਾਸ ਕਰਨੀ ਪੈ ਜਾਵੇ। (ਥੰਪਿੰਗ) ਇਸ ਲਈ ਤੁਸੀਂ ਇਸ ਪਾਸੇ ਨਾ ਜਾਓ। ਤੁਸੀਂ ਸਿੱਖ ਧਰਮ ਨੂੰ ਸੀਮਤ ਕਰੀ ਜਾ ਰਹੇ ਹੋ। ਗੁਰੂ ਨਾਨਕ ਦੇਵ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿਦ ਸਿੰਘ ਜੀ ਸਾਰੇ ਹਿੰਦੁਸਤਾਨ ਵਿਚ ਗਏ ਸਨ। ਗੁਰੂ ਤੇਗ ਬਹਾਦਰ ਜੀ ਅਸਾਮ ਵਿਚ ਗਏ ਬੰਗਲਾ ਦੇਸ਼ ਵਿਚ ਢਾਕੇ ਗਏ। ਪਰ ਇਹ ਅੱਜ ਖੂਹ ਦੇ ਡੱਡੂ ਵਾਂਗ ਕਰ ਰਹੇ ਹਨ। ਇਨ੍ਹਾਂ ਨੂੰ ਜ਼ਿਮੇਵਾਰੀ ਤੋਂ ਕੰਮ ਲੈਣਾ ਚਾਹੀਦਾ ਹੈ। ਲੋਕਾਂ ਦੇ ਭਲੇ ਦੀ ਗੱਲ ਕਰਨੀ ਚਾਹੀਦੀ ਹੈ। ਮੈਂ ਫਿਰ ਇਨ੍ਹਾਂ ਸ਼ਬਦਾਂ ਦੇ ਨਾਲ ਹੀ ਹਾਊਸ ਦੇ ਸਾਰੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਗਵਰਨਰ ਸਾਹਿਬ ਦੇ ਭਾਸ਼ਣ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ। (ਥੰਪਿੰਗ)

ਸ੍ਰੀ ਸਪੀਕਰ : ਪ੍ਰੋਫੈਸਰ ਦਰਬਾਰੀ ਲਾਲ ਨੇ ਨੋਟਿਸ ਵਿਚ ਲਿਆਂਦਾ ਸੀ ਕਿ ਸਰਦਾਰ ਬਲਵਿੰਦਰ ਸਿੰਘ ਭੂੰਦੜ ਨੇ ਆਪਣੀ ਸਪੀਚ ਵਿਚ ਕੁਝ ਲਫਜ਼ ਕਹੇ ਹਨ। ਮੈਂ ਉਸ ਵੇਲੇ ਇਹ ਕਿਹਾ ਸੀ ਕਿ ਮੈਂ ਇਸ ਬਾਰੇ ਰਿਕਾਰਡ ਦੇਖ ਲਵਾਂਗਾ ਅਤੇ ਉਸ ਦੇ ਬਾਅਦ ਪੁਸ਼ਟੀ ਕਰ ਦਿਆਂਗਾ। ਹੁਣ ਮੈਂ ਰਿਕਾਰਡ ਮੰਗਵਾਇਆ ਹੈ, ਉਸ ਵਿਚ ਉਨ੍ਹਾਂ ਦੇ ਇਹ ਸ਼ਬਦ ਹਨ :—

** ** ** **

ਇਹ ਸ਼ਬਦ ਰਿਕਾਰਡ ਵਿਚੋਂ ਐਕਸਪੰਜ ਕੀਤੇ ਜਾਂਦੇ ਹਨ। ਇਕ ਮਤਾ ਮਾਸਟਰ ਜੀ ਨੇ ਪੇਸ਼ ਕੀਤਾ ਸੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

Mr. Speaker :No personal explanation. ਕੋਈ ਰਿਕਾਰਡ ਨਾ ਕੀਤਾ ਜਾਵੇ। ਮਾਸਟਰ ਮੋਹਨ ਲਾਲ ਨੇ ਗਵਰਨਰ ਐਡਰੈਸ ਦੇ ਧੰਨਵਾਦ ਦੇ ਮਤੇ ਤੇ ਤਰਮੀਮ ਪੇਸ਼ ਕੀਤੀ ਹੈ।

ਉਹ ਮੈਂ ਹਾਊਸ ਦੇ ਸਾਹਮਣੇ ਪੁੱਟ ਕਰਦਾ ਹਾਂ।

Question is—

That in the motion, the following be added at the end namely —

"but regret that no mention has been made in the Address regarding:—

1. providing rupees one lac to the victim of terrorists in cash within fifteen days of the murder;
2. lifting the ban on the supply of drinking water laid by the "Apex Committee" in 1982 especially in the semi hill areas of Dhar block of Pathankot sub-division to provide drinking water to the different 'tikkas' of villages;
3. bringing back the migrants who have left punjab under fear within three months;
4. restarting the "focal point system" for the uplift of rural areas;
5. giving a new shape to Pathankot city which is called a "Gateway of Punjab" in the field of industry, cleanliness and in the field of roads renovation;
6. providing adequate protection to the forests in Dhar-block of Pathankot sub-division from illegal fellings;
7. decision to hold the elections of Corporations and Municipal Committees to restore the demorcratic rights of people in Punjab.
8. right off enhanced sewerage rates and water surcharge in the cities where sewerage has been laid;
9. starting the lift irrigation schemes for which the estimate has already been made to irrigate the Kandi and semi hill area of Punjab."

The motion was lost.

Mr. Speaker :Question is—

"That an Address be presented to the Governor in the following terms:—

'That the Members of this House assembled in this Session are deeply grateful to the Governor for the Address which he has been pleased to deliver to the House on the 11th March, 1987."

The motion was carried.

Mr. Speaker : The House stands adjourned till 9.00 A. M. on Friday, the 20th March, 1987.

*2.35 P.M. *(The Sabha then adjourned* till 9.00 A. M. on Friday, the 20th March, 1987.)*

**Expunged/Not recorded as ordered by the Chair.

26195 PVS—Govt. Press, Chd.

Published under the authority of the Punjab Vidhan Sabha and printed by the Controller, Printing and Stationery Department, U.T., Chandigarh.

8

PUNJAB VIDHAN SABHA DEBATES

20th March, 1987

Vol. V—No. 8

OFFICIAL REPORT

CONTENTS

Friday, the 20th March, 1987

Punjab Vidhan Sabha Secretariat, Chandigarh.

Price : Rs. 52-00

ERRATA

TO

PUNJAB VIDHAN SABHA DEBATES, DATED THE 20TH MARCH, 1987

VOLUME V NO. 8

Read	*For*	*Page*	*Line*
ਵੀ	ਦੀ	(8)11	13
pleased to state	pleased state	(8)31	12th & 13th from below
ਰੋਸਟਰ	ਰੋਸਟਰੋ	(8)33	15th from below
ਕੈਰੀ	ਕੈਚੀ	(8)33	14th from below
ਸਿੰਜਾਈ	ਸਿੰਸਾਈ	(8)56	21
members	mebmers	(8)71	16

PUNJAB VIDHAN SABHA

Friday, the 20th March, 1987

The Vidhan Sabha met in the Punjab Vidhan Sabha Hall, Vidhan Bhavan, Chandigarh, at 9·00 A. M. of the Clock. Mr. Speaker (Sardar Surjit Singh Minhas) in the Chair.

STARRED QUESTIONS AND ANSWERS

Stoppage of plying of buses in Bala Chaur and Saroa Blocks

*672. **Shri Ram Kishan Kataria :** Will the Minister of State for Transport be pleased to state whether it is a fact that the Nawanshahar and Ropar depots of the Punjab Roadways have stopped plying their buses on the link roads in Balachaur and Saroa blocks since April, 1986 ; if so, the reasons therefor ?

ਸਰਦਾਰ ਸੁਰਿੰਦਰ ਸਿੰਘ ਧੂਰੀ (ਸੰਸਦੀ ਸਕੱਤਰ, ਟਰਾਂਸਪੋਰਟ) **:** ਨਹੀਂ ਜੀ। ਪੰਜਾਬ ਰੋਡਵੇਜ਼ ਵਲੋਂ ਬਲਾਚੌਰ ਅਤੇ ਸਰੋਆ ਬਲਾਕ ਵਿਚ ਲਿੰਕ ਸੜਕਾਂ ਤੇ ਚਲਾਈ ਜਾ ਰਹੀ ਕੋਈ ਬੱਸ ਸੇਵਾ ਬੰਦ ਨਹੀਂ ਕੀਤੀ ਗਈ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੇਰੀ ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਹਾਊਸ ਦੇ ਕਸਟੋਡੀਅਨ ਹੋ। ਇਹ ਇਕ ਪਾਵਨ ਹਾਊਸ ਹੈ ਜਿਸ ਦੇ ਵਿਚ ਸੱਚਾ ਜਵਾਬ ਲਿਆ ਜਾ ਸਕਦਾ ਹੈ। ਇਹ ਬਹੁਤ ਹੀ ਮਿਸਲੀਡਿੰਗ ਜਵਾਬ ਆ ਰਹੇ ਹਨ। ਮੈਂ ਪਹਿਲਾਂ ਵੀ ਬੇਨਤੀ ਕੀਤੀ ਸੀ ਕਿ ਮੇਰਾ ਸੜਕਾਂ ਦੇ ਬਾਰੇ ਵੀ ਗਲਤ ਜ਼ਵਾਬ ਆਇਆ ਹੈ। ਇਹ ਵੀ ਬਿਲਕੁਲ ਮਿਸਲੀਡਿੰਗ ਜਵਾਬ ਹੈ। 8, 9 ਮਹੀਨੇ ਹੋ ਗਏ ਹਨ ਲਗਾਤਾਰ 4, 4-5, 5 ਰੂਟ ਸੜਕਾਂ ਤੇ ਚਲਦੇ ਸਨ ਉਹ ਬੰਦ ਹੋ ਗਏ ਹਨ। ਮੈਂ ਡਿਟੇਲ ਵੀ ਟਰਾਂਸਪੋਰਟ ਮੰਤਰੀ ਜੀ ਨੂੰ ਦੇ ਚੁਕਾ ਹਾਂ। ਨਵਾਂ ਸ਼ਹਿਰ ਦੇ ਜੀ.ਐਮ. ਨੂੰ ਬੁਲਾ ਕੇ ਕਿਹਾ ਵੀ ਹੈ ਕਿ ਬਸਾਂ ਚਾਲੂ ਕੀਤੀਆਂ ਜਾਣ, ਫਿਰ ਵੀ ਚਾਲੂ ਨਹੀ ਹੋਈਆਂ। ਸਪੀਕਰ ਸਾਹਿਬ, ਸਾਰੇ ਪਿੰਡਾਂ ਦੀਆਂ ਲਿੰਕ ਰੋਡਜ਼ ਤੋਂ ਬਸਾਂ ਜਾਂਦੀਆਂ ਸਨ......

ਸ੍ਰੀ ਸਪੀਕਰ : ਕਟਾਰੀਆ ਸਾਹਿਬ, ਤੁਸੀਂ ਆਪਣਾ ਸਪਲੀਮੈਂਟਰੀ ਪੁਛੋ।

ਸ੍ਰੀ ਰਾਮ ਕਿਸ਼ਨ ਕਟਾਰੀਆ : ਉਹ ਬਸਾਂ ਹੁਣ ਬੰਦ ਹੋ ਗਈਆਂ ਹਨ। ਕੀ ਮੰਤਰੀ ਸਾਹਿਬ ਇਨਕੁਆਇਰੀ ਕਰਾਕੇ ਜ਼ਿਮੇਵਾਰ ਅਫ਼ਸਰ ਨੂੰ ਸਸਪੈਂਡ ਕਰਨਗੇ ਅਤੇ ਬਸਾਂ ਚਾਲੂ ਕਰਨਗੇ ?

ਸੰਸਦੀ ਸਕੱਤਰ, ਟਰਾਂਸਪੋਰਟ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ ਬਸਾਂ ਨਹੀਂ ਚਲਦੀਆਂ, ਅਗਰ ਮਾਨਯੋਗ ਮੈਂਬਰ ਸਾਹਿਬ ਉਸ ਰੂਟ ਤੇ ਜਾਣ ਤਾਂ ਪਤਾ ਲਗ ਜਾਏ ਕਿ ਬਸਾਂ ਚਲ ਰਹੀਆਂ ਹਨ, ਪਹਿਲਾਂ ਵਾਂਗ ਚਲ ਰਹੀਆਂ ਹਨ। ਉਥੇ ਕੁਝ ਸਾਡੀਆਂ ਬਸਾਂ ਚਲਦੀਆਂ ਹਨ, ਪ੍ਰਾਈਵੇਟ ਬੱਸ ਵੀ ਹੈ ਅਤੇ ਇਕ ਮਿੰਨੀ ਬਸ ਅੱਜ ਵੀ ਚਲ ਰਹੀ ਹੈ। ਇਹ ਠੀਕ ਹੈ ਕਿ ਥੋੜ੍ਹੇ ਜਿਹੇ ਕਿਲੋਮੀਟਰ ਵਿਚ ਸੜਕ ਖਰਾਬ ਹੋਣ ਕਰਕੇ ਬੱਸ ਨਹੀਂ ਲਿਜਾ ਸਕੇ, ਪਰ ਜਦੋਂ ਰਸਤਾ ਠੀਕ ਹੋ ਗਿਆ ਫਿਰ ਉਸ ਤੇ ਸਾਨੂੰ ਲਿਜਾਣ ਵਿਚ ਕੋਈ ਇਤਰਾਜ਼ ਨਹੀਂ।

ਸ੍ਰੀ ਸਪੀਕਰ: ਕਟਾਰੀਆ ਸਾਹਿਬ, ਜੇ ਕੋਈ ਸਪੈਸਿਫਿਕ ਰੂਟ ਬੰਦ ਹੋਇਆ ਹੈ ਤਾਂ ਦਸ ਦਿਓ।

ਸ੍ਰੀ ਰਾਮ ਕਿਸ਼ਨ ਕਟਾਰੀਆ:: ਸਪੀਕਰ ਸਾਹਿਬ, ਮੈ ਲਿਖ ਕੇ ਦੇ ਚੁਕਾ ਹਾਂ ਕਿ ਭੱਦੀ ਤੋਂ ਮੱਲੇਵਾਲ ਪੰਜ ਰੂਟਸ ਚਲਦੇ ਸਨ ਅਤੇ ਮੱਲੇਵਾਲ ਤੋ ਚੰਡੀਗੜ੍ਹ ਰੈਗੂਲਰ ਰੂਟ ਸੀ ਉਹ ਵੀ ਬੰਦ ਕਰ ਦਿੱਤਾ। ਮੇਰੇ ਪ੍ਰੈਡੀਸੈਸਰ ਮਾਸਟਰ ਦਲੀਪ ਚੰਦ ਦੇ ਪਿੰਡ ਨੂੰ ਬਸ ਜਾਂਦੀ ਸੀ ਉਹ ਵੀ ਬੰਦ ਹੋ ਗਈ। ਉਨ੍ਹਾਂ ਵਲੋਂ ਇਲਜ਼ਾਮ ਹੈ ਕਿ ਮੈਂ ਉਹ ਬਸ ਬੰਦ ਕਰਾਈ ਹੈ, ਰੱਤੇਵਾਲ ਨੂੰ ਚਾਰ ਰੂਟਸ ਜਾਂਦੇ ਸਨ ਉਹ ਬੰਦ ਹੋ ਗਏ। ਰੁੜਕੀ ਜਾਂਦੀ ਸੀ ਉਹ ਬੰਦ ਹੋ ਗਈ ਹੈ। ਮੈਂ ਇੰਨੀ ਡਿਟੇਲ ਦੇ ਰਿਹਾ ਹਾਂ, ਮੈ ਕਹਿੰਦਾ ਹਾਂ ਕਿ ਇਨਕੁਆਇਰੀ ਕਰਾਈ ਜਾਏ ਅਤੇ ਜਿਹੜਾ ਵੀ ਅਫ਼ਸਰ ਗਲਤ ਇਨਫ਼ਰਮੇਸ਼ਨ ਦੇ ਰਿਹਾ ਹੈ ਉਸ ਦੇ ਖਿਲਾਫ਼ ਐਕਸ਼ਨ ਲਿਆ ਜਾਵੇ?

ਸੰਸਦੀ ਸਕੱਤਰ: ਸਪੀਕਰ ਸਾਹਿਬ, ਜਿਹੜੀ ਮੱਲੇਵਾਲ ਦੀ ਗਲ ਕਰਦੇ ਹਨ, ਸਾਡੀ ਚੰਡੀਗੜ੍ਹ ਤੋ ਅੱਜ ਵੀ ਬਸ ਚਲ ਰਹੀ ਹੈ। ਸਪੀਕਰ ਸਾਹਿਬ, ਅਸਲ ਗਲ ਇਹ ਹੈ ਕਿ ਮਾਨਯੋਗ ਮੈਂਬਰ ਸਾਹਿਬ ਬਸਾਂ ਤੇ ਚੜ੍ਹਦੇ ਨਹੀਂ ਅਤੇ ਕਾਰਾਂ ਵਿਚ ਜਾਂਦੇ ਹਨ। ਇਸ ਲਈ ਇਨ੍ਹਾਂ ਨੂੰ ਪਤਾ ਨਹੀ ਹੈ ਕਿ ਬੱਸਾਂ ਚਲਦੀਆਂ ਹਨ ਜਾਂ ਨਹੀਂ। ਜੇ ਬਸਾਂ ਵਿਚ ਜਾਣ ਤਾਂ ਇਨ੍ਹਾਂ ਨੂੰ ਪਤਾ ਹੋਵੇ।

(ਇਸ ਸਮੇ ਸ੍ਰੀ ਰਾਮ ਕਿਸ਼ਨ ਕਟਾਰੀਆ ਜੀ ਸਪਲੀਮੈਂਟਰੀ ਕਰਨ ਲਈ ਖੜੇ ਸਨ)

ਸ੍ਰੀ ਸਪੀਕਰ: ਉਨ੍ਹਾਂ ਨੇ ਇਕ ਰੂਟ ਬਾਰੇ ਦੱਸਿਆ ਹੈ ਕਿ ਬੱਸ ਚਲਦੀ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਕਿਹਾ ਹੈ ਉਹ ਵੀ ਬੱਸ ਨਹੀਂ ਚਲਦੀ। ਸਪੀਕਰ ਸਾਹਿਬ, ਤੁਸੀ ਕਸਟੋਡੀਅਨ ਹੋ ......

ਸ੍ਰੀ ਸਪੀਕਰ: ਬੈਠੋ, ਜਵਾਬ ਆ ਗਿਆ ਹੈ।

ਸੰਸਦੀ ਸਕੱਤਰ: ਇਹ ਲਿਖ ਕੇ ਦੇ ਦੇਣ, ਇਨਕਆਇਰੀ ਕਰਵਾ ਲਵਾਂਗੇ।

(ਇਸ ਸਮੇ ਸਰਦਾਰ ਭਾਗ ਸਿੰਘ ਜੀ ਖੜੇ ਸਨ)

ਸ੍ਰੀ ਸਪੀਕਰ: ਸਰਦਾਰ ਭਾਗ ਸਿੰਘ ਜੀ, ਕੀ ਤੁਸੀਂ ਸਵਾਲ ਪੁੱਛਣਾ ਹੈ?

ਸਰਦਾਰ ਭਾਗ ਸਿੰਘ: ਸਪੀਕਰ ਸਾਹਿਬ, ਮੰਤਰੀ ਜੀ ਕਾਗਜ਼ੀ ਕਾਰਵਾਈ ਦੱਸ ਰਹੇ ਹਨ। ਸਾਨੂੰ ਪਤਾ ਹੈ, ਅਸੀਂ ਬਸਾਂ ਰਾਹੀਂ ਟਰੈਵਲ ਕਰਦੇ ਹਾਂ। ਨਾਲ ਦੀ ਹਰਿਆਣਾ ਸਟੇਟ ਹੈ, ਉਥੇ ਟਰਾਂਸਪੋਰਟ ਪ੍ਰਾਫਿਟ ਤੇ ਜਾ ਰਹੀ ਹੈ। ਕੀ ਸਰਕਾਰ ਨੇ ਟੈਕਸ ਜੋ ਲਿਆ ਹੈ (ਵਿਘਨ) ਇਕ ਮਿੰਟ ਗਲ ਤਾਂ ਸੁਣੋ। ਕੀ ਕੋਈ ਫੈਸਿਲਿਟੀ ਵੀ ਸਰਕਾਰ ਨੇ ਦਿੱਤੀ ਹੈ? ਇਕ ਅਫਸਰ ਜਿਹੜਾ ਕਾਗਜ਼ੀ ਕਾਰਵਾਈ ਕਰਕੇ ਇਨਫਰਮੇਸ਼ਨ ਦੇ ਦਿੰਦਾ ਹੈ, ਮੈਂਬਰ ਨੇ ਇਨਕੁਆਇਰੀ ਦੀ ਮੰਗ ਕੀਤੀ ਹੈ, ਕੀ ਹਰਜ ਹੈ ਇਨਕੁਆਇਰੀ ਕਰਾਉਣ ਵਿਚ?

ਸੰਸਦੀ ਸਕੱਤਰ: ਮੈ ਪਹਿਲਾਂ ਕਿਹਾ ਹੈ ਕਿ ਲਿਖ ਕੇ ਦੇ ਦੇਣ, ਇਨਕਆਇਰੀ ਕਰਵਾ ਲਵਾਂਗਾ।

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਵਾਬ ਦਿੰਦੇ ਹੋਏ ਕਿਹਾ ਹੈ ਕਿ ਕੁਝ ਸੜਕਾਂ ਕਾਬਲੇ -ਮੁਰੰਮਤ ਹਨ। ਉਥੇ ਮੰਜ਼ਲ ਤਕ ਬੱਸ ਨਹੀ ਪੁੱਜਦੀ। ਮੈਂ

ਪੁਛਣਾ ਚਾਹਵਾਂਗਾ ਮਨਿਸਟਰ ਸਾਹਿਬ ਤੋਂ ਕਿ ਕਿਆ ਕਾਬਲੇ-ਮੁਰੰਮਤ ਜੋ ਸੜਕਾਂ ਹਨ ਔਰ ਜਿਨ੍ਹਾਂ ਲਈ ਬਿਲਕੁਲ ਮੈਂਬਰ ਸਾਹਿਬ ਨੇ ਚੈਲੰਜ ਕੀਤਾ ਹੈ ਕਿ ਜਵਾਬ ਗਲਤ ਹੈ, ਬੱਸਾਂ ਬਿਲਕੁਲ ਨਹੀ ਚਲਦੀਆਂ ਕੁਝ ਰੋਡਜ਼ ਤੇ, ਉਨ੍ਹਾਂ ਲਈ ਤਾਂ ਇਨਕੁਆਇਰੀ ਲਈ ਤਿਆਰ ਹੋ ਗਏ ਹਨ। ਇਹ ਕਿਤਨੇ ਚਿਰ ਤਕ ਇਨਕੁਆਇਰੀ ਕਰਵਾ ਲੈਣਗੇ ਔਰ ਕਦੋਂ ਤਕ ਉਨ੍ਹਾਂ ਰੋਡਜ਼ ਤੇ ਬਸਾਂ ਚਲਾ ਦੇਣਗੇ ?

ਸੰਸਦੀ ਸਕੱਤਰ : ਇਹ ਤਾਂ ਪੀ. ਡਬਲਿਯੂ. ਡੀ. ਮੰਤਰੀ ਹੀ ਦੱਸ ਸਕਦਾ ਹੈ ਕਿ ਕਦੋ ਸੜਕਾਂ ਦੀ ਮੁਰੰਮਤ ਕਰ ਸਕਦੇ ਹਨ। ਅਸੀ ਬਸਾਂ ਚਲਾਉਣੀਆਂ ਹਨ, ਚਲਾ ਦੇਵਾਂਗੇ ਜਦੋ ਸੜਕਾਂ ਰਿਪੇਅਰ ਹੋ ਜਾਣਗੀਆਂ।

ਸ੍ਰੀ ਰੁਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਦਾਤਾਰਪੁਰ (ਕਰਤਾਰਪੁਰ) ਇਕ ਛੋਟਾ ਜਿਹਾ ਕਸਬਾ ਹੈ। ਉਥੇ ਇਕ ਸੜਕ ਟੁੱਟ ਗਈ ਸੀ ਜਿਸ ਨਾਲ ਬੱਸਾਂ ਜੋ ਕਮਾਹੀ ਦੇਵੀ ਨੂੰ ਜਾਂਦੀਆਂ ਸਨ, ਜੋ ਪਹਿਲਾਂ ਦਾਤਾਰਪੁਰ (ਕਰਤਾਰਪੁਰ) ਨੂੰ ਟੱਚ ਕਰਕੇ ਜਾਂਦੀਆਂ ਸਨ, ਉਹ ਹੁਣ ਟੱਚ ਕਰਕੇ ਨਹੀਂ ਜਾਂਦੀਆਂ। ਸਾਲ ਪਹਿਲਾਂ ਜਨਰਲ ਮਨੇਜਰ ਪੰਜਾਬ ਰੋਡਵੇਜ਼, ਹੁਸ਼ਿਆਰਪਰ ਔਰ ਡਿਪਟੀ ਕਮਿਸ਼ਨਰ ਨੇ ਮੌਕਾ ਵੇਖਿਆ ਸੀ ਤੇ ਕਿਹਾ ਸੀ ਕਿ ਜਿਹੜੀਆਂ ਬੱਸਾਂ ਕਮਾਹੀ ਦੇਵੀ ਜਾਣ ਉਹ ਦਾਤਾਰਪੁਰ (ਕਰਤਾਰਪੁਰ) ਟੱਚ ਕਰਕੇ ਜਾਣ। ਪਰ ਇਹ ਕੰਮ ਨਹੀਂ ਹੋਇਆ। ਕੀ ਮੰਤਰੀ ਜੀ ਐਸ਼ੋਰੈਂਸ ਦੇਣਗੇ ਕਿ ਜੋ ਬੱਸਾਂ ਕਮਾਹੀ ਦੇਵੀ ਜਾਣ ਦਾਤਾਰਪੁਰ (ਕਰਤਾਰਪੁਰ) ਟੱਚ ਕਰਕੇ ਜਾਣ ?

ਸੰਸਦੀ ਸਕੱਤਰ : ਇਹ ਨਵਾਂ ਸਵਾਲ ਹੈ, ਇਹ ਦੇ ਦੇਣ, ਫਿਰ ਦੱਸ ਦੇਵਾਂਗਾ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀ ਪੁੱਛਣਾ ਚਾਹੁੰਦਾ ਹਾਂ ਕਿ ਸਾਡਾ ਸਬਮਾਂਟੇਨੀਅਸ ਏਰੀਆ ਔਰ ਕੰਡੀ ਏਰੀਆ ਹੈ ਜਿਥੇ ਕਿ ਥਰੀ ਵੀਲਰ ਔਰ ਟਾਂਗੇ ਵਗੈਰਾ ਕੋਈ ਨਹੀਂ ਚਲਦੇ। ਕਾਫੀ ਬੱਸਾਂ ਟੁੱਟੀਆਂ ਭੱਜੀਆਂ ਹੋਈਆਂ ਹਨ ਔਰ ਠੀਕ ਨਹੀ ਚਲਦੀਆਂ। ਕੀ ਇਹ ਇਨਕੁਆਇਰੀ ਕਰਾਉਣਗੇ ਕਿ ਕਿੰਨੀਆਂ ਬਸਾਂ ਚਲ ਰਹੀਆਂ ਹਨ, ਕਿੰਨੀਆਂ ਹੋਰ ਚਾਹੀ-ਦੀਆਂ ਹਨ ? ਇਸ ਤਰ੍ਹਾਂ ਕੀ ਇਹ ਆਵਾਜਾਈ ਦਾ ਪ੍ਰਬੰਧ ਠੀਕ ਕਰਨਗੇ ?

ਸ੍ਰੀ ਸਪੀਕਰ : ਇਹ ਬੱਸਾਂ ਬਾਰੇ ਜਨਰਲ ਕੁਐਸਚਨ ਹੈ, ਬਜਟ ਤੇ ਡਿਸਕਸ਼ਨ ਕਰਨੀ ਹੈ, ਉਸ ਸਮੇ ਸਾਰੇ ਮੈਂਬਰ ਸਾਹਿਬਾਨ ਇਹ ਗੱਲਾਂ ਦੱਸ ਸਕਦੇ ਹਨ।

ਸਰਦਾਰ ਹਰਦਿਆਲ ਸਿੰਘ ਰਾਜਲਾ : ਕੀ ਮੰਤਰੀ ਜੀ ਕਿਰਪਾ ਕਰਕੇ ਦੱਸਣਗੇ ਸਮਾਣਾ-ਪਟਿਆਲਾ ਪ੍ਰਾਈਵੇਟ ਰੂਟ ਨਹੀ ਹੈ, ਔਰ ਉਥੇ ਸਰਕਾਰੀ ਬੱਸਾਂ ਦੇ ਟਾਈਮ ਮਿੱਸ ਹੁੰਦੇ ਹਨ, ਉਨ੍ਹਾਂ ਨੂੰ ਕਦੋਂ ਤੱਕ ਪੂਰਾ ਕਰਨਗੇ ?

ਸੰਸਦੀ ਸਕੱਤਰ : ਇਸ ਸਵਾਲ ਦਾ ਇਥੇ ਕੋਈ ਸਬੰਧ ਨਹੀਂ ਹੈ। ਇਹ ਨਵਾਂ ਸਵਾਲ ਕਰ ਲੈਣ, ਦੱਸ ਦੇਵਾਂਗਾ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਜਿੱਥੇ ਸਰਕਾਰੀ ਬੱਸਾਂ ਵੀ ਚਲਦੀਆਂ ਹਨ ਔਰ ਪ੍ਰਾਈਵੇਟ ਵੀ, ਪ੍ਰਾਈਵੇਟ ਬੱਸਾਂ ਚਲਾਉਣ ਦੀ ਗੱਲ ਹੈ, ਉਹ ਸਰਕਾਰੀ ਅਫਸਰਾਂ ਨਾਲ ਮਿਲਕੇ ਆਪ-

[ਮਾਸਟਰ ਮੋਹਨ ਲਾਲ]

ਣੀਆਂ ਬੱਸਾਂ ਚਲਾਉਂਦੇ ਹਨ, ਸਰਕਾਰੀ ਰਹਿ ਜਾਂਦੀਆ ਹਨ। ਕੀ ਇਸ ਤਰੀਕੇ ਦੀ ਇਨਕਆਇਰੀ ਕਰਾਉਣਗੇ ? ਜਿਹੜਾ ਕਸੂਰਵਾਰ ਹੈ, ਜਨਰਲ ਮਨੇਜਰ ਜਾਂ ਮਨੇਜਰ, ਉਨ੍ਹਾਂ ਦੀ ਇਨਕੁਆਇਰੀ ਕਰਾਉਣਗੇ ?

ਸੰਸਦੀ ਸਕੱਤਰ : ਵੈਸੇ ਇਸ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ, ਪਰ ਫਿਰ ਵੀ ਅਸੀਂ ਇਸ ਬਾਰੇ ਵਿਚਾਰ ਕਰ ਲਵਾਂਗੇ।

ਸ਼੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਜਿੰਨੀਆਂ ਸਵਾਰੀਆਂ ਬਸਾਂ ਦੀਆਂ ਛੱਤਾਂ ਤੇ ਸਫ਼ਰ ਕਰਦੀਆਂ ਹਨ ਜਿਵੇਂ ਕਿ ਬਟਾਲਾ ਵਿਚ ਡੇਰਾ ਰੋਡ ਤੇ ਐਨੀਆਂ ਸਵਾਰੀਆਂ ਛੱਤਾਂ ਤੇ ਸਫ਼ਰ ਕਰਦੇ ਹਨ ਉਨੀਆਂ ਬਸਾਂ ਦੇ ਅੰਦਰ ਨਹੀਂ ਹੁੰਦੀਆਂ। ਇਹ ਬੜਾ ਡੇਂਜਰਸ ਹੈ। ਇਸ ਲਈ ਕੀ ਇਸ ਨੂੰ ਕੋਈ ਚੈਕ ਕਰਨ ਦਾ ਸਿਸਟਮ ਬਣਾਇਆ ਹੈ, ਜੇ ਹੈ, ਤਾਂ ਕੀ ਉਸ ਰੂਟ ਤੇ ਹੋਰ ਬਸਾਂ ਲਾ ਕੇ ਉਹ ਟੈਨਡੈਂਸੀ ਖਤਮ ਕਰਾਉਣਗੇ ?

ਸੰਸਦੀ ਸਕੱਤਰ : ਸਪੀਕਰ ਸਾਹਿਬ, ਚੈਕ ਕਰਨ ਦਾ ਸਿਸਟਮ ਤਾਂ ਪਹਿਲੇ ਹੀ ਹੈ। ਜੇ ਇਨ੍ਹਾਂ ਨੂੰ ਕੋਈ ਸ਼ਿਕਾਇਤ ਹੈ ਤਾਂ ਇਹ ਦਸ ਦੇਣ, ਅਸੀਂ ਚੈਕਿੰਗ ਜ਼ਿਆਦਾ ਕਰਵਾ ਲਵਾਂਗੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਕੁਐਸਚਨ ਹੈ। ਇਸ ਤੇ ਜੇ ਹਾਊਸ ਨੂੰ ਸਹੀ ਇਨਫਰਮੇਸ਼ਨ ਨਾ ਮਿਲੇ ਤਾਂ ਇਹ ਹਾਊਸ ਦਾ ਪ੍ਰਿਵਿਲੇਜ ਬਣ ਜਾਂਦਾ ਹੈ। ਉਹ ਮਾੜੀ ਗਲ ਹੈ। ਇਸ ਲਈ ਜੋ ਸਪੈਸੀਫਿਕ ਕੁਐਸਚਨ ਲਿਖ ਕਰ ਕੇ ਦਿੱਤਾ ਹੈ ਉਸ ਬਾਰੇ ਠੀਕ ਰਿਪੋਰਟ ਦੇਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਇਸ ਬਾਰੇ ਉਨ੍ਹਾਂ ਨੇ ਐਸ਼ੋਰੈਂਸ ਦੇ ਦਿੱਤੀ ਹੈ।

ਸੰਸਦੀ ਸਕੱਤਰ : ਸਪੀਕਰ ਸਾਹਿਬ, ਇਹ ਜਿਹੜੀ ਇਨਫਰਮੇਸ਼ਨ ਹੈ ਇਹ ਮੈਂ ਬਿਲਕੁਲ ਸਹੀ ਦੇ ਦਿੱਤੀ ਹੈ ਔਰ ਅੱਜ ਵੀ ਕਹਿ ਦਿੱਤਾ ਹੈ ਕਿ ਜੇ ਕੋਈ ਇਤਰਾਜ਼ ਹੈ ਤਾਂ ਦਸ ਦੇਣ, ਅਸੀਂ ਇਨਕੁਆਇਰੀ ਕਰਵਾ ਲਵਾਂਗੇ।

Charging of Road Tax in Lump Sum

***739. Shri Harnam Dass Johar, Advocate :** Will the Minister of State for Transport be pleased to state whether the Government proposes to charge road tax on Motor Cars/Jeeps etc. in lump sum at the time of their registration ; if so, the time by which that is likely to be done ?

ਸਰਦਾਰ ਸੁਰਿੰਦਰ ਸਿੰਘ ਧੂਰੀ (ਸੰਸਦੀ ਸਕੱਤਰ, ਟਰਾਂਸਪੋਰਟ) : ਜੀ ਹਾਂ। ਇਹ ਤਜਵੀਜ਼ ਪਹਿਲਾਂ ਹੀ ਸਰਕਾਰ ਦੇ ਵਿਚਾਰ ਅਧੀਨ ਹੈ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਅੱਧਾ ਜਵਾਬ ਦਿੱਤਾ ਹੈ। ਦੂਜੇ ਪਾਰਟ ਵਿਚ ਮੈਂ ਇਹ ਪੁਛਿਆ ਸੀ ਕਿ ਇਹ ਕਦੋਂ ਤਕ ਕਰ ਦੇਣਗੇ। ਇਸ ਦਾ ਜਵਾਬ ਨਹੀ ਦਿੱਤਾ। ਇਸ ਲਈ ਹੁਣ ਦਸ ਦੇਣ ਕਿ ਇਹ ਕਦੋਂ ਤਕ ਕਰ ਦੇਣਗੇ ?

ਸੰਸਦੀ ਸਕੱਤਰ, ਟਰਾਂਸਪੋਰਟ : ਸਪੀਕਰ ਸਾਹਿਬ, ਟੂ ਵੀਲਰਜ਼ ਤੇ ਤਾਂ ਇਹ ਆਲਰੈਡੀ ਕੀਤਾ ਹੋਇਆ ਹੈ। ਅਗਰ ਇਹ ਤਜਰਬਾ ਲਾਹੇਵੰਦ ਹੋਇਆ ਤਾਂ ਛੇਤੀ ਹੀ ਇਹ ਵੀ ਕਰ ਦਿਆਂਗੇ।

20-Point Programme

*665. **Doctor Kewal Krishan** : Will the Minister of State for Economic Co-ordination and 20-Point Programme be pleased to state :

(a) whether any targets were fixed for the year 1986-87 under 20-Point Programme ;

(b) if the reply to part (a) above be in the affirmative the details of such targets as also the details of the targets achieved upto 28th February, 1987 in comparison with the target achieved during the year 1985-86 ?

Sardar Upkar Singh Randhawa : (a) Yes, the targets for the various items of the 20-Point Programme are finalised by the Ministry of Programme Implementation, Govt. of India in a meeting with the representatives of the State Govt., Divisions of Planning Commission and the concerned Central Ministries of Govt. of India.

(b) The targets for the various items of 20-Point Programme, fixed for the year 1986-87 and their achievements upto 28th February, 1987 alongwith the targets and achievements for the years 1985-86 are given at Annexure 'A', which is placed on the Table of the House.

[Minister of State for Economic co-ordination and 20-point programme]

ANNEXURE

20—Point

Targets and Achievements 1985-86 and Achievement upto 28th

Point No.	Item	Unit
1	2	3
1 A.	Creation of additional potential for irrigation	'000' Hectares
B.	Dry Land Farming (Micro Watersheds)	Number (cumulative) '000'
2 A.	Production of pulses ..	'000' tonnes
B.	Production of Oilseeds	'000' tonnes
3 A.	Families benefitted under IRDP : Old and new Beneficiaries	Number
B.	Employment generated under National Rural Employment Programme	Mandays '000'
C.	Rural Landless Employment Guarantee Programme ..	Mandays '000'
4.	Distribution of surplus land	Acres
6.	Rehabilitation of Bonded Labour	There is no
7.	Families to be assisted :	
	(A) S.C. By State :	Number
	By Govt. of India :	Number
8.	Drinking water supply	Number
9 A.	Allotment of House sites ..	All eligible
B.	Assistance for construction of Dwelings	Number
10 A.	Slum Improvement ..	Number
B.	Houses for Economically weaker section ..	Number

Programme

February, 1987 for the year 1986-87

1985-86			1986-87		
Target	Achievement	Percentage Achievement	Target	Achievement upto 28-2-1987	Percentage Achievement
4	5	6	7	8	9
77·8	73·3	94·22	65·00	Progress gauged annually	
22	20	90·91	24	22 (up to Dec., 1986)	91·67
230	203	88·26	180	225 (Anticipated)	125·00
148	199	134·46	190	195 (Anticipated)	102·63
52000	64612	124·25	55500	61189	110·25
1900	2734	143·89	1200	1444	120·33
1754	2069	117·96	1500	1625	108·33
60	1697	2828·33	1200	1352	112·67
known incidence of bonded labour in the State					
49395*	73712	149·23	39418	45110	114·44
			49395	45110	91·32
125	170	136·00	140	153	109·29
persons have been allotted house sites.					
—	—	—	—	—	—
50000	190459	380·92	60000	160978	268·30
—	—	—	—	—	—

*Target agreed by State and Govt. of India.

[Minister of State for Economic co-ordination and 20-point programme]

ANNEXURE

20—Point

Targets and Achievements 1985-86 and Achievement upto 28th

Point No.	Item	Unit
1	2	3
11.	Rural Electrification :	
A.	Villages electrification ..	All inhabited
B.	Energisation of Pump-sets ..	Number
12 A.	Tree Plantation ..	Lakh No.
B.	Setting up of Bio-gas Plants ..	Number
13.	Promotion of Family Planning :	
	(i) Sterilisations ..	Number
	(ii) I U D Insertions ..	Number
	(iii) C. C. users	Number
	(iv) O. P. users ..	Number
14 A.	Primary Health Centres Operationalised ..	Number
B.	Sub-Centres operationalised ..	Number
15.	Acceleration of Programmes of Welfare for Women and Children : ICDS	Number
16 A.	Elementary Education Enrolment in age group 6—14 years	'000'
B.	Adult Education ..	'000'
17.	Setting up of Fair Price Shops ..	Number
18.	Setting up of Small Scale Units ..	Number

Programme

February, 1987 for the year 1986-87

1985-86			1986-87		
Target	Achievement	Percentage achievement	Target	Achievement upto 28-2-1987	Percentage achievement
4	5	6	7	8	9
villages in the State have been electrified.					
25000	34674	138·70	20000	44356	221·78
527	590·28	112·01	550	502·91	91·44
1600	1868	116·75	1600	1955	122·19
120000	120552	100·46	125000	108444	86·76
207000	245974	118·83	250000	264563	105·82
260000	352636	135·63	380000	393352	103·51
28000	24773	88·48	28000	42632	152·26
40	—	—	40	—	—
50	50	100·00	50	46	92·00
5	5	100·00	9	8	88·89
35	40	114·29	44	41	93·18 upto Dec., 1986
125	125	100·00	135	129	95·34 upto Dec., 1986
The existing distribution system in the State is fairly adequate. No targets are fixed. At present there are 10801 fair price shops.					
4000	4934	123·35	6000	5232	87·20

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹਵਾਂਗਾ ਕਿ ਇਹ ਜਿਹੜਾ 20 ਪੁਆਇੰਟ ਪ੍ਰੋਗਰਾਮ ਹੈ ਇਹ ਇਕ ਸੋਸ਼ੋ-ਇਕਨੋਮਿਕ ਪ੍ਰੋਗਰਾਮ ਔਰ ਇਪਾਰਟੈਂਟ ਪ੍ਰੋਗਰਾਮ ਹੈ। ਜਿਹੜੀ ਇਨਫਰਮੇਸ਼ਨ ਇਨ੍ਹਾਂ ਨੇ ਦਿੱਤੀ ਹੈ ਇਹ 20-ਪੁਆਇੰਟ ਪ੍ਰੋਗਰਾਮ ਦੇ ਬਾਰੇ ਵਿਚ ਹੈ। ਇਸ ਤੋਂ ਬਾਅਦ ਇਕ ਨਿਊ 20-ਪੁਆਇੰਟ ਪ੍ਰੋਗਰਾਮ ਬਣਿਆ ਸੀ ਔਰ ਫਿਰ 1986 ਵਿਚ ਰਿਵਾਈਜ਼ਡ ਰੀ-ਸਟ੍ਰਕਚਰਡ 20-ਪੁਆਇੰਟ ਪ੍ਰੋਗਰਾਮ ਬਣਿਆ ਹੈ। ਇਹ ਜਿਹੜਾ ਜਵਾਬ ਆਇਆ ਹੈ ਇਹ 1986 ਵਾਲੇ ਰੀਵਾਈਜ਼ਡ 20-ਪੁਆਇੰਟ ਪ੍ਰੋਗਰਾਮ ਦੇ ਬਾਰੇ ਨਹੀਂ ਹੈ। ਇਸ ਲਈ ਕੀ ਮਨਿਸਟਰ ਸਾਹਿਬ 1986 ਵਾਲੇ ਰਿਵਾਈਜ਼ਡ/ਰੀ-ਸਟ੍ਰਕਚਰਡ 20-ਪੁਆਇੰਟ ਪ੍ਰੋਗਰਾਮ ਦੇ ਮੁਤਾਬਿਕ ਜੋ ਟਾਰਗੇਟ ਫਿਕਸ ਕੀਤੇ ਗਏ ਹਨ ਉਹ ਦਸਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਨੂੰ ਬੜੀ ਖੁਸ਼ੀ ਹੈ ਕਿ ਫਸਟ ਟਾਈਮ 20-ਪੁਆਇੰਟ ਪ੍ਰੋਗਰਾਮ ਤੇ ਅਸੰਬਲੀ ਵਿਚ ਸਵਾਲ ਆਇਆ ਹੈ। 1986 ਦਾ 20-ਪੁਆਇੰਟ ਪ੍ਰੋਗਰਾਮ ਜਿਹੜਾ ਹੈ ਉਸ ਦੀ ਹੁਣ 19 ਤਰੀਕ ਨੂੰ ਮੀਟਿੰਗ ਹੋਈ ਹੈ ਔਰ ਉਸ ਦੇ ਪ੍ਰੋਗਰਾਮ ਜਿਹੜੇ ਹਨ, ਟਾਰਗੇਟਸ ਹਨ, ਉਹ ਫਿਕਸ ਕੀਤੇ ਗਏ ਹਨ। ਲੇਕਿਨ ਇਹ ਪ੍ਰੋਗਰਾਮ ਜਿਹੜਾ ਹੈ ਇਹ ਪਹਿਲਾ ਪ੍ਰੋਗਰਾਮ ਹੈ ਉਸ ਹਿਸਾਬ ਨਾਲ ਟਾਰਗੇਟਸ ਫਿਕਸ ਕੀਤੇ ਗਏ ਹਨ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਹ ਜਿਹੜਾ ਜਵਾਬ ਆਇਆ ਹੈ ਇਸ ਦੇ ਵਿਚ 5ਵੇਂ, 9ਵੇਂ, ਏ. ਬੀ, 19ਵੇਂ ਅਤੇ 20ਵੇਂ ਪੁਆਇੰਟ ਬਾਰੇ ਕੁਝ ਨਹੀਂ ਦਸਿਆ ਗਿਆ। ਨਾ ਇਸ ਦੀ ਅਚੀਵਮੈਂਟ ਬਾਰੇ ਅਤੇ ਨਾ ਟਾਰਗੇਟ ਬਾਰੇ ਦਸਿਆ ਗਿਆ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਮੁੜ ਕੇ ਸਵਾਲ ਕਰ ਦੇਣ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਸੀ ਕਿ ਜਿਹੜਾ ਅਨੈਕਸਚਰ ਦਿਤਾ ਹੈ ਉਸ ਦੇ ਵਿਚ 5ਵੇਂ, 9ਵੇਂ, ਏ, ਬੀ, 19ਵੇਂ ਅਤੇ 20ਵੇਂ ਪੁਆਇੰਟਸ ਬਾਰੇ ਕੁਝ ਨਹੀਂ ਦਸਿਆ ਗਿਆ। ਨਾ ਇਸ ਦੇ ਟਾਰਗੇਟ ਦਸੇ ਗਏ ਹਨ। ਇਸ ਦੇ ਕੀ ਕਾਰਨ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ 19ਵਾਂ ਪੁਆਇੰਟ ਹੈ ਇਹ ਇਨਫ਼ਰਮੇਸ਼ਨ ਉਧਰ ਨਹੀਂ ਜਾਂਦੀ ਕਿਉਂਕਿ ਇਹ ਹੈ strict action against smugglers, tax evaders and to check black money

ਸ੍ਰੀ ਸਪੀਕਰ : ਰੰਧਾਵਾ ਸਾਹਿਬ, ਜੇਕਰ ਇਨਫਰਮੇਸ਼ਨ ਹੈ ਤਾਂ ਦਿਓ।

ਰਾਜ ਮੰਤਰੀ : ਸਪੀਕਰ ਸਾਹਿਬ, 5ਵਾਂ ਪੁਆਇੰਟ ਮਿਨੀਮਮ ਵੇਜਿਜ਼ ਫਾਰ ਐਗਰੀਕਲਚਰ ਵਰਕਰਜ਼ ਦੀ ਹੈ ਜਿਹੜੀ ਅਵਰ ਲੇਬਰ ਐਂਡ ਇਮਪਲਾਇਮੈਂਟ ਦੇ ਥੱਲੇ ਆਉਂਦੀ ਹੈ। ਟਾਰਗੇਟ ਮਨਿਸਟਰੀ ਫਿਕਸ ਕਰਦੀ ਹੈ ਅਤੇ ਡੀ.ਸੀ. ਨਾਰਮਜ਼ ਫਿਕਸ ਕਰਦੇ ਹਨ। ਉਥੇ ਇਸ ਲਈ ਇੰਪਲੀਮੈਂਟੇਸ਼ਨ ਕਰਦੇ ਹਨ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਹਿਬ, 1985-86 ਅਤੇ 1986-87 ਵਿਚ ਪੰਜਾਬ ਦੀ ਹਿੰਦੁਸਤਾਨ ਵਿਚ ਕਿੰਨਵੀ ਪੁਜ਼ੀਸ਼ਨ ਹੈ ਅਤੇ ਕਿੰਨੇ ਟਾਰਗੇਟ ਹਨ ?

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਬਾਰੇ ਇਹ ਨਵਾਂ ਸਵਾਲ ਦੇ ਦੇਣ, ਜਵਾਬ ਦੇ ਦੇਵਾਂਗਾ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, 20-ਪੁਆਇੰਟ ਪ੍ਰੋਗਰਾਮ ਥੱਲੇ ਕੰਡੀ ਏਰੀਆ ਦੀ ਡਿਵੈਲਪਮੈਂਟ ਲਈ ਪਹਿਲੇ ਢੋਲਬਾਹ ਡੈਮ ਬਣਾਇਆ ਸੀ। ਕੀ ਇਹ ਲਮਾਵਾਣਾ ਡੈਮ ਵੀ ਬਣਾਉਣਗੇ ਤਾਕਿ ਕੰਡੀ ਏਰੀਆ ਦੀ ਤਰੱਕੀ ਹੋ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਦੀ ਇਨਫਰਮੇਸ਼ਨ ਵੀ ਦੇ ਦਿੰਦਾ ਹਾਂ। 1982-83 ਵਿਚ ਸਾਡੀ ਪੁਜ਼ੀਸ਼ਨ 8ਵੀਂ ਸੀ। 1983-84 ਵਿਚ ਛੇਵੀਂ ਪੁਜ਼ੀਸ਼ਨ ਸੀ ਜਦੋਂ ਸੁਪਰ-ਵਾਈਜ਼ਰੀ ਫੰਕਸ਼ਨ 20-ਪੁਆਇੰਟ ਪ੍ਰੋਗਰਾਮ ਦਾ ਡਾਕਟਰ ਸਾਹਿਬ ਕੋਲ ਸੀ। 1984-85 ਵਿਚ 9ਵੀਂ ਪੁਜ਼ੀਸ਼ਨ ਸੀ। 1985-86 ਵਿਚ ਪੁਜ਼ੀਸ਼ਨ ਇਕ ਤੇ ਸੀ ਅਤੇ ਹੁਣ ਅਸੀਂ ਡੀਟਰਮੀਨੇਸ਼ਨ ਨਾਲ ਗੱਲ ਕਹਿੰਦੇ ਹਾਂ ਕਿ ਇਹ ਫਸਟ ਨੰਬਰ ਜਾਰੀ ਰਹੇਗਾ। ਇਹ ਸਾਡੀ ਕੋਸ਼ਿਸ਼ ਹੈ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, 1985-86 ਵਿਚ ਸਾਰੇ ਦੇਸ਼ ਵਿਚੋਂ ਪੰਜਾਬ ਦੀ ਪੁਜ਼ੀਸ਼ਨ ਇਕ ਨੰਬਰ ਤੇ ਰਹੀ ਹੈ ਔਰ ਮੈਂ ਸਮਝਦਾ ਹਾਂ ਕਿ ਇਹ ਵਧਾਈ ਦੇ ਪਾਤਰ ਹਨ।

ਰਾਜ ਮੰਤਰੀ : ਸਪੀਕਰ ਸਾਹਿਬ, ਪੰਡਿਤ ਸਰਵਣ ਰਾਮ ਜਿਹੜੇ ਕੰਡੀ ਏਰੀਆ ਨੂੰ ਰਿਪ੍ਰਜ਼ੈਂਟ ਕਰ ਰਹੇ ਹਨ ਅਤੇ ਡਾਕਟਰ ਸਾਹਿਬ ਦਾ ਇੰਟਰੈਸਟਿਡ ਪੁਆਇੰਟ ਹੈ ਅਤੇ ਕਟਾਰੀਆ ਸਾਹਿਬ ਅਤੇ ਡੋਗਰਾ ਸਾਹਿਬ ਦੀ ਕੰਡੀ ਏਰੀਆ ਦੇ ਹਨ। 20-ਪੁਆਇੰਟ ਪ੍ਰੋਗਰਾਮ ਇਕ ਪੁਲੀਟੀਕਲ ਮੂਵਮੈਂਟ ਬਣਾਉਣ ਲਈ ਇਸ ਨੂੰ ਅਸੀਂ ਪਬਲਿਕ ਮੂਵਮੈਂਟ ਬਣਾ ਦਿੱਤਾ ਸੀ। ਮੈਂ ਇਨ੍ਹਾਂ ਨੂੰ ਲੈਟਰ ਲਿਖੇ ਸਨ ਕਿ ਤੁਸੀਂ 2-2 ਪਿੰਡਾਂ ਨੂੰ ਅਡਾਪਟ ਕਰੋ ਲੇਕਿਨ ਮੈਨੂੰ ਅਫਸੋਸ ਹੈ ਕਿ ਬਹੁਤ ਘੱਟ ਨੇ ਜਵਾਬ ਦਿੱਤਾ ਹੈ ਔਰ ਡਾਕਟਰ ਸਾਹਿਬ ਨੇ ਕੋਈ ਜਵਾਬ ਹੀ ਨਹੀਂ ਦਿੱਤਾ। ਇਹ ਮੂਵ-ਮੈਂਟ ਜਿਹੜੀ ਕਾਂਗਰਸ ਪਾਰਟੀ ਨੇ ਸ਼ੁਰੂ ਕੀਤੀ ਸੀ ਲੇਕਿਨ, ਸਪੀਕਰ ਸਾਹਿਬ, ਇਹ ਪਹਿਲਾ ਮੌਕਾ ਹੈ ਕਿ ਇੰਡੀਆ ਦੇ ਵਿਚ 20-ਪੁਆਇੰਟ ਪ੍ਰੋਗਰਾਮ ਲਈ ਇਕ ਇੰਡੀਪੈਂਡੈਂਟ ਸਟੇਟ ਮਨਿਸਟਰ ਪੰਜਾਬ ਦਾ ਹੈ। ਮੈਂ ਸੈਂਟਰ ਦੇ ਮਨਿਸਟਰ ਗਨੀ ਖਾਂ ਅਤੇ ਸਰਦਾਰ ਗੁਰਦਿਆਲ ਸਿੰਘ ਢਿੱਲੋਂ ਨੂੰ ਮਿਲਿਆ ਸੀ ਅਤੇ ਸੈਂਟਰ ਦੇ ਰੂਰਲ ਡਿਵੈਲਪਮੈਂਟ ਸੈਕਟਰੀ ਨੂੰ ਵੀ ਮਿਲਿਆ ਸੀ ਤਾਕਿ ਕੰਡੀ ਏਰੀਆ ਦੀ ਵੱਧ ਤੋਂ ਵੱਧ ਡਿਵੈਲਪਮੈਂਟ ਹੋ ਸਕੇ। ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਤਾਕਿ ਇਸ ਏਰੀਆ ਵਿਚ ਡੈਮ, ਮਾਈਕਰੋ ਵਾਟਰ ਵਰਕਸ, ਐਗਰੀਕਲਚਰ ਪ੍ਰੋਡਕਸ਼ਨ ਜਿਹੜੀ ਲਿੰਕਡ ਹੈ, ਇੰਡਸਟਰੀ ਲਿੰਕਡ ਹੈ ਇਸ ਦੀ ਡਿਵੈਲਪਮੈਂਟ ਲਈ ਫੰਡਜ਼ ਦੀ ਅਵੇਲੇਬਿਲਿਟੀ ਨੂੰ ਮੱਦੇਨਜ਼ਰ ਰਖਦੇ ਹੋਏ ਅਸੀਂ ਕੰਡੀ ਏਰੀਆ ਦੀ ਡਿਵੈਲਪਮੈਂਟ ਕਰਾਂਗੇ।

ਸਪੀਕਰ ਸਾਹਿਬ, ਮੈਂ ਤੁਹਾਡੀ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਜਦੋਂ ਬਰਨਾਲਾ ਸਾਹਿਬ ਐਗਰੀਕਲਚਰ ਮਨਿਸਟਰ ਸੀ ਉਥੇ ਸੈਂਟਰਲ ਗੌਰਮਿੰਟ ਦੇ ਵਿਚ ਔਰ ਇਥੇ ਬਾਦਲ ਸਾਹਿਬ ਦੀ ਸਰਕਾਰ ਸੀ, ਉਥੇ ਕੰਡੀ ਏਰੀਏ ਵਿਚ ਕੰਡੀ ਕੈਨਾਲ ਕੱਢੀ ਗਈ ਸੀ ਤਾਕਿ ਪਾਣੀ ਦੀ ਪਰਾਬਲਮ ਜਿਹੜੀ ਹੈ, ਉਹ ਹੱਲ ਹੋ ਸਕੇ। ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਬੜੇ ਅਰਸੇ ਤੋਂ ਕਾਂਗਰਸ ਸਰਕਾਰ ਰਹੀ ਹੈ। ਬੜੇ ਕਾਂਗਰਸੀ ਐਮ.ਐਲ.ਏਜ਼ ਕੰਡੀ ਏਰੀਏ ਤੋਂ ਆਉਂਦੇ ਰਹੇ ਲੇਕਿਨ ਉਥੇ ਡਿਵੈਲਪ-ਮੈਂਟ ਦੀ ਰਫਤਾਰ ਮੱਠੀ ਰਹੀ ਹੈ। ਮੈਂ ਇਹ ਗੱਲ ਕਹਾਂਗਾ ਮਾਨਯੋਗ ਮੈਂਬਰ ਜਿਹੜੇ ਹਨ, ਉਹ ਮੇਰੇ ਦੋਸਤ ਵੀ ਹਨ। ਆਪਣੀ ਪਰਸਨਲ ਲਾਬਾ ਜਿਹੜੀ ਹੈ ਪਰਸਨਲ ਇਨਫਲੂਐਂਸ ਸੈਂਟਰਲ ਗੌਰਮਿੰਟ ਵਿਚ, ਕਾਂਗਰਸ ਮਨਿਸਟਰੀ ਵਿਚ ਜਿਹੜੀ ਹੈ, ਉਹ ਵਰਤਣ ਤਾਕਿ ਵੱਧ ਤੋਂ ਵੱਧ ਜਿਹੜੀਆਂ ਸੈਂਟਰਲ ਸਪੌਂਨਸਰਡ ਸਕੀਮਾਂ ਹਨ ਔਰ ਸਪੈਸ਼ਲੀ ਜਿਹੜੀਆਂ ਕੰਡੀ ਏਰੀਆ ਦੀਆਂ ਹਨ ਉਹ ਇਥੇ ਆਉਣ। ਸਰਦਾਰ ਗੁਰਦਿਆਲ ਸਿੰਘ ਹੋਰਾਂ ਨੇ ਮੇਰੇ ਨਾਲ ਪਰਾਮਿਸ ਕੀਤਾ ਸੀ

[ਰਾਜ ਮੰਤਰੀ, ਆਰਥਕ ਤਾਲਮੇਲ]

ਕ ਮੈਂ ਆਵਾਂਗਾ ਅਤੇ ਉਥੇ ਦੇਖਾਂਗਾ ਲੇਕਿਨ ਉਹ ਆ ਨਹੀਂ ਸਕੇ। ਫਿਰ ਵੀ ਇਹ ਪਰਸਨਲ ਇਨਫਲੂਐਂਸ ਉਥੇ ਵਰਤਣ ਔਰ ਅਸੀਂ ਕੰਡੀ ਏਰੀਏ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਕੋਸ਼ਿਸ਼ ਕਰਾਂਗੇ। (ਥੰਪਿੰਗ) (ਵਿਘਨ)

ਸ੍ਰੀ ਸਪੀਕਰ: ਕਾਫੀ ਤੋਂ ਜ਼ਿਆਦਾ ਮਨਿਸਟਰ ਸਾਹਿਬ ਨੇ ਇਨਫਰਮੇਸ਼ਨ ਦੇਣ ਦਾ ਯਤਨ ਕੀਤਾ ਹੈ। Please take your seat.

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਮਨਿਸਟਰ ਸਾਹਿਬ ਨੇ ਜਵਾਬ ਦਿਤਾ ਹੈ, ਮੈਂ ਇਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ....

ਸ੍ਰੀ ਸਪੀਕਰ: ਕੀ ਤੁਸੀਂ ਇਨ੍ਹਾਂ ਨੂੰ ਵਧਾਈ ਦੇਣਾ ਚਾਹੁੰਦੇ ਹੋ?

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 20-ਪੁਆਇੰਟ ਪ੍ਰੋਗਰਾਮ ਬੜੇ ਮਨਹੂਸ ਸਮੇਂ ਦੀ ਯਾਦਗਾਰ ਹੈ। ਇਸ ਗੱਲ ਤੇ ਵਿਚਾਰ ਕੀਤਾ ਜਾਵੇਗਾ ਕਿ ਇਹ ਉਦੋਂ ਦੀ ਗੱਲ ਹੈ ਜਦੋਂ ਮੈਂ ਅਤੇ ਬਰਨਾਲਾ ਸਾਹਿਬ ਇਕੱਠੇ ਜੇਲ੍ਹ ਵਿਚ ਹੁੰਦੇ ਸੀ। ਕੀ ਮਨਹੂਸ ਸਮੇਂ ਦੇ ਨਾਂ ਨੂੰ ਅੱਛੇ ਸਮੇਂ ਵਿਚ ਤਬਦੀਲ ਕੀਤਾ ਜਾਵੇਗਾ ਔਰ ਕੀ ਇਸ ਦਾ ਨਾਂ ਬਦਲਿਆ ਜਾਵੇਗਾ ਜਾਂ ਨਹੀਂ? (ਵਿਘਨ)

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਦਸਣਾ ਚਾਹੁੰਦਾ ਹਾਂ ਕਿ ਅਕਾਲੀ ਸਰਕਾਰ ਦੀ ਮਨਸ਼ਾ ਜਿਹੜੀ ਹੈ, ਉਹ ਗਰੀਬੀ ਨੂੰ ਅਪਲਿਫਟ ਕਰਨ ਦੀ ਹੈ, ਮਨਹੂਸ ਸਮੇਂ ਵਿਚ ਹੋਵੇ ਜਾਂ ਦੂਸਰੇ ਸਮੇਂ ਵਿਚ ਹੋਵੇ। ਲੇਕਿਨ ਇਹ ਆਈਡੀਆ ਤਾਂ ਗੁਰੂ ਨਾਨਕ ਦੇਵ ਜੀ ਨੇ, ਗੁਰੂ ਸਾਹਿਬਾਨ ਨੇ ਦਿਤਾ ਸੀ।

Sardar Gurcharan Singh Nihalsinghwala: I would like to know what does he mean by uplifting the 'Garibi'?

(No reply was given.)

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਮੇਰੀ ਕੰਸਟੀਚਿਊਐਂਸੀ ਦਾ ਦੌਰਾ ਕੀਤਾ ਸੀ ਅਤੇ ਇਸ 20-ਨੁਕਾਤੀ ਪ੍ਰੋਗਰਾਮ ਤੇ ਕੁਝ ਐਸ਼ੋਰੈਂਸ ਦੇ ਕੇ ਆਏ ਸਨ। ਕੀ ਮੰਤਰੀ ਜੀ ਉਸ ਅਸ਼ੋਰੈਂਸ ਨੂੰ ਹੁਣ ਇੰਪਲੀਮੈਂਟ ਕਰਾਉਣਗੇ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਪਿਛੇ ਧਾਰ ਬਲਾਕ ਵਿਚ ਗਿਆ ਸੀ। ਮਾਸਟਰ ਜੀ ਵੀ ਮੇਰੇ ਨਾਲ ਸਨ। ਉਥੇ ਮੈਂ ਦੇਖਿਆ ਕਿ ਹਾਲਾਤ ਚੰਗੇ ਨਹੀਂ, ਉਸ ਦਾ ਸਰਵੇ ਕਰਵਾਇਆ। ਸਾਰਾ ਅਨੈਲੇਸਿਜ਼ ਕਰਵਾਇਆ, ਵੇਰੀਅਸ ਆਈਟਮਾਂ ਦੇ ਥੱਲੇ ਔਰ ਉਸ ਨੂੰ ਪਲੈਨਿੰਗ ਮਨਿਸਟਰੀ ਨੂੰ, ਕਨਸਰਨਡ ਮਨਿਸਟਰੀ ਨੂੰ ਭੇਜ ਦਿਤਾ। ਮੈਨੂੰ ਪੂਰਨ ਆਸ਼ਾ ਹੈ, ਜਦੋਂ ਕੇਸ ਐਗਜ਼ਾਮਿਨ ਕਰ ਲੈਣਗੇ ਤਾਂ ਉਸ ਤੇ ਵਿਚਾਰ ਕਰਨਗੇ।

ਸ੍ਰੀ ਰਾਮ ਪ੍ਰਕਾਸ਼ ਬਾਲੀ: ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਵੈਸੇ ਤਾਂ ਮੈਂ ਇਸ ਗੱਲ ਨੂੰ ਐਪਰੀਸ਼ੀਏਟ ਕਰਦਾ ਹਾਂ ਜੋ ਉਨ੍ਹਾਂ ਨੇ ਗੱਲ ਕੀਤੀ ਹੈ ਅਤੇ ਉਨ੍ਹਾਂ ਨੇ ਇਸ ਪਾਸੇ ਵੱਲ ਕਾਫੀ ਮਿਹਨਤ ਕੀਤੀ ਹੈ। ਮੈਂ ਇਹ ਗੱਲ ਕਹਿਣੋਂ ਵੀ ਨਹੀਂ ਝਿਜਕਦਾ ਕਿ ਇਸ ਵਿੱਚ

ਕੰਮ ਕਰਨ ਲਈ ਵਜ਼ੀਰ ਅੱਗੇ ਹਨ ਅਤੇ ਐਮ.ਐਲ ਏ. ਪਿੱਛੇ ਹਨ। ਮੈਂ ਇਹ ਗਲ ਆਪਣੀਆਂ ਲਿਖੀਆਂ ਚਿੱਠੀਆਂ ਵਿਚ ਵੀ ਐਪਰੀਸ਼ੀਏਟ ਕੀਤੀ ਸੀ। ਮੇਰਾ ਸਵਾਲ ਇਹ ਹੈ ਕਿ ਇਨ੍ਹਾਂ ਨੇ ਜਿਹੜੀ ਫੰਡਜ਼ ਬਾਰੇ ਗਲ ਕੀਤੀ ਹੈ, ਉਹ 1986-87 ਵਿੱਚ ਕਿੰਨਾਂ ਸੀ ਅਤੇ 1987-88 ਵਾਸਤੇ ਇਨ੍ਹਾਂ ਨੇ ਕਿੰਨਾਂ ਰੱਖਣ ਦਾ ਯਤਨ ਕੀਤਾ ਹੈ ? ਦੂਜੀ ਗੱਲ ਇਹ ਹੈ ਕਿ ਹੁਸ਼ਿਆਰਪੁਰ ਡਿਸਟ੍ਰਿਕਟ ਨਾਲ ਇਨ੍ਹਾਂ ਦਾ ਵੀ ਤੁਅੱਲਕ ਹੈ। ਇਨ੍ਹਾਂ ਨੇ ਉਥੇ ਲਈ ਬੜਾ ਕੰਮ ਕੀਤਾ ਹੈ। ਮੇਰਾ ਡਿਸਟ੍ਰਿਕਟ ਰੋਪੜ ਹੈ ਜਿਹੜਾ ਕਿ ਕੰਡੀ ਏਰੀਆ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਮਨਿਸਟਰ ਸਾਹਿਬ ਨੂੰ ਕਿ ਹੁਸ਼ਿਆਰਪੁਰ ਡਿਸਟ੍ਰਿਕਟ ਕਦੇ ਸਾਡਾ ਵੀ ਸੀ, ਹੁਣ ਇਨ੍ਹਾਂ ਨੇ ਸਾਡੇ ਇਲਾਕੇ ਵਿੱਚ ਵੀ ਕੋਈ ਡੈਮਾਂ ਦਾ ਪ੍ਰੋਗਰਾਮ ਰਖਿਆ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਸਵਾਲ ਹੈ, ਇਹ ਹੈ ਤਾਂ ਇਰਰੈਲੇਵੈਂਟ, ਲੇਕਿਨ ਮੈਂ ਇਸ ਦਾ ਜਵਾਬ ਜ਼ਰੂਰ ਦਿਆਂਗਾ। 1986-87 ਵਿਚ ਸਟੇਟ ਪਲਾਨ ਦੇ ਵਿਚ 422.78 ਕਰੋੜ ਰੁਪਏ ਰਖੇ ਸਨ ਔਰ ਸੈਂਟਰਲੀ ਸਪੌਂਸਰਡ ਸਕੀਮ ਜਿਹੜੀ ਹੈ, ਜਿਨ੍ਹਾਂ ਵਿੱਚ ਸੈਂਟਰ ਨੇ ਦਿੱਤੇ ਉਹ 76.66 ਕਰੋੜ ਰੁਪਏ ਔਰ 1987-88 ਦੇ ਵਿਚ 176.90 ਕਰੋੜ ਰੁਪਏ ਔਰ ਸੈਂਟਰਲ ਸਪੌਂਸਰਡ ਸਕੀਮਾਂ ਜਿਹੜੀਆਂ ਹਨ; ਸੈਂਟਰ ਨੇ ਜੋ ਦਿੱਤਾ ਹੈ, ਉਹ 71.57 ਕਰੋੜ ਰੁਪਏ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਇਸ ਵਾਸਤੇ ਇਹ ਸੁਝਾਓ ਦੇਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਨੇ ਫੈਸਲਾ ਕੀਤਾ ਸੀ ਕਿ ਜ਼ਿਲ੍ਹਿਆਂ ਵਿਚ ਕਮੇਟੀਆਂ 20-ਪੁਆਇੰਟ ਪ੍ਰੋਗਰਾਮ ਵਾਸਤੇ ਬਣਾਈਆਂ ਜਾਣਗੀਆਂ। ਮੈਂਬਰ ਸਾਹਿਬਾਨ ਮੀਟਿੰਗਾਂ ਤਾਂ ਅਟੈਂਡ ਕਰਦੇ ਨਹੀਂ। ਵਜ਼ੀਰ ਸਾਹਿਬ ਬੜਾ ਸੋਹਣਾ ਕੰਮ ਕਰ ਰਹੇ ਹਨ। (ਥੰਪਿੰਗ) ਇਸ ਵਿਚ ਸੈਂਟਰ ਵੀ ਮੱਦਦ ਕਰ ਰਿਹਾ ਹੈ ਅਤੇ ਸਾਡੀ ਸਰਕਾਰ ਵੀ ਕੋਸ਼ਿਸ਼ ਕਰਦੀ ਹੈ। ਇਹ ਗੱਲ ਅਹਿਮ ਹੈ ਕਿਉਂਕਿ ਪਿੰਡਾਂ ਵਿਚੋਂ ਗਰੀਬੀ ਦੂਰ ਕਰਨੀ ਹੈ। ਇਸ ਵਾਸਤੇ ਕੀ ਵਜ਼ੀਰ ਸਾਹਿਬ, ਇਹ ਜਿਹੜੀਆਂ ਕਮੇਟੀਆਂ ਸੁਜੈਸਟ ਕੀਤੀਆਂ ਸਨ, ਬਣਾਉਣਗੇ ਅਤੇ ਡਿਸਟ੍ਰਿਕਟ ਲੈਵਲ ਤੇ ਐਮ.ਐਲ.ਏਜ਼ ਨੂੰ ਵੀ ਵਿੱਚ ਪਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਬੜੀ ਅੱਛੀ ਤਜਵੀਜ਼ ਹੈ। ਮੈਂ ਤਾਂ ਪਹਿਲਾਂ ਵੀ ਇਨ੍ਹਾਂ ਨੂੰ ਕਿਹਾ ਸੀ ਕਿ ਪੁਲਿਟਿਕਲ ਪਾਰਟੀਸਿਪੇਸ਼ਨ ਇਸ ਸਕੀਮ ਵਿਚ ਹੋਣੀ ਚਾਹੀਦੀ ਹੈ ਤਾਕਿ ਲਕੂਨਾ, ਸ਼ਾਰਟਕਮਿੰਗਜ਼ ਕੋਈ ਹੋਣ, ਉਹ ਨੈਕਸਟ ਪਲਾਨਿੰਗ ਦੇ ਵਿਚ ਰਿਮੂਵ ਹੋ ਜਾਣ ਔਰ ਬਿਹਤਰ ਮੋਨੀਟਰਿੰਗ ਹੋ ਸਕੇ ਔਰ ਇਸੇ ਕਰਕੇ ਇਨ੍ਹਾਂ ਨੂੰ ਮੈਂ ਲੈਟਰਜ਼ ਲਿਖੇ ਸੀ। ਦੂਸਰੀ ਜਿਹੜੀ ਇਨ੍ਹਾਂ ਨੇ ਗੱਲ ਕਹੀ ਹੈ ਉਹ ਬੜੀ ਅੱਛੀ ਹੈ। ਜੇ ਫੀਲਡ ਦੇ ਵਿਚ ਪੁਲਿਟੀਕਲ ਪਾਰਟੀ ਸਿਪੇਸ਼ਨ ਨਹੀਂ ਹੋ ਸਕਦੀ ਤਾਂ ਡਿਸਟ੍ਰਿਕਟ ਹੈਡਜ਼ ਦੇ ਵਿਚ ਹੋ ਸਕੇ। ਇਹ ਸਕੀਮ ਜਿਹੜੀ ਹੈ ਇਹ ਅਛੀ ਹੈ। ਇਸ ਤੇ ਵਿਚਾਰ ਕਰ ਲਵਾਂਗੇ ਔਰ ਮੈਂ ਤੁਹਾਡੀ ਜਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਇਕ ਐਸੇ ਟਰਾਇਲ ਸਬ-ਡਵੀਜ਼ਨ ਲੇਵਲ ਕਮੇਟੀ ਤੇ ਨਾਨ-ਆਫੀਸ਼ੀਅਲ ਮੈਂਬਰਜ਼ ਦੀ ਕਮੇਟੀ ਬਣਾਉਣ ਦੀ ਤਜਵੀਜ਼ ਹੈ, ਇਨ ਪ੍ਰਾਸੈਸ ਹੈ ਤਾਕਿ ਐਕਸਪਰਟ ਡੈਡੀਕੇਟਿਡ ਪਰਸਨਜ਼ ਜਿਹੜ ਹਨ, ਉਥ ਜਾ ਕੇ ਮੋਨੀਟਰਿੰਗ ਕਰ ਸਕਣ ਔਰ ਉਹ ਸਹੀ ਪਤਾ ਲੈ ਸਕਣ ਕਿ ਇਸ ਸਕੀਮ ਦੇ ਵਿਚ ਮਿਸਯੂਟੇਲਾਈਜਸ਼ਨ ਤਾਂ ਨਹੀਂ ਜਾਂ ਕੋਈ ਲਕੂਨਾ ਜਾਂ ਸ਼ਾਰਟਕਮਿੰਗ ਹੈ, ਉਸਨੂੰ ਅਸੀਂ ਦੂਰ ਕਰ ਸਕੀਏ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਮਨਿਸਟਰ ਸਾਹਿਬ ਨੂੰ ਕਿ ਏਨੇ ਵੱਡੇ ਮਹਿਕਮੇ ਦਾ ਜ਼ਿਲ੍ਹਾ ਲੈਵਲ ਤੇ ਦਫ਼ਤਰ ਕੋਈ ਵੀ ਨਹੀਂ। ਇਸ 20-ਪੁਆਇੰਟ ਪ੍ਰੋਗਰਾਮ ਨੂੰ ਇਹ ਕੀ ਲਾਗੂ ਕਰਨਗੇ।

(ਕੋਈ ਜਵਾਬ ਨਹੀਂ ਆਇਆ।)

ਨਿਸ਼ਾਨਵਾਲਾ ਪ੍ਰਸ਼ਨ ਨੰ: 671*

ਸ੍ਰੀ ਸਪੀਕਰ ; ਇਸ ਸਵਾਲ ਬਾਰੇ ਐਕਸਟੈਨਸ਼ਨ ਮੰਗੀ ਗਈ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ : ਕੀ ਇਸ ਦਾ ਜਵਾਬ ਇਸੇ ਸੈਸ਼ਨ ਵਿਚ ਆ ਜਾਵੇਗਾ ?

ਸ੍ਰੀ ਸਪੀਕਰ : ਕੋਸ਼ਿਸ਼ ਕਰਾਂਗੇ ਕਿ ਇਸੇ ਸੈਸ਼ਨ ਵਿੱਚ ਹੀ ਆ ਜਾਵੇ।

Building of Dharamsalas for the members of Scheduled Castes in tehsil Anandpur Sahib

*603. **Shri Ram Parkash Bali** : Will the Minister of State for Welfare of Scheduled Castes and Backward Classes be pleased to state—

(a) the number of Dharamsalas for the members of the Scheduled Castes in tehsil Anandpur Sahib, district Ropar the buildings of which are incomplete together with the steps taken/proposed to be taken to complete the same ;

(b) the names of villages where new Dharamsalas have been sanctioned during the current financial year (up-to-date)?

ਸਰਦਾਰ ਦਲੀਪ ਸਿੰਘ ਪਾਂਧੀ : (ੳ) ਪੈਂਤੀ (35) । ਇਨ੍ਹਾਂ ਧਰਮਸ਼ਾਲਾਵਾਂ ਦੀਆਂ ਪ੍ਰਬੰਧਕੀ ਕਮੇਟੀਆਂ ਦੇ ਖਜ਼ਾਨਚੀਆਂ ਨੂੰ ਨੋਟਿਸ ਦਿਤੇ ਹੋਏ ਹਨ ਕਿ ਉਹ ਨਿਰਧਾਰਤ ਨਾਰਮ ਤਕ, ਕੰਮ ਮੁਕੰਮਲ ਤੁਰੰਤ ਕਰਾਉਣ ਤਾਂਕਿ ਉਨ੍ਹਾਂ ਨੂੰ ਅਗਲੀ ਕਿਸ਼ਤ ਰਿਲੀਜ਼ ਕੀਤੀ ਜਾਵੇ।

(ਅ) 1. ਝਿੰਜੜੀ
2. ਚੀਕਨਾਂ
3. ਕਾਥੇੜਾ
4. ਮਹਿਦਲੀ ਖੁਰਦ
5. ਜੱਟਪੁਰ
6. ਲੋਧੀਪੁਰ
7. ਦਹੀਰਪੁਰ
8. ਲੋਧੇਮਾਜਰਾ

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ, ਮੇਰਾ ਸਵਾਲ ਇਹ ਸੀ ਕਿ ਕਿੰਨੀਆਂ ਧਰਮਸ਼ਾਲਾਵਾਂ ਇਨਕੰਪਲੀਟ ਹਨ, ਇਨ੍ਹਾਂ ਨੇ ਜਵਾਬ ਦਿੱਤਾ ਕਿ ਕੈਸ਼ੀਅਰ ਨੂੰ ਨੋਟਿਸ ਦਿੱਤਾ ਹੈ। ਸਵਾਲ ਇਹ ਸੀ ਕਿ ਕਿੰਨੀਆਂ ਧਰਮਸ਼ਾਲਾਵਾਂ ਇਸ ਸਾਲ ਇਨਕੰਪਲੀਟ ਹਨ ? ਇਹ ਵੀ ਨਹੀਂ ਦਸਿਆ ਗਿਆ ਕਿ ਉਨ੍ਹਾਂ ਨੂੰ ਬਣਾਉਣ ਦਾ ਯਤਨ ਕਰ ਰਹੇ ਹਨ ਕਿ ਨਹੀਂ ਕਰਨਗੇ। ਦੂਜੇ, ਜਿਹੜਾ ਇਨ੍ਹਾਂ ਨੇ ਨਵੇਂ ਸਾਲ ਵਿਚ ਸੈਂਕਸ਼ਨ ਹੋਣ ਵਾਸਤੇ ਦਸਿਆ

---

*For Starred Question No. 671 and reply there to please see Punjab Vidhan Sabha Debates dated 24th March, 1987.

ਹੈ, ਮੈਂ ਤੁਹਾਡੇ ਰਾਹੀਂ ਇਨਸਾਫ ਲੈਣਾ ਚਾਹੁੰਦਾ ਹਾਂ ਕਿ ਸਿਰਫ ਇਕ ਧਰਮਸ਼ਾਲਾ ਮੇਰੀ ਕਾਂਸਟੀ-ਚਿਊਐਂਸੀ ਵਿਚ ਹੈ ਔਰ ਬਾਕੀ ਦੀਆਂ ਧਰਮਸ਼ਾਲਾਵਾਂ ਆਨੰਦਪੁਰ ਸਾਹਿਬ ਕਾਂਸਟੀਚਿਊਐਂਸੀ ਵਿਚ ਹਨ। ਇਹ, ਸਪੀਕਰ ਸਾਹਿਬ, ਮੇਰੇ ਨਾਲ ਵਿਤਕਰਾ ਕਿਉਂ ਹੋ ਰਿਹਾ ਹੈ ?

ਸ੍ਰੀ ਸਪੀਕਰ : ਜਵਾਬ ਵਿਚ ਕਲੀਅਰ ਲਿਖਿਆ ਹੋਇਆ ਹੈ, ਸਰਟੀਫਾਈਡ ਹੈ, ਜੋ ਇਨ-ਕੰਪਲੀਟ ਹਨ ਔਰ ਨੰਬਰ ਦਸ ਦਿੱਤਾ ਹੈ।

ਰਾਜ ਮੰਤਰੀ : ਸਪੈਸੀਫੀਕਲੀ ਇਨ੍ਹਾਂ ਨੇ ਪੁਛਿਆ ਔਰ ਮੈਂ 35 ਕਹਿ ਦਿੱਤਾ ਹੈ । ਸਟੈਪਸ ਵੀ ਦੱਸੇ ਹਨ ਕਿ ਕਾਰਵਾਈ ਕਰ ਰਹੇ ਹਾਂ। ਕੋਈ ਸਪੈਸੀਫਿਕ ਪਿੰਡ ਜੇਕਰ ਇਨ੍ਹਾਂ ਦੇ ਨੋਟਿਸ ਵਿਚ ਹੈ ਤਾਂ ਦੇ ਦੇਣ (ਵਿਘਨ)

ਸ੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਬੇਨਤੀ ਇਹ ਕੀਤੀ ਸੀ ਕਿ ਜਿਹੜੀਆਂ ਧਰਮਸ਼ਾਲਾਵਾਂ ਇਨ-ਕੰਪਲੀਟ ਹਨ ਉਨ੍ਹਾਂ ਨਾਲ ਕੈਸ਼ੀਅਰ ਨਾਲ ਤੁਅੱਲਕ ਰੱਖਣ ਵਾਲੀ ਚੀਜ਼ ਇਹ ਬਹੁਤ ਲੰਬਾ ਕੰਮ ਹੈ। ਗੌਰਮਿੰਟ ਦਾ ਨੁਕਸਾਨ ਹੋ ਰਿਹਾ ਹੈ, ਛੱਤਾਂ ਨਾ ਹੋਣ ਕਰਕੇ ਦੀਵਾਰਾਂ ਗਿਰ ਰਹੀਆਂ ਹਨ। ਫੈਸਲਾ ਕੀਤਾ ਗਿਆ ਸੀ ਪਿਛਲੇ ਸੈਸ਼ਨ ਵਿਚ ਕਿ ਤਿੰਨ ਤਿੰਨ ਹਜ਼ਾਰ ਰੁਪਿਆ ਦੇਕੇ ਹਰ ਇੱਕ ਨੂੰ ਕੰਪਲੀਟ ਕੀਤਾ ਜਾਏਗਾ। ਕੀ ਇਹ ਜਿਹੜੀਆਂ ਇਨਕੰਪਲੀਟ ਹਨ ਇਨ੍ਹਾਂ ਨੂੰ ਕੰਪਲੀਟ ਕੀਤਾ ਜਾਏਗਾ ?

ਰਾਜ ਮੰਤਰੀ : ਇਨ੍ਹਾਂ ਦੇ ਕੁਐਸਚਨ ਦੇ ਮੁਤਾਬਿਕ ਮੈਂ ਜਵਾਬ ਵਿਚ ਦਸਿਆ ਹੈ ਕਿ 35 ਇਨਕੰਪਲੀਟ ਹਨ। ਪੈਸੇ ਦਿੱਤੇ ਗਏ ਸੀ । ਇਹ ਸੱਜਣ ਆਪਣੇ ਹਲਕੇ ਵਿਚ ਇੰਟ੍ਰੈਸਟ ਨਹੀਂ ਲੈ ਰਹੇ। ਇਸ ਲਈ ਜੋ ਕਮੇਟੀਆਂ ਬਣੀਆਂ ਹੋਈਆਂ ਹਨ ਜੋ ਪੈਸਾ ਦਿੱਤਾ ਗਿਆ ਸੀ ਇਨ੍ਹਾਂ ਦੇ ਕੈਸ਼ੀਅਰ ਔਰ ਮੈਂਬਰ ਸਾਹਿਬ ਨੇ ਉਸ ਦਾ ਇਸਤੇਮਾਲ ਨਹੀਂ ਕੀਤਾ। ਅਸੀਂ ਕਹਿ ਰਹੇ ਹਾਂ ਕਿ ਪੈਸੇ ਖਰਚੋ ਔਰ ਅਗਰ ਹੋਰ ਲੋੜ ਹੋਈ ਤਾਂ ਉਹ ਵੀ ਦੇ ਦਿਆਂਗੇ।

(ਇਸ ਸਮੇਂ ਸ੍ਰੀ ਹੰਸ ਰਾਜ ਆਰੀਆ ਜੀ ਬੋਲਣ ਲਈ ਖੜੇ ਹੋਏ।)

ਸ੍ਰੀ ਸਪੀਕਰ : ਸ੍ਰੀ ਆਰੀਆ ਜੀ, ਬੋਲੋ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਮੇਰੇ ਹਲਕੇ ਵਿਚ ਸਿਰਫ ਇੱਕ ਹੀ ਰਖੀ ਹੈ (ਵਿਘਨ)

ਸ੍ਰੀ ਸਪੀਕਰ : ਆਰੀਆ ਜੀ, ਤੁਸੀਂ ਬੋਲੋ।

ਸ੍ਰੀ ਹੰਸ ਰਾਜ ਆਰੀਆ : ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਵਜ਼ੀਰ ਬਣੇ, ਦੂਜੇ ਦਿਨ ਹੀ ਇਨ੍ਹਾਂ ਨੇ ਤਿੰਨ ਤਿੰਨ ਹਜ਼ਾਰ ਰੁਪਏ ਬਤੌਰ ਗਰਾਂਟ ਪਿੰਡਾਂ ਲਈ ਦੇ ਦਿੱਤੇ। ਮੈਂ ਲਿਖ ਕੇ ਵੀ ਦੇ ਦਿੱਤਾ ਹੈ। ਇਹ ਸਰਦਾਰਪੁਰਾ ਪਿੰਡ ਗਏ ਸੀ ਅਤੇ ਕਿਹਾ ਸੀ ਕਿ ਇਸ ਪਿੰਡ ਲਈ ਵੀ ਦੇ ਦੇਵਾਂਗੇ। ਕੀ ਇਹ ਪੈਸੇ 31 ਮਾਰਚ, 1987 ਤੋਂ ਪਹਿਲਾਂ ਪਹਿਲਾਂ ਮਿਲ ਜਾਣਗੇ ?

ਰਾਜ ਮੰਤਰੀ : ਇਸ ਵੇਲੇ ਸਾਰੀ ਫਾਈਲ ਲੈ ਕੇ ਮੈਂ ਨਹੀਂ ਆਇਆ । ਇਹ ਬਾਅਦ ਵਿਚ ਮੈਨੂੰ ਮਿਲ ਲੈਣ, ਮੈਂ ਸਬੰਧਤ ਬੰਦੇ ਨੂੰ ਬੁਲਾ ਲਵਾਂਗਾ ਔਰ ਜੋ ਇਹ ਕਹਿਣਗੇ ਪਤਾ ਕਰਕੇ ਦਸ ਦਿਆਂਗੇ।

ਸਰਦਾਰ ਬਲਵੰਤ ਸਿੰਘ ਸਰਹਾਲ : ਸਰਕਾਰ ਦਾ ਇਹ ਕਹਿਣਾ ਹੈ ਕਿ ਇਕ ਜਗ੍ਹਾ ਤੇ ਦੋ ਦੋ ਧਰਮਸ਼ਾਲਾਵਾਂ ਨਹੀਂ ਬਣਨੀਆਂ। ਨਵੀਂ ਕੰਸਟ੍ਰਕਸ਼ਨ ਵੀ ਕਾਫੀ ਹੋ ਗਈ ਹੈ। ਪਰ ਸ਼ਡਿਊਲਡ ਕਾਸਟਸ ਦੇ ਮੁਹੱਲੇ ਵੀ ਕਾਫੀ ਹੋ ਗਏ ਹਨ, ਕਈ ਜਗ੍ਹਾ ਤੇ ਨਵੇਂ ਮੁਹੱਲੇ ਬਣ ਗਏ ਹਨ। ਕੀ ਇਹ ਇਹੋ ਜਿਹੀਆਂ ਥਾਵਾਂ ਤੇ ਵੀ ਧਰਮਸ਼ਾਲਾਵਾਂ ਦੇਣ ਦਾ ਪ੍ਰਬੰਧ ਕਰਨਗੇ ?

ਰਾਜ ਮੰਤਰੀ : ਇਸ ਦੀ ਸਵਾਲ ਨਾਲ ਕੋਈ ਰੈਲੇਵੈਂਸੀ ਨਹੀਂ ਹੈ। ਸਰਕਾਰ ਨੇ ਇਨ ਪ੍ਰਿੰਸੀਪਲ ਫੈਸਲਾ ਕਰ ਲਿਆ ਹੈ ਔਰ ਤਕਰੀਬਨ ਹਰ ਪਿੰਡ ਵਿਚ ਧਰਮਸ਼ਾਲਾ ਬਣ ਗਈ ਹੈ। ਜਿਥੇ ਆਬਾਦੀ ਦੂਰ ਬਣ ਗਈ ਹੈ ਜਾਂ ਸ਼ਡਿਊਲਡ ਕਾਸਟਸ ਦੀਆਂ ਬਸਤੀਆਂ ਬਣ ਗਈਆਂ ਹਨ ਜਾਂ ਇਕ ਤੋਂ ਜ਼ਿਆਦਾ ਮੁਹੱਲੇ ਬਣ ਗਏ ਹਨ ਔਰ ਲੋਕ ਦੂਸਰੇ ਮੁਹੱਲੇ ਵਿਚ ਜਾਣਾ ਨਹੀਂ ਚਾਹੁੰਦੇ ਤਾਂ ਇਹੋ ਜਿਹੀਆਂ ਥਾਵਾਂ ਤੇ ਇੱਕ ਤੋਂ ਜ਼ਿਆਦਾ ਧਰਮਸ਼ਾਲਾਵਾਂ ਬਣ ਸਕਦੀਆਂ ਹਨ। ਮੈਂਬਰ ਸਾਹਿਬਾਨ ਨੂੰ ਮੇਰੀ ਬੇਨਤੀ ਹੈ ਕਿ ਇਸ ਸਬੰਧੀ ਮੈਨੂੰ ਵੇਰਵਾ ਦੇ ਦੇਣ, ਅਗਲੇ ਸਾਲ ਲਈ ਜੋ ਬਣਾਉਣੀਆਂ ਹਨ ਉਸ ਵਿਚ ਇਹ ਮਾਮਲਾ ਵਿਚਾਰ ਲਿਆ ਜਾਏਗਾ।

ਸ੍ਰੀ ਰਾਮ ਲਾਲ : ਜਿਹੜੇ ਜੰਜ ਘਰ ਦਿੱਤੇ ਗਏ ਹਨ ਇਹ ਜੰਜਘਰ ਦੁੱਖ ਸੁੱਖ ਸਾਂਝਾ ਕਰਨ ਵਾਸਤੇ ਦਿੱਤੇ ਗਏ ਹਨ ਜਾਂ ਸਕੂਲਾਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਦਿੱਤੇ ਗਏ ਹਨ ? ਹਿੰਦੁਸ-ਤਾਨ ਦੇ ਕਿਸੇ ਵੀ ਮੰਦਰ, ਗੁਰਦਵਾਰੇ, ਜੰਜਘਰ ਵਿਚ ਕੋਈ ਬੱਚੇ ਨਹੀਂ ਪੜ੍ਹਦੇ। ਇਸ ਲਈ ਉਥੇ ਸਕੂਲ ਜੋ ਖੋਲ੍ਹੇ ਹੋਏ ਹਨ ਉਨ੍ਹਾਂ ਨੂੰ ਕਿਤੇ ਹੋਰ ਸ਼ਿਫਟ ਕਰਨਾ ਚਾਹੀਦਾ ਹੈ।

ਰਾਜ ਮੰਤਰੀ : ਮੈਂਬਰ ਸਾਹਿਬ ਕੋਈ ਸਪੈਸੀਫਿਕ ਨਾਮ ਦੱਸ ਦੇਣ ਤਾਂ ਮੈਂ ਉਸ ਦਾ ਵੀ ਜਵਾਬ ਦੇ ਦਿਆਂਗਾ।

ਸ੍ਰੀ ਬਾਲ ਮੁਕੰਦ ਸ਼ਰਮਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਹਰੀਜਨਾਂ ਦਾ ਮਸਲਾ ਬੜਾ ਗੰਭੀਰ ਹੈ। ਪੰਜਾਬ ਵਿਚ ਹਰੀਜਨ ਧਰਮਸ਼ਾਲਾਵਾਂ ਅੱਜ ਤੋਂ 12 ਸਾਲ ਪਹਿਲਾਂ ਬਣੀਆਂ ਸਨ ਅਤੇ ਉਨ੍ਹਾਂ ਨੂੰ 5–5 ਹਜ਼ਾਰ ਰੁਪਿਆ ਦਿਤਾ ਗਿਆ ਸੀ। ਅੱਜ ਉਨ੍ਹਾਂ ਦੀ ਹਾਲਤ ਵਰਤਣਯੋਗ ਨਹੀਂ ਰਹੀ। ਉਨ੍ਹਾਂ ਦੀ ਬੁਰੀ ਹਾਲਤ ਹੈ। ਧਰਮਸ਼ਾਲਾਵਾਂ ਨੂੰ ਅੱਜ ਇਹ 10 ਤੋਂ 15 ਹਜ਼ਾਰ ਰੁਪਿਆ ਦੇ ਰਹੇ ਹਨ। ਉਹ ਧਰਮਸ਼ਾਲਾਵਾਂ ਜਿਹੜੀਆਂ ਟੁੱਟੀਆਂ ਪਈਆਂ ਹਨ ਕੀ ਉਨ੍ਹਾਂ ਨੂੰ 10 ਹਜ਼ਾਰ ਰੁਪਿਆ ਦੇ ਕੇ ਉਨ੍ਹਾਂ ਦੀ ਮੁਰੰਮਤ ਕੀਤੀ ਜਾਵੇਗੀ ਤਾਕਿ ਉਨ੍ਹਾਂ ਨੂੰ ਉਨ੍ਹਾਂ ਗਰੀਬਾਂ ਦੇ ਰਹਿਣਯੋਗ ਕੀਤਾ ਜਾਵੇ ?

ਰਾਜ ਮੰਤਰੀ : ਇਹ ਇਸ ਨਾਲ ਰੈਲੇਵੈਂਟ ਨਹੀਂ ਹੈ ਲੇਕਿਨ ਇਸ ਗੱਲ ਨੂੰ ਮੱਦੇ ਨਜ਼ਰ ਰੱਖਦੇ ਹੋਏ ਔਰ ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ ਰਾਜ ਸਤਾਹ ਵਿਚ ਆਇਆ, ਸਰਕਾਰ ਬਣੀ ਤਾਂ ਇਹ ਕੰਮ ਸ਼ੁਰੂ ਕੀਤਾ ਸੀ। ਉਦੋਂ 5-5 ਹਜ਼ਾਰ ਰੁਪਿਆ ਦਿੱਤਾ ਸੀ ਪਰ ਹੁਣ ਕਿਉਂਕਿ ਮਹਿਗਾਈ ਹੋ ਗਈ ਹੈ ਇਸ ਲਈ ਅਸੀਂ 15 ਹਜ਼ਾਰ ਰੁਪਿਆ ਕਰ ਦਿੱਤਾ ਹੈ। ਜਿਹੜੀਆਂ ਇਨਕੰਪਲੀਟ ਹਨ ਉਨ੍ਹਾਂ ਬਾਰੇ ਮੈਂ ਬੇਨਤੀ ਕਰਾਂਗਾ ਕਿ ਅਸੀਂ ਇਹ ਵੀ ਫੈਸਲਾ ਕੀਤਾ ਹੈ ਕਿ ਉਹ ਕੰਪਲੀਟ ਕਰਨੀਆਂ ਹਨ। ਪੰਡਿਤ ਜੀ ਕੋਲ ਕਾਫੀ ਪੈਸਾ ਹੈ, ਕੁਝ ਇਹ ਕੰਟਰੀ-ਬਿਊਟ ਕਰਨ। ਕੁਝ ਉਨ੍ਹਾਂ ਲੋਕਾਂ ਨੂੰ ਇਨਵਾਲਵ ਕਰਕੇ ਜਿਹੜੀਆਂ ਇਨਕੰਪਲੀਟ ਹਨ ਉਹ ਵੀ ਅਸੀਂ ਪੂਰੀਆਂ ਕਰਾਉਣੀਆਂ ਹਨ। ਜੋ ਸਟੇਟ ਦੀ ਬੱਜਟਰੀ ਹਾਲਤ ਹੈ ਉਸ ਦੇ ਮੁਤਾਬਿਕ ਅਸੀਂ ਕੰਪਲੀਟ ਕਰਾਉਣੀਆਂ ਹਨ। ਮੈਂ ਬੇਨਤੀ ਕਰਾਂਗਾ ਕਿ ਅਸੀਂ ਇਸ ਪਾਸੇ ਇੰਟਰੈਸਟ ਲੈ ਰਹੇ ਹਾਂ।

ਇਹ ਆਪਣੀ ਲਿਮਟ ਭਿਜਵਾਉਣ, ਮੈਂ ਇਨਕੁਆਇਰੀ ਕਰਕੇ ਕੋਸ਼ਿਸ਼ ਕਰਾਂਗਾ ਕਿ ਜਿਨੀ ਛੇਤੀ ਕਰ ਸਕਦੇ ਹੋਏ ਕਰ ਸਕੀਏ।

ਸ੍ਰੀ ਰਾਧਾ ਕ੍ਰਿਸ਼ਨ: ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਹਰੀਜਨ ਧਰਮਸ਼ਾਲਾਵਾਂ ਪਿੰਡਾਂ ਵਿਚ ਪਹਿਲਾਂ ਦੀਆਂ ਬਣੀਆਂ ਹੋਈਆਂ ਹਨ ਉਥੇ ਕੋਈ ਸਿਲਾਈ ਸਕੂਲ ਚੱਲ ਰਿਹਾ ਹੈ ਅਤੇ ਕਿਤੇ ਕੋਈ ਹੋਰ ਸਕੂਲ ਚਲ ਰਿਹਾ ਹੈ। ਥਾਂ ਨਾ ਹੋਣ ਕਰਕੇ ਪੰਚਾਇਤਾਂ ਉਸ ਧਰਮਸ਼ਾਲਾ ਨੂੰ ਵਰਤ ਲੈਂਦੀਆਂ ਹਨ। ਇਸ ਕਿਸਮ ਦੀ ਪੁਜ਼ੀਸ਼ਨ ਉਥੇ ਹੈ। ਕੀ ਵਜ਼ੀਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਕੇ ਉਨ੍ਹਾਂ ਨੂੰ ਖਾਲੀ ਕਰਾਉਣਗੇ ?

ਰਾਜ ਮੰਤਰੀ : ਇਹ ਜਨਰਲ ਸਵਾਲ ਹੈ, ਇਹ ਮੇਰੇ ਨੋਟਿਸ ਵਿਚ ਲਿਆ ਦੇਣ। ਮੈਂ ਚੌਧਰੀ ਸਾਹਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਪਾਰਟੀ ਨੇ ਹਰੀਜਨ ਸ਼ਬਦ ਵਰਤਿਆ ਹੈ। ਪੰਜਾਬ ਵਿਚ ਹਰੀਜਨ ਕੋਈ ਨਹੀਂ ਹੈ। ਕਿਰਪਾ ਕਰਕੇ ਸਾਡੀ ਕੁਵਰਤੋਂ ਨਾ ਕਰੋ। ਮੈਂ ਅਰਜ਼ ਕਰਾਂਗਾ ਕਿ legally there is no harijan in this State and we are proud of it. ਮੈਂ ਬੇਨਤੀ ਕਰਾਂਗਾ ਕਿ ਜਿਸ ਤਰ੍ਹਾਂ ਮੈਂਬਰ ਸਾਹਿਬ ਕਹਿੰਦੇ ਹਨ ਉਹ ਕ੍ਰਿਪਾ ਕਰਕੇ ਮੇਰੇ ਨੋਟਿਸ ਵਿਚ ਲਿਆਉਣ, ਅਸੀਂ ਦੇਖ ਲਵਾਂਗੇ। ਅਸੀਂ ਸਕੂਲ ਬਿਲਡਿੰਗਜ਼ ਵੀ ਬਣਾਉਂਦੇ ਹਾਂ। ਸੋ ਜਿਹੜੀਆਂ ਉਨ੍ਹਾਂ ਦੀਆਂ ਦਿੱਕਤਾਂ ਹਨ ਉਹ ਸਾਡੇ ਨੋਟਿਸ ਵਿਚ ਲਿਆਉਣ, ਅਸੀਂ ਕੋਸ਼ਿਸ਼ ਕਰਕੇ ਮਾਮਲਾ ਨਿਪਟਾ ਦਿਆਂਗੇ।

ਸਰਦਾਰ ਹਰਦਿਆਲ ਸਿੰਘ ਰਾਜਲਾ : ਪਿਛਲੇ ਬੱਜਟ ਵਿਚ ਇਹ ਕਿਹਾ ਗਿਆ ਸੀ ਕਿ ਸ਼ਡਿਊਲਡ ਕਾਸਟਸ ਦੀਆਂ ਜਿਹੜੀਆਂ ਧਰਮਸ਼ਾਲਾਵਾਂ ਹਨ ਉਥੇ ਨਾਲ 2-2 ਹਜ਼ਾਰ ਰੁਪਿਆ ਭਾਂਡਿਆਂ ਵਾਸਤੇ ਦਿਤਾ ਜਾਵੇਗਾ। ਨਵੀਆਂ ਧਰਮਸ਼ਾਲਾਵਾਂ ਵਾਸਤੇ ਭਾਂਡੇ ਖਰੀ ਕਰਨ ਵਾਸਤੇ ਨਹੀਂ ਦਿਤੇ ਗਏ। ਇਸ ਲਈ ਇਹ ਦੱਸਣ ਦੀ ਕ੍ਰਿਪਾ ਕਰਨ ਕਿ ਕਦੋਂ ਭਾਂਡੇ ਦੇ ਦੇਣਗੇ ?

(ਇਸ ਸਮੇਂ ਡਾਕਟਰ ਕੇਵਲ ਕ੍ਰਿਸ਼ਨ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ।)

ਸ੍ਰੀ ਸਪੀਕਰ : ਠੀਕ ਹੈ, ਤੁਸੀਂ ਵੀ ਸਵਾਲ ਪੁੱਛ ਲਵੋ, ਵਜ਼ੀਰ ਸਾਹਿਬ ਇਕੱਠਾ ਜਵਾਬ ਦੇ ਦੇਣਗੇ।

ਡਾਕਟਰ ਕੇਵਲ ਕ੍ਰਿਸ਼ਨ : ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਅਕਾਲੀ ਗੌਰਮਿੰਟ ਨੇ, ਅਕਾਲੀ ਪਾਰਟੀ ਨੇ ਹਰੀਜਨ ਦਾ ਸ਼ਬਦ ਹਟਾਇਆ ਹੈ। ਮੈਂ ਜਾਨਣਾ ਚਾਹੁੰਦਾ ਹਾਂ ਕਿ ਕੀ ਸੈਂਟਰਲ ਗੌਰਮਿੰਟ ਦੀਆਂ ਇਨਸਟਰੱਕਸ਼ਨਜ਼ ਹਨ ਕਿ ਹਰੀਜਨ ਸ਼ਬਦ ਦੀ ਥਾਂ ਸ਼ਡਿਊਲਡ ਕਾਸਟਸ ਜਾਂ ਅਨੁਸੂਚਿਤ ਜਾਤੀਆਂ ਰੱਖਿਆ ਜਾਵੇ ?

ਰਾਜ ਮੰਤਰੀ: ਇਹ ਰੇਲੇਵੈਂਟ ਤਾਂ ਹੈ ਨਹੀਂ ਲੇਕਿਨ ਮੈਂ ਅਰਜ਼ ਕਰਾਂਗਾ ਕਿ ਤੁਸੀਂ ਆਪਣੀ ਸਰਕਾਰ ਦੀਆਂ ਹਦਾਇਤਾਂ ਨਹੀਂ ਮੰਨਦੇ। ਉਨ੍ਹਾਂ ਨੇ ਵੀ ਇਹ ਵਰਜਿਤ ਕੀਤਾ ਹੈ ਪਰ ਫਿਰ ਵੀ ਤੁਸੀਂ ਵਰਤੀ ਜਾਂਦੇ ਹੋ।

———

Houses/Quarters for the Industrial Labour

***730. Shri Om Parkash Gupta :** Will the Minister of State for Labour and Employment be pleased to state—

(a) the place-wise number of houses/quarters constructed for the industrial labour in the State as also the number of such houses allotted to them ;

(b) the number of such houses/quarters Government proposes to construct for the said labour ?

Shri Prem Gupta : (a) The information regarding the number of houses/quarters constructed and allotted at various places for industrial workers in the State is laid on the Table of the House.

(b) The Labour Department has proposed the construction of 7,950 houses in various places in the State for industrial workers.

Information

Placewise number of houses/quarters constructed and allotted to the industrial workers

Serial No.	Place	Number of houses constructed	Number of houses allotted
1	2	3	4
1	Phase-6, Mohali	114	114
2	Phase-9, Mohali ..	132	132
3	Rajpura ..	40	40
4	Gobindgarh ..	100	100
5	Gill Road, Ludhiana ..	250	250
6	Dugri Road, Ludhiana ..	210	210
7	Dhandari Kalan-1, Ludhiana ..	264	264
8	Dhandari Kalan-11, Ludhiana ..	264	264
9	Bhogpur ..	200	200
10	Garha Road, Jullundur ..	180	180
11	Shiv Nagar, Islamabad (Amritsar) ..	300	300
12	Chheharta (Amritsar) ..	108	108
13	Ghanupur Kale Chheharta ..	120	120
14	Ghanupur Kale Chheharta ..	402	402
15	Aliwal Road, Batala ..	58	58
16	Model Town, Dhariwal ..	60	60
17	Quadian Road, Batala ..	72	72
18	Quadian Road, Batala ..	192	192
19	Phagwara ..	100	100
20	Patiala ..	50	50
	Total ..	3,216	3,216

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ 3216 ਮਕਾਨ ਲੇਬਰ ਵਾਸਤੇ ਬਣਾਏ ਹਨ ਜਦ ਕਿ ਇਸ ਵੇਲੇ ਪੰਜਾਬ ਵਿਚ ਲੇਬਰ 10 ਲੱਖ ਤੋਂ ਵੱਧ ਹੈ ਔਰ ਉਨ੍ਹਾਂ ਕੋਲ ਕੋਈ ਰੈਣ ਬਸੇਰਾ ਨਹੀਂ। ਫਿਰ ਵੀ ਅਕਾਲੀ ਸਰਕਾਰ ਨੇ ਉਨ੍ਹਾਂ ਲਈ ਕੁਆਰਟਰ ਨਹੀਂ ਬਣਾਏ। ਇਹ ਜਿਹੜੇ 3216 ਮਕਾਨ ਅਲਾਟ ਹੋਏ ਹਨ ਇਨ੍ਹਾਂ ਵਿਚ ਨਜਾਇਜ਼ ਕਬਜ਼ੇ ਕਿੰਨੇ ਹਨ ਅਤੇ ਉਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਇਹ ਕਦੋਂ ਖਾਲੀ ਕਰਾ ਦੇਣਗੇ

ਰਾਜ ਮੰਤਰੀ: ਸਪੀਕਰ ਸਾਹਿਬ, ਸਵਾਲ ਜਿਹੜਾ ਪੁੱਛਿਆ ਸੀ ਉਸ ਦਾ ਜਵਾਬ ਦੇ ਦਿੱਤਾ ਹੈ। ਨਾਜ਼ਾਇਜ਼ ਕਬਜ਼ਿਆਂ ਦੇ ਬਾਰੇ ਇਸ ਦੇ ਵਿੱਚ ਕੋਈ ਰੈਲੇਵੈਂਸੀ ਨਹੀਂ ਹੈ ਪਰ ਇਕ ਇਨ-ਫਰਮੇਸ਼ਨ ਮੈਂ ਗੁਪਤਾ ਸਾਹਿਬ ਨੂੰ, ਮਾਨਯੋਗ ਮੈਂਬਰ ਸਾਹਿਬ ਨੂੰ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਸਰਕਾਰ ਦਾ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ ਕਿ 3216 ਕੁਆਰਟਰਜ਼ ਕਦੋਂ ਬਣੇ; ਜਿਦਣ ਦੇ ਇਸ ਸਦਨ ਵਿੱਚ ਇਨ੍ਹਾਂ ਦੇ ਚਰਨ ਪਏ ਹਨ ਉਸ ਤੋਂ ਬਅਦ ਕੋਈ ਕੁਆਰਟਰ ਨਹੀਂ ਬਣਿਆ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਪਾਰਟ 'ਬੀ' ਦੇ ਜਵਾਬ ਵਿੱਚ ਦੱਸਿਆ ਹੈ ਕਿ ਇਨ੍ਹਾਂ ਨੇ ਕੋਈ ਪ੍ਰੋਪੋਜ਼ਲ ਰੱਖੀ ਹੈ ਕਿ 7950 ਹਾਊਸਿਜ਼ ਅਸੀਂ ਹੋਰ ਬਣਾ-ਵਾਂਗੇ, ਪਤਾ ਨਹੀਂ ਕਦੋਂ ਬਣਨਗੇ। ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਸਾਲ ਦੇ ਅੰਦਰ ਅੰਦਰ ਬਣ ਜਾਣਗ ?

ਇਕ ਆਵਾਜ਼: ਇਹ ਸਾਲ ਤਾਂ ਖ਼ਤਮ ਹੋਣ ਵਾਲਾ ਹੈ।

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੇ ਵਿੱਚ ਟਾਈਮ ਲਿਮਿਟ ਨਹੀਂ ਪੁੱਛੀ ਗਈ ਲੇਕਿਨ ਪੰਜ ਸਾਲਾਂ ਵਾਲਾ ਹਾਲ ਨਹੀਂ ਹੁੰਦਾ। (ਵਿਘਨ)

ਪੰਡਿਤ ਸਰਵਣ ਰਾਮ ਮਨਸੋਂਵਾਲੀਆ: ਤਿੰਨ ਬਾਹਮਣ ਦੋ ਬਾਣੀਏ, ਕੰਮ ਬਣੇ ਤਾਂ ਜਾਣੀਏ। (ਹਾਸਾ)।

ਸ੍ਰੀ ਅਸ਼ਵਨੀ ਸੇਖੜੀ: ਕੀ ਮਨਿਸਟਰ ਸਾਹਿਬ ਦੱਸਣਗੇ ਕਿ ਲੇਬਰ ਦੇ ਇਨਟਰੈਸਟ ਪ੍ਰੋਟੈਕਟ ਕਰਨ ਵਾਸਤੇ, ਉਨ੍ਹਾਂ ਨੂੰ ਸਰਵਿਸ ਬੈਨੀਫਿਟਸ ਦੇਣ ਵਾਸਤੇ ਜਿਵੇਂ ਗਰੈਚੂਟੀ ਹੈ ਜਾਂ ਹੋਰ ਬੈਨੀ-ਫਿਟਸ ਹਨ, ਮੇਰੇ ਕੋਲ ਇਕ ਕੇਸ ਹੈ ਜਿਸ ਦੇ ਵਿੱਚ ਇਕ ਫੈਕਟਰੀ ਦੇ 1 ਕਰੋੜ ਰੁਪਏ ਦੇ ਅਸੈਟਸ ਹਨ ਪਰ ਲੇਬਰ ਦੀ ਗਰੈਚੂਟੀ ਵਗੈਰਾ ਡੇਢ ਕਰੋੜ ਰੁਪਏ ਦੀ ਬਣੀ ਜਾਂਦੀ ਹੈ ਅਰਥਾਤ ਫੈਕਟਰੀ ਵੇਚ ਕੇ ਵੀ ਉਹ ਪੈਸੇ ਨਹੀਂ ਦੇ ਸਕਦੇ, ਕੀ ਮਨਿਸਟਰ ਸਾਹਿਬ ਕੋਈ ਰੂਲਜ਼, ਲਾਅ ਬਣਾਉਣਗੇ ਜਿਨ੍ਹਾਂ ਦੇ ਨਾਲ ਲੇਬਰ ਦੇ ਇੰਟਰੈਸਟ ਪ੍ਰੋਟੈਕਟ ਹੋਣ ?

ਰਾਜ ਮੰਤਰੀ: ਇਸ ਦੇ ਵਿੱਚ ਕੋਈ ਰੈਲੇਵੈਂਸੀ ਇਸ ਦੀ ਨਹੀਂ ਹੈ। ਫਰੈਸ਼ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

ਸ੍ਰੀ ਸਪੀਕਰ: ਗੁਪਤਾ ਸਾਹਿਬ, ਰੈਲੇਵੈਂਸੀ ਦਾ ਡਿਸਾਈਡ ਤੁਸੀਂ ਨਾ ਕਰੋ।
You are not to decide whether it is relevant or not, ਸੇਖੜੀ ਸਾਹਿਬ, ਇਸ ਦੇ ਬਾਰੇ ਤੁਸੀਂ ਦੂਸਰਾ ਸਵਾਲ ਦੇ ਦਿਓ, ਇਹ ਉਸ ਦਾ ਜਵਾਬ ਦੇ ਦੇਣਗੇ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਬਹੁਤ ਥੋੜ੍ਹੇ ਕੁਆਰਟਰਜ਼ ਬਣਾਏ ਗਏ ਹਨ ਜਾਂ ਬਣਾਉਣ ਦੀ ਤਜਵੀਜ਼ ਹੈ। ਲੁਧਿਆਣਾ ਇਤਨਾ ਵਡਾ ਇੰਡਸਟਰੀਅਲ ਟਾਊਨ ਹੈ, ਉਸ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਵਰਕਰਜ਼ ਹਨ ਜਿਨ੍ਹਾਂ ਦੇ ਰਹਿਣ ਵਾਸਤੇ ਕੋਈ ਥਾਂ ਨਹੀਂ ਹੈ ਐਜ਼ ਏ ਰਿਜ਼ਲਟ ਆਫ ਦੈਟ ਇਕ ਇਕ ਕਮਰੇ ਵਿਚ 15-15, 20-20 ਭਈਏ ਰਹਿੰਦੇ ਹਨ ਅਤੇ ਇਸ ਦੇ ਨਾਲ ਸਲੱਮ ਏਰੀਆ ਵੀ ਕਰੀਏਟ ਹੁੰਦਾ ਹੈ, ਕੀ ਸਰਕਾਰ ਕੋਈ ਇਸ ਕਿਸਮ ਦੀ ਪਲੈਨ ਬਣਾਏਗੀ ਕਿ ਜਿਹੜੇ ਵੱਡੇ ਵੱਡੇ ਇੰਡਸਟਰੀਅਲ ਟਾਊਨ ਹਨ ਉਨ੍ਹਾਂ ਵਿੱਚ ਲੇਬਰ ਵਾਸਤੇ ਕੋਈ ਕਾਲੋਨੀਆਂ ਬਣਾਈਆਂ ਜਾਣ ਤਾਂ ਕਿ ਉਨ੍ਹਾਂ ਲੋਕਾਂ ਨੂੰ ਸਹੂਲਤ ਹੋ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਥੇ ਨਵੇਂ ਹਾਊਸਿਜ਼ ਬਣ ਰਹੇ ਹਨ ਉਹ ਜਿਥੇ ਜ਼ਰੂਰਤ ਹੈ ਉਥੇ ਹੀ ਪ੍ਰੋਪੋਜ਼ ਕੀਤੇ ਹਨ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਤਨਾ ਵਡਾ ਨੰਗਲ ਦਾ ਪ੍ਰੋਜੈਕਟ ਹੈ ਔਰ ਹਜ਼ਾਰਾਂ ਦੀ ਗਿਣਤੀ ਵਿਚ ਲੇਬਰ ਕੰਮ ਕਰਦੀ ਹੈ, ਕੀ ਸਰਕਾਰ ਨੇ ਉਨ੍ਹਾਂ ਦੇ ਲਈ ਕੋਈ ਪ੍ਰੋਪੋਜ਼ਲ ਰੱਖੀ ਹੈ, ਜਿਹੜੇ ਕੁਆਰਟਰਜ਼ ਬਣ ਰਹੇ ਹਨ ਕੀ ਉਸ ਦੇ ਵਿੱਚ ਨੰਗਲ ਦੇ ਹਿੱਸੇ ਵੀ ਕੁਝ ਆਉਂਦਾ ਹੈ ਅਤੇ ਕੀ ਉਥੇ ਵੀ ਕੋਈ ਕੁਆਰਟਰਜ਼ ਬਣਨਗੇ ?

ਰਾਜ ਮੰਤਰੀ : ਜਿਥੇ ਵੀ ਜ਼ਰੂਰਤ ਸਮਝੀ ਜਾਂਦੀ ਹੈ ਔਰ ਸਕੀਮ ਦੇ ਮੁਤਾਬਿਕ ਜਿਥੇ ਕੁਆਰਟਰਜ਼ ਬਣ ਸਕਦੇ ਹਨ ਉਥੇ ਦੀ ਹੀ ਪ੍ਰੋਪੋਜ਼ਲ ਬਣਦੀ ਹੈ।

Trucks of Stolen wheat caught by the Police Station Nihalsinghwala

***659. Sardar Gurcharan Singh Nihalsinghwala:** Will the Chief Minister please refer to the answer given by him to starred question No, 256 on 12th March, 1986 and state the details of the further action taken in the matter?

ਕੈਪਟਨ ਕੰਵਲਜੀਤ ਸਿੰਘ (ਰਾਜ ਮੰਤਰੀ, ਗ੍ਰਹਿ) : ਮਾਰਕਫੈਡ ਦੇ ਗੁਦਾਮਾਂ ਚੋਂ 300 ਬੋਰੀਆਂ ਚੋਰੀ ਹੋਈ ਕਣਕ ਜਿਹੜੀ ਕਿ ਦੋ ਟਰੱਕਾਂ ਵਿਚ ਲੱਦ ਕੇ ਮਿਤੀ 18 ਫਰਵਰੀ, 1986 ਨੂੰ ਲਿਜਾਈ ਜਾ ਰਹੀ ਸੀ ਫੜਨ ਉਪਰੰਤ ਪੁਲਿਸ ਸਟੇਸ਼ਨ ਨਿਹਾਲ ਸਿੰਘ ਵਾਲਾ ਜ਼ਿਲ੍ਹਾ ਫਰੀਦਕੋਟ ਵਿਖੇ ਕੇਸ ਐਫ.ਆਈ.ਆਰ. ਨੰ: 67, ਮਿਤੀ 25 ਮਾਰਚ, 1986 ਅਧੀਨ ਧਾਰਾ 380/411/468/471/120 ਬੀ. ਆਈ.ਪੀ.ਸੀ. ਸ੍ਰੀ ਅਵਤਾਰ ਸਿੰਘ ਸਬ-ਇੰਸਪੈਕਟਰ ਮਾਰਕਫੈਡ ਡਰਾਈਵਰ ਨਿਰਭੈ ਸਿੰਘ, ਡਰਾਈਵਰ ਪਰਮਜੀਤ ਸਿੰਘ, ਪ੍ਰਦੁਮਨ ਸਿੰਘ ਉਰਫ ਬਿੱਲੂ ਅਤੇ ਸਬ-ਇੰਸਪੈਕਟਰ ਪੁਲਿਸ ਸ੍ਰੀ ਕ੍ਰਿਸ਼ਨ ਸਰੂਪ ਜੋ ਕਿ ਉਸ ਵੇਲੇ ਦੇ ਐਸ.ਐਚ.ਓ. ਸਨ ਦੇ ਖਿਲਾਫ ਦਰਜ ਕੀਤਾ ਗਿਆ ਸੀ।

ਉਕਤ ਐਸ.ਐਚ. ਓ. ਜਿਹੜਾ ਕਿ ਇਸ ਕੇਸ ਵਿਚ ਸ਼ਾਮਲ ਸੀ, ਨੂੰ ਸਸਪੈਂਡ ਕੀਤਾ ਗਿਆ ਸੀ। ਪੜਤਾਲ ਮੁਕੰਮਲ ਹੋਣ ਉਪਰੰਤ ਚਲਾਨ ਤਿਆਰ ਕਰਕੇ ਪ੍ਰਾਸੀਕਿਊਸ਼ਨ ਏਜੰਸੀ ਕੋਲ ਚੈਕਿੰਗ ਲਈ ਪੇਸ਼ ਕੀਤਾ ਗਿਆ। ਪ੍ਰਾਸੀਕਿਊਸ਼ਨ ਏਜੰਸੀ ਦੀਆਂ ਹਦਾਇਤਾਂ ਅਨੁਸਾਰ ਕੁਝ ਗਵਾਹਾਂ ਦੇ ਬਿਆਨ ਅਜੇ ਦਰਜ ਕੀਤੇ ਜਾਣੇ ਹਨ। ਇਸ ਉਪਰੰਤ ਅਦਾਲਤ ਵਿਚ ਛੇਤੀ ਹੀ ਚਲਾਨ ਪੇਸ਼ ਕਰ ਦਿੱਤਾ ਜਾਵੇਗਾ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਹੋਮ ਮਨਿਸਟਰ ਸਾਹਿਬ ਨੇ ਜਵਾਬ ਪੜ੍ਹ ਕੇ ਸੁਣਾਇਆ ਹੈ ਅਤੇ ਦਸਿਆ ਹੈ ਕਿ ਫਲਾਂ ਫਲਾਂ ਮੁਲਾਜ਼ਮ ਅਤੇ ਅਫ਼ਸਰ ਸਸਪੈਂਡ ਕੀਤੇ ਗਏ ਹਨ ਔਰ ਕੇਸ ਦਾ ਚਲਾਨ ਐਵੀਡੈਂਸ ਰਿਕਾਰਡ ਕਰਨ ਤੋਂ ਬਅਦ ਅਜੇ ਪੁੱਟ ਅੱਪ ਕਰਨਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਤਿੰਨ ਸੌ ਬੋਰੀਆਂ ਕਣਕ ਅਤੇ ਟਰਕ ਇਸ ਵੇਲੇ ਕਿਸ ਦੀ ਕਸਟੱਡੀ ਵਿਚ ਹਨ ?

ਰਾਜ ਮੰਤਰੀ, ਗ੍ਰਿਹ : ਸਪੀਕਰ ਸਾਹਿਬ, ਟਰੱਕ ਅਤੇ ਕਣਕ ਦੀਆਂ ਤਿੰਨ ਸੌ ਬੋਰੀਆਂ ਅਦਾਲਤ ਦੇ ਹੁਕਮ ਅਨੁਸਾਰ ਰਿਲੀਜ਼ ਕਰ ਦਿੱਤੀਆਂ ਗਈਆਂ ਸਨ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਇਹ ਗਲ ਮੰਨਣ ਨੂੰ ਤਿਆਰ ਹਾਂ ਕਿ ਜਿਹੜਾ ਟਰੱਕ ਸੀ ਉਹ ਕਿਸੇ ਦੀ ਮਲਕੀਅਤ ਸੀ। ਉਸ ਦੀ ਸਪੁਰਦਗੀ ਤਾਂ ਠੀਕ ਹੈ ਪਰ ਜਿਹੜੀਆਂ ਗੌਰਮਿੰਟ ਦੀਆਂ ਕਣਕ ਦੀਆਂ ਬੋਰੀਆਂ ਸਨ ਉਹ ਕਿਸ ਦੀ ਸਪੁਰਦਾਰੀ ਵਿਚ ਦਿੱਤੀਆਂ ਗਈਆਂ ?

ਰਾਜ ਮੰਤਰੀ : ਸਪੀਕਰ ਸਾਹਿਬ, ਅਦਾਲਤ ਦੇ ਫੈਸਲੇ ਤੇ ਮੈਂ ਕੋਈ ਟਿਪਣੀ ਨਹੀਂ ਕਰ ਸਕਦਾ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਬ, ਮੈਂ ਪੁੱਛਦਾ ਹਾਂ ਕਿ ਉਹ ਕਣਕ ਕਿਸ ਦੀ ਕਸਟੱਡੀ ਵਿਚ ਹੈ ?

ਸ਼੍ਰੀ ਸਪੀਕਰ : ਹੋ ਸਕਦਾ ਹੈ ਕਿ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਨਾ ਹੋਵੇ, ਕਿਉਂਕਿ ਸਪੁਰਦਾਰੀ ਕੋਰਟ ਦੇ ਆਰਡਰਜ਼ ਨਾਲ ਹੁੰਦੀ ਹੈ। ਮਨਿਸਟਰ ਸਾਹਿਬ, ਜੇਕਰ ਤੁਹਾਡੇ ਕੋਲ ਇਨਫ਼ਰਮੇਸ਼ਨ ਹੈ ਤਾਂ ਦਸ ਦਿਓ ਨਹੀਂ ਤਾਂ ਕੁਲੈਕਟ ਕਰਕੇ ਦਸ ਦੇਣਾ।

ਰਾਜ ਮੰਤਰੀ : ਸਪੀਕਰ ਸਾਹਿਬ; ਜੋ ਸੁਆਲ ਪੁਛਿਆ ਹੈ ਉਸ ਦਾ ਮੈਂ ਜਵਾਬ ਦੇ ਦਿੱਤਾ ਹੈ। ਮੈਂ [illegible] ਮੈਂਬਰ ਸਾਹਿਬ ਨੂੰ ਭਰੋਸਾ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਕੇਸ ਦੇ ਸਬੰਧ ਵਿਚ ਜੋ ਇਨਫਰਮੇਸ਼ਨ ਇਨ੍ਹਾਂ ਨੂੰ ਲੋੜ ਹੈ, ਇਹ ਮੇਰੇ ਪਾਸ ਆ ਜਾਣ, ਮੈਂ ਦੇ ਦੇਵਾਂਗਾ।

ਸ਼੍ਰੀ ਸਪੀਕਰ : ਜੁਡੀਸ਼ੀਅਲ ਪ੍ਰਾਸੈਸ ਹੈ ਔਰ ਕੋਰਟ ਦੇ ਆਰਡਰਜ਼ ਨਾਲ ਸਪੁਰਦਗੀ ਦੇਣੀ ਹੁੰਦੀ ਹੈ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਕੋਈ ਐਸੀ ਗੱਲ ਨਹੀਂ ਕਰਨੀ ਜਿਸ ਦੇ ਨਾਲ ਇਨ੍ਹਾਂ ਦੀ ਪੋਜ਼ੀਸ਼ਨ ਖਰਾਬ ਹੋਵੇ। ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਮਿਸਲੀਡ ਕੀਤਾ ਜਾ ਰਿਹਾ ਹੈ। ਇਨ੍ਹਾਂ ਦੀ ਰੂਲਿੰਗ ਪਾਰਟੀ ਦਾ ਮੈਂਬਰ ਬੈਠਾ ਹੈ, ਉਹ ਇਸ ਕੇਸ ਨੂੰ ਖਰਾਬ ਕਰਦਾ ਹੈ। ਸਾਰਾ ਕੇਸ ਹੱਸ਼ ਅੱਪ ਕੀਤਾ ਜਾ ਰਿਹਾ ਹੈ ਅਤੇ ਸਾਰੀ ਕਣਕ ਵੇਚ ਦਿੱਤੀ ਗਈ ਹੈ। ਜੇ ਗੱਲ ਗਲਤ ਹੋਵੇ ਤਾਂ I will resign from the House. It is a breach of privilege of the House.

ਸਰਦਾਰ ਜ਼ੋਰਾ ਸਿੰਘ ਭਾਗੀਕੇ: ਸਪੀਕਰ ਸਾਹਿਬ, ਮੇਰੀ ਕੰਸਟੀਚਿਊਐਂਸੀ ਵਲੋਂ ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਨੇ ਕੁਐਸਚਨ ਉਠਾਇਆ ਹੈ ਅਰ ਇਹ ਠੀਕ ਹੈ। ਉਹ ਟਰੱਕ ਮਲਕੀਤ ਸਿੰਘ ਦਾ ਹੈ ਅਤੇ ਉਹ ਟਰੱਕ ਯੂਨੀਅਨ ਦਾ ਪ੍ਰਧਾਨ ਹੈ, ਉਸ ਨੇ ਸਾਰਾ ਕੁਝ ਕੀਤਾ ਹੈ।

[ਸਰਦਾਰ ਜ਼ੋਰਾ ਸਿੰਘ ਭਾਗੀਕੇ]

ਔਰ ਸਭ ਕੁਝ ਕਰ ਰਿਹਾ ਹੈ। ਟਿਲੇਵਾਲ ਦੇ ਸਰਪੰਚ ਨੂੰ ਕਤਲ ਕਰਵਾਉਣ ਦੀ ਕੋਸ਼ਿਸ਼ ਕੀਤੀ ਉਹ ਦਸ ਟਰੱਕਾਂ ਦਾ ਮਾਲਕ ਹੈ ਅਤੇ ਪੈਸੇ ਵਿਚ ਅੰਨ੍ਹਾ ਹੈ। ਸਚਾਈ ਇਹ ਹੈ ਕਿ ਉਸ ਕਣਕ ਦਾ ਪਤਾ ਨਹੀਂ ਲਗ ਰਿਹਾ ਕਿ ਕਿਥੇ ਹੈ, ਇਸ ਦਾ ਪਤਾ ਕਰਨਾ ਚਾਹੀਦਾ ਹੈ ਉਹ ਕਿਥੇ ਗਈ ਅਤੇ ਕਿਥੇ ਪਈ ਹੈ?

(ਇਸ ਸਮੇਂ ਕਾਂਗਰਸ (ਆਈ) ਪਾਰਟੀ ਦੇ ਕਈ ਮਾਨਯੋਗ ਮੈਂਬਰ ਸਾਹਿਬਾਨ ਖੜੇ ਸਨ)

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਇਹ ਰਿਕੁਐਸਟ ਕਰਾਂਗਾ ਕਿ ਤਿੰਨ ਛੁੱਟੀਆਂ ਹਨ, ਇਸ ਸਵਾਲ ਨੂੰ ਪੋਸਟਪੋਨ ਕੀਤਾ ਜਾਵੇ। ਮਨਿਸਟਰ ਸਾਹਿਬ ਇਨ੍ਹਾਂ ਗੱਲਾਂ ਦੀ ਸਾਰੀ ਇਨਕੁਆਇਰੀ ਕਰਕੇ ਹਾਊਸ ਨੂੰ ਦੱਸਣ।

ਰਾਜ ਮੰਤਰੀ : ਫੈਸਲਾ, ਸਪੀਕਰ ਸਾਹਿਬ, ਤੁਸੀਂ ਦੇਣਾ ਹੈ ਲੇਕਿਨ ਜੋ ਇਨਫਰਮੇਸ਼ਨ ਸੀ, ਦੇ ਦਿੱਤੀ ਹੈ। ਮੈਂ ਏਨੀ ਵੀ ਆਫਰ ਕਰ ਦਿੱਤੀ ਹੈ ਕਿ ਮਾਨਯੋਗ ਮੈਂਬਰ ਸਾਹਿਬ ਨੂੰ ਲੋੜ ਹੋਵੇ, ਮੇਰੇ ਪਾਸ ਦਫਤਰ ਵਿਚ ਆ ਜਾਣ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ: ਮਾਮਲਾ ਹਾਊਸ ਦਾ ਹੈ। (ਵਿਘਨ)

ਸ਼੍ਰੀ ਸਪੀਕਰ : ਮਨਿਸਟਰ ਜਵਾਬ ਦੇ ਰਿਹਾ ਹੈ। ਤੁਸੀਂ ਸੁਣਦੇ ਨਹੀਂ। ਕੈਪਟਨ ਸਾਹਿਬ, ਦੱਸੋ।

ਰਾਜ ਮੰਤਰੀ : ਸਪੀਕਰ ਸਾਹਿਬ, ਸਰਕਾਰ ਦੀ ਇਹ ਮਨਸ਼ਾ ਹੈ ਕਿ ਇਸ ਮਾਮਲੇ ਦੀ ਪੂਰੀ ਘੋਖ ਕੀਤੀ ਜਾਵੇ ਔਰ ਸਚਾਈ ਉਪਰ ਲਿਆਂਦੀ ਜਾਵੇ।

ਡਾਕਟਰ ਕੇਵਲ ਕ੍ਰਿਸ਼ਨ : ਮੈਂ ਜਾਨਣਾ ਚਾਹਵਾਂਗਾ ਕਿ ਨਿਹਾਲਸਿੰਘਵਾਲਾ ਨੇ ਜੋ ਕਿਹਾ ਹੈ, ਕੀ ਉਹ ਅਫਸਰ ਅਜੇ ਵੀ ਸਸਪੈਂਡ ਕੀਤੇ ਹੋਏ ਹਨ ਜਾਂ ਉਹ ਅਫਸਰ ਬਹਾਲ ਹੋ ਗਏ ਹਨ ?

ਰਾਜ ਮੰਤਰੀ : ਇਹ ਨਵਾਂ ਸਵਾਲ ਹੈ। ਇਹ ਸਵਾਲ ਦੇ ਦੇਣ, ਜਵਾਬ ਦੇ ਦਿਆਂਗੇ।

ਸ਼੍ਰੀ ਮੁਹਿੰਦਰ ਸਿੰਘ ਕੇ.ਪੀ.: ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਸਵਾਲ ਹੈ ਇਸ ਦਾ ਤਿੰਨ ਦਿਨਾਂ ਤਕ ਜਵਾਬ ਦੇ ਦੇਣ, ਕੀ ਇਹ ਤਿੰਨ ਦਿਨਾਂ ਤੋਂ ਬਾਦ ਜਵਾਬ ਦੇਣ ਨੂੰ ਤਿਆਰ ਹਨ ?

ਸ਼੍ਰੀ ਸਪੀਕਰ : ਕਿਉਂਕਿ ਹਾਊਸ ਬਹੁਤ ਕੰਨਸਰੰਡ ਹੈ ਇਸ ਸਵਾਲ ਤੇ ਇਸ ਲਈ ਅੱਛਾ ਰਹੇਗਾ ਜੇਕਰ ਨੈਕਸਟ ਵੀਕ ਇਸ ਸਵਾਲ ਨੂੰ ਰੱਖ ਲਿਆ ਜਾਵੇ। ਇਹ ਪੋਸਟਪੋਨ ਕਰ ਦਿੰਦੇ ਹਾਂ।

Vacancies of Teachers at Anandpur Sahib

*604. **Shri Ram Parkash Bali :** Will the Chief Minister be pleased to state—

(a) the number of vacancies of teachers, both in the Primary and High Schools in Anandpur Sahib, District Ropar at present;

(b) the steps taken/proposed to be taken to fill up the same ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਸਰਕਾਰੀ ਹਾਈ ਅਤੇ ਪ੍ਰਾਇਮਰੀ ਸਕੂਲ, ਆਨੰਦਪੁਰ ਸਾਹਿਬ (ਰੋਪੜ) ਵਿਖੇ ਕਿਸੇ ਵੀ ਅਧਿਆਪਕ ਦੀ ਕੋਈ ਅਸਾਮੀ ਖਾਲੀ ਨਹੀਂ ਹੈ।

(ਅ) ਸਵਾਲ ਪੈਦਾ ਨਹੀਂ ਹੁੰਦਾ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਤੁਹਾਡੀ ਮਾਰਫਤ ਕਿ ਇਹ ਇਨਫਰਮੇਸ਼ਨ ਜਿਹੜੀ ਹੈ, ਜਿੱਥੋਂ ਤਕ ਮੇਰਾ ਨਾਲਜ ਹੈ ਕੁਰੈਕਟ ਨਹੀਂ ਹੈ, ਮੈਂ ਚੈਲੇਂਜ ਨਹੀਂ ਕਰਨਾ ਚਾਹੁੰਦਾ। ਜੇਕਰ ਇਨ੍ਹਾਂ ਦੇ ਨੋਟਿਸ ਵਿਚ ਲਿਆਵਾਂ ਕਿ ਇਨ੍ਹਾਂ ਇਨ੍ਹਾਂ ਸਕੂਲਾਂ ਵਿਚ ਵੇਕੰਸੀ ਹੈ ਕੀ ਉਹ ਜਲਦੀ ਪੁਰ ਕਰ ਦੇਣਗੇ, ਕਿਉਂਕਿ ਸਬਮਾਂਟੇਨੀਅਸ ਏਰੀਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਕਰਨ ਲਗੇ ਧਿਆਨ ਨਹੀਂ ਕਰਦੇ ਕਿ ਸਵਾਲ ਕੀ ਕਰਨ ਲਗੇ ਹਾਂ। ਸਵਾਲ ਜੋ ਕੀਤਾ ਸੀ ਉਹ ਇਹ ਹੈ-- "the number of vacancies of teachers, both in the Primary and High Schools in Anandpur Sahib district Ropar, at present."

ਆਨੰਦਪੁਰ ਸਾਹਿਬ ਦਾ ਪੁਛਿਆ ਸੀ। ਆਨੰਦਪੁਰ ਇਕ ਕੁੜੀਆਂ ਦਾ ਸਕੂਲ ਹੈ, ਇਕ ਪ੍ਰਾਇਮਰੀ ਸਕੂਲ ਹੈ। ਦੋ ਸਕੂਲ ਹਨ, ਉਨ੍ਹਾਂ ਵਿਚ ਕੋਈ ਵੇਕੈਂਸੀ ਨਹੀਂ ਹੈ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਆਨੰਦਪੁਰ ਸਾਹਿਬ ਤਹਿਸੀਲ ਲਿਖੀ ਸੀ ਪਰ ਸਵਾਲ ਵਿਚ ਨਹੀਂ ਆਈ, ਇਹ ਟਾਈਪ ਦੀ ਮਿਸਟੇਕ ਹੋ ਗਈ ਹੈ। ਆਨੰਦਪੁਰ ਸਾਹਿਬ ਦੇ ਬਾਰੇ ਪੁਛਣ ਦਾ ਕੋਈ ਆਈਡੀਆ ਨਹੀਂ ਹੈ। ਇਹ ਟਾਈਪ ਦੀ ਮਿਸਟੇਕ ਹੋ ਗਈ ਹੈ। ਜੇਕਰ ਆਨੰਦਪੁਰ ਸਾਹਿਬ ਤਹਿਸੀਲ ਵਿਚ ਖਾਲੀ ਜਗਾਹ ਬਾਰੇ ਇਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਜਾਵੇ ਤਾਂ ਕੀ ਇਹ ਉਸ ਨੂੰ ਜਲਦੀ ਪੁਰ ਕਰ ਦੇਣਗੇ ?

ਮੁੱਖ ਮੰਤਰੀ : ਵੈਸੇ ਤਾਂ ਜੋ ਵੀ ਕਹਿੰਦੇ ਹਨ, ਇਹ ਕਲੈਰੀਕਲ ਮਿਸਟੇਕ ਤਾਂ ਨਹੀਂ ਹੈ। ਸਵਾਲ ਦਾ ਜਵਾਬ ਤਾਂ ਦੇ ਦਿੱਤਾ ਹੈ। ਜੇਕਰ ਇਹ ਫਿਰ ਵੀ ਨੋਟਿਸ ਵਿਚ ਲਿਆਉਣਗੇ ਕਿ ਇਥੇ ਵੇਕੈਂਸੀ ਰਹਿ ਗਈ ਹੈ ਤਾਂ ਉਸ ਨੂੰ ਭਰ ਦਿਆਂਗੇ।

Sub-Tehsils without Sub-Treasuries

*660. **Sardar Gurcharan Singh Nihalsinghwala :** Will the Minister for Finance be pleased to state—

(a) the total number of sub-tehsils in the State without sub-treasuries, alongwith the reasons therefor ;

(b) the time by which the sub-treasuries are likely to be opened in all sub-tehsils referred to in part (a) above ?

Sardar Prem Singh Chandumajra (Minister for Cooperation): A Statement containing the requisite information is laid on the Table of the House.

[Minister for Coopration]

STATEMENT

(a) There are ten sub-tehsils in the State without sub-treasuries.

According to the policy of the State Government a sub-treasury under the charge of an Assistant Treasury Officer is opened in a sub-tehsil only if the following conditions, namely :—

(i) after the administrative complex alongwith the sub-treasury building and strong room has been constructed by the Department of Revenue and Rehabilitation ; or

(ii) where strong room building of approved specifications along with accomodation for Police Guard is available on hire and work load as per approved norm justifies the posting of the requisite staff, namely, Assistant Treasury Officer, Assistant, Clerk, Assistant Treasurer and peon

are fulfilled. While approving this policy it was noted that opening of a sub-treasury without these pre-requisite conditions would serve no useful purpose.

(b) It is not possible to lay down a time limit for the opening of sub-treasuries in the ten sub-tehsils which are now without sub-treasury as sub-treasuries are opened only after the sub-tehsil fulfills the conditions laid down in the policy.

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ: ਸਪੀਕਰ ਸਾਹਿਬ, ਜੋ ਰਿਟਨ ਰਿਪਲਾਈ ਮਿਲਿਆ ਹੈ, ਉਸ ਵਿਚ ਦੱਸਿਆ ਹੈ 10 ਸਬ-ਤਹਿਸੀਲਾਂ ਹਨ ਜਿਥੇ ਸਬ-ਟਰੈਜ਼ਰੀਜ਼ ਨਹੀਂ ਹਨ ਔਰ ਵਜਾਹ ਲਿਖੀ ਹੈ ਕਿ ਮਾਕੂਲ ਬਿਲਡਿੰਗ ਹੋਣੀ ਚਾਹੀਦੀ ਹੈ, ਫਲਾਂ ਫਲਾਂ ਮੁਲਾਜ਼ਮ ਹੋਣੇ ਚਾਹੀਦੇ ਹਨ। ਸਪੀਕਰ ਸਾਹਿਬ, ਜੇਕਰ ਇਹ ਚੀਜ਼ਾਂ ਚਾਹੀਦੀਆਂ ਹਨ ਤਾਂ ਠੀਕ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਸਭ ਕੁਝ ਸਰਕਾਰ ਨੇ ਪ੍ਰੋਵਾਈਡ ਕਰਨਾ ਹੈ। ਜਦੋਂ ਸਬ-ਤਹਿਸੀਲਾਂ ਬਣਾਈਆਂ ਹਨ ਉਨ੍ਹਾਂ ਗੱਲਾਂ ਦੀ ਘਾਟ ਕਰਕੇ ਸਬ-ਟਰੈਜ਼ਰੀਜ਼ ਉਥੇ ਨਹੀਂ ਹਨ ਪਰ ਇਹ ਘਾਟ ਪੂਰੀ ਕੌਣ ਕਰੇਗਾ, ਤੁਸੀਂ ਕਰੋਗੇ ਕਿ ਹੋਰ ਕੋਈ ਕਰੇਗਾ ?

ਸਹਿਕਾਰਤਾ ਮੰਤਰੀ: ਸਪੀਕਰ ਸਾਹਿਬ ਇਨ੍ਹਾਂ ਨੇ ਪੁਛਿਆ ਸੀ ਕਿ ਸਬ-ਤਹਿਸੀਲਾਂ ਜਿਹੜੀਆਂ ਹਨ ਉਨ੍ਹਾਂ ਵਿਚ ਉਪ ਖਜ਼ਾਨੇ ਕਿਉਂ ਨਹੀਂ ਖੋਲ੍ਹੇ ਗਏ, ਇਸ ਦਾ ਜਵਾਬ ਅਸੀਂ ਦੇ ਦਿੱਤਾ ਹੈ। ਕੰਡੀਸ਼ਨਾਂ ਦਸੀਆਂ ਹਨ। ਉਹ ਇਹ ਹੈ ਕਿ ਜਦੋਂ ਮਾਲ ਅਤੇ ਮੁੜ ਵਸਾਊ ਵਿਭਾਗ ਦੁਆਰਾ ਇਕ ਉਪ ਖਜ਼ਾਨਾ ਇਮਾਰਤ ਅਤੇ ਸਟਰਾਂਗ ਰੂਮ ਸਮੇਤ ਇਕ ਪ੍ਰਬੰਧਕੀ ਕੰਪਲੈਕਸ ਬਣਾ ਦਿਤਾ ਜਾਵੇਗਾ। ਤਾਂ ਇਹ ਸਬ-ਖਜ਼ਾਨਾ ਬਣਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਵਰਕ-ਲੋਡ ਹੈ ਔਰ ਉਸ ਦੇ ਮੁਤਾਬਿਕ ਉਥੇ ਮੁਲਾਜ਼ਮ ਰਖੇ ਜਾਣਗੇ। ਦੂਜਾ ਇਸ ਲਈ ਮਿਆਦ ਫਿਕਸ ਕਰਨਾ ਸੰਭਵ ਨਹੀਂ ਕਿਉਂਕਿ ਕੇਵਲ ਨਿਰਧਾਰਤ ਸ਼ਰਤਾਂ ਪੂਰੀਆਂ ਕਰਨ ਮਗਰੋਂ ਹੀ ਉਪ ਖਜ਼ਾਨੇ ਖੋਲ੍ਹੇ ਜਾ ਸਕਦੇ ਹਨ।

ਸਰਦਾਰ ਗੁਰਦੇਵ ਸਿੰਘ ਗਿੱਲ: ਸਪੀਕਰ ਸਾਹਿਬ, ਧਰਮਕੋਟ ਸਬਡਵੀਜ਼ਨ ਵੀ ਹੈ ਅਤੇ ਸਬ-ਖਜ਼ਾਨਾ ਵੀ ਹੈ ਪਰ ਬਿਲਡਿੰਗ ਨਹੀਂ ਹੈ, ਕੀ ਉਥੇ ਖੋਲ੍ਹ ਦਿੱਤੀ ਜਾਵੇਗੀ ?

ਮੰਤਰੀ: ਸਮਝ ਨਹੀਂ ਆਈ, ਦੁਬਾਰਾ ਕਰ ਦੇਣ।

ਸਰਦਾਰ ਗੁਰਦੇਵ ਸਿੰਘ ਗਿੱਲ: ਮੈਂ ਇਹ ਕਿਹਾ ਹੈ ਕਿ ਧਰਮਕੋਟ ਸਬਡਵੀਜ਼ਨ ਵੀ ਹੈ ਅਤੇ ਉਥੇ ਉਪ ਖਜ਼ਾਨਾ ਵੀ ਹੈ ਪਰ ਬਿਲਡਿੰਗ ਨਹੀਂ। ਉਹ ਕਿਸੇ ਰੈਸਟ ਹਾਊਸ ਵਿਚ ਕੰਮ ਕਰਦੇ ਹਨ। ਕੀ ਉਥੇ ਬਿਲਡਿੰਗ ਬਣਾ ਦੇਣਗੇ ?

ਸ੍ਰੀ ਸਪੀਕਰ: ਉਹ ਕਹਿ ਰਹੇ ਹਨ ਕਿ ਧਰਮਕੋਟ ਸਬ-ਡਵੀਜ਼ਨ ਵੀ ਹੈ ਅਤੇ ਸਬ-ਟਰੈਜ਼ਰੀ ਵੀ ਹੈ ਪਰ ਬਿਲਡਿੰਗ ਨਹੀਂ ਹੈ, ਕੀ ਬਿਲਡਿੰਗ ਬਣਾ ਦਿਉਗੇ ?

ਮੰਤਰੀ: ਇਹ ਅਸੀਂ ਪਤਾ ਕਰ ਲਵਾਂਗੇ । ਉਥੇ ਸਟ੍ਰਾਂਗ ਰੂਮ ਵੀ ਹੋਵੇ ਔਰ ਪੁਲਿਸ ਗਾਰਡ ਵੀ ਉਥੇ ਹੋਣੀ ਚਾਹੀਦੀ ਹੈ। ਧਰਮਕੋਟ ਦੇ ਬਾਰੇ ਇਹ ਹੋ ਸਕਦਾ ਹੈ ਕਿ ਬਿਲਡਿੰਗ ਕਿਸੇ ਹਰ ਥਾਂ ਹੋਵੇ ਜਿਥੇ ਕਿ ਹੋਰ ਸਾਰੀਆਂ ਫੈਸਿਲਿਟੀਜ਼ ਪੂਰੀਆਂ ਹੁੰਦੀਆਂ ਹੋਣ; ਕਿਉਂਕਿ ਇਹ ਸ਼ਰਤ ਹੈ ਕਿ ਫੈਸਿਲਿਟੀਜ਼ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

ਸਰਦਾਰ ਕੁਲਵੰਤ ਸਿੰਘ, ਐਡਵੋਕੇਟ: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਾਦੀਆਂ ਨੂੰ ਸਬ-ਡਵੀਜ਼ਨ ਬਣੇ ਕਾਫੀ ਚਿਰ ਹੋ ਗਿਆ ਹੈ; ਉਥੇ ਗਾਰਡ ਵੀ ਅਤੇ ਥਾਣਾ ਵੀ ਨਾਲ ਹੀ ਲਗਦਾ ਹੈ ਪਰ ਉਥੇ ਹਾਲੇ ਤੱਕ ਉਪ ਖਜ਼ਾਨਾ ਨਹੀਂ ਖੋਲ੍ਹਿਆ ਗਿਆ। ਕੀ ਉਥੇ ਵੀ ਕੋਈ ਸੱਬ-ਖਜ਼ਾਨਾ ਖੋਲ੍ਹ ਦੇਣਗੇ ?

ਮੰਤਰੀ: ਜੇ ਸਾਰੀਆਂ ਫੈਸਿਲਿਟੀਜ਼ ਹੋਣਗੀਆਂ ਤਾਂ ਵਿਚਾਰ ਕਰ ਲਵਾਂਗੇ ।

Leave Travel Concession

***721. Sardar Surinder Pal Singh Majitha :** Will the Minister for Finance be pleased to state whether the Chief Minister made any announcement regarding the grant of leave Travel Concession to the Government Employees during the month of October, 1986 at a convention of the Punjab State Karamchari Dal held at Patiala ; if so, whether the said concession has since been granted to the Government employees; if not, the reasons therefor ?

ਸਰਦਾਰ ਸੁਰਜੀਤ ਸਿੰਘ ਬਰਨਾਲਾ (ਮੁੱਖ ਮੰਤਰੀ) : ਹਾਂ ਜੀ, ਮਾਮਲਾ ਸਰਕਾਰ ਦੇ ਵਿਸ਼ੇਸ਼ ਵਿਚਾਰ ਅਧੀਨ ਹੈ।

ਸਰਦਾਰ ਸੁਰਿੰਦਰਪਾਲ ਸਿੰਘ ਮਜੀਠਾ: ਸਪੀਕਰ ਸਾਹਿਬ, ਮੈਂ ਸੀ.ਐਮ. ਸਾਹਿਬ ਨੂੰ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਵਿਚਾਰ ਅਧੀਨ ਹੈ, ਕੀ ਕੋਈ ਪਕੀ ਐਸ਼ੋਰੈਂਸ ਦੇਣਗੇ ਕਿ ਕਦੋਂ ਤਕ ਇਹ ਹੋ ਜਾਵੇਗਾ ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਕੇਸ ਫਿਨਾਂਸ ਡਿਪਾਰਟਮੈਂਟ ਕੋਲ ਭੇਜਿਆ ਸੀ। ਉਨ੍ਹਾਂ ਨੇ ਫਾਈਨਾਂਸ਼ਿਅਲ ਇੰਪਲੀਕੇਸ਼ਨ ਜਾਣਨ ਲਈ ਜਨਰਲ ਡਿਪਾਰਟਮੈਂਟ ਨੂੰ ਭੇਜ ਦਿਤਾ ਸੀ ਫਾਈਨਾਂਸ਼ਿਅਲ ਇੰਪਲੀਕੇਸ਼ਨ ਦਾ ਪਤਾ ਨਹੀਂ ਲਗ ਸਕਦਾ ਕਿਉਂਕਿ ਇਹ ਨਹੀਂ ਪਤਾ ਕਿ ਕਿੰਨੇ ਬੰਦੇ ਟਰੈਵਲ ਕਰਨਗੇ । ਇਸ ਕਰਕੇ ਮੁੜ ਰੈਫਰ ਕੀਤਾ ਹੈ ਅਤੇ ਇਹ ਛੇਤੀ ਹੋ ਜਾਵੇਗਾ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਜਾਣਨਾ ਚਾਹਵਾਂਗਾ ਕਿ ਕੀ ਇਨ੍ਹਾਂ ਨੇ ਪਾਲਿਸੀ ਡਸੀਜ਼ਨ ਕਰ ਲਿਆ ਹੈ ? ਬਹੁਤ ਸਾਰੀਆਂ ਕਾਰਪੋਰੇਸ਼ਨਾਂ ਔਰ ਬੋਰਡ ਇਹ ਐਲ.ਟੀ.ਸੀ. ਦੇ ਰਹੇ ਹਨ ਪਰ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਨੂੰ ਨਹੀਂ ਮਿਲ ਰਿਹਾ। ਹਰਿਆਣਾ ਜੋ ਕਿ ਨਾਲ ਦੀ ਸਟੇਟ ਹੈ, ਉਥੇ ਵੀ ਇਹ ਦੇ ਰਹੇ ਹਨ। ਪੰਜਾਬ ਸਟੇਟ ਜਦ ਕਿ ਹਰ ਗੱਲ ਵਿਚ ਪਹਿਲ ਕਰਦੀ ਹੈ, ਇਹ ਇਸ ਵਿਚ ਕਿਉਂ ਲੇਟ ਹੋ ਗਏ ਹਨ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਹੀ ਕਿਹਾ ਹੈ ਕਿ ਇਸ ਐਲ.ਟੀ.ਸੀ. ਬਾਰੇ ਫੈਸਲਾ ਹੋ ਚੁਕਾ ਹੈ। ਇਹ ਦੇਣਾ ਹੈ ਔਰ ਇਹ ਕਦੋਂ ਤੋਂ ਦੇਣਾ ਸ਼ੁਰੂ ਕਰਨਾ ਹੈ, ਅਸੀਂ ਇਹ ਛੇਤੀ ਦੇਣ ਦਾ ਯਤਨ ਕਰਾਂਗੇ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Municipal Corporations

*731. **Shri Om Parkash Gupta :** Will the Minister of State for Local Government be pleased to state—

(a) the number of Municipal Corporations and the dates on which they were constituted ;

(b) the dates on which the election to the said Corporations were held last and the approximate time by which the next elections are likely to be held ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : (ੳ) ਰਾਜ ਵਿਚ ਤਿੰਨ ਨਗਰ ਨਿਗਮਾਂ ਹਨ। ਨਗਰ ਨਿਗਮ ਅੰਮ੍ਰਿਤਸਰ ਅਤੇ ਲੁਧਿਆਣਾ ਮਿਤੀ 30-3-1977 ਨੂੰ ਬਣਾਈਆ ਗਈਆਂ ਅਤੇ ਨਗਰ ਨਿਗਮ ਜਲੰਧਰ ਮਿਤੀ 5-7-1977 ਨੂੰ ਬਣਾਈ ਗਈ।

(ਅ) ਇਨ੍ਹਾਂ ਨਗਰ ਨਿਗਮਾਂ ਦੀ ਬਣਤਰ ਤੋਂ ਬਾਅਦ ਅਜੇ ਤੀਕ ਇਨ੍ਹਾਂ ਦੀਆਂ ਕੋਈ ਚੋਣਾਂ ਨਹੀਂ ਕਰਵਾਈਆਂ ਗਈਆਂ। ਸਰਕਾਰ ਨਗਰ ਨਿਗਮਾਂ ਦੀਆਂ ਚੋਣਾਂ ਜਿੰਨੀ ਛੇਤੀ ਹੋ ਸਕੇ, ਕਰਵਾਉਣ ਦਾ ਪ੍ਰਬੰਧ ਕਰੇਗੀ।

Abolition of Improvement Trusts

*740. **Shri Harnam Dass Johar, Advocate :** Will the Minister of State for Local Government be pleased to state whether the Government proposes to abolish the Improvement Trusts in the State or to amalgamate them in the Municipal Committees/Corporations ; If so, the time by which that is likely to be done ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : ਨਹੀਂ ਜੀ।

Demands of Privately managed School Teachers

*664. **Dr. Kewal Krishan :** Will the Chief Minister be pleased to state whether it is a fact that Government accepted some demands of the Government aided privately managed school teachers/managements during the month of February, 1987, if so, the details thereof, along with the annual expenditure involved to implement the same ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹਾਂ ਜੀ, ਪੈਨਸ਼ਨ ਅਤੇ ਗਰੈਚੂਟੀ ਦਾ ਲਾਭ ਦੇਣ ਲਈ ਅਤੇ ਨਾਲ ਹੀ ਲਾਇਬਿਲਟੀ ਕਲਾਜ ਵੀ ਖ਼ਤਮ ਕਰਨ ਲਈ ਸਿਧਾਂਤਕ ਤੌਰ ਤੇ ਫੈਸਲਾ ਕੀਤਾ ਗਿਆ ਹੈ। ਵਿੱਤ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ ਗਈ ਹੈ ਜੋ ਪ੍ਰਾਈਵੇਟ ਸਰਕਾਰੀ ਏਡਿਡ ਸਕੂਲਾਂ ਦੇ ਅਧਿਆਪਕਾਂ ਦੀਆਂ ਇਸ ਤੋਂ ਇਲਾਵਾ ਹੋਰ ਸਾਰੀਆਂ ਮੰਗਾਂ ਦੀ ਜਾਂਚ ਕਰੇਗੀ। ਸਾਲਾਨਾ ਅਨੁਮਾਨਤ ਖਰਚਾ 114-15 ਲੱਖ ਰੁਪਏ ਹੈ।

Freedom fighters eligible for Financial Assistance

*693. **Sardar Kirpal Singh(Amritsar)** : Will the Chief Minister be pleased to state—

(a) the number of freedom fighters eligible for Government Financial Assistance for the second quarter of the year 1986-87 i.e. from 1st July, 1986 to 30th September, 1986 ;

(b) the number of freedom fighters out of those mentioned in part (a) above to whom the said assistance was given every month together with the number of those to whom the assistance was given through bank Cheques and money orders, separately, upto 15th October, 1986 ;

(c) the number of those freedom fighters to whom the said assistance was given during the period from 16th October, 1986 to 31st October, 1986 and 1st November, 1986 to 30th November, 1986 separately ;

(d) the number of those to whom the said assistance has not been given even upto 8th December, 1986 together with the reasons therefor and the steps being taken by the Government to ensure the payment of the said assistance to them in future ;

(e) whether the Government received any complaints with regard to the payment of the assistance from the freedom fighters during the period from 15th October, 1986 to 7th December, 1986, if so, a list of the complaints be laid on the Table of the House ;

(f) the action taken on these complaints ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) 6697

(ਅ) ਮਹੀਨਾਵਾਰ ਅਦਾਇਗੀ ਚੈੱਕ ਰਾਹੀਂ .. 2

.. 206 ਸਿਵਾਏ ਸ੍ਰੀ ਸਜਨ ਸਿੰਘ ਮਰਗਿੰਦ ਪੁਰੀ ਜਿਨ੍ਹਾਂ ਨੂੰ ਮਾਲੀ ਸਹਾਇਤਾ ਮਨੀ-ਆਰਡਰ ਰਾਹੀਂ ਮਿਤੀ 8 ਦਸੰਬਰ, 1986 ਨੂੰ ਭੇਜੀ ਗਈ ਸੀ ਜਿਸ ਦਾ ਉੱਤਰ ਪੈਰਾ (ਸ) ਦੇ ਉੱਤਰ ਵਿਚ ਕੀਤਾ ਗਿਆ ਹੈ।

[ਮੁੱਖ ਮੰਤਰੀ]

ਮਨੀ ਆਰਡਰ ਰਾਹੀਂ ... 6,490 (ਇਸ ਵਿੱਚ ਉਪਰੋਕਤ ਅ (I) ਵਿੱਚ ਦਰਸਾਏ ਦੋ ਪੈਨਸ਼ਨਰ ਵੀ ਸ਼ਾਮਲ ਹਨ)

(ੲ) 16-10-86 ਤੋਂ 31-10-86 ... ਨਿੱਲ
1-11-86 ਤੋਂ 30-11-86 ਨਿੱਲ

(ਸ) ਮਿਤੀ 8 ਦਸੰਬਰ, 1986 ਨੂੰ ਕੁਆਰਟਰ 7–9/86 ਦੀ ਮਾਲੀ ਸਹਾਇਤਾ ਇਕ ਸੁਤੰਤਰਤਾ ਸੰਗਰਾਮੀ ਸ੍ਰੀ ਸੱਜਨ ਸਿੰਘ ਮਰਗਿੰਦਪੁਰੀ, ਪਿੰਡ ਤੇ ਡਾਕਖਾਨਾ ਮਰਗਿੰਦਪੁਰਾ ਜ਼ਿਲ੍ਹਾ ਅੰਮ੍ਰਿਤਸਰ ਨੂੰ ਮਨੀਆਰਡਰ ਰਾਹੀਂ ਅਦਾ ਕੀਤੀ ਗਈ ਸੀ। ਪਹਿਲਾਂ ਇਹਨਾਂ ਨੂੰ ਮਾਲੀ ਸਹਾਇਤਾ ਦੀ ਅਦਾਇਗੀ ਚੈਕ ਰਾਹੀਂ ਕੀਤੀ ਜਾਂਦੀ ਸੀ। ਇਹਨਾਂ ਵਲੋਂ ਸਰਵਾਈਵਲ ਸਰਟੀਫਿਕੇਟ ਨਿਸ਼ਚਿਤ ਸਮੇਂ ਅੰਦਰ ਪ੍ਰਾਪਤ ਨਹੀ ਹੋਇਆ ਸੀ। ਮਿਤੀ 8 ਦਸੰਬਰ, 1986 ਨੂੰ ਇਕ ਪ੍ਰਤੀ-ਬੇਨਤੀ ਮਿਤੀ 3 ਦਸੰਬਰ, 1986 ਜਿਸ ਵਿੱਚ ਮਾਲੀ ਸਹਾਇਤਾ ਦੀ ਅਦਾਇਗੀ ਮਨੀਆਰਡਰ ਰਾਹੀਂ ਕਰਨ ਲਈ ਕਿਹਾ ਗਿਆ ਸੀ ਪ੍ਰਾਪਤ ਹੋਈ ਤੇ ਇਸੇ ਮਿਤੀ ਨੂੰ ਇਹ ਮਾਲੀ ਸਹਾਇਤਾ ਮਨੀਆਰਡਰ ਰਾਹੀਂ ਭੇਜ ਦਿੱਤੀ ਗਈ। ਕੀਤੀ ਬੇਨਤੀ ਅਨੁਸਾਰ ਇਸ ਸੁਤੰਤਰਤਾ ਸੰਗਰਾਮੀ ਦੀ ਮਾਲੀ ਸਹਾਇਤਾ ਅੱਗੇ ਤੋਂ ਮਨੀਆਰਡਰ ਰਾਹੀਂ ਕੀਤੀ ਜਾਣੀ ਹੈ ਜਿਸ ਕਰਕੇ ਦੇਰੀ ਦਾ ਸਵਾਲ ਨਹੀਂ ਪੈਦਾ ਹੁੰਦਾ।

(ਹ) ਹਾਂ ਜੀ। ਲਿਸਟ ਸਦਨ ਦੀ ਮੇਜ਼ ਤੇ ਰੱਖੀ ਗਈ ਹੈ।

(ਕ) ਸ਼ਿਕਾਇਤਾਂ ਤੇ ਕੀਤੀ ਗਈ ਕਾਰਵਾਈ ਬਾਰੇ ਉਪਰੋਕਤ 'ਹ' ਵਿੱਚ ਦਰਸਾਈ ਗਈ ਲਿਸਟ ਵਿੱਚ ਵਰਣਣ ਕੀਤਾ ਗਿਆ ਹੈ।

ਸਰਕਾਰ ਵਲੋਂ ਮਿਤੀ 15 ਅਕਤੂਬਰ, 1986 ਤੋਂ 7 ਦਸੰਬਰ, 1986 ਤੱਕ ਪ੍ਰਾਪਤ ਕੀਤੀਆਂ ਸ਼ਿਕਾਇਤਾਂ ਅਤੇ ਉਨ੍ਹਾਂ ਸਬੰਧੀ ਕੀਤੀ ਗਈ ਕਾਰਵਾਈ ਸਬੰਧੀ ਵੇਰਵਾ।

ਲੜੀ ਨੰ:	ਸੁਤੰਤਰਤਾ ਸੰਗਰਾਮੀ ਦਾ ਨਾਮ ਅਤੇ ਪਤਾ	ਸ਼ਕਾਇਤ ਦਾ ਸਮਾਂ ਅਤੇ ਪ੍ਰਾਪਤ ਹੋਣ ਦੀ ਮਿਤੀ	ਕੇਸ ਸਬੰਧੀ ਸੰਖੇਪ ਵੇਰਵਾ
1	ਸ੍ਰੀ ਗੰਗਾ ਪ੍ਰਸ਼ਾਦ ਖਾਰੇ, 17 ਏ, ਰੇਲਵੇ ਕਵਾਰਟਰਜ਼ ਰੇਲਵੇ ਪੁਲੀਸ ਸਟੇਸ਼ਨ ਦੇ ਪਿੱਛੇ, ਜਲੰਧਰ ਸ਼ਹਿਰ।	4/86 ਤੋਂ 6/1986 7/86 ਤੋਂ 9/1986	ਖਜ਼ਾਨਚੀ, ਪੁੰਣ ਅਰਥ ਜਾਇਦਾਦ ਪੰਜਾਬ ਤੋਂ ਕੀਤੀ ਗਈ ਪੁੱਛ-ਗਿੱਛ ਮੁਤਾਬਕ, 4–6/86 ਦੀ ਮਾਲੀ ਸਹਾਇਤਾ 'ਭਾਰਤ ਛੱਡ ਗਿਆ' ਦੇ ਵੇਰਵੇ ਨਾਲ ਵਾਪਸ ਆ ਗਈ ਸੀ। ਕਾਰਨ ਦੱਸੋ ਨੋਟਿਸ ਮਿਤੀ 20 ਸੰਤਬਰ, 1986 ਨੂੰ ਜਾਰੀ ਕੀਤਾ ਗਿਆ ਜਿਸ ਦਾ ਜਵਾਬ ਉਸ ਨੇ ਇਕ ਮਹੀਨੇ ਦੇ ਮਿਥੇ ਗਏ ਸਮੇਂ ਦੇ ਅੰਦਰ ਦੇ ਦਿੱਤਾ ਸੀ। ਇਸ ਲਈ ਉਸ

ਲੜੀ ਨੰ:	ਸੁਤੰਤਰਤਾ ਸੰਗਰਾਮੀ ਦਾ ਨਾਮ ਅਤੇ ਪਤਾ	ਸ਼ਕਾਇਤ ਦਾ ਸਮਾਂ ਅਤੇ ਪ੍ਰਾਪਤ ਹੋਣ ਦੀ ਮਿਤੀ	ਕੇਸ ਸੰਬੰਧੀ ਸੰਖੇਪ ਵੇਰਵਾ
			ਦੀ ਮਾਲੀ ਸਹਾਇਤਾ 4/86 ਤੋਂ ਸਤੰਬਰ, 1986 ਤੱਕ ਭੇਜ ਦਿੱਤੀ ਗਈ'ਸੀ ਜਿਵੇਂ ਕਿ ਖਜ਼ਾਨਚੀ ਦੀ ਰਿਪੋਰਟ ਮਿਤੀ 11 ਨਵੰਬਰ, 1986 ਵਿਚ ਕਿਹਾ ਗਿਆ ਹੈ।
2	ਸ੍ਰੀ ਸੰਤਾ ਸਿੰਘ ਪੁੱਤਰ ਸ੍ਰੀ ਵੀਰ ਸਿੰਘ, ਪਿੰਡ ਕੋਟਲੀ ਕੰਬੂਆਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ।	28-10-1986	ਖਜ਼ਾਨਚੀ, ਪੁੰਨ ਅਰਥ ਜਾਇਦਾਦ, ਪੰਜਾਬ ਦੀ ਰਿਪੋਰਟ ਮੁਤਾਬਕ, ਉਸ ਦੀ ਸਮਾਂ 4-6/86 ਦੀ ਮਾਲੀ ਸਹਾਇਤਾ 'ਅਜਿਹਾ ਕੋਈ ਆਦਮੀ ਨਹੀਂ' ਦੇ ਵੇਰਵੇ ਨਾਲ ਮਿਤੀ 28 ਜੁਲਾਈ, 1986 ਨੂੰ ਵਾਪਸ ਆ ਗਈ ਸੀ। ਕਾਰਨ ਦੱਸੋ ਨੋਟਿਸ ਮਿਤੀ 6 ਅਗਸਤ, 1986 ਨੂੰ ਜਾਰੀ ਕੀਤਾ ਗਿਆ ਜਿਸ ਦਾ ਜਵਾਬ ਮਿਤੀ 25 ਅਗਸਤ, 1986 ਨੂੰ ਮਿਥੇ ਗਏ ਇਕ ਮਹੀਨੇ ਦੇ ਸਮੇਂ ਦੇ ਅੰਦਰ ਆ ਗਿਆ ਸੀ। ਪ੍ਰੰਤੂ ਉਸ ਦੇ ਪਤੇ ਵਿਚ ਤਬਦੀਲੀ ਕਾਰਨ, ਕੇਸ ਸਰਕਾਰ ਨੂੰ ਭੇਜ ਦਿੱਤਾ ਗਿਆ ਸੀ। ਸਰਕਾਰ ਨੇ ਉਸ ਦੇ ਪਤੇ ਵਿੱਚ ਤਬਦੀਲ ਸਬੰਧੀ ਹੁਕਮ ਮਿਤੀ 16 ਅਕਤੂਬਰ, 1986 ਨੂੰ ਜਾਰੀ ਕੀਤੇ। ਕਿਉਂਕਿ ਉਸ ਦਾ ਜਵਾਬ ਮਿਥੇ ਗਏ ਸਮੇਂ ਦੇ ਅੰਦਰ ਆ ਗਿਆ ਸੀ ਅਤੇ ਸਰਕਾਰ ਵਲੋਂ ਪਤੇ ਵਿੱਚ ਤਬਦੀਲੀ ਦੇ ਹੁਕਮ ਵੀ ਜਾਰੀ ਕਰ ਦਿੱਤੇ ਗਏ ਸਨ,

[ਮੁੱਖ ਮੰਤਰੀ]

ਲੜੀ ਨੰ:	ਸੁਤੰਤਰਤਾ ਸੰਗਰਾਮੀ ਦਾ ਨਾਮ ਅਤੇ ਪਤਾ	ਸ਼ਿਕਾਇਤ ਦਾ ਸਮਾਂ ਅਤੇ ਪ੍ਰਾਪਤ ਹੋਣ ਦੀ ਮਿਤੀ	ਕੇਸ ਸੰਬੰਧੀ ਸੰਖੇਪ ਵੇਰਵਾ
			ਇਸ ਲਈ ਉਸ ਦੀ ਮਾਲੀ ਸਹਾਇਤਾ ਮਿਤੀ 22 ਜਨਵਰੀ, 1986 ਨੂੰ ਮੁੜ ਚਾਲੂ ਕਰ ਦਿੱਤੀ ਗਈ ਸੀ ਅਤੇ ਸਮਾਂ ਅਪ੍ਰੈਲ, 1986 ਤੋਂ ਸਤੰਬਰ, 1986 ਤੱਕ ਉਸ ਨੂੰ ਭੇਜ ਦਿੱਤੀ ਗਈ ਸੀ। ਇਸ ਦੀ ਪ੍ਰਾਪਤੀ ਰਸੀਦ ਖਜ਼ਾਨਚੀ ਦੇ ਦਫਤਰ ਵਿੱਚ ਮੌਜੂਦ ਹੈ।
3	ਸ਼੍ਰੀਮਤੀ ਕੁਲਵੰਤ ਕੌਰ ਵਿਧਵਾ ਸ੍ਰੀ ਸਰਦਾਰ ਸਿੰਘ, ਪਿੰਡ ਜਿਉ-ਬਾਲਾ, ਤਹਿਸੀਲ ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ	ਜੁਲਾਈ-ਸਤੰਬਰ, 1986 ਮਿਤੀ 6/7 ਅਕਤੂਬਰ, 1986	ਮਿਤੀ 27 ਅਕਤੂਬਰ, 1986 ਨੂੰ ਉਸ ਦੀ ਸ਼ਕਾਇਤਾਂ ਇਸ ਦਫਤਰ ਵਿਚ ਪ੍ਰਾਪਤ ਹੋਣ ਤੋਂ ਪਹਿਲਾਂ ਹੀ ਉਸ ਦੀ ਸਮਾਂ 7-9/1986 ਦੀ ਮਾਲੀ ਸਹਾਇਤਾ ਮਨੀ-ਆਰਡਰ ਮਿਤੀ 7 ਅਕਤੂਬਰ, 1986 ਰਾਹੀਂ ਭੇਜੀ ਜਾ ਚੁੱਕੀ ਸੀ।

Punjab Tanneries in District Jalandhar

*700. **Shri Mohinder Singh K. P. :** Will the Minister for Finance be pleased to state—

(a) whether the Government propose to close or give on lease the Punjab Tanneries in District Jalandhar, at present being run by the Government ;

(b) if the reply to part (a) above be in the affirmative the steps which are proposed to be taken tosafeguard the future of the employees working therein ?

ਸਰਦਾਰ ਬਲਵੰਤ ਸਿੰਘ : (ੳ) ਹਾਲ ਦੀ ਘੜੀ ਪੰਜਾਬ ਟੈਨਰੀ ਨੂੰ ਬੰਦ ਕਰਨ ਦਾ ਕੋਈ ਵਿਚਾਰ ਨਹੀਂ ਹੈ ਪਰੰਤੂ ਇਸ ਵਿਚ ਲੱਗੀ ਮਸ਼ੀਨਰੀ ਅਤੇ ਪਲਾਂਟ ਦੀ ਅਨਕੂਲਤਮ ਵਰਤੋਂ ਲਈ ਇਸ ਨੂੰ ਪੱਟੇ ਤੇ ਦੇਣ। ਨਿੱਜੀ ਵਪਾਰੀ ਨਾਲ ਆਪਸੀ ਲਾਭਕਾਰੀ ਮਨਜ਼ੂਰ ਸ਼ਰਤਾਂ ਤੇ ਦੇ ਕੇ ਆਪਣੀ ਪੂੰਜੀ (ਸ਼ੇਅਰ ਹੋਲਡਿੰਗ) ਕੱਢਣ ਦਾ ਵਿਚਾਰ ਹੈ।

(ਅ) ਹਾਂ ਜੀ। ਕੰਪਨੀ ਨੂੰ ਪੱਟੇ ਤੇ ਦੇਣ/ਪੂੰਜੀ ਕਢਣ ਬਾਰੇ ਸਮਝੌਤਾ ਕਰਨ ਸਮੇਂ ਸਬੰਧਤ ਪਾਰਟੀ ਨਾਲ ਪੰਜਾਬ ਟੈਨਰੀ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦੇ ਭਵਿੱਖ ਦੀ ਪੂਰੀ ਰਾਖੀ ਲਈ ਜ਼ਰੂਰੀ ਕਦਮ ਚੁੱਕੇ ਜਾਣਗੇ।

Leather Complex in District Jalandhar

*701. **Shri Mohinder Singh K.P. :** Will the Minister for Finance be pleased to state, whether there is any proposal under the consideration of the Government to construct a leather complex in District Jalandhar, if so, the location thereof and the time by which its construction work is likely to be started ?

ਸਰਦਾਰ ਬਲਵੰਤ ਸਿੰਘ : ਹਾਂ ਜੀ। ਪੰਜਾਬ ਰਾਜ ਚਮੜਾ ਵਿਕਾਸ ਨਿਗਮ ਰਾਹੀਂ ਜਲੰਧਰ ਜ਼ਿਲ੍ਹੇ ਵਿਚ 723 ਏਕੜ ਜ਼ਮੀਨ ਤੇ ਇੱਕ ਲੈਦਰ ਕੰਮਪਲੈਕਸ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ।

ਇਹ ਤਜਵੀਜ਼ ਕੀਤਾ ਸਥਾਨ ਪਿੰਡ ਬਾਵਾਖੇਲ੍ਹ, ਵਰਿਆਨ, ਕੁਟੱਲਪੁਰ, ਬਸਤੀ ਦਾਨਸ਼ਮੰਦਾ ਅਤੇ ਬਸਤੀ ਪੀਰਦਾਦ ਖਾਹ ਵਿੱਚ ਜਲੰਧਰ–ਕਪੂਰਥਲਾ ਅਤੇ ਜਲੰਧਰ–ਨਕੋਦਰ ਸੜਕਾਂ ਵਿਚਕਾਰ ਹੈ। ਇਹ ਜਗ੍ਹਾ ਵਰਤਮਾਨ ਖੇਡਾਂ ਦੇ ਸਮਾਨ ਦੇ ਕੰਪਲੈਕਸ ਦੇ ਨਜ਼ਦੀਕ ਹੈ।

ਇਸ ਦੀ ਪ੍ਰਗਤੀ ਦੇ ਕੰਮ ਜੂਨ, 1987 ਤੱਕ ਸ਼ੁਰੂ ਹੋ ਜਾਣ ਦੀ ਆਸ ਹੈ।

Inspectors etc. in the Police Department

*746. **Shri Shiv Chand Malout :** Will the Chief Minister be pleased state—

(a) the number of the Inspectors, DSPs and SPs in the Police Department promoted since 1st January, 1975 to 28th February, 1987, yearwise and Batchwise ;

(b) the number of the Police Officials belonging to the Scheduled Castes out of those referred to in part (a) above ;

(c) whether the roster of promotion for the said ranks is maintained ; if so, the number of posts of Inspectors, DSPs and SPs carried forward yearwise since 1st January, 1975, if not, the reasons therefor ?

ਸਰਦਾਰ ਸੁਰਜੀਤ ਸਿੰਘ ਬਰਨਾਲਾ: ਲੋੜੀਂਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

[Chief Minister]

INFORMATION

(a) List containing number of Inspectors in the Police Department promoted since 1st January, 1975 to 28th February, 1987 year-wise and Batch-wise.

(b) List containing number of the Police Officials belonging to Scheduled Castes out of those referred to in para (a), above.

(c) List containing the number of posts of Inspectors carried forward year-wise since 1st January, 1975. The information is as follows :—

Year	Batch	No. of Inspectors promoted	No. of Inspectors belonging to SCs promoted out of (a)	No. of posts of Inspectors carried forward	Remarks
	a		b	c	d
1975 ..	15-1-75	49	7	3	The Roster of promotion in the rank of Inspector is maintained The case for de-reservation of reserved points is under action with the Govt. in Welfare Deptt. (ਰੋਸਟਰ ਰਜਿਸਟਰ ਇੰਸਪੈਕਟਰਾਂ ਦੀ ਤਰੱਕੀ ਦਾ ਬਣਿਆ ਹੋਇਆ ਹੈ ਜੀ । ਰਾਖਵੀਆਂ ਆਸਾਮੀਆਂ ਨੂੰ ਡੀ-ਰਿਜ਼ਰਵ ਕਰਾਉਣ ਸਬੰਧੀ ਮਾਮਲਾ ਪੰਜਾਬ ਸਰਕਾਰ ਭਲਾਈ ਵਿਭਾਗ ਦੇ ਵਿਚਾਰ ਅਧੀਨ ਹੈ ਜੀ ।)
1976 ..	..	..	..	..	
1977 ..	19-1-77	79	6	10	
1978 ..	17-2-78	105	6	15	
1979 ..	7-5-79	45	1	8	
1980 ..	15-2-80	22	..	5	
1981 ..	13-8-81	57	2	10	
1982 ..	12-4-82	72	2	13	
1983 ..	1-2-83	30	2	4	
1984 ..	7-3-84 50 14-9-84 27	77	8	8	
1985 ..	1-1-85 70 10-6-85 24 27-9-85 33	127	11	15	
1986 ..	10-4-86 45 30-9-86 26	71	18	2	

(a) List containing number of D.S.Ps in the Police Department promoted since 1st January, 1975 to 28th February, 1987 year-wise and Batch-wise.

(b) List containing number of the Police Officials belonging to the Scheduled Castes out of those referred to in part (a) above.

(c) List containing the number of posts of DSPs carried forward year-wise since 1st January, 1975. The information is as follows :—

Year	Batch		No. of DSPs promoted	No. of DSPs belonging to SCs promoted out of (a)	No. of posts of DSPs carried forward	Remakrs
	a		b		c	d
1975 ..	January May July September	7 1 25 8	41	3	3	The Roster of promotion in rank of DSP is maintained. Out of 25 carried forward vacancies of SCs 13 have already been de-reserved. The case for de-reservation of remaining reserved vacancies is under action with Govt. in Welfare Deptt.
1976 ..	January May	1 1	2	..	..	
1977 ..	February	20)	20	..	3	
1978 ..	February May September	12 9 6	27	2	2	
1979 ..	January March April June August	3 4 2 4 3	16	1	1	
1980 ..	February March April June September October November	7 1 1 3 2 6 1	21	1	2	(ਡੀ.ਐਸ.ਪੀ. ਦੇ ਰੈਂਕ ਵਿਚ ਤਰੱਕੀ ਦਾ ਰੋਸਟਰੋ ਰਜਿਸਟਰ ਬਣਿਆ ਹੋਇਆ ਹੈ । ਕੈਰੀ ਫਾਰਵਰਡ ਕੀਤੀਆਂ 25 ਆਸਾਮੀਆਂ ਵਿਚੋਂ 13 ਪਹਿਲਾਂ ਹੀ ਡੀਰਿਜ਼ਰਵ ਕੀਤੀਆਂ ਜਾ ਚੁੱਕੀਆਂ ਹਨ ; ਬਾਕੀ ਬਣਦੀਆਂ ਰਿਜ਼ਰਵ ਆਸਾਮੀਆਂ ਨੂੰ ਡੀ-ਰਿਜ਼ਰਵ ਕਰਨ ਦਾ ਕੇਸ ਪੰਜਾਬ ਸਰਕਾਰ ਭਲਾਈ ਵਿਭਾਗ ਦੇ ਵਿਚਾਂਰ ਅਧੀਨ ਹੈ ।)
1981 ..	January August October	1 23 5	29	4	..	
1982 ..	May July	15 7	22	1	2	
1983 ..	October	(11)	11	2	..	
1984 ..	May August	27 17	44	2	4	
1985 ..	January March April	15 20 7	22	..	6	
1986 ..	April May July November December	3 23 1 3 9	39	3	2	
1987 ..	February	(1)	1	..	..	

[Chief Minister]

(a) List containing number of SPs in the Police Department promoted since 1st January, 1975 to 28th February, 1987 year-wise and batch-wise.

(b) List containing number of the Police Officers belonging to the Scheduled Castes out of those referred to in part (a) above.

(c) List containing the number of posts of SPs carried forward year-wise since 1st January, 1975. The information is as follows :—

Year	Batch		No. of SPs promoted	No. of SPs belonging to SCs promoted out of (a)	No. of posts of SPs carried forward	Remarks 16
a			b		c	d
1975	January March April June September	3 7 1 1 4	16	3	Nil	There is no reservation for promotion to the rank of SP (Senior Scale) under the All India Service Rules/Guide-lines and as such no roster has been maintained to carry forward the posts of SPs. (ਆਲ ਇੰਡੀਆ ਸਰਵਿਸ ਰੂਲਾਂ/ਗਾਈਡ ਲਾਇਨਾਂ ਅਨੁਸਾਰ ਸ਼ਡੂਲਡ ਕਾਸਟ ਅਫਸਰਾਂ ਦੀ ਰਿਜ਼ਰ-ਵੇਸ਼ਨ ਨਾ ਹੋਣ ਕਾਰਨ ਐਸ. ਪੀ. ਦੇ ਰੈਂਕ ਵਿਚ ਕੋਈ ਰੋਸਟਰ ਰਜਿਸਟਰ ਨਹੀਂ ਬਣਾਇਆ ਗਿਆ ਹੈ ।)
1976	May July August September	1 1 1 2	5	1		
1977	January December	4 1	5	1		
1978	July August	1 3	4	1		
1979-	March August December	2 1 3	6	1		
1980	July	(4)	4	1		
1981	July August December	4 6 1	11	1		
1982	April March May June November	1 2 5 2 1	11	1		
1983	July August December	1 1 1	3	..		
1984	March April June August November December	3 4 2 3 2 3	17	1		
1985	January April	6 10	16	1		
1986	August November	9 1	10	1		
1987	..		..	..		

Starred Question No. 722

(Extension has been asked for in respect of Starred Question No. 722.)

ਅੱਧ ਸਰਕਾਰੀ ਪੱ: ਨੰ: 43/6/87-5 ਸਿ-3/ਸਪਲ.

ਰਾਜ ਮੰਤਰੀ

ਬਲਦੇਵ ਸਿੰਘ ਮਾਨ (ਖੁਰਾਕ ਤੇ ਸਪਲਾਈ ਵਿਭਾਗ, ਪੰਜਾਬ, ਚੰਡੀਗੜ੍ਹ।

ਮਿਤੀ 19 ਮਾਰਚ, 1987

ਵਿਸ਼ਾ : ਤਾਰਾ ਅੰਕਿਤ ਪ੍ਰਸ਼ਨ ਨੰ: 722 ਵਲੋਂ ਸਰਦਾਰ ਸੁਰਿੰਦਰਪਾਲ ਸਿੰਘ ਮਜੀਠਾ, ਐਮ.ਐਲ.ਏ. ਸਰਕਾਰੀ ਹਾਈ ਸਕੂਲ, ਬੱਗਲੀ, ਜ਼ਿਲ੍ਹਾ ਅੰਮ੍ਰਿਤਸਰ।

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦਾ ਸਟਾਰਡ ਸਵਾਲ ਨੰ: 722 ਜੋ ਮਿਤੀ 20 ਮਾਰਚ, 1987 ਨੂੰ ਸਰਦਾਰ ਸੁਰਿੰਦਰਪਾਲ ਸਿੰਘ ਮਜੀਠਾ, ਐਮ.ਐਲ.ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ, ਕਿਉਂਕਿ ਇਸ ਸਬੰਧ ਵਿੱਚ ਕੁੱਝ ਹੋਰ ਸੂਚਨਾਂ ਇਕਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਵਾਲ ਦੇ ਜੁਆਬ ਦੇਣ ਦੀ ਮਿਆਦ ਵਿੱਚ 15 ਦਿਨਾਂ ਦਾ ਵਾਧਾ ਕਰਨ ਦੀ ਕ੍ਰਿਪਾ ਕੀਤੀ ਜਾਵੇ।

ਹਿੱਤੂ

(ਸਹੀ) . . .

(ਬਲਦੇਵ ਸਿੰਘ ਮਾਨ)

ਸਰਦਾਰ ਸੁਰਜੀਤ ਸਿੰਘ ਮਿਨਹਾਸ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

Board for the welfare of freedom fighters

*694 **Sardar Kirpal Singh** (Amritsar): Will the Chief Minister be pleased to state :—

(a) the date on which the present Board for the welfare of freedom fighters was set up together with the names of its members ;

(b) whether it is a fact that the said board has not held any meeting so far, if so, the reasons thereof ;

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਪੰਜਾਬ ਦੇਸ਼ ਭਗਤ (ਸਹਾਇਤਾ ਤੇ ਪੁਨਰਵਾਸ) ਬੋਰਡ ਦੀ ਬਣਤਰ ਮਿਤੀ 12 ਮਾਰਚ, 1986 ਨੂੰ ਕੀਤੀ ਗਈ ਸੀ। ਇਸ ਬੋਰਡ ਦੇ ਮੈਂਬਰਾਂ ਦੇ ਨਾਂ ਹੇਠਾਂ ਲਿਖੇ ਅਨੁਸਾਰ ਹਨ :--

(1) ਸਰਦਾਰ ਸੁਰਜੀਤ ਸਿੰਘ ਬਰਨਾਲਾ, ਮੁੱਖ ਮੰਤਰੀ, ਪੰਜਾਬ ... ਪ੍ਰਧਾਨ

(2) ਸਰਦਾਰ ਬਲਵੰਤ ਸਿੰਘ, ਵਿੱਤ ਮੰਤਰੀ, ਪੰਜਾਬ ... ਪਦਵੀ ਵਜੋਂ ਮੈਂਬਰ

6 [ਮੁੱਖ ਮੰਤਰੀ]

(3) ਸ੍ਰੀ ਨੰਦ ਲਾਲ ਆਹੂਜਾ, ਪ੍ਰਧਾਨ, ਪੰਜਾਬ ਫਰੀਡਮ ਫਾਈਟਰਜ਼ ਐਸੋਸੀਏਸ਼ਨ, ਜੈ ਹਿੰਦ ਬਿਲਡਿੰਗ, ਚੌਕ ਸੈਦਾਂ, ਲੁਧਿਆਣਾ .. ਗੈਰ ਸਰਕਾਰੀ ਮੈਂਬਰ

(4) ਸਰਦਾਰ ਸਜਣ ਸਿੰਘ ਮਰਗਿੰਦਪੁਰੀ, ਪਿੰਡ ਤੇ ਡਾਕਖਾਨਾ ਮਰਗਿੰਦਪੁਰ, ਬਰਾਸਤਾ ਕੱਚਾ ਪੱਕਾ ਤਹਿਸੀਲ ਪੱਟੀ ਜ਼ਿਲ੍ਹਾ ਅੰਮ੍ਰਿਤਸਰ। .. ਉਹੀ

(5) ਸਰਦਾਰ ਦਲੀਪ ਸਿੰਘ ਤਪਿਆਲਾ, ਸਾਬਕਾ ਐਮ.ਐਲ.ਏ., ਰਾਜਾ ਸਾਂਸੀ, ਜ਼ਿਲ੍ਹਾ ਅੰਮ੍ਰਿਤਸਰ। .. ਗੈਰ ਸਰਕਾਰੀ ਮੈਂਬਰ

(6) ਸ੍ਰੀ ਪੀ.ਐਚ. ਵੈਸ਼ਨਵ, ਆਈ.ਏ.ਐਸ., ਮੁੱਖ ਸਕੱਤਰ, ਪੰਜਾਬ ਸਰਕਾਰ .. ਸਰਕਾਰੀ ਮੈਂਬਰ

(ਅ) ਹਾਂ ਜੀ।

ਕਿਉਂਕਿ ਮੈਂਬਰਾਂ ਨੂੰ ਸਰਕਾਰ ਵਲੋਂ ਬੇਨਤੀ ਕਰਨ ਦੇ ਬਾਵਜੂਦ ਬੋਰਡ ਦੀ ਮੀਟਿੰਗ ਵਿੱਚ ਵਿਚਾਰਣ ਲਈ ਮੈਂਬਰਾਂ ਵਲੋਂ ਸਿਵਾਏ ਸਰਦਾਰ ਸੱਜਣ ਸਿੰਘ ਮਰਗਿੰਦਪੁਰੀ ਦੇ ਕੋਈ ਤਜਵੀਜ਼ਾਂ ਪ੍ਰਾਪਤ ਨਹੀਂ ਹੋਈਆਂ।

Misbehaviour of CRPF Personnel in Village Brahampura, District Amritsar

*713 **Sardar Balwinder Singh Bhunder :** Will the Chief Minister be pleased to state:—

(a) whether the Government deputed any higher authorities to enquire into the misbehaviour resorted to by the CRPF personnel against the residents of village Brahampura in District Amritsar ; if so, the details of the enquiry report;

(b) whether the Punjab Government wrote to the Home Ministry, Government of India to take disciplinary action against the CRPF personnel involved in the said incident; if so, the result thereof?

ਸਰਦਾਰ ਸੁਰਜੀਤ ਸਿੰਘ ਬਰਨਾਲਾ (ੳ) ਜੀ ਹਾਂ, ਕੀਤੀ ਪੜਤਾਲ ਤੋਂ ਪਤਾ ਚਲਿਆ ਹੈ ਕਿ ਸੀ.ਆਰ.ਪੀ. ਐਫ. ਦੇ ਜਵਾਨਾਂ ਵਲੋਂ ਦਸੇ ਪਿੰਡ ਵਿਚ ਕੁਲ ਵਧੀਕੀਆਂ ਕੀਤੀਆਂ ਗਈਆਂ ਸਨ।

(ਅ) ਇਸ ਘਟਨਾ ਨਾਲ ਸਬੰਧਤ ਸੀ.ਆਰ.ਪੀ.ਐਫ. ਦੇ ਜਵਾਨਾਂ ਦੇ ਇੰਚਾਰਜ ਐਸਿਸਟੈਂਟ ਕਮਾਂਡੈਂਟ ਨੂੰ ਭਾਰਤ ਸਰਕਾਰ ਨੇ ਮੁਅੱਤਲ ਕਰ ਦਿੱਤਾ ਹੈ। ਰਾਜ ਸਰਕਾਰ ਨੇ ਵੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਬੇਨਤੀ ਕੀਤੀ ਸੀ ਕਿ ਇਸ ਕੇਸ ਵਿਚ ਦੋਸ਼ੀ ਸੀ.ਆਰ.ਪੀ.ਐਫ. ਦੇ ਜਵਾਨ ਪੁੱਛ ਗਿੱਛ ਲਈ ਤਫਤੀਸ਼ ਕਰਤਾ ਅਫਸਰਾਂ ਦੇ ਹਵਾਲੇ ਕੀਤੇ ਸਨ ਅਤੇ ਤਫਤੀਸ਼ ਉਪਰੰਤ ਦੋਸ਼ੀ ਪਾਏ ਜਾਣ ਦੀ ਸੂਰਤ ਵਿਚ ਸੀ.ਆਰ.ਪੀ.ਐਫ. ਦੇ ਜਵਾਨਾਂ ਨੂੰ ਗ੍ਰਿਫਤਾਰ ਕਰਨ ਅਤੇ ਉਨ੍ਹਾਂ ਤੇ ਮੁਕੱਦਮਾ ਚਲਾਉਣ ਦੀ ਪਰਵਾਨਗੀ ਦਿਤੀ ਜਾਵੇ। ਮਾਮਲਾ ਅਜੇ ਪੱਤਰ ਵਿਚਾਰ ਅਧੀਨ ਹੈ।

—

USTARRED QUESTIONS AND ANSWERS

Land with the Gram Panchayat, Samaspura, Block Nawanshahar

94. **Sardar Dilbagh Singh:** Will the Minister of State for Rural Development and Panchayats be pleased to state :—

(a) the total acreage of land with the Gram Panchayat of village Samaspura in Block Nawanshahr, district Jalandhar ;

(b) whether the said panchayat has leased out the said land if so, per acre rate thereof ;

(c) whether any affidavit has been received by the said Panchayat, offering higher bid for the said land;

(d) if the reply to part (c) above be in the affirmative whether the said land has been given to the higher bidder; if not, the reasons therefor?

ਸਰਦਾਰ ਬਲਦੇਵ ਸਿੰਘ ਖਿਆਲਾ : (ੳ) ਪਿੰਡ ਸਮਾਸਪੁਰਾ, ਬਲਾਕ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ ਦੀ ਪੰਚਾਇਤ ਕੋਲ 199 ਏਕੜ, 6 ਕਨਾਲ 1 ਮਰਲਾ ਜ਼ਮੀਨ ਹੈ ਜਿਸ ਵਿਚੋਂ 143 ਏਕੜ 6 ਕਨਾਲ 18 ਮਰਲੇ ਜ਼ਮੀਨ ਵਾਹੀਯੋਗ ਅਤੇ 55 ਏਕੜ, 7 ਕਨਾਲ, 3 ਮਰਲੇ ਗੈਰ ਵਾਹੀਯੋਗ ਹੈ ।

(ਅ) ਹਾਂ ਜੀ, ਉਪਰੋਕਤ ਪੰਚਾਇਤ ਨੇ 143 ਏਕੜ, 6 ਕਨਾਲ, 18 ਮਰਲੇ ਵਾਹੀਜੋਗ ਜ਼ਮੀਨ 52 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਪਿਛਲੇ ਸਾਲ ਦੀ ਤਰ੍ਹਾਂ ਅਦਾਲਤ ਵਲੋਂ ਨਿਯਤ ਕੀਤੀ ਰਕਮ ਦੇ ਅਧਾਰ ਤੇ 7465 ਰੁਪਏ ਵਿਚ ਚਕੋਤੇ ਤੇ ਦਿਤੀ ।

(ੲ) ਨਹੀਂ, ਕਿਸੇ ਵੀ ਵਿਅਕਤੀ ਵਲੋਂ ਉਚੇਰੀ ਬੋਲੀ ਦੇਣ ਦੀ ਪੇਸ਼ਕਸ਼ ਬਾਰੇ ਹਲਫ਼ੀਆ ਬਿਆਨ ਪੰਚਾਇਤ ਨੂੰ ਹਾਸਲ ਨਹੀਂ ਹੋਇਆ ।

(ਸ) ਸਵਾਲ ਹੀ ਪੈਦਾ ਨਹੀਂ ਹੁੰਦਾ ।

Harassment of Employees

95. **Sardar Dilbagh Singh :** Will the Minister for Cooperation be pleased to state:—

(a) whether it is a fact that in reply to question No. 83, dated 15th December, 1986, the Minister concerned assured in the House that the employees making complaint would not be harassed and an enquiry would be conducted into the complaint ;

(b) whether an enquiry has been conducted into the said complaint; if so, the details of the report; if any, received;

(c) whether the employee who made the complaint has been placed under suspension on the basis of complaint by the Officer against whom it was made;

[Sardar Dilbagh Singh]

(d) if the reply to part (c) above be in the affirmative whether the Government proposes to reinstate the said employee and take action against the officer who is responsible for the harassment of the said employee ?

ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ : (ੳ) ਨਹੀਂ ਜੀ ।

(ਅ) ਸਤੋਨੀਮਸ ਸ਼ਕਾਇਤ ਵਿਚ ਚੌਕਸੀ ਵਿਭਾਗ ਵਲੋਂ ਦਰਜ ਕਰਵਾਈ ਐਫ. ਆਈ. ਆਰ. ਦਾ ਹਵਾਲਾ ਹੈ। ਪੁਲਿਸ ਅਧਿਕਾਰੀਆਂ ਤੋਂ ਪਤਾ ਕਰਨ ਤੇ ਪਤਾ ਲਗਾ ਹੈ ਕਿ ਮੁੱਢਲੀ ਪੜਤਾਲ ਕਰਨ ਪਿਛੋਂ ਐਫ. ਆਈ.ਆਰ. ਚੌਕਸੀ ਵਿਭਾਗ ਨੇ ਦਰਜ ਕਰਵਾਈ ਹੈ ਅਤੇ ਮਾਮਲਾ ਜਾਂਚ ਅਧੀਨ ਹੈ । ਇਸ ਲਈ ਕੋਈ ਸਮਾਨਾਂਤਰ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ ।

(ੲ) ਸਵਾਲ ਪੈਦਾ ਨਹੀਂ ਹੁੰਦਾ ।

(ਸ) ਸਵਾਲ ਪੈਦਾ ਨਹੀਂ ਹੁੰਦਾ ।

Mr. Speaker : Now the Finance Minister will present the Budget Estimates for the year 1987-88.

PRESENTATION OF BUDGET ESTIMATES FOR THE YEAR 1987-88

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸ਼੍ਰੀਮਾਨ ਜੀ,

ਆਰੰਭਕ

ਮੈਨੂੰ ਮਾਲੀ ਸਾਲ 1987-88 ਲਈ ਪੰਜਾਬ ਦਾ ਬਜਟ ਇਸ ਮਹਾਨ ਸਦਨ ਅੱਗੇ ਪੇਸ਼ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਜਿਨ੍ਹਾਂ ਦਰਦਨਾਕ ਹਾਲਤਾਂ ਅੰਦਰ ਇਸ ਸਰਕਾਰ ਨੇ ਕਾਰਜਭਾਰ ਸੰਭਾਲਿਆ, ਉਹ ਇਸ ਲਈ ਉਚੇਚੇ ਧਿਆਨ ਦੀ ਮੰਗ ਕਰਦੀਆਂ ਹਨ ਕਿ ਪੰਜਾਬ ਤੇ ਹੋਰ ਥਾਵਾਂ ਤੇ ਕਈ ਵਰਗਾਂ ਦੇ ਲੋਕ ਕੌਮੀ ਮੁੱਖ-ਧਾਰਾ ਵਿਚੋਂ ਨਿਖੜ ਗਏ ਸਨ, ਸੇਵਾਵਾਂ ਵਿੱਚ ਮਨੋਬਲ ਗਿਰ ਚੁੱਕਾ ਸੀ ਅਤੇ ਨਿਹਾਇਤ ਗ਼ੈਰ-ਯਕੀਨੀ ਤੇ ਡਾਵਾਂਡੋਲ ਵਾਤਾਵਰਣ ਪਸਰ ਗਿਆ ਸੀ। ਇਸ ਸਭ ਕੁਝ ਨੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਰਹਿਨਮਾਈ ਅਧੀਨ ਬਣੀ ਸਰਕਾਰ ਦੇ ਸਾਹਮਣੇ ਇਕ ਅਜਿਹੀ ਸਮੱਸਿਆ ਖੜ੍ਹੀ ਕਰ ਦਿੱਤੀ ਜਿਹੜੀ ਵੇਖਣ ਵਿਚ ਭਿਆਨਕ ਤੇ ਹੱਲ ਕਰਨ ਵਿਚ ਜਟਿਲ ਸੀ। ਉਸ ਸਮੇਂ ਜਦੋਂ ਅਸੀਂ ਇਸ ਚੁਣੌਤੀ ਦਾ ਮੁਕਾਬਲਾ ਕਰਨ ਦਾ ਪ੍ਰਣ ਲਿਆ ਤਾਂ ਸਾਡੀਆਂ ਅੱਖਾਂ ਵਿੱਚ ਹੰਝੂ, ਦਿਲਾਂ ਵਿੱਚ ਪੀੜਾਂ ਅਤੇ ਹੋਠਾਂ ਉਤੇ ਅਰਦਾਸ ਸੀ। ਜਿਸ ਹਦ ਤਕ ਪੰਜਾਬ ਦੇ ਵਸੀ-ਲਿਆਂ ਦੇ ਮਾਲੀ ਤੇ ਵਿੱਤੀ ਇੰਤਜ਼ਾਮ ਵਿਚ ਬਰਾਬਰਤਾ ਲਿਆਂਦੀ ਗਈ, ਅਸੀਂ ਉਸ ਤੇ ਯਕੀਨਨ ਮਾਣ ਕਰ ਸਕਦੇ ਹਾਂ। ਪਿਛਲੀ ਸਰਕਾਰ ਤੋਂ ਵਿਰਸੇ ਵਿਚ ਮਿਲੀ ਪੰਜਾਬ ਦੀ ਆਰਥਕਤਾ ਦੀ ਖੜੋਤ ਨੂੰ ਦੂਰ ਕਰਨ, ਰਾਜ ਦੀ ਆਰਥਕਤਾ ਦੇ ਵਾਧੇ ਦੀ ਗਤੀ ਨੂੰ ਬਹਾਲ ਕਰਨ ਅਤੇ ਪੰਜਾਬ ਦੇ ਲੋਕਾਂ ਦੇ ਉਦਮ ਤੇ ਪਹਿਲਕਦਮੀ ਵਿਚ ਨਵੀਂ ਰੂਹ ਦਾ ਸੰਚਾਰ ਕਰਨ ਵਿਚ ਵੀ ਅਸੀਂ ਸਫ਼ਲ ਰਹੇ ਹਾਂ। ਇਹ ਸਾਰਾ ਕੁਝ ਇਸ ਗਲ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ, ਦੇਸ਼ ਭਰ ਵਿਚ ਪ੍ਰਤਿ-ਜੀਅ ਆਮਦਨ ਪੱਖ ਮੁੜ-ਮਾਣ-ਮੱਤਾ ਸਥਾਨ ਪ੍ਰਾਪਤ ਕਰ ਕੇ ਮੋਹਰੀ ਰਾਜ ਬਣ ਗਿਆ ਹੈ । (ਥੰਪਿੰਗ)

ਇਸ ਸ਼ਾਨਦਾਰ ਸਫਲਤਾ ਦੀ ਅਹਿਮੀਅਤ ਹੋਰ ਵੀ ਵੱਧ ਜਾਂਦੀ ਹੈ, ਕਿਉਂ ਜੋ ਪਿਛਲੀਆਂ ਗ਼ੈਰ-ਅਕਾਲੀ ਹਕੂਮਤਾਂ ਦੌਰਾਨ ਰਾਜ ਗਿਰਾਵਟ ਵਾਲੇ ਪਾਸੇ ਜਾਣਾ ਸ਼ੁਰੂ ਹੋ ਗਿਆ ਸੀ। ਇਹ ਸਚਾਈ ਹੀ ਸਾਡੀ ਭਰਪੂਰ ਸਫਲਤਾ ਦੀ ਮੂੰਹ ਬੋਲਦੀ ਤਸਵੀਰ ਹੈ ਕਿ ਅਸੀਂ ਸੱਤਵੀਂ ਯੋਜਨਾ ਅੰਦਰ ਜ਼ਰਾਇਤੀ (ਤਾੜੀਆਂ) ਉਪਜ ਦੇ ਨਿਸ਼ਚਿਤ ਟੀਚੇ, ਯੋਜਨਾ ਦੀ ਮਿਆਦ ਖ਼ਤਮ ਹੋਣ ਤੋਂ ਵੀ ਚਾਰ ਸਾਲ ਪਹਿਲਾਂ ਪ੍ਰਾਪਤ ਕਰ ਲਏ ਹਨ। ਸਾਡੀ ਸਰਕਾਰ ਦੁਆਰਾ ਪੰਜਾਬ ਦੇ ਉਸਾਰੂ ਪ੍ਰਤਿਭਾ ਵਾਲੇ ਲੋਕਾਂ ਨੂੰ ਦਿੱਤੀ ਸਹੀ ਅਗਵਾਈ ਤੇ ਭਰਪੂਰ ਸਹਿਯੋਗ ਅਤੇ ਸਰਕਾਰੀ ਤੇ ਗੈਰ-ਸਰਕਾਰੀ ਏਜੰਸੀਆਂ ਪ੍ਰਤੀ ਸਿਦਕ ਤੇ ਵਚਨਬੱਧਤਾ ਦੀ ਭਾਵਨਾ ਕਾਰਣ ਸ਼ਾਨਦਾਰ ਸਿੱਟੇ ਨਿਕਲੇ ਹਨ। ਇਥੇ ਮੈਂ ਮਾਣਯੋਗ ਸਦਨ ਦਾ ਧਿਆਨ ਸਾਲ 1986-87 ਲਈ ਦਿਤੇ ਬਜਟ ਭਾਸ਼ਣ ਦੌਰਾਨ ਆਪਣੇ ਇਕ ਪ੍ਰੇਖਣ ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਂ ਕਿਹਾ ਸੀ, "ਇਹ ਇਕ ਬਹੁਤ ਵੱਡੀ ਚਿੰਤਾ ਦੀ ਗੱਲ ਹੈ ਕਿ ਪੰਜਾਬ ਦੀ ਆਰਥਕਤਾ ਦੀ ਵਿਕਾਸ ਦਰ, ਪੰਜਵੀਂ ਪੰਜ ਸਾਲਾ ਯੋਜਨਾ ਨਾਲੋਂ ਛੇਵੀਂ ਪੰਜ ਸਾਲਾ ਯੋਜਨਾ ਦੌਰਾਨ ਲਗਭਗ ਤਿੰਨ ਫ਼ੀ ਸਦੀ ਘਟ ਗਈ ਜਦ ਕਿ ਸਮੁੱਚੇ ਦੇਸ਼ ਵਿਚ ਇਸ ਦਾ ਸਪੱਸ਼ਟ ਵਾਧਾ ਹੋਇਆ ਸੀ।" ਮੈਨੂੰ ਪੂਰਨ ਆਸ ਹੈ ਕਿ ਇਹ ਮਹਾਨ ਸਦਨ ਵੀ ਸਾਡੇ ਇਨ੍ਹਾਂ ਉਪਰਾਲਿਆਂ ਸਦਕਾ ਹੋਈ ਇਸ ਜ਼ਬਰਦਸਤ ਕਾਮਯਾਬੀ ਦੀ ਸ਼ਲਾਘਾ ਕਰੇਗਾ। ਅਸੀਂ ਨਾ ਕੇਵਲ ਆ ਰਹੀ ਕਮੀ ਨੂੰ ਠੱਲ ਪਾ ਕੇ ਇਸ ਧਾਰਾ ਦਾ ਰੁੱਖ ਹੀ ਬਦਲ ਦਿਤਾ ਹੈ ਸਗੋਂ ਪੰਜਾਬ ਰਾਜ ਨੇ ਆਪਣੇ ਤੇਜ਼ਗਾਮੀ ਕਦਮਾਂ ਨਾਲ ਉੱਨਤੀ ਦੇ ਖੇਤਰ ਵਿਚ ਦੇਸ਼ ਭਰ ਅੰਦਰ ਮੁਹਰੀ ਰਾਜ ਬਣ ਕੇ ਆਪਣਾ ਗੌਰਵਮਈ ਸਥਾਨ ਫਿਰ ਪ੍ਰਾਪਤ ਕਰ ਲਿਆ ਹੈ। (ਥੰਪਿੰਗ)

ਸਮੱਸਿਆ ਦਾ ਚਿਰ-ਸਥਾਈ ਹੱਲ

ਇਹ ਸਾਰਾ ਕੁਝ ਕਹਿ ਕੇ ਜੇ ਮੈਂ ਉਨ੍ਹਾਂ ਕਾਰਣਾਂ ਦਾ ਜ਼ਿਕਰ ਨਾ ਕਰਾਂ ਤਾਂ ਆਪਣੇ ਫਰਜ਼ ਦੀ ਪਾਲਣਾ ਵਿਚ ਕੋਤਾਹੀ ਕਰ ਰਿਹਾ ਹੋਵਾਂਗਾ ਜਿਹੜੇ ਵੰਡ ਸਬੰਧੀ ਨਿਆਂ ਦੇ ਸਿਧਾਂਤ ਉਤੇ ਆਧਾਰਿਤ ਇਸ ਸਮਾਜ ਨੂੰ ਵਧੇਰੇ ਖ਼ੁਸ਼ਹਾਲ, ਸ਼ਕਤੀਸ਼ਾਲੀ ਅਤੇ ਸਮਾਨਤਾਵਾਦੀ ਤੇ ਨਿਰਪੱਖ ਬਣਾਉਣ ਪ੍ਰਤਿ ਸਾਡੇ ਧਿਆਨ ਨੂੰ ਘਟਾਉਂਦੇ ਆ ਰਹੇ ਹਨ। ਇਹ ਸਾਡੇ ਵਸੀਲਿਆਂ ਤੇ ਮਾਰੂ ਅਸਰ ਪਾ ਰਹੇ ਹਨ ਅਤੇ ਸਾਡੀਆਂ ਸ਼ਕਤੀਆਂ ਨੂੰ ਕਮਜ਼ੋਰ ਕਰ ਰਹੇ ਹਨ। ਮੇਰਾ ਪੂਰਣ ਵਿਸ਼ਵਾਸ ਹੈ ਕਿ ਜਮਹੂਰੀ ਢਾਂਚੇ ਦੀ ਬਹਾਲੀ ਨਾਲ ਜੋ ਅਸੀਂ ਸ਼ੁਭ ਸ਼ੁਰੂਆਤ ਕੀਤੀ ਹੈ, ਉਸ ਨੂੰ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਅਤੇ ਸਵਰਗਵਾਸੀ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਵਿਚਕਾਰ ਲਹੂ ਨਾਲ ਲਿਖੇ ਪ੍ਰਤਿਗਿਆ-ਪੱਤਰ ਰੂਪੀ ਸਮਝੌਤੇ ਨੂੰ ਅਮਲ ਵਿਚ ਲਿਆ ਕੇ ਹੀ ਪੂਰਾ ਕੀਤਾ ਜਾ ਸਕਦਾ ਹੈ। ਇਹ ਸਮਝੌਤਾ ਹੀ ਇਨ੍ਹਾਂ ਲਮਕਦੀਆਂ ਆ ਰਹੀਆਂ ਸਮੱਸਿਆਵਾਂ ਦਾ ਇਕੋ ਇਕ ਸ਼ਾਂਤਮਈ ਹੱਲ ਹੈ ਅਤੇ ਇਸੇ ਨਾਲ ਹੀ ਪੰਜਾਬ ਨੂੰ "ਭਾਰਤ ਦੀ ਮੁੰਦਰੀ ਦਾ ਨਗ' ਜਿਵੇਂ ਕਿ ਸਾਡੇ ਇਕ ਜੋਸ਼ੀਲੇ ਕਵੀ ਨੇ ਕਿਹਾ ਹੈ, ਬਣਨ ਲਈ ਪੁਖ਼ਤਾ ਬੁਨਿਆਦ ਬੰਨ੍ਹੀ ਜਾ ਸਕਦੀ ਹੈ।

ਮੈਂ ਇਸ ਗੱਲ ਤੇ ਜ਼ੋਰ ਦੇਣਾ ਚਾਹਾਂਗਾ ਕਿ ਜਮਹੂਰੀਅਤ ਦੀਆਂ ਕਦਰਾਂ ਕੀਮਤਾਂ ਦੀ ਪੂਰੀ ਤਰ੍ਹਾਂ ਪਾਲਣਾ ਕਰ ਕੇ ਅਤੇ ਜਮਹੂਰੀ ਢਾਂਚੇ ਅੰਦਰ ਰਹਿ ਕੇ ਅਤੇ ਪੰਜਾਬ ਰਾਜ ਤੇ ਲੋਕਾਂ ਦੀਆਂ ਉਮੰਗਾਂ ਤੇ ਇਨ੍ਹਾਂ ਦੇ ਹੱਕੀ ਹਿਤਾਂ ਪ੍ਰਤਿ ਪੂਰੀ ਤਰ੍ਹਾਂ ਸੰਜੀਦਾ ਤੇ ਸਚੇਤ ਹੋ ਕੇ ਕੇਵਲ ਦੂਰ-ਅੰਦੇਸ਼ੀ ਤੇ ਉਸਾਰੂ ਰਾਜਸੀ ਸੂਝ-ਬੂਝ ਨਾਲ ਹੀ ਪੁਖ਼ਤਾ ਹੱਲ ਲਭਿਆ ਜਾ ਸਕਦਾ ਹੈ। ਪਰ ਬਦਕਿਸਮਤੀ ਨਾਲ ਕੁਝ ਅਜਿਹੀਆਂ ਤਾਕਤਾਂ ਹਨ, ਬੇਸ਼ਕ ਫਿਲਹਾਲ ਉਹ ਨਾਂ-ਮਾਤਰ ਹੀ ਹਨ, ਜਿਹੜੀਆਂ ਲੋਕ-ਰਾਜ ਦੇ ਢਾਂਚੇ ਨੂੰ ਤਹਿਸ ਨਹਿਸ ਕਰਨਾ ਚਾਹੁੰਦੀਆਂ ਹਨ ਅਤੇ ਬਰਬਾਦੀ ਦੀਆਂ ਚਾਹਵਾਨ ਹਨ। ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਇਹ ਤਾਕਤਾਂ ਨਾ ਕੇਵਲ ਇਤਿਹਾਸ ਤੋਂ ਹੀ ਅਣਜਾਣ ਹਨ ਸਗੋਂ ਭਾਰਤ ਦੀ ਏਕਤਾ ਤੇ ਅਖੰਡਤਾ ਦੀ ਅਹਿਮੀਅਤ ਤੋਂ ਵੀ ਸੱਖਣੀਆਂ ਹਨ।

[ਵਿੱਤ ਮੰਤਰੀ]

ਇਸ ਰਾਜਨੀਤਿਕ ਸਥਿੱਤੀ ਦੇ ਕੁਝ ਧੁੰਦਲੇ ਤੱਥ ਵੀ ਹਨ ਜਿਹੜੇ ਰਾਜ ਦੇ ਸਿਆਸੀ ਤੇ ਆਰਥਕ ਮੁੜ-ਸੁਰਜੀਤੀ ਅਤੇ ਕਾਇਆ ਕਲਪ ਲਈ ਰੁਕਾਵਟ ਬਣੇ ਹੋਏ ਹਨ ਅਤੇ ਉਨ੍ਹਾਂ ਦਾ ਹਵਾਲਾ ਰਾਜਪਾਲ ਜੀ ਦੇ ਭਾਸ਼ਣ ਵਿਚ ਪਹਿਲਾਂ ਹੀ ਆ ਚੁਕਾ ਹੈ। ਉਨ੍ਹਾਂ ਦੇ ਵਿਸਥਾਰ ਵਿਚ ਪੈਣ ਦੀ ਬਜਾਏ, ਮੈਂ ਵਸੀਲਿਆਂ ਦੀ ਉਚਿਤ ਵਰਤੋਂ, ਵਿਕਾਸਾਤਮਕ ਕਾਰਜਾਂ ਨੂੰ ਵੱਧ ਤੋਂ ਵੱਧ ਤੇਜ਼ ਕਰਨ ਅਤੇ ਆਰਥਕਤਾ ਦੇ ਪ੍ਰਬੰਧ ਲਈ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਅਤੇ ਨੀਤੀਆਂ ਬਣਾਉਣ ਦਾ ਜ਼ਿਕਰ ਕਰਨਾ ਚਾਹਾਂਗਾ।

ਮੈਂ ਪਿਛਲੇ ਸਾਲ ਦੇ ਆਪਣੇ ਬਜਟ ਭਾਸ਼ਣ ਵਿਚ ਖ਼ਸਤਾ ਵਿੱਤੀ ਹਾਲਤ ਤੇ ਮਾਲੀ ਬਦ-ਇੰਤਜ਼ਾਮੀ ਦੇ ਕਾਰਨ ਲਭਣ ਅਤੇ ਉਨ੍ਹਾਂ ਨੂੰ ਦੂਰ ਕਰਨ ਤੇ ਮੁੱਖ ਜ਼ੋਰ ਦਿੱਤਾ ਸੀ। ਇਹ ਮਹਾਨ ਸਦਨ ਇਸ ਗਲ ਦੀ ਸ਼ਲਾਘਾ ਕਰੇਗਾ ਕਿ ਇਸ ਪਾਸੇ ਵੱਲ ਉਠਾਏ ਸਹੀ ਕਦਮਾਂ ਸਦਕਾ, ਅਸੀਂ 610 ਕਰੋੜ ਰੁਪਏ ਦੀ ਯੋਜਨਾ ਲਾਗੂ ਕਰਨ ਲਈ ਵਸੀਲੇ ਇਕੱਤਰ ਕਰਨ ਵਿਚ ਸਫ਼ਲ ਹੋਏ ਹਾਂ।

ਪੰਜਾਬ ਦੇ ਆਰਥਕ ਢਾਂਚੇ ਵਿਚ ਅਸੰਤੁਲਨ

ਇਸ ਸਾਲ ਮੇਰਾ ਮੁੱਖ ਕੰਮ ਪੰਜਾਬ ਦੇ ਆਰਥਕ ਢਾਂਚੇ ਵਿਚਲੇ ਬੁਨਿਆਦੀ ਅਸੰਤੁਲਨ ਵੱਲ ਧਿਆਨ ਦੇਣਾ, ਇਸ ਦੀ ਪ੍ਰਗਤੀ ਤੇ ਵਿਕਾਸ ਦੇ ਅੰਦਰੂਨੀ ਆਵੇਗ ਨੂੰ ਮੁੜ-ਸੁਰਜੀਤ ਕਰਨਾ ਅਤੇ ਇਸ ਨੂੰ ਵਧੇਰੇ ਗਤੀਸ਼ੀਲ ਬਣਾਉਣਾ ਹੈ।

ਜ਼ਰਾਇਤੀ ਅਤੇ ਸੱਨਅਤੀ ਸੈਕਟਰਾਂ ਵਿਚਕਾਰ ਅਸੰਤੁਲਨ ਪੰਜਾਬ ਦੀ ਆਰਥਕਤਾ ਦਾ ਇਕ ਅਹਿਮ ਲੱਛਣ ਰਿਹਾ ਹੈ। ਇਹ ਅਸੰਤੁਲਨ ਹਰੇ ਇਨਕਲਾਬ ਨਾਲ ਹੋਰ ਵੀ ਵਧਿਆ ਹੈ, ਜਿਸ ਨੇ ਖ਼ਾਸ ਤੌਰ ਤੇ ਦਿਹਾਤੀ ਖੇਤਰ ਵਿਚ ਸਮਾਜਕ, ਆਰਥਕ ਅਤੇ ਰਾਜਨੀਤਕ ਤਣਾਅ ਪੈਦਾ ਕਰ ਦਿੱਤਾ ਹੈ। ਦਿਹਾਤੀ ਯੁਵਕਾਂ ਦੀ ਬੇਚੈਨੀ, ਚਾਹੇ ਇਸ ਨੇ ਸੱਤਵੇਂ ਦਹਾਕੇ ਦੇ ਪਿਛਲੇ ਸਾਲਾਂ ਵਿਚ ਅਤੇ ਅੱਠਵੇਂ ਦਹਾਕੇ ਦੇ ਆਰੰਭਕ ਸਾਲਾਂ ਵਿਚ ਨਕਸਲਵਾੜੀ ਲਹਿਰ ਦਾ ਰੂਪ ਧਾਰਨ ਕੀਤਾ ਜਾਂ ਪਿਛਲੇ ਕੁਝ ਸਾਲਾਂ ਦੌਰਾਨ ਇਸ ਨੇ ਦਰਦਨਾਕ ਘਟਨਾਵਾਂ ਵਾਲੀ ਸੂਰਤ ਅਖ਼ਤਿਆਰ ਕਰ ਲਈ, ਦਾ ਕੁਝ ਹੱਦ ਤਕ ਕਾਰਨ ਇਹ ਹੈ ਕਿ ਇਨ੍ਹਾਂ ਤਣਾਵਾਂ ਨੂੰ ਪਹਿਲਾਂ ਬੁਰੀ ਤਰ੍ਹਾਂ ਨਜ਼ਰ-ਅੰਦਾਜ਼ ਕੀਤਾ ਗਿਆ ਅਤੇ ਇਹ ਬੇਚੈਨੀ ਅੱਗੇ ਜਾ ਕੇ ਰਾਜ ਦੇ ਮਹੱਤਵਪੂਰਣ ਹਿੱਤਾਂ ਨਾਲ ਸਬੰਧਤ ਦੂਜੇ ਪ੍ਰਮੁੱਖ ਮਸਲਿਆਂ ਵਿਚ ਰਲ-ਗੱਲਡ ਹੋ ਗਈ। ਜਦੋਂ ਕਿ ਪੰਜਾਬ, ਦੇਸ਼ ਦੇ ਫ਼ਸਲ ਅਧੀਨ ਕੁਲ ਰਕਬੇ ਦੇ ਤਿਨ ਫ਼ੀ ਸਦੀ ਖੇਤਰ 'ਚੋਂ ਕੇਂਦਰੀ ਪੂਲ ਵਿਚ ਕਣਕ ਲਈ 60 ਫ਼ੀ ਸਦੀ ਅਤੇ ਚਾਵਲ ਲਈ 40 ਫ਼ੀ ਸਦੀ ਯੋਗਦਾਨ ਦੇ ਕੇ ਵਾਜਬ ਫ਼ਖ਼ਰ ਕਰ ਸਕਦਾ ਹੈ, ਪਰ ਇਹ ਗੈਰ-ਜ਼ਰਾਇਤੀ ਸੈਕਟਰ ਵਿਚ ਪੜ੍ਹੇ-ਲਿਖੇ ਜਾਂ ਹੋਰ ਬੇਰੋਜ਼ਗਾਰ ਯੁਵਕਾਂ ਦੇ ਸਮੂਹ ਨੂੰ ਖਪਾਉਣ ਲਈ ਕੋਈ ਆਰਥਕ ਵਸੀਲੇ ਪੈਦਾ ਕਰਨ ਵਿਚ ਜ਼ਾਹਰਾ ਤੌਰ ਤੇ ਅਸਫਲ ਹੀ ਰਿਹਾ ਹੈ। ਅਸਲੀਅਤ ਇਹ ਹੈ ਕਿ ਪੰਜਾਬ ਅੰਦਰ ਸਨਅੱਤੀ ਉਤਪਾਦਨ, ਰਾਜ ਦੀ ਨਿਰੋਲ ਸਥਾਨਕ ਉਪਜ ਦੇ 12 ਫ਼ੀ ਸਦੀ ਤੋਂ ਵੀ ਘਟ ਹੈ, ਜੋ ਕਿ ਵਾਫ਼ਰ ਜਨ ਸ਼ਕਤੀ ਨੂੰ ਖਪਾਉਣ ਲਈ ਬਿਲਕੁਲ ਹੀ ਨਾਕਾਫ਼ੀ ਹੈ। ਇਸ ਤੋਂ ਪੰਜਾਬ ਦੇ ਆਰਥਕ ਢਾਂਚੇ ਵਿਚ ਨਾਜ਼ੁਕ ਅਸੰਤੁਲਨ ਦਾ ਪਤਾ ਲਗਦਾ ਹੈ, ਜਿਸ ਬਾਰੇ ਘਟ ਰਹੇ ਅਵਸਰਾਂ ਦੇ ਹੁੰਦੇ ਹੋਏ ਵਧੇਰੀਆਂ ਆਸ਼ਾਵਾਂ ਦਾ ਚਰਚਾ ਹੈ।

ਵੱਡੇ ਪੈਮਾਨੇ ਦੀਆਂ ਸਨਅੱਤਾਂ ਦੀ ਲੋੜ

ਸਨਅੱਤੀ ਸੈਕਟਰ ਵਿਚ ਇਕ ਪਾਸੇ ਵੱਡੀਆਂ ਤੇ ਦਰਮਿਆਨੀਆਂ ਸਨਅੱਤਾਂ ਅਤੇ ਦੂਜੇ ਪਾਸੇ ਛੋਟੀਆਂ ਸਨਅੱਤਾਂ ਵਿਚਕਾਰ ਵੀ ਅਸੰਤੁਲਨ ਹੈ। 1985-86 ਦੇ ਅੰਤ ਤੇ ਛੋਟੀਆਂ ਸਨਅੱਤਾਂ ਨੇ

ਵੱਡੀਆਂ ਅਤੇ ਦਰਮਿਆਨੀਆਂ ਸਨਅੱਤਾਂ ਤੋਂ 3.5 ਗੁਣਾਂ ਵੱਧ (1,68,000 ਦੇ ਮੁਕਾਬਲੇ 5,90,000) ਵਿਅਕਤੀ ਰੋਜ਼ਗਾਰ ਤੇ ਲਾਏ ਅਤੇ ਇਸ ਦਾ ਇਸ ਸਾਲ ਦਾ ਉਤਪਾਦਨ (1,439 ਕਰੋੜ ਰੁਪਏ) ਵੱਡੀਆਂ ਤੇ ਦਰਮਿਆਨੀਆਂ ਸਨਅੱਤਾਂ ਦੇ (1,530 ਕਰੋੜ ਰੁਪਏ ਦੀ) ਉਤਪਾਦਨ ਦੇ ਨੇੜੇ ਜਾ ਪੁੱਜਾ। ਵੱਡੀਆਂ ਤੇ ਦਰਮਿਆਨੀਆਂ ਸਨਅੱਤਾਂ ਦਾ ਘੱਟ-ਪੱਧਰੀ ਵਿਕਾਸ ਹੀ, ਛੋਟੀਆਂ ਸਨਅੱਤਾਂ ਦੇ ਮਾਡਰਨਾਈਜ਼ੇਸ਼ਨ, ਅਪਗ੍ਰੇਡੇਸ਼ਨ ਅਤੇ ਐਨਸਿਲਰਾਈਜ਼ੇਸ਼ਨ, ਜੋ ਕਿ ਇਨ੍ਹਾਂ ਦੇ ਤੇਜ਼ ਵਿਕਾਸ, ਕਾਰਜਕੁਸ਼ਲਤਾ ਤੇ ਉਤਪਾਦਕਤਾ ਲਈ ਲਾਜ਼ਮੀ ਹੈ, ਦੇ ਰਾਹ ਵਿਚ ਵੱਡਾ ਰੋੜਾ ਹੈ।

ਇਹ ਹੋਰ ਵੀ ਅਫ਼ਸੋਸਨਾਕ ਗੱਲ ਹੈ ਕਿ ਪੰਜਾਬ ਦੇ ਤੇਜ਼ ਤੇ ਵੰਨ-ਸੁਵੰਨੇ ਉਦਯੋਗੀਕਰਣ ਲਈ ਨਾ ਤਾਂ ਕੇਂਦਰੀ ਸਰਕਾਰ ਨੇ ਚੋਖੀ ਲਾਗਤ ਵਾਲੇ ਕੋਈ ਸਥਾਈ ਪ੍ਰਾਜੈਕਟ ਹੀ ਦਿਤੇ ਹਨ ਤੇ ਨਾ ਹੀ ਉਦਯੋਗਪਤੀਆਂ ਨੇ ਹੀ ਇਸ ਪੁਰਾਣੀ ਮਰਜ਼ ਦਾ ਕੋਈ ਮੁਨਾਸਬ ਇਲਾਜ ਲੱਭਣ ਦਾ ਉਪ-ਰਾਲਾ ਕੀਤਾ ਹੈ। ਇਹ ਦਲੀਲ, ਕਿ ਪੰਜਾਬ ਰਾਜ ਇਕ ਸਰਹੱਦੀ ਰਾਜ ਹੋਣ ਕਰ ਕੇ ਵੱਡੇ ਉਦ-ਯੋਗਪਤੀ ਇੱਥੇ ਚੋਖਾ ਸਰਮਾਇਆ ਲਾਉਣ ਤੋਂ ਗਰੇਜ਼ ਕਰਦੇ ਹਨ, ਕੋਈ ਸਾਰਥਕ ਨਹੀ, ਕਿਉਂ ਜੋ ਪਹਿਲੀ ਗੱਲ ਤਾਂ ਇਹ ਕਿ ਰੱਖਿਆ ਤਕਨਾਲੋਜੀ ਵਿਚ ਭਾਰੀ ਪਰਿਵਰਤਨ ਆਉਣ ਨਾਲ ਅਜਿਹੀ ਦਲੀਲ ਕੋਈ ਮਾਅਨੇ ਨਹੀ ਰਖਦੀ, ਦੂਜੇ ਦੇਸ਼ ਦੇ ਇਸ ਤਰ੍ਹਾਂ ਦੇ ਹੀ ਨਾਜ਼ਕ ਹੋਰਨਾਂ ਰਾਜਾਂ ਅੰਦਰ ਤੇਜ਼ੀ ਨਾਲ ਅਤੇ ਵੱਡੇ ਪੈਮਾਨੇ ਤੇ ਹੋ ਰਹੇ ਉਦਯੋਗੀਕਰਣ ਦੀ ਚਾਲ ਵਿਚ ਤਾਂ ਕੋਈ ਫ਼ਰਕ ਨਹੀਂ ਪਿਆ। ਪੰਜਾਬ ਦੀ ਸਮੱਸਿਆ ਦਾ ਅਤਿਅੰਤ ਅਸਰਦਾਰ ਹੱਲ, ਰਾਜ ਦੇ ਤੇਜ਼ ਤੇ ਤੀਬਰ ਉਦਯੋਗੀ-ਕਰਣ ਲਈ ਤੁਰੰਤ ਤੇ ਭਰਪੂਰ ਸਰਮਾਇਆ ਜੁਟਾਉਣ ਵਿਚ ਹੀ ਹੈ।

ਰਾਜੀਵ-ਲੌਂਗੋਵਾਲ ਯੋਜਨਾ

ਅੱਜ ਅਸੀਂ ਜਿਸ ਇਤਿਹਾਸਕ ਮੋੜ ਤੇ ਖੜ੍ਹੇ ਹਾਂ, ਭਾਰਤੀ ਰਾਜ-ਵਿਵਸਥਾ ਦੇ ਜਿਸ ਸੰਕਟ ਦਾ ਅਸੀਂ ਸਾਹਮਣਾ ਕਰ ਰਹੇ ਹਾਂ, ਜਿਸ ਅੰਦਰੂਨੀ ਤਣਾਅ ਤੇ ਖਿੱਚੋਤਾਣ ਨਾਲ ਸਾਨੂੰ ਦੋ ਚਾਰ ਹੋਣਾ ਪੈ ਰਿਹਾ ਹੈ, ਇਹ ਸਾਰਾ ਕੁਝ ਪੰਜਾਬ ਨੂੰ ਮੁੜ ਆਪਣੇ ਪੈਰਾਂ ਤੇ ਖੜ੍ਹਾ ਕਰਨ ਲਈ ਅਤੇ ਇਸ ਦੀ ਮੁੜ ਉਸਾਰੀ ਲਈ ਰਾਜੀਵ-ਲੌਂਗੋਵਾਲ ਯੋਜਨਾ ਦੀ ਮੰਗ ਕਰਦਾ ਹੈ। ਪੰਜਾਬ ਦੀਆਂ ਜਿੰਨੀਆਂ ਵੀ ਸਮਰੱਥਾਵਾਂ ਅਤੇ ਸੰਭਾਵਨਾਵਾਂ ਨੂੰ ਵਿਕਸਤ ਹੋਣ ਦਾ ਜਿੰਨਾਂ ਵੀ ਸਹੀ ਅਵਸਰ ਦਿਤਾ ਜਾਵੇਗਾ, ਭਾਰਤ ਉਨਾਂ ਹੀ ਅਮੀਰ ਹੋਵੇਗਾ। ਆਮ ਪੰਜ ਸਾਲਾ ਯੋਜਨਾ ਤੋਂ ਇਲਾਵਾ, ਘਟੋ ਘੱਟ 2,500 ਕਰੋੜ ਰੁਪਏ ਦੀ ਇਸ ਯੋਜਨਾ ਨੂੰ, ਅਗਲੇ ਕੁਝ ਸਾਲਾਂ ਵਿਚ ਹੀ ਲਾਗੂ ਕਰਨ ਲਈ ਹੱਥ ਵਿਚ ਲਿਆ ਜਾਣਾ ਚਾਹੀਦਾ ਹੈ। ਮੈਨੂੰ ਯਕੀਨ ਹੈ ਕਿ ਪੰਜਾਬ ਦੇ ਸਰੀਰਕ, ਭਾਵਕ ਅਤੇ ਮਾਨਸਿਕ ਜ਼ਖਮਾਂ ਤੋਂ ਇਸ ਦੀ ਛੇਤੀ ਰਿਹਾਈ ਦੇ ਚਾਹਵਾਨ ਸਮੂਹ ਵਰਗਾਂ ਦੇ ਲੋਕ ਸਾਡੀ ਇਸ ਯੋਜਨਾ ਦਾ ਨਿਘਾ ਸਆਗਤ ਕਰਨਗੇ।

ਨੌਵਾਂ ਵਿੱਤ ਕਮਿਸ਼ਨ

ਇਨ੍ਹਾਂ ਗਰਮੀਆਂ ਵਿਚ ਨੌਵਾਂ ਵਿਤ ਕਮਿਸ਼ਨ ਸਥਾਪਤ ਕੀਤਾ ਜਾਣਾ ਹੈ। ਇਹ ਕੇਂਦਰ-ਰਾਜ ਵਿੱਤੀ ਸਬੰਧਾਂ ਬਾਰੇ ਪੰਜਾਬ ਦੀਆਂ ਲੰਮੇ ਸਮੇਂ ਤੋਂ ਲਮਕਦੀਆਂ ਆ ਰਹੀਆਂ ਸ਼ਿਕਾਇਤਾਂ ਦੂਰ ਕਰਨ ਲਈ ਇਕ ਅਵਸਰ ਪ੍ਰਦਾਨ ਕਰੇਗਾ, ਜਿਸ ਨਾਲ ਪਿਛੇ ਜਿਹੇ ਰਾਜ ਦੇ ਵਿਤ ਨੂੰ ਹੋਏ ਹਰਜਿਆਂ ਦੀ ਤਲਾਫ਼ੀ ਹੋਵੇਗੀ ਅਤੇ ਰਾਜ ਮੁੜ ਵਿਤੀ ਮਜ਼ਬੂਤੀ ਪ੍ਰਾਪਤ ਕਰ ਸਕੇਗਾ।

[ਵਿੱਤ ਮੰਤਰੀ]

ਕੇਂਦਰ ਰਾਜ ਵਿੱਤੀ ਸਬੰਧ

ਕੇਂਦਰ-ਰਾਜ ਸਬੰਧਾਂ ਦੀ ਸੁਯੋਗ ਪ੍ਰਣਾਲੀ ਦੀਆਂ ਦੋ ਲਾਜ਼ਮੀ ਲੋੜਾਂ ਇਹ ਹਨ (i) ਸਰਕਾਰ ਨੂੰ ਹਰੇਕ ਪੱਧਰ ਤੇ ਸੰਵਿਧਾਨ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਲੋੜੀਂਦੇ ਵਿੱਤੀ ਸਾਧਨਾਂ ਦੇ ਸਬੰਧ ਵਿਚ, ਜੇ ਪੂਰਣ ਤੌਰ ਤੇ ਨਹੀਂ, ਤਾਂ ਕਾਫ਼ੀ ਹਦ ਤਕ ਆਤਮ-ਨਿਰਭਰ ਹੋਣਾ ਚਾਹੀਦਾ ਹੈ ਅਤੇ (ii) ਰਾਜਾਂ ਨੂੰ ਕੇਂਦਰ ਤੋਂ ਜੋ ਵੀ ਵਿੱਤੀ ਤਬਾਦਲੇ ਕੀਤੇ ਜਾਣੇ ਜ਼ਰੂਰੀ ਹੋਣ ਉਹ ਰਾਜਾਂ ਨੂੰ ਮੁਆਵਜ਼ੇ ਅਤੇ ਮੁੜ-ਵੰਡ ਸਿਧਾਤਾਂ ਦੇ ਵਿਚਕਾਰ ਸਹੀ ਸੰਤੁਲਨ ਦੇ ਆਧਾਰ ਤੇ ਹੀ ਐਲੋਕੇਟ ਕੀਤੇ ਜਾਣੇ ਚਾਹੀਦੇ ਹਨ। ਸਰਕਾਰ ਦੀ ਇਕ ਪੱਧਰ ਦੀ, ਦੂਜੀ ਪੱਧਰ ਤੇ ਬੇਹੱਦ ਵਿੱਤੀ ਨਿਰਭਰਤਾ ਪਹਿਲੇ ਦੀ ਅਥਾਰਟੀ ਅਤੇ ਕਾਰਗੁਜ਼ਾਰੀ ਨੂੰ ਅਵੱਸ਼ ਢਾਹ ਲਾਉਂਦੀ ਹੈ, ਜਿਸ ਦੇ ਫਲਸਰੂਪ ਬੁਨਿਆਦੀ ਢਾਂਚਾ ਵਿਗੜਦਾ ਹੈ, ਜਿਸ ਤੋਂ ਅਵੱਸ਼ ਬਚਣਾ ਚਾਹੀਦਾ ਹੈ। ਮੁਆਵਜ਼ੇ ਵਾਲੇ ਸਿਧਾਂਤ ਅਧੀਨ ਵੰਡਣ ਯੋਗ ਕੇਂਦਰੀ ਟੈਕਸਾਂ ਜਾਂ ਤਬਾਦਲੇ ਯੋਗ ਹੋਰ ਆਮਦਨਾਂ ਵਿਚ ਰਾਜਾਂ ਦਾ ਆਪਣਾ ਆਪਣਾ ਹਿੱਸਾ, ਇਨ੍ਹਾਂ ਆਮਦਨਾਂ ਵਿਚ ਉਨ੍ਹਾਂ ਰਾਜਾਂ ਦੇ ਆਪੋ ਆਪਣੇ ਕੰਟਰੀਬਿਊਸ਼ਨਾਂ ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ। ਇਸ ਦੇ ਉਲਟ, ਮੁੜ-ਵੰਡ ਦਾ ਸਿਧਾਂਤ ਮੁਕਾਬਲਤਨ ਘੱਟ ਆਮਦਨ ਵਾਲੇ ਰਾਜਾਂ ਨੂੰ ਵਾਜਬ ਅਹਿਮੀਅਤ ਦਿੰਦਾ ਹੈ ਤਾਂ ਜੋ ਉਹ ਆਪਣੇ ਕੰਟਰੀਬਿਊਸ਼ਨ ਦੇ ਅਨੁਪਾਤ ਤੋਂ ਵੱਧ ਪ੍ਰਾਪਤ ਕਰ ਸਕਣ। ਮੁਆਵਜ਼ਾਂ ਅਤੇ ਮੁੜ-ਵੰਡ ਦੇ ਸਿਧਾਂਤਾਂ ਦਾ ਵਾਜਬ ਸੁਮੇਲ, ਉੱਨਤ ਅਤੇ ਮੁਕਾਬਲਤਨ ਪੱਛੜੇ ਰਾਜਾਂ ਦੇ ਕਲੇਮਾਂ ਵਿਚਕਾਰ ਸੁਯੋਗ ਸੰਤੁਲਨ ਨੂੰ ਯਕੀਨੀ ਬਣਾਉਂਦਾ ਹੈ। ਜੇ ਅੰਤਰ-ਰਾਜੀ ਵੰਡ ਵਿਚ ਮੁਆਵਜ਼ੇ ਦੇ ਸਿਧਾਂਤ ਤੇ ਬਹੁਤ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ ਤਾਂ ਪੱਛੜ ਰਾਜ ਹੋਰਨਾਂ ਰਾਜਾਂ ਦੇ ਨਾਲ ਬਰਾਬਰ ਖੜ੍ਹੇ ਹੋਣ ਲਈ ਆਪਣੇ ਯਤਨਾਂ ਵਿਚ ਨਿਰਾਸ਼ਾ ਮਹਿਸੂਸ ਕਰਨਗੇ ਅਤੇ ਵਿਕਾਸ ਵਿਚ ਲਗਾਤਾਰ ਗੰਭੀਰ ਅੰਤਰ-ਰਾਜੀ ਅਸਮਾਨਤਾ ਰਾਸ਼ਟਰੀ ਏਕਤਾ ਤੇ ਬੁਰਾ ਅਸਰ ਪਾਵੇਗਾ। ਦੂਜੇ ਪਾਸੇ ਜੇ ਵੰਡ ਫਾਰਮੂਲਾ ਕੇਵਲ ਮੁੜ-ਵੰਡ ਦੇ ਸਿਧਾਂਤ ਤੇ ਹੀ ਨਿਰਭਰ ਕਰਦਾ ਹੈ ਤਾਂ ਵਧੇਰੇ ਉੱਦਮਸ਼ੀਲ ਅਤੇ ਵਿੱਤੀ ਤੌਰ ਤੇ ਅਨੁ-ਸ਼ਾਸਤ ਰਾਜਾਂ ਨੂੰ ਸਜ਼ਾ ਦੇਣਾ ਹੋਵੇਗਾ ਅਤੇ ਆਰਥਿਕਤਾ ਦੇ ਸਮੁੱਚੇ ਵਿਕਾਸ ਤੇ ਨਾਵਾਜਬ ਬੋਝ ਪਏਗਾ, ਜਿਸ ਨਾਲ ਅੰਤ ਵਿਚ ਕਿਸੇ ਵੀ ਰਾਜ ਨੂੰ ਇਸ ਵਿਧੀ ਤੋਂ ਲਾਭ ਨਹੀਂ ਪੁਜੇਗਾ। ਇਸ ਦਾ ਝੁਕਾਉ ਰਾਸ਼ਟਰੀ ਏਕਤਾ ਨੂੰ ਨੁਕਸਾਨ ਪਹੁੰਚਾਉਣ ਵਲ ਵੀ ਹੋਵੇਗਾ। ਮੁਆਵਜ਼ੇ ਅਤੇ ਮੁੜ-ਵੰਡ ਦੇ ਸਿਧਾਂਤਾਂ ਵਿਚਕਾਰ ਵਾਜਬ ਸੁਮੇਲ, ਉਪਲੱਬਧ ਕੇਂਦਰੀ ਸਾਧਨਾਂ ਦੀ ਅੰਤਰ-ਰਾਸ਼ਟਰੀ ਐਲੋ-ਕੇਸ਼ਨ ਦੀ ਨਰੋਈ ਪ੍ਰਣਾਲੀ ਵਾਸਤੇ ਬਹੁਤ ਜ਼ਰੂਰੀ ਹੈ। ਕੇਂਦਰ-ਰਾਜ ਸਬੰਧਾਂ ਦੀ ਮੌਜੂਦਾ ਪ੍ਰਣਾਲੀ, ਨਰੋਈ ਪ੍ਰਣਾਲੀ ਦੇ ਕਿਸੇ ਵੀ ਸਿਧਾਂਤ ਤੇ ਪੂਰੀ ਨਹੀਂ ਉਤਰਦੀ।

ਪਿਛਲੇ ਕਈ ਸਾਲਾਂ ਵਿੱਚ, ਰਾਜ ਆਪਣੇ ਮਾਲ ਅਤੇ ਪੂੰਜੀਗਤ ਖ਼ਰਚ ਲਈ ਕੇਂਦਰ ਤੋਂ ਸਾਧਨਾਂ ਦੇ ਤਬਾਦਲੇ ਲਈ ਦਿਨ-ਬ-ਦਿਨ ਵਧੇਰੇ ਨਿਰਭਰ ਹੋ ਰਹੇ ਹਨ। ਜਿਸ ਦੇ ਫਲਸਰੂਪ ਸੰਵਿਧਾਨ ਦੁਆਰਾ ਉਨ੍ਹਾਂ ਨੂੰ ਮੂਲ ਤੌਰ ਤੇ ਸੌਂਪੇ ਗਏ ਵਿਸ਼ਿਆਂ ਸਬੰਧੀ ਉਨ੍ਹਾਂ ਦੀ ਅਥਾਰਟੀ, ਜ਼ਿੰਮੇਵਾਰੀ ਅਤੇ ਕੰਮ ਕਰਨ ਦੀ ਆਜ਼ਾਦੀ ਨੂੰ ਚੋਖੀ ਢਾਹ ਲੱਗੀ ਹੈ। ਫੈਡਰਲ ਢਾਂਚੇ ਵਿਚ ਰਾਜਾਂ ਦਾ ਰੋਲ, ਜਿਵੇਂ ਕਿ ਸੰਵਿਧਾਨ ਵਿਚ ਨਿਰੂਪਤ ਕੀਤਾ ਗਿਆ ਹੈ, ਦਿਨ-ਬ-ਦਿਨ ਘਟਦਾ ਹੀ ਜਾ ਰਿਹਾ ਹੈ। ਭਾਰਤ, ਪ੍ਰਤੱਖ ਤੌਰ ਤੇ, ਫੈਡਰਲ ਢਾਂਚੇ ਦੀ ਸੰਵਿਧਾਨਕ ਧਾਰਨਾਂ ਤੋਂ ਦੂਰ ਹੁੰਦਾ ਜਾ ਰਿਹਾ ਹੈ। ਨੌਵੇਂ ਵਿੱਤ ਕਮਿਸ਼ਨ ਨੂੰ, ਚੰਗੇਰਾ ਕੇਂਦਰ-ਰਾਜ ਵਿੱਤੀ ਸੰਤੁਲਨ ਕਾਇਮ ਕਰਨ ਲਈ ਅਵਸ਼ ਯਤਨ ਕਰਨਾ ਚਾਹੀਦਾ ਹੈ ਤਾਂ ਜੋ ਰਾਜ ਆਪਣੀ ਸਹੀ ਭੂਮਿਕਾ ਨਿਭਾ ਸਕਣ।

ਕੇਂਦਰੀ ਟੈਕਸਾਂ ਦੀ ਵੰਡ ਵਿਚ ਅਸੰਤੁਲਨ

ਫਿਰ , ਪਿਛਲੇ ਕਈ ਸਾਲਾਂ ਵਿਚ, ਕੇਂਦਰੀ ਟੈਕਸਾਂ ਵਿਚ ਰਾਜਾਂ ਦੇ ਹਿੱਸੇ ਦੀ ਅੰਤਰ-ਰਾਜੀ ਵੰਡ, ਮੁੜ-ਵੰਡ ਦੇ ਸਿਧਾਂਤ ਤੇ ਕੇਵਲ-ਮਾਤਰ ਆਧਾਰਤ ਹੋ ਗਈ ਹੈ ਅਤੇ ਮੁਆਵਜ਼ੇ ਦੇ ਸਿਧਾਂਤ ਨੂੰ ਅਸਲ ਵਿਚ ਛੱਡ ਦਿੱਤਾ ਗਿਆ ਹੈ। ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਅਤੇ ਦੇਸ਼ ਦੇ ਸੀਮਤ ਸਾਧਨਾਂ ਦੀ ਸੁਯੋਗ ਵਰਤੋਂ ਲਈ ਵਧੇਰੇ ਸੁਖਾਵਾਂ ਵਾਤਾਵਰਣ ਪੈਦਾ ਕਰਨ ਲਈ, ਨੌਵੇਂ ਵਿਤ ਕਮਿਸ਼ਨ ਨੂੰ ਕੇਂਦਰੀ ਟੈਕਸਾਂ ਦੇ ਵੰਡਣ-ਯੋਗ ਪੂਲ ਦੀ ਅੰਤਰ-ਰਾਜੀ ਵੰਡ ਲਈ ਵਧੇਰੇ ਸੰਤੁਲਿਤ ਸਿਧਾਂਤ ਅਵੱਸ਼ ਕਾਇਮ ਕਰਨੇ ਚਾਹੀਦੇ ਹਨ। ਇਸ ਨੂੰ ਕੇਂਦਰ-ਰਾਜ ਤਬਾਦਲਿਆਂ ਸਬੰਧੀ ਖਪੇ ਨੂੰ ਪੂਰਣ ਵਾਲੀ ਮੌਜੂਦਾ ਵਿਧੀ ਦੀ ਥਾਂ, ਵਧੇਰੇ ਰੈਸ਼ਨਲ ਵਿਧੀ ਅਪਣਾਉਣੀ ਚਾਹੀਦੀ ਹੈ। ਇਸ ਖੱਪੇ ਨੂੰ ਪੂਰਣ ਵਾਲੀ ਇਸ ਵਿਧੀ ਨਾਲ ਘਾਟੇ ਵਾਲੇ ਰਾਜ ਇਸ ਖਿਆਲ ਨਾਲ ਕਿ ਰਾਜ ਦੇ ਉਸ ਮਾਲ ਘਾਟੇ ਲਈ ਵਿੱਤ ਪ੍ਰਾਪਤ ਹੋ ਹੀ ਜਾਵੇਗਾ, ਜਿਸ ਵਿੱਚ ਕਿ ਰਾਜ ਆਪਣੇ ਗਲਤ ਵਿੱਤੀ-ਪ੍ਰਬੰਧ ਜਾਂ ਹੋਰ ਕਾਰਣਾਂ ਕਰਕੇ ਫਸ ਜਾਂਦਾ ਹੈ, ਸਾਧਨ ਜੁਟਾਉਣ ਜਾਂ ਗੈਰ-ਜ਼ਰੂਰੀ ਖ਼ਰਚ ਨੂੰ ਟਾਲਣ ਪ੍ਰਤੀ ਕੋਈ ਉਤਸ਼ਾਹ ਨਹੀਂ ਵਿਖਾਉਂਦੇ , ਜਦੋਂ ਕਿ ਵਧੇਰੇ ਅਨੁਸ਼ਾਸਤ ਰਾਜਾਂ ਨੂੰ, ਜਿਹੜੇ ਕਿ ਵਾਫ਼ਰ ਆਮਦਨ ਪ੍ਰਾਪਤ ਕਰਨ ਜਾਂ ਉਸ ਨੂੰ ਕਾਇਮ ਰੱਖਣ ਦਾ ਪ੍ਰਬੰਧ ਕਰਦੇ ਹਨ, ਦੰਡ ਹੀ ਮਿਲਦਾ ਹੈ। ਇਸ ਉਦੇਸ਼ ਲਈ ਕਿ ਨੌਵਾਂ ਵਿੱਤ ਕਮਿਸ਼ਨ ਕੇਂਦਰ-ਰਾਜ ਤਬਾਦਲਿਆਂ ਸਬੰਧੀ ਵਧੇਰੇ ਰੈਸ਼ਨਲ ਵਿਧੀ ਤਿਆਰ ਕਰਨ ਵਾਸਤੇ ਸੁਤੰਤਰ ਹੋਵੇ, ਇਸ ਦੀਆਂ ਸ਼ਰਤਾਂ ਇਸ ਤਰ੍ਹਾਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਕਿ ਇਸ ਦੇ ਇਖ਼ਤਿਆਰਾਂ ਤੇ ਗੈਰ-ਵਾਜਬ ਪਾਬੰਦੀ ਨਾ ਲੱਗੇ।

ਰਾਜਾਂ ਦੇ ਟੈਕਸ ਬੇਸ ਨੂੰ ਵਡੇਰਾ ਕਰਨਾ

ਰਾਜਾਂ ਦੀ ਗੰਭੀਰ ਵਿੱਤੀ ਕਮਜ਼ੋਰੀ, ਉਨ੍ਹਾਂ ਦੇ ਮਾਲ ਖ਼ਰਚੇ ਅਤੇ ਕੇਂਦਰ ਦੇ ਟੈਕਸ ਬੇਸ ਦੇ ਸਬੰਧ ਵਿਚ ਉਨ੍ਹਾਂ ਦਾ ਅਤਿਅੰਤ ਨੇੜੇ ਟੈਕਸ ਬੇਸ ਹੈ। ਪਿਛਲੇ ਸਾਲਾਂ ਵਿਚ ਰਾਜ ਦੇ ਟੈਕਸਾਂ ਤੋਂ ਆਮਦਨ, ਕੇਂਦਰੀ ਟੈਕਸਾਂ (ਰਾਜਾਂ ਦੇ ਹਿੱਸਿਆਂ ਤੋਂ ਪਹਿਲਾਂ) ਤੋਂ ਆਮਦਨ ਦੇ ਮੁਕਾਬਲੇ ਤੇ ਮਹਿਜ਼ ਅੱਧੀ ਰਹੀ ਹੈ। ਦੂਜੇ ਪਾਸੇ, ਕੇਂਦਰ ਅਤੇ ਰਾਜਾਂ ਵਿਚਕਾਰ ਸੰਵਿਧਾਨਕ ਜ਼ਿੰਮੇਵਾਰੀਆਂ ਦੀ ਵੰਡ ਅਜਿਹੀ ਹੈ ਕਿ ਰਾਜਾਂ ਦਾ ਮਾਲ ਖ਼ਰਚ ਕੇਂਦਰ ਦੇ ਮਾਲ ਖ਼ਰਚੇ (ਜਿਸ ਵਿਚ ਰਾਜਾਂ ਅਤੇ ਸੰਘ ਰਾਜ ਖੇਤਰਾਂ ਲਈ ਗ੍ਰਾਂਟਾਂ ਸ਼ਾਮਲ ਨਹੀਂ ਹਨ) ਤੋਂ ਵੱਧ ਜਾਂਦਾ ਹੈ। ਫਲਸਰੂਪ, ਰਾਜ ਦੇ ਟੈਕਸਾਂ ਤੋਂ ਆਮਦਨ ਰਾਜਾਂ ਦੇ ਅੱਧੇ ਮਾਲ ਖ਼ਰਚੇ ਨੂੰ ਪੂਰਾ ਕਰਨ ਲਈ ਵੀ ਕਾਫ਼ੀ ਨਹੀਂ ਹੁੰਦੀ। ਇਸ ਦੇ ਉਲਟ, ਕੇਂਦਰ ਦੀ ਸਮੁੱਚੀ ਟੈਕਸ-ਆਮਦਨ, ਇਸ ਦੇ ਮਾਲ-ਖ਼ਰਚੇ (ਜਿਸ ਵਿਚ ਰਾਜਾਂ ਅਤੇ ਸੰਘ ਰਾਜ ਖੇਤਰਾਂ ਲਈ ਗ੍ਰਾਂਟਾਂ ਸ਼ਾਮਲ ਨਹੀਂ ਹਨ) ਤੋਂ ਅਸਲ ਵਿੱਚ ਵੱਧ ਜਾਂਦੀ ਹੈ। ਰਾਜ ਦੇ ਟੈਕਸਾਂ ਤੋਂ ਆਮਦਨ ਅਤੇ ਰਾਜ ਦੇ ਮਾਲ-ਖ਼ਰਚੇ ਵਿਚਕਾਰ ਗੰਭੀਰ ਅਸੰਤੁਲਨ ਇਸ ਗੱਲ ਨੂੰ ਜ਼ਰੂਰੀ ਬਣਾਉਂਦਾ ਹੈ ਕਿ ਟੈਕਸਾਂ ਅਤੇ ਗ੍ਰਾਂਟਾਂ ਦੇ ਹਿੱਸੇ ਦੇ ਰੂਪ ਵਿੱਚ ਕੇਂਦਰ-ਰਾਜ ਮਾਲ ਤਬਾਦਲਿਆਂ ਵਿਚ ਵਾਧਾ ਕੀਤਾ ਜਾਵੇ। ਇਹ, ਕੇਂਦਰ ਉਤੇ ਰਾਜਾਂ ਦੀ ਬਹੁਤ ਜ਼ਿਆਦਾ ਵਿੱਤੀ ਨਿਰਭਰਤਾ ਲਈ ਅਤਿਅੰਤ ਮਹੱਤਵਪੂਰਣ ਕਾਰਣ ਹੈ।

ਰਾਜਾਂ ਦੇ ਨੇੜੇ ਟੈਕਸ ਬੇਸ ਦੀ ਸਮੱਸਿਆ, ਜਿਥੋਂ ਤੱਕ ਸੰਭਵ ਹੋਵੇ, ਜੜ੍ਹੋਂ ਹੱਲ ਕੀਤੀ ਜਾਵੇ। ਅਰਥਾਤ ਹੋਰ ਜਾਇਜ਼ ਉਦੇਸ਼ਾਂ ਦੇ ਅਨੁਕੂਲ ਰਾਜ ਦੇ ਟੈਕਸ ਬੇਸ ਵਿਚ ਵਾਧਾ ਕੀਤਾ ਜਾਵੇ। ਇਸ ਮੰਤਵ ਲਈ ਕੁੱਝ ਉਪਾਅ ਇਹ ਹਨ :--

(i) ਕੁਝ ਚੋਣਵੀਂਆਂ ਵਸਤਾਂ ਜਿਵੇਂ ਮੁੱਖ ਪੈਟਰੋਲੀਅਮ ਉਤਪਾਦ, ਪ੍ਰਾਸੈੱਸ ਕੀਤੇ ਬਨੱਸਪਤੀ ਤੇਲ, ਬਨੱਸਪਤੀ, ਸੀਮਿੰਟ, ਲੋਹਾ ਅਤੇ ਸਟੀਲ, ਸ਼ੀਟ ਗਲਾਸ, ਟੈਲੀ-

[ਵਿੱਤ ਮੰਤਰੀ]

ਵੀਜ਼ਨ ਸੈਟਾਂ, ਮੋਟਰ ਗੱਡੀਆਂ ਅਤੇ ਟਰੈਕਟਰਾਂ ਉਤੇ ਯੂਨੀਅਨ ਐਕਸਾਈਜ਼ ਡਿਊਟੀ ਦੇ ਬਦਲੇ ਵਧੀਕ ਵਿਕਰੀ-ਕਰ ;

(ii) ਖੰਡ, ਕਪੜੇ ਅਤੇ ਤੰਬਾਕੂ ਉਤੇ ਵਧੀਕ ਐਕਸਾਈਜ਼ ਡਿਊਟੀ ਦੇ ਬਦਲੇ ਮੁੜ-ਵਿਕਰੀ ਕਰ ਲਾਉਣਾ ;

(iii) ਛੋਟੇ ਉਦਯੋਗਾਂ ਦੀਆਂ ਵਸਤਾਂ ਉਤੇ ਐਕਸਾਈਜ਼ ਡਿਊਟੀ ਦਾ ਰਾਜਾਂ ਨੂੰ ਤਬਾਦਲਾ ਅਤੇ

(iv) ਭੇਜੇ ਮਾਲ ਉਤੇ ਟੈਕਸ ਲਾਉਣਾ ।

ਕੇਂਦਰੀ ਟੈਕਸਾਂ ਦੇ ਵੰਡਣ ਯੋਗ ਪੂਲ ਵਿੱਚ ਵਾਧਾ ਕਰਨਾ

ਉਪਰੋਕਤ ਉਪਾਅ, ਰਾਜ ਦੇ ਟੈਕਸ ਬੇਸ ਨੂੰ ਵਡੇਰਾ ਕਰਨ ਵਿੱਚ ਨਿਸ਼ਚੇ ਹੀ ਵਧੇਰੇ ਸਹਾਈ ਹੋਣਗੇ। ਐਪਰ, ਇਹ ਅਸੰਭਵ ਹੈ ਕਿ ਕੇਵਲ ਇਸ ਨਾਲ ਹੀ ਰਾਜਾਂ ਦੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਨਿਭਾਉਣ ਦੇ ਅਨੁਕੂਲ ਰਾਜ ਮਾਲੀਏ ਵਿਚ ਵਾਧਾ ਹੋ ਜਾਵੇਗਾ। ਇਹ ਵੀ ਜ਼ਰੂਰੀ ਹੋਵੇਗਾ ਕਿ ਕੇਂਦਰੀ ਟੈਕਸਾਂ ਦੇ ਵੰਡਣਯੋਗ ਪੂਲ ਦੇ ਵਾਧੇ ਸਬੰਧੀ ਉਪਾਅ ਕੀਤੇ ਜਾਣ। ਇਸ ਦੇ ਨਾਲ ਹੀ ਰਾਜਾਂ ਵਿਚਕਾਰ ਇਸ ਪੂਲ ਦੀ ਵੰਡ ਸਬੰਧੀ ਢੁਕਵਾਂ ਫਾਰਮੂਲਾ ਵੀ ਤਿਆਰ ਕਰਨਾ ਜ਼ਰੂਰੀ ਹੋਵੇਗਾ। ਵੰਡਣਯੋਗ ਪੂਲ ਦਾ ਆਕਾਰ ਅਤੇ ਇਸ ਦੀ ਰਾਜਾਂ ਵਿਚਕਾਰ ਵੰਡ, ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਕੀਤੀ ਜਾਂਦੀ ਹੈ, ਜੋ ਕਿ ਇਕ ਸਟੈਚੂਟਰੀ ਬਾਡੀ ਹੈ। ਵੰਡਣਯੋਗ ਪੂਲ ਦੇ ਮਾਧਿਅਮ ਰਾਹੀਂ ਕੇਂਦਰ-ਰਾਜ ਤਬਾਦਲੇ ਨਿਰਸੰਦੇਹ, ਕੇਂਦਰ ਉਤੇ ਵਿੱਤੀ ਨਿਰਭਰਤਾ ਹੈ, ਪਰ ਇਹ ਅਖ਼ਤਿਆਰੀ ਤਬਾਦਲਿਆਂ ਦੇ ਮੁਕਾਬਲੇ ਬਹੁਤ ਘੱਟ ਬੋਝਲ ਅਤੇ ਦੁਖਦਾਈ ਹੈ। ਇਸ ਲਈ ਇਹ ਲੋੜੀਂਦਾ ਹੈ ਕਿ ਰਾਜਾਂ ਦੀਆਂ ਵੱਧ ਤੋਂ ਵੱਧ ਬਕਾਇਆ ਮਾਲ-ਲੋੜਾਂ ਕੇਂਦਰੀ ਟੈਕਸਾਂ ਦੇ ਵੰਡਣਯੋਗ ਪੂਲ ਵਿਚ ਵਾਧਾ ਕਰਕੇ ਪੂਰੀਆਂ ਕੀਤੀਆਂ ਜਾਣ। ਅਜਿਹਾ ਨਿਮਨ ਉਪਾਵਾਂ ਨੂੰ ਅਪਣਾ ਕੇ ਕੀਤਾ ਜਾ ਸਕਦਾ ਹੈ :--

(ੳ) ਕਾਰਪੋਰੇਸ਼ਨ ਟੈਕਸ, ਕਾਰਪੋਰੇਟ ਆਮਦਨ ਉਤੇ ਟੈਕਸ ਹੋਣ ਕਾਰਨ, ਅਸਲ ਵਿੱਚ ਆਮਦਨ-ਕਰ ਦਾ ਇਕ ਭਾਗ ਹੀ ਹੈ। ਜੇ ਲੋੜ ਪਵੇ ਤਾਂ ਸੰਵਿਧਾਨ ਵਿੱਚ ਸੋਧ ਕਰਕੇ ਇਸ ਨੂੰ ਅਜਿਹਾ ਤਸੱਵਰ ਕੀਤਾ ਜਾਵੇ ਅਤੇ ਵੰਡਣਯੋਗ ਪੂਲ ਵਿੱਚ ਸ਼ਾਮਲ ਕੀਤਾ ਜਾਵੇ।

(ਅ) ਯੂਨੀਅਨ ਐਕਸਾਈਜ਼ ਡਿਊਟੀਆਂ ਵਿਚ ਰਾਜਾਂ ਦਾ ਹਿੱਸਾ ਵਧਾਇਆ ਜਾਵੇ ਅਤੇ ਵਸਤਾਂ ਉਤੇ ਲਾਏ ਜਾਣ ਵਾਲੇ ਉਪਕਰਾਂ, ਜਿਨ੍ਹਾਂ ਕਰਕੇ ਰਾਜਾਂ ਨੂੰ ਹਰਜਾ ਹੁੰਦਾ ਹੈ, ਨੂੰ ਰੋਕਣ ਲਈ ਇਹ ਉਪਬੰਧ ਕੀਤਾ ਜਾਵੇ ਕਿ ਦਸ ਕਰੋੜ ਰੁਪਇਆਂ ਤੋਂ ਵੱਧ ਉਪਕਰ ਨੂੰ ਐਕਸਾਈਜ਼ ਡਿਊਟੀ ਵਜੋਂ ਸਮਝਿਆ ਜਾਵੇਗਾ ਅਤੇ ਉਸ ਨੂੰ ਵੰਡਣਯੋਗ ਪੂਲ ਵਿਚ ਸ਼ਾਮਲ ਕੀਤਾ ਜਾਵੇਗਾ।

ਸੰਤੁਲਤ ਵੰਡ ਫਾਰਮੂਲਾ

ਇਹ ਉਨਾ ਹੀ ਜ਼ਰੂਰੀ ਹੈ ਕਿ ਕੇਂਦਰੀ ਟੈਕਸਾਂ ਦੇ ਵੰਡਣਯੋਗ ਪੂਲ ਦੀ ਅੰਤਰ-ਰਾਜੀ ਵੰਡ ਉਸ ਫਾਰਮੂਲੇ ਦੇ ਮੁਤਾਬਕ ਹੋਣੀ ਚਾਹੀਦੀ ਹੈ, ਜੋ ਕਿ ਮੁਆਵਜ਼ਾ ਅਤੇ ਮੁੜ-ਵੰਡ ਦੇ ਸਿਧਾਂਤਾਂ ਦਰਮਿਆਨ ਨਿਆਂ-ਸੰਗਤ ਸੰਤੁਲਨ ਨੂੰ ਦਰਸਾਉਂਦਾ ਹੋਵੇ। ਅਜਿਹਾ ਫਾਰਮੂਲਾ ਆਬਾਦੀ, ਟੈਕਸ ਸਬਧੀ ਉਪਰਾਲੇ ਅਤੇ ਨਿਰਧਾਰਤ ਵਿਸ਼ੇਸ਼ ਸਮੱਸਿਆਵਾਂ ਜਿਹੇ ਵੰਡ ਸਿਧਾਂਤਾਂ ਨੂੰ ਉਚਿਤ ਮਹੱਤਤਾ ਦੇ ਕੇ ਤਿਆਰ ਕੀਤਾ ਜਾਵੇ।

ਪੂੰਜੀਗਤ ਪ੍ਰਾਪਤੀਆਂ ਵਿਚ ਰਾਜਾਂ ਦਾ ਯੋਗ ਹਿੱਸਾ

ਮਾਨਯੋਗ ਮੈਂਬਰ ਸਾਹਿਬਾਨ ਜਾਣਦੇ ਹੀ ਹੋਣਗੇ ਕਿ ਰਾਜ ਦੀ ਯੋਜਨਾ ਉਤੇ ਲਾਗਤ ਦਾ ਲਗਭਗ 70 ਫ਼ੀ ਸਦੀ ਪੂੰਜੀਗਤ ਲੇਖੇ ਵਿਚੋਂ ਹੈ ਅਤੇ ਬਕਾਇਆ ਲਗਭਗ 30 ਫ਼ੀ ਸਦੀ ਹੀ ਮਾਲ ਲੇਖੇ ਵਿਚੋਂ ਹੈ। ਇਸ ਲਈ ਇਹ ਗਲ ਬਹੁਤ ਹੀ ਅਹਿਮੀਅਤ ਰਖਦੀ ਹੈ ਕਿ ਰਾਜਾਂ ਦੀਆਂ ਪੂੰਜੀਗਤ ਪ੍ਰਾਪਤੀਆਂ, ਕੇਂਦਰ ਅਤੇ ਮਿਆਦੀ ਵਿਤਕਾਰੀ ਸੰਸਥਾਵਾਂ ਨੂੰ ਸੰਚਿਤ ਕਰਜ਼ੇ ਸਬੰਧੀ ਮੁੜ-ਅਦਾਇਗੀਆਂ ਨੂੰ ਸ਼ਾਮਲ ਕਰਕੇ, ਉਨ੍ਹਾਂ ਦੀਆਂ ਗੈਰ-ਯੋਜਨਾ ਅਧੀਨ ਵੰਡੀਆਂ ਜਾਣ ਵਾਲੀਆਂ ਪੂੰਜੀਗਤ ਰਕਮਾਂ ਤੋਂ ਐਨੀਆਂ ਜ਼ਿਆਦਾ ਵਧ ਜਾਣੀਆਂ ਚਾਹੀਦੀਆਂ ਹਨ, ਤਾਂ ਕਿ ਉਹ ਰਾਜ ਯੋਜਨਾ ਅਧੀਨ ਉਚਿਤ ਪੂੰਜੀਗਤ ਲਾਗਤ ਲਈ ਧਨ ਦੇ ਸਕਣ ਅਤੇ ਰਾਜ ਅਦਾਰਿਆਂ ਤੇ ਹੋਰਨਾਂ ਨੂੰ ਕਰਜ਼ਿਆਂ ਦੇ ਰੂਪ ਵਿਚ ਵਿਤ ਦੇਣ ਦੇ ਸਮਰਥ ਹੋ ਸਕਣ। ਪਿਛਲੇ ਸਾਲਾਂ ਵਿਚ ਇਸ ਸਬੰਧੀ ਸਥਿਤੀ ਬਹੁਤ ਹੀ ਗੈਰ-ਤਸਲੀਬਖਸ਼ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਕੇਂਦਰ ਵਧ ਤੋਂ ਵਧ ਪੂੰਜੀਗਤ ਪ੍ਰਾਪਤੀਆਂ ਆਪਣੇ ਹਥਾਂ ਵਿਚ ਲੈਣ ਲਈ ਲਗਾਤਾਰ ਕੋਸ਼ਿਸ਼ ਕਰਦਾ ਰਿਹਾ ਹੈ। ਸਿਟੇ ਵਜੋਂ ਕੇਂਦਰ ਅਤੇ ਰਾਜਾਂ ਦਰਮਿਆਨ ਪੂੰਜੀਗਤ ਪ੍ਰਾਪਤੀਆਂ ਦੇ ਸਬੰਧ ਵਿਚ ਬਹੁਤ ਭਾਰੀ ਅਸੰਤੁਲਨ ਹੋ ਗਿਆ ਹੈ। ਇਸ ਨਾਲ ਰਾਜਾਂ ਨੂੰ ਆਪਣੀਆਂ ਯੋਜਨਾਂ ਲਾਗਤਾਂ ਤੇ ਵਿਤ ਲਾਉਣ ਲਈ ਕੇਂਦਰ ਪਾਸੋਂ ਕਰਜ਼ਿਆਂ ਉਤੇ ਬਹੁਤ ਜ਼ਿਆਦਾ ਨਿਰਭਰ ਹੋਣਾ ਪੈਂਦਾ ਹੈ। ਸਚ ਮੁੱਚ ਹੀ ਰਾਜਾਂ ਦੀ ਪੂੰਜੀਗਤ ਫੰਡਾਂ ਲਈ ਕੇਂਦਰ ਉਤੇ ਨਿਰਭਰਤਾ, ਮਾਲ-ਰਕਮਾਂ ਦੇ ਤਬਾਦਲਿਆਂ ਸਬੰਧੀ ਉਨ੍ਹਾਂ ਦੀ ਕੇਂਦਰ ਉਤੇ ਨਿਰਭਰਤਾ ਦੇ ਮੁਕਾਬਲੇ, ਬਹੁਤ ਜ਼ਿਆਦਾਂ ਹੈ। ਇਸ ਤੋਂ ਇਲਾਵਾ ਕੇਂਦਰ ਤੋਂ ਪੂੰਜੀਗਤ ਤਬਾਦਲੇ, ਜਿਨ੍ਹਾਂ ਵਿਚ ਕੇਂਦਰੀ ਸਹਾਇਤਾ ਸਬੰਧੀ ਕਰਜ਼ਾ ਅੰਸ਼ ਸ਼ਾਮਲ ਹੈ, ਲਾਜ਼ਮੀ ਤੌਰ ਤੇ ਅਖ਼ਤਿਆਰੀ ਹਨ। ਸੰਵਿਧਾਨ ਵਿਚ ਰਾਜਾਂ ਨੂੰ ਕੇਂਦਰ ਪਾਸੋਂ ਸਟੈਚੂਟਰੀ ਪੂੰਜੀਗਤ ਤਬਾਦਲਿਆਂ ਬਾਰੇ ਕੋਈ ਉਪਬੰਧ ਨਹੀਂ ਹੈ।

ਜਿਥੋਂ ਤਕ ਰਾਜਾਂ ਦੀਆਂ ਨਿਰੋਲ ਪੂੰਜੀਗਤ ਪ੍ਰਾਪਤੀਆਂ ਦੀ ਆਮ ਦਸ਼ਾ ਦਾ ਸਬੰਧ ਹੈ, ਪੰਜਾਬ ਉਸ ਤੋਂ ਕੋਈ ਵਖ ਨਹੀਂ ਹੈ। ਜਿਵੇਂ ਕਿ ਮਾਨਯੋਗ ਮੈਂਬਰ ਸਾਹਿਬਾਨ ਨੂੰ ਪਤਾ ਹੀ ਹੈ ਕਿ ਇਹ ਰਾਜ, ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਧੀਨ ਕੇਂਦਰੀ ਟੈਕਸਾਂ ਵਿਚੋਂ ਆਪਣੇ ਹਿਸੇ ਅਤੇ ਵਧੀਕ ਕਰਬੰਦੀ ਤੋਂ ਆਮਦਨ ਨੂੰ ਹਿਸਾਬ ਵਿਚ ਲੈਣ ਉਪਰੰਤ, ਹਮੇਸ਼ਾ ਗੈਰਯੋਜਨਾ ਮਾਲ ਲੇਖੇ ਵਿਚ ਬਹੁਤ ਜ਼ਿਆਦਾ ਵਾਫਰ ਰਕਮ ਦਾ ਪ੍ਰਬੰਧ ਕਰਦਾ ਹੈ, ਜੋ ਕਿ ਰਾਜ ਦੀ ਯੋਜਨਾ ਉਤੇ ਵਿੱਤ ਲਾਉਣ ਲਈ ਉਪਲਬਧ ਹੁੰਦਾ ਹੈ, ਲੇਕਿਨ ਨਿਰੋਲ ਮੰਡੀ ਉਧਾਰ ਰਕਮਾਂ, ਛੋਟੀਆਂ ਬਚਤਾਂ ਦੇ ਹਿੱਸੇ, ਰਾਜ ਪ੍ਰਾਵੀਡੈਂਟ ਫੰਡ ਅਧੀਨ ਨਿਰੋਲ ਜਮ੍ਹਾਂ ਰਕਮਾਂ ਅਤੇ ਮਿਆਦੀ ਵਿੱਤਕਾਰੀ ਸੰਸਥਾਵਾਂ ਤੋਂ ਨਵੇਂ ਕਰਜ਼ਿਆਂ ਤੋਂ ਹੋਣ ਵਾਲੀਆਂ ਰਾਜ ਦੀਆਂ ਪੂੰਜੀਗਤ ਪ੍ਰਾਪਤੀਆਂ ਨੂੰ, ਇਸ ਦੀਆਂ ਫੁਟਕਲ ਪੂੰਜੀਗਤ ਪ੍ਰਾਪਤੀਆਂ ਦੇ ਚੋਖੇ ਘਾਟੇ ਵਿਚ ਕਾਫੀ ਜਜ਼ਬ ਕਰ ਲਿਆ ਜਾਂਦਾ ਹੈ, ਜੋ ਕਿ ਮੁੱਖ ਤੌਰ ਤੇ ਕੇਂਦਰ ਨੂੰ ਸੰਚਿਤ ਕਰਜ਼ੇ ਅਤੇ ਸੰਸਥਾਈ ਲਹਿਣੇਦਾਰਾਂ ਤੋਂ ਕਰਜ਼ਿਆਂ ਸਬੰਧੀ ਮੁੜ-ਅਦਾਇਗੀਆਂ ਕਾਰਣ ਹੁੰਦਾ ਹੈ। ਰਾਜ ਯੋਜਨਾ ਅਧੀਨ ਪੂੰਜੀਗਤ ਲਾਗਤ (ਰਾਜ ਅਦਾਰਿਆਂ ਅਤੇ ਹੋਰਨਾਂ ਨੂੰ ਕਰਜ਼ਿਆਂ ਸਹਿਤ) ਲਈ ਵਿੱਤ ਵਾਸਤੇ ਉਪਲਬਧ ਬਕਾਇਆ ਪੂੰਜੀਗਤ ਪ੍ਰਾਪਤੀਆਂ ਬਹੁਤ ਹੀ ਨਾਕਾਫ਼ੀ ਹਨ। ਫਲਸਰੂਪ ਰਾਜ ਨੂੰ ਕੇਂਦਰੀ ਸਹਾਇਤਾ ਦੇ ਕਰਜ਼ਾ-ਅੰਸ਼ ਦੀ ਪੂਰਤੀ ਹਿਤ, ਕੇਂਦਰ ਪਾਸੋਂ ਚੋਖੇ ਵਿਸ਼ੇਸ਼ ਮਿਆਦੀ ਕਰਜ਼ੇ ਲੈਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਇਸ ਪ੍ਰਕਾਰ, ਪੰਜਾਬ ਅਤੇ ਹੋਰਨਾਂ ਰਾਜਾਂ ਦੀਆਂ ਪੂੰਜੀਗਤ ਪ੍ਰਾਪਤੀਆਂ ਵਿਚ ਵਾਧਾ ਕਰਨ ਸਬੰਧੀ ਉਪਾਅ, ਇਸ ਦੇਸ਼ ਵਿਚ

[ਵਿੱਤ ਮੰਤਰੀ]

ਕੇਂਦਰ-ਰਾਜ ਵਿੱਤੀ ਸਬੰਧਾਂ ਦੀ ਇਕ ਮਜ਼ਬੂਤ ਪ੍ਰਣਾਲੀ ਲਈ ਮੁੱਖ ਤੌਰ ਤੇ ਲੋੜੀਂਦੇ ਹਨ। ਇਸ ਮੰਤਵ ਲਈ ਕੁਝ ਉਪਾਅ ਨਿਮਨ ਅਨੁਸਾਰ ਹੋ ਸਕਦੇ ਹਨ:--

(i) ਮੰਡੀ-ਉਧਾਰ ਵਿਚ ਰਾਜਾਂ ਦੇ ਕੁਲ ਹਿਸੇ ਵਿੱਚ ਵਾਧਾ ਕਰਨਾ ਅਤੇ ਵਪਾਰਕ ਬੈਂਕਾਂ, ਭਾਰਤੀ ਜੀਵਨ ਬੀਮਾ ਕਾਰਪੋਰੇਸ਼ਨ ਅਤੇ ਗੈਰ-ਸਰਕਾਰੀ ਪ੍ਰਾਵੀਡੈਂਟ ਫੰਡਾਂ, ਜਿਹੜੇ ਕਿ ਮੰਡੀ-ਉਧਾਰ ਵਿੱਚ ਮੁੱਖ ਹਿੱਸਾ ਪਾਉਂਦੇ ਹਨ, ਦੇ ਸਾਧਨਾਂ ਵਿਚ ਹਰੇਕ ਰਾਜ ਦੀ ਕੰਟਰੀਬਿਊਸ਼ਨ ਨੂੰ ਧਿਆਨ ਵਿਚ ਰੱਖ ਕੇ ਰਾਜਾਂ ਵਿਚਕਾਰ ਕੁੱਲ ਰਕਮ ਦੀ ਐਲੋਕੇਸ਼ਨ ਕਰਨੀ ;

(ii) ਛੋਟੀਆਂ ਬੱਚਤਾਂ ਵਿੱਚ ਨਿਰੋਲ ਇਕੱਤਰ ਹੋਈਆਂ ਰਕਮਾਂ ਵਿੱਚ ਰਾਜਾਂ ਦਾ ਹਿੱਸਾ ਵਧਾਉਣਾ ਅਤੇ ਛੋਟੀਆਂ ਬੱਚਤਾਂ ਸਬੰਧੀ ਕਰਜ਼ਿਆਂ ਦਾ ਪੁਗਣ ਸਮਾਂ/ਰਿਆਇਤੀ ਸਮਾਂ ਵਧਾਉਣਾ ;

(iii) ਰਾਜ ਦੇ ਖ਼ੁਦਮੁਖ਼ਤਾਰ ਅਦਾਰਿਆਂ ਨੂੰ ਬਾਂਡ ਜਾਰੀ ਕਰਕੇ ਸਥਾਨਕ ਪੂੰਜੀ ਮਾਰਕਿਟ ਵਿਚੋਂ ਧਨ ਇਕੱਠਾ ਕਰਨ ਦੀ ਇਜਾਜ਼ਤ ਦੇਣਾ ਜਿਵੇਂ ਕਿ ਕੇਂਦਰੀ ਅਦਾਰਿਆਂ ਦੁਆਰਾ ਵੱਧ ਤੋਂ ਵੱਧ ਕੀਤਾ ਜਾ ਰਿਹਾ ਹੈ ;

(iv) ਕੇਂਦਰ ਦੁਆਰਾ ਰਾਜਾਂ ਨੂੰ, ਸੈਂਟਰਲ ਆਇਲ ਅਤੇ ਹੋਰਨਾਂ ਅਦਾਰਿਆਂ ਦੁਆਰਾ ਪੈਦਾ ਕੀਤੀਆਂ ਵਾਫ਼ਰ ਰਕਮਾਂ ਵਿਚੋਂ, ਕੇਂਦਰ ਸਰਕਾਰ ਦੀਆਂ ਪੂੰਜੀਗਤ ਪ੍ਰਾਪਤੀਆਂ ਨੂੰ ਵਧਾਉਣ ਲਈ ਇਨ੍ਹਾਂ ਨੂੰ ਇਸ ਪਾਸ ਜਮ੍ਹਾਂ ਕਰਨ ਉਪਰੰਤ, ਯੂਨੀਅਨ ਐਕਸਾਈਜ਼ ਡਿਊਟੀਆਂ ਦੀ ਵੰਡਣਯੋਗ ਰਕਮ ਵਿਚ ਰਾਜਾਂ ਦੇ ਆਪੋ-ਆਪਣੇ ਹਿੱਸੇ ਦੇ ਅਨੁਪਾਤ ਵਿੱਚ ਵਧੀਕ ਗ੍ਰਾਂਟਾਂ ਦੇਣੀਆਂ ਕਿਉਂਕਿ ਜੇ ਅਦਾਰਿਆਂ ਦੁਆਰਾ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਅਤੇ ਵਸਤਾਂ ਦੀਆਂ ਕੀਮਤਾਂ ਵਿੱਚ ਵਾਧਾ, ਡਿਊਟੀਆਂ ਦੀ ਐਡਜਸਟਮੈਂਟ ਰਾਹੀਂ ਕੀਤਾ ਜਾਂਦਾ ਤਾਂ ਰਾਜਾਂ ਨੂੰ ਉਨ੍ਹਾਂ ਦਾ ਹਿੱਸਾ ਮਿਲਦਾ ;

(v) ਰਾਜਾਂ ਨੂੰ ਕੇਂਦਰ ਦੁਆਰਾ ਅਗਲੇ ਵਿੱਤ-ਕਮਿਸ਼ਨ ਰਾਹੀਂ ਉਚੇਰੀ ਰਿਣ-ਰਾਹਤ ਦੇਣਾ, ਕਿਉਂਕਿ ਛੇਵੇਂ ਕਮਿਸ਼ਨ ਤੋਂ ਪਿਛਲੇ ਸਮੂਹ ਕਮਿਸ਼ਨਾਂ ਨੇ, ਰਾਜਾਂ ਨੂੰ ਕੇਵਲ ਸੀਮਤ ਰਾਹਤ ਹੀ ਦਿੱਤੀ ਹੈ, ਜਦ ਕਿ ਖੁਦ ਕੇਂਦਰ ਪ੍ਰਤਿ ਰਾਜ ਦੀ ਕਰਜ਼ਦਾਰੀ, ਕੇਂਦਰ ਅਤੇ ਰਾਜ ਦਰਮਿਆਨ ਵੱਧ ਰਹੇ ਵਿੱਤੀ ਅਸੰਤੁਲਨ ਦਾ ਇਕ ਮੁੱਖ ਕਾਰਨ ਹੈ ; ਅਤੇ

(vi) ਕੇਂਦਰੀ ਸਹਾਇਤਾ ਵਿੱਚ ਕਰਜ਼ਾ-ਗ੍ਰਾਂਟ ਅਨੁਪਾਤ 70:30 ਤੋਂ ਘਟਾ ਕੇ 50:50 ਕਰਨਾ ।

ਸ਼੍ਰੀਮਾਨ ਜੀ, ਮੈਂ ਉਨ੍ਹਾਂ ਉਪਾਵਾਂ ਦੀ ਵੇਰਵੇ ਸਹਿਤ ਵਿਆਖਿਆ ਕਰਦਿਆਂ ਇਸ ਮਹਾਨ ਸਦਨ ਦਾ ਕਾਫ਼ੀ ਸਮਾਂ ਲੈ ਲਿਆ ਹੈ, ਜੋ ਪੰਜਾਬ ਅਤੇ ਹੋਰਨਾਂ ਰਾਜਾਂ ਦੇ ਵਿੱਤ ਨੂੰ ਸਾਵਾਂ ਕਰਨ ਲਈ ਕੀਤੇ ਜਾਣੇ ਚਾਹੀਦੇ ਹਨ। ਮੈਨੂੰ ਕੋਈ ਸੰਦੇਹ ਨਹੀਂ ਕਿ ਜੇ ਸਿਆਸੀ ਨੇਤਾ ਚਾਹੁੰਣ ਤਾਂ ਉਚਿਤ ਕੇਂਦਰ-ਰਾਜ ਵਿੱਤੀ ਸੰਤੁਲਨ ਕਾਇਮ ਕਰਨਾ ਅਤੇ ਇਹ ਯਕੀਨੀ ਬਣਾਉਣਾ ਸੰਭਵ ਹੋਵੇਗਾ ਕਿ ਕੇਂਦਰ ਤੋਂ

ਰਾਜ ਨੂੰ ਵਿੱਤੀ ਤਬਾਦਲੇ, ਮੁਆਵਜ਼ਾ ਅਤੇ ਮੁੜਵੰਡ ਦੇ ਸਿਧਾਂਤਾਂ ਦੇ ਨਿਆਂਪੂਰਨ ਸੁਮੇਲ ਉਤੇ ਪੂਰਨ ਤੌਰ ਤੇ ਆਧਾਰਤ ਹਨ, ਜੋ ਸਾਧਨਾਂ ਦੀ ਸੁਯੋਗ ਵਰਤੋਂ ਅਤੇ ਵਿਕਾਸ ਦੇ ਖੇਤਰ ਵਿੱਚ ਵਧੇਰ ਅੰਤਰ-ਰਾਜੀ ਸੰਭੁਲਨ ਵਿਚ ਸਹਾਈ ਹੋਵੇ। ਹੋਰ ਕੁਝ ਵੀ ਕੌਮੀ ਏਕਤਾ ਵਿਚ ਐਨਾ ਵਾਧਾ ਅਤੇ ਕੌਮੀ ਅਖੰਡਤਾ ਨੂੰ ਐਨਾ ਸੁਰੱਖਿਅਤ ਨਹੀਂ ਕਰ ਸਕੇਗਾ ਜਿੰਨਾਂ ਕਿ ਉਚਿਤ ਕੇਂਦਰ-ਰਾਜ ਵਿੱਤੀ ਸੰਤੁਲਨ ਅਤੇ ਨਿਆਂਪੂਰਨ ਢੰਗ ਨਾਲ ਨਿਰਧਾਰਤ ਕੀਤੇ ਕੇਂਦਰ-ਰਾਜ ਵਿਚਕਾਰ ਵਿੱਤੀ ਲੈਣ-ਦੇਣ। ਦਰ-ਅਸਲ, ਛੇਤੀ ਹੀ ਗਠਿਤ ਕੀਤਾ ਜਾਣ ਵਾਲਾ ਨਵਾਂ ਵਿੱਤ ਕਮਿਸ਼ਨ ਅਜਿਹਾ ਕਰਨ ਲਈ ਸੁਨਹਿਰੀ ਮੌਕੇ ਮੁਹੱਈਆ ਕਰੇਗਾ। ਇਹ ਮੌਕਾ ਅਜਾਈਂ ਨਹੀਂ ਜਾਣ ਦੇਣਾ ਚਾਹੀਦਾ। ਮੈਂ ਦਿਲੋਂ ਆਸ ਕਰਦਾ ਹਾਂ ਕਿ ਇਹ ਸਦਨ ਅਤੇ ਰਾਜ ਦੇ ਲੋਕ ਉਚਿਤ ਕੇਂਦਰ-ਰਾਜ ਵਿੱਤੀ ਸੰਤੁਲਨ ਪ੍ਰਾਪਤ ਕਰਨ ਦੀ ਲੋੜ ਅਤੇ ਸੰਭਾਵਨਾ ਬਾਰੇ ਕੇਂਦਰ ਉਤੇ ਜ਼ੋਰ ਪਾਉਣ ਵਿੱਚ ਰਾਜ ਸਰਕਾਰ ਨੂੰ ਪੂਰਨ ਸਹਿਯੋਗ ਦੇਣਗੇ।

ਸਾਲਾਨਾ ਯੋਜਨਾ 1987-88

ਰਾਜ ਸਰਕਾਰ ਨੇ ਸਾਲ 1987-88 ਲਈ ਭਾਰਤ ਸਰਕਾਰ ਨੂੰ 865 ਕਰੋੜ ਰੁਪਏ ਦੀ ਨੀਡ-ਬੇਸਡ ਯੋਜਨਾ ਪੇਸ਼ ਕੀਤੀ ਸੀ। ਐਪਰ, ਯੋਜਨਾਬੰਦੀ ਕਮਿਸ਼ਨ ਨੇ ਕੇਵਲ 630 ਕਰੋੜ ਰੁਪਏ ਦੀ ਯੋਜਨਾ ਦਾ ਸੁਝਾਅ ਇਸ ਵਿਚਾਰ ਨਾਲ ਦਿੱਤਾ ਸੀ ਕਿ ਰਾਜ ਸਰਕਾਰ 75 ਕਰੋੜ ਰੁਪਏ ਦੇ ਅਧਿਕ ਸਾਧਨ ਖ਼ੁਦ ਜੁਟਾਏਗੀ।

ਰਾਜ ਸਰਕਾਰ ਨੇ ਵਧੇਰੀ ਲਾਗਤ ਲਈ ਜ਼ੋਰ ਪਾਇਆ ਅਤੇ 1987-88 ਦੀ ਸਾਲਾਨਾ ਯੋਜਨਾ 750 ਕਰੋੜ ਰੁਪਏ ਦੀ ਮਨਜ਼ੂਰ ਕੀਤੀ ਗਈ ਹੈ। (ਥੰਪਿੰਗ) ਇਸ ਵਿਚ 40 ਕਰੋੜ ਰੁਪਏ ਦੇ ਅਧਿਕ ਸਾਧਨ ਰਾਜ ਸਰਕਾਰ ਜੁਟਾਏਗੀ। ਇਸ ਸਾਰੀ ਯੋਜਨਾ ਵਿੱਚ 291.64 ਕਰੋੜ ਰੁਪਏ ਦੀ ਵਿਸ਼ੇਸ਼ ਕੇਂਦਰੀ ਸਹਾਇਤਾ ਮਿਆਦੀ ਕਰਜ਼ੇ ਦੇ ਰੂਪ ਵਿਚ ਦਿੱਤੀ ਗਈ ਹੈ। 750 ਕਰੋੜ ਰੁਪਏ ਦੀ ਯੋਜਨਾ ਲਈ ਵਿੱਤ ਲਾਉਣ ਵਾਸਤੇ ਅਜੇ ਵੀ 185 ਕਰੋੜ ਰੁਪਏ ਦੀ ਕਮੀ ਹੈ। ਭਾਰਤ ਸਰਕਾਰ ਜ਼ਰੂਰੀ ਫੰਡ ਇਕੱਤਰ ਕਰਨ ਦੀ ਸੰਭਾਵਨਾ ਦਾ ਪਰਸਪਰ ਤੌਰ ਤੇ ਪਤਾ ਲਾਉਣ ਲਈ ਸਹਿਮਤ ਹੋ ਗਈ ਹੈ ਅਤੇ ਕੇਂਦਰੀ ਵਿੱਤ ਮੰਤਰਾਲਾ ਦੁਆਰਾ ਦਿੱਤੀ ਸਲਾਹ ਅਨੁਸਾਰ ਇਹ ਕਮੀ ਲੇਖੇ ਦੀ ਮੱਦ "6003-- ਇਨਟਰਨਲ ਡੈੱਟ ਆਫ ਦੀ ਸਟੇਟ ਗੌਰਮਿੰਟ (ਐਫ) ਲੋਨਜ਼ ਫਰਾਮ ਅਦਰ ਇਨਸਟੀਚਿਊਸ਼ਨਜ਼" ਅਧੀਨ ਉਧਾਰ ਲੈ ਕੇ ਬਜਟ ਅਨੁਮਾਨਾਂ ਵਿਚ ਪੂਰੀ ਕੀਤੀ ਗਈ ਹੈ।

750 ਕਰੋੜ ਰੁਪਏ ਦੀ ਸਾਲਾਨਾ ਯੋਜਨਾ 1987-88, 610 ਕਰੋੜ ਰੁਪਏ ਦੀ ਸੋਧੀ ਸਾਲਾਨਾ ਯੋਜਨਾ 1986-87 ਦੇ ਮੁਕਾਬਲ ਤੇ ਲਗਭਗ 23% ਵਧੀਕ ਹੈ।

ਬੈਂਕਿੰਗ ਬੁਨਿਆਦੀ ਢਾਂਚਾ

ਦਿਹਾਤੀ ਇਲਾਕਿਆਂ ਵਿਚ ਸੰਸਥਾਈ ਵਿੱਤ ਮਿਲਣ ਨੂੰ ਯਕੀਨੀ ਬਣਾਉਣ ਲਈ ਸਾਲ 1985-86 ਦੇ ਦੌਰਾਨ ਪਟਿਆਲਾ-ਸੰਗਰੂਰ ਅਤੇ ਬਠਿੰਡਾ-ਫਰੀਦਕੋਟ ਜ਼ਿਲ੍ਹਿਆਂ ਵਿਚ 2 ਹੋਰ ਰੀਜ਼ਨਲ ਦਿਹਾਤੀ ਬੈਂਕ ਖੋਲ੍ਹੇ ਗਏ ਹਨ। ਇਸ ਤਰ੍ਹਾਂ ਰਾਜ ਦੇ 12 ਜ਼ਿਲ੍ਹਿਆਂ ਵਿਚੋਂ 10 ਜ਼ਿਲ੍ਹੇ ਰੀਜ਼ਨਲ ਦਿਹਾਤੀ ਬੈਂਕਾਂ ਦੇ ਪ੍ਰੋਗਰਾਮ ਅਧੀਨ ਆ ਚੁੱਕੇ ਹਨ। ਜਲੰਧਰ ਅਤੇ ਲੁਧਿਆਣਾ ਦੇ ਬਾਕੀ ਰਹਿੰਦੇ 2 ਜ਼ਿਲ੍ਹਿਆਂ ਨੂੰ ਕ੍ਰਮਵਾਰ ਕਪੂਰਥਲਾ ਅਤੇ ਸੰਗਰੂਰ ਵਿਖੇ ਰੀਜ਼ਨਲ ਦਿਹਾਤੀ ਬੈਂਕਾਂ ਅਧੀਨ ਲਿਆਉਣ ਲਈ ਇਕ ਤਜਵੀਜ਼ ਖੇਤੀ-ਬਾੜੀ ਅਤੇ ਦਿਹਾਤੀ ਵਿਕਾਸ ਲਈ ਰਾਸ਼ਟਰੀ ਬੈਂਕ ਨੂੰ ਅਤੇ ਰੀਜ਼ਰਵ ਬੈਂਕ ਆਫ਼ ਇੰਡੀਆ ਨੂੰ ਭੇਜੀ ਗਈ ਹੈ।

[ਵਿੱਤ ਮੰਤਰੀ]

ਕਰਜ਼ਾ-ਸੰਬੰਧ ਸਕੀਮਾਂ ਅਤੇ ਦਿਹਾਤੀ ਤੇ ਸ਼ਹਿਰੀ ਲੋਕਾਂ ਦੀਆਂ ਕਰਜ਼ੇ ਦੀਆਂ ਲੋੜਾਂ ਦਾ ਕਰਿ-ਟਿਕਲ ਰਿਵੀਊ ਕਰਨ ਤੋਂ ਬਾਅਦ ਇਸ ਸਾਲ ਇਕ ਸੰਸਥਾਈ ਵਿੱਤ ਯੋਜਨਾ ਤਿਆਰ ਕੀਤੀ ਗਈ ਹੈ। ਮੌਜੂਦਾ ਖੇਤਰੀ ਅੰਤਰ ਨੂੰ ਦੂਰ ਕਰਨ ਲਈ 328 ਨਵੇਂ ਕੇਂਦਰਾਂ ਦੀ ਪਛਾਣ ਕੀਤੀ ਗਈ ਹੈ ਅਤੇ ਬੈਂਕਾਂ ਦੀਆਂ ਨਵੀਆਂ ਸ਼ਾਖਾਵਾਂ ਖੋਲ੍ਹਣ ਲਈ ਰੀਜ਼ਰਵ ਬੈਂਕ ਆਫ਼ ਇੰਡੀਆ ਨੂੰ ਸਿਫ਼ਾਰਸ਼ ਕੀਤੀ ਗਈ ਹੈ।

ਸਹਾਇਤਾ ਤੇ ਮੁੜ ਸਥਾਪਣ

ਮਾਨਯੋਗ ਮੈਂਬਰ ਸਾਹਿਬਾਨ ਨੂੰ ਯਾਦ ਹੋਵੇਗਾ ਕਿ ਇਸ ਮਹਾਨ ਸਦਨ ਸਾਂਹਮਣੇ ਸਾਲ 1986-87 ਦਾ ਬਜਟ ਪੇਸ਼ ਕਰਨ ਸਮੇਂ ਮੈਂ ਸਰਕਾਰ ਦੁਆਰਾ ਫੌਰੀ ਅਤੇ ਕਾਫ਼ੀ ਸਹਾਇਤਾ ਮੁਹੱਈਆ ਕਰਨ ਲਈ ਅਪਣਾਏ ਗਏ ਵਿਭਿੰਨ ਉਪਾਵਾਂ ਦਾ ਐਲਾਨ ਕੀਤਾ ਸੀ। ਇਹ ਸਹਾਇਤਾ, ਦੇਸ਼ ਵਿਚ ਕਈ ਥਾਵਾਂ ਤੇ ਹੋਈ ਭਾਰੀ ਗੜਬੜ ਅਤੇ ਦੰਗਿਆਂ ਦੁਆਰਾ ਪੀੜਤ ਵਿਅਕਤੀਆਂ ਨੂੰ ਅਤੇ ਜਦੋ-ਜਹਿਦ ਜਾਂ ਕਾਰਵਾਈ ਵਿਚ ਮਾਰੇ ਗਏ ਨਿਰਦੋਸ਼ ਵਿਅਕਤੀਆਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਦਿੱਤੀ ਜਾਣੀ ਸੀ। ਦਿੱਤੇ ਗਏ ਉਨ੍ਹਾਂ ਵਿਸ਼ਵਾਸਾਂ ਦੀ ਪੂਰਤੀ ਲਈ ਸਰਕਾਰ ਨੇ ਨਿਮਨ ਕਦਮ ਚੁੱਕੇ ਹਨ:--

(i) ਘੱਟ ਆਮਦਨ ਗਰੁੱਪ ਵਾਲੇ 658 ਮਕਾਨ ਉਨ੍ਹਾਂ ਐਲਿਜੀਬਲ ਆਵਾਸੀ ਵਿਧਵਾਵਾਂ ਨੂੰ, ਜਿਨ੍ਹਾਂ ਦੇ ਰੋਟੀ-ਰੋਜ਼ੀ ਕਮਾਉਣ ਵਾਲੇ 31 ਅਕਤੂਬਰ, 1984 ਤੋਂ 7 ਨਵੰਬਰ, 1984 ਦੇ ਸਮੇਂ ਦੇ ਦੌਰਾਨ ਮਾਰੇ ਗਏ ਸਨ ਅਤੇ ਇਸੇ ਸਮੇਂ ਦੌਰਾਨ ਨਿਆਸਰਾ ਅਤੇ ਯਤੀਮ ਹੋਏ ਵਿਅਕਤੀਆਂ ਨੂੰ, ਮੁਫ਼ਤ ਅਲਾਟ ਕੀਤੇ ਗਏ ਹਨ ; (ਥੰਪਿੰਗ)

(ii) ਘੱਟ ਆਮਦਨ ਗਰੁੱਪ ਵਾਲੇ 400 ਮਕਾਨ ਹੋਰ ਆਵਾਸੀਆਂ ਨੂੰ ਰਿਆਇਤੀ-ਸ਼ਰਤਾਂ ਤੇ ਅਲਾਟ ਕੀਤੇ ਗਏ ਹਨ, ਜਿਸ ਵਿਚ ਕਰਜ਼ੇ ਦੀ ਵਾਪਸੀ ਲਈ 2 ਸਾਲ ਦੀ ਮੁਹਲਤ ਦਿੱਤੀ ਗਈ ਹੈ ਅਤੇ ਇਸ ਦੀ ਵਸੂਲੀ 4½% ਪ੍ਰਤਿ ਸਾਲ ਨਾ-ਮਾਤਰ ਵਿਆਜ ਦਰ ਤੇ 25 ਸਾਲ ਵਿਚ ਕੀਤੀ ਜਾਣੀ ਹੈ; (ਥੰਪਿੰਗ)

(iii) ਐਲਿਜੀਬਲ ਆਵਾਸੀਆਂ ਨੂੰ 1,069 ਵਪਾਰਕ ਪਲਾਟ, ਬਣੇ ਹੋਏ ਬੂਥ/ਖੋਖੇ ਰਾਖਵੀਂ ਕੀਮਤ ਤੇ ਅਲਾਟ ਕੀਤੇ ਗਏ ਹਨ; (ਥੰਪਿੰਗ)

(iv) ਆਵਾਸੀਆਂ ਨੂੰ 384 ਰਿਹਾਇਸ਼ੀ ਪਲਾਟ ਰਾਖਵੀਂ ਕੀਮਤ ਤੋਂ 20% ਘਟ ਮੁਲ ਤੇ ਅਲਾਟ ਕੀਤੇ ਗਏ ਹਨ; (ਥੰਪਿੰਗ)

(v) ਆਵਾਸੀਆਂ ਨੂੰ ਵੱਖ ਵੱਖ ਜ਼ਿਲ੍ਹਿਆਂ ਵਿਚ 75 ਉਦਯੋਗਿਕ ਪਲਾਟ ਅਲਾਟ ਕੀਤੇ ਗਏ ਹਨ ;

(vi) 617 ਵਿਧਵਾਵਾਂ, ਨਿਆਸਰਾ, ਨਾਕਾਰਾ ਹੋਏ ਵਿਅਕਤੀਆਂ ਅਤੇ ਯਤੀਮਾਂ ਨੂੰ 250 ਰੁਪਏ ਪ੍ਰਤਿ ਮਹੀਨਾ ਪੈਨਸ਼ਨ ਪਰਵਾਨ ਕੀਤੀ ਗਈ ਹੈ; (ਥੰਪਿੰਗ)

(vii) ਹਰੇਕ ਵਿਧਵਾ, ਨਿਆਸਰਾ, ਨਾਕਾਰਾ ਵਿਅਕਤੀ ਅਤੇ ਯਤੀਮ, ਜਿਸ ਦਾ ਕਮਾਊ ਮਾਰਿਆ ਗਿਆ ਸੀ, ਨੂੰ 5,000 ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਲਈ 731 ਕੇਸ ਮਨਜ਼ੂਰ ਕੀਤੇ ਗਏ ਹਨ ; (ਥੰਪਿੰਗ)

(viii) 6,644 ਕੇਸਾਂ ਵਿਚ ਗਰਮ ਕਪੜੇ ਖਰੀਦਣ ਲਈ ਹਰੇਕ ਨੂੰ 1,000 ਰੁਪਏ ਦੀ ਰਕਮ ਐਕਸ-ਗ੍ਰੇਸ਼ੀਆ ਗ੍ਰਾਂਟ ਵਜੋਂ ਵੰਡੀ ਗਈ ਸੀ ; (ਥੰਪਿੰਗ)

(ix) 4,000 ਤੋਂ ਵੱਧ ਆਵਾਸੀਆਂ ਨੂੰ 8.54 ਕਰੋੜ ਰੁਪਏ ਦੇ ਕਰਜ਼ੇ ਦਿਤੇ ਗਏ ਸਨ, ਜਿਨ੍ਹਾਂ ਵਿਚ 80.20 ਲੱਖ ਰੁਪਏ ਦੀ ਸਬਸਿਡੀ ਸ਼ਾਮਲ ਹੈ ; (ਥੰਪਿੰਗ)

(x) ਆਵਾਸੀਆਂ ਦੇ 123 ਬੱਚਿਆਂ ਨੂੰ ਸਿਖਿਆ ਲਈ ਵਜ਼ੀਫੇ ਦਿੱਤੇ ਗਏ ਸਨ। ਇਹ ਵਜ਼ੀਫਾ ਅਠਵੀਂ ਜਮਾਤ ਤਕ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ 50 ਰੁਪਏ ਪ੍ਰਤਿ ਮਹੀਨਾ ਅਤੇ ਨੌਵੀਂ, ਦਸਵੀਂ ਤੇ ਗਿਆਰਵੀਂ ਜਮਾਤ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ 100 ਰੁਪਏ ਪ੍ਰਤਿ ਮਹੀਨਾ ਦਿੱਤਾ ਜਾਂਦਾ ਹੈ ; (ਥੰਪਿੰਗ)

(xi) 235 ਆਵਾਸੀ ਵਿਧਵਾਵਾਂ ਨੂੰ ਆਪਣੀ ਉਪਜੀਵਕਾ ਕਮਾਉਣ ਲਈ ਪੰਜਾਬ ਇਸਤਰੀ ਅਤੇ ਬਾਲ ਵਿਕਾਸ ਤੇ ਭਲਾਈ ਕਾਰਪੋਰੇਸ਼ਨ ਦੁਆਰਾ ਕਰਜ਼ੇ ਮਨਜ਼ੂਰ ਕੀਤੇ ਗਏ ਹਨ ;

(xii) ਆਵਾਸੀਆਂ ਨੂੰ 77 ਰਾਸ਼ਨ ਡਿਪੂ ਅਲਾਟ ਕੀਤੇ ਗਏ ਹਨ ; (ਥੰਪਿੰਗ)

(xiii) ਆਵਾਸੀਆਂ ਅਤੇ ਦੰਗਿਆਂ, ਜਾਂ ਹੋਰ ਹਿੰਸਾ ਦੁਆਰਾ ਪਰਭਾਵਤ ਪਰਿਵਾਰਾਂ ਦੇ ਮੈਂਬਰਾਂ ਨੂੰ, ਕੁੱਲ ਮਿਲਾ ਕੇ 763 ਵਿਅਕਤੀਆਂ ਨੂੰ ਸਰਕਾਰੀ ਵਿਭਾਗਾਂ, ਸਥਾਨਕ ਸੰਸਥਾਵਾਂ ਆਦਿ ਵਿਚ ਨੌਕਰੀਆਂ ਦਿੱਤੀਆਂ ਗਈਆਂ ਹਨ ; (ਥੰਪਿੰਗ)

(xiv) ਪੰਜਾਬ ਸਰਕਾਰ ਨੇ ਇਕ ਅਗਸਤ, 1982 ਤੋਂ ਅਤੇ ਬਾਅਦ ਵਿਚ ਵੱਖ ਵੱਖ ਕਾਰਵਾਈਆਂ, ਅੰਦੋਲਨਾਂ ਜਾਂ ਹਿੰਸਾ ਵਿਚ ਬੁਰੀ ਤਰ੍ਹਾਂ ਪਰਭਾਵਤ ਹੋਏ ਵਿਅਕਤੀਆਂ ਨੂੰ, ਜਾਇਦਾਦ ਦੇ ਨੁਕਸਾਨ ਲਈ ਮੁਆਵਜ਼ੇ ਸਮੇਤ, ਰਾਹਤ ਦੇਣ ਵਾਸਤੇ 5.23 ਕਰੋੜ ਰੁਪਏ ਦੀ ਰਕਮ ਵੰਡੀ ਹੈ, ਇਸ ਤਰ੍ਹਾਂ ਰਾਜੀਵ ਲੌਂਗੋਵਾਲ ਸਮਝੌਤੇ ਦੇ ਪੈਰਾ 1.1 ਨੂੰ ਲਾਗੂ ਕਰ ਦਿੱਤਾ ਗਿਆ ਹੈ ; (ਥੰਪਿੰਗ)

(xv) ਉਨ੍ਹਾਂ ਹਿੰਦੂ ਪਰਿਵਾਰਾਂ ਨੂੰ ਜਿਹੜੇ ਪੰਜਾਬ ਤੋਂ ਦਿੱਲੀ ਅਤੇ ਹੋਰ ਸਥਾਨਾਂ ਤੇ ਚਲੇ ਗਏ ਸਨ, ਵਾਪਸ ਲਿਆਉਣ ਲਈ ਰਾਜ ਸਰਕਾਰ ਨੇ ਉਨ੍ਹਾਂ ਨੂੰ ਨਿਮਨ ਰਿਆਇਤਾਂ ਦਿੱਤੀਆਂ ਹਨ :—

(ੳ) ਹਰੇਕ ਆਵਾਸੀ ਪਰਿਵਾਰ ਨੂੰ ਉਨ੍ਹਾਂ ਦੇ ਟਰਾਂਸਪੋਰਟ ਅਤੇ ਹੋਰ ਖ਼ਰਚਿਆਂ ਨੂੰ ਪੂਰਾ ਕਰਨ ਲਈ 2,500 ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦਿੱਤੀ ਜਾਵੇਗੀ ; (ਥੰਪਿੰਗ)

(ਅ) ਆਵਾਸੀ ਪਰਿਵਾਰ ਰਾਜ ਦੇ ਕਿਸੇ ਨਗਰ ਨੂੰ ਆਪਣੇ ਨਿਵਾਸ ਸਥਾਨ ਵਜੋਂ ਚੁਣ ਸਕਦਾ ਹੈ ;

(ੲ) ਆਵਾਸੀ ਪਰਿਵਾਰ, ਜਿਹੜਾ ਆਪਣੇ ਮੂਲ ਪਿੰਡ ਜਾਂ ਨਗਰ ਤੋਂ ਬਿਨਾਂ ਕਿਸੇ ਹੋਰ ਥਾਂ ਦੀ ਨਿਵਾਸ ਸਥਾਨ ਲਈ ਚੋਣ ਕਰਦਾ ਹੈ, ਉਸ ਨੂੰ ਰਿਆਇਤ ਸ਼ਰਤਾਂ ਤੇ ਘੱਟ ਆਮਦਨ ਗਰੁੱਪ ਦਾ ਮਕਾਨ ਅਲਾਟ ਕੀਤਾ ਜਾਵੇਗਾ। ਇਸ

[ਵਿੱਤ ਮੰਤਰੀ]

ਦੀ ਵਾਪਸੀ 2 ਸਾਲਾਂ ਦੀ ਮੁਹਲਤ ਸਮੇਤ, 4½ ਫੀ ਸਦੀ ਸਾਲਾਨਾ ਵਿਆਜ ਦੀ ਦਰ ਨਾਲ 25 ਸਾਲਾਂ ਦੇ ਸਮੇਂ ਵਿੱਚ ਕੀਤੀ ਜਾਵੇਗੀ; (ਥੰਪਿੰਗ)

(ਸ) ਹਰੇਕ ਆਵਾਸੀ ਪਰਿਵਾਰ ਨੂੰ ਸਿਕਿਓਰਟੀ ਜਾਂ ਮਾਰਜਨ ਧਨ ਤੋਂ ਬਿਨਾਂ ਵਪਾਰਕ ਬੈਂਕਾਂ ਤੋਂ 25,000 ਰੁਪਏ ਤਕ ਦਾ ਕਰਜ਼ਾ ਨਿਵਾਸ ਸਥਾਨ ਵਿਖੇ ਕੋਈ ਵਪਾਰ ਜਾਂ ਕਾਰੋਬਾਰ ਸ਼ੁਰੂ ਕਰਨ ਲਈ ਦਿੱਤਾ ਜਾਵੇਗਾ; ਅਤੇ (ਥੰਪਿੰਗ)

(ਹ) ਅਜਿਹੇ ਹਰੇਕ ਪਰਿਵਾਰ ਨੂੰ 25,000 ਰੁਪਏ ਦੀ ਰਕਮ ਤਕ ਦੇ ਕਰਜ਼ੇ ਵਿਚ 5,000 ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ। ਜੇਕਰ ਕਰਜ਼ੇ ਦੀ ਰਕਮ 25,000 ਰੁਪਏ ਤੋਂ ਘੱਟ ਹੋਵੇ ਤਾਂ ਸਬ-ਸਿਡੀ, ਕਰਜ਼ੇ ਦੀ ਰਕਮ ਦਾ ¼ ਅਤੇ ਵੱਧ ਤੋਂ ਵੱਧ 5,000 ਰੁਪਏ ਹੋਵੇਗੀ। (ਥੰਪਿੰਗ)

ਡਿਸਚਾਰਜ ਕੀਤੇ ਫੌਜੀਆਂ ਦਾ ਮੁੜ ਵਸੇਬਾ

ਸਰਕਾਰ ਫੌਜ ਵਿਚੋਂ ਡਿਸਚਾਰਜ ਕੀਤੇ ਵਿਅਕਤੀਆਂ ਦੀ ਸਹਾਇਤਾ ਅਤੇ ਮੁੜ-ਵਸੇਬੇ ਲਈ ਵੱਖ ਵੱਖ ਉਪਾਅ ਕਰਦੀ ਰਹੀ ਹੈ। 1200 ਤੋਂ ਵੀ ਜ਼ਿਆਦਾ ਵਿਅਕਤੀਆਂ ਨੂੰ ਐਕਸ-ਗ੍ਰੇਸ਼ੀਆ ਗ੍ਰਾਂਟ ਦਿੱਤੀ ਗਈ ਹੈ। ਜਿਨ੍ਹਾਂ ਨੂੰ ਫ਼ੌਜ ਵਿਚ ਵਾਪਸ ਨਹੀਂ ਲਿਆ ਗਿਆ ਜਾਂ ਜੋ ਅਜੇ ਵੀ ਬੇਰੋਜ਼ਗਾਰ ਹਨ, ਉਨ੍ਹਾਂ ਨੂੰ 500 ਰੁਪਏ ਪ੍ਰਤਿ ਮਹੀਨਾ ਗੁਜ਼ਾਰਾ ਗਰਾਂਟ ਦਿੱਤੀ ਜਾ ਰਹੀ ਹੈ। (ਥੰਪਿਗ)ਇਸ ਸਮੇਂ 425 ਫੌਜੀ ਜਾਂ ਉਨ੍ਹਾਂ ਤੇ ਆਸਰਿਤ ਵਿਅਕਤੀ ਇਹ ਮਾਸਕ ਗੁਜ਼ਾਰਾ ਗ੍ਰਾਂਟ ਲੈ ਰਹੇ ਹਨ। ਉਨ੍ਹਾਂ ਨੂੰ ਇਹ ਰਿਆਇਤਾਂ ਦੇਣ ਲਈ 57.00 ਲੱਖ ਰੁਪਏ ਦੀ ਰਕਮ ਖ਼ਰਚ ਕੀਤੀ ਗਈ ਹੈ। (ਥੰਪਿੰਗ)

ਸਰਕਾਰ ਨੇ ਪੀੜਤ ਫੌਜੀਆਂ ਦੀਆਂ ਆਸਰਿਤ ਇਸਤਰੀਆਂ ਨੂੰ ਪੰਜਾਬ ਮਹਿਲਾ ਅਤੇ ਬਾਲ ਵਿਕਾਸ ਤੇ ਭਲਾਈ ਕਾਰਪੋਰੇਸ਼ਨ ਰਾਹੀਂ 20-20 ਹਜ਼ਾਰ ਰੁਪਏ ਤੱਕ ਦੇ ਵਿਆਜ-ਰਹਿਤ ਕਰਜ਼ੇ ਆਪਣੇ ਸਵੈ-ਰੋਜ਼ਗਾਰ ਕਾਰੋਬਾਰ ਸਥਾਪਤ ਕਰਨ ਲਈ ਦੇਣ ਦਾ ਵੀ ਫੈਸਲਾ ਕੀਤਾ ਹੈ। ਕਰਜ਼ੇ ਵਜੋਂ ਦਿੱਤੀ ਇਸ ਰਕਮ ਦਾ ਇਕ-ਚੌਥਾਈ ਹਿਸਾ ਸਬਸਿਡੀ ਦੇ ਤੌਰ ਤੇ ਹੋਵੇਗਾ। ਅਪਰੇਸ਼ਨ ਬਲੂ-ਸਟਾਰ ਦੇ ਸਿੱਟੇ ਵਜੋਂ ਪ੍ਰਭਾਵਤ ਹੋਏ ਫ਼ੌਜੀਆਂ ਦੀਆਂ ਆਸਰਿਤ ਇਸਤਰੀਆਂ ਨੂੰ ਕਾਰਪੋਰੇਸ਼ਨ ਨੇ 15.00 ਲੱਖ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਹਨ (ਥੰਪਿੰਗ) ਇਸ ਵਰਗ ਦੀਆਂ ਇਸਤਰੀਆਂ ਨੂੰ ਸਿਲਾਈ ਅਤੇ ਕਢਾਈ ਦੀ ਸਿਖਲਾਈ ਦੇਣ ਲਈ 4 ਸਿਖਲਾਈ ਕੇਂਦਰ ਸਥਾਪਤ ਕੀਤੇ ਗਏ ਹਨ। ਉਨ੍ਹਾਂ ਨੂੰ 250 ਰੁਪਏ ਪ੍ਰਤਿ ਮਹੀਨਾ ਸਟਾਈਪਿਡ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਰਿਹਾਇਸ਼ੀ ਸਥਾਨ ਤੋਂ ਸਿਖਲਾਈ ਸਥਾਨ ਤਕ ਜਾਣ ਅਤੇ ਵਾਪਸ ਆਉਣ ਦਾ ਖ਼ਰਚ ਵੀ ਦਿਤਾ ਜਾ ਰਿਹਾ ਹੈ।

ਕੁਦਰਤੀ ਆਫ਼ਤਾਂ ਸਬੰਧੀ ਰਾਹਤ

ਸਾਲ 1986-87 ਦੌਰਾਨ ਪੰਜਾਬ ਰਾਜ ਨੂੰ ਦੋ ਵਾਰ ਕੁਦਰਤੀ ਆਫ਼ਤਾਂ ਦੀ ਮਾਰ ਸਹਿਣੀ ਪਈ। ਪਹਿਲਾਂ ਤਾਂ ਜੂਨ/ਜੁਲਾਈ, 1986 ਵਿਚ ਭਾਰੀ ਵਰਖਾ/ਹੜ੍ਹ ਆਏ, ਜਿਨ੍ਹਾਂ ਦਾ 7 ਜ਼ਿਲ੍ਹਿਆਂ ਤੇ ਅਰਥਾਤ ਫਰੀਦਕੋਟ, ਫਿਰੋਜ਼ਪੁਰ, ਬਠਿੰਡਾ, ਅੰਮ੍ਰਿਤਸਰ, ਗੁਰਦਾਸਪੁਰ, ਰੋਪੜ ਅਤੇ ਹੁਸ਼ਿਆਰਪੁਰ ਉਤੇ ਪ੍ਰਭਾਵ ਪਿਆ। ਇਨਸਾਨਾਂ ਤੇ ਪਸ਼ੂਆਂ ਦਾ ਜਾਨੀ ਨੁਕਸਾਨ ਹੋਇਆ ਅਤੇ ਮਕਾਨਾਂ, ਫਸਲਾਂ ਤੇ ਲੋਕ ਕਾਰਜਾਂ ਨੂੰ ਭਾਰੀ ਹਾਨੀ ਪਹੁੰਚੀ। ਵਰਖਾ/ਹੜ੍ਹਾਂ ਕਾਰਨ ਪੈਦਾ ਹੋਈਆਂ ਮੁਸੀਬਤਾਂ ਸਬੰਧੀ ਰਾਹਤ ਦੇਣ ਅਤੇ ਇਨ੍ਹਾਂ ਨਾਲ ਬਰਬਾਦ ਹੋਏ ਲੋਕ ਕਾਰਜਾਂ ਨੂੰ ਮੁੜ-ਸਥਾਪਤ ਕਰਨ ਲਈ 1986-87

ਦੇ ਸੋਧੇ ਅਨੁਮਾਨਾਂ ਵਿਚ 26.55 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਦੂਜੀ ਕੁਦਰਤੀ ਆਫ਼ਤ ਅਕਤੂਬਰ, 1986 ਦੌਰਾਨ ਗੜ੍ਹੇ ਪੈਣ ਕਰਕੇ ਆਈ, ਜਿਸ ਨੇ ਰਾਜ ਦੇ 10 ਜ਼ਿਲ੍ਹਿਆਂ ਅਰਥਾਤ ਸੰਗਰੂਰ, ਰੋਪੜ; ਫਰੀਦਕੋਟ, ਹੁਸ਼ਿਆਰਪੁਰ, ਅੰਮ੍ਰਿਤਸਰ, ਕਪੂਰਥਲਾ, ਫਿਰੋਜ਼-ਪੁਰ, ਜਲੰਧਰ, ਲੁਧਿਆਣਾ ਅਤੇ ਬਠਿੰਡਾ ਨੂੰ ਪ੍ਰਭਾਵਤ ਕੀਤਾ।

ਪਹਿਲਾਂ ਭਾਰੀ ਵਰਖਾ/ਹੜ੍ਹਾਂ ਅਤੇ ਹੋਰ ਕੁਦਰਤੀ ਆਫਤਾਂ ਕਾਰਣ ਅੰਗਾਂ ਜਾਂ ਅੱਖਾਂ ਦਾ ਨੁਕ-ਸਾਨ ਹੋ ਜਾਣ ਲਈ ਕੋਈ ਰਾਹਤ ਨਹੀਂ ਦਿੱਤੀ ਜਾਂਦੀ ਸੀ। ਪਹਿਲੀ ਅਪਰੈਲ, 1986 ਤੋਂ ਰਾਜ ਸਰਕਾਰ ਨੇ ਅਜਿਹ ਨੁਕਸਾਨ ਵਾਲੇ ਹਰੇਕ ਕੇਸ ਵਿਚ 2,500 ਰੁਪਏ ਦੀ ਐਕਸ-ਗ੍ਰੇਸ਼ੀਆ ਗ੍ਰਾਂਟ ਦੇਣ ਦੀ ਮਨਜ਼ੂਰੀ ਦਿੱਤੀ ਹੈ।

ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਅੰਤਰਰਾਸ਼ਟਰੀ ਸਰਹੱਦ ਤੋਂ 500 ਮੀਟਰ ਦੀ ਪੱਟੀ ਦੇ ਅੰਦਰ ਸਥਿੱਤ ਹਨ, ਉਨ੍ਹਾਂ ਨੂੰ ਰਾਤ ਦੇ ਕਰਫਿਊ ਕਾਰਨ ਪੇਸ਼ ਆਉਂਦੀ ਔਖ ਨੂੰ ਧਿਆਨ ਵਿਚ ਰਖਦੇ ਹੋਏ, ਉਨ੍ਹਾਂ ਦੁਆਰਾ ਅਦਾਇਗੀਯੋਗ ਆਬਿਆਨੇ ਦਾ 50 ਫੀ ਸਦੀ ਮੁਆਫ਼ ਕਰ ਦਿੱਤਾ ਗਿਆ ਹੈ।

ਖੇਤੀ-ਬਾੜੀ

ਮਾਨਯੋਗ ਮੈਂਬਰ ਸਾਹਿਬਾਨ ਨੇ ਧਿਆਨ ਦਿੱਤਾ ਹੋਵੇਗਾ ਕਿ ਸੱਤਵੀਂ ਪੰਜ ਸਾਲਾ ਯੋਜਨਾ ਦੇ ਆਖਰੀ ਸਾਲ (1989-90) ਲਈ ਨਿਯਤ ਕੀਤੇ ਖੇਤੀ-ਬਾੜੀ ਉਤਪਾਦਨ ਦੇ ਟੀਚੇ ਸਾਲ 1985-86 ਦੌਰਾਨ ਹੀ ਪ੍ਰਾਪਤ ਕਰ ਲਏ ਗਏ ਸਨ। ਸਾਲ 1985-86 ਦੌਰਾਨ ਅਨਾਜ ਦਾ ਕੁਲ ਉਤਪਾਦਨ, ਉਸ ਸਾਲ ਲਈ 155.00 ਲੱਖ ਮੀਟ੍ਰਿਕ ਟਨ ਅਤੇ ਸਾਲ 1989-90 ਲਈ 171.00 ਲੱਖ ਮੀਟ੍ਰਿਕ ਟਨ ਦੇ ਟੀਚੇ ਦੇ ਮੁਕਾਬਲੇ 171.99 ਲੱਖ ਮੀਟ੍ਰਿਕ ਟਨ ਸੀ। ਇਸੇ ਤਰ੍ਹਾਂ ਸਾਲ 1985-86 ਦੌਰਾਨ ਕਪਾਹ ਦਾ ਉਤਪਾਦਨ ਉਸ ਸਾਲ ਲਈ 12.50 ਲੱਖ ਗੱਠਾਂ ਅਤੇ ਸਾਲ 1989-90 ਲਈ 14.00 ਲੱਖ ਗੱਠਾਂ ਦੇ ਟੀਚੇ ਦੇ ਮੁਕਾਬਲੇ 14.02 ਲੱਖ ਗੱਠਾਂ ਸੀ। ਸਰਕਾਰ ਸਾਲ 1987-88 ਦੌਰਾਨ ਰਾਜ ਵਿਚ ਖੇਤੀਬਾੜੀ ਦੇ ਉਤਪਾਦਨ ਦੇ ਵਾਧੇ ਦੀ ਰਫ਼ਤਾਰ ਨੂੰ ਤੇਜ਼ ਕਰਨ ਲਈ ਪੂਰੀ ਕੋਸ਼ਿਸ਼ ਕਰੇਗੀ।

ਵਰਤਮਾਨ ਸਰਕਾਰ ਨੇ ਕਾਰਜ ਭਾਰ ਸੰਭਾਲਣ ਤੋਂ ਛੇਤੀ ਬਾਅਦ ਹੀ ਫ਼ਸਲਾਂ ਦੀ ਬਦਲਵੀਂ ਬਿਜਾਈ ਦੀਆਂ ਪੱਚੀ ਕਿਸਮਾਂ ਤੇ ਆਧਾਰਿਤ "ਫਸਲਾਂ ਦੀ ਬਦਲਵੀਂ ਬਿਜਾਈ ਦੀ ਨਵੀਂ ਆਰਥਕ ਨੀਤੀ" ਨਾਂ ਦੀ ਇਕ ਨਵੀਂ ਖੇਤੀਬਾੜੀ ਉਤਪਾਦਨ ਨੀਤੀ ਲਾਗੂ ਕੀਤੀ ਸੀ। ਤੇਲ ਬੀਜਾਂ ਅਤੇ ਦਾਲਾਂ ਸਬੰਧੀ ਭਾਰਤ ਸਰਕਾਰ ਦੀ ਇਮਦਾਦੀ ਕੀਮਤ ਦੀ ਨੀਤੀ ਵੀ ਪਹਿਲੀ ਵਾਰ 1985-86 ਦੌਰਾਨ ਪੰਜਾਬ ਵਿਚ ਲਾਗੂ ਕੀਤੀ ਗਈ ਹੈ। ਰਾਜ ਵਿਚ ਸੂਰਜਮੁੱਖੀ ਅਤੇ ਸੋਇਆਬੀਨ ਦੀ ਕਾਸ਼ਤ ਵੀ ਸ਼ੁਰੂ ਕੀਤੀ ਗਈ ਹੈ। ਰਲੀਆਂ-ਮਿਲੀਆਂ ਫ਼ਸਲਾਂ ਦੀ ਕਾਸ਼ਤ ਕਰਨ ਤੇ ਵਿਸ਼ੇਸ਼ ਜ਼ੋਰ ਦਿਤਾ ਗਿਆ ਹੈ, ਜਿਸ ਨਾਲ ਵਧੇਰੇ ਆਮਦਨ ਹੋਣ ਦੀ ਆਸ ਹੈ। ਪ੍ਰਮਾਣਤ ਬੀਜਾਂ ਤੋਂ ਬਾਸਮਤੀ ਚਾਵਲਾਂ ਦੀ ਉਪਜ ਦੀ ਮਾਰਕਫੈੱਡ ਰਾਹੀਂ ਖਰੀਦ ਲਈ ਕੀਤੇ ਪ੍ਰਬੰਧਾਂ ਨਾਲ ਕਿਸਾਨਾਂ ਦਾ ਉਤਸ਼ਾਹ ਵਧਿਆ ਹੈ। ਕਮਾਦ ਦੀ ਕਾਸ਼ਤ ਅਧੀਨ ਰਕਬਾ 1985-86 ਦੌਰਾਨ 78,000 ਹੈਕਟੇਅਰ ਤੋਂ ਵੱਧ ਕੇ 1986-87 ਦੌਰਾਨ 97,000 ਹੈਕਟੇਅਰ ਹੋ ਗਿਆ ਹੈ।

ਕਿਸਾਨਾਂ ਦੀ ਤਕਨੀਕੀ ਕੁਸ਼ਲਤਾ ਵਿਚ ਸੁਧਾਰ ਕਰਨ ਲਈ ਨਵੀਆਂ ਸਕੀਮਾਂ ਬਣਾਈਆਂ ਗਈਆਂ ਹਨ। ਕਿਸਾਨਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਅਤੇ ਮਕੈਨੀਕਲ ਐਕਸਟੈਂਸ਼ਨ ਵਲ

[ਵਿੱਤ ਮੰਤਰੀ]
ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ। 2.00 ਲੱਖ ਰੁਪਏ ਦੇ ਖਰਚ ਨਾਲ "ਕਿਸਾਨਾਂ ਦਾ ਸਟੱਡੀ ਟੂਰ" ਨਾਂ ਦੀ ਇਕ ਨਵੀਂ ਸਕੀਮ ਰਾਜ ਸਾਲਾਨਾ ਯੋਜਨਾ 1987-88 ਵਿਚ ਸ਼ਾਮਲ ਕੀਤੀ ਗਈ ਹੈ। ਇਹ ਵੀ ਤਜਵੀਜ਼ ਕੀਤਾ ਗਿਆ ਹੈ ਕਿ ਰਾਜ ਦੇ ਸਰਵੋਤਮ ਕਿਸਾਨਾਂ ਨੂੰ ਇਨਾਮ ਦਿੱਤੇ ਜਾਣ। ਕੀਟ-ਨਾਸ਼ਕ ਦਵਾਈਆਂ ਅਤੇ ਘਾਹ-ਫੂਸ ਨਾਸ਼ਕ ਦਵਾਈਆਂ ਦੀ ਉਚਿਤ ਕੁਆਲਟੀ ਚੈਕ ਕਰਨ ਲਈ 1987-88 ਦੌਰਾਨ ਦੋ ਨਵੀਆਂ ਪਰਖ ਪ੍ਰਯੋਗਸ਼ਾਲਾਵਾਂ ਬਣਾਈਆਂ ਜਾ ਰਹੀਆਂ ਹਨ।

ਬਾਗਬਾਨੀ

ਰਾਜ ਵਿਚ ਬਾਗ਼ਬਾਨੀ ਦੇ ਵਿਕਾਸ ਲਈ ਵਧੇਰੇ ਧਿਆਨ ਦਿਤਾ ਜਾ ਰਿਹਾ ਹੈ। ਰਾਜ ਵਿਚ ਫਲਾਂ ਦੇ ਬਾਗਾਂ ਅਧੀਨ ਰਕਬਾ ਵਧ ਕੇ 46,502 ਹੈਕਟੇਅਰ ਹੋ ਗਿਆ ਹੈ। ਸਮੁੱਚੇ ਸਾਲ ਲਈ 3,000 ਹੈਕਟੇਅਰ ਦੇ ਟੀਚੇ ਦੇ ਮੁਕਾਬਲੇ ਚਾਲੂ ਮਾਲੀ ਸਾਲ ਦੌਰਾਨ, 31 ਦਸੰਬਰ, 1986 ਤਕ ਰਾਜ ਵਿਚ 4,109 ਹੈਕਟੇਅਰ ਰਕਬਾ ਫਲਾਂ ਦੇ ਨਵੇਂ ਬਾਗਾਂ ਅਧੀਨ ਲਿਆਂਦਾ ਗਿਆ ਹੈ। ਫਲਾਂ ਦੇ ਵਧੇਰੇ ਬਾਗ ਲਾਉਣ ਨੂੰ ਉਤਸ਼ਾਹਿਤ ਕਰਨ ਲਈ, ਚਾਲੂ ਸਾਲ ਦੌਰਾਨ 31 ਦਸੰਬਰ, 1986 ਤਕ 94.00 ਲੱਖ ਰੁਪਏ ਦੇ ਸੰਸਥਾਈ ਕਰਜ਼ੇ ਵੰਡੇ ਗਏ ਹਨ। 3.10 ਕਰੋੜ ਰੁਪਏ ਦੇ ਕਰਜ਼ਿਆਂ ਦੇ ਬਿਨੈ-ਪੱਤਰ ਸਿਫਾਰਸ਼ ਸਹਿਤ ਭੁਗਤਾਨ ਹਿਤ ਵੱਖ ਵੱਖ ਬੈਂਕਾਂ ਨੂੰ ਭੇਜੇ ਗਏ ਹਨ। ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਸਾਲ 1987-88 ਦੌਰਾਨ ਤਿੰਨ ਕਰੋੜ ਰੁਪਏ ਦੇ ਸੰਸਥਾਈ ਕਰਜ਼ੇ ਵੰਡੇ ਜਾਣ। ਫਲ ਉਤਪਾਦਕਾਂ ਨੂੰ ਪੌਦੇ, ਕੰਡੇਦਾਰ ਤਾਰ ਅਤੇ ਸਪਰੇ ਪੰਪਾਂ ਵਰਗੀਆਂ ਭਿੰਨ ਭਿੰਨ ਇਨਪੁਟਸ ਤੇ 50 ਪ੍ਰਤਿਸ਼ਤ ਸਬਸਿਡੀ ਦਿੱਤੀ ਗਈ ਸੀ ਅਤੇ ਫਲ ਉਤਪਾਦਕਾਂ ਨੂੰ ਸਸਤੇ ਮੁਲ ਤੇ ਕੀਟ-ਨਾਸ਼ਕ ਦਵਾ-ਈਆਂ ਵੀ ਸਪਲਾਈ ਕੀਤੀਆਂ ਗਈਆਂ ਸਨ।

ਪਸ਼ੂ-ਪਾਲਣ

ਸੱਤਵੀਂ ਯੋਜਨਾਂ ਵਿਚ ਪਸ਼ੂ-ਪਾਲਣ ਪ੍ਰੋਗਰਾਮਾਂ ਲਈ 33 ਕਰੋੜ ਰੁਪਏ ਐਲੋਕੇਟ ਕੀਤੇ ਗਏ ਹਨ। ਸਾਲ 1986-87 ਲਈ 600.00 ਲੱਖ ਰੁਪਏ ਦੇ ਖ਼ਰਚ ਨੂੰ ਵਧਾ ਕੇ ਸਾਲ 1987-88 ਲਈ 650.00 ਲੱਖ ਰੁਪਏ ਕਰ ਦਿੱਤਾ ਗਿਆ ਹੈ।(ਥੰਪਿੰਗ)

ਪਸ਼ੂ-ਪਾਲਣ, ਰਾਜ ਦੀ ਪ੍ਰਮੁੱਖ ਤੌਰ ਤੇ ਜ਼ਰਾਇਤੀ ਆਰਥਿਕਤਾ ਦੀ ਵਿਭਿੰਨਤਾ ਲਈ ਮੁੱਖ ਖੇਤਰਾਂ ਵਿਚੋਂ ਇੱਕ ਹੈ। ਰਾਜ ਸਰਕਾਰ ਨੇ ਰਾਜ ਵਿੱਚ ਪਸ਼ੂਆਂ, ਮੁਰਗੀ ਪਾਲਣ, ਸੂਰ ਪਾਲਣ, ਭੇਡਾਂ ਅਤੇ ਉੱਨ ਉਤਪਾਦਨ ਦੇ ਵਿਕਾਸ ਲਈ ਨਸਲ ਸੁਧਾਰਨ, ਪ੍ਰਭਾਵੀ ਸਿਹਤ ਸੰਭਾਲ ਅਤੇ ਖ਼ੁਰਾਕ ਤੇ ਚਾਰਾ ਸਾਧਨਾਂ ਦੇ ਵਿਕਾਸ ਉਤੇ ਜ਼ੋਰ ਦਿੱਤਾ ਹੈ।

ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਸੱਤਵੀਂ ਯੋਜਨਾ ਦੌਰਾਨ 80 ਨਵੀਆਂ ਪਸ਼ੂ-ਚਿਕਿਤਸਾ ਡਿਸਪੈਂਸਰੀਆਂ ਸਥਾਪਤ ਕੀਤੀਆਂ ਜਾਣ ਅਤੇ ਮੌਜੂਦਾ 100 ਡਿਸਪੈਂਸਰੀਆਂ/ਯੂਨਿਟਾਂ ਨੂੰ ਅਪ-ਗਰੇਡ ਕਰਕੇ ਪਸ਼ੂ-ਚਿਕਿਤਸਾ ਹਸਪਤਾਲਾਂ ਵਿਚ ਬਦਲ ਦਿਤਾ ਜਾਵੇ (ਥੰਪਿੰਗ)

1986-87 ਦੌਰਾਨ 25 ਨਵੀਆਂ ਡਿਸਪੈਂਸਰੀਆਂ ਸਥਾਪਤ ਕੀਤੀਆਂ ਜਾ ਰਹੀਆਂ ਹਨ ਅਤੇ ਸਾਲ 1987-88 ਲਈ 30 ਹੋਰ ਡਿਸਪੈਂਸਰੀਆਂ ਤਜਵੀਜ਼ ਕੀਤੀਆਂ ਜਾਂਦੀਆਂ ਹਨ। ਸਾਲ 1986-87 ਦੌਰਾਨ 10 ਡਿਸਪੈਂਸਰੀਆਂ ਨੂੰ ਅਪ-ਗਰੇਡ ਕਰ ਕੇ ਪਸ਼ੂ-ਚਿਕਿਤਸਾ ਹਸਪਤਾਲ ਬਣਾਏ ਜਾ ਰਹੇ ਹਨ ਅਤੇ ਸਾਲ 1987-88 ਵਿਚ 25 ਹੋਰ ਡਿਸਪੈਂਸਰੀਆਂ ਨੂੰ ਅਪ-ਗਰੇਡ ਕਰਨ ਦੀ ਤਜਵੀਜ਼ ਹੈ।

ਬੀਮਾਰ ਜਾਨਵਰਾਂ ਦੇ ਵਿਸ਼ੇਸ਼ ਇਲਾਜ ਅਤੇ ਤਸਖੀਸ ਲਈ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਫਰੀਦਕੋਟ ਵਿਖੇ ਸ਼ੁਰੂ ਕੀਤੇ ਪਸ਼ੂ-ਚਿਕਿਤਸਾ ਦੇ ਪੋਲੀਕਲਿਨਿਕ 1986-87 ਦੇ ਦੌਰਾਨ ਮੁਕਮਲ ਕੀਤੇ ਜਾ ਰਹੇ ਹਨ। ਸਾਲ 1986-87 ਦੌਰਾਨ ਪਟਿਆਲਾ ਵਿਖੇ ਇਕ ਹੋਰ ਪੋਲੀਕਲਿਨਿਕ ਸਥਾਪਤ ਕੀਤੀ ਜਾ ਰਹੀ ਹੈ। ਜ਼ਿਲ੍ਹਾ ਅਤੇ ਉਪ-ਮੰਡਲ ਪੱਧਰ ਤੇ ਸਮੂਹ ਪਸ਼ੂ-ਚਿਕਿਤਸਾ ਹਸਪਤਾਲਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਵਿਸ਼ੇਸ਼ਗੀ ਸੇਵਾਵਾਂ ਮੁਹੱਈਆ ਕਰਨ ਲਈ ਸੀਨੀਅਰ ਸਲੋਤਰੀ ਅਤੇ ਪ੍ਰਯੋਗ-ਸ਼ਾਲਾ ਸਹਾਇਕ ਤੈਨਾਤ ਕੀਤੇ ਗਏ ਹਨ। ਖੇਤਰੀ ਅਮਲੇ ਅਤੇ ਪਸ਼ੂ ਪਾਲਕਾਂ ਲਈ ਥੋੜ੍ਹੇ ਅਰਸੇ ਦੇ ਸਿਖਲਾਈ ਕੋਰਸਾਂ ਦਾ ਪ੍ਰਬੰਧ ਕਰਨ ਲਈ ਪਟਿਆਲਾ ਵਿਖੇ ਇਕ ਪਸ਼ੂ-ਚਿਕਿਤਸਾ ਪੋਲੀਟੈਕਨਿਕ ਸਥਾਪਤ ਕੀਤਾ ਗਿਆ ਹੈ।

ਚੌਥੇ ਮਹੀਨੇ ਤੋਂ ਬੱਤੀਵੇਂ ਮਹੀਨੇ ਦੀ ਉਮਰ ਤਕ ਦੋਗਲੀ ਕਿਸਮ ਦੀਆਂ ਵੱਛੀਆਂ ਪਾਲਣ ਅਤੇ ਪਰਵਾਨਿਤ ਆਕਾਰ ਦੇ ਮੁਰਗੀ ਪਾਲਣ/ਸੂਰ ਪਾਲਣ ਯੂਨਿਟ ਸਥਾਪਤ ਕਰਨ ਲਈ ਕੇਂਦਰੀ ਪ੍ਰਯੋਜਿਤ ਸਕੀਮ ਅਧੀਨ ਛੋਟੇ ਅਤੇ ਮਾਰਜਨਲ ਕਿਸਾਨਾਂ ਅਤੇ ਜ਼ਰਾਇਤੀ ਮਜ਼ਦੂਰਾਂ ਨੂੰ ਸਬਸਿਡੀ ਦਿੱਤੀ ਜਾ ਰਹੀ ਹੈ।

ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੀ ਹਾਲਤ ਸੁਧਾਰਨ ਲਈ ਭਾਰਤ ਸਰਕਾਰ ਦੀ ਵਿਸ਼ੇਸ਼ ਕੇਂਦਰੀ ਸਹਾਇਤਾ ਸਕੀਮ ਅਧੀਨ ਇਕ ਲਾਹੇਵੰਦ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਦੂਜੇ ਮਹੀਨੇ ਤੋਂ ਬੱਤੀਵੇਂ ਮਹੀਨੇ ਦੀ ਉਮਰ ਤਕ ਦੋਗਲੀ ਕਿਸਮ ਦੀਆਂ ਵੱਛੀਆਂ ਦੇ ਪਾਲਣ ਲਈ, 500 ਮੁਰਗੀਆਂ ਵਾਲੇ-ਮੁਰਗੀ ਪਾਲਣ ਯੂਨਿਟ, ਸੂਰ ਦੇ 10 ਬੱਚਿਆਂ ਵਾਲੇ ਸੂਰ ਪਾਲਣ ਯੂਨਿਟ, ਇੱਕ ਭੇਡੂ ਸਹਿਤ 30 ਭੇਡਾਂ ਵਾਲੇ ਭੇਡ ਯੂਨਿਟ ਸਥਾਪਤ ਕਰਨ ਲਈ ਅਤੇ ਦੁੱਧ ਦੇਣ ਵਾਲੇ ਪਸ਼ੂਆਂ ਦੀ ਖਰੀਦ ਲਈ ਅਨੁਸੂਚਿਤ ਜਾਤੀਆਂ ਦੇ ਲਾਭ-ਪਾਤਰਾਂ ਨੂੰ ਸਬਸਿਡੀ ਮੁਹੱਈਆ ਕੀਤੀ ਜਾ ਰਹੀ ਹੈ। (ਥੰਪਿਗ)

ਮੁਰਗੀ ਪਾਲਣ ਉਤਪਾਦਨ ਨੇ ਪੰਜਾਬ ਵਿਚ ਚੰਗੀਆਂ ਪੁਲਾਘਾਂ ਪੁੱਟੀਆਂ ਹਨ। ਗੁਰਦਾਸਪੁਰ, ਜਲੰਧਰ, ਕੋਟਕਪੂਰਾ ਅਤੇ ਮਲੇਰਕੋਟਲਾ ਵਿਖੇ ਸਰਕਾਰੀ ਮੁਰਗੀ ਪਾਲਣ ਫਾਰਮਾਂ ਤੋਂ ਉੱਚ ਕੁਆ-ਲਿਟੀ ਦੇ ਇਕ ਰੋਜ਼ਾ ਚੂਚੇ ਸਪਲਾਈ ਕੀਤੇ ਜਾਂਦੇ ਹਨ। ਇਨ੍ਹਾਂ ਫਾਰਮਾਂ ਦਾ ਮੁਨਾਸਬ ਢੰਗ ਨਾਲ ਵਿਸਤਾਰ ਕੀਤਾ ਗਿਆ ਹੈ। ਰਾਜ ਦੇ ਮੁਰਗੀ ਪਾਲਕ ਕਿਸਾਨਾਂ ਵਾਸਤੇ ਟੀਕੇ ਲਾਉਣ, ਡੀਬੀਕਿੰਗ, ਡੀਵਰਮਿੰਗ ਅਤੇ ਆਮ ਇਲਾਜ ਵਰਗੀਆਂ ਵਿਸਤਾਰ ਸੇਵਾਵਾਂ ਮੁਹੱਈਆ ਕਰਨ ਲਈ 58 ਮੁਰਗੀ ਪਾਲਣ ਸੇਵਾ ਕੇਂਦਰ ਸਥਾਪਤ ਕੀਤੇ ਗਏ ਹਨ।

ਡੇਰੀ ਵਿਕਾਸ

ਡੇਰੀ ਵਿਕਾਸ ਪ੍ਰੋਗਰਾਮਾਂ ਦਾ ਮੁੱਖ ਜ਼ੋਰ ਦੁੱਧ ਉਤਪਾਦਕਾਂ ਨੂੰ ਤਕਨੀਕੀ ਜਾਣਕਾਰੀ ਮੁਹੱਈਆ ਕਰਨਾ ਅਤੇ ਡੇਰੀ ਉਦਯੋਗ ਰਾਹੀਂ ਸਵੈ-ਰੋਜ਼ਗਾਰ ਦੇ ਅਵਸਰ ਪ੍ਰਦਾਨ ਕਰਨਾ ਹੈ। ਰਾਜ ਵਿਚ ਅਜਿਹੇ ਪ੍ਰੋਗਰਾਮਾਂ ਨੂੰ ਹੱਥ ਵਿਚ ਲੈਣ ਲਈ ਸੱਤਵੀਂ ਪੰਜ ਸਾਲਾ ਯੋਜਨਾ ਲਈ 8.10 ਕਰੋੜ ਰੁਪਏ ਦੀ ਰਕਮ ਐਲੋਕੇਟ ਕੀਤੀ ਗਈ ਹੈ। ਸਾਲਾਨਾ ਯੋਜਨਾ 1986-87 ਵਿਚ 74 ਲੱਖ ਰੁਪਏ ਦੇ ਮੁਕਾਬਲੇ ਸਾਲਾਨਾ ਯੋਜਨਾ 1987-88 ਵਿਚ 85 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਸਮਾਜ ਦੇ ਕਮਜ਼ੋਰ ਵਰਗਾਂ ਨਾਲ ਸਬੰਧਤ ਪੜ੍ਹੇ-ਲਿਖੇ ਬੇਰੁਜ਼ਗਾਰ ਯੁਵਕਾਂ ਨੂੰ ਸਵੈ-ਰੋਜ਼ਗਾਰ ਲਈ ਵਿਸ਼ੇਸ਼ ਪ੍ਰੋਗਰਾਮ ਦੇ ਅਧੀਨ ਲਾਭਵੰਦਾਂ ਨੂੰ, ਡੇਰੀ ਉਦਯੋਗ, ਵਿਚ ਤਕਨੀਕੀ ਜਾਣਕਾਰੀ

[ਵਿੱਤ ਮੰਤਰੀ]

ਮੁਹੱਈਆ ਕਰਨ ਉਪਰੰਤ, ਉਨ੍ਹਾਂ ਨੂੰ ਵਿਆਜ, ਬੀਮਾ, ਪਸ਼ੂਆਂ ਦੇ ਚਾਰੇ ਦੀ ਖਰੀਦ ਅਤੇ ਪਸ਼ੂਆਂ ਲਈ ਸ਼ੈੱਡਾਂ ਦੀ ਉਸਾਰੀ ਲਈ ਸਬਸਿਡੀ ਦੇ ਰੂਪ ਵਿਚ ਉਤਸ਼ਾਹ ਦਿੱਤਾ ਜਾਂਦਾ ਹੈ। ਸਾਲ 1986-87 ਦੌਰਾਨ ਡੇਰੀ ਵਿਕਾਸ ਵਿਭਾਗ ਨੇ 400 ਮਿਨੀ ਡੇਰੀ ਯੂਨਿਟ ਸਥਾਪਤ ਕੀਤੇ ਹਨ। ਸਾਲ 1987-88 ਦੌਰਾਨ 600 ਵਿਅਕਤੀਆਂ ਨੂੰ ਸਵ-ਰੋਜ਼ਗਾਰ ਦੇ ਅਵਸਰ ਮੁਹੱਈਆ ਕਰਨ ਦੀ ਤਜਵੀਜ਼ ਹੈ। ਇਹ ਵਿਭਾਗ ਭਿੰਨ ਭਿੰਨ ਇਨਪੁਟਸ ਅਤੇ ਸਬਸਿਡੀ ਮੁਹੱਈਆ ਕਰਕੇ ਸਾਬਕਾ ਫੌਜੀਆਂ ਦੇ ਮੁੜ-ਵਸੇਬੇ ਲਈ ਵੀ ਯਤਨ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਦੁੱਧ ਦੇਣ ਵਾਲੇ ਪੰਜ-ਪੰਜ ਪਸ਼ੂਆਂ ਦੇ ਆਪਣੇ ਡੇਰੀ ਯੂਨਿਟ ਸਥਾਪਤ ਕਰਨ ਦੇ ਸਮਰਥ ਬਣਾ ਰਿਹਾ ਹੈ। ਸਾਲ 1986-87 ਅਤੇ 1987-88 ਦੌਰਾਨ ਹਰੇਕ ਸਾਲ 150 ਸਾਬਕਾ ਫੌਜੀਆਂ ਨੂੰ ਮੁੜਵਸਾਉਣ ਦੀ ਤਜਵੀਜ਼ ਹੈ। ਵਿਧਵਾਵਾਂ ਨੂੰ ਆਪਣਾ ਆਮਦਨ ਦਾ ਵਸੀਲਾ ਬਣਾਉਣ ਅਤੇ ਉਨ੍ਹਾਂ ਦੀ ਆਰਥਕ ਹਾਲਤ ਵਿਚ ਸੁਧਾਰ ਕਰਨ ਲਈ ਦੁੱਧ ਦੇਣ ਵਾਲੇ ਦੋ-ਦੋ ਪਸ਼ੂਆਂ ਦੇ ਯੂਨਿਟ ਸਥਾਪਤ ਕਰਨ ਵਿਚ ਵੀ ਸਹਾਇਤਾ ਦਿੱਤੀ ਜਾ ਰਹੀ ਹੈ। ਉਨ੍ਹਾਂ ਨੂੰ 15 ਫੀ ਸਦੀ ਮਾਰਜਨ ਧਨ, ਪੂਰੀ ਵਿਆਜ ਸਬਸਿਡੀ ਅਤੇ ਬੀਮਾ ਪ੍ਰੀਮੀਅਮ ਅਤੇ ਪਸ਼ੂਆਂ ਦੇ ਸ਼ੈੱਡ ਦੀ ਮੁਰੰਮਤ ਲਈ 1,000 ਰੁਪਏ ਮੁਹੱਈਆ ਕੀਤੇ ਜਾਂਦੇ ਹਨ। ਸਾਲ 1986-87 ਅਤੇ 1987-88 ਦੌਰਾਨ ਹਰੇਕ ਸਾਲ 100 ਵਿਧਵਾਵਾਂ ਨੂੰ ਇਸ ਸਕੀਮ ਦਾ ਲਾਭ ਦਿਤੇ ਜਾਣ ਦੀ ਤਜਵੀਜ਼ ਹੈ। ਸਾਲਾਨਾ ਯੋਜਨਾ 1986-87 ਵਿਚ 22.50 ਲੱਖ ਰੁਪਏ ਦੇ ਮੁਕਾਬਲੇ ਸਾਲਾਨਾ ਯੋਜਨਾ 1987-88 ਵਿਚ ਇਨ੍ਹਾਂ ਸਕੀਮਾਂ ਲਈ 24.00 ਲੱਖ ਰੁਪਏ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਹੈ।

ਸਾਲ 1986-87 ਦੌਰਾਨ 4,540 ਕਿਸਾਨਾਂ/ਦੁੱਧ ਉਤਪਾਦਕਾਂ ਨੂੰ ਵਿਸਤ੍ਰਿਤ ਡੇਰੀ ਉਦਯੋਗ ਕੋਰਸਾਂ ਵਿਚ ਸਿਖਲਾਈ ਦਿਤੀ ਜਾ ਰਹੀ ਹੈ। ਸਾਲ 1987-88 ਲਈ ਸਿਖਿਆਰਥੀਆਂ ਦਾ ਟੀਚਾ 5,750 ਨਿਯਤ ਕੀਤਾ ਗਿਆ ਹੈ।

ਡੇਰੀ ਉਦਯੋਗ ਦੇ ਵਿਕਾਸ ਲਈ ਇਸ ਵਿਭਾਗ ਦੁਆਰਾ ਕੀਤੇ ਗਏ ਯਤਨਾਂ ਸਦਕਾ ਰਾਜ ਦਾ ਕੁਲ ਸਾਲਾਨਾ ਦੁੱਧ ਉਤਪਾਦਨ 1985-86 ਦੇ ਦੌਰਾਨ 40.35 ਲੱਖ ਮੀਟ੍ਰਿਕ ਟਨ ਦੇ ਮੁਕਾਬਲੇ 1986-87 ਵਿਚ 42.50 ਲੱਖ ਮੀਟ੍ਰਕ ਟਨ ਤੱਕ ਵਧ ਜਾਣ ਦੀ ਸੰਭਾਵਨਾ ਹੈ।

ਸਹਿਕਾਰਤਾ

ਸਹਿਕਾਰੀ ਖੇਤਰ ਸਮੇਂ ਸਿਰ ਜ਼ਰਾਇਤੀ ਇਨਪੁਟਸ ਅਤੇ ਥੋੜ੍ਹੇ/ਲੰਮੇ ਅਰਸੇ ਦੇ ਕਰਜ਼ੇ ਦੇ ਕੇ ਰਾਜ ਦੇ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਸਹਿਕਾਰੀ ਸਭਾਵਾਂ ਨੇ ਵੀ ਜ਼ਰਾਇਤੀ ਉਪਜ ਦੇ ਮੰਡੀਕਰਣ, ਪ੍ਰਾਸੈਸਿੰਗ ਅਤੇ ਭੰਡਾਰ ਕਰਨ ਲਈ ਸਹੂਲਤਾਂ ਪ੍ਰਦਾਨ ਕਰਨ ਕਰਕੇ ਅਤੇ ਖੇਤੀ ਆਧਾਰਿਤ ਉਦਯੋਗ ਸਥਾਪਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ ਹੈ।

ਹਾੜ੍ਹੀ 1985-86 ਦੌਰਾਨ 180.00 ਕਰੋੜ ਰੁਪਏ ਦੇ ਮੁਕਾਬਲੇ ਹਾੜ੍ਹੀ 1986-87 ਦੌਰਾਨ 234.00 ਕਰੋੜ ਰੁਪਏ ਦੇ ਥੋੜ੍ਹੇ ਅਰਸੇ ਦੇ ਜ਼ਰਾਇਤੀ ਕਰਜ਼ੇ ਦਿੱਤੇ ਜਾ ਰਹ ਹਨ। (ਥੰਪਿੰਗ)ਇਸੇ ਤਰ੍ਹਾਂ ਸਹਿਕਾਰੀ ਡੇਰੀ ਸੈਕਟਰ ਸਮੇਤ ਖੇਤੀ ਸੈਕਟਰ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਰਾਜ ਸਰਕਾਰ ਦੀ 1985-86 ਦੌਰਾਨ 46.61 ਕਰੋੜ ਰੁਪਏ ਦੇ ਮੁਕਾਬਲੇ 1986-87 ਦੌਰਾਨ 60.00 ਕਰੋੜ ਰੁਪਏ ਤਕ ਦੇ ਦੀਰਘਕਾਲੀ ਕਰਜ਼ੇ ਦੇਣ ਦੀ ਤਜਵੀਜ਼ ਹੈ। (ਥੰਪਿੰਗ)

ਜਿਵੇਂ ਕਿ ਮਾਨਯੋਗ ਮੈਂਬਰ ਸਾਹਿਬਾਨ ਜਾਣਦੇ ਹੀ ਹਨ ਕਿ ਇਸ ਸਰਕਾਰ ਦੁਆਰਾ ਕਾਰਜ ਭਾਰ ਸੰਭਾਲਣ ਉਪਰੰਤ, ਪਟਿਆਲਾ ਅਤੇ ਫਾਜ਼ਿਲਕਾ ਵਿਖੇ ਦੋ ਸਹਿਕਾਰੀ ਖੰਡ ਮਿਲਾਂ ਚਾਲੂ ਕੀਤੀਆਂ ਗਈਆਂ ਹਨ। ਬੁਢੇਵਾਲ (ਦੋਰਾਹਾ) ਅਤੇ ਸ਼ੇਰੋਂ (ਤਰਨਤਾਰਨ) ਵਿਖੇ ਦੋ ਨਵੀਆਂ ਮਿਲਾਂ ਛੇਤੀ ਹੀ ਚਾਲੂ ਕਰ ਦਿੱਤੀਆਂ ਜਾਣਗੀਆਂ। (ਥੰਪਿੰਗ)। ਨਕੋਦਰ ਵਿਖੇ ਇਕ ਹੋਰ ਖੰਡ ਮਿਲ ਸਥਾਪਤ ਕੀਤੀ ਜਾ ਰਹੀ ਹੈ ਅਤੇ ਸਾਲ 1987-88 ਦੌਰਾਨ ਚਾਲੂ ਕਰ ਦਿੱਤੀ ਜਾਵੇਗੀ। ਸਾਡੀ ਸਰਕਾਰ ਨੇ ਜਗਰਾਉਂ, ਮਹਿਲਕਲਾਂ, ਅਜਨਾਲਾ, ਮਮਦੋਤ, ਫਰੀਦਕੋਟ ਅਤੇ ਬੁਢਲਾਡਾ ਵਿਖੇ ਇਕ-ਇਕ ਅਰਥਾਤ 6 ਹੋਰ ਸਹਿਕਾਰੀ ਖੰਡ ਮਿੱਲਾਂ ਲਾਉਣ ਲਈ ਵੀ ਤਜਵੀਜ਼ਾਂ ਭਾਰਤ ਸਰਕਾਰ ਨੂੰ ਭੇਜੀਆਂ ਹਨ। (ਥੰਪਿੰਗ)

ਸਾਲ 1986-87 ਲਈ ਬਜਟ ਪੇਸ਼ ਕਰਨ ਸਮੇਂ ਮੈਂ ਇਹ ਦੱਸਿਆ ਸੀ ਕਿ 20.60 ਕਰੋੜ ਰੁਪਏ ਦੀ ਲਾਗਤ ਨਾਲ ਗੋਇੰਦਵਾਲ ਅਤੇ ਤਪਾ ਵਿਖੇ ਦੋ ਹੋਰ ਸਹਿਕਾਰੀ ਕਤਾਈ ਮਿੱਲਾਂ ਸਥਾਪਤ ਕੀਤੀਆਂ ਜਾ ਰਹੀਆਂ ਹਨ। (ਥੰਪਿੰਗ) ਮੈਂ ਸਦਨ ਨੂੰ ਇਹ ਜਾਣਕਾਰੀ ਦੇਣ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਗੋਬਿੰਦਵਾਲ ਵਿਖੇ ਇਹ ਮਿਲ 20 ਦਸੰਬਰ, 1986 ਨੂੰ ਚਾਲੂ ਹੋ ਚੁੱਕੀ ਹੈ ਅਤੇ ਤਪਾ ਵਿਖੇ ਇਕ ਮਿੱਲ ਛੇਤੀ ਹੀ ਚਾਲੂ ਹੋ ਜਾਵੇਗੀ।

ਬਠਿੰਡਾ ਅਤੇ ਲੁਧਿਆਣਾ ਵਿਖੇ ਦੁੱਧ ਪਲਾਂਟਾਂ ਪਾਸ ਉਪਲੱਬਧ ਵਧੀਕ ਸਮਰੱਥਾ ਨੂੰ ਦੇਖਦੇ ਹੋਏ ਰਾਜ ਸਰਕਾਰ ਨੇ ਫਰੀਦਕੋਟ ਅਤੇ ਫਿਰੋਜ਼ਪੁਰ ਵਿਖੇ ਦੁੱਧ ਪਲਾਂਟਾਂ ਦੀ ਬਜਾਏ ਦੁੱਧ ਠੰਢਾ ਕਰਨ ਦੇ ਕੇਂਦਰ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। 1986-87 ਦੌਰਾਨ, ਦੁੱਧ ਉਤਪਾਦਕਾਂ ਦੀਆਂ ਪੰਜ ਸੌ ਹੋਰ ਸਹਿਕਾਰੀ ਸਭਾਵਾਂ ਦਾ ਸੰਗਠਨ ਕੀਤਾ ਜਾ ਰਿਹਾ ਹੈ। ਇਸ ਨਾਲ ਅਜਿਹੀਆਂ ਸਭਾਵਾਂ ਦੀ ਗਿਣਤੀ 4,460 ਤਕ ਵੱਧ ਜਾਵੇਗੀ।

ਪੰਜਾਬ ਹਾਊਸਫੈੱਡ ਰਾਜ ਦੇ ਸ਼ਹਿਰੀ ਇਲਾਕਿਆਂ ਵਿਚ ਦਰਮਿਆਨੇ ਅਤੇ ਘੱਟ ਆਮਦਨ ਗਰੁਪਾਂ ਨੂੰ ਮਕਾਨ ਉਸਾਰੀ ਦੀਆਂ ਸਹੂਲਤਾਂ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਹੈ 5,377 ਮਕਾਨਾਂ ਦੀ ਉਸਾਰੀ ਲਈ ਮਕਾਨ ਉਸਾਰੀ ਸਭਾਵਾਂ ਲਈ 30 ਜੂਨ, 1986 ਤਕ ਦਿਤੇ ਗਏ ਕਰਜ਼ੇ ਦੀ ਕੁਲ ਰਕਮ 22.87 ਕਰੋੜ ਰੁਪਏ ਬਣਦੀ ਹੈ। ਸਾਲ 1987-88 ਦੌਰਾਨ ਇਹ ਤਜਵੀਜ਼ ਹੈ ਕਿ 1,500 ਮਕਾਨਾਂ ਦੀ ਉਸਾਰੀ ਲਈ ਕੁਲ 8.00 ਕਰੋੜ ਰੁਪਏ ਦੇ ਕਰਜ਼ੇ ਦਿਤੇ ਜਾਣ।

ਸਹਿਕਾਰਤਾ ਲਈ ਕੁਲ ਲਾਗਤ ਸਾਲਾਨਾ ਯੋਜਨਾ 1986-87 ਵਿਚ 1,187.50 ਲੱਖ ਰੁਪਏ ਤੋਂ ਵਧਾ ਕੇ ਸਾਲਾਨਾ ਯੋਜਨਾ 1987-88 ਵਿਚ 1,225.00 ਲੱਖ ਰੁਪਏ ਕਰ ਦਿੱਤੀ ਗਈ ਹੈ।

ਸਰਬ-ਪੱਖੀ ਵਿਕਾਸ ਪਿੰਡ

ਮੈਂ ਸਦਨ ਨੂੰ ਇਹ ਦੱਸਦਿਆਂ ਖੁਸ਼ੀ ਮਹਿਸੂਸ ਕਰ ਰਿਹਾ ਹਾਂ ਕਿ ਮੌਜੂਦਾ ਸਰਕਾਰ ਨੇ ਚੋਣਵੇਂ ਪਿੰਡਾਂ ਦੇ ਸੰਗਠਿਤ ਵਿਕਾਸ ਲਈ ਇਕ ਨਵੀਂ ਸਕੀਮ ਚਾਲੂ ਕੀਤੀ ਹੈ ਤਾਂ ਜੋ ਇਨ੍ਹਾਂ ਪਿੰਡਾਂ ਦਾ ਸਰਬਪੱਖੀ ਵਿਕਾਸ ਹੋ ਸਕੇ। ਇਸ ਵਿੱਚ ਸਕੂਲ ਇਮਾਰਤਾਂ, ਪੰਚਾਇਤ ਘਰਾਂ, ਸਿਵਿਲ ਅਤੇ ਪਸ਼ੂ, ਚਿਕਿਤਸਾ, ਡਿਸਪੈਂਸਰੀ ਇਮਾਰਤਾਂ, ਸਮੂਹਿਕ ਕੇਂਦਰਾਂ, ਦਿਹਾਤੀ ਮਕਾਨਾਂ ਦੀ ਉਸਾਰੀ, ਸਫਾਈ ਸਹੂਲਤਾਂ ਦਾ ਉਪਬੰਧ, ਗਲੀਆਂ ਪੱਕੀਆਂ ਕਰਨਾ, ਨਾਲੀਆਂ ਬਣਾਉਣਾ, ਮੱਛੀ ਤਾਲਾਬਾਂ ਦਾ ਵਿਕਾਸ, ਸੀਵਰੇਜ ਅਤੇ ਜਲ-ਨਿਕਾਸ ਪ੍ਰਬੰਧਾਂ ਦਾ ਸੁਧਾਰ ਅਤੇ ਸੜਕਾਂ ਅਤੇ ਸਾਂਝੇ ਮੰਤਵਾਂ ਵਾਲੀਆਂ ਜ਼ਮੀਨ ਤੇ ਰੁੱਖ ਲਾਉਣਾ ਸ਼ਾਮਲ ਹੈ। ਇਸ ਸਕੀਮ ਅਧੀਨ ਹਰ ਇਕ ਬਲਾਕ ਵਿਚੋਂ ਇਕ ਪਿੰਡ ਚੁਣਕੇ 118 ਪਿੰਡ ਲਏ ਗਏ ਹਨ ਅਤੇ ਇਸ ਮੰਤਵ ਲਈ ਦਿਹਾਤੀ ਵਿਕਾਸ ਨਾਲ ਸਬੰਧਤ ਭਿੰਨ ਭਿੰਨ

[ਵਿੱਤ ਮੰਤਰੀ]

ਵਿਭਾਗਾਂ ਦੀਆਂ ਸਰਗਰਮੀਆਂ ਵਿਚ ਅਸਰਦਾਰ ਤਰੀਕੇ ਨਾਲ ਤਾਲਮੇਲ ਪੈਦਾ ਕੀਤਾ ਜਾ ਰਿਹਾ ਹੈ। ਗਲੀਆਂ ਪੱਕੀਆਂ ਕਰਨ ਅਤੇ ਨਾਲੀਆਂ ਬਣਾਉਣ ਲਈ ਇਨ੍ਹਾਂ 118 ਪਿੰਡਾਂ ਨੂੰ 73.63 ਲੱਖ ਰੁਪਏ ਦੀ ਰਕਮ ਅਤੇ 14.86 ਲੱਖ ਰੁਪਏ ਦੇ ਮੁਲ ਦੀ 991 ਮੀਟ੍ਰਿਕ ਟਨ ਕਣਕ ਮਨਜ਼ੂਰ ਕੀਤੀ ਗਈ ਹੈ। (ਥੰਪਿੰਗ)

ਦਿਹਾਤੀ ਜਲ-ਸਪਲਾਈ

ਸਰਕਾਰ ਪਿੰਡਾਂ ਨੂੰ ਪੀਣ ਦੇ ਪਾਣੀ ਦੀਆਂ ਉਚਿਤ ਸਹੂਲਤਾਂ ਮੁਹੱਈਆਂ ਕਰਨ ਦੇ ਕਾਰਜ ਨੂੰ ਬਹੁਤ ਮਹੱਤਤਾ ਦਿੰਦੀ ਹੈ। ਭਾਰਤ ਸਰਕਾਰ ਦੁਆਰਾ ਪੀਣ ਦੇ ਪਾਣੀ ਦੀ ਸਪਲਾਈ ਲਈ ਨਿਸ਼ਚਿਤ ਕੀਤੇ ਮਾਪਦੰਡਾਂ ਅਨੁਸਾਰ ਪਹਿਲੀ ਅਪ੍ਰੈਲ, 1980 ਤਕ 3,712 ਪਿੰਡਾਂ ਦੀ ਸਮੱਸਿਆ ਪਿੰਡਾਂ ਵਜੋਂ ਪਤਾ ਲਾਇਆ ਗਿਆ ਸੀ। ਮਾਰਚ, 1986 ਦੇ ਅੰਤ ਤਕ 2,652 ਸਮੱਸਿਆ ਪਿੰਡਾਂ ਨੂੰ ਪੀਣ ਦੇ ਪਾਣੀ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਗਈਆਂ ਸਨ।

ਸਾਲ 1986-87 ਵਿਚ 175 ਹੋਰ ਸਮੱਸਿਆ ਪਿੰਡਾਂ ਵਿਚ ਜਲ ਸਪਲਾਈ ਸ਼ੁਰੂ ਕਰਨ ਦੀ ਤਜਵੀਜ਼ ਹੈ, ਜਿਨ੍ਹਾਂ ਦੇ ਲਈ "ਘੱਟੋ ਘੱਟ ਲੋੜ ਪ੍ਰੋਗਰਾਮ" ਅਧੀਨ ਮੁਹੱਈਆ ਕੀਤੇ 10.50 ਕਰੋੜ ਰੁਪਏ ਅਤੇ "ਕੇਂਦਰ ਦੁਆਰਾ ਚਾਲੂ ਕੀਤੇ ਤੇਜ਼ ਦਿਹਾਤੀ ਜਲ-ਸਪਲਾਈ ਪ੍ਰੋਗਰਾਮ" ਅਧੀਨ ਮੁਹੱਈਆ ਕੀਤੇ 8.00 ਕਰੋੜ ਰੁਪਏ ਦੀ ਰਕਮ ਖ਼ਰਚ ਕੀਤੀ ਜਾਣੀ ਹੈ। ਪਹਿਲੀ ਅਪ੍ਰੈਲ, 1986 ਤੋਂ 1 ਦਸੰਬਰ, 1986 ਤਕ 108 ਪਿੰਡਾਂ ਵਿਚ ਜਲ-ਸਪਲਾਈ ਸਕੀਮਾਂ ਚਾਲੂ ਕੀਤੀਆਂ ਗਈਆਂ ਹਨ।

ਸਾਲ 1987-88 ਵਿਚ ਦਿਹਾਤੀ ਜਲ-ਸਪਲਾਈ ਸਕੀਮਾਂ ਲਈ "ਘਟੋ ਘੱਟ ਲੋੜ ਪ੍ਰੋਗਰਾਮ" ਅਧੀਨ 10.50 ਕਰੋੜ ਰੁਪਏ ਅਤੇ "ਤੇਜ਼ ਦਿਹਾਤੀ ਜਲ-ਸਪਲਾਈ ਪ੍ਰੋਗਰਾਮ" ਅਧੀਨ 8.00 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਕੀਤੀ ਗਈ ਹੈ ਤਾਂ ਜੋ 235 ਹੋਰ ਸਮੱਸਿਆ ਪਿੰਡਾਂ ਨੂੰ ਕਵਰ ਕੀਤਾ ਜਾ ਸਕੇ।

ਸਿੰਜਾਈ

ਰਾਜ ਦੀ ਮੁੱਖ ਤੌਰ ਤੇ ਖੇਤੀ-ਬਾੜੀ ਪ੍ਰਧਾਨ ਆਰਥਿਕਤਾ ਵਿਚ ਸਿੰਜਾਈ ਨੇ ਹਰਾ ਇਨਕਲਾਬ ਲਿਆਉਣ ਵਿਚ ਮਹਤਵ ਪੂਰਣ ਭੂਮਿਕਾ ਨਿਭਾਈ ਹੈ। ਭਾਵੇਂ ਪੰਜਾਬ ਵਿਚ ਬੀਜੇ ਜਾਂਦੇ ਕੁਲ ਰਕਬੇ ਵਿਚੋਂ 86 ਪ੍ਰਤਿਸ਼ਤ ਰਕਬਾ ਸਿੰਜਾਈ ਅਧੀਨ ਹੈ, ਪਰ 14,482 ਕਿ.ਮੀ. ਸਿੰਜਾਈ ਚੈਨਲਾਂ ਦੇ ਨੈੱਟ ਵਰਕ ਰਾਹੀਂ ਨਹਿਰੀ ਸਿੰਜਾਈ ਸਿਸਟਮ ਲਗਭਗ 14 ਲਖ ਹੈਕਟੇਅਰ ਭੂਮੀ ਨੂੰ ਸਿੰਜਾਈ ਮੁਹਈਆ ਕਰ ਰਿਹਾ ਹੈ ਜਦੋਂ ਕਿ ਬਾਕੀ ਸਿੰਜਾਈ ਵਧੇਰੇ ਕਰਕੇ ਟਿਊਬਵੈਲਾਂ ਦੁਆਰਾ ਹੋ ਰਹੀ ਹੈ। ਨਹਿਰਾਂ ਤੋਂ ਕਾਫੀ ਪਾਣੀ ਉਪਲਬਧ ਨਾ ਹੋਣ ਕਰਕੇ ਸਿੰਜੇ ਜਾਂਦੇ ਰਕਬੇ ਵਿਚੋਂ ਕੇਵਲ 40 ਪ੍ਰਤਿਸ਼ਤ ਰਕਬਾ ਨਹਿਰਾਂ ਦੁਆਰਾ ਸਿੰਜਿਆ ਜਾਂਦਾ ਹੈ। ਰਾਜ ਸਰਕਾਰ ਰਾਜ ਵਿਚੋਂ ਲੰਘਦੇ ਦਰਿਆਵਾਂ ਦੇ ਪਾਣੀ ਦਾ ਵਧੇਰੇ ਹਿਸਾ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਦੀ ਰਹੀ ਹੈ ਤਾਂ ਜੋ ਵਧੇਰੇ ਖੇਤਰ ਨੂੰ ਨਹਿਰੀ ਸਿੰਜਾਈ ਅਧੀਨ ਲਿਆਂਦਾ ਜਾ ਸਕੇ। ਪਹਿਲੀ ਜੁਲਾਈ, 1985 ਨੂੰ ਕੀਤੇ ਗਏ ਪੰਜਾਬ ਸਮਝੌਤੇ ਅਧੀਨ ਪੰਜਾਬ ਦੇ ਕਿਸਾਨਾਂ ਨੂੰ ਉਸ ਤੋਂ ਘੱਟ ਪਾਣੀ ਨਹੀਂ ਦਿਤਾ ਜਾਵੇਗਾ ਜਿੰਨਾਂ ਕਿ ਉਹ ਪਹਿਲੀ ਜੁਲਾਈ, 1985 ਨੂੰ ਰਾਵੀ-ਬਿਆਸ ਸਿਸਟਮ ਤੋਂ ਪ੍ਰਾਪਤ ਕਰ ਰਹੇ ਸਨ। ਕੇਂਦਰੀ ਸਰਕਾਰ ਨੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੁਆਰਾ ਰਾਵੀ-ਬਿਆਸ ਸਿਸਟਮ ਤੋਂ ਪਹਿਲੀ ਜੁਲਾਈ, 1985 ਨੂੰ ਵਾਸਤਵ ਵਿਚ ਵਰਤੇ ਜਾਂਦੇ ਪਾਣੀ ਦੀ ਮਿਕਦਾਰ ਦੀ ਜਾਂਚ ਕਰਨ ਅਤੇ ਬਾਕੀ ਦੇ ਪਾਣੀ ਵਿਚ

ਪੰਜਾਬ ਅਤੇ ਹਰਿਆਣਾ ਦੇ ਕਲੇਮ ਨਿਸ਼ਚਿਤ ਕਰਨ ਲਈ ਰਾਵੀ-ਬਿਆਸ ਟ੍ਰਿਬਿਊਨਲ ਸਥਾਪਿਤ ਕੀਤਾ ਸੀ। ਟ੍ਰਿਬਿਊਨਲ ਨੇ ਕੇਂਦਰੀ ਸਰਕਾਰ ਨੂੰ ਆਪਣੀ ਰਿਪੋਰਟ ਪੇਸ਼ ਕਰ ਦਿਤੀ ਹੈ ਅਤੇ ਸਾਨੂੰ ਆਸ ਹੈ ਕਿ ਪੰਜਾਬ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਪੰਜਾਬ ਦੇ ਕਿਸਾਨਾਂ ਲਈ ਪਾਣੀ ਦਾ ਵਧੇਰੇ ਅਤੇ ਉਚਿਤ ਹਿੱਸਾ ਮਖ਼ਸੂਸ ਕੀਤਾ ਜਾਵੇਗਾ।

ਪਛੜੇ ਹੋਏ ਕੰਢੀ ਖੇਤਰ ਦੇ ਵਿਕਾਸ ਲਈ ਕਈ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ ਜਿਵੇਂ ਕਿ ਸ਼ਾਹ ਨਹਿਰ ਕੈਨਾਲ ਸਿਸਟਮ ਦਾ ਵਿਸਤਾਰ ਅਤੇ ਸੁਧਾਰ ਅਤੇ ਵਿਸ਼ਵ ਬੈਂਕ ਦੁਆਰਾ ਸਹਾਇਤਾ-ਪ੍ਰਾਪਤ ਕੰਢੀ ਵਾਟਰ ਸ਼ੈਡ ਅਤੇ ਖੇਤਰੀ ਵਿਕਾਸ ਪ੍ਰਾਜੈਕਟ, ਜਿਸ ਵਿਚ ਢੋਲਬਾਹਾ ਡੈਮ ਅਤੇ ਕੰਢੀ ਖੇਤਰ ਦੇ ਨੀਵੇਂ ਡੈਮ ਸ਼ਾਮਲ ਹਨ। ਮੈਲੀ ਡੈਮ ਅਤੇ ਢੋਲਬਾਹਾ ਡੈਮ ਮੁਕੰਮਲ ਕਰ ਦਿਤੇ ਹਨ ਜਨੌਰੀ ਡੈਮ, ਇਸ ਦੇ ਮੁਕੰਮਲ ਕੀਤੇ ਜਾਣ ਲਈ ਨਿਸ਼ਚਿਤ ਕੀਤੀ ਮਿਤੀ ਤੋਂ ਲਗਭਗ ਡੇਢ ਸਾਲ ਪਹਿਲਾਂ ਮੁਕੰਮਲ ਹੋ ਜਾਵੇਗਾ। (ਥੰਪਿੰਗ)

ਜੂਨ, 1986 ਤਕ ਕੁੱਲ 23,000 ਕਿ. ਮੀ. ਲੰਬੇ ਖਾਲ ਪੱਕੇ ਕੀਤੇ ਗਏ ਹਨ। ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਰਾਜ ਸਰਕਾਰ ਨੇ ਇਸ ਗਲ ਨੂੰ ਮਹਿਸੂਸ ਕਰਦੇ ਹੋਏ ਕਿ ਪਕੇ ਕੀਤੇ ਖਾਲਾਂ ਦੀ ਪੂੰਜੀਗਤ ਲਾਗਤ ਦੀ ਅਦਾਇਗੀ ਕਿਸਾਨਾਂ ਦੀ ਸਮਰੱਥਾ ਤੋਂ ਬਾਹਰ ਹੈ, ਵਸੂਲੀ ਨੂੰ ਛੱਡ ਦੇਣ ਦਾ ਫੈਸਲਾ ਕੀਤਾ ਹੈ (ਥੰਪਿੰਗ) , ਜਿਸ ਨਾਲ ਕਿਸਾਨਾਂ ਨੂੰ ਬਹੁਤ ਰਾਹਤ ਮਿਲੀ ਹੈ ਅਤੇ ਇਸ ਨਾਲ ਉਹ ਖੇਤੀ-ਬਾੜੀ ਨੂੰ ਆਧੁਨਿਕ ਬਣਾਉਣ ਵਿਚ ਵਧੇਰੇ ਰਕਮ ਲਾਉਣ ਦੇ ਯੋਗ ਹੋ ਗਏ ਹਨ। ਪੱਕੇ ਕੀਤੇ ਖਾਲਾਂ ਦੀ ਸੰਭਾਲ ਲਾਭ-ਪਾਤਰਾਂ ਦੁਆਰਾ ਖ਼ੁਦ ਕੀਤੀ ਜਾਂਦੀ ਰਹੇਗੀ।

ਇਸ ਸਮੇਂ ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹਿਆਂ ਵਿਚ ਲਗਭਗ 2.00 ਲੱਖ ਹੈਕਟੇਅਰ ਰਕਬੇ ਵਿਚ ਸੇਮ ਹੈ। ਇਸ ਖੇਤਰ ਵਿਚ ਸੇਮ ਦੀ ਸਮੱਸਿਆ ਨੂੰ ਹੱਲ ਕਰਨ ਅਤੇ ਇਸ ਨੂੰ ਹੋਰ ਅੱਗੇ ਵਧਣ ਤੋਂ ਰੋਕਣ ਲਈ ਲਗ ਭਗ 52 ਕਰੋੜ ਰੁਪਏ ਦੀ ਲਾਗਤ ਵਾਲਾ ਇਕ ਸੰਗਠਿਤ ਪ੍ਰੋਜੈਕਟ ਤਿਆਰ ਕੀਤਾ ਗਿਆ ਹੈ ਅਤੇ ਜਿਸ ਦੀ ਕੇਂਦਰੀ ਜਲ ਕਮਿਸ਼ਨ ਜਾਂਚ-ਪੜਤਾਲ ਕਰ ਰਿਹਾ ਹੈ।

ਸਾਲ 1987-88 ਦੇ ਦੌਰਾਨ ਵੱਖ ਵੱਖ ਸਿੰਜਾਈ ਅਤੇ ਹੜ੍ਹ ਕੰਟਰੋਲ ਸਕੀਮਾਂ ਲਈ 69.60 ਕਰੋੜ ਰੁਪਏ ਤਜਵੀਜ਼ ਕੀਤੇ ਗਏ ਹਨ। ਵੱਖ ਵੱਖ ਵੱਡੇ, ਦਰਮਿਆਨੇ ਅਤੇ ਛੋਟੇ ਸਿੰਜਾਈ ਪ੍ਰਾਜੈਕਟਾਂ ਦੁਆਰਾ 35,000 ਹੈਕਟੇਅਰ ਵਧੀਕ ਸਿੰਜਾਈ ਸਮਰੱਥਾ ਪੈਦਾ ਕੀਤੀ ਜਾਵੇਗੀ। ਸਾਲ 1987-88 ਦੇ ਦੌਰਾਨ 6,000 ਹੈਕਟੇਅਰ ਰਕਬੇ ਨੂੰ ਹੜ੍ਹਾਂ ਤੋਂ ਸੁਰੱਖਿਅਤ ਕੀਤਾ ਜਾਵੇਗਾ।

ਬਿਜਲੀ

ਸਾਡੇ ਨਿਤਾਪ੍ਰਤੀ ਜੀਵਨ, ਉਦਯੋਗਿਕ ਅਤੇ ਜ਼ਰਾਇਤੀ ਉਤਪਾਦਨ ਨੂੰ ਵਧਾਉਣ ਅਤੇ ਰਾਜ ਦੀ ਆਰਥਿਕਤਾ ਦੇ ਸਮੁੱਚੇ ਵਿਕਾਸ ਲਈ ਬਿਜਲੀ ਦੀ ਮਹੱਤਤਾ ਤੇ ਜ਼ੋਰ ਦੇਣ ਦੀ ਕੋਈ ਲੋੜ ਨਹੀਂ ਹੈ। ਸਾਡ ਯੋਜਨਾ ਪ੍ਰੋਗਰਾਮ ਵਿਚ ਬਿਜਲੀ ਨੂੰ ਪਰਮ ਅਗੇਤ ਦਿੱਤੀ ਜਾ ਰਹੀ ਹੈ। ਸਤਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਪਾਵਰ ਸੈਕਟਰ ਲਈ 1,638 ਕਰੋੜ ਰੁਪਏ ਦੀ ਲਾਗਤ ਪਰਵਾਨ ਕੀਤੀ ਗਈ ਹੈ, ਜਿਹੜੀ ਕਿ ਰਾਜ ਦੇ 3,285 ਕਰੋੜ ਰੁਪਏ ਦੇ ਕੁੱਲ ਯੋਜਨਾ ਖ਼ਰਚ ਦਾ ਲਗਭਗ 50 ਪ੍ਰਤਿਸ਼ਤ ਬਣਦੀ ਹੈ, ਜਦੋਂ ਕਿ ਇਸ ਦੇ ਮੁਕਾਬਲੇ ਛੇਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਇਹ 37.45 ਪ੍ਰਤਿਸ਼ਤ ਸੀ। 1986-87 ਲਈ ਪਰਵਾਣਤ ਲਾਗਤ 289 ਕਰੋੜ ਰੁਪਏ ਹੈ; ਰਣਜੀਤ ਸਾਗਰ (ਥੀਨ) ਡੈਮ

[ਵਿੱਤ ਮੰਤਰੀ]

ਦੇ ਕਾਰਜ ਨੂੰ ਨੇਪਰੇ ਚਾੜ੍ਹਣ ਲਈ 35 ਕਰੋੜ ਰੁਪਏ ਦੀ ਅਧਿਕ ਸਹਾਇਤਾ ਇਸ ਤੋਂ ਇਲਾਵਾ ਹੈ। ਸਾਲ 1987-88 ਲਈ ਬਿਜਲੀ ਸੈਕਟਰ ਲਈ ਪਰਵਾਣਤ ਯੋਜਨਾ ਲਾਗਤ 452.08 ਕਰੋੜ ਰੁਪਏ ਹੈ, ਜਿਹੜੀ ਕਿ 750.00 ਕਰੋੜ ਰੁਪਏ ਦੀ ਕੁਲ ਪਰਵਾਣਤ ਰਾਜ ਯੋਜਨਾ ਲਾਗਤ ਦਾ 60.28 ਪ੍ਰਤਿਸ਼ਤ ਬਣਦੀ ਹੈ।

ਸਤਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ 768 ਮੈਗਾਵਾਟ ਸਥਾਪਿਤ ਸਮਰੱਥਾ ਵਧਾਉਣ ਦੀ ਤਜਵੀਜ਼ ਹੈ। 210 ਮੈਗਾਵਾਟ ਦਾ ਰੋਪੜ ਥਰਮਲ ਪਲਾਂਟ ਸਟੇਜ–II ਦਾ ਪਹਿਲਾ ਬਿਜਲੀ-ਘਰ 1987-88 ਦੇ ਦੌਰਾਨ ਚਾਲੂ ਹੋ ਜਾਣ ਦੀ ਆਸ ਹੈ। ਇਕ ਮੈਗਾਵਾਟ ਸਮਰੱਥਾ ਵਾਲੇ ਨਿਦਾਮਪੁਰ ਮਾਈਕਰੋਹਾਈਡਲ ਸਕੀਮ ਦਾ ਕਾਰਜ ਪਹਿਲਾਂ ਹੀ ਮੁਕੰਮਲ ਹੋ ਚੁੱਕਾ ਹੈ ਅਤੇ ਚਾਲੂ ਸਾਲ ਦੇ ਦੌਰਾਨ ਪ੍ਰਾਜੈਕਟ ਸ਼ੁਰੂ ਹੋ ਗਿਆ ਹੈ ਜਦੋਂ ਕਿ 1.5 ਮੈਗਾਵਾਟ ਸਮਰੱਥਾ ਵਾਲੀ ਦਾਉਧਰ ਮਾਈਕਰੋ-ਹਾਈਡਲ ਸਕੀਮ ਸਾਲ 1987-88 ਦੇ ਦੌਰਾਨ ਚਾਲੂ ਕਰਨ ਦੀ ਤਜਵੀਜ਼ ਹੈ। ਨਾਭਾ ਨੇੜੇ ਸਥਿੱਤ ਰੋਹਟੀ ਅਤੇ ਥੂਹੀ ਵਿਖੇ ਅਤੇ ਧਾਰੀਵਾਲ ਵਿਖੇ ਮਾਈਕਰੋ-ਹਾਈਡਲ ਸਕੀਮ ਸਬੰਧੀ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ।

ਪਹਿਲੀ ਅਪ੍ਰੈਲ, 1986 ਤੋਂ 28 ਫਰਵਰੀ, 1987 ਦੇ ਸਮੇ ਦੇ ਦੌਰਾਨ 1,29,288 ਜਨਰਲ ਕੁਨੈਕਸ਼ਨ, 5,113 ਉਦਯੋਗਿਕ ਕੁਨੈਕਸ਼ਨ ਅਤੇ 44,356 ਖੇਤੀ-ਬਾੜੀ ਪੰਪਿੰਗ ਸੈੱਟ ਕੁਨੈਕਸ਼ਨ ਦਿੱਤੇ ਜਾ ਚੁੱਕੇ ਹਨ। (ਥੰਪਿੰਗ)

ਉਦਯੋਗ

ਵਧ ਰਹੀਆਂ ਆਸ਼ਾਵਾਂ ਦੀ ਪੂਰਤੀ ਲਈ ਇਹ ਜ਼ਰੂਰੀ ਹੈ ਕਿ ਰਾਜ ਦੀ ਆਰਥਿਕਤਾ ਵਿਚ ਰੁਕਾਵਟ ਪਾ ਰਹੇ ਗੰਭੀਰ ਬੁਨਿਆਦੀ ਅਸੰਤੁਲਨ ਉਤੇ ਤੇਜ਼ੀ ਨਾਲ ਕਾਬੂ ਪਾਇਆ ਜਾਵੇ। ਵੱਡੇ ਪੈਮਾਨੇ ਤੇ ਯੋਜਨਾਬੱਧ ਤੇਜ਼ ਉਦਯੋਗਿਕ ਵਿਕਾਸ ਹੀ ਕੇਵਲ ਇਸ ਮਸਲੇ ਦਾ ਹੱਲ ਕਰਨ ਵਿਚ ਸਹਾਈ ਹੋ ਸਕਦਾ ਹੈ। ਇਸ ਮਨੋਰਥ ਨੂੰ ਧਿਆਨ ਵਿਚ ਰਖਦੇ ਹੋਏ, ਰਾਜ ਦੀ ਉਦਯੋਗਿਕ ਨੀਤੀ ਦੇ ਸਮੁੱਚੇ ਢਾਂਚੇ ਨੂੰ ਪੂਰੀ ਤਰ੍ਹਾਂ ਮੁੜ-ਵਿਚਾਰਿਆ ਗਿਆ ਹੈ। ਮੈਂ ਸਦਨ ਨੂੰ ਇਹ ਦਸਣ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਨਵੀਂ ਉਦਯੋਗਿਕ ਨੀਤੀ ਅਤੇ ਉਤਸ਼ਾਹ -ਨਿਯਮ 1 ਅਪ੍ਰੈਲ, 1987 ਤੋਂ ਲਾਗੂ ਹੋਣਗੇ, ਜੋ ਨਿਮਨ ਅਨੁਸਾਰ ਹਨ :--

ਸੰਤੁਲਿਤ ਉਦਯੋਗਕ ਵਿਕਾਸ ਲਿਆਉਣ ਦੀ ਦ੍ਰਿਸ਼ਟੀ ਤੋਂ ਰਾਜ ਨੂੰ ਚਾਰ ਵੱਖ-ਵੱਖ ਖੇਤਰਾਂ ਵਿਚ ਵੰਡ ਦਿੱਤਾ ਗਿਆ ਹੈ। ਉਚੇਰੇ ਉਤਸ਼ਾਹਾਂ ਲਈ ਪਾਤਰ 'ਏ' ਗ੍ਰੇਡ ਦੇ ਵਿਕਾਸ ਖੇਤਰਾਂ ਵਿਚ ਤਿੰਨ ਸਰਹੱਦੀ ਜ਼ਿਲ੍ਹੇ ਅਰਥਾਤ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫਿਰੋਜ਼ਪੁਰ ਅਤੇ ਕੇਂਦਰ ਦੁਆਰਾ ਐਲਾਨੇ 'ਅ' ਸ਼੍ਰੇਣੀ ਦੇ ਤਿੰਨ ਪਛੜੇ ਜ਼ਿਲ੍ਹਿਆਂ ਵਿਚੋ ਇਕ-ਇਕ ਬਲਾਕ ਅਰਥਾਤ ਜ਼ਿਲ੍ਹਾ ਹੁਸ਼ਿਆਰਪੁਰ ਦਾ ਟਾਂਡਾ ਬਲਾਕ, ਜ਼ਿਲ੍ਹਾ ਸੰਗਰੂਰ ਦਾ ਭਵਾਨੀਗੜ੍ਹ ਬਲਾਕ ਅਤੇ ਜ਼ਿਲ੍ਹਾ ਬਠਿੰਡਾ ਦਾ ਰਾਮਪੁਰਾ ਫੂਲ ਬਲਾਕ ਸ਼ਾਮਲ ਹਨ। (ਥੰਪਿੰਗ) 'ਬੀ' ਗ੍ਰੇਡ ਦੇ ਵਿਕਾਸ ਖੇਤਰਾਂ ਵਿਚ ਜ਼ਿਲ੍ਹਾ ਹੁਸ਼ਿਆਰਪੁਰ, ਸੰਗਰੂਰ, ਬਠਿੰਡਾ ਦੇ ਬਾਕੀ ਰਹਿੰਦੇ ਬਲਾਕ ਅਤੇ ਜ਼ਿਲ੍ਹਾ ਫਰੀਦਕੋਟ ਦੀ ਤਹਿਸੀਲ ਫਰੀਦਕੋਟ, ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਰਾਜਪੁਰਾ, ਜਿਸ ਵਿਚ ਰਾਜਧਾਨੀ ਚੰਡੀਗੜ੍ਹ ਦੇ ਘੇਰੇ ਅੰਦਰ ਆਉਣ ਵਾਲੇ ਇਲਾਕੇ ਸ਼ਾਮਲ ਨਹੀਂ, ਜ਼ਿਲ੍ਹਾ ਰੋਪੜ ਦੀ ਤਹਿਸੀਲ ਖਰੜ, ਜਿਸ ਵਿਚ ਰਾਜਧਾਨੀ ਚੰਡੀਗੜ੍ਹ ਦੇ ਘੇਰੇ ਅੰਦਰ ਆਉਣ ਵਾਲੇ ਇਲਾਕੇ ਸ਼ਾਮਲ ਨਹੀਂ, ਅਤੇ ਰਾਜ ਸਰਕਾਰ ਦੁਆਰਾ ਅਧਿਸੂਚਿਤ

ਕੀਤੇ ਗਏ ਪਛੜੇ ਬੇਟ ਦੇ ਅਤੇ ਨੀਮ-ਪਹਾੜੀ ਖੇਤਰ ਸ਼ਾਮਲ ਹਨ। 'ਸੀ' ਗ੍ਰੇਡ ਦੇ ਵਿਕਾਸ ਖੇਤਰਾਂ ਵਿਚ ਉਹ ਫੋਕਲ ਪੁਆਇੰਟ ਸ਼ਾਮਲ ਹੋਣਗੇ, ਜੋ 'ਏ' ਗ੍ਰੇਡ ਅਤੇ 'ਬੀ' ਗ੍ਰੇਡ ਤੋਂ ਬਿਨਾਂ ਹੋਰ ਖੇਤਰਾਂ ਵਿਚ ਰਾਜ ਸਰਕਾਰ ਦੁਆਰਾ ਵਿਕਸਤ ਕੀਤੇ ਗਏ ਹਨ। ਚੌਥੀ ਸ਼੍ਰੇਣੀ ਵਿਚ ਉਤਸ਼ਾਹ-ਰਹਿਤ ਖੇਤਰ ਆਉਂਦਾ ਹੈ ਅਤੇ ਇਸ ਵਿਚ ਜਲੰਧਰ ਤੇ ਲੁਧਿਆਣਾ ਦੀਆਂ ਮਿਉਂਸਪਲ ਕਾਰਪੋਰੇਸ਼ਨਾਂ ਦੀਆਂ ਮਿਆਰੀ ਸ਼ਹਿਰੀ ਸੀਮਾਵਾਂ ਵਿਚਲਾ ਖੇਤਰ ਸ਼ਾਮਲ ਹੋਵੇਗਾ।

ਵਿਆਜ ਰਹਿਤ ਕਰਜ਼ੇ ਦੇ ਉਤਸ਼ਾਹ ਦੀ ਥਾਂ, ਯੂਨਿਟ ਦੇ ਸਥਾਨ ਅਨੁਸਾਰ ਚਾਰ ਤੋਂ ਛੇ ਸਾਲ ਤਕ ਦੇ ਸਮੇ ਲਈ, ਨਾਂ-ਮਾਤਰ 1 ਫੀ ਸਦੀ ਰਾਜ/ਕੇਂਦਰੀ ਵਿਕਰੀ ਕਰ ਰੱਖ ਦਿੱਤਾ ਗਿਆ ਹੈ। (ਥੰਪਿੰਗ) ਇਸ ਰਿਆਇਤ ਦੀ ਮਾਤਰਾ ਨੂੰ ਸਬੰਧਤ ਅਦਾਰੇ ਦੇ ਪੂੰਜੀ-ਨਿਵੇਸ਼ ਨਾਲ ਜੋੜਿਆ ਗਿਆ ਹੈ। ਜ਼ਮੀਨ ਦੀ ਵਧ ਰਹੀ ਕੀਮਤ ਅਤੇ ਇਸ ਦੇ ਵਿਕਾਸ ਦੀ ਲਾਗਤ ਨੂੰ ਧਿਆਨ ਵਿਚ ਰਖਦੇ ਹੋਏ ਅਣ-ਵਿਕਸਤ ਜ਼ਮੀਨ ਦੀ ਸੂਰਤ ਵਿਚ ਆਰੰਭਕ ਕੀਮਤ 2-3 ਰੁਪਏ ਤੋਂ 6 ਰੁਪਏ ਪ੍ਰਤੀ ਵਰਗ ਮੀਟਰ ਅਤੇ ਵਿਕਸਤ ਜ਼ਮੀਨ ਦੀ ਸੂਰਤ ਵਿਚ 8--12 ਰੁਪਏ ਤੋਂ 25 ਰੁਪਏ ਪ੍ਰਤੀ ਵਰਗ ਮੀਟਰ ਵਧਾ ਕੇ ਭੋਂ ਸਬਸਿਡੀ ਦੇ ਉਤਸ਼ਾਹ ਵਿਚ ਸੁਧਾਰ ਲਿਆਂਦਾ ਗਿਆ ਹੈ। ਜ਼ਮੀਨ ਦੀ ਆਰੰਭਕ ਕੀਮਤ ਤੋਂ ਉਤਲੀ ਕੀਮਤ ਉਤੇ 75 ਫੀ ਸਦੀ ਦੀ ਹੱਦ ਤਕ ਸਬਸਿਡੀ ਦਿੱਤੀ ਜਾਵੇਗੀ। ਐਪਰ, ਕਿਸੇ ਵੀ ਸੂਰਤ ਵਿਚ, ਇਸ ਭੋਂ ਸਬਸਿਡੀ ਦੀ ਹੱਦ 25 ਲੱਖ ਰੁਪਏ ਤੋਂ ਵੱਧ ਨਹੀਂ ਹੋਵੇਗੀ। ਇਸ ਉਤਸ਼ਾਹ ਦਾ ਪਾਤਰ ਬਨਣ ਲਈ ਉਦਮ-ਕਰਤੇ ਨੂੰ ਅਲਾਟਮੈਂਟ ਦੀ ਮਿਤੀ ਤੋਂ 5 ਸਾਲ ਦੇ ਸਮੇਂ ਦੇ ਅੰਦਰ ਅੰਦਰ ਪ੍ਰਾਜੈਕਟ ਚਾਲੂ ਕਰਨਾ ਹੋਵੇਗਾ। ਐਲਿਜੀਬਲ ਯੂਨਿਟਾਂ ਨੂੰ ਬਿਜਲੀ ਡਿਊਟੀ ਤੋਂ ਪੰਜ ਸਾਲਾਂ ਦੇ ਸਮੇਂ ਲਈ ਪੂਰੀ ਛੋਟ ਮਿਲੇਗੀ। ਐਪਰ, 2,500 ਕੇ.ਵੀ.ਏ. ਤੋਂ ਵੱਧ ਕੰਟ੍ਰੈਕਟ ਲੋਡ ਵਾਲੇ ਪਾਵਰ ਇਨਟੈਨਸਿਵ ਯੂਨਿਟ ਇਸ ਰਿਆਇਤ ਲਈ ਐਲਿਜੀਬਲ ਨਹੀਂ ਹੋਣਗੇ। ਬਿਜਲੀ ਦੀ ਗਾਹੇ-ਬਗਾਹੇ ਕਮੀ ਨੂੰ ਪੂਰਾ ਕਰਨ ਲਈ ਪੂੰਜੀਗਤ ਲਾਗਤ ਤੇ 25 ਫ਼ੀ ਸਦੀ ਜੈਨਰੇਟਿੰਗ ਸੈੱਟ ਸਬਸਿਡੀ, ਵੱਧ ਤੋਂ ਵੱਧ 50,000 ਰੁਪਏ ਦੀ ਹੱਦ ਤਕ ਲਾਗੂ ਕੀਤੀ ਗਈ ਹੈ। ਸਰਕਾਰ ਦੁਆਰਾ ਬਾਕਾਇਦਾ ਤੌਰ ਤੇ ਪਰਵਾਨਤ ਸੌ ਫ਼ੀ ਸਦੀ ਦਰਾਮਦ ਕਰਨ ਵਾਲੇ ਯੂਨਿਟ ਉਤਸ਼ਾਹਾਂ ਦੀ ਅਗਲੀ ਉਚੇਰੀ ਸ਼੍ਰੇਣੀ ਲਈ ਹੱਕਦਾਰ ਹੋਣਗੇ। ਨਵੇਂ ਉਤਸ਼ਾਹ-ਨਿਯਮ ਅਤੇ ਇਨ੍ਹਾਂ ਨੂੰ ਲਾਗੂ ਕਰਨ ਦੀ ਵਿਧੀ ਵਧੇਰੇ ਵਾਸਤਵਿਕ ਅਤੇ ਰੈਸ਼ਨਲ ਬਣਾਈ ਗਈ ਹੈ।

ਸਦਨ ਇਸ ਗੱਲ ਤੋਂ ਭਲੀ ਭਾਂਤ ਵਾਕਫ਼ ਹੈ ਕਿ ਪਿਛਲੇ ਕੁਝ ਸਾਲਾਂ ਦੀਆਂ ਘਟਨਾਵਾਂ ਨੇ ਰਾਜ ਵਿੱਚ ਪੂੰਜੀ ਲਗਾਉਣ ਦੀ ਸਥਿੱਤੀ ਤੇ ਬੁਰਾ ਪ੍ਰਭਾਵ ਪਾਇਆ ਹੈ। ਉਦਯੋਗ ਵਿਭਾਗ ਅਤੇ ਇਸ ਅਧੀਨ ਕਾਰਪੋਰੇਸ਼ਨਾਂ, ਜਿਨ੍ਹਾਂ ਨੂੰ ਰਾਜ ਵਿਚਲੇ ਮੌਜੂਦਾ ਅਤੇ ਨਵੇਂ ਉਦਯੋਗਾਂ ਨੂੰ ਬੁਨਿਆਦੀ ਢਾਂਚਾ, ਵਿੱਤੀ ਅਤੇ ਕਾਰੋਬਾਰ ਵਧਾਉਣ ਲਈ ਹੋਰ ਇਮਦਾਦ ਮੁਹੱਈਆ ਕਰਨ ਦੀ ਜ਼ਿਮੇਵਾਰੀ ਸੌਂਪੀ ਗਈ ਹੈ, ਦਾ ਕਾਰਜ ਵਧੇਰੇ ਕਠਨ ਹੋ ਗਿਆ ਹੈ। ਮੈਂ ਸਦਨ ਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਵਿਸ਼ਵਾਸ ਵਾਲੇ ਮਾਹੌਲ ਦੀ ਬਹਾਲੀ ਲਈ ਅਤੇ ਆਰਥਕ ਸਰਗਰਮੀ ਦੀ ਨਾ ਕੇਵਲ ਪਹਿਲੀ ਪੱਧਰ ਨੂੰ ਮੁੜ-ਸੁਰਜੀਤ ਕਰਨ ਸਗੋਂ ਇਸ ਵਿਚ ਹੋਰ ਤੇਜ਼ੀ ਲਿਆਉਣ ਲਈ ਪਿਛਲੇ ਇਕ ਸਾਲ ਤੋਂ ਇਹਨਾਂ ਸੰਸਥਾਵਾਂ ਦੇ ਕੰਮ-ਕਾਜ ਨੂੰ ਪੂਰੀ ਤਰ੍ਹਾਂ ਠੀਕ ਕੀਤਾ ਗਿਆ ਹੈ। ਪੰਜਾਬ ਰਾਜ ਉਦਯੋਗਕ ਵਿਕਾਸ ਨਿਗਮ, ਜੋ ਰਾਜ ਵਿਚ ਪ੍ਰਮੁੱਖ ਸੰਸਥਾਈ ਉਦਮਕਰਤਾ ਹੈ, ਨੇ ਲਗਭਗ 382 ਕਰੋੜ ਰੁਪਏ ਦੇ ਸਰਮਾਏ ਨਾਲ 57 ਪ੍ਰਾਜੈਕਟ ਪਹਿਲਾਂ ਹੀ ਚਾਲੂ ਕਰ ਦਿੱਤੇ ਹਨ, ਜਿਸ ਨਾਲ 31,000 ਤੋਂ ਵੱਧ ਵਿਅਕਤੀਆਂ ਲਈ ਰੋਜ਼ਗਾਰ ਪੈਦਾ ਹੋਇਆ ਹੈ। ਇਸ ਤੋਂ ਇਲਾਵਾ, 212 ਕਰੋੜ ਰੁਪਏ ਦੀ ਪੂੰਜੀਗਤ ਲਾਗਤ ਵਾਲੇ 16 ਪ੍ਰਾਜੈਕਟ ਉਸਾਰੀ ਅਧੀਨ ਹਨ ਅਤੇ ਲਗਭਗ 500 ਕਰੋੜ ਰੁਪਏ ਦੀ ਪੂੰਜੀ ਨਿਵੇਸ਼ ਵਾਲੇ 40 ਪ੍ਰਾਜੈਕਟ ਅਮਲ ਦੇ ਵੱਖ-ਵੱਖ ਪੜਾਵਾਂ ਅਧੀਨ ਹਨ।

[ਵਿੱਤ ਮੰਤਰੀ]

ਪੰਜਾਬ ਵਿੱਤ ਨਿਗਮ ਦੀ ਸੂਰਤ ਵਿਚ 1 ਅਪ੍ਰੈਲ, 1986 ਤੋਂ 31 ਜਨਵਰੀ, 1987 ਤਕ ਮਨਜ਼ੂਰ ਕੀਤੀ ਸਹਾਇਤਾ ਦੀ ਰਕਮ, ਵੰਡੀ ਗਈ ਰਕਮ ਅਤੇ ਪੈਦਾ ਕੀਤੇ ਰੋਜ਼ਗਾਰ ਸਾਧਨਾਂ ਵਿਚ ਪਿਛਲੇ ਸਾਲ ਦੇ ਏਸੇ ਸਮੇਂ ਦੇ ਮੁਕਾਬਲੇ ਕ੍ਰਮਵਾਰ 109.88 ਫੀ ਸਦੀ, 159.64 ਫੀ ਸਦੀ ਅਤੇ 67.13 ਫੀ ਸਦੀ ਵਾਧਾ ਹੋਇਆ। ਉਦਮਕਰਤਿਆਂ ਦੀਆਂ ਬਦਲਦੀਆਂ ਲੋੜਾਂ ਅਤੇ ਅਭਿਲਾਸ਼ਾਵਾਂ ਦੇ ਅਨੁਸਾਰ ਨਿਗਮ ਦੀਆਂ ਨੀਤੀਆਂ ਅਤੇ ਕਾਰਜ-ਵਿਧੀਆਂ ਨੂੰ ਹੋਰ ਸਰਲ ਅਤੇ ਉਦਾਰ ਬਣਾਇਆ ਗਿਆ ਹੈ। ਨਵੀਆਂ ਚਣੌਤੀਆਂ ਦਾ ਸਾਹਮਣਾ ਕਰਨ ਲਈ ਨਿਗਮ ਵਿਚ ਲੋੜੀਂਦੇ ਪੇਸ਼ਾਵਾਰਾਨਾ ਅਮਲੇ ਦੀ ਭਰਤੀ ਰਾਹੀਂ ਇਸ ਨੂੰ ਕਾਫੀ ਮਜ਼ਬੂਤ ਕਰ ਦਿੱਤਾ ਗਿਆ ਹੈ।

ਉਦਯੋਗ ਵਿਚ ਸਿਧੇ ਅਤੇ ਅਸਿੱਧੇ ਤੌਰ ਤੇ ਸਰਮਾਇਆ ਲਾਉਣ ਲਈ ਰਾਜ ਸਰਕਾਰ ਦੇ ਸਾਧਨ ਸੀਮਤ ਹਨ। ਪੰਜਾਬ ਵਿਚ ਸੈਂਟਰਲ ਪਬਲਿਕ ਸੈਕਟਰ ਇਨਵੈਸਟਮੈਂਟ, ਜੋ ਸਾਲ 1978-79 ਵਿਚ ਕੁੱਲ ਪੂੰਜੀ ਨਿਵੇਸ਼ ਦਾ 2.20 ਫੀ ਸਦੀ ਸੀ, ਸਾਲ 1985-86 ਵਿਚ ਘਟ ਕੇ 1.05 ਫੀ ਸਦੀ ਰਹਿ ਗਈ ਹੈ। ਪੰਜਾਬ ਵਿਚ ਸੈਂਟਰਲ ਪਬਲਿਕ ਸੈਕਟਰ ਵਿਚ ਚੋਖਾ ਸਰਮਾਇਆ ਲਗਾਉਣ ਦੇ ਲਈ ਭਾਰਤ ਸਰਕਾਰ ਨੂੰ ਉੱਚ ਪੱਧਰ ਤੇ ਪ੍ਰੇਰਤ ਕੀਤਾ ਗਿਆ ਹੈ ਅਤੇ ਰਾਜ ਸਰਕਾਰ ਪੰਜਾਬ ਵਿੱਚ ਹੋਰ ਸੈਂਟਰਲ ਸੈਕਟਰ ਪ੍ਰਾਜੈਕਟ ਸਥਾਪਤ ਕਰਵਾਉਣ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ।

ਉਦਯੋਗਾਂ ਦੀ ਵਿਗੜੀ ਹਾਲਤ ਸੁਧਾਰਨ, ਇਨ੍ਹਾਂ ਦੇ ਆਧੁਨਿਕੀਕਰਣ ਅਤੇ ਤਕਨੀਕੀ ਉੱਨਤੀ ਲਈ ਇਕ ਉਚਿਤ ਸੰਸਥਾਈ ਯੋਜਨਾ ਤਿਆਰ ਕੀਤੀ ਜਾ ਰਹੀ ਹੈ। ਕੁਆਲਟੀ ਮਾਰਕਿੰਗ ਅਤੇ ਖੋਜ ਤੇ ਵਿਕਾਸ ਕੇਂਦਰਾਂ ਦੇ ਮੌਜੂਦਾ ਨੈੱਟਵਰਕ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਰਾਜ ਦੇ ਬਾਕੀ ਰਹਿੰਦੇ ਸੈਕਟਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਭਾਰਤ ਸਰਕਾਰ ਨੂੰ ਕੁਝ ਹੋਰ ਕੇਂਦਰ ਮਨਜ਼ੂਰ ਕਰਨ ਲਈ ਬੇਨਤੀ ਕੀਤੀ ਗਈ ਹੈ। ਉਤਪਾਦਕਤਾ ਵਿਚ ਸੁਧਾਰ ਲਿਆਉਣ ਲਈ ਉਦਮਕਰਤਿਆਂ ਦੀ ਹੌਂਸਲਾ ਅਫਜ਼ਾਈ ਵਾਸਤੇ, ਰਾਜ ਵਿਚ ਉਤਪਾਦਕਤਾ ਇਨਾਮ ਦੇਣ ਦੀ ਇਕ ਸਕੀਮ ਅਰੰਭ ਕੀਤੀ ਗਈ ਹੈ। ਰਾਜ ਵਿਚ ਤਿੰਨ ਸਰਵੋਤਮ ਯੂਨਿਟਾਂ ਨੂੰ 20,000 ਰੁਪਏ 15,000 ਰੁਪਏ ਅਤੇ 10,000 ਰੁਪਏ ਦੇ ਨਕਦ ਇਨਾਮ ਦਿਤੇ ਜਾਣਗੇ। ਵਿਕਾਸ ਕਰ ਰਹੀਆਂ ਅੰਤਰ-ਰਾਸ਼ਟਰੀ ਮੰਡੀਆਂ ਤੋ ਲਾਭ ਉਠਾਉਣ ਲਈ ਮਿਆਰੀਕਰਣ, ਕੁਆਲਟੀ ਵਿਚ ਸੁਧਾਰ ਲਿਆਉਣ ਅਤੇ ਕੀਮਤ-ਮੁਕਾਬਲੇ ਉਤੇ ਵਧੇਰੇ ਜ਼ੋਰ ਦਿੱਤਾ ਜਾ ਰਿਹਾ ਹੈ। ਇਹ ਅਨੁਮਾਨ ਹੈ ਕਿ ਰਾਜ ਤੋਂ ਬਰਾਮਦ 250 ਕਰੋੜ ਰੁਪਏ ਹੋ ਗਈ ਹੈ ਅਤੇ ਇਸ ਦੇ ਹੋਰ ਵਧਣ ਦੀ ਆਸ ਹੈ।

ਰਾਜ ਵਿਚਲੇ ਸਾਰੇ ਸਥਾਨਾਂ ਵਿਚੋਂ, ਬਟਾਲੇ ਦੇ ਵਪਾਰ ਅਤੇ ਉਦਯੋਗ ਨੂੰ ਸਭ ਤੋਂ ਵਧੇਰੇ ਨੁਕਸਾਨ ਪਹੁੰਚਿਆ ਹੈ। ਇਹਨਾਂ ਦੀਆਂ ਕਠਿਨਾਈਆਂ ਨੂੰ ਘਟਾਉਣ ਵਾਸਤੇ, ਰਾਜ ਸਰਕਾਰ ਨੇ ਉਸ ਸਮੇ ਲਈ, ਜਦੋਂ ਸਥਾਨਕ ਗੜਬੜੀ ਕਾਰਣ ਵਪਾਰ ਅਤੇ ਉਦਯੋਗ ਨੂੰ ਨੁਕਸਾਨ ਪਹੁੰਚਿਆ ਸੀ, ਵਿਕਰੀ-ਕਰ ਦੇ ਬਕਾਏ ਦੀ ਰਕਮ ਮੁਲਤਵੀ ਕਰਨ ਅਤੇ ਨਿਊਨਤਮ ਬਿਜਲੀ ਖ਼ਰਚਿਆਂ ਨੂੰ ਛੱਡ ਦੇਣ ਵਰਗੀਆਂ ਸਹੂਲਤਾਂ ਦਿੱਤੀਆਂ ਹਨ। ਸਥਾਨਕ ਉਦਯੋਗ ਲਈ ਲੋੜੀਂਦੇ ਕੱਚੇ ਲੋਹੇ, ਹਾਰਡ ਕੋਕ ਅਤੇ ਹੋਰ ਕੱਚੇ ਮਾਲ ਦੀ ਸਪਲਾਈ ਨੂੰ ਯਕੀਨੀ ਬਣਾਉਣ ਵੱਲ ਵਿਸ਼ੇਸ਼ ਧਿਆਨ ਦਿਤਾ ਜਾ ਰਿਹਾ ਹੈ। ਪੰਜਾਬ ਲਘੂ ਉਦਯੋਗ ਤੇ ਨਿਰਯਾਤ ਕਾਰਪੋਰੇਸ਼ਨ ਨੂੰ, ਬਟਾਲੇ ਦੇ ਵਪਾਰ ਅਤੇ ਉਦਯੋਗ ਦੇ ਸੰਗਠਨਾਂ ਦੇ ਸਲਾਹ ਮਸ਼ਵਰੇ ਨਾਲ, ਦਿੱਲੀ ਵਿਖੇ ਵਿਸ਼ੇਸ਼ ਮੰਡੀਕਰਣ ਸਹੂਲਤਾਂ ਪੈਦਾ ਕਰਨ ਲਈ ਹਦਾਇਤ ਕੀਤੀ ਗਈ ਹੈ।

ਰਾਜ ਦੇ ਪੜ੍ਹੇ-ਲਿਖੇ ਨੌਜਵਾਨਾਂ ਵਿਚ ਬੇਰੋਜ਼ਗਾਰੀ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਗਈ ਹੈ। ਹੋਰਨਾਂ ਉਪਾਵਾਂ ਦੇ ਨਾਲ ਨਾਲ, ਪੜ੍ਹੇ ਲਿਖੇ ਬੇਰੋਜ਼ਗਾਰ ਨੌਜਵਾਨਾਂ ਲਈ ਕੇਂਦਰੀ ਸਕੀਮ ਅਧੀਨ ਸਵੈ-ਰੋਜ਼ਗਾਰ ਦਾ ਟੀਚਾ 12,000 ਤੋਂ ਵਧਾ ਕੇ 15,000 ਕਰ ਦਿਤਾ ਗਿਆ ਹੈ ਅਤੇ ਇਸ ਟੀਚੇ ਦੀ ਪੂਰਤੀ ਨੂੰ ਯਕੀਨੀ ਬਣਾਉਣ ਲਈ ਯਤਨ ਜਾਰੀ ਹਨ। ਬੇ-ਰੋਜ਼ਗਾਰ ਨੌਜਵਾਨਾਂ, ਸਾਬਕਾ ਫੌਜੀਆਂ ਆਦਿ ਦੇ 3,200 ਦੇ ਟੀਚੇ ਲਈ ਸਵੈ-ਰੋਜ਼ਗਾਰ ਦੇ ਅਵਸਰ ਪੈਦਾ ਕਰਨ ਲਈ ਇਕ ਵਿਸ਼ੇਸ਼ ਸਕੀਮ ਤਿਆਰ ਕੀਤੀ ਗਈ ਹੈ, ਜਿਸ ਅਨੁਸਾਰ ਮਾਰਜਨ ਧਨ ਦਾ 50 ਫੀ ਸਦੀ, 25,000 ਰੁਪਏ ਦੀ ਸੀਮਾ ਅਧੀਨ, ਰਾਜ ਸਰਕਾਰ ਦੁਆਰਾ ਸਬਸਿਡੀ ਵਜੋਂ ਦਿਤਾ ਜਾਵੇਗਾ ਅਤੇ ਬਾਕੀ ਦੀ ਰਕਮ ਵਪਾਰਕ ਬੈਂਕਾਂ ਅਤੇ ਰਾਜ ਵਿੱਤੀ ਨਿਗਮ ਦੁਆਰਾ ਦਿੱਤੀ ਜਾਵੇਗੀ।

ਸਾਲਾਨਾ ਯੋਜਨਾ 1987-88 ਵਿਚ ਉਦਯੋਗਿਕ ਖੇਤਰ ਲਈ 26.33 ਕਰੋੜ ਰੁਪਏ ਦੀ ਲਾਗਤ ਦੀ ਤਜਵੀਜ਼ ਰਖੀ ਗਈ ਹੈ।

ਸੜਕਾਂ ਅਤੇ ਪੁਲ

ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਰਾਜ ਵਿਚ ਸੜਕਾਂ ਦਾ ਜਾਲ ਵਿਛਿਆ ਹੋਇਆ ਹੈ। 12,188 ਪਿੰਡਾਂ ਵਿਚੋਂ 12,045 ਪਿੰਡਾਂ ਨੂੰ ਲਿੰਕ ਸੜਕਾਂ ਨਾਲ ਪਹਿਲਾਂ ਹੀ ਜੋੜਿਆ ਜਾ ਚੁਕਿਆ ਹੈ। 1 ਅਪ੍ਰੈਲ, 1986 ਨੂੰ ਰਾਜ ਵਿਚ ਸੜਕਾਂ ਦੀ ਕੁੱਲ ਲੰਬਾਈ 34,701 ਕਿਲੋਮੀਟਰ ਸੀ, ਜਿਸ ਵਿਚ 26,957 ਕਿਲੋਮੀਟਰ ਪਿੰਡਾਂ ਦੀਆਂ ਸੜਕਾਂ ਸ਼ਾਮਲ ਹਨ। 100 ਵਰਗ ਕਿਲੋਮੀਟਰ ਮਗਰ ਸੜਕਾਂ ਦੀ ਲੰਬਾਈ 68.88 ਕਿਲੋਮੀਟਰ ਹੈ ਜੋ ਕਿ ਦੇਸ਼ ਭਰ ਵਿਚ ਸਭ ਤੋਂ ਵੱਧ ਹੈ। ਮਾਰਕਿਟ ਕਮੇਟੀਆਂ ਅਤੇ ਮਾਰਕਿਟਿੰਗ ਬੋਰਡ ਦੁਆਰਾ ਮੁਹੱਈਆ ਕੀਤੇ ਫੰਡਾਂ ਨਾਲ ਸਾਲ 1986-87 ਦੇ ਦੌਰਾਨ ਲਗਭਗ 500 ਕਿਲੋਮੀਟਰ ਸੜਕਾਂ ਉਸਾਰੀਆਂ/ਮੁਰੰਮਤ ਕੀਤੀਆਂ ਜਾ ਰਹੀਆਂ ਹਨ।

ਮੁਸਾਫਰਾਂ ਅਤੇ ਭਾੜੇ ਦੀ ਸੂਰਤ ਵਿਚ ਸੜਕਾਂ ਉੱਤੇ ਤੇਜ਼ੀ ਨਾਲ ਵਧ ਰਹੀ ਆਵਾਜਾਈ ਨੂੰ ਅਤੇ ਰਾਜ ਦੇ ਕਈ ਭਾਗਾਂ ਵਿਚ ਭੂਮੀ-ਗਤ ਜਲ ਤਲ ਦੇ ਉੱਚਾ ਹੋਣ ਕਾਰਣ ਸੜਕਾਂ ਦੇ ਨੁਕਸਾਨ ਨੂੰ ਧਿਆਨ ਵਿਚ ਰਖਦੇ ਹੋਏ, ਮੌਜੂਦਾ ਸੜਕਾਂ ਦੇ ਸੁਧਾਰ ਵਲ ਉੱਚ ਅਗੇਤ ਦਿੱਤੀ ਗਈ ਸੀ। ਜਿਥੋਂ ਤਕ ਦਿਹਾਤੀ ਸੜਕਾਂ ਦਾ ਸਬੰਧ ਹੈ, ਹੁਣ ਇਸ ਪ੍ਰੋਗਰਾਮ ਦਾ ਮੁੱਖ ਜ਼ੋਰ ਮਾਰਕਿਟ ਕਮੇਟੀਆਂ ਅਤੇ ਮਾਰਕਿਟਿੰਗ ਬੋਰਡ ਦੁਆਰਾ ਦਿੱਤੇ ਫੰਡਾਂ ਦੀ ਵਰਤੋਂ ਕਰਕੇ, ਅੰਤਰ-ਲਿੰਕ ਸੜਕਾਂ ਬਣਾਉਣ ਤੇ ਹੈ।

ਸਾਲਾਨਾ ਯੋਜਨਾ 1985-86 ਵਿਚ ਵੱਖ ਵੱਖ ਕਿਸਮਾਂ ਦੀਆਂ ਸੜਕਾਂ ਅਤੇ ਪੁਲਾਂ ਦੀ ਉਸਾਰੀ ਉੱਤੇ 13.43 ਕਰੋੜ ਰੁਪਏ ਖਰਚ ਕੀਤੇ ਗਏ ਸਨ। ਸਾਲਾਨਾ ਯੋਜਨਾ 1986-87 ਵਿਚ 13.61 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ, ਜੋ ਮੁੱਖ ਤੌਰ ਤੇ ਪਿਛਲੇ ਕਾਰਜਾਂ ਨੂੰ ਪੂਰਾ ਕਰਨ ਲਈ ਹੈ। 1987-88 ਲਈ ਵੀ 13.61 ਕਰੋੜ ਰੁਪਏ ਦੀ ਤਜਵੀਜ਼ ਹੈ, ਜਿਸ ਨਾਲ ਸਤਵੀਂ ਪੰਜ ਸਾਲਾ ਯੋਜਨਾ ਵਿਚ ਸ਼ਾਮਲ ਪ੍ਰੋਗਰਾਮ ਨੂੰ ਸਿਰੇ ਚੜ੍ਹਾਇਆ ਜਾਵੇਗਾ।

ਟ੍ਰਾਂਸਪੋਰਟ

ਮੌਜੂਦਾ ਸਰਕਾਰ ਨੇ ਇਕ ਨਵੀਂ ਟ੍ਰਾਂਸਪੋਰਟ ਨੀਤੀ ਬਣਾਈ ਹੈ ਤਾ ਕਿ ਨੌਜਵਾਨਾਂ ਅਤੇ ਕਮਜ਼ੋਰ ਵਰਗਾਂ ਵਿੱਚ ਪਹਿਲ-ਕਦਮੀ ਅਤੇ ਉੱਦਮ ਨੂੰ ਪ੍ਰਫੁਲਤ ਕਰਕੇ ਪ੍ਰਾਈਵੇਟ ਸਾਧਨਾਂ ਨੂੰ ਜੁਟਾਇਆ ਅਤੇ ਵਰਤਿਆ ਜਾ ਸਕੇ। ਇਸ ਨੀਤੀ ਵਿੱਚ ਅਨੁਸੂਚਿਤ ਜਾਤੀਆਂ, ਸਾਬਕਾ ਫੌਜੀਆਂ, ਪੜ੍ਹੇ-ਲਿਖੇ ਬੇਰੋਜ਼-

[ਵਿੱਤ ਮੰਤਰੀ]

ਗਾਰ ਨੌਜਵਾਨਾਂ ਨੂੰ, ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਅਤੇ ਦੰਗਾ ਪੀੜਤਾਂ ਲਈ ਉਚਿਤ ਰਿਜ਼ਰਵੇਸ਼ਨ ਸਹਿਤ ਪ੍ਰਾਈਵੇਟ ਓਪਰੇਟਰਾਂ ਨੂੰ ਨਵੇਂ ਸਟੇਜ-ਕੈਰਜ ਪਰਮਿਟ ਦੇਣ ਦਾ ਉਪਬਧ ਕੀਤਾ ਗਿਆ ਹੈ।(ਥੰਪਿੰਗ)।

ਪੰਜਾਬ ਰੋਡਵੇਜ਼ ਦੇ ਇਕ ਨੰਗਲ ਅਤੇ ਜਗਰਾਉਂ ਵਿਖੇ ਦੋ ਨਵੇਂ ਡਿਪੂ ਮਨਜ਼ੂਰ ਕੀਤੇ ਗਏ ਹਨ ਅਤੇ ਜਗਰਾਉਂ ਵਾਲੇ ਡਿਪੂ ਨੇ ਕੰਮ ਸ਼ੁਰੂ ਕਰ ਦਿੱਤਾ ਹੈ।

ਦਿਹਾਤੀ ਇਲਾਕਿਆਂ ਵਿਚ ਬਸ ਸੇਵਾ ਮੁਹੱਈਆ ਕਰਨ ਲਈ ਦਸੰਬਰ, 1986 ਤਕ 543 ਨਵੇਂ ਮਿਨੀ ਬਸ ਪਰਮਿਟ ਦਿੱਤੇ ਗਏ ਸਨ। 451 ਪਰਮਿਟ ਹੋਲਡਰਾਂ ਨੇ ਰੂਟਾਂ ਤੇ ਬਸਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਵਿੱਤੀ ਸਾਲ 1986-87 ਦੇ ਦੌਰਾਨ ਹੁਣ ਤਕ ਟਰੱਕਾਂ ਦੇ 3,771 ਨੈਸ਼ਨਲ ਪਰਮਿਟ ਦਿੱਤੇ ਜਾ ਚੁੱਕੇ ਹਨ।

ਗੋਇੰਦਵਾਲ ਸਾਹਿਬ ਤਕ ਰੇਲ ਲਿੰਕ

ਰਾਜ ਸਰਕਾਰ ਨੇ ਗੋਇੰਦਵਾਲ ਨਿਊਕਲੀਅਸ ਇੰਡਸਟਰੀਅਲ ਕੰਪਲੈਕਸ ਨੂੰ ਰੇਲ ਰਾਹੀਂ ਜੋੜਨ ਦਾ ਮਸਲਾ ਰੇਲਵੇ ਮੰਤ੍ਰਾਲਾ ਨਾਲ ਉਠਾਇਆ ਸੀ। ਮੈਂ ਮਾਨਯੋਗ ਮੈਂਬਰ ਸਾਹਿਬਾਨ ਨੂੰ ਇਹ ਦੱਸਣ ਵਿਚ ਖੁਸ਼ੀ ਲੈਂਦਾ ਹਾਂ ਕਿ ਇਸ ਰੇਲ ਲਿੰਕ ਦੇ ਟਰੈਫਿਕ ਦੀਆਂ ਸੰਭਾਵਨਾਵਾਂ ਬਾਰੇ ਜਾਇਜ਼ਾ ਉੱਤਰੀ ਰੇਲ ਪ੍ਰਸ਼ਾਸਨ ਦੁਆਰਾ ਲਿਆ ਜਾ ਰਿਹਾ ਹੈ ਅਤੇ ਭਾਰਤ ਸਰਕਾਰ ਨੇ ਰੇਲਵੇ ਨੂੰ ਰਪੌਟ ਤੇਜ਼ੀ ਨਾਲ ਮੁਕੰਮਲ ਕਰਨ ਲਈ ਹਦਾਇਤ ਕੀਤੀ ਹੈ।

ਸੈਰ ਸਪਾਟਾ

ਰਾਜ ਵਿਚ ਯਾਤਰੀ ਵਿਕਾਸ ਪ੍ਰੋਗਰਾਮ ਨੂੰ ਮਜ਼ਬੂਤ ਕਰਨ ਲਈ ਇਕ ਯਾਤਰੀ ਵਿਕਾਸ ਬੋਰਡ ਗਠਿਤ ਕੀਤਾ ਜਾ ਰਿਹਾ ਹੈ। ਸੈਰ ਸਪਾਟਾ ਵਿਭਾਗ ਘੱਟ ਆਮਦਨ ਵਾਲੇ ਟੂਰਿਸਟਾਂ ਲਈ ਜਲੰਧਰ ਵਿਖ 35 ਲੱਖ ਰੁਪਏ ਦੀ ਲਾਗਤ ਨਾਲ ਇਕ ਯਾਤਰੀ ਨਿਵਾਸ ਦੀ ਉਸਾਰੀ ਕਰ ਰਿਹਾ ਹੈ।

ਸਿੱਖਿਆ

ਰਾਸ਼ਟਰੀ ਨੀਤੀ ਅਨੁਸਾਰ, ਰਾਜ ਵਿਚ 1986-87 ਦੇ ਅਕਾਦਮਿਕ ਸੈਸ਼ਨ ਤੋਂ 10+2 ਸਿਖਿਆ ਪ੍ਰਣਾਲੀ ਲਾਗੂ ਕੀਤੀ ਗਈ ਹੈ। ਨਵੀਂ ਪ੍ਰਣਾਲੀ ਦੀ ਕਾਰਜ-ਵਿਧੀ ਵਿਚ 8,142 ਪ੍ਰਾਇਮਰੀ ਅਤੇ ਸੈਕੰਡਰੀ ਅਧਿਆਪਕਾ ਨੂੰ ਸਿਖਲਾਈ ਦਿੱਤੀ ਗਈ ਹੈ।

ਲਾਇਕ ਬੱਚਿਆਂ ਨੂੰ, ਵਿਸ਼ੇਸ਼ ਤੌਰ ਤੇ ਦਿਹਾਤੀ ਇਲਾਕਿਆਂ ਵਿਚ ਰਹਿਣ ਵਾਲੇ ਬੱਚਿਆਂ ਨੂੰ, ਆਪਣੀ ਪ੍ਰਤਿਭਾ ਦਾ ਵਿਕਾਸ ਕਰਨ ਦਾ ਅਵਸਰ ਪ੍ਰਦਾਨ ਕਰਨ ਲਈ, ਭਾਰਤ ਸਰਕਾਰ ਦੀ ਨਵੀਂ ਸਿਖਿਆ ਨੀਤੀ ਅਧੀਨ ਫਰੀਦਕੋਟ ਵਿਚ ਵਹਿੰਗ ਖੇੜਾ, ਲੁਧਿਆਣਾ ਵਿਚ ਬੌਂਦਲੀ ਅਤੇ ਸੰਗਰੂਰ ਵਿਚ ਲੌਂਗੋਵਾਲ ਵਿਖੇ ਤਿੰਨ ਨਵੋਦਿਆ ਵਿਦਿਆਲੇ ਸਥਾਪਤ ਕੀਤੇ ਗਏ ਹਨ।

ਰਾਜ ਵਿਚ ਸਿਖਿਆ ਸਹੂਲਤਾਂ ਵਿਚ ਸੁਧਾਰ ਕਰਨ ਲਈ ਸਰਕਾਰ ਨੇ 300 ਸਕੂਲਾਂ ਨੂੰ ਅਪਗ੍ਰੇਡ ਕੀਤਾ ਹੈ, (ਥੰਪਿੰਗ) ਜਿਨ੍ਹਾਂ ਵਿਚੋਂ 175 ਸਕੂਲਾਂ ਨੂੰ ਮਿਡਲ ਤੋਂ ਹਾਈ ਅਤੇ 125 ਸਕੂਲਾਂ ਨੂੰ ਪ੍ਰਾਇਮਰੀ ਤੋਂ ਮਿਡਲ ਸਕੂਲ ਬਣਾਇਆ ਹੈ। ਇਕ ਅਧਿਆਪਕ ਵਾਲੇ ਸਕੂਲਾਂ ਦਾ ਸੁਧਾਰ ਕਰਨ ਲਈ 2,147 ਸਕੂਲਾਂ ਵਿਚੋਂ 718 ਸਕੂਲਾਂ ਨੂੰ ਦੂਸਰਾ ਅਧਿਆਪਕ ਮੁਹੱਈਆ ਕੀਤਾ ਗਿਆ ਸੀ।

ਸੱਤਵੀਂ ਯੋਜਨਾ ਦੇ ਦੌਰਾਨ ਦੋ ਨਵੇਂ ਡਿਗਰੀ ਕਾਲਜ, ਦੋ ਬੀ.ਐਸ.ਸੀ. ਗ੍ਰਹਿ ਵਿਗਿਆਨ ਕਾਲਜ ਖੋਲ੍ਹਣ ਅਤੇ ਵੱਖ ਵੱਖ ਸਰਕਾਰੀ ਕਾਲਜਾਂ ਵਿਚ 50 ਨਵੇਂ ਕੋਰਸ ਸ਼ੁਰੂ ਕਰਨ ਦੇ ਟੀਚੇ ਦੇ ਮੁਕਾਬਲੇ ਤਿੰਨ ਨਵੇਂ ਡਿਗਰੀ ਕਾਲਜ, ਤਿੰਨ ਬੀ.ਐਸ.ਸੀ. ਗ੍ਰਹਿ ਵਿਗਿਆਨ ਕਾਲਜ ਅਤੇ 33 ਹੋਰ ਨਵੇਂ ਕੋਰਸ ਯੋਜਨਾ ਦੇ ਪਹਿਲੇ ਦੋ ਸਾਲਾਂ ਵਿਚ ਪਹਿਲਾਂ ਹੀ ਸ਼ੁਰੂ ਕੀਤੇ ਜਾ ਚੁਕੇ ਹਨ। ਸਾਲ 1987-88 ਦੇ ਦੌਰਾਨ ਬੀਜਾ (ਲੁਧਿਆਣਾ) ਵਿਖੇ ਇਸਤਰੀਆਂ ਲਈ ਇਕ ਨਵਾਂ ਡਿਗਰੀ ਕਾਲਜ ਅਤੇ ਰਾਜ ਦੇ ਵੱਖ ਵੱਖ ਕਾਲਜਾਂ ਵਿਚ ਛੇ ਨਵੇਂ ਕੋਰਸ ਸ਼ੁਰੂ ਕਰਨ ਦੀ ਤਜਵੀਜ਼ ਹੈ।

ਖੇਡਾਂ

ਆਪਣੇ ਖਿਡਾਰੀਆਂ ਨੂੰ ਕਾਫ਼ੀ ਅਵਸਰ ਅਤੇ ਸਹੂਲਤਾਂ ਮੁਹੱਈਆ ਕਰਕੇ ਉਨ੍ਹਾਂ ਦਾ ਮਿਆਰ ਉੱਚਾ ਕਰਨ ਲਈ ਸਰਕਾਰ ਲਗਾਤਾਰ ਯਤਨਸ਼ੀਲ ਰਹੀ ਹੈ। ਸਾਲ 1986-87 ਦੇ ਦੌਰਾਨ 600 ਕੋਚਿੰਗ ਕੈਂਪ ਲਾਏ ਗਏ ਅਤੇ 325 ਖੇਡ ਮੁਕਾਬਲੇ ਕਰਵਾਏ ਗਏ ਸਨ। ਸਿਓਲ ਵਿਖੇ 10ਵੀਂ ਏਸ਼ੀਆਈ ਖੇਡਾਂ ਵਿਚ ਪੰਜਾਬ ਦੇ 19 ਖਿਡਾਰੀਆਂ ਨੇ ਭਾਗ ਲਿਆ ਸੀ। 12 ਨਵੰਬਰ, 1986 ਨੂੰ ਲੁਧਿਆਣੇ ਵਿਖੇ ਕੀਤੇ ਗਏ ਇਕ ਵਿਸ਼ੇਸ਼ ਸਮਾਗਮ ਵਿਚ ਦੇਸ਼ ਲਈ ਨਾਮਣਾ ਖੱਟਣ ਵਾਲੇ ਖਿਡਾਰੀਆਂ ਨੂੰ ਸਨਮਾਨਿਆਂ ਗਿਆ ਸੀ।

ਵਿਗਿਆਨ ਅਤੇ ਤਕਨਾਲੋਜੀ

ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ ਅਜਿਹੇ ਖੇਤਰਾਂ ਦੀ ਸ਼ਨਾਖਤ ਕਰਨ ਲਈ ਇਕ ਫ਼ੋਕਲ ਏਜੰਸੀ ਹੈ, ਜਿੱਥੇ ਉਪਲੱਬਧ ਅਤੇ ਵਿਕਾਸ ਕਰ ਰਹੇ ਵਿਗਿਆਨਕ ਅਤੇ ਤਕਨਾਲੋਜੀ ਗਿਆਨ ਨੂੰ ਬੜ੍ਹਾਵਾ ਦਿੱਤਾ ਜਾ ਸਕਦਾ ਹੈ ਅਤੇ ਸਮੁੱਚੇ ਤੇ ਖਾਸ ਕਰਕੇ ਦਿਹਾਤੀ ਇਲਾਕਿਆਂ ਦੇ ਵਿਕਾਸ ਲਈ ਵਰਤਿਆ ਜਾ ਸਕਦਾ ਹੈ। ਇਸ ਕੌਂਸਲ ਨੂੰ, ਜੋ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਅਧੀਨ ਕੰਮ ਕਰਦੀ ਹੈ, 19 ਸਤੰਬਰ, 1986 ਤੋਂ ਮੁੜ-ਗਠਿਤ ਕੀਤਾ ਗਿਆ ਹੈ ਅਤੇ ਇਸ ਲਈ ਪ੍ਰਸਿੱਧ ਵਿਗਿਆਨੀਆਂ ਅਤੇ ਮਾਹਿਰਾਂ ਸਮੇਤ 40 ਮੈਂਬਰ ਨਾਮਜ਼ਦ ਕੀਤੇ ਗਏ ਹਨ।

ਰਾਜ ਸਰਕਾਰ ਨੇ ਪੰਜਾਬ ਖੇਤੀ ਉਦਯੋਗ ਨਿਗਮ ਨੂੰ ਨਵਿਆਉਣਯੋਗ ਊਰਜਾ ਪ੍ਰੋਗਰਾਮਾਂ ਲਈ ਕੇਂਦਰੀ ਏਜੰਸੀ ਘੋਸ਼ਿਤ ਕੀਤਾ ਹੈ। ਸਰਕਾਰ ਨੇ ਨਿਗਮ ਨੂੰ ਚਾਲੂ ਸਾਲ ਦੇ ਦੌਰਾਨ 30 ਮੈਗਾਵਾਟ ਵਾਲੇ ਸੋਲਰ ਥਰਮਲ ਪਲਾਂਟ ਲਈ 15.00 ਲੱਖ ਰੁਪਏ ਦਿੱਤੇ ਹਨ। ਸੰਗਠਿਤ ਦਿਹਾਤੀ ਊਰਜਾ ਪਰੋਗਰਾਮ ਨੂੰ ਲਾਗੂ ਕਰਨ ਲਈ ਸਾਲ 1986-87 ਦੇ ਦੌਰਾਨ 17.00 ਲੱਖ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ, ਜਦੋਂ ਕਿ 1987-88 ਦੀ ਸਲਾਨਾ ਯੋਜਨਾ ਵਿਚ 25.00 ਲੱਖ ਰੁਪਏ ਦੀ ਲਾਗਤ ਦਾ ਉਪਬੰਧ ਕੀਤਾ ਗਿਆ ਹੈ।

ਸਰਕਾਰ ਨੇ, ਇੰਜੀਨੀਅਰਿੰਗ ਅਤੇ ਵਿਗਿਆਨ ਦੇ ਗਰੈਜੂਏਟਾਂ ਨੂੰ ਨੌਕਰੀਆਂ ਦੀ ਤਲਾਸ਼ ਕਰਨ ਵਾਲੇ ਬਣਨ ਦੀ ਬਜਾਏ ਨੌਕਰੀਆਂ ਪੈਦਾ ਕਰਨ ਵਾਲੇ ਬਣਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿਖੇ ਇਕ ਵਿਗਿਆਨ ਅਤੇ ਤਕਨਾਲੋਜੀ ਉੱਦਮ-ਕਰਤਾ ਪਾਰਕ ਸਥਾਪਤ ਕਰਨ ਲਈ ਵੀ ਕਦਮ ਚੁਕੇ ਹਨ।

ਲੌਂਗੋਵਾਲ ਵਿਖੇ ਇੰਜੀਨੀਅਰਿੰਗ ਸੰਸਥਾ

ਰਾਜ ਸਰਕਾਰ ਦੀਆਂ ਲਗਾਤਾਰ ਕੋਸ਼ਿਸ਼ਾਂ ਸਦਕਾ ਕੇਂਦਰੀ ਸਰਕਾਰ, ਸੈਂਟਰਲ ਸੈਕਟਰ ਵਿਚ ਲੌਂਗੋਵਾਲ ਵਿਖ ਮਹਾਨ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਯਾਦ ਵਿਚ, ਇੰਡੀਅਨ ਇਨਸਟੀਚਿਊਟਸ ਆਫ਼ ਟੈਕਨਾਲੋਜੀ ਪੱਧਰ ਦੀ 9 ਕਰੋੜ ਰੁਪਏ ਦੀ ਕੁਲ ਲਾਗਤ ਵਾਲੀ ਇਕ ਇਜੀਨੀਅਰਿੰਗ

[ਵਿੱਤ ਮੰਤਰੀ]

ਸੰਸਥਾ ਸਥਾਪਤ ਕਰਨ ਲਈ ਅਤੇ ਸਾਲ 1987-88 ਦੌਰਾਨ ਖਰਚ ਕੀਤੇ ਜਾਣ ਵਾਸਤੇ 4 ਕਰੋੜ ਰੁਪਏ ਦੀ ਰਕਮ ਮੁਹੱਈਆ ਕਰਨ ਲਈ ਸਹਿਮਤ ਹੋ ਗਈ ਹੈ।(ਥੰਪਿੰਗ)

ਸਿਹਤ ਅਤੇ ਪਰਿਵਾਰ ਕਲਿਆਣ

ਸਿਹਤ ਦੇ ਖੇਤਰ ਵਿਚ ਸਾਡਾ ਉਦੇਸ਼ ਦਿਹਾਤੀ ਤੇ ਸ਼ਹਿਰੀ ਖੇਤਰਾਂ ਵਿਚ ਮੌਜੂਦਾ ਡਾਕਟਰੀ ਅਤੇ ਸਿਹਤ ਸੇਵਾਵਾਂ ਵਿਚਲੇ ਅਸੰਤੁਲਨ ਨੂੰ ਖ਼ਤਮ ਕਰਨਾ ਹੈ। 5,000 ਦੀ ਦਿਹਾਤੀ ਆਬਾਦੀ ਲਈ ਇਕ ਉਪ-ਕੇਂਦਰ, 30,000 ਦੀ ਆਬਾਦੀ ਲਈ ਇਕ ਪ੍ਰਾਇਮਰੀ ਸਿਹਤ ਕੇਂਦਰ ਅਤੇ ਲਗਭਗ ਇਕ ਲੱਖ ਵਿਅਕਤੀਆਂ ਨੂੰ ਕਵਰ ਕਰਨ ਵਾਲੇ ਹਰੇਕ ਚਾਰ ਪ੍ਰਾਇਮਰੀ ਸਿਹਤ ਕੇਂਦਰਾਂ ਲਈ ਇਕ ਸਮੂਹਕ ਸਿਹਤ ਕੇਂਦਰ ਮੁਹੱਈਆ ਕਰਨ ਦੀ ਤਜਵੀਜ਼ ਹੈ। ਸੱਤਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਮੌਜੂਦਾ ਸਹਾਇਕ ਸਿਹਤ ਕੇਂਦਰਾਂ ਨੂੰ ਅਪਗਰੇਡ ਕਰਕੇ 320 ਪ੍ਰਾਇਮਰੀ ਸਿਹਤ ਕੇਂਦਰ ਸਥਾਪਤ ਕੀਤੇ ਜਾ ਰਹੇ ਹਨ। ਸਾਲ 1987-88 ਦੇ ਦੌਰਾਨ ਮੌਜੂਦਾ ਸਹਾਇਕ ਸਿਹਤ ਕੇਂਦਰਾਂ ਨੂੰ ਅਪਗਰੇਡ ਕਰਕੇ 40 ਪ੍ਰਾਇਮਰੀ ਸਿਹਤ ਕੇਂਦਰ ਖੋਲ੍ਹੇ ਜਾਣਗੇ, ਜਿਨ੍ਹਾਂ ਲਈ 1987-88 ਦੀ ਸਾਲਾਨਾ ਯੋਜਨਾ ਵਿਚ 1.50 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਸ ਨਾਲ ਰਾਜ ਵਿਚ ਪ੍ਰਾਇਮਰੀ ਸਿਹਤ ਕੇਂਦਰਾਂ ਦੀ ਗਿਣਤੀ 210 ਤੋਂ ਵੱਧ ਕੇ 250 ਹੋ ਜਾਵੇਗੀ।

ਪਰਿਵਾਰ ਭਲਾਈ ਪ੍ਰੋਗਰਾਮ ਦੇ ਨਤੀਜੇ ਵਜੋਂ ਪੰਜਾਬ ਵਿਚ 23.19 ਲੱਖ ਤੋਂ ਵੀ ਵੱਧ ਜਨਮਾਂ ਦੀ ਰੋਕਥਾਮ ਕੀਤੀ ਗਈ ਹੈ।

ਸਾਲ 1986-87 ਦੌਰਾਨ ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਇਕ ਕਾਰਡੀਆਲੋਜੀ ਯੂਨਿਟ, ਇਕ ਇਨਟੈਂਸਿਵ ਕੇਅਰ ਯੂਨਿਟ ਅਤੇ ਇਕ ਨੈਫਰਾਲੋਜੀ ਯੂਨਿਟ ਸਥਾਪਿਤ ਕੀਤਾ ਗਿਆ ਹੈ।

ਸੱਤਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ 50 ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹੀਆਂ ਜਾਣੀਆਂ ਹਨ। ਸਾਲ 1985-86 ਦੇ ਦੌਰਾਨ 10 ਡਿਸਪੈਂਸਰੀਆਂ ਪਹਿਲਾਂ ਹੀ ਖੋਲ੍ਹੀਆਂ ਜਾ ਚੁਕੀਆਂ ਹਨ ਅਤੇ ਚਾਲੂ ਮਾਲੀ ਸਾਲ ਦੇ ਅੰਤ ਤਕ 10 ਹੋਰ ਖੋਲ੍ਹੀਆਂ ਜਾਣਗੀਆਂ। ਸਾਲ 1987-88 ਵਿਚ 10 ਹੋਰ ਨਵੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਟੀਚਾ ਹੈ।

ਸੱਤਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ 75 ਹੋਮਿਉਪੈਥੀ ਡਿਸਪੈਂਸਰੀਆਂ ਖੋਲ੍ਹਣ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ 15 ਡਿਸਪੈਂਸਰੀਆਂ ਚਾਲੂ ਮਾਲੀ ਸਾਲ ਦੇ ਦੌਰਾਨ ਖੋਲ੍ਹੀਆਂ ਜਾਣਗੀਆਂ, ਜਦੋਂ ਕਿ ਸਾਲ 1987-88 ਦੇ ਦੌਰਾਨ 15 ਹੋਰ ਖੋਲ੍ਹੇ ਜਾਣ ਦੀ ਤਜਵੀਜ਼ ਹੈ।

ਮਕਾਨ-ਉਸਾਰੀ ਤੇ ਸ਼ਹਿਰੀ ਵਿਕਾਸ

ਸਰਕਾਰ ਜਨ-ਸਧਾਰਨ ਦਾ ਜੀਵਨ ਮਿਆਰ ਆਮ ਕਰਕੇ ਅਤੇ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਦਾ ਖ਼ਾਸ ਤੌਰ ਤੇ ਸੁਧਾਰਨ ਲਈ ਵਚਨਬੱਧ ਹੈ। ਰਾਜ ਵਿਚ ਕਈ ਮਕਾਨ ਉਸਾਰੀ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਲੁਧਿਆਣਾ ਵਿਖੇ "ਸਾਈਟ ਐਂਡ ਸਰਵਿਸ ਪ੍ਰਾਜੈਕਟ" ਅਧੀਨ 1,400 ਵਿਅਕਤੀਆਂ ਦੇ ਵਸੇਬੇ ਲਈ ਇਕ ਸਕੀਮ ਹੱਥ ਵਿਚ ਲਈ ਗਈ ਹੈ। ਚਾਲੂ ਮਾਲੀ ਸਾਲ ਦੇ ਅੰਤ ਤਕ ਇਨ੍ਹਾਂ ਥਾਵਾਂ ਦੇ ਅਲਾਟ ਕੀਤੇ ਜਾਣ ਲਈ ਤਿਆਰ ਹੋਣ ਦੀ ਆਸ ਹੈ।

ਪੰਜਾਬ ਮਕਾਨ-ਉਸਾਰੀ ਵਿਕਾਸ ਬੋਰਡ ਦੀ ਸੈਲਫ-ਫਾਇਨੈਂਸਿੰਗ ਸਕੀਮ ਅਧੀਨ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਿਖੇ ਮਕਾਨ ਉਸਾਰੇ ਜਾ ਰਹੇ ਹਨ। ਮਕਾਨਾਂ ਦੀ ਕਮੀ ਪੂਰੀ ਕਰਨ ਦੇ ਮੰਤਵ ਨਾਲ ਬਹੁ-ਮੰਜ਼ਲੇ ਮਕਾਨ ਤਾਮੀਰ ਕਰਨ ਲਈ ਹਾਊਸਿੰਗ ਬੋਰਡ, ਹਾਊਸਫੈਡ ਅਤੇ ਦੂਜੇ ਸੰਗਠਨਾਂ ਲਈ ਜ਼ਮੀਨ ਵੀ ਅਲਾਟ ਕੀਤੀ/ਰਾਖਵੀਂ ਰੱਖੀ ਗਈ ਹੈ।

ਮਕਾਨ-ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਕੋਲ ਨਵੀਆਂ ਸ਼ਹਿਰੀ ਮਿਲਖਾਂ ਦੇ ਵਿਕਾਸ ਲਈ ਰਾਜ ਦੀਆਂ ਵੱਖ ਵੱਖ ਥਾਵਾਂ ਤੇ ਲਗਭਗ 7,000 ਏਕੜ ਜ਼ਮੀਨ ਹੈ। ਇਸ ਵਿਚੋਂ ਹੁਣ ਤਕ ਲਗਭਗ 3,600 ਏਕੜ ਜ਼ਮੀਨ ਦੇ ਵਿਕਾਸ ਦਾ ਕੰਮ ਪੂਰਾ ਕਰ ਲਿਆ ਗਿਆ ਹੈ, ਜਿਸ ਵਿਚੋਂ 26,608 ਰਿਹਾਇਸ਼ੀ ਪਲਾਟ ਕੱਟੇ ਗਏ ਹਨ ਅਤੇ ਇਨ੍ਹਾਂ ਵਿੱਚੋਂ 24,347 ਪਲਾਟ ਅਲਾਟ ਕੀਤੇ ਜਾ ਚੁੱਕੇ ਹਨ।

ਵੱਖ ਵੱਖ ਸ਼ਹਿਰੀ ਮਿਲਖਾਂ ਵਿੱਚ ਵਿਕਸਤ ਪਲਾਟਾਂ ਉਪਰ ਮਕਾਨ ਉਸਾਰੀ ਦੇ ਕੰਮ ਨੂੰ ਹੋਰ ਤੇਜ਼ ਕਰਨ ਲਈ ਅਲਾਟੀਆਂ ਨੂੰ ਕਰਜ਼ੇ ਦਿੱਤੇ ਜਾ ਰਹੇ ਹਨ। ਇਸ ਤੋਂ ਇਲਾਵਾ, ਘੱਟ ਆਮਦਨ ਗਰੁੱਪ ਮਕਾਨ ਉਸਾਰੀ ਸਕੀਮ, ਮਿਡਲ ਆਮਦਨ ਗਰੁੱਪ ਮਕਾਨ ਉਸਾਰੀ ਸਕੀਮ ਅਤੇ ਦਿਹਾਤੀ ਪ੍ਰਜੈਕਟ ਮਕਾਨ ਉਸਾਰੀ ਸਕੀਮ ਅਧੀਨ ਜਨਤਾ ਨੂੰ ਆਪਣੇ ਮਕਾਨ ਬਣਾਉਣ/ਮੁਰੰਮਤ ਕਰਨ ਲਈ ਕਰਜ਼ੇ ਦਿੱਤੇ ਜਾ ਰਹੇ ਹਨ। ਇਸ ਮੰਤਵ ਲਈ ਸਾਲ 1986-87 ਦੇ ਦੌਰਾਨ 3.05 ਕਰੋੜ ਰੁਪਏ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਹੈ ਅਤੇ ਏਨੀ ਹੀ ਰਕਮ ਦਾ ਸਾਲ 1987-88 ਦੇ ਬਜਟ ਅਨੁਮਾਨਾਂ ਵਿੱਚ ਵੀ ਉਪਬੰਧ ਕੀਤਾ ਗਿਆ ਹੈ।

31 ਦਸੰਬਰ, 1986 ਤਕ ਸਰਕਾਰੀ ਕਰਮਚਾਰੀਆਂ ਲਈ ਵੱਖ ਵੱਖ ਸਥਾਨਾਂ ਤੇ 3,178 ਮਕਾਨ ਉਸਾਰੇ ਜਾ ਚੁੱਕੇ ਹਨ। ਪੁਲਸ ਅਮਲੇ ਲਈ ਵੀ ਰਾਜ ਵਿੱਚ ਮਕਾਨ ਉਸਾਰੇ ਜਾ ਰਹੇ ਹਨ ਅਤੇ ਇਸ ਮੰਤਵ ਲਈ ਸਾਲ 1987-88 ਦੇ ਬਜਟ ਵਿਚ 2.81 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ

ਪਿਛਲੇ ਸਾਲ ਬਜਟ ਪੇਸ਼ ਕਰਦੇ ਸਮੇਂ ਮੈਂ ਸਦਨ ਨੂੰ ਦੱਸਿਆ ਸੀ ਕਿ ਅਸੀਂ ਅਨੁਸੂਚਿਤ ਜਾਤੀ ਦੇ ਹਰੇਕ ਉਸ ਘਰ ਲਈ, ਜਿਸ ਕੋਲ ਬਿਜਲੀ ਨਹੀਂ ਹੈ, ਬਿਜਲੀ ਦਾ ਇਕ ਪੁਆਇੰਟ ਮੁਹੱਈਆ ਕਰਾਂਗੇ। ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਚਾਲੂ ਸਾਲ ਦੇ ਦੌਰਾਨ ਇਸ ਸਕੀਮ ਅਧੀਨ 30 ਲੱਖ ਰੁਪਏ ਖ਼ਰਚ ਕੀਤੇ ਜਾ ਰਹੇ (ਥੰਪਿੰਗ) ਹਨ ਅਤੇ ਸਾਲ 1986-87 ਦੇ ਦੌਰਾਨ 11,538 ਵਿਅਕਤੀਆਂ ਨੂੰ ਇਸ ਸਕੀਮ ਤੋਂ ਲਾਭ ਪਹੁੰਚੇਗਾ (ਥੰਪਿੰਗ)। ਇਹ ਸਕੀਮ ਉਦੋਂ ਤਕ ਚਲਦੀ ਰਹੇਗੀ ਜਦੋਂ ਤਕ ਅਜਿਹੇ ਹਰੇਕ ਘਰ ਨੂੰ ਬਿਜਲੀ ਦਾ ਇਕ ਪੁਆਇੰਟ ਮੁਹੱਈਆ ਨਹੀਂ ਹੋ ਜਾਂਦਾ। (ਥੰਪਿੰਗ)

ਪਹਿਲੀ ਤੋਂ ਦਸਵੀਂ ਕਲਾਸ ਤਕ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ ਬੱਚਿਆਂ ਨੂੰ ਕਿਤਾਬਾਂ ਅਤੇ ਸਟੇਸ਼ਨਰੀ ਮੁਫ਼ਤ ਦਿੱਤੀਆਂ ਜਾਂ ਰਹੀਆਂ ਹਨ ਅਤੇ ਇਸ ਸਕੀਮ ਉਪਰ 1.30 ਕਰੋੜ ਰੁਪਏ ਦੀ ਰਕਮ ਪਹਿਲਾਂ ਹੀ ਖਰਚ ਹੋ ਚੁੱਕੀ ਹੈ। (ਥੰਪਿੰਗ)

ਅਨੁਸੂਚਿਤ ਜਾਤੀਆਂ ਦੀਆਂ ਧਰਮਸ਼ਾਲਾਵਾਂ ਨੂੰ ਬਰਤਨ ਮੁਹੱਈਆ ਕਰਨ ਦੀ ਸਕੀਮ ਵੀ ਚਾਲੂ ਮਾਲੀ ਸਾਲ ਦੇ ਦੌਰਾਨ ਅਮਲ ਵਿਚ ਲਿਆਂਦੀ ਗਈ ਹੈ ਅਤੇ 2,000 ਰੁਪਏ ਪ੍ਰਤਿ ਧਰਮਸ਼ਾਲਾ ਦੇ ਹਿਸਾਬ ਨਾਲ 750 ਧਰਮਸ਼ਾਲਾਵਾਂ ਨੂੰ ਬਰਤਨ ਮੁਹੱਈਆ ਕੀਤੇ ਜਾ ਰਹੇ ਹਨ। ਇਸ ਮੰਤਵ

[ਵਿੱਤ ਮੰਤਰੀ]

ਲਈ ਸਾਲ 1987-88 ਦੇ ਬਜਟ ਵਿਚ 15.00 ਲੱਖ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ । (ਥੰਪਿੰਗ)

ਜਿਵੇਂ ਕਿ ਵਿਧਾਨ ਸਭਾ ਵਿਚ ਪਹਿਲਾਂ ਹੀ ਐਲਾਨ ਕੀਤਾ ਜਾ ਚੁੱਕਿਆ ਹੈ ਕਿ ਅਨੁਸੂਚਿਤ ਜਾਤੀਆਂ ਦੀ ਧਰਮਸ਼ਾਲਾ ਦੀ ਉਸਾਰੀ ਦੇ ਕੰਮ ਲਈ ਖ਼ਰਚੀ ਜਾ ਰਹੀ ਰਕਮ 10,000 ਰੁਪਏ ਤੋਂ ਵਧਾ ਕੇ 15,000 ਰੁਪਏ ਕਰ ਦਿੱਤੀ ਗਈ ਹੈ। ਇਸ ਸਕੀਮ ਅਧੀਨ ਚਾਲੂ ਮਾਲੀ ਸਾਲ ਦੇ ਦੌਰਾਨ 244 ਨਵੀਆਂ ਧਰਮਸ਼ਾਲਾਵਾਂ ਉਸਾਰੀਆਂ ਜਾ ਚੁੱਕੀਆਂ ਹਨ। 300 ਨਵੀਆਂ ਧਰਮਸ਼ਾਲਾਵਾਂ ਉਸਾਰਨ ਲਈ ਸਾਲ 1987-88 ਦੇ ਬਜਟ ਵਿਚ 45.00 ਲੱਖ ਰੁਪਏ ਦਾ ਉਪਬੰਧ ਕੀਤਾ ਜਾ ਰਿਹਾ ਹੈ । (ਥੰਪਿੰਗ)

ਮਲੀਨ ਧੰਦਾ ਕਰਨ ਵਾਲੇ ਅਤੇ ਵਿਮੁਕਤ ਜਾਤੀਆਂ ਦੇ ਲੋਕਾਂ ਨੂੰ ਮਕਾਨ ਬਨਾਉਣ ਲਈ ਦਿੱਤੀ ਜਾਂਦੀ ਗ੍ਰਾਂਟ ਦੀ ਰਕਮ 2,000 ਰੁਪਏ ਤੋਂ ਵਧਾ ਕੇ 5,000 ਰੁਪਏ ਕਰ ਦਿੱਤੀ ਗਈ ਸੀ, ਜਿਸ ਨਾਲ ਦਸੰਬਰ, 1986 ਤਕ 436 ਵਿਅਕਤੀਆਂ ਨੂੰ ਇਸ ਸਕੀਮ ਤੋਂ ਲਾਭ ਹੋ ਚੁੱਕਿਆ ਹੈ। (ਥੰਪਿੰਗ)

ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਨੇ ਅਨੁਸੂਚਿਤ ਜਾਤੀਆਂ ਨਾਲ ਸਬੰਧ ਰੱਖਣ ਵਾਲੇ 20,000 ਨਾਲੋਂ ਵੀ ਵੱਧ ਪਰਿਵਾਰਾਂ ਨੂੰ ਕਰਜ਼ਿਆਂ ਦੀ ਸ਼ਕਲ ਵਿਚ 12.42 ਕਰੋੜ ਰੁਪਏ ਦੀ ਸਹਾਇਤਾ ਦਿੱਤੀ ਹੈ (ਥੰਪਿੰਗ) ਰਿਜ਼ਰਵੇਸ਼ਨ ਪਾਲਸੀ ਦੇ ਬਾਵਜੂਦ ਅਨੁ-ਸੂਚਿਤ ਜਾਤੀਆਂ ਦੇ ਪੜ੍ਹੇ-ਲਿਖੇ ਯੁਵਕਾਂ ਵਿੱਚ ਬੇਰੋਜ਼ਗਾਰੀ ਵਧ ਰਹੀ ਹੈ। ਇਸ ਦਾ ਕਾਰਣ ਇਹ ਹੈ ਕਿ ਅਨੁਸੂਚਿਤ ਜਾਤੀਆਂ ਦੇ ਵਿਅਕਤੀ ਪੇਸ਼ਾਵਾਰਾਨਾ ਸਿਖਲਾਈ ਆਪਣੇ ਖ਼ਰਚ ਤੇ ਨਹੀਂ ਲੈ ਸਕਦੇ। ਉਨ੍ਹਾਂ ਲਈ ਪੇਸ਼ਾਵਾਰਾਨਾ ਸਿਖਲਾਈ ਦਾ ਪ੍ਰਬੰਧ ਕਰਨ ਅਤੇ ਉਨ੍ਹਾਂ ਨੂੰ ਚੰਗੇਰੀਆਂ ਨੌਕਰੀਆਂ ਦੇ ਯੋਗ ਬਣਾਉਣ ਹਿਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਹਰ ਸਾਲ ਅਨੁਸੂਚਿਤ ਜਾਤੀਆਂ ਦੇ 50 ਵਿਦਿਆਰਥੀਆਂ ਲਈ ਸਟੈਨੋਗ੍ਰਾਫੀ ਵਿੱਚ ਵਜ਼ੀਫੇ ਸਹਿਤ ਇਕ-ਸਾਲਾ ਕਲਾਸਾਂ ਅਰੰਭ ਕਰਨ ਦੀ ਤਜਵੀਜ਼ ਹੈ। (ਥੰਪਿੰਗ)

ਸਮਾਜ ਭਲਾਈ

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਤੋਂ ਇਲਾਵਾ, ਸਰਕਾਰ ਆਰਥਿਕ ਅਤੇ ਸਮਾਜਕ ਤੌਰ ਤੇ ਕਮਜ਼ੋਰ ਸਾਰੇ ਵਰਗਾਂ ਦੀ ਭਲਾਈ ਲਈ ਵੀ ਵਚਨਬੱਧ ਹੈ। ਚਾਲੂ ਸਾਲ ਵਿਚ ਬੁਢਾਪਾ ਪੈਨਸ਼ਨ ਸਕੀਮ, ਵਿਧਵਾ ਅਤੇ ਮੁਥਾਜ ਔਰਤਾਂ ਲਈ ਮਾਲੀ ਸਹਾਇਤਾ ਸਕੀਮ, ਆਸ਼੍ਰਿਤ ਬੱਚਿਆਂ ਲਈ ਮਾਲੀ ਸਹਾਇਤਾ ਸਕੀਮ ਅਤੇ ਨਾਕਾਰਾ ਵਿਅਕਤੀਆਂ ਲਈ ਮਾਲੀ ਸਹਾਇਤਾ ਸਕੀਮ ਅਧੀਨ 1,18,770 ਵਿਅਕਤੀ ਲਾਭ ਉਠਾ ਰਹੇ ਹਨ । ਲਾਭ-ਪਾਤਰਾਂ ਦੀ ਸਹੂਲਤ ਅਤੇ ਪੈਨਸ਼ਨਰਾਂ ਨੂੰ ਸ਼ੀਘਰ ਅਦਾਇਗੀ ਕਰਨ ਲਈ ਪੈਨਸ਼ਨਾਂ ਹੁਣ ਰਾਜ ਵਿਚਲੇ ਰਾਸ਼ਟਰੀਕ੍ਰਿਤ ਬੈਂਕਾਂ ਰਾਹੀ ਦਿੱਤੀਆਂ ਜਾ ਰਹੀਆਂ ਹਨ।

ਇਨ੍ਹਾਂ ਸਕੀਮਾਂ ਨੂੰ ਅਮਲੀ ਰੂਪ ਦੇਣ ਲਈ 1937-88 ਦੇ ਬਜਟ ਅਨੁਮਾਨਾਂ ਵਿਚ 7.38 ਕਰੋੜ ਰੁਪਏ ਦੀ ਰਕਮ ਦਾ ਉਪਬੰਧ ਕੀਤਾ ਗਿਆ ਹੈ।

ਦੰਗਾ ਪੀੜਤ ਔਰਤਾਂ ਲਈ ਖੋਲ੍ਹੇ ਹੋਏ ਪਹਿਲਾਂ ਵਾਲੇ 4 ਸਿਖਲਾਈ ਕੇਂਦਰਾਂ ਨੂੰ ਚਾਲੂ ਮਾਲੀ ਸਾਲ ਦੇ ਦੌਰਾਨ ਉਤਪਾਦਨ ਕੇਂਦਰਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਤਾਂ ਜੋ ਸਿਖਲਾਈ ਉਪਰੰਤ ਇਹ ਔਰਤਾਂ ਆਪਣੇ ਗੁਜ਼ਾਰੇ ਲਈ ਰੋਜ਼ਗਾਰ ਪ੍ਰਾਪਤ ਕਰ ਸਕਣ।

ਮਜ਼ਦੂਰ ਭਲਾਈ

ਕਿਰਤੀਆਂ ਦੀ ਭਲਾਈ ਲਈ ਸਦਾ ਚਾਹਵਾਨ ਹੋਣ ਕਾਰਨ ਰਾਜ ਸਰਕਾਰ 38 ਸਥਾਪਨਾਵਾਂ ਵਿਚ ਲਗੇ ਕਾਮਿਆਂ ਦੀਆਂ ਸਾਰੀਆਂ ਸ਼੍ਰੇਣੀਆਂ ਦੀਆਂ ਨਿਊਨਤਮ ਉਜਰਤਾਂ ਵਿਚ ਸੋਧ ਕਰ ਰਹੀ ਅਤੇ ਇਨ੍ਹਾਂ ਦਰਾਂ ਨੂੰ ਪਹਿਲੀ ਵਾਰ ਹੋਰ 19 ਅਨੁਸੂਚਿਤ ਸਥਾਪਨਾਵਾਂ ਵਿਚ ਵੀ ਨਿਯਤ ਕਰ ਰਹੀ ਹੈ। ਸਰਕਾਰ ਨੇ ਸਨਅੱਤੀ ਕਾਮਿਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਵੀ ਪਰਮ ਅਗੇਤ ਦਿੱਤੀ ਹੈ। ਇਕ ਸਰਸਰੀ ਸਰਵੇਖਣ ਕੀਤਾ ਗਿਆ ਜਿਸ ਤੋਂ 80 ਯੂਨਿਟਾਂ ਕਵਰ ਕਰਦੀਆਂ ਸੱਤ ਕਿਸਮ ਦੀਆਂ ਪੁਰਖਤਰ ਸਨੱਅਤਾਂ ਦਾ ਪਤਾ ਲਗਾਇਆ ਗਿਆ ਹੈ। ਕਾਮਿਆਂ ਨੂੰ ਸੰਭਵ ਖ਼ਤਰਿਆਂ ਤੋਂ ਬਚਾਉਣ ਲਈ ਸੁਰੱਖਿਆ ਉਪਾਵਾਂ ਵਿਚ ਹੋਰ ਵਾਧਾ ਕਰਨ ਲਈ ਅਸਰਦਾਇਕ ਕਦਮ ਚੁੱਕੇ ਜਾ ਰਹੇ ਹਨ।

ਵਪਾਰ ਅਤੇ ਉਦਯੋਗ ਲਈ ਰਿਆਇਤਾਂ

ਸਰਕਾਰ ਨੇ ਆਮਦਨ ਵਿੱਚ ਵਾਧੇ ਦੇ ਨਾਲ ਨਾਲ ਵਪਾਰ ਤੇ ਉਦਯੋਗ ਦੇ ਵਿਕਾਸ ਦੇ ਜੁੜਵੇ ਮੰਤਵਾਂ ਨੂੰ ਮੁੱਖ ਰਖਦੇ ਹੋਏ ਵਿਕਰੀ ਕਰ ਦੇ ਢਾਂਚੇ ਨੂੰ ਰੈਸ਼ਨਲਾਈਜ਼ ਕੀਤਾ ਹੈ। ਸੁੱਕੇ ਮੇਵਿਆਂ ਤੇ ਟੈਕਸ 7 ਫੀ ਸਦੀ ਤੋਂ 3.5 ਫੀ ਸਦੀ, ਟਰੱਕਾਂ ਅਤੇ ਬੱਸਾਂ ਦੀਆਂ ਚੈਸੀਆਂ ਤੇ 10 ਫੀ ਸਦੀ ਤੋਂ 4 ਫੀ ਸਦੀ ਅਤੇ ਫਿਊਲ ਆਦਿ ਨਾਲ ਚੱਲਣ ਵਾਲੀਆਂ ਮੋਟਰ ਗੱਡੀਆਂ ਤੇ 10 ਫੀ ਸਦੀ ਤੋਂ 5 ਫੀ ਸਦੀ ਤਕ ਘਟਾ ਦਿੱਤਾ ਹੈ। ਇਹ ਤਰੀਕੇ ਇਸ ਲਈ ਅਪਣਾਏ ਗਏ ਹਨ ਤਾਂ ਜੋ ਵਪਾਰ ਦੇ ਦੂਜੇ ਰਾਜਾਂ ਵਿਚ ਚਲੇ ਜਾਣ ਤੇ ਰੋਕ ਲਾਈ ਜਾ ਸਕੇ ਅਤੇ ਆਪਣੇ ਰਾਜ ਵਿਚ ਹੀ ਇਨ੍ਹਾਂ ਚੀਜ਼ਾਂ ਦੀ ਵੱਧ ਵਿਕਰੀ ਕੀਤੀ ਜਾਵੇ। ਇਸੇ ਉਦੇਸ਼ ਨੂੰ ਮੁੱਖ ਰੱਖਦਿਆਂ ਸਾਈਕਲ ਉਪਕਰਣਾਂ ਉਤਲਾ ਟੈਕਸ 7 ਫੀ ਸਦੀ ਤੋਂ ਘਟਾ ਕੇ 5 ਫੀ ਸਦੀ ਕਰ ਦਿੱਤਾ ਗਿਆ ਹੈ। ਸਥਾਨਕ ਸਨੱਅਤ ਨੂੰ ਉੱਨਤ ਕਰਨ ਅਤੇ ਮੁਕਾਬਲੇ ਦੇ ਆਧਾਰ ਤੇ ਉੱਚ ਤਕਨੀਕੀ ਯੂਨਿਟਾਂ ਲਗਾਉਣ ਵਾਸਤੇ ਰਾਜ ਵਿਚਲੇ ਨਵੇ ਉਦੱਮਕਰਤਿਆਂ ਨੂੰ ਸਮਰੱਥ ਬਣਾਉਣ ਲਈ ਰਾਜ ਵਿਚ ਨਿਰਮਤ ਵੱਖ ਵੱਖ ਇਲੈਕ-ਟਰਾਨਿਕ ਵਸਤਾਂ ਉਪਰ ਵਿਕਰੀ ਕਰ ਦੀ ਦਰ ਮੌਜੂਦਾ ਸਨੱਅਤ ਦੇ ਸਬੰਧ ਵਿਚ 2 ਫੀ ਸਦੀ ਅਤੇ 11 ਦਸੰਬਰ, 1986 ਤੋਂ ਬਾਅਦ ਲਗਾਈਆਂ ਗਈਆਂ ਯੂਨਿਟਾਂ ਦੇ ਸਬੰਧ ਵਿਚ 1 ਫੀ ਸਦੀ ਕਰ ਦਿੱਤੀ ਗਈ ਹੈ।

ਕਰਮਚਾਰੀਆਂ ਨੂੰ ਲਾਭ

ਰਾਜ ਦੀ ਕਠਿਨ ਵਿੱਤੀ ਸਥਿੱਤੀ ਅਤੇ ਸੀਮਿਤ ਸਾਧਨ ਹੋਣ ਦੇ ਬਾਵਜੂਦ ਵੀ, ਮੌਜੂਦਾ ਸਰਕਾਰ ਆਪਣੇ ਕਰਮਚਾਰੀਆਂ ਦੀ ਭਲਾਈ ਨੂੰ ਯੋਗ ਅਗੇਤ ਦੇ ਰਹੀ ਹੈ। ਆਪਣੇ ਵਾਅਦਿਆਂ ਨੂੰ ਧਿਆਨ ਵਿਚ ਰੱਖਦੇ ਹੋਏ, ਰਾਜ ਸਰਕਾਰ ਨੇ ਪਹਿਲਾਂ ਹੀ ਤੀਜਾ ਪੰਜਾਬ-ਤਨਖਾਹ ਕਮਿਸ਼ਨ ਨਿਯੁਕਤ ਕਰ ਦਿੱਤਾ ਹੈ।

ਕੇਂਦਰੀ ਪੈਟਰਨ ਤੇ ਮਹਿੰਗਾਈ ਭੱਤੇ/ਐਡਹਾਕ ਰੀਲੀਫ ਦੀਆਂ ਪਹਿਲੀ ਜੁਲਾਈ, 1986 ਤਕ ਬਣਦੀਆਂ ਸਾਰੀਆਂ ਕਿਸ਼ਤਾਂ ਰਾਜ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਲਈ ਮਨਜ਼ੂਰ

[ਵਿੱਤ ਮੰਤਰੀ]

ਕਰ ਦਿੱਤੀਆਂ ਗਈਆਂ ਹਨ (ਫੇਪਿੰਗ) ਚਾਲੂ ਸਾਲ ਦੇ ਦੌਰਾਨ ਪਰਵਾਨ ਕੀਤੀਆਂ ਕਿਸ਼ਤਾਂ ਦੇ ਕਾਰਨ ਰਾਜ ਦੀ ਸਾਲਾਨਾ ਵਿੱਤੀ ਦੇਣਦਾਰੀ 20 ਕਰੋੜ ਰੁਪਏ ਤੋਂ ਵੱਧ ਹੋਵੇਗੀ। ਵੱਖ ਵੱਖ ਰੀਟਾਇਰ-ਮੈਂਟ ਲਾਭਾਂ ਦੀ ਫੌਰੀ ਅਦਾਇਗੀ ਕਰਾਉਣ ਸਬੰਧੀ ਸਰਕਾਰ ਦੇ ਨੀਤੀ ਫੈਸਲਿਆਂ ਨੂੰ ਤੁਰਤ ਅਤੇ ਅਸਰਦਾਰ ਢੰਗ ਨਾਲ ਲਾਗੂ ਕਰਨਾ ਯਕੀਨੀ ਬਣਾਉਣ ਅਤੇ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਦੀ ਜਾਂਚ ਕਰਨ ਅਤੇ ਸ਼ਕਾਇਤਾਂ ਦੂਰ ਕਰਨ ਲਈ ਰਾਜ ਸਰਕਾਰ ਨੇ ਪਹਿਲੀ ਅਗਸਤ, 1986 ਤੋਂ ਪੈਨਸ਼ਨ ਅਤੇ ਪੈਨਸ਼ਨਰਾਂ ਦਾ ਭਲਾਈ ਡਾਇਰੈਕਟੋਰੇਟ ਸਥਾਪਤ ਕੀਤਾ ਹੈ।

ਰਾਜ ਸਰਕਾਰ ਨੇ ਰਾਜ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਦੁਆਰਾ ਸਿਫਾਰਿਤ ਕੀਤੇ ਤਨਖਾਹ ਸਕੇਲ ਲੈ ਰਹੇ ਅਧਿਆਪਕ ਅਮਲੇ ਨੂੰ ਪਹਿਲੀ ਜੂਨ, 1983 ਅਤੇ ਪਹਿਲੀ ਮਾਰਚ, 1985 ਤੋਂ ਅੰਤ੍ਰਿਮ ਰੀਲੀਫ ਦੀਆਂ ਦੋ ਕਿਸ਼ਤਾਂ ਦੇ ਦਿੱਤੀਆਂ ਹਨ। ਇਸ ਨਾਲ 31 ਮਾਰਚ, 1986 ਤਕ ਚਾਰ ਕਰੋੜ ਰੁਪਏ ਤੋਂ ਵੱਧ ਦੀ ਵਿੱਤੀ ਦੇਣਦਾਰੀ ਅਤੇ 2.34 ਕਰੋੜ ਰੁਪਏ ਦੀ ਸਲਾਨਾ ਆਵਰਤਕ ਦੇਣਦਾਰੀ ਬਣਦੀ ਹੈ।

ਸੋਧੇ ਅਨੁਮਾਨ 1986-87

ਬਜਟ ਅਨੁਮਾਨ 1986-87 ਅਨੁਸਾਰ, ਸਾਲ 1986-87 ਦੀਆਂ ਪ੍ਰਾਪਤੀਆਂ ਅਤੇ ਖ਼ਰਚ ਸਬੰਧੀ ਲੈਣ ਦੇਣ ਸੰਤੁਲਿਤ ਹੋਣ ਕਰਕੇ, ਇਹ ਸਾਲ ਨਿਲ ਬਾਕੀ ਨਾਲ ਸਮਾਪਤ ਹੋਣ ਦੀ ਆਸ ਸੀ। ਰਾਜ ਵਿਚ ਗੜਬੜੀ ਵਾਲੀਆਂ, ਹਾਲਤਾਂ, ਜਿਨ੍ਹਾਂ ਦਾ ਕਾਨੂੰਨ ਤੇ ਵਿਵਸਥਾ ਬਰਕਰਾਰ ਰੱਖਣ ਲਈ ਵਧੇ ਖ਼ਰਚ ਦੀ ਸ਼ਕਲ ਵਿਚ ਰਾਜ ਸਰਕਾਰ ਦੀ ਮਾਲੀ ਹਾਲਤ ਤੇ ਅਟੱਲ ਅਸਰ ਪਿਆ ਅਤੇ ਮਾਲ ਪ੍ਰਾਪਤੀਆਂ ਵਿਚ ਕਮੀ ਦੇ ਬਾਵਜੂਦ ਵੀ ਸੋਧੇ ਅਨੁਮਾਨਾਂ ਅਨੁਸਾਰ ਵੀ ਇਹ ਸਾਲ ਨਿਲ ਬਾਕੀ ਨਾਲ ਸਮਾਪਤ ਹੋਣ ਦੀ ਆਸ ਹੈ।

ਬਜਟ ਅਨੁਮਾਨ 1987-88

ਸਾਲ 1987-88 ਦੌਰਾਨ ਬਜਟੀ ਲੈਣ-ਦੇਣ ਦੇ ਵੇਰਵੇ ਨਿਮਨ ਅਨੁਸਾਰ ਹਨ :--

		(ਰੁਪਏ ਕਰੋੜਾਂ ਵਿੱਚ)
(i) ਮਾਲ ਲੇਖਾ--		
(ੳ) ਪ੍ਰਾਪਤੀਆਂ	...	1389.84
(ਅ) ਖ਼ਰਚ	...	1351.09
ਵਾਫ਼ਰ (ੳ--ਅ)	...	38.75
(ii) ਪੂੰਜੀਗਤ ਖ਼ਰਚ (ਨਿਰੋਲ)	...	752.51
(iii) ਸਰਕਾਰੀ ਰਿਣ		
(ੳ) ਲਿਆ ਰਿਣ	...	1810.64
(ਅ) ਅਦਾਇਗੀਆਂ	...	1241.13
ਨਿਰੋਲ (ੳ--ਅ)	...	569.51

(iv) ਕਰਜ਼ੇ ਤੇ ਪੇਸ਼ਗੀਆਂ

(ੳ) ਪੇਸ਼ਗੀਆਂ	...	557.00
(ਅ) ਵਸੂਲੀਆਂ	...	71.14
ਨਿਰੋਲ (ੳ--ਅ)	...	485.86
(v) ਅੰਤਰਰਾਜੀ ਭੁਗਤਾਨ ਲੇਖਾ (ਨਿਰੋਲ)	...	--
(vi) ਸਰਕਾਰੀ ਲੇਖਾ (ਨਿਰੋਲ)	...	30.11
(vii) ਲੈਣ-ਦੇਣ ਦਾ ਨਿਰੋਲ ਪ੍ਰਭਾਵ (i ਤੋਂ vi)	...	..

Part B

Mobilisation of Additional Resources

With a view to maintaining the tempo of development already achieved in the last year and a half and enabling the State to regain its prime position at the national level, it is essential to bring about further improvement in the State finances. This obviously is not a problem exclusively for the government alone, but is one which all political parties and all sections of the population of Punjab can help to resolve.

Having regard to the requirement of additional resources for the State Government for meeting the continuing liabilities relating to the provision of relief to, and rehabilitation of, the Punjabi families affected by various agitations, actions and violence within and outside the State and providing assistance, to the educated un-employed persons in general and rural youth in particular, for gainful economic pursuits, it is proposed to adopt the following measures, namely :—

(i) with a view to rationalising and re-structuring Sales Tax for promoting growth of trade and industry, generating additional revenue, curbing evasion and mitigating the hardship and harassment to the tax-payer, it is proposed to undertake comprehensive review of the existing law. For this purpose, a Committee will be set up under the chairmanship of the Financial Commissioner (Taxation) and including the Secretaries in the Departments of Finance, Industries, Planning and Food and Supplies. It will also include traders, industrialists and economists;

(ii) The Government is aware of the direct booking and sales of motor vehicles and consumer durables by the manufacturing compaines with the main objective of avoiding State Sales Tax. This problem has arisen primarily on account of differential rates of Sales Tax in the various States. We have taken up this issue with the Central Government and inter-State forums stressing the need to evolve uniform criteria and principles for levy of Sales Tax,

[Finance Minister]

While we will continue to advocate and canvass for this view-point, we have also decided to set up a Committee of senior officers under the chairmanship of the Financial Commissioner (Taxation) to suggest ways and means for combating this large scale avoidance of Sales Tax. The Finance Secretary, the Secretary Industries and the Secretary, Local Government, Housing and Urban Development will be on this Committee. The Committee will also examine the possibility of imposing State Entry Tax on selected items to curb this tendency;

(iii) As a follow-up to the Fortysixth Amendment to the Constitution of India, it is proposed to amend the Punjab General Sales Tax Act to provide for levy of sales tax on hire-purchase, lease of goods, work contracts etc. This will bring in an additional income of about rupees five crores per annum;

(iv) To simplify, streamline and rationalise the procedure for the collection of passenger tax, with the twin objectives of curbing evasion and mitigating hardship, the Government has decided to accept the recommendations of the High Level system of charging passenger tax in lump sum based on scheduled kilometreage and seating capacity at eighty per cent occupancy (Thumping). This is expected to yield an additional income of about rupees ten crores per annum;

(v) The fees being charged by the Departments of the Government rendering services have generally remained unchanged for long periods, notwithstanding the substantial increase in the cost of these services over those periods.

With a view to offsetting partly the increase in the cost of these services as well as improving the standards of the services rendered particularly by the Departments of Excise and Taxation, Food and Supplies, Revenue and Rehabilitation and Transport, the Government proposes to rationalise and revise the structure of fees. These measures are expected to give an additional income of rupees five crores per annum ; and

(vi) With a view to accelerating the pace of rural development and providing prompt and adequate relief to the farmers on account of damages caused by natural calamities to agricultural crops and produce, it is proposed to levy a fee of one per cent on the sale of agricultural produce in the market on the dealer. The dealer shall be under a statutory obligation to add the amount of fee in the purchase price recoverable by him from the next purchaser of agricultural produce or the goods processed or manufactured out of it. This step will promote comprehensive rural development like construction of rural roads and medical and veterinary dispensaries, provision of water supply, improvement of sanitation, welfare of agricultural labour, augmentation of storage facilities for Committee on Public Transport to introduce a new

agricultural produce, etc. It will also provide prompt relief to the farmers in the eventuality of natural calamities. This measure is likely to rise additional resources of rupees twenty crores which will be spent on services rendered to the farmers.

Concessions to Farmers and Weaker Sections

(a) I have already mentioned that the Government has remitted fifty per cent of the *abiana* in the areas within five hundred metres of the international border, with a view to removing the hardships to the farmers on account of imposition of night curfew. (Thumping)

(b) The Government has decided to waive off recovery of the amount payable on account of sewerage facilities in the case of widows and orphans, who are yellow card holders or victims of terrorism.

(c) To improve entrepreneurial capabilities amongst the mebmers of Scheduled Castes and to bring them into the fold of industrialisation, the Government has decided that they may be given industrial incentive one step higher than those available to the general category in the Industrial Incentives Code.

With these words, Sir, I now present the Budget Esimates for the year 1987-88 and commend them for consideration and approval of this august House. (Thumping)

Mr. Speaker : The House stands adjourned till 2.00 P.M. on Tuesday, the 24th March, 1987.

*

*10.53 A.M. | (*The Sabha then adjourned till* 2.00 *P.M. on Tuesday, the* 24*th March*, 1987.)

26193 PVS—Govt. Press, U.T., Chd.

Published under the authority of the Punjab Vidhan Sabha and printed by the Controller, Printing and Stationery Deptt. (U.T.) Chd.

9

Punjab Vidhan Sabha Debates

24th March, 1987

Vol. V—No. 9

OFFICIAL REPORT

CONTENTS

Tuesday, the 24th March, 1987

Punjab Vidhan Sabha Secretariat, Chandigarh.

Price : Rs. : 51-50

ERRATA

To

PUNJAB VIDHAN SABHA DEBATES

Vol. V, No. 9, dated 24th March, 1987

Read	*For*	*Page*	*Line*
District	Distridct	(9)5	9
ਕੋਸ	ਕੋ ਹ	(9)15	5
ਵਿਚਾਰੇ	ਵਿਚਾਰ	(9)27	9th from below
ਰੱਖਿਆ ਗਿਆ	ਖਿਆ ਰੱਗਿਆ	(9)29	5th from below
ਕਾਲਜਿਜ਼	ਕਾਲਸਿਜ਼	(9)30	5
ਆਪਾਂ	ਆਧਾਂ	(9)33	4th from below
ਮਨਿਸਟਰ	ਮਨਿਸਰ	(9)41	17
ਇਨ	ਨਇ	(9)45	10th from below
ਏ	ਨੇ	(9)59	7th from below
ਇੰਡਸਟਰੀ	ਇੰਡਸਰੀ	(9)69	2nd from below

PUNJAB VIDHAN SABHA

Tuesday, the 24th March, 1987

The Vidhan Sabha met in the Punjab Vidhan Sabha Hall, Vidhan Bhavan, Chandigarh, at 2.00 P.M. of the Clock. Mr. Speaker (Sardar Surjit Singh Minhas) in the Chair.

Mr. Speaker : The House will first take up the list of the Postponed Starred Questions for the 24th March, 1987. Thereafter, the list of Starred Questions for the 17th March, 1987 will be taken up .

POSTPONED STARRED QUESTIONS AND ANSWERS

Bridge over Basu Choe

*669. **Shri Ram Kishan Kataria** : Will the Minister of State for Public Works be pleased to state whether there is any proposal under the consideration of the Government to construct a bridge over Basu Choe near village Pojewal on Garhshankar-Anandpur Sahib road in District Hoshiarpur; if so, the approximate time by which the said bridge is likely to be constructed ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਗੜ੍ਹਸ਼ੰਕਰ-ਆਨੰਦਪੁਰ ਸਾਹਿਬ ਸੜਕ ਨੂੰ 12 ਫੁਟ ਤੋਂ 18 ਫੁਟ ਚੌੜਾ ਕਰਨ ਦਾ ਕੰਮ ਚਲ ਰਿਹਾ ਹੈ। 16.5 ਲੱਖ ਰੁਪਏ ਦੀ ਲਾਗਤ ਨਾਲ ਇਸ ਸੜਕ ਤੇ ਖਾਨਪੁਰ ਖੱਡ ਤੇ ਪੁਲ ਇਸ ਸਾਲ ਮੁਕੰਮਲ ਹੋ ਗਿਆ ਹੈ। ਬਾਸੂ ਖੱਡ ਤੋਂ ਇਲਾਵਾ ਇਸ ਸੜਕ ਤੇ ਤਿੰਨ ਹੋਰ ਖੱਡਾਂ ਆਉਂਦੀਆਂ ਹਨ। ਧਨ ਦੀ ਘਾਟ ਕਰਕੇ ਪਿੰਡ ਪੋਜੇਵਾਲ ਦੇ ਨੇੜੇ ਬਾਸੂ ਖੱਡਾਂ ਤੇ ਪੁਲ ਬਨਾਉਣ ਦੀ ਕੋਈ ਤਜਵੀਜ਼ ਨਹੀਂ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਸਤਿਲੁਜ ਦਰਿਆ ਦੇ ਉਤੇ ਰੀਸੈਂਟਲੀ ਬਹੁਤ ਵੱਡਾ ਪੁਲ ਬਣਿਆ ਹੈ। ਅਨੰਦਪੁਰ ਸਾਹਿਬ ਜਾਣ ਵਾਸਤੇ 6-7 ਜਿਲ੍ਹਿਆਂ ਵਿਚੋਂ ਦੀ ਲੰਘ ਕੇ ਗੜ੍ਹਸ਼ੰਕਰ-ਆਨੰਦਪੁਰ ਸਾਹਿਬ ਸੜਕ ਤੇ ਜਾਈਦਾ ਹੈ। ਉਥੇ ਕੋਈ ਸਾਧਨ ਨਹੀਂ। ਜੇ ਉਥੇ ਪੁਲ ਬਣ ਨਹੀਂ ਸਕਦਾ ਤਾਂ ਕੀ ਰੈਂਪ ਵਗੈਰਾ ਮਨਿਸਟਰ ਸਾਹਿਬ ਬਣਾਉਣਗੇ ? ਇਸ ਬਾਰੇ ਮਨਿਸਟਰ ਸਾਹਿਬ ਨੇ ਇਨਵੈਸਟੀਗੇਸ਼ਨ ਕਰਾਈ ਹੋਵੇਗੀ। ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਅੰਮ੍ਰਿਤਸਰ, ਕਪੂਰਥਲਾ ਆਦਿ 6 ਜ਼ਿਲ੍ਹਿਆਂ ਵਿਚੋਂ ਦੀ ਆਕੇ ਗੜ੍ਹਸ਼ੰਕਰ ਵਿਚ ਆ ਕੇ ਟ੍ਰੈਫਿਕ ਰੁਕ ਜਾਂਦੀ ਹੈ। ਕੀ ਮੰਤਰੀ ਜੀ ਇਸ ਨੂੰ ਪਹਿਲ ਦੇ ਕੇ ਪੁਲ ਬਣਾਉਣ ਦਾ ਉਪਰਾਲਾ ਕਰਨਗੇ?

ਰਾਜ ਮੰਤਰੀ: ਸਪੀਕਰ ਸਾਹਿਬ, ਹਾਂ ਜੀ, ਜੇਕਰ ਧਨ ਦੀ ਪਰਾਪਤੀ ਹੋਈ ਤਾਂ ਜ਼ਰੂਰ ਪੁਲ ਬਣਾ ਦਿੱਤਾ ਜਾਵੇਗਾ ਔਰ ਇਸ ਚੀਜ਼ ਦੀ ਪੜਤਾਲ ਕਰ ਲਵਾਂਗੇ ਕਿ ਇਸ ਤੇ ਘੱਟ ਖਰਚ ਆ ਸਕਦਾ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਕੋਲੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਸੈਂਟਰਲ ਗੌਰਮਿੰਟ ਵਲੋਂ ਕੋਈ ਸਪੈਸ਼ਲ ਮਨਜ਼ੂਰੀ ਲਿਆਉਣ ਵਾਸਤੇ ਕੋਈ ਤਰਮੀਮ ਜਾਂ ਸੁਝਾਓ ਆਇਆ ਹੈ ਜਿਹੜਾ ਕਿ ਸਾਰੀਆਂ ਰੋਡਜ਼ ਬਣਾਉਣ ਵਾਸਤੇ ਉਹ ਯਤਨ ਕਰਨਗੇ ਅਤੇ ਕੀ ਸੈਂਟਰ ਇਸ ਵਾਸਤੇ ਹਿੱਸਾ ਦੇਣ ਲਈ ਤਿਆਰ ਹੈ? ਕੀ ਸੈਂਟਰਲ ਸਰਕਾਰ ਵਲੋਂ ਐਸਾ ਸੁਝਾਓ ਆਇਆ ਹੈ?

ਰਾਜ ਮੰਤਰੀ : ਨਹੀਂ ਜੀ।

ਸ੍ਰੀ ਸਪੀਕਰ : ਨੈਕਸਟ ਪੋਸਟਪੋਂਡ ਕੁਐਸਚਨ ਨੰ: 671.

Condition on Rattewal to Thopia Etc. Road

*671. **Shri Ram Kishan Kataria** : Will the Minister of State for Public Works be pleased to state—

(a) whether it is a fact that the roads from Rattewal to Thopia and Bhaddi to Singhpur in District Hoshiarpur are in dilapidated condition ;

(b) the dates on which the said roads were repaired last and the amount spent thereon ;

(c) the time by which the said roads are likely to be repaired now ?

Sardar Rajinder Singh Dhaliwal : The condition of the above two village roads is not good. Funds for their repair are to be provided by the concerned Market Committee or Punjab State Agricultural Marketing Board. Rs. 66,000 was deposited for the repair of Rattewal-Thopia road against the estimated requirement of Rs. 5.5 lacs. The required repairs of the road could not be, therefore, undertaken as the amount deposited was too meagre. For the second road, the estimate for repair has been prepared but the same has neither been approved nor any funds deposited. As such no date for the completion of works can be indicated.

ਸ੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਇਸ ਸੜਕ ਦਾ ਜੋ ਮੈਂ ਜ਼ਿਕਰ ਕੀਤਾ ਹੈ, ਇਸ ਦੀ ਰਿਪੇਅਰ ਵਾਸਤੇ 66,000 ਰੁਪਿਆ ਤਕਰੀਬਨ 3-4 ਸਾਲ ਪਹਿਲਾਂ ਜਮ੍ਹਾਂ ਕਰਵਾਇਆ ਗਿਆ ਸੀ। ਕਿਉਂਕਿ ਇਸ ਤੇ ਕੋਈ ਕੰਮ ਨਹੀਂ ਕੀਤਾ ਗਿਆ, ਇਸ ਲਈ ਇਸਦਾ ਐਸਟੀਮੇਟ ਵੱਧ ਕੇ ਬਹੁਤ ਜ਼ਿਆਦਾ ਹੋ ਗਿਆ ਹੈ। ਮੈਂ ਦਸੰਬਰ ਵਿੱਚ ਵੀ ਇਸ ਦੀ ਰਿਪੇਅਰ ਦੇ ਬਾਰੇ ਵਿੱਚ ਕੁਐਸਚਨ ਕੀਤਾ ਸੀ, ਮੈਨੂੰ ਜਵਾਬ ਇਹ ਮਿਲਿਆ ਸੀ ਕਿ ਰਿਪੇਅਰ ਹੋ ਚੁੱਕੀ ਹੈ। ਇਹ ਮੇਰੇ ਸਵਾਲ ਦੇ ਜਵਾਬ ਵਿੱਚ ਸੀ। ਹੁਣ ਇਹ ਕਹਿੰਦੇ ਹਨ ਕਿ 66,000 ਰੁਪਿਆ ਪਿਆ ਹੈ ਅਤੇ ਹੋਰ 5.5 ਲੱਖ ਰੁਪਏ ਦੀ ਲੋੜ ਹੈ। ਸਪੀਕਰ ਸਾਹਿਬ, ਬਲਾਚੌਰ ਦੀ ਮਾਰਕੀਟ ਕਮੇਟੀ ਨੂੰ ਕੋਈ ਆਮਦਨ ਨਹੀਂ ਹੈ। ਮੈਂਬਰ ਇਸ ਬਾਰੇ ਕੀ ਜਵਾਬ ਦੇਣ ਜਦੋਂ ਮੰਤਰੀ ਜੀ ਵਲੋਂ ਜਵਾਬ ਆ ਜਾਂਦਾ ਹੈ ਕਿ ਪੈਸੇ ਨਹੀਂ ਹਨ ਅਤੇ ਪੈਸੇ ਦੀ ਲੋੜ ਹੈ। ਮੁੱਖ ਮੰਤਰੀ ਜੀ ਹੀ ਇਸ ਵਿੱਚ ਇੰਟਰਵੀਨ ਕਰ ਸਕਦੇ ਹਨ। ਹਰ ਸਵਾਲ ਦੇ ਜਵਾਬ ਵਿੱਚ ਆਉਂਦਾ ਹੈ ਕਿ ਧਨ ਦੀ ਲੋੜ ਹੈ। ਧਨ ਕੌਣ ਦੇਵੇਗਾ। ਮੈਂਬਰ ਤਾਂ ਦੇ ਨਹੀਂ ਸਕਦੇ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਹੈ ਕਿ ਸਾਡਾ ਇਹ ਮਸਲਾ ਬਹੁਤ ਭਾਰੀ ਹੈ। ਮਾਰਕੀਟ ਕਮੇਟੀਆਂ ਨੂੰ ਕੋਈ ਆਮਦਨ ਨਹੀਂ ਹੈ। 7 ਸਾਲਾਂ ਤੋਂ ਨਾ ਕੋਈ ਰਿਪੇਅਰ ਹੋ ਰਹੀ ਹੈ ਅਤੇ ਨਾ ਕੋਈ ਸੜਕ ਬਣ ਰਹੀ ਹੈ। ਕੀ ਇਸ ਦੇ ਜਵਾਬ ਵਿੱਚ ਸਾਨੂੰ ਮੰਤਰੀ ਜੀ ਕੋਈ ਹੱਲ ਲੱਭ ਕੇ ਦੇਣਗੇ ?

ਸ੍ਰੀ ਸਪੀਕਰ : ਕਟਾਰੀਆ ਸਾਹਿਬ, ਤੁਸੀਂ ਹੁਣ ਤਸ਼ਰੀਫ ਰਖੋ। ਧਾਲੀਵਾਲ ਸਾਹਿਬ।

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਦੇ ਬਾਰੇ ਵਿੱਚ ਬੇਨਤੀ ਕੀਤੀ ਸੀ ਕਿ ਵਿਚਾਰ ਕਰ ਰਹੇ ਹਾਂ ਕਿ ਫੰਡਜ਼ ਪ੍ਰੋਵਾਈਡ ਕਰ ਸਕੀਏ। ਜੇ ਪ੍ਰੋਵਾਈਡ ਕਰ ਸਕੇ ਤਾਂ ਜ਼ਰੂਰ ਪਾਵਾਂਗੇ ਡਿਪਾਰਟਮੈਂਟ ਵਲੋਂ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਬੇਨਤੀ ਕੀਤੀ ਸੀ ਕਿ ਇਸ ਦੇ ਜਵਾਬ ਵਿੱਚ ਜਿਹੜਾ ਪਹਿਲਾਂ ਜਵਾਬ ਮਿਲਿਆ ਹੈ, ਕੀ ਮੰਤਰੀ ਜੀ ਉਸ ਦੇ ਬਾਰੇ ਇਨਕੁਆਇਰੀ ਕਰਾਉਣਗੇ? ਦਸੰਬਰ ਵਿੱਚ ਮੈਨੂੰ ਇਸਦਾ ਜਵਾਬ ਦਿੱਤਾ ਗਿਆ ਹੈ ਕਿ ਇਸ ਸੜਕ ਦੀ ਰਿਪੇਅਰ ਹੋ ਚੁੱਕੀ ਹੈ ਜਦ ਕਿ ਸੜਕ ਸਾਰੀ ਟੁੱਟੀ ਪਈ ਹੈ। ਉਸ ਤੋਂ ਤਾਂ ਕੱਚੀ ਰੋਡ ਜ਼ਿਆਦਾ ਅੱਛੀ ਹੈ। ਇਸ ਤੇ ਤਾਂ ਸਾਈਕਲ ਵਾਲਾ ਵੀ ਨਹੀਂ ਜਾ ਸਕਦਾ। ਕੀ ਮੰਤਰੀ ਜੀ ਇਸ ਗੱਲ ਨੂੰ ਦੋਬਾਰਾ ਚੈਕ ਕਰ ਲੈਣਗੇ ਕਿ ਇਹ ਸੜਕ ਬਣ ਗਈ ਹੈ ਜਾਂ ਇਨ੍ਹਾਂ ਨੂੰ ਕੋਈ ਮੁਗਾਲਤਾ ਤਾਂ ਨਹੀਂ ਲੱਗਾ?

ਰਾਜ ਮੰਤਰੀ: ਇਸ ਬਾਰੇ ਜ਼ਰੂਰ ਪੜਤਾਲ ਕਰਾਂਗੇ। ਕੋਈ ਇਸ ਤਰ੍ਹਾਂ ਦੀ ਗੱਲ ਹੋਈ ਤਾਂ ਪੜਤਾਲ ਕਰਾ ਕੇ ਜ਼ਰੂਰ ਐਕਸ਼ਨ ਲਵਾਂਗੇ।

STARRED QUESTIONS AND ANSWERS

Amending of East Punjab Rent Restriction Act, 1949

*636. **Shri Harnam Dass Johar** : Will the Minister of State for Local Government be pleased to state whether the Government proposes to amend the East Punjab Rent Restriction Act, 1949; if so, the time by which it is likely to be done?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : ਹਾਂ ਜੀ। ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ। ਇਸ ਮਾਮਲੇ ਨੂੰ ਜਿੰਨੀ ਜਲਦੀ ਸੰਭਵ ਹੋਇਆ ਨਜਿਠਿਆ ਜਾਵੇਗਾ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਬੜੇ ਅਫ਼ਸੋਸ ਦੀ ਗੱਲ ਹੈ ਕਿ ਕਈ ਸਾਲ ਹੋਏ ਜਦ ਕਿ ਕਾਂਗਰਸ ਸਰਕਾਰ ਵਲੋਂ ਕਮੇਟੀ ਬਣੀ ਸੀ ਅਤੇ ਰਿਕੁਮੈਂਡੇਸ਼ਨਜ਼ ਵੀ ਦਿੱਤੀਆਂ ਗਈਆਂ ਸਨ ਕਿ ਕਿਰਾਇਆ ਕਾਨੂੰਨ ਵਿੱਚ ਤਰਮੀਮ ਕੀਤੀ ਜਾਵੇ ਤਾਂ ਜੋ ਬੇਦਖਲੀਆਂ ਰੋਕੀਆਂ ਜਾ ਸਕਣ ਕਿਉਂਕਿ ਗਰੀਬ ਕਿਰਾਏਦਾਰਾਂ ਦੇ ਸਿਰ ਤੇ ਹਰ ਵੇਲੇ ਬੇਦਖਲੀ ਦੀ ਤਲਵਾਰ ਲਟਕਦੀ ਰਹਿੰਦੀ ਹੈ। ਮੈਂ ਪਿਛਲੇ ਬਜਟ ਸੈਸ਼ਨ ਵਿੱਚ ਵੀ ਸਵਾਲ ਕੀਤਾ ਸੀ ਅਤੇ ਮੁੱਖ-ਮੰਤਰੀ ਸਾਹਿਬ ਨੇ ਜਵਾਬ ਦਿੱਤਾ ਸੀ ਕਿ ਜਲਦੀ ਤੋਂ ਜਲਦੀ ਤਰਮੀਮ ਲਿਆਵਾਂਗੇ। ਇਕ ਤਰਮੀਮ ਲਿਆਂਦੀ ਅਤੇ ਮੈਂ ਬੜਾ ਖੁਸ਼ ਸੀ ਕਿਉਂਕਿ ਐਕਸ-ਸਰਵਿਸਮੈਨ ਨੂੰ ਇਨ੍ਹਾਂ ਨੇ ਇਸ ਵਿੱਚ ਕੋਈ ਫਾਇਦਾ ਪਹੁੰਚਾਇਆ ਸੀ। ਹੁਣ ਮੇਰੀ ਪ੍ਰਾਰਥਨਾ ਹੈ ਕਿ ਇਹ ਕੋਈ ਟਾਈਮ ਲਿਮਿਟ ਫਿਕਸ ਕਰਨ ਕਿ ਕਦੋਂ ਤੱਕ ਇਸ ਵਿੱਚ ਤਰਮੀਮ ਕੀਤੀ ਜਾਵੇਗੀ ਅਤੇ ਦੱਸਣ ਕਿ ਕਦੋਂ ਤੱਕ ਇਸ ਵਿੱਚ ਤਰਮੀਮ ਹੋ ਜਾਵੇਗੀ?

ਸ੍ਰੀ ਸਪੀਕਰ : ਤੁਸੀਂ ਕੁਝ ਸੁਜੈਸਟ ਨਹੀਂ ਕੀਤਾ ਕਿ ਕੀ ਤਰਮੀਮ ਚਾਹੁੰਦੇ ਹੋ। ਲਾਸਟ ਈਅਰ ਫੌਜੀਆਂ ਲਈ ਅਮੈਂਡਮੈਂਟ ਹੋਈ ਹੈ ਔਰ ਉਹ ਬਹੁਤ ਅੱਛੀ ਅਮੈਂਡਮੈਂਟ ਸੀ। ਤੁਸੀਂ ਵੀ ਜਾਣਦੇ ਹੋ ਔਰ ਮੈਂ ਵੀ ਜਾਣਦਾ ਹਾਂ। ਇਸ ਵਿਚ ਕੋਈ ਸੁਜੈਸ਼ਨ ਨਹੀਂ ਹੈ ਕਿ ਤੁਸੀਂ ਕੀ ਚਾਹੁੰਦੇ ਹੋ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਬੇਘਰਿਆਂ ਨੂੰ, ਜਿਹੜੇ ਕਰਾਏਦਾਰ ਮਕਾਨਾਂ ਵਿਚ ਰਹਿੰਦੇ ਹਨ ਜਾਂ ਦੁਕਾਨਾਂ ਵਿਚ ਰਹਿੰਦੇ ਹਨ, ਜਦੋਂ ਉਹ ਮਰ ਜਾਂਦੇ ਹਨ ਤਾਂ ਉਨ੍ਹਾਂ ਦੇ ਯਤੀਮ ਬੱਚੇ ਗਲੀਆਂ ਵਿਚ ਸਿੱਟੇ ਜਾਂਦੇ ਹਨ, ਉਨ੍ਹਾਂ ਦਾ ਕਰਾਏਨਾਮਾ ਉਨ੍ਹਾਂ ਦੇ ਬੱਚਿਆਂ ਦੇ ਨਾਂ ਤਬਦੀਲ ਹੋ ਜਾਣਾ ਚਾਹੀਦਾ ਹੈ। ਇਹ ਸਭ ਤੋਂ ਵੱਡੀ ਤਕਲੀਫ ਹੈ। ਕੀ ਇਸ ਪ੍ਰਤੀ ਸਰਕਾਰ ਵਿਚਾਰ ਕਰਕੇ ਕੋਈ ਤਰਮੀਮ ਲਿਆਏਗੀ ਤਾਂ ਕਿ ਜਿਏੜੀਆਂ ਵਿਡੋਜ਼ ਹਨ ਉਨ੍ਹਾਂ ਦੇ ਖਾਵੰਦ ਦੀ ਮੌਤ ਉਪਰੰਤ ਇਨ੍ਹਾਂ ਵਿਡੋਜ਼ ਨੂੰ ਹੀ ਕਰਾਏਦਾਰ ਸਮਝਿਆ ਜਾਏ?

ਸ੍ਰੀ ਸਪੀਕਰ : ਇੰਟਰੱਪਸ਼ਨ ਲਈ ਮੁਆਫ ਕਰਨਾ, ਇਸ ਦਾ ਲੀਗਲ ਆਸਪੈਕਟ ਇਹੀ ਹੈ ਕਿ ਉਹ ਕਿਰਾਏਦਾਰ ਸਮਝਿਆ ਜਾਂਦਾ ਹੈ।

Shri Harnam Dass Johar, Advocate : Actually there is nothing given in the Act, Sir. So we request the Government through you that they should bring some amendment. ਇਹ ਅਨਾਮਲੀ ਦੂਰ ਹੋਣੀ ਚਾਹੀਦੀ ਹੈ।

ਰਾਜ ਮੰਤਰੀ : ਇਹ ਲਾਅ ਡਿਪਾਰਟਮੈਂਟ ਕੋਲ ਗਿਆ ਹੋਇਆ ਹੈ ਔਰ ਜਿਸ ਵੇਲੇ ਉਥੋਂ ਕਲੀਅਰ ਹੋ ਕੇ ਆ ਗਿਆ ਔਰ ਜੋ ਮੁਨਾਸਿਬ ਹੋਇਆ ਐਕਸ਼ਨ ਲਵਾਂਗੇ। ਜੋ ਵਿਡੋਜ਼ ਔਰ ਨਾਬਾਲਗ ਬੱਚਿਆਂ ਬਾਰੇ ਕਿਹਾ ਗਿਆ ਹੈ, ਇਹ ਹੋ ਚੁੱਕਾ ਹੈ।

ਸ੍ਰੀ ਹੰਸ ਰਾਜ ਆਰੀਆ : ਸਪੀਕਰ ਸਾਹਿਬ, ਮਿਉਂਸਪਲ ਕਮੇਟੀ ਦੀ ਜਿੰਨੀ ਪ੍ਰਾਪਰਟੀ ਸ਼ਹਿਰਾਂ ਵਿਚ ਹੈ ਉਸ ਲਈ ਕਿਰਾਏਦਾਰ ਔਰ ਮਿਉਂਸਪਲ ਕਮੇਟੀ ਦਰਮਿਆਨ ਐਗਰੀਮੈਂਟ ਤਿੰਨ ਸਾਲ ਲਈ ਹੁੰਦਾ ਹੈ ਲੇਕਿਨ ਸਰਕਾਰ ਨੇ ਹਰ ਸਾਲ 20 ਪ੍ਰਤੀਸ਼ਤ ਵਧਾਉਣ ਦਾ ਫੈਸਲਾ ਕਰ ਲਿਆ ਹੈ। ਹਰ ਕਿਰਾਏਦਾਰ ਤੇ ਬਹੁਤ ਬੋਝ ਹੈ। ਕੀ ਐਗਰੀਮੈਂਟ ਤਿੰਨ ਸਾਲਾਂ ਲਈ ਹੋਣ ਤੋਂ ਬਾਅਦ ਇਹ ਹਰ ਸਾਲ ਵਧਾਉਣਾ ਜ਼ਰੂਰੀ ਹੈ?

ਸ੍ਰੀ ਸਪੀਕਰ : ਜੋ ਸਵਾਲ ਜੌਹਰ ਸਾਹਿਬ ਨੇ ਕੀਤਾ ਹੈ, ਉਸ ਨਾਲ ਇਸ ਦਾ ਕੋਈ ਤੁਅੱਲਕ ਨਹੀਂ ਹੈ। ਇਹ ਕਾਰਪੋਰੇਸ਼ਨ ਥੱਲੇ ਆਉਂਦਾ ਹੈ। ਸੈਪਰੇਟ ਸਪੈਸੇਫਿਕ ਸਵਾਲ ਕਰ ਲਓ (ਵਿਘਨ) ਇਹ ਕੁਐਸਚਨ ਇਸ ਨਾਲ ਰਿਲੇਟ ਨਹੀਂ ਕਰਦਾ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਜਿਹੜਾ ਪੁਰਾਣਾ ਰੈਂਟ ਐਕਟ ਹੈ ਇਹ ਪੇਚੀਦਾ ਹੋਣ ਕਰਕੇ ਕਿਸੇ ਬਹਾਨੇ, ਝੂਠੇ ਬਹਾਨੇ ਨਾਲ ਕਰਾਏਦਾਰ ਤੇ ਕੇਸਿਜ਼ ਕਰ ਦਿੱਤੇ ਜਾਂਦੇ ਹਨ (ਵਿਘਨ) ਫਿਰ ਉਸ ਤੋਂ ਖਾਲੀ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਸ ਨਾਲ ਮੁਕੱਦਮੇਬਾਜ਼ੀ ਵੀ ਹੁੰਦੀ ਹੈ। ਕੀ ਕੋਈ ਐਗਜ਼ਾਸਟਿਵ ਐਕਟ ਬਣਾਉਣਗੇ ਜੋ ਕਿ ਕਿਰਾਏਦਾਰ ਦੀ ਮੱਦਦ ਕਰੇ ?

ਰਾਜ ਮੰਤਰੀ : ਇਸ ਸਬੰਧੀ ਨੋਟਿਸ ਦੇ ਦੇਣ। ਇਹ ਇਸ ਬਾਰੇ ਲਿਖ ਕੇ ਦੇ ਦੇਣ। ਕਿਰਾਏਦਾਰਾਂ ਬਾਰੇ ਅਸੀਂ ਤਿੰਨ ਸਾਲ ਦਾ ਸਮਾਂ ਰਖਿਆ ਹੈ। ਇਸ ਤੋਂ ਬਾਅਦ 20 ਪ੍ਰਤੀਸ਼ਤ ਵਧਾਉਂਦੇ ਹਾਂ। ਬਾਕੀ ਜੇ ਮੈਂਬਰ ਸਾਹਿਬ ਹੋਰ ਕੁਝ ਚਾਹੁੰਦੇ ਹਨ ਤਾਂ ਇਹ ਲਿਖ ਕੇ ਭੇਜ ਦੇਣ।

ਸਰਦਾਰ ਕਰਨੈਲ ਸਿੰਘ ਡੋਡ : ਇਹ ਕਿਰਾਇਆ ਕਾਨੂੰਨ ਬੜਾ ਬੋਸੀਦਾ ਔਰ ਓਲਡ ਹੈ ਔਰ 40 ਸਾਲ ਪੁਰਾਣਾ ਹੈ ਕਿ ਕਿਰਾਇਆ ਵਧਾਇਆ ਨਹੀਂ ਜਾ ਸਕਦਾ ਜਦ ਕਿ ਗੁਆਂਢੀ ਪਰਾਪਰਟੀ ਦੇ ਮਾਲਕ ਰੈਂਟ ਬਹੁਤ ਜ਼ਿਆਦਾ ਲੈ ਰਹੇ ਹੁੰਦੇ ਹਨ। ਦਸ ਗੁਣਾ ਕਾਨੂੰਨ ਕਿਰਾਇਆ ਵਧਾਉਣ ਨਹੀਂ

ਦਿੰਦਾ। ਇਸੇ ਤਰ੍ਹਾਂ ਸਰਕਾਰ ਕੋਲ ਜੋ ਪਰਾਪਰਟੀ ਚੰਡੀਗੜ੍ਹ ਵਿਚ ਰੈਂਟ ਤੇ ਹੈ ਇੱਕ ਪਾਸੇ ਪੰਜਾਬ ਸਰਕਾਰ 3 ਰੁਪਏ ਸਕੇਅਰ ਫੁਟ ਦੇ ਰਹੀ ਹੈ ਔਰ ਦੂਜੇ ਪਾਸੇ 50 ਪੈਸੇ ਤੋਂ 1 ਰੁਪਿਆ ਸਕੇਅਰ ਫੁਟ ਕਿਰਾਇਆ ਦੇ ਰਹੀ ਹੈ। ਇਸ ਸਬੰਧੀ ਕੋਈ ਯੂਨੀਫਾਰਮ ਪਾਲਿਸੀ ਅਡਾਪਟ ਕਰਨੀ ਚਾਹੀਦੀ ਹੈ ਔਰ ਕਿਰਾਇਆ ਕਾਨੂੰਨ ਨੂੰ ਰਿਆਲਿਸਟਿਕ ਬਣਾਉਣਾ ਚਾਹੀਦਾ ਹੈ ਜੋ ਕਿ ਨਾ ਕਿਰਾਏਦਾਰ ਦੇ ਹੱਕ ਵਿਚ ਹੋਵੇ ਔਰ ਨਾ ਹੀ ਲੈਂਡ-ਲਾਰਡ ਦੇ ਹੱਕ ਵਿਚ ਹੋਵੇ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਸਰਕਾਰ ਇਸ ਤੇ ਗੌਰ ਕਰ ਰਹੀ ਹੈ ਕਿ ਕੋਈ ਬੈਲੈਂਸਡ ਕਾਨੂੰਨ ਬਣਾਇਆ ਜਾਏ?

ਰਾਜ ਮੰਤਰੀ : ਸਵਾਲ ਮਿਊਂਸਪਲ ਕਮੇਟੀ ਨਾਲ ਤੁਅੱਲਕ ਰਖਦਾ ਹੈ ਜਦ ਕਿ ਇਹ ਸਾਰੇ ਕਿਰਾਏਦਾਰਾਂ ਵਾਸਤੇ ਸਵਾਲ ਕਰੀ ਜਾਂਦੇ ਹਨ ਫਿਰ ਇਸਦਾ ਮੈਂ ਕੀ ਜਵਾਬ ਦਿਆਂ।

Construction of a Bridge on Rivulet Kiran in Distridct Gurdaspur

*628. **Prof. Kumari Susheel Mahajan** : Will the Minister of State for Public Works be pleased to state whether there is any proposal under the consideration of the Government to construct a bridge on Rivulet Kiran near village Paka Kotha in District Gurdaspur; if so the time by which the said bridge is likely to be constructed ?

ਸਰਦਾਰ ਰਾਜ਼ਿੰਦਰ ਸਿੰਘ ਧਾਲੀਵਾਲ : ਪਿੰਡ ਸਾਧੂ ਚੱਕ ਅਤੇ ਚੱਕ ਨੂੰ ਕੋਠੇ ਭਗਵਾਨਪੁਰ ਨਾਲ ਜੋੜਨ ਵਾਲੇ ਕੱਚੇ ਰਾਹ ਤੇ ਜਿਸ ਥਾਂ ਕਿਰਨ ਨਾਲਾ ਲੰਘਦਾ ਹੈ ਹਿਊਮ ਪਾਈਪਾਂ ਨਾਲ ਨਿਕਾਸ ਲਈ ਲਗਾ ਦਿੱਤੀਆਂ ਹਨ। ਉਥੇ ਪੁਲ ਬਣਾਉਣ ਤੇ ਤਕਰੀਬਨ 15 ਲੱਖ ਰੁਪਏ ਦਾ ਅਨੁਮਾਨਤ ਖਰਚਾ ਹੈ। ਧਨ ਦੀ ਘਾਟ ਕਰਕੇ ਹਾਲ ਦੀ ਘੜੀ ਇਸ ਕੰਮ ਨੂੰ ਹੱਥ ਵਿਚ ਲੈਣ ਦੀ ਕੋਈ ਤਜਵੀਜ਼ ਨਹੀਂ ਹੈ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਕਿਰਨ ਨਾਲੇ ਦੇ ਪੁਲ ਤੋਂ 5--10 ਕਿਲੋਮੀਟਰ ਦੇ ਫਾਸਲੇ ਤੇ ਪਾਕਿਸਤਾਨ ਦਾ ਬਾਰਡਰ ਹੈ। ਉਥੋਂ ਦੇ ਕਿਸਾਨਾਂ ਦੇ ਮਨਾਂ ਵਿਚ ਡਰ ਲਗਾ ਰਹਿੰਦਾ ਹੈ ਕਿਉਂਕਿ ਜਦ ਕਦੇ ਬੱਦਲ ਹੁੰਦਾ ਹੈ ਤਾਂ ਉਹ ਘਬਰਾ ਜਾਂਦੇ ਹਨ ਕਿ ਪਤਾ ਨਹੀਂ ਕਿ ਪਾਣੀ ਕਿਹੜੇ ਵੇਲੇ ਪਿੰਡਾਂ ਵਿਚ ਆ ਜਾਵੇਗਾ। ਦੂਜਾ ਇਹ ਕਿ ਬੱਚੇ ਸਕੂਲ ਨਹੀਂ ਜਾ ਸਕਦੇ, ਫਿਰ ਅਧਿਆਪਕ ਪੜ੍ਹਾਉਣ ਨਹੀਂ ਆ ਸਕਦੇ। ਇਸ ਕਰਕੇ ਉਥੋਂ ਦੇ ਲੋਕਾਂ ਨੂੰ ਬੜੀ ਤਕਲੀਫ ਹੈ। ਮੈਂ ਵਜ਼ੀਰ ਸਾਹਿਬ ਨੂੰ ਕਹਾਂਗੀ ਕਿ 40 ਸਾਲ ਹੋ ਗਏ ਹਨ ਹਿੰਦੁਸਤਾਨ ਆਜ਼ਾਦ ਹੋਇਆਂ ਪਰ ਇੰਟੀਰੀਅਰ ਪਿੰਡਾਂ ਦਾ ਕੋਈ ਖਿਆਲ ਨਹੀਂ। 15 ਲੱਖ ਰੁਪਿਆ ਸਰਕਾਰ ਵਾਸਤੇ ਕੋਈ ਜ਼ਿਆਦਾ ਪੈਸਾ ਨਹੀਂ ਹੈ। ਅਸੀਂ ਤਾਂ 15-15 ਕਰੋੜ ਰੁਪਏ ਨਾਲ ਪੁਲ ਬਣਾ ਰਹੇ ਹਾਂ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਰੀਕੁਐਸਟ ਕਰਾਂਗੀ ਕਿ ਕੀ ਇਸੇ ਸੈਸ਼ਨ ਦੇ ਵਿਚ ਜਿਹੜਾ ਹੁਣ ਨਵਾਂ ਸੈਸ਼ਨ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋਣਾ ਹੈ, ਇਸ ਪੁਲ ਨੂੰ ਬਣਾਉਣ ਦੀ ਤਜਵੀਜ਼ ਕਰਨਗੇ ਅਤੇ ਉਨ੍ਹਾਂ ਲੋਕਾਂ ਤੇ ਦਇਆ ਕਰਨਗੇ?

ਰਾਜ ਮੰਤਰੀ : ਇਨ੍ਹਾਂ ਨੇ ਸੁਜੈਸ਼ਨ ਦਿਤੀ ਹੈ, ਇਸ ਉਤੇ ਵਿਚਾਰ ਕਰਾਂਗੇ। ਸਰਕਾਰ ਤਾਂ ਆਪ ਇਸ ਪਾਸੇ ਧਿਆਨ ਦੇ ਰਹੀ ਹੈ ਅਤੇ ਉਪਰਾਲੇ ਕੀਤੇ ਜਾਂਦੇ ਹਨ ਕਿ ਡੀਵੈਲਪਮੈਂਟ ਕੀਤੀ ਜਾਵੇ। ਇਹ ਜਿਹੜਾ ਸਵਾਲ ਹੈ ਇਹ ਡਰੇਨੇਜ ਡਿਪਾਰਟਮੈਂਟ ਨਾਲ ਸਬੰਧ ਰਖਦਾ ਹੈ। ਅਸੀਂ ਡਰੇਨੇਜ ਡਿਪਾਰਟ-ਮੈਂਟ ਨੂੰ ਰੀਕੁਐਸਟ ਕਰਾਂਗੇ . . .

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ: ਇਹ ਸਵਾਲ ਨਹੀਂ ਕਿ ਇਹ ਡਰੇਨੇਜ ਡੀਪਾਰਟਮੈਂਟ ਨਾਲ ਸਬੰਧ ਰਖਦਾ ਹੈ। ਇਸ ਸਵਾਲ ਦਾ ਜਵਾਬ ਇਹ ਅੱਜ ਹੀ ਦੱਸਣ।

ਰਾਜ ਮੰਤਰੀ : ਫੈਸਲਾ ਕੰਸਲਟ ਕਰਕੇ ਕੀਤਾ ਜਾ ਸਕਦਾ ਹੈ। ਮੈਂ ਦੱਸਿਆ ਹੈ ਕਿ ਇਹ ਡਰੇਨੇਜ ਡਿਪਾਰਟਮੈਂਟ ਨਾਲ ਸਬੰਧਤ ਹੈ। ਗੌਰਮਿੰਟ ਵਲੋਂ ਜਵਾਬ ਤਾਂ ਦਿੱਤਾ ਗਿਆ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਹਰਗੋਬਿੰਦਪੁਰ ਦੇ ਪੁਲ ਬਣਾਉਣ ਦਾ ਉਦਘਾਟਨ ਹੋਇਆ ਸੀ। ਉਹ ਕਦੋਂ ਤਕ ਕੰਪਲੀਟ ਹੋ ਜਾਵੇਗਾ ?

ਰਾਜ ਮੰਤਰੀ : ਉਸ ਦੀਆਂ ਸਾਰੀਆਂ ਫਾਰਮੈਲਿਟੀਜ਼ ਕੰਪਲੀਟ ਹੋ ਗਈਆਂ ਹਨ। ਪੁਲ ਆਲਮੈਂਸਟ ਸਟਾਰਟ ਹੈ।

Minimum Wages for Industrial Workers etc.

*623. **Shri Om Parkash Gupta** : Will the Minister of State for Labour and Employment be pleased to state—

(a) the date on which the minimum wages of the Industrial workers both skilled and unskilled were revised last ;

(b) when were the minimum wages due for revision after the last revision, mentioned in part (a) above.

(c) whether any Memorandum has been received by the Government from the workers union in this behalf ; if so, the details thereof ?

Shri Prem Gupta : (a) 1st January, 1982 ;

(b) Ordinarily within a period of 5 years of the last revision.

(c) Yes. A joint memorandum from Punjab State Committees of INTUC, AITUC, CITU, HMS and BMS was received. Memorandums were also received separately from the Punjab Mazdoor Dal and some other workers unions. These memorandums were regarding the revisions of minimum wages alongwith certain other demands.

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਫਰਮਾਇਆ ਹੈ ਕਿ ਲੇਅ ਵੇਜਿਜ਼ 1982 ਵਿਚ ਰੀਵਾਈਜ਼ ਹੋਏ ਸਨ ਔਰ ਆਮ ਪ੍ਰੈਕਟਿਸ ਪਿਛੇ ਰਹੀ ਹੈ ਕਿ ਮਹਿੰਗਾਈ ਦੇ ਇੰਡੈਕਸ ਨੂੰ ਦੇਖਕੇ ਵੇਜਿਜ਼ ਦੀ ਰਿਵੀਜ਼ਨ ਹੁੰਦੀ ਹੈ, ਕਦੇ 2 ਸਾਲਾਂ ਬਾਦ ਅਤੇ ਕਦੇ 3 ਸਾਲਾਂ ਬਾਅਦ। ਇਹ ਪੰਜ ਸਾਲ ਦੀ ਕੋਈ ਕੰਡੀਸ਼ਨ ਨਹੀਂ ਸੀ ਮਗਰ ਇਨ੍ਹਾਂ ਨੇ ਕਿਹਾ ਹੈ ਕਿ 5 ਸਾਲ ਮਰਸਰੀ ਤੌਰ ਤੇ ਹੁੰਦੇ ਹਨ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਮਹਿੰਗਾਈ 1982 ਤੋਂ 1987 ਤੱਕ ਸੌ ਫੀ ਸਦੀ ਤੋਂ ਵੀ ਜ਼ਿਆਦਾ ਹੋ ਗਈ ਹੈ। ਆਇਆ ਹੁਣ ਜਿਹੜਾ ਇਨ੍ਹਾਂ ਨੇ ਕੋਈ ਬੋਰਡ ਬਣਾਇਆ ਹੈ, ਕਮੇਟੀ ਬਣਾਈ ਹੈ, ਇਹ 2 ਮਹੀਨਿਆਂ ਦੇ ਅੰਦਰ ਅੰਦਰ ਉਸ ਦੀ ਰਿਵੀਜ਼ਨ ਕਰ ਦੇਣਗੇ? ਜਿਹੜੇ ਗਰੀਬ ਹਨ ਉਹ ਦੱਬੀ ਜਾ ਰਹੇ ਹਨ। ਕੁਝ ਅਤਵਾਦੀ ਖਾ ਰਹੇ ਹਨ ਅਤੇ ਕੁਝ ਮਹਿੰਗਾਈ ਖਾ ਰਹੀ ਹੈ। ਇਸ ਲਈ ਕੀ ਇਹ ਇਸ ਬਾਰੇ ਕੋਈ ਰਿਲੀਫ ਛੇਤੀ ਦੇ ਦੇਣਗੇ ?

ਰਾਜ ਮੰਤਰੀ : ਜਿਥੋਂ ਤੱਕ ਤੁਅੱਲਕ ਹੈ ਕਿ ਦੋ ਸਾਲ ਜਾਂ ਤਿੰਨ ਸਾਲ ਬਾਅਦ ਮਹਿੰਗਾਈ ਕਰਕੇ ਇਹ ਰਿਵਾਈਜ਼ ਹੋਣੀ ਚਾਹੀਦੀ ਹੈ, ਗੁਪਤਾ ਸਾਹਿਬ ਨੂੰ ਪਤਾ ਹੈ ਇਹ ਤਾਂ ਹਰ 3 ਮਹੀਨਿਆਂ ਬਾਅਦ ਰਿਵੀਜ਼ਨ ਹੁੰਦੀ ਹੈ। 1982 ਵਿੱਚ 340 ਰੁਪਏ ਪੰਜਾਬ ਵਿੱਚ ਫਿਕਸ ਹੋਇਆ ਸੀ ਔਰ ਅੱਜ 1 ਜਨਵਰੀ, 1987 ਤੋਂ 452 ਰੁਪਏ ਹੈ, ਇਸ ਕਰਕੇ ਯੂਟੇਲਾਈਜ਼ੇਸ਼ਨ ਫਾਰਮੂਲਾ ਇਸ ਦੇ ਵਿਚ ਪ੍ਰੋਵਾਈਡ ਕਰਦਾ ਹੈ, ਜਿਵੇਂ ਜਿਵੇਂ ਮਹਿੰਗਾਈ ਵੱਧਦੀ ਹੈ ਉਨ੍ਹਾਂ ਦੀ ਤਨਖਾਹ ਵੱਧਦੀ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਗੱਲ ਤਾਂ ਇਨ੍ਹਾਂ ਦੀ ਸੈਟਿਸਫੈਕਟਰੀ ਹੈ ਨਹੀਂ ਪਰ ਚਲੋ ਮੰਨ ਲੈਂਦੇ ਹਾਂ।

ਦੂਸਰਾ, ਸਪੀਕਰ ਸਾਹਿਬ, ਇਨ੍ਹਾਂ ਪੈਰਾ 'ਸੀ' ਦਾ ਜਵਾਬ ਦਿੱਤਾ ਹੈ ਕਿ ਇਕ ਜੁਆਇੰਟ ਮੈਮੋਰੰਡਮ ਏਟੱਕ, ਇਨਟੱਕ, ਸੀਟੂ, ਬੀ.ਐਮ. ਐਸ ਔਰ ਐਚ.ਐਸ.ਐਸ. ਇਨ੍ਹਾਂ ਸਾਰਿਆਂ ਨੇ ਗੌਰਮਿੰਟ ਨੂੰ ਦਿੱਤਾ ਹੈ। ਉਸ ਦੇ ਵਿਚ ਤਰੁੱਟੀਆਂ ਹੀ ਤਰੁੱਟੀਆਂ ਦੱਸੀਆਂ ਗਈਆਂ ਹਨ ਕਿ ਡੀਪਾਰਟਮੈਂਟ ਜੋ ਲੇਬਰ ਦਾ ਹੈ ਉਹ ਲੇਬਰ ਦੇ ਮੁਤੱਲਕ ਕੀ ਕਰ ਰਿਹਾ ਹੈ। ਉਨ੍ਹਾਂ ਨੂੰ ਘਟੋ ਘੱਟ ਵੇਜਿਜ਼ ਜੋ ਫਿਕਸ ਹੋਈਆਂ ਹਨ ਉਹ ਵੀ ਨਹੀਂ ਦਿੱਤੀਆਂ ਜਾਂਦੀਆਂ, ਕੋਈ ਛੁੱਟੀ ਨਹੀਂ ਦਿੱਤੀ ਜਾਂਦੀ, ਕੋਈ ਬੋਨਸ ਨਹੀਂ ਦਿੱਤਾ ਜਾਂਦਾ ਪਰ ਇਨਸਪੈਕਟਰਜ਼ ਇਤਨੇ ਲਗੇ ਹੋਏ ਹਨ ਜਿਸ ਦਾ ਕੋਈ ਹਿਸਾਬ ਨਹੀਂ ਔਰ ਉਸ ਦੇ ਵਿੱਚ ਇਹ ਵੀ ਲਿਖਿਆ ਹੈ ਕਿ ਕੁਰੱਪਸ਼ਨ ਦਾ ਜ਼ੋਰ ਹੈ। ਕੀ ਮਨਿਸਟਰ ਸਾਹਿਬ ਨੇ ਇਨ੍ਹਾਂ ਗੱਲਾਂ ਤੇ ਕੋਈ ਗੌਰ ਕੀਤਾ ਹੈ? ਕੀ ਇਸਦੇ ਬਾਰੇ ਕੋਈ ਮਨਿਸਟਰ ਸਾਹਿਬ ਜਵਾਬ ਦੇਣਗੇ ਕਿ ਉਸ ਦੇ ਲਈ ਕੀ ਸੋਚਿਆ ਹੈ?

ਰਾਜ ਮੰਤਰੀ: ਸਪੀਕਰ ਸਾਹਿਬ, ਮੁੱਖ ਤੌਰ ਤੇ ਮਿਨੀਮਮ ਵੇਜਿਜ਼ ਦਾ ਸਵਾਲ ਨਾਲ ਤੱਲਕ ਹੈ। ਮੈਮੋਰੰਡਮ ਵਿੱਚ ਤਾਂ ਬਹੁਤ ਸਾਰੀਆਂ ਗੱਲਾਂ ਆ ਜਾਂਦੀਆਂ ਹਨ। ਜਿਹੜੀਆਂ ਗੱਲਾਂ ਦੀ ਕਮੀ ਇਨ੍ਹਾਂ ਨੇ ਦੱਸੀ ਹੈ ਜੇ ਇਹ ਸਪੈਸਿਫਿਕ ਲਿਖ ਕੇ ਦੇ ਦੇਣ ਤਾਂ ਉਸ ਦੀ ਇਨਕੁਆਇਰੀ ਕਰਵਾ ਲਵਾਂਗੇ।

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤਿੰਨ ਸਾਲ ਬਾਅਦ ਮਿਨੀਮਮ ਵੇਜਿਜ਼ ਰਿਵਾਈਜ਼ ਹੁੰਦੀਆਂ ਹਨ ਜਾਂ ਜਦੋਂ 50 ਪੁਆਇੰਟ ਪ੍ਰਾਈਸ ਇਨਡੈਕਸ ਦੇ ਵੱਧ ਜਾਣ ਉਦੋਂ ਵੇਜਿਜ਼ ਰਿਵਾਈਜ਼ ਹੁੰਦੀਆਂ ਹਨ ਪਰ ਇਹ ਤਾਂ 50 ਪੁਆਇੰਟ ਦੀ ਥਾਂ 111 ਪੁਆਇੰਟ ਵੱਧ ਗਏ ਹਨ, ਕੀ ਕਾਰਨ ਹਨ ਕਿ ਮਿਨੀਮਮ ਵੇਜਿਜ਼ ਕਿਉਂ ਨਹੀਂ ਰਿਵਾਈਜ਼ ਕੀਤੀਆਂ ਗਈਆਂ; ਜੇ ਕੀਤੀਆਂ ਗਈਆਂ ਹਨ ਤਾਂ ਕਦੋਂ?

ਰਾਜ ਮੰਤਰੀ:: ਸਪੀਕਰ ਸਾਹਿਬ, ਕਾਰਨ ਕੀ ਹੈ ਇਸ ਦੇ ਬਾਰੇ ਤਾਂ ਇਨ੍ਹਾਂ ਨੂੰ ਬੈਟਰ ਪੱਤਾ ਹੋਵੇਗਾ। (ਵਿਘਨ) ਮੈਂ ਤੁਹਾਨੂੰ ਮਿਨਮਮ ਵੇਜਿਜ਼ ਐਕਟ, 1948 ਜੋ ਓਪਰੇਟ ਕਰਦਾ ਹੈ ਉਹ ਪੜ੍ਹ ਕੇ ਸੁਣਾ ਦਿੰਦਾ ਹਾਂ। ਇਹ ਤਾਂ ਇਨਟੱਕ ਦੇ ਪ੍ਰਧਾਨ ਵੀ ਰਹੇ ਹਨ, ਇਨ੍ਹਾਂ ਨੂੰ ਪਤਾ ਹੋਵੇਗਾ। ਪਾਰਟ 'ਬੀ' ਵਿੱਚ ਲਿਖਿਆ ਹੈ:

> " (b) review at such intervals as it may think fit, such intervals not exceeding five years, the minimum rates of wages so fixed and revise the minimum rates, if necessary: : : : "

ਇਹ ਅੰਗਰੇਜ਼ੀ ਵਿੱਚ ਹੈ, ਵੈਸੇ ਤਾਂ ਇਹ ਲਾਅ ਗਰੇਜੂਏਟ ਹਨ, ਇਸ ਦਾ ਮਤਲਬ ਜ਼ਰੂਰ ਪਤਾ ਹੋਵੇਗਾ ਪਰ ਜੇ ਪੰਜਾਬੀ ਵਿੱਚ ਕਹੋ ਤਾਂ ਉਹ ਵੀ ਮੈਂ ਫਿਰ ਦੱਸ ਦੇਵਾਂਗਾ।

ਸ੍ਰੀ ਸੇਵਾ ਰਾਮ ਅਰੋੜਾ: ਸਪੀਕਰ ਸਾਹਿਬ ਮੈਂ ਕਿਹਾ ਸੀ ਕਿ ਜਦੋਂ 50 ਪੁਆਇੰਟ ਪ੍ਰਾਈਸ ਇਨਡੈਕਸ ਦੇ ਵੱਧ ਜਾਣ ਜਾਂ ਤਿੰਨ ਸਾਲ ਦਾ ਅਰਸਾ ਪੂਰਾ ਹੋ ਜਾਂਦਾ ਹੈ ਤਾਂ ਉਦੋਂ ਮਿਨੀਮਮ ਵੇਜਿਜ਼ ਰਵਾਈਜ਼ ਹੁੰਦੀਆਂ ਹਨ ਮਨਿਸਟਰ ਸਾਹਿਬ ਨੂੰ ਸ਼ਾਇਦ ਪਤਾ ਨਹੀਂ ਇਹ ਡੀਪਾਰਟਮੈਂਟ ਨੂੰ ਪੁੱਛ ਲੈਣ ਹੁਣ 50 ਪੁਆਇੰਟ ਦੀ ਥਾਂ 111 ਪੁਆਇੰਟ ਪ੍ਰਾਈਸ ਇਡੈਕਟਸ ਦੇ ਵੱਧ ਗਏ ਹਨ ਇਹ ਮਿਨੀਮਮ ਵੇਜਿਜ਼ ਰੀਵਾਈਜ਼ ਕਿਉਂ ਨਹੀਂ ਹੋਈਆਂ?

ਸ੍ਰੀ ਓਮ ਪ੍ਰਕਾਸ਼ ਗੁਪਤਾ : 1982 ਵਿੱਚ ਹੋਈਆਂ ਸੀ ਹੁਣ 1987 ਹੋ ਗਿਆ ਹੈ।

ਸ੍ਰੀ ਸਪੀਕਰ: ਤੁਸੀਂ ਆਪ ਹੀ ਸੁਜੈਸਟ ਕਰ ਦਿੱਤਾ ਹੈ ਕਿ ਉਹ ਡੀਪਾਰਟਮੈਂਟ ਨੂੰ ਕਨਸਲਟ ਕਰ ਲੈਣ let him consult ।

ਰਾਜ ਮੰਤਰੀ: ਸਪੀਕਰ ਸਾਹਿਬ ਮੈਂ ਗੁਪਤਾ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੱਛਲੀਆਂ ਸਰਕਾਰਾਂ ਦਾ ਵੀ ਅੰਦਾਜ਼ਾ ਕਰਕੇ ਇਹ ਮੈਨੂੰ ਕੋਈ ਟਾਈਮ ਲਿਮਿਟ ਦੱਸ ਦੇਣ ਉਸ ਤੋਂ ਪਹਿਲਾਂ ਕਰ ਦੇਵਾਂਗੇ।

Channelisation of Nadis and Choes in Anandpur Sahib Tehsil

*595. **Shri Ram Parkash Bali** : Will the Chief Minister be pleased to state whether there is any proposal under the consideration of the Government to channelise the Nadis and Choes falling in the Anandpur Sahib Tehsil, Distirict Ropar; if so, the details thereof ?

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਸਿੰਜਾਈ ਅਤੇ ਮਕਾਨ ਉਸਾਰੀ): ਜ਼ਿਲ੍ਹਾ ਰੋਪੜ ਦੀ ਤਹਿਸੀਲ ਅਨੰਦਪੁਰ ਸਾਹਿਬ ਵਿਚ ਪੈਂਦੀਆਂ ਸਾਰੀਆਂ ਨਦੀਆਂ ਅਤੇ ਚੋਆਂ ਨੂੰ ਨਹਿਰੀਕਰਨ ਕਰਨ ਦੀ ਕੋਈ ਤਜਵੀਜ਼ ਨਹੀਂ ਹੈ । ਇਸ ਸਮੇਂ ਸਿਰਫ ਚਰਨ ਗੰਗਾ ਖੱਡ ਨੂੰ ਨਹਿਰੀਕਰਨ ਕਰਨ ਬਾਰੇ ਕੰਮ ਪ੍ਰਗਤੀ ਵਿਚ ਹੈ ਜਿਥੇ ਕਿ 8000 ਫੁਟ ਲੰਬੀ ਕਿਉਨਟ ਬਣਾਈ ਜਾ ਰਹੀ ਹੈ ।

ਸਵਾਂ ਨਦੀ ਦੇ ਨਹਿਰੀਕਰਨ ਕਰਨ ਸਬੰਧੀ ਵੀ ਮੁਢਲੀ ਜਾਂਚ ਪੜਤਾਲ ਚਲ ਰਹੀ ਹੈ ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਅਰਸਾ ਪੰਜ ਸਾਲਾਂ ਤੋਂ ਇਕ ਕੁਐਸਚਨ ਹਰ ਸੈਸ਼ਨ ਵਿਚ ਕਰਦਾ ਆ ਰਿਹਾ ਹਾਂ ਔਰ ਇਹੀ ਜਵਾਬ ਆ ਜਾਂਦਾ ਹੈ। ਇਹ ਇਨਵੈਸਟੀਗੇਸ਼ਨ ਕਿੰਨੇ ਚਿਰ ਵਿਚ ਮੁਕੰਮਲ ਹੋ ਜਾਏਗੀ; ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਇਹ ਜਿਹੜੀਆਂ ਨਦੀਆਂ ਨਾਲੇ ਹਨ ਇਨ੍ਹਾਂ ਨੂੰ ਚੈਨਾਲਾਈਜ਼ ਕਰਨ ਤਾਂ ਇਸ ਦੇ ਨਾਲ ਹਜ਼ਾਰਾਂ ਏਕੜ ਜ਼ਮੀਨ ਕਾਬਲੇਕਾਸ਼ਤ ਹੋ ਜਾਏਗੀ। ਸਵਾਂ ਨਦੀ ਦੇ ਕਾਰਨ ਸੈਂਕੜੇ ਇਨਸਾਨ ਅਤੇ ਪਸ਼ੂ ਮਰ ਜਾਂਦੇ ਹਨ ਅਤੇ ਸੈਂਕੜੇ ਮਕਾਨ ਹੱੜ੍ਹ ਜਾਂਦੇ ਹਨ ਅਤੇ ਹਜ਼ਾਰਾਂ ਏਕੜ ਜ਼ਮੀਨ ਹੜ੍ਹ ਜਾਂਦੀ ਹੈ, ਇਸ ਦੇ ਨਾਲ ਉਨ੍ਹਾਂ ਨੂੰ ਬਚਾਇਆ ਜਾ ਸਕਦਾ ਹੈ। ਇਹ ਇਕ ਬਹੁਤ ਵੱਡੀ ਸਕੀਮ ਹੈ ਔਰ ਕਿਸਾਨਾਂ ਦੇ ਹਿੱਤ ਵਿਚ ਹੈ ਇਸ ਨੂੰ ਡੀਲੇਅ ਕਿਉਂ ਕੀਤਾ ਜਾਂਦਾ ਹੈ। ਕੀ ਮੈਂ ਇਹ ਸਮਝਾਂ ਕਿ ਇਨ੍ਹਾਂ ਨੂੰ ਅਨੰਦਪੁਰ ਸਾਹਿਬ ਦੀ ਧਰਤੀ ਨਾਲ ਕੋਈ ਪਿਆਰ ਨਹੀਂ?

ਰਾਜ ਮੰਤਰੀ, ਸਿੰਜਾਈ ਅਤੇ ਮਕਾਨ ਉਸਾਰੀ : ਸਪੀਕਰ ਸਾਹਿਬ, ਐਮ. ਐਲ. ਏ. ਸਾਹਿਬ ਪੰਜ ਸਾਲਾਂ ਦੀ ਗਲ ਕਰਦੇ ਹਨ ਉਦੋਂ ਤਾਂ ਇਨ੍ਹਾਂ ਦੀ ਆਪਣੀ ਸਰਕਾਰ ਸੀ ਔਰ ਇਨ੍ਹਾਂ ਦੀ ਸਰਕਾਰ ਨੇ ਇਹ ਗੱਲ ਨਹੀਂ ਮੰਨੀ। ਵੈਸੇ ਮੈਂ ਇਨ੍ਹਾਂ ਨੂੰ ਦੱਸ ਦਿੱਤਾ ਹੈ ਕਿ ਹੁਣ ਜਦੋ ਅਕਾਲੀ ਸਰਕਾਰ ਆਈ ਹੈ ਉਸ ਨੇ ਚਰਨ-ਗੰਗਾ ਨਦੀ ਲਈ 24 ਲੱਖ ਰੁਪਿਆ ਰਖਿਆ ਹੈ ਔਰ 50 ਲੱਖ ਰੁਪਏ ਲਗਣੇ ਹਨ। ਬਾਕੀ ਜਦੋਂ ਫੰਡਜ਼ ਆਉਣਗੇ ਕੰਮ ਕਰ ਦਿਤਾ ਜਾਏਗਾ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਸਾਹਿਬ ਅਤੇ ਮੁੱਖ ਮੰਤਰੀ ਸਾਹਿਬ ਨੂੰ ਨਿਮਰਤਾ ਸਹਿਤ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਧਰਤੀ ਤੋਂ ਭਾਗ ਲਗੇ ਹੋਣ ਔਰ ਜਿਸ ਧਰਤੀ ਦਾ ਨਾਂ ਲੈ ਕੇ ਸਾਰੀਆਂ ਦੁਨੀਆਂ ਵਿੱਚ ਹਲਚਲ ਮੱਚੀ ਹੋਈ ਹੈ ਕਿਉਂ ਨਹੀਂ ਉਸ ਦੇ ਲਈ ਫੰਡਜ਼ ਰਖੇ ਜਾਂਦੇ ? ਉਥੇ ਹਜ਼ਾਰਾਂ ਦਾ ਨਹੀਂ ਕਰੋੜਾਂ ਦਾ ਫ਼ਾਇਦਾ ਹੋਵੇਗਾ, ਕੀ ਇਹ 1987-88 ਦੇ ਬਜਟ ਵਿਚ ਉਸ ਦੇ ਲਈ ਕੋਈ ਰਕਮ ਰਖਣਗੇ?

ਰਾਜ ਮੰਤਰੀ : ਐਮ. ਐਲ. ਏ. ਸਾਹਿਬ ਨੇ ਯਾਦ ਦਿਲਾਇਆ ਹੈ ਕਿ ਸਾਰੇ ਮੁਲਕ ਵਿਚ ਅਨੰਦਪੁਰ ਸਾਹਿਬ ਦਾ ਨਾਂ ਚਲ ਰਿਹਾ ਹੈ। ਮੈਂ ਐਮ. ਐਲ. ਏ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਅਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਵਾ ਦੇਣ ਸਾਰੀ ਗੱਲ ਹੋ ਜਾਵੇਗੀ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਮੈਨੂੰ ਪਾਵਰ ਦਿਓ ਮੈਂ ਲਾਗੂ ਕਰ ਦਿੰਦਾ ਹਾਂ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀਆਂ ਆਬਾਦੀਆਂ ਖੱਡਾਂ ਦੇ ਨਾਲ ਜਾਂ ਚੋਆਂ ਦੇ ਨਾਲ ਹਨ ਉਹ ਹੜ੍ਹ ਨਾਲ ਰੁੜ੍ਹ ਜਾਂਦੀਆਂ ਔਰ ਜ਼ਮੀਨ ਤਬਾਹ ਹੋ ਜਾਂਦੀ ਹੈ। ਬਾਬੂਗੜ੍ਹ ਨਾਲ ਕਈ ਪਿੰਡਾਂ ਦਾ ਨੁਕਸਾਨ ਹੋ ਜਾਂਦਾ ਹੈ ਅਤੇ ਕਟਾਰੀਆ ਸਾਹਿਬ ਦੇ ਹਲਕੇ ਦੇ ਵੀ ਕਈ ਪਿੰਡਾਂ ਦਾ ਨੁਕਸਾਨ ਹੋ ਜਾਂਦਾ ਹੈ। ਕੀ ਉਸ ਨੂੰ ਚੈਨਾਲਾਈਜ਼ ਕਰਨਗੇ?

ਰਾਜ ਮੰਤਰੀ : ਐਮ. ਐਲ. ਏ. ਸਾਹਿਬ ਨੇ ਕਈ ਖੱਡਾਂ ਦਾ ਨਾਮ ਲੈ ਦਿੱਤਾ ਹੈ। ਸਰਕਾਰ ਸਕੀਮਾਂ ਤਾਂ ਬਣਾਉਂਦੀ ਰਹਿੰਦੀ ਹੈ ਅਗਰ ਪੈਸੇ ਹੋਣ ਤਾਂ ਸਿਰੇ ਚੜ੍ਹਦੀਆਂ ਹਨ। ਇਨ੍ਹਾਂ ਨੇ ਕਿਸੇ ਸਪੈਸ਼ਲ ਖੱਡ ਦਾ ਨਾਂ ਲਿਆ ਹੈ, ਇਹ ਮੈਨੂੰ ਆ ਕੇ ਦਸ ਦੇਣ ਮੈਂ ਵੇਖ ਲਵਾਂਗਾ।

Licences for the sale of Drugs

*622. **Shri Om Parkash Gupta** : Will the Chief Minister be pleased to state—

(a) the number of firms which have been granted licences for the sale of drugs and medicines in the State ;

(b) the number of firms/individuals who have been caught or detected selling spurious medicines/drugs during the last three years ; and

(c) the action , if any, taken against the defaulters and the steps taken to ensure the supply of standard medicines to the public?

ਸਰਦਾਰ ਨੱਥਾ ਸਿੰਘ ਦਾਲਮ (ਲੋਕ ਸੰਪਰਕ ਮੰਤਰੀ) : (ੳ) ਮਿਤੀ 31 ਦਸੰਬਰ, 1986 ਤੱਕ ਜਿਹੜੀਆਂ ਫਰਮਾਂ ਨੂੰ ਦਵਾਈਆਂ ਵੇਚਣ ਹਿੱਤ ਲਾਈਸੈਂਸ ਜਾਰੀ ਕੀਤੇ ਗਏ ਹਨ ਉਨ੍ਹਾਂ ਦੀ ਗਿਣਤੀ ਦਾ ਵੇਰਵਾ :–

(i)	ਐਲੋਪੈਥਿਕ ਦਵਾਈਆਂ ਦੇ ਹੋਲਸੇਲ ਅਤੇ ਰਿਟੇਲ ਸੇਲ ਲਾਈਸੰਸ ..	4,566
(ii)	ਐਲੋਪੈਥਿਕ ਦਵਾਈਆਂ ਦੀ ਵਿਕਰੀ ਦੇ ਰਿਸਟ੍ਰਿਕਟਿਡ ਲਾਈਸੰਸ ..	474
(iii)	ਹੋਲਸੇਲ ਅਤੇ ਰਿਟੇਲ ਸੇਲ ਦੇ ਹੋਮਿਓਪੈਥਿਕ ਦਵਾਈਆਂ ਦੇ ਵਿਕਰੀ ਲਾਈਸੰਸ ..	143

(ਅ) ਪਿਛਲੇ ਤਿੰਨ ਸਾਲਾਂ ਵਿੱਚ ਭਾਵ 1983-84 ਤੋਂ 1985-86 ਤੱਕ ਨਕਲੀ ਦਵਾ-ਈਆਂ ਦੇ 26 ਕੇਸ ਫੜੇ ਗਏ।

(ੲ) 22 ਕੇਸਾਂ ਵਿੱਚ ਕਸੂਰਵਾਰਾਂ ਵਿਰੁੱਧ ਅਦਾਲਤੀ ਕਾਰਵਾਈ ਦੇ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ ਅਤੇ 4 ਕੇਸ ਪੜਤਾਲ ਅਧੀਨ ਹਨ।

ਦਵਾਈਆਂ ਵਿੱਚ ਮਿਲਾਵਟ ਦੇ ਕੇਸਾਂ ਨੂੰ ਫੜਨ ਅਤੇ ਚੈਕ ਕਰਨ ਹਿੱਤ ਸਟੇਟ ਡਰੱਗਜ਼ ਕੰਟਰੋਲ ਆਰਗੇਨਾਈਜੇਸ਼ਨ ਦੁਆਰਾ ਰੇਡਜ਼ ਨਿਯੋਜਿਤ ਕੀਤੇ ਜਾਂਦੇ ਹਨ ਅਤੇ ਜਿਨ੍ਹਾਂ ਦਵਾਈਆਂ ਵਿੱਚ ਮਿਲਾਵਟ ਦਾ ਸ਼ਕ ਹੁੰਦਾ ਹੈ, ਡਰੱਗਜ਼ ਇੰਸਪੈਕਟਰ ਉਨ੍ਹਾਂ ਦੇ ਟੈਸਟ ਹਿੱਤ ਸੈਂਪਲ ਭਰਦੇ ਹਨ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਫਰਮਾਇਆ ਹੈ ਕਿ ਤਿੰਨ ਕਿਸਮ ਦੇ ਲਾਇਸੰਸ ਹਨ ਜਿਨ੍ਹਾਂ ਦੀ ਤਾਦਾਦ 5183 ਦੱਸੀ ਹੈ। ਇਨ੍ਹਾਂ ਦਾ ਜਵਾਬ ਤੁਸੀਂ ਸੁਣਿਆ ਹੈ ਕਿ ਤਿੰਨ ਸਾਲਾਂ ਦੇ ਅੰਦਰ ਸਿਰਫ 26 ਕੇਸ ਫੜੇ ਗਏ ਹਨ ਔਰ ਤੁਸੀਂ ਇਹ ਵੀ ਸੁਣਿਆ ਹੈ ਕਿ ਅੱਡੱਲਟਰੇਟਿਡ ਡਰਗਜ਼, ਸਪੂਰੀਅਸ ਮੈਡੀਸਨਜ਼ ਵਿਕਦੀਆਂ ਹਨ, ਮੈਂਡਰੈਕਸ ਵਿਕਦੀ ਹੈ। ਇਥੇ ਕਾਫ਼ੀ ਦਵਾਈਆਂ ਹਸਪਤਾਲਾਂ ਦੇ ਥਰੂ, ਡਾਕਟਰਾਂ ਦੇ ਥਰੂ ਵਿਕਦੀਆਂ ਹਨ ਪਰ ਇਨ੍ਹਾਂ ਨੇ ਕੁਲ 26 ਕੇਸ ਫੜੇ ਹਨ। ਪ੍ਰਾਸੀਕਿਊਸ਼ਨ ਕੋਈ ਨਹੀਂ ਹੋਈ। ਕੀ ਇਹ ਦੱਸਣਗੇ ਕਿ ਹੁਣ ਤਕ ਕਿੰਨੇ ਲਾਇਸੰਸ ਕੈਂਸਲ ਕੀਤੇ ਹਨ ਔਰ ਉਨ੍ਹਾਂ ਵਿਚੋਂ ਕਿੰਨਿਆਂ ਨੂੰ ਸਜ਼ਾ ਹੋਈ ਹੈ ?

ਲੋਕ ਸੰਪਰਕ ਮੰਤਰੀ: ਮੈਂ ਦੱਸਿਆ ਹੈ ਕਿ 26 ਕੇਸ ਫੜੇ ਜਾ ਚੁੱਕੇ ਹਨ। 22 ਕੋਰਟਸ ਵਿਚ ਪੈਂਡਿੰਗ ਹਨ, ਚਾਰ ਦੀ ਪੜਤਾਲ ਕੀਤੀ ਜਾ ਰਹੀ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਕੀ ਜਿਹੜੀ ਚੈਕਿੰਗ ਹੋ ਰਹੀ ਹੈ ਇਸ ਦੇ ਵਾਸਤੇ ਕੋਈ ਜ਼ਿਆਦਾ ਸਟਾਫ ਲਗਾਉਣਗੇ ? ਹੁਣ ਇਕ ਹੀ ਇਨਸਪੈਕਟਰ ਹੁੰਦਾ ਹੈ ਔਰ ਉਹ ਲੱਖਾਂ ਰੁਪਿਆ ਮਹੀਨਾ ਕਮਾਉਂਦਾ ਹੈ, ਕੋਈ ਚੈਕਿੰਗ ਨਹੀਂ ਹੈ, ਇਨ੍ਹਾਂ ਨੂੰ ਵੀ ਪਤਾ ਹੈ। ਕੀ ਇਹ ਕੋਈ ਵੱਡਾ ਸਟਾਫ ਰੱਖਣਗੇ ਜਿਹੜਾ ਕਿ ਇਸ ਚੀਜ਼ ਨੂੰ, ਜਿਹੜੀ ਕਿ ਜ਼ਿੰਦਗੀ ਵਾਸਤੇ ਬਹੁਤ ਅਹਿਮ ਹੈ, ਇਸ ਦੇ ਵਾਸਤੇ ਬਹੁਤ ਪਿਉਅਰ ਚੀਜ਼ਾਂ ਚਾਹੀਦੀਆਂ ਹਨ ਲਾਈਫ ਵਾਸਤੇ, ਚੈਕ ਕਰੇ ? ਕੀ ਗੌਰਮਿੰਟ ਚਾਹਵੇਗੀ ਕਿ ਚੈਕਿੰਗ ਹੋਰ ਸਟਾਫ ਵੱਡਾ ਲਗਾ ਕੇ ਕੀਤੀ ਜਾਵੇ ਤਾਕਿ ਦਵਾਈਆਂ ਠੀਕ ਮਿਲ ਸਕਣ ?

ਮੰਤਰੀ: ਸਪੀਕਰ ਸਾਹਿਬ, ਦਵਾਈਆਂ ਵਿਚ ਮਿਲਾਵਟ ਦੀ ਤਾਂ ਆਮ ਸ਼ਿਕਾਇਤ ਹੈ ਪਰ ਜਿਥੋਂ ਇਸ ਬਾਰੇ ਸਾਨੂੰ ਸ਼ਿਕਾਇਤ ਮਿਲਦੀ ਹੈ, ਸਟੇਟ ਡਰੱਗ ਕੰਟਰੋਲਰ ਅਤੇ ਅਸਿਸਟੈਂਟ

ਡਰੱਗ ਕੰਟਰੋਲਰ ਦੀ ਸੁਪਰਵੀਜ਼ਨ ਵਿਚ ਡਰੱਗ ਇਨਸਪੈਕਟਰ ਤੇ ਅਸਿਸਟੈਂਟ ਡਰਗ ਇਨਸਪੈਕਟਰ ਦੁਆਰਾ ਅਚਾਨਕ ਛਾਪੇ ਮਾਰੇ ਜਾਂਦੇ ਹਨ ਅਤੇ ਨਕਲੀ ਦਵਾਈਆਂ ਜੋ ਵੇਚਦੇ ਹਨ, ਉਹ ਫੜੇ ਜਾਂਦੇ ਹਨ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਚਾਰ ਪੈਂਡਿੰਗ ਕੇਸ ਹਨ, ਉਹ ਕਿਹੜੇ ਪੀਰੀਅਡ ਦੇ ਹਨ, ਕਦੋਂ ਡੀਟੈਕਟ ਹੋਏ ਹਨ ਔਰ ਹੁਣ ਤਕ ਇਨਵੈਸਟੀਗੇਸ਼ਨ ਕੰਪਲੀਟ ਕਿਉਂ ਨਹੀਂ ਹੋਈ ?

ਮੰਤਰੀ : ਸਰ, ਮੈਂ ਅਰਜ਼ ਕੀਤੀ ਹੈ ਕਿ ਚਾਰ ਕੇਸ ਐਸੇ ਹਨ ਜਿਨ੍ਹਾਂ ਦੀ ਪੁਲਿਸ ਇਨਵੈਸਟੀਗੇਸ਼ਨ ਕਰ ਰਹੀ ਹੈ। ਕਿਹੜੇ ਸੰਨ ਵਿਚ ਪਕੜੇ ਗਏ ਸਨ, ਇਸ ਬਾਰੇ ਇਹ ਨਵਾਂ ਨੋਟਿਸ ਦੇ ਦੇਣ, ਮੈਂ ਇਨਫਰਮੇਸ਼ਨ ਲੈ ਕੇ ਮੁਹੱਈਆ ਕਰ ਦੇਵਾਂਗਾ।

ਸ੍ਰੀ ਰਾਧਾ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ 26 ਕੇਸ ਡਰੱਗ ਇਨਸਪੈਕਟਰਾਂ ਨੇ ਛਾਪਿਆਂ ਨਾਲ ਪਕੜੇ ਹਨ, ਆਇਆ 26 ਹੀ ਛਾਪੇ ਮਾਰੇ ਸਨ ਜਾਂ ਜ਼ਿਆਦਾ ਛਾਪੇ ਮਾਰੇ ਗਏ ਜਿਨ੍ਹਾਂ ਵਿਚ ਇਹ ਪਕੜੇ ਗਏ ਹਨ।

Minister : Please repeat it.

ਸ੍ਰੀ ਰਾਧਾ ਕ੍ਰਿਸ਼ਨ : ਜਿਹੜੇ ਡਰੱਗ ਇਨਸਪੈਕਟਰਾਂ ਦੇ ਰੇਡਜ਼ ਨਾਲ ਜਾਂ ਉਨ੍ਹਾਂ ਜਿਹੜੇ ਛਾਪੇ ਮਾਰੇ ਸਨ ਔਰ 26 ਕੇਸ ਪਕੜੇ ਗਏ ਹਨ ਆਇਆ ਉਨ੍ਹਾਂ ਨੂੰ ਪਕੜਨ ਵਾਸਤੇ 26 ਹੀ ਛਾਪੇ ਮਾਰੇ ਗਏ ਸਨ ਜਾਂ ਜ਼ਿਆਦਾ ਛਾਪੇ ਮਾਰੇ ਸਨ ?

ਮੰਤਰੀ : ਛਾਪੇ ਤਾਂ ਆਮ ਮਾਰੇ ਜਾਂਦੇ ਹਨ। ਕਈ ਵਾਰੀ ਸ਼ਿਕਾਇਤ ਨਾ ਆਵੇ ਤਾਂ ਵੀ ਛਾਪੇ ਮਾਰੇ ਜਾਂਦੇ ਹਨ। ਛਾਪੇ ਤਾਂ ਬਹੁਤ ਜ਼ਿਆਦਾ ਮਾਰੇ ਗਏ ਪਰ ਨਕਲੀ ਦਵਾਈਆਂ ਦੇ ਕੇਸ 26 ਹੀ ਪਕੜੇ ਗਏ ਹਨ।

Houses Burnt by Accidental Fire

*645. **Pandit Sarwan Ram Mansowalia** : Will the Minister for Revenue and Rehabilitation be pleased to state—

(a) the number of houses burnt by accidental fire in the summers of 1985-86 and 1986-87 ;

(b) whether the Government proposes to give some relief to the affected persons; if so, the time by which the said relief is likely to be given ?

ਸਰਦਾਰ ਮੇਜਰ ਸਿੰਘ ਉਬੋਕੇ : (ੳ) 1985-86 : 380 ਮਕਾਨ ।

1986-87: 528 ਮਕਾਨ ।

(ਅ) ਹਾਂ ਜੀ। 734 ਕੇਸਾਂ ਵਿਚ ਰਾਹਤ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ ਅਤੇ ਬਾਕੀ ਦੇ 174 ਕੇਸਾਂ ਵਿਚੋਂ, ਸਰਕਾਰ ਦੀਆਂ ਹਦਾਇਤਾਂ ਅਨੁਸਾਰ 110 ਕੇਸਾਂ ਵਿਚ ਰਾਹਤ ਮਿਲਣਯੋਗ ਨਹੀਂ ਹੈ। ਬਾਕੀ ਦੇ 64 ਕੇਸਾਂ ਵਿਚ ਰਾਹਤ ਜਲਦੀ ਹੀ ਵੰਡ ਦਿੱਤੀ ਜਾਵੇਗੀ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹਵਾਂਗਾ ਕਿ ਕੀ ਜਿਹੜੇ 110 ਕੇਸ ਜਿਨ੍ਹਾਂ ਵਿਚ ਕਹਿੰਦੇ ਹਨ ਕਿ ਰਾਹਤ ਨਹੀਂ ਮਿਲ ਸਕਦੀ, ਇਸ ਦਾ ਕੀ ਕਾਰਨ ਹੈ ਕਿ ਰਾਹਤ ਨਾ ਮਿਲ ਸਕੀ ? ਦੂਸਰੇ 64 ਕੇਸ ਜਿਹੜੇ ਹਨ ਉਨ੍ਹਾਂ ਨੂੰ ਕਿਉਂ ਨਹੀਂ ਮਿਲੀ, ਕੀ ਵਜ੍ਹਾ ਹੈ ਔਰ ਕਦੋਂ ਤਕ ਮਿਲੇਗੀ ?

ਮੰਤਰੀ : ਸਪੀਕਰ ਸਾਹਿਬ, ਜਿਹੜੇ 64 ਕੇਸ ਨੇ ਉਨ੍ਹਾਂ ਵਿਚ ਬਹੁਤ ਜਲਦੀ ਰਾਹਤ ਦੇ ਰਹੇ ਹਾਂ। ਬਾਕੀ 110 ਕੇਸ ਜੋ ਇਸ ਵੇਲੇ ਪਰਚਲਤ ਹਦਾਇਤਾਂ ਹਨ ਕਿ ਜਿਸ ਦੀ ਆਮਦਨ 6 ਹਜ਼ਾਰ ਤੋਂ ਵੱਧ ਹੈ ਉਸ ਨੂੰ ਇਹ ਰਾਹਤ ਨਹੀਂ ਮਿਲ ਸਕਦੀ, ਉਨ੍ਹਾਂ ਦੇ ਅਨੁਸਾਰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਲਿਖਿਆ ਹੈ ਕਿ ਇਨ੍ਹਾਂ ਨੂੰ ਇਹ ਸਹੂਲਤ ਨਹੀਂ ਮਿਲ ਸਕਦੀ ਕਿਉਂਕਿ ਉਨ੍ਹਾਂ ਦੀ ਛੇ ਛੇ ਹਜ਼ਾਰ ਤੋਂ ਆਮਦਨ ਵੱਧ ਹੈ। ਉਨ੍ਹਾਂ 110 ਕੇਸਾਂ ਵਿਚ ਲਿਖਿਆ ਹੈ ਕਿ ਇਨ੍ਹਾਂ ਦੀ ਛੇ ਹਜ਼ਾਰ ਤੋਂ ਵੱਧ ਆਮਦਨ ਸੀ ਇਸ ਕਰਕੇ ਰਾਹਤ ਨਹੀਂ ਮਿਲ ਸਕਦੀ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਕੰਡੀ ਏਰੀਆ ਔਰ ਪਹਾੜੀ ਇਲਾਕਾ ਜਿਹੜਾ ਹੈ, ਉਥੇ ਜ਼ਮੀਨ ਦੀ ਆਮਦਨ ਉਤਨੀ ਨਹੀਂ ਹੈ। ਦਰਅਸਲ 10 ਕਿੱਲੇ ਵਿਚੋਂ ਵੀ 100/200 ਰੁਪਏ ਆਮਦਨ ਨਹੀਂ ਹੁੰਦੀ। ਜ਼ਮੀਨ ਦੀ ਔਸਤ ਲਗਾ ਕੇ 110 ਕੇਸਾਂ ਨੂੰ ਰਿਜੈਕਟ ਕਰ ਦਿੱਤਾ। ਸਹੀ ਮਾਅਨਿਆਂ ਵਿਚ ਜੇਕਰ ਵੇਖੋ ਤਾਂ ਉਨ੍ਹਾਂ ਦੀ ਆਮਦਨ ਘਟ ਹੁੰਦੀ ਹੈ। ਇਤਨੀਂ ਆਮਦਨ ਮੇਰੀ ਨਹੀਂ ਬਣਦੀ ਜ਼ਮੀਨ ਨਾਲ, ਉਨ੍ਹਾਂ ਦੀ ਕੰ, ਬਣ ਜਾਣੀ ਹੈ। ਕੀ ਇਹ ਦੱਸਣਗੇ ਕਿ ਇਹ ਕੇਸ ਜੋ ਦੱਸੇ ਹਨ ਛੇ ਛੇ ਮਹੀਨਿਆਂ ਤੋਂ ਲੋਕਾਂ ਨੂੰ ਪੈਸੇ ਨਹੀਂ ਮਿਲਦੇ ਔਰ ਜਿਨ੍ਹਾਂ ਦੇ ਘਰ ਜਲੇ ਹੁੰਦੇ ਹਨ ਉਨ੍ਹਾਂ ਨੂੰ ਜੇਕਰ ਜਲਦੀ ਤੋਂ ਜਲਦੀ ਮਹੀਨੇ ਦੋ ਮਹੀਨੇ ਵਿਚ ਪੈਸੇ ਮਿਲ ਜਾਣ ਤਾਂ ਉਹ ਛੰਨ ਵਗੈਰਾ ਹੀ ਪਾ ਕੇ ਗੁਜ਼ਾਰਾ ਕਰ ਲੈਣ। ਕੀ ਇਸ ਤਰ੍ਹਾਂ ਦਾ ਇੰਤਜ਼ਾਮ ਕਰਨਗੇ ਕਿ ਜੇਕਰ ਘਰ ਜਲ ਜਾਣ ਤਾਂ ਮਹੀਨੇ ਦੋ ਮਹੀਨੇ ਵਿਚ ਪੈਸੇ ਮਿਲ ਜਾਣ ?

ਦੂਸਰਾ, ਜਿਹੜਾ ਮੈਂ ਪਹਿਲੇ ਸਵਾਲ ਕੀਤਾ ਸੀ 6 ਹਜ਼ਾਰ ਲਿਮਿਟ ਵਾਲਾ, ਜੇ ਉਨ੍ਹਾਂ ਗਰੀਬਾਂ ਕੋਲ ਇਤਨੀ ਆਮਦਨ ਹੋਵੇ ਤਾਂ ਉਹ ਕੱਖਾਂ ਦੀਆਂ ਝੌਂਪੜੀਆਂ ਨਹੀਂ ਪਾਉਣਗੇ ਉਹ ਪਕੇ ਕੋਠੇ ਪਾ ਕੇ ਬੈਠਣਗੇ। ਉਹ ਕੱਖਾਂ ਦੀਆਂ ਝੌਂਪੜੀਆਂ ਵਿਚ ਇਸ ਕਰਕੇ ਰਹਿੰਦੇ ਹਨ ਕਿ ਉਨ੍ਹਾਂ ਦੀ ਆਮਦਨ ਇਤਨੀ ਨਹੀਂ ਹੈ। ਉਹ ਗਰੀਬ ਆਦਮੀ ਹਨ। ਕੀ ਇਸ ਵਲ ਵੀ ਧਿਆਨ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਰਾਹਤ ਦੇਣ ਦਾ ਤੁਅੱਲਕ ਹੈ ਇਹ ਹਦਾਇਤਾਂ ਜਾਰੀ ਕਰ ਦਿਆਂਗੇ ਕਿ ਅਜਿਹੇ ਕੇਸਾਂ ਵਿਚ ਰਾਹਤ ਤੁਰਤ ਦਿਤੀ ਜਾਵੇ। ਬਾਕੀ ਜਿਥੋਂ ਤਕ 6 ਹਜ਼ਾਰ ਰੁਪਏ ਵਾਲੀ ਆਮਦਨ ਦਾ ਸਬੰਧ ਹੈ, ਇਹ ਤਾਂ ਇਨ੍ਹਾਂ ਦੇ ਵੇਲੇ ਦੀਆਂ ਹਦਾਇਤਾਂ ਪਰਚਲਤ ਹਨ। ਅਸੀਂ ਤਾਂ ਇਹ ਰਾਹਤ ਵਧਾਉਣ ਵਾਸਤੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਕੀਤੀਆਂ ਹੋਈਆਂ ਹਨ। ਜਿਹੜੀਆਂ ਪਹਿਲੇ ਗੜ੍ਹੇ ਪੈਣ ਕਾਰਨ ਜਾਂ ਬਾਰਸ਼ ਕਾਰਨ 300 ਰੁਪਏ ਰਾਹਤ ਦੇ ਦਿਤੇ ਜਾਂਦੇ ਸਨ ਅਸੀਂ ਉਹ 500 ਰੁਪਏ ਦੇਣ ਲਈ ਕਿਹਾ ਹੈ। ਇਸੇ ਤਰ੍ਹਾਂ ਬਾਕੀ ਵੀ ਜਿਥੇ ਯੋਗ ਤਰਮੀਮ ਦੀ ਲੋੜ ਹੈ ਉਹ ਕਰ ਦਿਆਂਗੇ। ਪਿਛਲੇ 2-3 ਸਾਲਾਂ ਵਿਚ ਅਸੀਂ ਕਈ ਹਦਾਇਤਾਂ ਜਾਰੀ ਕੀਤੀਆਂ ਹਨ। ਇਹ ਵੀ ਵਿਚਾਰ ਲਵਾਂਗੇ।

ਸ੍ਰੀ ਸਪੀਕਰ : ਮੈਂ ਸਮਝਦਾ ਹਾਂ ਕਿ ਮਨਿਸਟਰ ਸਾਹਿਬ ਨੇ ਬੜਾ ਕੰਸਟ੍ਰਕਟਿਵ/ਉਸਾਰੂ ਜਵਾਬ ਦਿੱਤਾ ਹੈ। ਇਸ ਗਲ ਦੀ ਮੈਂਬਰਜ਼ ਸਾਹਿਬਾਨ ਨੂੰ ਐਪਰੀਸੀਏਸ਼ਨ ਕਰਨੀ ਚਾਹੀਦੀ ਹੈ ਬਹੁਤ ਸਾਰੇ ਕੇਸਾਂ ਵਿਚ ਜਿਥੇ ਪੁਰਾਣੀਆਂ ਹਦਾਇਤਾਂ ਹਨ ਉਥੇ ਨਵੀਆਂ ਹਦਾਇਤਾਂ ਕਰ ਦਿਤੀਆਂ ਹਨ। ਪੰਡਿਤ ਜੀ ਨੇ ਜੋ ਵੀ ਸਵਾਲ ਕੀਤਾ ਹੈ ਉਸ ਤੇ ਵੀ ਵਿਚਾਰ ਕਰਨ ਲਈ ਕਹਿ ਦਿੱਤਾ ਹੈ।

ਸ੍ਰੀ ਰਾਮ ਪ੍ਰਕਾਸ਼ ਬਾਲੀ: ਮੈਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹਵਾਂਗਾ ਕਿ ਕੀ ਇਹ ਕੋਈ ਅਜਿਹਾ ਯਤਨ ਕਰਨਗੇ ਜਿਸ ਨਾਲ ਕਿ 2-3 ਮਹੀਨੇ ਵਿਚ ਮੁਆਵਜ਼ਾ ਮਿਲ ਜਾਵੇ ਔਰ ਦੂਸਰਾ ਜਿਹੜਾ 20% ਮੁਆਵਜ਼ਾ ਦੇਣ ਲਈ ਰੱਖਿਆ ਹੈ ਇਹ ਬਹੁਤ ਥੋੜ੍ਹਾ ਹੈ, ਇਹ ਜ਼ਿਆਦਾ ਕੀਤਾ ਜਾਵੇ ਕਿਉਂਕਿ ਅਜਿਹੇ ਕੇਸ ਜ਼ਿਆਦਾ ਹਿਲੀ ਏਰੀਆ ਔਰ ਕੰਡੀ ਏਰੀਆ ਵਿਚ ਹੀ ਹੁੰਦੇ ਰਹਿੰਦੇ ਹਨ। ਕਿਸੇ ਦਾ ਮਕਾਨ ਜਲ ਜਾਂਦਾ ਹੈ ਉਸ ਨੂੰ 1–2 ਸਾਲ ਤਕ ਮੁਆਵਜ਼ਾ ਨਹੀਂ ਮਿਲਦਾ । ਅਸੀਂ ਅਸ਼ੋਰੈਂਸ ਕਮੇਟੀ ਵਿਚ ਇਸ ਸਬੰਧ ਵਿਚ ਐਫ.ਸੀ.ਆਰ. ਵਾਲਿਆਂ ਨੂੰ ਵੀ ਪੁੱਛਿਆ ਸੀ ਉਹ ਐਗਰੀ ਵੀ ਕੀਤੇ ਸਨ ਕਿ ਪੈਸੇ ਜਲਦੀ ਦੇ ਦਿਆਂਗੇ। ਹੁੰਦਾ ਇਹ ਹੈ ਕਿ ਪਹਿਲੇ ਜ਼ਿਲ੍ਹੇ ਤੋਂ ਰਿਪੋਰਟ ਆਉਂਦੀ ਹੈ ਫਿਰ ਕਾਫੀ ਸਮੇਂ ਬਾਅਦ ਪੈਸੇ ਜਾਂਦੇ ਹਨ। ਇਸ ਲਈ ਕੀ ਕੋਈ ਐਸਾ ਯਤਨ ਕਰਨਗੇ ਜਿਸ ਨਾਲ ਕਿ ਮੌਕੇ ਤੇ ਹੀ ਜਲਦੀ ਰਾਹਤ ਮਿਲ ਸਕੇ ?

ਮੰਤਰੀ: ਮੈਂ ਪਹਿਲਾਂ ਹੀ ਕਿਹਾ ਹੈ ਕਿ ਡਿਪਟੀ ਕਮਿਸ਼ਨਰ ਤੋਂ ਜਦੋਂ ਵੀ ਮੰਗ ਆਉਂਦੀ ਹੈ ਅਸੀਂ ਗਰਾਸ ਅਮਾਊਂਟ ਉਨ੍ਹਾਂ ਦੀ ਡਿਸਪੋਜ਼ਲ ਤੇ ਰੱਖੀ ਹੁੰਦੀ ਹੈ ਉਸ ਅਮਾਊਂਟ ਵਿਚੋਂ ਉਹ ਖਰਚ ਕੇ ਬਾਅਦ ਵਿਚ ਉਹ ਹਿਸਾਬ ਦੇ ਦਿੰਦੇ ਹਨ। ਰਾਹਤ ਦੇਣ ਵਾਸਤੇ ਡਿਪਟੀ ਕਮਿਸ਼ਨਰ ਦੀ ਡਿਸਪੋਜ਼ਲ ਤੇ ਪੈਸੇ ਹੁੰਦੇ ਹਨ। ਬਾਕੀ ਅਸੀਂ ਹਦਾਇਤਾਂ ਵੀ ਜਾਰੀ ਕਰ ਦਿਆਂਗੇ ਕਿ ਜਲਦੀ ਰਾਹਤ ਦਿੱਤੀ ਜਾਵੇ।

ਸ੍ਰੀ ਰਾਮ ਪ੍ਰਕਾਸ਼ ਬਾਲੀ: ਬਾਕੀ ਜੋ 20% ਦੀ ਰਕਮ ਹੈ ਮੁਆਵਜ਼ਾ ਦੇਣ ਦੀ ਇਹ ਬਹੁਤ ਥੋੜ੍ਹੀ ਹੈ ਇਹ ਜ਼ਿਆਦਾ ਕੀਤੀ ਜਾਵੇ ਔਰ ਡਿਪਟੀ ਕਮਿਸ਼ਨਰ ਕੋਲ ਪਹਿਲੇ ਪੈਸਾ ਰਖਿਆ ਜਾਵੇ।

ਮੰਤਰੀ: ਇਹ ਤਾਂ ਮੈਂ ਪਹਿਲੇ ਕਿਹਾ ਹੈ ਕਿ ਇਹ ਹਦਾਇਤਾਂ ਤੁਹਾਡੇ ਵੇਲੇ ਦੀਆਂ ਹਨ।

Mr. Speaker : Next Question

Cases of Women burning in District Hoshiarpur

*646. **Pandit Sarwan Ram Mansowalia** : Will the Chief Minister be pleased to state—

(a) the number of women burnt alive in Hoshiarpur District during the years 1985-86 and 1986-87(todate) and the number of such cases registered with the Police ;

(b) the number of cases. out of those referred to in part(a) above in which the accused have been awarded punishment by the courts and the number of cases which are still pending in the courts ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ ਅਤੇ ਅ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

[ਮੁੱਖ ਮੰਤਰੀ]

ਤਾਰਾ ਅੰਕਿਤ ਸਵਾਲ ਨੰ: 646 ਦੇ ਭਾਗ 'ੳ' ਅਤੇ 'ਅ ਬਾਰੇ ਸੂਚਨਾ

ਸਾਲ		ਰਜਿਸਟਰ ਕੀਤੇ ਕੇਸਾਂ ਦੀ ਗਿਣਤੀ	ਅਜੇ ਜਾਂਚ ਹੇਠਾਂ ਕੇਸਾਂ ਦੀ ਗਿਣਤੀ	ਅਦਾਲਤਾਂ ਵਿਚ ਪੈਂਡਿੰਗ ਪਏ ਕੇਸਾਂ ਦੀ ਗਿਣਤੀ	ਕਨਵਿਕਟਿਡ ਕੇਸਾਂ ਦੀ ਗਿਣਤੀ
1985-86	..	4	2	2	ਨਿਲ
1986-87 (ਹੁਣ ਤਕ)	..	5	5	ਨਿਲ	ਨਿਲ

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 1985-86 ਵਿਚ 4 ਕੇਸਿਜ਼ ਰਜਿਸਟਰ ਕੀਤੇ ਗਏ ਸਨ ਜਿਨ੍ਹਾਂ ਵਿਚੋਂ 2 ਕੇਸਿਜ਼ ਪੈਂਡਿੰਗ ਪਏ ਹਨ ਅਤੇ 2 ਕੇਸਿਜ਼ ਅਦਾਲਤ ਵਿਚ ਚਲੇ ਗਏ ਹਨ ਔਰ 1986-87 ਵਿਚ 5 ਕੇਸ ਰਜਿਸਟਰ ਕੀਤੇ ਗਏ ਸਨ ਅਤੇ 5 ਕੇਸਿਜ਼ ਦੀ ਤਫਤੀਸ਼ ਚਲ ਰਹੀ ਹੈ। ਇਹ ਇਕ ਬੜਾ ਗੰਭੀਰ ਮਸਲਾ ਹੈ ਜਿਸ ਨੂੰ ਕਾਫੀ ਲਟਕਾਇਆ ਜਾਂਦਾ ਹੈ। ਕਈ ਕੇਸਿਜ਼ ਨੂੰ ਪੁਲਿਸ ਦਰਜ ਹੀ ਨਹੀਂ ਕਰਦੀ ਹੈ ਅਤੇ ਜੇਕਰ ਕੇਸ ਦਰਜ ਕੀਤਾ ਜਾਂਦਾ ਹੈ ਤਾਂ ਉਸ ਨੂੰ ਕਿਸੇ ਨਾ ਕਿਸੇ ਬਹਾਨੇ ਹਸ਼ ਅੱਪ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅੱਜ ਕੱਲ੍ਹ ਨੂੰਹਾਂ ਨੂੰ ਸਾੜਨ ਦਾ ਬਹੁਤ ਜ਼ਿਆਦਾ ਰਿਵਾਜ ਹੀ ਚਲ ਪਿਆ ਹੈ। ਕੀ ਸਰਕਾਰ ਇਸ ਪਾਸੇ ਧਿਆਨ ਦੇਵੇਗੀ ?

ਮੁੱਖ ਮੰਤਰੀ : ਸਪੀਕਰ ਸਾਹਿਬ, ਕੋਈ ਕੇਸ ਇਸ ਤਰ੍ਹਾਂ ਨੋਟਿਸ ਵਿਚ ਆਉਂਦਾ ਹੈ ਤਾਂ ਰਜਿਸਟਰ ਕੀਤਾ ਜਾਂਦਾ ਹੈ। ਇਹ ਠੀਕ ਹੈ ਕਿ ਜਲਾ ਦੇਣ ਦਾ ਇਕ ਭਿਆਨਕ ਕਿਸਮ ਦਾ ਕਰਾਈਮ ਹੈ। ਕੇਸਿਜ਼ ਰਜਿਸਟਰ ਕੀਤੇ ਜਾਂਦੇ ਹਨ, ਜਿਸ ਕਰਕੇ ਹੀ ਪਿਛਲੇ ਸਾਲ 4 ਕੇਸਿਜ਼ ਰਜਿਸਟਰ ਕੀਤੇ ਗਏ ਸਨ ਅਤੇ ਇਸ ਸਾਲ 5 ਕੇਸਿਜ਼ ਰਜਿਸਟਰ ਕੀਤੇ ਗਏ ਹਨ, ਜਿਸ ਦਾ ਵੇਰਵਾ ਮੈਂ ਆਪਣੇ ਜਵਾਬ ਵਿਚ ਦੇ ਦਿੱਤਾ ਹੈ। ਇਨ੍ਹਾਂ ਵਿਚੋਂ ਕੁਝ ਕੇਸਿਜ਼ ਰੀਸੈਂਟਲੀ ਹੋਏ ਹਨ। ਕੋਈ ਨਵੰਬਰ ਦਾ, ਕੋਈ ਅਕਤੂਬਰ ਦਾ ਅਤੇ ਕੋਈ ਅਗਸਤ ਮਹੀਨੇ ਦੇ ਕੇਸ ਹਨ। ਇਨ੍ਹਾਂ ਦੀ ਇਨਵੇਸਟੀਗੇਸ਼ਨ ਚਲ ਰਹੀ ਹੈ ਅਤੇ ਮੁਕੰਮਲ ਹੋਣ ਤੋਂ ਬਾਅਦ ਅਦਾਲਤ ਵਿਚ ਕੇਸ ਦਾਇਰ ਕਰ ਦਿੱਤਾ ਜਾਵੇਗਾ

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਕੀ ਚੀਫ ਮਨਿਸਟਰ ਸਾਹਿਬ ਥਾਣਿਆਂ ਨੂੰ ਇਹ ਹਦਾਇਤ ਜਾਰੀ ਕਰਨ ਲਈ ਤਿਆਰ ਹਨ ਤਾਕਿ ਇਨ੍ਹਾਂ ਕੇਸਿਜ਼ ਨੂੰ ਟਾਈਮ ਬਾਊਂਡ ਕੀਤਾ ਜਾ ਸਕੇ ਔਰ ਅਦਾਲਤ ਵਿਚ ਕੇਸਿਜ਼ ਦਾਇਰ ਹੋ ਸਕਣ?

ਸ੍ਰੀ ਸਪੀਕਰ : ਪੰਡਿਤ ਜੀ, ਇਹ ਕੇਸਿਜ਼ ਇਨਵੈਸਟੀਗੇਸ਼ਨ ਮੁਕੰਮਲ ਹੋਣ ਤੋਂ ਬਾਦ ਹੀ ਕੋਰਟ ਵਿਚ ਦਾਇਰ ਕੀਤੇ ਜਾਂਦੇ ਹਨ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਹ ਕੇਸਿਜ਼ ਬੜੇ ਸੀਰੀਅਸ ਨੇਚਰ ਦੇ ਹਨ। ਇਨ੍ਹਾਂ ਦੀ ਇਨਵੈਸਟੀਗੇਸ਼ਨ 2-3 ਮਹੀਨਿਆਂ ਦੇ ਵਿਚ ਖਤਮ ਹੋ ਜਾਣੀ ਚਾਹੀਦੀ ਹੈ। ਇਨ੍ਹਾਂ ਕੇਸਿਜ਼ ਨੂੰ ਟਾਈਮ ਬਾਊਂਡ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਕੇਸਿਜ਼ ਨੂੰ ਇਮੀਜੇਟਲੀ ਰਜਿਸਟਰਡ ਕਰਕੇ ਅਦਾਲਤ ਵਿਚ ਕੇਸਿਜ਼ ਪੇਸ਼ ਕਰ ਦੇਣੇ ਚਾਹੀਦੇ ਹਨ। ਕੀ ਇਸ ਤਰ੍ਹਾਂ ਦੀ ਹਦਾਇਤ ਚੀਫ ਮਨਿਸਟਰ ਸਾਹਿਬ ਦੇਣ ਦੀ ਖੇਚਲ ਕਰਨਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਬਹੁਤ ਸਾਰੇ ਕੇਸਿਜ਼ ਐਸੇ ਹੁੰਦੇ ਹਨ ਜਿਸ ਵਿਚ ਕੈਮੀਕਲ ਐਗਜ਼ਾਮੀਨਰ ਦੀ ਰਿਪੋਰਟ ਚਾਹੀਦੀ ਹੁੰਦੀ ਹੈ ਅਤੇ ਵਾਰਸਾਂ ਦੀ ਰਿਪੋਰਟ ਚਾਹੀਦੀ ਹੁੰਦੀ ਹੈ। ਕਈ ਵਾਰ ਇਨ੍ਹਾਂ ਕੇਸਿਜ਼ ਵਿਚ ਦੋ ਧੜੇ ਹੋ ਜਾਂਦੇ ਹਨ, ਇਕ ਧਿਰ ਕਹਿੰਦੀ ਹੈ ਕਿ ਲੜਕੀ ਨੂੰ ਜਲਾ ਦਿੱਤਾ ਹੈ ਅਤੇ ਦੂਸਰੀ ਧਿਰ ਕਹਿੰਦੀ ਹੈ ਕਿ ਇਹ ਸੂਆ-ਸਾਈਡ ਦਾ ਕੇਸ ਹੈ ਜਾਂ ਐਕਸੀਡੈਂਟਲ ਕੇਸ ਹੈ ਅਤੇ ਦੋਨਾਂ ਧਿਰਾਂ ਵਿਚ ਝਗੜਾ ਹੋ ਜਾਂਦਾ ਹੈ। ਕਈ ਵਾਰ ਕੋਈ ਕੇਸ ਦੀ ਇਤਲਾਹ ਮਾਂ ਬਾਪ ਵਲੋਂ ਸਲਾਹ ਮਸ਼ਵਰਾ ਕਰਦੇ ਕਰਦੇ ਲੇਟ ਹੋ ਜਾਂਦੀ ਹੈ। ਸਾਡੇ ਯਤਨ ਰਹਿਣਗੇ ਕਿ ਇਨ੍ਹਾਂ ਕੇਸਿਜ਼ ਨੂੰ ਜਲਦੀ ਤੋਂ ਜਲਦੀ ਇਨਵਸਟੀਗੇਸ਼ਨ ਕਰਵਾ ਕੇ ਅਦਾਲਤਾਂ ਵਿਚ ਚਲਾਨ ਪੇਸ਼ ਕਰ ਦਿੱਤੇ ਜਾਣ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਸੀਰੀਅਸ ਨੇਚਰ ਦੇ ਕੇਸਿਜ਼ ਨੂੰ ਟਾਈਮ ਬਾਊਂਡ ਸਰਕਾਰ ਨੂੰ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਇਕ ਗੰਭੀਰ ਕਿਸਮ ਦੇ ਕੇਸਿਜ਼ ਹੁੰਦੇ ਹਨ। ਇਕ ਤਾਂ ਲੜਕੀ ਵਾਲਿਆਂ ਦੀ ਲੜਕੀ ਜਲ ਗਈ ਹੁੰਦੀ ਹੈ ਅਤੇ ਦੂਸਰਾ ਮਾਂ ਬਾਪ ਨੂੰ ਆਪਣੀ ਲੜਕੀ ਦੇ ਕੇਸ ਲਈ ਥਾਣਿਆਂ ਦੇ ਵਿਚ ਚੱਕਰ ਕੱਟਣੇ ਪੈਂਦੇ ਹਨ ਜਿਸ ਕਰਕੇ ਉਨ੍ਹਾਂ ਨੂੰ ਬੜੀ ਪਰੇਸ਼ਾਨੀ ਹੁੰਦੀ ਹੈ। ਕੀ ਇਸ ਤਰ੍ਹਾਂ ਦੇ ਕੇਸਿਜ਼ ਨੂੰ 2-3 ਮਹੀਨਿਆਂ ਦੇ ਵਿਚ ਕੰਪਲੀਟ ਕਰਕੇ ਅਦਾਲਤਾਂ ਵਿਚ ਦਾਇਰ ਕਰ ਦੇਣਗੇ ਤਾਕਿ ਲੜਕੀ ਦੇ ਮਾਂ ਬਾਪ ਨੂੰ ਬਹੁਤੀ ਤਕਲੀਫ ਨਾ ਹੋਵੇ ?

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਕੇਸਿਜ਼ ਨੂੰ ਟਾਈਮ ਬਾਊਂਡ ਨਹੀਂ ਕੀਤੇ ਜਾ ਸਕਦੇ ਕਿਉਂਕਿ ਬਹੁਤ ਸਾਰੇ ਕੇਸਿਜ਼ ਵਿਚ ਸਰਕਮਸਟਾਂਸ਼ੀਅਲ ਐਵੀਡੈਂਸ ਦੀ ਲੋੜ ਪੈਂਦੀ ਹੈ ਅਤੇ ਉਹ ਇਕੱਠੀ ਕਰਨ ਵਿਚ ਟਾਈਮ ਲਗ ਜਾਂਦਾ ਹੈ, ਕਈ ਵਾਰ ਇਹ ਅਵੇਲੇਬਲ ਵੀ ਨਹੀਂ ਹੁੰਦੀ ਹੈ। ਕਈ ਵਾਰ ਲੜਕੀ ਨੂੰ ਘਰ ਅੰਦਰ ਹੀ ਜਲਾ ਦਿੰਦੇ ਹਨ ਅਤੇ ਕਈ ਵਾਰ ਇਲੈਕ-ਟ੍ਰਿਕ ਸ਼ਾਕ ਦੇ ਕੇ ਮਾਰਿਆ ਹੁੰਦਾ ਹੈ ਕਈ ਵਾਰ ਸਰਕਮਸਟਾਂਸ਼ੀਅਲ ਐਵੀਡੈਂਸ ਨੂੰ ਕਰੀਏਟ ਕਰਨ ਵਾਸਤੇ ਟਾਈਮ ਲਗ ਜਾਂਦਾ ਹੈ। ਇਸ ਕਰਕੇ ਇਸ ਨੂੰ ਟਾਈਮ ਬਾਊਂਡ ਨਹੀਂ ਕੀਤਾ ਜਾ ਸਕਦਾ।

Pavements of Streets and Drains in the Villages in the State

*619. **Shri Ram Kishan Kataria** : Will the Minister of State for Rural Development and Panchayats be pleased to state the names of villages blockwise in the State which have been granted funds for pavement of streets and drains during the year 1986-87 alongwith the amount so granted ?

ਸਰਦਾਰ ਬਲਦੇਵ ਸਿੰਘ ਖਿਆਲਾ : ਮੰਗੀ ਗਈ ਸੂਚਨਾ ਬਹੁਤ ਲੰਬੀ ਚੌੜੀ ਹੈ, ਇਸ ਲਈ ਸੂਚਨਾ ਇਕੱਤਰ ਕਰਨ ਉਤੇ ਲਗਣ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁਕਤ ਨਹੀਂ ਹੋਵੇਗੀ।

ਸ੍ਰੀ ਰਾਮ ਕਿਸ਼ਨ ਕਟਾਰੀਆ: : ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਇਹ ਸਾਬਿਤ ਕਰਨਾ ਚਾਹੁੰਦਾ ਹਾਂ, ਇਸ ਦੇ ਵਿਚ ਮੈਨੂੰ ਕੋਈ ਇਤਰਾਜ਼ ਨਹੀਂ ਹੈ ਕਿ ਇਨਫਰਮੇਸ਼ਨ ਨਹੀਂ ਮਿਲੀ ਹੈ ਪਰ ਫੈਕਟ ਇਹ ਹੈ ਕਿ ਮੇਰੇ ਹਲਕੇ ਵਿਚ 2 ਐਸੇ ਬਲਾਕ ਕੰਪਲੀਟ ਹਨ ਜਿਨ੍ਹਾਂ ਵਿੱਚ 200 ਪਿੰਡਾਂ ਦੀ ਹੱਦਬਸਤ ਹੋ ਚੁੱਕੀ ਹੈ ਔਰ ਤੁਸੀਂ ਬਾਕੀ ਦੇ ਜ਼ਿਲ੍ਹਿਆਂ ਦੇ ਬਲਾਕਾਂ ਦੇ ਨਾਲ ਮੁਕਾਬਲਾ ਕਰਕੇ ਵੇਖ ਲਵੋ ਮੇਰੇ ਹਲਕੇ ਦੇ ਵਿਚ ਘੱਟ ਤੋਂ ਘੱਟ ਗ੍ਰਾਂਟ ਦਿਤੀ ਗਈ ਹੈ। ਜੇਕਰ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ 20ਵੀਂ ਸਦੀ ਤੱਕ 25% ਪਿੰਡ ਹੀ ਮੇਰੇ ਹਲਕੇ ਦੇ ਕਵਰ ਹੋ ਸਕਣਗੇ। ਮੇਰੇ 2 ਬਲਾਕਾਂ ਵਿਚ ਬਲਾਚੌਰ ਅਤੇ ਸੜੋਆ ਵਿੱਚ ਗਲੀਆਂ ਅਤੇ ਨਾਲੀਆਂ ਪੱਕੀਆਂ ਕਰਨ ਲਈ ਕੀ ਇਹ ਕੋਈ ਉਪਰਾਲਾ ਕਰਨਗੇ ਤਾਕਿ ਉਥੇ ਕੰਮ ਪੂਰਾ ਹੋ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਥੋਂ ਤਕ ਬਲਾਕਾਂ ਦੀ ਗੱਲ ਹੈ, ਇਕ ਮਾਨਯੋਗ ਮੈਂਬਰ ਨੇ ਅਨਸਟਾਰਡ ਕੁਐਸਚਨ ਪਹਿਲਾਂ ਦਿੱਤਾ ਸੀ ਔਰ ਉਸ ਦਾ ਜਵਾਬ ਵੀ ਵੇਰਵੇ ਸਹਿਤ ਭੇਜ ਦਿੱਤਾ ਸੀ। ਆਬਾਦੀ ਦੇ ਲਿਹਾਜ਼ ਨਾਲ ਪਹਿਲਾਂ ਜ਼ਿਲ੍ਹਿਆਂ ਵਿਚ ਵੰਡ ਕਰਦੇ ਹਾਂ ਅਤੇ ਫਿਰ ਬਲਾਕਾਂ ਵਿਚ ਵੰਡ ਕਰਦੇ ਹਾਂ। ਸਪੀਕਰ ਸਾਹਿਬ, ਮੈਂਬਰ ਸਾਹਿਬ, ਨੂੰ ਜੇਕਰ 9 ਬਲਾਕਾਂ ਦੇ ਹਿਸਾਬ ਨਾਲ ਔਰ ਆਬਾਦੀ ਦੇ ਲਿਹਾਜ਼ ਨਾਲ ਕੋਈ ਕਮੀ ਪੇਸ਼ੀ ਹੈ ਤਾਂ ਜ਼ਰੂਰੀ ਲਿਖ ਕੇ ਦੇ ਦੇਣ ਤਾਂ ਉਸ ਚੀਜ਼ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਪਿਛਲੇ ਇਜਲਾਸ ਵਿਚ ਪ੍ਰਿੰਸੀਪਲ ਇਹ ਡੀਸਾਈਡ ਹੋਇਆ ਸੀ ਕਿ ਕੰਡੀ ਏਰੀਏ ਵਿਚ ਜਿਨ੍ਹਾਂ ਪਿੰਡਾਂ ਦੀ ਕੋਈ ਆਮਦਨ ਨਹੀਂ ਉਨ੍ਹਾਂ ਪਿੰਡਾਂ ਵਾਲਿਆਂ ਕੋਲੋਂ ਕੋਈ ਪੈਸਾ ਨਹੀਂ ਲਿਤਾ ਜਾਵੇਗਾ, ਗਲੀਆਂ ਅਤੇ ਨਾਲੀਆਂ ਨੂੰ ਪੱਕੀਆਂ ਕਰਨ ਵਾਸਤੇ, ਸਪੀਕਰ ਸਾਹਿਬ, ਇਹ ਫੈਸਲਾ ਹੋ ਗਿਆ ਸੀ। ਇਸ ਸਬੰਧੀ ਬਲਾਕ ਵਿਚ ਡਿਸਟ੍ਰਿਕਟ ਲੈਵਲ ਤੋਂ ਕੋਈ ਹਦਾਇਤ ਨਹੀਂ ਕੀਤੀ ਗਈ ਸੀ। ਕੀ ਮੰਤਰੀ ਜੀ ਹੁਣ ਜੋ ਬਜਟ ਸਮੇਂ ਐਸ਼ੋਰੈਂਸ ਦਿੱਤੀ ਗਈ ਸੀ, ਉਸ ਤੇ ਹੁਣ ਵੀ ਕੁਮਿਟਿਡ ਹਨ ਕਿ ਕੰਡੀ ਏਰੀਏ ਵਿਚ ਜਿਨ੍ਹਾਂ ਪਿੰਡਾਂ ਵਿਚ ਕੋਈ ਆਮਦਨ ਨਹੀਂ ਤਾਂ ਉਨ੍ਹਾਂ ਨੂੰ ਪੈਸਿਆਂ ਵਲੋਂ ਛੋਟ ਦਿੱਤੀ ਜਾਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਪਹਿਲੀ ਵੰਡ ਇਸ ਪ੍ਰਕਾਰ ਹੈ ਕਿ ਜਿਨ੍ਹਾਂ ਪੰਚਾਇਤਾਂ ਦੀ ਹਾਲਤ ਚੰਗੀ ਹੁੰਦੀ ਹੈ, ਉਹ 25% ਪੈਸਾ ਦਿੰਦੀਆਂ ਅਤੇ ਜਿਨ੍ਹਾਂ ਪੰਚਾਇਤਾਂ ਦੀ ਘੱਟ ਆਮਦਨ ਹੁੰਦੀ ਹੈ ਉਨ੍ਹਾਂ ਪੰਚਾਇਤਾਂ ਤੋਂ ਸਾਉਣੀ ਜਾਂ ਹਾੜੀ ਤੋਂ 12% ਜਾਂ 13% ਪੈਸਾ ਲਿਆ ਜਾਂਦਾ ਹੈ। ਜਿਨ੍ਹਾਂ ਪੰਚਾਇਤਾਂ ਦੀ ਬਿਲਕੁਲ ਵੀ ਆਮਦਨ ਨਹੀਂ ਹੁੰਦੀ ਉਨ੍ਹਾਂ ਨੂੰ 25% ਛੋਟ ਦਿਤੀ ਜਾਂਦੀ ਹੈ। ਇਹ ਵੰਡ ਪਹਿਲਾਂ ਹੀ ਹੋ ਚੁਕੀ ਹੈ। ਸਪੀਕਰ ਸਾਹਿਬ, ਜਿਨ੍ਹਾਂ ਪੰਚਾਇਤਾਂ ਦੀ ਬਿਲਕੁਲ ਹੀ ਆਮਦਨ ਨਹੀਂ ਹੁੰਦੀ, ਉਨ੍ਹਾਂ ਵਾਸਤੇ 25% ਛੋਟਾ ਦਾ ਕੋਟਾ ਰਖਿਆ ਹੋਇਆ ਹੈ।

ਸ਼੍ਰੀ ਰਾਮ ਲਾਲ : ਸਪੀਕਰ ਸਾਹਿਬ, ਜਿਨ੍ਹਾਂ ਪਿੰਡਾਂ ਨੂੰ ਗਰਾਂਟ ਦਿੱਤੀ ਜਾਂਦੀ ਹੈ, ਉਨ੍ਹਾਂ ਪੰਚਾਇਤਾਂ ਦਾ ਕੰਮ ਅਧੂਰਾ ਰਹਿ ਜਾਂਦਾ ਹੈ। ਕਈ ਸਰਪੰਚ ਮੁਲਾਜ਼ਮਾਂ ਨਾਲ ਮਿਲਕੇ ਪੈਸਾ ਹੜਪ ਕਰ ਜਾਂਦੇ ਹਨ ਅਤੇ ਬਹੁਤ ਸਾਰਾ ਕੰਮ ਗਰੀਬ ਲੋਕਾਂ ਦਾ ਰਹਿ ਜਾਂਦਾ ਹੈ (ਇਸ ਵਕਤ ਮਾਈਕ ਬੰਦ ਸੀ) ਮੈਂ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੇਰੇ ਹਲਕੇ ਦੇ ਪਿੰਡ ਭਨੌੜ ਵਿਚ 5500 ਰੁਪਏ ਦੀ ਰਕਮ ਦਿੱਤੀ ਗਈ ਜੋ ਕਿ ਮੈਂ ਸੀ.ਐਮ. ਸਾਹਿਬ ਨੂੰ ਰਿਕੁਐਸਟ ਕਰਕੇ ਲਈ ਸੀ (ਵਿਘਨ) 35 ਕੁਇੰਟਲ ਕਣਕ ਦੀ ਮਜ਼ਦੂਰੀ ਦੇਣ ਵਾਸਤੇ ਬੀ.ਡੀ.ਓ. ਰਾਜ਼ੀ ਨਹੀਂ ਹੋਇਆ। ਸਪੀਕਰ ਸਾਹਿਬ, ਉਹ ਰੁਪਿਆ ਅਤੇ ਸਾਮਾਨ ਗਾਇਬ ਹੋ ਗਿਆ। (ਵਿਘਨ)

ਸ਼੍ਰੀ ਸਪੀਕਰ : ਤੁਸੀਂ ਰਾਮ ਲਾਲ ਜੀ ਸਵਾਲ ਕਰੋ ਔਰ ਸੁਜੈਸ਼ਨ ਨਾ ਦਿਓ।

ਸ਼੍ਰੀ ਰਾਮ ਲਾਲ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਕੇਸ ਵਿਚ ਛੇ ਮਹੀਨਿਆਂ ਵਿਚ ਕੋਈ ਹਿਲਜੁਲ ਨਹੀਂ ਹੋਈ, ਕੀ ਮੰਤਰੀ ਜੀ ਇਸ ਸਬੰਧੀ ਇਨਕੁਆਇਰੀ ਕਰਵਾਉਣਗੇ ?

ਸ਼੍ਰੀ ਸਪੀਕਰ : ਤੁਸੀਂ ਕੋਈ ਸ਼ਿਕਾਇਤ ਕਰੋ।

ਰਾਜ ਮੰਤਰੀ: : ਸਪੀਕਰ ਸਾਹਿਬ, ਇਸ ਸਵਾਲ ਦਾ ਇਸ ਨਾਲ ਕੋਈ ਤੁਅਲਕ ਨਹੀਂ ਹੈ। ਪਿਛੇ ਅਖਬਾਰਾਂ ਵਿਚ ਵੀ ਕਢਵਾਇਆ ਗਿਆ ਸੀ ਕਿ ਜੇਕਰ ਕੋਈ ਪੰਚ ਅਤੇ ਸਰਪੰਚ ਬਾਰੇ ਕੋਈ ਹੇਰਾ ਫੇਰੀ ਦੀ ਸ਼ਿਕਾਇਤ ਹੈ ਤਾਂ ਦੱਸਣ। ਮੈਂਬਰ ਸਾਹਿਬ ਨੇ ਵੀ 35 ਕੁਇੰਟਲ ਕਣਕ ਦੀ ਮਜ਼ਦੂਰੀ ਦਾ ਜ਼ਿਕਰ ਕੀਤਾ ਹੈ। ਇਸ ਦਾ ਮਤਲਬ ਹੈ, ਸਪੀਕਰ ਸਾਹਿਬ, ਇਨਕੁਆਇਰੀ ਹੋਈ ਹੋਵੇਗੀ। ਇਸ ਲਈ ਮੈਂਬਰ ਸਾਹਿਬ ਲਿਖਕੇ ਦੇ ਦੇਣ ਤਾਂ ਇਨਕੁਆਇਰੀ ਕਰਾ ਲਵਾਂਗੇ।

Punjab Roadways Depot at Nangal

*596. **Shri Ram Parkash Bali** : Will the Minister of State for Transport be pleased to state whether it is a fact that the Government has decided to open a depot of Punjab Roadways at Nangal and a workshop for the said purpose is also coming up there ; if so, the time by which the said depot is likely to start functioning ?

Sardar Hardipinder Singh : Yes, Sir. No date has been fixed from which the depot would start functioning.

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਵਰਕਸ਼ਾਪ ਕੰਪਲੀਟ ਹੈ ਔਰ ਉਥੇ ਜਿਹੜਾ ਸਟਰੈਂਥਨ ਪਲੇਟਫਾਰਮ ਅਤੇ ਸੜਕ ਬਣਨੀ ਸੀ, ਬਣ ਚੁੱਕੀ ਹੈ। ਜੇ ਇਹ ਕੋਈ ਐਗਜ਼ੈਕਟ ਡੇਟ ਨਹੀਂ ਦੱਸ ਸਕਦੇ ਤਾਂ ਕੀ ਇਹ ਦੱਸ ਸਕਦੇ ਹਨ ਕਿ ਮਹੀਨੇ ਦੋ ਮਹੀਨੇ ਤੱਕ ਇਸ ਨੂੰ ਚਾਲੂ ਕਰਾ ਦਿਆਂਗੇ? ਇਹ ਡੀਪੂ 3-4 ਸਾਲ ਦਾ ਮਨਜ਼ੂਰ ਹੋਇਆ ਹੈ। ਕੀ ਕਾਰਨ ਹੈ ਕਿ ਇਹ ਫੁਲ-ਫਲੈਜਡ ਡੀਪੂ ਕਿਉਂ ਨਹੀਂ ਚਲ ਰਿਹਾ ?

ਰਾਜ ਮੰਤਰੀ : ਸਪੀਕਰ ਸਾਹਿਬ, ਸਾਢੇ ਤਿੰਨ ਏਕੜ ਦਾ ਸਾਡੇ ਕੋਲ ਏਰੀਆ ਹੈ ਜਿਥੇ ਡਿਪੂ ਚਲਣਾ ਹੈ। ਇਸ ਵੇਲੇ ਜਿਹੜਾ ਬਸ-ਸਟੈਂਡ ਹੈ, ਇਹ ਉਥੇ ਮੌਜੂਦ ਹੈ। ਮੈਂ ਮੈਂਬਰ ਸਾਹਿਬ ਨੂੰ ਕਹਾਂਗਾ ਕਿ ਇਹ ਨੋਟੀਫਾਈਡ ਏਰੀਆ ਕਮੇਟੀ ਕੋਲੋਂ ਜਿਸਨੇ ਇਹ ਸਾਢੇ ਤਿੰਨ ਏਕੜ ਜਗ੍ਹਾ ਦੇਣੀ ਹੈ, ਦੁਆ ਦੇਣ। ਜਿੰਨੀ ਜਲਦੀ ਨੋਟੀਫਾਈਡ ਏਰੀਆ ਕਮੇਟੀ ਤੋਂ ਉਥੇ ਬਸ-ਸਟੈਂਡ ਚਾਲੂ ਕਰਾ ਦੇਣਗੇ, ਉਥੇ ਡੀਪੂ ਚਾਲੂ ਕਰਾ ਦਿਆਂਗੇ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਪਿਛਲੇ ਸੈਸ਼ਨ ਵਿੱਚ ਵੀ ਇਹ ਕੁਐਸਚਨ ਕੀਤਾ ਸੀ। ਜਗ੍ਹਾ ਦੀ ਘਾਟ ਹੋਣ ਕਰਕੇ ਇਹ ਚੀਜ਼ ਨਹੀਂ ਹੈ। ਜਿੰਨੀ ਜਗ੍ਹਾ ਪਰੈਜੈਂਟਲੀ ਇਨ੍ਹਾਂ ਦੇ ਕਬਜ਼ੇ ਵਿੱਚ ਹੈ, ਉਥੇ ਡੀਪੂ ਚਲ ਸਕਦਾ ਹੈ। ਐਨੀਹਾਓ, ਜੇ ਜਗ੍ਹਾ ਹੋਰ ਚਾਹੀਦੀ ਹੈ ਤਾਂ ਮੈਂ ਇਨ੍ਹਾਂ ਨੂੰ ਕਿਹਾ ਸੀ ਕਿ ਕੋਈ ਉਥੇ ਅਫਸਰ ਭੇਜੋ ਜਾਂ ਡੇਟ ਦੇ ਦਿਓ, ਮੈਂ ਉਥੇ ਹਾਜ਼ਰ ਰਹਾਂਗਾ, ਕਮੇਟੀ ਵਲੋਂ ਜਾਂ ਭਾਖੜਾ ਮੈਨੇਜਮੈਂਟ ਬੋਰਡ ਵਲੋਂ ਕੋਈ ਡਿਸਪਿਊਟ ਨਹੀਂ ਹੋਣ ਦਿਆਂਗਾ। ਇਹ ਜਗ੍ਹਾ ਮਾਰਕ ਕਰਵਾ ਦੇਣ। ਕੀ ਇਹ ਕੋਈ ਅਫਸਰ ਭੇਜ ਕੇ ਜਲਦੀ ਜ਼ਮੀਨ ਲੈ ਕੇ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਡੀ.ਸੀ. ਰੋਪੜ ਨਾਲ ਪਿਛੇ ਜਿਹੇ ਗੱਲ ਕੀਤੀ ਸੀ। ਉਨ੍ਹਾਂ ਨੇ ਕੁਝ ਦਿਨਾਂ ਦਾ ਟਾਈਮ ਮੰਗਿਆ ਹੈ। ਜਿਹੜਾ ਕੰਪਲੈਕਸ ਸਾਢੇ ਤਿੰਨ ਏਕੜ ਦਾ ਹੈ, ਉਸ ਦੇ ਵਿੱਚ 15 ਲੱਖ ਤੋਂ ਜ਼ਿਆਦਾ ਰੁਪਿਆ ਲਾ ਚੁੱਕੇ ਹਾਂ। ਬਸ ਸਟੈਂਡ ਉਥੋਂ ਸ਼ਿਫਟ ਹੋ ਜਾਵੇ, ਵੱਖਰੀ ਜਗ੍ਹਾ ਤੇ ਹੋ ਜਾਵੇ। ਅਸੀਂ ਜ਼ਿਆਦਾ ਐਂਕਸ਼ੀਅਸ ਹਾਂ ਕਿ ਡੀਪੂ ਜਲਦੀ ਤੋਂ ਜਲਦੀ ਚਾਲੂ ਹੋ ਜਾਵੇ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਡੀਪੂ ਤਾਂ ਬਣਾਉਣ ਲਗੇ ਹਨ। ਕੀ ਉਥੇ ਬੱਸਾਂ ਟੁਟੀਆਂ ਫਟੀਆਂ ਭੇਜਣਗੇ ਜਾਂ ਨਵੀਆਂ ਬੱਸਾਂ ਭੇਜਣਗੇ ? ਕੀ ਇਨ੍ਹਾਂ ਕੋਲ ਪੈਸੇ ਹਨ ?

ਸ਼੍ਰੀ ਸਪੀਕਰ : ਤੁਸੀਂ ਬੈਠੋ ਜੀ। ਹਾਲੇ ਡੀਪੂ ਤਾਂ ਚਾਲੂ ਹੋ ਲੈਣ ਦਿਓ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮੈ ਪੁੱਛਾਂਗਾ ਕਿ ਲੁਧਿਆਣੇ ਦੇ ਅੰਦਰ ਜਿਹੜਾ ਬਸ ਸਟੈਂਡ ਸ਼ਹਿਰ ਦੇ ਅੰਦਰ ਹੈ, in the heart of city ਉਸ ਦੇ ਬਾਰੇ ਮੈਂ ਪਿਛਲੇ ਸੈਸ਼ਨ ਵਿੱਚ ਵੀ ਪੁਛਿਆ ਸੀ ਕਿ ਕੀ ਉਸ ਨੂੰ ਸ਼ਹਿਰ ਤੋਂ ਬਾਹਰ ਕੱਢਣ ਦੀ ਕੋਈ ਪਲਾਨ ਹੈ। ਸੀ.ਐਮ. ਸਾਹਿਬ ਨੇ ਕਿਹਾ ਸੀ ਕਿ ਇਸ ਤੇ ਵਿਚਾਰ ਕਰਾਂਗੇ। ਕੀ ਹੁਣ ਇਨ੍ਹਾਂ ਨੇ ਵਿਚਾਰ ਕਰਕੇ ਕੋਈ ਪਲਾਨ ਬਣਾਈ ਹੈ ਕਿ ਇਹ ਬਸ ਸਟੈਂਡ ਜਿਹੜਾ ਸ਼ਹਿਰ ਦੇ ਅੰਦਰ ਹੈ, ਉਸ ਨੂੰ ਸ਼ਹਿਰ ਤੋਂ ਬਾਹਰ ਲਿਜਾਇਆ ਜਾਵੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਸੈਪਰੇਟ ਮੈਟਰ ਹੈ। ਇਸ ਦੇ ਬਾਰੇ ਨੋਟਿਸ ਦੇ ਦੇਣ। ਇਸ ਤੇ ਖਿਆਲ ਕੀਤਾ ਜਾਵੇਗਾ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਕੀ ਕੋਈ ਨਵਾਂ ਡੀਪੂ ਖੋਲ੍ਹਣ ਦੇ ਨਾਲ ਇਹ ਵੀ ਮੰਤਵ ਨਹੀਂ ਹੁੰਦਾ ਕਿ ਨਾਲ ਦੇ ਇਲਾਕਿਆਂ ਨੂੰ ਲੋਕਲ ਬਸ ਸਰਵਿਸ ਮਿਲ ਜਾਵੇ ? ਅਗਰ ਐਸਾ ਹੈ ਤਾਂ ਰੋਪੜ ਦਾ ਬਸ ਡੀਪੂ ਮੇਰੇ ਇਲਾਕੇ ਤੋਂ 2 ਕਿਲੋਮੀਟਰ ਤੇ ਹੈ। ਪਰ ਕੋਈ ਲੋਕਲ ਬਸ ਨਹੀਂ ਜਾਂਦੀ। ਇਕ ਮਨਜ਼ੂਰ ਕੀਤੀ ਸੀ ਜਿਹੜੀ ਕਿ ਪਿਛਲੇ 12 ਸਾਲ ਤੋਂ ਐਕਸ ਐਮ. ਐਲ. ਏ. ਦੇ ਪਿੰਡ ਨੂੰ ਜਾਂਦੀ ਸੀ, ਹੁਣ ਉਹ ਵੀ ਬੰਦ ਕਰ ਦਿੱਤੀ ਗਈ ਹੈ, ਕੀ ਇਹ ਕੋਈ ਹਦਾਇਤ ਕਰਕੇ ਨਾਲ ਲਗਦੇ ਇਲਾਕਿਆਂ ਨੂੰ ਲੋਕਲ ਬਸ ਸਰਵਿਸ ਪ੍ਰੋਵਾਈਡ ਕਰਾਉਣ ਦੀ ਖੇਚਲ ਕਰਨਗੇ ?

ਰਾਜ ਮੰਤਰੀ : ਲੋਕਲ ਬਸ ਸਰਵਿਸ ਦੀ ਪ੍ਰੋਵੀਜ਼ਨ ਮਿਉਂਸਪਲ ਕਮੇਟੀ ਜਾਂ ਕਾਰਪੋਰੇਸ਼ਨ ਦੇ ਕੋਲ ਹੈ। ਲੋਕਲ ਬਸ ਸਰਵਿਸ ਦੀ ਪ੍ਰੋਵੀਜ਼ਨ ਸਾਡੇ ਕੋਲ ਨਹੀਂ। ਟਰਾਂਸਪੋਰਟ ਡਿਪਾਰਟਮੈਂਟ ਕੋਲ ਮਿਨੀ ਬਸ ਸਰਵਿਸ ਹੈ। ਮੈਂ ਸਾਰੇ ਐਮ. ਐਲ. ਏਜ਼. ਅਤੇ ਵਜ਼ੀਰ ਸਾਹਿਬਾਨ ਨੂੰ ਲਿਖਿਆ ਸੀ ਕਿ ਉਹ ਆਈਡੈਂਟੀਫਾਈ ਕਰਨ, ਤਾਂ ਅਸੀਂ ਰੂਟਸ ਬਾਰੇ ਸਰਵੇ ਕਰਵਾ ਕੇ ਪਬਲਿਸ਼ ਕਰਾ ਦਿਆਂਗੇ ਤੇ ਬਸਾਂ ਚਲਾ ਸਕਾਂਗੇ।

Posts of C.P.Ed. Teachers in District Ropar

*611. **Comrade Mehtab Singh** : Will the Chief Minister be pleased to state—

(a) the year-wise number of sanctioned posts of C.P.Ed. Teachers from the year 1982 to date in district Ropar;

(b) the number of posts out of these referred to in part (a) above which are lying vacant at present together with the step being taken to fill up the same ?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) : (ੳ) ਸਾਲ 1982 ਤੋਂ 1986 ਤੱਕ ਮਨਜ਼ੂਰ ਸ਼ੁਦਾ ਸੀ. ਪੀ. ਐਡ. ਅਧਿਆਪਕਾਂ ਦੀ ਆਸਾਮੀਆਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਕੋਈ ਆਸਾਮੀ ਖਾਲ੍ਹੀ ਨਹੀਂ ਹੈ ਜੀ ।

ਸਾਲ 1982 ਤੋਂ 1986 ਤੱਕ ਮਨਜ਼ੂਰ ਸ਼ੁਦਾ ਆਸਾਮੀਆਂ ਦੀ ਸੂਚੀ।

ਸਾਲ		ਆਸਾਮੀਆਂ ਦੀ ਗਿਣਤੀ
1982	...	147
1983	...	147
1984	...	148
1985	...	148
1986	..	148

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ 1987-88 ਵਿਚ ਸੀ.ਪੀ.ਐਡ ਦੀ ਕੋਈ ਆਸਾਮੀ ਵਧਾਈ ਹੈ ?

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਵੈਸੇ ਵੀ ਪਿਛੇ ਜਿਹੇ ਗਿਣਤੀ ਵਧਾਈ ਗਈ ਹੈ ਜਿਵੇਂ ਕਿ 1981-82 ਵਿਚ 145 ਪੋਸਟਾਂ ਸੀ ਫਿਰ ਦੋ ਸਕੂਲ ਅਪਗਰੇਡ ਹੋਏ ਜਿਸ ਕਰਕੇ 1982-83 ਵਿਚ 147 ਦੀ ਗਿਣਤੀ ਹੋ ਗਈ। 1983-84 ਵਿਚ ਇਕ ਸਕੂਲ ਹੋਰ ਅਪਗਰੇਡ ਹੋਇਆ। ਹੁਣ ਵੀ ਜਦੋਂ ਸਕੂਲ ਅਪਗਰੇਡ ਹੋਣਗੇ ਗਿਣਤੀ ਉਸ ਮੁਤਾਬਿਕ ਵੱਧ ਜਾਏਗੀ।

ਕਾਮਰੇਡ ਮਹਿਤਾਬ ਸਿੰਘ : 1984 ਤੋਂ ਬਾਅਦ ਕੀ ਕੋਈ ਸਕੂਲ ਅਪਗਰੇਡ ਹੋਇਆ ਹੈ ?

ਮੰਤਰੀ : 1984 ਤੋਂ ਬਾਅਦ ਕੋਈ ਵੀ ਪੋਸਟ ਜ਼ਿਲ੍ਹਾ ਰੋਪੜ ਵਾਸਤੇ ਸੈਂਕਸ਼ਨ ਨਹੀਂ ਹੋਈ।

Collapse of the Roof of a Model School Building in Nawanshahr

*629. **Professor Kumari Susheel Mahajan** : Will the Chief Minister be pleased to state—

(a) whether it is a fact that the roof of a Model School Building collapsed in the recent past at Nawanshahr, District Jalandhar if so, the number of children/staff died as a result thereof ;

(b) the details of compensation paid/proposed to be paid to the heirs/parents of the victims;

(c) whether the Government proposed to take steps to check such recurrences ; if so, the details thereof?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) : (ੳ) ਨਹੀਂ ਜੀ । ਨਾਲ ਦੀ ਇਮਾਰਤ ਦੀ ਛੱਤ ਤੇ ਸਾਂਝੀ ਦੀਵਾਰ ਡਿੱਗ ਗਈ । ਇਹ ਇੱਕ ਪ੍ਰਾਈਵੇਟ, ਗੈਰ ਮਾਨਤਾ ਤੇ ਅਨ-ਏਡਿਡ ਸਕੂਲ ਹੈ । ਸਕੂਲ ਦੇ ਦੋ ਅਧਿਆਪਕ ਤੇ 17 ਬੱਚੇ ਦੱਸੇ ਗਏ ਹਨ ।

(ਅ) 25 ਹਜ਼ਾਰ ਰੁਪਏ ਹਰ ਇੱਕ ਅਧਿਆਪਕ ਦੇ ਵਾਰਸ ਨੂੰ ਡਿਪਟੀ ਕਮਿਸ਼ਨਰ ਨੇ ਦਿਤੇ ।

(ੲ) ਸਰਕਾਰ ਦਾ ਪ੍ਰਾਈਵੇਟ ਗੈਰ-ਮਾਨਤਾ ਪ੍ਰਾਪਤ ਸਕੂਲਾਂ ਤੇ ਕੋਈ ਕੰਟਰੋਲ ਨਹੀਂ ਹੈ । ਸਾਰੇ ਮੌਜੂਦਾ ਸਕੂਲਾਂ ਦੀਆਂ ਬਿਲਡਿੰਗਾਂ ਦਾ ਸਰਵੇਖਣ ਕਰਨ ਸੰਬਧੀ ਯਤਨ ਕੀਤੇ ਜਾ ਰਹੇ ਹਨ ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈ ਤੁਹਾਡੇ ਰਾਹੀਂ ਮਾਨਯੋਗ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਨਵਾਂਸ਼ਹਿਰ ਵਿਚ ਸਿਰਫ ਛੱਤ ਗਿਰਣ ਦਾ ਸਵਾਲ ਨਹੀਂ ਹੈ ਔਰ ਉਸ ਵਿਚ ਆ ਕੇ ਬੱਚੇ ਅਤੇ 2 ਅਧਿਆਪਕ ਦੇ ਮਰਨ ਦਾ ਸਵਾਲ ਨਹੀਂ ਹੈ ਬਲਕਿ ਉਸ ਵਿਚ ਬੜਾ ਭਾਰੀ ਭੇਦ ਖੁਲ੍ਹਿਆ ਹੈ। ਸ਼ਹੀਦ ਮਲਕੀਅਤ ਸਿੰਘ ਜੋ ਕਿ ਉਥੇ 8 ਰਪਏ ਰੋਜ਼ ਤੇ ਦਿਹਾੜੀ ਤੇ ਕੰਮ ਕਰਦਾ ਸੀ, ਕੀ ਸਰਕਾਰ ਨੇ ਉਹ ਹਾਦਸਾ ਦੇਖ ਕੇ ਕੋਈ ਪਲਾਨ ਐਸਾ ਬਣਾਇਆ ਹੈ ਜਿਸ ਨਾਲ ਕਿ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ ? ਕੀ ਇਸ ਲਈ ਕੋਈ ਰਾਹ ਕੱਢਿਆ ਹੈ ? ਉਸ ਦਿਨ ਸਿਰਫ ਪੰਜਾਬ ਵਿਚ ਹੀ ਨਹੀਂ ਬਲਕਿ ਜਿਥੇ ਜਿਥੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਔਰ ਵਿਦੇਸ਼ ਵਿਚ ਵੀ ਜਿਥੇ ਜਿਥੇ ਇਹ ਖਬਰ ਪੜ੍ਹੀ ਗਈ ਉੱਥੇ ਉੱਥੇ ਮਾਂ ਦੇ ਅੱਖਾਂ ਵਿਚੋ ਅੱਥਰੂ ਆਏ ਬਗੈਰ ਨਹੀਂ ਰਹਿ ਸਕੇ। ਮੈਂ ਇਹ ਵੀ ਕਹਾਂਗੀ ਕਿ ਉਸ ਸਕੂਲ ਦੀ ਮਨੇਜਮੈਂਟ ਤੇ ਕੀ ਕੋਈ ਐਕਸ਼ਨ ਲਿਆ ਗਿਆ ਜਦ ਕਿ ਨਾਲ ਦੀ ਬਿਲਡਿੰਗ ਵਾਲਿਆਂ ਨੇ ਵਾਰ-ਨਿੰਗ ਦਿਤੀ ਸੀ ਕਿ ਅਸੀਂ ਆਪਣੀ ਕੰਧ ਢਾਉਣ ਲਗੇ ਹਾਂ ? ਸਾਡੇ ਨੌਜਵਾਨ ਐਮ. ਏ. ਪੜ੍ਹੇ ਲਿਖੇ ਉਥੇ 8 ਰੁਪਏ ਰੋਜ਼ ਤੇ ਦਿਹਾੜੀ ਕਰਦਾ ਸੀ ਔਰ ਆਪਣੇ ਬੁਢੇ ਮਾਂ ਬਾਪ ਨੂੰ ਪਾਲਦਾ ਸੀ। ਪੜ੍ਹਾਈ ਲਿਖਾਈ ਦਾ ਉਹ ਫਾਇਦਾ ਨਹੀਂ ਉਠਾ ਸਕਿਆ। ਅਜਿਹੇ ਪੜ੍ਹੇ ਲਿਖੇ ਨੌਜਵਾਨਾਂ ਵਾਸਤੇ ਸਰਕਾਰ ਨੇ ਕੀ ਕੀਤਾ ਹੈ ? (ਵਿਘਨ)

ਸ੍ਰੀ ਸਪੀਕਰ : ਤੁਸੀਂ ਸਵਾਲ ਕਰੋ ।

ਵਿੱਤ ਮੰਤਰੀ : ਬੀਬੀ ਜੀ ਨੇ ਜਿਹੜਾ ਲੈਕਚਰ ਕੀਤਾ ਹੈ ਔਰ ਸਵਾਲ ਨਹੀਂ ਕੀਤਾ ਸੀ, ਉਸ ਲਈ ਸਾਨੂੰ ਨਵਾਂ ਸ਼ਹਿਰ ਦੇ ਇਨਸੀਡੈਂਟ ਵਾਸਤੇ ਬੜਾ ਭਾਰੀ ਅਫਸੋਸ ਹੈ। ਮੈਂ ਗਵਰਨਰ ਸਾਹਿਬ ਨਾਲ ਆਪ ਮੌਕੇ ਤੇ ਗਿਆ ਸੀ। ਸ੍ਰੀ ਮਲਕੀਅਤ ਸਿੰਘ ਉਨ੍ਹਾਂ ਦੇ ਨਾਲ ਇੱਕ ਸਕੂਲ ਟੀਚਰ ਲੇਡੀ ਇਨ੍ਹਾਂ ਦੋਵਾਂ ਨੇ ਬੜੀ ਬਹਾਦਰੀ ਨਾਲ 13-14 ਬੱਚਿਆਂ ਨੂੰ ਢੇਰ ਵਿਚੋਂ ਕਢਿਆ ਔਰ ਉਨ੍ਹਾਂ ਨੂੰ ਬਚਾਉਂਦਿਆਂ ਹੋਇਆਂ ਆਪ ਸ਼ਹੀਦ ਹੋ ਗਏ । ਗੌਰਮਿੰਟ ਇਸ ਬਾਰੇ ਬੜੇ ਧਿਆਨ ਨਾਲ ਸੋਚ ਰਹੀ ਹੈ। ਪੰਜਾਬ ਵਿਚ ਛੋਟੇ ਛੋਟੇ ਪਬਲਿਕ ਸਕੂਲ ਪੈਦਾ ਹੋ ਰਹੇ ਹਨ ਔਰ ਇਹ ਛੋਟੀਆਂ ਛੋਟੀਆਂ ਦੁਕਾਨਾਂ ਬਣਦੀਆਂ ਜਾ ਰਹੀਆਂ ਹਨ। ਇਹ ਸਕੂਲ ਮਕਾਨਾਂ ਵਿਚ ਬਣਦੇ ਹਨ ਜੋ ਕਿ ਸਹੀ ਜਗ੍ਹਾ ਨਹੀਂ ਹੈ। ਗੌਰਮਿੰਟ ਸੀਰੀਅਸਲੀ ਸੋਚ ਰਹੀ ਹੈ ਕਿ ਇਸ ਲਈ ਇਕ ਲੈਜਿਸਲੇਸ਼ਨ ਲਿਆਂਦੀ ਜਾਏ (ਥੰਪਿੰਗ)। ਔਰ ਇਨ੍ਹਾਂ ਨੂੰ ਆਰਗੇਨਾਈਜ਼ ਕੀਤਾ ਜਾਵੇ ਅਤੇ ਇਨ੍ਹਾਂ ਨੂੰ ਪ੍ਰਾਪਰ ਢੰਗ ਨਾਲ ਚਲਾਇਆ ਜਾਵੇ। ਜਿਥੋਂ ਤੱਕ ਮਲਕੀਅਤ ਸਿੰਘ ਦਾ ਸਵਾਲ ਹੈ, ਗੌਰਮਿੰਟ

ਨੇ ਉਨ੍ਹਾਂ ਨੂੰ ਐਕਸ-ਗ੍ਰੇਸ਼ੀਆ ਗਰਾਂਟ ਵੀ ਭੇਜੀ ਹੈ। ਉਨ੍ਹਾਂ ਦੀ ਮਦਰ ਅੰਨ੍ਹੀ ਹੈ। ਸਰਦਾਰ ਦਿਲਬਾਗ ਸਿੰਘ ਨੇ ਕਾਫੀ ਉਨ੍ਹਾਂ ਦੀ ਮੱਦਦ ਕਰਵਾਈ ਹੈ। ਗੌਰਮਿੰਟ ਸੋਚਦੀ ਹੈ ਕਿ ਉਨ੍ਹਾਂ ਦੀ ਮਦਰ ਨੂੰ ਪੈਨਸ਼ਨ ਵੀ ਦਿੱਤੀ ਜਾਵੇ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਤਾਂ ਇਤਨੀ ਬੇਨਤੀ ਕਰਨੀ ਹੈ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਦੱਸਿਆ ਹੈ ਕਿ ਅਸੀਂ ਕੁਝ ਕਰ ਰਹੇ ਜਿਹੜੇ ਸਕੂਲ ਨਵੇਂ ਖੁਲ੍ਹ ਰਹੇ ਹਨ ਕੀ ਕੋਈ ਐਸੀ ਪਲਾਨ ਬਣਾਉਣਗੇ, ਕਿਉਂਕਿ ਇਕ ਇਕ ਕਮਰੇ ਵਿਚ 80 ਬੱਚੇ ਹੁੰਦੇ ਹਨ ਕੋਈ ਕਮਰੇ ਹਵਾਦਾਰ ਹੋਣ । ਉਨ੍ਹਾਂ ਦੀਆਂ ਗਰਾਊਂਡਜ਼ ਹੋਣ। ਬਾਕੀ ਸਾਰੀਆਂ ਫੈਸਿਲਿਟੀਜ਼ ਹੋਣ ਅਤੇ ਫਿਰ ਉਹ ਗੌਰਮਿੰਟ ਦੀ ਇਜਾਜ਼ਤ ਲੈ ਕੇ ਸਕੂਲ ਖੋਲ੍ਹਣ ?

ਮੰਤਰੀ : ਇਹ ਮੈਂ ਦੱਸਿਆ ਹੈ ਕਿ ਅਸੀਂ ਇਸ ਕਿਸਮ ਦੀ ਕਮੇਟੀ ਬਣਾ ਰਹੇ ਹਾਂ ਜਿਹੜੀ ਇਸ ਚੀਜ਼ ਦਾ ਪੂਰਾ ਧਿਆਨ ਰੱਖੇਗੀ ਕਿ ਠੀਕ ਕਿਸਮ ਦੀਆਂ ਬਿਲਡਿੰਗਜ਼ ਹੋਣ ਸਪੈਸੀਫੀਕੇਸ਼ਨ ਮੁਕੱਰਰਾ ਦੇ ਮੁਤਾਬਿਕ ਅਤੇ ਐਜੂਕੇਸ਼ਨ ਡਿਪਾਰਟਮੈਂਟ ਦੀ ਮਨਜ਼ੂਰੀ ਦੇ ਨਾਲ ਸਕੂਲ ਖੋਲ੍ਹੇ ਜਾਣ।

ਡਾਕਟਰ ਕੇਵਲ ਕ੍ਰਿਸ਼ਨ : ਮੈਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ, ਬੜੀ ਅੱਛੀ ਗਲ ਉਨ੍ਹਾਂ ਨੇ ਕਹੀ ਹੈ ਕਿ ਅਸੀਂ ਲੈਜਿਸਲੇਸ਼ਨ ਲਿਆਉਣ ਵਾਸਤੇ ਸੀਰੀਅਸਲੀ ਵਿਚਾਰ ਕਰ ਰਹੇ ਹਾਂ, ਨੈਕਸਟ ਸੈਸ਼ਨ ਤਾਂ ਅਪ੍ਰੈਲ ਵਿਚ ਸ਼ੁਰੂ ਹੋ ਜਾਣਾ ਹੈ ਅਤੇ ਪ੍ਰਾਈਵੇਟ ਸਕੂਲ ਮਸ਼ਰੂਮਜ਼ ਦੀ ਤਰ੍ਹਾਂ ਫੈਲਣੇ ਸ਼ੁਰੂ ਹੋ ਜਾਣਗੇ, ਇਸ ਲਈ ਜੇ ਇਹ ਲੈਜਿਸਲੇਸ਼ਨ ਜਲਦੀ ਨਹੀਂ ਲਿਆ ਸਕਣਗੇ ਤਾਂ ਕੀ ਇਹ ਆਰਡੀਨੈਂਸ ਇਸ਼ੂ ਕਰਕੇ ਇਸ ਦਾ ਇੰਤਜ਼ਾਮ ਕਰਨਗੇ ?

ਮੰਤਰੀ : ਅਸੀਂ ਕੋਸ਼ਿਸ਼ ਕਰਾਂਗੇ ਕਿ ਬੜੀ ਜਲਦੀ ਹੋ ਜਾਵੇ ਫਿਰ ਵੀ ਅਗਰ ਜ਼ਰੂਰਤ ਹੋਈ ਤਾਂ ਆਰਡੀਨੈਂਸ ਕਰ ਦਿਆਂਗੇ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Works under Basti Sudhar Scheme at Village Pojewal

*618. **Shri Ram Kishan Kataria :** Will the Chief Minister be pleased to state—

(a) whether it is a fact that the work under Basti Sudhar Scheme at Village Pojewal in Saroa Bock of District Hoshiarpur remained incomplete for want of more funds ;

(b) if the reply to part (a) above be in the affirmative the time by which the remaining work is likely to be completed ?

ਸਰਦਾਰ ਦਲੀਪ ਸਿੰਘ ਪਾਂਧੀ (ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ) : (ੳ) ਹਾਂ ਜੀ ।

(ਅ) ਫੰਡਜ਼ ਦੀ ਸਥਿਤੀ ਅਤੇ ਕੰਮ ਦੀ ਯੋਗਤਾ ਨੂੰ ਮੱਦੇ ਨਜ਼ਰ ਰੱਖਦੇ ਹੋਇਆ ਸਾਲ 1987-88 ਵਿਚ ਮੁਕੰਮਲ ਕਰਨ ਲਈ ਵਿਚਾਰ ਕੀਤਾ ਜਾਵੇਗਾ ।

Vimukat Jattis in the State

*635. **Shri Harnam Dass Johar, Advocate** : Will the Chief Minister be pleased to state—

(a) whether the Government has data about the population of the denotified tribes or ex-criminal tribes now called as Vimukat Jattis in the State ; if so, the details thereof

(b) the steps taken or proposed to be taken by the Government for their economic development :

(c) whether the Government proposes to provide reservation in Government Services for them ?

ਸਰਦਾਰ ਦਲੀਪ ਸਿੰਘ ਪਾਂਧੀ (ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ) : (ੳ) ਵਿਮੁਕਤ ਜਾਤੀਆਂ ਵਿਚੋਂ ਜਿਹੜੀਆਂ ਜਾਤੀਆਂ ਅਨੁਸੂਚਿਤ ਜਾਤੀਆਂ ਦੀ ਲਿਸਟ ਵਿੱਚ ਸ਼ਾਮਲ ਹਨ ਉਨ੍ਹਾਂ ਦੀ ਆਬਾਦੀ ਦੇ ਅੰਸ਼ਿਕ ਅੰਕੜੇ 1971 ਦੀ ਮਰਦਮਸ਼ੁਮਾਰੀ ਅਨੁਸਾਰ 86,656 ਹਨ । ਦੂਸਰੀਆਂ ਵਿਮੁਕਤ ਜਾਤੀਆਂ ਦੀ ਆਬਾਦੀ ਦੇ ਅੰਕੜੇ ਉਪਲਬਧ ਨਹੀਂ ਹਨ ।

(ਅ) ਵਿਮੁਕਤ ਜਾਤੀਆਂ ਵਿੱਚੋਂ ਜਿਹੜੀਆਂ ਜਾਤੀਆਂ ਅਨੁਸੂਚਿਤ ਜਾਤੀਆਂ ਜਾਂ ਪਛੜੀਆਂ ਸ਼੍ਰੇਣੀਆਂ ਵਿੱਚ ਸ਼ਾਮਲ ਹਨ ਉਹੋ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਆਰਥਕ ਵਿਕਾਸ ਲਈ ਬਣਾਈਆਂ ਗਈਆਂ ਸਕੀਮਾਂ ਦਾ ਲਾਭ ਪ੍ਰਾਪਤ ਕਰ ਰਹੀਆਂ ਹਨ ।

(ੲ) ਨਹੀਂ ਜੀ ।

Mr. Speaker : Call Attention Notices. Shri Ram Parkash Bali.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੇਰੀਆਂ ਦੋ ਕਾਲ ਅਟੈਨਸ਼ਨ ਮੋਸ਼ਨਜ਼ ਸਨ, ਉਨ੍ਹਾਂ ਦਾ ਅਜੇ ਤੱਕ ਮੇਰੇ ਕੋਲ ਕੋਈ ਜਵਾਬ ਨਹੀਂ ਆਇਆ ।

ਸ੍ਰੀ ਸਪੀਕਰ : ਤੁਸੀ ਚੈਂਬਰ ਵਿਚ ਆ ਜਾਣਾ, ਮੈਂ ਤਹਾਨੂੰ ਦੱਸ ਦਿਆਂਗਾ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਇਕ ਚੀਫ ਜਸਟਿਸ ਬੈਂਸ ਕਮੇਟੀ ਦੀ ਰਿਪੋਰਟ ਬਾਰੇ ਬੜਾ ਇੰਪਾਰਟੈਂਟ ਮਸਲਾ ਹੈ ।

Mr. Speaker : That is under my examination. I will let you know.

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਇਜਾਜ਼ਤ ਨਾਲ ਹਾਊਸ ਦੇ ਸਾਹਮਣੇ ਬਹੁਤ ਵਡਾ ਮਸਲਾ ਲਿਆਉਣਾ ਚਾਹੁੰਦਾ ਹਾਂ ਕਿ ਗੌਰਮਿੰਟ ਦੇ ਨਾਲ, ਸ਼ਡਿਊਲਡ ਕਾਸਟਸ ਕਮਿਊਨਿਟੀ ਨਾਲ ਬੜਾ ਫਰਾਡ ਹੋਇਆ ਹੈ। ਇਹ ਫਰਾਡ ਮੈਂ ਹਾਊਸ ਦੇ ਸਾਹਮਣੇ ਰੱਖਣਾ ਚਾਹੁੰਦਾ ਹਾਂ। ਸ੍ਰੀ ਪ੍ਰੀਤਮ ਸਿੰਘ ਔਲਖ, ਐਗਜ਼ੈਕਟਿਵ ਇੰਜੀਨੀਅਰ, ਪੀ. ਡਬਲਿਊ. ਡੀ. (ਬੀ. ਐਂਡ ਆਰ.) ਡਿਸਟ੍ਰਿਕਟ ਗੁਰਦਾਸਪੁਰ ਵਿਚ ਕੰਮ ਕਰ ਰਿਹਾ ਹੈ। ਉਹ ਰਾਮਗੜ੍ਹੀਆ ਕਮਿਊਨਿਟੀ ਨੂੰ ਬੀਲੌਂਗ ਕਰਦਾ ਹੈ ਲੇਕਿਨ ਉਸ ਨੇ ਜਿਹੜਾ ਇੰਜੀਨੀਅਰਿੰਗ ਦਾ ਕੋਰਸ ਕੀਤਾ ਉਹ ਮਜ਼ਹਬੀ ਸਿੱਖ, ਸ਼ਡਿਊਲਡ ਕਾਸਟ ਬਣ ਕੇ ਕੀਤਾ। ਇਸ ਬਾਰੇ ਪ੍ਰਮਾਣ ਮੇਰੇ ਪਾਸ ਹੈ। ਉਸ ਨੇ ਸ਼ਡਿਊਲਡ ਕਾਸਟ ਬਣ ਕੇ ਕੋਰਸ ਕੀਤਾ। ਸਪੀਕਰ ਸਾਹਿਬ, ਵਰਕਰਾਂ ਦੀ ਇਕ ਕਮੇਟੀ ਜਿਹੜੀ ਬਣੀ ਹੋਈ ਹੈ, ਉਨ੍ਹਾਂ ਨੇ ਪੀ. ਡਬਲਿਯੂ. ਡੀ. ਮੰਤਰੀ ਨੂੰ ਰਿਟਨ ਦਰਖਾਸਤ ਦਿੱਤੀ ਸੀ ਜਿਹੜੀ ਕਿ ਉਨ੍ਹਾਂ ਨੇ ਫਾਈਲ ਕਰ ਦਿੱਤੀ ਅਤੇ ਇਹ ਕਹਿ ਕੇ ਫਾਈਲ ਕਰ ਦਿੱਤੀ ਕਿ ਇਹ ਸਪੈਸੀਫਿਕ ਆਦਮੀ ਜਾਂ ਡੀਪਾਰਟਮੈਂਟ ਵਲੋਂ ਨਹੀਂ ਆਈ। ਇਸ ਦਾ ਮੇਰੇ ਕੋਲ ਪ੍ਰਮਾਣ ਹੈ। ਇਕ ਗੱਲ ਹੋਰ ਮੈਂ ਤੁਹਾਡੇ ਸਾਹਮਣੇ ਰੱਖਣੀ ਚਾਹੁੰਦਾ ਹਾਂ ਕਿ ਉਹ ਸ਼ਡਿਊਲਡ ਕਾਸਟ ਕਿਸ ਤਰ੍ਹਾਂ ਬਣਿਆ ? ਆਮ ਤੌਰ ਤੇ ਸ਼ਡਿਊਲਡ ਕਾਸਟ ਦਾ ਸਰਟੀਫੀਕੇਟ ਐਸ.ਡੀ.ਐਮ. ਦੀ ਤਰਫੋਂ ਜੀ.ਏ. ਦੀ ਰੀਕੁਮੈਂਡੇਸ਼ਨ ਤੇ ਮਿਲਦਾ ਹੈ ਅਤੇ ਇਸ ਦੀ ਪਿੰਡ ਦੇ ਪਟਵਾਰੀ, ਸਰਪੰਚ ਅਤੇ ਤਹਿਸੀਲਦਾਰ ਦੁਆਰਾ ਵੈਰੀਫੀਕੇਸ਼ਨ ਹੁੰਦੀ ਹੈ। ਪਰ ਉਸ ਆਦਮੀ ਨੇ ਪਤਾ ਨਹੀਂ ਪੈਸੇ ਦੇ ਕੇ ਜਾਂ ਹੋਰ ਕਿਸੇ ਤਰੀਕੇ ਨਾਲ ਸਿੱਧਾ ਸਰਟੀਫਿਕੇਟ ਬਣਾਇਆ, ਐਸ.ਡੀ.ਐਮ. ਨੇ ਬਣਾਇਆ। ਬਲਦੇਵ ਪ੍ਰਕਾਸ਼, ਐਮ.ਐਲ.ਏ. ਦੀ ਰੀਕੁਮੈਂਡੇਸ਼ਨ ਤੇ ਇਹ ਸਰਟੀਫੀਕੇਟ ਬਣਿਆ। ਇਸ ਕੇਸ ਵਿਚ ਕਿਸੇ ਪਟਵਾਰੀ, ਸਰਪੰਚ ਅਤੇ ਤਹਿਸੀਲਦਾਰ ਦੀ ਕੋਈ ਵੇਰੀਫੀਕੇਸ਼ਨ ਨਹੀਂ ਹੋਈ। ਇਸ ਤਰ੍ਹਾਂ ਬਲਦੇਵ ਪ੍ਰਕਾਸ਼, ਐਮ.ਐਲ ਏ. ਨੇ ਬਹੁਤ ਵੱਡੀ ਗਲਤੀ ਕੀਤੀ ਹੈ। ਉਹ ਰਾਮਗੜ੍ਹੀਆ ਕਮਿਊਨਿਟੀ ਨਾਲ ਸਬੰਧਤ ਹੈ ਪਰ ਉਸ ਨੇ ਸ਼ਡਿਊਲਡ ਕਾਸਟ ਬਣ ਕੇ ਇਹ ਫੈਸਿਲਿਟੀ ਅਵੇਲ ਕਰ ਲਈ ਹੈ। ਮੈਂ ਤੁਹਾਡੀ ਪਰਮਿਸ਼ਨ ਦੇ ਨਾਲ ਇਹ ਸਰਟੀਫੀਕੇਟ ਸਦਨ ਦੀ ਮੇਜ਼ ਤੇ ਰੱਖਦਾ ਹਾਂ। ਇਸ ਉਤੇ ਕਾਰਵਾਈ ਕੀਤੀ ਜਾਵੇ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਨਜਾਇਜ਼ ਤੌਰ ਤੇ ਇਹ ਕੰਪਲੇਂਟ ਫਾਈਲ ਕੀਤੀ।

(ਇਸ ਸਮੇਂ ਮਾਨਯੋਗ ਮੈਂਬਰ ਸਾਹਿਬ ਨੇ ਸਰਟੀਫੀਕੇਟ ਆਦਿ ਸਦਨ ਦੀ ਟੇਬਲ ਤੇ ਰੱਖ ਦਿੱਤੇ ਜੋ ਕਿ ਸਪੀਕਰ ਸਾਹਿਬ ਕੋਲ ਭੇਜ ਦਿੱਤੇ ਗਏ। ਹੁਣ ਅਗੇ ਤੋਂ ਉਸ ਦੀ ਇਨਕੁਆਇਰੀ, ਜੋ ਬਹੁਤ ਵੱਡੀ ਗੱਲ ਨਹੀਂ ਹੁੰਦੀ, ਕਰਵਾ ਕੇ ਉਸ ਨੂੰ ਸਸਪੈਂਡ ਜਾਂ ਡਿਸਮਿਸ ਕਰਕੇ ਸਜ਼ਾ ਦੇਣਗੇ ?

ਸ੍ਰੀ ਸਪੀਕਰ : ਤੁਸੀਂ ਪੁਆਇੰਟ ਆਫ਼ ਆਰਡਰ ਤੇ ਬੋਲੇ ਹੋ। ਪਰ ਕਾਲ ਅਟੈਨਸ਼ਨ ਮੋਸ਼ਨਜ਼ ਇਸ ਵੇਲੇ ਹਾਊਸ ਦੇ ਵਿਚਾਰ ਅਧੀਨ ਹਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਦਿੱਤਾ ਸੀ, ਉਸ ਦਾ ਜਵਾਬ ਨਹੀਂ ਆਇਆ।

Mr. Speaker : I will surely give you answer by tomorrow. You will get reply by tomorrow. Call Attention Notice No. 44. Shri. Ram Parkash Bali.

CALL ATTENTION NOTICES UNDER RULE 66
(Serial No. 44)

Shri Ram Parkash Bali : Sir, I beg to draw the attention of the Government towards a matter of urgent public importance, namely, the area falling in Anandpur Sahib Tehsil, particularly from Brahampura

[Shri Ram Parkash Bali]

to Kiratpur Sahib towards low lying area under two canals on the West side has been adversely affected by the water logging recently in the past. The people have sent a large number of representations to the Government and the concerned authorities for heavy loss caused to the crops and property particularly some houses have fallen and some are at the stage of falling at any time. The poeple of the area are oustees who have already suffered a great loss because of their land acquired by the Punjab Government for construction of two canals etc. The people are in state of panic and are feeling insecure in so far as their lives, houses and crops are concerned. The Government should make a statement on the floor of the House as to what remedial measures are being taken by the Government, in view of the circumstances stated above.

ਰਾਜ ਮੰਤਰੀ, ਮਕਾਨ ਉਸਾਰੀ ਸ਼ਹਿਰੀ ਵਿਕਾਸ ਤੇ ਸਿੰਜਾਈ (ਸਰਦਾਰ ਹਰੀ ਸਿੰਘ ਜ਼ੀਰਾ) : ਸਪੀਕਰ ਸਾਹਿਬ, ਅਨੰਦਪੁਰ ਸਾਹਿਬ ਹਾਈਡਲ ਚੈਨਲ ਅਕਤੂਬਰ, 1984 ਵਿਚ ਮੁਕੰਮਲ ਹੋਈ ਸੀ ਅਤੇ ਅਪ੍ਰੈਲ, 1985 ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਮਾਹਿਰਾਂ ਦੀ ਰਾਇ ਅਨੁਸਾਰ ਇਸ ਇਲਾਕੇ ਵਿੱਚ ਪਾਣੀ ਸਤਹਿ ਤੋਂ ਉਪਰ ਹੋਣ ਸਬੰਧੀ ਨੋਟਿਸ ਵਿੱਚ ਆਇਆ। ਅਨੰਦਪੁਰ ਸਾਹਿਬ ਹਾਈਡਲ ਚੈਨਲ ਨੇ ਖੁਦਾਈ ਦੇ ਸਮੇਂ ਦੌਰਾਨ ਉਸ ਇਲਾਕੇ ਵਿਚੋਂ ਨਾਲੇ ਦਾ ਕੰਮ ਕੀਤਾ ਜਿਥੇ ਪਾਣੀ ਦਾ ਪੱਧਰ ਨਹਿਰ ਦੀ ਤਹਿ ਤੋਂ ਉਚਾ ਸੀ ਅਤੇ ਪਾਣੀ ਦੇ ਚੜ੍ਹਾਉ ਨੂੰ ਦਬਾ ਦਿੱਤਾ ਸੀ। ਇਸ ਚੈਨਲ ਦੇ ਅਮਲ ਵਿੱਚ ਆਉਣ ਨਾਲ ਪਾਣੀ ਆਪਣੇ ਅਸਲੀ ਪੱਧਰ ਤੇ ਆ ਗਿਆ ਜਿਵੇਂ ਕਿ ਅਨੰਦਪੁਰ ਹਾਈਡਲ ਚੈਨਲ ਦੀ ਖੁਦਾਈ ਤੋਂ ਪਹਿਲਾਂ ਸੀ। ਅਨੰਦਪੁਰ ਸਾਹਿਬ ਦੇ ਬਲਾਕ ਦੇ ਖੂਹਾਂ ਦੀ ਪ੍ਰੇਖਣ ਰਿਪੋਰਟ ਅਨੁਸਾਰ ਜੂਨ, 1986 ਵਿੱਚ ਪਾਣੀ ਦਾ ਪੱਧਰ 2 ਮੀਟਰ ਤੋਂ ਤਿੰਨ ਮੀਟਰ ਧਰਤੀ ਦੀ ਸਤ੍ਹਾ ਤੋਂ ਨੀਵਾਂ ਸੀ। ਜਦੋਂ ਨਵੰਬਰ, 1986 ਵਿੱਚ ਪਾਣੀ ਦਾ ਪੱਧਰ ਪਿੰਡ ਬ੍ਰਹਮਪੁਰਾ ਤੇ ਪਿੰਡ ਕੋਟਲਾ ਜੋ ਕਿ ਅਨੰਦਪੁਰ ਸਾਹਿਬ ਬਲਾਕ ਵਿੱਚ ਹਨ, ਕ੍ਰਮਵਾਰ ਪਾਣੀ ਦਾ ਪੱਧਰ 2.78 ਮੀਟਰ ਅਤੇ 2.63 ਮੀਟਰ ਸੀ। ਇਹ ਪ੍ਰੇਖਣ ਭਾਰਤ ਸਰਕਾਰ ਦੇ ਸੈਂਟਰਲ ਵਾਟਰ ਗਰਾਉਂਡ ਬੋਰਡ ਨੇ ਕੀਤੇ ਸਨ। ਸੇਮ ਦੇ ਸਟੈਂਡਰਡ ਸਪੈਸੀਫਿਕੇਸ਼ਨ ਅਨੁਸਾਰ ਜਿਸ ਇਲਾਕੇ ਦੇ ਪਾਣੀ ਦਾ ਪੱਧਰ 1.5 ਮੀਟਰ ਤੋਂ ਥੱਲੇ ਹੋਵੇ, ਉਸ ਨੂੰ ਸੇਮ ਨਹੀਂ ਮੰਨਿਆਂ ਜਾਂਦਾ, ਫਿਰ ਵੀ ਕੁਝ ਅਜਿਹੇ ਨੀਵੇਂ ਪੈਚਿਜ਼ ਵੇਖੇ ਗਏ ਹਨ, ਜਿਥੇ ਪਾਣੀ ਦਾ ਪੱਧਰ ਉਚਾ ਹੈ। ਰਾਜ ਸਰਕਾਰ ਦੁਆਰਾ ਇਕ ਮਾਹਿਰਾਂ ਦੀ ਟੀਮ ਬਣਾਈ ਗਈ ਸੀ ਅਤੇ ਨਾਲ ਇਹ ਵੀ ਕਿਹਾ ਗਿਆ ਸੀ ਕਿ ਉਹ ਪ੍ਰਭਾਵਤ ਏਰੀਏ ਵਿੱਚ ਪਾਣੀ ਦੀ ਤਹਿ ਨੂੰ ਨੀਵਾਂ ਕਰਨ ਲਈ ਸੁਝਾਅ ਦੇਣ।

ਰਾਜ ਸਰਕਾਰ ਸਬੰਧਤ ਮਸਲੇ ਤੋਂ ਜਾਣੂ ਹੈ ਅਤੇ ਮਾਹਿਰਾਂ ਦੇ ਗਰੁੱਪ ਦੀਆਂ ਸਿਫਾਰਸ਼ਾਂ ਜਲਦੀ ਪ੍ਰਾਪਤ ਕਰੇਗੀ ਤਾਂ ਕਿ ਮਸਲੇ ਸਬੰਧੀ ਯੋਗ ਕਾਰਵਾਈ ਕੀਤੀ ਜਾਵੇ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਮੈਂ ਇਹ ਸੁਆਲ ਪਿਛਲੇ ਸੈਸ਼ਨ ਤੋਂ ਪਿਛਲੇ ਸੈਸ਼ਨ ਵਿਚ ਵੀ ਉਠਾਇਆ ਸੀ। ਸਤਿਕਾਰਯੋਗ ਮੁੱਖ ਮੰਤਰੀ ਸਾਹਿਬ ਨੇ ਕਿਹਾ ਸੀ ਕਿ ਲੋਕਾਂ ਨੂੰ ਮੁਆਵਜ਼ਾ ਦਿਆਂਗੇ ਔਰ ਜਲਦੀ ਤੋਂ ਜਲਦੀ ਵਾਟਰ ਲੌਗਿੰਗ ਨੂੰ ਖ਼ਤਮ ਕਰਾਂਗੇ। ਹੁਣ ਇਨ੍ਹਾਂ ਨੇ ਕਿਹਾ ਹੈ ਕਿ ਇਨਵੈਸਟੀਗੇਸ਼ਨ ਦੇ ਆਰਡਰ ਕੀਤੇ ਹੋਏ ਹਨ। ਜਿਥੋਂ ਤਕ ਮੇਰੀ ਇਨਫਰਮੇਸ਼ਨ ਹੈ, ਇਨਵੈਸਟੀਗੇਸ਼ਨ ਮੁਕੰਮਲ ਹੋ ਚੁਕੀ ਹੈ। ਇਰੀਗੇਸ਼ਨ ਡਿਪਾਰਟਮੈਂਟ ਤੋਂ, ਡਰੇਨੇਜ ਡਿਪਾਰਟਮੈਂਟ ਤੋਂ ਵੀ ਰਿਪੋਰਟ ਆ ਚੁੱਕੀ ਹੈ ਕਿ ਇਸ ਦੇ ਖਾਲੇ ਬਣਾ ਕੇ ਦਰਿਆ

ਦੇ ਪਾਣੀ ਵਿਚ ਗਿਰਾਇਆ ਜਾਏਗਾ, ਲੇਕਿਨ ਨਾ ਅਜ ਤਕ ਮੁਆਵਜ਼ਾ ਮਿਲਿਆ ਹੈ ਔਰ ਨਾ ਹੀ ਕੋਈ ਯਤਨ ਕੀਤਾ ਗਿਆ ਹੈ ਔਰ ਨਾ ਹੀ ਇਸ ਸਕੀਮ ਵਾਸਤੇ ਕੋਈ ਫੰਡਜ਼ ਪ੍ਰੋਵਾਈਡ ਕੀਤੇ ਗਏ ਹਨ। ਇਹ ਲੋਕਾਂ ਨਾਲ ਬੜੀ ਜ਼ਿਆਦਤੀ ਹੈ। ਗੌਰਮਿੰਟ ਨੇ ਆਪਣੀ ਐਸ਼ੋਰੈਂਸ ਦਿਤੀ ਹੋਵੇ ਔਰ ਉਹ ਵੀ ਖਾਸ ਕਰਕੇ ਮੁੱਖ ਮੰਤਰੀ ਸਾਹਿਬ ਨੇ, ਉਹ ਕੇਸ ਕਢਾ ਕੇ ਵੇਖ ਲੈਣਾ, ਕੋਈ ਕੰਮ ਕਾਰ ਨਾ ਹੋਵੇ ਲੋਕਾਂ ਦੇ ਖੇਤਾਂ ਵਿਚ ਪਾਣੀ ਖੜ੍ਹਾ ਹੋਵੇ, ਫ਼ਸਲਾਂ ਬੀਜੀਆਂ ਨਾ ਜਾ ਸਕਦੀਆਂ ਹੋਣ ਅਤੇ-ਤਿੰਨ ਡਿਪਾਰਟਮੈਂਟਸ ਦੀ ਅਲਿਹਦਾ ਅਲਿਹਦਾ ਇਨਕੁਆਇਰੀ ਕਰ ਚੁਕੇ ਹਨ, ਇਰੀਗੇਸ਼ਨ ਡਿਪਾਰਟ-ਮੈਂਟ, ਅਨੰਦਪੁਰ ਹਾਈਡਲ ਪ੍ਰੋਜੈਕਟ ਅਤੇ ਉਸ ਦੇ ਬਾਅਦ ਰੈਵੇਨਿਊ ਡਿਪਾਰਟਮੈਂਟ, ਕੀ ਮੰਤਰੀ ਸਾਹਿਬ ਦੱਸਣਗੇ ਕਿ ਮੁੱਖ ਮੰਤਰੀ ਸਾਹਿਬ ਦੀ ਦਿੱਤੀ ਐਸ਼ੋਰੈਂਸ ਦੇ ਮੁਤਾਬਕ ਇਹ ਜਲਦੀ ਤੋਂ ਜਲਦੀ ਲੋਕਾਂ ਨੂੰ ਮੁਆਵਜ਼ਾ ਦੇਣਗੇ ? ਇਹ ਟਰੈਜਿਡੀ ਫਿਰ ਹੋਵੇਗੀ, ਲੋਕ ਸੁਤੇ ਪਏ ਹੋਣਗੇ ਔਰ ਸੇਮ ਦੇ ਨਾਲ ਮਕਾਨ ਗਿਰ ਜਾਣਗੇ ਉਨ੍ਹਾਂ ਦੇ ਬੱਚੇ ਮਾਰਨਗੇ ਹੋਰ ਨੁਕਸਾਨ ਹੋਵੇਗਾ। ਮੈਂ ਮੰਤਰੀ ਜੀ ਨੂੰ ਪੁੱਛਦਾ ਹਾਂ ਕਿ ਇਸ ਦੇ ਮੁਤੱਲਕ ਜਲਦੀ ਤੋਂ ਜਲਦੀ ਕੋਈ ਪ੍ਰਬੰਧ ਕਰਨਗੇ ਤਾਕਿ ਵਾਟਰਲੌਗਿੰਗ ਖ਼ਤਮ ਹੋਵੇ ਅਤੇ ਫ਼ਸਲਾਂ ਬੀਜੀਆਂ ਜਾ ਸਕਣ ? ਹੁਣ ਇਰੀਗੇਸ਼ਨ ਡਿਪਾਰਟਮੈਂਟ ਵਾਲੇ ਪੈਸੇ ਮੰਗਦੇ ਹਨ ਆਬਿਆਨੇ ਦੇ ਜਦ ਕਿ ਫ਼ਸਲਾਂ ਬੀਜੀਆਂ ਨਹੀਂ ਗਈਆਂ। ਕੀ ਫੰਡਜ਼ ਪ੍ਰੋਵਾਈਡ ਕਰਕੇ ਖਾਲੇ ਬਣਾਉਣਗੇ ਤਾਕਿ ਜਿਹੜੀਆਂ ਫ਼ਸਲਾਂ ਨਹੀਂ ਹੋਈਆਂ, ਤਿਨ ਫ਼ਸਲਾਂ ਨਹੀਂ ਹੋਈਆਂ, ਕੀ ਉਨ੍ਹਾਂ ਦਾ ਮੁਆਵਜ਼ਾ ਦੇਣਗੇ ਔਰ ਜੇ ਦੇਣਗੇ ਤਾਂ ਕਿੰਨੀ ਜਲਦੀ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ ਐਮ. ਐਲ. ਏ. ਸਾਹਿਬ ਨੇ ਕਿਹਾ ਹੈ ਕਿ ਕਾਫ਼ੀ ਨੁਕਸਾਨ ਹੋਇਆ ਹੈ, ਠੀਕ ਹੈ, ਇਹ ਜਿਹੜੇ ਪਿੰਡ ਹਨ ਇਨ੍ਹਾਂ ਦੀ ਕੁਲ 10391 ਏਕੜ ਜ਼ਮੀਨ ਹੈ ਪਿਛਲੇ ਸਾਲ 1500 ਏਕੜ ਵਿਚ ਕੁਝ ਨੁਕਸਾਨ ਹੋਇਆ। ਮੁਆਵਜ਼ੇ ਲਈ ਲੋਕਾਂ ਵਲੋਂ ਕੋਈ ਐਪਲੀਕੇਸ਼ਨ ਨਹੀਂ ਆਈ ਲੋਕਾਂ ਨੇ ਸਿਰਫ਼ ਇਤਰਾਜ਼ ਕੀਤਾ ਸੀ ਕਿ ਉਨ੍ਹਾਂ ਦਾ ਨੁਕਸਾਨ ਹੋਇਆ। ਦੋ ਸੌ ਮਕਾਨਾਂ ਵਿਚੋਂ ਸਿਰਫ਼ 6 ਕੱਚੇ ਮਕਾਨ ਢੱਠੇ ਸਨ ਹੋਰ ਕੁਝ ਨਹੀਂ ਹੋਇਆ। ਇਸ ਤੋਂ ਇਲਾਵਾ 700 ਕਿਲੋਮੀਟਰ ਲੰਬੀ ਡਰੇਨ ਬਾਰੇ ਟੈਕਨੀਕਲ ਕਮੇਟੀ ਰਿਪੋਰਟ ਤਿਆਰ ਕਰ ਰਹੀ ਹੈ ਔਰ ਲਗਭਗ 6 ਮਹੀਨਿਆਂ ਵਿਚ ਰਿਪੋਰਟ ਮੁਕੰਮਲ ਹੋ ਜਾਵੇਗੀ। ਫਿਰ ਕੰਮ ਹੱਥ ਵਿਚ ਲਿਆ ਜਾਵੇਗਾ। ਜਿਹੜਾ ਪਿਛਲਾ ਇਨ੍ਹਾਂ ਦੇ ਸੁਆਲ ਦਾ ਜਵਾਬ ਦਿੱਤਾ ਹੈ ਉਸ ਬਾਰੇ ਮੈਂ ਦੱਸਦਾ ਹਾਂ ਕਿ ਅਨੰਦਪੁਰ ਸਾਹਿਬ ਦੇ ਕੋਲ ਜਿਹੜੀ ਚਰਨਗੰਗਾ ਹੈ ਉਸ ਤੇ 24 ਲੱਖ ਰੁਪਿਆ ਲਗਾ ਰਹੇ ਹਾਂ ਜਿਸ ਦੇ ਨਾਲ ਕਾਫ਼ੀ ਮਸਲਾ ਹਲ ਹੋ ਜਾਵੇਗਾ ਔਰ ਇਸ ਦਾ ਲਾਭ ਵੀ ਲੋਕਾਂ ਨੂੰ ਹੋਵੇਗਾ।

(ਇਸ ਵਕਤ ਸ੍ਰੀ ਰਾਮ ਪ੍ਰਕਾਸ਼ ਬਾਲੀ ਕੁਝ ਬੋਲਣ ਲਈ ਖੜ੍ਹੇ ਹੋਏ ਪਰ ਮਾਨਯੋਗ ਸਪੀਕਰ ਸਾਹਿਬ ਨੇ ਅਗਲੀ ਕਾਲ ਅਟੈਨਸ਼ਨ ਮੋਸ਼ਨ ਕਾਲ ਅਪਾਨ ਕਰ ਲਈ।)

ਕ੍ਰਮ ਨੰਬਰ 46

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਉਪਰੋਕਤ ਧਿਆਨ ਦੁਆਊ ਮੱਤਾ ਪੇਸ਼ ਨਾ ਹੋ ਸਕਿਆ)।

(Serial No. 50 and 52)

1. **Shri Ram Kishan Kataria**
2. **Shri Om Parkash Gupta**
3. **Prof. Darbari Lal**

: Sir, I beg to draw the attention of the Government towards a matter of urgent public importance, namely, resentment prevailing in the employees of the Punjab State Tubewell Corporation on account of the decision of the Management/Punjab Govern-

[Shri Ram Kishan Kataria]

ment to wind up 13 Divisions of the Corporation thereby resulting retrenchment of 3500 employees. Co-ordination Committee of the employees Union have launched a state level agitation to protest that the retrenchment is against the policy of the Punjab Government. This will also hamper remaining work of lining of water courses which covers nine districts of the State with 55,000 length of water courses.

In view of the urgency of the matter, the Government may be asked to make a statement in the House in this behalf.

Chief Minister (Sardar Surjit Singh Barnala) : Sir, the Punjab State Tubewell Corporation came into being in the year 1970 primarily for providing irrigation facilities through deep tubewells. Later on, work of lining of water courses was also assigned to it. Lining programme significantly increased in 1979 when a Composite World Bank aided project for lining of water courses and channels was started. With that the size of staff also increased. The total staff employed for the lining of water-courses was 1 Chief Engineer, 5 Superintending Engineers, 20 Executive Engineers alongwith the allied staff. The World Bank Project came to an end in June, 1986. Tapering of the staff which had become due in the beginning of the year 1986 was avoided. Eventually, however, in September, 1986 two Circles and three Divisions were closed down but without causing any retrenchment. Further reduction in the staff is likely. Government is doing its best to ensure that retrenchment is affected only when it becomes very much unavoidable. During the current year, therefore, Government went out of way to allocate additional seed money of Rs. 5 crores to the P.S.T.C. by other schemes. Thus, total amount made available including bank finance for watercourses comes to Rs. 45 crores instead of Rs. 20 crores originally provided in the year 1986-87. This was done to avoid retrenchment. Efforts are being made to plan out the programme of reduction in the staff in such a manner that surplus staff is adjusted in the Irrigation Department, Department of Soil Conservation. Government is also considering the feasibility of employing some of the persons likely to be affected by retrenchment in other on going projects like Thein Dam and the Mukerian Hydel Project.

ਸ਼੍ਰੀ ਰਾਮ ਕਿਸ਼ਨ ਕਟਾਰੀਆ ਸਪੀਕਰ ਸਾਹਿਬ, ਇਹ ਬਹੁਤ ਵੱਡਾ ਕੰਮ ਸੀ। 300 ਕਰੋੜ ਰੁਪਿਆ ਦਾ ਲੋਨ ਵਰਡ ਬੈਂਕ ਵਲੋਂ ਦਿੱਤਾ ਗਿਆ ਸੀ ਜੋ ਕਿ ਮੁਆਫ ਕਰ ਦਿੱਤਾ ਹੈ। ਕੀ ਇਹ ਵਜਾ ਤਾਂ ਨਹੀਂ ਹੈ ਕਿਉਂਕਿ ਇਤਨੇ ਪੈਸੇ ਜੋ ਲੋਨ ਰਿਕਵਰੀ ਰੇਜ਼ ਕੀਤੀ ਸੀ ਵਰਡ ਬੈਂਕ ਨੇ ਇਹ ਮੰਨ ਲਿਆ ਹੋਵੇ ਕਿ ਅੱਗੇ ਤੋਂ ਇਸ ਤਰ੍ਹਾਂ ਦੀ ਗਰਾਂਟ ਨਹੀਂ ਦੇਵਾਂਗੇ।ਕਿਉਂਕਿ ਤੁਸੀਂ ਜੋ ਵੀ ਲੋਨ ਲੈ ਕੇ ਰਿਕਵਰੀ ਮੁਆਫ ਕੀਤੀ ਹੈ, ਇਸ ਦੇ ਨਾਲ ਇਹ ਸਮਝਿਆ ਹੋਵੇ ਕਿ ਪੰਜਾਬ ਦੀ ਪੁਜ਼ੀਸ਼ਨ ਸਾਊਂਡ ਨਜ਼ਰ ਆਉਂਦੀ ਹੈ ਔਰ ਇਹ ਜੋ ਰਿਟਰੈਂਚਮੈਂਟ 3500 ਦੀ ਉਸ ਨੂੰ ਬਾਕੀ ਡਿਪਾਰਟਮੈਂਟਸ ਵਿਚ ਕਵਰ ਅੱਪ ਕਰਨ ਦੀ ਬਿਜਾਏ ਏਸੇ ਕਾਰਪੋਰੇਸ਼ਨ ਵਿਚ ਐਡਜਸਟਮੈਂਟ ਮਨੀ ਜਾਵੇਗੀ। ਐਸਾ ਤਾਂ ਨਹੀਂ ਹੋਵੇਗਾ ਕਿ ਉਨ੍ਹਾਂ ਨੂੰ ਬਾਹਰ ਕਿਧਰ ਦੂਰ ਦੁਰਾਡੇ ਭੇਜ ਦਿੱਤਾ ਜਾਵੇਗਾ। ਉਨ੍ਹਾਂ ਦੀ ਐਪੁਆਇੰਟਮੈਂਟ ਕਾਰਪੋਰੇਸ਼ਨ ਵਿਚ ਬਰਕਰਾਰ ਕਰਨ ਲਈ ਕੀ ਇਸ ਤਰ੍ਹਾਂ ਕੀਤਾ ਜਾਵੇਗਾ ?

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਗੱਲ ਦਾ ਕਾਰਨ ਨਹੀਂ ਹੈ ਜਿਹੜਾ ਕਿ ਕਟਾਰੀਆ ਸਾਹਿਬ ਕਹਿੰਦੇ ਹਨ ਕਿ ਤਿੰਨ ਸੌ ਕਰੋੜ ਰੁਪਿਆ ਮੁਆਫ ਕਰ ਦਿੱਤਾ ਹੈ ਜਿਸ ਕਰਕੇ ਸਕੀਮ ਬੰਦ ਹੋ ਗਈ ਹੈ। ਇਹ ਸਕੀਮ ਬਣੀ ਇਸ ਕਰਕੇ ਸੀ। ਇਸ ਦਾ ਪਹਿਲਾ ਫੇਜ਼ ਹੈ ਜੋ ਜੂਨ, 1986 ਵਿਚ ਖ਼ਤਮ ਹੁੰਦਾ ਸੀ, ਉਹ ਖ਼ਤਮ ਹੋ ਗਿਆ। ਦੂਸਰਾ ਫੇਜ਼ ਕੋਸ਼ਿਸ਼ ਕਰ ਰਹੇ ਹਾਂ, ਜੇ ਬਣ ਗਿਆ ਤਾਂ ਰਿਟਰੈਂਚਮੈਂਟ ਖਤਮ ਹੋ ਜਾਵੇਗੀ, ਜਾਂ ਐਬਜ਼ਾਰਬ ਕਰ ਲਿਆ ਜਾਵੇਗਾ। ਇਹ 3500 ਮੁਲਾਜ਼ਮਾਂ ਦੀ ਗੱਲ ਕਰਦੇ ਹਨ। ਇਤਨੇ ਕਿਸੇ ਵੀ ਸੂਰਤ ਵਿਚ ਨਹੀਂ ਹੁੰਦੇ। ਹੁਣ ਤਾਂ 331 ਹਨ ਜਿਨ੍ਹਾਂ ਵਿਚੋਂ 150 ਵਰਕਚਾਰਜ ਹਨ ਔਰ ਬਾਕੀ ਦੇ ਜੋ ਕੁਝ ਕੰਮ ਕਰਨ ਵਾਲੇ ਹਨ, ਪਟਵਾਰੀ ਹਨ ਜੋ ਹੋਰ ਬੰਦੇ ਹਨ ਜੋ ਥੀਨ ਡੈਮ ਤੇ ਵੀ ਐਡਜਸਟ ਹੋ ਸਕਦੇ ਹਨ, ਉਹ ਵੀ ਹਨ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਕਟਾਰੀਆ ਜੀ ਨਾਲ ਮੈਂ ਇਤਫਾਕ ਕੀਤਾ ਸੀ। ਪਹਿਲਾਂ ਮੈਨੂੰ ਆਇਆ ਸੀ ਕਿ ਮੈਂ ਬੋਲਣਾ ਹੈ ਮਗਰੋਂ ਕਟਾਰੀਆ ਜੀ ਦਾ ਨਾਮ ਬੋਲ ਦਿੱਤਾ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਕਹਿੰਦੀ ਹੈ ਕਿ ਅਸੀਂ ਇੰਪਲਾਇਮੈਂਟ ਬੜੀ ਦੇਣੀ ਹੈ ਔਰ ਫਿਰ ਫਾਇਨਾਂਸ ਮਨਿਸਟਰ ਸਾਹਿਬ ਦੀ ਬਜਟ ਸਪੀਚ ਜੋ ਸੀ ਉਸ ਦੇ ਵਿਚ ਸੀ ਕਿ ਬੜੀ ਇੰਪ-ਲਾਇਮੈਂਟ ਦੇਵਾਂਗੇ । ਔਰ ਇਹ ਹੈ ਕਿ ਇਸ ਵਿਚ ਜ਼ਿਮੀਂਦਾਰਾਂ ਦਾ ਵੀ ਫਾਇਦਾ ਹੈ, ਟਿਊਬਵੈਲ ਕਾਰਪੋਰੇਸ਼ਨ ਹੈ ਔਰ ਜੋ 55 ਹਜ਼ਾਰ ਮੀਲ ਖਾਲੇ ਅਜੇ ਬਾਕੀ ਬਣਾਉਣ ਵਾਲੇ ਰਹਿੰਦੇ ਹਨ ਔਰ ਜ਼ਿਮੀਂਦਾਰਾਂ ਦੇ ਫਾਇਦੇ ਦੀ ਸਕੀਮ ਹੈ। ਤਿੰਨ ਸੌ ਕਰੋੜ ਪਹਿਲਾਂ ਲੈ ਕੇ ਛੱਡ ਦਿੱਤਾ ਹੈ ਔਰ ਫਿਰ 300 ਕਰੋੜ ਲੈ ਕੇ ਫਿਰ ਛੱਡ ਦਿਓਗੇ। ਸਪੀਕਰ ਸਾਹਿਬ, ਕਿਸੇ ਵੀ ਕਾਰਪੋਰੇਸ਼ਨ ਵਿਚ, ਜਿੰਨੀਆਂ ਸਰਕਾਰ ਦੀਆਂ ਹਨ, ਕੋਈ ਸਰਵਿਸ ਰੂਲਜ਼ ਨਹੀਂ ਬਣੇ, ਅਜੇ ਤਾਈਂ ਕੋਈ ਸਰਵਿਸ ਰੂਲਜ਼ ਅਪਰੂਵ ਨਹੀਂ ਹੋਏ ਔਰ ਕੋਈ ਐਸਾ ਰੂਲ ਮੌਜੂਦ ਨਹੀਂ ਹੈ, ਮਜ਼ਦੂਰੀ ਤੇ ਦੂਸਰੇ ਮੁਲਾਜ਼ਮਾਂ ਦਾ ਕੋਈ ਧਿਆਨ ਨਹੀਂ ਰੱਖਣਾ। ਉਨ੍ਹਾਂ ਨੇ ਇਕੋ ਕਲਮ ਵਿਚ ਕੱਢ ਕੇ ਬਾਹਰ ਮਾਰਨੇ ਹਨ ਔਰ ਬੇਕਾਰ ਕਰ ਦੇਣੇ ਹਨ ਔਰ ਫਿਰ ਇਸ ਤਰ੍ਹਾਂ ਰੌਲਾ ਪਵੇਗਾ। ਮੈਂ ਚੀਫ ਮਨਿਸਟਰ ਸਾਹਿਬ ਤੋਂ ਐਸ਼ੋਰੈਂਸ ਵੀ ਜ਼ਰੂਰ ਲੈਣੀ ਹੈ ਕਿ ਇਹ ਕਿਵੇਂ ਵੀ ਕਰਨ ਜੋ ਤੁਹਾਡੇ ਮੁਲਾਜ਼ਮ 20/20 ਸਾਲਾਂ ਤੋਂ 10/10 ਸਾਲਾਂ ਤੋਂ ਕੰਮ ਕਰਦੇ ਹਨ, ਉਨ੍ਹਾਂ ਨੂੰ ਨਾ ਕੱਢਣ। ਇਸੇ ਤਰ੍ਹਾਂ ਜਿਹੜੇ ਦੂਜੇ ਮਹਿਕਮਿਆਂ ਵਿਚ ਵੀ ਵਰਕ ਚਾਰਜਡ ਇੰਪ-ਲਾਈਜ਼ ਹਨ, ਪੀ. ਡਬਲਿਊ.ਡੀ. ਵਿਚ ਵੀ ਹਨ, ਜਿਨ੍ਹਾਂ ਨੂੰ 20-20 ਸਾਲ ਕੰਮ ਕਰਦੇ ਹੋ ਗਏ ਹਨ ਪਰ ਹਾਲੇ ਵਰਕਚਾਰਜਡ ਚਲਦੇ ਪਏ ਹਨ, ਉਨ੍ਹਾਂ ਨੂੰ ਕੱਢਣ ਦੀ ਪਾਲਿਸੀ ਕੋਈ ਨਾ ਬਣਾਈ ਜਾਵੇ ਬਲਕਿ ਉਨ੍ਹਾਂ ਨੂੰ ਕਾਂਟੀਨਿਊ ਕਰਾਕੇ ਔਰ ਉਨ੍ਹਾਂ ਦੀ ਸਰਵਿਸ ਦਾ ਤਖਮੀਨਾ ਕਰਵਾ ਕੇ ਉਨ੍ਹਾਂ ਨੂੰ ਪੈਸੇ ਦੇਣ ਔਰ ਉਹ ਵਿਚਾਰ ਬੇਕਾਰ ਵੀ ਨਾ ਹੋਣ।

ਮੁੱਖ ਮੰਤਰੀ : ਸਪੀਕਰ ਸਾਹਿਬ, ਸਵਾਲ ਛੋਟਾ ਸੀ ਪਰ ਲੈਕਚਰ ਜ਼ਿਆਦਾ ਸੀ। ਐਸੀ ਗੱਲ ਨਹੀਂ ਕਿ ਲਾਰਜ ਸਕੇਲ ਤੇ ਰਿਟਰੈਂਚਮੈਂਟ ਹੋ ਰਹੀ ਹੈ। ਜਦੋਂ ਵੀ ਕੋਈ ਪਰੋਜੈਕਟ ਕਲੋਜ਼ ਹੁੰਦਾ ਹੈ ਤਾਂ ਕੁਝ ਰਿਟਰੈਂਚਮੈਂਟ ਹੁੰਦੀ ਹੈ। ਇਹ ਵੀ ਪਰੋਜੈਕਟ ਕਲੋਜ਼ ਹੋਣ ਤੇ 31 ਮਾਰਚ ਤਕ ਕੋਈ 150 ਦੇ ਕਰੀਬ ਵਰਕ ਚਾਰਜਡ ਰਿਟਰੈਂਚ ਹੋਣਗੇ। ਪਰ ਜਿਸ ਨੂੰ 20 ਸਾਲ ਹੋ ਗਏ ਹਨ, 20 ਸਾਲ ਵਾਲੇ ਕਿਸੇ ਨੂੰ ਵੀ ਰਿਟਰੈਂਚ ਨਹੀਂ ਕੀਤਾ ਜਾਵੇਗਾ। ਇਹ ਮੈਂ ਆਸ਼ਵਾਸਨ ਦੇ ਸਕਦਾ ਹਾਂ।

THIRD REPORT OF THE BUSINESS ADVISORY COMMITTEE

Mr. Speaker : I have to present to the House the Third Report of the Business Advisory Committee which reads as under :—

[Mr. Speaker]

After some discussion, the Commitiee recommended that the following business be transacted at the sittings of the Vidhan Sabha from the 24th March, 1987 to 31st March, 1987:

Tuesday, the 24th March, (2.00 P.M.)	General discussion on the Budget Estimates for the year 1987-88.
Wednesday, the 25th March, (9.00 A.M.)	Resumption of general discussion on the Budget Estimates for the year 1987-88.
Thursday, the 26th March (i) (9.00 A.M.) (Morning Sitting)	Resumption of general discussion on the Budget Estimates for the year 1987-88.
(ii) (2.30 P.M.) (Afternoon Sitting)	Discussion and Votin gon Demands for Grants in respec of "Agriculture and Forests and Cooperation and Irrigation and Power relating to the Budget Estimates for the year 1987-88.
Friday, the 27th March, (9.00 A.M.)	Discussion and Voting on Demands foı Grants in respect of General Administration, Education, Industries and Public Works. As regards the remaining Demands relating to the Budget Estimates for the year 1987-88, Guillotine will be applied. (Time of the sitting will be extended, if need be).
Saturday, the 28th March.	Off day.
Sunday, the 29th March.	Holiday.
Monday, the 30th March, (11.00 A.M.)	Appropriation Bill in respect of the Budget Estimates for the year 1987-88.
Tuesday, the 31st March, (9.00 A. M.)	Non-Official Business (in lieu of Thursday the 26th March, 1987).

Since the 26th March, 1987 (Morning Sitting) (Non-official) Day has been recommended to be utilized for General Discussion on the Budget Estimates for the year 1987-88, a sitting beheld on the 31st March, 1987, in lieu thereof, for the transaction of Non-official Business.

If any rule/rules of the Rules of Procedure and Conduct of Business in the Punjab Vidhan Sabha (Punjab Legislative Assembly) is/are inconsistent with the above recommendations, that rule/those rules will stand suspended to that extent.

Minister of State for Parliamentary Affairs(Sardar Baldev Singh Mann) : Sir, I beg to move—

That this House agrees with the recommendations contained in the Third Report of the Business Advisory Committee.

Mr. Speaker : Motion moved —

That this House agrees with the recommendations contained in the Third Report of the Business Advisory Committee.

Mr. Speaker : Question is—

That this House agrees with the recommendations contained in the Third Report of the Business Advisory Committee.

The Motion was carried.

PAPERS LAID ON THE TABLE

Minister of State for Parliamentary Affairs (Sardar Baldev Singh Mann): Sir, I beg to lay on the Table—

1. The 17th Annual Report and Accounts of the Punjab Agro Industries Corporation Limited for the year 1982-83, as required under section 619-A of the Companies Act, 1956.

2. The Statement explaining the reasons for delay in laying the Annual Reports and Balance Sheets of the Punjab Film and News Corporation for the year 1982-83 to 1985-86.

3. The Statements explaining the reasons for delay in laying the Annual Reports of the Punjab State Electronics Development and Production Corporation Limited for the years 1983-84 and 1984-85.

4. The Punjab Regulation of Colonies Rules, 1975, as required under section 20(3) of the Punjab Regulation of Colonies Act, 1975.

GENERAL DISCUSSION ON THE BUDGET ESTIMATES FOR THE YEAR 1887-88

Mr. Speaker : Now, we start discussion on the Budget Estimates.

ਪੰਡਿਤ ਮੋਹਨ ਲਾਲ (ਹੁਸ਼ਿਆਰਪੁਰ) : ਸਪੀਕਰ ਸਾਹਿਬ, ਫਾਈਨੈਂਸ ਮਨਿਸਟਰ ਸਾਹਿਬ ਨੇ ਜਿਹੜਾ ਬਜਟ ਪੇਸ਼ ਕਰਦੇ ਹੋਏ ਇਥੇ ਲੇਪਾ ਪੋਚੀ ਕੀਤੀ ਹੈ ਲੇਕਿਨ ਜਿੰਨੀ ਵੀ ਲੇਪਾ ਪੋਚੀ ਕਰਨ ਦੀ ਭਾਵੇਂ ਕੋਸ਼ਿਸ਼ ਕੀਤੀ ਹੋਵੇ ਪਰ ਉਸ ਦੇ ਵਿਚ ਛੇਦ ਸਾਫ ਵਾਜ਼ਿਆ ਤੌਰ ਤੇ ਦਿਖਾਈ ਦਿੰਦੇ ਹਨ। ਸਭ ਤੋ ਪਹਿਲਾਂ ਜਿਹੜੀ ਕਮੀ ਦਿਖਾਈ ਦਿੰਦੀ ਹੈ ਉਹ ਇਹ ਹੈ ਕਿ ਇਸ ਬਜਟ ਵਿਚ ਵੈਲਫੇਅਰ ਸਟੇਟ ਦੀ ਝਲਕ ਦਿਖਾਈ ਨਹੀਂ ਦਿੰਦੀ ਹੈ ਅਤੇ ਨਾ ਹੀ ਸੋਸ਼ਲਿਸਟਿਕ ਇਕਨੌਮੀ ਦੀ ਕੋਈ ਝਲਕ ਨਜ਼ਰ ਨਹੀ ਆਉਂਦੀ ਜਦ ਕਿ ਸਾਡਾ ਇਹ ਸਿਧਾਂਤ ਰਿਹਾ ਹੈ ਅਤੇ ਜਿਸ ਉਤੇ ਅਸੀਂ ਆਪਣੇ ਆਪ ਨੂੰ ਬੰਨਿਆ ਹੋਇਆ ਹੈ। ਮੈਂ ਕੁਝ ਹੀ ਮਿਸਾਲਾਂ ਦੇਵਾਂਗਾ। ਇਸ ਸਿਲਸਿਲੇ ਵਿਚ ਆਪ ਦਾ ਧਿਆਨ ਇਸ ਬਜਟ ਵਿੱਚ ਸ਼ੋਸ਼ਲ ਸਰਵਿਸ ਦੀ ਪ੍ਰੋਵੀਜ਼ਨ ਵੱਲ ਦਿਵਾਉਣਾ ਚਾਹੁੰਦਾ ਹਾਂ। ਸੋਸ਼ਲ ਸਰਵਿਸ, ਐਂਡ ਐਜੂਕੇਸ਼ਨ ਵਿਚ 272 ਕਰੋੜ ਰੁਪਿਆ ਰਖਿਆ ਗਿਆ ਹੈ, ਹੈਲਥ ਲਈ 96 ਕਰੋੜ, ਵਾਟਰ ਸਪਲਾਈ ਲਈ 39 ਕਰੋੜ ਰਖਿਆ ਗਿਆ ਹੈ, ਵੈਲਫੇਅਰ ਆਫ ਸ਼ੈਡਿਊਲਡ ਕਾਸ਼ਟਸ, ਸ਼ੈਡਿਊਲਡ ਟਰਾਈਬ ਅਤੇ ਬੈਕਵਰਡ ਕਲਾਸਿਜ਼ ਲਈ ਸਿਰਫ 17 ਕਰੌੜ ਰੁਪਿਆ, ਲੇਬਰ ਅਤੇ ਲੇਬਰ ਵੈਲਫੇਅਰ ਲਈ ਸਿਰਫ 12 ਕਰੋੜ ਰੁਪਿਆ ਅਤੇ ਸ਼ੋਸ਼ਲ ਵੈਲਫੇਅਰ ਅਤੇ ਨਿਊਟਰੀਸ਼ਨ ਲਈ 33 ਕਰੋੜ ਰੁਪਿਆ ਰਖਿਆ ਗਿਆ ਹੈ। ਜੇਕਰ ਇਨ੍ਹਾਂ ਸਾਰਿਆਂ ਦਾ ਟੋਟਲ ਕੀਤਾ ਜਾਵੇ ਤਾਂ ਇਹ ਕੋਈ 475 ਕਰੋੜ 25 ਲੱਖ ਰੁਪਿਆ ਹੀ ਬਣਦਾ ਹੈ। ਇਸੇ ਤਰ੍ਹਾਂ ਹੀ ਜਿਹੜੀ ਪ੍ਰੋਵੀਜ਼ਨ ਇਨ੍ਹਾਂ ਨੇ ਇਸ ਪਲਾਨ ਦੇ ਪੀਰੀਅਡ ਵਿਚ ਕੀਤੀ ਹੈ ਉਸ ਵਿਚ ਇਹ ਸਿਰਫ ਸੋਸ਼ਲ ਸਰਵਿਸ ਵਿਚ 12.56 ਪ੍ਰਤੀਸ਼ਤ ਹੀ ਖਰਚ ਕਰ ਸਕਣਗੇ ਮੈਂ ਜਾਣਨਾ ਚਾਹਾਂਗਾ ਕਿ ਇਹ ਜਿਹੜੀ ਇਤਨੀ ਇੰਪਾਰਟੈਂਟ ਸੋਸ਼ਲ ਸਰਵਿਸ ਦੀ ਪ੍ਰੋਵੀਜ਼ਨ ਹੈ ਇਸ ਨੂੰ ਇਤਨੀ ਬੇਦਰਦੀ ਨਾਲ ਕਿਉਂ ਨਜ਼ਰ ਅੰਦਾਜ਼ ਕੀਤਾ ਗਿਆ ਹੈ। ਇਸ ਦੇ ਨਾਲ ਬਜਟ ਵਿਚ ਕੋਈ ਅੱਛੀ ਝਲਕ ਨਜ਼ਰ

[ਪੰਡਿਤ ਮੋਹਨ ਲਾਲ]

ਨਹੀਂ ਆਉਂਦੀ ਹੈ ਇਸ ਬਜਟ ਤੋਂ ਕੇਵਲ ਕੈਪਟੀਲਿਸਟ ਕਿਸਮ ਦੇ ਬਜਟ ਦੀ ਹੀ ਝਲਕ ਨਜ਼ਰ ਆਉਂਦੀ ਹੈ ਔਰ ਕੈਪੀਟਿਲਿਜ਼ਮ ਦਾ ਹੀ ਖਿਆਲ ਰਖਿਆ ਗਿਆ ਹੈ। ਮੈਂ ਸਿਰਫ ਇਕ ਹੀ ਮੱਦ ਵਲ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ।

ਸਪੀਕਰ ਸਾਹਿਬ, ਐਜੂਕੇਸ਼ਨ ਦੇ ਸਬੰਧ ਵਿਚ ਖਾਸ ਤੌਰ ਤੇ ਪ੍ਰਾਈਵੇਟ ਕਾਲਜਿਜ਼ ਔਰ ਪ੍ਰਾਈਵੇਟ ਸਕੂਲਾਂ ਦੇ ਮੁੱਤਲਿਕ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਵਿਚ ਬੜੀ ਬੇਚੈਨੀ ਹੈ। ਸਟੂਡੈਂਟਸ ਅਤੇ ਟੀਚਰਜ਼, ਹੈਡਮਾਸਟਰ ਅਤੇ ਪ੍ਰਿੰਸੀਪਲਾਂ ਦੇ ਵਿਚ ਬੜੀ ਬੇਚੈਨੀ ਹੈ। ਸਭ ਤੋਂ ਵੱਡੀ ਗੱਲ ਜਿਹੜੀ ਮੈਂ ਸਮਝਦਾ ਹਾਂ ਕਿ ਪਿਛੇ ਕੁਝ ਅਰਸਾ ਹੋਇਆ ਸਕੂਲਾਂ ਦੇ ਮੁਤਲਕ ਐਜੀਟੇਸ਼ਨ ਚਲਦੀ ਰਹੀ ਹੈ ਜਿਸ ਦਾ ਮੈਂ ਜ਼ਿਕਰ ਇਸ ਵੇਲੇ ਨਹੀਂ ਕਰਨਾ ਚਾਹੁੰਦਾ ਲੇਕਿਨ ਕਾਲਜ਼ਿਜ ਦੇ ਮੁੱਤਲਿਕ ਕਹਿਣਾ ਚਾਹੁੰਦਾ ਹਾਂ ਕੀ ਗੌਰਮਿੰਟ ਦੀ ਨੀਤੀ ਅਨੁਸਾਰ ਉਨ੍ਹਾਂ ਨੂੰ ਪ੍ਰਾਈਵੇਟ ਤੌਰ ਤੇ ਚਲਾਉਣਾ ਮੁਸ਼ਕਲ ਹੋ ਗਿਆ ਹੈ। ਖਾਸ ਤੌਰ ਤੇ ਮੁਸ਼ਕਲ ਉਸ ਵਕਤ ਪੈਂਦੀ ਹੈ ਜਦੋਂ 1977-78 ਵਿਚ ਸਰਕਾਰ ਨੇ 95 ਪ੍ਰਤੀਸ਼ਤ ਦਾ ਫਾਰਮੂਲਾ ਲਾਗੂ ਕੀਤਾ ਅਤੇ ਉਸ ਫਾਰਮੂਲੇ ਦੇ ਲਾਗੂ ਕਰਨ ਦੇ ਨਾਲ ਨਾਲ ਇਤਨੀਆਂ ਜਿਆਦਾ ਕਰੜੀਆਂ ਸ਼ਰਤਾਂ ਨਾਲ ਲਗਾ ਦਿੱਤੀਆਂ ਜਿਹੜੀਆਂ ਬਿਲਕੁਲ ਜਾਇਜ ਨਹੀ ਸਨ। ਇਨ੍ਹਾਂ ਸ਼ਰਤਾਂ ਦੇ ਲਾਗੂ ਹੋਣ ਦੇ ਨਾਲ ਜਿਹੜੀ 1977-78 ਵਿਚ ਸਟਾਫ ਸੀ ਉਸ ਨੂੰ ਗੌਰਮਿੰਟ ਨੇ ਸੀਲ ਕਰ ਦਿੱਤਾ ਅਤੇ ਸ਼ਰਤ ਲਗਾ ਦਿੱਤੀ ਕਿ ਕੋਈ ਨਵੀ ਕਿਸਮ ਦਾ ਸਟਾਫ ਨਹੀਂ ਰੱਖ ਸਕਦੇ ਚਾਹੇ ਸੂਟਡੈਂਟਸ ਦੀ ਤਾਦਾਦ ਕਿੰਨੀ ਹੀ ਕਿਉਂ ਨਾ ਵਧ ਜਾਵੇ ਔਰ ਟੀਚਿੰਗ ਸੈਕਸ਼ਨ ਜਿੰਨੇ ਮਰਜੀ ਖੋਲ੍ਹ ਦਿਓ ਪਰ ਤੁਸੀਂ ਨਵਾਂ ਸਟਾਫ ਸਰਕਾਰ ਦੀ ਬਿਨਾਂ ਮਨਜ਼ੂਰੀ ਲਏ ਰੱਖ ਨਹੀਂ ਸਕਦੇ। ਇਸ ਫੈਸਲੇ ਦੇ ਵਿਰੁਧ ਪ੍ਰਾਈਵੇਟ ਕਾਲਜਾਂ ਵਾਲੇ ਅਤੇ ਮੈਨੇਜਮੈਂਟ ਵਾਲੇ ਪਿਛਲੀ ਸਰਕਾਰ ਨੂੰ ਅਤੇ ਇਸ ਸਰਕਾਰ ਨੂੰ ਮਿਲਦੇ ਰਹੇ ਹਨ ਅਤੇ ਐਜੂਕੇਸ਼ਨ ਡਿਪਾਰਟਮੈਂਟ ਨੂੰ ਵੀ ਮਿਲਦੇ ਰਹੇ ਹਨ। ਸਰਕਾਰ ਨੇ ਮੰਨਿਆ ਕਿ ਇਹ ਸ਼ਰਤ ਬਿਲਕੁਲ ਨਜਾਇਜ਼ ਹੈ ਅਤੇ ਤੁਹਾਡੀ ਡੀਮਾਂਡ ਜਾਇਜ਼ ਹੈ ਔਰ ਇਹ ਸਟਾਫ ਤੇ ਸੀਲਿੰਗ ਖਤਮ ਹੋਣੀ ਚਾਹੀਦੀ ਹੈ ਅਤੇ ਇਸ ਨੂੰ ਹਰ 3 ਸਾਲ ਬਾਅਦ ਰੀਵਿਊ ਕੀਤਾ ਜਾਣਾ ਚਾਹੀਦਾ ਹੈ। ਸਪੀਕਰ ਸਾਹਿਬ, 1978 ਤੋਂ ਲੈ ਕੇ 1987 ਤਕ ਕੁਝ ਨਹੀਂ ਕੀਤਾ ਗਿਆ। ਮੈਂ ਜਾਣਦਾ ਹਾਂ, ਸਪੀਕਰ ਸਾਹਿਬ ਇਸ ਗੱਲ ਦੀ ਫਾਈਨਾਂਸ ਡਿਪਾਰਮੈਂਟ ਵਲੋਂ ਤਾਈਦ ਨਹੀਂ ਕੀਤੀ ਗਈ। ਫਾਈਨਾਂਸ ਡਿਪਾਰਟਮੈਂਟ ਵੱਲੋਂ ਅਜੇ ਤਕ ਇਸ ਗੱਲ ਲਈ ਮੰਜ਼ੂਰੀ ਨਹੀਂ ਦਿਤੀ ਗਈ। ਫਾਈਨਾਂਸ ਡਿਪਾਰਟਮੈਂਟ ਵਲੋਂ ਅਜੇ ਤਕ ਰੁਪਿਆ ਨਹੀਂ ਦਿਤਾ ਗਿਆ। ਇਸ ਤੋਂ ਤੁਸੀਂ, ਸਪੀਕਰ ਸਾਹਿਬ, ਅੰਦਾਜ਼ਾ ਲਗਾ ਲਓ ਕਿ ਇਤਨੀ ਜ਼ਰੂਰੀ ਚੀਜ਼ ਵਾਸਤੇ ਫਾਈਨਾਂਸ ਡਿਪਾਰਟਮੈਂਟ ਇਕ ਕਰੋੜ ਜਾਂ ਡੇਢ ਕਰੋੜ ਰੁਪਿਆ ਸੈਂਕਸ਼ਨ ਕਰਨ ਨੂੰ ਤਿਆਰ ਨਹੀਂ ਹੈ। ਜਿਥੇ ਕਿ 4100 ਕਰੋੜ ਰੁਪਏ ਦੀ ਲਗਭਗ ਬਜਟ ਹੋਵੇ ਉਏ, ਸਪੀਕਰ ਸਾਹਿਬ, ਫਾਇਨਾਂਸ ਮਨਿਸਟਰ ਸਾਹਿਬ ਇਕ ਕਰੋੜ ਜਾਂ ਡੇਢ ਕਰੋੜ ਰੁਪਿਆ ਸਪੇਅਰ ਨਹੀਂ ਕਰ ਸਕਦੇ। ਇਹ ਚੀਜ਼ ਬਹੁਤ ਹੀ ਜ਼ਰੂਰੀ ਹੈ। ਜੇਕਰ 100 ਸਟੂਡੈਂਟਸ ਹਨ ਅਤੇ ਸਟੂਡੈਂਟਸ ਵੱਧ ਜਾਂਦੇ ਹਨ ਔਰ 1,000 ਸਟੂਡੈਂਟਸ ਹੋ ਜਾਂਦੇ ਹਨ ਤਾਂ ਉਸ ਹਿਸਾਬ ਨਾਲ ਸਰਕਾਰ ਮੈਨੇਜਮੈਂਟਾਂ ਕੋਲੋਂ ਪੈਸਾ ਲੈਂਦੀ ਹੈ ਜੇਕਰ ਕਮੀ ਆਵੇ ਤਾਂ ਉਸ ਦਾ ਜੁਰਮਾਨਾ ਮੈਨੇਜਮੈਂਟ ਕੋਲੋਂ ਵਸੂਲ ਕਰ ਲਿਆ ਜਾਂਦਾ ਹੈ। ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਦੀ ਮਦਦ ਕਰੋ ਅਤੇ ਇਹੋ ਜਿਹੇ ਛੋਟੇ ਫੈਸਲੇ ਨੂੰ ਰੀਵਾਈਜ਼ ਕਰੋ। ਇਹ ਜੋ ਦੋ ਪਾਬੰਦੀਆਂ ਲੱਗੀਆਂ ਹੋਈਆਂ ਹਨ, ਇਨਾਂ ਨੂੰ ਦੂਰ ਕਰੋ। ਮੈਂ ਵਿੱਤ ਮੰਤਰੀ ਸਾਹਿਬ ਨੂੰ ਕਹਾਂਗਾ ਕਿ ਜਿਤਨਾ ਵੀ ਤੁਸੀਂ ਸ਼ੋਸ਼ਲ ਸਰਵਿਸ ਵਾਸਤੇ ਬਜਟ ਵਿਚ ਪੈਸਾ ਰਖਿਆ ਹੈ ਉਹ ਸਾਰੀ ਰਕਮ ਹਰੀਜਨ ਵੈਲਫੇਅਰ ਅਤੇ

ਸ਼ੋਸ਼ਲ ਵੈਲਫੇਅਰ ਵਾਸਤੇ ਗਰੀਬ ਲੋਕਾਂ ਲਈ ਰਕਮ ਰੱਖੀ ਗਈ ਹੈ, ਉਹ ਰਿਵਾਈਜ਼ ਕਰਕੇ ਹੋਰ ਰਕਮ ਦਿਓ ਤਾਕਿ ਬਜਟ ਇਕ ਸਵਾਦ ਦਾ ਬਜਟ ਬਣ ਜਾਵੇ। ਸਪੀਕਰ ਸਾਹਿਬ, 185 ਕਰੋੜ ਰੁਪਏ ਦਾ ਘਾਟਾ ਅਣਪੂਰਿਆ ਛੱਡ ਦਿਤਾ ਗਿਆ ਹੈ। 40 ਕਰੋੜ ਰੁਪਏ ਦੇ ਨਵੇਂ ਟੈਕਸ ਹਨ। ਇਸ ਤਰ੍ਹਾਂ, ਸਪੀਕਰ ਸਾਹਿਬ, 225 ਕਰੋੜ ਰੁਪਿਆ ਬਣ ਜਾਂਦਾ ਹੈ। ਤੁਸੀਂ 40 ਕਰੋੜ ਰੁਪਏ ਦੇ ਟੈਕਸ ਅਵਾਮ ਉਤੇ ਨਾ ਲਗਾਓ। ਇਹ ਟੈਕਸ ਦਾ ਬੋਝ ਸਾਰਾ ਅਵਾਮ ਉਤੇ ਪੈਣਾ ਹੈ। ਸੇਲਜ਼ ਟੈਕਸ ਹਰ ਦਫਾ ਕਿਸੇ ਨਾ ਕਿਸੇ ਤਰੀਕੇ ਨਾਲ ਔਰ ਕਿਸੀ ਨਾ ਕਿਸੀ ਸ਼ਕਲ ਵਿਚ ਲੋਕਾਂ ਦੇ ਬੋਝ ਪਾਉਂਦੇ ਹਨ। ਸਪੀਕਰ ਸਾਹਿਬ, ਭਾਵੇਂ ਐਗਰੀਕਲਚਰ ਸੈਕਟਰ ਹੈ ਜਾਂ ਨਾਨ-ਐਗਰੀਕਲਚਰ ਸੈਕਟਰ ਹੈ ਇਸ ਵਿਚੋਂ ਪੈਸਾ ਮਿਲ ਸਕਦਾ ਹੈ। ਮਨਾਪਲਿਸਟਾਂ ਤੇ ਰੱਤੀ ਭਰ ਵੀ ਟੈਕਸ ਨਹੀਂ ਲਗਾਇਆ ਗਿਆ। ਉਨ੍ਹਾਂ ਉਤੇ ਇਕ ਪੈਸਾ ਵੀ ਟੈਕਸ ਦਾ ਨਹੀਂ ਲਗਾਇਆ ਗਿਆ। ਇਨਡਾਇ-ਰੈਕਟ ਟੈਕਸਾਂ ਦਾ ਬੋਝ ਹਮੇਸ਼ਾਂ ਗਰੀਬਾਂ ਉਤੇ ਪੈਂਦਾ ਹੈ। ਇਹ ਬੋਝ ਵੀ ਗਰੀਬਾਂ ਤੇ ਪਵੇਗਾ। ਇਸ ਕਰਕੇ, ਸਪੀਕਰ ਸਾਹਿਬ, ਮੈਂ ਫਾਈਨਾਂਸ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਇਹ ਜਿਹੜਾ ਇਨ੍ਹਾਂ ਨੇ ਲੇਵੀ ਟੈਕਸ ਲਗਾਇਆ ਹੈ, ਇਹ ਇਕ ਪ੍ਰਤੀਸ਼ਤ ਦਾ ਟੈਕਸ ਜਿਹੜਾ ਲਗਾਇਆ ਗਿਆ ਹੈ, ਇਹ ਠੀਕ ਨਹੀਂ ਕੀਤਾ ਗਿਆ।

ਵਿੱਤ ਮੰਤਰੀ : ਇਹ ਪੈਸਾ ਐਫ.ਸੀ.ਆਈ. ਨੇ ਦੇਣਾ ਹੈ।

ਪੰਡਿਤ ਮੋਹਨ ਲਾਲ : ਮੈਨੂੰ ਇਸ ਗੱਲ ਦਾ ਪਤਾ ਹੈ। ਤੁਸੀਂ ਕਈ ਚੀਜ਼ਾਂ ਬਾਹਰੋਂ ਮੰਗਵਾਉਂਦੇ ਹੋ। ਉਹ ਚੀਜ਼ ਵੀ ਮਹਿੰਗੀ ਪੈ ਸਕਦੀ ਹੈ। ਤੁਹਾਨੂੰ ਇਹ ਗੱਲ ਸੋਚ ਲੈਣੀ ਚਾਹੀਦੀ ਹੈ। ਤੁਸੀਂ ਹੋਰ ਰਕਮ ਮੰਗਦੇ ਹੋ। ਇਸ ਬਾਰੇ, ਸਪੀਕਰ ਸਾਹਿਬ, ਇਹ ਸੋਚ ਸਕਦੇ ਹਨ। ਇਸ ਦਾ ਬੋਝ ਕਨਜ਼ਿਊਮਰ ਉਤੇ ਪਵੇਗਾ।

ਮੈਂ ਇਹ ਗੱਲ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਇਸ ਬਜਟ ਦੀ ਵਜ੍ਹਾ ਨਾਲ ਕੀਮਤਾਂ ਵਧ-ਣਗੀਆਂ। ਕੀਮਤਾਂ ਦਾ ਅੱਗੇ ਹੀ ਬੁਰਾ ਹਾਲ ਹੈ। ਪੰਜਾਬ ਵਿੱਚ ਖਾਸ ਤੌਰ ਤੇ ਬੁਰਾ ਹਾਲ ਹੈ। ਫਾਈਨਾਂਸ ਮਨਿਸਟਰ ਸਾਹਿਬ ਸਮਝਦੇ ਹਨ ਕਿ ਮਾਰਜਨਲ ਕੀਮਤਾਂ ਵਧਣਗੀਆਂ 5 ਪ੍ਰਤੀਸ਼ਤ ਜਾਂ 10 ਪ੍ਰਤੀਸ਼ਤ ਤੱਕ ਵਧਣਗੀਆਂ। ਪਰ ਕੀ 10 ਪ੍ਰਤੀਸ਼ਤ ਦਾ ਬੋਝ ਅੱਜ ਗਰੀਬ ਸਹਾਰਨ ਦੇ ਯੋਗ ਹੈ? ਅੱਜ ਮਿਡਲ-ਮੈਨ ਵੀ ਪ੍ਰਾਈਸਿਜ਼ ਦੇ ਵਧਣ ਤੋਂ ਦੁਖੀ ਹੈ। ਇਸ ਲਈ ਜਿਹੜੀਆਂ ਇਸ ਬਜਟ ਵਿੱਚ ਪ੍ਰਾਈਸਿਜ਼ ਦੇ ਵਧਣ ਦੇ ਮੁਤੱਲਕ ਗੱਲਾਂ ਹਨ, ਉਨ੍ਹਾਂ ਨੂੰ ਹਟਾਓ।

ਸਪੀਕਰ ਸਾਹਿਬ, ਇਕ ਗੱਲ ਜਿਹੜੀ ਮੈਂ ਹੋਰ ਖਾਸ ਤੌਰ ਤੇ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਫਾਇਨਾਂਸ ਮਨਿਸਟਰ ਸਾਹਿਬ ਦਾ ਕਈਆਂ ਹੋਰ ਗੱਲਾਂ ਵੱਲ ਤਾਂ ਧਿਆਨ ਹੈ, ਲੇਕਿਨ ਬਚਤ ਦੇ ਮਤੱਲਕ ਇਨ੍ਹਾਂ ਨੂੰ ਕੋਈ ਧਿਆਨ ਨਹੀਂ ਦਿੱਤਾ ਕਿ ਅਸੀਂ ਕਿਸ ਤਰ੍ਹਾਂ ਫਜ਼ੂਲ ਖਰਚੀ ਨੂੰ ਬਚਤ ਵਿੱਚ ਬਦਲ ਸਕਦੇ ਹਾਂ। ਤੁਹਾਡੇ ਸਾਹਮਣੇ ਮੈਂ ਟਾਪ ਹੈਵੀ ਐਡਮਨਿਸਟਰੇਸ਼ਨ ਦਾ ਢਾਂਚਾ ਪੇਸ਼ ਕਰਨਾ ਚਾਹੁੰਦਾ ਹਾਂ। ਅੱਜ, ਸਪੀਕਰ ਸਾਹਿਬ, ਪੰਜਾਬ ਵਿਚ 7 ਫਾਈਨਾਂਸ਼ਲ ਕਮਿਸ਼ਨਰ ਹਨ। ਕੋਈ ਵਕਤ ਸੀ ਜੁਆਇੰਟ ਪੰਜਾਬ ਵਿੱਚ, ਸਾਂਝੇ ਪੰਜਾਬ ਵਿੱਚ ਜਦੋਂ ਹਰਿਆਣਾ ਅਤੇ ਹਿਮਾਚਲ ਵੀ ਨਾਲ ਹੁੰਦਾ ਸੀ, ਉਦੋਂ 1 ਫਾਈਨਾਂਸ਼ਲ ਕਮਿਸ਼ਨਰ ਹੁੰਦਾ ਸੀ ਅਤੇ ਜਦੋਂ ਕਦੇ ਅਪੀਲਾਂ ਵੱਧ ਜਾਂਦੀਆਂ ਸਨ ਤਾਂ ਇਕ ਐਡੀਸ਼ਨਲ ਸੈਂਕਸ਼ਨ ਕਰ ਦਿੰਦੇ ਹੁੰਦੇ ਸਨ। ਅੱਜ 7 ਫਾਈਨਾਂਸ਼ਲ ਕਮਿਸ਼ਨਰ ਅਤੇ ਇਕ ਹੋਰ ਅਫਸਰ ਉਸੇ ਸਟੇਟਸ ਦਾ ਯਾਨੀ 8 ਫਾਈਨਾਂਸ਼ਲ ਕਮਿਸ਼ਨਰ ਹਨ। 24 ਸੈਕਰੇਟਰੀਜ਼ ਹਨ ਜਿਨ੍ਹਾਂ ਵਿਚੋਂ ਮੈਨੂੰ

[ਪੰਡਿਤ ਮੋਹਨ ਲਾਲ]

ਪਤਾ ਹੀ ਨਹੀਂ ਕਿ ਅੱਧਿਆਂ ਤੋਂ ਵੱਧ ਕਮਿਸ਼ਨਰਜ਼ ਹਨ। ਸੈਕਰੇਟਰੀ ਤਾਂ ਕੋਈ ਘੱਟ ਹੀ ਦਿਖਾਈ ਦੇਂਦਾ ਹੈ। ਸਭ ਕਮਿਸ਼ਨਰ ਹੀ ਹਨ। 14 ਜੁਆਇੰਟ ਸੈਕਰੇਟਰੀ ਹਨ। ਡਿਪਟੀ ਸੈਕਰੇਟਰੀ ਅਤੇ ਅੰਡਰ ਸੈਕਰੇਟਰੀਜ਼ ਦਾ ਤਾਂ ਕੋਈ ਹਿਸਾਬ ਹੀ ਨਹੀਂ।

*3.37 ਬਾਅਦ ਦੁਪਹਿਰ

(ਇਸ ਸਮੇਂ* ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਗਿਣਤੀ ਹੀ ਨਹੀਂ ਕੀਤੀ ਜਾ ਸਕਦੀ। ਅੰਦਾਜ਼ਾ ਲਗਾਓ, ਏਨੀ ਟਾਪ ਹੈਵੀ ਐਡਮਨਿਸਟਰੇਸ਼ਨ ਹੋਵੇ। ਪਹਿਲਾਂ 3 ਕਮਿਸ਼ਨਰ ਹੋਇਆ ਕਰਦੇ ਸਨ। ਹੁਣ ਇਹ ਦੱਸਣਗੇ ਕਿ ਪੰਜਾਬ ਵਿੱਚ ਕਿੰਨੇ ਕਮਿਸ਼ਨਰਜ਼ ਹਨ, ਕਿੰਨੇ ਆਈ.ਜੀ. ਪੁਲਿਸ ਲੱਗੇ ਹੋਏ ਹਨ। ਪਹਿਲਾਂ ਇਕ ਹੁੰਦਾ ਸੀ ਅਤੇ ਡੀ.ਆਈ.ਜੀ. 3 ਹੁੰਦੇ ਸਨ। ਅੱਜ ਕਿੰਨੇ ਡੀ.ਆਈ.ਜੀ. ਅਤੇ ਕਿੰਨੇ ਆਈ.ਜੀ. ਹਨ। ਕੀ ਇਹ ਇਨ੍ਹਾਂ ਦੀ ਕੋਈ ਜਸਟੀ-ਫਿਕੇਸ਼ਨ ਬਣਦੀ ਹੈ? ਸਿਰਫ ਆਸਾਮੀਆਂ ਦੀ ਤਾਦਾਦ ਵਧਾਉਣ ਨਾਲ ਕਦੇ ਐਡਮਨਿਸਟਰੇਸ਼ਨ ਨਹੀਂ ਸੁਧਰਦੀ। ਇਹ ਸੁਧਰਦੀ ਹੈ ਡੈਡੀਕੇਟਿਡ ਪਰਸਨਜ਼ ਨਾਲ, ਡੈਡੀਕੇਟਿਡ ਆਦਮੀਆਂ ਨਾਲ। ਜਿੰਨੀ ਮਰਜ਼ੀ ਵਧਾਈ ਜਾਓ, ਕੋਈ ਫਰਕ ਪਿਆ ਹੈ, ਲਾਅ ਐਂਡ ਆਰਡਰ ਵਿੱਚ, ਏਨੀਆਂ ਆਸਾਮੀਆਂ ਦੇ ਬਾਵਜੂਦ ਵੀ ਕੋਈ ਫਰਕ ਪਿਆ ਹੈ?

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਬੇਤਹਾਸ਼ਾ ਕਾਰਪੋ-ਰੇਸ਼ਨਾਂ ਔਰ ਬੋਰਡ ਜਿਹੜੇ ਹਨ, ਅਗਰ ਉਨ੍ਹਾਂ ਦੀ ਜਾਂਚ ਪੜਤਾਲ ਕਰੋ ਤਾਂ ਕੋਈ ਲੋੜ ਨਹੀਂ। ਉਨ੍ਹਾਂ ਦਾ ਸ਼ਾਨ ਸ਼ਹਾਨਾ ਖਰਚ ਮਨਿਸਟਰਾਂ ਨਾਲੋਂ ਵੱਧ ਹੈ। ਇਸ ਕਰਕੇ ਅਗਰ ਕੋਈ ਕਮੇਟੀ ਮੁਕੱਰਰ ਕਰਨੀ ਹੈ, ਤੁਸੀਂ ਕਮੇਟੀਆਂ ਬਹੁਤ ਸੁਜੈਸਟ ਕੀਤੀਆਂ ਹਨ ਆਪਣੇ ਬਜਟ ਵਿੱਚ, ਫਾਈਨਾਂਸ ਮਨਿਸਟਰ ਸਾਹਿਬ ਨੇ 3-4 ਕਮੇਟੀਆਂ ਦੀ ਚਰਚਾ ਕਰ ਦਿੱਤੀ ਹੈ, ਜੇ ਕਮੇਟੀ ਬਣਾਉਣੀ ਹੈ ਤਾਂ ਇਹ ਕਰੋ, ਜਿਹੜੀ ਦੇਖੇ ਕਿ ਇਸ ਟਾਪ ਹੈਵੀ ਐਡਮਨਿਸਟਰੇਸ਼ਨ ਵਿੱਚ ਕਿਹੜੇ ਕਿਹੜੇ ਅਫਸਰ ਜ਼ਰੂਰੀ ਹਨ, ਆਫਿਸ ਜ਼ਰੂਰੀ ਹਨ। ਮੇਰਾ ਖਿਆਲ ਹੈ ਕਿ ਇਨ੍ਹਾਂ ਕਾਰਪੋਰੇਸ਼ਨਾਂ ਅਤੇ ਬੋਰਡਾਂ ਕਰਕੇ ਹੀ ਤੁਸੀਂ ਕਰੋੜਾਂ ਰੁਪਏ ਦੀ ਬਚਤ ਕਰ ਸਕਦੇ ਹੋ ਜੇ ਇਨ੍ਹਾਂ ਦੀ ਚੈਕਿੰਗ ਕਰੋ। ਇਹ ਕਮੇਟੀ ਬਣਾਓ। ਇਸ ਦੇ ਬਣਾਏ ਜਾਣ ਦੀ ਅਸਲ ਜ਼ਰੂਰਤ ਹੈ। ਮੈਂ ਐਫ.ਐਮ. ਸਾਹਿਬ ਨੂੰ ਕਹਾਂਗਾ ਕਿ ਉਨ੍ਹਾਂ ਨੇ ਬਜਟ ਵਿੱਚ 2 ਗੱਲਾਂ ਤੇ ਬੜਾ ਜ਼ੋਰ ਦਿਤਾ ਹੈ। ਇਕ ਫਾਈਨਾਂਸ ਕਮਿਸ਼ਨ ਦੀਆਂ ਰਿਕਮੈਂਡੇਸ਼ਨਾਂ ਤੇ ਔਰ ਦੂਸਰਾ ਸੈਂਟਰਲ ਰੈਵੇਨਿਊ ਦੇ ਮੁਤੱਲਕ। ਸਾਨੂੰ ਇਸ ਗੱਲ ਵਿੱਚ ਖੁਸ਼ੀ ਹੋਵੇਗੀ ਕਿ ਅਗਰ ਜਾਇਜ਼ ਢੰਗ ਨਾਲ ਸਾਡੀ ਸਰਕਾਰ ਨੂੰ ਹੋਰ ਪੈਸਾ ਸੈਂਟਰ ਕੋਲੋਂ ਆਉਂਦਾ ਹੈ, ਫਾਈਨਾਂਸ ਕਮਿਸ਼ਨ ਕੋਲੋਂ ਆਉਂਦਾ ਹੈ, ਲੇਕਿਨ ਐਫ.ਐਮ. ਸਾਹਿਬ ਇਸ ਗੱਲ ਨੂੰ ਜਾਣਦੇ ਹਨ ਕਿ ਉਨ੍ਹਾਂ ਦਾ ਫਾਰਮੂਲਾ ਬਣਿਆ ਹੁੰਦਾ ਹੈ। ਅਗਰ ਫਾਰਮੂਲੇ ਵਿੱਚ ਤਬਦੀਲੀ ਲਿਆਉਣ ਦਾ ਯਤਨ ਕਰ ਸਕਦੇ ਹੋ ਤਾਂ ਬੜੀ ਖੁਸ਼ੀ ਨਾਲ ਕਰਾਓ। ਪਰ ਇਹ ਗੱਲ ਜ਼ਰੂਰ ਯਾਦ ਰੱਖਣੀ ਚਾਹੀਦੀ ਹੈ ਕਿ ਕੋਈ ਇਹੋ ਜਿਹਾ ਕੰਮ ਕਤੱਈ ਨਹੀਂ ਹੋਣਾ ਚਾਹੀਦਾ ਜਿਸ ਨਾਲ ਸੈਂਟਰ ਕਮਜ਼ੋਰ ਹੋਵੇ। ਅਸੀਂ ਹਿੰਦੁਸਤਾਨ ਵਿੱਚ ਦੇਖਦੇ ਪਏ ਹਾਂ ਕਿ ਕਿਸ ਤਰ੍ਹਾਂ ਅੰਦਰੂਨੀ ਅਤੇ ਬੈਰੂਨੀ ਤਾਕਤਾਂ ਸਾਡੇ ਦੇਸ਼ ਨੂੰ ਕਮਜ਼ੋਰ ਬਣਾਉਣ ਤੇ ਅਤੇ ਉਸ ਦੇ ਟੁਕੜੇ ਕਰਨ ਤੇ ਲੱਗੀਆਂ ਹੋਈਆਂ ਹਨ। ਇਸ ਵਾਸਤੇ ਬਹੁਤ ਜ਼ਰੂਰੀ ਹੈ ਕਿ ਤੁਹਾਡਾ ਸੈਂਟਰ ਇੱਕ ਬਹੁਤ ਮਜ਼ਬੂਤ ਸੈਂਟਰ ਹੋਵੇ। ਜਿਸ ਵੇਲੇ ਸੈਂਟਰ ਕਮਜ਼ੋਰ ਹੋਇਆ ਹਿੰਦੁਸਤਾਨ ਦੇ ਟੁਕੜੇ ਹੋਏ। ਜਦੋਂ ਸੈਂਟਰ ਮਜ਼ਬੂਤ ਹੋਇਆ ਹਿੰਦੁਸਤਾਨ ਵਿਚ ਯਕਜਹਿਤੀ ਔਰ ਤਾਕਤ ਆਈ। ਓਨਾਂ ਕੰਮ ਕਰੀਏ ਜਿਸ ਨਾਲ ਸੈਂਟਰ ਨੂੰ ਕੋਈ ਕਮੀ ਨਾ ਆਵੇ।

ਇੱਕ ਗਲ ਮੈਂ ਹੋਰ ਇਸ ਸਬੰਧ ਵਿਚ ਕਹਿਣਾ ਚਾਹਵਾਂਗਾ ਕਿ ਫਾਈਨਾਂਸ ਮਨਿਸਟਰ ਸਾਹਿਬ ਨੇ ਹੈਵੀ ਅਤੇ ਲਾਰਜ ਸਕੇਲ ਇੰਡਸਟਰੀ ਤੇ ਬਹੁਤ ਜ਼ੋਰ ਦਿਤਾ ਹੈ। ਹੈਵੀ ਇੰਡਸਟਰੀ ਔਰ ਲਾਰਜ ਸਕੇਲ ਇੰਡਸਟਰੀ ਤੇ ਸਭ ਜਾਣਦੇ ਹਨ ਲੇਕਿਨ ਜੋ ਮੈਨੂੰ ਮਾਲੂਮ ਹੁੰਦਾ ਹੈ ਇਹ ਬਜਟ ਸਪੀਚ ਵਿਚ ਦੇਖਦੇ ਹਾਂ ਇਨ੍ਹਾਂ ਦੇ ਸਾਹਮਣੇ ਸਿਰਫ ਲਾਰਜ ਸਕੇਲ ਔਰ ਹੈਵੀ ਇੰਡਸਟਰੀ ਹੈ ਔਰ ਸਮਾਲ ਸਕੇਲ ਇੰਡਸਟਰੀ ਜਿਹੜੀ ਕਿ ਪੰਜਾਬ ਦੀ ਇਕਾਨੋਮੀ ਦੀ ਰੀੜ ਦੀ ਹੱਡੀ ਹੈ ਉਸ ਵੱਲ ਧਿਆਨ ਨਹੀਂ ਦਿੱਤਾ ਗਿਆ। ਪੰਜਾਬ ਵਿਚ ਸਮਾਲ ਸਕੇਲ ਇੰਡਸਟਰੀ ਜੋ ਕਿ ਹਮੇਸ਼ਾ ਚੋਟੀ ਤੇ ਰਹੀ ਹੈ ਐਕਸ-ਪੋਰਟ ਸਮਾਲ ਸਕੇਲ ਸੈਕਟਰ ਪੰਜਾਬ ਵਿਚੋਂ 80 ਪ੍ਰਤੀਸ਼ਤ ਹੁੰਦੀ ਰਹੀ ਹੈ। ਐਸਾ ਸਮਾਂ ਸੀ ਪਰ ਅੱਜ ਮੈਂ ਨਹੀਂ ਜਾਣਦਾ ਕਿ ਸਮਾਲ ਸਕੇਲ ਇੰਡਸਟਰੀ ਸੈਕਟਰ ਦੀ ਕਿੰਨੀ ਐਕਸਪੋਰਟ ਹੈ ਪੰਜਾਬ ਦੀ ਇਕਾਨੋਮੀ ਵਿਚ। Small Scale Indurstry is must ਸਮਾਲ ਸਕੇਲ ਇੰਡਸਟਰੀ ਦੀ ਕਾਸਟ ਤੇ ਲਾਰਜ ਸਕੇਲ ਇੰਡਸਟਰੀ ਔਰ ਹੈਵੀ ਇੰਡਸਟਰੀ ਨਹੀਂ ਲਗਾਉਣੀ ਚਾਹੀਦੀ ਹੈ। ਮੈਂ ਜਾਣਦਾ ਹਾਂ ਕਿ ਪਿਛਲੇ ਡਿਸਟਰਬੈਂਸਿਜ਼ ਵਿਚ ਸਮਾਲ ਸਕੇਲ ਇੰਡਸਟਰੀ ਨੇ ਕਿੰਨਾ ਸਫਰ ਕੀਤਾ ਹੈ। ਤੁਸੀਂ ਬਟਾਲੇ ਦਾ ਜ਼ਿਕਰ ਕੀਤਾ ਹੈ ਉਥੇ ਕਿੰਨਾ ਇਸ ਨੇ ਸਫਰ ਕੀਤਾ। ਅੰਮ੍ਰਿਤਸਰ ਵਿਚ ਕਿੰਨਾ ਸਫਰ ਕੀਤਾ। ਸਮਾਲ ਸਕੇਲ ਇੰਡਸਟਰੀ ਵਾਸਤੇ ਜਿੰਨੀ ਮਦਦ ਹੋ ਸਕਦੀ ਹੈ ਓਨੀ ਮਦਦ ਦੇਣੀ ਚਾਹੀਦੀ ਹੈ। ਇਸ ਨਾਲ ਪੰਜਾਬ ਵਿਚ ਐਂਪਲਾਇਮੈਂਟ ਜ਼ਿਆਦਾ ਵਧੇਗੀ। ਪੰਜਾਬ ਦੀ ਇਕਾਨੋਮੀ ਵਿਚ ਜ਼ਿਆਦਾ ਸਟੇਬਿਲਿਟੀ ਆਏਗੀ। ਇੱਕ ਗਲ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਸੰਜੀਦਗੀ ਨਾਲ ਕਿ ਪੰਜਾਬ ਵਾਸਤੇ ਬਹੁਤ ਕੁਝ ਤੁਸੀਂ ਆਪਣੇ ਬਜਟ ਵਿਚ ਅਨੁਮਾਨ ਦਿੱਤੇ ਹਨ। ਹਰ ਸੈਕਟਰ ਵਿਚ, ਐਗਰੀਕਲਚਰ ਸੈਕਟਰ ਵਿਚ, ਇੰਡਸਟਰੀ ਦੇ ਸੈਕਟਰ ਵਿਚ ਜਿੰਨੇ ਵੀ ਤੁਸੀਂ ਆਪਣੀ ਸ਼ਕਤੀ ਅਨੁਸਾਰ ਵਧਾਉਣ ਦਾ ਜ਼ਿਕਰ ਕੀਤਾ ਹੈ ਲੈਕਿਨ ਓਨਾਂ ਚਿਰ ਸਾਰੇ ਸੈਕਟਰਜ਼, ਐਗਰੀਕਲਚਰ ਸੈਕਟਰ, ਇੰਡਸਟਰੀ ਸੈਕਟਰ ਦੀ ਤਰੱਕੀ ਬੇਮਾਇਨੀ ਹੋ ਜਾਏਗੀ ਜਿੰਨਾ ਚਿਰ ਪੰਜਾਬ ਵਿਚ ਅਮਨ ਔਰ ਸ਼ਾਂਤੀ ਨਾ ਹੋਵੇ। ਜਿੰਨਾ ਚਿਰ ਤਕ ਲੋਕਾਂ ਨੂੰ ਵਿਸ਼ਵਾਸ਼ ਨਾ ਹੋਵੇ ਕਿ ਅਸੀਂ ਇਥੇ ਆਰਾਮ ਨਾਲ ਕੰਮ ਕਰ ਸਕਦੇ ਹਾਂ, ਆਪਣੀ ਰੋਜ਼ੀ ਕਮਾ ਸਕਦੇ ਹਾਂ ਔਰ ਆਪਣੀ ਜ਼ਿੰਦਗੀ ਬਚਾ ਸਕਦੇ ਹਾਂ ਓਨਾ ਚਿਰ ਕੋਈ ਫਾਇਦਾ ਨਹੀਂ ਜਿੰਨਾ ਚਿਰ ਲੋਕਾਂ ਨੂੰ ਆਪਣੇ ਜਾਨੋ ਮਾਲ ਦੀ ਹਿਫਾਜ਼ਤ ਦਾ ਪੂਰਾ ਵਿਸ਼ਵਾਸ ਨਾ ਹੋਵੇ। ਜਿੰਨਾ ਚਿਰ ਇਹ ਨਹੀਂ ਹੁੰਦਾ ਉਨਾ ਚਿਰ ਕੋਈ ਵੀ ਕੀਤੇ ਹੋਏ ਤਰੱਕੀ ਦੇ ਕੰਮਾਂ ਦਾ ਮੁੱਲ ਨਹੀਂ ਪੈਣਾ। ਪੰਜਾਬ ਵਿਚ ਬਾਹਰ ਦੇ ਲੋਕ ਇੰਡਸਟਰੀ-ਅਲਿਸਟਸ ਔਰ ਡੀਲਰਜ਼ ਵਗੈਰਾ ਆਉਣੇ ਬੰਦ ਹੋ ਗਏ ਹਨ। ਇਥੋਂ ਖਰੀਦ-ਦਾਰੀ ਕਰਨੀ ਬੰਦ ਕਰ ਦਿੱਤੀ ਹੈ ਔਰ ਮਾਲ ਲੈਣਾ-ਭੇਜਣਾ ਬੰਦ ਕਰ ਦਿੱਤਾ ਹੈ ਕਿਉਂਕਿ ਇਥੇ ਡਿਸਟਰਬੈਂਸਿਜ਼ ਹਨ। ਇਥੇ ਆਉਣ ਨਾਲ ਕਿਸੇ ਦੀ ਜ਼ਿੰਦਗੀ ਖਤਰੇ ਤੋਂ ਖਾਲ੍ਹੀ ਨਹੀਂ ਹੈ। ਇਸ ਬਾਰੇ ਮੈਂ ਬਹੁਤ ਕੁੱਝ ਕਹਿ ਸਕਦਾ ਹਾਂ ਪਰ ਮੈਂ ਕਹਿਣਾ ਨਹੀਂ ਹੈ ਔਰ ਸਿਰਫ ਇੱਕ ਗੱਲ ਦੇ ਬਾਰੇ ਵਿਚ ਪੰਜਾਬ ਦੇ ਚੀਫ ਮਨਿਸਟਰ ਸਾਹਿਬ ਨੂੰ ਜ਼ਿਕਰ ਕਰਾਂਗਾ। ਉਹ ਜਾਣਦੇ ਹਨ ਕਿ ਹਰ ਕੋਈ ਜਾਣਦਾ ਹੈ ਕਿ ਇਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਇੱਕ ਅੱਡਾ ਬਣ ਗਿਆ ਜਿਸ ਵਿਚ ਗੈਰ-ਤਸੱਲੀ ਦਾ ਅਨਸਰ ਹੈ ਔਰ ਉਥੇ ਕਈ ਕਿਸਮ ਦੇ ਜੁਰਮ ਹੁੰਦੇ ਹਨ। ਜੋ ਕੁਝ ਹੋਇਆ ਉਹ ਤੁਹਾਡੇ ਸਾਹਮਣੇ ਹੈ। ਉਸ ਦੀ ਤਫਸੀਲ ਦੇ ਵਿਚ ਜਾਣਾ ਮੁਨਾਸਿਬ ਨਹੀਂ ਲਗਦਾ। ਇਸ ਵਾਸਤੇ ਮੈਂ ਤੁਹਾਨੂੰ ਸਿਰਫ ਐਨੀ ਅਰਜ਼ ਕਰਾਂਗਾ ਕਿ ਇਸ ਦੇ ਮੁਤੱਲਕ ਆਧਾਂ ਨੂੰ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ। ਇਕ ਗੱਲ ਤੁਸੀਂ ਇਸ ਵਿਚ ਹੋਰ ਦੇਖੀ ਹੈ ਕਿ ਹਰਿਮੰਦਰ ਸਾਹਿਬ ਵਿਚ ਉਸ ਵੇਲੇ ਇਹੋ ਜਿਹੇ ਹਾਲਾਤ ਪੈਦਾ ਹੁੰਦੇ ਹਨ ਜਿਸ ਵੇਲੇ ਸਰਦਾਰ ਗੁਰਚਰਨ ਸਿੰਘ ਟੌਹੜਾ ਇਸ ਦਾ ਪ੍ਰੈਜੀਡੈਂਟ ਹੁੰਦਾ ਹੈ। ਜਦੋਂ ਪਹਿਲਾਂ ਸਨ, ਪਿਛਲੇ ਸਾਲ ਇਹ ਜਿਹੜੀ ਨਾਮ ਨਿਹਾਦ ਪੰਜ ਮੈਂਬਰੀ ਪੰਥਕ ਕਮੇਟੀ ਹੈ ਉਸ ਨੇ ਹਰਿਮੰਦਰ ਸਾਹਿਬ ਪਵਿੱਤਰ ਅਸਥਾਨ

[ਪੰਡਿਤ ਮੋਹਨ ਲਾਲ]

ਦੇ ਵਿਚ ਖਾਲਿਸਤਾਨ ਦਾ ਐਲਾਨ ਕੀਤਾ ਸੀ । ਨੰਬਰ ਦੋ, ਸਰਬੱਤ ਖਾਲਸਾ ਜਿਸ ਨੂੰ ਮੈਂ ਨਾਮ ਨਿਹਾਦ ਸਰਬੱਤ ਖਾਲਸਾ ਦਾ ਨਾਮ ਦਿੰਦਾ ਹਾਂ. ਨੇ ਜਨਵਰੀ, 1986 ਦੇ ਵਿਚ ਇਸ ਖਾਲਿਸਤਾਨ ਦੀ ਤਾਈਦ ਕੀਤੀ ਸੀ। ਹੁਣੇ ਤੁਸੀਂ ਦੇਖਿਆ ਕਿ ਮੋਗੇ ਵਿਚ ਕਾਨਫਰੰਸ ਵਿਚ ਯੂ.ਐ.ਡੀ. ਜਿਸ ਵਿਚ ਉਨ੍ਹਾਂ ਦੇ ਵੱਡੇ ਲੀਡਰ ਮੌਜੂਦ ਸਨ, ਉਥੇ ਉਨ੍ਹਾਂ ਨੇ ਖਾਲਸਾ ਰਾਜ ਹਾਸਿਲ ਕਰਨ ਲਈ ਜੰਗ ਸ਼ੁਰੂ ਕਰਨ ਦਾ ਰੈਜ਼ੋਲਿਊਸ਼ਨ ਪਾਸ ਕੀਤਾ। ਇਸੇ ਤਰ੍ਹਾਂ ਅਨੰਦਪੁਰ ਸਾਹਿਬ ਵਿਚ ਜੋ ਕੁਝ ਹੋਇਆ ਉਸ ਦਾ ਤੁਹਾਨੂੰ ਪਤਾ ਹੈ। ਇਥੇ ਇਸ ਦਾ ਰੈਫਰੈਂਸ ਆਇਆ । ਮੈਂ ਇਸ ਦੀ ਜ਼ਿਆਦਾ ਤਫਸੀਲ ਵਿਚ ਨਹੀਂ ਜਾਣਾ ਚਾਹੁੰਦਾ । ਲੇਕਿਨ ਅਨੰਦਪੁਰ ਸਾਹਿਬ ਵਿਚ ਰੈਜ਼ੋਲਿਊਸ਼ਨ ਪਾਸ ਕਰਕੇ ਸਾਨੂੰ ਜਿਸ ਕਿਸਮ ਦੀਆਂ ਧਮਕੀਆਂ ਦਿਤੀਆਂ ਗਈਆਂ, ਮੈਂ ਉਨ੍ਹਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ ਤਾਕਿ ਰਿਕਾਰਡ ਵਿੱਚ ਇਹੋ ਜਿਹੀਆਂ ਧਮਕੀਆਂ ਨਾ ਆਉਣ । 21 ਫਰਵਰੀ, 1987 ਨੂੰ ਭਵਾਨੀਗੜ੍ਹ ਵਿਖੇ ਤਿੰਨ ਸਿੰਘ ਸਾਹਿਬਾਨ ਦੀ ਮੌਜੂਦਗੀ ਵਿਚ ਇਹੋ ਰੈਜ਼ੋਲਿਊਸ਼ਨ ਪਾਸ ਹੋਇਆ । ਇਸ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਸ ਸੈਕਸ਼ਨ ਦੀ ਕੀ ਨੀਅਤ ਹੈ । ਇਹੋ ਜਿਹੀ ਸਥਿੱਤੀ ਬਣ ਗਈ ਹੈ । ਔਰ ਖਾਸ ਤੌਰ ਤੇ ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ ਜਿਸ ਵੇਲੇ ਵੀ ਸਰਦਾਰ ਗੁਰਚਰਨ ਸਿੰਘ ਟੌਹੜਾ ਇਸ ਦੇ ਪ੍ਰਧਾਨ ਬਣੇ ਉਸ ਵੇਲੇ ਤੋਂ ਹਾਲਤ ਦਿਨ-ਬਦਿਨ ਵਿਗੜਦੀ ਜਾ ਰਹੀ ਹੈ। ਉਸ ਨੇ ਟਾਸਕ ਫੋਰਸ ਨੂੰ ਖਤਮ ਕੀਤਾ ਔਰ ਉਸ ਦੇ ਬਾਅਦ ਇਹ ਗੈਰ-ਸਮਾਜੀ ਅਨਸਰ ਉਥੇ ਇਕੱਠਾ ਹੋਇਆ। ਇਸ ਤੋਂ ਪਹਿਲਾਂ ਵੀ ਜਿਸ ਤਰ੍ਹਾਂ ਤੁਸੀਂ ਜਾਣਦੇ ਹੋ ਕਿ ਇਕ ਸਮਾਂ ਸੀ 1983 ਵਿਚ ਜਦੋਂ ਉਨ੍ਹਾਂ ਨੇ ਹਰਿਮੰਦਰ ਸਾਹਿਬ ਨੂੰ ਕਿਲਾ ਬਣਾ ਦਿੱਤਾ ਸੀ। ਸਾਰਾ ਹਰਿਮੰਦਰ ਸਾਹਿਬ, ਅਕਾਲ ਤਖਤ, ਦਰਸ਼ਨੀ ਡਿਉੜੀ ਨੂੰ ਉਨ੍ਹਾਂ ਨੇ ਕਿਲਾ ਬਣਾਇਆ ਹੋਇਆ ਸੀ ਅਤੇ ਉਥੋਂ ਅਸਲਾ ਬਰਾਮਦ ਕੀਤਾ ਗਿਆ। ਮੈਂ ਉਸ ਦੀ ਥੋੜ੍ਹੀ ਜਿਹੀ ਤਫਸੀਲ ਆਪ ਨੂੰ ਜ਼ਰੂਰ ਦੱਸਣੀ ਹੈ ਜਿਹੜੀ ਕਿ ਬਹੁਤ ਜ਼ਰੂਰੀ ਹੈ । ਇਕ ਵਾਈਟ ਪੇਪਰ ਗੌਰਮਿੰਟ ਨੇ ਜਿਹੜਾ ਸ਼ਾਇਆ ਕੀਤਾ ਸੀ ਜੁਲਾਈ, 1984 ਵਿਚ ਉਸ ਦੇ ਵਿਚ ਦੱਸਿਆ ਗਿਆ ਸੀ ਕਿ ਅਸਲਾ ਜਿਹੜਾ ਬਰਾਮਦ ਹੋਇਆ, ਉਹ ਇਹ ਸੀ, ਲਾਈਟ ਮਸ਼ੀਨ ਗੰਨਜ਼ 41 ; ਸਟੇਨ ਗੰਨਜ਼ 96 ; ਪ੍ਰਆਇੰਟ ਥਰੀ ਨਾਟ ਥਰੀ ਰਾਈਫਲਜ਼ 432 ; 7.62 ਐਮ:ਐਮ. ਸੈਲਫ ਲੋਡ 98 ; 12 ਬੋਰ ਗੰਨਜ਼ 343 ; 7.62 ਐਮ.ਐਮ. ਰਾਈਫਲਜ਼ 52 ਵਗੈਰਾ, ਵਗੈਰਾ । ਲੇਕਿਨ ਇਕ ਜਿਹੜੀ ਖਾਸ ਤੌਰ ਤੇ ਧਿਆਨ ਦੇਣ ਵਾਲੀ ਹੈ ਉਹ ਹੈ ਆਰ.ਪੀ.ਜੀ. ਐਂਟੀ ਟੈਂਕ ਵੈਪਨ 2 ; ਮਾਰਟਨ ਕੰਟਰੀਜ਼ 3 ; ਮਾਈਨਜ਼ 128 ਵਗੈਰਾ, ਵਗੈਰਾ । ਇਹ ਬਹੁਤ ਲੰਬੀ ਲਿਸਟ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਦਾ ਹਾਂ, ਆਪ ਨੇ ਇਥੇ ਫਰਮਾ ਦਿੱਤਾ ਕਿ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੁਝ ਨਹੀਂ ਕਹਿਣਾ ਚਾਹੁੰਦੇ, ਤੋੜਨਾ ਨਹੀਂ ਚਾਹੁੰਦੇ। ਮੈਂ ਨਹੀਂ ਸਮਝਦਾ ਕਿ ਤੁਸੀਂ ਇਹ ਐਡਾ ਸਟੈਂਡ ਕਿਉਂ ਲਿਆ ਹੈ ? ਮੈਂ ਸਮਝਦਾ ਹਾਂ ਕਿ ਇਸ ਵੇਲੇ ਪੰਜਾਬ ਵਿਚ ਸਭ ਤੋਂ ਜ਼ਿਆਦਾ ਅਗਰ ਇਸ ਦਾ ਕੋਈ ਕਾਰਨ ਬਣ ਸਕਦਾ ਹੈ ਤਾਂ ਇਸ ਵਿਚ ਪੰਜਾਬ ਵਿਚ ਸਭ ਤੋਂ ਵੱਧ ਜ਼ਿੰਮੇਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ ਔਰ ਉਸ ਦਾ ਪ੍ਰਧਾਨ ਹੈ। ਇਸ ਸਭ ਕੁਝ ਦੀ ਜ਼ਿੰਮੇਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ ਔਰ ਉਸ ਦਾ ਪ੍ਰਧਾਨ ਹੈ। ਇਹ ਕੱਲ ਜਿਹੜਾ ਵਾਕਿਆ ਹੋਇਆ, ਇਕ ਕੰਸਟੇਬਲ ਨੂੰ ਸਾਰੀ ਰਾਤ ਇੰਟੈਰੋਗੇਟ ਕੀਤਾ ਗਿਆ। ਕਿੰਨੀ ਬੇਰਹਿਮੀ ਨਾਲ ਉਸ ਨੂੰ ਜ਼ਖਮੀ ਕਰਕੇ ਉਸ ਉਤੇ ਨਮਕ ਪਾਇਆ ਗਿਆ । ਬੜੀ ਬੇਸ਼ਰਮੀ ਦੀ ਗੱਲ ਹੈ। ਬੇਸ਼ਰਮੀ ਦੀ ਹੱਦ ਹੋ ਗਈ ਹੈ। ਇਹ ਇਨਸਾਨੀਅਤ ਤੋਂ ਗਿਰਿਆ ਹੋਇਆ ਕੰਮ ਹੈ, ਹੋਰ ਕੋਈ ਨਹੀਂ ਹੋ ਸਕਦਾ। ਤੁਹਾਡੀ ਪੁਲਿਸ ਵਾਲੇ ਨਿਹੱਥੇ ਪੈਰਾਂ ਤੋਂ ਨੰਗੇ ਜੋ ਉਨ੍ਹਾਂ ਨੂੰ ਪੁੱਛਣ ਵਾਸਤੇ ਗਏ ਤਾਂ ਉਨ੍ਹਾਂ ਉਤੇ ਗੋਲੀਆਂ ਚਲਾਈਆਂ ਗਈਆਂ। ਇਸ ਤੋਂ ਹੋਰ ਵੱਡਾ ਇਸ ਗੌਰਮਿੰਟ ਵਾਸਤੇ ਕੀ ਚੈਲੇਂਜ ਹੋ ਸਕਦਾ ਹੈ। ਇਸ

ਪੁਲਿਸ ਵਾਸਤੇ ਇਸ ਤੋਂ ਹੋਰ ਵੱਡਾ ਕੀ ਚੈਲਿੰਜ ਹੋ ਸਕਦਾ ਹੈ । ਇਸ ਵਾਸਤੇ ਮੈਂ ਤੁਹਾਨੂੰ ਅਰਜ਼ ਕਰਾਂਗਾ ਕਿ ਜਿੰਨਾ ਚਿਰ ਤਕ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ, ਜਿੰਨਾ ਚਿਰ ਤੀਕਰ ਟੋਹੜਾ ਸਾਹਿਬ ਇਸ ਦੇ ਪ੍ਰੈਜ਼ੀਡੈਂਟ ਹਨ ਤੁਸੀਂ ਅਮਨ ਔਰ ਸ਼ਾਂਤੀ ਪੰਜਾਬ ਵਿੱਚ ਤਸੱਵਰ ਕਰੋ ਕਿ ਹੋ ਜਾਵੇਗੀ, ਇਹ ਅਮਨ ਔਰ ਸ਼ਾਂਤੀ ਨਹੀਂ ਹੋਵੇਗੀ । ਇਸ ਕਰਕੇ ਝਿਜਕ ਕਾਹਦੀ ਹੈ । ਪਹਿਲੇ ਦਿਨ ਹੀ ਤੁਸੀਂ ਦੇਖਿਆ ਹੈ ਕਿ ਡੀ.ਆਈ.ਜੀ. ਅਟਵਾਲ ਸਾਹਿਬ ਜਦੋਂ ਅੰਦਰ ਮੱਥਾ ਟੇਕਣ ਗਏ ਅਤੇ ਹੱਥ ਵਿੱਚ ਉਨ੍ਹਾਂ ਦੇ ਕੜਾਹ ਪ੍ਰਸ਼ਾਦ ਸੀ ਪਰ ਉਨ੍ਹਾਂ ਨੂੰ ਗੋਲੀ ਮਾਰ ਕੇ ਉੜਾ ਦਿੱਤਾ ਗਿਆ। ਇਸ ਵਾਸਤੇ ਅਮਨ ਔਰ ਸ਼ਾਂਤੀ ਦੀ ਜੇ ਤਵੱਕੋ ਕਰੋ ਇਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਜਾਂ ਇਸ ਦੇ ਮੌਜੂਦਾ ਪ੍ਰਧਾਨ ਤੋਂ ਤਾਂ ਮੇਰਾ ਖਿਆਲ ਹੈ ਕਿ ਤੁਹਾਡਾ ਖਿਆਲ ਇਹ ਬਿਲਕੁਲ ਗ਼ਲਤ ਹੈ। ਜੇ ਲੋੜ ਪੈਂਦੀ ਹੈ ਕਿਸੇ ਕਾਨੂੰਨ ਦੀ ਤਾਂ ਇਸ ਕਾਨੂੰਨ ਨੂੰ ਸੁਧਾਰੋ, ਉਸ ਦੀ ਅਮੈਂਡਮੈਂਟ ਕਰੋ ਔਰ ਉਥੇ ਧਾਰਮਿਕ ਆਦਮੀ ਨੂੰ ਲਾਓ । ਹਟਾ ਸਕਦੇ ਹੋ ਤਾਂ ਹਟਾਓ ਔਰ ਜੇ ਨਹੀਂ ਹਟਾ ਸਕਦੇ ਅਤੇ ਉਸ ਵਾਸਤੇ ਕੋਈ ਕਾਨੂੰਨ ਵਿੱਚ ਅਮੈਂਡਮੈਂਟ ਕਰਨ ਦੀ ਲੋੜ ਹੈ ਤਾਂ ਅਮੈਂਡਮੈਂਟ ਕਰਕੇ ਕਰੋ। ਸਾਰਾ ਹਾਊਸ, ਕੁਝ ਸੈਕਸ਼ਨ ਨੂੰ ਛੱਡ ਕੇ, ਤੁਹਾਡੇ ਨਾਲ ਹੋਵੇਗਾ । ਪੋਲੀਟੀਕਲ ਆਦਮੀ ਨੂੰ ਹਟਾਉਣ ਦਾ ਪ੍ਰਬੰਧ ਕਰੋ ਅਤੇ ਉਥੇ ਧਾਰਮਿਕ ਆਦਮੀ ਨੂੰ ਲਾਓ ਜਿਹੜਾ ਪੋਲਿਟਿਕਸ ਵਿੱਚ ਦਖ਼ਲ ਨਾ ਦੇਵੇ, ਹਕੂਮਤ ਨੂੰ ਉਲਟਣ ਦੇ ਯਤਨ ਨਾ ਕਰੇ । ਅਕਾਲ ਤਖ਼ਤ ਸਾਹਿਬ ਔਰ ਹਰਿਮੰਦਰ ਸਾਹਿਬ ਵਿੱਚ ਸਾਰੀ ਦੁਨੀਆਂ ਮੱਥਾ ਟੇਕਣ ਜਾਂਦੀ ਹੈ, ਸ਼ਰਧਾ ਰੱਖਦੀ ਹੈ, ਇਸ ਕਰਕੇ ਉਥੇ ਕੋਈ ਧਾਰਮਿਕ ਵਿਅਕਤੀ ਨੂੰ ਲਾਓ ਔਰ ਜਿੰਨੇ ਪੋਲੀਟਕਲ ਆਦਮੀ ਹਨ ਉਨ੍ਹਾਂ ਨੂੰ ਉਥੋਂ ਫਾਰਗ ਕਰੋ ।

ਮੈਂ ਤੁਹਾਡੀ ਪੁਲਿਸ ਨਾਲ ਵੀ ਇਕ ਗਲ ਕਹਿਣਾ ਚਾਹੁੰਦਾ ਹਾਂ ਕਿ ਪੁਲਿਸ ਨੇ ਹੋਰ ਕਿਹੜੇ ਵੇਲੇ ਆਪਣਾ ਪੁਲਿਸਪੁਣਾ ਦਿਖਾਉਣਾ ਹੈ। ਉਸ ਦੇ ਡਾਇਰੈਕਟਰ ਜਨਰਲ ਤੇ ਕਾਤਲਾਨਾ ਹਮਲਾ ਹੋਇਆ ਹੈ ਔਰ ਹਮਲਾ ਕਰਨ ਵਾਲੇ ਫੜੇ ਨਹੀਂ ਗਏ । ਇਤਨਾ ਵੱਡਾ ਡਾਕਾ ਲੁਧਿਆਣੇ ਵਿੱਚ ਪਿਆ ਹੈ ਪਰ ਕੋਈ ਨਹੀਂ ਫੜਿਆ ਗਿਆ । ਆਈ.ਜੀ. ਦਾ ਲੜਕਾ ਡਾਕਟਰ ਜਿਸ ਨੂੰ ਖਿਦਮਤ ਕਰਨ ਵਾਸਤੇ ਕੁਦਰਤ ਨੇ ਭੇਜਿਆ ਸੀ ਉਸ ਦਾ ਕਤਲ ਕਰ ਦਿੱਤਾ ਗਿਆ। ਕਿੰਨੇ ਡੀ.ਆਈ.ਜੀ., ਇਨਸਪੈਕਟਰ, ਸਬ-ਇਨਸਪੈਕਟਰ ਅਤੇ ਪੁਲਿਸ ਦੇ ਕੰਸਟੇਬਲਜ਼ ਮਾਰੇ ਗਏ ਹਨ। ਇਸ ਤੋਂ ਪਤਾ ਲਗਦਾ ਹੈ ਕਿ ਤੁਹਾਡੀ ਪੁਲਿਸ ਵਿੱਚ ਕੋਈ ਐਸਾ ਅਨਸਰ ਮੌਜੂਦ ਹੈ। ਮੈਂ ਪਹਿਲਾਂ ਵੀ ਪ੍ਰਾਰਥਨਾ ਕੀਤੀ ਸੀ ਔਰ ਅੱਜ ਫਿਰ ਇਸ ਗੱਲ ਨੂੰ ਦੁਹਰਾਉਣਾ ਚਾਹੁੰਦਾ ਹਾਂ ਕਿ ਪੁਲਿਸ ਦੀ ਸਕ-ਰੀਨਿੰਗ ਜ਼ਰੂਰੀ ਹੈ। ਪੁਲਿਸ ਵਿੱਚ ਕੋਈ ਐਸਾ ਅਨਸਰ ਬੈਠਾ ਲਗਦਾ ਹੈ ਜੋ ਸਾਰੀ ਖ਼ਬਰ, ਸਾਰੀ ਯੋਜਨਾ ਦੂਸਰਿਆਂ ਨੂੰ ਦੱਸਣ ਵਾਲਾ ਹੈ। ਜੇ ਇਸ ਪੁਲਿਸ ਵਿੱਚ ਕੋਈ ਐਸਾ ਅਨਸਰ ਬੈਠਾ ਹੋਵੇ ਜੋ ਸਾਰੀ ਖ਼ਬਰ, ਸਾਰੀਆਂ ਯੋਜਨਾਵਾਂ, ਸਾਰੀ ਗੱਲਬਾਤ ਦੂਸਰਿਆਂ ਨੂੰ ਦੱਸਣ ਵਾਲਾ ਬੈਠਾ ਹੋਵੇ ਤਾਂ ਉਸ ਤੋਂ ਤੁਸੀਂ ਕਿਸ ਤਰ੍ਹਾਂ ਤਵੱਕੋ ਕਰ ਸਕੋਗੇ ਕਿ ਤੁਸੀਂ ਕਾਨੂੰਨ ਨੂੰ ਸਥਾਪਤ ਕਰ ਸਕੋਗੇ, ਅਮਨ ਔਰ ਸ਼ਾਂਤੀ ਕਾਇਮ ਕਰ ਸਕੋਗੇ । ਇਸ ਕਰਕੇ ਮੈਂ ਕਹਾਂਗਾ ਚੀਫ ਮਨਿਸਟਰ ਸਾਹਿਬ ਕਿ ਬੇਦਰੇਗੀ ਨਾਲ ਇਹ ਦੋਵੇਂ ਕੰਮ ਕਰੋ । ਇਕ ਤਾਂ ਪੁਲਿਸ ਦੀ ਸਕਰੀਨਿੰਗ ਕਰੋ ਅਤੇ ਦੂਸਰਾ ਐਸ.ਜੀ.ਪੀ.ਸੀ. ਤੋਂ ਪੋਲੀਟੀਕਲ ਆਦਮੀ ਨੂੰ ਹਟਾ ਕੇ ਉਥੇ ਧਾਰਮਿਕ ਆਦਮੀ ਨੂੰ ਲਾਓ। ਸਾਰਾ ਮੁਲਕ ਤੁਹਾਡੇ ਨਾਲ ਹੈ, ਸਵਾਏ ਚੰਦ ਮੁੱਠੀ ਭਰ ਲੋਕਾਂ ਦੇ ਹੋਰ ਕੋਈ ਤੁਹਾਡਾ ਮੁਖ਼ਾਲਫ ਨਹੀਂ ਹੈ। ਉਹੀ ਜਿਹੜੇ ਤੁਹਾਡੇ ਪੁਲੀਟੀਕਲ ਮੁਖ਼ਾਲਫ ਹਨ, ਹੁਣ ਉਸ ਵਾਸਤੇ ਅਸੀਂ ਜੁਰਤ ਔਰ ਦਲੇਰੀ ਨਾਲ ਕੰਮ ਕਰੀਏ ਤਾਕਿ ਪੰਜਾਬ ਵਿਚ ਅਮਨ ਔਰ ਸ਼ਾਂਤੀ ਹੋ ਸਕੇ। ਤੁਹਾਡਾ ਬਹੁਤ ਬਹੁਤ ਧੰਨਵਾਦ ।

ਸਰਦਾਰ ਕੁਲਵੰਤ ਸਿੰਘ, ਐਡਵੋਕੇਟ (ਕਾਦੀਆਂ) : ਡਿਪਟੀ ਸਪੀਕਰ ਸਾਹਿਬ, ਬਜਟ ਜੋ ਸਰਦਾਰ ਬਲਵੰਤ ਸਿੰਘ ਜੀ ਖਜ਼ਾਨਾ ਮੰਤਰੀ ਸਾਹਿਬ ਨੇ 20 ਮਾਰਚ ਨੂੰ ਰੱਖਿਆ ਹੈ ਇਸ ਤੋਂ ਚੰਗਾ ਬਜਟ ਹੋਰ ਕੋਈ ਹੋ ਨਹੀਂ ਸਕਦਾ । ਆਪ ਜੀ ਨੂੰ ਪਤਾ ਹੈ ਕਿ ਪਿਛਲੇ ਸਾਲਾਂ ਵਿਚ ਪੰਜਾਬ ਜਿਨ੍ਹਾਂ ਹਾਲਾਤ ਵਿਚੋਂ ਲੰਘਿਆ ਹੈ, ਜੋ ਘਲੂਕਾਰਾ ਇਥੇ ਹੋਇਆ ਔਰ ਪੰਜਾਬ ਦੇ ਅੰਦਰ ਮਿਲਟਰੀ ਦਾ ਰਾਜ ਸੀ ਔਰ ਕੋਈ ਵਿਅਕਤੀ ਆਪਣੇ ਘਰ ਤੋਂ ਬਾਹਰ ਨਹੀਂ ਸੀ ਨਿਕਲ ਸਕਦਾ, ਇੰਨਾਂ ਤਸ਼ੱਦਦ, ਇੰਨਾਂ ਜ਼ੁਲਮ, ਇੰਨਾਂ ਅਤਿਆਚਾਰ ਇਸ ਨੇ ਮੁਗਲ ਰਾਜ ਨੂੰ ਵੀ ਮਾਤ ਕਰ ਦਿੱਤਾ ਸੀ। ਇਸ ਤੋਂ ਬਾਅਦ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਜੋ ਦਿਲੀ ਵਿਚ ਸਿੱਖਾਂ ਨਾਲ, ਪੰਜਾਬੀਆਂ ਨਾਲ, ਉਨ੍ਹਾਂ ਨੇ ਕਿਸੇ ਪੰਜਾਬੀ ਹਿੰਦੂ ਦਾ ਵੀ ਖਿਆਲ ਨਹੀਂ ਕੀਤਾ, ਜੋ ਕਾਰਾ ਹੋਇਆ ਹੈ ਤੁਹਾਨੂੰ ਪਤਾ ਹੈ। ਛੋਟੇ ਛੋਟੇ ਬਚਿਆਂ ਦੇ ਗਲ ਵਿਚ ਟਾਇਰ ਪਾ ਕੇ ਸਾੜਿਆ ਗਿਆ ਔਰ ਬੀਬੀਆਂ ਦੀ ਬੇਪੱਤੀ ਹੋਈ। ਇਹ ਹਾਲਾਤ ਸਨ ਜਿਨਾਂ ਚੋਂ ਪੰਜਾਬ ਲੰਘ ਰਿਹਾ ਸੀ (ਵਿਘਨ) ਜਦੋਂ ਕੋਈ ਆਸ ਨਹੀਂ ਸੀ, ਪੰਜਾਬ ਦੀ ਆਰਥਿਕਤਾ ਬਿਲਕੁਲ ਤਬਾਹ ਹੋ ਚੁੱਕੀ ਸੀ, ਕੋਈ ਖੇਤੀਬਾੜੀ ਦਾ ਧੰਧਾ ਕਰਨ ਵਾਲਾ ਨਹੀਂ ਸੀ, ਕਿਉਂਕਿ ਸਾਰੇ ਜੇਲ੍ਹਾਂ ਵਿਚ ਸਨ ਔਰ ਪੰਜਾਬ ਦੇ ਅੰਦਰ ਬਾਹਰੋਂ ਕੋਈ ਨਹੀਂ ਸੀ ਆ ਸਕਦਾ। ਇਕ ਪਾਸੇ ਸਾਨੂੰ ਇਡੇ ਵੱਡੇ ਜ਼ੁਲਮ ਦਾ ਟਾਕਰਾ ਕਰਨਾ ਪਿਆ ਦੂਜੇ ਪਾਸੇ ਸਾਡੇ ਨਾਲ ਪਾਕਿਸਤਾਨ ਦੀ ਹੱਦ ਲਗਦੀ ਹੈ ਜੋ ਲੋਕ ਬਾਹਰੋਂ ਸਾਡੇ ਦੇਸ਼ ਨੂੰ ਤਬਾਹ ਕਰਨਾ ਚਾਹੁੰਦੇ ਹਨ ਉਨ੍ਹਾਂ ਦਾ ਡਰ ਔਰ ਇਸ ਤੋਂ ਇਲਾਵਾ ਇਕ ਅੱਤਵਾਦ ਦਾ ਡਰ ਔਰ ਦੂਸਰੇ ਪਾਸੇ ਆਪਣੇ ਘਰ ਵਿਚ ਲੜਾਈ ਪਈ ਹੋਈ ਸੀ । ਇਸ ਦੇ ਲਈ ਇਨ੍ਹਾਂ ਹਾਲਾਤ ਵਿਚ ਜੋ ਬਜਟ ਖ਼ਜ਼ਾਨਾ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ ਇਹ ਪ੍ਰਸ਼ੰਸਾਯੋਗ ਹੈ। (ਥੰਪਿੰਗ) ਇਸ ਬਜਟ ਵਿਚ ਕਿਸੇ ਪੱਖੋਂ ਕੋਈ ਐਸੀ ਗਲ ਬਾਕੀ ਨਹੀਂ ਰਹਿ ਗਈ। ਜੋ ਬਰਨਾਲਾ ਸਾਹਿਬ ਦੇ ਅੱਗੋਂ ਮੁਸ਼ਕਲਾਂ ਹਨ, ਜਿਸ ਤਰ੍ਹਾਂ ਅਕਾਲੀ ਦਲ ਦੀ ਏਕਤਾ ਹੈ, ਇਸ ਤੋਂ ਪਹਿਲਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਅਕਾਲੀ ਦੱਲ ਦੀ ਏਕਤਾ ਵਾਸਤੇ 20 ਅਗਸਤ, 1985 ਨੂੰ ਬਾਦਲ ਸਾਹਿਬ ਔਰ ਟੌਹੜਾ ਸਾਹਿਬ ਨੂੰ ਭੀ ਕਿਹਾ ਤੁਸੀਂ ਜਦ ਮਰਜ਼ੀ ਚਾਹੋ ਆ ਕੇ ਗੱਲ ਕਰ ਲਵੋ ਪਰ ਅਕਾਲੀ ਦਲ ਦੀ ਏਕਤਾ ਹੋਵੇ । ਲੇਕਿਨ ਬਦਕਿਸਮਤੀ ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ, ਅਮਨ ਦੇ ਪੁਜਾਰੀ, ਸ਼ਾਂਤੀ ਦੇ ਪੁੰਜ ਸੀ ਜਿਸ ਦੇ ਕਾਰਨ ਅੱਜ ਇਹ ਪੰਜ਼ਾਬ ਸਰਕਾਰ ਹੋਂਦ ਵਿਚ ਆਈ, ਉਸ ਨੂੰ ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਨੇ ਪੰਥ ਦੀ ਏਕਤਾ ਚਲਾਈ ਸੀ। ਬਰਨਾਲਾ ਸਾਹਿਬ ਨੇ ਅਕਾਲੀ ਦਲ ਦਾ ਪ੍ਰਧਾਨ ਹੋਣ ਦੇ ਨਾਤੇ ਕਿਹਾ ਕਿ ਅਕਾਲੀ ਦਲ ਦੀ ਏਕਤਾ ਹੋਣੀ ਚਾਹੀਦੀ ਹੈ। ਦੂਜੇ ਪਾਸੇ ਕੋਈ ਗੱਲ ਨਹੀਂ, ਕੋਈ ਅਸੂਲ ਨਹੀਂ, ਕੋਈ ਵਿਧਾਨ ਨਹੀਂ ਬਸ ਸਿਰਫ ਇਕ ਗੱਲ ਤੇ ਏਕਤਾ ਹੋ ਸਕਦੀ ਹੈ ਜੇ ਬਰਨਾਲਾ ਸਾਹਿਬ ਦੋਵੇਂ ਅਹੁਦੇ ਛੱਡ ਦੇਣ । ਮੈਂ ਸਮਝਦਾ ਹਾਂ ਕਿ ਐਸੇ ਹਾਲਾਤ ਵਿਚ ਜੇ ਸਾਡੇ ਵੈਰੀ ਆਪਣੇ ਹੋਣ ਤਾਂ ਪੰਜਾਬ ਦੇ ਹਾਲਾਤ ਬਹੁਤ ਤਰਸ ਯੋਗ ਹਨ। ਪੰਜਾਬ ਦੇ ਲੋਕਾਂ ਨੂੰ ਰਾਹਤ ਮਿਲੇ ਅਤੇ ਜੋ ਹਿੰਦੂ ਪਰਿਵਾਰ ਇਥੋਂ ਗਏ ਹਨ ਉਨਾਂ ਦੇ ਲਈ ਮੁੜ ਵਸਾਉਣ ਦਾ ਕੰਮ ਸਾਡੇ ਜ਼ਿੰਮੇ ਆਇਆ ਹੈ । ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ, ਬਰਨਾਲਾ ਸਾਹਿਬ ਨੇ ਵੱਡੇ ਆਦਮੀਆਂ ਦੀ ਇਕ ਕਮੇਟੀ, ਜਿਸ ਵਿਚ ਸਰਦਾਰ ਮੇਜਰ ਸਿੰਘ ਉਬੋਕੇ ਵੀ ਹਨ, ਬਣਾਈ। ਜਿਹੜੇ ਸਾਡੇ ਹਿੰਦੂ ਵੀਰ ਪੰਜਾਬ ਵਿਚੋਂ ਗਏ ਹਨ ਉਨ੍ਹਾਂ ਨੂੰ ਮੁੜ ਲਿਆਉਣ ਦਾ ਯਤਨ ਕੀਤਾ ਗਿਆ ਹੈ। ਦੂਜੇ ਪਾਸੇ ਦਿੱਲੀ ਵਿਚੋਂ, ਕਾਨਪੁਰ ਵਿਚੋਂ, ਬਕਾਰੋ ਵਿਚੋਂ ਆਏ ਲੋਕਾਂ ਨੂੰ ਮੁੜ ਲਿਜਾਣ ਵਾਸਤੇ ਉਥੋਂ ਦੀਆਂ ਸਰਕਾਰਾਂ ਨੇ ਕੁਝ ਨਹੀਂ ਕੀਤਾ । ਨਾ ਉਨ੍ਹਾਂ ਨੇ ਕੋਈ ਕਰਜ਼ੇ ਦਿੱਤੇ ਹਨ ਔਰ ਨਾ ਕੋਈ ਹੋਰ ਹੀਲਾ ਕੀਤਾ ਹੈ। ਲੇਕਿਨ ਪੰਜਾਬ ਸਰਕਾਰ ਨੂੰ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਇਹ ਸਿਹਰਾ ਜਾਂਦਾ ਹੈ ਕਿ ਪੰਥਕ ਸਰਕਾਰ ਦੇ ਹੁੰਦੇ ਹੋਇਆਂ ਹਰ ਵਰਗ ਦੇ ਲੋਕਾਂ ਨੂੰ ਰਿਆਇਤਾਂ ਦਿੱਤੀਆਂ ਹਨ। ਜਿਨ੍ਹਾਂ ਨੂੰ ਮੁੜ ਕੇ ਲਿਆਂਦਾ ਗਿਆ ਹੈ

ਉਨ੍ਹਾਂ ਨੂੰ 25, 25 ਸੌ ਰੁਪਏ ਦੀ ਗ੍ਰਾਂਟ ਦਿੱਤੀ ਗਈ ਹੈ ਅਤੇ ਉਨ੍ਹਾਂ ਨੂੰ ਮੁੜ ਵਸਾਉਣ ਵਾਸਤੇ ਪਿੰਡਾਂ ਵਿਚ ਜਾਂ ਸ਼ਹਿਰਾਂ ਵਿਚ ਜਿਥੇ ਉਹ ਰਹਿਣਾ ਚਾਹੁਣ ਰਿਆਇਤੀ ਦਰਾਂ ਦੇ ਪਲਾਟ ਦਿੱਤੇ ਹਨ। ਇਹ ਕੰਮ ਬਰਨਾਲਾ ਸਾਹਿਬ ਦੀ ਸਰਕਾਰ ਨੇ ਕੀਤਾ ਹੈ। ਸਪੀਕਰ ਸਾਹਿਬ, ਆਪ ਨੂੰ ਪਤਾ ਹੈ ਕਿ ਪੰਜਾਬ ਦੇ ਅੰਦਰ ਜੋ ਸਾਡੀ ਮੁੜਵਸਾਊ ਦੀ ਗੱਲ ਸੀ, 658 ਜੋ ਲੇਡੀਜ਼ ਸਨ, ਜਿਨਾਂ ਦੇ ਬ੍ਰੈਡ ਵਿਨਰਜ਼ ਦੀ ਘੱਟ ਆਮਦਨ ਸੀ, ਜੋ ਮਾਈਗਰੈਂਟ ਸਨ ਉਨ੍ਹਾਂ ਨੂੰ ਮੁਫਤ ਮਕਾਨ ਦਿਤੇ ਗਏ ਹਨ। 400 ਮਕਾਨ ਰਿਆਇਤੀ ਦਰਾਂ ਤੇ ਦਿੱਤੇ ਗਏ ਹਨ, 1069 ਨੂੰ ਖ਼ੁਬ ਰਾਖਵੀਂ ਕੀਮਤ ਤੇ ਦਿੱਤੇ ਗਏ ਹਨ। 384 ਨੂੰ ਰਾਖਵੀਂ ਕੀਮਤ ਤੋਂ ਵੀ 20 ਫੀਸਦੀ ਘੱਟ ਤੇ ਦਿੱਤੇ ਗਏ ਹਨ ਔਰ ਮੁਖਤਲਿਫ ਜ਼ਿਲ੍ਹਿਆਂ ਵਿਚ ਉਦਿਯੋਗਾਂ ਵਾਸਤੇ 75 ਪਲਾਟ ਦਿਤੇ ਗਏ ਹਨ ਔਰ ਇਸ ਦੇ ਇਲਾਵਾ 317 ਵਿਧਵਾਵਾਂ ਨੂੰ, ਨਾਕਾਰਾ ਵਿਅਕਤੀਆਂ ਨੂੰ, ਯਤੀਮਾਂ ਨੂੰ 250 ਰੁਪਏ ਪਰ ਮੰਥ ਪੈਨਸ਼ਨ ਜੋ ਹੈ ਉਹ ਦਿੱਤੀ ਗਈ ਹੈ। ਪੰਜ ਹਜ਼ਾਰ ਰਪਿਆ ਦੇ ਹਿਸਾਬ ਨਾਲ 731 ਵਿਅਕਤੀਆਂ ਨੂੰ ਜਿਨ੍ਹਾਂ ਦੇ ਬਰੈਡ ਵਿਨਰਜ਼ ਜਾਂ ਖੋਹੇ ਗਏ ਜਾਂ ਨਾਕਾਰਾ ਹੋ ਗਏ ਇਸ ਕਿਸਮ ਦੇ ਵਿਅਕਤੀਆਂ ਨੂੰ ਦਿੱਤੇ ਗਏ ਹਨ। ਇਹ ਇਸ ਕਰਕੇ ਸਹਾਇਤਾ ਦਿੱਤੀ ਗਈ ਹੈ ਤਾਂ ਕਿ ਪੰਜਾਬ ਦਾ ਜੋ ਮੇਨ ਮਕਸਦ ਸੀ ਕਿ ਇਥੇ ਅਮਨ ਸ਼ਾਂਤੀ ਨੂੰ ਕਾਇਮ ਕੀਤਾ ਜਾਵੇ ਔਰ ਸ਼ਾਂਤੀ ਤੇ ਅਮਨ ਨੂੰ ਕਾਇਮ ਕਰਨ ਵਾਸਤੇ ਬਰਨਾਲਾ ਸਰਕਾਰ ਨੂੰ ਏਨਾ ਕੁਝ ਕਰਨਾ ਪੈਂਦਾ ਹੈ ਉਥੇ ਉਸ ਨੇ ਬੜੀ ਦਰਿੜ੍ਹਤਾ ਨਾਲ, ਹੌਸਲੇ ਨਾਲ ਕਦਮ ਚੁਕੇ ਹਨ, ਉਨ੍ਹਾਂ ਦੀ ਸ਼ਲਾਘਾ ਕੀਤੇ ਬਗੈਰ ਨਹੀਂ ਰਹਿ ਸਕਦਾ ਜੋ ਇਨ੍ਹਾਂ ਨੇ ਅਤਿਵਾਦ ਔਰ ਵਖਵਾਦ ਦੇ ਖਿਲਾਫ ਕੀਤਾ ਹੈ। ਇਹ ਠੀਕ ਹੈ ਕਿ ਅੱਜ ਗੁਰਦੁਵਾਰੇ ਦੇ ਅੰਦਰ ਐਸਾ ਅਨਸਰ ਪੈਦਾ ਹੋ ਗਿਆ ਹੈ ਜੋ ਸਿੱਖ ਸਾਹਿਬ ਦੀ ਆੜ ਲੈ ਕੇ ਸਾਡੇ ਇਸ ਟੀਚੇ ਨੂੰ ਤਿੱਤਰ ਬਿੱਤਰ ਕਰਨਾ ਚਾਹੁੰਦਾ ਹੈ। ਅਸੀਂ ਕਹਿਣਾ ਚਾਹੁੰਦੇ ਹਾਂ ਕਿ ਜਿੰਨਾਂ ਚਿਰ ਤਕ ਬਰਨਾਲਾ ਸਰਕਾਰ ਕਾਇਮ ਹੈ, ਸ਼੍ਰੋਮਣੀ ਅਕਾਲੀ ਦਲ ਦੇ ਪਰਧਾਨ ਬਰਨਾਲਾ ਸਾਹਿਬ ਹਨ, ਉਨ੍ਹਾਂ ਦੇ ਜਾਂ ਉਸ ਅਨਸਰ ਦੇ ਮਨਸੇ ਪੂਰੇ ਨਹੀਂ ਹੋਣ ਦਿੱਤੇ ਜਾਣਗੇ। ਅੰਮ੍ਰਿਤਸਰ ਦੇ ਅੰਦਰ ਇਕ ਅੰਮਰਿਤਧਾਰੀ ਸਿੱਖ ਗਿਆ, ਉਹ ਅਕਾਲੀ ਵੀ ਹੋ ਸਕਦਾ ਹੈ, ਚਾਹੇ ਮੁਲਾਜ਼ਮ ਹੋਵੇ, ਕਿਸੇ ਵੀ ਪਾਰਟੀ ਦਾ ਹੋਵੇ ਪਰ ਇਹ ਅੰਮਰਿਤਧਾਰੀ ਸਿੱਖ ਦਾ ਹਾਲ ਹੈ ਕਿ ਉਹ ਦਰਸ਼ਨਾਂ ਨੂੰ ਜਾਂਦਾ ਹੈ ਕਿਸ ਤਰ੍ਹਾਂ ਉਸ ਨੂੰ ਤਸੀਹੇ ਦਿਤੇ ਗਏ ਹਨ। ਜੇਕਰ ਪੁਲਿਸ ਦੇ ਆਦਮੀ ਵਰਦੀ ਤੋਂ ਬਗੈਰ ਗਏ ਹਨ, ਉਨ੍ਹਾਂ ਨੇ ਜੇਕਰ ਵਿਆਜ ਨਹੀ ਦਿੱਤਾ ਤਾਂ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਹਾਲਾਤ ਹਨ ਪੰਜਾਬ ਦੇ ਅੱਜ। ਜੋ ਪੇਂਡੂ ਆਪਣੇ ਖੇਤਾਂ ਵਿਚ ਕੰਮ ਕਰਦੇ ਹਨ ਉਨ੍ਹਾਂ ਦੀ ਵੀ ਬੁਰੀ ਹਾਲਤ ਹੋਈ ਹੋਈ ਹੈ। ਰਾਤ ਨੂੰ ਖੇਤਾਂ ਵਿਚ ਜਾਂਦੇ ਹਨ ਤਾਂ ਡਰਦੇ ਮਾਰੇ ਕੰਮ ਨਹੀਂ ਕਰਦੇ ਸਗੋਂ ਵਾਪਸ ਆ ਜਾਂਦੇ ਹਨ। ਇਨ੍ਹਾਂ ਹਾਲਾਤ ਵਿਚ ਜੋ ਬਜਟ ਪੇਸ਼ ਹੋਇਆ ਹੈ, ਜੋ ਰਿਆਇਤਾਂ ਦਿੱਤੀਆਂ ਗਈਆਂ ਹਨ, ਉਸ ਦੇ ਵਾਸਤੇ ਸਰਕਾਰ ਦੀ ਜਿਤਨੀਂ ਵੀ ਪਰਸੰਸ਼ਾ ਕਰੀਏ ਥੋੜ੍ਹੀ ਹੈ।

ਮੈਂ, ਡਿਪਟੀ ਸਪੀਕਰ ਸਾਹਿਬ, ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਬਰਨਾਲਾ ਸਾਹਿਬ ਨੇ ਜੋ ਪੰਜਾਬ ਵਾਸੀਆਂ ਨੂੰ ਉਪਰ ਚੁੱਕਣ ਵਾਸਤੇ ਕੋਸ਼ਿਸ਼ਾਂ ਕੀਤੀਆਂ ਹਨ ਸ਼ਲਾਘਾ ਯੋਗ ਹਨ। ਇਹ ਹਿੰਦੋਸਤਾਨ ਵਿਚ ਪਹਿਲਾਂ ਸੂਬਾ ਹੈ, ਜਿਥੇ ਕਿ ਮਿਹਨਤ ਨਾਲ, ਲਗਨ ਨਾਲ, ਇਤਨੇ ਜ਼ੋਰ ਨਾਲ, ਹਿੰਦੂ ਪਰਵਾਰਾਂ ਨੂੰ ਵਾਪਸ ਲਿਆਉਣ ਵਾਸਤੇ ਸਰਕਾਰ ਨੇ ਇਤਨਾਂ ਕੰਮ ਕੀਤਾ ਹੈ।

ਫੌਜੀਆਂ ਦਾ ਮਸਲਾ ਹੈ। ਜਿਨ੍ਹਾਂ ਫੌਜੀਆਂ ਨੇ ਹਰਿਮੰਦਰ ਸਾਹਿਬ ਤੇ ਬਲਿਊ ਸਟਾਰ ਉਪਰੇਸ਼ਨ ਹੋਇਆ ਬਰਦਾਸ਼ਤ ਨਹੀਂ ਕੀਤਾ, ਬੇਇਜ਼ਤੀ ਨਹੀਂ ਸਹਾਰ ਹੋਈ, ਆਪਣੀਆਂ ਬੈਰਕਾਂ ਛੱਡੀਆਂ ਔਰ ਉਨ੍ਹਾਂ ਨੂੰ ਵਾਪਸ ਲਿਆਉਣ ਵਾਸਤੇ ਜੋ ਕਦਮ ਸਰਕਾਰ ਨੇ ਚੁਕੇ ਹਨ ਸ਼ਲਾਘਾਯੋਗ ਹਨ। ਉਨ੍ਹਾਂ

[ਸਰਦਾਰ ਕੁਲਵੰਤ ਸਿੰਘ, ਐਵੋਕੇਟ]

ਵਿਚੋਂ ਬਹੁਤ ਸਾਰਿਆਂ ਨੂੰ ਬਹਾਲ ਕੀਤਾ ਗਿਆ ਹੈ ਔਰ ਬਾਕੀ ਜੋ ਰਹਿੰਦੇ ਹਨ 500 ਰੁਪਏ ਪਰ ਮੰਥ ਪੈਨਸ਼ਨਾਂ ਭੇਜੀਆਂ ਜਾ ਰਹੀਆਂ ਹਨ। ਏਹੋ ਜਿਹੇ ਹਾਲਾਤ ਹੋਣ ਔਰ ਇਸ ਤੋਂ ਚੰਗਾ ਬਜਟ ਹੋਰ ਹੋ ਨਹੀਂ ਸਕਦਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੀ ਅਬਾਦੀ 80 ਫੀਸਦੀ ਪਿੰਡਾਂ ਵਿਚ ਰਹਿੰਦੀ ਹੈ ਔਰ ਪਿੰਡਾਂ ਵਿਚ ਜੋ ਰਹਿੰਦਾ ਹੈ ਉਸ ਵਲ ਵੱਧ ਧਿਆਨ ਦਿਤਾ ਗਿਆ ਹੈ, ਇਹ ਸ਼ਲਾਘਾਯੋਗ ਗੱਲ ਹੈ। ਕੁਦਰਤੀ ਆਫਤਾਂ ਹੁੰਦੀਆਂ ਹਨ, ਗੜੇ ਪੈ ਗਏ, ਜ਼ਿਆਦਾ ਬਾਰਸ਼ ਹੋ ਗਈ ਤਾਂ ਆਫਤ ਆ ਗਈ, ਕੋਈ ਮੀਂਹ ਨਾ ਪਿਆ ਔੜ ਲਗ ਗਈ ਤਾਂ ਆਫਤ ਆ ਗਈ, ਉਨ੍ਹਾਂ ਵਾਸਤੇ ਕਾਫੀ ਰੁਪਏ ਰੱਖੇ ਗਏ ਹਨ ਔਰ ਉਨ੍ਹਾਂ ਜ਼ਿਮੀਦਾਰਾਂ ਦੀ ਹਾਲਤ ਸੁਧਾਰਨ ਵਾਸਤੇ ਕਾਫੀ ਕੁਝ ਕੀਤਾ ਗਿਆ ਹੈ। ਖੇਤੀਬਾੜੀ ਸਬੰਧੀ ਮੈਂ ਇਹ ਗਲ ਕਹਿਣੀ ਚਾਹੁੰਦਾ ਹਾਂ ਕਿ ਪੰਜਾਬ ਦੇ ਜ਼ਿਮੀਦਾਰਾਂ ਨੇ ਪੰਜਾਬ ਦੇ ਬਹਾਦਰ ਲੋਕਾਂ ਨੇ ਸਿਆਲੇ ਦੀ ਕੜਾਕੇ ਦੀ ਸਰਦੀ ਸਹਿਕੇ ਔਰ ਗਰਮੀਆਂ ਦੀ ਕੜਾਕੇ ਦੀ ਧੁੱਪ ਸਹਿਕੇ ਖੇਤਾਂ ਦੀ ਰਾਖੀ ਕਰਕੇ ਸੈਂਟਰਲ ਪੂਲ ਵਿਚ ਕਣਕ ਅਤੇ ਝੋਨੇ ਵਿਚ ਬਹੁਤ ਜ਼ਿਆਦਾ ਹਿੱਸਾ ਪਾਇਆ ਹੈ। ਕਣਕ ਵਿਚ 60 ਪ੍ਰਤੀਸ਼ਤ ਅਤੇ ਝੋਨੇ ਵਿਚ 40 ਪ੍ਰਤੀਸ਼ਤ ਹਿੱਸਾ ਪਾ ਕੇ ਪੰਜਾਬ ਦਾ ਨਾਂ ਉਚਾ ਕੀਤਾ ਹੈ। ਇਥੇ ਇਕ ਗਲ ਮੈਂ ਕਹਿਣੀ ਚਾਹਵਾਂਗਾ ਕਿ ਭਾਵੇਂ ਸੈਂਟਰਲ ਸਰਕਾਰ ਦੀ ਨੀਤੀ ਹੈ ਕਿ ਭਾਅ ਜਿਣਸ ਦੇ ਫਿਕਸ ਕਰਨੇ ਹਨ ਪਰ ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੇ ਲਾਹੇਵੰਦ ਭਾਅ ਦੇਣ ਵਾਸਤੇ ਸਰਕਾਰ ਨੂੰ ਪੂਰੇ ਉਪਰਾਲੇ ਕਰਨੇ ਚਾਹੀਦੇ ਹਨ ਜਿਵੇਂ ਕਿ ਪਿਛੇ ਕਪਾਹ ਦੇ ਜਿਸ ਵੇਲੇ ਭਾਅ ਗਿਰੇ ਸਨ ਤਾਂ ਉਸ ਵੇਲੇ ਸਰਕਾਰ ਨੇ ਕੁਝ ਸਬਸਿਡੀ ਦੇ ਕੇ ਉਨ੍ਹਾਂ ਦੀ ਸਹਾਇਤਾ ਕੀਤੀ ਸੀ ਇਸੇ ਤਰ੍ਹਾਂ ਹੀ ਬਾਕੀ ਜਿਣਸਾਂ ਵਿਚ ਵੀ ਜੇ ਸੈਂਟਰ ਕਿਸੇ ਜਿਣਸ ਦੇ ਭਾਅ ਘੱਟ ਫਿਕਸ ਕਰਦਾ ਹੈ ਤਾਂ ਸਾਡੀ ਸਰਕਾਰ ਉਸ ਨੂੰ ਕੁਝ ਸਬਸਿਡੀ ਦੇ ਕੇ ਪੂਰਾ ਮੁਲ ਦੇਵੇ ਤਾਕਿ ਕਿਸਾਨਾਂ ਦਾ ਨੁਕਸਾਨ ਨਾ ਹੋਵੇ। ਕਮਾਦ ਦੀ ਉਪਜ ਵਿਚ ਵੀ ਕਿਸਾਨ ਨੇ ਬਹੁਤ ਯੋਗਦਾਨ ਦਿੱਤਾ ਹੈ। ਜਿਵੇਂ ਕਿ ਕਣਕ ਅਤੇ ਝੋਨੇ ਵਿਚ ਜ਼ਿਮੀਦਾਰ ਕਾਫੀ ਹਿੱਸਾ ਪਾ ਚੁੱਕਾ ਹੈ ਔਰ ਜਮ੍ਹਾਂ ਕਰ ਚੁੱਕਾ ਹੈ ਹੁਣ ਕਿਸਾਨ ਉਧਰੋਂ ਕੁਝ ਧਿਆਨ ਹਟਾ ਕੇ ਤਿਲਾਂ ਵਾਲੇ ਬੀਜ, ਆਇਲ ਸੀਡਜ਼ ਅਤੇ ਗੰਨਾਂ ਵਗੈਰਾ ਵਲ ਕਾਫੀ ਧਿਆਨ ਦਿੱਤਾ ਹੈ। ਜਿਥੇ ਗੰਨੇ ਦੀ ਉਪਜ ਪਿਛਲੇ ਸਾਲ 78 ਹਜ਼ਾਰ ਹੈਕਟਰ ਵਿਚ ਹੋਈ ਸੀ ਹੁਣ 97 ਹਜ਼ਾਰ ਹੈਕਟਰ ਵਿਚ ਕੀਤੀ ਹੈ। ਗੰਨੇ ਨੂੰ ਕਰੱਸ਼ ਕਰਨ ਵਾਸਤੇ ਸਰਕਾਰ ਨੇ ਦੋ ਮਿੱਲਾਂ ਵੀ ਹੋਰ ਚਾਲੂ ਕੀਤੀਆਂ ਹਨ। ਫ਼ਾਜ਼ਿਲਕਾ ਔਰ ਬੁੱਢੇਵਲ ਵਿਚ ਮਿੱਲਾਂ ਚਾਲੂ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਸ਼ੋਰੇ ਵਿਚ ਇਕ ਹੋਰ ਮਿਲ ਚਾਲੂ ਕੀਤੀ ਜਾ ਰਹੀ ਹੈ। ਇਹ ਚੰਗੀ ਗਲ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਕਿਸਾਨ ਵਾਸਤੇ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ। ਇਸ ਤੋਂ ਇਲਾਵਾ ਸਾਡੀ ਸਰਕਾਰ ਨੇ ਪਿੰਡਾਂ ਦੇ ਲੋਕਾਂ ਵਾਸਤੇ ਹੋਰ ਵੀ ਬਹੁਤ ਸਹੂਲਤਾਂ ਦਿੱਤੀਆਂ ਹਨ। ਪਿੰਡਾਂ ਦੇ ਲੋਕਾਂ ਨੇ ਮੁਰਗੀਪਾਲਣ ਵਿਚ ਬਹੁਤ ਜ਼ਿਆਦਾ ਹਿੱਸਾ ਪਾਇਆ ਹੈ। ਪਿੰਡਾਂ ਵਿਚ ਜ਼ਮੀਨ ਕਿਉਂਕਿ ਹੁਣ ਘੱਟਦੀ ਜਾ ਰਹੀ ਹੈ, ਹੁਣ ਵਡੇ ਜ਼ਿਮੀਦਾਰ ਨਹੀਂ ਰਹੇ, ਛੋਟੇ ਛੋਟੇ ਜ਼ਿਮੀਦਾਰ ਹਨ, ਇਸ ਲਈ ਉਸ ਜ਼ਮੀਨ ਦੇ ਘਾਟੇ ਨੂੰ ਪੂਰਾ ਕਰਨ ਵਾਸਤੇ ਪਿੰਡਾਂ ਵਿਚ ਸਮਾਲ ਸਕੇਲ ਇੰਡਸਟਰੀ ਨੂੰ ਲੈ ਜਾਣਾ ਪਵੇਗਾ। ਇਸ ਲਈ ਇਸ ਬਜਟ ਵਿਚ ਇਹ ਕਿਹਾ ਗਿਆ ਹੈ ਕਿ ਮੁਰਗੀਪਾਲਣ ਵਾਸਤੇ ਖਾਸ ਕਰਕੇ ਧਿਆਨ ਦਿੱਤਾ ਗਿਆ ਹੈ ਤਾਕਿ ਜਿਹੜੇ ਗਰੀਬ ਲੋਕ ਹਨ ਉਹ ਆਪ ਮੁਰਗੀਪਾਲਣ ਕਰਕੇ ਆਪਣੀ ਕਮਾਈ ਦਾ ਸਾਧਨ ਬਣਾ ਸਕਣ। ਔਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਮੁਰਗੀਪਾਲਣ ਨਾਲ ਜਿਹੜੀ ਖਾਦ ਬਣਦੀ ਹੈ ਉਸ ਨਾਲੋਂ ਵਧੀਆ ਖਾਦ ਹੋਰ ਕੋਈ ਨਹੀਂ ਹੋ ਸਕਦੀ, ਇਸ ਤਰ੍ਹਾਂ ਮੁਰਗੀ ਪਾਲਣ ਨਾਲ ਕਿਸਾਨਾਂ ਦਾ ਖਾਦ ਵਿਚ ਵੀ ਭਲਾ ਹੋਵੇਗਾ। ਇਸੇ ਤਰ੍ਹਾਂ ਸੂਰ ਪਾਲਣ ਵਾਸਤੇ ਵੀ ਸਰਕਾਰ ਬਹੁਤ ਧਿਆਨ ਦੇ ਰਹੀ ਹੈ ਤਾਕਿ ਪਿੰਡਾਂ ਦੇ ਲੋਕ ਤਰੱਕੀ ਕਰ ਸਕਣ। ਇਸ ਦੇ ਨਾਲ ਹੀ ਜਿਥੇ ਸਰਕਾਰ ਨੇ ਪਿੰਡਾਂ ਵਲ ਧਿਆਨ ਦਿੱਤਾ ਹੈ

ਉਥੇ ਸ਼ਹਿਰਾਂ ਵਲ ਵੀ ਬਹੁਤ ਧਿਆਨ ਦੇ ਰਹੀ ਹੈ । ਸ਼ਹਿਰਾਂ ਦੀ ਇੰਡਸਟਰੀ ਵਲ ਖਾਸ ਧਿਆਨ ਕੀਤਾ ਹੈ। ਸਰਦਾਰ ਬਲਵੰਤ ਸਿੰਘ ਜੀ ਦਾ ਮੈਂ ਧੰਨਵਾਦ ਕੀਤੇ ਬਗੈਰ ਨਹੀਂ ਰਹਿ ਸਕਦਾ ਕਿ ਉਨ੍ਹਾਂ ਨੇ ਗੁਰਦਾਸਪੁਰ, ਅੰਮ੍ਰਿਤਸਰ ਔਰ ਫਿਰੋਜ਼ਪੁਰ ਨੂੰ ਇੰਡਸਟਰੀਅਲ ਬੈਕਵਰਡ ਏਰੀਆ ਮੰਨ ਕੇ ਉਥੇ 25 ਪ੍ਰਤੀਸ਼ਤ ਦੀ ਸਬਸਿਡੀ ਦਿੱਤੀ ਹੈ ਤਾਕਿ ਉਥੇ ਇੰਡਸਟਰੀ ਨੂੰ ਕਾਇਮ ਰਖਿਆ ਜਾ ਸਕੇ। ਕੁਝ ਇੰਡਸਟਰੀ ਬਾਹਰ ਜਾ ਰਹੀ ਸੀ ਕਿਉਂਕਿ ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਉਹ ਮੁਸ਼ਕਲ ਇਹ ਸੀ ਕਿ ਉਨ੍ਹਾਂ ਨੇ ਕਰਜ਼ੇ ਲੈ ਕੇ ਕਈ ਤਰ੍ਹਾਂ ਦੀਆਂ ਮਸ਼ੀਨਾਂ ਤਿਆਰ ਕੀਤੀਆਂ ਸਨ ਪਰ ਉਨ੍ਹਾਂ ਮਸ਼ੀਨਾਂ ਦਾ ਕੋਈ ਖਰੀਦਦਾਰ ਨਹੀਂ ਮਿਲ ਰਿਹਾ ਸੀ, ਇਸ ਲਈ ਮੈਂ ਬੇਨਤੀ ਕਰਾਂਗਾ ਕਿ ਛੋਟੀਆਂ ਛੋਟੀਆਂ ਇੰਡਸਟਰੀਆਂ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ। ਇਨ੍ਹਾਂ ਦੇ ਬੈਂਕਾਂ ਦੇ ਲੋਨ ਮੁਆਫ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਉਤੇ ਕਰਜ਼ੇ ਉਤੇ ਕਰਜ਼ਾ ਪੈ ਰਿਹਾ ਹੈ। ਇਹ ਉਨ੍ਹਾਂ ਦਾ ਮੁਆਫ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਕੋਲ ਮਾਲ ਪਿਆ ਹੋਇਆ ਹੈ ਪਰ ਖਰੀਦਦਾਰ ਨਹੀਂ ਹੈ ਅਤੇ ਬੈਂਕਾਂ ਵਾਲੇ ਰਿਕਵਰੀਜ਼ ਕਰਨ ਲਗੇ ਹੋਏ ਹਨ। ਇਸੇ ਤਰ੍ਹਾਂ ਬਿਜਲੀ ਦੇ ਬਾਰੇ ਦੱਸਦਾ ਹਾਂ ਜਦੋਂ ਅਕਾਲੀ ਪਾਰਟੀ ਦੀ ਸਰਕਾਰ ਪੰਜਾਬ ਵਿਚ ਆਉਂਦੀ ਹੈ ਤਾਂ ਬਿਜਲੀ ਦੀ ਕਮੀ ਦੂਰ ਹੋ ਜਾਂਦੀ ਹੈ ਅਤੇ ਜ਼ਿਮੀਦਾਰਾਂ ਨੂੰ ਅਤੇ ਇੰਡਸਟਰੀ ਵਾਲਿਆਂ ਨੂੰ 24 ਘੰਟੇ ਲਗਾਤਾਰ ਬਿਜਲੀ ਮਿਲਦੀ ਰਹਿੰਦੀ ਹੈ ਅਤੇ ਕਦੇ ਬਿਜਲੀ ਦੀ ਕਮੀ ਮਹਿਸੂਸ ਨਹੀਂ ਹੁੰਦੀ ਹੈ। ਇਸ ਬਿਜਲੀ ਦੀ ਥੁੜ੍ਹ ਨੂੰ ਖਤਮ ਕਰਨ ਵਿਚ ਬੜਾ ਵੱਡਾ ਯੋਗਦਾਨ ਬਿਜਲੀ ਬੋਰਡ ਦੇ ਚੇਅਰਮੈਨ ਐਨ. ਐਸ. ਵਸੰਤ ਦਾ ਹੈ ਜਿਸ ਦੀ ਪ੍ਰਸ਼ੰਸਾ ਕਰਨ ਤੋਂ ਬਗੈਰ ਮੈਂ ਨਹੀ ਰਹਿ ਸਕਦਾ। ਬਿਜਲੀ ਅੱਜ ਕੱਲ ਦੇ ਸਮੇ ਵਿਚ ਇਕ ਐਸਾ ਸਾਧਨ ਹੈ ਜਿਸ ਦੇ ਨਾਲ ਪਿੰਡਾਂ ਵਿਚ ਐਗਰੀਕਲਚਰ ਦਾ ਕਾਫੀ ਕੰਮ ਹੁੰਦਾ ਹੈ ਅਤੇ ਬਿਜਲੀ ਦੀ ਕਮੀ ਕਦੇ ਨਹੀਂ ਹੁੰਦੀ ਹੈ। ਪਰ ਕਾਂਗਰਸ ਪਾਰਟੀ ਦੇ ਰਾਜ ਵਕਤ ਹਮੇਸ਼ਾ ਬਿਜਲੀ ਦੀ ਕਮੀ ਰਹਿੰਦੀ ਸੀ ਅਤੇ ਕੱਟ ਹੀ ਲਗਾ ਰਹਿੰਦਾ ਸੀ।

ਅਗਲੀ ਗੱਲ ਹਰੀਜਨਾਂ ਦੇ ਮੁਤੱਲਕ ਕਰਨਾ ਚਾਹੁੰਦਾ ਹਾਂ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਨ੍ਹਾਂ ਹਰੀਜ਼ਨਾ ਦੀ ਅੱਪਲਿਫਟ ਲਈ ਕਾਫੀ ਕੁਝ ਸਰਕਾਰ ਵਲੋਂ ਕੀਤਾ ਗਿਆ ਹੈ ਲੇਕਿਨ ਜਿਤਨੇ ਹੁਣ ਤੱਕ ਯਤਨ ਕੀਤੇ ਜਾਣੇ ਚਾਹੀਦੇ ਸਨ ਅਤੇ ਜਿਤਨੇ ਬੈਨੀਫਿਟ ਸਕੀਮਾਂ ਦੇ ਉਨਾਂ ਨੂੰ ਮਿਲਣੇ ਚਾਹੀਦੇ ਸਨ ਉਹ ਨਹੀਂ ਮਿਲੇ ਹਨ। ਕਾਂਗਰਸ ਪਾਰਟੀ ਨੇ ਅੱਪਲਿਫਟ ਲਈ ਕੋਈ ਖਾਸ ਯਤਨ ਨਹੀਂ ਕੀਤੇ ਹਨ। ਇਨ੍ਹਾਂ ਨੇ ਕਿਹਾ ਇਨ੍ਹਾਂ ਨੂੰ ਤੁਸੀਂ ਚੁੱਕੋ ਤੁਹਾਨੂੰ ਰੱਬ ਚੁੱਕੇਗਾ। ਆਜ਼ਾਦੀ ਤੋਂ ਬਾਅਦ ਇਤਨਾ ਸਮਾਂ ਗੁਜ਼ਰ ਗਿਆ ਹੈ ਕਿ ਉਨ੍ਹਾਂ ਦੀ ਤਰੱਕੀ ਨਹੀਂ ਹੋ ਸਕੀ । ਸਰਕਾਰ ਉਨ੍ਹਾਂ ਨੂੰ ਇੰਡਸਟਰੀ ਲਗਾ ਕੇ ਦੇਵੇ ਅਤੇ ਰੋਜ਼ਗਾਰ ਦੇਵੇ ਅਤੇ ਉਮੀਦ ਹੈ ਕਿ ਸਰਕਾਰ ਨੇ ਇਸ ਸਾਲ ਬਜਟ ਵਿਚ ਐਸੇ ਯਤਨ ਕੀਤੇ ਹਨ ਤਾਕਿ ਉਨ੍ਹਾਂ ਦੀ ਅੱਪਲਿਫਟਮੈਂਟ ਹੋ ਸਕੇ।

ਅਗਲੀ ਗੱਲ ਟਰਾਂਸਪੋਰਟ ਦੇ ਮੁੱਤਲਕ ਕਰਨਾ ਚਾਹੁੰਦਾ ਹਾਂ। ਇਹ ਇਕ ਐਸਾ ਅਦਾਰਾ ਹੈ ਜਿਸ ਦੀ ਲੋੜ ਹਰ ਇਕ ਨੂੰ ਪੈਂਦੀ ਹੈ। ਟਰਾਂਸਪੋਰਟ ਵਿਚ ਟੈਕਸਾਂ ਦੀ ਬੜੀ ਚੋਰੀ ਹੁੰਦੀ ਸੀ। ਇਸ ਨੂੰ ਰੋਕਣ ਲਈ ਇਸ ਸਰਕਾਰ ਨੇ ਕੁਝ ਕਦਮ ਉਠਾਏ ਹਨ ਤਾਕਿ ਟੈਕਸਾਂ ਦੀ ਚੋਰੀ ਨਾ ਹੋਵੇ। ਇਹ ਇਕ ਬਹੁਤ ਅੱਛਾ ਉਪਰਾਲਾ ਸਰਕਾਰ ਵੱਲੋਂ ਕੀਤਾ ਗਿਆ ਹੈ। ਇਸੇ ਤਰ੍ਹਾਂ ਸੇਲਜ਼ ਟੈਕਸ ਵਿਚ ਕੀਤਾ ਗਿਆ ਹੈ। ਜਦੋਂ ਚੀਜ਼ ਆਉਣੀ ਹੈ ਉਸ ਦੇ ਵਿਚ ਪਹਿਲੇ ਹੀ ਸੇਲਜ਼ ਟੈਕਸ ਲਗਾ ਦਿਤਾ ਜਾਵੇਗਾ ਤਾਕਿ ਕੋਈ ਟੈਕਸ ਦੀ ਚੋਰੀ ਹੀ ਨਾ ਕਰ ਸਕੇ। ਇਸ ਦੇ ਨਾਲ, ਕਾਫੀ ਅੱਛੇ ਢੰਗ ਨਾਲ ਸੇਲਜ਼ਟੈਕਸ ਦੀ ਚੋਰੀ ਨੂੰ ਰੋਕਿਆ ਜਾ ਸਕਦਾ ਹੈ । ਔਰ ਇਸ ਤਰ੍ਹਾਂ ਕਰਨ ਨਾਲ ਪੰਜਾਬ ਦੀ ਆਮਦਨੀ ਵੀ ਵਧੇਗੀ।

[ਸਰਦਾਰ ਕੁਲਵੰਤ ਸਿੰਘ, ਐਡਵੋਕੇਟ]

ਸਿਖਿਆ ਦੇ ਖੇਤਰ ਵਿਚ ਜਿਸ ਤਰ੍ਹਾਂ ਪੰਡਿਤ ਜੀ ਨੇ ਜ਼ਿਕਰ ਕੀਤਾ ਹੈ ਮੈਂ ਇਨ੍ਹਾਂ ਦੇ ਨਾਲ ਸਹਿਮਤ ਹਾਂ ਕਿਉਂਕਿ ਇਕ ਕਾਲਜ ਦਾ ਮੈਂ ਵੀ ਪ੍ਰਧਾਨ ਹਾਂ। 1977-78 ਵਿਚ ਜਦੋਂ ਸਟਾਫ ਬਾਰੇ ਸੀਲਿੰਗ ਲਗਾਈ ਗਈ ਸੀ ਅਤੇ ਮਾਨਤਾ ਦਿੱਤੀ ਗਈ ਸੀ ਉਸ ਤੋਂ ਬਾਅਦ ਅਸੀਂ ਗੁਰੂ ਨਾਨਕ ਕਾਲਜ ਬਟਾਲਾ ਵਿਚ 1981 ਨੂੰ ਸਾਇੰਸ ਕਲਾਸਿਜ਼ ਸ਼ੁਰੂ ਕੀਤੀਆਂ ਸਨ ਔਰ ਇਨ੍ਹਾਂ ਦੇ ਸਾਇੰਸ ਸਟਾਫ ਨੂੰ ਤਨਖਾਹਾਂ ਮੈਨਜਮੈਂਟ ਦਿੰਦੀ ਰਹੀ ਹੈ। ਸਾਡੇ ਕੋਲ ਜਿਹੜੇ ਗੁਰਦਆਰੇ ਦੇ ਫੰਡਜ਼ ਹੁੰਦੇ ਸਨ ਉਸ ਦੇ ਵਿਚੋਂ ਖਰਚਾ ਕਰਦੇ ਸੀ ਪਰ ਹੁਣ ਗੁਰੂ ਨਾਨਕ ਕਾਲਜ ਜਿਥੇ ਇਹ ਗੁਰਦੁਆਰੇ ਵਿਚ ਹੈ ਉਥੇ ਕਬਜ਼ਾ ਹੋਰ ਕਿਸੇ ਦਾ ਹੋ ਗਿਆ ਹੈ ਔਰ ਉਨ੍ਹਾਂ ਸਾਇੰਸ ਟੀਚਰਜ਼ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ ਅਤੇ ਇਹ ਕਾਲਜ ਪੰਜਾਬ ਵਿਚ ਅਤੇ ਗੁਰਦਾਸਪੁਰ ਜ਼ਿਲੇ ਦੇ ਵਿਚੋਂ ਇਕ ਨੰਬਰ ਤੇ ਕਾਲਜ ਸੀ। ਇਤਨਾ ਹਾਲ ਮਾੜਾ ਉਸ ਕਾਲਜਾ ਦਾ ਹੋ ਗਿਆ ਹੈ। ਸਿਰਫ 95 ਪ੍ਰਤੀਸ਼ਤ ਗਰਾਂਟ ਪਹਿਲੇ ਵਾਲੇ ਸਟਾਫ ਨੂੰ ਹੀ ਮਿਲਦੀ ਹੈ ਅਤੇ ਸਾਇੰਸ ਸਟਾਫ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ। ਇਤਨੇ ਮਾੜੇ ਹਾਲਾਤ ਹੋ ਗਏ ਹਨ। ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਹੜੀ 95 ਪ੍ਰਤੀਸ਼ਤ ਗਰਾਂਟ ਦੀ ਸ਼ਰਤ ਨੂੰ ਨਵੇਂ ਸਿਰਿਓਂ ਰੀਵਿਊ ਕਰਨ ਦੀ ਲੋੜ ਹੈ ਅਤੇ ਜਿਹੜਾ ਸਟਾਫ ਰਹਿ ਗਿਆ ਹੈ ਉਸ ਨੂੰ ਵੀ ਕਵਰ ਕੀਤਾ ਜਾਵੇ। ਡੀ. ਪੀ. ਈ ਸਹਿਬਾਨ ਨੂੰ ਲੈਕਚਰਾਰ ਦਾ ਗਰੇਡ ਦਿੱਤਾ ਜਾਣਾ ਚਾਹੀਦਾ ਹੈ। ਸਕੂਲਾਂ ਨੂੰ ਅੱਪਗਰੇਡ ਪੰਜਾਬ ਸਰਕਾਰ ਨੇ ਕੀਤਾ ਹੈ। 175 ਮਿਡਲ ਸਕੂਲਾਂ ਨੂੰ ਹਾਈ ਸਕੂਲਾਂ ਵਿਚ ਅਤੇ 125 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲਾਂ ਵਿਚ ਅੱਪਗਰੇਡ ਕੀਤਾ ਹੈ।

ਡਿਪਟੀ ਸਪੀਕਰ ਸਾਹਿਬ ਇਸ ਨਾਲ ਪਿਛਲੇ ਸਾਲਾਂ ਤੋਂ ਜੋ ਸਕੂਲਾਂ ਦੇ ਮਾਸਟਰ ਸਨ ਉਨ੍ਹਾਂ ਦੀ ਭਰਤੀ ਵੱਧ ਗਈ ਹੈ। ਪੰਜਾਬ ਦੇ ਹਾਲਾਤ ਨੂੰ ਮੁੱਖ ਰਖਦਿਆਂ ਹੋਇਆਂ, ਇਨ੍ਹਾਂ ਸਾਰੇ ਸਕੂਲਾਂ ਨੂੰ ਅਪਗਰੇਡ ਕਰਨ ਨਾਲ ਪੰਜਾਬ ਵਿਚ ਨਵੇਂ ਮਾਸਟਰਾਂ ਨੂੰ ਨੌਕਰੀਆਂ ਮਿਲਣਗੀਆਂ। ਜਿਨ੍ਹਾਂ ਮਾਸਟਰਾਂ ਨੇ ਟਰੇਨਿੰਗ ਕਰਕੇ ਕੋਰਸ ਪਾਸ ਕੀਤੇ ਹੋਏ ਹਨ, ਹੁਣ ਉਨ੍ਹਾਂ ਨੂੰ ਨੌਕਰੀਆਂ ਮਿਲਣਗੀਆਂ। ਪਹਿਲਾਂ ਉਨ੍ਹਾਂ ਨੂੰ ਕੋਈ ਸਾਧਨ ਨਹੀਂ ਸੀ ਮਿਲ ਰਿਹਾ। ਬਚਿਆਂ ਨੂੰ ਵਿਦਿਆ ਪ੍ਰਾਪਤ ਹੋਵੇਗੀ ਔਰ ਜਿਹੜੇ ਲੋਕ ਬੇਰਜ਼ਗਾਰ ਹਨ ਉਨ੍ਹਾਂ ਨੂੰ ਰੋਜ਼ਗਾਰ ਮਿਲੇਗਾ। ਪਿੰਡਾਂ ਵਿਚ ਸਕੂਲਾਂ ਦੀ ਇਮਾਰਤਾਂ ਵੱਲ ਧਿਆਨ ਦਿਤਾ ਜਾਵੇਗਾ। ਪ੍ਰਾਈਮਰੀ ਸਕੂਲਾਂ ਦੀਆਂ ਇਮਾਰਤਾਂ ਅਤੇ ਹਾਈ ਸਕੂਲਾਂ ਦੀਆਂ ਇਮਾਰਤਾਂ ਵੱਲ ਧਿਆਨ ਦਿਤਾ ਜਾਵੇਗਾ। ਇਹ, ਡਿਪਟੀ ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਬਹੁਤ ਸ਼ਲਾਘਾ ਯੋਗ ਕੰਮ ਕੀਤਾ ਹੈ। ਇਹ ਬਹੁਤ ਹੀ ਅੱਛਾ ਕਦਮ ਚੁਕਿਆ ਗਿਆ ਹੈ।

ਡਿਪਟੀ ਸਪੀਕਰ ਸਾਹਿਬ, ਸੜਕਾਂ ਦਾ ਮਸਲਾ ਹੈ। ਪਿਛਲੇ ਪੰਜ ਸਾਲਾ ਤੋਂ ਪਹਿਲਾਂ ਕਿਸੇ ਨੇ ਵੀ ਸੜ੍ਹਕਾਂ ਦੀ ਰਿਪੇਅਰ ਤਕ ਵੀ ਨਹੀਂ ਸੀ ਕੀਤੀ। ਅਕਾਲੀ ਸਰਕਾਰ ਜਦੋਂ ਦੀ ਆਈ ਹੈ ਇਸ ਨੇ ਸੜਕਾਂ ਦੀ ਰਿਪੇਅਰ ਖਾਤਰ ਬੜੇ ਹੀ ਯਤਨ ਕੀਤੇ ਹਨ। ਇਹ ਬੜਾ ਹੀ ਸ਼ਲਾਘਾਯੋਗ ਬਜਟ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਿੱਤ ਮੰਤਰੀ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕਾਦੀਆਂ ਇਕ ਸੜਕ ਜਾਂਦੀ ਹੈ। ਇਹ ਕਾਂਗਰਸ ਸਰਕਾਰ ਵੇਲੇ ਦੀ ਗੱਲ ਹੈ। ਉਸ ਸੜਕ ਉਤੇ ਕੋਈ ਵੀ ਕੰਮ ਨਹੀਂ ਹੋਇਆ। ਇਸ ਬਾਰੇ 1985 ਵਿਚ ਮੀਟਿੰਗ ਵੀ ਹੋਈ ਸੀ ਔਰ ਮੈਂ ਐਕਸੀਅਨ ਨੂੰ ਕਿਹਾ ਸੀ ਤੁਸੀਂ ਜਾ ਕੇ ਦੇਖੋ ਕਿ ਕਿਹੜੀ ਸੜਕ ਵਿਚ ਉਥੇ ਕੰਮ ਹੋਇਆ ਹੈ। ਉਹ ਐਕਸੀਅਨ ਬਲਬੀਰ ਸਿੰਘ ਜਾਣ ਲਈ ਤਿਆਰ ਨਹੀਂ ਹੋਇਆ ਪਰ ਬਾਅਦ ਵਿਚ ਉਸ ਨੇ ਮੰਨ ਲਿਆ ਕਿ ਉਥੇ ਸੜਕ ਤੇ ਕੋਈ ਕੰਮ ਨਹੀਂ ਹੋਇਆ। ਮੈਨੂਵਾਲ ਪਿੰਡ ਵਾਲੀ ਸੜਕ ਵੀ ਉਸੇ ਤਰ੍ਹਾਂ ਪਈ ਹੈ। ਉਥੇ ਕੋਈ ਵੀ ਕੰਮ ਨਹੀਂ ਹੋਇਆ। ਕੀ ਮੰਤਰੀ ਜੀ ਇਸ ਸੜਕ ਦੀ ਇਨਕੁਆਇਰੀ

ਕਰਾਕੇ ਸੜਕ ਬਨਾਉਣ ਦਾ ਇੰਤਜ਼ਾਮ ਕਰਨਗੇ ? ਮੈਨੂੰ, ਡਿਪਟੀ ਸਪੀਕਰ ਸਾਹਿਬ, ਪਤਾ ਲਗਾ ਹੈ ਕਿ ਇਸ ਦੀ ਇਨਕੁਆਇਰੀ ਕਰਵਾਈ ਗਈ ਹੈ ਅਤੇ ਉਹ ਬੰਦਾ ਬਾਹਰ ਜਾ ਰਿਹਾ ਹੈ । ਮੈਂ ਬੇਨਤੀ ਕਰਾਂਗਾ ਕਿ ਉਸ ਬੰਦੇ ਦਾ ਪਾਸਪੋਰਟ ਜ਼ਬਤ ਕੀਤਾ ਜਾਵੇ । ਉਹ ਕਿਤੇ ਬਾਹਰ ਨਾ ਭੱਜ ਜਾਵੇ। (ਹਾਸਾ) ਮੈਂ ਇਕ ਕੇਸ ਹੋਰ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਪਿੰਡਾਂ ਦੇ ਲੋਕਾਂ ਨੇ ਇਸ ਬਾਰੇ ਬੜਾ ਯਤਨ ਕੀਤਾ ਸੀ। ਬਾਜਵਾ ਖਾਦ ਸਟੋਰ ਪੰਜ ਗਰਾਈਆਂ ਨੂੰ ਮਿਨੀ ਬਸ ਦਾ ਰੂਟ ਪਰਮਿਟ ਮਿਲਿਆ ਪਰ ਉਸ ਨੂੰ ਕਰਜ਼ਾ ਨਹੀਂ ਮਿਲਿਆ ਕਿਉਂਕਿ ਪਠਾਨਕੋਟ ਬੈਂਕ ਵਾਲੇ ਆਖਦੇ ਹਨ ਕਿ ਤੁਹਾਡੀ ਜ਼ਮੀਨ ਬਟਾਲਾ ਤਹਿਸੀਲ ਵਿਚ ਹੈ ਤੁਸੀਂ ਕਰਜ਼ਾ ਬਟਾਲੇ ਵਿਚੋਂ ਲਵੋ ਪਰ ਬਟਾਲੇ ਵਾਲੇ ਆਖਦੇ ਹਨ ਕਿ ਤੁਸੀਂ ਕਰਜ਼ਾ ਪਠਾਨਕੋਟ ਤੋਂ ਲਵੋ। ਪਠਾਨਕੋਟ ਵਾਲੇ ਕਹਿੰਦੇ ਹਨ ਕਿ ਤੁਹਾਡੀ ਜ਼ਮੀਨ ਹੈ ਔਰ ਇਹ ਬਟਾਲਾ ਤਹਿਸੀਲ ਵਿਚ ਹੈ। ਬਟਾਲੇ ਵਾਲਿਆਂ ਨੇ ਉਨ੍ਹਾਂ ਨੂੰ ਕਰਜ਼ਾ ਨਹੀਂ ਦਿੱਤਾ। ਮੈਂ ਸਟੇਟ ਬੈਂਕ ਆਫ ਇੰਡੀਆ ਦੇ ਮੈਨੇਜਰ ਨੂੰ ਮਿਲਿਆ ਔਰ ਉਨ੍ਹਾਂ ਨੇ ਕਿਹਾ ਕਿ ਅਸੀਂ ਕਰਜ਼ਾ ਦੇ ਦਿੰਦੇ ਹਾਂ। ਉਨ੍ਹਾਂ ਨੇ, ਡਿਪਟੀ ਸਪੀਕਰ ਸਾਹਿਬ, ਜ਼ਮੀਨ ਵੀ ਗਹਿਣੇ ਪਾ ਦਿੱਤੀ ਔਰ ਇਕ ਲੱਖ ਰੁਪਿਆ ਵੀ ਜਮ੍ਹਾਂ ਕਰਾਇਆ ਹੈ ਫਿਰ ਵੀ ਉਨ੍ਹਾਂ ਨੂੰ ਜਵਾਬ ਮਿਲ ਗਿਆ ਕਿ ਕਰਜ਼ਾ ਨਹੀਂ ਦੇਣਾ । ਪੜ੍ਹੇ ਲਿਖੇ ਨੌਜਵਾਨਾਂ ਨੂੰ, ਸਾਬਕਾ ਫੌਜੀਆਂ ਨੂੰ ਔਰ ਉਜੜ ਕੇ ਆਏ ਲੋਕਾਂ ਨੂੰ ਰੂਟ ਪਰਮਿਟ ਦਿੱਤੇ ਹਨ ਪਰ ਉਨ੍ਹਾਂ ਵਾਸਤੇ ਪੈਸੇ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ ਤਾਕਿ ਉਨ੍ਹਾਂ ਨੌਜਵਾਨਾਂ ਨੂੰ ਲੋਨ ਮਿਲ ਸਕੇ । ਸਰਕਾਰ ਨੇ ਤਾਂ ਸਹੀ ਰੂਲ ਬਣਾ ਦਿੱਤਾ ਹੈ ਪਰ ਬੈਂਕਾਂ ਦੇ ਮੈਨੇਜਰ ਨੂੰ ਵੀ ਕਹਿਣ । ਉਨ੍ਹਾਂ ਨੌਜਵਾਨਾਂ ਨੂੰ ਕਰਜ਼ਾ ਮਿਲਣਾ ਚਾਹੀਦਾ ਹੈ। ਸਰਕਾਰ ਦਾ ਕੰਮ ਠੀਕ ਹੈ ਪਰ ਬੈਂਕ ਵਾਲਿਆਂ ਦਾ ਕੰਮ ਠੀਕ ਨਹੀਂ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਫਾਈਨਾਂਸ ਮਨਿਸਰ ਸਾਹਿਬ ਨੂੰ ਕਹਾਂਗਾ ਕਿ ਬੈਂਕ ਵਾਲੇ ਸਾਰੇ ਮੈਨੇਜਰਾਂ ਅਤੇ ਹੋਰ ਵੱਡੇ ਅਫਸਰਾਂ ਨੂੰ ਬੁਲਾਕੇ ਕਿਹਾ ਜਾਵੇ ਜੋ ਸਹੂਲਤਾਂ ਅਤੇ ਸਬਸਿਡੀ ਪਿੰਡਾਂ ਵਾਲਿਆਂ ਨੂੰ ਦਿੱਤੀ ਜਾਂਦੀ ਹੈ ਉਹ ਬੈਂਕ ਦੇ ਇੰਮਪਲਾਈਜ਼ ਉਨ੍ਹਾਂ ਨੂੰ ਪਹਿਲ ਦੇਣ ਔਰ ਪੈਸਾ ਲੋਕਾਂ ਤਕ ਪਹੁੰਚੇ। ਇਸ ਲਈ ਇਸ ਵੱਲ ਖਾਸ ਧਿਆਨ ਦੇ ਕੇ ਲੋਕਾਂ ਦੇ ਭਲੇ ਵਾਸਤੇ ਜੋ ਬਜਟ ਵਿੱਚ ਟੀਚਾ ਰਖਿਆ ਗਿਆ ਹੈ, ਉਸਦੀ ਪੂਰਤੀ ਵਾਸਤੇ ਯਤਨਸ਼ੀਲ ਹੋਣਾ ਚਾਹੀਦਾ ਹੈ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਥੇ ਪੰਜਾਬ ਦੇ ਅੰਦਰ, ਸਾਰੇ ਪੰਜਾਬ ਦੀ ਤਰੱਕੀ ਹੋਈ ਹੈ, ਉਥੇ ਮੇਰੇ ਹਲਕੇ ਕਾਦੀਆਂ ਵਿੱਚ, ਕਾਦੀਆਂ ਸ਼ਹਿਰ ਵਿੱਚ ਕੋਈ ਸੀਵਰੇਜ ਨਹੀਂ ਹੈ। ਧਾਲੀਵਾਲ ਸਾਹਿਬ, ਇਹ ਗੱਲ ਬੜੀ ਇਤਰਾਜ਼ ਯੋਗ ਹੈ। ਅਸੀਂ ਉਥੋਂ ਦਾ ਹਾਲ ਦੇਖਿਆ ਹੈ, ਕਾਦੀਆਂ ਵਿੱਚ ਦੇਖਿਆ ਹੈ ਕਿ ਸੜਕਾਂ ਉਚੀਆਂ ਕਰ ਦਿੰਦੇ ਹਨ । ਸੜਕ ਬਣਾਉਣ ਵੇਲੇ ਸੜਕ ਨੂੰ ਲੋਕਾਂ ਦੇ ਮਕਾਨਾਂ ਨਾਲੋਂ 2-3 ਫੁੱਟ ਉਚਾ ਕਰ ਦਿੱਤਾ ਜਾਂਦਾ ਹੈ ਅਤੇ ਲੋਕਾਂ ਦੇ ਮਕਾਨ ਨੀਵੇਂ ਹੋ ਜਾਂਦੇ ਹਨ। ਪਾਣੀ ਨਿਕਲਣ ਦਾ ਉਥੇ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਜਦ ਕਿ ਪਹਿਲਾਂ ਪਾਣੀ ਦੇ ਨਿਕਾਸ ਦਾ ਪ੍ਰਬੰਧ ਹੋਣਾ ਚਾਪੀਦਾ ਹੈ । ਨਾਲੀਆਂ ਬਣਾਈਆਂ ਜਾਣ ਤਾਂਕਿ ਉਹ ਪਾਣੀ ਸੜਕਾਂ ਤੇ ਖੜ੍ਹਾ ਹੋਣ ਦੀ ਬਜਾਏ ਨਾਲੀਆਂ ਵਿੱਚ ਬਹਿ ਜਾਵੇ । ਸੜਕਾਂ ਤੇ ਖੜ੍ਹਾ ਹੋ ਕੇ ਰੁਕਾਵਟ ਦਾ ਕਾਰਨ ਨਾ ਬਣੇ । ਸੜਕਾਂ ਉਚੀਆਂ ਬਣਾਉਂਦੇ ਹਨ ਤਾਂ ਦੁਕਾਨਦਾਰ ਦੁਕਾਨਾਂ ਅੱਗੇ ਮਿੱਟੀ ਪਾ ਕੇ ਦੁਕਾਨਾਂ ਨੂੰ ਉਚਾ ਕਰ ਲੈਂਦੇ ਹਨ। ਪਾਣੀ ਫੇਰ ਸੜਕ ਤੇ ਖੜ੍ਹਾ ਰਹਿੰਦਾ ਹੈ। ਡੇਰਾ ਬਾਬਾ ਨਾਨਕ ਦੀ ਰੋਡ ਦਾ ਹਾਲ ਅਤੇ ਬਟਾਲਾ ਰੋਡ ਦਾ ਹਾਲ ਇਹੋ ਹੈ। ਸੜਕਾਂ ਬਣੀਆਂ ਹਨ, ਉਚੀਆਂ ਕਰਨੀਆਂ ਹਨ, ਲੇਕਿਨ ਪਹਿਲਾਂ ਸਾਈਡਾਂ ਤੇ ਨਾਲੀਆਂ ਦਾ, ਲੇਨਜ਼ ਦਾ ਪ੍ਰਬੰਧ ਹੋਵੇ, ਇਹ ਰੁਕਾਵਟ ਲੋਕਾਂ ਨੂੰ ਆਮ ਪੇਸ਼ ਆਉਂਦੀ ਹੈ। ਕਾਦੀਆਂ ਦੇ ਅੰਦਰ ਜੋ ਸੜਕ ਬਣੀ ਹੈ, ਉਸਦਾ ਵੀ ਇਹੀ ਹਾਲ ਹੈ । ਸੜਕ ਉਚੀ ਹੋ ਗਈ ਹੈ ਅਤੇ ਲੋਕਾਂ ਨੇ ਆਪਣੇ ਘਰਾਂ ਦੇ ਬੂਹੇ ਉੱਚੇ ਕਰ ਲਏ ਹਨ ਅਤੇ ਪਾਣੀ ਫੇਰ ਉਥੇ ਦਾ ਉਥੇ ਹੀ ਆਉਂਦਾ ਹੈ ।

[ਸਰਦਾਰ ਕੁਲਵੰਤ, ਸਿੰਘ ਐਡਵੋਕੇਟ]

ਦੂਜੀ ਕਾਦੀਆਂ ਦੇ ਲੋਕਾਂ ਨੂੰ ਜਿਹੜੀ ਮੁਸ਼ਕਲ ਪੇਸ਼ ਆ ਰਹੀ ਹੈ, ਉਹ ਇਹ ਹੈ ਕਿ ਕਾਦੀਆਂ ਦਾ ਥਾਣਾ ਬਣਾ ਦਿੱਤਾ ਗਿਆ ਹੈ, ਜਿਹੜਾ ਕਿ ਪਹਿਲਾਂ ਬਟਾਲਾ ਤਹਿਸੀਲ ਨਾਲ ਅਟੈਚਡ ਸੀ, ਉਸ ਨੂੰ ਹੁਣ ਗੁਰਦਾਸਪੁਰ ਨਾਲ ਅਟੈਚ ਕਰ ਦਿੱਤਾ ਗਿਆ ਹੈ, ਜਦ ਕਿ ਕਾਦੀਆਂ ਵਿੱਚ ਐਗਜ਼ੈਕਟਿਵ ਆਰਡਰ ਬਟਾਲੇ ਤੋਂ ਚਲਦਾ ਹੈ। ਲੋਕਾਂ ਨੂੰ ਜਿਥੇ ਸਸਤਾ ਇਨਸਾਫ ਦੇਣਾ ਹੈ ਤਾਂਕਿ ਉਹ ਅਦਾਲਤਾਂ ਵਿੱਚ ਜਾ ਕੇ ਇਨਸਾਫ ਲੈ ਸਕਣ, ਉਥੇ ਕਾਦੀਆਂ ਵਾਲਿਆਂ ਨੂੰ ਪਹਿਲਾਂ 20 ਕਿਲੋਮੀਟਰ ਬਟਾਲਾ ਆਉਣਾ ਪੈਂਦਾ ਹੈ, ਫੇਰ 40 ਕਿਲੋਮੀਟਰ ਗੁਰਦਾਸਪੁਰ ਜਾਣਾ ਪੈਂਦਾ ਹੈ। ਸਵੇਰੇ 1-2 ਬੱਸਾਂ ਜਾਂਦੀਆਂ ਹਨ ਅਤੇ ਫੇਰ ਸ਼ਾਮ ਨੂੰ 1-2 ਆਉਂਦੀਆਂ ਹਨ। ਇਸ ਲਈ ਐਸਾ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਥਾਣਾ ਜੋ ਕਾਦੀਆਂ ਦਾ ਹੈ, ਉਸ ਨੂੰ ਬਟਾਲਾ ਤਹਿਸੀਲ ਨਾਲ ਲਗਾਉਣਾ ਚਾਹੀਦਾ ਹੈ ਤਾਂਕਿ ਅਸੀਂ ਲੋਕਾਂ ਦੀ ਆਮ ਮੁਸ਼ਕਲ ਨੂੰ ਹੱਲ ਕਰ ਸਕੀਏ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਤਿਵਾਦ ਦੇ ਵਿਰੁੱਧ ਅਤੇ ਵੱਖਵਾਦ ਦੇ ਵਿਰੁੱਧ ਬਰਨਾਲਾ ਸਾਹਿਬ ਨੇ ਉਚੇਚੇ ਯਤਨ ਕੀਤੇ ਹਨ। ਮੈਂ ਆਪਣੇ ਇਨ੍ਹਾਂ ਵੀਰਾਂ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਵੀ ਇਸ ਤਰ੍ਹਾਂ ਦੇ ਯਤਨ ਕਰਨ। ਅਤਿਵਾਦੀਆਂ ਵਾਸਤੇ ਸਭ ਬਰਾਬਰ ਹਨ। ਅੱਜ ਸਰਦਾਰ ਅਮਰਜੀਤ ਸਿੰਘ ਨੂੰ ਮਾਰਿਆ ਗਿਆ ਹੈ, ਕੱਲ ਨੂੰ ਕਿਸੇ ਹੋਰ ਦੀ ਵਾਰੀ ਆ ਸਕਦੀ ਹੈ। ਸਾਨੂੰ ਸਭ ਨੂੰ ਮਿਲ ਕੇ ਇਸ ਨੂੰ ਕੰਡੈਮ ਕਰਨਾ ਚਾਹੀਦਾ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪਾਂ ਪੰਜਾਬੀ ਹਾਂ, ਪੰਜਾਬ ਦੇ ਵਾਸੀ ਹਾਂ ਅਤੇ ਪੰਜਾਬ ਵਿਚ ਅਮਨ ਚਾਹੁੰਦੇ ਹਾਂ। ਅਮਨ ਵਿੱਚ ਰਹਿ ਕੇ ਲੌਂਗੋਵਾਲ-ਰਾਜੀਵ ਸਮਝੌਤੇ ਤੇ ਇਕੱਠੇ ਹੋ ਕੇ ਇਲੈਕਸ਼ਨਾਂ ਲੜੇ ਹਾਂ। ਤੱਕੜੀ ਦੇ ਚੋਣ ਨਿਸ਼ਾਨ ਤੇ, ਅਕਾਲੀ ਦਲ ਦੇ ਚੋਣ ਨਿਸ਼ਾਨ ਤੇ ਲੜੇ ਹਾਂ ਅਤੇ ਜਿੱਤੇ ਹਾਂ। ਅਤਿਵਾਦ ਅਤੇ ਵੱਖਵਾਦ ਨੇ ਸਾਡੇ ਵਿਰੁੱਧ ਮਜ਼ਾਹਰੇ ਕੀਤੇ ਹਨ। ਸਾਨੂੰ ਹੁਣ ਵੀ ਇਕੱਠੇ ਹੋ ਕੇ ਯਤਨਸ਼ੀਲ ਹੋਣਾ ਚਾਹੀਦਾ ਹੈ ਤਾਂਕਿ ਸਾਡਾ ਜਿਹੜਾ ਪੰਜਾਬ ਹੈ, ਉਸ ਵਿੱਚ ਅਮਨ ਅਤੇ ਸ਼ਾਂਤੀ ਰਹੇ ਅਤੇ ਪੰਜਾਬ ਤਰੱਕੀ ਕਰ ਸਕੇ। ਦੂਜੀਆਂ ਤਾਕਤਾਂ ਜਿਵੇਂ ਕਿ ਚਾਈਨਾਂ, ਪਾਕਿਸਤਾਨ ਔਰ ਅਮਰੀਕਾ ਹਨ ਇਨ੍ਹਾਂ ਨੂੰ ਫੇਸ ਕਰਨ ਲਈ ਵੀ ਸਾਨੂੰ ਘਰ ਵਿਚ ਪੂਰਨ ਏਕਤਾ ਨਾਲ ਰਹਿਣਾ ਚਾਹੀਦਾ ਹੈ। ਪੰਜਾਬ ਦੇ ਮਹੌਲ ਨੂੰ ਠੀਕ ਕਰਨ ਲਈ ਸਾਨੂੰ ਇਥੇ ਏਕਤਾ ਵਾਸਤੇ ਯਤਨ ਕਰਨੇ ਚਾਹੀਦੇ ਹਨ। ਇੱਕ ਬੇਨਤੀ ਹੋਰ ਕਰਨਾ ਚਾਹੁੰਦੇ ਹਾਂ ਕਿ ਸਿੰਘ ਸਾਹਿਬਾਨ ਨੂੰ ਸਿਆਸਤ ਵਿਚ ਦਖਲ ਨਹੀਂ ਦੇਣਾ ਚਾਹੀਦਾ। ਬੇਸ਼ਕ ਅਕਾਲੀ ਦਲ ਸਿਆਸਤ ਔਰ ਧਰਮ ਨੂੰ ਇਕੱਠਾ ਮੰਨਦਾ ਹੈ ਲੈਕਿਨ ਅਕਾਲੀ ਦਲ ਵਾਲੇ ਕਹਿੰਦੇ ਹਨ ਕਿ ਧਾਰਮਿਕ ਤੌਰ ਤੇ ਜੋ ਅਕਾਲ ਤਖਤ ਸਾਹਿਬ ਦਾ ਹੁਕਮ ਹੋਵੇਗਾ ਉਹ ਮੰਨਾਂਗੇ। ਇੱਕ ਜੱਥੇਦਾਰ ਸਾਹਿਬ ਧਾਰਮਿਕ ਤੌਰ ਤੇ ਚੰਗਾ ਸਾਬਤ ਹੋ ਸਕਦਾ ਹੈ, ਉਹ ਇੱਕ ਚੰਗਾ ਰਾਗੀ ਹੋ ਸਕਦਾ ਹੈ ਲੇਕਿਨ ਸਿਆਸੀ ਤੌਰ ਤੇ ਉਨ੍ਹਾਂ ਵਿਚ ਐਨੀ ਸੂਝਬੂਝ ਨਹੀਂ ਹੁੰਦੀ ਜਿੰਨੀ ਹੋਣੀ ਚਾਹੀਦੀ ਹੈ। ਇਸ ਲਈ ਮੈਂ ਅਪੀਲ ਕਰਾਂਗਾ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਸਾਹਿਬ ਨੂੰ, ਉਨ੍ਹਾਂ ਦਾ ਬੜਾ ਮਾਣ ਹੈ ਔਰ ਉਨ੍ਹਾਂ ਨੂੰ ਆਪਣੇ ਮਾਣ ਨੂੰ ਕਾਇਮ ਰਖਣਾ ਚਾਹੀਦਾ ਹੈ। ਉਸ ਨੂੰ ਘਟਾਓਣਾ ਨਹੀਂ ਚਾਹੀਦਾ ਹੈ। ਉਨ੍ਹਾਂ ਦਾ ਅੱਗੇ ਮਾਣ ਘਟਿਆ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਸਿਆਸਤ ਵਿਚ ਦਖਲ ਨਾ ਦੇਣ। ਜਦੋਂ ਦਾ ਅਕਾਲ ਤਖਤ ਹੋਂਦ ਵਿਚ ਆਇਆ ਹੈ ਬਾਬਾ ਫੂਲਾ ਸਿੰਘ ਨੇ ਕਦੇ ਵੀ ਰਾਜਸੀ ਤੌਰ ਤੇ ਦਖਲ ਨਹੀਂ ਦਿੱਤਾ ਹਾਲਾਂ ਕਿ ਪਟਿਆਲਾ ਵਾਲਿਆਂ ਤੇ ਹੁਕਮ ਜਾਰੀ ਕਰ ਸਕਦੇ ਸੀ, ਪਰ ਨਹੀਂ ਕੀਤਾ। (ਵਿਘਨ) (ਸ਼ੋਰ) ਮੈਂ ਇਹ ਕਹਿ ਰਿਹਾ ਸੀ ਕਿ ਇਨ੍ਹਾਂ ਨੂੰ ਵੀ ਇਸ ਨਾਲ ਸਹਿਮਤ ਹੋਣਾ ਚਾਹੀਦਾ ਹੈ ਤਾਕਿ ਅਕਾਲ ਤਖਤ ਦੀ ਮਾਨ ਮਰਿਆਦਾ ਨੂੰ ਕਾਇਮ ਰਖਿਆ ਜਾਏ ਨਾ ਕਿ ਛੋਟੀਆਂ ਛੋਟੀਆਂ ਗੱਲਾਂ ਵਿਚ ਅਕਾਲ ਤਖਤ ਦਖਲਅੰਦਾਜ਼ੀ ਕਰੇ। ਪੰਜਾਬ ਦਾ ਮੁੱਖ ਮੰਤਰੀ ਕੋਈ ਵੀ ਹੋਵੇ (ਵਿਘਨ)

ਡਾਕਟਰ ਰਤਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ** ** **

(ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ।

ਸਰਦਾਰ ਕੁਲਵੰਤ ਸਿੰਘ, ਐਡਵੋਕੇਟ : ਇਨ੍ਹਾਂ ਨੂੰ ਪਤਾ ਨਹੀਂ ਇਹ ਆਪਣੇ ਆਪ ਨੂੰ ਐਮ.ਬੀ.ਬੀ.ਐਸ. ਕਹਿੰਦੇ ਹਨ ਲੇਕਿਨ ਅੰਗਰੇਜ਼ੀ ਇਨ੍ਹਾਂ ਨੂੰ ਆਉਂਦੀ ਨਹੀਂ ਹੈ। ਮੈਂ ਬੇਨਤੀ ਕਰਾਂਗਾ ਤਾਂ ਕਿ ਅੰਗਰੇਜ਼ੀ ਦੀ ਇਨ੍ਹਾਂ ਨੂੰ ਸਮਝ ਲਗ ਜਾਏ (ਵਿਘਨ) ਮੈਂ ਬੇਨਤੀ ਕਰ ਰਿਹਾ ਸੀ ਕਿ ਅਕਾਲ ਤਖਤ ਸਾਹਿਬ ਦੇ ਜੱਥੇਦਾਰਾਂ ਨੂੰ ਛੋਟੀਆਂ ਛੋਟੀਆਂ ਗੱਲਾਂ ਵਿਚ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ । ਮੈਂ ਪਹਿਲਾਂ ਵੀ ਕਿਹਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਕੋਈ ਵੀ ਹੋਵੇ, ਜਦੋਂ ਦਾ ਦੇਸ਼ ਆਜ਼ਾਦ ਹੋਇਆ, ਕਿੰਨੇ ਮੁੱਖ ਮੰਤਰੀ ਇਥੇ ਆਏ ਹਨ ਜਿਸ ਤਰ੍ਹਾਂ ਕਿ ਸੱਚਰ ਸਾਹਿਬ, ਡਾਕਟਰ ਗੋਪੀ ਚੰਦ ਭਾਰਗੋ, ਸਰਦਾਰ ਪ੍ਰਤਾਪ ਸਿੰਘ ਕੈਰੋਂ, ਕਾਮਰੇਡ ਰਾਮ ਕਿਸ਼ਨ, ਗਿਆਨੀ ਗੁਰਮੁੱਖ ਸਿੰਘ ਮਸਾਫਰ, ਜਸਟਿਸ ਗੁਰਨਾਮ ਸਿੰਘ, ਸਰਦਾਰ ਲਛਮਣ ਸਿੰਘ ਗਿੱਲ, ਸਰਦਾਰ ਪ੍ਰਕਾਸ਼ ਸਿੰਘ ਬਾਦਲ, ਗਿਆਨੀ ਜ਼ੈਲ ਸਿੰਘ, ਸਰਦਾਰ ਦਰਬਾਰਾ ਸਿੰਘ, ਐਨੇ ਪੰਜਾਬ ਦੇ ਮੁੱਖ ਮੰਤਰੀ ਆਏ ਹਨ ਪਰ ਕਿਸੇ ਦੇ ਖਿਲਾਫ ਸਿੰਘ ਸਾਹਿਬਾਨ ਨੇ ਹੁਕਮ ਜਾਰੀ ਨਹੀਂ ਕੀਤੇ ਹਨ। ਅਗਰ ਹੁਕਮ ਜਾਰੀ ਕੀਤੇ ਤਾਂ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੇ ਖਿਲਾਫ ਕੀਤੇ ਜਦੋਂ ਕਿ ਉਨ੍ਹਾਂ ਦੀ ਮਨਸ਼ਾ ਸੀ ਕਿ ਪੰਜਾਬ ਵਿਚ ਸਵਾਏ ਬਾਦਲ ਸਾਹਿਬ ਦੇ ਹੋਰ ਕੋਈ ਮੁੱਖ ਮੰਤਰੀ ਨਾ ਹੋਵੇ। ਮੈਂ ਨਹੀਂ ਕਹਿਣਾ ਚਾਹੁੰਦਾ ਸੀ ਕਿਉਂਕਿ ਮੇਰੇ ਵੀਰ ਬੈਠੇ ਹਨ ਔਰ ਇਹ ਛੋਟੀਆਂ ਛੋਟੀਆਂ ਗੱਲਾਂ ਵਿਚ ਗੁੱਸਾ ਕਰ ਜਾਂਦੇ ਹਨ। ਐਜੂਕੇਸ਼ਨ ਬਹੁਤ ਵੱਡੀ ਚੀਜ਼ ਹੈ (ਵਿਘਨ) ਜੇ ਨਹੀਂ ਹੈ ਤਾਂ ਸੁਣ ਲੈਣਾ ਚਾਹੀਦਾ ਹੈ (ਵਿਘਨ) ਜਦੋਂ ਇਨ੍ਹਾਂ ਦੇ ਦੋ ਵੀਰਾਂ ਨੇ ਅਸਤੀਫੇ ਦਿੱਤੇ ਸਨ, ਮੈਂ ਨਾਂ ਨਹੀਂ ਲੈਣਾ ਚਾਹੁੰਦਾ ਗੁੱਸਾ ਕਰਨਗੇ, ਉਦੋਂ ਇਹ ਦਿੱਲੀ ਜਾਕੇ ਹੈਲੀਕਾਪਟਰ ਤੇ ਉਥੋਂ ਸਲਾਹ ਲੈ ਕੇ ਫਿਰ ਅਸਤੀਫਾ ਦਿੱਤਾ ਸੀ (ਵਿਘਨ) (ਥੰਪਿੰਗ) ਦੂਸਰਿਆਂ ਨੂੰ ਇਹ ਕਹਿੰਦੇ ਹਨ ਕਿ ਇਹ ਦਿੱਲੀ ਦੇ ਇਸ਼ਾਰੇ ਤੇ ਕੰਮ ਕਰਦੇ ਹਨ। ਪੰਜਾਬ ਦੀ ਤਰੱਕੀ ਦੀ ਗੱਲ ਹੈ, ਏਕਤਾ ਦੀ ਗੱਲ ਹੈ, ਇਥੋਂ ਦੀ ਡਿਵੈਲਪਮੈਂਟ ਦੀ ਗੱਲ ਹੈ, ਇਹ ਤੁਹਾਡੇ ਪੰਜਾਬ ਦੇ ਅਮਨ ਔਰ ਸ਼ਾਂਤੀ ਦੀ ਗੱਲ ਹੈ, ਪੰਜਾਬ ਵਿਚ ਅਸੀਂ ਅਮਨ ਦਿਲਾਉਣਾ ਚਾਹੁੰਦੇ ਹਾਂ ਇਹ ਸਾਨੂੰ ਇਸ ਦੇ ਲਈ ਆਪਣਾ ਸਹਿਯੋਗ ਦੇਣ। ਸੈਂਟਰ ਦੀ ਸ਼ਹਿ ਤੇ ਉਥੋਂ ਆਪਣੇ ਲਿੰਕ ਪੈਦਾ ਕਰਕੇ, ਉਥੇ ਵੀ ਇਨ੍ਹਾਂ ਦੇ ਮਿਹਰਬਾਨ ਹਨ, ਉਨ੍ਹਾਂ ਦੀ ਸਲਾਹ ਨਾਲ ਇਥੇ ਫੂਕ ਮਾਰਦੇ ਹਨ ਔਰ ਜਦੋਂ ਫੂਕ ਮੁੱਕ ਜਾਂਦੀ ਹੈ ਤਾਂ ਫਿਰ ਇਹ ਦਿੱਲੀ ਚਲੇ ਜਾਂਦੇ ਹਨ। ਇਨ੍ਹਾਂ ਨੂੰ ਪੰਜਾਬ ਦੇ ਮਾਹੌਲ ਨੂੰ ਠੀਕ ਕਰਨ ਵਾਲੇ ਪਾਸੇ ਸੋਚਣਾ ਚਾਹੀਦਾ ਹੈ। ਇਨ੍ਹਾਂ ਨੂੰ ਦਿੱਲੀ ਤੋਂ ਸਲਾਹ ਨਹੀਂ ਲੈਣੀ ਚਾਹੀਦੀ ਔਰ ਆਪਣੀ ਗੱਲ ਸੋਚ ਕੇ ਕਰਨੀ ਚਾਹੀਦੀ ਹੈ ।

ਮੈਂ ਬੇਨਤੀ ਕਰਾਂਗਾ ਕਿ ਜਿਥੇ ਪੰਜਾਬ ਦੇ ਅੰਦਰ ਟਰੈਕਟਰਾਂ ਦੀਆਂ ਕੀਮਤਾਂ 5 ਗੁਣਾਂ ਵੱਧ ਗਈਆਂ ਹਨ ਇਸ ਦੇ ਨਾਲ ਹੀ ਜੋ ਖੇਤੀ ਦੀ ਉਪਜ ਹੈ ਉਸ ਦੇ ਭਾਅ ਵੀ ਵੱਧਣੇ ਚਾਹੀਦੇ ਹਨ ਕਿਉਂਕਿ ਇਸ ਦੇਸ਼ ਦੀ ਤਰੱਕੀ ਤਾਂ ਹੀ ਹੋਵੇਗੀ ਜੇ ਕਿਸਾਨ, ਮਜ਼ਦੂਰ ਦੀ ਤਰੱਕੀ ਹੋਵੇਗੀ । ਮੈਂ ਇਹ ਕਹਿਣ ਤੋਂ ਨਹੀਂ ਰਹਿ ਸਕਦਾ ਕਿ ਜਿੰਨੀ ਮਸ਼ੀਨਰੀ ਆਦਿ ਐਗਰੀਕਲਚਰ ਵਾਸਤੇ ਕਿਸਾਨ, ਜ਼ਿਮੀਂਦਾਰ ਨੂੰ ਲੈਣੀ ਪੈਂਦੀ ਹੈ ਉਸ ਦੀਆਂ ਕੀਮਤਾਂ ਦੀ ਕੋਈ ਹੱਦ ਨਹੀਂ। ਮਸ਼ੀਨਰੀ ਆਦਿ ਦੇ ਮਰਜ਼ੀ ਨਾਲ ਪੈਸੇ ਲਏ ਜਾਂਦੇ ਹਨ। ਖਾਦਾਂ ਮਹਿੰਗੀਆਂ ਲੈਣੀਆਂ ਪੈਂਦੀਆਂ ਹਨ। ਟਰੈਕਟਰ ਦੇ ਪੁਰਜ਼ੇ

**Expunged as ordered by the Chair.

[ਸਰਦਾਰ ਕੁਲਵੰਤ ਸਿੰਘ, ਐਡਵੋਕੇਟ]

ਮਹਿੰਗੇ ਲੈਣੇ ਪੈਂਦੇ ਹਨ ਮਗਰ ਇਸ ਮਹਿੰਗਾਈ ਦੇ ਉਲਟ ਉਸ ਦੀ ਆਪਣੀ ਜਿਣਸ ਦਾ ਭਾਅ ਘੱਟ ਮਿਲਦਾ ਹੈ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕੁਝ ਪੈਸਾ ਕਿਸਾਨਾਂ, ਜ਼ਿਮੀਦਾਰਾਂ ਨੂੰ ਸਬਸਿਡੀ ਦੇਣ ਵਾਸਤੇ ਰੱਖਿਆ ਜਾਵੇ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਬੱਜਟ ਪੰਜਾਬ ਦੀ ਸਰਵਪੱਖੀ ਤਰੱਕੀ ਵਾਸਤੇ, ਪੰਜਾਬ ਦੇ ਲੋਕਾਂ ਦੀ ਭਲਾਈ ਵਾਸਤੇ ਲਿਆਂਦਾ ਗਿਆ ਹੈ। ਇਹ ਬੜਾ ਸ਼ਲਾਘਾਯੋਗ ਹੈ। ਮੈਂ ਕਿਹਾ ਸੀ ਕਿ ਉਨ੍ਹਾਂ ਨੂੰ ਸਿਆਸਤ ਵਿਚ ਦਖਲ ਨਹੀਂ ਦੇਣਾ ਚਾਹੀਦਾ। ਇਸ ਨਾਲ ਪੰਜਾਬ ਦੇ ਹਾਲਾਤ ਖਰਾਬ ਹੁੰਦੇ ਹਨ। ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਅੱਤਵਾਦੀ 1-2 ਕੋਈ ਕਾਰਵਾਈ ਕਰਕੇ ਘਰ ਤੋਂ ਭਜ ਜਾਂਦੇ ਜਾਂਦੇ ਹਨ ਪਰ ਇਸ ਬਾਰੇ 20-25 ਆਦਮੀਆਂ ਨੂੰ ਇੰਟੈਰੋਗੇਟ ਕੀਤਾ ਜਾਂਦਾ ਹੈ। ਲੋਕ ਤੰਗ ਹੁੰਦੇ ਹਨ। ਇਸ ਤਰ੍ਹਾਂ ਪੰਜਾਬ ਦਾ ਅਮਨ ਖ਼ਰਾਬ ਹੁੰਦਾ ਹੈ। ਇਸ ਲਈ ਮੈਂ ਅੱਤਿਵਾਦੀਆਂ ਨੂੰ ਬੇਨਤੀ ਕਰਾਂਗਾ ਕਿ ਉਹ ਬੈਠ ਕੇ ਗੱਲ ਕਰਨ। ਉਨ੍ਹਾਂ ਪੜ੍ਹੇ ਲਿਖਿਆਂ ਵਾਸਤੇ ਨੌਕਰੀਆਂ ਹਨ, ਪਰਮਿਟ ਦਿਤੇ ਗਏ ਹਨ। ਅਸੀਂ ਪੰਜਾਬ ਦੀ ਤਰੱਕੀ ਵਾਸਤੇ ਹਰ ਤਰ੍ਹਾਂ ਯਤਨਸ਼ੀਲ ਹਾਂ। ਇਸ ਲਈ ਮੈਂ ਉਨ੍ਹਾਂ ਨੂੰ ਕਹਾਂਗਾ ਕਿ ਤੁਸੀਂ ਬਰਨਾਲਾ ਸਾਹਿਬ ਨਾਲ ਗੱਲ ਕਰੋ ਤਾਕਿ ਅਸੀਂ ਪੰਜਾਬ ਦੇ ਅਮਨ ਨੂੰ ਠੀਕ ਕਰ ਸਕੀਏ। ਐਨਾ ਕਹਿੰਦਾ ਹੋਇਆ ਮੈਂ, ਡਿਪਟੀ ਸਪੀਕਰ ਸਾਹਿਬ, ਆਪ ਦਾ ਧਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ ਅਤੇ ਇਸ ਬਜੱਟ ਵਿਚ ਪੰਜਾਬ ਦੀ ਤਰੱਕੀ ਦੇ ਜਿਹੜੇ ਕੰਮ ਦਿੱਤੇ ਗਏ ਹਨ ਉਹ ਤੁਹਾਡੇ ਸਾਹਮਣੇ ਲਿਆਂਦੇ ਹਨ। ਬਜਟ ਦੀ ਪ੍ਰੋੜਤਾ ਕਰਦਾ ਹਾਂ। ਧੰਨਵਾਦ।

ਸਰਦਾਰ ਇੰਦਰਜੀਤ ਸਿੰਘ ਜ਼ੇਜੀ (ਲਹਿਰਾ): ਡਿਪਟੀ ਸਪੀਕਰ ਸਾਹਿਬ, ਇਹ ਜੋ ਬਰਨਾਲਾ ਸਰਕਾਰ ਨੇ ਬਜਟ ਪੇਸ਼ ਕੀਤਾ ਹੈ, ਇਸ ਦੀ ਬੁਨਿਆਦ ਝੂਠ ਤੇ ਹੈ। ਇਸ ਵਿਚ ਬੜੀਆਂ ਬੜੀਆਂ ਰਕਮਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਖਿਆਲੀ ਪਲਾਓ ਹਨ। ਇਨ੍ਹਾਂ ਨੇ 2,500 ਕਰੋੜ ਰੁਪਿਆ ਰਾਜੀਵ-ਲੌਂਗੋਵਾਲ ਪਲਾਨ ਵਾਸਤੇ ਰੱਖਿਆ ਹੈ। ਇਨ੍ਹਾਂ ਨੇ ਇਸ ਪਲਾਨ ਵਾਸਤੇ ਐਨੀ ਵੱਡੀ ਰਕਮ ਦਾ ਜ਼ਿਕਰ ਕੀਤਾ ਹੈ ਪਰ ਸੈਂਟਰਲ ਬੱਜਟ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਹੈ। ਇਹ ਨਹੀਂ ਦੱਸਿਆ ਗਿਆ ਕਿ ਇਹ ਐਨੀ ਰਕਮ ਕੌਣ ਦੇਵੇਗਾ, ਕਿਥੋਂ ਆਵੇਗੀ। ਇਨ੍ਹਾਂ ਨੇ ਐਨੀ ਵੱਡੀ ਰਕਮ ਦੱਸਕੇ ਸਾਡੇ ਤੇ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਹੈ।

ਵਿੱਤ ਮੰਤਰੀ: ਤੁਸੀਂ ਇਸ ਦੀਆਂ ਲਾਈਨਾਂ ਪੜ੍ਹ ਲਓ ਕਿ ਇਸ ਵਿਚ ਕੀ ਲਿਖਿਆ ਹੈ। ਇਸ ਵਿਚ ਲਿਖਿਆ ਹੈ ਕਿ ਸਾਡੀ ਖ਼ਾਹਿਸ਼ ਹੈ।

ਸਰਦਾਰ ਇੰਦਰਜੀਤ ਸਿੰਘ ਜ਼ੇਜੀ: ਇਹ ਬੱਜਟ 225 ਕਰੋੜ ਰੁਪਏ ਦੇ ਘਾਟੇ ਦਾ ਬਜਟ ਹੈ। ਸਾਲਾਨਾ ਯੋਜਨਾ 750 ਕਰੋੜ ਰੁਪਏ ਦੀ ਹੈ। ਇਸ ਵਿਚ ਲਿਖਿਆ ਹੈ ਕਿ 40 ਕਰੋੜ ਰੁਪਏ ਦੇ ਅਧਿਕ ਸਾਧਨ ਰਾਜ ਸਰਕਾਰ ਜੁਟਾਏਗੀ ਯਾਨੀ ਕਿ 40 ਕਰੋੜ ਰੁਪਏ ਦੇ ਟੈਕਸ ਲਾਏ ਹਨ। ਫਿਰ ਵੀ 185 ਕਰੋੜ ਰੁਪਏ ਦਾ ਇਸ ਵਿਚ ਡੈਫੀਸਿਟ ਹੈ। ਇਹ ਇਨ੍ਹਾਂ ਨੇ ਨਹੀਂ ਦੱਸਿਆ ਕਿ ਇਹ ਕਿਥੋਂ ਪੈਸਾ ਆਵੇਗਾ। ਡਿਪਟੀ ਸਪੀਕਰ ਸਾਹਿਬ, ਜਨਤਾ ਤੇ ਬੜਾ ਟੈਕਸਾਂ ਦਾ ਭਾਰ ਪਾਇਆ ਗਿਆ ਹੈ। ਕਈ ਕਾਂਗਰਸ (ਆਈ) ਸਟੇਟਸ ਨੇ ਵੀ ਟੈਕਸ ਫਰੀ ਬਜਟ ਪੇਸ਼ ਕੀਤੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਾਨੂੰ ਸੈਂਟਰ ਦੀ ਜੀਅ ਹਜ਼ੂਰੀਆ ਬਣਨ ਦੀ ਕੀ ਲੋੜ ਸੀ? ਇਨ੍ਹਾਂ ਨੇ 40 ਕਰੋੜ

ਰੁਪਏ ਦੇ ਟੈਕਸ ਲਗਾਏ ਹਨ। ਇਹ ਟੈਕਸ ਲਗਾਕੇ ਇਨ੍ਹਾਂ ਨੇ ਪੰਜਾਬ ਦੀ ਜਨਤਾ ਤੇ ਭਾਰ ਪਾਇਆ ਹੈ ਜੋ ਕਿ ਸ਼ੋਭਦਾ ਨਹੀਂ ਹੈ। ਇਹ ਟੈਕਸ ਲਗਾਉਣ ਦਾ ਮੌਕਾ ਨਹੀਂ ਸੀ। ਫਿਰ ਵੀ ਇਸ ਵਿਚ ਸਾਰੀਆਂ ਚੀਜ਼ਾਂ ਗਲਤ ਨਹੀਂ ਹਨ। ਇਸ ਵਿਚ ਕਈ ਸ਼ਲਾਘਾਯੋਗ ਚੀਜ਼ਾਂ ਹਨ। ਇਕ ਗੱਲ ਇਨ੍ਹਾਂ ਨੇ ਚੰਗੀ ਕੀਤੀ ਜਿਹੜੀ ਇਨ੍ਹਾਂ ਨੇ ਸੈਂਟਰਲ ਸਰਕਾਰ ਤੋਂ ਹੈਵੀ ਇਡਸਟਰੀ ਮੰਗੀ ਹੈ।

ਸਰਦਾਰ ਕੁਲਵੰਤ ਸਿੰਘ, ਐਡਵੋਕੇਟ : ਆਨ ਏ ਪੁਆਇੰਟ ਆਫ਼ ਆਰਡਰ, ਸਰ। ** ** **

Mr. Deputy Speaker : This is no point of order.

ਸਰਦਾਰ ਇੰਦਰਜੀਤ ਸਿੰਘ ਜ਼ੀਰਾ: ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਡੀਮਾਂਡ ਕੀਤੀ ਹੈ ਕਿ ਪੰਜਾਬ ਵਿੱਚ ਹੈਵੀ ਇੰਡਸਟਰੀ ਲਾਈ ਜਾਵੇ। ਇਹ ਗੱਲ ਬਿਲਕੁਲ ਸਹੀ ਹੈ ਕਿ ਇਥੇ ਹੈਵੀ ਇੰਡਸਟਰੀ ਲਗਣੀ ਚਾਹੀਦੀ ਹੈ। ਇਥੇ ਝਗੜੇ ਦੀ ਵਜ੍ਹਾ ਹੀ ਇਹੀ ਹੈ ਕਿ ਆਸਾਮ ਨੂੰ ਔਰ ਪੰਜਾਬ ਨੂੰ ਬਾਰਡਰ ਏਰੀਆ ਹੋਣ ਕਰਕੇ ਬਹੁਤ ਦੇਰ ਦਾ ਨੈਗਲੈਕਟ ਕੀਤਾ ਗਿਆ ਸੀ। ਮੈਨੂੰ ਯਾਦ ਹੈ ਕਿ ਇਕ ਵਾਰੀ ਪੰਡਿਤ ਜਵਾਹਰ ਲਾਲ ਨਹਿਰੂ ਗੁਹਾਟੀ ਗਏ ਤਾਂ ਉਦੋਂ ਆਸਾਮ ਦਾ ਚੀਫ਼ ਮਨਿਸਟਰ ਮਿਸਟਰ ਚਲੀਆ ਸੀ। ਜਦੋਂ ਉਨ੍ਹਾਂ ਦੀ ਗੱਲ ਬਾਤ ਚਲੀ ਤਾਂ ਮਿਸਟਰ ਚਲੀਆ ਨੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਮੇਰੀ ਸਟੇਟ ਵਿਚ ਹੈਵੀ ਇੰਡਸਟਰੀਜ਼ ਕਿਉਂ ਨਹੀਂ ਲਾਉਂਦੇ ਤਾਂ ਪੰਡਿਤ ਨਹਿਰੂ ਨੇ ਜਵਾਬ ਦਿੱਤਾ ਕਿ ਤੁਹਾਡੀ ਬਾਰਡਰ ਦੀ ਸਟੇਟ ਹੈ ਤਾਂ ਮਿਸਟਰ ਚਲੀਆ ਨੇ ਕਿਹਾ ਕਿ ਜੇ ਸਾਡੀ ਬਾਡਰ ਸਟੇਟ ਹੈ ਤਾਂ ਤੁਸੀਂ ਸਾਨੂੰ ਹਿੰਦੁਸਤਾਨ ਵਿਚੋਂ ਕਢ ਦਿਓ। ਉਸ ਦੇ ਬਾਅਦ ਅਸਾਮ ਵਿਚ ਰੀਫਾਈਨਰੀ ਦਿੱਤੀ ਗਈ। ਇਸ ਤਰ੍ਹਾਂ ਮੰਗ ਮੰਗਿਆ ਕੁਝ ਨਹੀਂ ਮਿਲਦਾ, ਸਾਨੂੰ ਦੱਬ ਕੇ ਮੰਗ ਕਰਨੀ ਚਾਹੀਦੀ ਹੈ। ਸਾਨੂੰ ਹੈਵੀ ਇੰਡਸਟਰੀ ਪੰਜਾਬ ਵਿਚ ਨਹੀਂ ਮਿਲੀ ਜਿਸ ਦੀ ਵਜ੍ਹਾ ਕਰਕੇ ਪੰਜਾਬ ਵਿਚ ਇਤਨੀ ਵੱਡੀ ਬੇਰੁਜ਼ਗਾਰੀ ਵੱਧ ਗਈ ਹੈ। ਬੇਰੁਜ਼ਗਾਰੀ ਵੱਧਣ ਦੀ ਗੱਲ ਇਹ ਜ਼ਾਹਰ ਕਰਦੀ ਹੈ ਕਿ ਪੰਜਾਬ ਦੇ ਵਿੱਚ ਹੈਵੀ ਇੰਡਸਟਰੀ ਹੁੰਦੀ ਤਾਂ ਅੱਜ ਜਿਹੜਾ ਸਾਡੇ ਨੌਜਵਾਨ ਦੇ ਅੰਦਰ ਗੁੱਸਾ ਹੈ ਉਹ ਗੁੱਸਾ ਨਹੀਂ ਸੀ ਹੋਣਾ ਔਰ ਉਸ ਨੂੰ ਇਤਨੀ ਬੇਰੁਜ਼ਗਾਰੀ ਵਧਣ ਦਾ ਰੋਸ ਨਹੀਂ ਸੀ ਹੋਣਾ ਇਸ ਕਰਕੇ ਇਹ ਅੱਛੀ ਗੱਲ ਹੈ ਕਿ ਪੰਜਾਬ ਦੇ ਵਿਚ ਹੈਵੀ ਇੰਡ-ਸਟਰੀ ਲੱਗਣੀ ਚਾਹੀਦੀ ਹੈ।

ਇਕ ਹੋਰ, ਡਿਪਟੀ ਸਪੀਕਰ ਸਾਹਿਬ, ਵੱਡੀ ਡੀਮਾਂਡ ਕੀਤੀ ਹੈ ਜਿਸ ਦੀ ਕਿ ਮੈਂ ਤਾਰੀਫ਼ ਕਰਦਾ ਹਾਂ, ਉਹ ਹੈ ਹਾਇਰ ਸ਼ੇਅਰ ਨਣ ਸੈਂਟਰਲ ਟੈਕਸਿਜ਼। ਇਹ ਆਈ ਵਾਰੀ ਇਸ ਦੇ ਬਾਰੇ ਕਹਿੰਦੇ ਹਨ, ਮੰਗ ਚੰਗੀ ਹੈ ਪਰ ਲੈਣ ਦਾ ਹੀਆ ਨਹੀਂ ਹੈ। ਇਸ ਦੇ ਬਾਰੇ ਇਹ ਹਰ ਇਕ ਬਜਟ ਵਿਚ ਮੰਗ ਕਰਦੇ ਹਨ ਪਰ ਲੈ ਨਹੀਂ ਸਕਦੇ। ਇਸ ਦੇ ਬਾਰੇ ਕੋਈ ਦੱਬ ਕੇ ਜ਼ੋਰ ਪਾ ਕੇ ਮੰਗ ਕਰੋ, ਕੋਈ ਮੋਰਚੇ ਦਾ ਡਰਾਵਾ ਦਿਓ ਜਾਂ ਸਾਰੇ ਸੈਕਸ਼ਨਜ਼ ਨੂੰ ਲੈ ਕੇ ਚਲੋ ਤਾਂ ਕਿ ਇਨ੍ਹਾਂ ਦੇ ਮੰਗਾਂ ਤੇ ਜ਼ੋਰ ਪਾਇਆ ਜਾ ਸਕੇ। ਇਕ ਤਾਂ ਪੰਜਾਬ ਸਰਕਾਰ ਹੈਵੀ ਇੰਡਸਟਰੀਜ਼ ਦਾ ਲਾਭ ਲੈ ਸਕਦੀ ਹੈ ਅਤੇ ਦੂਸਰਾ ਹਾਇਰ ਸ਼ੇਅਰ ਇਨ ਸੈਂਟਰਲ ਟੈਕਸਿਜ਼ ਦਾ ਲਾਭ ਲੈ ਸਕਦੀ ਹੈ ਔਰ ਇਨ੍ਹਾਂ ਦੇ ਮੰਗਾਂ ਤੋਂ ਇਲਾਵਾ ਹੋਰ ਕਈ ਗੱਲਾਂ ਵੀ ਹਨ ਜਿਨ੍ਹਾਂ ਤੋਂ ਪੰਜਾਬ ਸਰਕਾਰ ਲਾਭ ਲੈ ਸਕਦੀ ਹੈ ਔਰ ਉਸ ਦੇ ਲਈ ਜ਼ੋਰ ਪਾਇਆ ਜਾ ਸਕਦਾ ਹੈ। ਮੈਂ ਇਨ੍ਹਾਂ ਨੂੰ ਇਕ ਸਲਾਹ ਪਹਿਲਾਂ ਵੀ ਦਿੱਤੀ ਔਰ ਅੱਜ ਫਿਰ ਉਹੀ ਸਲਾਹ ਇਨ੍ਹਾਂ ਨੂੰ ਦੇਣਾ ਚਾਹੁੰਦਾ ਹਾਂ ਕਿ ਇਕ ਰੇਲਵੇ ਡਿਵੀਜ਼ਨ ਦੀ ਮੰਗ ਹੈ। ਇਸ

**Expunged as ordered by the Chair.

[ਸਰਦਾਰ ਇੰਦਰਜੀਤ ਸਿੰਘ ਜੇਜੀ]
ਵੇਲੇ ਇਕ ਰੇਲਵੇ ਡਿਵੀਜ਼ਨ ਦਿਲੀ ਵਿੱਚ ਹੈ ਅਤੇ ਇਕ ਸਾਡੇ ਫਿਰੋਜ਼ਪੁਰ ਵਿੱਚ ਹੈ। ਇਕ ਨਵੇ ਰੇਲਵੇ ਡਿਵੀਜ਼ਨ ਦੀ ਤਜਵੀਜ਼ ਚਲੀ ਹੈ। ਇਹ ਤਜਵੀਜ਼ ਬਹੁਤ ਅੱਛੀ ਹੈ।

ਸਰਦਾਰ ਰਣਜੀਤ ਸਿੰਘ (ਜੰਡਿਆਲਾ) : ਆਨ ਏ ਪੁਆਇੰਟ ਆਫ ਆਰਡਰ, ਸਰ। ** ** **

Mr. Deputy Speaker : This is no point of order.

ਸਰਦਾਰ ਇੰਦਰਜੀਤ ਸਿੰਘ ਜੇਜੀ : ਡਿਪਟੀ ਸਪੀਕਰ ਸਾਹਿਬ, ਅਗਲੀ ਵਾਰੀ ਜਦੋਂ ਮੈਨੂੰ ਆਪਣੀ ਜੇਬ ਵਿਚੋਂ ਰੁਮਾਲ ਕਢਣਾ ਪਿਆ ਤਾਂ ਮੈਂ ਤੁਹਾਡੀ ਆਗਿਆ ਲੈ ਲਵਾਂਗਾ।

ਤੇ, ਮੈਂ, ਡਿਪਟੀ ਸਪੀਕਰ ਸਾਹਿਬ, ਰੇਲਵੇ ਡਿਵੀਜ਼ਨ ਦੀ ਗੱਲ ਕਰ ਰਿਹਾ ਸੀ ਕਿ ਇਹ ਤਜਵੀਜ਼ ਬਹੁਤ ਅੱਛੀ ਹੈ। ਉਨ੍ਹਾਂ ਨੇ ਇਥੇ ਰੇਲਵੇ ਡਿਵੀਜ਼ਨ ਲਾਉਣਾ ਹੈ ਪਰ ਕੋਸ਼ਿਸ਼ ਇਹ ਹੋ ਰਹੀ ਹੈ ਕਿ ਉਹ ਅੰਬਾਲੇ ਲਗੇ। ਜਦੋਂ ਇਕ ਪਾਸੇ ਦਿਲੀ ਲਗਦਾ ਹੈ ਅਤੇ ਇਕ ਪਾਸੇ ਫਿਰੋਜ਼ਪੁਰ ਲਗਦਾ ਹੈ ਤਾਂ ਦਿਲੀ ਦਾ ਕੁਝ ਏਰੀਆ ਔਰ ਫਿਰੋਜ਼ਪੁਰ ਦਾ ਕੁਝ ਏਰੀਆ ਉਸ ਦੇ ਨਾਲ ਲਗਣਾ ਹੈ। ਇਸ ਦੇ ਵਾਸਤੇ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਹ ਅੰਬਾਲੇ ਦੀ ਬਜਾਏ ਸਾਡੇ ਪਾਸੇ ਜਲੰਧਰ ਹੈ, ਲੁਧਿਆਣਾ ਹੈ, ਪਟਿਆਲਾ ਹੈ. ਧੂਰੀ ਹੈ ਤਾਂ ਇਹ ਅੰਬਾਲੇ ਨੂੰ ਕਿਉਂ ਦਿਓ। ਇਸ ਰੇਲਵੇ ਡਿਵੀਜ਼ਨ ਦਾ ਬਹੁਤ ਲਾਭ ਹੋ ਸਕਦਾ ਹੈ। ਜਿਹੜੀ ਮੂਵਮੈਂਟ ਆਫ ਗੁਡਜ਼ ਹੁੰਦੀ ਹੈ। ਜਿਵੇਂ ਕਾਟਨ ਹੈ ਜਾਂ ਹੋਰ ਚੀਜ਼ਾਂ ਹਨ ਉਸ ਦੇ ਮੁਤਾਬਿਕ ਇਹ ਇਸ ਡਿਵੀਜ਼ਨ ਨੂੰ ਇਥੇ ਲੈ ਸਕਦੇ ਹਨ। ਇਸ ਲਈ ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਤੇ ਆਪਣਾ ਜ਼ੋਰ ਦੇਣ। ਇਕ ਹੋਰ ਜਿਸ ਨੂੰ ਰੇਲਵੇ ਕਮੀਸ਼ਨ ਕਹਿੰਦੇ ਹਨ ਅਗਰ ਉਹ ਕਮਿਸ਼ਨ ਪੰਜਾਬ ਵਿਚ ਬਣ ਜਾਏ ਤਾਂ ਪੰਜਾਬ ਦੀ ਰੋਜ਼ਗਾਰੀ ਦਾ ਕਾਫ਼ੀ ਮਸਲਾ ਹੱਲ ਹੋ ਸਕਦਾ ਹੈ। ਇਹੋ ਜਿਹੀਆਂ ਚੀਜ਼ਾਂ ਪੰਜਾਬ ਵਿਚ ਲਿਆਉਣ। ਰੇਲਵੇ ਤੋਂ ਹੋਰ ਮੰਗ ਮੰਗੀ ਹੈ ਇਕ ਗੱਡੀ ਗੋਇੰਦਵਾਲ ਵਾਸਤੇ। ਇਕ ਗੱਡੀ ਦੀ ਹੋਰ ਮੰਗ ਕੀਤੀ ਜਾਏ ਵਾਇਆ ਅੰਬਾਲਾ ਜਿਹੜੀ ਗੱਡੀ ਜਾਖਲ ਜਾਂਦੀ ਹੈ ਉਹ ਫਿਰੋਜ਼ਪੁਰ ਜਾ ਕੇ ਖੜ੍ਹ ਜਾਂਦੀ ਹੈ। ਇਸ ਗੱਡੀ ਨੂੰ ਅੰਮ੍ਰਿਤਸਰ ਲਿਜਾਇਆ ਜਾਏ। 50 ਕਿਲੋਮੀਟਰ ਦਾ ਟੋਟਾ ਹੈ। ਇਹ ਇਕ ਸਰਕਲ ਬਣ ਜਾਏਗਾ। ਚੌਥੀ ਮੰਗ ਹੈ ਜਿਹੜੀ ਇਹ ਕਰ ਸਕਦੇ ਹਨ ਜਿਸ ਦਾ ਪੰਜਾਬ ਨੂੰ ਫ਼ਾਇਦਾ ਹੋਵੇਗਾ। ਪੰਜਾਬ ਦੇ ਵਿਚ ਰੇਲਵੇ ਟਰੈਕ ਪਿਆ ਹੈ ਕੋਈ ਵਾਧੂ ਟਰੈਕ ਨਹੀਂ ਦਿੱਤਾ। ਦੂਜੇ ਸੂਬਿਆਂ ਵਿਚ ਟਰੈਕ ਬਹੁਤ ਸਾਰੇ ਲੇਅ ਕੀਤੇ ਹਨ। ਜਿਹੜਾ ਟਰੈਕ ਪੰਜਾਬ ਵਿੱਚ ਪਿਆ ਹੋਇਆ ਹੈ ਉਹ ਵੀ ਚੰਗੀ ਤਰ੍ਹਾਂ ਯੂਟੇਲਾਈਜ਼ ਨਹੀਂ ਹੋ ਰਿਹਾ। ਅੰਬਾਲੇ ਤੋਂ ਲੈ ਕੇ ਰਾਜਪੁਰੇ ਤੱਕ ਜਾਂ ਪਟਿਆਲਾ ਤੱਕ ਡੀਜ਼ਲ ਸ਼ਟਲ ਚਾਲੂ ਕੀਤਾ ਜਾਵੇ। ਇਸਦੇ ਨਾਲ ਕਾਸਟ ਵੀ ਘੱਟੇਗੀ ਅਤੇ ਕਾਫ਼ੀ ਲੋਕਾਂ ਨੂੰ ਫ਼ਾਇਦਾ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਹੋਰ ਲਾਈਨਾਂ ਹਨ ਜਿਹੜੀਆਂ ਬਿਨਾਂ ਯੂਟੇਲਾਈਜ਼ ਕੀਤੇ ਪਈਆਂ ਹਨ ਜਿਨ੍ਹਾਂ ਦਾ ਕਾਫ਼ੀ ਫ਼ਾਇਦਾ ਹੋ ਸਕਦਾ ਹੈ। ਇਹੋ ਜਿਹੀਆਂ ਸਹੂਲਤਾਂ ਹੋਣ ਜਿਹੜੀਆਂ ਲਈਆਂ ਵੀ ਜਾ ਸਕਦੀਆਂ ਹਨ। ਇਹ ਤਾਂ ਉਹ ਸਹੂਲਤਾਂ ਹਨ ਜਿਹੜੀਆਂ ਅਸੀਂ ਬਾਹਰੋਂ ਲੈ ਸਕਦੇ ਹਾਂ ਜਿਨ੍ਹਾਂ ਤੇ ਸਾਡਾ ਕੋਈ ਖਰਚ ਨਹੀਂ ਹੁੰਦਾ।

ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਸੇਵਿੰਗ ਕਰਨ ਦੀ ਲੋੜ ਹੈ। ਅੱਜ ਅਸੀਂ ਉਸ ਜਗ੍ਹਾ ਤੇ ਪਹੁੰਚ ਗਏ ਹਾਂ ਜਿਥੇ ਪਹੁੰਚ ਕੇ ਹੋਰ ਰਿਸੋਰਸਿਜ਼ ਜ਼ਿਆਦਾ ਮੋਬੇਲਾਈਜ਼ ਨਹੀਂ ਕਰ ਸਕਦੇ। ਸੇਵਿੰਗਜ਼ ਰਾਹੀਂ ਅਸੀਂ ਸਰਵਿਸ ਦੇ ਸਕਦੇ ਹਾਂ। ਜਿਹੜੀ ਸਾਡੇ ਸਾਹਮਣੇ ਫ਼ਜ਼ੂਲ ਖਰਚੀ ਹੋ ਰਹੀ ਹੈ

**Expunged as ordered by the Chair.

ਉਹ ਹੈ ਮਨਿਸਟਰੀ ਦਾ ਸਾਈਜ਼। ਜਦੋਂ ਪੰਜਾਬ ਵਿਚ 5 ਮਨਿਸਟਰਜ਼ ਹੁੰਦੇ ਸਨ ਤਾਂ ਅੱਛਾ ਕੰਮ ਚਲਦਾ ਸੀ। ਹੁਣ ਢੇਰ ਸਾਰੇ ਨਵੇਂ ਮਨਿਸਟਰਜ਼ ਬਣਾ ਦਿੱਤੇ। ਉਨ੍ਹਾਂ ਨੂੰ ਬਾਡੀ ਗਾਰਡਜ਼ ਦੇ ਦਿੱਤੇ। ਇਹ ਸਾਰਾ ਐਕਸਪੈਂਡੀਚਰ ਪੰਜਾਬ ਦੇ ਬਜਟ ਤੇ ਪੈਂਦਾ ਹੈ। ਡਿਪਟੀ ਸਪੀਕਰ ਸਾਹਿਬ, ਮਨਿਸਟਰੀ ਛੋਟੀ ਕਰਨ ਦੇ ਕਈ ਫ਼ਾਇਦੇ ਹਨ (ਵਿਘਨ) ਇਕ ਤਾਂ ਪੈਸਾ ਬਚਦਾ ਹੈ ਦੂਜੇ ਐਫੀਸ਼ੈਂਸੀ ਵੱਧੇਗੀ। ਔਰ ਕੁਰੱਪਸ਼ਨ ਘਟੇਗੀ। ਇਸ ਵੇਲੇ ਬੈਸਿਕ ਤੌਰ ਤੇ ਪੰਜਾਬ ਦੇ ਵਿਚ ਤਿੰਨ ਕਿਸਮ ਦੀ ਕੁਰੱਪਸ਼ਨ ਹੋ ਰਹੀ ਹੈ। ਪਹਿਲੀ ਕੁਰੱਪਸ਼ਨ ਹੈ ਪਰਮੋਸ਼ਨ ਐਂਡ ਰਿਕਰੂਟਮੈਂਟ ਇਨ ਸਰਵਿਸਿਜ਼ ਵਿਚ। ਖੁਲ੍ਹ ਕੇ ਪੈਸਾ ਲਿਆ ਜਾਂਦਾ ਹੈ। ਦੂਜੇ ਕੁਰਪਸ਼ਨ ਹੋ ਰਹੀ ਹੈ ਐਕਸਟਨਸ਼ਨ ਆਫ ਸਰਵਿਸਿਜ਼ ਵਿਚ ਅਤੇ ਤੀਸਰੀ ਕੁਰਪਸ਼ਨ ਹੋ ਰਹੀ ਹੈ ਜਿਹੜੇ ਠੇਕੇ ਦਿੱਤੇ ਜਾਂਦੇ ਹਨ ਆਪਣੇ ਆਪਣੇ ਮਹਿਕਮੇ ਨੂੰ। ਇਨ੍ਹਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਜਿਥੇ ਪਰਮੋਸ਼ਨ ਅਤੇ ਰਿਕਰੂਟਮੈਂਟ ਆਫ ਸਰਵਿਸਿਜ਼ ਦਾ ਸੁਆਲ ਹੈ, ਡਿਪਟੀ ਸਪੀਕਰ ਸਾਹਿਬ, ਇਹ ਤਾਂ ਅਸੀਂ ਇਸ ਢੰਗ ਨਾਲ ਕਰ ਸਕਦੇ ਹਾਂ ਕਿ ਇਕ ਬੋਰਡ ਬਣਾਇਆ ਜਾਏ ਜਿਹੜਾ ਸਾਰੇ ਮਹਿਕਮਿਆਂ ਦਾ ਸਾਂਝਾ ਬੋਰਡ ਹੋਵੇ। ਉਸ ਦੇ ਉਤੇ ਪਬਲਿਕ ਸਰਵਿਸ ਕਮਿਸ਼ਨ ਦਾ ਰਿਪ੍ਰੇਜ਼ੈਂਟੇਟਿਵ ਹੋਵੇ। ਉਹ ਬੋਰਡ ਰਿਕਰੂਟਮੈਂਟ ਔਰ ਪਰਮੋਸ਼ਨ ਨੂੰ ਸੈਂਕਸ਼ਨ ਕਰੇ। ਦੂਜੇ, ਪਰੀ-ਫ਼ਿਕਸਡ ਕਰਾਈਟੇਰੀਆਂ ਹੋਵੇ। ਜਿਹੜੀਆਂ ਪਰਮੋਸ਼ਨਜ਼ ਹੋਣ ਉਹ ਪਹਿਲਾਂ ਐਡਵਰਟਾਈਜ਼ ਕੀਤੀਆਂ ਜਾਣ। ਜਿਹੜੇ ਇੰਟਰਵਿਊ ਦੇ ਮਾਰਕਸ ਹਨ ਉਹ ਘੱਟ ਰਖੇ ਜਾਣ, ਜੇ ਵੱਧ ਰਖੋਗੇ ਤਾਂ ਕੁਰਪਸ਼ਨ ਵੱਧੇਗੀ। ਜਿਹੜੀ ਐਕਸਟੈਨਸ਼ਨ ਆਫ ਸਰਵਿਸ ਹੈ ਉਸ ਦੇ ਉਪਰ ਮੈਨੂੰ ਬਹੁਤਾ ਕਹਿਣ ਦੀ ਲੋੜ ਨਹੀਂ, ਮੈਂ ਇਸ ਦੇ ਖਿਲਾਫ਼ ਹਾਂ, ਇਹ ਨਾ ਹੋਵੇ। ਸਾਡੇ ਕਈ ਕਾਬਲ ਬੰਦੇ ਹਨ। ਜਿਵੇਂ ਸਟੇਟ ਇਲੈਕ-ਟ੍ਰਿਸਿਟੀ ਬੋਰਡ ਹੈ। ਇਹ ਨਹੀਂ ਕਿ ਉਹ ਬੰਦਾ ਕਾਬਲ ਨਹੀਂ ਪਰ ਮੈਂ ਇਤਨੀ ਐਕਸਟੈਨਸ਼ਨ ਦੇਣ ਦੇ ਖਿਲਾਫ ਹਾਂ। ਜੇਕਰ ਉਸ ਦੀ ਸਰਵਿਸ ਯੂਟੇਲਾਈਜ਼ ਕਰਨੀ ਹੈ ਤਾਂ ਉਸ ਦੇ ਲਈ ਕਈ ਹੋਰ ਤਰੀਕੇ ਹੋ ਸਕਦੇ ਹਨ। ਉਸ ਦਾ ਮੋਨੇਟਰੀ ਬਾਂਡ ਵਧਾਓ, ਉਨ੍ਹਾਂ ਨੂੰ ਸ਼ਲਾਘਾ ਸਰਵਿਸ ਦੇ ਦਿਓ, ਉਨ੍ਹਾਂ ਨੂੰ ਕੋਈ ਟਾਈਟਲ ਦੇ ਦਿਓ ਔਰ ਅਗਰ ਉਹ ਇਹੋ ਜਿਹੇ ਕਾਬਲ ਹਨ ਜਿਨ੍ਹਾਂ ਦੇ ਬਗੈਰ ਗੁਜ਼ਾਰਾ ਨਹੀਂ ਹੋ ਸਕਦਾ ਤਾਂ ਉਨ੍ਹਾਂ ਨੂੰ ਪਲਾਨਿੰਗ ਬੋਰਡ ਵਿਚ ਲੈ ਆਵੋ ਜਿਥੇ ਉਨ੍ਹਾਂ ਦਾ ਬਹੁਤ ਦੇਰ ਤੱਕ ਫ਼ਾਇਦਾ ਉਠਾਉਂਦੇ ਰਹੋ। ਤੀਜੀ ਕੁਰੱਪਸ਼ਨ ਹੈ ਕਾਂਟਰੈਕਟਸ ਦੇਣ ਦੀ। ਡਿਪਟੀ ਸਪੀਕਰ ਸਾਹਿਬ, ਇਹ ਕੁਰੱਪਸ਼ਨ ਦੂਰ ਕਰਨਾ ਬਹੁਤ ਮੁਸ਼ਕਲ ਹੈ। ਇਸਦਾ ਇਕੋ ਤਰੀਕਾ ਹੈ। ਜਿਹੜੀ ਜਿਹੜੀ ਸੈਂਨਸੀਟਿਵ ਮਨਿਸਟਰੀ ਹੈ, ਜਿਥੇ ਜ਼ਿਆਦਾ ਪੈਸਾ ਖਰਚ ਆ ਜਾਂਦਾ ਹੈ ਉਥੇ ਸੋਚ ਸਮਝ ਕੇ ਖਰਚ ਕਰੋ। ਜਦ ਤੱਕ ਇਹ ਨਹੀਂ ਕਰੋਗੇ ਤੱਦ ਤਕ ਲੋਕਾਂ ਦੇ ਉਲਾਂਭੇ ਆਉਂਦੇ ਰਹਿਣਗੇ। ਏਸ਼ ਸਬਜੈਕਟ ਤੇ ਮੈਂ ਫਿਰ ਦੱਸਾਂਗਾ। ਜਿਵੇਂ ਫੂਡ ਐਂਡ ਸਿਵਲ ਸਪਲਾਈਜ਼ ਹੈ, ਐਕਸਾਈਜ਼ ਐਂਡ ਟੈਕਸੇਸ਼ਨ ਹੈ, ਜਿਥੇ ਪੈਸਾ ਬਣਾਉਣ ਦੀ ਜ਼ਿਆਦਾ ਗੁੰਜਾਇਸ਼ ਹੈ, ਫੂਡ ਐਂਡ ਸਪਲਾਈਜ਼ ਦੀ ਕੋਈ ਹੱਦ ਹੈ ਪਰ ਐਕ-ਸਾਈਜ਼ ਐਂਡ ਟੈਕਸੇਸ਼ਨ ਉਤੇ ਅਸੀਂ ਇਕ ਹੱਲ ਤੁਹਾਨੂੰ ਦਿੰਦੇ ਹਾਂ। ਫੂਡ ਸ਼ਰਾਬ ਦੀ ਪ੍ਰੋਡਕਸ਼ਨ ਤਾਂ ਨੇਸ਼ਨੇਲਾਈਜ਼ ਕਰ ਲਈ ਹੈ ਜਿਹੜੀ ਡਿਸਟਰੀਬਿਊਸ਼ਨ ਹੈ ਉਸ ਨੂੰ ਸਟੇਟ ਕੰਟਰੋਲ ਵਿਚ ਲਿਆਓ ਫਿਰ ਖਾਣ ਪੀਣ ਦੀ ਗੁੰਜਾਇਸ਼ ਹੀ ਨਹੀਂ ਰਹਿਣੀ। ਏਸ ਸਬਜੈਕਟ ਤੇ ਮੈਂ ਫੇਰ ਆਵਾਂਗਾ।

ਤੀਸਰੀ ਗੱਲ ਇਹ ਹੈ ਕਿ ਜੋ ਤਜ਼ਵੀਜ਼ ਮੈਂ ਦੇਣੀ ਹੈ ਉਹ ਹੈ ਰੂਰਲ ਡਿਵੈਲਪਮੈਂਟ ਦੀ। ਇਹ ਮੈਂ ਕੋਈ ਪੰਜ ਤਜ਼ਵੀਜ਼ਾਂ ਤੁਹਾਡੇ ਅੱਗੇ ਰੱਖਾਂਗਾ। ਉਨ੍ਹਾਂ ਤੇ ਸਟੇਟ ਨੂੰ ਨੋਟਿਸ ਲੈਣਾ ਚਾਹੀਦਾ ਹੈ। ਇਕ ਤਾਂ ਸੀ ਟਰਾਂਸਪੋਰਟ ਦੀ ਕਿ ਟਰਾਂਸਪੋਰਟ ਡੀਨੈਸ਼ਨੇਲਾਈਜ਼ ਕੀਤੀ ਜਾਵੇ। ਇਸ ਉਤੇ ਫਾਇਨਾਂਸ ਮਨਿਸਟਰ ਸਾਹਿਬ ਨੇ ਕੁਝ ਕੰਮ ਕੀਤਾ ਹੈ। ਉਥੋਂ ਤਾਈਂ ਧੰਨਵਾਦੀ ਹਾਂ ਪਰ ਉਸ ਤੋਂ ਬਾਦ ਫੁਲਸਟਾਪ ਲਗਾ ਦਿੱਤਾ ਹੈ। ਇਕ ਚੰਗੀ ਸਕੀਮ ਨੂੰ ਵੀ, ਡਿਪਟੀ ਸਪੀਕਰ ਸਾਹਿਬ, ਖ਼ਰਾਬ ਕੀਤਾ

[ਸਰਦਾਰ ਇੰਦਰਜੀਤ ਸਿੰਘ ਜੇਜੀ]

ਜਾ ਸਕਦਾ ਹੈ। ਮੈਂ ਅਸੈਂਬਲੀ ਵਿਚ ਪਹਿਲਾਂ ਵੀ ਕਿਹਾ ਸੀ ਕਿ ਮੇਨ ਰੋਡਜ਼ ਸਟੇਟ ਟਰਾਂਸਪੋਰਟ ਲੈ ਲਵ, ਮੇਨ ਸੜਕਾਂ ਤੇ ਆਪਣੀ ਟਰਾਂਸਪੋਰਟ ਲਗਾ ਦੇਵੇ। ਉਸ ਦੇ ਨਾਲ ਫਾਇਦਾ ਇਹ ਹੁੰਦਾ ਹੈ ਕਿ ਇਸ ਵੇਲੇ ਸਟੇਟ ਉਤੇ ਦੂਸਰੇ ਪਾਸਿਓਂ ਜੋ ਬੋਝ ਪੈਂਦਾ ਹੈ ਛੋਟੇ ਰੂਟਾਂ ਦਾ ਉਹ ਘੱਟ ਜਾਵੇਗਾ। ਇਸ ਤਰ੍ਹਾਂ ਇਨਸਟੀਚਿਊਸ਼ਨਲ ਫਾਇਨਾਂਸ ਨੂੰ ਵਰਤਿਆ ਜਾ ਸਕਦਾ ਹੈ । ਇਨਸਟੀਚਿਊਸ਼ਨਲ ਫਾਇਨਾਂਸ ਇਸਤੇਮਾਲ ਕਰ ਲਵਾਂਗੇ ਔਰ ਉਸ ਢੰਗ ਦੇ ਨਾਲ ਸਾਡੇ ਪਿੰਡਾਂ ਦੇ ਵਿਚ ਬੱਸਾਂ ਪੁੱਜ ਜਾਣਗੀਆਂ, ਪਿੰਡਾਂ ਵਾਲਿਆਂ ਦੀ ਦਿੱਕਤ ਵੀ ਘਟ ਜਾਵੇਗੀ। ਫਿਰ ਹੈਲਦੀ ਕੰਪੀਟੀਸ਼ਨ ਵੀ ਹੋਵੇਗਾ ਔਰ ਇਕ ਦੂਸਰੇ ਨਾਲ ਕੰਪੀਟੀਸ਼ਨ ਵਿਚ ਆ ਕੇ ਚੰਗੀ ਸਰਵਿਸ ਹੋ ਜਾਵੇਗੀ। ਔਰ ਏਸ ਤਜਵੀਜ਼ ਦੇ ਤਹਿਤ 40 ਹਜ਼ਾਰ ਬੰਦਿਆਂ ਨੂੰ ਸਰਵਿਸ ਮਿਲ ਸਕੇਗੀ। ਫਿਰ, ਡਿਪਟੀ ਸਪੀਕਰ ਸਾਹਿਬ, ਇਕ ਸਕੀਮ ਇੰਪਾਰਟੈਂਟ ਮੈਂ ਦੱਸੀ ਸੀ। ਉਦੋਂ ਇਹ ਮਨਦੇ ਸੀ। ਅਸੀਂ ਆਪਣੀ ਜਿਣਸ ਦਾ ਮੁੱਲ ਤਾਂ ਨਹੀਂ ਫਿਕਸ ਕਰ ਸਕਦੇ ਕਿਉਂਕਿ ਇਹ ਸੈਂਟਰਲੀ ਕੰਟਰੋਲਡ ਹੈ ਪਰ ਪਰੋਕਿਓਰਮੈਂਟ ਆਪਣੇ ਹੱਥ ਵਿਚ ਲੈ ਸਕਦੇ ਹਾਂ। ਐਫ. ਸੀ. ਆਈ. ਨੂੰ ਦੋ ਸਾਲ ਹੋਏ 16 ਕਰੋੜ ਰੁਪਿਆ ਸੈਂਟਰ ਨੇ ਦੇਣਾ ਸੀ । ਉਸ ਵਿਚੋਂ 800 ਕਰੋੜ ਰੁਪਿਆ ਸਬਸਿੱਡੀ ਔਰ 800 ਕਰੋੜ ਉਪਰੇਸ਼ਨ ਵਾਸਤੇ। ਪੰਜਾਬ ਦਾ ਹਿੱਸਾ 55 ਫੀਸਦੀ ਫੂਡ ਕੰਟਰੋਲ ਵਿਚ ਸੀ ਔਰ ਸਾਢੇ ਚਾਰ ਸੌ ਕਰੋੜ ਤੋਂ ਉਪਰ ਰੁਪਿਆ ਸਾਡੇ ਹਿੱਸੇ ਵਿਚ ਆ ਜਾਂਦਾ ਹੈ। 450 ਕਰੋੜ ਰੁਪਏ ਦੇ ਨਾਲ ਅਸੀਂ ਬਹੁਤ ਕੁਝ ਕਰ ਸਕਦੇ ਹਾਂ। ਇਹ ਤਜਵੀਜ਼ ਪਤਾ ਨਹੀਂ ਕਿਉਂ ਇਨ੍ਹਾਂ ਨੇ ਸਿਰੇ ਨਹੀਂ ਲਗਾਈ। ਇਸ ਦੇ ਬਾਈਪ੍ਰਾਡਕਟ ਬੜੇ ਹਨ। ਇਸ ਦਾ ਇਕ ਲਾਭ ਇਹ ਸੀ ਕਿ ਜੇਕਰ ਇਹ ਚਲ ਪਵੇ ਤਾਂ ਸ਼ੈਲਰਜ਼ ਬੜੇ ਲਗਾ ਸਕਦੇ ਹਾਂ। ਇਕ ਗੁਡਜ਼ ਟਰਾਂਸਪੋਰਟ ਬਾਰੇ ਮੈਂ ਇਨ੍ਹਾਂ ਨੂੰ ਦੱਸਾਂਗਾ, ਜੇਕਰ ਕੰਟਰੋਲ ਵਿਚ ਕਰ ਲਵੋ, ਜਿਹੜੀ ਮੂਵਮੈਂਟ ਆਫ ਗੁਡਜ਼ ਦੀ ਪ੍ਰਾਬਲਮ ਹੈ ਉਹ ਵੀ ਸਾਲਵ ਹੋ ਜਾਂਦੀ ਹੈ। ਇਸ ਨਾਲ ਟਰਾਂਸਪੋਰਟ ਵਿਚ ਵੀ ਤਰੱਕੀ ਹੋਵੇਗੀ। ਪਰ ਇਹ ਸਿਰੇ ਨਹੀਂ ਲਗਾਈ। ਜੇਕਰ 450 ਕਰੋੜ ਰੁਪਿਆ ਆ ਜਾਵੇ ਤਾਂ ਬਹੁਤ ਇਮਪਰੂਵਮੈਂਟ ਹੋ ਸਕਦੀ ਹੈ। ਜਗ੍ਹਾ ਜਗ੍ਹਾ ਵੇਅਰ ਹਾਊਸ ਬਣਾ ਸਕਦੇ ਹਾਂ ਪਰ ਮੇਰਾ ਖਿਆਲ ਹੈ ਕਿ ਇਹ ਸੈਂਟਰ ਨਾਲ ਟੱਕਰ ਲੈਣ ਨੂੰ ਤਿਆਰ ਨਹੀਂ। ਮੇਨ ਓਬਜੈਕਸ਼ਨ ਇਹ ਹੈ ਕਿ ਮੂਵਮੈਂਟ ਆਫ ਗਰੇਨਜ਼ ਦੀ ਮੁਸ਼ਕਲ ਹੁੰਦੀ ਹੈ। ਠੀਕ ਹੈ, ਸਾਡੀ ਜਿਣਸ ਸਾਡੇ ਪਾਸ ਪਈ ਰਹੇਗੀ, ਸੈਂਟਰ ਨੇ ਲੈਣੀ ਤਾਂ ਹੈ ਹੀ, ਉਸ ਦਾ ਪੈਸਾ ਵੀ ਸੈਂਟਰ ਨੂੰ ਦੇਣਾ ਚਾਹੀਦਾ ਹੈ। ਜੇਕਰ ਸੈਂਟਰ ਨਹੀਂ ਲੈ ਸਕਦੀ ਤਾਂ ਸਾਨੂੰ ਖੁਲ੍ਹ ਦੇਵੇ ਅਸੀਂ ਇਹ ਜਿਣਸ ਪਾਕਿਸਤਾਨ ਨੂੰ ਦੇ ਸਕੀਏ, ਪਾਕਿਸਤਾਨ ਦੇ ਰਾਹੀਂ ਚੀਨ ਨੂੰ ਵੀ ਦੇ ਸਕਦੇ ਹਾਂ। ਫੂਡਗਰੇਨ ਜਿਹੜੀ ਹੈ ਇਹ ਪੰਜਾਬ ਦੀ ਇੰਡਸਟਰੀ ਹੈ। ਜੇਕਰ ਪ੍ਰਾਈਸ ਕੰਟਰੋਲ ਨਹੀਂ ਤਾਂ ਪ੍ਰੋਕਿਓਰਮੈਂਟ ਤਾਂ ਕੰਟਰੋਲ ਕਰੋ । ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਥੋੜ੍ਹਾ ਜਿਹਾ ਇਸ ਪਾਸੇ ਧਿਆਨ ਦੇਣ।

ਤੀਜੀ ਸਕੀਮ ਇਕ ਹੋਰ ਹੈ ਜਿਸ ਨਾਲ ਇੰਪਲਾਇਮੈਂਟ ਵੀ ਮਿਲ ਸਕਦੀ ਹੈ, ਕੁਰਪਸ਼ਨ ਵੀ ਘੱਟ ਸਕਦੀ ਹੈ ਔਰ ਅਡਲਟਰੇਸ਼ਨ ਵੀ ਰੁੱਕ ਸਕਦੀ ਹੈ। ਉਹ ਹੈ ਡਿਸਟਰੀਬਿਊਸ਼ਨ ਆਫ ਲਿਕਰ। ਇਸ ਦੇ ਲਈ ਮੇਰਾ ਸੁਝਾਵ ਹੈ ਕਿ ਇਸ ਦੇ ਸਟੇਟ ਰਿਟੇਲ ਕਾਊਂਟਰ ਪਿੰਡਾਂ ਵਿਚ ਖੋਲ੍ਹ ਦਿਓ। ਇਸ ਵੇਲੇ ਪੰਜਾਬ ਵਿਚ 12 ਹਜ਼ਾਰ ਪਿੰਡ ਹਨ। ਜੇ ਤਿੰਨ ਪਿੰਡਾਂ ਵਿਚ ਇਕ ਵੈਂਡ ਵੀ ਖੋਲ੍ਹੀ ਜਾਵੇ ਤਾਂ ਹਰ ਵੈਂਡ ਤੇ 4 ਆਦਮੀ ਤਾਂ ਰਖਣੇ ਪੈਣਗੇ ਹੀ ਔਰ ਇਕ ਤੁਹਾਡਾ ਆਫਿਸ਼ੀਅਲ ਵੀ ਹੋਵੇਗਾ ਇਸ ਤਰ੍ਹਾਂ ਨਾਲ ਕੋਈ 5 ਆਦਮੀ ਹਰ ਵੈਂਡ ਤੇ ਰਖੇ ਜਾਣਗੇ। ਇਸ ਤਰ੍ਹਾਂ ਨਾਲ ਕੋਈ 20 ਹਜ਼ਾਰ ਆਦਮੀਆਂ ਨੂੰ ਇਪਲਾਇਮੈਂਟ ਵੀ ਮਿਲ ਸਕਦੀ ਹੈ ਅਤੇ ਡਿਸਟਰੀਬਿਊਸ਼ਨ ਵੀ ਠੀਕ ਤਰ੍ਹਾਂ ਨਾਲ ਹੋ ਸਕਦੀ ਹੈ। ਇਸ ਤਰ੍ਹਾਂ ਪਿਛੇ ਡਿਸਟਰੀਬਿਊਸ਼ਨ ਆਫ ਗੈਸ ਵਾਸਤੇ ਵੀ ਕੀਤਾ ਸੀ ਪਹਿਲੇ। ਵਡੀਆਂ

ਏਜੰਸੀਆਂ ਸਨ ਫਿਰ ਛੋਟੀਆਂ ਕਰ ਦਿੱਤੀਆਂ ਜਿਸ ਨਾਲ ਕਿ ਹਰ ਆਊਟਲੈਟ ਨੂੰ 3 ਹਜ਼ਾਰ ਰੁਪਏ ਤੱਕ ਦੀ ਕਮਾਈ ਹੋ ਸਕੇ। ਇਸੇ ਤਰ੍ਹਾਂ ਜੇ ਡਿਸਟਰੀਬਿਊਸ਼ਨ ਆਫ ਲਿਕਰ ਲਈ ਸਕੀਮ ਬਣਾਈ ਜਾਵੇ ਤਾਂ ਪਿੰਡਾਂ ਦੇ ਲੋਕਾਂ ਨੂੰ ਬਹੁਤ ਇਪਲਾਇਮੈਂਟ ਮਿਲ ਸਕਦੀ ਹੈ। (ਵਿਘਨ) ਇਸ ਤਰ੍ਹਾਂ ਨਾਲ ਜੇ ਤੁਸੀਂ ਉਸ ਨੂੰ ਰੋਕਣਾ ਚਾਹੋ ਤਾਂ ਗਰੈਜੂਅਲੀ ਰੋਕ ਵੀ ਸਕਦੇ ਹੋ। ਇਸ ਨਾਲ ਲਿਕਰ ਵਿਚ ਅਲਕੋਹਲ ਕੰਟੈਂਟਸ ਦੀ ਮਾਤਰਾ ਵੀ ਘਟਾਈ ਜਾ ਸਕਦੀ ਹੈ। ਇਸ ਸਕੀਮ ਨਾਲ ਪੈਸਾ ਵੀ ਤੁਹਾਡੇ ਕੋਲ ਆ ਜਾਵੇਗਾ ਔਰ ਲੋਕਾਂ ਨੂੰ ਇਪਲਾਇਮੈਂਟ ਵੀ ਮਿਲ ਜਾਵੇਗੀ।

ਚੌਥੀ ਸਕੀਮ ਪੰਜਾਬ ਵਿਚ ਪੈਰਾ-ਮਿਲਟਰੀ ਬਟਾਲੀਅਨਾਂ ਬਾਰੇ ਹੈ। ਇਸ ਵੇਲੇ ਪੰਜਾਬ ਵਿਚ ਪੈਰਾ ਮਿਲਟਰੀ ਬਟਾਲੀਅਨਾਂ ਬਹੁਤ ਆ ਰਹੀਆਂ ਹਨ ਔਰ ਇਸ ਤੇ ਸਾਡਾ ਖਰਚਾ ਵੀ ਬਹੁਤ ਹੋ ਰਿਹਾ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਫੋਰਸ ਖੜੀ ਕਰ ਲਈਏ। ਇਸ ਨਾਲ 20—30 ਹਜ਼ਾਰ ਆਦਮੀਆਂ ਨੂੰ ਰੋਜ਼ਗਾਰ ਵੀ ਮਿਲ ਜਾਵੇਗਾ ਔਰ ਲੋੜ ਪੈਣ ਤੇ ਕਿਸੇ ਹੋਰ ਸਰਵਿਸ ਵਿਚ ਵੀ ਇਨ੍ਹਾਂ ਨੂੰ ਲਾਇਆ ਜਾ ਸਕਦਾ ਹੈ।

ਪੰਜਵੀਂ ਸਕੀਮ ਹੈ ਜਿਸ ਵੱਲ ਸਾਡੇ ਐਫ. ਐਮ. ਸਾਹਿਬ ਨੇ ਤਵਜੋ ਨਹੀਂ ਦਿੱਤੀ ਔਰ ਇਹ ਦੇ ਸਕਦੇ ਸਨ. ਉਹ ਸਕੀਮ ਇਹ ਹੈ ਕਿ ਜਿਹੜੀ ਸਾਡੀ ਸਰਵਿਸ ਵਿਚ ਰਿਟਾਇਰਮੈਂਟ ਏਜ ਹੈ ਇਹ 58 ਸਾਲ ਦੀ ਹੈ ਜੇ ਇਸ ਨੂੰ 55 ਸਾਲ ਕਰ ਦਿੱਤਾ ਜਾਵੇ ਤਾਂ ਇਕ ਤਾਂ ਇਸ ਨਾਲ ਪਰਮੋਸ਼ਨਾਂ ਵੀ ਛੇਤੀ ਹੋ ਜਾਣਗੀਆਂ ਔਰ ਦੂਜਾ ਇੰਪਲਾਇਮੈਂਟ ਵੀ ਕਾਫੀ ਲੋਕਾਂ ਨੂੰ ਮਿਲ ਜਾਵੇਗੀ। (ਵਿਘਨ) ਡਿਪਟੀ ਸਪੀਕਰ ਸਾਹਿਬ, ਅਸੀਂ ਤਾਂ ਇੰਪਲਾਇਮੈਂਟ ਵਧਾਉਣ ਵਾਸਤੇ ਗੱਲ ਕਰ ਰਹੇ ਹਾਂ। ਜੇ ਇਨ੍ਹਾਂ ਸਾਰੀਆਂ ਸਕੀਮਾਂ ਨੂੰ ਲਾਗੂ ਕੀਤਾ ਜਾਵੇ ਤਾਂ ਇਕ ਲੱਖ 60 ਹਜ਼ਾਰ ਆਦਮੀਆਂ ਨੂੰ ਇਪਲਾਇਮੈਂਟ ਮਿਲ ਸਕਦੀ ਹੈ।

ਇਸ ਤੋਂ ਬਾਅਦ ਅਸੀਂ ਆਉਂਦੇ ਹਾਂ ਕਿ ਸੈਂਟਰ ਤੋਂ ਰੁਪਿਆ ਕਿਵੇਂ ਜ਼ਿਆਦਾ ਲਿਆ ਜਾ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਜੋ ਅਕਾਲ ਤੱਖਤ ਤੇ ਢਾਹੁਣ ਵੇਲੇ ਆਸ ਪਾਸ ਦੇ ਲੋਕਾਂ ਦੀ ਜਾਇਦਾਦ ਦਾ ਨੁਕਸਾਨ ਹੋਇਆ, ਇਸ ਦਾ ਕੰਪਨਸੇਸ਼ਨ ਦਿੱਤਾ ਹੈ ਬਹੁਤ ਅੱਛੀ ਗੱਲ ਹੈ, ਪਰ ਮੈਂ ਸਮਝਦਾ ਹਾਂ ਕਿ ਇਹ ਸਾਰਾ ਡੈਮੇਜ ਫੌਜਾਂ ਨੇ ਕੀਤਾ ਹੈ ਇਸ ਕਰਕੇ ਇਹ ਸਾਰਾ ਕਲੇਮ ਸੈਂਟਰ ਤੇ ਪਾਇਆ ਜਾ ਸਕਦਾ ਸੀ। ਦੂਜਾ ਜਿਹੜਾ ਸਾਡਾ ਕਲੇਮ ਬਣਦਾ ਹੈ ਉਹ ਹੈ ਐਕਸ-ਪੈਂਡੀਚਰ ਆਨ ਪੈਰਾ-ਮਿਲਟਰੀ ਬਟਾਲੀਅਨਾਂ। ਇਥੇ ਚੀਫ ਮਨਿਸਟਰ ਸਾਹਿਬ ਨੇ ਬੜੇ ਫਖਰ ਦੇ ਨਾਲ ਕਿਹਾ ਸੀ ਕਿ ਉਹ ਪੰਜਾਬ ਵਿਚ ਲੜਾਈ ਸਾਰੇ ਮੁਲਕ ਦੇ ਵਾਸਤੇ ਲੜ ਰਹੇ ਹਨ ਅਤੇ ਇਨ੍ਹਾਂ ਦੇ ਇਸ ਸਲੋਗਨ ਨੂੰ ਹੋਰ ਪੁਲੀਟੀਕਲ ਪਾਰਟੀਆਂ ਨੇ ਸਪੋਰਟ ਕੀਤਾ ਕਿ ਬਰਨਾਲਾ ਸਾਹਿਬ ਪੰਜਾਬ ਵਿਚ ਸਾਰੇ ਮੁਲਕ ਵਾਸਤੇ ਲੜਾਈ ਲੜ ਰਹੇ ਹਨ। ਜੇਕਰ ਇਹ ਠੀਕ ਹੈ ਤਾਂ ਫੇਰ ਕਿਉਂ ਨਾ ਇਨ੍ਹਾਂ ਪੈਰਾਮਿਲਟਰੀ ਫੋਰਸਿਜ਼ ਦਾ ਖਰਚਾ ਸਾਰੇ ਮੁਲਕ ਤੋਂ ਇਕੱਠਾ ਕੀਤਾ ਜਾਵੇ ਅਤੇ ਸੈਂਟਰ ਤੋਂ ਲਿਆ ਜਾਵੇ ? ਇਨ੍ਹਾਂ ਪੈਰਾਮਿਲਟਰੀ ਫਰੋਸਿਜ਼ ਤੇ ਖਰਚਾ ਘਟਾਉਣਾ ਚਾਹੀਦਾ ਹੈ। ਇਥੇ ਫਾਈਨਾਂਸ ਮਨਿਸਟਰ ਸਾਹਿਬ ਨੇ ਕਿਹਾ ਕਿ ਜਿਹੜੇ ਲੋਕ ਬਾਹਰੋਂ ਉਜੜ ਕੇ ਪੰਜਾਬ ਵਿਚ ਆਏ ਸਨ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਬੜੀ ਰਾਹਤ ਦਿੱਤੀ ਹੈ ਅਤੇ ਉਸ ਉਤੇ ਸਰਕਾਰ ਨੇ ਕਾਫੀ ਖਰਚਾ ਕੀਤਾ ਹੈ ਅਤੇ ਉਨ੍ਹਾਂ ਦੀ ਦੇਖ ਭਾਲ ਕੀਤੀ ਹੈ। ਉਨ੍ਹਾਂ ਉਤੇ ਖਰਚਾ ਸਰਕਾਰ ਨੇ ਜ਼ਰੂਰ ਕੀਤਾ ਹੋਵੇਗਾ ਲੇਕਿਨ ਇਹ ਖਰਚਾ ਇਨ੍ਹਾਂ ਨੂੰ ਦੂਜੀਆਂ ਬਾਹਰਲੀਆਂ ਸਟੇਟਾਂ ਤੋਂ ਲੈਣਾ ਚਾਹੀਦਾ ਹੈ ਕਿਉਂਕਿ ਇਹ ਲੋਕ ਉਨ੍ਹਾਂ ਸਟੇਟਾਂ ਤੋਂ ਉਜੜ ਕੇ ਇਥ ਆਏ ਸਨ ਅਤੇ ਉਨ੍ਹਾਂ ਦੀ ਪ੍ਰੋਟੈਕਸ਼ਨ ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨਹੀਂ ਕਰ

[ਸਰਦਾਰ ਇੰਦਰਜੀਤ ਸਿੰਘ ਜੇਜੀ]

ਸਕੀਆਂ ਸਨ। ਜਿਸ ਤਰ੍ਹਾਂ ਬੰਗਲਾ ਦੇਸ਼ ਬਣਿਆ ਸੀ ਤੁਹਾਨੂੰ, ਡਿਪਟੀ ਸਪੀਕਰ ਸਾਹਿਬ, ਯਾਦ ਹੋਵੇਗਾ ਉਦੋਂ ਹਿੰਦੁਸਤਾਨ ਦੀ ਸਰਕਾਰ ਨੇ ਉਨ੍ਹਾਂ ਦੀ ਸਹਾਇਤਾ ਵਾਸਤੇ ਇੰਟਰਨੈਸ਼ਨਲ ਕਮਿਊਨਿਟੀ ਤੋਂ ਪੈਸੇ ਦੀ ਦਾਤ ਮੰਗੀ ਸੀ ਅਤੇ ਹੋਰ ਟੈਕਸ ਲਗਾ ਕੇ ਪੂਰੀ ਕੀਤੀ ਸੀ ਅਤੇ ਕਿਹਾ ਸੀ ਕਿ ਹਿਊਮਨ ਕਾਜ਼ ਲਈ ਉਨਾਂ ਦੀ ਸਹਾਇਤਾ ਕੀਤੀ ਜਾਵੇ। ਇਸ ਲਈ ਸੈਂਟਰਲ ਗੌਰਮਿੰਟ ਨੂੰ ਅਤੇ ਦੂਜੀਆਂ ਬਾਹਰਲੀਆਂ ਸਟੇਟਸ ਨੂੰ ਟੈਕਸ ਲਗਾਕੇ ਉਨ੍ਹਾਂ ਉਜੜੇ ਹੋਏ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਕਿਉਂਕਿ ਇਹ ਲੋਕ ਉਨ੍ਹਾਂ ਦੀ ਬਦੌਲਤ ਹੀ ਉਜੜ ਕੇ ਇਥੇ ਆਏ ਸਨ, ਇਸ ਲਈ ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਕੰਪਨਸੇਟ ਕਰਨਾ ਚਾਹੀਦਾ ਹੈ ਅਤੇ ਸੈਂਟਰ ਦੀ ਸਰਕਾਰ ਨੂੰ ਵੀ ਪੈਸਾ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਬੜੇ ਦੁਖ ਦੀ ਗੱਲ ਹੈ ਕਿ ਜਦ ਇਹ ਲੋਕ ਆਪਣੇ ਆਪਣੇ ਘਰਾਂ ਤੋਂ ਉਜੜ ਕੇ ਆਏ ਸਨ ਉਸ ਵਕਤ ਨਾਰਦਨ ਰੇਲਵੇ ਵਿਚ 300 ਬੰਦੇ ਰੇਲਵੇ ਸਟੇਸ਼ਨਾਂ ਤੇ ਗੱਡੀਆਂ ਵਿਚ ਮਾਰੇ ਗਏ ਸਨ। ਇਸ ਵਾਕਿਆਤ ਨੂੰ ਢਾਈ ਸਾਲ ਗੁਜ਼ਰ ਗਏ ਹਨ ਪਰ ਹਾਲੇ ਤੱਕ ਉਨ੍ਹਾਂ ਨੂੰ ਰੇਲਵੇਂ ਅਥਾਰਿਟੀਜ਼ ਤੋਂ ਕੰਪਨਸੇਸ਼ਨ ਨਹੀਂ ਮਿਲਿਆ ਹੈ ਅਤੇ ਜਿਥੇ ਜਿਥੇ ਇਹ ਇਨਸੀਡੈਂਟਸ ਹੋਏ ਸਨ ਅਤੇ ਜਿਸ ਸਟੇਟ ਦੀ ਜੁਰਿਸਡਿਕਸ਼ਨ ਵਿਚ ਹੋਏ ਉਨ੍ਹਾਂ ਤੋਂ ਵੇਰੀਫੀਕੇਸ਼ਨ ਕਰਨ ਲਈ ਲਿਖਿਆ ਹੋਇਆ ਹੈ ਅਤੇ ਕੰਪਨ-ਸੇਸ਼ਨ ਉਨ੍ਹਾਂ ਸਟੇਟਾਂ ਦੇ ਰਾਹੀਂ ਹੀ ਦੇਣਾ ਚਾਹੁੰਦੇ ਹਨ ਪਰ ਢਾਈ ਸਾਲ ਹੋ ਗਏ ਹਨ ਅਤੇ 3 ਸਾਲਾਂ ਬਾਅਦ ਇਹ ਕੇਸਿਸ ਟਾਈਮਬਾਰ ਹੋ ਜਾਣੇ ਹਨ। ਇਸ ਲਈ ਅਸੀਂ ਹਾਊਸ ਵਿਚ ਪੂਰੇ ਜ਼ੋਰ ਦੇ ਨਾਲ ਮੰਗ ਕਰਦੇ ਹਾਂ ਕਿ ਉਨ੍ਹਾਂ ਨੂੰ ਕੰਪਨਸੇਸ਼ਨ ਦਿੱਤਾ ਜਾਵੇ ਔਰ ਜਦ ਤੱਕ ਉਨ੍ਹਾਂ ਦੇ ਕਲੇਮਜ਼ ਕੰਪਲੀਟ ਨਹੀਂ ਹੋ ਜਾਂਦੇ ਉਤਨੀ ਦੇਰ ਤੱਕ ਪੰਜਾਬ ਸਰਕਾਰ ਆਪਣੇ ਕੋਲੋਂ ਉਨ੍ਹਾਂ ਨੂੰ ਕੰਪਨਸੇਸ਼ਨ ਦੇ ਦੇਵੇ ਅਤੇ ਪੰਜਾਬ ਸਰਕਾਰ ਉਨ੍ਹਾਂ ਦੇ ਕਲੇਮਜ਼ ਖੁਦ ਰੇਲਵੇ ਤੋਂ ਇਕੱਠੇ ਕਰ ਲਵੇ (ਵਿਘਨ) ਸ਼ਾਇਦ ਫਾਈਨਾਂਸ ਮਨਿਸਟਰ ਸਾਹਿਬ ਗੱਲਾਂ ਕਰਨ ਵਿਚ ਲੱਗੇ ਹੋਏ ਹਨ ਔਰ ਉਹ ਮੇਰੀ ਗੱਲ ਨੂੰ ਸੁਣਨਾ ਨਹੀਂ ਚਾਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਇਕ ਚਿਠੀ ਲਿਖੀ ਸੀ (ਵਿਘਨ) ਕਿ ਸਿਕਿਓਰਟੀ ਬੈਲਟ ਜਦੋਂ ਬਣ ਰਹੀ ਸੀ—ਹੁਣ ਇਹ ਹਟਾ ਦਿੱਤੀ ਹੈ—ਲੇਕਿਨ ਉਸ ਏਰੀਆ ਵਿਚ ਰਾਤ ਨੂੰ ਕਰਫਿਊ ਲੱਗਾ ਰਹਿੰਦਾ ਹੈ। ਇਹ ਬਾਰਡਰ ਦਾ ਏਰੀਆ 450 ਕਿਲੋਮੀਟਰ ਦਾ ਹੈ ਜਿਥੇ ਰਾਤ ਨੂੰ ਕਰਫਿਊ ਲੱਗਾ ਰਹਿੰਦਾ ਹੈ। ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਐਗਰੀਕਲਚਰ ਦਾ ਬਹੁਤ ਸਾਰਾ ਕੰਮ ਰਾਤ ਦੇ ਸਮੇਂ ਵੀ ਹੁੰਦਾ ਹੈ ਅਤੇ ਇਹ ਐਗਰੀਕਲਚਰ ਦਾ ਕੰਮ ਦਿਨ ਰਾਤ ਹੀ ਚਲਦਾ ਰਹਿੰਦਾ ਹੈ, ਕਦੇ ਗਹਾਈ ਕਰਨੀ ਹੁੰਦੀ ਹੈ ਕਦੇ ਪਾਣੀ ਲਗਾਉਣਾ ਹੁੰਦਾ ਹੈ। ਇਨ੍ਹਾਂ ਨੇ ਉਨ੍ਹਾਂ ਦਾ ਵਾਟਰ ਸੈਸ ਅੱਧਾ ਮੁਆਫ ਕਰਨ ਦਾ ਫੈਸਲਾ ਕੀਤਾ ਹੈ, ਜਦ ਕਿ ਅਸੀਂ ਕਿਹਾ ਸੀ ਕਿ 30 ਪ੍ਰਤੀਸ਼ਤ ਗਰੇਨ ਪ੍ਰਾਈਸ ਉਤੇ ਬੋਨਸ ਦਿੱਤਾ ਜਾਵੇ। ਇਹ ਪੂਰਾ ਨਹੀਂ ਕਰਨਾ ਚਾਹੁੰਦੇ ਸਨ ਤਾਂ ਅੱਧਾ ਹੀ ਕਰ ਦਿੰਦੇ। ਜਿਹੜਾ ਸਾਡਾ ਬਾਰਡਰ ਦਾ ਏਰੀਆ ਹੈ ਉਥੇ ਪੰਜਾਬ ਔਰ ਜੰਮੂ ਅਤੇ ਕਸ਼ਮੀਰ ਦੇ ਬਾਰਡਰ ਏਰੀਆ ਵਿਚ ਕਾਫੀ ਪਾਪੂਲੇਸ਼ਨ ਰਹਿੰਦੀ ਹੈ ਜਦ ਕਿ ਰਾਜਸਥਾਨ ਬਾਰਡਰ ਵਿਚ ਘੱਟ ਰਹਿੰਦੀ ਹੈ ਅਤੇ ਇਹ ਗੱਲ ਮਸ਼ਹੂਰ ਸੀ ਕਿ ਸਾਡੇ ਜ਼ਿਮੀਂਦਾਰ ਆਪਣੀ ਜ਼ਮੀਨ ਦੀ ਬਿਜਾਈ ਵੀ ਕਰਦੇ ਹਨ ਅਤੇ ਪਾਕਿਸਤਾਨ ਦੀ ਜ਼ਮੀਨ ਦੀ ਵੀ ਬਿਜਾਈ ਕਰਦੇ ਹਨ। ਇਸ ਲਈ ਸਾਡੇ ਬਾਰਡਰ ਏਰੀਆ ਦੇ ਲੋਕਾਂ ਨੂੰ ਡੀਫੈਂਸ ਮਨਿਸਟਰੀ ਵੱਲੋਂ ਉਨ੍ਹਾਂ ਨੂੰ ਇਨਸੈਂਟਿਵ ਜਾਂ ਬੋਨਸ ਮਿਲਣਾ ਚਾਹੀਦਾ ਹੈ ਅਤੇ ਜਿਹੜਾ ਉਥੇ ਕਰਫਿਊ ਲਗਾਇਆ ਜਾਂਦਾ ਹੈ ਉਸ ਨੂੰ ਚੁੱਕ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਜਿਹੜੇ ਇੰਪਲਾਈਜ਼ ਹਨ, ਪੰਜਾਬ ਦੇ ਔਰ ਹਰਿਆਣਾ ਦੇ ਹਰਿਆਣਾ ਨੇ ਤਾਂ ਇੰਪਲਾਈਜ਼ ਖਾਤਰ ਸੈਂਟਰਲ ਗੌਰਮਿੰਟ ਦੇ ਪੇਅ ਸਕੇਲਜ਼ ਮੰਨ ਲਏ ਹਨ ਅਤੇ ਉਨ੍ਹਾਂ

ਦੇ ਪੇਅ ਸਕੇਲ ਸੈਂਟਰਲ ਗੌਰਮਿੰਟ ਦੇ ਇੰਮਪਲਾਈਜ਼ ਦੇ ਮੁਤਾਬਿਕ ਹੋਣਗੇ ਜਿਹੜੀ ਕਿ ਸੈਂਟਰਲ ਪੇ ਕਮਿਸ਼ਨ ਨੇ ਰਿਪੋਰਟ ਦਿੱਤੀ ਹੈ। ਪੰਜਾਬ ਦੇ ਇੰਪਮਲਾਈਜ਼ ਖਾਤਿਰ ਬਜਟ ਵਿਚ ਕਿਹਾ ਗਿਆ ਹੈ ਕਿ ਪੰਜਾਬ ਦਾ ਪੇਅ ਕਮਿਸ਼ਨ ਬੈਠਾ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਮੁਲਾਜ਼ਮ ਤਦ ਤਕ ਖੁਸ਼ ਨਹੀਂ ਹੋਣਗੇ ਜਦ ਤਕ ਉਨ੍ਹਾਂ ਨੂੰ ਸੈਂਟਰ ਦੇ ਪੇਅ ਸਕੇਲ ਨਹੀਂ ਦਿਤੇ ਜਾਣਗੇ। ਕੀ ਵਜ੍ਹਾ ਹੈ ਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਸੈਂਟਰ ਦੇ ਮੁਲਾਜ਼ਮਾਂ ਤੋਂ ਘੱਟ ਤਨਖਾਹ ਦਿੱਤੀ ਜਾਵੇ। ਸੈਂਟਰ ਦਾ ਆਪਣਾ ਕੋਈ ਪੈਸਾ ਨਹੀਂ ਹੈ ਉਹ ਸਟੇਟਸ ਦਾ ਹੀ ਪੈਸਾ ਲੈ ਕੇ ਸੈਂਟਰਲ ਗੌਰਮਿੰਟ ਦੇ ਇਮਪਲਾਈਜ਼ ਨੂੰ ਤਨਖਾਹ ਦਿੰਦੇ ਹਨ। ਇਸ ਲਈ ਉਨ੍ਹਾਂ ਦੀ ਤਨਖ਼ਾਹ ਸਟੇਟ ਇੰਪਲਾਈਜ਼ ਤੋਂ ਘੱਟ ਹੋਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਮੁਲਾਜ਼ਮਾਂ ਦੀ ਪੇਅ ਸੈਂਟਰਲ ਗੌਰਮਿੰਟ ਦੇ ਮੁਲਾਜ਼ਮਾਂ ਤੋਂ ਵੱਧ ਹੋਣੀ ਚਾਹੀਦੀ ਹੈ। ਤਦ ਤਕ ਮੁਲਾਜ਼ਮ ਖੁਸ਼ ਨਹੀਂ ਹੋਣਗੇ ਜਦ ਤਕ ਉਨ੍ਹਾਂ ਨੂੰ ਸੈਂਟਰਲ ਗਰੇਡ ਨਹੀਂ ਦਿਤੇ ਜਾਣਗੇ। ਉਨ੍ਹਾਂ ਨੂੰ ਵੀ ਸੈਂਟਰ ਦੇ ਪੇਅ ਸਕੇਲਜ਼ ਦੇ ਮੁਤਾਬਿਕ ਤਨਖਾਹ ਦੇਣੀ ਚਾਹੀਦੀ ਹੈ। ਜੇਕਰ ਅਸੀਂ ਕਿਸੇ ਗੱਲ ਦੀ ਉਡੀਕ ਕਰ ਰਹੇ ਹਾਂ ਤਾਂ ਅਸੀਂ ਭੁੱਲ ਕਰ ਰਹੇ ਹਾਂ ।

ਜਦੋਂ ਲੌਂਗੋਵਾਲ -ਰਾਜੀਵ ਦਾ ਫ਼ੈਸਲਾ ਹੋਇਆ ਸੀ, ਜੋ ਟਰਮਜ਼ ਆਫ ਰੈਫਰੇਂਸ ਦੇ ਨਾਲ ਫੈਸਲਾ ਹੋਇਆ ਸੀ, ਡਿਪਟੀ ਸਪੀਕਰ ਸਾਹਿਬ, ਅਸੀਂ ਚੰਡੀਗੜ੍ਹ ਦੇ ਬਦਲੇ ਜੋ ਇਲਾਕਾ ਦੇਣਾ ਸੀ ਉਹ ਵੀ ਅਸੀਂ ਆਈਡੈਂਟੀਫਾਈ ਕਰ ਲਿਆ। ਉਸ ਵਿਚ ਇਹ ਵੀ ਕਿਹਾ ਗਿਆ ਸੀ ਕਿ ਜਿਹੜਾ ਹਿੰਦੀ ਬੋਲਦਾ ਇਲਾਕਾ ਹੈ, ਔਰ ਜਿਹੜਾ ਪੰਜਾਬੀ ਬੋਲਦਾ ਇਲਾਕਾ ਹੈ ਉਹ ਟਰਮਜ਼ ਆਫ ਰੈਫਰੇਂਸ ਦੇ ਮੁਤਾਬਿਕ ਬਾਹਰ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਹੜਾ ਅਕਾਰਡ ਹੋਇਆ ਸੀ, ਡਿਪਟੀ ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿਹੜੀ ਸ਼ਹਿ ਉਤੇ ਸਾਡੀ ਜਿਹੜੀ ਜ਼ਮੀਨ ਹੈ ਉਹ ਮੈਥਿਊ ਕਮਿਸ਼ਨ ਨੇ ਹਰਿਆਣੇ ਨੂੰ ਦੇਣ ਦੀ ਸਿਫ਼ਾਰਿਸ਼ ਕਰ ਦਿੱਤੀ। ਫਿਰ ਵੈਂਕਟਰਮਈਆ ਕਮਿਸ਼ਨ ਨੂੰ ਵੀ ਕੋਈ ਹੱਕ ਨਹੀਂ ਸੀ ਕਿ ਇਸ ਤਰ੍ਹਾਂ ਦੀ ਉਲਟੀ ਰਿਪੋਟ ਦਿੰਦਾ। ਇਹ ਰਿਪੋਰਟ ਟਰਮਜ਼ ਆਫ ਰੈਫਰੇਂਸ ਦੇ ਖਿਲਾਫ ਸੀ। ਇਸ ਚੀਜ਼ ਬਾਰੇ ਰਾਜੀਵ ਗਾਂਧੀ ਦੀ ਟੀਮ ਨੇ ਦੱਸਿਆ ਔਰ ਸਾਡੀ ਪਾਰਟੀ ਨੇ ਨਹੀਂ ਦੱਸਿਆ ਜਿਹੜੇ ਪਹਿਲਾਂ 13 ਪਿੰਡ ਹਿੰਦੀ ਬੋਲਦੇ ਕੱਢੇ ਗਏ, ਉਸ ਵਿਚ ਵੀ 5 ਪਿੰਡ ਪੰਜਾਬੀ ਬੋਲਦੇ ਸਨ। ਫਿਰ, ਡਿਪਟੀ ਸਪੀਕਰ ਸਾਹਿਬ, 25 ਪਿੰਡ ਕੱਢੇ ਗਏ ਸਨ, ਉਨ੍ਹਾਂ ਵਿਚੋਂ ਵੀ 13 ਪਿੰਡ ਪੰਜਾਬੀ ਬੋਲਦੇ ਸਨ। ਕਿਹੜੇ ਮਾਹਿਰਾਂ ਨੇ ਇਹ ਚੰਡੀਗੜ੍ਹ ਬਾਰੇ ਫ਼ੈਸਲਾ ਕਰ ਦਿੱਤਾ। (ਵਿਘਨ)

(ਇਕ ਆਵਾਜ਼: ਸੁਣਾਈ ਨਹੀਂ ਦੇ ਰਿਹਾ।) ਡਿਪਟੀ ਸਪੀਕਰ ਸਾਹਿਬ, ਇਸ ਵਿਚ ਸਾਰੀ ਸਾਜ਼ਿਸ਼ ਸੀ। ਇਸ ਬਾਰੇ ਤੁਸੀਂ ਅਖ਼ਬਾਰਾਂ ਦੇ ਐਡੀਟੋਰੀਅਲ ਪੜ੍ਹ ਲਓ। ਲੀਡਰਾਂ ਦੇ ਬਿਆਨ ਪੜ੍ਹ ਲਓ। ਲੋਕਾਂ ਨੂੰ ਇਸ ਚੀਜ਼ ਦਾ ਪਤਾ ਨਹੀਂ ਸੀ? ਡਿਪਟੀ ਸਪੀਕਰ ਸਾਹਿਬ, ਲੋਕਾਂ ਨੂੰ ਸਭ ਪਤਾ ਸੀ। ਇਹ ਭੁੱਲੇ ਨਹੀਂ ਹੋਏ। ਇਹ ਧਰੋਹੀ ਹੋਈ ਹੈ। (ਥੰਪਿੰਗ) ਚੀਫ ਮਨਿਸਟਰ ਸਾਹਿਬ ਨੂੰ ਅਤੇ ਫਾਈਨਾਂਸ ਮਨਿਸਟਰ ਸਾਹਿਬ ਨੂੰ ਸਾਰੇ ਹਾਊਸ ਕੋਲੋਂ ਮਾਫੀ ਮੰਗਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਸਾਰੇ ਮੰਨਦੇ ਹਾਂ ਕਿ ਇਹ ਕਮਿਸ਼ਨਾਂ ਦੇ ਫ਼ੈਸਲੇ ਗਲਤ ਸਨ, ਇਹ ਟਰਮਜ਼ ਆਫ ਰੈਫਰੇਂਸ ਦੇ ਖਿਲਾਫ ਸਨ। ਸਾਰੀਆਂ ਪਾਰਟੀਆਂ ਇਸ ਦੇ ਖਿਲਾਫ ਰੌਲਾਂ ਪਾਂਦੀਆਂ ਰਹੀਆਂ ਹਨ। ਇਸ ਚੀਜ਼ ਦੇ ਖਿਲਾਫ ਰੌਲਾ ਪੈਂਦਾ ਰਿਹਾ ਹੈ। ਸਾਰੇ ਪੰਜਾਬ ਵਿਚ ਇਸ ਗਲ ਦਾ ਰੌਲਾ ਪਿਆ ਡਿਪਟੀ ਸਪੀਕਰ ਸਾਹਿਬ, ਇਸ ਹਾਊਸ ਨੂੰ ਰੈਜ਼ੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ ਕਿ ਮਿਸ਼ਰਾ ਕਮਿਸ਼ਨ ਅਤੇ ਹੋਰ ਕਮਿਸ਼ਨਾਂ ਨੂੰ ਕੰਡੈਮ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਡੀਟੇਲ ਵਿਚ ਕੰਡੈਮ ਕਰਨਾ ਚਾਹੀਦਾ ਹੈ।

[ਸਰਦਾਰ ਇੰਦਰਜੀਤ ਸਿੰਘ ਜੇ ਜੀ]

ਔਰ ਇਸਦੇ ਵਿੱਚ ਮੈਂ ਆਪਣੇ ਸਾਰੇ ਵੀਰਾਂ ਦੀ ਮੱਦਦ ਮੰਗਾਂਗਾ, ਸਾਰੇ ਆਨਰੇਬਲ ਮੈਂਬਰਜ਼ ਦੀ ਮੱਦਦ ਮੰਗਾਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਲਿਆਓ। ਮੇਰਾ ਖਿਆਲ ਹੈ ਕਿ ਇਹ ਇਨੇ ਗਿਰੇ ਹੋਏ ਨਹੀਂ ਕਿ ਦੂਜੀ ਗੱਲ ਕਰਨਗੇ, ਇਹ ਚੱਲਣਗੇ ਸਾਰੇ ਨਾਲ ਪਰ ਚਲਣ ਤਾਂ ਸਹੀ। ਮੇਰੀ, ਡਿਪਟੀ ਸਪੀਕਰ ਸਾਹਿਬ, ਅਖੀਰਲੀ ਬੇਨਤੀ ਹੈ, ਉਹ ਮੈਂ ਸੀ.ਐਮ. ਸਾਹਿਬ ਨੂੰ ਤੁਹਾਡੇ ਰਾਹੀਂ ਕਰਨੀ ਸੀ ਕਿ ਅਸੀਂ ਛੋਟੀਆਂ ਛੋਟੀਆਂ ਗੱਲਾਂ ਤੇ ਆ ਜਾਂਦੇ ਹਾਂ। ਅਸੀਂ ਤੂੰ, ਤੂੰ, ਮੈਂ ਮੈਂ ਤੇ ਆ ਜਾਂਦੇ ਹਾਂ। ਹਰੇਕ ਵਾਰੀ ਕੋਈ ਮੌਕਾ ਇਨ੍ਹਾਂ ਨੇ ਖੁੰਝਣ ਨਹੀਂ ਦਿੱਤਾ ਜਦੋਂ ਇਨ੍ਹਾਂ ਨੇ ਸਰਦਾਰ ਸੇਵਾ ਸਿੰਘ ਠੀਕਰੀਵਾਲੇ ਦਾ ਰੈਫਰੈਂਸ ਨਾ ਦਿੱਤਾ ਹੋਵੇ। ਸਰਦਾਰ ਸੇਵਾ ਸਿਘ ਠੀਕਰੀਵਾਲੇ ਮੇਰੇ ਪਿਤਾ ਦੇ ਦੋਸਤ ਸਨ, ਉਹ ਇਕੋ ਪਾਰਟੀ ਦੇ ਸਨ। ਉਨ੍ਹਾ ਦੀ ਇਕਲੌਤੀ ਬੇਟੀ ਮੇਰੇ ਵਡੇ ਭਾਈ ਨਾਲ ਵਿਆਹੀ ਹੋਈ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਕੀ ਮਾਮੀ ਹੈ। ਇਹ ਨਿੱਕੀਆਂ ਨਿੱਕੀਆਂ ਗੱਲਾਂ ਤੇ ਆਉਂਦੇ ਹਨ। ਅਸੀਂ ਜ਼ਾਤੀ ਪੁਆਇੰਟਾਂ ਤੇ ਨਾ ਪਈਏ, ਇਕ ਦੂਜੇ ਨੂੰ ਕ੍ਰਿਟਿਸਾਈਜ਼ ਕਰਨਾ ਹੈ, ਕਿਸੇ ਅਸੂਲ ਵਿੱਚ ਕਰੀਏ। ਇਸ ਛੋਟੇਪਨ ਦੀਆਂ ਗੱਲਾਂ ਵਿੱਚ ਹਾਊਸ ਦੀ ਇੱਜ਼ਤ ਵੀ ਘਟਦੀ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਮੈਂ ਆਗਿਆ ਲੈਂਦਾ ਹਾਂ, ਆਪ ਦੀ ਬੜੀ ਮਿਹਰਬਾਨੀ ਹੈ।

ਸ੍ਰੀ ਹੰਸ ਰਾਜ ਆਰੀਆ (ਬਲੂਆਣਾ, ਐਸ. ਸੀ.): ਮਾਨਯੋਗ ਡਿਪਟੀ ਸਪੀਕਰ ਸਾਹਿਬ, 20 ਮਾਰਚ ਨੂੰ ਇਸ ਮਹਾਨ ਸਦਨ ਵਿੱਚ ਵਿੱਤ ਮੰਤਰੀ ਪੰਜਾਬ ਨੇ ਬਜਟ ਰਖਿਆ ਅਤੇ ਉਸ ਤੇ ਆਪਣੀ ਸਪੀਚ ਦਿੱਤੀ। (ਵਿਘਨ) ਉਸ ਵਿੱਚ 225 ਕਰੋੜ ਰੁਪਏ ਦਾ ਘਾਟਾ ਸੀ। 40 ਕਰੋੜ ਰੁਪਏ ਦਾ ਘਾਟਾ ਟੈਕਸ ਲਗਾ ਕੇ ਪੂਰਾ ਕਰਨ ਦਾ ਪ੍ਰਸਤਾਵ ਰਖਿਆ ਹੈ ਅਤੇ 185 ਕਰੋੜ ਰੁਪਿਆ ਅਨਕਵਰਡ ਛੱਡਿਆ ਹੈ, ਉਹ ਖੁੱਲ੍ਹਾ ਛੱਡਿਆ ਹੈ, ਕਿਸ ਤਰ੍ਹਾਂ ਪੂਰਾ ਕੀਤਾ ਜਾਵੇਗਾ। 25 ਅਰਬ ਦੀ ਯੋਜਨਾ ਰੱਖੀ ਹੈ, ਉਸ ਵਿੱਚ ਇਹ ਜ਼ਿਕਰ ਨਹੀਂ ਕੀਤਾ ਕਿ ਉਸ ਯੋਜਨਾ ਵਿੱਚ .. .. (ਵਿਘਨ)

ਆਵਾਜ਼ਾਂ : ਇਹ ਲਿਖਿਆ ਹੋਇਆ ਪੜ੍ਹੀ ਜਾਂਦੇ ਹਨ-ਜੀ।

ਸ੍ਰੀ ਹੰਸ ਰਾਜ ਆਰੀਆ : ਇਹ ਲਿਖਿਆ ਹੋਇਆ ਨਹੀਂ ਹੈ। ਇਹ ਬਜਟ ਸਪੀਚ ਹੈ।

ਸ੍ਰੀ ਡਿਪਟੀ ਸਪੀਕਰ : ਤੁਸੀਂ ਬੋਲੀ ਜਾਓ, ਆਰੀਆ ਸਾਹਿਬ।

ਸ੍ਰੀ ਹੰਸ ਰਾਜ ਆਰੀਆ : ਇਸ ਵਿੱਚ ਇਨ੍ਹਾਂ ਨੇ ਕਿਹਾ ਹੈ ਕਿ ਜਦ ਬਜਟ ਰਖਿਆ ਤਾਂ ਲੋਕਾਂ ਦੇ ਦਿਲਾਂ ਵਿੱਚ ਧੜਕਨ ਸੀ ਅਤੇ ਹੋਠਾਂ ਤੇ ਪ੍ਰਾਰਥਨਾ ਸੀ, ਪਰ ਪ੍ਰਾਰਥਨਾ ਨੂੰ ਕਿਸੇ ਰੂਪ ਵਿੱਚ ਵੀ ਪੂਰਾ ਨਹੀਂ ਕੀਤਾ ਗਿਆ। ਮੈਂ ਤੁਹਾਡੇ ਸਾਹਮਣੇ ਇਹ ਗੱਲ ਰੱਖਣਾ ਚਾਹੁੰਦਾ ਹਾਂ ਕਿ ਵਿੱਤ ਮੰਤਰੀ ਜੀ ਨੇ ਬੋਲਦੇ ਹੀ ਪ੍ਰਸਤਾਵਨਾ ਵਿੱਚ ਇਹ ਰਖਿਆ ਹੈ ਕਿ ਇਸ ਸਮੱਸਿਆ ਦਾ ਕੀ ਹੱਲ ਹੈ। ਉਸ ਸਮੱਸਿਆ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਜਿਹੜੀ ਅੱਜ ਕੱਲ ਪੰਜਾਬ ਦੇ ਅੰਦਰ ਚਲ ਰਹੀ ਹੈ। ਨਾ ਕਿਸੇ ਦੀ ਪਗੜੀ ਸੇਫ ਹੈ, ਨਾ ਕਿਸੇ ਦੀ ਇਜ਼ਤ ਸੇਫ ਹੈ ਅਤੇ ਨਾ ਕਿਸੇ ਦਾ ਮਾਣ ਸੇਫ ਹੈ। ਬਜਟ ਸਪੀਚ ਬੋਲਣ ਤੋਂ ਪਹਿਲਾਂ ਸਰਕਾਰ ਦਾ ਇਹ ਕੰਮ ਹੈ, ਫਰਜ਼ ਹੈ, ਕਰਤੱਵ ਹੈ ਕਿ ਆਪਣੇ ਪੰਜਾਬ ਦੀ ਜਨਤਾ ਦੀ, ਆਪਣੇ ਪੰਜਾਬ ਦੀ ਇੱਜ਼ਤ ਅਤੇ ਮਾਣ ਨੂੰ ਸੇਫ ਰਖੇ। ਨਾ ਹੀ ਇਸ ਤਰ੍ਹਾਂ ਦਾ ਕੋਈ ਪ੍ਰਸਤਾਵ ਰੱਖਿਆ ਗਿਆ ਹੈ ਅਤੇ ਨਾ ਹੀ ਕੋਈ ਕਦਮ ਉਠਾਇਆ ਗਿਆ ਹੈ। ਇਨ੍ਹਾਂ ਨੇ ਆਪਣੀ ਸਪੀਚ ਵਿੱਚ ਇਹ ਕਿਹਾ ਸੀ ਕਿ ਸਭ ਤੋਂ ਪਹਿਲਾਂ ਇਹ ਕੰਮ ਕਰਾਂਗੇ, ਲੇਕਿਨ ਇਸਦੇ ਮੁਤਲਕ ਕੋਈ ਕਦਮ ਨਹੀਂ ਉਠਾ-ਇਆ। ਦੂਸਰੀ ਗੱਲ ਇਹ ਰਖੀ ਕਿ ਅਸੀਂ ਛੋਟੀ ਸਮਾਲ ਸਕੇਲ ਇੰਡਸਟਰੀਜ਼ ਨੂੰ ਬੜੀ ਇੰਡਸਟਰੀਜ਼

ਵਿੱਚ ਤਬਦੀਲ ਕਰ ਰਹੇ ਹਾਂ। ਇਹ ਅੱਛੀ ਗੱਲ ਕੀਤੀ ਹੈ । ਪਰ ਤਾਣੀ ਕਰਨ ਵਾਲੇ, ਹੱਥ-ਖੱਡੀ ਕਰਨ ਵਾਲੇ ਜਿਹੜੇ ਹਨ, ਉਨ੍ਹਾਂ ਵੱਲ ਧਿਆਨ ਹੀ ਨਹੀਂ ਦਿੱਤਾ । ਜੋ ਪੰਜਾਬ ਦੀ 80 ਪ੍ਰਤੀਸ਼ਤ ਤੋਂ ਜ਼ਿਆਦਾ ਜਨਤਾ ਪਿੰਡਾਂ ਵਿੱਚ ਰਹਿੰਦੀ ਹੈ, ਉਸ ਵੱਲ ਕੋਈ ਧਿਆਨ ਹੀ ਨਹੀਂ ਦਿੱਤਾ। ਇਨ੍ਹਾਂ ਨੇ ਟਾਟਾ, ਬਿਰਲਾ ਦੀ ਸਹਾਇਤਾ ਨਾਲ ਬਜਟ ਤਿਆਰ ਕੀਤਾ ਹੈ (ਥੰਪਿੰਗ) ਪੰਜਾਬ ਦੀ ਜਨਤਾ ਨੂੰ ਜੋ ਕਿ 80 ਫੀ ਸਦੀ ਪਿੰਡਾਂ ਵਿਚ ਰਹਿੰਦੀ ਹੈ ਉਸ ਤਰ੍ਹਾਂ ਦਾ ਬਜਟ ਚਾਹੀਦਾ ਸੀ। ਪਰ ਉਸ ਵਲ ਕੋਈ ਧਿਆਨ ਨਹੀਂ ਦਿੱਤਾ ਗਿਆ ਹੈ। ਅੱਗੇ ਇਨ੍ਹਾਂ ਨੇ ਇੱਕ ਯੋਜਨਾ ਰਾਜੀਵ-ਲੌਂਗੋਵਾਲ ਯੋਜਨਾ ਰਖੀ ਹੈ। ਪਰ ਇਸ ਦੀ ਕੋਈ ਡੀਟੇਲ ਨਹੀਂ ਦਿੱਤੀ ਗਈ ਹੈ ਕਿ ਇਹ ਯੋਜਨਾ ਕੀ ਹੈ। ਇਨ੍ਹਾਂ ਨੂੰ ਦੱਸਣਾ ਚਾਹੀਦਾ ਸੀ ਕਿ ਇਹ ਯੋਜਨਾ ਕੀ ਹੈ ਔਰ ਇਸ ਨਾਲ ਪੰਜਾਬ ਦੀ ਜਨਤਾ ਨੂੰ ਕੀ ਫਾਇਦਾ ਹੋਏਗਾ।

ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਸ ਬਜਟ ਅੰਦਰ ਪਬਲਿਕ ਦੀ ਤਰਫ ਕੋਈ ਧਿਆਨ ਨਹੀਂ ਦਿੱਤਾ ਗਿਆ ਹੈ ਔਰ ਨਾ ਹੀ ਉਨ੍ਹਾਂ ਦੀ ਉਨਤੀ ਵਾਸਤੇ ਸੋਚਿਆ ਗਿਆ ਹੈ। ਸ਼ਹਿਰਾਂ ਅੰਦਰ ਕਾਲੋਨੀਆਂ ਬਣਾਉਣ ਵਾਸਤੇ ਵੀਕਰ ਸੈਕਸ਼ਨ ਵਾਸਤੇ, ਹਰੀਜਨਾਂ ਵਾਸਤੇ, ਸ਼ਡਿਊਲਡ ਕਾਸਟਸ ਵਾਸਤੇ ਕੋਈ ਸਕੀਮ ਨਹੀਂ ਹੈ। ਸ਼ਹਿਰਾਂ ਦੀ ਉਨਤੀ ਵਾਸਤੇ, ਹਰੀਜਨ ਕਾਲੋਨੀਆਂ ਵਾਸਤੇ ਅਤੇ ਹੋਰ ਵੀਕਰ ਸੈਕਸ਼ਨ ਵਾਸਤੇ ਕੋਈ ਪ੍ਰਸਤਾਵ ਨਹੀਂ ਰਖਿਆ ਗਿਆ ਹੈ ।

ਪਿਛਲੀ ਦਫਾ ਬਜਟ ਨੂੰ ਤਿਆਰ ਕਰਨ ਲਈ ਜਿਨ੍ਹਾਂ ਕਰਮਚਾਰੀਆਂ ਨੇ ਬਜਟ ਬਣਾਇਆ ਹੈ ਉਨ੍ਹਾਂ ਦਾ ਕੋਈ ਸ਼ੁਕਰੀਆ ਅਦਾ ਨਹੀਂ ਕੀਤਾ ਗਿਆ ਸੀ ਔਰ ਨਾ ਇਸ ਦਫਾ ਕੀਤਾ ਗਿਆ ਹੈ। ਵਿਧਾਨ ਸਭਾ ਦਾ ਜਾਂ ਪੰਜਾਬ ਸਰਕਾਰ ਦਾ ਜਿਨ੍ਹਾਂ ਨੇ ਬਜਟ ਤਿਆਰ ਕੀਤਾ ਹੈ ਉਨ੍ਹਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ (ਥੰਪਿੰਗ)

ਡਿਪਟੀ ਸਪੀਕਰ ਸਾਹਿਬ, ਮੈਂ 1952 ਤੋਂ ਲੈ ਕੇ ਹੁਣ ਤਕ ਦੇਖਿਆ ਹੈ ਇਸ ਬਜਟ ਵਿਚ ਸਭ ਤੋਂ ਥੋੜ੍ਹਾ ਰੁਪਿਆ ਹਰੀਜਨ ਕਲਿਆਣ ਲਈ ਰਖਿਆ ਗਿਆ ਹੈ। ਬੈਕਵਰਡ ਕਲਾਸਿਜ਼, ਸ਼ਡਿਊਲਡ ਕਾਸਟਸ, ਸ਼ਡਿਊਲਡ ਟਰਾਈਬਜ਼ ਦੀ ਬਿਹਤਰੀ ਲਈ ਇਸ ਬਜਟ ਵਿਚ ਕੁਝ ਨਹੀਂ ਰਖਿਆ ਗਿਆ ਹੈ।

ਡਿਪਟੀ ਸਪੀਕਰ ਸਾਹਿਬ, ਇਹ ਆਪਣੇ ਆਪ ਨੂੰ ਜ਼ਿਮੀਂਦਾਰਾਂ ਦੀ ਸਰਕਾਰ ਕਹਿੰਦੇ ਹਨ ਪਰ ਇਨ੍ਹਾਂ ਨੇ 1 ਪ੍ਰਤੀਸ਼ਤ ਟੈਕਸ ਜ਼ਿਮੀਂਦਾਰਾਂ ਤੇ ਲਗਾਇਆ ਹੈ। (ਵਿਘਨ) ਪਹਿਲਾਂ ਵੀ ਇਨ੍ਹਾਂ ਨੇ ਲਗਾਇਆ ਸੀ ਅਤੇ ਹੁਣ ਫਿਰ ਦੁਬਾਰਾ ਇਨ੍ਹਾਂ ਨੇ ਉਨ੍ਹਾਂ ਤੇ ਲਗਾਇਆ ਹੈ। ਹਰਿਆਣਾ ਅੰਦਰ 10% ਤੋਂ 15% ਤਕ ਖਾਦ ਤੇ ਸਬਸਿਡੀ ਦਿੱਤੀ ਹੈ ਪਰ ਇਥੇ ਖਾਦ ਤੇ, ਦਵਾਈਆਂ ਤੇ ਕੋਈ ਸਬਸਿਡੀ ਨਹੀਂ ਦਿੱਤੀ ਗਈ ਹੈ (ਵਿਘਨ) ਹਿਮਾਚਲ ਪ੍ਰਦੇਸ਼ ਸਰਕਾਰ ਨੇ ਦਵਾਈਆਂ ਤੇ 40 ਪ੍ਰਤੀਸ਼ਤ ਸਬਸਿਡੀ ਦਿੱਤੀ ਹੈ ਲੇਕਿਨ ਪੰਜਾਬ ਸਰਕਾਰ ਨੇ ਐਸੀ ਕੋਈ ਛੂਟ ਨਹੀਂ ਦਿੱਤੀ ਹੈ। (ਥੰਪਿੰਗ) ਵਿੱਤ ਮੰਤਰੀ ਜੀ ਨੂੰ ਜ਼ਿਮੀਂਦਾਰਾਂ ਲਈ ਐਸੀ ਸਬਸਿਡੀ ਜ਼ਰੂਰ ਆਪਣੀ ਬਜਟ ਸਪੀਚ ਵਿਚ ਰਖਣੀ ਚਾਹੀਦੀ ਹੈ (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਚੇਅਰ ਨੂੰ ਐਡਰੈਸ ਕਰੋ।

ਸ੍ਰੀ ਹੰਸ ਰਾਜ ਆਰੀਆ: ਸੱਤ ਜਗ੍ਹਾ ਬਜਟ ਸਪੀਚ ਵਿਚ ਲਿਖਿਆ ਹੈ ਕਿ ਸੈਂਟਰ ਤੋਂ ਸਹਾਇਤਾ ਲਈ ਜਾਏਗੀ ਪਰ ਕੇਂਦਰ ਨੂੰ ਗਾਲ੍ਹਾਂ ਕਢਦੇ ਰਹਿੰਦੇ ਹਨ। (ਵਿਘਨ)

ਸਰਦਾਰ ਰਣਜੀਤ ਸਿੰਘ (ਜੰਡਿਆਲਾ): ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਰੀਆ ਜੀ ਨੇ ਬਜਟ ਪੜ੍ਹਿਆ ਵੀ ਹੈ ?

*5.15 ਸ਼ਾਮ | (ਇਸ ਸਮੇ * ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

ਸ੍ਰੀ ਹੰਸ ਰਾਜ ਆਰੀਆ : ਪੈਸੰਜਰ ਟੈਕਸ ਇਨ੍ਹਾਂ ਨੇ ਲਗਾਇਆ ਹੈ । ਇਸ ਦਾ ਗਰੀਬ ਜਨਤਾ ਤੇ ਬੋਝ ਪੈਂਦਾ ਹੈ। ਐਪਰੋਚ ਰੋਡ ਵਾਲੇ ਜਿਹੜੇ ਹਨ, ਉਨ੍ਹਾਂ ਗਰੀਬ ਲੋਕਾਂ ਤੇ ਇਸ ਦਾ ਭਾਰ ਪਾਇਆ ਹੈ ਕਿਉਂਕਿ ਛੋਟੇ ਗਰੀਬ ਆਦਮੀ ਸ਼ਹਿਰ ਤੋਂ ਪਿੰਡਾਂ ਤੱਕ ਬੱਸਾਂ ਵਿਚ ਜਾਂਦੇ ਹਨ ਅਤੇ ਉਨ੍ਹਾਂ ਤੇ ਇਹ ਪੈਸੰਜਰ ਟੈਕਸ ਦਾ ਬੋਝ ਪਿਆ ਹੈ।

ਪੰਜਾਬ ਦੀ ਐਨੀ ਹਾਲਤ ਖਰਾਬ ਹੈ ਕਿ ਸੜਕਾਂ ਦੀ ਮੰਦੀ ਹਾਲਤ ਹੈ, ਸੇਮ ਦਾ ਬਹੁਤ ਬੁਰਾ ਹਾਲ ਹੈ ਪਰ ਇਨ੍ਹਾਂ ਗੱਲਾਂ ਦਾ ਇਸ ਬੱਜਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਗਿਆ। ਸੇਮ ਨਾਲ ਬਹੁਤ ਨੁਕਸਾਨ ਹੋ ਰਿਹਾ ਹੈ। ਸਪੀਕਰ ਸਾਹਿਬ, ਅਬੋਹਰ ਦੀ ਮਿਊਂਸੀਪੈਲਿਟੀ ਦੀ 1 ਲੱਖ ਦੀ ਆਬਾਦੀ ਹੈ, ਉਥੋਂ ਬਾਰੇ ਲਿਖ ਕੇ ਦਿੱਤਾ ਗਿਆ ਲੇਕਿਨ ਉਸ ਤਰਫ ਸਰਕਾਰ ਦਾ ਕੋਈ ਧਿਆਨ ਨਹੀਂ। ਸੀਵਰੇਜ ਬਹੁਤ ਖਰਾਬ ਹੈ। ਪਾਣੀ ਨਾਲੀਆਂ ਦੇ ਉਪਰ ਸੜਕਾਂ ਤੇ ਫਿਰ ਰਿਹਾ ਹੈ। ਮਲੇਰੀਆ ਫੈਲ ਰਿਹਾ ਹੈ। ਪੰਜਾਬ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਹੀਂ। ਲਿਖ ਕੇ ਵੀ ਦਿੱਤਾ ਹੈ ਪਰ ਸਰਕਾਰ ਦਾ ਇਸ ਪਾਸੇ ਧਿਆਨ ਨਹੀਂ ।

ਅਖ਼ੀਰ ਵਿਚ ਮੈ ਕਹਿਣਾ ਚਾਹੁੰਦਾ ਹਾਂ ਕਿ ਇਸ ਬਜਟ ਵਿਚ ਸ਼ਡਿਊਲਡ ਕਾਸਟਜ਼, ਬੈਕਵਰਡ ਕਲਾਸਿਜ਼ ਵਾਸਤੇ ਜਿਹੜੀ ਅਮਾਊਂਟ ਰੱਖੀ ਹੈ ਇਸ ਨੂੰ ਵਧਾਇਆ ਜਾਣਾ ਚਾਹੀਦਾ ਹੈ ਤਾਂਕਿ ਪੰਜਾਬ ਵਿਚ ਜਿਹੜਾ ਵੀਕਰ ਸੈਕਸ਼ਨ ਹੈ, ਕਮਜ਼ੋਰ ਸੈਕਸ਼ਨ ਹੈ, ਉਨ੍ਹਾਂ ਦਾ ਭਲਾ ਹੋ ਸਕੇ। ਜੈਹਿੰਦ (ਥੰਪਿੰਗ)

Shrimati Indira Narinder Singh (Jalandhar Cantt.) : Mr. Speaker, Sir, I will speak in English.

The Finance Minister deserves our congratulations thumping). I am thankful to the Finance Minister for giving an excellent background on how to improve Centre State Financial relations. The Tribune editorial of March 23 has called it "Budgeting For Normalcy". I quote it here. The Finance Minister has proposed a detailed programme to increase job prospects, and correct "the structural imbalances in Punjab's economy and regenerate its inner impulse of progress and growth" to provide greater dynamism. (noise) Now listen carefully. This cannot be faulted conceptually but when it will come to actual application in the field, this pronouncement will fall flat.

The Akali Government has used the Budget as a political ploy for gaining sympathy from a section of the people (noise). The Akali Government has used the Budget as an expediency to gain the sympathy of the working sections of the society for the moment rather than in working out long programmes for Punjab's prosperity.

It is not a progressive budget. It is directionless. It is pro-feudal. While thought is given to large scale industry, there is no mention of any incentive or relief to the smaller sections of the society or to the small scale industries. 50 per cent of the industry in Punjab is in stagnation. People have no employment. There are labour problems and the Budget gets even worse when we look at the Relief and Resettlement measures which smack of a political expediency and partisan approach. Pages 15, 16, 17, 18 and 19 are deviated to announce the various measures adopted by the Akali Government for prompt and adequate relief to a section of society.

Mr. Speaker, Sir, I wish to convey to the august House, to the Finance Minister and the Chief Minister that this was one subject I had resolved never to touch. What happended in November, 1984 was a ghastly tragedy. But even more ghastly is the sin we commit by using this tragedy as a political ploy. Captain Amarinder Singh, Hon'ble Leader of Opposition (Voices : He is not leader of Opposition). I withdraw. He said that he and ex-Speaker, Sardar Ravi Inder Singh visited the camps from 3rd November to 5th November. I was myself called by Mahila Congress Office and the War Widows Association of which I am the Vice-President-to report for duty on the Shyam Lal College Campus, housing the largest number of victims of this tragedy. From the saintly Mother Teressa to the small school children offering their pocket money, to the largest industrialists, the entire nation had sprung into action to remedy this grievous inhumanity of men on humanity. The Government of India spared no effort. While political people visited the camps like honourable members seated here, we worked from the early hours of the morning to mid night. I repeat again that it was a ghastly tragedy. It should not have taken place. There is no justification. Our Prime Minister Shri Rajiv Gandhi left his mother's cold dead body to survey for himself the scene of this grave tragedy. But never once has the Akali Government ever mentioned this, but instead the widows and broken homes have been used as a political expediency.

After the camps were closed the widows and orphans were shifted to various gurudwaras. Sardar Buta Singh himself studied the relief measures, gave assurance of residence and ex-gratia grants. He studied the feed back from the various gurudwaras where these victims were sheltered. Here I give my personal experience. I can speak for myself, at Rakab Ganj Gurudwara, but they nearly bashed my car in the evening. I took my husband with me because he happens to be a sikh and we were told to get out. Had we not retracted, there would have been casuality.

It was a ghastly tragedy. Homes were burnt, women were widowed, children were orphaned and in the wake of all this came the Andhra Pradesh Cyclone and came the Bhopal Gas Tragedy. Mr. Speaker, Sir, a woman who is widowed whether it be by the waters of the cyclone or by the gases of Bhopal Tradgedy, is a widow and by disbursing woollen clothes in the year 1986 to 6644 cases and giving ex-gratia grants to 731 cases the Finance Minister has not alleviated suffering. My contention is that once again the Budget has used the suffering of women as a political ploy and as a political expediency. Please do no expect us and I say, women will not be allowed to be exploited'.

Mr. Speaker, financial measures are necessary and absolutely necessary but it should be universal and less partisan. May I ask the ruling party what are the measures they are going to adopt for alleviating the suffering of those who do not ascribe to their own colour and ideology.

We can appreciate the measures to select Goindwal Sahib for industrial development for it is the holy ground where 7 o. our Gurus have been associated. But seeing the developments on the ground the pronouncements are not convincing. The Bus Stand is very poor and it must be enlarged. We need a hospial with 50 beds. A Government school has not yet been commissioned.

[Shrimati Indira Narinder Singh]

Here the point brings us to the upgradation of schools. 300 schools have been upgraded. Here again I explain my personal experience and other Hon'ble Members who are sitting here would share my views. The pattern followed for choosing schools for upgradation is a pattern of political discrimination. I had been pleading with Sardar Sukhjinder Singh, Education Minister for the upgradation of 2 of my schools from primary to middle and one from middle to high. All the information was ready I have myself personally carried a letter from the Hon'ble Chief Minister, to the Education Secretary but I lost-denied schools. I do not know how 300 schools have been upgraded (interruption).

Now I come to sports and youth power. May I draw the attention of the House to page 37 of the budget speech under heading Sports. Sports is linked with youth and youth is power today. The Finance Minister has stated. "The sportsmen who brought fame to the country were honoured in a special function held at Ludhiana on the 12th November, 1986". Our performance at the Tenth Asian Games at Seoul was better. There are four essential components for achieving excellence in sports. First component is young and healthy people which nature has endowed us. Second is the creation of infrastructure. Punjab is better in this regard because of efforts of successive Congress Governments which have achieved this. (Thumping) (Interruptions).

On 21st March, I happened to visit Amritsar-Guru Nanak Dev University to witness sports function. Their prime demand is Astroturf costing about one crore· But this responsiblility has been conveniently shifted to the Centre.

543 mini-bus permits have been granted. This again has been partisan. I have been running to get one mini bus permit. Hon'ble Minister very kindly promised that one permit would be given to me but in the process the Transport Commissioner was transferred to Delhi and now there is no new appointment and the whole thing has been lost. I think that is enough.

Hon'ble Chief Minister will be very kind. I think he will have to study the budget again to make it comfortable to the people of Punjab.

Thank you, Sir.

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ (ਸਰਦਾਰ ਦਲੀਪ ਸਿੰਘ ਪਾਂਧੀ): ਸਪੀਕਰ ਸਾਹਿਬ ਮੈਂ ਸਰਦਾਰ ਬਲਵੰਤ ਸਿੰਘ ਜੀ ਨੂੰ ਅਤੇ ਬਰਨਾਲਾ ਸਾਹਿਬ ਨੂੰ ਵਧਾਈ ਦਿੰਦਾ ਹਾਂ ਕਿ ਐਸੇ ਹਾਲਾਤ ਵਿਚ ਜੋ ਸਾਰੀ ਸਟੇਟ ਵਿਚ ਵੇਖ ਰਹੇ ਹਾਂ ਇਸ ਦੇ ਬਾਵਜੂਦ ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ ਔਰ ਬਹੁਤ ਕੁਝ ਦਿੱਤਾ ਗਿਆ ਹੈ। ਲੇਕਿਨ ਜਿਹੜੇ ਇਸੂਜ਼ ਸਨ ਗਰੀਬੀ ਹਟਾਓ ਦਾ ਨਾਅਰਾ 1971 ਵਿਚ ਲੇਟ ਪ੍ਰਾਈਮ ਮਨਿਸਟਰ ਨੇ ਲਾਇਆ ਜਾਂ ਲੈਂਡ ਸੀਲਿੰਗ ਦੀ ਗੱਲ ਸੀ ਜਾਂ ਕੋਈ ਹੋਰ ਪ੍ਰਾਬਲਮ ਸੀ, ਉਹ ਇਸੂਜ਼ ਡੈਡ ਹੋ ਗਏ। ਹੁਣ ਗੱਲ ਕੀ ਹੈ? ਲਾਅ ਐਂਡ ਆਰਡਰ ਦੀ ਗੱਲ ਹੈ। ਮੈਨੂੰ ਬਚਾਓ ਦੀ ਗੱਲ ਹੈ। ਮੈਂ ਪਰਸੋਂ ਹੀ ਗੁਰਦਾਸਪੁਰ ਦੇ ਜ਼ਿਲ੍ਹੇ ਵਿਚ ਜਾ ਕੇ ਆਇਆ ਹਾਂ। ਪਿੰਡਾਂ ਵਿਚ ਜਾਈਏ, ਸ਼ਹਿਰਾਂ ਵਿਚ ਜਾਈਏ, ਆਮ ਲੋਕ ਮੰਗ ਕਰਦੇ ਹਨ, ਜਿਵੇਂ ਪਹਿਲਾਂ ਸੰਨ 1970-71 ਵਿਚ ਕਰਦੇ ਸੀ ਕਿ ਸਕੂਲ ਦਿਓ, ਬੱਸਾਂ ਦਿਓ, ਸੜਕਾਂ ਦਿਓ, ਬਿਜਲੀ ਦਿਓ, ਸਟੇਡੀਅਮ ਦਿਓ ਲੇਕਿਨ ਚੰਦ ਇਕ ਆਦਮੀ ਹਨ ਜੋ ਦੂਸਰੇ ਪਾਸੇ ਲਗੇ ਹੋਏ ਹਨ। ਇਸ ਦਾ ਪਿਛੋਕੜ

ਕੀ ਹੈ। ਜਿਵੇਂ ਰੁਸਤਾਮ ਜੀ ਦਾ ਲੈਟਰ ਛਪਿਆ ਹੈ, ਜੇਕਰ ਕਰਿਪਨ ਰਿਪੋਟ ਮੰਨ ਲੈਂਦੇ ਜੋ ਬਾਊਂਡਰੀ ਕਮਿਸ਼ਨ ਦੀ ਸੀ, ਨਾ ਬੰਗਲਾ ਦੇਸ਼ ਬਣਦਾ, ਨਾ ਹਰਿਆਣਾ ਬਣਦਾ। ਸਾਡੇ ਗਰੇਟ ਲੀਡਰਜ਼ ਸਨ, ਉਨ੍ਹਾਂ ਦਾ ਕੋਈ ਕਰੈਕਟਰ ਸੀ, ਹੁਣ ਤਾਂ ਕੋਈ ਗੱਲ ਨਹੀਂ, ਧਰਮ ਨਹੀਂ। ਸਦਨ ਵਿਚ ਵੇਖ ਲਈਏ। ਸਿਆਣੇ ਮੈਂਬਰ ਸਾਹਿਬਾਨ ਬੈਠੇ ਹਨ। ਜਿਸ ਗੱਲ ਨੂੰ ਕਹਿ ਦਿੰਦੇ ਸਨ ਪਿਛਲੇ ਲੀਡਰ ਕਰਕੇ ਵਿਖਾਲਦੇ ਸਨ। ਬਹੁਤ ਸਾਰੇ ਸਿਆਣੇ ਮੈਂਬਰ ਬੈਠੇ ਹਨ, ਮੁਲਕ ਨੂੰ ਅੱਗੇ ਚਲਣਾ ਚਾਹੀਦਾ ਸੀ, ਮੁਲਕ ਨੂੰ ਆਸਮਾਨ ਵਿਚ ਜਾਣਾ ਚਾਹੀਦਾ ਸੀ, ਮੁਲਕ ਦੇ ਮਸਲੇ ਹਲ ਹੋਣੇ ਚਾਹੀਦੇ ਸਨ ਲੇਕਿਨ 40 ਸਾਲ ਹੋ ਗਏ, ਅੰਗਰੇਜ਼ ਤਕਸੀਮ ਕਰ ਗਏ, ਪਰ ਹੁਣ ਦੇਸ਼ ਦੀ ਉਨੱਤੀ ਦੀ ਗੱਲ ਨਹੀਂ, ਸੈਂਟੀਮੈਂਟਸ ਨਾਲ ਵੋਟਾਂ ਲੈਣ ਦਾ ਮਕਸਦ ਹੋ ਗਿਆ। ਬਹੁਤ ਸਾਰੀਆਂ ਜਿਹੜੀਆਂ ਗਲਤੀਆਂ ਹੋਈਆਂ ਹਨ, ਜਿਨ੍ਹਾਂ ਦੇ ਸਿੱਟੇ ਸਾਨੂੰ ਭੁਗਤਣੇ ਪੈਣਗੇ। ਬੰਗਲਾ ਦੇਸ਼ ਬਣਵਾ ਕੇ ਉਨ੍ਹਾਂ ਦਾ ਘਰ ਉਜਾੜਿਆ ਹੈ, ਉਹ ਸਾਡਾ ਕਿਉਂ ਨਹੀਂ ਉਜਾੜਨ ਦੀ ਕੋਸ਼ਿਸ਼ ਕਰੇਗਾ। ਪੰਜਾਬ ਦੀ ਪ੍ਰਾਬਲਮ ਹੈ, ਇਹ ਮਿੰਟਾਂ ਵਿਚ ਕਿਸ ਤਰ੍ਹਾਂ ਹੱਲ ਹੋ ਸਕਦੀ ਹੈ। ਜੇਕਰ ਪੰਜਾਬ ਤਰੱਕੀ ਕਰਨੀ ਚਾਹੁੰਦਾ ਹੈ ਤਾਂ ਸਾਨੂੰ ਬਹੁਤ ਸਾਰੇ ਕੰਮਾਂ ਵਿਚ ਮਨਜ਼ੂਰੀਆਂ ਲੈਣੀਆਂ ਪੈਂਦੀਆਂ ਹਨ। ਅਸੀਂ ਆਪਣੀ ਮਰਜ਼ੀ ਨਾਲ ਫੈਸਲਾ ਨਹੀਂ ਕਰ ਸਕਦੇ। ਅਸੀਂ ਮਰਜ਼ੀ ਨਾਲ ਸਕੀਮ ਨਹੀ ਬਣਾ ਸਕਦੇ, ਲੋਕਾਂ ਦੀ ਬੇਹਤਰੀ ਨਹੀਂ ਕਰ ਸਕਦੇ। ਜੇਕਰ ਪੰਜਾਬ ਦੇ ਲੋਕਾਂ ਨੇ ਉਪਰਾਲਾ ਕਰਕੇ, ਮਿਹਨਤ ਕਰਕੇ, ਗਰੀਨ ਰੈਵੋਲਿਊਸ਼ਨ ਲਿਆਂਦਾ ਹੈ, ਉਸ ਦਾ ਰਿਜ਼ਲਟ ਚੰਗਾ ਜਾਂ ਮਾੜਾ ਜੁਦੀ ਗੱਲ ਹੈ। ਕਹਿੰਦੇ ਹਨ ਕਿ ਲੋਕ ਵਿਹਲੇ ਹੋ ਗਏ ਹਨ। ਠੀਕ ਇਸ ਸਕੀਮ ਦੀ ਵਰਤੋਂ ਨਹੀਂ ਕੀਤੀ। ਠੀਕ ਹੈ, ਵਿਹਲਾ ਦਿਮਾਗ ਸ਼ੈਤਾਨ ਦਾ ਚਰਖਾ ਵੀ ਹੈ। ਜੇਕਰ ਗੌਰਮਿੰਟ ਰੁਜ਼ਗਾਰ ਦੇਣਾ ਚਾਹੁੰਦੀ ਹੈ, ਕੇਂਦਰ ਹੈ ਜਾਂ ਕੋਈ ਹੈ, ਉਹ ਰੁਕਾਵਟ ਕਿਉਂ ਬਣੇ। ਫਾਇਨਾਂਸ਼ੀਅਲ ਪ੍ਰਾਬਲਮਜ਼ ਹਨ। ਬਜਟ ਪਰਵਾਨ ਕਰਾਉਣ ਉਥੇ ਜਾਂਦੇ ਹਾਂ। ਪਹਿਲਾਂ ਉਨ੍ਹਾਂ ਦੀ ਤਸੱਲੀ ਕਰਵਾਈਏ। ਇਸ ਕਰਕੇ ਹੀ ਆਨੰਦਪੁਰ ਸਾਹਿਬ ਦਾ ਮੱਤਾ ਸੀ। ਇਸ ਕਰਕੇ ਹੀ ਸਾਰੇ ਲੋਕਾਂ ਦੀ ਆਵਾਜ਼ ਸੀ ਕਿ ਸਟੇਟਾਂ ਨੂੰ ਵੱਧ ਅਧਿਕਾਰ ਹੋਣੇ ਚਹੀਦੇ ਹਨ। ਇਹ ਦੇਸ਼ ਨੂੰ ਸੋਚਣਾ ਹੀ ਪਵੇਗਾ। ਰਿਸੋਰਸਿਜ਼ ਹਨ ਸਟੇਟ ਦੇ ਲੇਕਿਨ ਤਰੱਕੀ ਨਹੀਂ ਕਰ ਸਕਦੇ ਆਪਣੀ ਮਰਜ਼ੀ ਨਾਲ। ਲਓ ਸੁਣ ਲਓ, ਸਪੀਕਰ ਸਾਹਿਬ, ਥੀਨ ਡੈਮ ਹੈ। ਸੰਨ 1970 ਦਾ 100 ਕਰੋੜ ਰੁਪਿਆ ਰਾਵੀ ਦੇ ਪਾਣੀ ਦਾ ਪਾਕਿਸਤਾਨ ਨੂੰ ਦੇ ਦਿੱਤਾ। ਤੁਸੀਂ ਸੋਚੋ ਕੀ ਸਰਕਾਰ ਨੇ ਹੰਭਲਾ ਮਾਰਿਆ ਹੈ ਕੋਈ ? ਜਿਹੜਾ ਕੁਦਰਤੀ ਹੈ ਪਾਣੀ ਉਸ ਨੂੰ ਇਸਤੇਮਾਲ ਨਹੀਂ ਕਰ ਸਕੇ। ਇਹ ਕਿਸ ਦੀ ਜ਼ਿੰਮੇਵਾਰੀ ਹੈ ? ਜੇਕਰ ਪੈਸਾ ਮੰਗਿਆ ਤਾਂ ਦੇਣ ਨੂੰ ਤਿਆਰ ਨਹੀਂ ਹੈ। ਅਗਰ ਉਸ ਸਮੇਂ ਵਿਚ ਥੀਨ-ਡੈਮ ਬਣ ਜਾਂਦਾ ਤਾਂ ਇਹ ਪੰਜਾਬ ਸਵਰਗ ਬਣ ਜਾਂਦਾ। ਅਸੀਂ ਆਪਣੇ ਰਿਸੋਰਸਿਜ਼ ਪੈਦਾ ਕਰ ਸਕਦੇ ਹਾਂ ਲੇਕਿਨ ਸਾਡੇ ਨਾਲ ਈਰਖਾ ਹੈ। ਪੈਸਾ ਥੋੜ੍ਹਾ ਦਿੱਤਾ ਹੈ। ਉਹ ਉਥੇ ਪੈਸਾ ਦਿੰਦੇ ਹਨ ਜਿਥੇ ਪੁਲੀਟੀਕਲੀ ਫਾਇਦਾ ਹੋਵੇ, ਲਾਭ ਹੋਵੇ। ਤੁਸੀਂ ਜੋ ਮਰਜ਼ੀ ਕਰੋ ਕੋਈ ਪੈਸਾ ਨਹੀਂ ਦਿੰਦੇ। ਬਹੁਤ ਸਾਰੀਆਂ, ਸਕੀਮਾਂ ਅਸੀਂ ਭੇਜਦੇ ਹਾਂ। ਤੁਸੀਂ ਤਾਂ ਕਹਿੰਦੇ ਹਨ, ਅਮੀਰ ਆਦਮੀ ਹੋ, ਤੁਹਾਨੂੰ ਪੈਸਾ ਕਿਉਂ ਦੇਈਏ। ਠੀਕ ਹੈ ਜੇਕਰ ਲੋਕ ਆਪਣੀ ਮਿਹਨਤ ਨਾਲ ਅਗੇ ਚਲੇ ਗਏ ਹਨ ਤੇ ਤਕਲੀਫ ਕੀ ਹੈ। ਸਰਦਾਰ ਬਲਵੰਤ ਸਿੰਘ ਹੋਰਾਂ ਨੇ ਆਪਣੀਆਂ ਪ੍ਰਾਬਲਮਜ਼ ਦੱਸੀਆਂ ਹਨ ਔਰ ਜੋ ਤਰੱਕੀ ਹੋਈ ਹੈ ਉਹ ਵੀ ਦੱਸੀ ਹੈ। ਇਸ ਤਰ੍ਹਾਂ ਸੈਂਟਰ ਸਟੇਟਸ ਰਿਲੇਸ਼ਨਜ਼ ਦੀ ਪ੍ਰਾਬਲਮ ਹੈ। ਹੁਣ ਕਹਿੰਦੇ ਹਨ ਕਿ ਪਾਕਿਸਤਾਨ ਤੋਂ ਲੋਕ ਆ ਜਾਂਦੇ ਹਨ, ਪਾਕਿਸਤਾਨ ਚਲੇ ਜਾਂਦੇ ਹਨ, ਇਹ ਕਿਸ ਦਾ ਦੋਸ਼ ਹੈ ? ਜਿਸ ਤਰ੍ਹਾਂ ਚੀਨ ਨੇ ਪੱਕੀ ਦੀਵਾਰ ਬਣਾ ਲਈ ਉਸ ਤਰ੍ਹਾਂ ਇਥੇ ਵੀ ਬਣ ਸਕਦੀ ਹੈ। ਉਸ ਪਾਸੇ ਜੋ ਲੋਕ ਨਿਕਲ ਜਾਂਦੇ ਹਨ ਉਸ ਦੇ ਲਈ ਜ਼ਿਮੇਵਾਰੀ ਕਿਸ ਦੀ ਹੈ ? ਸਾਡੇ ਵੀ ਬੰਦੇ ਬੈਠੇ ਹਨ, ਬੀ. ਐਸ. ਐਫ. ਵੀ ਬੈਠੀ ਹੈ, ਸੈਂਟਰਲ ਸਰਕਾਰ ਆਪ ਕੰਟਰੋਲ ਵੀ ਕਰਦੀ ਪਰ ਇਸ ਦੇ ਬਾਵਜੂਦ ਵੀ ਜੋ ਲੋਕ ਨਿਕਲ ਜਾਂਦੇ ਹਨ ਉਹ ਕਿਵੇਂ ਨਿਕਲ ਜਾਂਦੇ ਹਨ ? ਇਹ ਪੰਜਾਬ

[ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ]

ਦਾ ਮਸਲਾ ਹੱਲ ਕਿਉਂ ਨਹੀਂ ਹੋ ਸਕਦਾ, ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਸਮਝੌਤਾ ਲਾਗੂ ਕਿਉਂ ਨਹੀਂ ਹੋ ਸਕਦਾ, 7.4 ਦੇ ਬਲੇ ਜਿਹੜਾ ਕਮਿਸ਼ਨ ਬਣਨਾ ਸੀ ਉਹ ਕਿਉਂ ਨਹੀਂ ਬਣਾਇਆ ਜਾਂਦਾ?

ਸ੍ਰੀ ਰਾਮ ਪ੍ਰਕਾਸ਼ ਬਾਲੀ : ਮੈਂ ਤੁਹਾਡੀ ਮਾਰਫਤ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਹਰ ਗਲ ਸੈਂਟਰ ਤੇ ਪਾਈ ਜਾਂਦੇ ਹਨ ਕਿ ਉਹ ਲਾਗੂ ਨਹੀਂ ਕਰਦੇ। ਮੈਂ। ਪੁੱਛਦਾ ਹਾਂ ਕਿ ਇਨ੍ਹਾਂ ਤੋਂ ਧਰਮਸ਼ਾਲਾਂ ਦੀ ਸਕੀਮ ਤਾਂ ਲਾਗੂ ਨਹੀਂ ਹੋ ਸਕੀ। (ਹਾਸਾ)

ਰਾਜ ਮੰਤਰੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ : ਸੋ ਇਹ ਮਸਲੇ ਹਨ ਜਿਨ੍ਹਾਂ ਦੀ ਲੋਕਾਂ ਵਿਚ ਰਿਜ਼ੈਂਟਮੈਂਟ ਹੈ। ਬਦਕਿਸਮਤੀ ਇਹ ਹੈ ਕਿ ਇਹ ਪਹਿਲੀ ਵਾਰ ਸਮਝੌਤਾ ਲਿਖਾਪੜ੍ਹੀ ਵਿਚ ਹੋਇਆ ਹੈ ਪਰ ਉਹ ਲਾਗੂ ਨਹੀਂ ਹੋ ਸਕਿਆ। ਅਸੀਂ ਮੰਨਦੇ ਹਾਂ ਕਿ ਇਹ ਪ੍ਰਾਈਮ ਮਨਿਸਟਰ ਦੀ ਗਰੇਟਨੈਸ ਹੈ ਕਿ ਉਨ੍ਹਾਂ ਨੇ ਮਸਲਾ ਹਲ ਕਰਨ ਵਾਸਤੇ ਸਮਝੌਤਾ ਕੀਤਾ ਪਰ ਹੁਣ ਉਸ ਨੂੰ ਲਾਗੂ ਕਿਉਂ ਨਹੀਂ ਕਰਦੇ ? ਕਮਿਸ਼ਨ ਤੇ ਕਮਿਸ਼ਨ ਬੈਠਾਈ ਜਾਂਦੇ ਹਨ। ਇਹ ਅਕਾਰਡ ਲਿਖਤ ਪੜ੍ਹਤ ਵਿਚ ਹੈ ਇਸ ਤੇ ਹਰ ਆਦਮੀ ਵਿਚਾਰ ਕਰ ਸਕਦਾ ਹੈ। ਬਰਨਾਲਾ ਸਾਹਿਬ ਨੇ ਕਈ ਵਾਰ ਕਿਹਾ ਹੈ ਕਿ ਜੇ ਇਹ ਸਮਝੌਤਾ ਲਾਗੂ ਕਰ ਦਿੱਤਾ ਜਾਵੇ ਤਾਂ ਇਸ ਨਾਲ ਸਾਨੂੰ ਤਾਕਤ ਮਿਲੇਗੀ। ਇਸ ਨਾਲ ਜਿਹੜੇ ਟੈਰੋਰਿਸਟਸ ਹਨ ਉਹ ਆਪ ਵੀ ਕਦੇ ਸ਼ਿਕਾਰ ਹੋਣਗੇ। ਇਹ ਹਿਸਟਰੀ ਦੱਸਦੀ ਹੈ। ਹੁਣ ਚਾਹੇ ਜੋ ਮਰਜ਼ੀ ਆਏ ਕਹੋ ਪਰ ਹਰ ਆਦਮੀ ਦਾ ਵਿਚਾਰ ਹੈ ਕਿ ਇਸ ਨੂੰ ਲਾਗੂ ਕਰਨਾ ਚਾਹੀਦਾ ਹੈ। ਬਹੁਸੰਮਤੀ ਇਸ ਹੱਕ ਵਿਚ ਹੈ। ਸਾਰੀਆਂ ਪਾਰਟੀਆਂ ਨੇ ਸਪੋਰਟ ਕੀਤੀ ਹੈ। ਬਾਕੀ ਹਰ ਇਕ ਦੇ ਆਪਣੇ ਆਪਣੇ ਵਿਚਾਰ ਹਨ। ਅੱਜ ਇਹ (ਕਾਂਗਰਸ ਪਾਰਟੀ ਵਲ ਇਸ਼ਾਰਾ) ਹਰ ਗਲ ਵਾਸਤੇ ਇਜਾਜ਼ਤ ਲੈਣ ਵਾਸਤੇ ਦਿੱਲੀ ਜਾਂਦੇ ਹਨ।

(ਵਿਘਨ) ਕੋਈ ਕਹਿੰਦਾ ਸੀ ਕਿ ਡਿਪਟੀ ਮੁੱਖ ਮੰਤਰੀ ਵੀ ਸਾਡਾ ਬਣ ਜਾਵੇਗਾ ਔਰ ਸਪੀਕਰ ਵੀ ਸਾਡਾ ਬਣ ਜਾਵੇਗਾ। ਇਸ ਲਈ ਮੈਂ ਆਪਣੇ ਸਾਥੀ ਜਿਹੜੇ ਉਧਰ ਬੈਠੇ ਹਨ ਉਨ੍ਹਾਂ ਨੂੰ ਵੀ ਕਹਿੰਦਾ ਹਾਂ ਕਿ ਜੇ ਤੁਸੀ ਸੁਧਰੋ ਤਾਂ ਤੁਸੀਂ ਹਰ ਗਲ ਠੀਕ ਕਰ ਸਕਦੇ ਹੋ (ਵਿਘਨ) ਲੋਕਾਂ ਨੇ ਵੋਟ ਸਾਨੂੰ ਪਾਏ ਹਨ ਕਿਉਂ ਕਿ ਉਹ ਜਾਣਦੇ ਸਨ ਕਿ ਇਹ (ਕਾਂਗਰਸ ਪਾਰਟੀ ਵਲ ਇਸ਼ਾਰਾ) ਕੁਝ ਕਰ ਨਹੀਂ ਸਕੇ। ਅੱਜ ਵੀ ਇਨ੍ਹਾਂ ਦਾ ਸਾਬਕਾ ਚੀਫ ਮਨਿਸਟਰ ਦਿੱਲੀ ਵਿਚ ਬੈਠਾ ਹੈ, ਉਸ ਦੀ ਇਹ ਹਾਲਤ ਹੈ ਕਿ ਪੰਜਾਬ ਵਿਚ ਉਹ ਵੜ ਨਹੀਂ ਸਕਦਾ। ਹਿਸਟਰੀ ਸਾਹਮਣੇ ਹੈ। ਸ਼ਾਇਦ ਕੁਝ ਨਵੇਂ ਮੈਂਬਰਾਂ ਨੂੰ ਨਾ ਪਤਾ ਹੋਵੇ ਪਰ ਤੁਹਾਨੂੰ ਤਾਂ ਸਾਰਾ ਕੁਝ ਪਤਾ ਹੈ। ਲੋਕਾਂ ਨੇ ਸਾਨੂੰ ਵੋਟਾਂ ਇਸ ਕਰਕੇ ਹੀ ਦਿੱਤੀਆਂ ਹਨ ਕਿ ਉਸ ਵੇਲੇ ਉਨ੍ਹਾਂ ਨੂੰ ਇਨਸਾਫ ਨਹੀਂ ਮਿਲ ਸਕਿਆ ਔਰ ਅਸੀਂ ਹੁਣ ਉਨ੍ਹਾਂ ਨੂੰ ਇਨਸਾਫ ਦੇਈਏ। ਲੇਕਿਨ ਕੁਝ ਆਦਮੀ ਚੁੱਕ ਚੁਕਾਈ ਵਿਚ ਆ ਕੇ ਹੋਰ ਗੱਲਾਂ ਕਰਨ ਲਗ ਜਾਂਦੇ ਹਨ। ਤੁਹਾਨੂੰ ਪਤਾ ਹੈ ਕਿ ਇਕ ਵਜ਼ੀਰ ਕਸ਼ਮੀਰ ਵਿਚ ਬੈਠਾ ਬਿਮਾਰ ਹੋ ਗਿਆ...

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਇਥੇ ਪਾਂਧੀ ਸਾਹਿਬ ਬੋਲਦੇ ਤਾਂ ਪਏ ਹਨ। ਇਨ੍ਹਾਂ ਦਾ ਉਹ ਹਾਲ ਹੈ ਕਿ ਮਾਂ ਨਾਲੋਂ ਵੱਧ ਫਫੇ ਕੁਟਣੀ ਪਿਆਰ ਕਰਦੀ ਹੈ। ਉਸ ਵੇਲੇ ਇੰਦਰਾ ਗਾਂਧੀ ਨੇ ਇਨ੍ਹਾਂ ਨੂੰ ਬਾਰ ਬਾਰ ਕਿਹਾ ਸੀ ਕਿ ਤੁਸੀ ਜਿਹੜਾ ਰੌਲਾ ਪਾਈ ਜਾਂਦੇ ਹੋ ਇਸ ਨਾਲ ਮੁੰਡੇ ਤੁਹਾਡੇ ਹੱਥ ਵਿਚੋਂ ਨਿਕਲ ਜਾਣਗੇ, ਤੁਸੀਂ ਉਨ੍ਹਾਂ ਦੀ ਐਜੀਟੇਸ਼ਨ ਨੂੰ ਕੰਟਰੋਲ ਨਹੀਂ ਕਰ ਸਕੋਗੇ ਔਰ ਅੱਜ ਉਹੀ ਹਾਲ ਹੋ ਗਿਆ ਹੈ। ਅੱਜ ਜੋ ਇਹ ਇਥੇ ਬੈਠੇ ਹਨ ਤਾਂ ਉਹ ਰਾਜੀਵ ਗਾਂਧੀ ਔਰ ਸੰਤ ਲੌਂਗੋਵਾਲ ਦੇ ਕਾਰਨ ਹੀ ਇਥੇ ਬੈਠੇ ਹਨ।

ਸ੍ਰੀ ਸਪੀਕਰ: ਤੁਸੀ ਬੈਠੋ। ਹਾਂ ਜੀ, ਪਾਂਧੀ ਸਾਹਿਬ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ : ਉਨ੍ਹਾਂ ਦੇ ਲੀਡਰ ਬਣੀ ਬੈਠੇ ਹਨ। ਬਦਕਿਸਮਤੀ ਇਹ ਹੈ ਕਿ ਇਨ੍ਹਾਂ ਦੀ ਪਾਰਟੀ ਦੇ ਲੀਡਰ ਦਿੱਲੀ ਤੋਂ ਅਸ਼ੀਰਵਾਦ ਲੈਂਦੇ ਹਨ ਅਤੇ ਇਹ ਰਾਜਾ ਮਹਾਰਾਜੇ ਉਨ੍ਹਾਂ ਦੀ ਪੈਦਾਇਸ਼ ਹਨ ਅਤੇ ਕਾਂਗਰਸ ਪਾਰਟੀ ਨਾਲ ਸਬੰਧਤ ਹਨ। ਉਨ੍ਹਾਂ ਨੂੰ ਮਹਾਰਾਜੇ ਦੇ ਮੁੰਡੇ ਹੋਣ ਦਾ ਹੰਕਾਰ ਹੈ, ਇੰਡੀਅਨ ਐਕਸਪ੍ਰੈਸ ਦੇ ਮਿਸਟਰ ਚੱਮ ਇਨ੍ਹਾਂ ਸਜਣਾਂ ਦੇ ਬਾਰੇ ਲਿਖਦੇ ਰਹਿੰਦੇ ਹਨ। ਇਹ ਸਾਬਕਾ ਮਹਾਰਾਜੇ ਦਾ ਮੁੰਡਾ ਗੁਰੂ ਦੀ ਕਿਰਪਾ ਨਾਲ ਜੈਸਲਮੇਰ ਤੋਂ ਆਇਆ ਸੀ। ਪਿਛੇ ਜਿਹੇ ਇਨ੍ਹਾਂ ਨੇ ਰੋਡੇ ਵਿਖੇ ਮੀਟਿੰਗ ਕੀਤੀ, ਸੈਟਲਮੈਂਟ ਹੋ ਗਈ ਅਤੇ ਇਨ੍ਹਾਂ ਨੇ ਦਿੱਲੀ ਦੇ ਇਸ਼ਾਰੇ ਤੇ ਅਸਤੀਫਾ ਵੀ ਦੇ ਦਿੱਤਾ ਪਰ ਇਨ੍ਹਾਂ ਦੀ ਗੱਲ ਸਿਰੇ ਨਾ ਲਗੀ। ਇਹ ਦਿੱਲੀ ਵਾਲਿਆਂ ਦੀ ਗੱਲ ਵਿਚ ਆ ਗਏ ਅਤੇ ਕਾਮਯਾਬ ਨਾ ਹੋ ਸਕੇ। ਤੁਸੀਂ ਇਥੇ ਦਰਬਾਰਾ ਸਿੰਘ ਦਾ ਰਾਜ ਵੇਖਿਆ। ਇਸ ਤੋਂ ਪਹਿਲਾਂ ਅਕਾਲੀ ਪਾਰਟੀ ਦੇ ਰਾਜ ਵਿਚ ਗੁਰਨਾਮ ਸਿੰਘ ਦੀ ਸਰਕਾਰ ਦਿੱਲੀ ਵਾਲਿਆਂ ਨੇ ਤੋੜੀ , ਫੇਰ ਲਛਮਣ ਸਿੰਘ ਦੀ ਸਰਕਾਰ ਨੂੰ ਤੋੜਿਆ। ਦਿੱਲੀ ਵਾਲੇ ਫਰੇਬ ਕਰਦੇ ਹਨ ਅਤੇ ਧੋਖਾ ਦਿੰਦੇ ਹਨ। ਹੁਣ ਇਹ ਸਬਰ ਨਹੀਂ ਕਰਦੇ ਅਤੇ ਫਰੱਸਟਰਟਿਡ ਹੋ ਗਏ ਹਨ। ਸਾਰਾ ਪਿੰਡ ਮਰ ਜਾਵੇ ਪਰ ਇਨ੍ਹਾਂ ਨੂੰ ਲੰਬਰਦਾਰੀ ਨਹੀਂ ਮਿਲਣੀ ਹੈ। ਇਹ ਹਾਲੇ ਵੀ ਸੋਚਦੇ ਹਨ ਕਿ ਹੁਣੇ ਵਾਰੀ ਆਈ। ਮਾਈ ਕਹਿੰਦੀ ਹੈ ਪੁੱਤਰ, ਸਾਰਾ ਪਿੰਡ ਵੀ ਭਾਵੇਂ ਮਰ ਜਾਏ ਪਰ ਤੈਨੂੰ ਕਿਸੇ ਨੇ ਲੰਬਰਦਾਰ ਨਹੀਂ ਬਣਾਉਣਾ। ਪ੍ਰਲੀਟੀਕਲ ਇਸ਼ੂ ਉਤੇ ਅਕਾਲੀ ਦਲ ਦਾ ਸਟੈਂਡ ਉਹੀ ਹੈ ਜਿਹੜਾ 70 ਸਾਲ ਪਹਿਲੇ ਸੀ। ਤੁਹਾਨੂੰ ਜੈਤੋਂ ਦੇ ਮੋਰਚੇ ਦਾ ਵੀ ਪਤਾ ਹੈ, ਪੰਜਾ ਸਾਹਿਬ ਦੀ ਲੜਾਈ ਦਾ ਵੀ ਪਤਾ ਹੈ। ਤੁਸੀਂ ਸਿੱਖ ਇਤਿਹਾਸ ਦੇਖ ਲਵੋ ਸਾਡੇ ਮੋਰਚੇ ਪੀਸਫੁਲ ਰਹੇ ਹਨ। ਚਾਬੀਆਂ ਦਾ ਮੋਰਚਾ ਲਗਾ ਉਦੋਂ ਪਰਜਾ ਮੰਡਲ ਵਾਲੇ ਕੀ ਕਰਦੇ ਸਨ। 1857 ਵਿਚ ਜਦੋਂ ਗ਼ਦਰ ਹੋਇਆ ਤਾਂ ਸਾਰਾ ਹਿੰਦਸਤਾਨ ਅੰਗਰੇਜ਼ਾਂ ਦੇ ਨਾਲ ਲੜ ਰਿਹਾ ਸੀ, ਤਾਂ ਇਹ ਰਾਜਾ ਮਹਾਰਾਜੇ ਅੰਗਰੇਜ਼ਾਂ ਦੀ ਮਦਦ ਕਰ ਰਹੇ ਸਨ ਤਾਂਕਿ ਉਹ ਆਪਣੀ ਤਾਕਤ ਨੂੰ ਅਤੇ ਗੱਦੀ ਨੂੰ ਕਾਇਮ ਰੱਖ ਸਕਣ। ਇਹ ਪਰਜਾ ਮੰਡਲ ਵਾਲੇ ਮਹਾਰਾਜਾ ਦੇ ਖਿਲਾਫ ਖੜ੍ਹੇ ਹੋ ਗਏ ਸਨ। ਕਾਂਗਰਸ ਵਾਲੇ ਸਾਰੇ ਹਿੰਦੁਸਤਾਨ ਵਿਚ ਅੰਗਰੇਜ਼ਾਂ ਦੇ ਨਾਲ ਲੜ ਰਹੇ ਸਨ। ਸੇਵਾ ਸਿੰਘ ਠੀਕਰੀਵਾਲਾ ਨੂੰ ਫਾਂਸੀ ਤੇ ਲਟਕਾਇਆ ਗਿਆ ਜਦੋਂ ਉਸ ਦਾ ਬੁਤ ਲਗਾਉਣ ਲਗੇ ਤਾਂ ਉਸ ਦਾ ਬੁਤ ਲਗਾਉਣ ਨਹੀਂ ਦਿੱਤਾ। ਸੇਵਾ ਸਿੰਘ ਠੀਕਰੀਵਾਲੇ ਨੂੰ ਗੜ੍ਹਵੀ ਦੀ ਚੋਰੀ ਵਿਚ ਫੜਿਆ ਸੀ। ਰਾਜੇ ਮਹਾਰਾਜਿਆਂ ਨੇ ਲੋਕਾਂ ਨੂੰ ਮਾਰਿਆ ਅਤੇ ਇਨ੍ਹਾਂ ਨੂੰ ਕੋਈ ਹੱਕ ਨਹੀਂ ਸੀ ਹੋਣਾ ਚਾਹੀਦਾ ਕਿਉਂਕਿ ਇਨ੍ਹਾਂ ਨੇ ਲੋਕਾਂ ਨੂੰ ਲਤਾੜਿਆ ਸੀ। ਉਸ ਵਕਤ ਸਾਨੂੰ ਚਲਣ ਦੀ ਇਜਾਜ਼ਤ ਨਹੀਂ ਸੀ। ਇਸ ਨੂੰ ਚੇਂਜ ਕੀਤਾ ਵੋਟਾਂ ਦੇ ਰਾਜ ਨੇ ਅਤੇ ਹੁਣ ਲੋਕਾਂ ਦਾ ਰਾਜ ਆਇਆ ਹੈ।

ਰਾਜਾ ਨਰਿੰਦਰ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਪਾਂਧੀ ਸਾਹਿਬ ਜੋ ਇਥੇ ਗੱਲਾਂ ਕਰ ਰਹੇ ਹਨ ਇਨ੍ਹਾਂ ਨੂੰ ਕੋਈ ਕੰਸਟੱਰਕਟਿਵ ਗੱਲਾਂ ਇਥੇ ਕਰਨੀਆਂ ਚਾਹੀਦੀਆਂ ਹਨ। ਵੈਸੇ ਇਹ ਸਿਆਣੇ ਹਨ ਅਤੇ ਡਬਲ ਗਰੈਜੂਏਟ ਵੀ ਹਨ ਪਰ ਇਹ ਮੇਰੇ ਨਾਲੋਂ ਉਮਰ ਵਿਚ ਛੋਟੇ ਹਨ। ਜੇਕਰ ਇਨ੍ਹਾਂ ਨੂੰ ਗੜਵੀ ਦੀ ਚੋਰੀ ਦਾ ਪਤਾ ਨਹੀਂ ਹੈ ਤਾਂ ਇਹ ਆਪਣੇ ਲੀਡਰ ਤੋਂ ਕਲੈਰੀਫਾਈ ਕਰ ਲੈਣ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਮੈਂ ਪਤਾ ਕਰ ਲਵਾਂਗਾ। ਮੈਂ ਉਸ ਵਕਤ ਦੀ ਗੱਲ ਕੀਤੀ ਹੈ ਕਿ ਉਸ ਵਕਤ ਕਿਸ ਚੀਜ਼ ਦੀ ਲੋੜ ਸੀ। ਹੁਣ

[ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ]
ਮੈਂਬਰ ਸਾਹਿਬਾਨ ਇਥੇ ਕੋਈ ਆਪਣੇ ਪਿੰਡ ਵਿਚ ਸੜਕ ਦੀ ਗਲ ਕਰਦਾ ਹੈ ਅਤੇ ਕੋਈ ਸਕੂਲ ਮੰਗਦਾ ਹੈ ਪਰ ਇਥੇ ਇਨ੍ਹਾਂ ਦੀ ਮਿਹਰਬਾਨੀ ਕਰਕੇ ਪੰਜਾਬ ਵਿਚ ਸੀ. ਆਰ. ਪੀ. ਐਫ. ਅਤੇ ਬੀ. ਐਸ. ਐਫ ਲਗਾ ਰੱਖੀ ਹੈ ਜਦ ਕਿ ਪਹਿਲੇ ਮਹਾਰਾਜ ਦੇ ਵਕਤ ਆਪਣੇ ਨਾਲ ਮਨਿਸਟਰ ਵੀ ਨਹੀਂ ਸੀ ਲੈ ਕੇ ਜਾਂਦੇ। ਸਪੀਕਰ ਸਾਹਿਬ, ਸੀ. ਆਰ. ਪੀ. ਐਫ. ਅਤੇ ਬੀ. ਐਸ. ਐਫ. ਕਿਸ ਨੇ ਬੈਠਾਈ ਹੈ। ਇਸ ਵਿਚ ਕੋਈ ਕਨਸਪੀਰੇਸੀ ਹੈ। ਇਨਸਟੀਗੇਸ਼ਨ ਅਤੇ ਕਨਸਪੀਰੇਸ਼ਨ ਖਤਮ ਹੋਣੀ ਚਾਹੀਦੀ ਹੈ। ਤਦ ਹੀ ਪੰਜਾਬ ਦਾ ਮਸਲਾ ਹੱਲ ਹੋ ਸਕਦਾ ਹੈ। (ਥੰਪਿੰਗ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, 40 ਐਮ. ਐਲ. ਏਜ਼. ਵਿਚੋਂ 35 ਵਜ਼ੀਰ ਬਣੀ ਬੈਠੇ ਹਨ। ਜੇਕਰ ਇਹ ਮਿਹਰਬਾਨੀ ਕਰਨ ਤਾਂ ਕਿਤਨਾ ਪੈਸਾ ਬੱਚ ਸਕਦਾ ਹੈ। (ਹਾਸਾ)

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, 1984 ਤੋਂ ਸਿੱਖਾਂ ਦੀ ਦੁਰਦਸ਼ਾ ਹੋਈ ਹੈ। 2300 ਬੰਦਿਆਂ ਨੂੰ ਮਾਰ ਦਿਤਾ ਗਿਆ ਹੈ। ਕੋਈ ਵੀ ਸੁਣਨ ਵਾਲਾ ਨਹੀਂ ਹੈ। ਹਿਸਟਰੀ ਕਿਸੇ ਨੂੰ ਵੀ ਮਾਫ ਨਹੀਂ ਕਰੇਗੀ। ਸਾਡੇ ਸਜਣਾਂ ਨੇ ਸਾਡਾ ਸਾਥ ਨਹੀਂ ਦਿੱਤਾ। ਜਦੋਂ ਸਾਡਾ ਰਾਜ ਆਇਆ ਤਾਂ ਲੋਕਾਂ ਨੂੰ ਆਸਾਂ ਸੀ ਕਿ ਅਸੀਂ ਬਾਹਰਲੇ ਸਿੱਖਾਂ ਦਾ ਪ੍ਰਬੰਧ ਕਰਾਂਗੇ ਅਤੇ ਬੇਇਨਸਾਫੀ ਵਿਰੁਧ ਕਮਿਸ਼ਨ ਬਿਠਾਵਾਂਗੇ। ਸਾਨੂੰ ਛੋਟੀਆਂ ਛੋਟੀਆਂ ਗੱਲਾਂ ਵਿਚ ਨਹੀਂ ਪੈਣਾ ਚਾਹੀਦਾ। ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਲੋਕ ਇਨਸਾਫ ਚਾਹੁੰਦੇ ਹਨ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਪੁਆਇੰਟ ਆਫ ਆਰਡਰ। ਸਪੀਕਰ ਸਾਹਿਬ, ਇਹ ਗਲਾਂ ਬਹੁਤ ਠੀਕ ਕਹਿ ਰਹੇ ਹਨ। ਇਹ ਕਿਤੇ ਕਾਂਗਰਸ ਨਾਲ ਮਿਲ ਨਾ ਜਾਣ। ਤੁਸੀਂ ਇਨ੍ਹਾਂ ਦੀ ਸਪੋਰਟ ਦੇ ਨਾਲ ਇਥੇ ਬੈਠੇ ਹੋ। ਅਸੀਂ ਜਿਥੋਂ ਆਏ ਸੀ, ਉਥੇ ਹੀ ਖੜ੍ਹੇ ਹਾਂ। (ਵਿਘਨ)

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਇਨ੍ਹਾਂ ਨੇ ਐਸ.ਜੀ.ਪੀ.ਸੀ. ਤੇ ਕਬਜ਼ਾ ਕੀਤਾ, ਦਿੱਲੀ ਦੇ ਇੱਕ ਮੰਤਰੀ ਦੀ ਮਦਦ ਨਾਲ ਕਬਜ਼ਾ ਕੀਤਾ ਹੈ। ਇਹ ਹੁਣ ਇਥੇ ਕਬਜ਼ਾ ਕਰਨਾ ਚਾਹੁੰਦੇ ਹਨ। (ਵਿਘਨ) ਤੁਸੀ ਲੋਕਾਂ ਨੂੰ ਮਿਸਲੀਡ ਨਾ ਕਰੋ। ਤੁਸੀਂ ਲੋਕਾਂ ਨੂੰ ਸਹੀ ਗੱਲ ਦੱਸੋ। ਕਈਆਂ ਚੀਜ਼ਾਂ ਬਾਰੇ ਤੁਹਾਨੂੰ ਵੀ ਪਤਾ ਹੈ ਅਤੇ ਮੈਨੂੰ ਵੀ ਪਤਾ ਹੈ। ਸ਼ਾਇਦ ਕਈ ਨਵੇਂ ਸਜਣਾਂ ਨੂੰ ਨਾ ਪਤਾ ਹੋਵੇ। ਸਾਡਾ ਬਹੁਤ ਭਾਰੀ ਨੁਕਸਾਨ ਹੋ ਰਿਹਾ ਹੈ। ਸਪੀਕਰ ਸਾਹਿਬ, ਸਟੇਟ ਦੀ ਵੇਸਟੇਜ ਇਨ੍ਹਾਂ ਦੀ ਮਿਹਰਬਾਨੀ ਨਾਲ ਹੋਈ ਹੈ। ਦਿੱਲੀ ਦੀ ਸਰਕਾਰ ਨਾਲ ਬੈਠ ਕੇ ਗੱਲ ਕਰੋ, ਕੁਝ ਦੇਵੋ ਅਤੇ ਕੁਝ ਲਓ, ਕੁਝ ਸ਼ੇਅਰ ਕਰ ਲਓ। ਸਪੀਕਰ ਸਾਹਿਬ, ਕਿਸੇ ਦੇ ਮੱਥੇ ਤੇ ਨਹੀਂ ਲਿਖਿਆ ਹੋਇਆ ਕਿ ਮੈਂ ਹੀ ਵਜ਼ੀਰ ਬਣਨਾ ਹੈ ਔਰ ਮੈਂ ਹੀ ਮੁੱਖ ਮੰਤਰੀ ਬਣਨਾ ਹੈ। ਇਹ ਕਹਿੰਦੇ ਹਨ ਕਿ ਸਰਦਾਰ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਮਾੜੇ ਹਨ। ਜਦੋਂ ਇਨ੍ਹਾਂ ਨੂੰ ਸੈਂਟਰ ਵਲੋਂ ਝਾੜ ਪਈ ਤਾਂ ਉਨ੍ਹਾਂ ਨੇ ਕਿਹਾ ਕਿ ਤੁਹਾਨੂੰ ਕੁਝ ਨਹੀਂ ਮਿਲਣਾ। (ਥੰਪਿੰਗ) ਤੁਸੀਂ ਕਿਉਂ ਕਿਸੇ ਨੂੰ ਮਰਵਾਂਦੇ ਹੋ। ਬਰਨਾਲਾ ਸਾਹਿਬ, ਬੜੇ ਨੇਕ ਅਤੇ ਚੰਗੇ ਇਨਸਾਨ ਹਨ। ਸਾਰਿਆਂ ਨੇ ਬਰਨਾਲਾ ਸਾਹਿਬ ਦੀ ਸ਼ਲਾਘਾ ਕੀਤੀ। ਬਰਨਾਲਾ ਸਾਹਿਬ ਸਹੀ ਤਰੀਕੇ ਦੇ ਨਾਲ ਚਲ ਰਹੇ ਹਨ। ਇਸ ਵਿਚ ਸਾਰਿਆਂ ਦੀ ਮਦਦ ਹੋਣੀ ਚਾਹੀਦੀ ਹੈ। ਇਨ੍ਹਾਂ ਨੂੰ, ਸਪੀਕਰ ਸਾਹਿਬ, ਕਦੇ ਇਤਿਹਾਸ ਮਾਫ ਨਹੀਂ ਕਰੇਗਾ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਹ ਦਿੱਲੀ ਦੀ ਸਰਕਾਰ ਨੂੰ ਜਾ ਕੇ ਕਹਿਣ ਕਿ ਪੰਜਾਬ ਨਾਲ ਵਿੱਤਕੱਰਾ ਨਾ ਕਰਨ ਅਤੇ ਪੰਜਾਬ ਨੂੰ ਲੱਖਾਂ ਕਰੋੜਾਂ ਰੁਪਏ ਦੇਣ ਤਾਕਿ ਪੰਜਾਬ ਵਿਚ ਹੈਵੀ ਇੰਡਸਟਰੀਜ਼ ਲਗਾਈਏ, ਟਰਾਂਸਪੋਰਟ ਲਗਾਈਏ

ਔਰ ਸਾਰੀਆਂ ਸੜਕਾਂ ਪੱਕੀਆਂ ਕਰੀਏ, ਨਹਿਰਾਂ ਨੂੰ ਪੱਕਾ ਕਰੀਏ। ਟਰਾਂਸਪੋਰਟ ਸਿਸਟਮ ਨੂੰ ਆਪਣੇ ਤਰੀਕੇ ਦੇ ਨਾਲ ਲਾਗੂ ਕਰੀਏ ਔਰ ਪੰਜਾਬ ਦੀ ਡਿਵੈਲਪਮੈਂਟ ਕਰੀਏ। ਪੰਜਾਬ ਵਿਚ ਇਸ ਕਿਸਮ ਦੀ ਮਦਦ ਮਿਲਣੀ ਚਾਹੀਦੀ ਹੈ। (ਵਿਘਨ) ਸਪੀਕਰ ਸਾਹਿਬ, ਸੈਂਟਰਲ ਪੂਲ ਵਿਚ ਅਸੀਂ ਕਾਫੀ ਹਿੱਸਾ ਪਾਉਂਦੇ ਹਾਂ। ਕਿਸਾਨ ਵੀ ਕਾਫੀ ਹਿੱਸਾ ਪਾਉਂਦੇ ਹਨ। ਉਹ ਦਿੱਲੀ ਵਿਚ ਬੈਠੇ ਗੱਲਾਂ ਬਾਤਾਂ ਕਰੀ ਜਾਂਦੇ ਹਨ। ਐਗਰੀਕਲਚਰ ਅਸੀਂ ਦੇਈਏ ਔਰ ਨੋ-ਹਾਓ ਅਸੀਂ ਦੇਈਏ, ਪਰਦਰਸ਼ਨ ਅਤੇ ਰਾਹ ਵਗੈਰਾ, ਸਪੀਕਰ ਸਾਹਿਬ, ਅਸੀਂ ਦਿਖਾਈਏ, ਇਸ ਦਾ ਸਾਨੂੰ ਕਰੈਡਿਟ ਮਿਲਣਾ ਚਾਹੀਦਾ ਹੈ। ਸਾਨੂੰ ਇਸ ਦਾ ਮਾਣ ਮਿਲਣਾ ਚਾਹੀਦਾ ਹੈ। ਦਿੱਲੀ ਦੀ ਸਰਕਾਰ ਜੇਕਰ ਤੁਹਾਡੀ ਸੁਣਦੀ ਹੈ ਤਾਂ ਜਾ ਕੇ ਕਹੋ ਕਿ ਇਨ੍ਹਾਂ ਦਾ ਪੂਰਾ ਖਿਆਲ ਰਖਿਆ ਜਾਵੇ ਅਤੇ ਪੰਜਾਬ ਦੀਆਂ ਮੰਗਾਂ ਮੰਨੀਆਂ ਜਾਣ ਤਾਂ ਤੁਸੀਂ ਵੱਸ ਸਕਦੇ ਹੋ, ਨਹੀਂ ਤਾਂ ਤੁਸੀਂ ਨਹੀਂ ਵੱਸ ਸਕਦੇ। ਇਹ ਤੁਹਾਡੀ ਵੀ ਜ਼ਿਮੇਵਾਰੀ ਹੈ, ਤੁਸੀਂ ਏਥੇ ਹੋ। ਤੁਹਾਡਾ ਲੀਡਰ ਉਥੇ ਹੈ। ਪਰ ਅੱਜ ਕਲ ਤਾਂ ਤੁਹਾਡਾ ਮਾਮਲਾ ਵੀ ਉਲਝਿਆ ਪਿਆ ਹੈ। ਰੱਬ ਨੇ ਪਤਾ ਨਹੀਂ ਤੁਹਾਨੂੰ ਵੀ ਕੀ ਦੇਣਾ ਹੈ। ਚਿੱਠੀ ਨੇ ਹੀ ਕੰਮ ਖਰਾਬ ਕਰ ਦਿੱਤਾ ਹੈ। ਚਿੱਠੀ ਪਤਾ ਨਹੀਂ ਕੀ ਰੂਪ ਇਖਤਿਆਰ ਕਰ ਰਹੀ ਹੈ। ਤੁਸੀਂ ਵੀ ਖ਼ਤਰੇ ਵਿੱਚ ਹੀ ਹੋ। ਸੋ, ਸਾਨੂੰ ਹੋਰ ਮਦਦ ਦੀ ਲੋੜ ਹੈ। ਉਹ ਸਾਨੂੰ ਖੁਲ੍ਹਦਿਲੀ ਨਾਲ ਮਦਦ ਦੇਣ। ਸਾਡੀਆਂ ਸਕੀਮਾਂ ਨੂੰ ਸਿਰੇ ਚੜ੍ਹਾਉਣ। ਸੈਂਟਰ ਸਟੇਟ ਰਿਲੇਸ਼ਨਜ਼ ਹਨ। ਇਹ ਸਾਡੀ ਹੀ ਮੰਗ ਨਹੀਂ ਹੈ। ਇਹ ਸਾਰੀਆਂ ਸ਼ਟੇਟਾਂ ਦੀ ਮੰਗ ਹੈ। ਸੈਂਟਰ ਵਿੱਚ ਇਕ ਹੀ ਪਾਰਟੀ ਦਾ ਰਾਜ ਰਿਹਾ ਹੈ। ਹੁਣ ਤਾਂ ਹਰ ਸਟੇਟ ਤੋਂ ਇਹ ਮੰਗ ਆ ਰਹੀ ਹੈ ਕਿ ਉਥੋਂ ਦੇ ਲੋਕ ਹੀ ਉਥੋਂ ਦਾ ਰਾਜਭਾਗ ਸੰਭਾਲਣ। ਹਰ ਸਟੇਟ ਵਿੱਚ ਰੀਜਨਲ ਪਾਰਟੀਜ਼ ਆ ਰਹੀਆਂ ਹਨ। ਜੰਮੂ ਐਂਡ ਕਸ਼ਮੀਰ ਵਿੱਚ ਤੁਸੀਂ ਕੀ ਕਰਿਆ ਸੀ। ਉਸ ਦਾ ਵੀ ਤਜਰਬਾ ਕਰ ਲਿਆ ਅਤੇ ਫੇਰ ਹੱਥ ਬੰਨ੍ਹ ਕੇ ਉਨ੍ਹਾਂ ਨੂੰ ਹੀ ਮੁੜ ਸੰਭਾਲਣਾ ਪਿਆ। ਜੇ ਇਹ ਇਸ ਤਰ੍ਹਾਂ ਲੋਕਾਂ ਨਾਲ, ਸਟੇਟਾਂ ਨਾਲ ਵਿਤਕਰਾ ਕਰਨਗੇ ਤਾਂ ਇਸ ਦੇ ਸਿੱਟੇ ਭੈੜੇ ਨਿਕਲਣਗੇ। ਜੇ ਇਨ੍ਹਾਂ ਨੂੰ ਮਾੜੀ ਮੋਟੀ ਉਥੇ ਜਾਣ ਦੀ ਇਜਾਜ਼ਤ ਹੈ, ਤਾਂ ਇਹ ਗੱਲ ਕਰਨ। ਇਹ ਸਾਰੇ ਪੰਜਾਬ ਦੀ ਮੰਗ ਹੈ ਕਿ ਸੈਂਟਰ ਨਾਲ ਜਿਹੜੇ ਪੰਜਾਬ ਦੇ ਮਸਲੇ ਪੈਂਡਿੰਗ ਪਏ ਹਨ, ਉਹ ਫੌਰੀ ਨਿਬੇੜ ਦੇਣ। ਪੰਜਾਬੀ ਬੋਲਦੇ ਇਲਾਕਿਆਂ ਦਾ ਮਸਲਾ ਹੈ, ਪਾਣੀ ਦਾ ਮਸਲਾ ਹੈ, ਸੰਤ ਜੀ ਦਾ ਸਮਝੌਤਾ ਛੇਤੀ ਲਾਗੂ ਹੋਣਾ ਚਾਹੀਦਾ ਹੈ। ਇਨੋਸੈਂਟ ਲੋਕ ਜੋਧਪੁਰ ਦੀਆਂ ਜੇਲ੍ਹਾਂ ਵਿੱਚ ਬੈਠੇ ਹਨ, ਮੈਂ ਪਰਸਨਲੀ ਕਹਿ ਸਕਦਾ ਹਾਂ ਕਿ ਉਨ੍ਹਾਂ ਵਿਚੋਂ 2-4 ਨੂੰ ਛੱਡ ਕੇ ਸਾਰੇ ਮੁਲਾਜ਼ਮ ਹਨ, ਬੇਗੁਨਾਹ ਹਨ ਅਤੇ ਉਨ੍ਹਾਂ ਦਾ ਕੋਈ ਕਸੂਰ ਨਹੀਂ। ਉਨ੍ਹਾਂ ਨੂੰ ਛੱਡਣ ਬਾਰੇ ਲੋਕ ਸਭਾ ਦੇ ਮੈਂਬਰਾਂ ਨੇ ਵੀ ਮੰਗ ਕਰ ਲਈ ਹੈ, ਉਨ੍ਹਾਂ ਦੀ ਹੁਣ ਚਰਬੀ ਤਾਂ ਨਹੀਂ ਕੱਢਣੀ, ਫਾਂਸੀ ਤਾਂ ਨਹੀਂ ਚੜ੍ਹਾਉਣਾ, ਮਾਰਨਾ ਤਾਂ ਨਹੀਂ। ਰੂਲ ਆਫ ਲਾਅ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਸਜ਼ਾ ਕਰ ਦਿਓ, ਚਲਾਨ ਕਰ ਦਿਓ, ਪਰ ਉਨ੍ਹਾਂ ਦੀ ਬੇਪਤੀ ਤਾਂ ਨਾ ਕਰੋ। ਇਨ੍ਹਾਂ ਨੇ ਸਾਜ਼ਿਸ਼ ਨਾਲ ਸਿੱਖ ਕੌਮ ਦੀ ਬੇਪਤੀ ਕਰਾਈ। 1978 ਤੋਂ ਹੀ ਤੁਸੀਂ ਪੜ੍ਹੋ। 1978 ਵਿੱਚ ਹੀ ਸੰਤ ਲੌਂਗੋਵਾਲ ਜੀ ਨੇ ਕਿਹਾ ਸੀ ਕਿ ਸਾਰੇ ਮਾਮਲੇ ਦੀ ਤੁਸੀਂ ਜੁਡੀਸ਼ੀਅਲ ਇਨਕੁਆਇਰੀ ਕਰਾਓ ਅਤੇ ਪਤਾ ਕਰਾਓ ਕਿ ਅਸਲ ਦੋਸ਼ੀ ਕੌਣ ਹੈ। ਪੁਸਤਕਾਂ ਇਸ ਬਾਰੇ ਪੰਜਾਬ ਵਿੱਚ ਛੱਪੀਆਂ ਪਈਆਂ ਹਨ। ਮੈਂ ਪਹਿਲਾਂ ਵੀ ਰੈਫਰੈਂਸ ਦਿੱਤਾ ਸੀ ਕਿ 'ਸੂਰਿਆ' ਸਤੰਬਰ-1984 ਦਾ ਅੰਕ ਦੇਖ ਲਓ। ਉਸ ਦੀ ਹਾਲੇ ਤੱਕ ਕੋਈ ਤਰਦੀਦ ਨਹੀਂ ਹੋਈ। ਉਹ ਮੂੰਹ ਬੋਲਦੀ ਤਸਵੀਰ ਹੈ। ਰਿਟਾਇਰਡ ਜੱਜਾਂ ਨੇ ਪੁਸਤਕਾਂ ਲਿਖੀਆਂ। ਉਹ ਪੜ੍ਹ ਲਓ। ਕੱਲ ਨੂੰ ਤੁਹਾਡੀਆਂ ਗੱਲਾਂ ਤੇ ਕੋਈ ਭਰੋਸਾ ਨਹੀਂ ਕਰੇਗਾ। ਸਾਡੇ ਮਸਲੇ ਨੂੰ ਹਲ ਕਰੋ। ਸਹੀ ਰਸਤੇ ਤੇ ਆ ਕੇ ਸਾਡੀਆਂ ਮੰਗਾਂ ਦੇਖੋ, ਸਾਡੇ ਲੋਕ ਅਨਇਮਪਲਾਇਡ ਹਨ, ਉਹ ਵੀ ਅੱਜ ਸ਼ਰੇਆਮ ਕਹਿੰਦੇ ਪਏ ਹਨ ਕਿ ਚੰਡੀਗੜ੍ਹ ਦੀ ਕੀ ਗੱਲ ਹੈ

[ਰਾਜ ਮੰਤਰੀ, ਅਨਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ]

ਉਹ ਤਾਂ ਡੈਡ ਇਸ਼ੂ ਹੈ, ਮਿਲੇ ਨਾ ਮਿਲੇ। ਜੇ ਦੁੱਧ ਮੀਂਗਣਾਂ ਪਾ ਕੇ ਦੇਣਾ ਹੈ ਤਾਂ ਕੀ ਫਾਇਦਾ ਚੰਡੀਗੜ੍ਹ ਆਸਮਾਨ ਤੇ ਤਾਂ ਨਹੀਂ ਚਲਿਆ ਜਾਣਾ, ਤੁਹਾਡੇ ਕੋਲ ਹੀ ਰਹਿਣਾ ਹੈ। ਉਹ ਵੀ ਨਹੀਂ ਦੇਣਾ। ਨਹਿਰ ਦੀ ਗੱਲ ਹੈ। ਅਸੀਂ ਬਣਾ ਦਿੱਤੀ। ਮਨਜ਼ੂਰ ਇਨ੍ਹਾਂ ਨੇ ਕੀਤੀ ਸੀ। ਅਸੀਂ ਮੋਰਚਾ ਲਾਇਆ। ਜਿਹੜੀ ਗੱਲ ਪਰਾਪਰ ਟਾਈਮ ਤੇ ਨਾ ਕੀਤੀ ਜਾਵੇ, ਉਸ ਦਾ ਕੋਈ ਮਕਸਦ ਨਹੀਂ ਰਹਿ ਜਾਂਦਾ। ਇਨ੍ਹਾਂ ਦੇ ਵੀ ਪੁਲੀਟਿਕਲ ਰੀਜ਼ਨਜ਼ ਹਨ। ਇਨ੍ਹਾਂ ਨੇ ਵੋਟਾਂ ਲੈਣੀਆਂ ਹਨ। ਸਿੱਖ ਸਾਰੇ ਹਿੰਦੁਸਤਾਨ ਵਿੱਚ ਕੁਲ 1.89 ਹਨ। ਇਹ ਮਾਈਨਾਰਿਟੀ ਵਿੱਚ ਹਨ। ਉਸ ਵਿਰੁੱਧ ਕਮਿਊਨਲ ਬੇਸਿਜ਼ ਤੇ ਪਰਚਾਰ ਕਰਕੇ, ਇਸ ਮੁਲਕ ਤੇ ਆਪਣਾ ਰਾਜ ਲਿਆਉਣ ਲਈ, ਇਕ ਪਰਵਾਰ ਦਾ ਰਾਜ ਲਿਆਉਣ ਲਈ ਇਸ ਕਿਸਮ ਦੀਆਂ ਗੱਲਾਂ ਚਲਾਈਆਂ। ਨਾਹਰੇ ਲਾਏ ਔਰ ਗਲਤ ਲਾਏ, ਸਭ ਨੂੰ ਪਤਾ ਹੈ। ਬਾਹਰਲੀਆਂ ਸਟੇਟਾਂ ਵਿੱਚ ਜੋ ਸਿੱਖ ਬੈਠੇ ਹਨ, ਉਹ ਬਿਲਕੁਲ ਮਹਿਫੂਜ਼ ਨਹੀਂ ਹਨ। ਉਨ੍ਹਾਂ ਦਾ ਬੁਰਾ ਹਾਲ ਹੈ। ਉਨ੍ਹਾਂ ਨੂੰ ਖੁਸ਼ ਕਰਨ ਲਈ, ਸੈਂਟੀਮੈਂਟਸ ਨੂੰ ਠੀਕ ਕਰਨ ਦੀ ਗੱਲ ਕਰਨੀ ਚਾਹੀਦੀ ਹੈ, ਮੁਆਫੀ ਵੀ ਮੰਗਣੀ ਚਾਹੀਦੀ ਹੈ। ਇਸ ਬਜਟ ਵਿਚ ਇਨ੍ਹਾਂ ਨੇ , ਸਰਦਾਰ ਬਲਵੰਤ ਸਿੰਘ ਹੋਰਾਂ ਨੇ ਕਾਫੀ ਕਿਹਾ ਹੈ, ਬਹੁਤ ਸਾਰੀਆਂ ਪ੍ਰਾਪਤੀਆਂ ਕੀਤੀਆਂ ਹਨ। ਮੈਂ ਆਪਣੇ ਡਿਪਾਰਟਮੈਂਟ ਦੀ ਗੱਲ ਕਰਦਾ ਹਾਂ, ਸੜਕਾਂ ਦੀ ਗੱਲ ਵੀ ਅਤੇ ਬੱਸਾਂ ਦੀ ਗੱਲ ਵੀ ਕਰਦਾ ਹਾਂ। ਅਸੀਂ ਮਿਨੀ ਬੱਸਾਂ ਦੇ ਰਹੇ ਹਾਂ ਅਤੇ ਹੋਰ ਦੇਣੀਆਂ ਹਨ। ਕਿਸੇ ਪਾਸਿਉਂ ਪੈਸਾ ਕੱਢਣ , ਦਿੱਲੀ ਤੋਂ ਲੈਣ, ਸਾਨੂੰ ਲੈ ਜਾਣ ਜਾਂ ਕੰਨ ਫੜ ਕੇ ਇਨ੍ਹਾਂ ਨੂੰ ਲੈ ਜਾਣ ਸਾਨੂੰ ਪੈਸਾ ਦੇਣ ਤਾਂਕਿ ਪੰਜਾਬ ਦੇ ਲੋਕ ਬੱਸਾਂ ਮੰਗਦੇ ਹਨ, ਬਿਜਲੀ ਮੰਗਦੇ ਹਨ, ਪੰਚਾਇਤ-ਘਰ ਮੰਗਦੇ ਹਨ, ਉਨ੍ਹਾਂ ਨੂੰ ਦੇ ਸਕੀਏ। ਪਿੰਡਾਂ ਵਿੱਚ ਜਾਓ, ਲੋਕ ਤਿੰਨ ਤਿੰਨ ਹਜ਼ਾਰ ਰੁਪਏ ਨੂੰ ਤਰਸਦੇ ਹਨ, ਹਲਕੇ ਵਿੱਚ ਜਾਈਏ ਤਾਂ ਧਰਮਸ਼ਾਲਾਵਾਂ ਲਈ ਲੋਕ ਤਰਸਦੇ ਪਏ ਹਨ। ਨਵੀਆਂ ਧਰਮਸ਼ਾਲਾਵਾਂ ਮੰਗਦੇ ਹਨ। ਉਨ੍ਹਾਂ ਨੂੰ ਬਰਤਨ ਦਿੱਤੇ ਹਨ, ਬਿਜਲੀ ਦੇ ਪੁਆਇੰਟ ਦਿੱਤੇ ਹਨ। ਐਫ. ਐਮ. ਸਾਹਿਬ ਦੇ ਨੋਟਿਸ ਵਿਚ ਲਿਆਂਦੇ ਹਾਂ ਕਿ ਇਨ੍ਹਾਂ ਲਈ ਉਦਯੋਗ ਵਾਸਤੇ ਪਹਿਲ ਦੇਣੀ ਚਾਹੀਦੀ ਹੈ। ਸਾਡੇ ਲੋਕਾਂ ਦੀ ਰਿਜ਼ਰਵੇਸ਼ਨ ਇਹ ਸਾਹਮਣੇ ਬੈਠੇ ਲੋਕ ਨਹੀਂ ਕਰਾ ਸਕੇ ਜੋ ਕਿ ਹੁਣ ਅਸੀਂ ਕਰ ਰਹੇ ਹਾਂ (ਬੈਂਪਿੰਗ) ਐਕਟ ਵਿਚ ਤਰਮੀਮ ਕਰ ਰਹੇ ਹਾਂ ਤਾਂ ਕਿ ਇਨ੍ਹਾਂ ਲਈ ਕੁਝ ਕਰ ਸਕੀਏ। ਲੇਕਿਨ ਮਜਬੂਰੀ ਵੀ ਹੈ ਕਿਉਂਕਿ ਸਾਰੇ ਪੈਸੇ ਤਾਂ ਸੀ.ਆਰ.ਪੀ.ਐਫ. ਔਰ ਬੀ.ਐਸ.ਐਫ. ਵਾਲੇ ਹੀ ਖਾ ਜਾਂਦੇ ਹਨ। ਲੋਕ ਵਿਚਾਰੇ ਚੁੱਪ ਕਰ ਜਾਂਦੇ ਹਨ ਅਤੇ ਸੋਚਦੇ ਹਨ ਕਿ ਚਲੋ ਇਹ ਸਿਨ-ਸੀਅਰ ਤਾਂ ਹਨ। ਸਰਦਾਰ ਬਲਵੰਤ ਸਿੰਘ ਜੀ ਕਹਿੰਦੇ ਹਨ ਕਿ ਪੈਸਾ ਕਿਥੋਂ ਲਿਆਈਏ। ਜਦੋਂ ਵੀ ਕੋਈ ਮਾਨਯੋਗ ਮੈਂਬਰ ਆਪਣਾ ਸਵਾਲ ਕਰਦੇ ਹਨ ਤਾਂ ਪੈਸੇ ਦੀ ਮਜਬੂਰੀ ਸਾਹਮਣੇ ਆ ਜਾਂਦੀ ਹੈ। ਸਟੇਟ ਦੀ ਜ਼ਿਮੇਵਾਰੀ ਹੈ ਕਿ ਲੋਕਾਂ ਦੀ ਹਿਫਾਜ਼ਤ ਕਰੇ, ਲੋਕਾਂ ਨੂੰ ਮਕਾਨ ਦੇਵੇ, ਲੋਕਾਂ ਨੂੰ ਰੁਜ਼ਗਾਰ ਦੇਵੇ, ਨੌਕਰੀਆਂ ਦੇਵੇ। ਲੋਕਾਂ ਨੂੰ ਸੰਤੁਸ਼ਟ ਕਰਨਾ ਇਸ ਸਰਕਾਰ ਦਾ ਕੰਮ ਹੈ। ਇਸ ਦੇ ਨਾਲ ਹੀ ਨਾਲ ਸੈਂਟਰ ਦੀ ਸਰਕਾਰ ਦਾ ਪ੍ਰਮ ਧਰਮ ਬਣਦਾ ਹੈ ਕਿ ਇਹਦੇ ਨਾਲ ਇਨਸਾਫ ਕਰੇ। ਪੰਜਾਬ ਸਰਕਾਰ ਦੀ ਫਾਈਨੈਂਸ਼ਲ ਸਹਾਇਤਾ ਕਰੇ, ਫਾਈਨੈਂਸ਼ਲ ਏਡ ਦੇਵੇ, ਇਥੋਂ ਦੇ ਪੁਲੀਟੀਕਲ ਮੱਸਤੇ ਹੱਲ ਕਰੇ ਤਾਂ ਹੀ ਅਸੀਂ ਲੋਕਾਂ ਦੀ ਤਸੱਲੀ ਕਰ ਸਕਦੇ ਹਾਂ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਰੀਸੈਟਲਮੈਂਟ, ਰੀਹੈਬਿਲੀਟੇਸ਼ਨ ਆਫ ਡਿਸਪਲੇਸਡ ਪਰਸਨਜ਼, ਐਗਰੀਕਲਚਰ ਦੇ ਖੇਤਰ ਵਿਚ ਕਾਫੀ ਪ੍ਰਾਪਤੀਆਂ ਹੋਈਆਂ ਹਨ, ਬਾਵਜੂਦ ਐਨੀਆਂ ਰੁਕਾਵਟਾਂ ਦੇ। ਅਗਰ ਕੋਈ ਹੋਰ ਪਾਰਟੀ ਰਾਜ ਕਰਦੀ ਹੁੰਦੀ ਤਾਂ ਉਹ ਵਿਚੇ ਹੀ ਮੈਦਾਨ ਛੱਡ ਜਾਂਦੀ। ਜੋ ਫਿਲਾਸਫੀ ਸਾਨੂੰ ਗੁਰੂ ਸਾਹਿਬਾਨ ਨੇ ਦਿੱਤੀ ਹੈ ਉਸ ਤੇ ਅਮਲ ਕਰਨਾ ਚਾਹੀਦਾ ਹੈ। ਰੋਜ਼ ਸਾਨੂੰ ਚਿੱਠੀਆਂ ਆ ਰਹੀਆਂ ਹਨ ਅਸੀਂ

ਮੌਤ ਨਾਲ ਖੇਲ੍ਹ ਰਹੇ ਹਾਂ। ਜੋ ਹਾਲਤ ਸਾਡੀ ਹੈ, ਇਹ ਚਾਹੁੰਦੇ ਹਨ ਕਿ ਗੋਲੀ ਨਾਲ ਸਾਨੂੰ ਮਾਰ ਦਿਤਾ ਜਾਏ। ਇਸ ਦੇ ਬਾਵਜੂਦ ਅਸੀਂ ਲੋਕਾਂ ਕੋਲ ਜਾਂਦੇ ਹਾਂ ਕਿਉਂਕਿ ਜੇਕਰ ਮਰਨਾ ਹੈ ਤਾਂ ਮਰ ਹੀ ਜਾਣਾ ਹੈ। ਲੋਕਾਂ ਦੇ ਨੁਮਾਇੰਦੇ ਹਾਂ। ਸੰਤ ਜੀ ਨੇ ਆਪਣੀ ਜਾਨ ਕੁਰਬਾਨ ਕਰ ਦਿਤੀ। ਇਨ੍ਹਾਂ ਨੂੰ ਉਨ੍ਹਾਂ ਦੀ ਲੀਡਰਸ਼ਿਪ ਮਨਜ਼ੂਰ ਨਹੀਂ ਸੀ (ਵਿਘਨ) ਇਸ ਕਰਕੇ ਅਸੀਂ ਤਾਂ ਉਸ ਦਿਨ ਹੀ ਮਰ ਗਏ ਜਿਸ ਦਿਨ ਸੰਤ ਜੀ ਨੂੰ ਮਾਰ ਦਿੱਤਾ ਗਿਆ। ਉਨ੍ਹਾਂ ਦੀ ਮੌਤ ਨਾਲ ਸਾਡਾ ਲੀਡਰ ਕੋਈ ਨਹੀਂ ਰਿਹਾ। ਬਰਨਾਲਾ ਸਾਹਿਬ ਦੀ ਲੀਡਰਸ਼ਿਪ ਹੇਠ ਇਹ ਆਉਣ ਨੂੰ ਤਿਆਰ ਨਹੀਂ ਸਨ। ਪੁਰਾਣੇ ਸਮਿਆਂ ਵਿਚ ਖੇਤਾਂ ਵਿਚ ਕਣਕ ਨਹੀਂ ਵੱਢੀ ਗਈ ਔਰ ਸ਼ੁਗਲ ਨਾਲ ਉਸ ਨੂੰ ਦੀਆਸਲਾਈ ਲਗਾ ਦਿੱਤੀ। ਪੜਤਾਲ ਕੀਤੀ ਗਈ ਅਤੇ ਪਤਾ ਲਗਿਆ ਕਿ ਕਿਸੇ ਨੇ ਸ਼ੁਗਲ ਨਾਲ ਅੱਗ ਲਗਾ ਦਿੱਤੀ ਸੀ। ਉਹ ਕਹਿਣ ਲਗਾ ਕਿ ਮੈਨੂੰ ਕੀ ਪਤਾ ਸੀ ਕਿ ਸਾਰਾ ਪਿੰਡ ਹੀ ਜਲ ਜਾਣਾ ਹੈ। ਇਸੇ ਤਰ੍ਹਾਂ ਹੀ ਸ਼ੁਗਲ ਕਰਨ ਵਾਲਿਆਂ ਨੇ ਸਾਰਾ ਪੰਜਾਬ ਹੀ ਤਬਾਹ ਕਰ ਦਿੱਤਾ ਹੈ। ਸ਼ੁਗਲ ਕਰਨ ਵਾਲਿਆਂ ਨੇ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੇ ਖਿਲਾਫ ਸਾਜ਼ਿਸ਼ ਕੀਤੀ। ਮੇਰਾ ਆਪਣਾ ਵਿਚਾਰ ਹੈ ਕਿ ਜਿਹੜਾ ਲਿਆ ਕੇ ਬਿਠਾਇਆ ਗਿਆ ਹੈ ਇਹ ਵੀ ਉਪਰੋਂ ਆਇਆ ਹੈ (ਵਿਘਨ) ਇਹ ਵੀ ਇਕ ਸਾਜ਼ਿਸ਼ ਹੈ ਕਿ ਪੁਲੀਟੀਕਲੀ ਸਫਾਇਆ ਕਰ ਦਿਓ। ਰਾਜਿਆਂ ਮਹਾ-ਰਾਜਿਆਂ ਦਾ ਰਾਜ ਚਲਾ ਗਿਆ ਹੈ। ਮਹਾਰਾਜੇ ਤਾਂ ਲੋਕਾਂ ਨੇ ਮਾਰ ਦਿਤੇ, ਖਤਮ ਕਰ ਦਿਤੇ। ਬੜੀ ਦੇਰ ਰਾਜੇ ਮਹਾਰਾਜਿਆਂ ਦੀ ਕੀਮਤ ਪੈਂਦੀ ਰਹੀ ਹੈ। ਅੱਜ ਰਾਜਿਆਂ ਮਹਾਰਾਜਿਆਂ ਦੀ ਕੀਮਤ ਕਿਉਂ ਪੈ ਰਹੀ ਹੈ? ਉਹ ਤਾਂ ਖਤਮ ਹੋ ਗਏ ਹਨ। ਇਨ੍ਹਾਂ ਨੇ ਜੰਮੂ ਕਸ਼ਮੀਰ ਦੇ ਰਾਜੇ ਨੂੰ ਲਿਆਂਦਾ। ਇਸੇ ਤਰ੍ਹਾਂ ਹੋਰ ਰਾਜੇ ਲਿਆਂਦੇ। ਫਿਰ ਇਹ ਕਹਿੰਦੇ ਹਨ ਕਿ ਗਰੀਬੀ ਹਟਾ ਦਿੱਤੀ। ਕਿਸ ਨੇ ਹਟਾ ਦਿੱਤੀ? ਇਹ ਅਮੀਰ ਬਣ ਗਏ। ਇਨ੍ਹਾਂ ਦੇ ਮੁੰਡੇ ਅਮੀਰ ਬਣ ਗਏ। ਇਨ੍ਹਾਂ ਦੇ ਪੋਤੇ ਅਮੀਰ ਬਣ ਗਏ। ਸੋ ਮੈਂ ਕਹਿ ਰਿਹਾ ਸੀ there is no word of Maharaja ਤੁਸੀਂ ਸਰਦਾਰ ਲਿਖਾਓ। ਤੁਸੀਂ ਭਗਵਾਨ ਸਿੰਘ ਲਿਖਾਓ, ਕੋਈ ਹੋਰ ਸਰਦਾਰ ਲਿਖਾਓ। ਰਾਜੇ ਮਹਾਰਾਜੇ ਤਾਂ ਖਤਮ ਕਰ ਦਿਤੇ ਹਨ। ਮੈਂ ਕਹਿੰਦਾ ਹਾਂ ਕਿ ਉਹ ਅੰਗਰੇਜ਼ਾਂ ਨੂੰ ਲਿਆਉਣ ਵਾਲੇ ਸਨ। ਉਹ ਅੰਗ੍ਰੇਜ਼ਾਂ ਨੂੰ ਸ਼ੈਲਟਰ ਦੇਣ ਵਾਲੇ ਸਨ। ਉਹ ਅੰਗ੍ਰੇਜ਼ਾਂ ਦੀ ਮੱਦਦ ਕਰਕੇ ਉਨ੍ਹਾਂ ਪਾਸੋਂ ਖਿਤਾਬ ਲੈਂਦੇ ਸਨ ਕਿ ਸਾਨੂੰ ਬਖਸ਼ੋ। ਉਨ੍ਹਾਂ ਨੂੰ ਆਪਣਾ ਫਿਕਰ ਹੋ ਗਿਆ ਸੀ। ਮੈਂ ਕਿਹਾ ਸੀ ਕਿ ਪਿਤਾ ਪਰ ਪੂਤ ਘੋੜੇ ਪਰ ਘੋੜਾ, ਬਹੁਤਾ ਨਹੀਂ ਪਰ ਥੋੜ੍ਹਾ ਥੋੜ੍ਹਾ।

ਇਹ ਸਾਡੀ ਬਦਕਿਸਮਤੀ ਹੈ, ਮੈਂ ਉਦੋਂ ਵੀ ਕਿਹਾ ਸੀ ਕਿ ਸੰਤ ਜੀ ਸ਼ਰੀਫ ਸਨ ਉਹ ਭੋਲੇ ਸਨ। ਉਨ੍ਹਾਂ ਨੂੰ ਕਤਲ ਕੀਤਾ ਗਿਆ। ਮੈਂ ਅਦਬ ਨਾਲ ਕਹਾਂਗਾ ਕਿ ਪੰਜਾਬ ਦੇ ਲੋਕਾਂ ਦੀ ਮੰਗ ਹੈ, ਉਸ ਨੂੰ ਪੂਰਾ ਕਰੋ; ਉਨ੍ਹਾਂ ਦੀ ਜੋ ਹਾਲਤ ਹੈ ਉਸ ਨੂੰ ਸੁਧਾਰੋ। ਉਨ੍ਹਾਂ ਦੀਆਂ ਜੋ ਮੰਗਾਂ ਹਨ, ਉਨ੍ਹਾਂ ਨੂੰ ਪੂਰਾ ਕਰੋ। ਉਨ੍ਹਾਂ ਦੀ ਬੇਰੁਜ਼ਗਾਰੀ ਦੂਰ ਕਰੋ। ਉਨ੍ਹਾਂ ਨੂੰ ਪੈਸਾ ਦਿਓ, ਉਨ੍ਹਾਂ ਦੀ ਡੀਵੈਲਪ-ਮੈਂਟ ਕਰੋ। ਲੋਕਾਂ ਨੂੰ ਬੱਸਾਂ ਦਿਓ। ਲੋਕੀ ਬੱਸਾਂ ਉਤੇ ਬੈਠਦੇ ਹਨ। ਪੈਸਾ ਹੋਵੇ ਤਾਂ ਇਸ ਪਾਸੇ ਸੁਧਾਰ ਕਰੀਏ। (**ਇਕ ਅਵਾਜ਼**: ਇਹ ਕੰਮ ਕਿਸ ਨੇ ਕਰਨੇ ਹਨ?) ਮੈਂ ਸਰਦਾਰ ਬਲਵੰਤ ਸਿੰਘ ਹੋਰਾਂ ਨੂੰ ਕਹਾਂਗਾ ਕਿ ਇਸ ਪਾਸੇ ਧਿਆਨ ਦੇਣ। ਮੈਂ ਪੁਛਿਆ ਕਿ ਪੈਸੰਜਰ ਟੈਕਸ, ਬੱਸਾਂ ਦੀਆਂ ਟਿਕਟਾਂ ਤੇ ਟੈਕਸ ਅਤੇ ਸਿਨਮੇ ਦੀਆਂ ਟਿਕਟਾਂ ਆਦਿ ਤੇ ਟੈਕਸ ਦੀਆਂ ਟਿਕਟਾਂ ਕਿਉਂ ਨਹੀ ਲਾਉਂਦੇ ਤਾਂ ਮੈਨੂੰ ਇਕ ਬਹੁਤ ਵੱਡਾ ਅਫਸਰ ਕਹਿਣ ਲੱਗਾ ਕਿ ਜਦੋਂ ਬੱਸ ਅੱਗੇ ਜਾਂਦੇ ਹਾਂ ਤਾਂ ਉਹ ਉਪਰ ਚੜ੍ਹਾਉਂਦੇ ਹਨ। ਅਫਸਰ ਕਹਿੰਦੇ ਹਨ ਕਿ ਸਾਨੂੰ ਪੁਲਿਸ ਦਿਓ। ਇਸ ਤਰ੍ਹਾਂ

[ਰਾਜ ਮੰਤਰੀ, ਅਨਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ]

ਪੁਲਿਸ ਵਾਲੇ ਕਹਿਣਗੇ ਕਿ ਸਾਡੀ ਰੱਖਿਆ ਵਾਸਤੇ ਪੁਲਿਸ ਦਿਓ ਅਤੇ ਫੌਜ ਵਾਲ ਕਹਿਣਗੇ ਕਿ ਸਾਨੂੰ ਹੋਰ ਫੌਜ ਦਿਓ। ਇਸ ਤਰ੍ਹਾਂ ਕੰਮ ਕਿਵੇਂ ਚਲੇਗਾ। ਹਰ ਕੋਈ ਆਪਣੇ ਆਪ ਨੂੰ ਖਬੀ ਖਾਨ ਕਹਿੰਦਾ ਹੈ।

ਇਹ ਦੇਖੋ ਕਾਰਪੋਰੇਸ਼ਨ ਕੋਲ ਬੱਸਾਂ ਪੂਰੀਆਂ ਨਹੀਂ ਹਨ। ਸਵਾਰੀਆਂ ਕਹਿੰਦੀਆਂ ਹਨ ਕਿ ਸਾਨੂੰ ਸਹੂਲਤਾਂ ਦਿਓ। ਮੱਸਲੇ ਐਸੇ ਸ਼ੁਰੂ ਹੋ ਗਏ ਹਨ ਕਿ ਮਹਿੰਗਾਈ ਵਾਲਾ ਇਸ਼ੂ ਡੈਡ ਹੋ ਗਿਆ ਹੈ। ਪਰਿਵਾਰ ਦਾ ਪਰਿਵਾਰ ਮਾਰ ਦਿੱਤਾ ਜਾਂਦਾ ਹੈ। ਕਿਸੇ ਨੂੰ ਬੱਸ ਵਿਚ ਮਾਰ ਦਿੱਤਾ ਜਾਂਦਾ ਹੈ ਅਤੇ ਕਿਸੇ ਨੂੰ ਰਾਹ ਜਾਂਦੇ ਨੂੰ ਮਾਰ ਦਿੱਤਾ ਜਾਂਦਾ ਹੈ। ਬੈਂਕਾਂ ਲੁੱਟ ਲਈਆਂ ਜਾਂਦੀਆਂ ਹਨ। ਇਹ ਕੀ ਹੋ ਰਿਹਾ ਹੈ। ਸਾਡੇ ਦੋ ਐਮ.ਐਲ.ਏ. ਮਰ ਗਏ ਪਰ ਕਿਸੇ ਨੇ ਹਾਅ ਦਾ ਨਾਹਰਾ ਨਹੀਂ ਮਾਰਿਆ। ਇਹ ਕੈਸੀ ਪਾਲਿਟਿਕਸ ਹੈ। ਦੁਸ਼ਮਣ ਦੇ ਮਰਨ ਤੋਂ ਵੀ ਉਸ ਦੇ ਘਰ ਜਾਂਦੇ ਹਾਂ। ਤੁਸੀਂ ਕਿਸੇ ਦੀ ਮੌਤ ਤੋਂ ਸਿਆਸਤ ਕੱਢਦੇ ਹੋ। ਕਿਸੇ ਦੇ ਕਤਲ ਤੇ ਮੁੱਖ ਮੰਤਰੀ ਪੁਣਾ ਕੱਢਦੇ ਹੋ। ਸਰਦਾਰ ਅਮਰਜੀਤ ਸਿੰਘ, ਐਮ.ਐਲ.ਏ. ਅਤੇ ਸਰਦਾਰ ਸੰਤ ਸਿੰਘ ਗਿੱਲ, ਐਮ.ਐਲ.ਏ. ਦਾ ਕਤਲ ਹੋ ਗਿਆ। ਉਨ੍ਹਾਂ ਦੇ ਪਰੀਵਾਰਾਂ ਦੀ ਭੈੜੀ ਹਾਲਤ ਹੈ। ਉਨ੍ਹਾਂ ਦੇ ਬੱਚੇ ਹਨ। ਜੇ ਅਸੀਂ ਉਨ੍ਹਾਂ ਨੂੰ 25-25, 30-30 ਹਜ਼ਾਰ ਰੁਪਿਆ ਦੇ ਦਿੰਦੇ ਹਾਂ ਤਾਂ ਇਸ ਨਾਲ ਉਨ੍ਹਾਂ ਦਾ ਕੀ ਬਣੇਗਾ। ਉਨ੍ਹਾਂ ਦੀਆਂ ਵਿਧਵਾਵਾਂ ਦੀ ਕੀ ਹਾਲਾਤ ਹੈ? ਉਨ੍ਹਾਂ ਦੇ ਨਾਮ ਨੂੰ ਅਸੀਂ ਹੀਰੋ ਬਣਾਉਂਦੇ ਹਾਂ। ਇਸ ਕਰਕੇ ਕ੍ਰਿਮੀਨਲ ਨੂੰ ਕ੍ਰਿਮਿਨਲ ਦੀ ਸਜ਼ਾ ਮਿਲਣੀ ਚਾਹੀਦੀ ਹੈ। (ਥੰਪਿੰਗ) ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਅਜਿਹਾ ਕੰਮ ਕਰਨ ਵਾਲੇ ਲੋਕਾਂ ਨੂੰ ਸ਼ੈਲਟਰ ਨਹੀਂ ਮਿਲਣੀ ਚਾਹੀਦੀ। ਪੰਜਾਬ ਵਿਚ ਐਸੇ ਹਾਲਾਤ ਪੈਦਾ ਹੋ ਗਏ ਸਨ ਕਿ ਐਗਰੀਕਲਚਰਿਸਟ ਪਿੰਡ ਵਿਚੋਂ ਜਾ ਕੇ ਆਪਣੇ ਖੇਤਾਂ ਵਿਚ ਵਸਦੇ ਸਨ ਜਿਸ ਦੀ ਉਨ੍ਹਾਂ ਨੂੰ ਜ਼ਰੂਰਤ ਵੀ ਸੀ। ਉਦੋਂ ਉਹ ਮਹਿਫੂਜ਼ ਸਨ। ਪਰ ਅੱਜ ਉਹ ਉਥੇ ਖੇਤਾਂ ਵਿਚ ਮਹਿਫੂਜ਼ ਨਹੀਂ ਹਨ। ਉਨ੍ਹਾਂ ਕੋਲੋਂ ਆਰਮਜ਼ ਖੋਹ ਕੇ ਲੈ ਜਾਂਦੇ ਹਨ। ਇਸ ਲਈ ਉਹ ਆਪਣੇ ਖੇਤਾਂ ਵਿਚੋਂ ਹੁਣ ਪਿੰਡਾਂ ਅਤੇ ਸ਼ਹਿਰਾਂ ਵੱਲ ਡਰਦੇ ਆ ਰਹੇ ਹਨ। ਸਮਾਂ ਐਸਾ ਆ ਗਿਆ ਹੈ ਕਿ ਗਵਾਂਢੀ ਦੀ ਗਵਾਂਢੀ ਮੱਦਦ ਨਹੀਂ ਕਰਦਾ। ਕਿਸੇ ਦੇ ਘਰ ਦਾ ਕੋਈ ਕੁੰਡਾ ਖੜਕਾਈ ਜਾਵੇ ਪਰ ਉਹ ਡਰਦਾ ਅੰਦਰੋਂ ਬੂਹਾ ਨਹੀਂ ਖੋਲ੍ਹਦਾ। ਉਨ੍ਹਾਂ ਦੀ ਰਾਖੀ ਕਿਸ ਨੇ ਕਰਨੀ ਹੈ? ਉਨ੍ਹਾਂ ਦੀ ਰਾਖੀ ਅਸੀਂ ਕਰਨੀ ਹੈ। ਲੋਕਾਂ ਨੇ ਸਾਨੂੰ ਵੋਟਾਂ ਦਿੱਤੀਆਂ ਹਨ। ਇਸ ਲਈ ਅਸੀਂ ਲੋਕਾਂ ਨੂੰ ਦਬਾਉਣਾ ਨਹੀਂ ਹੈ, ਅਸੀਂ ਉਨ੍ਹਾਂ ਦੀ ਮੱਦਦ ਕਰਨੀ ਹੈ। ਆਓ ਅਸੀਂ ਉਨ੍ਹਾਂ ਲੋਕਾਂ ਤੋਂ ਜਾਨ ਕੁਰਬਾਨ ਕਰੀਏ। (ਥੰਪਿੰਗ) ਡੂੰਘੀਆਂ ਡੂੰਘੀਆਂ ਕੋਠੀਆਂ ਵਿਚ ਨਾ ਬੈਠੇ ਰਹੋ। ਗਰੀਬ ਲੋਕਾਂ ਦਾ ਧਿਆਨ ਕਰੋ। ਜਦੋਂ ਸਰਦਾਰ ਦਰਬਾਰਾ ਸਿੰਘ ਦਾ ਰਾਜ ਸੀ ਤਾਂ ਉਦੋਂ ਵੀ ਹਿੰਦੂ ਸੰਮਿਤੀ ਵਾਲਿਆਂ ਦੀ ਇਹ ਮੱਦਦ ਕਰਦੇ ਸੀ। ਉਹ ਜਿਹੜੇ ਕਾਂਗਰਸ ਦੇ ਬੰਦੇ ਸੀ, ਗੁਪਤੇ, ਸ਼ਰਮੇ, ਇਹ ਪਟਿਆਲੇ ਵਾਲੇ ਸਾਰਿਆਂ ਨੂੰ ਪਤਾ ਹੈ। (ਹਾਸਾ) ਜਦੋਂ ਬਲਿਊ ਸਟਾਰ ਓਪਰੇਸ਼ਨ ਹੋ ਗਿਆ ਤਾਂ ਇਨ੍ਹਾਂ ਨੂੰ ਪਤਾ ਸੀ ਕਿ ਵੋਟਾਂ ਤਾਂ ਅਗੋਂ ਪੈਣੀਆਂ ਨਹੀਂ, ਟਪੂਸੀ ਮਾਰੀ ਤੇ ਸਾਡੇ ਵਲ ਆ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਰਾਜੇ, ਮਹਾਰਾਜਿਆਂ ਦਾ ਕਬਜ਼ਾ ਅਕਾਲੀ ਪਾਰਟੀ ਵਿੱਚ ਹੋ ਗਿਆ ਤਾਂ ਅਕਾਲੀ ਪਾਰਟੀ ਵਿੱਚ ਡਾਊਨ ਫਾਲ ਆਉਣਾ ਸ਼ੁਰੂ ਹੋ ਗਿਆ। ਅਕਾਲੀ ਪਾਰਟੀ ਗਰੀਬਾਂ ਦੀ, ਮਜ਼ਲੂਮਾਂ ਦੀ, ਬੇਸਹਾਰਿਆਂ ਦੀ ਪਾਰਟੀ ਹੈ। ਸਰਦਾਰ ਕਪੂਰ ਸਿੰਘ ਨੇ ਸੱਚੀ ਸਾਖੀ ਪੁਸਤਕ ਵਿੱਚ ਲਿਖਿਆ ਹੈ, ਮੈਂ ਮਰੇ ਦੀ ਗੱਲ ਨਹੀਂ ਸੀ ਕਰਨਾ ਚਾਹੁੰਦਾ ਪਰ ਉਸ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ ਕਿ ਇਸ ਪਾਰਟੀ ਦੇ ਤਿੰਨ ਗਦਾਰ ਹਨ, ਇਕ ਮਹਾਰਾਜਾ ਪਟਿਆਲਾ, ਇਕ ਬਲਦੇਵ ਸਿੰਘ ਦੁਮਣੇਵਾਲਾ ਅਤੇ ਇਕ ਮਾਸਟਰ ਤਾਰਾ ਸਿੰਘ। (Voice: Very correct)

ਜੋ ਸਾਨੂੰ ਉਸ ਵੇਲੇ ਕੁਝ ਮਿਲਣਾ ਸੀ, ਉਹ ਖੁਸ ਗਿਆ। ਇਕ ਬੰਦੇ ਨੂੰ ਡਿਫੈਂਸ ਮਨਿਸਟਰੀ ਮਿਲ ਗਈ ਉਹ ਖੁਸ਼ ਹੋ ਗਿਆ। ਉਸ ਦੇ ਪਰੀਵਾਰ ਨੂੰ ਕੁਝ ਮਿਲ ਗਿਆ ਤਾਂ ਉਸ ਨੇ ਸੋਚਿਆ ਸਾਰਿਆਂ ਨੂੰ ਮਿਲ ਗਿਆ ਹੈ। ਇਹ ਸਾਰਾ ਕੁਝ ਸਾਡੀ ਹਿਸਟਰੀ ਦੱਸਦੀ ਹੈ। ਹਿਸਟਰੀ ਲਿਖਣ ਵਾਲੇ ਚਲੇ ਗਏ ਪਰ ਇਸ ਨੂੰ ਸਮਾਂ ਦੇਖੇਗਾ ਅਤੇ ਆਉਣ ਵਾਲੀ ਪੀੜੀ ਇਹ ਪੜ੍ਹੇਗੀ। ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਭਰਾਵਾਂ ਤੇ ਹਰ ਪਾਸਿਉਂ ਅਟੈਕ ਹੁੰਦਾ ਹੈ। ਜਿਹੜੇ ਸਾਡੇ ਵਿਦੇਸ਼ ਵਿਚ ਭਰਾ ਹਨ ਉਨ੍ਹਾਂ ਤੇ ਅਟੈਕ ਹੁੰਦਾ ਹੈ, ਜੇ ਕੋਈ ਸਿੱਖ ਬਾਹਰ ਚਲਾ ਜਾਵੇ ਤਾਂ ਉਨ੍ਹਾਂ ਤੇ ਅਟੈਕ ਹੁੰਦਾ ਹੈ। ਸਾਡੇ ਸਿੱਧੂ ਸਾਹਿਬ ਬਾਹਰ ਗਏ ਤਾਂ ਉਥੇ ਵਿਦੇਸ਼ ਵਿੱਚ ਉਨ੍ਹਾਂ ਤੇ ਅਟੈਕ ਕਰ ਦਿੱਤਾ। ਇਸ ਦਾ ਮਤਲਬ ਹੈ ਕਿ ਕੋਈ ਸਿੱਖ ਬਾਹਰ ਨਹੀਂ ਜਾ ਸਕਦਾ। ਕੋਈ ਰਿਸ਼ਤੇਦਾਰ ਨੂੰ ਇਸ ਦਾ ਮਤਲਬ ਹੈ ਕਿ ਕੋਈ ਸਿੱਖ ਮਿਲਣ ਵਾਸਤੇ ਬਾਹਰ ਹੀ ਨਹੀਂ ਜਾ ਸਕਦਾ। ਸਿੱਧੂ ਸਾਹਿਬ ਤੇ ਉਥੇ ਅਟੈਕ ਹੋਇਆ ਤਾਂ ਕਿਸੇ ਸੱਜਣ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ, ਕਿਸੇ ਸੱਜਣ ਨੇ ਹਾਅ ਨਹੀਂ ਮਾਰੀ। (ਵਿਘਨ) ਜਿਥੇ ਜਾਂਦੇ ਅੱਗ ਲਾਉਂਦੇ ਹਨ। ਦਿੱਲੀ ਗਏ, ਉਥੇ ਅੱਗ ਲਾ ਦਿੱਤੀ, ਕਿਧਰੇ ਹੋਰ ਗਏ ਉਥੇ ਅੱਗ ਲਾ ਦਿੱਤੀ। ਇਹ ਕੋਈ ਤਰੀਕਾ ਹੈ। (ਸਰਦਾਰ ਜਸਦੇਵ ਸਿੰਘ ਸੰਧੂ ਵਲੋਂ ਵਿਘਨ) ਸੰਧੂ ਸਾਹਿਬ ਅਸੀਂ ਤਾਂ ਇਕੱਠੇ ਰਹੇ ਹਾਂ, ਅਸੀਂ ਤਾਂ ਬਚਾਉਣ ਵਾਲਿਆਂ ਵਿੱਚੋਂ ਸੀ। ਤੁਸੀਂ ਤਾਂ ਸਿਆਣੇ ਹੋ, ਤੁਸੀਂ ਤਾਂ ਸਮਝਦਾਰ ਹੋ, ਤੁਸੀਂ ਤਾਂ ਠੀਕ ਹੋ ਜਾਵੋ। ਇਸ ਕਰਕੇ, ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਲੋਕਾਂ ਦੀ ਬਹੁਤ ਬੁਰੀ ਹਾਲਤ ਹੈ, ਪੰਜਾਬ ਦੇ ਲੋਕਾਂ ਦੀ ਬੜੀ ਮਾੜੀ ਹਾਲਤ ਹੈ। ਇਸ ਦਾ ਮਤਲਬ ਹੈ ਕਿ ਅਸੀਂ ਕੁਝ ਕਰ ਹੀ ਨਹੀਂ ਸਕਦੇ। ਇਥੇ ਸਾਡੇ ਤੇ ਹਮਲੇ, ਵਿਦੇਸ਼ ਜਾਓ ਤਾਂ ਵਿਦੇਸ਼ਾਂ ਵਿੱਚ ਸਾਡੇ ਤੇ ਹਮਲੇ। ਸਾਨੂੰ ਇਹ ਕੁਝ ਕਰਨ ਹੀ ਨਹੀਂ ਦਿੰਦੇ। ਕੀ ਗੁਨਾਹ ਕਰ ਲਿਆ ਜੇ ਅਸੀਂ ਖਟਕੜ ਕਲਾਂ ਵਿੱਚ ਇਕ ਸ਼ਹੀਦ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋ ਗਏ। ਕੀ ਗੁਨਾਹ ਕਰ ਲਿਆ ਜੇ ਲੌਂਗੋਵਾਲ ਪਿੰਡ ਵਿੱਚ ਕੋਈ ਸੰਮੇਲਨ ਕਰ ਲਿਆ, ਕੀ ਗੁਨਾਹ ਕਰ ਲਿਆ ਜੇ ਲੁਧਿਆਣੇ ਵਿੱਚ ਚਲੇ ਗਏ ਅਤੇ ਅਸੀਂ ਕੀ ਗੁਨਾਹ ਕਰ ਲਿਆ ਕਿ ਅਸੀਂ ਇਹ ਕਹਿ ਦਿੱਤਾ ਕਿ ਅਸੀਂ ਬਰਨਾਲਾ ਸਾਹਿਬ ਦੇ ਨਾਲ ਹਾਂ। ਇਹ ਘਬਰਾ ਗਏ। ਇਨ੍ਹਾਂ ਨੇ ਸੋਚਿਆ ਸੀ ਕਿ ਅਸੀਂ ਆਏ ਸਮਝੋ। ਇਹ ਸੋਚਦੇ ਸੀ ਸਾਨੂੰ ਅੱਜ ਮਿਲ ਗਈ, ਸਾਨੂੰ ਕੱਲ ਮਿਲ ਗਈ, ਸਾਨੂੰ ਅੱਜ ਮਿਲ ਗਈ, ਸਾਨੂੰ ਕੱਲ ਮਿਲ ਗਈ। ਪਰ ਇਤਨੀ ਸਿਆਣਪ ਕਿਥੇ, ਇਤਨੀ ਅਕਲ ਕਿਥੇ। ਕਈ ਸਜਣਾਂ ਨੂੰ ਇਨ੍ਹਾਂ ਨੇ ਕਿਹਾ, ਕਈ ਸਜਣਾਂ ਨੂੰ ਇਨ੍ਹਾਂ ਨੇ ਐਪਰੋਚ ਕੀਤਾ, ਮੈਨੂੰ ਤਾਂ ਨਹੀਂ ਕੀਤਾ ਪਰ ਕਈਆਂ ਨੂੰ ਕਿਹਾ ਕਿ ਆ ਜਾਓ, ਅਸਤੀਫਾ ਦੇ ਦਿਓ, ਮਾੜੇ ਜਿਹੇ ਦਸਤਖ਼ਤ ਕਰ ਦਿਓ, ਬਸ ਮਾੜੇ ਜਿਹੇ ਦਸਤਖ਼ਤ ਕਰ ਦਿਓ। ਇਨ੍ਹਾਂ ਨੇ ਕੋਈ ਕਸਰ ਨਹੀਂ ਛੱਡੀ। ਕਈਆਂ ਨੇ ਕਿਹਾ ਕਿ ਕਿਉਂ ਦਸਤਖ਼ਤ ਕਰ ਦੇਈਏ ਤੁਹਾਨੂੰ ਮਿਲਣਾ ਮਿਲਾਣਾ ਤਾਂ ਕੁਝ ਨਹੀਂ। (ਹਾਸਾ) (ਵਿਘਨ) ਤੁਹਾਨੂੰ ਇਨ੍ਹਾਂ ਤੋਂ ਵੱਧ ਪੱਕਾ ਸਿੱਖ ਨਹੀਂ ਮਿਲਣਾ, ਤੁਹਾਨੂੰ ਇਨ੍ਹਾਂ ਤੋਂ ਵੱਧ ਬਾਣੀ ਪੜ੍ਹਨ ਵਾਲਾ ਕੋਈ ਹੋਰ ਗੁਰਸਿੱਖ ਨਹੀਂ ਮਿਲਣਾ ਜਿੰਨੇ ਬਰਨਾਲਾ ਸਾਹਿਬ ਹਨ। (ਥੰਪਿਗ) ਸਾਨੂੰ ਬਹੁਤ ਸਾਰੇ ਚੀਫ ਮਨਿਸਟਰਜ਼ ਨੂੰ ਮਿਲਣ ਦੇ ਮੌਕੇ ਮਿਲੇ ਹਨ, ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ ਵਾਲਾ ਨੂੰ ਤਾਂ ਪਤਾ ਹੈ, ਇਨ੍ਹਾਂ ਦੇ ਨਾਲੋਂ ਜ਼ਿਆਦਾ ਸੱਚਾ ਕੋਈ ਸਿੱਖ ਨਹੀਂ ਹੋ ਸਕਦਾ। ਸਿੱਖਾਂ ਤੇ ਅਟੈਕ ਹੋਇਆ, ਇਹ ਸਿੱਖਾਂ ਨੂੰ ਬਚਾਉਣ ਵਾਲੇ ਸਜਣ ਹਨ। ਇਨ੍ਹਾਂ ਨੇ ਜਾਨ ਤੇ ਖੇਡ ਕੇ ਸਾਰਾ ਪ੍ਰਬੰਧ ਕੀਤਾ, ਸਾਰਾ ਇੰਤਜ਼ਾਮ ਕੀਤਾ। ਇਸ ਕਰਕੇ ਸਾਰੇ ਹਿੰਦੁਸਤਾਨ ਨੂੰ ਬਚਾਉਣ ਲਈ, ਅੱਜ ਵੀ, ਹੁਣ ਵੀ ਜੋ ਪਾਰਟੀਆਂ ਕਰ ਰਹੀਆਂ ਹਨ ਜੋ ਬਰਨਾਲਾ ਸਾਹਿਬ ਔਰ ਸਰਦਾਰ ਬਲਵੰਤ ਸਿੰਘ ਹੋਰੀ ਕਰ ਰਹੇ ਹਨ ਕੋਈ ਨਹੀਂ ਕਰ ਰਿਹਾ। ਅੱਜ ਜੋ ਸਾਰੇ ਪੰਜਾਬ ਵਿਚ ਹਵਾ ਬਣੀ ਹੋਈ ਹੈ (ਵਿਘਨ) ਉਹ ਇਨ੍ਹਾਂ ਦੋਨਾਂ ਕਰਕੇ ਹੈ। ਤੁਸੀਂ

[ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ]

(ਕਾਂਗਰਸ ਪਾਰਟੀ ਵਲ ਇਸ਼ਾਰਾ) ਜਾਓ, ਜਾਓ ਪਿੰਡਾਂ ਵਿਚ ਔਰ ਆਪਣੇ ਕਮਾਲ ਦਸੋ, ਅਸੀਂ ਆਪਣੇ ਕਮਾਲ ਦਸਾਂਗੇ। ਤੁਸੀਂ ਅਲੈਹਿਦਾ ਜਾ ਕੇ ਵੇਖੋ। ਹੁਣ ਤਾਂ ਤੁਸੀਂ ਸਾਡੇ ਸਹਾਰੇ ਤੇ ਜਾਂਦੇ ਹੋ ਅਤੇ ਨੰਬਰਦਾਰ ਬਣ ਕੇ ਟੀ.ਵੀ. ਦੇ ਅਗੇ ਬੈਠ ਜਾਂਦੇ ਹੋ। ਮੈਂ ਸਰਦਾਰ ਬਲਵੰਤ ਸਿੰਘ ਨੂੰ ਕਹਾਂਗਾ ਕਿ ਆਪਣੀਆਂ ਮੀਟਿੰਗਾਂ ਕਰਕੇ ਲੋਕਾਂ ਨੂੰ ਤੁਸੀਂ ਆਪਣੇ ਕਮਾਲ ਦਸੋ। ਅਸੀਂ ਆਪ ਆਪਣੀਆਂ ਆਪਣੀਆਂ ਕੰਸਟੀਚਿਊਐਂਸੀਆਂ ਵਿਚ ਜਾਵਾਂਗੇ ਅਤੇ ਬਜਟ ਦੀਆਂ ਜੋ ਪ੍ਰਾਪਤੀਆਂ ਹਨ, ਉਹ ਅਫ਼ਸਰਸ਼ਾਹੀ ਨੂੰ ਨਾਲ ਲੈ ਕੇ ਉਨ੍ਹਾਂ ਲੋਕਾਂ ਦੇ ਸਾਹਮਣੇ ਰਖਾਂਗੇ ਔਰ ਦਸਾਂਗੇ ਕਿ ਇਹ ਸਕੂਲ ਖੋਲ੍ਹੇ ਹਨ, ਇਹ ਗਲੀਆਂ ਪੱਕੀਆਂ ਕੀਤੀਆਂ ਹਨ, ਇਹ ਧਰਮਸ਼ਾਲਾਵਾਂ ਖੋਲ੍ਹੀਆਂ ਹਨ, ਇਹ ਲਿੰਕ ਰੋਡਜ਼ ਬਣਾਈਆਂ ਹਨ, ਇਹ ਨਵੀਆਂ ਸੜਕਾਂ ਬਣਾਈਆਂ ਹਨ ਔਰ ਇਹ ਇਹ ਸਾਰੀਆਂ ਗੱਲਾਂ ਪਿੰਡਾਂ ਵਾਲਿਆਂ ਨੂੰ ਜਾ ਕੇ ਦੱਸਣੀਆਂ ਹਨ। ਅਸੀਂ ਆਪਣੀ ਪਾਰਟੀ ਦਾ ਜਾ ਕੇ ਪ੍ਰਚਾਰ ਕਰਨਾ ਹੈ। ਇਹ ਵੀ ਜਾ ਕੇ ਦੱਸਣ ਕਿ ਅਸੀਂ ਸੈਂਟਰ ਤੋਂ 20, 30 ਅਰਬ ਰੁਪਿਆ ਲਿਆ ਕੇ ਦਿੱਤਾ ਹੈ। ਇਸ ਦੇ ਵਾਸਤੇ ਇਹ ਚਾਹੇ ਰਿਸ਼ਵਤ ਦੇਣ, ਉਨ੍ਹਾਂ ਦੇ ਮੁੰਡੇ-ਕੁੜੀਆਂ ਨੂੰ ਮੰਨਾਉਣ, ਭਾਵੇਂ ਚਪੜਾਸੀਆਂ ਨੂੰ ਮੰਨਾਉਣ, ਕਿਉਂਕਿ ਇਸ ਤਰ੍ਹਾਂ ਤਾਂ ਉਥੇ ਇਨ੍ਹਾਂ ਨੂੰ ਕੋਈ ਮਿਲਣ ਨਹੀਂ ਦਿੰਦਾ। ਅਸੀਂ ਪੰਜਾਬ ਨਾਲ ਸਿਨਸੀਅਰ ਹਾਂ ਔਰ ਅਸੀਂ ਸੰਤ ਜੀ ਦੇ ਵਚਨਾਂ ਤੇ ਰਹਾਂਗੇ। ਜੋ ਰਾਜੀਵ ਗਾਂਧੀ ਨੇ ਸੰਤ ਜੀ ਨਾਲ ਸਮਝੌਤਾ ਕੀਤਾ ਹੈ ਉਸ ਤੇ ਕਾਇਮ ਰਹੋ (ਵਿਘਨ) ਕੋਈ ਬੰਦਾ ਅੱਤਵਾਦ ਦਾ ਸ਼ਿਕਾਰ ਹੋ ਗਿਆ ਤਾਂ ਕਈਆਂ ਨੇ ਖੁਸ਼ੀਆਂ ਮੰਨਾਈਆਂ। ਇਸ ਦਾ ਕੀ ਮਤਲਬ ਹੈ, ਇਹ ਕੀ ਅਸੂਲ ਹੈ। ਕੋਈ ਚਲਾ ਗਿਆ ਸੰਸਾਰ ਵਿਚੋਂ ਤਾਂ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਸਾਡੀ ਉਸ ਦੇ ਪ੍ਰਤੀ ਕੋਈ ਮਾਰਲ ਡਿਊਟੀ ਹੈ। ਇਹ ਕੀ ਹੋਇਆ ਕਿ ਅਸੀਂ ਹਰਿਆਣਾ ਵਿਚੋਂ ਇਲੈਕਸ਼ਨ ਲੜ ਲਵਾਂਗੇ ਜਾਂ ਹੋਰ ਕਿਤੋਂ ਲੜ ਲਵਾਂਗੇ। ਇਹ ਗੱਲਾਂ ਠੀਕ ਨਹੀਂ। ਅਸੀਂ ਮੰਨਦੇ ਹਾਂ ਪ੍ਰਾਈਮ ਮਨਿਸਟਰ ਨੂੰ ਅਸੀਂ ਚਾਹੁੰਦੇ ਹਾਂ ਕਿ ਸੈਂਟਰ ਮਟਰੌਂਗ ਹੋਵੇ ਲੇਕਿਨ ਇਸ ਦਾ ਮਤਲਬ ਕੀ ਹੈ ਕਿ ਸਟੇਟ ਨੂੰ ਤਾਕਤ ਦੇਣ ਵੇਲੇ ਹੋਰ ਗਲਾਂ ਕਰਨੀਆਂ ਸ਼ੁਰੂ ਹੋ ਜਾਣ ਕਿ ਹਿਮਾਚਲ ਵਿਚ ਇਹ ਹੋ ਜਾਏਗਾ, ਹਰਿਆਣਾ ਵਿਚ ਇਹ ਹੋ ਜਾਵੇਗਾ। ਇਹ ਜਿਹੜੇ ਸਮਝੌਤੇ ਹਨ ਇਹ ਇਮਾਨਦਾਰੀ ਨਾਲ ਲਾਗੂ ਕਰੋ। ਇਹੀ ਕਹੀ ਜਾਣਾ ਕਿ ਸਮਝੌਤਾ ਲਾਗੂ ਕਰ ਦਿਆਂਗੇ ਕਦੋਂ ਕਰ ਦਿਓਗੇ ? ਦਲੇਰੀ ਨਾਲ ਕਹੋ ਕਿ ਠੀਕ ਹੈ ਸਮਝੌਤਾ ਕੀਤਾ ਹੈ। ਦੋ ਸਾਲ ਹੋ ਗਏ ਮਾਮਲਾ ਲਟਕਦਾ ਪਿਆ ਹੈ। ਕਦੇ ਹਿੰਦੀ ਸਪੀਕਿੰਗ ਏਰੀਆ ਆ ਜਾਂਦਾ ਹੈ ਅਤੇ ਕਦੇ ਕੁਝ ਹੋਰ ਲੈ ਆਉਂਦੇ ਹਨ। ਹਿੰਦੀ ਸਪੀਕਿੰਗ ਏਰੀਆ ਬਾਰੇ 7.4 ਬਲੇ ਹੈ, ਕਿਉਂ ਨਹੀਂ ਉਸ ਦੇ ਲਈ ਨਵਾਂ ਕਮਿਸ਼ਨ ਮੁਕੱਰਰ ਕਰਦੇ, ਕਿਉਂ ਚੰਡੀਗੜ੍ਹ ਟਰਾਂਸਫਰ ਨਹੀਂ ਕਰਦੇ ? ਚਲੋ ਨਾ ਦਿਓ ਪਰ ਦੇ ਦਿਓ 20, 30 ਅਰਬ ਰੁਪਿਆ, ਕੋਈ ਕੰਮ ਤਾਂ ਚਲੇ। ਨਾ ਕੁਝ ਲੈਣਾ ਨਾ ਕੁਝ ਦੇਣਾ ਐਵੇਂ ਗੱਲਾਂ ਕਰੀ ਜਾਂਦੇ ਹਨ। ਜੇ ਤੁਸੀਂ ਪੰਜਾਬ ਦੇ ਹਿਤੈਸ਼ੀ ਹੋ ਤਾਂ ਤੁਸੀਂ ਇਕ ਤਾਰੀਖ ਮਿੱਥ ਕੇ ਉਸ ਤੋਂ ਬਾਅਦ ਜਾਓ ਉਥੇ ਧਰਨਾ ਮਾਰੋ, ਬੇਨਤੀ ਕਰੋ ਕਿ ਇਸ ਗੱਲ ਵਿਚ ਸਟੇਟ ਦਾ ਇੰਟਰੈਸਟ ਹੈ, ਸਟੇਟ ਦੀ ਮੰਗ ਹੈ, ਇਸ ਨੂੰ ਪੂਰਾ ਕਰੋ। ਅਤੇ ਦਸੋ ਉਨ੍ਹਾਂ ਨੂੰ ਕਿ ਪ੍ਰਾਈਮ ਮਨਿਸਟਰ ਸਾਹਿਬ ਕੱਲ ਨੂੰ ਤੁਹਾਡੇ ਤੇ ਕੌਣ ਭਰੋਸਾ ਕਰੇਗਾ। ਪੁਲੀਟੀਕਲ ਸਮਝੌਤੇ ਹੁੰਦੇ ਰਹਿੰਦੇ ਹਨ। ਆਸਾਮ ਦਾ ਸਮਝੌਤਾ ਹੋਇਆ ਉਥੇ ਵੀ ਰਿਜੈਂਟਮੈਂਟ ਚਲ ਰਹੀ ਹੈ। ਬੰਗਾਲ ਵਿਚ ਦਾਰਜੀਲਿੰਗ ਦੀ ਗੱਲ ਨੂੰ ਲੈਕੇ ਕਹਿ ਦਿੱਤਾ ਕਿ ਇਹ ਹੋ ਸਕਦਾ ਹੈ ਫਿਰ ਇਥੇ ਕਿਉਂ ਨਹੀਂ ਹੋ ਸਕਦਾ। ਇਥੇ ਫਾਰਨ ਪਾਵਰਜ਼ ਹਨ, ਪਾਕਿਸਤਾਨ ਬੈਠਾ ਹੈ, ਬੰਗਲਾ ਦੇਸ਼ ਬੈਠਾ ਹੈ, ਇਧਰ ਚੀਨ ਬੈਠਾ ਹੈ, ਉਧਰ ਤਾਂ ਸਮੁੰਦਰ ਹੈ। (ਵਿਘਨ) ਹੁਣ ਤਾਂ ਲੜਾਈ ਲਗਣ ਦੀ ਕੋਈ ਲੋੜ ਨਹੀਂ। ਫੌਕਲੈਂਡ ਦੀ ਲੜਾਈ

1500 ਕਿਲੋਮੀਟਰ ਤੇ ਲੜੀ ਜਾ ਸਕਦੀ ਹੈ। ਇਹ ਤਾਂ ਗਲ ਹੀ ਕੋਈ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਪੰਜਾਬ ਨੂੰ ਬਚਾਓ। ਜੇ ਪੰਜਾਬ ਬਚੇਗਾ ਤਾਂ ਹੀ ਤੁਸੀਂ ਬਚੋਗੇ, ਤਾਂ ਹੀ ਹਿੰਦੁਸਤਾਨ ਬਚੇਗਾ, ਤਾਂ ਹੀ ਦਿੱਲੀ ਬਚੇਗੀ। ਸਿਧਾਂਤਿਕ ਤੌਰ ਤੇ ਸਟੇਟਸ ਚਲ ਰਹੀਆਂ ਹਨ। ਆਮਲੀ ਦੀ ਤਰ੍ਹਾਂ ਪੰਜਾਬ ਨੂੰ ਖ਼ਤਮ ਨਾ ਕਰੋ, ਇਸ ਨੂੰ ਹੋਰ ਨਾ ਜਾਲੋ। ਜਿਹੜੇ ਪੁਲੀਟੀਕਲ ਇਸ਼ੂਜ਼ ਹਨ ਉਨ੍ਹਾਂ ਨੂੰ ਪੂਰਾ ਕਰੋ (ਵਿਘਨ)

ਹੁਣ ਹਰ ਬੰਦਾ ਇਹੀ ਕਹਿੰਦਾ ਹੈ। ਮੈਂ ਗੁਰਦਾਸਪੁਰ ਗਿਆ ਉਥੇ ਮੈਨੂੰ ਕਿਹਾ ਗਿਆ ਕਿ ਬੀ. ਐਸ.ਐਫ. ਵਾਲੇ ਤੰਗ ਕਰਦੇ ਹਨ। ਮੈਂ ਕਿਹਾ ਕੀ ਕਰੀਏ, ਇਨ੍ਹਾਂ ਨੂੰ ਲਿਆਂਦਾ ਹੀ ਦਿੱਲੀ ਵਾਲਿਆਂ ਨੇ ਹੈ ਲੇਕਿਨ ਸਟੇਟ ਦੀ ਜ਼ਿੰਮੇਵਾਰੀ ਹੈ, ਲੋਕਾਂ ਦੀ ਹੈਲਪ ਕਰਨੀ ਚਾਹੀਦੀ ਹੈ। ਪਾਕਿਸਤਾਨ ਨਾਲ ਪੈਂਡਿੰਗ ਮਸਲੇ ਹਨ, ਹੱਲ ਕਰਨੇ ਚਾਹੀਦੇ ਹਨ। ਅਸੀਂ ਤਾਂ ਉਥੇ ਵੀ ਕਿਹਾ ਹੈ ਭਾਈ ਤੁਸੀਂ ਜੇਕਰ ਚੁੱਕੇ ਹੋਏ ਵੀ ਹੋ ਤਾਂ ਵੀ ਸਟਰੀਮ ਲਾਈਨ ਵਿਚ ਆ ਜਾਓ। (ਵਿਘਨ) ਜੇਕਰ ਸਿੱਧੇ ਰਸਤੇ ਤੇ ਜਾਂਦੇ ਨੂੰ ਅਗਲੇ ਨੂੰ ਵਗਾੜੀ ਜਾਓ ਤਾਂ ਕੰਮ ਕਿਵੇਂ ਠੀਕ ਹੋਵੇਗਾ। ਪਿੰਡਾਂ ਵਿਚ ਵੇਖ ਲਵੋ ਕਈ ਲੋਕ ਰਾਜ਼ੀਨਾਵਾਂ ਨਹੀਂ ਪਿੰਡ ਵਿਚ ਹੋਣ ਦਿੰਦੇ। ਕਿਉਂਕਿ ਜੇਕਰ ਰਾਜ਼ੀਨਾਵਾਂ ਹੋ ਗਿਆ ਤਾਂ ਉਨ੍ਹਾਂ ਦਾ ਅੰਨਪਾਣੀ ਜਾਂਦਾ ਰਹੇਗਾ। ਪ੍ਰਧਾਨ ਮੰਤਰੀ ਦਾ ਇਸ ਵਿਚ ਖਾਸ ਰੋਲ ਹੈ। ਆਪਣੀ ਜੋ ਕਿਚਨ ਕੈਬਨਿਟ ਹੈ ਉਸ ਨਾਲ ਸਲਾਹ ਕਰ ਲਵੇ, ਜੋ ਰਾਜੇ ਮਹਾਰਾਜੇ ਹਨ ਜਿਸ ਤਰ੍ਹਾਂ ਅਰੁਨ ਸਿੰਘ ਜਾਂ ਅਰੁਨ ਨਹਿਰੂ ਹੈ, ਉਨ੍ਹਾਂ ਨੂੰ ਕੀ ਪਤਾ ਹੈ ਸਿਆਸਤ ਦਾ, ਇਸੇ ਤਰ੍ਹਾਂ ਰਾਜਾ ਸਾਹਿਬ ਹਨ ਪਟਿਆਲੇ ਦੇ ਜੋ ਔਰਤਾਂ ਪਿੱਛੇ ਰਹੇ ਉਨ੍ਹਾਂ ਨੂੰ ਇਥੇ ਲੈ ਆਂਦਾ। ਐਸੇ ਆਦਮੀਆਂ ਨੂੰ ਚਾਹੇ ਪ੍ਰਾਈਮ ਮਨਿਸਟਰ ਬਣਾ ਦਿਓ ਜੋ ਮਰਜ਼ੀ ਬਣਾ ਦਿਓ। ਅਰੁਨ ਨਹਿਰੂ ਨੇ ਮੁਸੀਬਤ ਖੜੀ ਕਰ ਦਿੱਤੀ ਹੈ। ਇਥੇ ਗੱਲਾਂ ਹੁੰਦੀਆਂ ਹਨ, ਸੈਸ਼ਨ ਚਲਿਆ ਸੀ, ਅਖਬਾਰ ਵਿਚ ਹੈ, ਅਖਬਾਰ ਨਵੀਸ ਨੇ ਕਿਹਾ ਹੈ ਕਿ ਬਹਿਸ ਹੋਈ ਇਸ ਗੱਲ ਦੀ ਬਰਨਾਲਾ ਸਾਹਿਬ ਨੂੰ ਸਪੋਰਟ ਕਰੀਏ ਜਾਂ ਨਾ। ਇਕ ਨੇ ਕਿਹਾ ਬਾਦਲ ਸਾਹਿਬ ਨੂੰ ਬਣਾਓ। ਜਿਹੜਾ ਕਹਿੰਦਾ ਹੈ ਉਹ ਵੱਡੇ ਛੇ ਕਾਰਖਾਨਿਆਂ ਦਾ ਮਾਲਕਾਂ ਵਿਚੋਂ ਹੈ, ਉਹ ਵਜ਼ੀਰ ਸਾਹਿਬ, ਇਹ ਗੱਲ ਕਹਿੰਦੇ ਹਨ। ਉਹ ਚਾਹੁੰਦੇ ਹਨ ਕਿ ਸਾਡਾ ਕੋਈ ਬੰਦਾ ਆ ਜਾਵੇ। ਇਹ ਡਬਲ ਰੋਲ ਠੀਕ ਨਹੀਂ ਹੈ। ਮੈਂ ਸਮਝਦਾ ਹਾਂ ਕਿ ਸਾਡੀ ਪਾਰਟੀ ਹੈ, ਅਸੀਂ ਲੋਕਾਂ ਦੀ ਇਮਾਨਦਾਰੀ ਨਾਲ ਸੇਵਾ ਕਰਨੀ ਚਾਹੁੰਦੇ ਹਾਂ ਔਰ ਇਸ ਗੱਲ ਦਾ ਕਰੈਡਿਟ ਸਰਦਾਰ ਬਲਵੰਤ ਸਿੰਘ ਹੋਰਾਂ ਨੂੰ ਹੈ। ਜਿਨ੍ਹਾਂ ਨੇ ਗੱਲ ਬਜਟ ਵਿਚ ਕਰੀ ਹੈ (ਥੰਪਿੰਗ) ਪਤਾ ਨਹੀਂ ਹੈ ਕਿ ਕਿੱਥੋਂ ਪੈਸੇ ਦੇਣਗੇ। ਮੈਂਬਰ ਸਾਹਿਬ ਕਹਿੰਦੇ ਹਨ ਕਿ ਸਾਨੂੰ ਸਕੂਲ ਨਹੀਂ ਦਿੰਦੇ, ਧਰਮਸ਼ਾਲਾ ਨਹੀਂ ਦਿੰਦੇ। ਕਟਾਰੀਆ ਸਾਹਿਬ ਹਨ, ਉਨ੍ਹਾਂ ਦੇ ਹਲਕੇ ਦੇ ਪੁਲ ਪੱਕੇ ਨਹੀਂ ਹੁੰਦੇ। ਬਲਾਚੋਰ ਦੀ ਬਿਮਾਰੀ ਠੀਕ ਨਹੀਂ ਹੋਈ। ਇਨ੍ਹਾਂ ਦਾ ਇਹ ਬਲਾਚੋਰ ਹੀ ਨਹੀਂ ਮੁਕਿਆ (ਹਾਸਾ) ਇਹ ਉਥੋਂ ਬਾਹਰ ਨਹੀਂ ਨਿਕਲੇ ਔਰ ਇਹ ਬਲਾਚੋਰ ਤੋਂ ਦੂਸਰੇ ਕਿਸੇ ਪਾਸੇ ਨਹੀਂ ਨਿਕਲੇ। ਮੇਰਾ ਖਿਆਲ ਹੈ ਕਿ ਬਲਾਚੋਰ ਸਾਰੇ ਦਾ ਸਾਰਾ ਹੀ ਪੱਕਾ ਕਰ ਦੇਈਏ (ਬਹੁਤ ਹਾਸਾ) ਇਸ ਕਰਕੇ ਸੈਸ਼ਨ ਤੋਂ ਬਾਦ ਜੇਕਰ ਤੁਸੀਂ ਸਾਥ ਦਿਓ, ਸਾਰੇ ਸਰਦਾਰ ਬਲਵੰਤ ਸਿੰਘ ਹੋਰਾਂ ਨੂੰ ਬੇਨਤੀ ਕਰਦੇ ਹਾਂ ਕਿ ਇਸ ਦੇ ਬਾਅਦ, ਦਿੱਲੀ ਵਿਚ ਤੁਹਾਡਾ ਅਸਰ-ਰਸੂਖ ਹੈ, ਸਾਨੂੰ ਉਥੇ ਲੈ ਕੇ ਜਾਓ (ਥੰਪਿੰਗ) ਉਥੇ ਅਸੀਂ ਸਾਰੇ ਕਾਂਗਰਸ ਵੇਲੇ ਵੀ ਗਏ ਸੀ, ਧਰਨੇ ਦਿੱਤੇ ਸਨ। ਹੁਣ ਅਸੀਂ ਆਪਣੇ ਤੌਰ ਤੇ ਜਾਵਾਂਗੇ, ਅਸੀਂ ਆਪ ਜਾਵਾਂਗੇ ਲੋਕਾਂ ਦੇ ਨੁਮਾਇੰਦੇ ਹਾਂ ਔਰ ਉਥੇ ਜਾ ਕੇ ਦੱਸੀਏ ਸੈਂਟਰ ਨੂੰ ਕਿ ਸੈਂਟਰ ਵਾਲਿਓ ਸਾਨੂੰ ਕਿਉਂ ਗੋਲੀਆਂ ਦਾਗ ਰਹੇ ਹੋ, ਜੇਕਰ ਸਾਨੂੰ ਦਾਗੋਗੇ ਤਾਂ ਤੁਸੀਂ ਵੀ ਬਚ ਨਹੀਂ ਸਕਦੇ।

[illegible]

[ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ]

ਜਿਸ ਦੇ ਘਰ ਦਾਣੇ ਉਸ ਦੇ ਨਿਆਣੇ ਵੀ ਸਿਆਣੇ। ਸਾਡੀ ਤਾਂ ਆਪਣੀ ਸੁਰਤ ਮਾਰੀ ਹੋਈ ਹੈ। ਪਟਵਾਰੀਆਂ ਨੂੰ ਤਨਖਾਹ ਨਹੀਂ ਮਿਲਦੀ, ਮੁਲਾਜ਼ਮਾਂ ਦਾ ਕਮਿਸ਼ਨ ਬੈਠਾ ਹੋਇਆ ਹੈ, ਟੀ.ਏ. ਡੀ.ਏ. ਇਨ੍ਹਾਂ ਨੂੰ ਮਿਲ ਨਹੀਂ ਰਿਹਾ। ਪੁਲਿਸ ਦੇ ਖਰਚੇ ਲਈ ਪੈਸਾ ਨਹੀਂ ਹੈ, 130 ਕਰੋੜ ਰੁਪਿਆ ਕਿੱਥੋਂ ਦੇਣਾ ਹੈ। ਸੀ.ਆਰ.ਪੀ. ਐਫ. ਵਾਲੇ ਇਥੇ ਹੀ ਆਪਣੇ ਕੁੜੀਆਂ ਮੁੰਡੇ ਵਿਆਉਂਦੇ ਹਨ, ਕਾਰਾਂ ਵੀ ਇਥੇ ਹੀ ਠੀਕ ਕਰਦੇ ਹਨ, ਬਣਾਉਂਦੇ ਵੀ ਇਥੇ ਹਨ। ਉਹ ਖਰਚਾ ਵੀ ਅਸੀਂ ਦੇਣਾ ਹੈ। ਉਨ੍ਹਾਂ ਨੂੰ ਤਾਂ ਮੌਜ ਬਣ ਗਈ ਕਿਉਂਕਿ ਉਥੇ ਕੁਝ ਨਹੀਂ ਸੀ। 130 ਕਰੋੜ ਰੁਪਿਆ ਮਾਮੂਲੀ ਗੱਲ ਨਹੀਂ ਹੁੰਦੀ। ਅੱਜ ਉਨ੍ਹਾਂ ਦਾ ਬਹੁਤ ਉਧਾਰ ਦੇਣਾ ਹੈ, ਪਟਰੋਲ ਪੰਪਾਂ ਵਾਲਿਆਂ ਦਾ ਦੇਣਾ ਹੈ, ਉਨ੍ਹਾਂ ਨੂੰ ਲੋਕਾਂ ਦੀ ਪ੍ਰੋਟੈਕਸ਼ਨ ਕਰਨ ਲਈ ਰਖਿਆ ਸੀ। ਦਿਨ ਰਾਤ ਸਾਰੀ ਪੁਲਿਸ ਇਸ ਕੰਮ ਤੇ ਲਗੀ ਹੋਈ ਹੈ। ਇਸ ਦੇ ਬਾਵਜੂਦ ਵੀ ਅਸੀਂ ਚਾਹੁੰਦੇ ਹਾਂ ਕਿ ਅਸੀਂ ਪੂਰੇ ਤਹਿਦਿਲ ਨਾਲ, ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਨੀ ਹੈ ਔਰ ਇਸੇ ਕਰਕੇ ਹੀ ਪੰਜਾਬ ਦੇ ਸਾਰੇ ਲੋਕ ਸਾਡੇ ਨਾਲ ਹਨ। ਅਸੀਂ ਉਨ੍ਹਾਂ ਦੇ ਮਸਲੇ ਹੱਲ ਕਰਦੇ ਹਾਂ, ਸਪੀਕਰ ਸਾਹਿਬ, ਇਨ੍ਹਾਂ ਵਿਚੋਂ ਕਿਸੇ ਨੇ ਅੱਜ ਤੱਕ ਇਹ ਨਹੀਂ ਕਿਹਾ ਕਿ ਲੋਕਾਂ ਦੇ ਕੋਈ "ਮਸਲੇ" ਹੱਲ ਕਰੋ ਕਿਉਂਕਿ ਇਨ੍ਹਾਂ ਨੂੰ ਪਤਾ ਹੀ ਨਹੀਂ ਹੈ। ਅਸੀਂ ਤਾਂ ਸਾਰੇ ਮਸਲੇ ਹਲ ਕਰਨਾ ਚਾਹੁੰਦੇ ਸੀ ਪਰ ਇਹ ਕਰਨ ਹੀ ਨਹੀਂ ਦਿੰਦੇ। ਇਹ ਤਾਂ ਉਹ ਕੰਮ ਕਰਦੇ ਹਨ ਕਿ ਕੋਈ ਬੰਦਾ ਇਧਰ ਮਾਰ ਦਿੱਤਾ, ਕੋਈ ਉਧਰ ਮਾਰ ਦਿੱਤਾ। ਅਸੀਂ ਤਾਂ ਲੋਕਾਂ ਦੇ ਮੱਸਲੇ ਹੱਲ ਕਰਨ ਵਾਸਤੇ ਇਥੋਂ ਤਕ ਸੋਚਿਆ ਸੀ, ਸਰਦਾਰ ਬਲਵੰਤ ਸਿੰਘ ਜੀ ਨੂੰ ਪਤਾ ਹੈ, ਉਨ੍ਹਾਂ ਨੇ ਕਿਹਾ ਸੀ, ਕਿ ਇਹ ਸਾਰੇ ਦਾ ਸਾਰਾ ਮੰਤਰੀ ਮੰਡਲ 15--20 ਦਿਨਾਂ ਲਈ ਅੰਮ੍ਰਿਤਸਰ ਔਰ ਗੁਰਦਾਸਪੁਰ ਜਾ ਕੇ ਬੈਠੇ ਉਥੋਂ ਹੀ ਸਰਕਾਰ ਰਨ ਕੀਤੀ ਜਾਵੇ ਤਾਕਿ ਲੋਕਾਂ ਦੀਆਂ ਪਰਾਬਲਮਜ਼ ਹੱਲ ਹੋ ਸਕਣ। ਪਰ ਇਹ ਸਾਡੇ ਇਧਰ ਬੈਠੇ ਸਜਣ ਕੋਈ ਨਾ ਕੋਈ ਅੜਿੱਕਾ ਪਾਈ ਰਖਦੇ ਹਨ, ਕਦੇ ਕੋਈ ਮੈਂਬਰ ਚੁੱਕ ਦਿੱਤਾ, ਕਦੇ ਕਿਸੇ ਨੂੰ ਫਤਵਾ ਆ ਗਿਆ, ਕਦੇ ਕੋਈ ਹੁਕਮਨਾਮਾ ਆ ਗਿਆ। ਇਹ ਲੋਕਾਂ ਦੇ ਮੱਸਲੇ ਹੱਲ ਨਹੀਂ ਕਰਨਾ ਚਾਹੁੰਦੇ ਤਦ ਕਰਕੇ ਇਹੋ ਜਿਹੀਆਂ ਗੱਲਾਂ ਕਰਦੇ ਹਨ। ਇਹ ਇਕ ਬੜੀ ਭਾਰੀ ਰੁਕਾਵਟ ਹੈ। ਲੋਕਾਂ ਨੇ ਸਾਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ। ਲੇਕਿਨ ਇਹ ਵਿਚ ਰੋੜਾ ਅਟਕਾਉਂਦੇ ਹਨ। ਅਸਲ ਗੱਲ ਇਹ ਹੈ ਕਿ ਇਹ ਲੋਕਾਂ ਨੂੰ ਮਿਲਦੇ ਨਹੀਂ, ਪਿੰਡਾਂ ਵਿਚ ਜਾਂਦੇ ਨਹੀਂ, ਇਨ੍ਹਾਂ ਨੂੰ ਲੋਕਾਂ ਦੀਆਂ ਮੁਸ਼ਕਲਾਂ ਦਾ ਪਤਾ ਹੀ ਨਹੀਂ ਹੈ। ਇਹ ਇਥੇ ਬੈਠੇ ਆਪਣੇ ਟੀ.ਏ., ਡੀ.ਏ. ਦੇ 5-6 ਹਜ਼ਾਰ ਰੁਪਏ ਮਾਂਜੀ ਜਾਂਦੇ ਹਨ। ਲੋਕਾਂ ਦੀ ਗੱਲ ਤਾਂ ਇਹ ਕਰ ਨਹੀਂ ਸਕਦੇ। ਮੈਂ ਕਈ ਵਾਰ ਕਿਹਾ ਹੈ ਕਿ ਸਾਡਾ ਕੰਮ ਹੈ ਲੋਕਾਂ ਦੀ ਸੇਵਾ ਕਰਨੀ, ਇਸ ਵਾਸਤੇ ਜੇ ਇਹ ਕੰਸਟ੍ਰਕਟਿਵ ਰਾਏ ਦੇਣ, ਪਿੰਡਾਂ ਵਿਚ ਔਰ ਸ਼ਹਿਰਾਂ ਵਿਚ ਜਾ ਕੇ ਮੀਟਿੰਗਾਂ ਕਰਨ, ਲੋਕਾਂ ਦੀਆਂ ਤਕਲੀਫਾਂ ਸੁਣਨ ਔਰ ਫਿਰ ਰਾਏ ਦੇਣ ਤਾਂ ਠੀਕ ਹੈ ਪਰ ਇਨ੍ਹਾਂ ਨੂੰ ਇਸ ਵਲ ਧਿਆਨ ਹੀ ਨਹੀਂ ਹੈ। ਕੋਈ ਇਧਰ ਦੀ ਮਾਰਦਾ ਹੈ ਕੋਈ ਉਧਰ ਦੀ ਮਾਰਦਾ ਹੈ ਮੈਂ ਤਾਂ ਇਹ ਕਹਿੰਦਾ ਹਾਂ ਕਿ ਜੇ ਕੋਈ ਤੁਹਾਡੇ ਰੂਲਜ਼ ਵਿਚ ਪਰੋਵੀਜ਼ਨ ਹੈ ਤਾਂ ਇਨ੍ਹਾਂ ਦਾ ਟੀ.ਏ. ਡੀ.ਏ. ਬੰਦ ਕਰੋ ਜਾਂ ਫਿਰ ਜਿਸ ਤਰ੍ਹਾਂ ਸੰਧੂ ਸਾਹਿਬ ਨੂੰ 500 ਰੁਪਏ ਜੁਰਮਾਨਾ ਲਾਇਆ ਹੈ ਉਸ ਤਰ੍ਹਾਂ ਦਾ ਕੋਈ ਜੁਰਮਾਨਾ ਲਾਓ ਤਾਕਿ ਲੋਕਾਂ ਨੂੰ ਪਤਾ ਲਗ ਜਾਵੇ ਕਿ ਉਨ੍ਹਾਂ ਦੇ ਨਮਾਇੰਦਿਆਂ ਨੇ ਸਹੀ ਕੰਮ ਨਹੀਂ ਕੀਤਾ। ਜੇ.ਪੀ. ਨੇ ਇਹ ਕਿਹਾ ਸੀ ਕਿ ਲੋਕਾਂ ਨੂੰ ਰੀਕਾਲ ਕਰਨ ਦਾ ਹੱਕ ਹੋਣਾ ਚਾਹੀਦਾ ਹੈ ਲੇਕਿਨ ਉਹ ਨਹੀਂ ਹੋ ਸਕਿਆ, ਕਈ ਅੜਚਨਾਂ ਵਿਚ ਆ ਗਈਆਂ। ਪਰ ਜੇ ਅਸੀਂ ਸੇਵਾ ਕਰਨਾ ਚਾਹੁੰਦੇ ਹਾਂ ਤਾਂ ਇਹ ਨੁਕਤਾਚੀਨੀ ਕਰਦੇ ਹਨ। ਅਸੀਂ ਇਮਾਨਦਾਰੀ ਨਾਲ ਲੋਕਾਂ ਦੀ ਸੇਵਾਂ ਕਰਨੀ ਹੈ। ਮੈਂ ਇਥੇ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਵਿਚੋਂ ਅੱਜ ਤਕ ਕਿਸੇ ਨੇ ਇਹ ਆ ਕੇ ਨਹੀਂ

ਕਿਹਾ ਕਿ ਸਾਡੇ ਕਿਸੇ ਪਿੰਡ ਵਿਚ ਧਰਮਸ਼ਾਲਾ ਦੇ ਦਿਓ ਜਾਂ ਬਿਜਲੀ ਦੇਦਿਓ ਜਾਂ ਕੋਈ ਹੋਰ ਕੰਮ ਕਰ ਦਿਓ ਕਿਉਂਕਿ ਇਨ੍ਹਾਂ ਨੂੰ ਪਤਾ ਹੀ ਨਹੀਂ ਹੈ। ਮੈਂ ਕਲ੍ਹ ਗੁਰਦਾਸਪੁਰ ਗਿਆ ਸੀ, ਇਹ ਐਨੀਆਂ ਦਰਖਾਸਤਾਂ ਲੋਕਾਂ ਦੀਆਂ ਮਿਲ ਗਈਆਂ ਹਨ । ਇਹ ਉਨ੍ਹਾਂ ਦੀਆਂ ਪਰਾਬਲਮਜ਼ ਹਨ ਜੋ ਅਸੀਂ ਹੱਲ ਕਰਨੀਆਂ ਹਨ। ਪਰ ਮੈਂ ਚੈਲੰਜ ਨਾਲ ਕਹਿ ਸਕਦਾ ਕਿ ਇਨ੍ਹਾਂ ਵਿਚੋਂ ਕਿਸੇ ਨੇ ਕੋਈ ਲੋਕਾਂ ਦੀ ਪਰਾਬਲਮ ਆ ਕੇ ਨਹੀਂ ਦਸੀ। (ਵਿਘਨ) ਪਿੰਡਾਂ ਦੀਆਂ ਧਰਮਸ਼ਾਲਾਵਾਂ ਵਿਚ ਜਿਹੜੇ ਅਸੀਂ ਭਾਂਡੇ ਦਿੱਤੇ ਹਨ 60 ਥਾਲੀਆਂ, 60 ਗਲਾਸ, 120 ਕੌਲੀਆਂ, ਐਸੀਆਂ ਕਮਾਲ ਦੀਆਂ ਸਟੇਨਲੈਸ ਸਟੀਲ ਦੀਆਂ ਦਿੱਤੀਆਂ ਹਨ ਜਿਹੜੀਆਂ ਕਿ ਮੈਂ ਚੈਲੰਜ ਨਾਲ ਕਹਿ ਸਕਦਾ ਹਾਂ ਕਿ ਕੋਈ ਸਦਨ ਦਾ ਮੈਂਬਰ ਜਾਂ ਸਾਰ ਪੰਜਾਬ ਵਿਚੋਂ ਕੋਈ ਕਹ ਸਕੇ ਕਿ ਇਸ ਵਿਚ ਕੋਈ ਹੇਰਾ-ਫੇਰੀ ਕੀਤੀ ਹੋਵੇ। ਇਹ ਅਸੀਂ 730 ਧਰਮਸ਼ਾਲਾਵਾਂ ਵਿਚ ਇਸੇ 31 ਮਾਰਚ ਤਕ ਹੀ ਦੇ ਦੇਵਾਂਗੇ। ਇਸ ਤੋਂ ਇਲਾਵਾ ਸਾਰੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਬਗੈਰ ਕਿਸੇ ਭੇਦ ਭਾਵ ਦੇ ਹਰ ਪਿੰਡ ਵਿਚ, ਹਰ ਘਰ ਵਿਚ ਬਿਜਲੀ ਦਿੱਤੀ ਹੈ। ਅਨੁਸੂਚਿਤ ਜਾਤੀਆਂ ਦੇ ਜਿੰਨੇ ਵੀ ਘਰ ਹਨ ਹਰ ਘਰ ਵਿਚ ਬਿਜਲੀ ਦਿੱਤੀ ਹੈ। ਸਰਦਾਰ ਬਲਵੰਤ ਸਿੰਘ ਨੇ ਇਸ ਵਾਸਤੇ 30 ਲੱਖ ਰੁਪਿਆ ਰੱਖਿਆ ਹੈ । ਇਥੇ ਬਾਲੀ ਸਾਹਿਬ ਨੇ ਵੀ ਕਿਹਾ ਹੈ। ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਅਨੰਦਪੁਰ ਸਾਹਿਬ ਵਿਚ ਵੀ ਹਰ ਪਿੰਡ ਵਿਚ ਬਿਜਲੀ ਦੇ ਦੇਵਾਂਗੇ। ਅਸੀਂ ਚਾਹੁੰਦੇ ਹਾਂ ਕਿ ਸਾਰੇ ਪੰਜਾਬ ਦੀ ਸੇਵਾ ਹੋਵੇ ਅਤੇ ਸਾਰੇ ਪੰਜਾਬ ਨੂੰ ਸਵਰਗ ਬਣਾਈਏ, ਸਾਰੇ ਪੰਜਾਬ ਵਿਚ ਅਮਨ ਕਾਇਮ ਹੋਵੇ। ਅਸੀਂ ਕਿਸੇ ਪਿੰਡ ਦੇ ਨਾਲ ਵਿੱਤਕਰਾ ਨਹੀਂ ਕੀਤਾ ਹੈ। ਜਲੰਧਰ ਕਾਰਪੋਰੇਸ਼ਨ ਵਿਚ ਵਿਤਕਰਾ ਹੋ ਰਿਹਾ ਸੀ ਉਸ ਨੂੰ ਠੀਕ ਕਰ ਰਹੇ ਹਾਂ (ਘੰਟੀ) ਇਹ ਜਲੰਧਰ ਦੀ ਕਾਰਪੋਰੇਸ਼ਨ ਹੈ। ਲੁਧਿਆਣੇ ਦੀ ਕਾਰਪੋਰੇਸ਼ਨ ਨੂੰ ਵੀ ਠੀਕ ਕਰ ਰਹੇ ਹਾਂ ਅਤੇ ਪਟਿਆਲਾ ਮਿਊਂਸਪਲ ਕਮੇਟੀ ਨੂੰ ਠੀਕ ਕਰ ਰਹੇ ਹਾਂ ਅਤੇ ਜਿਹੜੀਆਂ ਇਨ੍ਹਾਂ ਦੀਆਂ ਪ੍ਰਾਬਲਮਜ਼ ਹਨ ਉਨ੍ਹਾਂ ਨੂੰ ਦੂਰ ਕਰ ਰਹੇ ਹਾਂ। ਇੰਡਸਟਰੀ ਲਈ ਨਵੀਂ ਪਾਲਿਸੀ ਬਣਾਈ ਹੈ ਅਤੇ ਨਵੀਆਂ ਸਕੀਮਾਂ ਬਣਾਈਆਂ ਹਨ। ਕੁਝ ਏਰੀਆਜ਼ ਨੂੰ ਬੈਕਵਰਡ ਕਰਾਰ ਦਿੱਤਾ ਹੈ, ਜਿਵੇਂ ਰਾਜ-ਪੁਰਾ ਨੂੰ ਕੀਤਾ ਹੈ। ਮੈਂ ਪਿੱਛੇ ਬੰਬਈ ਗਿਆ ਸੀ ਅਤੇ ਇਹ ਵੀ ਸਜਣ ਗਏ ਸਨ। ਉਥੋਂ ਦੇ ਲੋਕ ਕਹਿੰਦੇ ਹਨ ਕਿ ਅਸੀਂ ਪੰਜਾਬ ਵਿਚ ਇੰਡਸਟਰੀ ਲਗਾਉਣ ਵਾਸਤੇ ਤਿਆਰ ਹਾਂ ਪਰ ਤੁਸੀਂ ਪਹਿਲੇ ਉਥੇ ਅਮਨ ਕਾਇਮ ਕਰੋ। ਅਸੀਂ ਉਨ੍ਹਾਂ ਨੂੰ ਜ਼ਮੀਨ ਅਤੇ ਬਿਜਲੀ ਦੇ ਸਕਦੇ ਹਾਂ ਅਤੇ ਬਿਜਲੀ ਦਾ ਪਜਾਬ ਵਿਚ ਕੋਈ ਕੱਟ ਨਹੀਂ ਹੈ। ਇਹ ਗੱਲ ਪੰਜਾਬ ਦੇ ਕਰੈਡਿਟ ਵਿਚ ਜਾਂਦੀ ਹੈ। ਬਾਵਜੂਦ ਇਸ ਗੱਲ ਦੇ ਇਥੇ ਅਮਨ ਚਾਹੀਦਾ ਹੈ। ਬਦਕਿਸਮਤੀ ਨਾਲ ਸਾਨੂੰ ਬਾਹਰ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਸਾਡੀ ਕਾਫੀ ਬਦਨਾਮੀ ਹੋ ਗਈ ਹੈ। ਪੰਜਾਬ ਵਿਚ ਇੰਡਸਟਰੀ ਆ ਸਕਦੀ ਹੈ ਅਤੇ ਕਾਰਖਾਨੇ-ਦਾਰ ਆਉਣ ਵਾਸਤੇ ਤਿਆਰ ਹਨ, ਕੁਝ ਕਾਰਖਾਨੇਦਾਰ ਇਥੇ ਲਿਆਂਦੇ ਵੀ ਹਨ ਅਤੇ ਹੋਰ ਆਉਣ ਵਾਸਤੇ ਤਿਆਰ ਵੀ ਹਨ, ਇਥੇ ਨਵੇਂ ਕਾਰਖਾਨੇ ਲਗਣ ਤਾਕਿ ਇਥੇ ਲੋਕਾਂ ਦੀ ਅਨਇੰਪਲਾਇਮੈਂਟ ਦੂਰ ਹੋ ਸਕੇ। ਫਾਈਨੈਂਸ ਮਨਿਸਟਰ ਸਾਹਿਬ, ਜਿਹੜੀ ਸਾਡੀ ਪੰਜਾਬ ਦੀ ਸੈਮੀ ਲੇਬਰ ਸੀ, ਜਿਹੜੀ ਐਗਰੀਕਲਚਰ ਦਾ ਕੰਮ ਕਰਦੀ ਸੀ ਉਸ ਨੂੰ ਹੁਣ ਯੂ.ਪੀ. ਅਤੇ ਬਿਹਾਰ ਦੀ ਲੇਬਰ ਲੈ ਜਾਂਦੀ ਹੈ। ਉਹ ਲੇਬਰਰਜ਼ ਇਥੇ ਮਾਈਗਰੇਟ ਹੋ ਕੇ ਆ ਜਾਂਦੇ ਹਨ। ਉਨ੍ਹਾਂ ਵਾਸਤੇ ਪੰਜਾਬ ਕਨੇਡਾ ਬਣਿਆ ਹੋਇਆ ਹੈ ਪਰ ਸਾਡੇ ਲੋਕ ਵਿਹਲੇ ਹੋ ਗਏ ਹਨ। ਉਨ੍ਹਾਂ ਦੇ ਵਾਸਤੇ ਸੈਲਫ ਇੰਪਲਾਇਮੈਂਟ ਲਈ ਰੋਜ਼ਗਾਰ ਦੇ ਸਾਧਨ ਪੈਦਾ ਕਰਨੇ ਚਾਹੀਦੇ ਹਨ। ਸਾਡੀ ਲੇਬਰ ਐਗਰੀਕਲਚਰ ਉਤੇ ਮਨੁੱਸਰ ਸੀ ਪਰ ਪੰਜਾਬ ਦੇ ਲੋਕ ਪਰਟਰਬਡ ਹਨ ਉਨ੍ਹਾਂ ਨੂੰ ਇੰਡਸਰੀ ਵਾਸਤੇ ਲੋਨ ਬੈਂਕਾਂ ਤੋਂ ਲੈ ਕੇ ਦਿਓ। ਸਾਨੂੰ ਆਪਣੀ ਸੈਮੀ ਸਿਕ ਲੇਬਰ ਲਈ ਸਾਧਨ ਪੈਦਾ ਕਰਨੇ ਚਾਹੀਦੇ ਹਨ। ਫਾਈਨਾਂਸ ਮਨਿਸਟਰ ਸਾਹਿਬ,

[ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ]

ਤੁਸੀਂ ਇਨ੍ਹਾਂ ਲੋਕਾਂ ਦੇ ਵਾਸਤੇ ਬੈਂਕਾਂ ਦੇ ਨਾਲ ਤਾਲਮੇਲ ਕਰੋ ਔਰ ਅਸੀਂ ਉਨ੍ਹਾਂ ਦੀ ਸ਼ਡਿਊਲਡ ਕਾਸਟਸ ਕਾਰਪੋਰੇਸ਼ਨ ਅਤੇ ਪੰਜਾਬ ਫਾਈਨੈਂਸ਼ੀਅਲ ਕਾਰਪੋਰੇਸ਼ਨ ਰਾਹੀਂ ਮਦਦ ਕਰ ਰਹੇ ਹਾਂ। ਉਨ੍ਹਾਂ ਨੂੰ ਲੋਨ ਦੇ ਕੇ ਮਦਦ ਕਰਨੀ ਚਾਹੀਦੀ ਹੈ ਤਾਕਿ ਉਹ ਆਪਣਾ ਰੋਜ਼ਗਾਰ ਖੁਦ ਪੈਦਾ ਕਰ ਸਕਣ। ਇਸ ਬਾਰੇ ਫਾਈਨਾਂਸ ਮਨਿਸਟਰ ਸਾਹਿਬ ਆਪਣੀ ਸਪੀਚ ਵਿਚ ਅਨਾਊਂਸਮੈਂਟ ਕਰਨ ਤਾਕਿ ਉਨ੍ਹਾਂ ਲੋਕਾਂ ਨੂੰ ਰਾਹਤ ਮਿਲ ਸਕੇ ਔਰ ਜੇਕਰ ਸਾਰਿਆਂ ਨੂੰ ਰੋਜ਼ਗਾਰ ਨਹੀਂ ਦਿੱਤਾ ਜਾ ਸਕਦਾ ਤਾਂ ਸਾਨੂੰ 55 ਸਾਲ ਤੋਂ ਬਾਅਦ ਦੀ ਐਕਸਟੈਨਸ਼ਨ ਬੰਦ ਕਰ ਦੇਣੀ ਚਾਹੀਦੀ ਹੈ ਪਰ ਇਥੇ ਤਾਂ ਅਫਸਰ 100 ਸਾਲ ਤੱਕ ਰਿਟਾਇਰ ਨਹੀਂ ਹੋਣਾ ਚਾਹੁੰਦੇ ਔਰ ਐਕਸਟੈਨਸ਼ਨ ਮੰਗੀ ਜਾਂਦੇ ਹਨ। ਫਾਈਨਾਂਸ ਮਨਿਸਟਰ ਸਾਹਿਬ ਪੰਜਾਬ ਵਿਚ ਪੈਸਾ ਪੈਦਾ ਕਰਨ ਅਤੇ ਕਾਂਗਰਸ ਵਾਲਿਆਂ ਤੋਂ ਕਢਵਾਉਣ ਜਿਹੜਾ ਇਨ੍ਹਾਂ ਨੇ ਆਪਣੇ ਰਾਜ ਦੇ ਵਕਤ ਇਕੱਠਾ ਕੀਤਾ ਹੋਇਆ ਹੈ ਅਤੇ ਇਨ੍ਹਾਂ ਕੋਲੋਂ ਕੱਢਵਾ ਕੇ ਅਨੁਸੂਚਿਤ ਜਾ-ਤੀਆਂ ਦੇ ਵਿਚ ਵੰਡ ਦਿੱਤਾ ਜਾਵੇ। (ਵਿਘਨ) (ਘੰਟੀ)

ਸ਼੍ਰੀ ਸਪੀਕਰ : ਪਾਂਧੀ ਸਾਹਿਬ, ਟਾਈਮ ਹੋਣ ਵਾਲਾ ਹੈ, ਹੁਣ ਤੁਸੀਂ ਖ਼ਤਮ ਕਰੋ।

ਰਾਜ ਮੰਤਰੀ, ਅਨਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਮੈਂ ਬਸ ਖ਼ਤਮ ਕਰਨ ਵਾਲਾ ਹਾਂ। ਮੈਂ ਪ੍ਰਧਾਨ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਪੰਜਾਬ ਦੇ ਲੋਕਾਂ ਦੀ ਮਦਦ ਲਈ ਖਾਸ ਤੌਰ ਤੇ ਧਿਆਨ ਦੇਣ ਅਤੇ ਪੰਜਾਬ ਸਰਕਾਰ ਨੂੰ ਜ਼ਿਆਦਾ ਤੋਂ ਜ਼ਿਆਦਾ ਫੰਡਜ਼ ਦੇਣ ਤਾਕਿ ਅਸੀਂ ਪੰਜਾਬ ਦੇ ਲੋਕਾਂ ਦੀ ਸੇਵਾ ਕਰ ਸਕੀਏ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

Mr. Speaker : The House stands adjourned till 9.00 A.M. on Wednesday, the 25th March, 1987.

*

*6. 30 p. m. | *(The Sabha then adjourned till 9.00 A.M. on Wednesday, the 25th March, 1987)*

26194 PVS—Govt. Press Chd.

Published under the authority of the Punjab Vidhan Sabha and printed by the Controller, Govt., Press, U.T., Chd.

11

Punjab Vidhan Sabha Debates

26th March, 1987

(Forenoon Sitting)

Vol. V—No. 11

OFFICIAL REPORT

CONTENTS

Thursday, the 26th March, 1987

(Forenoon Sitting)

Punjab Vidhan Sabha Secretariat, Chandigarh

Price : Rs. 87 51

ERRATA

To

PUNJAB VIDHAN SABHA DEBATES

VOL. V— No. 11

Dated 26th March, 1987.

Read	*For*	*Page*	*Line*
Raj Rani	Raj Ran	(11)22	14th from below
791	797	(11)23	15
ਕੁਐਸਚਨ	ਕੁਐਕਤਨ	(11)32	10
ਸਮਾਲ	ਸਮਾਨ	(11)75	10th from below
ਇਸ	ਟਿਸ	(11)101	10
ਕਾਮਰੇਡ ਮਹਿਤਾਬ ਸਿੰਘ	ਕਾਮਰੇਡ ਮਹਿਤਾਫ ਰੋਡ ਸਿੰਘ	(11)10)	22

PUNJAB VIDHAN SABHA

Thursday, the 26*th March,* 1987

(Forenoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 *A.M. of the Clock. Mr. Speaker* (*Sardar Surjit Singh Minhas*) *in the Chair.*

SUPPLEMENTARIES TO STARRED QUESTION NO. 659 ANSWERED ON 20TH MARCH, 1987

Mr. Speaker : The house will first take up supplementaries to Starred Question No. 659, answered on 20th March, 1987 and thereafter the list of Starred Questions for today will be taken up.

Sardar Gurcharan Singh Nihalsinghwala may please put the Supplementary.

(The Hon. Member was not present in the House)

Mr. Speaker : Since the Hon. Member Sardar Gurcharan Singh Nihalsinghwala, on whose request the Supplementaries had been postponed for today, is not present, the House will take up the List of Starred Questions for today.

STARRED QUESTIONS AND ANSWERS

Starred Question No. 828

Mr. Speaker : Extension asked for has been granted in respect of Starred Question No. 828*. Next question is of Prof. Darbari Lal.

Shifting of Fruit and Vegetable Market Amritsar

*815. **Prof. Darbari Lal :** Will the Minister of State for Colonisation be pleased to state whether the Government has any proposal under its consideration to shift the Fruit and Vegetable Market of Amritsar from Hall Gate to some other place in the city; if so, the name of the place and the time by which the said market is likely to be shifted ?

ਸਰਦਾਰ ਤਾਰਾ ਸਿੰਘ ਲਾਇਲਪੁਰੀ : ਹਾਂ, ਸ਼੍ਰੀ ਮਾਨ ਜੀ। ਮੌਜੂਦਾ ਫਲ ਅਤੇ ਸਬਜ਼ੀ ਮਾਰਕਿਟ ਨੂੰ ਨਵੀਂ ਅਨਾਜ ਮੰਡੀ ਵਲ (ਅੰਮ੍ਰਿਤਸਰ) ਵਿੱਚ ਸ਼ਿਫਟ ਕਰਨ ਦੀ ਤਜਵੀਜ਼ ਹੈ। ਮੰਡੀ ਦੀ ਸ਼ਿਫਟਿੰਗ ਦਾ ਇਕ ਕਾਫੀ ਵੱਡਾ ਕੰਮ ਹੈ। ਇਸ ਲਈ ਇਹ ਦੱਸਣਾ ਸੰਭਵ ਨਹੀਂ ਹੈ ਕਿ ਮੰਡੀ ਦੀ ਸ਼ਿਫਟਿੰਗ ਵਿਚ ਕਿਤਨਾ ਸਮਾਂ ਲੱਗੇਗਾ।

---

*For Starred Question No. 828 and reply thereto, please see Debates dated 31st March, 1987.

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀ ਜਗ੍ਹਾ ਉਤੇ ਸਬਜ਼ੀ ਮੰਡੀ ਬਨਾਉਣ ਦਾ ਫੈਸਲਾ ਹੋਇਆ ਹੈ? ਕਿਹੜੇ ਇਲਾਕੇ ਵਿਚ ਸਬਜ਼ੀ ਮੰਡੀ ਸ਼ਿਫਟ ਕਰ ਰਹੇ ਹੋ ? ਕੀ ਉਨ੍ਹਾਂ ਨੂੰ ਪਲਾਟ ਰਿਜ਼ਰਵ ਪ੍ਰਾਈਸ ਤੇ ਦੇਵੋਗੇ ਜਾਂ ਓਪਨ ਰੇਟ ਵਿਚ ਦੇਵੋਂਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਮਾਮਲਾ ਪਹਿਲਾਂ ਵੀ ਕਈ ਦਫਾ ਧਿਆਨ ਵਿਚ ਆਇਆ ਹੈ। ਕੈਬਨਿਟ ਵਲੋਂ ਫੈਸਲਾ ਹੋ ਗਿਆ ਹੈ ਕਿ ਉਥੇ ਆਕਸ਼ਨ ਹੋਏਗੀ। ਪਹਿਲੀ ਸਬਜ਼ੀ ਮੰਡੀ ਨੂੰ ਬਦਲਣ ਵੇਲੇ ਪੂਰਾ ਧਿਆਨ ਦਿੱਤਾ ਜਾਵੇਗਾ। ਸਪੀਕਰ ਸਾਹਿਬ, ਮੰਡੀ ਸ਼ਿਫਟ ਹੋ ਕੇ ਜਾਣੀ ਹੈ ਔਰ ਕੈਬਨਿਟ ਵਿਚ ਇਸ ਦਾ ਫੈਸਲਾ ਹੋ ਗਿਆ ਹੈ ਔਰ ਇਸ ਤੇ ਪੂਰਾ ਐਕਸ਼ਨ ਹੋਣਾ ਹੈ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਇਸ ਵੇਲੇ ਜਿਹੜੀ ਮੰਡੀ ਵ੍ਹੀਟ ਅਤੇ ਵੈਜੀ-ਟੇਬਲ ਦੀ ਹੈ, 26–27 ਸਾਲਾਂ ਤੋਂ ਪਹਿਲਾਂ ਦੀ ਇਹ ਚਲੀ ਆ ਰਹੀ ਹੈ। ਲੋਕ ਉਥੇ ਬਹੁਤ ਪੁਰਾਣੇ ਬੈਠੇ ਹਨ। ਉਨ੍ਹਾਂ ਬੰਦਿਆਂ ਵਿਚੋਂ ਕਿਸੇ ਨੇ 2 ਲੱਖ ਰੁਪਿਆ ਲਗਾਇਆ ਹੈ ਔਰ ਕਿਸੇ ਨੇ 3 ਲੱਖ ਰੁਪਿਆ ਲਗਾਇਆ ਹੈ। ਕੀ ਮੰਤਰੀ ਜੀ ਮੰਡੀ ਨੂੰ ਸ਼ਿਫਟ ਕਰਨ ਵੇਲੇ ਜਿਨ੍ਹਾਂ ਲੋਕਾਂ ਦੀ ਉਥੇ ਪਹਿਲਾਂ ਮਲਕੀਅਤ ਹੈ, ਉਨ੍ਹਾਂ ਨੂੰ ਮਲਕੀਅਤ ਦੇਣਗੇ ?

ਰਾਜ ਮੰਤਰੀ : ਇਸ ਦੇ ਮੁਤੱਲਕ ਸਪੀਕਰ ਸਾਹਿਬ, ਕਈ ਮੀਟਿੰਗਾਂ ਹੋ ਚੁੱਕੀਆਂ ਹਨ ਔਰ ਕੈਬਨਿਟ ਵਲੋਂ ਫੈਸਲਾ ਹੋ ਗਿਆ ਹੈ ਕਿ ਅਨਾਜ ਮੰਡੀ ਨੂੰ ਸ਼ਿਫਟ ਕੀਤਾ ਜਾਵੇਗਾ। ਉਨ੍ਹਾਂ ਨੂੰ ਪਲਾਟ ਵਗੈਰਾ ਠੀਕ ਪਰਾਈਸ ਤੇ ਮੰਡੀ ਵਿਚ ਦੇ ਸਕਣ ਦਾ ਵੀ ਅੰਦਾਜ਼ਾ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਲੁਧਿਆਣੇ ਵਿਚ ਵੀ ਸਬਜ਼ੀ ਮੰਡੀ ਸ਼ਿਫਟ ਹੋਣੀ ਸੀ। ਉਥੇ ਵੀ ਨਵੀਂ ਮੰਡੀ ਬਣਾਉਣ ਦੀ ਜ਼ਰੂਰਤ ਹੋ ਗਈ ਸੀ। ਪੰਜ ਸਾਲ ਤੋਂ ਨਵੀਂ ਸਬਜੀਮੰਡੀ ਬਣਾਉਣ ਦਾ ਥੋੜਾ ਜਿਹਾ ਕੰਮ ਸ਼ੁਰੂ ਕੀਤਾ ਗਿਆ ਸੀ ਪਰ ਬਾਕੀ ਫੇਰ ਛਡ ਦਿਤਾ ਗਿਆ। ਉਥੇ ਸਪੀਕਰ ਸਾਹਿਬ, ਲੋਕਾਂ ਨੂੰ ਬਹੁਤ ਪਰਾਬਲਮ ਹੈ ਔਰ ਉਥੇ ਟ੍ਰੈਫਿਕ ਵੀ ਬਹੁਤ ਜ਼ਿਆਦਾ ਹੈ। ਇਸ ਵਾਸਤੇ ਕੀ ਵਜ਼ੀਰ ਸਾਹਿਬ ਦੱਸਣਗੇ ਕਿ ਨਵੀਂ ਸਬਜ਼ੀ ਮੰਡੀ ਕਦੋਂ ਬਣੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਲੁਧਿਆਣਾ ਮੰਡੀ ਦਾ ਜ਼ਿਕਰ ਕੀਤਾ ਹੈ। ਕੀ ਉਥੇ ਬਹੁਤ ਮੁਸ਼ਕਲਾਤਾਂ ਹਨ ਅਤੇ ਸਬਜ਼ੀ ਮੰਡੀ ਨੂੰ ਸ਼ਿਫਟ ਕਰਨ ਦੀ ਗੱਲ ਕੀਤੀ ਗਈ ਹੈ ? ਮੈਂਬਰ ਸਾਹਿਬਾਨ ਸਾਰੀਆਂ ਮੁਸ਼ਕਲਾਤਾਂ ਲਿਖ ਕੇ ਦੇ ਦੇਣ ਔਰ ਸਾਰੀਆਂ ਗਲਾਂ ਤੁਹਾਡੇ ਸਾਹਮਣੇ ਆ ਜਾਣਗੀਆਂ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ, ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਨਵੀਂ ਮੰਡੀ ਦਾ ਐਲਾਨ ਹੋ ਜਾਵੇਗਾ, ਤਾਂ ਨਵੀਂ ਮੰਡੀ ਦੀਆਂ ਜਿਹੜੀਆਂ ਜ਼ਮੀਨਾਂ ਦੇ ਪਲਾਟ ਹਨ, ਜਦੋਂ ਜ਼ਮੀਨਾਂ ਦਾ ਜਿਵੇਂ ਉਸਦੇ ਮੁਤੱਲਕ ਗੌਰਮਿੰਟ ਨੇ ਫੈਸਲਾ ਕਰਨਾ ਹੈ, ਜਿਹੜੇ ਪਰਮੈਨੈਂਟ ਕੰਮ ਕਰਨ ਵਾਲੇ ਹਨ ਜਿਵੇਂ ਆੜ੍ਹਤੀ ਹਨ, ਫੜੀਏ ਹਨ ਜਾਂ ਹੋਰ ਲੋਕ ਹਨ ਜਿਹੜੇ ਮੰਡੀ ਤੇ ਹੀ ਨਿਰਭਰ ਕਰਦੇ ਹਨ ਜਿਨ੍ਹਾਂ ਦੀਆਂ ਉਥੇ ਜਗ੍ਹਾ ਹਨ, ਕੀ ਉਨ੍ਹਾਂ ਨੂੰ ਨਵੀਂ ਮੰਡੀ ਵਿੱਚ ਰਿਜ਼ਰਵ ਪ੍ਰਾਈਸ ਤੇ ਅਲਾਟਮੈਂਟ ਹੋ ਜਾਵੇਗੀ ?

ਰਾਜ ਮੰਤਰੀ: ਮੈਂ ਪਹਿਲਾਂ ਵੀ ਬੇਨਤੀ ਕਰ ਚੁਕਾ ਹਾਂ ਕਿ ਇਹ ਮਸਲਾ ਕਿਸੇ ਹੋਰ ਮੰਡੀ ਦੇ ਸਬੰਧ ਵਿਚ ਪਹਿਲਾਂ ਵੀ ਪੇਸ਼ ਹੋਇਆ ਸੀ ਅਤੇ ਇਸ ਦਾ ਕੈਬਨਿਟ ਵਿੱਚ ਫੈਸਲਾ ਹੋ ਚੁੱਕਾ ਹੈ ਕਿ ਕੋਈ ਮੰਡੀ ਦੀ ਜ਼ਮੀਨ ਆੜਤੀ ਨੂੰ ਰਿਜ਼ਰਵ ਪ੍ਰਾਈਸ ਤੇ ਨਹੀਂ ਬਲਕਿ ਆਕਸ਼ਨ ਤੇ ਦੇਣੀ ਹੈ। ਕਿਉਂਕਿ ਨਹੀਂ ਤਾਂ ਜਿਹੜੇ ਬੰਦੇ ਨਵੇਂ ਹੋਣਗੇ, ਉਨ੍ਹਾਂ ਨਾਲ ਡਿਸਕ੍ਰੀਮੀਨੇਸ਼ਨ ਹੋਵੇਗੀ, ਇਸ ਲਈ ਇਹ ਫੈਸਲਾ ਕੈਬਨਿਟ ਨੇ ਕੀਤਾ ਸੀ।

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਮਾਣਾ ਮੰਡੀ ਦਾ ਬੜਾ ਅਹਿਮ ਮਸਲਾ ਹੈ। ਉਥੇ ਦੋ ਨਕਸ਼ੇ ਹਨ · ਨਕਸ਼ਾ ਨੰਬਰ 1 ਅਤੇ ਨਕਸ਼ਾ ਨੰਬਰ 2, ਉਥੇ ਸਾਰੀਆਂ ਸਰਕਾਰ ਦੀਆਂ ਪਾਰਟੀਆਂ ਵੀ ਗਈਆਂ ਸਨ । ਜ਼ਿੰਮੇਵਾਰ ਸੱਜਣ ਵੀ ਗਏ ਸਨ। ਨੰਬਰ 1 ਨਕਸ਼ਾ ਕੈਂਸਲ ਕਰ ਦਿਤਾ ਗਿਆ ਅਤੇ ਨੰਬਰ 2 ਪਾਸ ਕਰ ਦਿਤਾ । ਕੀ ਇਹ ਦੱਸਣਗੇ ਕਿ ਨੰਬਰ 2 ਨਕਸ਼ੇ ਨੂੰ ਕਿਸੇ ਆਪਣੇ ਨਿੱਜੀ ਸਵਾਰਥਾਂ ਕਰਕੇ ਤਾਂ ਕੈਂਸਲ ਨਹੀਂ ਕੀਤਾ ਜਾ ਰਿਹਾ ਜਾਂ ਕਿ ਉਹ ਕਾਇਮ ਹੈ ?

ਰਾਜ ਮੰਤਰੀ: ਕੋਈ ਵੀ ਮੰਡੀ ਜਿਹੜੀ ਹੈ, ਉਸ ਦੇ ਵਿੱਚ ਪੁਲੀਟੀਕਲ ਇੰਟਰਫੀਅਰੈਂਸ ਨਹੀਂ ਹੁੰਦੀ। ਟੈਕਨੀਕਲ ਪੁਆਇੰਟ ਹੁੰਦਾ ਹੈ। ਪਾਣੀ ਅਉਂਦਾ ਹੈ ਜਾ ਨਹੀਂ, ਫਸਲ ਦਾ ਕੀ ਹਿਸਾਬ ਕਿਤਾਬ ਹੈ, ਸਾਰੇ ਪਹਿਲੂਆਂ ਨੂੰ ਦੇਖ ਕੇ ਫੈਸਲਾ ਕਰਨਾ ਪੈਂਦਾ ਹੈ। ਅਤੇ ਮਹਿਕਮੇਂ ਦੀ ਆਪਣੀ ਮੰਡੀ ਬਣਾਉਣ ਦੀ ਟੈਕਨੀਕ ਨੂੰ ਵਰਤਿਆ ਜਾਂਦਾ ਹੈ ।

Amount earmarked for the Pavement of Streets etc., in the Rural Area.

*673. **Shri Ram Kishan Kataria** : Will the Minister of State for Rural Development and Panchayats be pleased to state —

(a) the amount earmarked in the year 1986-87 for the pavement of streets and drains in the rural area in the State ;

(b the names of the villages district-wise selected for this purpose ?)

ਸਰਦਾਰ ਬਲਦੇਵ ਸਿੰਘ ਖਿਆਲਾ : (ੳ) ਸੀ. ਡੀ. 3.3 ਸਕੀਮ ਅਧੀਨ 580.00 ਲੱਖ ਰੁਪਏ ਦੀ ਰਕਮ ਅਤੇ ਐਨ. ਆਰ. ਈ. ਪੀ. ਸਕੀਮ ਅਧੀਨ 331.00 ਲੱਖ ਰੁਪਏ ਦੀ ਰਕਮ, ਸਾਲ 1986-87 ਵਿਚ 2834 ਪਿੰਡਾਂ ਲਈ ਰੱਖੀ ਗਈ ਹੈ।

(ਅ) ਮੰਗੀ ਗਈ ਸੂਚਨਾ ਬਹੁਤ ਲੰਬੀ ਚੋੜੀ ਹੈ । ਇਸ ਲਈ ਇਹ ਸੂਚਨਾ ਤਿਆਰ ਕਰਨ ਅਤੇ ਇਕੱਤਰ ਕਰਨ ਉਤੇ ਲਗਨ ਵਾਲੇ ਸਮੇਂ ਅਤੇ ਮਿਹਨਤ ਦੇ ਟਾਕਰੇ ਉਤੇ ਪ੍ਰਾਪਤ ਹੋਣ ਵਾਲੇ ਕਿਸੇ ਲਾਭ ਦੀ ਕੋਈ ਵੁਕਤ ਨਹੀਂ ਹੋਵੇਗੀ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਸਿਰਫ ਇਹੀ ਪਤਾ ਕਰਨਾ ਸੀ ਕਿ ਜੋ ਗਰਾਂਟਸ ਦਿਤੀਆਂ ਹਨ ਅੰਡਰ ਸੀ. ਡੀ. 3.3 ਸਕੀਮ ਅਧੀਨ, ਉਸ ਦੇ ਵਿੱਚ ਸਪੀਕਰ ਸਾਹਿਬ, ਅਗਰ ਦੇਖੋ, ਮੈ ਕੰਪੇਅਰ ਕਰਦਾ ਹਾਂ ਬਾਕੀ ਬਲਾਕਸ ਨਾਲ, ਤਾਂ ਮੈਨੂੰ ਲਗਦਾ ਹੈ ਕਿ ਸਾਡੇ ਬਲਾਕ ਨੂੰ ਚੌਥਾ ਹਿਸਾ ਵੀ ਨਹੀਂ ਦਿਤਾ ਗਿਆ। ਮਾਨਸਾ ਨੂੰ 35 ਲੱਖ 75 ਹਜ਼ਾਰ, ਰਾਮਪੁਰਾ ਫੂਲ ਨੂੰ 22 ਲੱਖ, ਹੁਸ਼ਿਆਰਪੁਰ ਨੂੰ 22 ਲੱਖ 69 ਹਜ਼ਾਰ, ਤਲਵੰਡੀ ਸਾਬੋ ਨੂੰ 20 ਲੱਖ, ਸ਼ਾਹਕੋਟ ਨੂੰ 20 ਲੱਖ 6 ਹਜ਼ਾਰ, ਬਰਨਾਲਾ ਨੂੰ 22 ਲੱਖ, ਮਹੈਆ ਨੂੰ 9 ਲੱਖ 19 ਹਜ਼ਾਰ ਦਿਤਾ ਗਿਆ ਹੈ ਯਾਨੀ ਚੌਥਾ

[ਸ੍ਰੀ ਰਾਮ ਕਿਸ਼ਨ ਕਟਾਰੀਆ]

ਹਿੱਸਾ ਵੀ ਨਹੀਂ ਦਿਤਾ ਗਿਆ। ਮੇਰੀ ਇਹੀ ਬੇਨਤੀ ਹੈ ਕਿ ਕੀ ਇਹ ਜੋ ਬੈਕਲਾਗ ਹੈ, ਇਹ ਪਹਿਲਾਂ ਹੀ ਬਹੁਤ ਬੈਕਵਰਡ ਏਰੀਆ ਹੈ, ਇਸ ਨੂੰ ਪੂਰਾ ਕਰਨ ਦਾ ਅਤੇ ਇਸ ਵੱਲ ਜ਼ਿਆਦਾ ਗਰਾਂਟਸ ਦੇ ਕੇ ਖਾਸ ਧਿਆਨ ਦੇਣ ਦੀ ਖੇਚਲ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੱਸਿਆ ਹੈ ਕਿ ਇਸ ਸਬੰਧੀ ਅਸੀਂ ਜਿਹੜੀ ਵੰਡ ਕਰਦੇ ਹਾਂ, ਉਹ ਜ਼ਿਲ੍ਹਿਆਂ ਦੀ ਆਬਾਦੀ ਦੇ ਲਿਹਾਜ਼ ਨਾਲ ਬਲਾਕ ਵੰਡੇ ਜਾਂਦੇ ਹਨ। ਕਈ ਬਲਾਕ ਵੱਡੇ ਛੋਟੇ ਵੀ ਹੁੰਦੇ ਹਨ। ਇਸ ਵਾਸਤੇ ਜ਼ਿਲ੍ਹੇ ਦੇ ਅਨੁਸਾਰ ਹੀ ਪੈਸੇ ਵੰਡੇ ਜਾਂਦੇ ਹਨ। ਜੇ ਇਨ੍ਹਾਂ ਦੇ ਬਲਾਕਾਂ ਦੀ ਗਿਣਤੀ ਘੱਟ ਹੈ, ਤਾਂ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ ਕਿ ਗਰਾਂਟਸ ਦੇਖ ਸਕੀਏ ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਬਲਾਕ ਦੇ ਲਿਹਾਜ਼ ਨਾਲ ਵੀ ਹੁਸ਼ਿਆਰਪੁਰ ਬਲਾਕ ਨੂੰ 20 ਲੱਖ ਦਿਤਾ ਹੈ। ਪੰਜਾਬ ਵਿਚ ਕੋਈ ਐਸਾ ਬਲਾਕ ਨਹੀਂ ਹੈ ਜਿਸ ਵਿੱਚ ਨਿਰੋਲ ਪਿੰਡ ਹੀ ਹੋਣ। ਮੇਰੇ ਬਲਾਕ ਵਿਚ 130 ਪਿੰਡ ਹਨ। ਬਾਕੀਆਂ ਵਿਚ ਕੋਈ ਨਾ ਕੋਈ ਟਾਊਨ ਹੈ। ਮੈਨੂੰ ਸਿਰਫ ਨੌ ਲੱਖ ਦਿਤਾ ਹੈ। ਦੂਸਰਾ ਪੁਆਇੰਟ ਇਹ ਹੈ ਕਿ ਜਿਹੜੇ ਪਿੰਡਾਂ ਨੂੰ ਕੋਈ ਆਮਦਨ ਨਹੀਂ ਹੈ, ਉਨ੍ਹਾਂ ਤੋਂ ਚੌਥਾ ਹਿੱਸਾ ਨਾ ਲੈਣ ਦਾ ਗੌਰਮਿੰਟ ਨੇ ਫੈਸਲਾ ਕੀਤਾ ਹੈ। ਕੁਝ ਗਰਾਂਟਸ ਰਿਲੀਜ਼ ਹੋ ਚੁੱਕੀਆਂ ਹਨ। ਉਹ ਇਨਸਿਸਟ ਕਰਦੇ ਹਨ ਕਿ ਚੌਥਾ ਹਿਸਾ ਦਿਓ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪਿੰਡਾਂ ਦੀ ਕੰਡੀਸ਼ਨ ਨੂੰ ਦੇਖ ਕੇ ਇਸ ਕੰਡੀਸ਼ਨ ਨੂੰ ਵੇਵ ਕਰ ਦਿਤਾ ਜਾਵੇ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਦਸਿਆ ਹੈ ਕਿ ਕਾਂਡੀ ਏਰੀਆ ਦੇ ਪਿੰਡ ਪਹਾੜਾਂ ਦੀ ਤਰਾਈ ਵਿਚ ਵਸਦੇ ਹਨ। ਉਥੇ ਛੋਟੇ ਛੋਟੇ ਪਿੰਡ ਹੁੰਦੇ ਹਨ ਅਤੇ ਉਨ੍ਹਾਂ ਦੀ ਆਬਾਦੀ ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਨਾਲੋਂ ਬਹੁਤ ਘੱਟ ਹੁੰਦੀ ਹੈ ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਦੀ ਆਬਾਦੀ ਕੋਈ ਅੱਠ ਅੱਨ ਹਜ਼ਾਰ ਹੁੰਦੀ ਹੈ ਜਦ ਕਿ ਪਹਾੜਾਂ ਦੇ ਪਿੰਡਾਂ ਦੀ ਆਬਾਦੀ ਬਹੁਤ ਘੱਟ ਹੁੰਦੀ ਹੈ। ਅਬਾਦੀ ਦੇ ਲਿਹਾਜ ਨਾਲ ਹੀ ਪੈਸੇ ਦਿੱਤੇ ਜਾਂਦੇ ਹਨ। ਜੇਕਰ ਇਨ੍ਹਾਂ ਕੋਲ ਇਨ੍ਹਾਂ ਪਿੰਡਾਂ ਦੇ ਬਲਾਕਾਂ ਦੇ ਮੁਕਾਬਲੇ ਦੂਜੇ ਬਲਾਕਾਂ ਦੇ ਪਿੰਡਾਂ ਦੀ ਆਬਾਦੀ ਦਾ ਵੇਰਵਾ ਹੈ ਔਰ ਕੋਈ ਫ਼ਰਕ ਹੈ ਤਾਂ ਦੱਸਣ ਜੋ ਘਟ ਵੱਧ ਹੋਏਗਾ ਉਹ ਪੂਰਾ ਕਰ ਦਿਆਂਗੇ। ਪੰਚਾਇਤਾਂ ਕੋਲ ਇਸ ਬਾਰੇ ਸ਼ਡਿਊਲ ਬਣਿਆ ਹੋਇਆ ਹੈ ਔਰ ਉਸ ਲਈ ਕਮੇਟੀਆਂ ਬਣੀਆਂ ਹੋਈਆਂ ਹਨ ਪਿੰਡ ਆਪਣਾ ਚੌਥਾ ਹਿਸਾ ਪਾ ਸਕਦੇ ਹਨ, ਚਾਹੇ ਉਹ ਲੇਬਰ ਦੇਣ, ਪੈਸੇ ਦੇਣ ਜਾਂ ਬਿਲਕੁਲ ਪੈਸੇ ਨਹੀਂ ਦੇ ਸਕਦੇ। ਕਮੇਟੀਆਂ ਬਣੀਆਂ ਹੋਈਆਂ ਹਨ। ਜੇਕਰ ਉਨ੍ਹਾਂ ਪਿੰਡਾਂ ਦਾ ਸ਼ਡਿਊਲ ਭਿਜਵਾਇਆ ਕਰਨ ਤਾਂ ਠੀਕ ਕੰਮ ਹੋ ਸਕਦਾ ਹੈ ।

Number of Trips operated by the PRTC on Patiala-Samana Route

*810. **Sardar Hardial Singh Rajla :** Will the Minister of State for Transport be pleased to state—

(a) the number of trips operated by the Pepsu Road Transport Corporation daily on Patiala-Samana Route ;

(b) whether it is a fact that the buses of the said Corporation miss some trips, if so, the reasons therefor ;

(c) whether the Government proposes to allot the Private operators a few trips on the said routes ; if so, the time by which it is likely to be done ?

ਸਰਦਾਰ ਸੁਰਿੰਦਰ ਸਿੰਘ ਧੂਰੀ (ਸੰਸਦੀ ਸਕੱਤਰ, ਟਰਾਂਸਪੋਰਟ) : (ੳ) 26 ਵਾਪਸੀ ਫੇਰੇ ।

(ਅ) ਨਹੀਂ ਜੀ । ਕੇਵਲ ਬੱਸ ਦੇ ਖਰਾਬ ਹੋ ਜਾਣ ਕਾਰਨ ਜਾਂ ਜ਼ਿਲ੍ਹਾ ਅਧਿਕਾਰੀਆਂ ਵਲੋਂ ਲਗਾਈਆਂ ਪਾਬੰਧੀਆਂ ਕਾਰਨ ਕੁਝ ਫੇਰੇ ਮਿਸ ਹੋ ਜਾਂਦੇ ਹਨ ।

(ੲ) ਨਹੀਂ ਜੀ । ਪਟਿਆਲਾ-ਸਮਾਣਾਂ ਵਾਇਆ ਪਾਸਿਆਣਾ-ਕਕਰਾਲਾ ਪੀ.ਆਰ.ਟੀ.ਸੀ ਦਾ ਮੋਨੋਪਲੀ ਰੂਟ ਹੈ ।

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਇਨ੍ਹਾਂ ਨੇ ਕੇਵਲ ਬੱਸਾਂ ਦੇ 26 ਫੇਰਿਆਂ ਬਾਰੇ ਦੱਸਿਆ ਹੈ ਉਹ ਬਹੁਤ ਘੱਟ ਹੈ ਜੇਕਰ ਟਰੱਕ ਵਾਲੇ ਰਹਿਮ ਕਰਕੇ ਲੋਕਾਂ ਨੂੰ ਉਥੋਂ ਨਾ ਲਿਜਾਣ ਤਾਂ ਲੋਕਾਂ ਨੂੰ ਕਾਫੀ ਤਕਲੀਫ ਹੋਵੇ। ਉਨ੍ਹਾਂ ਦਾ ਕਾਫੀ ਸਮਾਂ ਉਥੇ ਜ਼ਾਇਆ ਹੋ ਜਾਂਦਾ ਹੈ। ਸਮਾਣਾ-ਪਟਿਆਲਾ ਰੂਟ ਲਈ ਨਾ ਉਥੇ ਕੋਈ ਰੇਲਵੇ ਹੈ ਬਲਿਕ ਪੈਪਸੂ ਰੋਡਵੇਜ਼ ਦੀ ਮੋਨੋਪਲੀ ਹੋਣ ਕਰਕੇ ਲੋਕਾਂ ਨੂੰ ਬੜੀ ਮੁਸ਼ਕਿਲ ਪੇਸ਼ ਆ ਰਹੀ ਹੈ। ਪੈਪਸੂ ਰੋਡਵੇਜ਼ ਦੇ ਬਾਰੇ ਤੁਸੀਂ ਦਸਿਆ ਹੈ ਕਿ 26 ਰਿਟਰਨ ਟਰਿਪਸ ਹਨ। ਇਸ ਨਾਲ ਮਸਲਾ ਹੱਲ ਨਹੀਂ ਹੁੰਦਾ। ਕਿਰਪਾ ਕਰਕੇ ਉਥੇ ਇਹ ਰੂਟਸ ਵਧਾਉਣ ਦਾ ਫੈਸਲਾ ਕਰਨਾ ਚਾਹੀਦਾ ਹੈ ਜਾਂ ਫਿਰ ਇਨ੍ਹਾਂ ਦੀ ਮੋਨੋਪਲੀ ਨੂੰ ਤੋੜਨ ਦਾ ਫੈਸਲਾ ਕਰਨਾ ਚਾਹੀਦਾ ਹੈ ।

ਸੰਸਦੀ ਸਕੱਤਰ, ਟਰਾਂਸਪੋਰਟ : ਪੈਪਸੂ ਰੋਡਵੇਜ਼ ਤੋਂ ਇਲਾਵਾ ਹਰਿਆਣਾ ਰੋਡਵੇਜ਼ ਵਾਲਿਆਂ ਕੋਲ ਵੀ 11 ਫੇਰੇ ਹਨ। ਇਸ ਤਰ੍ਹਾਂ ਕਰਕੇ ਕੁਲ ਪੈਪਸੂ ਰੋਡਵੇਜ਼ ਅਤੇ ਹਰਿਆਣਾ ਰੋਡਵੇਜ਼ ਮਿਲਾ ਕੇ ਇਹ ਕੁਲ 60 ਫੇਰੇ ਹੁੰਦੇ ਹਨ। ਅਸੀਂ ਸਮਝਦੇ ਹਾਂ ਕਿ 60 ਫੇਰੇ ਠੀਕ ਹਨ।

ਸਰਦਾਰ ਹਰਦਿਆਲ ਸਿੰਘ ਰਾਜਲਾ : ਮੈਂ ਆਪ ਜੀ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਥੇ ਕੋਈ ਇਨਕੁਆਇਰੀ ਕਰਨਗੇ। ਜੋ ਕਿ ਇਸ ਚੀਜ਼ ਦੀ ਜਾਂਚ ਪੜਤਾਲ ਕਰੇ? ਲੋਕਾਂ ਦੇ ਬੱਸ ਚੜ੍ਹਦੇ ਸਮੇਂ ਕਪੜੇ ਪਾਟ ਜਾਂਦੇ ਹਨ। ਪੈਪਸੂ ਰੋਡਵੇਜ ਦੀਆਂ ਬੱਸਾਂ ਦੀਆਂ ਖਿੜਕੀਆਂ ਟੁਟੀਆਂ ਪਈਆਂ ਹਨ ਔਰ ਬੱਸਾਂ ਦੀ ਹਾਲਤ ਬਹੁਤ ਖਰਾਬ ਹੈ ਜਿਸ ਨਾਲ ਲੋਕਾਂ ਨੂੰ ਕਾਫੀ ਤਕਲੀਫ ਹੁੰਦੀ ਹੈ। ਇਨ੍ਹਾਂ ਨੇ ਦਸਿਆ ਹੈ ਕਿ 60 ਫੇਰੇ ਲਗਦੇ ਹਨ। ਇਹ ਕਾਫੀ ਨਹੀਂ ਹਨ। ਹਰਿਆਣਾ ਵਾਲੇ ਨੇੜੇ ਦੇ ਪਿੰਡਾਂ ਦੇ ਲੋਕਾਂ ਨੂੰ ਰਸਤੇ ਵਿਚੋਂ ਰੂਟ ਨੂੰ ਨਹੀਂ ਚੁਕਦੇ। ਪ੍ਰਾਈਵੇਟ ਕੰਪਨੀ ਦਾ ਇਕ ਵੀ ਰੂਟ ਇਨ੍ਹਾਂ ਦਾ ਸਮਾਣਾ-ਪਟਿਆਲਾ ਨਹੀਂ ਚਲਦਾ ਹੈ। ਜਦੋਂ ਬੱਸਾਂ ਬਰਾਤਾਂ ਚੁਕਦੀਆਂ ਹਨ ਤਾਂ ਵੀ ਲੋਕਾਂ ਨੂੰ ਕਾਫੀ ਤਕਲੀਫ ਹੁੰਦੀ ਹੈ। ਇਸ ਬਾਰੇ ਕੋਈ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ ।

ਸੰਸਦੀ ਸਕੱਤਰ : ਮੈਂਬਰ ਸਾਹਿਬ ਨੇ ਕਿਹਾ ਹੈ ਕਿ ਪ੍ਰਾਈਵੇਟ ਇੱਕ ਵੀ ਰੂਟ ਨਹੀਂ ਚਲਦਾ ਹੈ। ਇਸ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਰਾਈਵੇਟ ਓਪਰੇਟਰ ਪਹਿਲਾਂ ਹੀ ਪਟਿਆਲਾ-ਸਮਾਣਾ ਰੂਟ ਤੇ ਵੱਖ ਵੱਖ ਬਰਾਸਤਿਆਂ ਰਾਹੀਂ ਬਸ ਸੇਵਾ ਚਲਾ ਰਹੇ ਹਨ ਜਿਵੇਂ ਕਿ :—

1. ਪਟਿਆਲਾ-ਸਮਾਣਾ ਬਰਾਸਤਾ ਭਵਾਨੀਗੜ੍ਹ ਆਲਮਪੁਰ ।
2. ਪਟਿਆਲਾ-ਸਮਾਣਾ ਬਰਾਸਤਾ ਨਾਦਮਪੁਰ ।
3. ਪਟਿਆਲਾ-ਸਮਾਣਾ ਬਰਾਸਤਾ ਡਕਾਲਾ ਮਾਵੀ, ਸੱਪਾਂਵਾਲੀ ।

[ਸੰਸਦੀ ਸਕੱਤਰ, ਟਰਾਂਸਪੋਰਟ]

4. ਪਟਿਆਲਾ-ਸਮਾਣਾ ਬਰਾਸਤਾ ਬਲਬਰੀਆ।

5. ਪਟਿਆਲਾ-ਸਮਾਣਾ ਬਰਾਸਤਾ ਕਰਹਾਲੀ।

6. ਪਟਿਆਲਾ-ਸਮਾਣਾ ਬਰਾਸਤਾ ਮੰਨ, ਸ਼ੇਰ ਮਾਜਰਾ, ਲੰਗਰੋਈ, ਡਰੋਲਾ।

ਸਰਦਾਰ ਹਰਦਿਆਲ ਸਿੰਘ ਰਾਜਲਾ: ਐਨਾ ਹੀ ਕਾਫੀ ਨਹੀਂ। ਜੇਕਰ ਜੀਂਦ ਤੋਂ ਪਟਿਆਲਾ, ਦਾਦਰੀ ਤੋਂ ਪਟਿਆਲਾ ਚਲਦੀਆਂ ਹਨ ਤਾਂ ਇਸ ਦਾ ਉਥੋਂ ਦੇ ਲੋਕਾਂ ਨੂੰ ਕੀ ਫਾਇਦਾ ਹੈ? ਇਹ ਸਮਾਣਾ-ਪਟਿਆਲਾ ਦਾ ਮਸਲਾ ਹੈ। ਉਥੋਂ ਸਮਾਣਾ-ਜੁਡੀਸ਼ੀਅਲ ਕੋਰਟ ਨਾ ਹੋਣ ਕਰਕੇ ਲੋਕ ਪਟਿਆਲਾ ਕਚਹਿਰੀਆਂ ਅਟੈਂਡ ਕਰਨ ਜਾਂਦੇ ਹਨ ਅਤੇ ਪੇਸ਼ੀਆਂ ਭੁਗਤਦੇ ਹਨ ਜਿਹੜੀਆਂ ਬੱਸਾਂ ਜੀਂਦ, ਦਾਦਰੀ, ਜਾਖਲ, ਪਾਤਰਾਂ ਆਦਿ ਚਲਦੀਆਂ ਹਨ, ਇਹ ਕਾਫੀ ਨਹੀਂ ਹਨ।

ਸੰਸਦੀ ਸਕੱਤਰ: ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਬੜੀ ਚਿੰਤਾ ਪ੍ਰਗਟਾਈ ਹੈ, ਅਸੀਂ ਅਫਸਰ ਭੇਜ ਕੇ ਸਰਵੇ ਕਰਵਾ ਲਵਾਂਗੇ ਅਤੇ ਜੇ ਲੋੜ ਪਈ ਤਾਂ ਕਰ ਦਿਆਂਗੇ।

ਸ੍ਰੀ ਹੰਸ ਰਾਜ ਆਰੀਆ: ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਡੀਲਕਸ ਬੱਸ ਚੰਡੀਗੜ੍ਹ ਤੋਂ ਅਬੋਹਰ ਡੇਲੀ ਜਾਇਆ ਕਰਦੀ ਹੁੰਦੀ ਸੀ, ਪਰ ਇਨ੍ਹਾਂ ਨੇ ਹੁਣ ਉਹ ਇਕ ਦਿਨ ਛੱਡਕੇ ਕਰ ਦਿਤੀ ਹੈ। ਇਸ ਤਰਾਂ ਲੋਕਾਂ ਨੂੰ ਬੜੀ ਤਕਲੀਫ ਹੈ। ਕੀ ਉਸ ਨੂੰ ਡੇਲੀ ਚਲਾਉਣਗੇ?

ਸੰਸਦੀ ਸਕੱਤਰ: ਮੈਂ ਜਵਾਬ ਦੇ ਦਿਤਾ ਹੈ। ਇਸ ਬਾਰੇ ਇਹ ਅਲਹਿਦਾ ਕੁਐਸਚਨ ਕਰ ਦੇਣ, ਮੈਂ ਉਸ ਦਾ ਜਵਾਬ ਦੇ ਦਿਆਂਗਾ।

Suspension of plying of Punjab Roadways Buses in Pathankot Sub-Division

***827. Master Mohan Lal** : Will the Minister of State for Transport be pleased to state whether it is a fact that plying of Punjab Roadways buses remained suspended from 20th January, 1987 to 2nd March, 1987 towards Phangota side in Pathankot sub-division ; if so, the reasons therefor?

ਸਰਦਾਰ ਸੁਰਿੰਦਰ ਸਿੰਘ ਧੂਰੀ (ਸੰਸਦੀ ਸਕੱਤਰ, ਟਰਾਂਸਪੋਰਟ): ਹਾਂ ਜੀ। ਇਹ ਰੂਟ ਮਨਜ਼ੂਰ ਸ਼ੁਦਾ ਨਹੀਂ ਹੈ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਰੂਟ ਸੈਕਸ਼ਨ ਕਰਨਗੇ?

ਸੰਸਦੀ ਸਕੱਤਰ, ਟਰਾਂਸਪੋਰਟ: ਸਪੀਕਰ ਸਾਹਿਬ, ਇਹ ਜਿਹੜਾ ਰੂਟ ਹੈ ਇਸ ਤੇ ਪ੍ਰਾਈਵੇਟ ਬੱਸ ਚੱਲਦੀ ਹੈ। ਮੈਂਬਰ ਸਾਹਿਬ ਦੇ ਕਹਿਣ ਦੇ ਉਤੇ ਅਸੀਂ ਸਰਵੇ ਕਰਾਉਣ ਵਾਸਤੇ ਉਥੇ ਬੱਸ ਚਲਾਈ ਸੀ। ਪਰ ਜਦ ਦੇਖਿਆ ਕਿ ਸਾਡੀ ਰਿਸੀਟ ਠੀਕ ਨਹੀਂ ਅਤੇ ਦੂਜਾ ਇਹ ਕਿ ਮਨਜ਼ੂਰ ਸ਼ੁਦਾ ਰੂਟ ਤੋਂ ਬੱਸ ਕੱਢਕੇ ਉਥੇ ਬੱਸ ਚਲਾਉਣੀ ਪੈਂਦੀ ਹੈ ਅਤੇ ਉਹ ਪਹਾੜੀ ਏਰੀਆ ਕਰਕੇ ਉਥੇ ਨਵੀਂ ਗੱਡੀ ਭੇਜਣੀ ਪੈਂਦੀ ਹੈ। ਅਸੀਂ ਸਰਵੇ ਕਰਨ ਵਾਸਤੇ ਰੂਟ ਚਲਾਇਆ ਸੀ ਅਤੇ ਇਹ ਦੇਖਣਾ ਚਾਹੁੰਦੇ ਸੀ ਕਿ ਜੇ ਕਾਮਯਾਬ ਹੋ ਗਏ ਤਾਂ ਚਲਾਵਾਂਗੇ। ਪਰ ਜਦ ਅਸੀਂ ਦੇਖਿਆ ਕਿ ਉਥੇ ਗੱਡੀ ਚਲਾ ਕੇ ਗੱਡੀ ਖਰਾਬ ਕਰਨ ਵਾਲੀ ਗੱਲ ਹੈ ਤਾਂ ਅਸੀਂ ਬੰਦ ਕਰ ਦਿਤੀ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ ਸਾਡੇ ਕਹਿਣ ਤੇ ਇਨ੍ਹਾਂ ਨੇ ਬੱਸ ਚਲਾਈ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਬੱਸ ਪਿਛਲੇ 4–5 ਸਾਲਾਂ ਤੋਂ ਲਗਾਤਾਰ ਚੱਲਦੀ ਸੀ। ਦੋ ਬੱਸਾਂ ਉਥੇ ਪੰਜਾਬ ਰੋਡਵੇਜ਼ ਦੀਆਂ ਜਾਂਦੀਆਂ ਹਨ। ਸਪੀਕਰ ਸਾਹਿਬ, ਇਨਾਂ ਨੇ ਇਨਫਲੂਐਂਸਲ ਲੋਕਾਂ, ਪ੍ਰਾਈਵੇਟ ਬੱਸ ਵਾਲਿਆਂ ਲੋਕਾਂ ਦੇ ਪ੍ਰਭਾਵ ਥੱਲੇ ਆ ਕੇ ਬੰਦ ਕੀਤੀ ਹੈ ਉਸ ਪਹਾੜੀ ਇਲਾਕੇ ਵਿਚ ਲੋਕਾਂ ਨੂੰ 19 ਕਿਲੋਮੀਟਰ ਦਾ ਸਫਰ ਕਰਕੇ ਆਉਣਾ ਪੈਂਦਾ ਹੈ। ਇਸ ਲਈ ਉਸ ਬੱਸ ਨੂੰ ਚਾਲੂ ਕੀਤਾ ਜਾਵੇ। I seek your protection, Sir. ਉਹ ਦੁਬਾਰਾ ਰੂਟ ਉਥੇ ਚਲਾਇਆ ਜਾਵੇ ।

ਸੰਸਦੀ ਸਕੱਤਰ: ਸਪੀਕਰ ਸਾਹਿਬ, ਕਿਉਂਕਿ ਸਰਕਾਰ ਦੀ ਨਵੀਂ ਨੀਤੀ ਨਹੀਂ ਹੈ ਕਿ ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਨੂੰ ਕੋਈ ਨਵਾਂ ਰੂਟ ਪਰਮਿਟ ਦੇਣਾ ਇਸ ਲਈ ਨਵਾਂ ਰੂਟ ਪਰਮਿਟ ਉਥੇ ਨਹੀਂ ਦੇ ਸਕਦੇ। ਜਿਹੜੀ ਪਰਾਈਵੇਟ ਬੱਸ ਉਥੇ ਚੱਲਦੀ ਹੈ ਉਹੀ ਚੱਲੇਗੀ ਅਤੇ ਨਵੀਂ ਨਹੀਂ ਚਲਾ ਸਕਦੇ।

Master Mohan Lal: I seek your protection, Sir. ਉਥੇ ਲੋਕਾਂ ਵਿਚ ਬੜੀ ਹਾਹਾਕਾਰ ਹੈ। ਇਹ ਇਕਨਾਮੀਕਲ ਰੂਟ ਤੇ ਬੱਸ ਚਲਾਉਣ ਤਾਂ ਇਨ੍ਹਾਂ ਨੂੰ ਕਮਾਈ ਦਾ ਸਾਧਨ ਹੋ ਸਕਦਾ ਹੈ ਅਤੇ ਲੋਕਾਂ ਨੂੰ ਵੀ ਫਾਇਦਾ ਹੁੰਦਾ ਹੈ। ਸਪੀਕਰ ਸਾਹਿਬ, ਇਸ ਦੇ ਪਿਛੇ ਸਾਜਿਸ਼ ਹੈ। ਉਸ ਨੂੰ ਦੇਖਿਆ ਜਾਵੇ। ਪ੍ਰਾਈਵੇਟ ਬੱਸ ਜਿਹੜੀ ਚੱਲਦੀ ਹੈ ਉਸ ਦੇ ਇਨਫਲੂਐਂਸ ਥੱਲੇ, ਉਸ ਦੇ ਪ੍ਰਭਾਵ ਥੱਲੇ ਆ ਕੇ ਇਨ੍ਹਾਂ ਨੇ ਬੱਸ ਬੰਦ ਕੀਤੀ ਹੈ। ਪਹਿਲਾਂ ਉਥੇ ਵਜ਼ੀਰ ਸਾਹਿਬ ਨੇ ਕਹਿ ਕੇ ਬੱਸ ਸਟਾਰਟ ਕੀਤੀ ਸੀ।

ਸ਼੍ਰੀ ਸਪੀਕਰ: ਵਜ਼ੀਰ ਸਾਹਿਬ ਨੇ ਤੁਹਾਨੂੰ ਦੱਸ ਦਿਤਾ ਸੀ ਕਿ ਇਕਨਾਮੀਕਲ ਵਾਏਬਲ ਨਹੀਂ ਹੈ। ਜੇ ਇਕਨਾਮੀਕਲ ਵਾਏਬਲ ਹੈ ਤਾਂ ਉਨ੍ਹਾਂ ਨੂੰ ਮਿਲ ਲਵੋ। ਉਹ ਦੇਖ ਲੈਣਗੇ ।

ਸੰਸਦੀ ਸਕੱਤਰ ਸਪੀਕਰ ਸਾਹਿਬ, ਇਹ ਆ ਜਾਣ ਅਤੇ ਦੱਸ ਦੇਣ। ਗੱਲ ਕਰ ਲਵਾਂਗੇ। ਉਸ ਰੂਟ ਤੇ ਕਿੰਨੀ ਰਿਸੀਟ ਹੈ, ਉਹ ਇਨ੍ਹਾਂ ਨੂੰ ਦੱਸ ਦਿਆਂਗੇ।

ਸ਼੍ਰੀ ਸਪੀਕਰ: ਤੁਸੀਂ ਉਨ੍ਹਾਂ ਨਾਲ ਗੱਲ ਕਰ ਲਵੋ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ' ਵਜ਼ੀਰ ਸਾਹਿਬ ਨੇ ਹੁਣੇ ਦੱਸਿਆ ਹੈ ਕਿ ਪੰਜਾਬ ਗੌਰਮਿੰਟ ਦਾ ਫੈਸਲਾ ਹੈ ਕਿ ਕੋਈ ਨਵੇਂ ਰੂਟ ਤੇ ਸਰਕਾਰੀ ਬੱਸ ਨਹੀਂ ਚੱਲਣੀ। ਮੈਂ ਤੁਹਾਡੇ ਰਾਹੀਂ ਉਨ੍ਹਾਂ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਫੈਸਲਾ ਬਲੈਂਕਟ ਹੈ ਕਿ ਕਿਸੇ ਨਵੇਂ ਰੂਟ ਤੇ ਸਰਕਾਰੀ ਬੱਸ ਨਹੀਂ ਚਲਾਉਣੀ ?

ਸੰਸਦੀ ਸਕੱਤਰ : ਇਹ ਫੈਸਲਾ ਕੀਤਾ ਗਿਆ ਸੀ ਅਤੇ ਇਹ ਪੰਜਾਬ ਗੌਰਮਿੰਟ ਦੀ ਪਾਲਿਸ਼ੀ ਮੁਤਾਬਿਕ ਹੈ। ਇਕ ਹਾਈ ਪਾਵਰਡ ਕਮੇਟੀ ਬਣਾਈ ਗਈ ਸੀ ਅਤੇ ਉਸ ਕਮੇਟੀ ਦੇ ਵਿਚ ਸਾਰੀਆਂ ਪਾਰਟੀਆਂ ਦੇ ਸੱਜਣ ਸਨ। ਉਸ ਕਮੇਟੀ ਦਾ ਇਹ ਫੈਸਲਾ ਹੈ ਅਤੇ ਉਸ ਦੇ ਮੁਤਾਬਿਕ ਚੱਲ ਰਹੇ ਹਾਂ ।

ਡਾਕਟਰ ਕੇਵਲ ਕ੍ਰਿਸ਼ਨ : ਉਨ੍ਹਾਂ ਨੇ ਕਿਹਾ ਹੈ ਕਿ ਇਕਨਾਮੀਕਲ ਵਾਏਬਲ ਨਹੀਂ ਹੈ ਇਸ ਕਰਕੇ ਰੂਟ ਨਹੀਂ ਚਲਾ ਸਕਦੇ। ਮੈਂ ਪੁੱਛਣਾ ਚਾਹੁੰਦਾ ਹਾਂ ਪੰਜਾਬ ਵਿਚ ਜਿਹੜੇ ਰੂਟ

[ਡਾਕਟਰ ਕੇਵਲ ਕ੍ਰਿਸ਼ਨ]

ਚੱਲ ਰਹੇ ਹਨ ਅਤੇ ਉਥੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਅਤੇ ਪੀ, ਆਰ. ਟੀ. ਸੀ. ਦੀਆਂ ਬੱਸਾਂ ਚਲਦੀਆਂ ਹਨ, ਕੀ ਉਹ ਇਕਨਾਮੀਕਲ ਵਾਏਬਲ ਹਨ ? ਕੀ ਇਸ ਬਾਰੇ ਇਹ ਅਸ਼ੋਅਰ ਕਰਨਗੇ ?

ਸੰਸਦੀ ਸਕੱਤਰ: ਮੈਂ ਪਹਿਲਾਂ ਵੀ ਜਵਾਬ ਦਿਤਾ ਸੀ ਕਿ ਇਕ ਹਾਈ ਪਾਵਰਡ ਕਮੇਟੀ ਬਣਾਈ ਸੀ ਅਤੇ ਉਸ ਦੇ ਮੁਤਾਬਿਕ ਸਰਕਾਰ ਦੀ ਪਾਲਿਸੀ ਹੈ ਕਿ ਨਵੇਂ ਰੂਟ ਨਹੀਂ ਦੇਣੇ ਇਸ ਲਈ ਅਸੀਂ ਨਵਾਂ ਰੂਟ ਨਹੀਂ ਦੇ ਸਕਦੇ , ਨਵਾਂ ਰੂਟ ਚਲਾ ਨਹੀਂ ਸਕਦੇ ।

Mr. Speaker : Shri Kataria.

Shri Brij Bhushan Mehra : Speaker Sahib......

Mr. Speaker : Please sit down. Please take your seat.

ਸ਼੍ਰੀ ਰਾਮ ਕਿਸ਼ਨ ਕਟਾਰੀਆ : ਮੈਂ ਜਾਣਨਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਜਿਹੜੇ ਰੂਟ ਬੰਦ ਹੋਏ ਸਨ ਉਨ੍ਹਾਂ ਬਾਰੇ ਮੈਂ ਪੁੱਛਿਆ ਸੀ ਤਾਂ ਮੈਨੂੰ ਕਿਹਾ ਗਿਆ ਸੀ ਕਿ ਮੈਂਬਰ ਗਲਤ ਕਹਿ ਰਹੇ ਹਨ । ਪਰ ਹੁਣ ਉਹ ਆਪ ਮੰਨ ਗਏ ਹਨ ਇਸ ਲਈ ਇਨ੍ਹਾਂ ਨੂੰ ਹੁਣ ਯਕੀਨ ਹੋ ਗਿਆ ਹੋਣਾ ਹੈ ਕਿ ਮੈਂ ਠੀਕ ਕਹਿ ਰਿਹਾ ਸੀ । ਸਪੀਕਰ ਸਾਹਿਬ, ਇਨ੍ਹਾਂ ਦੀ ਉਹ ਗੁੰਮਰਾਹਕੁਨ ਸਟੇਟਮੈਂਟ ਸੀ । ਇਸ ਲਈ ਕੀ ਇਹ ਉਨ੍ਹਾਂ ਰੂਟਾਂ ਤੇ ਬੱਸਾਂ ਚਲਾਉਣਗੇ ਜਿਹੜੇ ਬੜੀ ਦੇਰ ਤੋਂ ਰੂਟ ਚੱਲਦੇ ਸੀ ?

ਸੰਸਦੀ ਸਕੱਤਰ : ਇਹ, ਸਪੀਕਰ ਸਾਹਿਬ, ਮੈਂ ਉਦੋਂ ਵੀ ਕਿਹਾ ਸੀ ਅਰ ਅੱਜ ਫਿਰ ਕਹਿੰਦਾ ਹਾਂ ਕਿ ਉਹ ਰੂਟ ਅੱਜ ਵੀ ਚਲਦਾ ਹੈ । ਮੈਂ ਪਠਾਨਕੋਟ ਦੀ ਗੱਲ ਕਰਦਾ ਹਾਂ ਔਰ ਇਹ ਬਲਾਚੌਰ ਦੀ ਗੱਲ ਤੇ ਮੁੜ ਮੁੜ ਕੇ ਆ ਜਾਂਦੇ ਹਨ । (ਵਿਘਨ)

ਸ਼੍ਰੀ ਸਪੀਕਰ : ਕਟਾਰੀਆ ਸਾਹਿਬ ਨੂੰ ਤੁਸੀਂ ਬੁਲਾ ਕੇ ਉਨ੍ਹਾਂ ਦੀ ਤਸੱਲੀ ਕਰਵਾ ਦਿਓ ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਪੁੱਛਿਆ ਸੀ ਕਿ ਜੋ ਡਿਸੀਜ਼ਨ ਕੀਤਾ ਹੈ ਕੀ ਉਹ ਬਲੈਂਕਟ ਹੈ ਕਿ ਅਗੇ ਵਾਸਤੇ ਕੋਈ ਨਵਾਂ ਰੂਟ ਨਹੀਂ ਦਿਤਾ ਜਾਵੇਗਾ, ਇਨ੍ਹਾਂ ਨੇ ਜਵਾਬ ਦਿੱਤਾ ਹੈ ਕਿ ਹਾਈ ਪਾਵਰਡ ਕਮੇਟੀ ਦਾ ਫੈਸਲਾ ਸੀ । ਹਾਈ ਪਾਵਰਡ ਕਮੇਟੀ ਤਾਂ ਰਿਕੁਮੈਂਡੇਟਰੀ ਬਾਡੀ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਨੇ ਫੈਸਲਾ ਕਰ ਲਿਆ ਹੈ ? ਮੈਂ ਸਰਕਾਰ ਦੇ ਫੈਸਲੇ ਬਾਰੇ ਪੁੱਛਿਆ ਹੈ ਨਾ ਕਿ ਹਾਈ ਪਾਵਰਡ ਕਮੇਟੀ ਬਾਰੇ ?

ਸੰਸਦੀ ਸਕੱਤਰ : ਸਪੀਕਰ, ਮੈਂ ਦੱਸਿਆ ਹੈ ਕਿ ਜੋ ਹਾਈ ਪਾਵਰਡ ਕਮੇਟੀ ਦਾ ਫੈਸਲਾ ਸੀ ਉਹ ਕੈਬਨਿਟ ਵਿੱਚ ਆਇਆ ਔਰ ਕੈਬਨਿਟ ਨੇ ਫੈਸਲਾ ਕੀਤਾ ਕਿ ਜੋ ਹਾਈ ਪਾਵਰਡ ਕਮੇਟੀ ਦਾ ਫੈਸਲਾ ਹੈ ਉਹ ਠੀਕ ਹੈ ।

Lands of Municipal Corporation Ludhiana under unauthorised occupation

***760. Shri Om Parkash Gupta :** Will the Minister of State for Local Government be pleased to state the area of the land belonging to or maintained by the Municipal Corporation, Ludhiana, under unauthorised occupation of individuals alongwith the names of such individuals who are unauthorisedly occupying the said land ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : ਉਪਲੱਭਦ ਸੂਚਨਾ ਅਨੁਸਾਰ 180.49 ਏਕੜ ਜ਼ਮੀਨ ਅਣ-ਅਧਿਕਾਰਤ ਕਬਜ਼ੇ ਅਧੀਨ ਹੈ। ਇਸ ਵਿਚੋਂ 161.27 ਏਕੜ ਜ਼ਮੀਨ ਨਿਗਮ ਦੀ ਹੈ। ਅਣ-ਅਧਿਕਾਰਤ ਕਾਬਜ਼ਕਾਰਾਂ ਦੀ ਸੂਚੀ ਅਨੁਲਗ 'ਏ' ਤੇ ਹੈ। ਬਾਕੀ ਦੀ 19.22 ਏਕੜ ਜ਼ਮੀਨ ਦੀ ਦੇਖਭਾਲ ਵੱਖ ਵੱਖ ਨਗਰ ਯੋਜਨਾਬੰਦੀ ਸਕੀਮਾਂ ਅਧੀਨ ਨਿਗਰ ਨਿਗਮ ਵਲੋਂ ਕੀਤੀ ਜਾਂਦੀ ਹੈ। ਇਸ ਜ਼ਮੀਨ ਤੇ ਨਾਜਾਇਜ਼ ਕਾਬਜ਼ਕਾਰਾਂ ਦੀ ਸੂਚੀ ਅਨੁਲੱਗ 'ਬੀ' ਤੇ ਰੱਖੀ ਜਾਂਦੀ ਹੈ। ਅਨੁਲੱਗ 'ਏ' ਅਤੇ 'ਬੀ' ਸਦਨ ਦੀ ਮੇਜ਼ ਤੇ ਰੱਖੇ ਜਾਂਦੇ ਹਨ।

ANNEXURE 'A'

List of unauthorised occupants

1. S. Gokha Singh
2. S. Balwant Singh
3. S. Kaka Singh
4. S. Parkash Singh & others
5. S. Raj Motors, Sherpur Khurd
6. Gurdwara Sahib, Dhandari Kala
7. S. Ranjeet Singh
8. Preec Hostal, Mahal Bagat, Ahisan Road
9. S. Lachman Singh
10. S. Mansha Singh
11. S. Sher Singh & Others
12. S. Harbans Singh
13. S. Manohar Singh
14. S. Mann Singh
15. S. Mool Chand
16. S. Amar Singh
17. S. Surjit Singh
18. S. Raghbir Singh
19. Smt. Harnam Kaur
20. Sh. Dalwinder Singh
21. Smt. Mohinder Kaur
22. S. Jagjeet Singh
23. S. Thakur Singh
24. S. Bhupinder Singh
25. S. Pritam Singh
26. S. Mohan Singh
27. S. Harjeet Singh
28. S. Atma Singh
29. S. Amarjeet Singh
30. S. Mohan Singh
31. S. Amdeh Singh
32. Gurdwara Sabji Mandi, Ludhiana

[Minister of State for Local Government]

ANNEXURE 'B'

List of Unauthorised Occupants

Serial No.	Name of the occupants	Serial No.	Name of the occupants
	Sheep Shank Road Part-A	27.	Bachitar Singh
	Sarvshri/Shrimati—	28.	Joginder Singh
1,	Romesh Kumar	29.	Karnail Singh
2.	Harbans	30.	Major Kehar Singh
3	Paras Ram	31.	Captain R.S. Grewal
4.	Patel Chand	32.	Labh Singh
5.	Dina Ram	33.	Mohan Singh
6.	R.L. Jajju	34.	Randhir Singh
	Area No. 2 Part 2—	35.	A.S. Grewal
7.	Shri V. V. Datta	36.	Harbans Kaur
8.	Shakti Ram	37.	Karam Singh
9.	Gurmeet Singh	38.	Harbans Singh
	Area No. Part 2	39.	Mohinder Singh
10.	Chaman Lal	40.	Joginder Singh
11,	Ishar Singh	41.	Sher Singh
12.	Surjit Singh	42.	Parmatma Singh
13.	Bhagwant Singh	43.	Sajjan Singh
14.	Karam Singh	44.	Mangal Dsss
15.	Dalip Singh	45.	Gurbachan Singh
16.	Nand Sarup	46.	Harinder Singh
17.	Amar Singh	47.	Kartar Singh
18.	Gulzar Singh	48.	M.S. Mangat
19.	Nachhatar Singh	49.	H.S. Mangat
20.	Avtar Singh	50.	Eau Singh
21.	Pritam Singh	51.	Jagdev Singh
22.	Kartar Singh	52.	Bhajan Singh
23,	Prem Singh & Ekam Kaur	53.	Jagan Nath
24.	Joginder Singh	54.	Bachan Singh
25	Ram Singh	55.	Daulat Singh
26.	Dilbag Singh	56.	Bachitar Singh

Serial No.	Name of the occupants	Serial No.	Name of the occupants
	Sarvshri/Shrimati—	83.	Pritam Singh
57.	Banta Singh	84.	Puran Singh
58.	Inder Singh	85.	Kartar Singh
59.	Maghar Singh	85-A.	Lachhman Singh
60.	Piara Singh	86.	Teja Singh
61.	Gurbachan Singh	87.	Mehar Singh
62.	Bhajan Singh	88.	Kesar Singh
63.	Krishan Chand	89.	Mehar Singh
64.	Jagtar Singh	90.	Kulbhushan Chopra
	Gurdev Nagar Part II	91.	M/s. Supper Cycle Inds.
65.	Harbans Kaur	92.	Ashok Kumar
66.	Gurcharan Singh	93.	Mukhtiar Kaur
67.	Sher Singh	94.	Devinder Singh Garcha
68.	Kulwant Kaur	95.	R.N. Gupta
69.	Amar Raj Singh	96.	Jivan Singh
70.	Kultar Singh, Jagdish Singh Dalip Singh	97.	Nand Lal
		98.	Krishan Partap
71.	Gurdial Singh	99.	Jagir Singh
72.	Bir Singh	100.	Dr. H. K. Kainth
73.	Swarn Sing	101.	Kishori Lal
74.	Salig Ram, Iron Hard Market Arti Cinema	102.	Amrit Lal
	Gurdev Nagar Part III	103.	Tarlochan Singh
75.	Swarn Kaur	104.	Karnail Bhatal
76.	Dalip Singh	105.	Dr. J. R. Soffet
77.	Harbans Kaur	106.	Dalip Kaur
78.	Punam Gupta		**Area No. 6 Part III-A**
79.	Hoshiar Singh	107.	Achhar Singh
80.	Lakhmir Singh	108.	Mohan Lal
	Gurdev Nagar Part IV	109.	Mohan Singh
81.	Gurdev Kaur	110.	Niranjan Kaur
82.	Kanta Rani	111.	Mohan Singh

[Minister of State for Local Government]

Serial No.	Name of the occupants	Serial No.	Name of the occupants
	Sarvshri/Shrimati.		
112.	B.N. Sharma	142.	Pritam Singh
113.	Sital Kumar	143.	Ram Saran
114.	Lila Wanti	144.	Des Raj
115.	K.K. Rampal	145.	Yudh Singh
116.	H.S. Naj	146.	Raghbir Singh
117.	Sukhminder Singh	147.	Iqbal Kaur
118.	R.L. Phawa	148.	Harbant Singh
119.	S.K. Ghai	149.	Ajit Singh
120.	Vidya Wanti	150.	Harnam Singh
	Area No 6 Part III-A	151.	M.L. Manchanda
121.	Hira Lal Kapur	152.	Ch. Ram Kumar
122.	Rai Chand Ghai	153.	Pritam Singh
123.	Sudagar Singh	154.	Puran Singh
124.	Jit Singh	155.	Hira Valer
125.	Ramji Dass	156.	Dalip Singh Walia
126.	Kuljar Singh	157.	Chaman Lal
127.	Surinder Kumar	158.	Ramji Dass
128.	Lila Wanti	159.	Ram Sarup
129.	Balwant Singh	160.	Didar Singh
130.	Jaspal Singh	161.	Surjit Singh
131.	Mangal Singh	162.	Ram Rattan
132.	Amloak Singh	163.	Kartar Singh
133.	Partap Singh	164.	Khushi Ram
134.	Rajinder Singh	165.	Om Parkash
135.	Sita Devi	166.	Parma Nand
136.	Bhagwant Kaur	167.	Viran Wali
137.	Bhagwan Dass	168.	Jagdish Lal
138.	Partap Singh	169.	Amar Singh
139.	Jaswant Singh	170.	Laj Wanti
140.	Gurbachan Singh	171.	H.R. Aggarwal
141.	Daya Wanti	172.	Mohan Lal

Serial No.	Name of the occupants
	Sarvshri/Shrimati
173.	Joginder Singh
174.	Harbans Kaur
175.	Jagir Singh
176.	Ajit Singh
	Area No. 2 Part—I
176A	Satish Kumar
177.	Chet Singh
178.	Dara Singh
179.	Balwant Singh
180.	Gurdev Singh
181.	Jai Singh Grewal
182.	Lila Wanti Kapur
183.	Balraj Singh
184.	Raj Kumar
185.	Ajab Kaur
186.	Raj Mohni
187.	Gurbachan Singh
188.	Sh. Shanti Sarup
189.	Parshant Rai
	Ram Park
190.	Dwarka Dass
	Vidya Sagar Supplementary.
191.	Vidya Sagar & Sons
192.	Lachhman Dass Oswal
193.	M.L. Sehgal
194.	Hardev Sahai
195.	Shvil Dass
196.	Banarsi Devi
197.	Nirmal Singh
198.	Bhagat Saki
199.	Ram Murti
200.	Om Parkash
201.	Mohinder Singh
202.	Gursharan Singh
203	Chanan Lal
204.	Sat Paul
205.	Soma Wati
206.	Address Not Known
207.	Ditto
208.	Gurnam Singh
209.	Sawan Singh
210.	Swaran Lata Sud
211.	Address not known
212.	Ditto
213.	Mela Ram
214.	Chaman Lal
215.	Bhagwan Dass
216.	Om Parkash
217.	Lachhman
218.	Krishan Lal
219.	Jagdish Lal
220.	Address not known
221.	Ditto
222.	Jai Lal
223.	Subhash
224.	Harcharan Singh
225.	Address not known
226.	Karnail Singh
227.	Address not known
228.	Rashem Lal
229.	Slaughter House

[Minister of State for Local Government]

Serial No.	Name of the occupants
	Sarvshri/Shrimati
230.	Hans Raj
231.	Gulshan
232.	Lekh Raj
233.	Maya Devi
234.	Amar Nath
235.	Ram Lal
236.	Vijay Kumar
237.	Jiva Hai
238.	Nirmal Singh
239.	Nanak Chand
240.	Darbara Singh
241.	Natha Ram
242.	Amar Nath
243.	Amar Chand Mistri
244.	Harbhajan Singh
245.	Dhani Ram
246.	Address not known
247.	Ditto
248.	Ditto
249.	Ditto
250.	Ditto
251.	Om Parkash
252.	Address not known
253.	Harbhajan Singh
254.	Akash Kumar
255.	Prem Dut
256.	Laxmi Devi
257.	Raj Kumar
258.	Om Parkash
259.	Address not known
260.	Ditto
261.	Address not knwn
262.	Ditto
263.	Ditto
	New Shiv Puri Part II
264.	Jagdish Lal
265.	Mahavir
266.	Pritam
267.	Munshi Ram
268.	Sher Chand
269.	Manjog Singh
270.	Laj Wanti
271.	Bhag Singh
272.	Bali Ram
273.	Manohar Lal
274.	Sunder Lal
275.	Gokal Chand
276.	Parma Nand
277.	Khushi Ram
278.	Piare Lal
279.	Chaudhori
280.	Bhagwan Dass
281.	Bishambar Dass
282.	Yash Pal
283.	Parkash Kumar
284.	Address not known
285.	Lekh Raj
286.	Rajinder Kumar
287.	Malkiat Singh
288.	Madan Lal
289.	Ruldhu Ram
	Area No. 2 Part III
290.	Kulwant Singh

Serial No.	Name of the occupants
	Sarvshri/Shrimati
291.	Jaswant Kaur
292.	Kartar Singh
293.	Rajinder Pal
294.	Madan Gopal
295.	P.V. Bhardwaj
296.	Bishan Dass
	M.L. Nath / Others
297.	Bhagwan Singh
298.	Krishan Gopal
299.	Prem Nath Goel
300,	Om Shankar
301.	Manmohan Lal
302.	Rai Sahib Siri Krishan
303.	Raj Pal Bansal
304.	Lala Jagdish Sharma
305.	Mohinder Pal Singh
306.	Puran Nath Sehgal
307.	R.R. Sehgal
308.	Santosh Rani
309 to 313.	Address not known
314.	Faqir Chand
315.	Address not known
316.	Baldev Raj Koshal
317.	Chanan Ram
318.	Gurdev Singh
319. to 321.	Address not known
322.	Kundan Lal
323.	Address not known
324.	Ditto
325.	Tarsem Lal
326. to 329.	Address not known
330.	Gurdev Kaur
331	Soni
332.	Ram Rakesh Pal
333.	Address not known
334.	Ditto
335.	Tulsa Singh
336.	Ditto
337.	Subash Kumar
338. to 341.	Address not known
	T P Scheme of DHC-I Ghat
342.	Address not known
343.	Jagir Singh
344.	Address not known
345.	Ditto
	T .P. Scheme of Subedar Kartar Singh Part 'A'
346.	Ashar Singh
347.	V.V. Bindra
348.	Nirmala Kumari
349.	Manohar Lal
350.	Madan Gopal Singh
351.	Avtar Singh
352.	Kasturi Lal
353.	Raj Rani
354.	Bawa Singh
355.	Chaman Lal
356.	P.L. Joshi

[Mininster of State for Local Government]

Serial No.	Names of the occupants	Serial No.	Names of the occupants
	Sarvshri/Shrimati—		
357.	Krishan Lal	386.	Kartar Singh
358.	Sada Nand	387.	Jagvinder Singh
359.	Krishan Lal Malhotra	388.	Jaswant Singh
360.	Surinder Kumar	389.	V.N. Verma
361.	Ved Parkash	390.	S.P. Puri
362.	Ajit Singh	391.	Address not known
363.	Chuni Lal	392.	Prem Nath
364.	Rupinder Singh	393.	Naveen Devi
365.	Ravi Batra	394.	Surinder Singh
366.	Baldev Raj	395.	Prem Nath
367.	Phulan Rani	396.	Pulka Sahib
368.	Sethi College	397.	Harish Kumar
369.	Shanti Devi	398.	S. S. Verma
370.	Tarlochan Singh	399.	I.S. Sidhu
371.	Darbara Singh	400.	Land Mortgage Bank
372.	Rana Partap	401.	Address not known
373.	Address not known	402.	K. K. Dhir
374.	Som Nath	403.	Prem Dhir
375.	Joginder Kaur	404.	Address not known
376.	Ujjagar Singh	405.	Puran Singh
377.	Kartar Kaur	406.	Sahib Singh
378.	Jagtar Kaur	407.	Sham Lal Verma
379.	Rama Singh	408.	Om Parkash
380.	Ranjit Kaur	409.	Address not known
381	Surinder Kaur	410.	Punjab Home Garden
382.	Gian Kaur	411.	Joginder Singh
383.	Gurdwara	412.	Amar Nath
	Model Gram's T.P. Scheme	413.	Address not known
384.	Gurdwara	414.	Vijay Kumar
	Kuhmar Mandi	415.	Santosh Rani
385.	Dharam Singh	416.	Shiv Darshan Kumar

Serial No.	Namse of the occupants	Serial No.	Names of the occupants
	Sarvshri/Shrimati—	447.	Joginder Singh
417.	D. P. Garg	448.	Roop Lal
418.	Dalip Singh	449.	Rajinder Singh
419.	Hardial Kaur	450.	Asha Singh
420.	Karnail Kaur	451.	Mandir
421.	Harpal Kaur	452.	122/6
422.	Harpal Kaur	453.	Chardiwari
423.	Harpal Kaur	454.	Chardiwari
424.	Amarjeet Singh	455.	Chardiwari
425.	Surinder pal	456.	Park (Mandir)
426.	Balwant Singh	457.	106/107
427.	Surinder Singh	458.	Address not known
428.	N.S.	459.	R.D. Ishar
429.	Mukhtiar Singh	460.	Gita Bala
430.	R.S.	461.	Dalip Singh
431.	D.S. Labha	462.	Jagtar Singh
432.	Bakesar Singh	463.	Jaspal Singh
433.	Bhag Singh	464.	Hari Parshad
434.	Harbans Singh	465.	Ganesh
435.	Puro	466.	Nand Lal
436.	Kailash Chander	467.	Hira Lal
437.	Address not known	468.	Ranjeet Singh
438.	Harbans Singh	469.	Ranjeet Singh
439.	Malkiat Kaur	470.	Ranjeet Singh
440.	B.R.	471.	Ranjeet Singh
441.	K.S.	472.	Ranjeet Singh
442.	Harbans Singh	473.	Gurdev Singh
443.	B.R.		**Maler Kotla**
444.	Surinder Singh	474.	Banwari Lal
445.	Chardiwari	475.	Boundary Wall
446.	Amarjeet Singh	476.	Shanti Devi

[Minister of State for Local Governmeat]

Serial No.	Names of the occupants	Serial No.	Names of the occupants
	Sarvshri/Shrimati—	507.	Puran Chand
477.	Vishwa Mittal	508.	Amar Nath
478.	Satpal	509.	Radhe Sham
479.	Jagdish Chander	510.	Bartia Widia Mandir
480.	Parshotam Dass	511.	Daya Shankar
481.	Un Lal	512.	Desh Ram
482.	Amar Chand	513.	Ramesh Kumar
483.	Balak Ram		**Tagore Nagar Part B**
484.	Parkash Chand	514.	R.N. Aggarwal
485.	Brij Lal	515.	S.B. Khurana
486.	Bhajan	516.	Radhe Krishan Mandir
487.	Naseem	517.	Boundary Wall
488.	Baldev Sahai	518.	Bhogal Ram
489.	Dipak Mohindra	519.	Satpal Dhand
490.	Vidia Sagar	520.	Madhu Thapar
491.	Khushi Ram	521.	N.P. Nanda
492.	Kartar Singh	522.	P.N. Verma
493.	B.N. Sayal	523.	Sukhdev Singh
494.	Satpal	524.	Anita Bhalla
495.	T.D. Diwan	525.	Uma Shankar
496.	Jagdish Chand	526.	Ram Parkash
497.	A.P. Bhatia	527.	Ramesh Kumar
498.	Ram Singh Gill	528.	Surjeet Singh
499.	Raj Kumar	529.	S.L. Nanda
500.	Ram Singh	530.	Open
501.	K.R. Verma		**Tagore Nagar Part D**
502.	D.R. Verma	531.	Babu Ram Bachan Dass
503.	P.R. Sood	532.	Bharat Vaishnu Dhaba
504.	Gurbax Singh	533.	Dogra Ice Factory
505.	Sheela Wanti	534.	Vinod Kumar Amarit Lal
506.	Sushila Devi	535.	Prem Lata

Serial No.	Names of the occupants	Serial No.	Names of the occupants
	Sarvshri/Shrimati	566.	Kulwant Singh
536.	Pritpal Singh	567.	Hardial Singh
537.	K.K. Abi	568.	Dharam Pal
538.	J·R. Shah	569.	Manmohan Singh
539.	Nirmal Bila	570.	Raj Kumar
540.	J.C. Bala	571.	Pushpa Rani
541.	H.K. Sharma	572.	Ranjeet Kaur
542.	L. Chand.	573.	Gurcharan Singh
543.	Hari Chand	574.	Nahan Foundary Works
544.	Boundary Wall	575.	Harnam Singh
545.	Tarlochan Singh	576.	Bishan Datt
546.	Jasmail Kaur	577.	Amrit Lal
547.	Jawahar Singh	578.	Balwant Singh
548.	Boundary Wall	579.	Avtar Singh
549.	Ishar Singh	580.	Gurdial Kaur
550.	Harbans Kaur	581.	Mohan Singh
551.	Boundary Wall	582.	Boundary Wall
552.	Gurdeep Singh	583.	Hari Singh
553.	A. S. Garawal	584.	Mohinder Singh
554.	Mohinder Kaur	585.	K.K. Mehra
555.	Surjeet Singh	586.	Kulwant Singh Deol
556.	Gurdev Singh	587.	Raj Kamal
557.	Jeet Singh	588.	Kartar Singh
558.	Joginder Singh	589.	Mohan Lal
559.	Gurdwara	590.	Dina Nath
560.	Harashar Singh	591.	Shiv Ram
561.	Gurcharan Singh	592.	Gopi Lal Sita Ram
562.	Avtar Singh	593.	Major Sham La
563.	Satpal	594.	Surinder Kumar
564.	Satnam Singh		
	T.P. Scheme Sheep Shank Road Part—C		
565.	Sawran Singh		

[Minister of State for Local Government]

Serial No.	Names of the occupants	Serial No.	Names of the occupants
	Sarvshri/Shrimati	627.	Maya Wanti
595.	Hari Singh	628.	Dhan Kaur
596.	Bhagat Singh	629.	Nihal Kaur
597.	Ram Parkash Sharma	630.	G.G.N. College
598.	Bhag Wanti	631.	Kartar Singh
599.	Faqir Chand	632.	Dev Raj
600.	Sham Lal	633.	B.S. Thind
601.	Sardar Singh Gill		**Salem Tabri Area T.P. Scheme**
602.	A. S. Sidhu	634.	Som Nath
603.	Om Datt Sharma	635.	Shiv Mohan
604.	Kaka Singh	636.	Address not known
605.	Mehar Singh	637.	Ditto
606.	Hari Shankar Sharma	638.	Ditto
607.	Ajit Singh-Surinder Singh	639.	Ashok Kumar
608.	Prem Nath Sood	640.	Prem Nath
609.	Mohinder Singh	641.	Gurnam Lal
610.	Mandir Bhuri Wala	642.	Bishi
611.	Mall Singh	643.	Raj Rani
612.	Sant Nirankari Bhawan	644.	Address not known
613.	Mohan Lal	645.	Mohinder Dass
614.	Dya Singh	646.	Mukhtiar Singh
615.	Ajit Singh	647.	Bakhshish Singh
616.	Harbans Lal Dogra	648.	Address not known
617.	Bal Moti	649.	Ditto
618.	Rattna Kaur	650.	Dewan Chand
619.	O.P. Sood	651.	Surjit Kaur
620.	Didar Singh	652.	Surjit Singh
621.	Inderjit Singh	653.	G.S. Model School
622.	Jatinder Singh	654.	Inder Singh
623.	Kuljeet Singh	655.	Alwid Singh
624.	Sardari Lal Kapoor	656.	Raj Kumar
625.	Liak Singh	657.	Address not known
626.	Mandir Bhuriwala	658.	Govt. Primary School

Serial No.	Names of the occupants	Serial No.	Names of the occupants
	Sarvshri/Shrimati		
659.	Address not known	690.	Guru Ravi Dass Mandir
660.	Grover Model School	691.	Parshotam Lal
661.	Address not known	692.	Buta Ram
662.	Jiwan Mal	693.	Doaba Floor Mill
663.	Ram Parkash	694.	Kartar Singh
664.	Address not known	695.	Kaur Singh
665.	Mohan Lal	696.	Banwali Floor Mill
666.	Swarn Lata	697.	Dalbir Singh
667.	Bharat Bhushan	698.	Banarsi Lal
668.	Gulshan Rai	699.	Som Parkash
669.	Address not known	700.	Post Office
670.	J.P. Kohli	701.	Harnam Singh
671.	Address not known	702.	Harcharan Singh
672.	Tailak Raj	703.	Ram Nath
673.	Nepra Food Products	704.	Bal Mukand
674.	National Raj Factory	705.	Surinder Kaur
675.	Address not known	706.	Keshan Nand
676.	Sarn Das	707.	Sita Devi
677.	Boundary wall Address not known	708.	Address not known
678.	Ajit Singh	709.	Maya Rani
679.	Pritam Singh	710.	Harbans Singh
680.	Kartar Kaur	711.	Krishan Lal
681.	Krishan Rani	712.	Bali Narikhak M.C.
682.	Raunak Ram	713.	Locked
683.	P.L. Gupta	714.	Radeh Syam
684.	Hans Raj	715.	Sudershan
685.	Sat Paul Malhotra	716.	Address not known
686.	Address not known	717.	Address not known
687.	Address not known	718.	Amar Chand
688.	Baba Balak Nath Mandir	719.	Bal Mukand
689.	Rameshwar Dyal Mittal	720.	Boundary Wall

[Minister of State for Local Government]

Serial No.	Names of the occupants
	Sarvshri/Shrimati
721.	Ratan Kaur
722.	Address not known
723	Jhona Housry Mill
	Prem Nagar (Rose Garden)
724.	Hari Singh
725.	Bhagwan Dass
726.	Jiti Sharma
727.	M.R. Saini
728.	Amar Nath
729.	Labhu Ram
730.	Dilbar Singh
731.	Dharam Singh
732.	Government Primary School
733.	Karnail Singh
734.	Ishar Singh
735.	Ajit Singh
736.	Surjit Singh
	New Janta Nagar Part V.I.T.P. Scheme
737.	Address not known
738.	Address not known
739.	Gajjan Singh
740.	Address not known
741.	Address not known
742.	Harbans Singh
743.	Mohan Singh
744.	Gurbachan Singh
745.	Narmal Singh
746.	Bimla Devi
747.	Raghbir Singh
748.	Prem Lata
749.	Ajit Singh
750.	Parkash Kaur
751.	Parkash Kaur
752.	Kashmiri Lal
753	Jain Foundary
754	Asha Rani
755.	Santa Singh
756.	Amar Singh
757.	Santokh Singh
	Janak Puri Gali No. 3 and 6
758.	Nand Lal
759.	Jagdish Lal
760.	Boundary Wall
761.	Boundary Wall
762.	Sidhu Jain
763.	Gian Chand
764.	Som Nath
765.	Chuni Lal Sethi
766.	Krishan Kumar
767.	Ishar Singh
768.	Raj Ran
769.	Gurdev Kaur
770.	Devi Singh
771.	Rajinder Kaur
772.	Lal Singh
773.	Kashmira Singh
774.	Jasbir Singh
	Area No. 6 **Part 3B**
775.	Gurdip Singh Joginder Singh
776.	Banarsi Sagar
777.	Surinder Nath
778.	Joginder Singh
779.	Gurbachan Singh
780.	S.L. Gupta, K.L. Gupta

Serial No.	Names of the occupants	Serial No.	Names of the occupants
	Sarvshri/Shrimati—		
	T.P. Scheme Bachan Singh and others	812.	Gurcharan Singh
781.	Kishore Chand	813.	Harvir Singh
782.	Dharam Paul	814.	Ram Nath
783.	Sohan Singh	815.	Shiv Ram
784.	K. L. Meglani	816.	Suhag Rani
785.	Mohinder Singh	817.	Naval Kishor
786.	Darshan Lal	818.	Jatinder Singh
787.	Amar Chand	819.	Tarlok Chand
788.	Ram Parkash		T. P. scheme of Agriculture Form
789.	Hans Raj	820.	Kundan Lal
790.	Avinashi Ram	821.	Maghar Singh
797.	Bhagwanti Sood	822.	Baldev Rai and Bhagwant Rai
793.	Jagat Ram	823.	Arora Public City
794.	Boundary Wall	824.	Surinder Mohan
795.	Amarjit Kaur		
796.	Rattan Lal		TAGORE NAGAR PART A
797.	Dina Nath	825.	Boundary Wall
798.	Mahavir Parshad	826.	Arya College for Women
799.	Bimla Devi		
800.	Inder Jit Singh		NATIONAL ROAD AREA 2 PART III
801.	S. P. Sharma	827.	Gurcharan Kaur
802.	Rajinder Kaur	828.	Asa Singh
803.	Munshi Ram	829.	Amar Singh
804.	Harminder Singh	830.	Boundary Wall
805.	Brahm Nad	831.	Boundary Wall
806.	M. Mohan Sharma	832.	Door closed
807.	Mukhtiar Singh	833.	Kapoor's Depot
808.	Lekh Raj	834.	Surjit Kaur
809.	Hans Raj	835.	Mohan Lal
810.	N. S. Sharma	836.	Darbara Singh
811.	Param Sukh	837.	Amar Singh

[Minister of State for Local Government]

Serial No.	Names of the occupants	Serial No.	Names of the occupants
	Sarvshri/Shrimati—		
838.	Iser Dass	869.	Boundary Wall
839.	S. N. Model School	870.	Boundary Wall
840.	Bhag Singh	871.	K. L. Kanda
841.	R. N. Parbhakar	872.	Bachan Singh
842.	Temple	873.	Kulwant Singh
843.	Mala Ram		BACHAN SINGH & OTHERS
844.	Prabh Dayal		PART A
845.	Swaran Kumar	874.	Jamana Devi
846.	Arjan Singh	875.	Boundary Wall
847.	Mehar Singh	876.	Anup Singh
848.	Leela Wanti	877.	R. P. Sharma
849.	Door closed	878.	Om Parkash
850.	Amarjit Kaur	879.	Pritam Singh
851.	Manjit Singh	880.	Jagir Singh
852.	Boundary Wall	881.	Piary Lal
853.	Harbhajan Kaur	882.	Pushpa Wanti
854.	Amar Singh	883.	Sant Kumar
855.	Ram Lal	884.	Amrik Singh
856.	Balwant Singh	885.	Harbhajan Kaur
857.	P. D. Kakar	886.	Ami Chand
858.	Bihari Lal	887.	Kundan Lal
859.	Bachan Singh	888.	Mohan Singh
860.	Baljit Singh	889.	Swaran Kaur
861.	Sant Parkash	890.	Raj Kumari
862.	Balkrishan and Kewal Krishan	891.	Sat Pal
863.	Jai Singh	892.	Ramesh Lal
864.	Ram Singh	893.	Harbhajan Kaur
865.	Door closed	894.	Sant Lal
866.	Door closed	895.	Ashok Kumar
867.	Kapur Singh	896.	Chamba Ram
868.	Kapur Singh	897.	Address Not known

Serial No.	Names of the occupants	Serial No.	Names of the occupants
	Sarvshri/Shrimati—		
898.	Jagan Nath	926.	Gurdial Singh
899.	Inder Jit	927.	Santa Singh
900.	Manohar Singh	928.	Address not available
901.	Malik Devi	929.	Hardev Singh
902.	Amar Singh	930.	Sawaran Singh
903.	Gurmukh Singh	931.	Jagir Singh
904.	Gopal Dass	932.	Baldev Raj
905.	Milkhi Ram	933.	Kewal Singh
	SHEEP SHANK ROAD	934.	Rishi House
	PART B	935.	Sawaran Singh
906.	Boundary Wall	936.	Bhagwan Kaur
907.	Gurdial Singh	937.	Ajit Singh
908.	Bimla Sodhi	938.	Ram Parkash
909.	Balbir Singh	939.	..
910.	Dr. Jagjit Singh	940.	Shingara Singh
911.	E. K. Oswal	941.	Mukhtiar Singh
912.	Harbhajan Singh	942.	Jaswant Singh
		943.	Harjinder Singh
913.	O. P. Dhal	944.	Manmohan Singh
914.	Pran Nath	945.	Karnail Singh
915.	Door closed	946.	Rattan Singh
916.	S. N. Kanjewal	947.	Neenda
917.	Mand House	948.	Som Raj
	Area No. 6 Part 4 C (Supplementary)	949.	Ram Chander
918.	Jagjit Singh	950.	Ram Kumar
919.	Sant Singh	951.	Door closed
920.	S. Tara Sigh	952.	Jaswant Rai Arora
921.	Labh Singh	953.	Kabul Singh
922.	Harnam Dass	954.	Address is not available
923.	Bharpur Singh	955.	Rajinder Model School
924.	Diwan Singh	956.	Kailash Devi
925.	Ramesh Lal	957.	J. P. Jassowal

[Minister of State for Local Government]

Serial No.	Names of occupants	Serial No.	Names of occupants
	Sarvshri/Shrimati—		
958.	Walaiti Ram	999.	Foundation
959.	R. P. Platam	1000.	Chand Rani
960.	Address not available	1001.	Baldev Krishan
961.	Mangat Raj	1002.	Gurmel Singh
962.	Round Wall	1003.	S. S. Taneja
963.	Round Wall	1004.	Kamlesh Gupta
964.	Round Wall	1005.	Prem Nath
965.	Meena Rani	1006.	Ranjit Model School
966.	Foundation	1007.	Door closed
967.	Kuldip Kaur	1008.	O. L. Kapoor
968.	Gouri Shankar	1009.	Bhim Sain
969.	Foundation	1010.	Jiwan Singh
970.	Incomplete	1011.	Gian Chand
971.	Satpal	1012.	Round Wall
972.	Ranjit Singh	1013.	Door closed
973.	Door closed	1014.	Shri Niwas
974.	Rajinder Kumar	1015.	Door closed
975.	Foundation	1016.	Foundation
976.	Foundation	1017.	Foundation
977.	Rawinder Kumar	1018.	Hans Raj
978.	Ramesh	1019.	Bimla Rani
979.	R. K. Kalia	1020.	Foundation
980.	H. K. Bansal	1021.	Darshan Singh
981.	Kartar Singh	1022.	Foundation
982.	Ram Kishan	1023.	Foundation
983.	Sham Lal	1024.	Round Wall
984.	Vinod Kumari	1025.	Ujjal Singh
985.	Kashmiri Lal	1026.	Malkiat Singh
986.	Foundation	1027.	Boundary Wall
987.	Shiv Kumar	1028.	Foundation
988.	Foundation	1029.	Boundary Wall

Serial No.	Names of Occupants	Serial No.	Names of the Occupants
	Sarvshri/Shrimati—		
1030.	Boundary Wall	1039.	Parkash Chand
1031.	Durga Devi	1040.	Joginder Kaur
1032.	Sant Ram	1041.	Bhag Ram
1033.	Brij Lal		Atam Nagar Scheme
1034.	Ram Piari	1042.	Iqbal Singh Gill
1035.	Prem Chand	1043.	Dewa Singh
1036.	Foundation	1044.	Shadi Lal
1037.	Dharam Pal	1045.	Bhagat Singh
1038.	Chand Kumar		

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਬੇਨਤੀ ਸਵਾਲ ਵਿੱਚ ਕੀਤੀ ਸੀ ਕਿ "The area of land belonging to or maintained by the Corporation" ਇਨ੍ਹਾਂ ਨੇ ਇਹ ਗੱਲ ਤਾਂ ਕਲੀਅਰ ਨਹੀਂ ਕੀਤੀ ਪਰ ਇਕ ਪੁਰਾਣੀ ਲਿਸਟ ਮੈਨੂੰ ਭੇਜ ਦਿੱਤੀ ਹੈ ਜਿਸ ਦੀ ਕੋਈ ਰੈਲੇਵੈਂਸੀ ਨਹੀਂ ਰਹੀ । ਬੇਨਤੀ ਇਹ ਹੈ ਕਿ ਇਹ ਜਿਹੜੀ ਲਿਸਟ ਹੈ ਗੌਰਮਿੰਟ ਕੋਲੋਂ ਕੋਈ ਲਿਸਟ ਆਈ ਸੀ ਸਕੀਮਾਂ ਅਪਰੂਵ ਕਰਨ ਦੀ, ਉਸ ਦੇ ਵਿਚੋਂ ਜ਼ਮੀਨਾਂ ਵੇਚੀਆਂ ਗਈਆਂ, ਵਿਚੋਂ ਪਾਰਕ ਵੇਚੇ ਗਏ, ਉਸ ਦੇ ਵਿੱਚ ਮਨਜ਼ੂਰੀ ਹੋਈ ਹੈ ਕਾਰਪੋਰੇਸ਼ਨ ਵਲੋਂ ਬਿਲਡਿੰਗ ਬਣਾਉਣ ਦੀ, ਇਸ ਦੇ ਵਿੱਚ ਫਿਰ ਕੋਈ ਰੈਲੇਵੈਂਸੀ ਨਹੀਂ ਰਹਿ ਜਾਂਦੀ । ਮੈਂ ਡਾਇਰੈਕਟ ਕੁਐਸਚਨ ਕਰਦਾ ਹਾਂ ਕਿ ਰੀਸੈਂਟਲੀ 3–4 ਅਕਾਲੀ ਵਰਕਰਾਂ ਨੇ ਜਿਥੇ 5 ਕਰੋੜ 70 ਲੱਖ ਰੁਪਏ ਦਾ ਬੈਂਕ ਵਿੱਚ ਡਾਕਾ ਪਿਆ ਹੈ ਉਸ ਦੇ ਸਾਹਮਣੇ ਵੱਡੀ ਪਾਰਕ ਹੈ, ਜਿਸ ਤੇ ਉਨ੍ਹਾਂ ਨੇ ਨਾਜਾਇਜ਼ ਕਬਜ਼ਾ ਕਰ ਲਿਆ, ਕਾਰਪੋਰੇਸ਼ਨ ਉਸ ਨੂੰ ਮੇਨਟੇਨ ਕਰਦੀ ਹੈ, ਉਹ ਸਕੀਮ ਇੰਡਸਟਰੀ ਦੀ ਕਾਰਪੋਰੇਸ਼ਨ ਨੂੰ ਟਰਾਂਸਫਰ ਕਰ ਦਿੱਤੀ ਹੈ ਉਸ ਦਾ ਕੋਈ ਜ਼ਿਕਰ ਨਹੀਂ ਹੈ । ਇਸੇ ਤਰ੍ਹਾਂ 3–4 ਹੋਰ ਪਾਰਕਸ ਹਨ ਜਿਥੇ ਇਨ੍ਹਾਂ ਦੇ ਵਰਕਰਜ਼ ਨੇ ਕਬਜ਼ਾ ਕੀਤਾ ਹੈ ਔਰ ਸਰਕਾਰ ਦੀ ਸ਼ਹਿ ਨਾਲ ਖਾਲੀ ਨਹੀਂ ਕਰ ਰਹੇ, ਕੀ ਇਸ ਦੇ ਬਾਰੇ ਮਨਿਸਟਰ ਸਾਹਿਬ ਕੋਈ ਡੀਟੇਲ ਦੱਸਣਗੇ ?

ਰਾਜ ਮੰਤਰੀ, ਸਥਾਨਕ ਸਰਕਾਰ: ਸਪੀਕਰ ਸਾਹਿਬ, ਇਕ ਪੁਆਇੰਟ ਦਾ ਇਨ੍ਹਾਂ ਨੇ ਦੱਸਿਆ ਹੈ, ਬਹੁਤ ਵੱਡਾ ਸ਼ਹਿਰ ਹੈ ਹਰ ਇਕ ਪੁਆਇੰਟ ਦਾ ਨਹੀਂ ਪਤਾ ਲਗ ਸਕਦਾ, ਇਸ ਦੀ ਇਨਕੁ-ਆਇਰੀ ਕਰਵਾ ਕੇ ਮੈਂ ਇਨ੍ਹਾਂ ਨੂੰ ਦੱਸ ਦੇਵਾਂਗਾ ਅਤੇ ਲਿਖ ਕੇ ਭੇਜ ਦੇਵਾਂਗਾ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਸਰਕਾਰ ਦੇ ਅੱਗੇ ਹੀ ਫਾਈਨਾਂਸਿਜ਼ ਵੀਕ ਹਨ, ਕਾਰਪੋਰੇਸ਼ਨ ਦੇ ਫਾਈਨਾਂਸਿਜ਼ ਵੀਕ ਹਨ, ਇਹ ਪੈਸੇ ਦੀਆਂ ਚੀਜਾਂ ਹਨ (ਇੱਕ ਆਵਾਜ਼ : ਤੁਹਾਡੇ ਬੰਦਿਆਂ ਨੇ ਕਬਜ਼ਾ ਕੀਤਾ ਹੈ) ਕੋਈ ਵੀ ਹੋਵੇ, ਚਾਹੇ ਕੋਈ ਕਾਂਗਰਸੀ ਹੋਵੇ, ਜਨਸੰਘੀ ਹੋਵੇ ਜਾਂ ਅਕਾਲੀ ਹੋਵੇ, ਕੋਈ ਵੀ ਹੋਵੇ, ਨਜਾਇਜ਼ ਕਬਜ਼ਾ ਕੋਈ ਵੀ ਕਰੇ ਇਹ ਸਾਰੇ ਖਾਲੀ ਹੋਣੇ ਚਾਹੀਦੇ ਹਨ । ਕੀ ਮਨਿਸਟਰ ਸਾਹਿਬ ਇਸ ਤਰ੍ਹਾਂ ਦੀਆਂ ਕੋਈ ਇਨਸਟ੍ਰਕਸ਼ਨਜ਼ ਕਰਨਗੇ ਕਿ ਜਿਸਦਾ ਨਕਸ਼ਾ ਪਾਸ ਨਹੀਂ ਹੋਇਆ ਕਾਰਪੋਰੇਸ਼ਨ ਹਰ ਵੇਲੇ ਇੰਟਰਫੀਅਰ ਕਰ ਸਕਦੀ ਹੈ ?

ਰਾਜ ਮੰਤਰੀ : ਜੇਕਰ ਨਾਜਾਇਜ਼ ਕਬਜ਼ਾ ਹੋਵੇਗਾ ਅਤੇ ਨਕਸ਼ਾ ਪਾਸ ਨਹੀਂ ਹੋਵੇਗਾ ਤਾਂ ਜ਼ਰੂਰ ਖਿਆਲ ਕੀਤਾ ਜਾਵੇਗਾ ।

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੀਆਂ ਜਗ੍ਹਾ ਤੇ ਛੋਟੇ ਛੋਟੇ ਖੋਖੇ ਅਤੇ ਫੜ੍ਹੀਆਂ ਵਗੈਰਾ ਲਾ ਕੇ ਗਰੀਬ ਆਦਮੀ ਬੈਠੇ ਹੋਏ ਹਨ । ਐਸੇ ਕੇਸਾਂ ਵਿਚ ਕੀ ਉਨ੍ਹਾਂ ਨੂੰ ਉਹ ਥਾਂ ਰੈਗੂਲਰ ਕਰ ਦੇਣਗੇ ?

ਰਾਜ ਮੰਤਰੀ : ਇਹ ਤਾਂ ਜੀ ਮੌਕੇ ਤੇ ਵੇਖ ਲਿਆ ਜਾਵੇਗਾ ਅਤੇ ਹਰ ਇਕ ਪਲਾਟ ਦਾ ਅਲਹਿਦਾ ਅਲਹਿਦਾ ਕੀਤਾ ਜਾਏਗਾ ।

House Tax Exemption

***741. Shri Harnam Dass Johar, Advocate :** Will the Minister of State for Local Government be pleased to state whether the Government proposes to exempt the owners of Cottage Industries opened in their houses from the payment of House Tax ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : ਨਹੀਂ ਜੀ ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮੇਰਾ ਸੁਆਲ ਇਹ ਸੀ ਕਿ ਛੋਟੇ ਛੋਟੇ ਲੋਕ ਕਾਟੇਜ ਇੰਡਸਟਰੀ ਆਪਣੇ ਛੋਟੇ ਛੋਟੇ ਮਕਾਨਾਂ ਦੇ ਅੰਦਰ ਚਲਾ ਰਹੇ ਹਨ, ਕੀ ਉਨ੍ਹਾਂ ਨੂੰ ਹਾਊਸ ਟੈਕਸ ਦੀ ਐਗਜ਼ੈਂਪਸ਼ਨ ਦੇਣਗੇ ? ਇਨ੍ਹਾਂ ਨੇ ਕਿਹਾ ਹੈ ਕਿ ਨਹੀਂ ਜੀ । ਮੈਂ ਕਹਾਂਗਾ ਕਿ ਲੁਧਿਆਣਾ ਵਿਚ ਜਵਾਹਰ ਨਗਰ ਹੈ ਉਥੇ ਲੋਕਾਂ ਨੂੰ ਪਾਰਟੀਸ਼ਨ ਦੇ ਟਾਈਮ ਤੇ 30, 30 ਗਜ਼ ਦੇ ਪਲਾਟ ਦਿਤੇ ਗਏ ਸਨ, ਇਸ ਤਰ੍ਹਾਂ ਅਬਦੁਲਾਹ ਨਗਰ ਹੈ ਉਥੇ ਵੀ 30-30, 40-40, 50-50 ਗਜ਼ ਦੇ ਪਲਾਟ ਦਿਤੇ ਗਏ ਸਨ, ਫਿਰ ਦਸ਼ਮੇਸ਼ ਨਗਰ ਹੈ, ਗਿੱਲ ਰੋਡ ਹੈ, ਉਹ ਲੋਕ ਉਥੇ ਉਨ੍ਹਾਂ ਛੋਟੇ ਛੋਟੇ ਮਕਾਨਾਂ ਵਿਚ ਰਹਿੰਦੇ ਹਨ ਅਤੇ ਛੋਟਾ ਮੋਟਾ ਕੰਮ ਵੀ ਕਰਦੇ ਹਨ, ਜਿਸ ਤਰ੍ਹਾਂ ਸਾਈਕਲਾਂ ਦੀਆਂ ਸੀਟਾਂ ਦੇ ਕਵਰ ਬਣਾਉਣਾ, ਬਟਨ ਲਗਾਉਣਾ ਆਦਿ । ਪਰ ਉਨ੍ਹਾਂ ਲੋਕਾਂ ਤੇ ਹਾਊਸ ਟੈਕਸ ਲਗਦਾ ਹੈ । ਮੈਂ ਤੁਹਾਡੇ ਰਾਹੀਂ ਪ੍ਰਾਰਥਨਾ ਕਰਾਂਗਾ ਕਿ ਇਹੋ ਜਿਹੇ ਗਰੀਬ ਲੋਕਾਂ ਨੂੰ ਜਿਹੜੇ ਆਪਣੇ ਹੱਥ ਨਾਲ ਕੰਮ ਕਰਕੇ ਰੋਟੀ ਕਮਾਉਂਦੇ ਹਨ ਔਰ ਟੈਕਸ ਦੇਣ ਦੇ ਕਾਬਲ ਨਹੀਂ ਕੀ ਉਨ੍ਹਾਂ ਨੂੰ ਐਗਜ਼ੈਂ-ਪਸ਼ਨ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਹੋਲਸੇਲ ਵਿਚ ਤਾਂ ਕੀਤਾ ਨਹੀਂ ਜਾ ਸਕਦਾ, ਜੇਕਰ ਇਕੱਲਾ ਇਕੱਲਾ ਅਰਜ਼ੀ ਦੇਵੇਗਾ ਤਾਂ ਵਿਚਾਰ ਕੀਤਾ ਜਾਵੇਗਾ । ਅੱਗੇ ਵੀ ਕਈ ਕੇਸਾਂ ਵਿਚ ਜਿਵੇਂ ਕੋਈ ਬੇਵਾ ਹੈ, ਵਿਚਾਰ ਕੀਤਾ ਗਿਆ ਹੈ । ਜੇਕਰ ਕੋਈ ਇਹੋ ਜਿਹੇ ਕੇਸ ਹੋਣਗੇ ਤਾਂ ਉਨ੍ਹਾਂ ਨੂੰ ਵੀ ਐਗਜ਼ੈਂਪਸ਼ਨ ਦੇਣ ਦੀ ਕੋਸ਼ਿਸ਼ ਕਰਾਂਗੇ ਲੇਕਿਨ ਸਾਡੀ ਕਾਰਪੋਰੇਸ਼ਨ ਦੀ ਹਾਲਤ ਤਾਂ ਪਹਿਲਾਂ ਹੀ ਮਾੜੀ ਹੈ, ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਜੇਕਰ ਇਹੋ ਜਿਹੇ ਕੇਸ ਹੋਣ ਤਾਂ ਭੇਜ ਦੇਣ ਮੈਂ ਮਹਿਕਮੇ ਦੀ ਡਿਊਟੀ ਲਗਾ ਦਿਆਂਗਾ ਅਤੇ ਜੇ ਕੋਈ ਜੈਨੁਅੱਨ ਕੇਸ ਹੋਇਆ ਤਾਂ ਵਿਚਾਰ ਕਰਾਂਗੇ ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਕੁਝ ਤਾਂ ਇਨ੍ਹਾਂ ਨੇ ਰਹਿਮ ਦਿਲੀ ਦਿਖਾਈ ਹੈ ਕਿ ਇਹ ਇੰਡਵਿਜੁਅੱਲ ਕੇਸਾਂ ਵਿਚ ਕਰ ਦੇਣਗੇ । ਸਪੀਕਰ ਸਾਹਿਬ, ਜਿਸ ਤਰ੍ਹਾਂ ਤੁਹਾਨੂੰ ਪਤਾ ਹੈ ਕਿ ਇਹ ਬਹੁਤ ਮੁਸ਼ਕਲ ਹੈ ਕਿ ਹਰ ਬੰਦਾ ਦਰਖਾਸਤ ਲੈ ਕੇ ਜਾਵੇ ਔਰ ਐਗਜ਼ੈਂਪਸ਼ਨ ਲਏ

ਕੀ ਸਰਕਾਰ ਇਹ ਵਿਚਾਰ ਕਰਕੇ ਅਤੇ ਕੋਈ ਲਿਮਿਟ ਰਖਕੇ ਅਤੇ ਜਿਹੜੇ ਛੋਟੇ ਘਰਾਂ ਦੇ ਅੰਦਰ ਆਪਣੇ ਆਪ ਕੰਮ ਕਰਦੇ ਹਨ ਅਤੇ ਕੋਈ ਇੰਪਲਾਈ ਨਹੀਂ ਰਖਿਆ ਹੋਇਆ, ਕੋਈ ਹੈਲਪਰ ਰਖਿਆ ਹੋਇਆ ਹੈ, ਕੀ ਉਨ੍ਹਾਂ ਨੂੰ ਐਗਜ਼ੈਂਪਟ ਕਰ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਜੇ ਕੋਈ ਦਰਖਾਸਤ ਦੇਵੇਗਾ ਤਾਂ ਦੇਖ ਲਵਾਂਗੇ ਕਿ ਆਇਆ ਘਰ ਵੀ ਉਥੇ ਹੈ, ਇੰਡਸਟਰੀ ਵੀ ਉਥੇ ਹੈ ਤਾਂ ਵਿਚਾਰ ਕਰਾਂਗੇ । ਵੈਸੇ ਜਿਸ ਤਰ੍ਹਾਂ ਫਾਈ- ਨਾਸ਼ਲ ਪੋਜ਼ੀਸ਼ਨ ਇਜਾਜ਼ਤ ਦੇਵੇਗੀ, ਵੇਖਾਂਗੇ ਪਰ ਹੋਲ ਸੇਲ ਤਾਂ ਨਹੀਂ ਹੋ ਸਕਦਾ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਦੋ ਸੌ ਗਜ਼ ਤਕ ਜਿੰਨੇ ਪਲਾਟ ਹਨ ਉਨ੍ਹਾਂ ਲਈ ਹਾਊਸ ਟੈਕਸ ਦੀ ਐਗਜ਼ੈਪਸ਼ਨ ਦੇਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਹਾਊਸਿਜ਼ ਵਿਚ ਉਹ ਰੋਟੀ ਪਕਾਉਂਦੇ ਹਨ, ਲੈਟਰਿਨ ਵੀ ਉਥੇ ਹੈ, ਇੰਡਸਟਰੀ ਵੀ ਉਥੇ ਹੈ ਅਤੇ ਸਭ ਕੁੱਝ ਦਾ ਅਰੇਂਜਮੈਂਟ ਉਥੇ ਹੈ। ਉਹ ਗਰੀਬ ਆਦਮੀ ਥੋਹੜਾ ਬਹੁਤ ਕੰਮ ਕਰ ਲੈਂਦਾ ਹੈ । ਸਾਡੇ ਲੁਧਿਆਣਾ ਵਿਚ ਡਿਵੈਲਪਮੈਂਟ ਸਮਾਲ ਸਕੇਲ ਇੰਡਸਟਰੀ ਦੀ ਇਸ ਤਰ੍ਹਾਂ ਸ਼ੁਰੂ ਤੋਂ ਹੋਈ ਹੈ ਕਿ ਛੋਟੀ ਛੋਟੀ ਮਸ਼ੀਨਰੀ ਤੇ ਉਥੇ ਹੱਥ ਨਾਲ ਕੰਮ ਕਰਦੇ ਹਨ ਅਗੇ ਉਥੇ ਕੋਈ **ਟੈਕਸ** ਨਹੀਂ ਲੈਂਦਾ ਸੀ ਦੋ ਸੌ ਗਜ਼ ਤੇ । ਤੁਸੀਂ ਤਾਂ ਜਾਣਦੇ ਹੋ ਕਿ ਜਿਹੜਾ ਪੈਸੇ ਦੇ ਦਿੰਦਾ ਹੈ ਉਹ ਮੁਆਫ ਕਰਾ ਲੈਂਦਾ ਹੈ ਜਿਹੜਾ ਪੈਸੇ ਨਹੀਂ ਦੇ ਸਕਦਾ ਉਸ ਤੇ ਟੈਕਸ ਲੱਗਾ ਰਹਿੰਦਾ ਹੈ । ਇਸ ਦੇ ਲਈ ਇਕ ਜਨਰਲ ਪਾਲਿਸੀ ਹੋਣੀ ਚਾਹੀਦੀ ਹੈ ਕਿ ਜੇ ਉਥੇ ਕੋਈ ਕਾਰਖਾਨਾ ਨਹੀਂ, ਬਿਜਲੀ ਨਹੀਂ ਅਗਰ ਘਰ ਹੈ ਕੋਈ ਦੁਕਾਨ ਨਹੀਂ ਤਾਂ ਇਸ ਦੇ ਲਈ ਕੋਈ ਜਨਰਲ ਪਾਲਿਸੀ ਡਿਕਲੇਅਰ ਕਰਨੀ ਚਾਹੀਦੀ ਹੈ ।

ਸ੍ਰੀ ਸਪੀਕਰ : ਜਿਹੜੀ ਤਜ਼ਵੀਜ਼ ਰੱਖੀ ਹੈ ਮੈਂ ਸਮਝਦਾ ਹਾਂ ਕਿ ਇਸ ਵਿਚ ਵਜ਼ਨ ਹੈ ਤੁਸੀਂ ਐਗਜ਼ਾਮਿਨ ਕਰਵਾ ਲਵੋ । You examine the cases he wants to refer to you.

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਅਸੀਂ ਦੋ ਸੌ ਗਜ਼ ਮਕਾਨਾਂ ਦੀ ਗੱਲ ਕਰਦੇ ਹਾਂ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀ ਲਿਮਿਟ ਜ਼ਰੂਰ ਹੋਣੀ ਚਾਹੀਦੀ ਹੈ ਤਾਂ ਜੋ ਇਸ ਨੂੰ ਕਮਰਸ਼ੀਅਲ ਕਰਾਰ ਨਾ ਕੀਤਾ ਜਾਵੇ । ਇਕ ਦੋ ਕਮਰਿਆਂ ਦਾ ਸਮਾਨ ਹੁੰਦਾ ਹੈ ਜਿਸ ਵਿਚ ਸਾਰੇ ਹੀ ਸੌਂਦੇ ਹਨ, ਖਾਣ ਪੀਣ ਦਾ ਸਾਰਾ ਹੀ ਇੰਤਜ਼ਾਮ ਹੁੰਦਾ ਹੈ, ਜੇਕਰ ਧੋਬੀ ਹੈ ਤਾਂ ਉਹ ਉਥੇ ਹੀ ਕੱਪੜੇ ਪ੍ਰੈਸ ਕਰਦਾ ਹੈ, ਉਥੇ ਹੀ ਰਹਿੰਦਾ ਹੈ, ਉਥੇ ਹੀ ਸੌਂਦਾ ਹੈ । ਜੇਕਰ ਉਹ ਕਪੜੇ ਉਥੇ ਪ੍ਰੈਸ ਕਰ ਲਵੇ ਤਾਂ ਉਸ ਨੂੰ ਕਮਰਸ਼ੀਅਲ ਕਰਾਰ ਦਿੱਤਾ ਜਾਂਦਾ ਹੈ। ਇਸ ਲਈ ਜਿਹੜੀ ਕਾਟੇਜ ਇੰਡਸਟਰੀ ਮਾੜੀ ਮੋਟੀ ਹੁੰਦੀ ਹੈ ਉਸ ਨੂੰ ਕਮਰਸ਼ੀਅਲ ਹਾਊਸ ਨਾ ਕਰਾਰ ਦਿੱਤਾ ਜਾਵੇ ।

ਰਾਜ ਮੰਤਰੀ : ਸੈਸ਼ਨ ਖਤਮ ਹੋਣ ਤੋਂ ਬਾਦ ਇਹ ਮੇਰੇ ਕੋਲ ਆ ਜਾਣ ਮੈਂ ਸਾਰੀ ਗੱਲ ਤੇ ਵਿਚਾਰ ਕਰ ਲਵਾਂਗਾ ।

Permits issued to cut the trees in District Hoshiarpur

***674. Shri Ram Kishan Kataria** : Will the Minister of State for Forests be pleased to state—

(a) the number of permits issued to cut the trees during the year 1984-85, 1985-86 and 1986-87 in District Hoshiarpur :

(b) the number of trees which were allowed to be cut by the permit holders during the period referred to in part (a) above ?

Sardar Surinderpal Singh Thamanwal : (a) The number of permits issued to cut the trees yearwise is—

1984-85	..	182
1985-86	..	293
1986-87 (upto 14-3-87)	..	102
Total	..	577

(b) The number of trees which were allowed to be cut by permit holders yearwise is :—

1984-85	..	78,927
1985-86	..	1,48,322
1986-87 (up to 14-3-87)	..	3,751
Total	..	2,31,000

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਇਹ ਪਹਿਲੀ ਵਾਰੀ ਪਹਿਲਾ ਪ੍ਰੋਗਰਾਮ ਹੈ ਜਿਥੇ ਕਿ ਪਰਮਿਸ਼ਨ ਮਿਲੀ ਹੈ ਕੰਡੀ ਏਰੀਆ ਦੇ ਵਿਚ ਜਿਸ ਦੇ ਮੁਤਾਬਿਕ 1985-86 ਵਿਚ 1,48,322 ਦਰਖਤ ਕੱਟਣ ਦੀ ਔਰ 1986-87 ਵਿਚ ਕੇਵਲ 3,751 ਦੀ ਇਜ਼ਾਜ਼ਤ ਮਿਲੀ ਹੈ । ਸਪੀਕਰ ਸਾਹਿਬ, ਉਥੇ 79 ਪ੍ਰਤੀਸ਼ਤ ਜੰਗਲ ਦੀ ਪ੍ਰਾਈਵੇਟ ਓਨਰਸ਼ਿਪ ਹੈ ਔਰ 21 ਪ੍ਰਤੀਸ਼ਤ ਦੇ ਕਰੀਬ ਸਰਕਾਰੀ ਓਨਰਸ਼ਿਪ ਹੈ । ਪ੍ਰਾਈਵੇਟ ਓਨਰਸ਼ਿਪ ਜਿਹੜੀ ਹੈ ਉਨ੍ਹਾਂ ਲੋਕਾਂ ਦੀ ਚਾਰ ਚਾਰ ਏਕੜ ਤੋਂ ਜ਼ਿਆਦਾ ਜ਼ਮੀਨ ਹੈ, ਨਹੀਂ ਤਾਂ ਇਕ ਦੋ ਏਕੜ ਹੀ ਓਨ ਕਰਦੇ ਹਨ । ਇਹ ਕੋਈ ਐਸੀ ਲਿਮਿਟ ਬਣਾ ਦੇਣ ਪਰ ਹੁਣ ਬਹੁਤ ਲੰਬਾ ਪਰਾਸੈਸ ਹੈ ਦਰਖਤ ਕੱਟਣ ਦੀ ਪਰਮਿਸ਼ਨ ਲੈਣ ਵਾਸਤੇ । ਅਪਲਾਈ ਕੀਤਾ ਜਾਂਦਾ ਹੈ, ਡੀ.ਐਫ.ਓ. ਪਾਸ ਕੇਸ ਜਾਂਦਾ ਹੈ ਔਰ ਘੱਟੋ ਘੱਟ ਦੋ ਮਹੀਨੇ ਇਸ ਤਰ੍ਹਾਂ ਲਗ ਜਾਂਦੇ ਹਨ । ਕੇਸ ਅਪਟੂ ਚੀਫ ਕੰਜ਼ਰਵੇਟਰ ਆਫ ਫਾਰੈਸਟਸ ਪਾਸ ਜਾਂਦਾ ਹੈ । ਇਹ ਪ੍ਰੋਸੀਜਰ ਏਨਾਂ ਡਿਫੀਕਲਟ ਬਣਾਇਆ ਹੋਇਆ ਹੈ ਕਿ ਲੋਕਾਂ ਨੇ ਆਪਣੇ ਦਰਖਤ ਪਾਲੇ ਹੁੰਦੇ ਹਨ। ਇਸ ਲਈ ਜਦੋਂ ਪਰਮਿਸ਼ਨ ਮਿਲੇ ਜਿਹੜਾ ਲੋਕਲ ਡੀ.ਐਫ.ਓ. ਹੈ ਉਥੋਂ ਤਕ ਹੀ ਕੇਸ ਜਾਵੇ, ਕੀ ਇਸ ਤਰ੍ਹਾਂ ਦਾ ਕੋਈ ਪ੍ਰੋਸੀਜਰ ਬਣਾ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜੋ ਮਾਨਯੋਗ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ ਇਹ ਅੰਡਰ ਸੈਕਸ਼ਨ 4 ਐਂਡ 5 ਲੈਂਡ ਪਰੀਜ਼ਰਵੇਸ਼ਨ ਐਕਟ ਬਣਿਆ ਹੋਇਆ ਹੈ, ਆਉਂਦਾ ਹੈ । ਅੰਡਰ ਸੈਕਸ਼ਨ 4 ਹੇਠ ਅਸੀਂ ਪ੍ਰੋਗਰਾਮ ਬਣਾਇਆ ਹੋਇਆ ਹੈ । ਆਲਰੈਡੀ ਉਸ ਦੇ ਤਾਹਿਤ ਆਪਣੇ ਆਪਣੇ ਡਵੀਜ਼ਨ ਦੇ ਵਿਚ ਜਿੰਨੇ ਵੀ ਡੀ.ਐਫ.ਓ. ਹਨ ਉਨ੍ਹਾਂਨੂੰ ਲੋਕ ਅਪਲਾਈ ਕਰਦੇ ਹਨ, ਜਿਹੜੇ ਇਹ ਵੇਖਦੇ ਹਨ ਕਿ ਜਿਹੜੇ ਵੀ ਕੱਟਣ ਵਾਲੇ ਦਰਖਤ ਹੁੰਦੇ ਹਨ, ਉਸ ਹਿਸਾਬ ਨਾਲ ਪਰਮਿਟ ਇਸ਼ੂ ਕਰਦੇ ਹਨ । ਜਿਹੜੇ ਡੈਵੀਏਸ਼ਨ ਦੇ ਕੇਸਿਜ਼ ਹੋਣ ਡੀ.ਐਫ.ਓ. ਹੀ ਕਰਦਾ ਹੈ । ਉਸ ਤਰੀਕੇ ਨੂੰ ਸਿੰਪਲੀਫਾਈ ਕਰਨ ਲਈ, ਬਿਹਤਰ ਤਰੀਕੇ ਨਾਲ ਬਣਾਉਣ ਲਈ, ਇਕ ਨਵੀਂ ਪਾਲਿਸੀ ਅੰਡਰ ਕੰਸੀਡਰੇਸ਼ਨ ਹੈ । ਉਸ ਦੇ ਨਾਲ ਲੋਕਾਂ ਨੂੰ ਘਰ ਬੈਠਿਆਂ ਹੀ ਪਤਾ ਲਗ ਜਾਇਆ ਕਰੇਗਾ ਕਿਹੜੇ ਕਿਹੜੇ ਸਾਲ, ਕਿਥੋਂ ਕਿੱਥੋਂ ਕੱਟਣੇ ਹਨ । ਇਸ ਨਾਲ ਲੋਕਾਂ ਨੂੰ ਸਹੂਲਤ ਹੋ ਜਾਵੇਗੀ ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਡੈਵੀਏਸ਼ਨ ਤਾਂ ਉਸ ਨੂੰ ਕਿਹਾ ਜਾਂਦਾ ਹੈ ਇਸ ਸਾਲ ਕਟਾਈ ਹੋਣੀ ਚਾਹੀਦੀ ਹੈ ਨਹੀਂ ਕੀਤੀ ਤਾਂ ਅਗਲੇ ਸਾਲ ਨੂੰ ਕਰਨ ਵਾਸਤੇ ਲੋਕ ਅਪ-ਲਾਈ ਕਰਨ । ਮੈਂ ਬੇਨਤੀ ਕਰਦਾ ਹਾਂ ਕਿ ਪੰਚਾਇਤ ਵਿਚ ਨੋਟੀਫਾਈ ਹੋ ਜਾਵੇ। ਇਸ ਤਰ੍ਹਾਂ ਲੋਕ ਸੁਖ ਦਾ ਸਾਹ ਲੈਣਗੇ ।

ਸ੍ਰੀ ਸਪੀਕਰ : ਮੈਂ ਕਟਾਰੀਆ ਸਾਹਿਬ, ਰਿਕੁਐਸਟ ਕਰਾਂ ਕਿ ਬੀ ਬ੍ਰੀਫ Please be brief and expressive. Let the question be very specific and direct.

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਜਿਹੜੀ ਪੰਚਾਇਤਾਂ ਹਨ, ਰੈਜ਼ੋਲਿਊਸ਼ਨ ਕਰਨ, ਉਹ ਬੀ.ਡੀ.ਓ. ਹੁਸ਼ਿਆਰਪੁਰ ਦੇ ਲੈਵਲ ਤੇ ਨਹੀਂ ਬਲਕਿ ਡੀ.ਡੀ.ਪੀ.ਓ. ਹੁਸ਼ਿਆਰਪੁਰ ਇਕੱਲਾ ਐਸਾ ਹੈ ਜਿਹੜਾ ਕਿ ਕਹਿੰਦਾ ਹੈ ਕਿ ਮੇਰੇ ਪਾਸ ਕੇਸ ਆਉਣੇ ਚਾਹੀਦੇ ਹਨ । ਇਸ ਤਰ੍ਹਾਂ ਬੀ. ਡੀ.ਓ. ਕਹਿੰਦਾ ਹੈ ਕਿ ਡੀ.ਡੀ.ਓ. ਕੋਲ ਜਾਓ । ਕੀ ਇਹ ਜਿਹੜਾ ਲੰਬਾ ਪ੍ਰੋਸੀਜਰ ਹੈ, ਇਸ ਨੂੰ ਬੰਦ ਕਰਨਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਕਿ ਇਕ ਕੇਸ ਸਾਡੇ ਕੋਲ ਆਇਆ ਸੀ ਜਿਸ ਵਿਚ ਡਿਸਟ੍ਰਿਕਟ ਹੁਸ਼ਿਆਰਪੁਰ ਦੇ ਡੀ.ਡੀ.ਪੀ.ਓ. ਨੇ ਐਸਾ ਕਰਕੇ ਲਿਖਿਆ ਸੀ ਲੇਕਿਨ ਅਸੀਂ ਉਸ ਨੂੰ ਵੇਵ ਕਰ ਦਿੱਤਾ ਹੈ ਕਿ ਡੀ.ਡੀ.ਪੀ.ਓ. ਦੀ ਕੋਈ ਲੋੜ ਨਹੀਂ ਹੈ ।

ਸ੍ਰੀ ਰਮੇਸ਼ ਚੰਦਰ ਡੋਗਰਾ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸੀਜ਼ਨ ਆਉਂਦਾ ਹੈ ਤਾਂ ਦਰਖ਼ਤ ਕੱਟਣ ਦੀ ਇਜ਼ਾਜ਼ਤ ਹੁੰਦੀ ਹੈ । ਇਸ ਵਾਸਤੇ ਮੇਰੇ ਹਲਕੇ ਦੇ 350 ਲੋਕਾਂ ਨੇ ਅਪਲਾਈ ਕੀਤਾ ਪਰਮਿਟਾਂ ਵਾਸਤੇ ਲੇਕਿਨ ਹੁਣ ਤਕ ਉਨ੍ਹਾਂ ਵਿਚੋਂ ਕੇਵਲ 6 ਆਦਮੀਆਂ ਨੂੰ ਹੀ ਪਰਮਿਟ ਮਿਲੇ ਹਨ । 31 ਮਾਰਚ ਆਉਣ ਵਾਲੀ ਹੈ, ਸੀਜ਼ਨ ਖਤਮ ਹੋ ਜਾਵੇਗਾ ਔਰ ਉਨ੍ਹਾਂ ਨੂੰ ਪਰਮਿਟ ਨਹੀਂ ਮਿਲ ਸਕਣਗੇ । ਇਸ ਲਈ ਕੀ ਉਨ੍ਹਾਂ ਲੋਕਾਂ ਨੂੰ ਅਗਲੇ ਸਾਲ ਇਹ ਪਰਮਿਟ ਦੇ ਦੇਣਗੇ ।

ਰਾਜ ਮੰਤਰੀ : ਜੇ ਉਨ੍ਹਾਂ ਦਾ ਡਿਊ ਬਣਦਾ ਹੈ ਔਰ ਉਨ੍ਹਾਂ ਨੇ ਅਪਲਾਈ ਕੀਤਾ ਹੋਇਆ ਹੈ ਔਰ ਨਹੀਂ ਮਿਲ ਸਕੇ ਤਾਂ ਅਗਲੇ ਸਾਲ ਜ਼ਰੂਰ ਮਿਲ ਜਾਣਗੇ ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਜਿਸ ਸਾਲ ਵਿਚ ਪਰਮਿਟ ਮਿਲਣੇ ਹੁੰਦੇ ਹਨ ਉਸ ਵੇਲੇ ਪਰਮਿਟ ਲੈਣ ਦਾ ਪਰੋਸੀਜਰ ਐਨਾ ਲੰਬੀ ਹੈ ਕਿ 6-6 ਮਹੀਨੇ ਪਰਮਿਟ ਨਹੀਂ ਮਿਲਦੇ ਜਿਸ ਵੇਲੇ ਪਰਮਿਟ ਮਿਲਦੇ ਹਨ ਉਸ ਵੇਲੇ 31 ਮਾਰਚ ਨੇੜੇ ਆ ਜਾਂਦੀ ਹੈ। ਇਸ ਲਈ ਕੀ ਵਜ਼ੀਰ ਸਾਹਿਬ ਕੋਈ ਐਸਾ ਪਰੋਸੀਜਰ ਬਣਾਉਣਗੇ ਜਿਸ ਨਾਲ ਕਿ ਮਹੀਨੇ ਡੇਢ ਮਹੀਨੇ ਵਿਚ ਪਰਮਿਟ ਮਿਲ ਜਾਇਆ ਕਰਨ ਤਾਕਿ ਉਹ ਵੇਲੇ ਸਿਰ ਲੱਕੜ ਕੱਟ ਸਕਣ । ਨਹੀਂ ਤਾਂ ਫਿਰ ਇਸ ਤਰ੍ਹਾਂ ਹੁੰਦਾ ਹੈ 27-28 ਮਾਰਚ ਨੂੰ ਪਰਮਿਟ ਮਿਲਦੇ ਹਨ ਉਹ ਲੱਕੜ ਕੱਟ ਨਹੀਂ ਸਕਦੇ ਔਰ ਮਹਿਕਮਿਆਂ ਵਾਲਿਆਂ ਦੇ ਹੱਥ ਰੰਗੇ ਜਾਂਦੇ ਹਨ ।

ਰਾਜ ਮੰਤਰੀ : ਮੈਂ ਅੱਗੇ ਅਰਜ਼ ਕੀਤੀ ਹੈ ਕਿ ਨਵੀਂ ਪਾਲਿਸੀ ਆ ਰਹੀ ਹੈ ਜਿਸ ਰਾਹੀਂ ਪੰਚਾਇਤਾਂ ਨੂੰ ਸਾਲ ਦੋ ਸਾਲ ਪਹਿਲਾਂ ਪਤਾ ਲਗ ਜਾਵੇਗਾ ਕਿ ਇਹ ਇਹ ਕਦ ਡਿਊ ਹੈ । ਇਸ ਨਾਲ ਸੌਖ ਹੋ ਜਾਵੇਗੀ । ਇਨ੍ਹਾਂ ਨੇ ਜਿਹੜੀ ਪਾਲਿਸੀ ਬਣਾਈ ਹੋਈ ਸੀ ਉਹ ਗਲਤ ਸੀ ਉਸ ਨੂੰ ਰੀਵਾਈਜ਼ ਕਰ ਰਹੇ ਹਾਂ ।

ਮਾਸਟਰ ਮੋਹਨ ਲਾਲ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹਵਾਂਗਾ ਕਿ ਪਠਾਨਕੋਟ ਦੇ ਕੁਝ ਪਿੰਡਾਂ ਨੂੰ ਇਸ ਬਾਰੇ ਦਸਿਆ ਗਿਆ ਅਤੇ ਉਨ੍ਹਾਂ ਪਿੰਡਾਂ ਦੇ ਲੋਕਾਂ ਨੇ ਡਿਪਾਰਟਮੈਂਟ ਨੂੰ ਐਪਲਾਈ ਵੀ ਕੀਤਾ। ਲੇਕਿਨ ਇਨ੍ਹਾਂ ਦੇ ਡਿਪਾਰਟਮੈਂਟ ਵਲੋਂ ਉਹ ਅਰਜ਼ੀਆਂ ਪਰੋਸੈਸ ਕਰਨ ਵਿਚ ਦੋ ਮਹੀਨੇ ਲਗ ਗਏ ਔਰ ਉਨ੍ਹਾਂ ਨੂੰ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਨੇ ਇਸ ਉਮੀਦ ਤੇ ਕੁਝ ਦਰਖ਼ਤ ਕੱਟਣੇ ਸ਼ੁਰੂ ਵੀ ਕੀਤੇ ਅਤੇ ਸਾਰੀ ਤਿਆਰੀ ਕਰ ਲਈ। ਇਸ ਨਾਲ ਜਿਹੜਾ ਉਨ੍ਹਾਂ ਨੂੰ ਨੁਕਸਾਨ ਹੋਇਆ ਹੈ ਕੀ ਸਰਕਾਰ ਉਸ ਦੀ ਜ਼ਿਮੇਵਾਰੀ ਲਵੇਗੀ ?

ਰਾਜ ਮੰਤਰੀ : ਮੇਰੇ ਨੋਟਿਸ ਵਿਚ ਨਹੀਂ ਹੈ। ਮੈਨੂੰ ਇਹ ਮਿਲ ਲੈਣ, ਮੈਂ ਪਤਾ ਕਰ ਲਵਾਂਗਾ।

ਨਿਸ਼ਾਨਵਾਲਾ ਪ੍ਰਸ਼ਨ ਨੰ: 418

ਸ੍ਰੀ ਸਪੀਕਰ : ਨੈਕਸਟ ਕੁਐਕਚਨ, ਐਕਸਟੈਨਸਨ ਮੰਗੀ ਗਈ ਹੈ। ਨੈਕਸਟ ਕੁਐਸਚਨ ਸਰਦਾਰ ਕ੍ਰਿਪਾਲ ਸਿੰਘ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਪਹਿਲਾਂ ਮੇਰਾ ਸਵਾਲ ਨੰਬਰ 814 ਸੀ।

ਸ੍ਰੀ ਸਪੀਕਰ : ਮੈਂ ਅਰਜ਼ ਕੀਤੀ ਹੈ ਕਿ ਐਕਸਟੈਨਸ਼ਨ ਸੀਕ ਕੀਤੀ ਗਈ ਹੈ।

ਅ:ਸ:ਪ:ਨੰ: 13/1/87-3; ਐਸ.ਟੀ./854
ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ-160001

ਸੁਰਜੀਤ ਸਿੰਘ ਬਰਨਾਲਾ,

ਮਾਰਚ 25, 1987।

ਪਿਆਰੇ ਸਰਦਾਰ ਜੀ,

ਮਿਤੀ 26-3-87 ਲਈ ਪ੍ਰਸ਼ਨਾਂ ਦੀ ਸੂਚੀ ਵਿੱਚ ਦਰਜ ਪੰਜਾਬ ਵਿਧਾਨ ਸਭਾ ਦੇ ਚਿੰਨ੍ਹ ਅੰਕਿਤ ਪ੍ਰਸ਼ਨ ਨੰ; 814 ਜੋ ਸ਼੍ਰੀ ਦਰਬਾਰੀ ਲਾਲ, ਐਮ.ਐਲ.ਏ. ਦੇ ਨਾਂ ਹੈ ਦਾ ਉੱਤਰ ਅਜੇ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਘੱਟੋ ਘੱਟ 10 ਦਿਨਾਂ ਦਾ ਸਮਾਂ ਹੋਰ ਵਧਾ ਦਿੱਤਾ ਜਾਵੇ।

ਸਤਿਕਾਰ ਸਹਿਤ,

ਹਿਤੂ

ਸਹੀ/—
(ਸੁਰਜੀਤ ਸਿੰਘ ਬਰਨਾਲਾ)

ਸਰਦਾਰ ਸੁਰਜੀਤ ਸਿੰਘ ਮਿਨਹਾਸ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

New Health Centres opened in District Amritsar

*726. **Sardar Kirpal Singh (Amritsar South)** : Will the Chief Minister be pleased to state—

(a) the names of the new Primary Health Centres opened in District Amritsar during the last 5 years along with the dates on which each of the said Health Centres started functioning ;

(b) whether the buildings for each of the said Health Centres have since been constructed ; if not, the steps, if any, being taken by the Government for this purpose ;

(c) the arrangements made by the Government to provide residential accommodation to the Medical Officers and their staff in each of the said Health Centres ;

(d) whether the Medical Officers and their staff can reside outside the precincts of Health Centres ;

(e) whether the Medical Officers of Health Centres are also supposed to attend the family planning work in nearby villages; if so, the number of days reserved therefor ;

(f) the centre-wise names of villages attached to each of the Health Centres for Family Planning Work together with the names of such villages visited by the Medical Officers of each of the Health Centres for Family Planning Work during the period from 1st April, 1986 to 30th November, 1986 ?

ਸਰਦਾਰ ਨੱਥਾ ਸਿੰਘ ਦਾਲਮ (ਲੋਕ ਸੰਪਰਕ ਮੰਤਰੀ): (ੳ) ਪਿਛਲੇ ਪੰਜ ਸਾਲਾਂ ਦੇ ਦੌਰਾਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਕੋਈ ਨਵਾਂ ਮੁੱਢਲਾ ਸਿਹਤ ਕੇਂਦਰ ਨਹੀਂ ਖੋਲ੍ਹਿਆ ਗਿਆ।

(ਅ) ਕਿਉਂਕਿ ਪਿਛਲੇ ਪੰਜ ਸਾਲਾਂ ਦੌਰਾਨ ਜ਼ਿਲਾ ਅੰਮ੍ਰਿਤਸਰ ਵਿਚ ਕੋਈ ਨਵਾਂ ਮੁੱਢਲਾ ਸਿਹਤ ਕੇਂਦਰ ਨਹੀਂ ਖੋਲ੍ਹਿਆ ਗਿਆ, ਇਸ ਲਈ ਉਨ੍ਹਾਂ ਦੀਆਂ ਇਮਾਰਤਾਂ ਦੀ ਉਸਾਰੀ ਦੇ ਕੰਮ ਦੀ ਗੱਲ ਬਾਰੇ ਉਨ੍ਹਾਂ ਦੀ ਸਥਾਪਨਾ ਦੇ ਬਾਅਦ ਵਿਚ ਵਿਚਾਰ ਕੀਤਾ ਜਾਵੇਗਾ।

(ੲ) ਫੰਡਜ਼ ਉਪਲੱਬਧ ਹੋਣ ਤੇ ਨਵੇਂ ਮੁੱਢਲੇ ਸਿਹਤ ਕੇਂਦਰਾਂ ਵਿਚ ਮੈਡੀਕਲ ਅਫਸਰ ਅਤੇ ਦੂਜੇ ਲੋੜੀਂਦੇ ਅਮਲੇ ਦੀ ਰਿਹਾਇਸ਼ ਲਈ ਉਪਬੰਧ ਕੀਤਾ ਜਾਵੇਗਾ।

(ਸ) ਮੈਡੀਕਲ ਅਫਸਰਾਂ ਅਤੇ ਦੂਜਾ ਅਮਲਾ ਜੇਕਰ ਉਨ੍ਹਾਂ ਨੂੰ ਰਿਹਾਇਸ਼ੀ ਕੁਆਟਰ ਦਿੱਤੇ ਗਏ ਹੋਣ ਤਾਂ ਮੁੱਢਲੇ ਸਿਹਤ ਕੇਂਦਰ ਦੇ ਅਹਾਤੇ ਅੰਦਰ ਹੀ ਰਹਿਣਾ ਪੈਂਦਾ ਹੈ। ਨਹੀਂ ਤਾਂ ਜਿੰਨਾ ਸੰਭਵ ਹੋ ਸਕੇ ਮੁੱਢਲੇ ਸਿਹਤ ਕੇਂਦਰ ਦੇ ਨਜ਼ਦੀਕ ਰਹਿਣਾ ਪੈਂਦਾ ਹੈ।

(ਹ) ਮੈਡੀਕਲ ਅਫਸਰਾਂ ਨੂੰ ਨਜ਼ਦੀਕ ਦੇ ਪਿੰਡਾਂ ਵਿਚ ਪਰਿਵਾਰ ਭਲਾਈ ਸਬੰਧੀ ਕੰਮ ਕਰਨਾ ਪੈਂਦਾ ਹੈ। ਭਾਵੇਂ ਪੱਕੇ ਤੌਰ ਤੇ ਇਸ ਮੰਤਵ ਲਈ ਦਿਨ ਨਿਸਚਤ ਨਹੀਂ ਹਨ, ਪਰੰਤੂ ਕੌਮੀ ਮਹੱਤਵ ਦੇ ਪਰਿਵਾਰ ਭਲਾਈ ਪਰੋਗਰਾਮ ਵਿਚ ਉਨ੍ਹਾਂ ਨੂੰ ਜ਼ਰੂਰਤ ਅਨੁਸਾਰ ਕੰਮ ਕਰਨਾ ਪੈਂਦਾ ਹੈ।

(ਕ) ਜ਼ਿਲ੍ਹਾ ਅੰਮ੍ਰਿਤਸਰ ਵਿਚ ਕੁਲ 1314 ਪਿੰਡ ਹਨ ਅਤੇ ਸਾਰੇ ਪਿੰਡ ਪਰਿਵਾਰ ਭਲਾਈ ਕੰਮ ਲਈ ਕਿਸੇ ਨਾ ਕਿਸੇ ਮੁੱਢਲੇ ਸਿਹਤ ਕੇਂਦਰ ਨਾਲ ਜੁੜੇ ਹੋਏ ਹਨ। ਜਦੋਂ ਵੀ ਜ਼ਰੂਰਤ ਪਈ, ਮੈਡੀਕਲ ਅਫਸਰਾਂ ਨੇ ਸਬੰਧਤ ਪਿੰਡਾਂ ਵਿਚ ਮਿਤੀ 1-4-86 ਤੋਂ 30-11-86 ਤੱਕ ਦੌਰਾ ਕੀਤਾ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਇਸ ਸਾਲ ਕੋਈ ਸਿਹਤ ਕੇਂਦਰ ਅੰਮ੍ਰਿਤਸਰ ਵਿਚ ਨਹੀਂ ਖੋਲਿਆ ਗਿਆ । ਕੀ ਇਸ ਦੀ ਉਥੇ ਲੋੜ ਨਹੀਂ ਸੀ ਔਰ ਜਿਹੜੇ ਸਿਹਤ ਕੇਂਦਰ ਉਥੇ ਚਲ ਰਹੇ ਹਨ, ਕੀ ਉਨ੍ਹਾਂ ਦੇ ਡਾਕਟਰਜ਼ ਅਤੇ ਸਟਾਫ ਵਾਸਤੇ ਕੁਆ-ਟਰਜ਼ ਪੂਰੇ ਹਨ ਅਤੇ ਕੀ ਉਥੇ ਦਵਾਈਆਂ ਦਾ ਪੂਰਾ ਪ੍ਰਬੰਧ ਵੀ ਹੈ ਜਾਂ ਨਹੀਂ ?

ਲੋਕ ਸੰਪਰਕ ਮੰਤਰੀ: ਸਪੀਕਰ ਸਾਹਿਬ ,1986-87 ਦੌਰਾਨ ਜ਼ਿਲਾ ਅੰਮ੍ਰਿਤਸਰ ਵਿਖੇ 9 ਨਵੇਂ ਪ੍ਰਾਇਮਰੀ ਹੈਲਥ ਸੈਂਟਰ ਖੋਲ੍ਹਣ ਦਾ ਵਿਚਾਰ ਹੈ ਔਰ ਜਿਹੜੇ ਪਹਿਲੇ ਚਲ ਰਹੇ ਹਨ ਉਥੇ ਦਵਾਈਆਂ ਦਾ ਵੀ ਪ੍ਰਬੰਧ ਕੀਤਾ ਹੋਇਆ ਹੈ ਔਰ ਸਟਾਫ ਦਾ ਵੀ ਪ੍ਰਬੰਧ ਕੀਤਾ ਹੋਇਆ ਹੈ । ਲੋੜੀਂਦਾ ਸਟਾਫ ਅਤੇ ਦਵਾਈਆਂ ਦਾ ਪ੍ਰਬੰਧ ਉਥੇ ਹੈ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਿਹੜਾ ਲਾਸਟ ਪੈਰਾ ਸੀ, ਜਿਸ ਵਿਚ ਵੇਰਵਾ ਮੰਗਿਆ ਗਿਆ ਸੀ ਕਿ ਜਿੰਨ੍ਹਾਂ ਪਿੰਡਾਂ ਦੇ ਦੌਰੇ ਡਾਕਟਰਾਂ ਨੇ ਫੈਮਿਲੀ ਭਲਾਈ ਵਿਚ ਕੀਤੇ ਹਨ ਪਰ ਇਸ ਦਾ ਜਵਾਬ ਬੜਾ ਵੇਗ ਦਿੱਤਾ ਗਿਆ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਿਚ ਜਾਹਲੀ ਐਂਟਰੀ ਕਿੰਨੀ ਕੀਤੀ ਹੋਈ ਹੈ ? ਜੇਕਰ ਇਸ ਦੀ ਡੀਟੇਲਜ਼ ਇਨ੍ਹਾਂ ਦੇ ਕੋਲ ਹੁਣ ਨਹੀਂ ਹੈ ਤਾਂ ਇਹ ਬਾਦ ਵਿਚ ਦੇ ਦੇਣ ।

ਮੰਤਰੀ : ਸਪੀਕਰ ਸਾਹਿਬ, 1314 ਪਿੰਡਾਂ ਵਿਚ ਦੌਰਾ ਡਾਕਟਰਾਂ ਨੇ ਅੰਮ੍ਰਿਤਸਰ ਵਿਚ ਪਰਿ-ਵਾਰ ਭਲਾਈ ਕੰਮਾਂ ਲਈ ਕੀਤਾ ਸੀ ਅਤੇ ਇਸ ਤੋਂ ਇਲਾਵਾ ਕਈ ਵਾਰ ਮੈਡੀਕਲ ਅਫਸਰਾਂ ਨੂੰ ਪਿੰਡਾਂ ਵਿਚ ਜੇਕਰ ਕੋਈ ਬਿਮਾਰੀ ਫੈਲ ਜਾਵੇ ਜਿਵੇਂ ਮਲੇਰੀਆ ਹੈਜਾ, ਵਗੈਰਾ ਲਈ ਵੀ ਜਾਣਾ ਪੈਂਦਾ ਹੈ, ਜਿਸ ਦਾ ਸਾਰਾ ਰਿਕਾਰਡ ਨਹੀਂ ਰਖਿਆ ਜਾਂਦਾ ਜੇਕਰ ਮੈਂਬਰ ਸਾਹਿਬ ਚਾਹੁਣਗੇ ਤਾਂ ਇਨ੍ਹਾਂ ਨੂੰ ਡੀਟੇਲਜ਼ ਵਿਚ ਜਵਾਬ ਭੇਜ ਦੇਵਾਂਗੇ ।

Simplification of Sales Tax

***742. Shri Harnam Dass Johar, Advocate :** Will the Minister for Finance be pleased to state whether Government proposes to simplify the Sales Tax structure by abolishing Form ST-XXII by replacing it by a certificate of the purchasing dealer on the sale bill itself.

ਸਰਦਾਰ ਉਪਕਾਰ ਸਿੰਘ ਰੰਧਾਵਾ (ਰਾਜ ਮੰਤਰੀ, 20-ਨੁਕਾਤੀ ਪ੍ਰੋਗਰਾਮ) : ਨਹੀਂ ਜੀ।

ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ : ਸਪੀਕਰ ਸਾਹਿਬ, ਅਗਰ ਕੋਈ ਚੀਜ਼ ਦੀ ਖਰੀਦ ਡਿਸ-ਟਰਿਕਟ ਡੀਲਰ ਕਰਦਾ ਹੈ ਤਾਂ ਇਹ ਫਾਰਮ ST 22 ਤੇ ਹੁੰਦੀ ਹੈ Which is printed by the Government. That is called ST 22 ਇਸ ਵਿਚ ਹੁੰਦਾ ਹੈ that such and such goods are purchased for Punjab. ਇਹ ਫਾਰਮ ਲੋਕਾਂ ਨੂੰ ਡਿਪਾਰਟਮੈਂਟ ਤੋਂ ਲੈਣ ਵਿਚ ਬੜੀ ਦਿੱਕਤ ਹੁੰਦੀ ਹੈ ਅਤੇ ਰਜਿਸਟਰਡ ਡੀਲਰਜ਼ ਅਤੇ ਵਪਾਰੀਆਂ ਨੂੰ ਬੜੀ ਤਕਲੀਫ ਦਾ ਸਾਹਮਣਾ ਕਰਨਾ ਪੈਂਦਾ ਹੈ ਇਨ੍ਹਾਂ ਫਾਰਮਾਂ ਨੂੰ ਮਹਿਕਮੇ ਤੋਂ ਲੈਣ ਲਈ ਕਈ ਕਈ ਵਾਰ ਚੱਕਰ ਲਗਾਉਣੇ ਪੈਂਦੇ ਹਨ ਅਤੇ ਕਦੇ ਕਿਹਾ ਜਾਂਦਾ ਹੈ ਕਿ ਫਾਰਮ ਹਾਲੇ ਪ੍ਰਿੰਟਿਡ ਨਹੀਂ ਹਨ, ਜੇਕਰ ਪ੍ਰਿੰਟਿਡ ਹੋਣ ਤਾਂ ਵੀ ਚੱਕਰ ਮਾਰਨੇ ਪੈਂਦੇ ਹਨ। ਮੈਂ ਬੇਨਤੀ ਕਰਾਂਗਾ ਕਿ ਜਦ ਸਰਟੀਫੀਕੇਟ ਉਨ੍ਹਾਂ ਨੇ ਰਜਿਸਟਰਡ ਡੀਲਰ ਤੋਂ ਲੈ ਲੈਣਾ ਹੈ ਤਦ Why signatures could

not be considered sufficient on the Bill that I have purchased such and such goods for manufacturing or for further resale in the State of Punjab ਇਹ ਕਿਉਂ ਪੰਜਾਬ ਵਿਚ ਜ਼ਰੂਰੀ ਹੈ ਅਤੇ ਫਾਰਮ ਉਨ੍ਹਾਂ ਨੂੰ ਛਪਾਉਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ । ਇਸ ਲਈ ਕੀ ਮਨਿਸਟਰ ਸਾਹਿਬ ਇਸ ਨੂੰ ਰੀਕੰਸਿਡਰ ਕਰਨਗੇ ਅਤੇ ਇਸ ਨੂੰ ਹੋਰ ਸਿੰਪਲੀ-ਫਾਈ ਕਰਨਗੇ ?

ਰਾਜ ਮੰਤਰੀ, 20 ਨੁਕਾਤੀ ਪ੍ਰੋਗਰਾਮ : ਸਪੀਕਰ ਸਾਹਿਬ, ਇਹ ਫੈਸਲਾ ਕਾਂਗਰਸ ਮਨਿਸਟਰ ਨੇ 1983 ਵਿਚ ਲਿਆ ਸੀ ਅਤੇ ਮੈਂ ਸਮਝਦਾ ਹਾਂ ਕਿ ਇਹ ਫੈਸਲਾ ਠੀਕ ਸੀ ਅਤੇ ਇਸ ਦੇ ਨਾਲ ਇਫੈਕਟਿਵਲੀ ਅਤੇ ਕੁਰੈਕਟਲੀ ਟੈਕਸ ਇਵੇਜ਼ਨ ਨੂੰ ਚੈਕ ਕੀਤਾ ਜਾ ਸਕਦਾ ਹੈ, ਅਤੇ ਇਸ ਨਾਲ ਇਸ ਦੇ ਵਿਚ ਜਿਹੜੇ ਲੂਪਹੋਲਜ਼ ਸਨ ਉਨ੍ਹਾਂ ਨੂੰ ਦੂਰ ਕੀਤਾ ਗਿਆ ਹੈ । ਸਟੇਟ ਦੇ ਰੈਵੀਨਿਊ ਇੰਟਰੈਸਟ ਨੂੰ ਧਿਆਨ ਵਿਚ ਰਖਦੇ ਹੋਏ ਇਸ ਨੂੰ ਅਬਾਲਿਸ਼ ਨਹੀਂ ਕੀਤਾ ਜਾ ਸਕਦਾ । ਪ੍ਰਿੰਟਿੱਡ ਸੇਲਜ਼ ਟੈਕਸ-22 ਫਾਰਮ ਡੀਲਰ ਪਹਿਲੇ ਆਪ ਛੁਪਵਾਉਂਦੇ ਸਨ ਜਿਸ ਕਾਰਨ ਟੈਕਸ ਦੀ ਚੋਰੀ ਹੋ ਜਾਂਦੀ ਸੀ । ਹੁਣ ਇਹ ਫਾਰਮ ਸਰਕਾਰ ਆਪ ਛਪਵਾਉਂਦੀ ਹੈ ਅਤੇ ਜਿਹੜੇ ਆਸਾਨੀ ਨਾਲ ਹੁਣ ਸੇਲਜ਼ ਟੈਕਸ ਦੇ ਦਫਤਰਾਂ ਵਿਚ ਮਿਲ ਜਾਂਦੇ ਹਨ । ਸਿੱਟੇ ਵਜੋਂ ਟੈਕਸ ਦੀ ਚੋਰੀ ਨੂੰ ਕਾਫੀ ਹੱਦ ਤਕ ਰੋਕਿਆ ਜਾ ਸਕਿਆ ਹੈ । ਇਮਾਨਦਾਰ ਟੈਕਸ ਦੇਣ ਵਾਲਿਆਂ ਨੂੰ ਹੁਣ ਕੋਈ ਤਕਲੀਫ ਅਤੇ ਪ੍ਰੇਸ਼ਾਨੀ ਨਹੀਂ ਉਠਾਉਣੀ ਪੈਂਦੀ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਪਿਛੇ ਲੁਧਿਆਣੇ ਦੇ ਸਨਅੱਤਕਾਰਾਂ ਦਾ ਇਕ ਡੈਪੂਟੇਸ਼ਨ ਫਾਈਨੈਂਸ ਮਨਿਸਟਰ ਅਤੇ ਚੀਫ ਮਨਿਸਟਰ ਸਾਹਿਬ ਨੂੰ ਮਿਲਿਆ ਸੀ ਅਤੇ ਗਲ ਬਾਤ ਦੇ ਦੌਰਾਨ ਉਨ੍ਹਾਂ ਨੇ ਇਹ ਹੀ ਸਵਾਲ ਉਠਾਇਆ ਸੀ ਕਿ ਐਸ. ਟੀ. 22 ਨੂੰ ਹਰ ਇਕ ਆਈਟਮ ਦੇ ਨਾਲ ਨਾ ਲਿਆ ਜਾਵੇ । ਇਸ ਨੂੰ ਸਾਲ ਦੇ ਆਖਿਰ ਵਿਚ ਇਕੱਠਾ ਹੀ ਲੈ ਲਿਆ ਜਾਵੇ ਔਰ ਇਸ ਲੰਬੇ ਪ੍ਰੋਸੀਜ਼ਰ ਨੂੰ ਸਿੰਪਲੀਫਾਈ ਕੀਤਾ ਜਾਵੇ ਔਰ ਇਹ ਐਸ. ਟੀ. 22 ਫਾਰਮ ਸਾਲ ਵਿਚ ਇਕੋ ਵਾਰ ਦਿੱਤਾ ਜਾਵੇ ਔਰ ਇਸ ਦੀ ਆਗਿਆ ਹੋਣੀ ਚਾਹੀਦੀ ਹੈ ਅਤੇ ਸਰਕਾਰ ਦਾ ਜਵਾਬ ਹਾਂ ਵਿਚ ਸੀ ਅਤੇ ਉਹ ਸਮਝਦੇ ਸਨ ਕਿ ਸਰਕਾਰ ਐਗਰੀ ਕਰ ਗਈ ਹੈ ਲੇਕਿਨ ਗਲ ਚਲ ਰਹੀ ਸੀ ਕਿ ਇਸ ਉਤੇ ਵਿਚਾਰ ਕੀਤਾ ਜਾ ਰਿਹਾ ਹੈ । ਦੂਸਰਾ ਇਹ ਦਸਿਆ ਜਾਵੇ ਕਿ ਐਸ. ਟੀ.-22 ਦੇ ਫਾਰਮ ਹੁਣ ਤਕ ਦੇ ਦਫਤਰਾਂ ਵਿਚੋ ਕਿੰਨੇ ਚੋਰੀ ਹੋਏ ਹਨ, ਇਸ ਦਾ ਵੇਰਵਾ ਦਿਤਾ ਜਾਵੇ ।

ਰਾਜ ਮੰਤਰੀ : ਜੇਕਰ ਚੋਰੀ ਦਾ ਮਾਮਲਾ ਇਰਰੈਲੇਵੈਂਟ ਹੈ ਤਾਂ ਇਹ ਨਵਾਂ ਸਵਾਲ ਮੈਂਬਰ ਸਾਹਿਬ ਲਿਖਕੇ ਦੇ ਦੇਣ ਤਾਂ ਜਵਾਬ ਦੇ ਦਿੱਤਾ ਜਾਵੇਗਾ । (ਵਿਘਨ)

ਪ੍ਰੋਫੈਸਰ ਦਰਬਾਰੀ ਲਾਲ : ਹਾਊਸ ਦੀ ਇਹ ਆਮ ਰਾਏ ਹੈ ਕਿ ਸੇਲਜ਼ ਟੈਕਸ ਜਿਸ ਤਰ੍ਹਾਂ ਲਗਾਇਆ ਜਾਂਦਾ ਹੈ ਉਸ ਵਿਚ ਕਾਫੀ ਮੁਸ਼ਕਲਾਤਾਂ ਸਾਹਮਣੇ ਆਉਂਦੀਆਂ ਹਨ । ਫਾਈਨਾਂਸ ਮਨਿਸਟਰ ਸਾਹਿਬ ਨੇ ਬੱਜਟ ਵਿਚ ਕਿਹਾ ਹੈ ਕਿ 1 ਪ੍ਰਤੀਸ਼ਤ ਸੇਲਜ਼ ਟੈਕਸ ਲਗੇਗਾ । ਸਪੀਕਰ ਸਾਹਿਬ, ਜਿਸ ਨੇ ਤੰਬੂ ਲਗਾਉਣਾ ਹੈ, ਉਸ ਤੇ ਵੀ ਲਗੇਗਾ, ਜੇਕਰ ਕਿਸੇ ਦਾ ਕੋਈ ਵਿਆਹ ਹੈ, ਤਾਂ ਉਸ ਤੇ ਵੀ ਲਗੇਗਾ । ਸੇਲਜ਼ ਟੈਕਸ ਸਭ ਉਪਰ ਲਗੇਗਾ । ਜੇਕਰ ਕੋਈ ਮਰ ਗਿਆ ਅਤੇ ਟੈਂਟ ਲਗਾਇਆ ਹੈ ਤਾਂ ਵੀ ਲਗੇਗਾ । ਕੀ ਮੰਤਰੀ ਜੀ ਟੈਂਟ ਉਪਰ ਸੇਲਜ਼ ਟੈਕਸ ਬਾਰੇ ਕੋਈ ਫੈਸਲਾ ਕਰਾਉਣਗੇ ?

ਰਾਜ ਮੰਤਰੀ : ਇਹ ਨਵਾਂ ਸਵਾਲ ਕਰ ਲੈਣ ਤਾਂ ਜਵਾਬ ਦੇ ਦਿਤਾ ਜਾਵੇਗਾ ।

ਸ੍ਰੀ ਸਪੀਕਰ : ਬੱਜਟ ਬਾਰੇ ਪ੍ਰੋਫੈਸਰ ਸਾਹਿਬ, ਇਸ ਸਿਟਿੰਗ ਵਿਚ ਵੀ ਡਿਸਕੱਸ਼ਨ ਹੋਣੀ ਹੈ। ਨੈਕਸਟ ਕੁਐਸਚਨ ਸਰਦਾਰ ਕਿਰਪਾਲ ਸਿੰਘ ।

Confiscated land of Shri Suchet Singh in village Pandhri Kalan etc. in District Amritsar

*727. **Sardar Kirpal singh (Amritsar South) :** Will the Minister for Revenue and Rehabilitation be pleased to state :—

(a) whether the cultivable land of village Pandhri Kalan and Chhichhrewal tehsil, Tarn Taran District Amritsar owned by one Shri Khushhal Singh S/o Shri Suchet Singh awardee of life imprisonment in the Lahore conspiracy case in 1915 was confiscated :

(b) whether the land mentioned in part (a) above used to be put to auction by the Government for leasing out every year during the British regime ;

(c) whether the said land is put to auction for leasing out at present also; if so, the amount received on this account during the last twelve years ;

(d) if the reply to part (c) above be in the negative, the reasons therefor ?

Sardar Surjit Singh Barnala (Chief Minister) : (a) Yes. Name of the village is Padhri Kalan instead of Pandhri Kalan.

(b) Yes.

(c) Yes. It is being put to yearly auction. The total earning for the last 12 years comes to Rs. 6205/- for the land situated in Padhri Kalan and Rs. 6420/- for the land situated in village Chhichhrewal.

(d) The position is as explained in para (c) above.

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਬ੍ਰਿਟਿਸ਼ ਰਾਜ ਖਤਮ ਹੋਣ ਤੋਂ ਬਾਅਦ ਹੁਣ ਤਕ ਇਸ ਆਦਮੀ ਦੇ ਵਾਰਸਾਂ ਨੂੰ ਕੋਈ ਜ਼ਮੀਨ ਰੈਸਟੋਰ ਕੀਤੀ ਗਈ ਹੋਵੇ ਔਰ ਸਰਕਾਰ ਦੇ ਨੋਟਿਸ ਵਿਚ ਹੋਵੇ ਤਾਂ ਉਹ ਦੱਸਣ । ਕੀ ਇਸ ਬਾਰੇ ਸਰਕਾਰ ਵਲੋਂ ਕੋਈ ਫੈਸਲਾ ਹੋਇਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਸ ਬੰਦੇ ਦਾ ਨਾਂ ਸਵਾਲ ਵਿਚ ਦਸਿਆ ਗਿਆ ਹੈ, ਜਿਸ ਬਾਰੇ ਸਵਾਲ ਕੀਤਾ ਗਿਆ ਹੈ, ਉਸ ਦੀ ਜ਼ਮੀਨ ਰੈਸਟੋਰ ਨਹੀਂ ਕੀਤੀ ਗਈ । ਸਵਾਲ ਆਉਣ ਤੋਂ ਬਾਅਦ ਵਾਰਸ ਦਾ ਪਤਾ ਲਗਾ ਹੈ ਔਰ ਪਹਿਲਾਂ ਤਾਂ ਵਾਰਸ ਦਾ ਹੀ ਪਤਾ ਨਹੀਂ ਸੀ ਲਗਦਾ। ਸਪੀਕਰ ਸਾਹਿਬ, ਨੈਕਸਟ ਟੂ ਕਿਨ ਬਾਰੇ ਵੀ ਪਤਾ ਕੀਤਾ ਹੈ, ਔਰ ਜ਼ਮੀਨ ਰੈਸਟੋਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਸਰਦਾਰ ਕਿਰਪਾਲ ਸਿੰਘ : ਕੀ ਗੌਰਮਿੰਟ ਇਸ ਮਬੰਧੀ ਅੰਕੜੇ ਪੇਸ਼ ਕਰੇਗੀ ? ਕਈ ਬੰਦੇ ਫਰੀਡਮ ਫਾਈਟ ਵਿਚ ਮਾਰੇ ਗਏ, ਕਈ ਕਾਲੇ ਪਾਣੀ ਵਿਚ ਮਾਰੇ ਗਏ ਔਰ ਕਈ ਜੇਲ੍ਹਾਂ ਵਿਚ ਮਾਰੇ ਗਏ ਪਰ ਹਾਲੇ ਤਕ ਵੀ ਉਨ੍ਹਾਂ ਦੀ ਜ਼ਮੀਨ ਰੈਸਟੋਰ ਨਹੀਂ ਕੀਤੀ ਗਈ । ਕੀ ਮੁੱਖ ਮੰਤਰੀ ਜੀ ਇਸ ਸਬੰਧੀ ਡਾਟਾ ਇਕੱਠਾ ਕਰਾਉਣਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਜਿਹੜੇ ਮਰ ਗਏ ਉਨ੍ਹਾਂ ਦੀ ਜ਼ਮੀਨ ਰੈਸਟੋਰ ਨਹੀਂ ਹੋ ਸਕਦੀ ਜਿਹੜੇ ਮਾਰੇ ਗਏ ਜਾਂ ਸ਼ਹੀਦ ਹੋ ਗਏ, ਉਨ੍ਹਾਂ ਦੇ ਵਾਰਸਾਂ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਗਈ ਪਹਿਲਾਂ ਫੈਸਲਾ ਹੋ ਗਿਆ ਸੀ 1941 ਵਿਚ ਨੈਕਸਟ ਟੂ ਕਿਨ ਬਾਰੇ ਕਿ ਲੜਕਾ, ਲੜਕੀ ਨੂੰ ਹੀ ਮਿਲਣਗੇ ਪਰ ਉਹ ਫੈਸਲਾ ਉਸੇ ਤਰ੍ਹਾਂ ਹੀ ਚਲਦਾ ਰਿਹਾ। 1978-79 ਵਿਚ ਫੈਸਲਾ ਹੋਇਆ ਕਿ ਨੈਕਸਟ ਟੂ ਕਿਨ ਰੈਸਟੋਰ ਕੀਤਾ ਜਾ ਸਕਦਾ ਹੈ ।

ਨਿਸ਼ਾਨਵਾਲਾ ਪ੍ਰਸ਼ਨ ਨੰ:702

ਸ੍ਰੀ ਸਪੀਕਰ : ਨੈਕਸਟ ਕੁਐਸਚਨ 702 ਸ੍ਰੀ ਮਹਿੰਦਰ ਸਿੰਘ ਕੇ.ਪੀ.। ਜੇਕਰ ਕੋਈ ਤੁਹਾਡੇ ਕੋਲ ਚਿੱਠੀ ਹੈ ਤਾਂ ਭੇਜ ਦਿਓ।

(ਸਬੰਧਤ ਮਾਨਯੋਗ ਮੈਂਬਰ ਸਦਨ ਵਿਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ ।)

ਨਿਸ਼ਾਨਵਾਲਾ ਪ੍ਰਸ਼ਨ ਨੰ: 714

ਸ੍ਰੀ ਸਪੀਕਰ : ਇਸ ਬਾਰੇ ਐਕਸਟੈਨਸ਼ਨ ਮੰਗੀ ਹੋਈ ਹੈ ।

ਅ:ਸ:ਪ:ਨੰ: 4/51/87-ਸ਼ਹਿਰੀ ਹਵਾਬਾਜ਼ੀ/150

ਸੁਰਜੀਤ ਸਿੰਘ ਬਰਨਾਲਾ,

ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ—160001
ਮਾਰਚ 25, 1987

ਪਿਆਰੇ ਮਿਨਹਾਸ ਜੀ,

ਮਿਤੀ 26 ਮਾਰਚ, 1987 ਲਈ ਪ੍ਰਸ਼ਨਾਂ ਦੀ ਸੂਚੀ ਵਿੱਚ ਦਰਜ ਪੰਜਾਬ ਵਿਧਾਨ ਸਭਾ ਦੇ ਚਿੰਨ੍ਹ ਅੰਕਿਤ ਪ੍ਰਸ਼ਨ ਨੰ: 714 ਜੋ ਸ੍ਰੀ ਬਲਵਿੰਦਰ ਸਿੰਘ ਭੂੰਦੜ, ਐਮ.ਐਲ.ਏ., ਦੇ ਨਾਂ ਹੈ, ਦਾ ਅਜੇ ਉੱਤਰ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਘੱਟੋ ਘੱਟ 10 ਦਿਨਾਂ ਦਾ ਸਮਾਂ ਹੋਰ ਵਧਾ ਦਿੱਤਾ ਜਾਵੇ ।

ਸਤਿਕਾਰ ਸਹਿਤ

ਹਿਤੂ,
ਸਹੀ . . .,
(ਸੁਰਜੀਤ ਸਿੰਘ ਬਰਨਾਲਾ)

ਸਰਦਾਰ ਸੁਰਜੀਤ ਸਿੰਘ ਮਿਨਹਾਸ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

District Grievances Committees

***763. Dr. Kewal Krishan :** Will the Chief Minister be pleased to state—

(a) whether it is a fact that the District Grievances Committees have been reconstituted during the months of January and February, 1987 ; if so, the names of the members of each Committee and the criteria adopted for making these nominations ;

(b) the number of the meetings held so far by each of the Committees?

Sardar Surjit Singh Barnala : (a) The committees were reconstituted in the first week of March, 1987. The list of names of members is placed on the Table of the House. Each Committee has the Deputy Commiissioner and District level Heads of Departments/Offices as official members. All M.Ps. & M.L.As of District are also members of this Committee. Efforts have also been made to ensure that all recognised Political Parties are represented on the Committee. Prominent citizens including Ex-servicemen and Women Social Workers have also been included.

(b) *Ex-officio* members of the Committees notified in October 1985 have been meeting regularly every month. However, non-official members nominated in March, 1987 will also be attending meetings in future.

GOVERNMENT OF PUNJAB

DEPARTMENT OF PERSONNEL AND ADMINISTRATIVE REFORMS

(GRIEVANCES BRANCH)

Notification

No. 1/55/85-1 Gr/2754, dated Chandigarh the 3rd March, 1987

In supersession of Punjab Government notification issued *vide* No. 1/55/85-PGO/14797 dated 9th October, 1986 and all the previous notifications issued in this behalf from time to time, the Governor of Punjab is pleased to re-constitute the Dispirict Public Grievances Committees in the State as under with immediate effect—

Official Members

(i) Deputy Commissioner of the concerned district.

(ii) District heads of all the departments.

(iii) Presidents of the Municipal Committees at the district headquarters.

(iv) District Level Officers of Punjab State Electricity Board.

Non-Official Members

HOSHIARPUR

1. All MPs of the district.
2. All MLAs of the district.
3. Sohan Singh Darya, CPI, Railway Road, Hoshiarpur.
4. District Secretary, CPM

5. Ch. Gandharb Singh, President, Distt. Janta Party, Court Road, Hoshiarpur.

6. Shri Bhagya Chander Sharma, District President, BJP, Hoshiarpur.

7. President, District Bar Association.

8. Major Bakhtour Singh, Village Bhulewal Rathan, Tehsil Hoshiarpur.

9. Subedar Hoshiar Singh, VPO Ajnoha.

10. Shri Karnail Singh, Sarpanch, Village Kohalpur.

11. Shri Shiv Raj S/O Ch. Kartar Singh

12. Shri Sampuran Singh Cheema, Dasuya City.

13. Shri Satnam Singh, General Secretary, District Akali Jatha.

14. Shri Harish Singh C/O Joginder Singh, Mukerian, Member SGPC.

15. S. Partap Singh, President, Beopar Mandal, Gaushala Bazar, Hoshiarpur.

16. S. Iqbal Singh S/O S. Beant Singh, Sarpanch, V. Dhadiala.

FARIDKOT

1. All M.Ps. of the District.

2. All M.L.As. of the District.

3. Com. Sukhinder Singh, Harinder Nagar, Faridkot (C.P.I.)

4. Com. Surjit Singh Gill, V. Gholian Kalan, Teh. Moga (C.P.M.)

5. Shri Ajay Kumar Sood, Ex-M.C., President, District Janta Party, 5, New Model Town, Moga.

6. Shri Gurbachan Singh Patanga, President, B.J.P. district Faridkot.

7. Shri Kuldip Singh S/O Shri Kartar Singh, V.P.O. Pattian, Tehsil Moga.

8. President, District Bar Association.

9. Lt. Col. Harbans Singh Brar, V.P.O. Chak Sherawala, Teh. Mukatsar.

10. Capt. Ajit Singh Romana, Near Chopra Petrol Pump, Trikoni, Kot Kapura.

11. Shri Hukam Chand, B.A., Kot Kapura.

12. Shri Gurnam Singh Johal

13. Jathedar Malkiat Singh Ranian, Chairman, Market Committee, Moga.

14. Shri Harbhupinder Singh Ladi, Sarpanch, Bhutter Ladhi, Teh. Moga.

15. Shri Paras Ram Baghi, Muktsar.

16. Shri Kishan Chand S/O Shri Lal Chand, Old Dana Mandi, Faridkot.

17. Shri Parminder Singh, Sarpanch, V.P.O. Badal.

18. Bhai Tej Singh, Ex-M.L.A., V.P.O. Somadh Bhai.

19. S. Kuldip Singh, Prop. United Engr. Works, Faridkot Road, Kot Kapura.

20. S. Gurdas Singh S/O Shri Sham Singh, Village Bheetiwala, Teh. Mukatsar.

21. Smt. Kirpal Kaur W/o Shri Jagat Singh Patwari, near Gurdwara Agitha Sahib, Jaito Mandi.

22. Mahant Sewa Dass, Dogar Basti, Faridkot.

[Chief Minister]

BHATINDA

1. All M.Ps. of the district.
2. All M.L.As. of the district.
3. Com. Gursewak Singh (C.P.I.).
4. Com. Gulab Singh (C.P.M.).
5. Shri Krishan Kumar Sharma, Advocate, Bhatinda, (Janta Party).
6. Shri Jagdish Rai Monga, 2911, Ganesha Basti, Bhatinda (B.J.P.).
7. President, District Bar Association.
8. Col. Dan Singh, V.P.O. Balloh, district Bhatinda.
9. Lt. Col. Gurnaib Singh, Rampura.
10. Shri Narain Muni. Ex-President, Market Committee, Sardulgarh (Congress).
11. S. Bhag Singh Zaid, Member, S.G.P.C.
12. S. Harpal Singh Mansahia, Rampura Phul.
13. S. Sukhmandir Singh, V.P.O. Bhagi Wander, Teh. & District Bhatinda.
14. Shri Parshotam Dass Tandon, V. Goniana Mandi.
15. Smt. Shakuntla Devi w/o Shri Vir Bhan, Bhatinda.
16. S. Dyal Singh, V.P.O. Chauke.
17. Shri Kehar Chand Goyal, Advocate, Bhatinda.
18. S. Gurdip Singh S/o S. Kartar Singh, Mansa Mandi.
19. Shri Charanji Lal, Advocate.
20. Smt. Pritpal Kaur w/o Giani Mohinder Singh, Mohalla Sirian, Bhatinda.

ROPAR

1. All M.Ps. of the District.
2. All M.L.As. of District.
3. Shri Harbans Chand Sharma, Secretary, C.P.I. District Ropar.
4. Secretary, C.P.M. District Ropar.
5. Shri Jagir Singh, M.C., President, District Janta Party, Popar.
6. Shri Hari Kishan Soni, President, B.J.P., District. Ropar, V.P.O. Brahmpur, near Nangal, District Ropar.
7. President, District Bar Association.
8. Lt. Col. Didar Singh, Kurali.
9. Jathedar Ujjagar Singh Wadali.
10. Shri Ram Asra, President, Municipal Committee, Morinda.
11. Jathedar Man Singh, Nangal.
12. Mrs. Satwant Kaur, Ex-M.L.A., Ropar.

13. Tikka Shiv Chand, V. Bhallan, Teh. Anandpur Sahib.

14. Shri Jagjit Singh Bella, Advocate, Anandpur Sahib.

15. Smt. Ranjit Kaur, near Gurdwara Sada Barat Quian, District Ropar.

AMRITSAR

1. All M.Ps. of the District.

2. All M.L.As. of the District.

3. Shri Harbhajan Singh, C.P.I. Office, Court Road, Amritsar.

4. Rajeshwar Singh, VPO Chamiari, Tehsil Ajnala CPM Party.

5. Shri Mubarak Singh, President, District Janata Party, 44 Model Town, Amritsar.

6. Hira Nand Sawami, District President, BJ.P. 1102/A, Sain Dass Road, Beri Gate, Amritsar.

7. President, District Bar Association.

8. Brig. Mohinder Singh, Amritsar.

9. Manjinder Singh Behla, Ex-M.L.A., Tehsil Tarn Taran.

10. Khazan Singh, Miran Kot, Ex-M.L.A.

11. Amrit Lal Jain, Amritsar.

12. Ajit Singh Sandhu, Amritsar.

13. Baij Nath, Ex-Sarpanch, Khaira, Tehsil Patti.

14. Gurdial Singh V.P.O. Giampur, Teh. Ajnala.

15. Hardyal Singh, V.P.O. Chabir Sahib, Tehsil Tarn Taran.

16. Ram Lubhaya, General Secretary, Durgiana Committee, Amritsar.

17. Bhagat Puran Singh, Pingalwara, Amritsar.

18. Smt. Jasbir Kaur, Putlighar, Amritsar.

GURDASPUR

1. All M.Ps. of the District.

2. All M.L.As. of the District.

3. Gurbax Singh, District Secretary, C.P.I., Office Quadri Street, Gurdaspur.

4. Gurbax Singh, C.P.M., Quadian Mohalla, Gurdaspur.

5. Chamkaur Singh, President, District Janata Party, V.P.O. Dargewar, Tehsil Batala, District Gurdaspur.

6. Om Parkash Bhardwaj, Ex-M.L.A., Secretary, B.J.P., Pathankot, district Gurdaspur.

7. President, District Bar Association.

8. Brig. Ch. Shamsher Singh, Village Chattwal, P.O Jandla, District Gurdaspur.

9. Mushtaq Masih, Convener, Christian Wing, Akali Dal.

10. Jathedar Kesar Singh, Pathankot.

[Chief Minister]

11. Dr. Jodh Singh, Ex-M.L.A., Dera Baba Nanak.
12. Harbans Singh, M.A, V.P.O. Sidhwan, district Gurdaspur.
13. Jasbir Singh Bir, V.P.O. Janja, district Gurdaspur.
14. Ch. Kesho Ram, Pathankot, district Gurdaspur.
15. Sub. Sarup Singh, 535, Singlepura Road, Gurdaspur.
16. Bibi Jasbir Kaur, M.A., Gurdaspur.
17. Harcharan Singh, Sarpanch, Kot Majlish, P.O. Mirja Jan, district Gurdaspur
18. Satwant Singh Bajwa, Transporter, Pathankot.
19. Smt. Raghbir Kaur W/o Harbhajan Singh, Advocate, Jail Road, Gurdaspur

KAPURTHALA

1. All M.Ps. of the district.
2. All M.L.As. of the district.
3. Shri Niranjan Singh, V.P.O. Uchha, C.P.I. Office, Sadar Bazar, Kapurthala.
4. Shri Raj Kumar, District Secretary, C.P.M., Kapurthala.
5. Shri Dharam Pal Dhiman, District Janata Party, Sarai Road, Phagwara.
6. Shri Ram Sarup Arora, Ex-M.C., Phagwara, B.J.P.
7. President, District Bar Association.
8. Brig. S.S.Padha, V.P.O. Khiranwali, district Kapurthala.
9. Lt. Harbant Singh, Member, S.G.P.C. Phagwara.
10. Swaran Singh Josh, Office President, District Akali Jatha, Village Baguwala district Kapurthala.
11. Shri Joginder Singh Bajwa.
12. Shri Sat Pal Puri, Sultanpur Lodhi.
13i Dr. Mehar Singh, V.P.O. Nadala.
14. Shri S.S. Minhas, Ruby Foundary Works, Tibbi Road Phagwara.
15. Darshan Singh Josh, Advocate.
16. Smt. Baljit Kaurw/o Balbir Singh, Kasso Chahal, District Kapurthala.

JALANDHAR

1. All M.Ps. of the district.
2. All M.L.As. of the district.
3. Chand Fatehpuri, C.P.I. Office, Anand Bhawan Near Old Bus Stop, Jalandhar.
4. Com. Rajender S. Sarin, C.P.M., 99, Green Park Jalandhar.
5. Mohan Singh Nanda, President, district Janta Party, 16, Shiv Nagar, Industrial Area, Jalandhar City.
6. Dr. Rajendra Sen Chhabra, District President, B.J.P., Rasta Mohalla, Jalandhar
7. President, District Bar Association.

8. Lt. Col. Daljeet Singh, 67, Defence Colony, Jalandhar Cantt.
9. Major Didar Singh Gill, 21-D, The Mall, Jalandhar Cantt.
10. Des Raj Mal, DS-Four Party.
11. Jagdish Singh.
12. Nathu Ram, President, Beoper Mandal, Jalandhar.
13. Prof. Gurbachan Singh, W.S.83 Basti Sheikh, Jalandhar City.
14. Kuldeep Singh Bhatia, Jalandhar.
15. Ram Paul Singh, Advocate, Jalandhar.
16. Sarup Singh, Member, S.G.P.C. Sang Dhesian, district Jalandhar.
17. Balbir Singh Sangha, Advocate, V.P.O. Madhopur, district Jalandhar.
18. Smt. Jagdish Kaur, W/o Puran Singh Nambardar, village Jamsher Khas, district Jalandhar.

FEROZEPUR

1. All M.Ps. of the district.
2. All M.L.As. of the district.
3. Shri Teja Singh, District Secretary, C.P.I. office, Nagar Mal Sarai, Ferozepur City.
4. Com. Kartar Singh, Kissan Dhaba, Abohar (C.P.M.).
5. Shri Girdhara Singh, Ex-M.L.A., General Secretary, B.J.P., Punjab, Ferozepur.
6. President, District Bar Association.
7. Major Gurbachan Singh, Shanti Lal Road, Ferozepur.
8. Jathedar Rajwant Singh Bankhedi, V.P.O. Bankhedi, Tehsil Zira.
9. Shri Karamjit Singh, V.P.O. Baddowal, Tehsil Zira.
10. Subedar Tarlochan Singh, Commission Agent, Mamdot.
11. Shri Sukhdev Singh Bhullar.
12. Shri Sarabjit Singh, Sarpanch, Village Sukhewala, Tehsil Zira.
13. Shri Manjit Singh Sodhi, 50, The Mall, Ferozepur Cantt.
14. Shri Dharam Singh, Ex-Sarpanch, Naraingarh, Tehsil and District Ferozepur.
15. Shri Lachman Singh, Ex-M.L.A., Rai Sikh Baradri.
16. Shri Robinder Pal Singh, Mohindra Fruit Farm, V.P.O. Ghallu, District Ferozepur.
17. Smt. Jagjit Kaur, W/o Shri Raghbans Singh, Village Korianwala, Tehsil Fazilka.
18. Dr. Harmit Singh Mann, Circular Road, Abohar.
19. Jathedar Shubeg Singh, Member, S.G.P.C., District Jathedar, Akali Dal,
20. Suba Singh, Member S.G.P.C., V.PO. Dabwala Kalan, District Ferozepur,

[Chief Minister]

PATIALA

1. All M.Ps. of the district.
2. All M.L.As. of the district.
3. Shri Lachhman Singh, C.P.I. Office, Sarhandi Gate, Patiala.
4. Prof Balwant Singh, Ex-M.L.A. Rajpura (C.P.M.).
5. Prof. Teja Singh Tiwana, Janta Party.
6. Smt. Nirmal Pandey, B.J.P., 1629. Near Chowk, Patiala.
7. President, District Bar Association.
8. Brig. Sukhdev Singh. Patiala.
9. Lt.-General G.S. Buch.
10. Shri Antar Paul Singh Bedi.
11. Jathedar Amar Singh Nalinee.
12. Shri Kirpal Singh Badungar.
13. Shri Om Parkash Lamba, President, Beopar Mandal Patiala.
14. Bibi Rajnit Kaur w/o Shri Gurdev Singh Grewal, Ex-M.L.A., Patiala.
15. Bibi Surinder Kaur Grewal, Model Town, Patiala.
16. Shri Gurdeep Singh, Banur.
17. Jath. Jaswant Singh, Neelpur.
18. Shri Joginder Singh Tethonda, P.O. Balpur, Tehsil Sirhind.
19. Shri Harbans Singh, Ex-M.L.A.. V.P.O. Kishan Garh.
20. Shri Sachinder. P.S. Shinh, Tegh Cotton Factory, Railway Road, Nabha. District Patiala.
21. Shri Shingara Singh, Member S.G.P.C.
22. Shri Amar Singh Harika, Harika Road. Model Town, Patiala City.
23. Shri Kashmir Singh V. Mavi Kalan, P.O. Samana, District Patiala.

LUDHIANA

1. All M.Ps. of the district.
2. All M.L.As. of the district.
3. Shri Kartar Singh, C.P.I. Secretary, District Party Office, Near Preet Palace, Cinema, Ludhiana.
4. Shri Rachhpal Singh, Secretary C.P.M. Office, near Model Town, Ludhiana.
5. Shri Lal Chand Bhardwaj, President, District Janta Party, 446/11, Khanna.
6. Shri Khushi Ram Sharma, President, B.J.P., 456-R, Model Town, Ludhiana.
7. President, District Bar Association.
8. Col. G.S. Dhillon, H. No. 5-C, Udham Singh Nagar, Ludhiana.

9. Shri Kirpal Singh Bhikhi.

10. Shri Sarwan Singh Hawas, Member, S.G.P.C., President Akali Jatha (Rural).

11 Shri Sohan Singh Pahwa, Social Worker.

12. Mr. Tulsi Dass Jatani, President, Punjab Beopar Mandal.

13. Jath. Harcharan Singh. V.P.O. Madpur, Tehsil Samrala.

14. Shri Rajesh Chopra. Advocate Defeated Akali Candidate, Ludhiana.

15. Shri I.S. Grewal, Chairman, Market Committee. V.P.O. Quila Raipur, District Ludhiana.

16. Smt. Harnam Kaur, Khud Mohalla, Ludhiana.

17. Brijinder Singh Dhillon Village Jaatoli, District Ludhiana.

SANGRUR

1. All M.Ps. of the district.

2. All M.L.As. of the district.

3. Shri Sarwan Singh Shafipur,C.P.I. Circular Road Sangrur.

4. Shri Chand Singh Chopra, C.P.M., Ex-M.L.A.

5. Shri Ram Sarup Advocate. Janta Party.

6. Shri Sarup Chand Aggarwal, B.J.P.

7. Smt. Rajinder Kaur Bhattal. Ex-M.L.A.

8. President, District Bar Association.

9. Ex-Subedar Banta Singh, village Ballran.

10. Ex-Subedar Jhanda Singh, village Mangwal.

11. Jathedar Kartar Singh Joshila, Barnala.

12. Master Pyare Lal, Sewa Samiti, Barnala.

13. Paramjit Singh, Handiaya Road. Barnala.

14. Bibi Joginder Kaur Baguwala Faguala.

15. Dalip Singh son of Shri Kartar Singh, V.P.O. Gujjran.

16. Mushtak Ahmed son of Mohd. Yaqub, Malerkotla.

17. Bugha Singh, Member S.G.P.C., Sherpur.

18. Shri Sukhdev Singh Cheema, Village Dhuri Beenera Gate, District Sangrur.

19. S. Joginder Sigh Bhutani, Member, S.G.P.C., Ahmedgarh.

20. Smt. Darshan Kaur. w/o Giani Prithvi Singh, village Amargarh.

2. The Divisional Commissioners shall chair the meetings of the Committees. In their absence, the Deputy Commissioners will preside over the meetings.

3. The earlier Govt. order issued ,—*vide* No. 1/55/85-1 Gr./15869, dated 31st October 1986 is hereby cancelled.

Dated. Chandigarh :
The 3rd March, 1987.

GURBINDER CHAHAL

Secretary to Government, Punjab.

[Chief Minister]

No. 1/55/85-1 Gr/2755, dated Chandigarh, the 3rd March, 1987.

A copy is forwarded to :—

(1) All the Commissioners of Divisions, Deputy Commissioners in the State for information with reference to this Department communication issued,— *vide* No. 1/5/85- 1Gr./15869, dated 31st October, 1986.

For Deputy Commissioners only :

All the members of these committees of their respective districts may kindly be informed accordingly.

(2) The Controller, Printing & Stationery Punjab, Chandigarh with the request to publish this notification in the next issue of the Punjab Govt. Gazette Part-I.

(3) The Director, Informaion & Publicity, Punjab for information and necessary action.

(Sd.) . . .

Superintendent

A copy is forwarded to the Deputy Principal Secretary to the Chief Minister, Punjab and Secretaries/Private Secretaries to the Ministers for information of the Chief Minister/Ministers.

(Sd.) . . . .,

Superintendent.

(1) The Deputy Principal Secretary to Chief Minister. Punjab.

(2) The Secretaries/Private Secretaries to the Ministers.

I.D. No. 1/55/85-1Gr/ dated Chandigarh, the 3rd March, 1987.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਸੀ.ਐਸ. ਸਾਹਿਬ ਨੇ ਜਵਾਬ ਵਿੱਚ ਫਰਮਾਇਆ ਹੈ ਕਿ ਆਲ ਰਿਕੁਗਨਾਈਜ਼ਡ ਪੁਲੀਟਿਕਲ ਪਾਰਟੀਜ਼ ਦੇ ਰਿਪਰੇਜ਼ੈਂਟੇਟਿਵਜ਼ ਗਰੀਵੈਂਸਿਜ਼ ਕਮੇਟੀ ਵਿੱਚ ਹੋਣਗੇ । ਕੀ ਮੈਂ ਜਾਣ ਸਕਦਾ ਹਾਂ ਕੀ ਕੀ ਇਹ ਕਾਂਗਰਸ ਪਾਰਟੀ ਨੂੰ ਰੀਕੁਗਨਾਈਜ਼ਡ ਪਾਰਟੀ ਮਹਿਸੂਸ ਨਹੀਂ ਕਰਦੇ ਹਨ ? ਕਿਉਂਕਿ ਇਸ ਪਾਰਟੀ ਦਾ ਕੋਈ ਵੀ ਮੈਂਬਰ ਕਿਸੇ ਵੀ ਡਿਸਟ੍ਰਿਕਟ ਵਿੱਚ ਨਹੀਂ ਹੈ । ਕੀ ਕਿਸੇ ਨੂੰ ਨੌਮੀਨੇਟ ਕਰਨ ਵਿੱਚ ਇਨ੍ਹਾਂ ਨੇ ਹਿਚਕਿਚਾਹਟ ਮਹਿਸੂਸ ਕੀਤੀ ਹੈ ਜਾਂ ਕਿ ਕਾਂਗਰਸ ਪਾਰਟੀ ਨੂੰ ਇਹ ਪੁਲੀਟਿਕਲ ਪਾਰਟੀ ਹੀ ਨਹੀਂ ਸਮਝਦੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਐਸੀ ਕੋਈ ਗੱਲ ਨਹੀਂ ਹੈ । ਅਸੀਂ ਸਾਰੀਆਂ ਪਾਰਟੀਆਂ ਨੂੰ ਲਿਖਿਆ ਸੀ ਕਿ ਆਪਣੇ ਆਪਣੇ ਨੁਮਾਇੰਦੇ ਭੇਜ ਦਿਓ। ਪਹਿਲਾਂ ਅਸੀਂ ਆਪਣੀ ਮਰਜ਼ੀ ਨਾਲ ਹਰੇਕ ਪਾਰਟੀ ਦੇ ਨੁਮਾਇੰਦੇ ਇਸ ਕਮੇਟੀ ਵਿੱਚ ਪਾ ਲਏ ਸਨ । ਪਰ ਫਿਰ ਇਤਰਾਜ਼ ਹੋਇਆ ਕਿ ਤੁਸੀਂ ਆਪਣੀ ਮਰਜ਼ੀ ਨਾਲ ਨਹੀਂ ਸਨ ਪਾਉਣੇ ਬਲਕਿ ਸਾਡੇ ਤੋਂ ਨਾਮ ਲੈ ਕੇ ਨੌਮੀਨੇਟ ਕਰਨੇ ਸਨ । ਫੇਰ ਅਸੀਂ ਸਾਰੀਆਂ ਪਾਰਟੀਆਂ ਨੂੰ ਲਿਖ ਦਿੱਤਾ ਕਿ ਆਪਣੇ ਨੁਮਾਇੰਦੇ ਭੇਜ ਦਿਓ । ਪਾਰਟੀਆਂ ਨੇ ਨੁਮਾਂਇੰਦਿਆਂ ਦੀਆਂ ਲਿਸਟਾਂ ਭੇਜ ਦਿੱਤੀਆਂ। ਪਰ ਕਾਂਗਰਸ ਪਾਰਟੀ ਨੇ ਕੋਈ ਨਹੀਂ ਭੇਜੀ। ਕਾਂਗਰਸ ਪਾਰਟੀ ਦੇ ਨੁਮਾਇੰਦੇ ਵੀ ਕਈ ਜ਼ਿਲ੍ਹਿਆਂ ਵਿੱਚ ਪਾਏ ਗਏ ਹਨ ਬਲਕਿ ਕੋਈ ਐਸਾ ਜ਼ਿਲ੍ਹਾ ਨਹੀਂ ਹੈ ਜਿਥੇ ਨਾ ਹੋਣ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਸ ਨੂੰ ਚਿੱਠੀ ਲਿਖੀ ਅਤੇ ਉਸ ਦਾ ਜਵਾਬ ਕਦੋਂ ਤੱਕ ਆਇਆ। ਚਿੱਠੀ ਲਿਖਣ ਵਾਲਾ ਕੌਣ ਸੀ ਗੌਰਮਿੰਟ ਲੈਵਲ ਤੋਂ ਕੀ ਇਹ ਚਿੱਠੀ ਪੜ੍ਹ ਕੇ ਸੁਣਾ ਦੇਣਗੇ, ਉਸ ਦਾ ਕੋਈ ਨੰਬਰ ਜਾਂ ਡੇਟ ਦੱਸਣਗੇ ਅਤੇ ਜਿਹੜੇ ਜਿਹੜੇ ਕਾਂਗਰਸੀ ਪਾਏ ਗਏ ਹਨ, ਉਹ ਕਿਨ੍ਹਾਂ ਦੀ ਸਿਫਾਰਸ਼ ਨਾਲ ਪਾਏ ਗਏ ਹਨ ?

ਮੁੱਖ ਮੰਤਰੀ : ਜਿਸ ਜਗ੍ਹਾ ਤੋਂ ਤਾਂ ਕਾਂਗਰਸ ਦਾ ਅਸੈਂਬਲੀ ਦਾ ਕੋਈ ਨੁਮਾਇੰਦਾ ਹੈ ਉਥੇ ਉਸ ਨੂੰ ਅਤੇ ਦੂਜੀਆਂ ਜਗ੍ਹਾ ਤੇ ਹੋਰ ਮੈਂਬਰ ਪਾ ਲਏ ਗਏ ਹਨ। ਜਿਵੇਂ ਜ਼ਿਲ੍ਹਾ ਸੰਗਰੂਰ ਵਿੱਚ ਮਿਸਿਜ਼ ਭੱਠਲ ਨੂੰ ਪਾ ਲਿਆ ਗਿਆ ਹੈ ਕਿਉਂਕਿ ਉਹ ਵੀ ਅਸੈਂਬਲੀ ਦੇ ਬੜੇ ਪਰੌਮੀਨੈਂਟ ਮੈਂਬਰ ਰਹੇ ਹਨ, ਇਸ ਲਈ ਉਨ੍ਹਾਂ ਨੂੰ ਪਾ ਲਿਆ ਗਿਆ ਹੈ।

ਡਾਕਟਰ ਕੇਵਲ ਕਿਸ਼ਨ: ਚਿੱਠੀ ਬਾਰੇ ਕੁਝ ਨਹੀਂ ਦੱਸਿਆ।

ਮੁੱਖ ਮੰਤਰੀ : ਤੁਸੀਂ ਇਸ ਬਾਰੇ ਕੁਐਸਚਨ ਕਰੋ, ਜਵਾਬ ਦੇ ਦੇਵਾਂਗੇ।

Mr. Speaker: Shri Dhindsa.

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪਲੀਮੈਂਟਰੀ, ਸਰ।

Mr. Speaker ; Shri Dhindsa is already on his legs.

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਾਡੀ ਪਾਰਟੀ ਦਾ ਕੋਈ ਨੁਮਾਇੰਦਾ ਇਨ੍ਹਾਂ ਨੇ ਕਿਸੇ ਜ਼ਿਲ੍ਹੇ ਵਿੱਚ ਪਾਇਆ ਹੈ, ਜਾਂ ਨਹੀਂ, ਅਤੇ ਕੀ ਕੋਈ ਚਿੱਠੀ ਲਿਖੀ ਹੈ, ਜਾਂ ਨਹੀਂ ? (ਵਿਘਨ) ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਪਾਰਟੀ ਹੈ ਤਾਂ ਸਾਡੀ ਹੈ। ਇਹ ਜਾ ਕੇ ਪਿੰਡਾਂ ਵਿੱਚ ਪਤਾ ਕਰਨ, ਪਤਾ ਲਗ ਜਾਵੇਗਾ। ਮੈਂ ਕਹਿਣਾ ਚਾਹੁੰਦਾ ਹਾਂ ....

ਸ੍ਰੀ ਸਪੀਕਰ : ਢੀਂਡਸਾ ਸਾਹਿਬ, ਕਹਿਣ ਦੀ ਕੋਈ ਗੱਲ ਨਹੀਂ ਹੈ। ਤੁਸੀਂ ਸਵਾਲ ਪੁੱਛੋ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਸਾਡਾ ਹਾਈ ਕੋਰਟ ਵਿੱਚ ਕੇਸ ਹੈ। ਕੋਰਟ ਨੇ ਸਾਨੂੰ ਸਟੇਟਸ-ਕੋ ਦਿੱਤਾ ਹੈ। ਸਾਡਾ ਧੜਾ ਮਨਜ਼ੂਰ ਕੀਤਾ ਹੈ। ਇਸ ਕਰਕੇ ਇਹ ਕਿਸ ਤਰ੍ਹਾਂ ਕਹਿ ਸਕਦੇ ਹਨ ਕਿ ਪਾਰਟੀ ਨਹੀਂ ਹੈ। (ਵਿਘਨ)

ਆਵਾਜ਼ਾਂ : ਧੜਾ ਹੀ ਹੈ, ਪਾਰਟੀ ਨਹੀਂ ਹੈ।

ਮੁੱਖ ਮੰਤਰੀ: ਸਪੀਕਰ ਸਾਹਿਬ, ਅਸੀਂ ਕਿਸੇ ਧੜੇ ਨੂੰ ਰਿਕੁਗਨਾਈਜ਼ ਨਹੀਂ ਕਰਦੇ। ਪੁਲੀਟਿਕਲ ਪਾਰਟੀਆਂ ਨੂੰ ਰਿਕੁਗਨਾਈਜ਼ ਕਰਦੇ ਹਾਂ। ਏਥੇ ਕਿਸੇ ਧੜੇ ਨੂੰ ਰਿਕੁਗਨੀਸ਼ਨ ਨਹੀਂ ਦਿਤੀ ਗਈ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਮੈਂ ਰਿਕੁਐਸਟ ਕਰਾਂਗੀ ਕਿ ਇਨ੍ਹਾਂ ਨੇ ਜਵਾਬ ਦਿੰਦਿਆਂ ਕਿਹਾ ਹੈ ਕਿ ਇਨ੍ਹਾਂ ਨੇ ਕੋਈ ਚਿੱਠੀ ਲਿਖੀ ਹੈ। ਪਰ ਇਹ ਨਹੀਂ ਦੱਸਿਆ ਕਿ ਕਿਸ ਦੇ ਨਾਂ ਤੇ ਲਿਖੀ ਹੈ, ਕਦੋਂ ਲਿਖੀ ਹੈ ਅਤੇ ਕਿਸ ਨੇ ਲਿਖੀ ਹੈ। ਕੀ ਸੀ.ਐਮ. ਸਾਹਿਬ ਹੁਣ ਇਸ ਤੇ ਗੌਰ ਕਰਕੇ ਕਾਂਗਰਸ ਪਾਰਟੀ ਦੇ ਮੈਂਬਰਜ਼ ਪਾਉਣਗੇ ਕਿਉਂਕਿ ਇਹ ਇਕ ਬਹੁਤ ਵੱਡਾ ਸੈਕਸ਼ਨ ਹੈ, ਇਸ ਨੂੰ ਇਗਨੋਰ ਨਹੀਂ ਕੀਤਾ ਜਾਣਾ ਚਾਹੀਦਾ।

ਮੁੱਖ ਮੰਤਰੀ : ਚਿੱਠੀ ਦਾ ਵੇਰਵਾ ਮੈਂ ਇਨ੍ਹਾਂ ਨੂੰ ਦੇ ਦਿਆਂਗਾ, ਜਿਸ ਤਰ੍ਹਾਂ ਨਾਲ ਕਮਿਉਨੀਕੇਸ਼ਨ ਹੁੰਦੀ ਰਹੀ ਹੈ ਦਸ ਦਿਆਂਗੇ । ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਸਰਦਾਰ ਦਰਬਾਰਾ ਸਿੰਘ ਦੀ ਗੌਰਮਿੰਟ ਸੀ ਉਸ ਵੇਲੇ ਕਿਸੇ ਵੀ ਆਕਾਲੀ ਮੈਂਬਰ ਨੂੰ ਕਿਸੇ ਵੀ ਕਮੇਟੀ ਤੇ ਨਹੀਂ ਲਿਆ ਗਿਆ ਸੀ । ਡਾਕਟਰ ਸਾਹਿਬ ਬੈਠੇ ਹਨ । ਮੈਂ ਲਿਸਟ ਪੜ੍ਹ ਦਿੰਦਾ ਹਾਂ । 22 ਵਿਚੋਂ 18 ਮੈਂਬਰ ਕੇਵਲ ਕਾਂਗਰਸ ਲਈ ਹੁੰਦੇ ਸਨ । ਅਸੀਂ ਸਾਰੀਆਂ ਪੁਲੀਟੀਕਲ ਪਾਰਟੀਆਂ ਨੂੰ ਰਿਪਰੇਜ਼ੈਂਟੇਸ਼ਨ ਦਿੱਤੀ ਹੈ । (ਥੰਪਿੰਗ) ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਹੁਣੇ ਹੀ ਦਸਿਆ ਹੈ ਹਾਊਸ ਨੂੰ ਕਿ ਸਾਰੀਆਂ ਪੁਲੀਟੀਕਲ ਪਾਰਟੀਆਂ ਦੇ ਅਸੀਂ ਨੁਮਾਇੰਦੇ ਪਾਏ ਹਨ ਔਰ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਕਾਂਗਰਸ ਵਾਲਿਆਂ ਨੂੰ ਚਿੱਠੀ ਲਿਖੀ ਸੀ ਪਰ ਜਵਾਬ ਨਹੀਂ ਆਇਆ ਹੈ । ਹੁਣੇ ਹੀ ਉਨ੍ਹਾਂ ਨੇ ਕਿਹਾ ਹੈ ਕਿ ਕਾਂਗਰਸ ਰਾਜ ਵੇਲੇ ਕੋਈ ਅਕਾਲੀ ਨਹੀਂ ਪਾਇਆ ਸੀ ਕਾਂਗਰਸ ਰਾਜ ਵੇਲੇ ਕਾਂਗਰਸ ਦੀ ਪਾਲੀਸੀ ਸੀ ਪਰ ਅੱਜ ਉਹ ਪਾਲੀਸੀ ਹੈ ਜੋ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਪਾਲੀਸੀ ਹੈ । ਇਨ੍ਹਾਂ ਨੇ ਕਿਹਾ ਹੈ ਕਿ ਸਾਰੀਆਂ-ਪੁਲੀਟੀਕਲ ਪਾਰਟੀਆਂ ਦੇ ਨੁਮਾਇੰਦੇ ਇਸ ਵਿਚ ਪਾਏ ਹਨ । ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਕਾਂਗਰਸ ਰਾਜ ਵੇਲੇ ਅਕਾਲੀਆਂ ਦਾ ਕੋਈ ਨੁਮਾਇੰਦਾ ਨਹੀਂ ਰਖਿਆ ਗਿਆ ਸੀ । ਇਨ੍ਹਾਂ ਦਾ ਇਹ ਕਿਹਾ ਜਾਣਾ ਕੀ ਕੰਟਰਾਡਿਕਸ਼ਨ ਨਹੀਂ ਹੈ, ਇਸ ਦਾ ਮਤਲਬ ਹੋਇਆ ਕਿ ਅਕਾਲੀ ਸਰਕਾਰ ਕਾਂਗਰਸ ਦੇ ਨੁਮਾਇੰਦੇ ਨਹੀਂ ਪਾਏਗੀ ।

ਮੁੱਖ ਮੰਤਰੀ : ਇਥੇ ਪਾਏ ਹਨ, ਜ਼ਿਲ੍ਹੇ ਦੇ ਸਾਰੇ ਐਮ. ਪੀਜ਼. ਜਿਸ ਵਿਚ ਕਾਂਗਰਸ ਦੇ ਐਮ. ਪੀਜ਼. ਵੀ ਆ ਜਾਣਗੇ । ਜ਼ਿਲ੍ਹੇ ਦੇ ਸਾਰੇ ਐਮ. ਐਲ. ਏਜ਼. ਜਿਸ ਵਿਚ ਇਨ੍ਹਾਂ ਦੀ ਨੁਮਾਇੰਦਗੀ ਵੀ ਹੋ ਜਾਏਗੀ । ਸਰਦਾਰ ਹਰਭਜਨ ਸਿੰਘ, ਸੀ. ਪੀ. ਆਈ, ਕਿਉਂਕਿ ਉਸ ਜ਼ਿਲ੍ਹੇ ਵਿਚ ਕੋਈ ਇਸ ਪਾਰਟੀ ਦਾ ਐਮ. ਐਲ. ਏ. ਨਹੀਂ ਹੈ, ਸ੍ਰੀ ਮੁਬਾਰਕ ਸਿੰਘ, ਜਨਤਾ ਪਾਰਟੀ, ਹੀਰਾ ਨੰਦ ਸਵਾਮੀ, ਬੀ. ਜੇ. ਪੀ., ਰਾਜੇਸ਼ਵਰ ਰਾਓ, ਸੀ. ਪੀ. ਐਮ. ਆਲ ਡਿਸਟਰਿਕਟ ਬਾਰ ਅਸੋਸੀਏਸ਼ਨਜ਼ ਦੇ ਪ੍ਰੈਜ਼ੀਡੈਂਟਸ, ਦੋ ਫੌਜੀ ਪਾਏ ਹਨ, ਔਰਤਾਂ ਪਾਈਆਂ ਇਨ੍ਹਾਂ ਨੂੰ ਇਥੇ ਰਿਪਰੇਜ਼ੈਂਟੇਸ਼ਨ ਦਿੱਤੀ ਹੈ। (ਵਿਘਨ)

Construction of Bridges over Patiala and Jhambo Choi Nadis

*811. **Sardar Hardial Singh Rajla** : Will the Chief Minister be pleased to state whether the Government proposes to construct bridges over Patiala and Jhambo Choi Nadis on Rajla-Dhanauri and Kalyan-Bibipur roads in district Patiala; if so, the time by which the said bridges are likely to be constructed ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ (ਰਾਜ ਮੰਤਰੀ, ਭਵਨ ਅਤੇ ਮਾਰਗ ਸ਼ਾਖਾ) : ਸੁਆਲ ਵਿਚ ਦੱਸੀਆਂ ਗਈਆਂ ਸੜਕਾਂ ਪੇਂਡੂ ਲਿੰਕ ਸੜਕਾਂ ਹਨ । ਰਾਜਲਾ-ਧਨੌਰੀ ਸੜਕ ਜਿਸ ਦੀ ਲੰਬਾਈ 3.60 ਕਿਲੋਮੀਟਰ ਹੈ ਦੀ ਮੁਰੰਮਤ ਅਤੇ ਸੁਧਾਰ ਲਈ ਮਾਰਕੀਟ ਕਮੇਟੀ ਸਮਾਨਾ ਨੇ 4.02 ਲੱਖ ਰੁਪਏ ਜਮ੍ਹਾਂ ਕਰਵਾਏ ਸਨ। ਇਸ ਸੜਕ ਤੇ ਕੰਮ ਚਾਲੂ ਹੈ ਅਤੇ ਮੁਕੰਮਲ ਹੋਣ ਵਾਲਾ ਹੈ। ਇਸ ਕੰਮ ਦੇ ਸਕੋਪ ਵਿਚ ਉਸ ਸਥਾਨ ਤੇ ਹਯੂਮ ਪਾਈਪ ਪੁਲੀ ਬਣਾਉਣਾ ਵੀ ਸ਼ਾਮਿਲ ਹੈ ਜਿਥੇ ਪੁਲ ਮੰਗਿਆ ਗਿਆ ਹੈ । ਇਸ ਪੁਲ ਤੇ 25 ਲਖ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਇਸ ਨੂੰ ਧਨ ਦੀ ਘਾਟ ਕਾਰਨ ਨਹੀਂ ਬਣਾਇਆ ਜਾ ਸਕਦਾ। ਕਲਿਆਨ ਬੀਬੀਪੁਰ ਸੜਕ ਤੇ ਚੋਈ ਨਦੀ ਉਤੇ ਪੁਲ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ ਕਿਉਂਕਿ ਇਸ ਨਦੀ ਤੇ ਪਹਿਲਾ ਹੀ ਇਕ ਪੁਲ ਕੋਈ 920 ਮੀਟਰ ਦੀ ਦੂਰੀ ਤੇ ਹੈ ।

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਇਸ ਵਿਚ ਰਾਜਲੇ ਦਾ ਨਾਮ ਗਲਤੀ ਨਾਲ ਲਿਖਿਆ ਗਿਆ ਹੈ । ਸਮਾਣਾ-ਧਨੌਰੀ ਸੜਕ ਤੇ ਨਦੀ ਦਾ ਪੁਲ ਹੈ । ਪਿਛਲੇ ਸਾਲ ਮਾਰਕੀਟਿੰਗ ਬੋਰਡ ਦੇ ਚੇਅਰਮੈਨ ਨੇ ਪਟਿਆਲਾ ਜ਼ਿਲ੍ਹੇ ਦੇ ਸਾਰੇ ਐਮ. ਐਲ. ਏਜ਼. ਨਾਲ ਮੀਟਿੰਗ ਕੀਤੀ ਸੀ ਅਤੇ ਉਸ ਵਿਚ ਇਸ ਨਦੀ ਦਾ ਪੁਲ ਮਨਜ਼ੂਰ ਕੀਤਾ ਸੀ । ਇਸ ਵਿਚ ਰਾਜਲਾ ਦਾ ਨਾਮ ਆਉਣ ਕਰਕੇ ਉਹ ਪੁਲ ਖੁਰਦ ਬੁਰਦ ਹੋ ਗਿਆ ਹੈ । ਦੂਸਰਾ ਇਹ ਕਿ ਉਸ ਪੁਲ ਦੇ ਪਾਰ ਝੰਵੀ ਚੋਈ ਤੋਂ ਪਾਰ ਕਲਿਆਨ ਤੋਂ ਬੀਬੀਪੁਰ ਵਿਖੇ ਰੋਡ ਤੇ 10 ਪਲੱਸ 2 ਦਾ ਸਕੂਲ ਹੈ ਜਿਥੇ ਬੱਚਿਆਂ ਨੇ ਪੜ੍ਹਨ ਜਾਣਾ ਹੁੰਦਾ ਹੈ ਪਰ ਬਰਸਾਤ ਦੇ ਦਿਨਾਂ ਵਿਚ ਉਹ ਉਥੇ ਪੜ੍ਹਨ ਨਹੀਂ ਜਾ ਸਕਦੇ ਅਤੇ ਇਸ ਤਰ੍ਹਾਂ ਉਨ੍ਹਾਂ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ । ਇਸੇ ਤਰ੍ਹਾਂ ਚੰਦੋਕੇ ਦਾ ਪੁਲ ਹੈ ਜਿਹੜਾ ਦੂਜੇ ਪਿੰਡਾਂ ਨਾਲ ਜੋੜਦਾ ਹੈ ।

ਸ੍ਰੀ ਸਪੀਕਰ : ਤੁਸੀਂ ਛੋਟਾ ਸਵਾਲ ਕਰੋ ।

ਸਰਦਾਰ ਹਰਦਿਆਲ ਸਿੰਘ ਰਾਜਲਾ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਮਨਜ਼ੂਰ ਕੀਤਾ ਪੁਲ ਹੈ ਉਹ ਕਦੋਂ ਤੱਕ ਬਣ ਜਾਵੇਗਾ ? ਜਿਹੜਾ ਪੁਲ ਮੰਡੀਕਰਨ ਬੋਰਡ ਦੇ ਚੇਅਰਮੈਨ ਸਰਦਾਰ ਤੋਤਾ ਸਿੰਘ ਨੇ ਮਨਜ਼ੂਰ ਕੀਤਾ ਹੈ ਉਹ ਕਦੋਂ ਤੱਕ ਬਣਾ ਦੇਣਗੇ ? ਉਹ ਪੁਲ ਕਈਆਂ ਪਿੰਡਾਂ ਨੂੰ ਜੋੜਦਾ ਹੈ । ਇਸ ਲਈ ਉਸ ਨੂੰ ਕਦੋਂ ਤੱਕ ਬਣਾ ਦੇਣਗੇ ?

ਰਾਜ ਮੰਤਰੀ, ਭਵਨ ਅਤੇ ਮਾਰਗ ਸ਼ਾਖਾ : ਸਪੀਕਰ ਸਾਹਿਬ, ਇਸ ਸਵਾਲ ਵਿਚ ਇਨ੍ਹਾਂ ਨੇ ਕਨਫਿਊਜ਼ਨ ਪੈਦਾ ਕਰ ਦਿੱਤੀ ਹੈ । ਇਹ ਸਮਾਣਾ-ਧਨੌਰੀ ਦੀ ਗੱਲ ਕਰ ਰਹੇ ਹਨ ਜਾਂ ਕਲਿਆਨ ਬੀਬੀਪੁਰ ਦੀ ਗੱਲ ਕਰ ਰਹੇ ਹਨ ।

Mr. Speaker : Question Hour is over. The remaining questions shall be deemed to have been answered under rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Demand for Pension and Gratuity to the Teaching and Non-Teaching Staff of Private Schools

***732. Shri Om Parkash Gupta** : Will the Chief Minister be pleased to state whether there is any demand from the teaching and non-teaching staff of the private recognised schools for grant of pension and gratuity etc ; if so, the details of the action taken/proposed to be taken in the matter ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹਾਂ ਜੀ, ਪੈਨਸ਼ਨ ਅਤੇ ਗਰੈਚੁਟੀ ਦਾ ਲਾਭ ਦੇਣ ਲਈ ਸਿਧਾਂਤਕ ਤੌਰ ਤੇ ਫੈਸਲਾ ਕੀਤਾ ਗਿਆ ਹੈ । ਵਿੱਤ ਮੰਤਰੀ ਜੀ ਦੀ ਪ੍ਰਧਾਨਗੀ ਹੇਠ, ਪ੍ਰਾਈਵੇਟ ਸਰਕਾਰੀ ਏਡਿਡ ਸਕੂਲਾਂ ਦੇ ਕਰਮਚਾਰੀਆਂ ਦੀਆਂ ਸਾਰੀਆਂ ਮੰਗਾਂ ਦੀ ਜਾਂਚ ਕਰਨ ਲਈ ਇਕ ਕਮੇਟੀ ਬਣਾਈ ਗਈ ਹੈ ।

Construction of S.Y.L. Canal

***764. Doctor Kewal Krishan** : Will the Chief Minister be pleased to state :—

(a) whether the Government has sent any communication to the Government of Haryana during the month of February, 1987 regarding the construction of SYL Canal, if so, a copy thereof be laid on the Table of the House;

(b) the date on which the construction work on the said canal was started and by which that is likely to be completed ;

(c) the amount so far spent on the construction of the said canal ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ਏ) ਹਾਂ ਜੀ । ਪੱਤਰ ਦੀ ਕਾਪੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ ।

(ਬੀ) ਐਸ.ਵਾਈ.ਐਲ. ਨਹਿਰ ਦੀ ਉਸਾਰੀ ਦਾ ਕੰਮ ਅਪਰੈਲ, 1982 ਵਿਚ ਸ਼ੁਰੂ ਕੀਤਾ ਗਿਆ । ਉਸਾਰੀ ਦੇ ਨਵੇਂ ਪ੍ਰੋਗਰਾਮ ਅਨੁਸਾਰ, ਪਰੋਜੈਕਟ ਮਾਰਚ, 1988 ਵਿਚ ਮੁਕੰਮਲ ਕਰਨ ਦੀ ਤਜਵੀਜ਼ ਹੈ ।

(ਸੀ) ਰੁਪਏ 175.12 ਕਰੋੜ ਮਿਤੀ 28-2-87 ਤਕ ।

Surjit Singh Barnala D.O. No. 12/4/86-1PPJ(6)/3754

February 18th, 1987.

Kindly refer to your D.O. letters of 12th November, 1986 and 13th January, 1987 about the progress of Satluj Yamuna Canal. The State Government has been closely monitoring the progress of this project and has been taking corrective action where necessary. At present, all the land required for this project has been acquired and in respect of land of a religious institution, NOC has been issued. The latter is, however, not immediately needed for execution of works. The High Powered Committee referred to by you has since been constituted while the Chief Engineer S.Y.L. has also placed orders for purchase of lining machinery. The work on the Ghagar Super Passages is also likely to be completed by December, 1987. The suggestion for taking up major cross drainage works on a three shift basis is at this stage not feasible or even not required when there is no problem about their completion by November, 1987. The only exception is on the critical work on the Sirsa aqueduct. You will be happy to know that work is presently going on a three shift basis as per the present schedule of this work, it is expected that four out of ten spans would be completed before the mons oon and the remaining after that. The earth work and lining have been somewhat slowed down by frequent rains, but as you may have observed the targets in respect of these works have been kept very low in the last six months of 1986 and shortfall, if any, will be made good in that period.

2. In view of the position indicated above, I am sure, you will agree with me that the Punjab Government is taking all necessary steps to speed up the construction of this project. At the same time I would like to bring to your notice that on account of the stand taken by the Haryana Government some important issues relating to cost sharing and inter-linking of the S.Y.L. with the N·H.L. are getting delayed. This point was discussed in the meeting of Secretary, Water Resources on 12th December, 1986. I am sure you will agree that the issue of cost sharing of the scheme of Punjab Government on account of the Anandpur Sahib Hydle Channel should be settled without further delay. Similarly, approval of the work tapping in the N.H.L. and its inter-linking with the S.Y.L. is reportedly held up as Haryana has been opposing this in the forum of the B.B.M.B. I would like to indicate that this is a critcal work and delay in deciding about this will invevitaly postpone the commissioning of the S.Y.L. It might also be mentioned that inter-linking of the S.Y.L. with the N.H.L. was incorporated in the

Project Report which was sent to the Central Water Commission in 1982. May I, therefore, seek your intervention for an early resolution of these outstanding issues with a view to further executing the work of this project.

With regards,

Yours sincerely,

Sd/-

(SURJIT SINGH BARNALA)

SHRI BANSI LAL,

Chief Minister,
Haryana,
Chandigarh.

Engineering College in Jalandhar

***703. Shri Mohinder Singh K.P. :** Will the Chief Minister be pleased to state —

(a) whether the Government has purchased land for the Engineering College in Jalandhar ;

(b) if the reply to part (a) above be in the affirmative, whether the construction work of the building of the said college has also been taken in hand ;

(c) if the reply to part (b) above be in the affirmative, the time by which the classes in the said college are likely to be started ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਹਾਂ ਜੀ ।

(ਅ) ਬਿਲਡਿੰਗ ਦੀ ਉਸਾਰੀ ਹਾਲੇ ਸ਼ੁਰੂ ਨਹੀਂ ਹੋਈ ਹੈ। ਇਮਾਰਤ ਦੀ ਚਾਰ ਦੀਵਾਰੀ ਦਾ ਕੰਮ ਉਸਾਰੀ ਅਧੀਨ ਹੈ ।

(ੲ) ਜਿਉਂ ਹੀ ਲੋੜੀਂਦੀਆਂ ਸਹੂਲਤਾਂ ਮਿਲਣਯੋਗ ਹੋਣਗੀਆਂ ਤਿਉਂ ਹੀ ਕਲਾਸਾਂ ਆਰੰਭ ਕਰ ਦਿੱਤੀਆਂ ਜਾਣਗੀਆਂ।

UNSTARRED QUESTIONS AND ANSWERS

Regularization of Services of Hindi Teachers of District Faridkot

102. Doctor Dalbir Singh : Will the Chief Minister be pleased to state —

(a) whether it is a fact that the services of those Hindi teachers working in District Faridkot who had completed one year of their service on 1st April, 1977, have not so far been regularised :

(b) if the reply to para (a) above be in the affirmative the reasons therefor ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਕੇਵਲ ਦੋ ਹੀ ਕੇਸ ਲੰਬਿਤ ਹਨ ਜਿਨ੍ਹਾਂ ਦੀਆਂ ਸੇਵਾਵਾਂ ਅਜੇ ਨਿਯਮਤ ਕਰਨੀਆਂ ਬਾਕੀ ਰਹਿੰਦੀਆਂ ਹਨ ।

[ਮੁੱਖ ਮੰਤਰੀ]

(ਅ) ਸ਼੍ਰੀ ਓਮ ਪ੍ਰਕਾਸ਼ ਹਿੰਦੀ ਟੀਚਰ ਸਰਕਾਰੀ ਹਾਈ ਸਕੂਲ, ਮਲ੍ਹਾਨ ਦੀਆਂ ਸੇਵਾਵਾਂ ਨਿਯਮਤ ਨਹੀਂ ਕੀਤੀਆਂ ਜਾ ਸਕੀਆਂ ਕਿਉਂਕਿ ਅਧਿਆਪਕ ਨੇ ਪੜ੍ਹਤੀ ਸ਼੍ਰੇਣੀ ਦਾ ਸਰਟੀਫੀਕੇਟ ਨਹੀਂ ਦਿਤਾ। ਦੂਸਰਾ ਕੇਸ ਸ਼੍ਰੀਮਤੀ ਲੀਲਾ ਕੁਮਾਰੀ ਦਾ ਲੰਬਿਤ ਹੈ ਕਿਉਂਕਿ ਉਹ ਲੋੜੀਂਦੀ ਯੋਗਤਾਵਾਂ ਜੋ ਰੂਲਾਂ ਵਿਚ ਦਰਜ ਹਨ ਪੂਰੀਆਂ ਨਹੀਂ ਕਰਦੀ ਸੀ ਜਿਵੇਂ ਕਿ ਦਸਵੀਂ, ਪ੍ਰਭਾਕਰ, ਜੇ.ਬੀ.ਟੀ. ਅਤੇ ਓ.ਟੀ.।

Primary School Building in Fauji Colony, Randhirpur

98. **Sardar Ranjit Singh Balian :** Will the Minister of State for Rural Development and Panchayats with reference to the reply to Unstarred Question No. 81 printed in the list of Unstarred Qustions for 15th December, 1986 be pleased to state —

(a) whether the amount sanctioned under RLEGP scheme for the construction of Primary School building in Fauji Colony Randhirpur, Tehsil Sultanpur Lodhi, District Kapurthala has been spent for the purpose, if so, when ;

(b) if the reply to part (a) above be in negative, the time by which the building of the Primary School there is likely to be constructed ?

ਸਰਦਾਰ ਬਲਦੇਵ ਸਿੰਘ ਖਿਆਲਾ : (ੳ) ਆਰ ਐਲ. ਈ. ਜੀ. ਪੀ. ਸਕੀਮ ਅਧੀਨ 39,500 ਰੁਪਏ ਨਕਦ ਦੇ ਰੂਪ ਵਿੱਚ ਅਤੇ 8,000 ਰੁਪਏ ਕਣਕ ਦੇ ਰੂਪ ਵਿੱਚ ਸਕੂਲ ਦੀ ਇਮਾਰਤ ਦੀ ਉਸਾਰੀ ਲਈ ਗਰਾਂਟ ਗਰਾਮ ਪੰਚਾਇਤ ਰਣਧੀਰਪੁਰ ਨੂੰ ਦਿੱਤੀ ਗਈ ਸੀ ਜਿਸ ਵਿੱਚ ਫੌਜੀ ਕਾਲੋਨੀ ਦੇ ਕੁਝ ਵਸਨੀਕ ਵੀ ਸ਼ਾਮਲ ਹਨ।

(ਅ) ਗਰਾਂਟ ਗਰਾਮ ਪੰਚਾਇਤ ਰਣਧੀਰਪੁਰ, ਜੋ ਕਿ ਇਕ ਬਾਡੀ ਕਾਰਪੋਰੇਟ ਹੈ ਅਤੇ ਆਪਣੇ ਫੰਡ ਆਪਰੇਟ ਕਰਦੀ ਹੈ, ਨੂੰ ਦਿੱਤੀ ਗਈ ਸੀ। ਫੌਜੀ ਕਾਲੋਨੀ ਵਿੱਚ 84 ਘਰ ਹਨ। ਇਨ੍ਹਾਂ ਵਿੱਚੋਂ 22 ਰਣਧੀਰਪੁਰ ਅਤੇ 62 ਮਹਾਬਲੀਪੁਰ ਦੀ ਜ਼ਮੀਨ ਤੇ ਉਸਾਰੇ ਗਏ ਹਨ। ਇਸ ਕਾਲੋਨੀ ਦੀ ਆਬਾਦੀ ਵੱਖ ਵੱਖ ਘਰਾਂ ਦੇ ਰੂਪ ਵਿੱਚ ਖਿਲਰੀ ਪਈ ਹੈ ਅਤੇ ਰਣਧੀਰਪੁਰ ਦੀ ਮੁੱਖ ਆਬਾਦੀ ਤੋਂ ਇਕ ਕਿਲੋਮੀਟਰ ਦੇ ਫਾਸਲੇ ਤੇ ਹੈ। ਮਹਾਬਲੀਪੁਰ ਫੌਜੀ ਕਾਲੋਨੀ ਵਿੱਚ ਇਕ ਪ੍ਰਾਈਮਰੀ ਸਕੂਲ ਇਮਾਰਤ ਸਮੇਤ ਪਹਿਲਾਂ ਹੀ 1968 ਤੋਂ ਹੈ। ਇਹ ਉਪਰ ਦੱਸੇ 84 ਘਰਾਂ ਦੀਆਂ ਵਿਦਿਅਕ ਲੋੜਾਂ ਨੂੰ ਪੂਰਾ ਕਰ ਰਿਹਾ ਹੈ। ਪ੍ਰਾਈਮਰੀ ਸਕੂਲ ਦੀ ਇਮਾਰਤ ਜਿਹੜੀ ਕਿ ਉਸਾਰੀ ਦੇ ਆਖਰ ਪੜਾਅ ਤੇ ਹੈ, ਰਣਧੀਰਪੁਰ ਪਿੰਡ ਵਿੱਚ ਉਸਾਰੀ ਅਧੀਨ ਹੈ ਜਿਥੇ ਕਿ ਮੌਜੂਦਾ ਸਕੂਲ ਗੁਰਦਵਾਰੇ ਦੀ ਇਮਾਰਤ ਵਿੱਚ ਚਲਾਇਆ ਜਾ ਰਿਹਾ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੜਾ ਜ਼ਰੂਰੀ ਪੁਆਇੰਟ ਸੀ. ਐਮ. ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਪੰਜਾਬ ਵਿਚ ਪਿਛਲੇ ਸਾਲ ਤੋਂ ਲੈ ਕੇ ਤਕਰੀਬਨ 50-60 ਵਾਕਿਆਤ ਹੋ ਗਏ ਹਨ ਜਦ ਕਿ ਸੀ. ਆਰ. ਪੀ. ਐਫ. ਗੋਲੀਆਂ ਚਲਾਕੇ ਨਜਾਇਜ਼ ਬੰਦਿਆਂ ਨੂੰ ਮਾਰਦੇ ਹਨ। ਨਕੋਦਰ ਫਾਇਰਿੰਗ ਹੋਈ। ਫਿਰ ਜਸਟਿਸ ਬੈਂਸ ਨੇ ਇਨਕੁਆਇਰੀ ਕਰਕੇ ਰਿਪੋਰਟ ਕੀਤੀ। ਰਿਪੋਰਟ ਦਿੱਤੀ ਨੂੰ ਵੀ ਕਾਫੀ ਸਮਾਂ

ਹੋ ਗਿਆ ਹੈ। ਉਨ੍ਹਾਂ ਨੇ ਅਫਸਰਾਂ ਨੂੰ ਗਿਲਟੀ ਕਰਾਰ ਦਿੱਤਾ ਪਰ ਫਰਦਰ ਐਕਸ਼ਨ ਨਹੀਂ ਲਿਆ ਗਿਆ। ਫਰਦਰ ਐਕਸ਼ਨ ਲੈਣਾ ਚਾਹੀਦਾ ਹੈ ਤਾਂ ਕਿ ਐਸੀਆਂ ਘਟਨਾਵਾਂ ਨਾ ਵਾਪਰਨ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਕੱਲ ਵੀ ਬੇਨਤੀ ਕੀਤੀ ਸੀ ਕਿ ਪਟਿਆਲਾ ਵਿਚ 18 ਤਾਰੀਖ ਤੋਂ ਕਰਫਿਊ ਲਗਾ ਹੋਇਆ ਹੈ। ਇਸ ਨੂੰ 8-9 ਦਿਨ ਹੋ ਗਏ ਹਨ। ਸਾਰਾ ਪੰਜਾਬ ਪਟਿਆਲੇ ਦੀਆਂ ਘਟਨਾਵਾਂ ਬਾਰੇ ਚਿੰਤਤ ਹੈ। ਉਸ ਬਾਰੇ ਸਰਕਾਰ ਨੂੰ ਆਪਣੇ ਆਪ ਕੋਈ ਬਿਆਨ ਦੇਣਾ ਚਾਹੀਦਾ ਸੀ ਕਿ ਪਟਿਆਲੇ ਵਿਚ ਕੀ ਕੁਝ ਹੋ ਰਿਹਾ ਹੈ। ਰੋਜ਼ਾਨਾਂ ਉਥੇ ਲੂਟਿੰਗ ਅਤੇ ਸਟੈਬਿੰਗ ਹੁੰਦੀ ਹੈ। ਲੋਕ ਹੈਰਾਨ ਹਨ ਕਿ ਸਰਕਾਰ ਖਾਮੋਸ਼ ਕਿਉਂ ਹੈ। ਇਸ ਨੂੰ 8-9 ਦਿਨ ਹੋ ਗਏ ਹਨ ਪਰ ਸਰਕਾਰ ਨੇ ਬਿਆਨ ਨਹੀਂ ਦਿਤਾ ਕਿ ਪਟਿਆਲੇ ਵਿਚ ਕੀ ਹੋ ਰਿਹਾ ਹੈ। ਇਸ ਲਈ ਸਾਰਾ ਕੰਮ ਛੱਡਕੇ ਹੋਮ ਮਨਿਸਟਰ ਨੂੰ ਜਾਂ ਚੀਫ਼ ਮਨਿਸਟਰ ਸਾਹਿਬ ਨੂੰ ਪਟਿਆਲੇ ਦੀਆਂ ਘਟਨਾਵਾਂ ਬਾਰੇ ਬਿਆਨ ਦੇਣਾ ਚਾਹੀਦਾ ਹੈ। ਮੈਂ ਕੱਲ ਵੀ ਇਸ ਬਾਰੇ ਕਿਹਾ ਸੀ। ਇਨ੍ਹਾਂ ਨੂੰ ਅੱਜ ਬਿਆਨ ਦੇਣਾ ਚਾਹੀਦਾ ਸੀ। ਪਤਾ ਨਹੀਂ ਪਟਿਆਲੇ ਦੀਆਂ ਘਟਨਾਵਾਂ ਬਾਰੇ ਸਰਕਾਰ ਖਾਮੋਸ਼ ਕਿਉਂ ਹੈ?

ਸ਼੍ਰੀ ਸਪੀਕਰ : ਮਾਸਟਰ ਮੋਹਨ ਲਾਲ ਜੀ, ਤੁਸੀਂ ਬੈਠੋ। ਤੁਹਾਡੀ ਇਸ ਇਸ਼ੂ ਤੇ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਹੋ ਚੁੱਕੀ ਹੈ। ਤੁਸੀਂ ਬੈਠੋ। (ਵਿਘਨ) ਤੁਹਾਡੀ ਇਸ ਇਸ਼ੂ ਤੇ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਹੋ ਚੁੱਕੀ ਹੈ। ਉਹ ਆ ਜਾਵੇਗੀ।

WALK OUT

ਮਾਸਟਰ ਮੋਹਨ ਲਾਲ : ਅਸੀਂ ਐਜ਼ ਏ ਪ੍ਰੋਟੈਸਟ ਵਾਕ-ਆਊਟ ਕਰਦੇ ਹਾਂ।

(ਇਸ ਸਮੇਂ ਸਦਨ ਵਿਚ ਬੀ. ਜੇ. ਪੀ. ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਵਾਕ-ਆਊਟ ਕਰ ਗਏ।)

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਗਿੱਦੜਬਾਹਾ ਅਤੇ ਮਲੋਟ ਵਿਚ ਗੜਿਆਂ ਕਾਰਨ ਫਸਲਾਂ ਬੜੀਆਂ ਡੈਮੇਜ ਹੋਈਆਂ ਹਨ। (ਇਸ ਸਮੇਂ ਕੁਝ ਮੈਂਬਰ ਸਾਹਿਬਾਨ ਬੈਠੇ ਬੈਠੇ ਬੋਲ ਰਹੇ ਸਨ।)

ਸ਼੍ਰੀ ਸਪੀਕਰ : ਆਪੋਜ਼ੀਸ਼ਨ ਦੇ ਲੀਡਰ ਬੋਲ ਰਹੇ ਹਨ, ਤੁਸੀਂ ਉਨ੍ਹਾਂ ਨੂੰ ਸੁਣੋ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ. ਮੈਂ ਤੁਹਾਡੇ ਰਾਹੀਂ ਸੀ. ਐਮ. ਦੇ ਨੋਟਿਸ ਵਿਚ ਲਿਆਉਣਾ ਚਾਹੁੰਦੀ ਹਾਂ ਕਿ ਗਿੱਦੜਬਾਹਾ ਅਤੇ ਮਲੋਟ ਵਿਚ ਗੜਿਆਂ ਕਾਰਨ ਫਸਲਾਂ ਦਾ ਸੈਂਟ ਪਰਸੈਂਟ ਨੁਕਸਾਨ ਹੋਇਆ ਹੈ। ਮੈਂ ਤੁਹਾਨੂੰ ਇਹ ਅਪੀਲ ਕਰਾਂਗੀ ਕਿ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਕੰਪਨਸੇਸ਼ਨ ਜਿਹੜਾ ਦੇਣਾ ਹੈ ਉਹ ਜਲਦੀ ਤੋਂ ਜਲਦੀ ਅਨਾਊਂਸ ਹੋਣਾ ਚਾਹੀਦਾ ਹੈ। ਤੁਸੀਂ ਅਫਸਰਾਂ ਨੂੰ ਇਸ ਬਾਰੇ ਹਦਾਇਤ ਦਿਓ। ਜਿਹੜਾ ਕੰਪੈਨਸੇਸ਼ਨ ਦੇਣਾ ਹੈ ਉਹ 4-5 ਦਿਨਾਂ ਵਿਚ ਦੇਖ ਕੇ ਅਨਾਊਂਸ ਕਰ ਦੇਣਾ ਚਾਹੀਦਾ ਹੈ। ਇਹ ਉਨ੍ਹਾਂ ਲੋਕਾਂ ਨੂੰ ਜਲਦੀ ਤੋਂ ਜਲਦੀ ਦਿਤਾ ਜਾਵੇ। ਜਿਨ੍ਹਾਂ ਦੀ ਕੱਚੀ ਪੱਕੀ ਫਸਲ ਦਾ ਨੁਕਸਾਨ ਹੋਇਆ ਹੈ ਉਸ ਨਾਲ ਬਦਬੂ ਫੈਲ ਜਾਵੇਗੀ ਅਤੇ ਜਿਸ ਕਾਰਨ ਬੀਮਾਰੀ ਫੈਲ ਸਕਦੀ ਹੈ, ਇਸ ਵੱਲ ਛੇਤੀ ਤੋਂ ਛੇਤੀ ਧਿਆਨ ਦਿੱਤਾ ਜਾਵੇ।

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਦੂਸਰਾ, ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਚੀਫ਼ ਮਨਿਸਟਰ ਨੇ ਪਿਛਲੇ ਚੀਫ਼ ਮਨਿਸਟਰ ਦਰਬਾਰਾ ਸਿੰਘ ਦੇ ਹੁਕਮਾਂ ਬਾਰੇ ਗੱਲ ਕਰਕੇ ਬਦਲੇ ਦੀ ਭਾਵਨਾ ਵਾਲੀ ਗੱਲ ਕੀਤੀ । ਉਦੋਂ ਇਹ ਮੈਂਬਰ ਨਹੀਂ ਸਨ । ਇਸ ਲਈ ਇਹ ਗੱਲ ਠੀਕ ਨਹੀਂ ਹੈ, ਅਸੀਂ ਇਸ ਨਾਲ ਬਿਲਕੁਲ ਸੈਟਿਸਫਾਈ ਨਹੀਂ ਹਾਂ । ਮੇਰੀ ਪਾਰਟੀ ਇਸ ਗੱਲ ਤੇ ਪਰੋਟੈਸਟ ਕਰਦੀ ਹੈ । ਇਸ ਤਰ੍ਹਾਂ ਲੱਗਦਾ ਹੈ ਕਿ ਸਾਨੂੰ ਇਗਨੋਰ ਕੀਤਾ ਗਿਆ ਹੈ ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਇਨ੍ਹਾਂ ਨੇ ਦੋ ਸਵਾਲ ਰੇਜ਼ ਕੀਤੇ ਹਨ। ਆਪੋਜ਼ੀਸ਼ਨ ਦੇ ਲੀਡਰ ਨੇ ਇਕ ਗੜਿਆਂ ਬਾਰੇ ਕਿਹਾ । ਗੜਿਆਂ ਬਾਰੇ ਜਿਸ ਵੇਲੇ ਪਤਾ ਲੱਗਾ ਮੈਂ ਫੌਰਨ ਉਥੇ ਜਾਣ ਵਾਸਤੇ ਅਫਸਰਾਂ ਦੀ ਡਿਊਟੀ ਲਗਾਈ, ਅਗਲੇ ਹੀ ਸਵੇਰੇ ਅਫ਼ਸਰ ਉਥੇ ਪਹੁੰਚ ਗਏ ਔਰ ਉਹ ਸਰਵੇਖਣ ਕਰ ਰਹੇ ਹਨ । ਅਸੀਂ ਕੋਸ਼ਿਸ਼ ਕਰਾਂਗੇ ਕਿ ਜਲਦੀ ਤੋਂ ਜਲਦੀ ਜੋ ਕੰਪਨਸੇਸ਼ਨ, ਰਿਲੀਫ ਦਿੱਤਾ ਜਾ ਸਕਦਾ ਹੈ ਦਿੱਤਾ ਜਾਵੇ ।

ਦੂਸਰੀ, ਸਪੀਕਰ ਸਾਹਿਬ , ਇਨ੍ਹਾਂ ਨੇ ਗੱਲ ਕਮੇਟੀਆਂ ਦੀ ਕੀਤੀ ਹੈ । ਇਹ ਮੇਰੇ ਨਾਲ ਆ ਕੇ ਚੈਂਬਰ ਵਿੱਚ ਗੱਲ ਕਰ ਲੈਣ, ਮੈਂ ਇਨ੍ਹਾਂ ਦੀ ਤਸੱਲੀ ਕਰਵਾ ਦੇਵਾਂਗਾ । ਜਿਥੇ ਜਿਥੇ ਰਿਪ੍ਰੇ-ਜ਼ੈਂਟੇਟਿਵਜ਼ ਨਹੀਂ ਪਾਏ ਉਥੇ ਪਾਵਾਂਗੇ, ਕੋਈ ਬਦਲੇ ਦੀ ਭਾਵਨਾ ਨਹੀਂ ਹੈ। ਅਸੀਂ ਤਾਂ ਹਰ ਪਾਰਟੀ ਨੂੰ ਨੁਮਾਇੰਦਗੀ ਦਿੱਤੀ ਹੈ ਜਿਥੇ ਕਿ ਪਹਿਲਾਂ ਇਹ ਨਹੀਂ ਮਿਲਦੀ ਰਹੀ । (ਥੰਪਿੰਗ)

ਪ੍ਰੋਫੈਸਰ ਦਰਬਾਰੀ ਲਾਲ: ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅੰਮ੍ਰਿਤਸਰ ਵਿੱਚ ਪਿਛਲੇ ਕਈ ਦਿਨਾਂ ਵਿੱਚ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਤਮਾਮ ਬਜ਼ਾਰ ਵਿੱਚ ਕੁਝ ਲੁਟੇਰੇ ਅਤੇ ਕੁਝ ਅੱਤਵਾਦੀ ਗੈਂਗ ਦੀ ਸ਼ਕਲ ਵਿਚ ਗਰੁੱਪ ਬਣਾ ਕੇ ਆਲੇ ਦੁਆਲੇ ਦੀਆਂ ਦੁਕਾਨਾਂ ਵਿੱਚ ਚਲੇ ਜਾਂਦੇ ਹਨ ਔਰ ਜ਼ਬਰਦਸਤੀ ਪੈਸੇ ਇਕੱਠੇ ਕਰਦੇ ਹਨ, ਜਿਸ ਦਾ ਰਿਜ਼ਲਟ ਇਹ ਨਿਕਲਿਆ ਹੈ ਕਿ ਕਈ ਦੁਕਾਨਦਾਰ ਆਪਣੀਆਂ ਦੁਕਾਨਾਂ ਬੰਦ ਕਰ ਗਏ । ਤਿੰਨ ਦਿਨ ਪਹਿਲੇ ਕੌਲਸਰ ਤੇ ਉਸ ਦੇ ਨਾਲ ਆਟਾ ਮੰਡੀ ਬਜ਼ਾਰ ਬੰਦ ਰਿਹਾ ਪਰ ਕੋਈ ਐਕਸ਼ਨ ਨਹੀਂ ਹੋਇਆ । ਪਿਛਲੇ 15 ਦਿਨਾਂ ਦੇ ਅੰਦਰ ਅੰਦਰ 3 ਬੰਦੇ 50 ਗਜ਼ ਦੇ ਫਾਸਲੇ ਤੇ ਗੋਲੀ ਨਾਲ ਮਾਰ ਦਿੱਤੇ ਗਏ ਅਤੇ ਇਹ ਸਾਰੇ ਦੇ ਸਾਰੇ ਲੁਟੇਰੇ ਹੱਥਾਂ ਵਿੱਚ ਰਿਵਾਲਵਰ ਲੈ ਕੇ ਬਜ਼ਾਰਾਂ ਵਿੱਚ ਘੁੰਮਦੇ ਹਨ ਪਰ ਕੋਈ ਫੜਨ ਵਾਸਤੇ ਨਹੀਂ ਜਾਂਦਾ ਔਰ ਫਿਰ ਸਾਰੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਚਲੇ ਜਾਂਦੇ ਹਨ । ਮੇਰੀ ਬੇਨਤੀ ਹੈ ਕਿ ਸ਼ਹਿਰ ਵਿੱਚ ਕੋਈ ਐਸਾ ਬੰਦਾ ਨਹੀਂ ਜਿਸ ਦੇ ਘਰ ਇਨ੍ਹਾਂ ਨੇ ਲੁੱਟ ਨਹੀਂ ਕੀਤੀ । ਮੇਰੇ ਇਕ ਕੁਲੀਗ ਦੇ ਘਰ ਗਏ ਔਰ ਉਥੋਂ ਸਾਰੇ ਦਾ ਸਾਰਾ ਸਾਮਾਨ ਚੁੱਕ ਕੇ ਲੈ ਗਏ । ਉਥੇ ਹਾਲਾਤ ਬੜੇ ਗੰਭੀਰ ਹੋ ਗਏ ਹਨ । ਜਿਹੜੇ ਹਾਲਾਤ ਭਿੰਡਰਾਂਵਾਲੇ ਦੇ ਵੇਲੇ ਸੀ ਉਹੀ ਹਾਲਾਤ ਹੁਣ ਹਨ ਅਤੇ ਉਸੇ ਤਰ੍ਹਾਂ ਲੁਟੇਰੇ ਲੁੱਟੀ ਜਾ ਰਹੇ ਹਨ । ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਕੋਈ ਸਖਤ ਐਕਸ਼ਨ ਲੈਣ ਤਾਕਿ ਲੋਕਾਂ ਦੀ ਲਾਈਫ ਤੇ ਪ੍ਰਾਪਰਟੀ ਬਚਾਈ ਜਾ ਸਕੇ ।

ਸ੍ਰੀ ਸ਼ਿਵ ਚੰਦ ਮਲੋਟ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸੇ ਸੈਸ਼ਨ ਵਿੱਚ ਸੀ. ਐਮ. ਸਾਹਿਬ ਨੇ ਐਸ਼ੋਰੈਂਸ ਦਿੱਤੀ ਕਿ ਸ਼ਡਿਊਲਡ ਕਾਸਟਸ ਲਈ ਰਿਜ਼ਰਵੇਸ਼ਨ ਐਕਟ, ਬਿਲ ਲਿਆਵਾਂਗੇ ਪਰ ਹਾਲੀਂ ਤੱਕ ਕੋਈ ਖਰੜਾ

ਜਾਂ ਨੋਟ ਜਾਂ ਕੋਈ ਗੱਲ ਬਾਤ ਨਹੀਂ ਹੋਈ । ਕਿਉਂਕਿ ਸਾਰੀਆਂ ਪਾਰਟੀਆਂ ਨੇ ਕਿਹਾ ਸੀ ਕਿ ਰਿਜ਼ਰਵੇਸ਼ਨ ਐਕਟ ਚਾਲੂ ਹੋਣਾ ਚਾਹੀਦਾ ਹੈ, ਇਸ ਲਈ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ, ਗਵਰਨਰ ਸਾਹਿਬ ਦੇ ਭਾਸ਼ਣ ਵਿੱਚ ਵੀ ਕਿਹਾ ਗਿਆ ਹੈ ਕਿ ਰਿਜ਼ਰਵੇਸ਼ਨ ਐਕਟ ਲਿਆਂਦਾ ਜਾਵੇਗਾ, ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਕੱਲ੍ਹ ਦੀ ਸਿਟਿੰਗ ਵਿੱਚ ਜ਼ਰੂਰ ਇਹ ਲਿਆਂਦਾ ਜਾਵੇ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਤੁਸੀਂ ਮੇਰੀ ਇਕ ਐਸੀ ਕਾਲ ਅਟੈਨਸ਼ਨ ਮੋਸ਼ਨ ਰਿਜੈਕਟ ਕਰ ਦਿੱਤੀ ਹੈ ਜਿਸ ਦੇ ਬਾਰੇ ਤੁਸੀਂ ਲਿਖਿਆ ਹੈ—

That it relates to an ordinary matter of law.

ਸਪੀਕਰ ਸਾਹਿਬ, ਤੁਸੀਂ ਬੜੇ ਸਰਗਰਮ ਵਰਕਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਰਹੇ ਹੋ, ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁਲ ਭੇਂਟ ਕਰਨ ਲਈ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਇਜਾ-ਜ਼ਤ ਮੰਗੀ ਸੀ ਔਰ ਉਨ੍ਹਾਂ ਨੂੰ ਇਜਾਜ਼ਤ ਦਿੱਤੀ ਗਈ ਪਰ ਉਸ ਦੇ ਬਾਅਦ ਸਾਰਾ ਸਾਮਾਨ ਸਰਕਾਰ ਨੇ ਬਾਹਰ ਸੁੱਟ ਦਿੱਤਾ ਔਰ ਤੁਸੀਂ ਇਸ ਨੂੰ ਆਰਡੀਨਰੀ ਕਹਿ ਕੇ ਰਿਜੈਕਟ ਕਰ ਦਿੱਤਾ ਹੈ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਕਾਲ ਅਟੈਨਸ਼ਨ ਮੋਸ਼ਨ ਤੇ ਇਹ ਜਵਾਬ ਦਿੰਦੇ। ਸਾਰੇ ਹਾਊਸ ਦੇ ਔਰ ਸਾਰੇ ਹਿੰਦੁਸਤਾਨ ਦੇ ਲੋਕ ਇਹ ਕਹਿੰਦੇ ਹਨ ਕਿ ਨੌਜਵਾਨਾਂ ਨੂੰ ਮੇਨ-ਸਟਰੀਮ ਵਿਚ ਲਿਆਉਣਾ ਚਾਹੀਦਾ ਹੈ । ਦੂਜੇ ਪਾਸੇ ਇਹ ਵਿਵਹਾਰ ਹੋ ਰਿਹਾ ਹੈ । ਸਰਕਾਰ ਉੱਤਰ ਦੇਵੇ ਕਿ ਉਨ੍ਹਾਂ ਨੂੰ ਕਿਉਂ ਅਲਾਓ ਨਹੀਂ ਕੀਤਾ। ਬਾਕੀ ਸਾਰੀਆਂ ਪਾਰਟੀਆਂ ਐਕਸੈਪਟ ਏ.ਆਈ.ਐਸ.ਐਸ.ਐਫ. ਉਥੇ ਸ਼ਾਰਧਾਂਜ-ਲੀਆਂ ਦਿੰਦੇ ਰਹੇ ਹਨ । ਮੈਂ, ਸਪੀਕਰ ਸਾਹਿਬ, ਤੁਹਾਨੂੰ ਬੇਨਤੀ ਕਰਾਂਗਾ ਕਿ ਇਸ ਨੂੰ ਐਡਮਿਟ ਕਰੋ ਅਤੇ ਸਰਕਾਰ ਇਸ ਤੇ ਜਵਾਬ ਦੇਵੇ ਕਿਉਂਕਿ ਇਕ ਪਾਸੇ ਸਾਰੇ ਤੁਸੀਂ ਪ੍ਰਚਾਰ ਕਰਦੇ ਰਹਿੰਦੇ ਹੋ ਕਿ ਅਸੀਂ ਉਨ੍ਹਾਂ ਨੂੰ ਮੇਨ-ਸਟਰੀਮ ਵਿਚ ਲਿਆਉਣਾ ਚਾਹੁੰਦੇ ਹਾਂ ਦੂਜੇ ਪਾਸੇ ਉਹ 7 ਕਿਲੋਮੀਟਰ ਤੇ ਬੈਠ ਕੇ ਆਪਣੀ ਕਾਨਫਰੈਂਸ ਕਰਨ । ਮੈਂ ਕਹਿੰਦਾ ਹਾਂ ਕਿ ਇਸ ਬਾਰੇ ਹੁਣ ਸਰਕਾਰ ਜਵਾਬ ਦੇਵੇ ਜਾਂ ਫਿਰ ਕੱਲ ਜ਼ਰੂਰ ਜਵਾਬ ਦੇਵੇ । (ਵਿਘਨ)

ਸ੍ਰੀ ਸਪੀਕਰ : ਤੁਸੀਂ ਮਿਲ ਲਵੋ (ਵਿਘਨ) (ਸ਼ੋਰ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਤੁਸੀਂ ਆਪਣੀ ਰੂਲਿੰਗ ਦੇਵੋ (ਵਿਘਨ)

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਅੰਮ੍ਰਿਤਸਰ ਵਿਚ ਲਾਅ ਐਂਡ ਆਰਡਰ ਦੀ ਹਾਲਤ ਜਿਸ ਦੇ ਮੁਤਅੱਲਕ ਪ੍ਰੋਫੈਸਰ ਦਰਬਾਰੀ ਲਾਲ ਨੇ ਵੀ ਗਲ ਕੀਤੀ ਹੈ ਮੈਂ ਦੱਸਦਾ ਹਾਂ ਕਿ (ਵਿਘਨ) ਅੰਮ੍ਰਿਤਸਰ ਡਿਸਟਰਿਕਟ, ਗੁਰਦਾਸਪੁਰ ਅਤੇ ਫਿਰੋਜ਼ਪੁਰ ਵਿਚ ਇੰਨੀ ਮਾੜੀ ਹਾਲਤ ਹੈ ਕਿ ਡਾਕਟਰ ਮਾਰੇ ਗਏ ਹਨ, ਅੱਤਵਾਦੀ ਸਕੂਲਾਂ ਵਿਚ ....

(ਇਸ ਵਕਤ ਸ਼੍ਰੋਮਣੀ ਅਕਾਲੀ ਦਲ ਦੇ ਕੁੱਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜੇ ਸਨ ਅਤੇ ਕੁਝ ਬੋਲ ਰਹੇ ਸਨ । ਪਰ ਹਾਊਸ ਵਿਚ ਜ਼ਿਆਦਾ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਸੀ ਦੇ ਰਿਹਾ ਅਤੇ ਸ੍ਰੀ ਬ੍ਰਿਜ ਭੂਸ਼ਨ ਮਹਿਰਾ ਆਪਣੀ ਗਲ ਕਰੀ ਜਾ ਰਹੇ ਸਨ ।)

ਜਾਂਦੇ ਹਨ ਅਤੇ ਲੋਕਾਂ ਨੂੰ ਮਜਬੂਰ ਕਰਦੇ ਹਨ ਕਿ ਪਟਕੇ ਪੀਲੇ ਬੰਨ੍ਹਣ, ਨਹੀਂ ਤਾਂ ਉਹ ਮਾਰ ਦੇਣਗੇ । (ਵਿਘਨ)

ਸ੍ਰੀ ਸਪੀਕਰ : ਮੈਂ ਸਾਰੇ ਖੜ੍ਹੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਆਪਣੀਆਂ ਸੀਟਾਂ ਤੇ ਬੈਠਣ। (ਵਿਘਨ)

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ ਨੇ ਮੈਨੂੰ ਇਜਾਜ਼ਤ ਦਿਤੀ ਹੈ (ਵਿਘਨ) (ਸ਼ੋਰ)

(ਸ਼੍ਰੋਮਣੀ ਅਕਾਲੀ ਦਲ ਦੇ ਅਜੇ ਵੀ ਕੁਝ ਮਾਨਯੋਗ ਮੈਂਬਰ ਖੜ੍ਹੇ ਸਨ ਅਤੇ ਹਾਊਸ ਵਿਚ ਕਾਫੀ ਸ਼ੋਰ ਸੀ।)

ਸਕੂਲਾਂ ਦੇ ਵਿਚ ਐਕਸਟਰੀਮਿਸਟਸ ਜਾਂਦੇ ਹਨ ਉਥੇ ਸਰਕਾਰ ਨਾਮ ਦੀ ਕੋਈ ਚੀਜ਼ ਨਹੀਂ। 19 ਟੀਚਰਜ਼ ਮਾਰ ਦਿੱਤੇ ਗਏ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰਾਂਗਾ ਕਿ ਉਥੇ ਟੀਚਰਜ਼ ਨੂੰ ਉਹ ਲੋਕ ਜਾ ਕੇ ਧਮਕੀਆਂ... (ਵਿਘਨ) (ਸ਼ੋਰ) ਦੂਸਰੀ ਗੱਲ ਜਿਹੜੇ ਲੋਕ ਗੌਰਮਿੰਟ ਦੇ ਮੁਲਾਜ਼ਮ ਹਨ ਅਗਰ ਸਰਕਾਰ ਆਪਣੇ ਮੁਲਾਜ਼ਮਾਂ ਨੂੰ ਨਹੀਂ ਬਚਾ ਸਕਦੀ ਉਨ੍ਹਾਂ ਦੀ ਰਖਿਆ ਨਹੀਂ ਕਰ ਸਕਦੀ, ਇਹੋ ਜਿਹੇ ਮੁਲਾਜ਼ਮਾਂ ਵਾਸਤੇ (ਵਿਘਨ) ਜਿਹੜੇ ਟੈਰੋਰਿਸਟਾਂ ਦਾ ਸ਼ਿਕਾਰ ਬਣਦੇ ਹਨ ਉਨ੍ਹਾਂ ਦੀ ਘੱਟੋ ਘੱਟ 4 ਲੱਖ ਰੁਪਏ ਦੀ ਇਨਸ਼ੋਰੈਂਸ ਸਰਕਾਰ ਵਲੋਂ ਕਰਨੀ ਚਾਹੀਦੀ ਹੈ। (ਵਿਘਨ) (ਸ਼ੋਰ) ਸੀ. ਐਮ. ਸਾਹਿਬ ਇਸ ਬਾਰੇ ਜ਼ਰੂਰ ਜਵਾਬ ਦੇਣ। (ਵਿਘਨ)

ਸ੍ਰੀ ਸਪੀਕਰ : ਮਹਿਰਾ ਸਾਹਿਬ, ਪਲੀਜ਼ ਟੇਕ ਸੀਟ।

ਮੈਂ ਬੇਨਤੀ ਕਰਾਂਗਾ ਕਿ ਢੀਂਡਸਾ/ਸਾਹਿਬ ਜਿਸ ਤਰ੍ਹਾਂ ਤੁਸੀਂ ਅਤੇ ਕੁਝ ਹੋਰ ਸੱਜਣ ਐਨਾ ਕਨਸਰਨ ਫੀਲ ਕਰਦੇ ਹਨ, ਤੁਹਾਨੂੰ ਬੋਲਣ ਦਾ ਮੌਕਾ ਦਿੱਤਾ ਗਿਆ ਸੀ (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਅਸੀਂ ਖਤਮ ਨਹੀਂ ਕੀਤਾ ਸੀ। (ਵਿਘਨ)

ਸ੍ਰੀ ਸਪੀਕਰ : ਜੇਕਰ ਖਤਮ ਨਹੀਂ ਕੀਤਾ ਸੀ ਤਾਂ I am again ready to hear you. ਇਸ ਤਰ੍ਹਾਂ ਨਹੀਂ ਚਾਹੀਦਾ। ਇਹ ਕੋਈ ਵੇਅ ਨਹੀਂ ਕਿ ਇੱਕ ਆਦਮੀ ਬੋਲਦਾ ਹੋਵੇ ਔਰ ਇਸ ਤਰ੍ਹਾਂ ਇੰਟਰਪਟ ਕੀਤਾ ਜਾਵੇ (ਥੰਪਿੰਗ) ਹਾਊਸ ਦੀ ਡਿਗਨਿਟੀ ਮੇਨਟੇਨ ਕਰਨੀ ਚਾਹੀਦੀ ਹੈ।

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਅਗਰ ਇਹ ਇਸ ਤਰ੍ਹਾਂ ਕਰਨਗੇ ਤਾਂ ਅਸੀਂ ਇਨ੍ਹਾਂ ਨੂੰ ਬਿਲਕੁਲ ਨਹੀਂ ਬੋਲਣ ਦਿਆਂਗੇ (ਵਿਘਨ) (ਸ਼ੋਰ)

ਸ੍ਰੀ ਸਪੀਕਰ : ਅਰੋੜਾ ਸਾਹਿਬ, ਬੈਠੋ (ਸ਼ੋਰ) (ਵਿਘਨ)

Prof. Darbari Lal : They should behave properly.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਾਨੂੰ ਪਤਾ ਹੈ (ਸ਼ੋਰ) (ਵਿਘਨ)

ਸ੍ਰੀ ਸਪੀਕਰ : ਢੀਂਡਸਾ ਸਾਹਿਬ, ਤੁਸੀਂ ਬੋਲਣਾ ਚਾਹੋਗੇ ? (ਸ਼ੋਰ) (ਵਿਘਨ)

(At this stage Pandit Sarwan Ram was on his legs)

Mr. Speaker : Pandit ji, please sit down.

(ਸਰਦਾਰ ਸੁਖਦੇਵ ਸਿੰਘ ਢੀਂਡਸਾ ਇਸ ਵੇਲੇ ਖੜ੍ਹੇ ਬੋਲ ਰਹੇ ਸਨ) (ਵਿਘਨ)

ਪੰਡਿਤ ਸਰਵਣ ਰਾਮ ਮਨਸੋਵਾਲੀਆ: ਸਪੀਕਰ ਸਾਹਿਬ, ਹੁਣ ਬਿੱਲੀ ਥੈਲੇ ਤੋਂ ਬਾਹਰ ਆ ਗਈ ਹੈ। ਇਨ੍ਹਾਂ ਨੂੰ ਨੱਥ ਪਾਓ ਇਹ ਛੇਤੀ ਕਾਬੂ ਨਹੀਂ ਆਉਣਗੇ।

ਸ੍ਰੀ ਸਪੀਕਰ : ਪੰਡਿਤ ਜੀ, ਪਲੀਜ਼ ਸਿਟ ਡਾਊਨ।

ਤੁਸੀਂ ਆਪ ਤਾਂ ਉਸ ਵੇਲੇ ਮੇਰੀ ਗੱਲ ਨਾ ਮੰਨੇ ਜਦੋਂ ਮਹਿਰਾ ਸਾਹਿਬ ਬੋਲ ਰਹੇ ਸਨ। ਉਨ੍ਹਾਂ ਨੂੰ ਮੌਕਾ ਦੇਣਾ ਚਾਹੀਦਾ ਸੀ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਕ ਤਾਂ ਇਹ ਹੈ ਕਿ ਤੁਸੀਂ ਰੂਲਿੰਗ ਦਿਓ ਕਿ ਤੁਸੀਂ ਐਕਸੈਪਟ ਕਰਦੇ ਹੋ ਕਿ ਨਹੀਂ ਕਰਦੇ ਹੋ। ਦੂਸਰਾ ਜਿਹੜਾ ਇਨ੍ਹਾਂ ਨੇ, ਪ੍ਰੋਫੈਸਰ ਦਰਬਾਰੀ ਲਾਲ ਨੇ ਇਹ ਐਲੀਗੇਸ਼ਨ ਲਾਇਆ ਹੈ, ਸਪੀਕਰ ਸਾਹਿਬ (ਵਿਘਨ) ਯਾਰ ਸੁਣੋਂ ਇਕ ਮਿੰਟ। ਸਪੀਕਰ ਸਾਹਿਬ, ਇਕ ਮੈਂ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਸਾਰੀਆਂ ਚੀਜ਼ਾਂ ਉਹ ਵੀ ਰਿਕਾਰਡ ਕਰਵਾਈਆਂ ਹਨ ਜੋ ਪ੍ਰੋਫੈਸਰ ਦਰਬਾਰੀ ਲਾਲ ਨੇ ਕਹੀਆਂ ਹਨ। ਉਨ੍ਹਾਂ ਇੱਕ ਗੱਲ ਕਹੀ ਹੈ, ਸਪੀਕਰ ਸਾਹਿਬ, ਉਨ੍ਹਾਂ ਦੀ ਸਰਕਾਰ ਵੇਲੇ, ਦਰਬਾਰਾ ਸਿੰਘ ਦੀ ਸਰਕਾਰ ਵੇਲੇ ਕਤਲ ਪਟਿਆਲੇ ਹੁੰਦਾ ਸੀ ਤਾਂ ਕਹਿੰਦੇ ਸਨ ਕਿ ਹਰਿਮੰਦਰ ਸਾਹਿਬ ਚਲੇ ਗਏ, ਕਤਲ ਹੁੰਦਾ ਸੀ ਹੁਸ਼ਿ-ਆਰਪੁਰ ਤਾਂ ਕਹਿੰਦੇ ਸਨ ਕਾਤਲ ਹਰਿਮੰਦਰ ਸਾਹਿਬ ਚਲੇ ਗਏ। ਤੁਸੀਂ ਫਿਰ ਇਸ ਤਰ੍ਹਾਂ ਦੇ ਹਾਲਾਤ ਬਣਾਉਣਾ ਚਾਹੁੰਦੇ ਹੋ, ਫਿਰ ਰਿਪੀਟ ਕਰਨਾ ਚਾਹੁੰਦੇ ਹੋ। ਮੈਂ ਸਮਝਦਾ ਹਾਂ ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਹਰਿਮੰਦਰ ਸਾਹਿਬ ਔਰ ਸ੍ਰੀ ਅਕਾਲ ਤਖਤ ਸਾਹਿਬ ਦੀਆਂ ਗੱਲਾਂ ਵੀ ਹੁੰਦੀਆਂ ਹਨ, ਤੁਹਾਨੂੰ ਰੋਕਣਾ ਚਾਹੀਦਾ ਹੈ। ਸਪੀਕਰ ਸਾਹਿਬ, ਹੋਰ ਬੇਨਤੀ ਕਰਾਂਗਾ ਕਿ ਸਾਡੀ ਕਾਲ ਅਟੈਨਸ਼ਨ ਹੈ। ਪਹਿਲਾਂ ਤੁਸੀਂ ਦੱਸੋ ਕਿ ਕੀ ਉਸ ਨੂੰ ਐਕਸੈਪਟ ਕਰਦੇ ਹੋ ? ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੀ ਉਹ ਤੁਸੀਂ ਐਕਸੈਪਟ ਕੀਤੀ ਹੈ ?

ਸ੍ਰੀ ਸਪੀਕਰ : ਨੈਕਸਟ ਸਿਟਿੰਗ ਵਿਚ I will let you know about that.

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, 51 ਪਛੜੀਆਂ ਵਿਮੁਕਤ ਜਾਤੀਆਂ ਦੀ ਭੁੱਖ ਹੜਤਾਲ ਹੈ, ਮਰਨ ਵਰਤ ਹੈ, ਔਰ ਉਹ ਟੱਪਰੀਵਾਸ ਹਨ ਔਰ ਉਨ੍ਹਾਂ ਦੀ 10 ਲੱਖ ਤੋਂ ਵੱਧ ਗਿਣਤੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਕਿਸੇ ਕਿਸਮ ਦੀ ਰਿਜ਼ਰਵੇਸ਼ਨ ਨਹੀਂ ਮਿਲ ਸਕੀ, ਉਹ ਜ਼ਮੀਨ ਤੋਂ ਵਾਂਝੇ, ਸਰਵਿਸ ਤੋਂ ਵਾਂਝੇ ਹਨ। ਉਹ ਆਪਣੀਆਂ ਹੱਕੀ ਮੰਗਾਂ ਲਈ ਇਸ ਤਰ੍ਹਾਂ ਕਰ ਰਹੇ ਹਨ। ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਕਹਾਂਗਾ ਜਿਨ੍ਹਾਂ ਨੂੰ ਸਾਡਾ ਵਿਧਾਨ ਵੀ ਮੰਨਦਾ ਹੈ, ਉਨ੍ਹਾਂ ਦੀਆਂ ਮੰਗਾਂ ਤੇ ਸਾਡੀ ਸਰਕਾਰ ਵੀ ਹਮਦਰਦੀ ਨਾਲ ਗੌਰ ਕਰੇ ਔਰ ਉਨ੍ਹਾਂ ਨੂੰ ਸ਼ਡਿਊਲਡ ਟਰਾਈਬਜ਼ ਵਿਚ ਸ਼ਾਮਲ ਕਰਕੇ ਉਨ੍ਹਾਂ ਦੇ ਹੱਕ ਦਿੱਤੇ ਜਾਣ। ਬੇਨਤੀ ਹੈ ਕਿ ਇਹ ਆਪਣਾ ਬਿਆਨ ਦੇਣ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਢੀਂਡਸਾ ਸਾਹਿਬ ਨੇ ਇਹ ਗੱਲ ਕਹੀ ਹੈ ਕਿ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਸਨ। ਮੇਰੀ ਬੇਨਤੀ ਹੈ ਕਿ ਉਥੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਈ ਔਰ ਉਨ੍ਹਾਂ ਦੇ ਆਪਣੇ ਮੈਂਬਰ ਡਰਦੇ ਉਥੇ ਨਹੀਂ ਸਨ ਜਾਂਦੇ। ਇਸ ਲਈ ਹਾਊਸ ਦੀ ਕਮੇਟੀ ਬਣਾਈ ਜਾਏ ਜੇਕਰ ਆਲੇ ਦੁਆਲੇ ਕਤਲ ਕਰਕੇ ਅੰਦਰ ਨਾ ਜਾਂਦੇ ਹੋਣ, ਲੁੱਟ ਕੇ ਅੰਦਰ ਨਾ ਜਾਂਦੇ ਹੋਣ, ਸਪੀਕਰ ਸਾਹਿਬ, ਮੈਂ ਹੁਣੇ ਅਸਤੀਫਾ ਦੇਣ ਨੂੰ ਤਿਆਰ ਹਾਂ ਨਹੀਂ ਤਾਂ ਢੀਂਡਸਾ ਸਾਹਿਬ ਦੇਣ। ਮੇਰੇ ਕਈ ਬੰਦੇ ਉਥੇ ਲੁੱਟੇ ਗਏ......... (ਵਿਘਨ)

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ 24 ਮਾਰਚ, 1984 ਨੂੰ ਕਾਲ ਅਟੈਨਸ਼ਨ ਦਿੱਤੀ ਸੀ, ਅਰਜ਼ ਕੀਤੀ ਸੀ ਕਿ ਜਿਹੜੇ ਮਨਿਸਟਰਾਂ ਦੇ ਗੰਨਮੈਨ ਵਗੈਰਾ ਹਨ ਉਨ੍ਹਾਂ ਨੂੰ 100 ਰੁਪਿਆ ਮੰਥਲੀ ਮਿਲਦਾ ਹੈ ਪਰ ਐਮ. ਐਲ. ਏਜ਼ ਦੇ ਗੰਨਮੈਨਾਂ ਵਾਸਤੇ ਇਕ ਆਨਾ ਵੀ ਨਹੀਂ ਮਿਲਦਾ ਸਰਕਾਰ ਵਲੋਂ। ਤੁਸੀਂ ਮੇਰੀ ਕਾਲ ਅਟੈਨਸ਼ਨ ਰਿਜੈਕਟ ਕਰ ਦਿੱਤੀ ਹੈ। ਗੱਲ ਸਹੀ ਹੈ। ਜਾਂ ਤਾਂ ਇਹ ਵਿਦਡਰਾਅ ਕਰ ਲੈਣ ਉਨ੍ਹਾਂ ਗੰਨਮੈਨਾ ਨੂੰ, ਕਿਉਂਕਿ ਸਾਡੇ ਪਾਸ ਖਰਚਾ ਨਹੀਂ ਹੈ ਉਨ੍ਹਾਂ ਨੂੰ ਦੇਣ ਨੂੰ। (ਥੰਪਿੰਗ)

ਸ੍ਰੀ ਸਪੀਕਰ: ਤੁਸੀਂ ਚੈਂਬਰ ਵਿਚ ਤਸ਼ਰੀਫ ਲੈ ਆਓ।

ਸ੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਅਸੀਂ ਕੰਡੀ ਏਰੀਆ ਦੇ ਤਿੰਨ ਮੈਂਬਰਾਂ ਨੇ ਕਾਲ ਅਟੈਨਸ਼ਨ ਨੋਟਿਸ ਦਿਤਾ ਸੀ। ਸਪੀਕਰ ਸਾਹਿਬ, ਅਸੀਂ ਇਸ ਤਰ੍ਹਾਂ ਮਾਨਯੋਗ ਮੁੱਖ ਮੰਤਰੀ ਜੀ ਨੂੰ ਆਪਣੀ ਸਰਵਪੱਖੀ ਗੱਲ ਦੱਸਣੀ ਚਾਹੁੰਦਾ ਹਾਂ। ਆਪ ਜੀ ਨੇ ਰਿਜੈਕਟ ਕਰ ਦਿਤੀ। ਟ੍ਰਾਂਸ· ਪੋਰਟ ਸਾਨੂੰ ਨਹੀਂ, ਸੜਕਾਂ ਸਾਨੂੰ ਨਹੀਂ, ਐਨੀਆਂ ਸਮਸਿਆਵਾਂ ਹਨ, ਇਥੇ ਸਾਡੀ ਕਾਲ ਅਟੈਨਸ਼ਨ ਮੋਸ਼ਨ ਰਿਜੈਕਟ ਹੋ ਜਾਂਦੀ ਹੈ। ਲੋਕ ਪਾਣੀ ਪੀਣ ਨੂੰ ਤਰਸ ਰਹੇ ਹਨ। (ਵਿਘਨ)

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਸੀ ਅਤੇ ਬਹੁਤ ਸਾਰੇ ਮੈਂਬਰਜ਼ ਇਕੱਠੇ ਬੋਲ ਰਹੇ ਸਨ।)

ਸ੍ਰੀ ਸਪੀਕਰ: ਮੈਂ ਬੇਨਤੀ ਕਰਾਂਗਾ ਕਿ ਅਗਰ ਇਸ ਤਰ੍ਹਾਂ 4–4 ਮੈਂਬਰ ਇਕੱਠੇ ਬੋਲਣਗੇ ਤਾਂ ਕੋਈ ਫਾਇਦਾ ਨਹੀਂ। ਤੁਸੀਂ ਬੈਠੋ।

(ਹਾਲੇ ਵੀ ਬਹੁਤ ਸਾਰੇ ਮੈਂਬਰਜ਼ ਇਕੱਠੇ ਬੋਲ ਰਹੇ ਸਨ।)

ਸ੍ਰੀ ਸਪੀਕਰ: ਮੈਂ ਬੇਨਤੀ ਕਰਾਂਗਾ ਕਿ ਇਸ ਈਸ਼ੂ ਤੇ ਅੱਜ 11 ਵਜੇ ਜਿਹੜੇ **ਕਨਸਰਨਡ** ਮੈਂਬਰਜ਼ ਹਨ ਉਹ ਮੈਨੂੰ ਆ ਕੇ ਚੈਂਬਰ ਵਿਚ ਮਿਲ ਲੈਣ।

ਕਈ ਆਵਾਜ਼ਾਂ: ਚੈਂਬਰ ਵਿਚ ਆ ਕੇ ਕੀ ਕਰਾਂਗੇ, ਮੁੱਖ ਮੰਤਰੀ ਤਾਂ ਇਥੇ ਬੈਠੇ ਹਨ।

ਸ੍ਰੀ ਸਪੀਕਰ: ਤੁਸੀਂ ਬੈਠੋ। ਮੈਂ ਬੇਨਤੀ ਕਰਾਂਗਾ ਕਿ ਕ੍ਰਿਪਾ ਕਰਕੇ ਤੁਸੀਂ ਬੈਠੋ। ਹਾਊਸ ਦਾ ਕੁਝ ਡੈਕੋਰਮ ਰੱਖਣਾ ਚਾਹੀਦਾ ਹੈ। ਜੇ 3–4 ਸੱਜਣ ਇਕੱਠੇ ਬੋਲਣਗੇ ਤਾਂ ਸਮਝਣ ਔਰ ਸੁਣਨ ਵਿਚ ਬੜੀ ਰੁਕਾਵਟ ਆਵੇਗੀ। ਲੱਖ, ਲੱਖ, ਡੇਢ, ਡੇਢ ਲੱਖ ਲੋਕਾਂ ਦੇ ਰਿਪ੍ਰੈਜ਼ੈਂਟੇਟਿਵ ਹੋ, ਕੁਝ ਡੈਕੋਰਮ ਰਖਣਾ ਚਾਹੀਦਾ ਹੈ। ਮੈਂ ਫਿਰ ਸਾਰੇ ਮੈਂਬਰਜ਼ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਸਾਰੇ ਮੈਂਬਰਜ਼ ਨੂੰ ਮੈਕਸੀਮਮ ਟਾਈਮ ਬੋਲਣ ਲਈ ਮਿਲੇਗਾ। ਪਰ ਜੇ ਇਸ ਤਰ੍ਹਾਂ 4–4 ਮਿਲ ਕੇ ਪ੍ਰੈਸ ਪਲੇਅ ਕਰਨਾ ਹੈ ਤਾਂ ਉਸ ਦਾ ਕੋਈ ਲਾਭ ਨਹੀਂ ਹੋਵੇਗਾ। ਤੁਸੀਂ ਬੈਠੋ। ਮੈਂ ਤੁਹਾਨੂੰ ਜ਼ਰੂਰ ਟਾਈਮ ਦੇਵਾਂਗਾ। I will certainly allow everyone to speak on this issue.

ਪੰਡਿਤ ਸਰਵਣ ਰਾਮ ਮਨਸੋਵਾਲੀਆ: ਸਪੀਕਰ ਸਾਹਿਬ, ਕੰਡੀ ਏਰੀਆ ਦੀ ਬੜੀ ਭਾਰੀ ਸਮਸਿਆ ਬਣੀ ਹੋਈ ਹੈ। ਅੰਗਰੇਜ਼ਾਂ ਦੇ ਵੇਲੇ ਲੋਕ ਛੱਪੜਾਂ ਦਾ ਪਾਣੀ ਪੀਂਦੇ ਸਨ ਪਰ ਆਜ਼ਾਦੀ ਤੋਂ ਬਾਅਦ ਥੋੜ੍ਹੀ ਜਿਹੀ ਰਾਹਤ ਮਿਲੀ ਸੀ ਔਰ ਵਾਟਰ ਵਰਕਸ ਬਣੇ ਸਨ ਪਰ ਹਾਲੇ ਤਕ ਕਈ

ਅਜਿਹੇ ਪਿੰਡ ਹਨ ਜਿਥੇ ਇਕ ਵੀ ਟੂਟੀ ਨਹੀਂ ਲਗੀ। ਲੋਕ ਛੱਪੜਾਂ ਦਾ ਪਾਣੀ ਪੀਣ ਤੋਂ ਗੁਰੇਜ਼ ਕਰਦੇ ਹਨ। ਅੰਗਰੇਜ਼ਾਂ ਦੇ ਵੇਲੇ ਜਦੋਂ ਪੀਂਦੇ ਸਨ ਤਾਂ ਲੋਕ ਬਿਮਾਰੀ ਨਾਲ 6–6 ਮਹੀਨੇ ਪਏ ਰਹਿੰਦੇ ਸਨ ਅਤੇ ਉਨ੍ਹਾਂ ਦੇ ਪੇਟ ਵਿਚੋਂ ਨਾਰਵਾ ਨਾਂ ਦਾ ਕੀੜਾ ਨਿਕਲਦਾ ਸੀ। ਪਰ ਅਜ਼ਾਦੀ ਤੋਂ ਬਾਅਦ ਵੀ ਹਾਲੇ ਕਈ ਪਿੰਡ ਅਜਿਹੇ ਹਨ ਜਿਥੇ ਲੋਕਾਂ ਨੂੰ 3–3 ਮੀਲ ਤੋਂ ਪਾਣੀ ਲਿਆਉਣਾ ਪੈਂਦਾ ਹੈ। ਇਕ ਟੂਟੀ ਦੀ ਮੰਗ ਹੈ। ਸਰਕਾਰ ਦਾ ਫਰਜ਼ ਹੈ ਰੋਟੀ, ਕਪੜਾ, ਮਕਾਨ ਔਰ ਪਾਣੀ ਲੋਕਾਂ ਨੂੰ ਦੇਵੇ। ਅਸੀਂ ਨਾ ਰੋਟੀ ਮੰਗਦੇ ਹਾਂ, ਨਾ ਕੱਪੜਾ ਮੰਗਦੇ ਹਾਂ ਅਤੇ ਇਕ ਪੀਣ ਨੂੰ ਪਾਣੀ ਮੰਗਦੇ ਹਾਂ ਪਰ ਪਾਣੀ ਵੀ ਨਹੀਂ ਮਿਲ ਰਿਹਾ ਜਦੋਂ ਕਿ ਕਰੋੜਾਂ ਰੁਪਿਆ ਹੋਰ ਗਲਾਂ ਤੇ ਖਰਚ ਹੋ ਰਿਹਾ ਹੈ। ਪਬਲਿਕ ਹੈਲਥ ਨੇ ਕੰਮ ਕਰਨਾ ਬੰਦ ਕਰ ਦਿਤਾ ਹੈ। ਗਰਮੀਆਂ ਵਿਚ ਲੋਕ 20–25 ਮੀਲ ਤੇ ਜਾਕੇ ਪਸ਼ੂਆਂ ਨੂੰ ਪਾਣੀ ਪਿਲਾਉਂਦੇ ਹਨ ਅਤੇ ਜ਼ਿੰਦਗੀ ਕਟਦੇ ਹਨ। ਪਿਛੇ ਔਰਤਾਂ ਰਹਿ ਜਾਂਦੀਆਂ ਹਨ ਉਨ੍ਹਾਂ ਨੂੰ ਬੜੀ ਦੂਰ ਤੋਂ ਪਾਣੀ ਲਿਆਉਣਾ ਪੈਂਦਾ ਹੈ। ਅੱਜ ਦੇ ਯੁਗ ਵਿਚ ਕੰਡੀ ਦਾ ਏਰੀਆ ਪਾਣੀ ਨੂੰ ਤਰਸ ਰਿਹਾ ਹੈ ਔਰ ਸਰਕਾਰ ਮਖੌਲ ਕਰ ਰਹੀ ਹੈ। ਐਮ. ਐਲ. ਏ. ਪਾਣੀ ਨੂੰ ਤਰਸ ਰਿਹਾ ਹੈ, ਪਾਣੀ ਮੰਗ ਰਿਹਾ ਹੈ। ਫਸਲਾਂ ਸੁਕ ਗਈਆਂ ਹਨ। ਇਹ ਕਹਿੰਦੇ ਹਨ ਕਿ ਹਰਾ ਇਨਕਲਾਬ ਆ ਗਿਆ ਹੈ, ਹੁਣ ਚਿੱਟਾ ਇਨਕਲਾਬ ਲਿਆਉਣਾ ਹੈ। ਪਰ ਸਾਡੇ ਹਲਕੇ ਵਿਚ ਲੋਕ ਟੂਟੀ ਦਾ ਪਾਣੀ ਮੰਗ ਰਹੇ ਹਨ। ਕ੍ਰਿਪਾ ਕਰਕੇ ਇਹ ਲਵਾ ਦਿਓ। ਤੁਹਾਡੀ ਮਿਹਰਬਾਨੀ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਸਪੀਕਰ ਸਾਹਿਬ, ਗੱਲ ਤਾਂ ਠੀਕ ਹੈ ਅਤੇ ਮੈਂ ਇਨ੍ਹਾਂ ਦੀ ਮੰਗ ਨਾਲ ਭਾਈਵਾਲ ਹਾਂ ਪਰ (ਥੰਪਿੰਗ) ਮੈਂ ਜਿਹੜੀ ਗੱਲ ਕਰਨਾ ਚਾਹੁੰਦਾ ਹਾਂ ਇਹ ਸੁਣਦੇ ਨਹੀਂ ਤਾੜੀਆਂ ਮਾਰੀ ਜਾ ਰਹੇ ਹਨ। ਇਨ੍ਹਾਂ ਦੀ ਪਾਰਟੀ ਦਾ ਵੀ ਰਾਜ ਰਿਹਾ ਹੈ ਅਤੇ ਕਾਂਗਰਸ ਸਰਕਾਰਾਂ ਕਾਫੀ ਦੇਰ ਤੱਕ ਰਹੀਆਂ ਹਨ ਲੇਕਿਨ ਇਸ ਬਾਰੇ ਕਿਸੇ ਨੇ ਪਰਵਾਹ ਨਹੀਂ ਕੀਤੀ ਖਾਸ ਤੌਰ ਤੇ ਮੇਰੇ ਹਲਕੇ ਕੰਡੀ ਏਰੀਆ ਨੂੰ ਕਿਸੇ ਨੇ ਵੀ ਪੁੱਛਿਆ ਤੱਕ ਨਹੀਂ ਅਤੇ ਨਾ ਕਿਸੇ ਨੇ ਪਾਣੀ ਦਿਤਾ ਹੈ। ਹੁਣ ਚੀਫ ਮਨਿਸਟਰ ਸਾਹਿਬ ਨੇ ਇਸ ਬਾਰੇ ਅਪੈਕਸ ਕਮੇਟੀ ਦੀ ਰਿਪੋਰਟ ਲਈ ਹੈ ਕਿ ਜਿਥੇ 15 ਗੈਲਨ ਤੋਂ ਪਾਣੀ ਘੱਟ ਹੈ ਉਥੇ ਪਾਣੀ ਨਹੀਂ ਦਿਤਾ ਜਾ ਸਕਦਾ। ਮੈਂ ਸਮਝਦਾ ਹਾਂ ਕਿ ਇਸ ਉਪਰੰਤ ਫਿਰ ਵੀ ਚੀਫ ਮਨਿਸਟਰ ਸਾਹਿਬ ਨੇ ਇਨ੍ਹਾਂ ਦੀਆਂ ਮੰਗਾਂ ਨੂੰ ਮੁੱਖ ਰੱਖਦੇ ਹੋਏ ਸਾਰੇ ਮੈਂਬਰ ਸਾਹਿਬਾਨ ਨੂੰ ਇਕ ਚਿੱਠੀ ਲਿਖ ਕੇ 16 ਤਾਰੀਖ ਨੂੰ ਕੰਡੀ ਡਿਵੈਲਪਮੈਂਟ ਬੋਰਡ ਦੀ ਮੀਟਿੰਗ ਬੁਲਾਈ ਗਈ ਹੈ, ਜਿਸ ਵਿਚ ਇਹ ਮੈਂਬਰ ਸਾਹਿਬਾਨ ਆਪਣੇ ਗਿੱਲੇ ਸ਼ਿਕਵੇ ਚੀਫ ਮਨਿਸਟਰ ਸਾਹਿਬ ਨੂੰ ਉਸ ਮੀਟਿੰਗ ਵਿਚ ਦਸ ਸਕਦੇ ਹਨ ਅਤੇ ਮੈਂ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਉਤੇ ਗੌਰ ਕਰਨ ਅਤੇ ਇਸ ਦਾ ਕੋਈ ਹੱਲ ਲਭਣ। (ਵਿਘਨ)

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਇਥੇ ਸਰਦਾਰ ਪਰਕਾਸ਼ ਸਿੰਘ ਗੜ੍ਹਦੀਵਾਲਾ ਨੇ ਸਰਦਾਰ ਦਰਬਾਰਾ ਸਿੰਘ ਮਨਿਸਟਰੀ ਦੀ ਗੱਲ ਕੀਤੀ ਹੈ। ਬੜੇ ਦੁੱਖ ਦੀ ਗੱਲ ਹੈ ਕਿ ਜਦੋਂ ਵੀ ਕੰਡੀ ਏਰੀਆ ਦਾ ਸਵਾਲ ਉਠਦਾ ਹੈ ਤਾਂ ਇਹ ਕਹਿ ਦਿੰਦੇ ਹਨ ਕਿ ਕਾਂਗਰਸ ਸਰਕਾਰ ਨਹੀਂ ਕਰ ਸਕੀ। ਚਲੋ ਇਸ ਉਤੇ ਤੁਸੀਂ ਡੀਬੇਟ ਰੱਖ ਲਵੋ ਪਿਛਲੀ ਸਰਕਾਰ ਦੇ ਕੰਮਾਂ ਉਤੇ ਅਤੇ ਹੁਣ ਦੀ ਸਰਕਾਰ ਦੇ ਕੰਮਾਂ ਉਤੇ। ਤੁਹਾਨੂੰ ਪਤਾ ਲਗ ਜਾਵੇਗਾ ਕਿ ਪਿਛਲੀ ਸਰਕਾਰ ਨੇ ਕੰਡੀ ਏਰੀਆ ਦੇ ਲਈ ਕਿੰਨਾ ਕੁਝ ਕੀਤਾ ਸੀ, ਜੇਕਰ ਉਸ ਵਿਚ ਕੋਈ ਕਮੀ ਰਹਿ ਗਈ ਹੈ ਤਾਂ ਉਸਨੂੰ ਦੂਰ ਕਰਨਾ ਕੀ ਇਸ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੈ ? ਮੈਂ ਮਹਿਸੂਸ ਕਰਦਾ ਹਾਂ ਕਿ ਕੰਡੀ ਏਰੀਆ ਲਈ ਸਰਕਾਰ ਪਾਣੀ ਦੀ ਤਲਾਸ਼ ਕਰੇ ਅਤੇ ਕੰਡੀ ਏਰੀਆ ਦੇ ਲੋਕਾਂ ਦੀਆਂ 3 ਡੀਮਾਂਡਜ਼ ਹਨ ਜਿਸ

[ਸ਼੍ਰੀ ਰਾਮ ਪ੍ਰਕਾਸ਼ ਬਾਲੀ]

ਵਿਚ ਫਸਟ ਪਰਾਇਰਟੀ ਦੇਣ ਦੀ ਲੋੜ ਹੈ। ਇਕ ਪੀਣ ਦੇ ਲਈ ਪਾਣੀ ਦਾ ਪ੍ਰਬੰਧ ਕੀਤਾ ਜਾਵੇ ਅਤੇ ਖੇਤਾਂ ਲਈ ਪਾਣੀ ਦਾ ਪ੍ਰਬੰਧ ਕੀਤਾ ਜਾਵੇ ਔਰ ਸਾਡੇ ਚਲਣ ਫਿਰਨ ਲਈ ਸੜਕਾਂ ਦਿਤੀਆਂ ਜਾਣ। ਇਸ ਦੇ ਲਈ ਫੰਡਜ਼ ਪ੍ਰੋਵਾਈਡ ਕੀਤੇ ਜਾਣ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਮੇਰੀ ਗੱਲ ਨੂੰ ਬੜੀ ਗੰਭੀਰਤਾ ਨਾਲ ਸੁਣ ਰਹੇ ਹਨ ਔਰ ਇਸ ਉਤੇ ਜ਼ਰੂਰ ਗੌਰ ਕਰਨਗੇ। ਫਾਈਨੈਂਸ ਮਨਿਸਟਰ ਸਾਹਿਬ ਨੂੰ ਕੱਲ੍ਹ ਕੁਝ ਮੈਂਬਰਜ਼ ਸਾਹਿਬਾਨ ਮਿਲੇ ਵੀ ਸਨ ਅਤੇ ਇਨ੍ਹਾਂ ਨੇ ਕਿਹਾ ਸੀ ਕਿ ਅਸੀਂ ਤੁਹਾਡੇ ਲਈ ਕੁਝ ਕਰ ਰਹੇ ਹਾਂ ਅਤੇ ਸੋਚ ਰਹੇ ਹਾਂ ਅਤੇ ਜੋ ਕੁਝ ਇਨ੍ਹਾਂ ਦੇ ਮਨ ਵਿਚ ਹੈ ਇਹ ਸਾਨੂੰ ਹਾਊਸ ਵਿਚ ਦਸ ਦੇਣ ਔਰ ਸਾਡੀਆਂ 3 ਡੀਮਾਂਡਾਂ ਨੂੰ ਫੌਰੀ ਤੌਰ ਤੇ ਮੰਨ ਲੈਣ ਕਿਉਂਕਿ ਸਾਡੀ ਬਹੂ ਬੇਟੀਆਂ ਨੂੰ 3–3 ਘੰਟੇ ਪਾਣੀ ਲੈਣ ਵਿਚ ਲਗ ਜਾਂਦਾ ਹੈ। ਇਕ ਨਲਕਾ ਹੁੰਦਾ ਹੈ ਅਤੇ ਪਾਣੀ ਦੀ ਧਾਰ ਇਸ ਤਰ੍ਹਾਂ ਆਉਂਦੀ ਹੈ ਜਿਸ ਤਰ੍ਹਾਂ ਬੱਚਾ ਪੇਸ਼ਾਬ ਦੀ ਧਾਰ ਮਾਰਦਾ ਹੋਵੇ ਅਤੇ ਉਥੇ ਪਾਣੀ ਵਾਸਤੇ ਲੜਾਈ ਝਗੜਾ ਵੀ ਕਈ ਵਾਰ ਹੋ ਜਾਂਦਾ ਹੈ। ਇਹ ਗਰੀਬ ਲੋਕਾਂ ਦੇ ਲਈ ਸਰਕਾਰ ਨੂੰ ਪਾਣੀ ਦਾ ਪ੍ਰਬੰਧ ਕਰਕੇ ਦੇਣਾ ਚਾਹੀਦਾ ਹੈ ਅਤੇ ਇਹ ਲੋਕ ਬੜੇ ਨੇਕ ਅਤੇ ਸ਼ਰੀਫ ਇਨਸਾਨ ਹਨ। ਇਸ ਲਈ ਇਨ੍ਹਾਂ ਦੀਆਂ ਡੀਮਾਂਡਾਂ ਨੂੰ ਫਸ਼ਟ ਪਰਾਇਰਿਟੀ ਦਿੱਤੀ ਜਾਵੇ ਔਰ ਫਾਈਨੈਂਸ ਮਨਿਸਟਰ ਸਾਹਿਬ ਆਪਣੀ ਸਪੀਚ ਵਿਚ ਇਸ ਦਾ ਜਵਾਬ ਦੇਣ ਕਿਉਂਕਿ ਫਾਈਨੈਂਸ਼ ਮਨਿਸਟਰ ਸਾਹਿਬ, ਖਜ਼ਾਨੇ ਦੀ ਚਾਬੀ ਤੁਹਾਡੇ ਹੱਥ ਵਿਚ ਹੈ ਔਰ ਹਿੰਮਤ ਕਰਕੇ ਜੋ ਕਰ ਸਕਦੇ ਹੋ ਉਹ ਕਰ ਦਿਓ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ (ਸਰਦਾਰ ਦਲੀਪ ਸਿੰਘ ਪਾਂਧੀ) :ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹਾਊਸ ਦਾ ਸਮਾਂ ਬੜਾ ਕੀਮਤੀ ਹੈ ਅਤੇ ਇਸ ਨੂੰ ਇਸ ਤਰ੍ਹਾਂ ਜਾਇਆ ਨਾ ਕਰੀਏ ਔਰ ਇਹ ਗੱਲਾਂ ਅਸੀਂ ਫਾਈਨੈਂਸ ਮਨਿਸਟਰ ਦੀ ਸਪੀਚ ਉਤੇ ਡਿਸਕਸ਼ਨ ਦੇ ਵਕਤ ਵੀ ਕਰ ਸਕਦੇ ਹਾਂ। ਸ਼੍ਰੀ ਰਾਮ ਪ੍ਰਕਾਸ਼ ਬਾਲੀ ਵੱਲੋਂ। (ਵਿਘਨ)

ਸ਼੍ਰੀ ਸਪੀਕਰ: ਬਾਲੀ ਸਾਹਿਬ, ਤੁਸੀਂ ਬੋਲ ਚੁਕੇ ਹੋ ਹੁਣ ਪਾਂਧੀ ਸਾਹਿਬ ਨੂੰ ਆਪਣੀ ਗੱਲ ਕਹਿ ਲੈਣ ਦਿਓ। ਤੁਸੀਂ ਬਾਲੀ ਸਾਹਿਬ, ਬੈਠੋ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਪਿਛੇ ਗੁਰਿੰਦਰ ਸਿਘ ਕਾਂਡ ਹੋਇਆ ਸੀ। ਹੁਣ ਐਮ.ਐਲ. ਏ. ਹੋਸਟਲ ਕਮਰਾ ਨੰ: 6 ਦੀ ਦੁਰਵਰਤੋਂ ਹੋ ਰਹੀ ਹੈ ਇਹ ਨਹੀਂ ਹੋਣ ਦੇਣੀ ਚਾਹੀਦੀ। ਇਸ ਦੁਰਵਰਤੋਂ ਨੂੰ ਰੋਕਣਾ ਚਾਹੀਦਾ ਹੈ। ਇਹ ਮੈਂਬਰ ਸਾਹਿਬਾਨ ਨੂੰ ਚਾਹੀਦਾ ਹੈ ਕਿ ਪਰਾਪਰ ਸਮੇਂ ਦਾ ਇਸਤੇਮਾਲ ਕਰਨ ਅਤੇ ਲੋਕਾਂ ਦੇ ਜਜ਼ਬਾਤ ਦੱਸਣ।

ਸਪੀਕਰ ਸਾਹਿਬ, ਇਹ ਆਪਣੀ ਜ਼ਿੰਮੇਵਾਰੀ ਤੋਂ ਕਿਉਂ ਭੱਜ ਰਹੇ ਹਨ। ਤੁਸੀਂ ਹੀ ਪੰਜਾਬ ਵਿਚ ਤਬਾਹੀ ਕਰਨ ਵਾਲੇ ਹੋ। (ਵਿਘਨ) (ਸ਼ੋਰ) ਤੁਹਾਡੇ ਲਈ ਇਤਨਾ ਚੰਗਾ ਪ੍ਰਬੰਧ ਪੰਜਾਬ ਸਰਕਾਰ ਨੇ ਕੀਤਾ ਹੈ। ਕੀ ਤੁਸੀਂ ਸਾਡੇ ਸ਼ੁਕਰਗੁਜ਼ਾਰ ਨਹੀਂ ਹੋ ਕਿ ਅਸੀਂ ਤੁਹਾਡੀਆਂ ਜਾਨਾਂ ਵੀ ਬਚਾਉਂਦੇ ਹਾਂ। (ਹਾਸਾ) (ਵਿਘਨ)

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਇਕ ਜ਼ਰੂਰੀ ਗੱਲ ਕਰਾਂਗਾ। ਪਾਣੀ ਦੇ ਮਾਮਲੇ ਨੂੰ ਪਾਲੇਟਿਕਸ ਦੇ ਮਸਲੇ ਨਾਲ ਨਹੀਂ ਜੋੜਨਾ ਚਾਹੀਦਾ। ਇਸ ਮਸਲੇ ਨੂੰ ਨਾ ਤਾਂ ਕਾਂਗਰਸ ਪਾਰਟੀ ਦੇ ਨਾਲ ਜੋੜਨਾ ਚਾਹੀਦਾ ਹੈ ਔਰ ਨਾ ਹੀ ਅਕਾਲੀ ਦਲ ਦੀ ਪਾਰਟੀ ਨਾਲ ਜੋੜਨਾ ਚਾਹੀਦਾ ਹੈ। ਸਾਡਾ ਹਿੱਲੀ ਕੰਡੀ ਏਰੀਆ ਹੈ। ਉਥੇ ਲੋਕਾਂ ਲਈ ਪਾਣੀ ਪੀਣ ਲਈ ਮੁਹੱਈਆ

ਕੀਤਾ ਜਾਣਾ ਚਾਹੀਦਾ ਹੈ। ਆਉਣ ਜਾਣ ਲਈ ਸੜਕਾਂ ਬਣਾਈਆਂ ਜਾਣੀਆਂ ਚਾਹੀਦੀਆਂ ਹਨ। ਪਾਣੀ ਦਾ ਮਸਲਾ ਬਹੁਤ ਤੇਜ਼ੀ ਨਾਲ ਆ ਰਿਹਾ ਹੈ। ਪਾਣੀ ਲਈ ਰਾਵੀ ਦਰਿਆ ਤਕ ਜਾਣਾ ਪੈਂਦਾ ਹੈ। ਪਸ਼ੂਆਂ ਲਈ ਵੀ ਪਾਣੀ ਨਹੀਂ ਮਿਲਦਾ। ਇਸ ਤੇ ਬੜੀ ਗੰਭੀਰਤਾ ਨਾਲ ਹਾਊਸ ਵਿਚ ਵਿਚਾਰ ਕਰਨਾ ਚਾਹੀਦਾ ਹੈ। ਇਸ ਮਸਲੇ ਨੂੰ ਪੁਲੀਟੀਕਲ ਮਸਲਾ ਨਹੀਂ ਬਣਾਉਣਾ ਚਾਹੀਦਾ। ਪਹਿਲਾਂ ਕਾਂਗਰਸ ਸਰਕਾਰ ਸੀ ਅਤੇ ਫਿਰ ਅਕਾਲੀ ਜਨਤਾ ਦੀ ਸਰਕਾਰ ਬਣੀ ਔਰ ਹੁਣ ਫਿਰ ਅਕਾਲੀ ਸਰਕਾਰ ਪੰਜਾਬ ਵਿਚ ਹੈ। ਇਨ੍ਹਾਂ ਨੇ ਕਾਫੀ ਦੇਖ ਭਾਲ ਕੀਤੀ ਹੈ ਔਰ ਆਪਣੀ ਸਰਕਾਰ ਨੂੰ ਅਗਾਂਹ ਕੀਤਾ ਹੋਇਆ ਹੈ। ਸਪੀਕਰ ਸਾਹਿਬ, ਪਾਣੀ ਦੀ ਬਹੁਤ ਜ਼ਿਆਦਾ ਕਿੱਲਤ ਹੈ। ਇਸ ਮਸਲੇ ਨੂੰ ਬੜੀ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ। ਸਰਕਾਰ ਇਸ ਹਾਊਸ ਵਿਚ ਕੋਈ ਨਾ ਕੋਈ ਆਪਣਾ ਪਾਣੀ ਸਬੰਧੀ ਬਿਆਨ ਦੇਵੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਅਸੀਂ ਕਾਲ ਅਟੈਨਸ਼ਨ ਮੋਸ਼ਨ ਵੀ ਦਿਤੀ ਹੈ ਔਰ ਐਡਜਰਨਮੈਂਟ ਮੋਸ਼ਨ ਵੀ ਦਿਤੀ ਹੈ, ਪਰ ਉਹ ਤੁਸੀਂ ਰਿਜੈਕਟ ਕਰ ਦਿਤੀਆਂ ਹਨ। ਇਸ ਬਾਰੇ ਅਖਬਾਰਾਂ ਵਿਚ ਵੀ ਆਇਆ ਹੈ। ਇਸ ਕੇਸ ਦੀ ਇਨਕੁਆਇਰੀ ਹੋਈ ਹੈ ਕਿ ਇਨ-ਕਾਊਂਟਰ ਵਿਚ ਬੰਦੇ ਮਾਰੇ ਗਏ। ਇਸ ਸਬੰਧੀ ਸਰਕਾਰ ਨੇ ਅਸ਼ੋਰੈਂਸ ਵੀ ਦਿਤੀ ਸੀ। ਰੂਲਜ਼ ਅਨੁਸਾਰ ਤੁਸੀਂ ਐਡਜਰਨਮੈਂਟ ਮੋਸ਼ਨ ਨੂੰ ਅਲਾਓ ਨਹੀਂ ਕਰ ਸਕਦੇ ਪਰ ਮੇਰੀ ਬੇਨਤੀ ਹੈ ਕਿ ਤੁਸੀਂ ਐਡ-ਜਰਨਮੈਂਟ ਮੋਸ਼ਨ ਨੂੰ ਕਾਲ ਅਟੈਨਸਨ ਵਿਚ ਤਬਦੀਲ ਕਰ ਦਿਓ ਤਾਕਿ ਹਾਊਸ ਵਿਚ ਇਸ ਦਾ ਜਵਾਬ ਆ ਜਾਏ।

Mr. Speaker: You will get the answer today.

ਮੈਂ ਸਾਰੇ ਹਾਊਸ ਨੂੰ ਬੇਨਤੀ ਕਰਾਂਗਾ ਕਿ ਬਜਟ ਤੇ ਤੀਸਰੀ ਸਿਟਿੰਗ ਵਿਚ ਡਿਸਕਸ਼ਨ ਹੋਣੀ ਹੈ। ਇਸ਼ ਬਾਰੇ ਪਾਂਧੀ ਜੀ ਨੇ ਵੀ ਕਿਹਾ ਹੈ। ਕੰਡੀ ਏਰੀਏ ਬਾਰੇ ਪਾਣੀ ਦੇ ਮਸਲੇ ਬਾਰੇ ਅਤੇ ਹੋਰ ਮਸਲਿਆਂ ਬਾਰੇ ਮੈਂਬਰਾਂ ਨੂੰ ਬੋਲਣ ਲਈ ਸਮਾਂ ਮਿਲੇਗਾ। ਇਸ ਲਈ ਅਸੀਂ ਜਿਤਨਾ ਸਮਾਂ ਕਢ ਸਕੀਏ, ਪੰਜਾਬ ਲਈ ਚੰਗਾ ਰਹੇਗਾ। ਕਾਲ ਅਟੈਨਸ਼ਨ ਮੋਸ਼ਨ ਨੰ: 53 ਸਰਦਾਰ ਭਾਗ ਸਿੰਘ।

CALL ATTENTION NOTICES UNDER RULE 66

(Serial No. 53)

1. **Sardar Bhag Singh**
2. **Shri Mohinder Singh K.P.** : Sir, I beg to draw the attention of the Government towards a matter of urgent public importance, namely, that a police party headed by S.H.O. threatened a Judicial Magistrate of Tarn Taran to eliminate him because the said police official was declared a proclaimed offender by the Court. This sad incident happened on 16th March, 1987 in Tarn Taran Sub-Division of district Amritsar. This is a matter of great public concern. Much great resentment is prevailing in public particularly in Lawyers and Judicial Officers. Hence it is a fit matter for the Government to make a statement on the floor of the House.

Minister of State for Home Affairs (Captain Kanwaljit Singh) : The advance copy of this Call Attention Notice had been received by the State Government on 18th March, 1987 from the Punjab Vidhan Sabha. Before that a letter had been received by the Government from the Deputy Commissioner, Amritsar on the 17th March, 1987 in which, *interaila*, he

[Minister of State for Home Affairs]

had alluded to the existence of strained relations between the Judicial Magistrates at Tarn Taran and the local police there. The Deputy Commissioner had metioned that the Judicial Magistrates had alleged that they apprehended threat to their safety at the hands of the S.H.O. Police Station City Tarn Taran. On receipt of that letter, higher Police Authorities at the headquarters were asked to take immediate necessary action in the matter and send a report to the Government. On receipt of that reference, the DGP has issued instructions to all the S.S.Ps/S.Ps. incharge of Districts in Punjab on 20th March, 1987 drawing their pointed attention to the aforementioned allegations of the existence of strained relations between the Police and Judiciary and it has been specifically emphasized that the emergence of any such situation between the Police and the Judiciary should be scrupulously avioded and full and due respect should be shown by the Police to the Judiciary lawyers and at all times. The formal report from the DGP is, however, awaited.

2. The preliminary report received from the District Police, Amritsar with reference to the Call Attention Notice, however, alluded to certain other incidents, facts and circumstances relating to the alleged conduct of the Judicial Officers posted at Tarn Taran. This necessitates a reference of the matter to the Punjab and Haryana High Court for getting the complete authentic and fuller version of the facts. This has become necessary also because there are reportedly certain cases pending before the Judicial Courts at Tarn Taran which make the whole matter *sub-judice*.

3. For the aforementioned reasons, it will be desirable, appropriate and in public interest to await the full information from all concerned quarters before any further action is decided upon by the State Government.

ਸਰਦਾਰ ਭਾਗ ਸਿਘ : ਸਪੀਕਰ ਸਾਹਿਬ, ਰੂਲ ਆਫ ਲਾਅ ਨੂੰ ਐਸਟੈਬਲਿਸ਼ ਕਰਨ ਲਈ ਜੁਡੀਸ਼ੀਅਰੀ ਦਾ ਸਹਾਰਾ ਲਿਆ ਜਾਂਦਾ ਹੈ। ਅੱਜ ਦੇ ਹਾਲਾਤ ਵਿਚ ਜਦੋਂ ਕਿ ਇਕ ਐਡੀਸ਼ਨਲ ਡਿਸਟ੍ਰਿਕਟ ਸੈਸ਼ਨ ਜੱਜ ਹੁਸ਼ਿਆਰਪੁਰ ਅੱਤਵਾਦੀਆਂ ਦਾ ਸ਼ਿਕਾਰ ਹੋ ਕੇ ਕਤਲ ਹੋ ਗਏ, ਦੂਜੇ ਸ਼੍ਰੀ ਕੌਸ਼ਿਕ, ਜੁਡੀਸ਼ੀਅਲ ਮੈਜਿਸਟਰੇਟ, ਮੋਗਾ ਵੀ ਅੱਤਵਾਦੀਆਂ ਦਾ ਸ਼ਿਕਾਰ ਹੋ ਕੇ ਕਤਲ ਹੋ ਗਏ ਅਤੇ ਸ਼੍ਰੀ ਆਰ. ਐਲ. ਆਨੰਦ ਐਡੀਸ਼ਨਲ ਡਿਸਟ੍ਰਿਕਟ ਸੈਸ਼ਨ ਜੱਜ, ਲੁਧਿਆਣਾ ਵੀ ਏਸੇ ਤਰ੍ਹਾਂ ਅੱਤਵਾਦ ਦਾ ਸ਼ਿਕਾਰ ਹੋਏ। ਜਿਹੜੀਆਂ ਇਹ ਇਨਸਟ੍ਰਕਸ਼ਨਾਂ ਸਰਕਾਰ ਨੇ ਇਸ਼ੂ ਕੀਤੀਆਂ ਹਨ, ਇਨ੍ਹਾਂ ਨਾਲ ਕੋਈ ਗੱਲ ਨਹੀਂ ਬਣਦੀ ਕਿਉਂਕਿ ਜੁਡੀਸ਼ੀਅਲ ਮੈਜਿਸਟਰੇਟ ਨੇ ਐਸ. ਐਚ ਓ. ਤਰਨ-ਤਾਰਨ ਦੇ ਖਿਲਾਫ action on the basis of a report by the High Court wherein it was found that some persons have been illegally detained by them ਉਨ੍ਹਾਂ ਦਾ ਕੋਈ ਰਿਕਾਰਡ ਨਹੀਂ। ਕੀ ਮਨਿਸਟਰ ਸਾਹਿਬ, ਸੀਤਾ ਰਾਮ ਐਸ. ਐਚ. ਓ. ਜਿਸਨੇ ਜੁਡੀਸ਼ੀਅਲ ਮੈਜਿਸਟਰੇਟ ਨੂੰ ਥਰੈਟਨ ਕੀਤਾ ਹੈ, ਉਸਤੇ ਕੋਈ ਐਕਸ਼ਨ ਲੈਣਗੇ ?

ਰਾਜ ਮੰਤਰੀ ਗ੍ਰਹਿ : ਮੈਂ ਆਪਣੇ ਜਵਾਬ ਵਿਚ ਪਹਿਲਾਂ ਵੀ ਅਰਜ਼ ਕਰ ਚੁੱਕਾ ਹਾਂ ਕਿ ਕੁਝ ਗੱਲਾਂ ਹਨ ਜਿਨ੍ਹਾਂ ਦੀ ਹਾਈ ਕੋਰਟ ਕੋਲ ਪੜਤਾਲ ਕਰਨ ਦੀ ਲੋੜ ਹੈ। ਉਨ੍ਹਾਂ ਦੀ ਇਨ-ਫਰਮੇਸ਼ਨ ਲੈਣ ਦੀ ਲੋੜ ਹੈ। ਇਸ ਤੋਂ ਪਹਿਲਾਂ ਕਿ ਇਸ ਤੇ ਕੋਈ ਹੋਰ ਕਦਮ ਚੁਕ ਸਕੀਏ। ਐਲੀਗੇਸ਼ਨਜ਼ ਦੇ ਵਿਚ ਅੱਗੇ ਜਾਣ ਦੀ ਲੋੜ ਹੈ।

ਸ਼੍ਰੀ ਸਪੀਕਰ : ਨੈਕਸਟ ਕਾਲ ਅਟੈਨਸ਼ਨਜ਼ ਕਲੱਬ ਹੋਏ ਹਨ। ਕਾਲ ਅਟੈਨਸ਼ਨਜ਼ ਨੰਬਰ 58 ਅਤੇ 66।

ਕ੍ਰਮ ਨੰ: 58 ਅਤੇ 66

1. **ਸਰਦਾਰ ਸੁਖਦੇਵ ਸਿੰਘ ਲਿਬੜਾ**
2. **ਸ਼੍ਰੀ ਓਮ ਪ੍ਰਕਾਸ਼ ਗੁਪਤਾ**
3. **ਡਾਕਟਰ ਸੱਤਪਾਲ ਪ੍ਰਾਸ਼ਰ**

} : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਗੌਰਮਿੰਟ ਕਾਲਜ ਲੁਧਿਆਣਾ ਦੇ ਸੌ ਦੇ ਕਰੀਬ ਲਾਅ ਵਿਦਿਆਰਥੀਆਂ ਦਾ ਭਵਿਖ ਖਤਰੇ ਵਿਚ ਹੈ ਜਦ ਕਿ ਪੰਜਾਬ ਯੂਨੀਵਰਸਿਟੀ ਨੇ ਲਾਅ ਕਲਾਸਾਂ ਚਲਾਉਣ ਲਈ ਪਰੋਵੀਜ਼ਨਲ ਮਨਜ਼ੂਰੀ ਦੇ ਦਿਤੀ ਸੀ। ਪੰਜਾਬ ਸਰਕਾਰ ਨੇ ਪੈਸੇ ਦੇ ਖਰਚੇ ਦਾ ਪ੍ਰਬੰਧ ਕਰ ਦਿੱਤਾ ਸੀ ਪਰ ਹੁਣ ਕਾਲਜ ਨੇ ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਦੇ ਕਹਿਣ ਤੇ ਕਲਾਸਾਂ ਬੰਦ ਕਰ ਦਿਤੀਆਂ ਹਨ। ਹਰ ਰੋਜ਼ ਅਖਬਾਰਾਂ ਰਾਹੀਂ ਵਿਦਿਆਰਥੀ ਤੇ ਵਿਦਿਆ-ਥੀਆਂ ਦੇ ਮਾਪੇ ਆਪਣੇ ਬੱਚਿਆਂ ਦੇ ਭਵਿਖ ਲਈ ਲਗਾਤਾਰ ਬੇਨਤੀ ਕਰ ਰਹੇ ਹਨ ਇਸ ਕਾਰਨ ਸ਼ਹਿਰ ਦੇ ਇਲਾਕੇ ਦੇ ਲੋਕਾਂ ਵਿਚ ਇਸ ਬੇਇਨਸਾਫੀ ਤੇ ਬੜਾ ਭਾਰਾ ਰੋਸ ਹੈ। ਸਰਕਾਰ ਕਿਰਪਾ ਕਰਕੇ ਸਦਨ ਵਿਚ ਇਸ ਬਾਰੇ ਬਿਆਨ ਦੇਵੇ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਾਬਕਾ ਸਿਖਿਆ ਮੰਤਰੀ, ਪੰਜਾਬ ਨੇ 15 ਅਗਸਤ, 1986 ਨੂੰ ਐਲਾਨ ਕੀਤਾ ਸੀ ਕਿ ਲਾਅ ਕਲਾਸਾਂ (ਈਵਨਿੰਗ) ਸਤੀਸ਼ ਧਵਨ ਗੌਰਮਿੰਟ ਕਾਲਜ ਫਾਰ ਬੋਆਇਜ਼, ਲੁਧਿਆਣਾ ਵਿਖੇ ਆਰੰਭ ਕੀਤੀਆਂ ਜਾਣਗੀਆਂ। ਇਹ ਕਲਾਸਾਂ ਆਰੰਭ ਕਰਨ ਤੋਂ ਪਹਿਲਾਂ ਕੁਝ ਕੁ ਰਸਮਾਂ ਪੂਰੀਆਂ ਕਰਨੀਆਂ ਜ਼ਰੂਰੀ ਹਨ:—

(i) ਰਾਜ ਸਰਕਾਰ ਵਲੋਂ ਵਿੱਤੀ ਮਨਜ਼ੂਰੀ;

(ii) ਭਾਰਤ ਬਾਰ ਕੌਂਸਲ ਤੋਂ ਆਗਿਆ ਲੈਣਾ; ਅਤੇ

(iii) ਸਬੰਧਤ ਯੂਨੀਵਰਸਿਟੀ ਵਲੋਂ ਸਬੰਧਕਰਣ।

2. ਸਬੰਧਤ ਯੂਨੀਵਰਸਿਟੀ ਅਰਥਾਤ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਲੋਂ ਨਿਮਨਲਿਖਤ ਸ਼ਰਤਾਂ ਅਧੀਨ ਆਰਜ਼ੀ ਸਬੰਧਕਰਣ ਦੀ ਪਰਵਾਨਗੀ ਦਿੱਤੀ ਗਈ ਸੀ :—

"ਭਾਰਤ ਬਾਰ ਕੌਂਸਲ ਦੀ ਪਰਵਾਨਗੀ ਅਤੇ ਇਹ ਕੋਰਸ ਚਲਾਉਣ ਲਈ ਯੋਗ ਕਮੇਟੀਆਂ ਦੁਆਰਾ ਨਿਰਧਾਰਤ ਕੀਤੇ ਜਾਣ ਵਾਲੇ ਲੋੜੀਂਦੇ ਬੁਨਿਆਦੀ ਢਾਂਚੇ ਵਿਸ਼ੇਸ਼ ਕਰਕੇ ਅਮਲੇ ਦੀ ਸਥਿਤੀ (ਯੂ. ਜੀ. ਸੀ ਦਸਤੂਰ ਅਨੁਸਾਰ) ਕਲਾਸ ਕਮਰਿਆਂ ਲਾਇਬ-ਰੇਰੀ ਇਮਾਰਤ/ਲਾਇਬਰੇਰੀ ਪੁਸਤਕਾਂ ਅਤੇ ਬਾਰ ਕੌਂਸਲ ਦੁਆਰਾ ਨਿਸ਼ਚਿਤ ਕੀਤੀਆਂ ਜਾਣ ਵਾਲੀਆਂ ਹੋਰ ਅਜਿਹੀਆਂ ਸ਼ਰਤਾਂ।"

3. ਯੂਨੀਵਰਸਿਟੀ ਨੇ ਇਸ ਕਾਲਜ ਦੇ ਪ੍ਰਿੰਸੀਪਲ ਨੂੰ ਵੀ ਲਿਖਿਆ ਕਿ ਉਕਤ ਦਰਸਾਈਆਂ ਸ਼ਰਤਾਂ ਪੂਰੀਆਂ ਕੀਤੇ ਜਾਣ ਤੋਂ ਪਹਿਲਾਂ ਨਵੇਂ ਕੋਰਸ ਲਈ ਦਾਖਲਾ ਆਰੰਭ ਨਾ ਕੀਤਾ ਜਾਵੇ। ਇਸ ਦੌਰਾਨ ਸਰਕਾਰ ਨੇ ਲਾਅ ਕਲਾਸਾਂ ਆਰੰਭ ਕਰਨ ਲਈ ਰਸਮੀ ਪਰਵਾਨਗੀ ਪ੍ਰਾਪਤ ਕਰਨ ਹਿਤ ਇਹ ਕੇਸ ਭਾਰਤ ਬਾਰ ਕੌਂਸਲ ਨੂੰ ਵੀ ਭੇਜਿਆ ਸੀ। ਕਈ ਲਿਖਤੀ ਯਾਦ ਪੱਤਰ ਭੇਜੇ ਜਾਣ ਦੇ ਬਾਵ-ਜੂਦ ਵੀ ਇਹ ਪਰਵਾਨਗੀ ਅਜੇ ਤੱਕ ਪ੍ਰਾਪਤ ਨਹੀਂ ਹੋਈ।

[ਮੁੱਖ ਮੰਤਰੀ]

4. ਇਸ ਦੌਰਾਨ ਕਾਲਜ ਦੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਤੋਂ ਇਹ ਵਚਨ ਲੈ ਕੇ ਬਿਲਕੁਲ ਆਰਜ਼ੀ ਆਧਾਰ ਤੇ ਦਾਖਲ ਕਰ ਲਿਆ ਕਿ ਇਹ ਦਾਖਲਾ ਉਨ੍ਹਾਂ ਦੀ ਆਪਣੀ ਜ਼ਿਮੇਵਾਰੀ ਤੇ ਹੋਵੇਗਾ ਅਤੇ ਅੰਤਿਮ ਸਬੰਧਕਰਣ ਪ੍ਰਾਪਤ ਨਾ ਹੋ ਸਕਣ ਦੀ ਸੂਰਤ ਵਿਚ ਵਿਦਿਆਰਥੀ ਨੂੰ ਫੀਸ ਰਿਫੰਡ ਕਰਾਉਣ ਦਾ ਕੋਈ ਕਲੇਮ ਨਹੀਂ ਹੋਵੇਗਾ ਅਤੇ ਉਹ ਕਿਸੇ ਨੂੰ ਵੀ ਕਾਨੂੰਨੀ ਕਾਰਵਾਈ ਲਈ ਉਤਰਦਾਈ ਨਹੀਂ ਠਹਿਰਾਉਣਗੇ। ਇਨ੍ਹਾਂ ਸ਼ਰਤਾਂ ਤੇ 100 ਤੋਂ ਵੱਧ ਵਿਦਿਆਰਥੀ ਦਾਖਲ ਕੀਤੇ ਗਏ ਹਨ। ਇਹ ਰਜਿਸਟਰੇਸ਼ਨ ਰਿਟਰਨ ਪੰਜਾਬ ਯੂਨੀਵਰਸਿਟੀ ਨੂੰ ਭੇਜੇ ਜਾਣ ਤੇ ਵਾਪਸ ਕਰ ਦਿੱਤੀ ਗਈ ਸੀ ਕਿਉਂਕਿ ਯੂਨੀਵਰਸਿਟੀ ਦੁਆਰਾ ਨਿਰਧਾਰਤ ਕੀਤੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਪਹਿਲਾਂ ਇਹ ਦਾਖਲੇ ਕੀਤੇ ਗਏ ਸਨ ਕਿਉਂ ਜੋ ਯੂਨੀਵਰਸਿਟੀ ਜੋ ਕਿ ਸਬੰਧ ਕਰਤਾ ਸੰਸਥਾ ਹੈ, ਨੇ ਇਹ ਦਾਖਲੇ ਪਰਵਾਨ ਨਹੀਂ ਕੀਤੇ ਇਸ ਲਈ ਇਹ ਕਲਾਸਾਂ ਬੰਦ ਕਰਨੀਆਂ ਪਈਆਂ। ਇਹ ਕਲਾਸਾਂ ਬੰਦ ਕਰਨ ਲਈ ਸਰਕਾਰ ਦੁਆਰਾ ਕੋਈ ਰਸਮੀ ਹੁਕਮ ਜਾਰੀ ਨਹੀਂ ਕੀਤੇ ਗਏ ਸਨ। ਅਜਿਹੇ ਮਾਮਲਿਆਂ ਵਿਚ ਕਾਲਜਾਂ ਨੂੰ ਯੂਨੀਵਰਸਿਟੀ ਦੇ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ।

ਸਰਦਾਰ ਸੁਖਦੇਵ ਸਿੰਘ ਲਿਬੜਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਭਾਰਤ ਸਰਕਾਰ ਨੂੰ ਲਿਖਿਆ ਹੈ ਉਸ ਦੀ ਮਨਜ਼ੂਰੀ ਤਾਂ ਆਉਂਦੀ ਰਹੇਗੀ। ਬੱਚਿਆਂ ਦਾ ਭਵਿੱਖ ਖਰਾਬ ਹੋ ਰਿਹਾ ਹੈ ਇਸ ਲਈ ਇਨ੍ਹਾਂ ਨੂੰ ਪ੍ਰੀਖਿਆ ਵਿਚ ਬੈਠਣ ਦੀ ਪਰੋਵੀਜ਼ਨਲ ਆਗਿਆ ਦੇ ਦਿੱਤੀ ਜਾਏ।

ਮੁੱਖ ਮੰਤਰੀ: ਭਾਰਤ ਸਰਕਾਰ ਨੂੰ ਨਹੀਂ ਬਲਕਿ ਭਾਰਤ ਬਾਰ ਕੌਂਸਲ ਨੂੰ ਲਿਖਿਆ ਗਿਆ ਹੈ ਜੋ ਕਿ ਜ਼ਰੂਰੀ ਹੁੰਦਾ ਹੈ। ਇਸ ਦੀ ਮਨਜ਼ੂਰੀ ਨਾਲ ਹੀ ਕਲਾਸਿਜ਼ ਚਲ ਸਕਦੀਆਂ ਹਨ। ਸਟੂਡੈਂਟਸ ਨੂੰ ਇਸ ਬਾਰੇ ਪਤਾ ਸੀ ਹੋਰ ਉਨ੍ਹਾਂ ਨੂੰ ਦਸ ਦਿੱਤਾ ਗਿਆ ਸੀ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਮੇਰਾ ਨੋਟਿਸ ਸੈਪਰੇਟ ਸੀ। ਮੈਂ ਪੜ੍ਹ ਦਿੰਦਾ ਹਾਂ।

'Sir, I beg to draw the attention of the Government towards a matter of urgent public importance, namely, the night Law classes, in the Government College for Boys, Ludhiana were started from this academic year. Necessary approval and funds were provided by the Government and University. Nearly 100 students have been studying in the said college. It is learnt that the Government has now suspended law classes with effect from 28th February, 1987 without any reason. It has created great resentment amongst the public and the students. Hence it is a fit matter for the Government to make a statement on the Floor of the House.

ਮੁੱਖ ਮੰਤਰੀ: ਇਸ ਦਾ ਜਵਾਬ ਪਹਿਲੇ ਸਵਾਲ ਦੇ ਜਵਾਬ ਵਿਚ ਦੇ ਦਿੱਤਾ ਗਿਆ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਮੈਂ ਪੁੱਛਣਾ ਚਾਹੁੰਦਾ ਹਾਂ ਕਿ 100 ਬੱਚਿਆਂ ਦਾ ਦਾਖਲਾ ਹੋਇਆ ਹੈ ਔਰ ਲੁਧਿਆਣਾ ਡਿਸਟ੍ਰਿਕਟ ਦੀ ਆਬਾਦੀ ਤਕਰੀਬਨ 25 ਲੱਖ ਦੇ ਕਰੀਬ ਹੈ। ਉਥੇ ਦੇ ਬੱਚਿਆਂ ਨੂੰ ਲਾਅ ਕਾਲਜ ਵਿਚ ਦਾਖਲਾ ਨਹੀਂ ਮਿਲਦਾ। ਕੋਈ ਲਖਨਊ ਜਾਂਦਾ ਹੈ ਔਰ ਕੋਈ ਰਾਜਿਸਥਾਨ ਜਾਂਦਾ ਹੈ ਅਤੇ ਪੜ੍ਹ ਕੇ ਆਉਂਦਾ ਹੈ। ਇਹ ਇੱਕ ਬੜਾ ਹੀ ਅੱਛਾ ਆਬਜੈਕਟ ਸੀ। ਉਥੋਂ ਦੇ ਇੰਡ-ਸਟ੍ਰੀਆਲਿਸਟਸ ਨੇ ਮਿਲ ਕੇ ਸਾਰਿਆਂ ਨੇ ਸਰਕਾਰ ਦੀ ਮਨਜ਼ੂਰੀ ਨਾਲ ਕਰਾਇਆ ਸੀ। ਹੁਣ ਪੰਜਾਬ

ਯੂਨੀਵਰਸਿਟੀ ਦੇ ਦਾਖਲੇ ਬੰਦ ਹੋ ਗਏ ਹਨ ਅਤੇ ਹੋਰ ਵੀ ਕਿਸੇ ਜਗ੍ਹਾ ਤੇ ਦਾਖਲਾ ਨਹੀਂ ਮਿਲਣਾ। ਕਿਸੇ ਨਾ ਕਿਸੇ ਤਰੀਕੇ ਨਾਲ ਇਹ ਕੰਮ ਹੋਣਾ ਚਾਹੀਦਾ ਹੈ ਥੋੜ੍ਹਾ ਜਿਹਾ ਘਾਟਾ ਸਰਕਾਰ ਪੂਰਾ ਕਰ ਸਕਦੀ ਹੈ ਲਾਇਬਰੇਰੀ ਦੀ ਤਾਮੀਰ ਕੀਤੀ ਜਾ ਸਕਦੀ ਹੈ ਹੋਰ ਵੀ ਚੀਜ਼ਾਂ ਕੀਤੀਆਂ ਜਾ ਸਕਦੀਆਂ ਹਨ। 100 ਬੱਚਿਆਂ ਤੋਂ ਜ਼ਿਆਦਾ ਜ਼ਿਮੀਂਦਾਰਾਂ ਦੇ ਬੱਚੇ ਹਨ ਜੋ ਕਿ ਪਿੰਡਾਂ ਦੇ ਰਹਿਣ ਵਾਲੇ ਹਨ। ਕੀ ਇਹ ਕੋਸ਼ਿਸ਼ ਕਰਨਗੇ, ਇਹ ਕਹਿੰਦੇ ਹਨ ਕਿ ਇਹ ਜ਼ਿਮੀਂਦਾਰਾਂ ਦੀ ਸਰਕਾਰ ਹੈ, ਔਰ ਇਨ੍ਹਾਂ ਬੱਚਿਆਂ ਦਾ ਭਵਿਖ ਖਰਾਬ ਹੋਣ ਤੋਂ ਬਚਾਉਣਗੇ?

ਮੁੱਖ ਮੰਤਰੀ. ਜਿਸ ਤਰ੍ਹਾਂ ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਬਾਰ ਕੌਂਸਲ ਦੀ ਮਨਜ਼ੂਰੀ ਦੀ ਜ਼ਰੂਰਤ ਹੈ। ਯੂਨੀਵਰਸਿਟੀ ਦੇ ਨਾਲ ਐਫੀਲੀਏਸ਼ਨ ਕਰਨਾ ਜ਼ਰੂਰੀ ਹੁੰਦਾ ਹੈ। ਐਫੀਲੀਏਸ਼ਨ ਦੀ ਮਨ-ਜ਼ੂਰੀ ਹੁੰਦੀ ਹੈ। ਇਹ ਦੋਨੋਂ ਮਨਜ਼ੂਰੀਆਂ ਅਜੇ ਨਹੀਂ ਆ ਸਕੀਆਂ। ਅਸੀਂ ਯਤਨ ਕਰ ਰਹੇ ਹਾਂ ਜੇ ਮਨਜ਼ੂਰੀ ਆ ਗਈ ਤਾਂ ਕਲਾਸਾਂ ਸ਼ੁਰੂ ਹੋ ਸਕਣਗੀਆਂ ਔਰ ਜੇ ਮਨਜ਼ੂਰੀ ਨਹੀਂ ਆਈ ਤਾਂ ਕਲਾਸਾਂ ਸ਼ੁਰੂ ਨਹੀਂ ਹੋਣਗੀਆਂ।

ਡਾਕਟਰ ਸੱਤਪਾਲ ਪ੍ਰਾਸ਼ਰ: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸੇ ਤਰ੍ਹਾਂ ਲੁਧਿਆਣਾ ਵਿਚ ਹੋਮੋਪੈਥਿਕ ਕਾਲਜ ਖੋਲ੍ਹਿਆ ਗਿਆ ਸੀ। ਉਸ ਦੀ ਮਨਜ਼ੂਰੀ ਬਾਅਦ ਵਿਚ ਆਈ ਸੀ ਅਤੇ ਬੱਚਿਆਂ ਨੂੰ ਇਮਤਿਹਾਨ ਵਾਸਤੇ ਅਲਾਓ ਕਰ ਦਿਤਾ ਸੀ। ਮਨਜ਼ੂਰੀ ਅਗਲੇ ਸਾਲ ਆ ਗਈ ਸੀ। ਇਸੇ ਤਰ੍ਹਾਂ ਇਥੇ ਵੀ ਕੌਂਸਲ ਦੀ ਮਨਜ਼ੂਰੀ ਅਗਲੇ ਸਾਲ ਆ ਸਕਦੀ ਹੈ। ਇਮਤਿਹਾਨ ਵਾਸਤੇ ਉਨ੍ਹਾਂ ਨੂੰ ਅਲਾਓ ਕਰ ਦੇਣ। ਇਸ ਸਾਲ ਜਿਨ੍ਹਾਂ ਨੇ ਐਡਮਿਸ਼ਨ ਲਈ ਹੈ ਉਨ੍ਹਾਂ ਦਾ ਸਾਲ ਬਰਬਾਦ ਨਾ ਕੀਤਾ ਜਾਵੇ। ਉਨ੍ਹਾਂ ਨੂੰ ਇਮਤਿਹਾਨ ਵਾਸਤੇ ਅਲਾਓ ਕੀਤਾ ਜਾਵੇ।

ਮੁੱਖ ਮੰਤਰੀ: ਇਹ ਫਾਰਮੇਸੀ ਵਾਲਾ ਮਸਲਾ ਨਹੀਂ ਹੈ। ਇਹ ਵਕੀਲ ਬਣਾਉਣ ਵਾਲਾ ਮਸਲਾ ਹੈ। ਇਸ ਵਿਚ ਕਾਨੂੰਨੀ ਪੁਆਇੰਟ ਆਉਂਦਾ ਹੈ। ਵਕੀਲ ਬਣਨ ਵਾਸਤੇ ਇਹ ਕਲਾਸਾਂ ਸ਼ੁਰੂ ਕਰਨ ਵਾਸਤੇ ਬਾਰ ਕੌਂਸਲ ਆਫ ਇੰਡੀਆ ਦੀ ਇਜਾਜ਼ਤ ਦੇ ਨਾਲ ਹੁੰਦਾ ਹੈ ਨਹੀਂ ਤਾਂ ਨਹੀਂ ਹੁੰਦਾ। ਪੰਜਾਬ ਯੂਨੀਵਰਸਿਟੀ ਦੇ ਨਾਲ ਜੋੜਨਾ ਹੈ। ਇਸ ਵਿਚ ਕੁਝ ਟਾਇਮ ਲੱਗ ਜਾਂਦਾ ਹੈ ਇਸ ਲਈ ਸਟੂ-ਡੈਂਟਸ ਨੂੰ ਪਰੋਵੀਜ਼ਨਲ ਦਾਖਲਾ ਦਿਤਾ ਗਿਆ ਸੀ। ਇਹ ਸਟੂਡੈਂਟਸ ਵੀ ਜਾਣਦੇ ਸਨ ਕਿ ਇਸ ਵਾਸਤੇ ਨਾਂਹ ਵੀ ਹੋ ਸਕਦੀ ਹੈ। ਮਨਜ਼ੂਰੀ ਤੋਂ ਬਗੈਰ ਉਨ੍ਹਾਂ ਦਾ ਇਮਤਿਹਾਨ ਇਸ ਤਰ੍ਹਾਂ ਨਹੀਂ ਦਿਵਾਇਆ ਜਾ ਸਕਦਾ।

(Serial No. 59)

1. **Shri Ram Kishan Kataria**
2. **Shri Ramesh Chander Dogra** : Sir, I beg to draw the attention of the Government towards a matter of urgent public importance, namely, resentment prevailing among the people of Kandi Area of Distt.Hoshiarpur in general and the employees of Punjab Public Health Department serving in this District particular on account of decision of Government to shift the office of Superintending Engineer, Public Health (RWS) Circle, Hoshiarpur, thereby resulting lot of problems to Public and employees. There is anxiety among the inhabitants of Kandi area, because the whole belt is problem area due to water scarcity.

In view of the urgency of the matter, the Govrnment may be asked to make a statement in the House in this behalf.

ਰਾਜ ਮੰਤਰੀ, ਜਨ ਸਿਹਤ (ਸਰਦਾਰ ਸ਼ਸ਼ਪਾਲ ਸਿੰਘ): ਸਪੀਕਰ ਸਾਹਿਬ, ਐਸ. ਈ. ਪਬਲਿਕ ਹੈਲਥ, ਹੁਸ਼ਿਆਰਪੁਰ ਦਾ ਦਫ਼ਤਰ ਉਥੋਂ ਸ਼ਿਫਟ ਕਰਨ ਦਾ ਗੌਰਮਿੰਟ ਦਾ ਅਜੇ ਕੋਈ ਫੈਸਲਾ ਨਹੀਂ ਹੈ।

PAPER LAID ON THE TABLE

Minister of State for Transport (Sardar Hardipinder Singh) **: Sir,** I beg to lay on the Table the Annual Report of the Punjab Public Service Commission for the year 1984-85, as presented to the Governor, together with the Memorandum explaining the reasons for the non-acceptance of the advice of the Commission, as required under Article 323(2) of the Constitution.

RESUMPTION OF GENERAL DISCUSSION ON THE BUDGET ESTIMATES FOR THE YEAR 1987-88.

Mr. Speaker: Sardar Ranjit Singh Jandiala was on his legs when the House adjourned yesterday. He may please resume his speech.

ਸਰਦਾਰ ਕਰਨੈਲ ਸਿੰਘ ਡੋਡ: ਸਪੀਕਰ ਸਾਹਿਬ, ਮੇਰਾ ਇਕ ਸਵਾਲ ਸੀ ਰੈਗੂਲੈਰਾਈਜ਼ੇਸ਼ਨ ਆਫ ਕੋਲੋਨਾਈਜ਼ੇਸ਼ਨ ਐਕਟ। ਉਸ ਦੇ ਜਵਾਬ ਵਾਸਤੇ 25 ਤਾਰੀਖ ਤੱਕ ਐਕਸਟੈਨਸ਼ਨ ਦਿਤੀ ਗਈ ਸੀ। ਆਪ ਨੇ ਫਰਮਾਇਆ ਸੀ ਕਿ ਇਸ ਸੈਸ਼ਨ ਵਿਚ ਉਸ ਦਾ ਜਵਾਬ ਆ ਜਾਵੇਗਾ ਪਰ ਜਵਾਬ ਨਹੀਂ ਆਇਆ।

ਸ਼੍ਰੀ ਸਪੀਕਰ: ਮੈਂ ਚੈਕ ਅੱਪ ਕਰ ਲਵਾਂਗਾ।

ਸਰਦਾਰ ਰਣਜੀਤ ਸਿੰਘ (ਜੰਡਿਆਲਾ, ਐਸ. ਸੀ.): ਸਪੀਕਰ ਸਾਹਿਬ, ਖਜ਼ਾਨਾ ਮੰਤਰੀ ਨੇ ਕਿਸਾਨਾਂ ਨੂੰ 3 ਸੌ ਕਰੋੜ ਰੁਪਏ ਦੀ ਛੋਟ ਦਿਤੀ ਹੈ। ਇਹ ਖਰਚਾ ਪੰਜਾਬ ਸਰਕਾਰ ਦੇ ਖਜ਼ਾਨੇ ਵਿਚੋਂ ਦਿਤਾ ਜਾਵੇਗਾ। ਇਹ ਬੜੀ ਵਧਾਈ ਦੀ ਗੱਲ ਹੈ। ਇਕ 50 ਪ੍ਰਤੀਸ਼ਤ ਬਾਰਡਰ ਦੇ ਏਰੀਆ ਵਿਚ ਮਾਲੀਆ ਮੁਆਫ ਕਰਕੇ ਕਿਸਾਨ ਨਾਲ ਬੜਾ ਇਨਸਾਫ ਕੀਤਾ ਹੈ ਕਿਉਂਕਿ ਇਹ ਰਾਹਤ ਉਸ ਕਿਸਾਨ ਨੂੰ ਦਿਤੀ ਗਈ ਹੈ ਜਿਸ ਪੰਜਾਬ ਦੇ ਕਿਸਾਨ ਨੇ ਸੈਂਟਰ ਦੀ ਸਰਕਾਰ ਨੂੰ ਅਮਰੀਕਾ ਅੱਗੇ ਜਿਹੜਾ ਠੂਠਾ ਲੈ ਕੇ ਅਨਾਜ ਮੰਗਦੇ ਸੀ ਉਸ ਤੋਂ ਰਾਹਤ ਦਿਵਾਈ ਹੈ। ਇਹ ਅਕਾਲੀ ਸਰਕਾਰ ਕਿਸਾਨਾਂ ਦਾ ਬੜਾ ਸੋਚਦੀ ਹੈ। ਅਕਾਲੀ ਸਰਕਾਰ ਕਿਸਾਨਾਂ ਦਾ ਭਲਾ ਕਰਦੀ ਹੈ ਕਾਂਗਰਸ ਵਾਲਿਆਂ ਕਦੇ ਪੰਜਾਬ ਦੇ ਕਿਸਾਨ ਬਾਰੇ ਨਹੀਂ ਸੋਚਿਆ। ਮੈਨੂੰ ਇਕ ਆੜ੍ਹਤੀਆ ਪੁੱਛਣ ਲੱਗਾ ਕਿ ਜਦੋਂ ਅਕਾਲੀ ਸਰਕਾਰ ਆਉਂਦੀ ਹੈ ਤਾਂ ਸਾਡੇ ਕੋਲ ਅਨਾਜ ਅਗੇ ਨਾਲੋਂ ਵੱਧ ਆਉਂਦਾ ਹੈ ਇਸ ਦਾ ਕੀ ਕਾਰਨ ਹੈ? ਕੀ ਅਕਾਲੀ ਸਰਕਾਰ ਕੋਲ ਕੋਈ ਜਾਦੂ ਦੀ ਛੜੀ ਹੈ। ਮੈਂ ਕਿਹਾ ਕਿ ਸਾਡੇ ਕੋਲ ਜਾਦੂ ਦੀ ਛੜੀ ਨਹੀਂ ਹੈ, ਸਾਡੀ ਅਕਾਲੀ ਸਰਕਾਰ ਪੰਜਾਬ ਦੇ ਕਿਸਾਨ ਦੀ ਪੂਰੀ ਹਮਦਰਦ ਹੈ। ਕਾਂਗਰਸ ਵਾਲਿਆਂ ਨੂੰ ਕਿਸਾਨ ਨਾਲ ਹਮਦਰਦੀ ਨਹੀਂ ਹੈ। ਕਾਂਗਰਸ ਵਾਲੇ ਉਨ੍ਹਾਂ ਨੂੰ ਵੇਲੇ ਸਿਰ ਬੀਜ ਨਹੀਂ ਦਿੰਦੇ, ਖਾਦ ਨਹੀਂ ਦਿੰਦੇ ਅਤੇ ਨਾ ਹੀ ਵੇਲੇ ਸਿਰ ਕਰਜ਼ੇ ਦਿੰਦੇ ਹਨ। ਪਰ ਅਕਾਲੀ ਸਰਕਾਰ ਕਿਸਾਨ ਨੂੰ ਵੇਲੇ ਸਿਰ ਬੀਜ ਦਿੰਦੀ ਹੈ, ਵੇਲੇ ਸਿਰ ਖਾਦ ਅਤੇ ਵੇਲੇ ਸਿਰ ਕਰਜ਼ੇ ਦਿੰਦੀ ਹੈ। ਅਕਾਲੀ ਸਰਕਾਰ ਵੇਲੇ ਸਿਰ ਉਨ੍ਹਾਂ ਨੂੰ ਖਾਦ ਮੁਹੱਈਆ ਕਰਦੀ ਹੈ ਅਤੇ ਵੇਲੇ ਸਿਰ ਬਿਜਲੀ ਦਿੰਦੀ ਹੈ। ਇਸ ਦੇ ਨਾਲ ਅਨਾਜ ਵੱਧ ਪੈਦਾ ਹੁੰਦਾ ਹੈ। ਸਾਡੇ ਕੋਲ ਜਾਦੂ ਵਾਲੀ ਗੱਲ ਨਹੀਂ ਹੈ। ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਜੋ ਦੰਗਾ ਪੀੜਤਾਂ ਨੂੰ, ਦੰਗਾ ਪੀੜਤ ਵਿਧਵਾਵਾਂ ਨੂੰ, ਜੋ 31 ਅਕਤੂਬਰ ਤੋਂ 4 ਨਵੰਬਰ ਤਕ ਵੈਸ਼ੀਆਨਾ ਕਤਲ ਕਰਕੇ ਵਿਧਵਾ ਕਰ ਦਿੱਤੀਆਂ

ਗਈਆਂ ਸਨ ਉਨ੍ਹਾਂ ਨੂੰ 658 ਮਕਾਨ ਮੁਫ਼ਤ ਦੇ ਕੇ ਸਰਕਾਰ ਨੇ ਇਕ ਬਹੁਤ ਵਧੀਆ ਕੰਮ ਕੀਤਾ ਹੈ। ਇਸ ਦੇ ਲਈ ਇਹ ਸਰਕਾਰ ਵਧਾਈ ਦੀ ਪਾਤਰ ਹੈ। ਦੰਗਾ ਪੀੜਤਾਂ ਨੂੰ ਸਾਢੇ ਚਾਰ ਪਰਸੈਂਟ ਦੀ ਦਰ 'ਤੇ, ਘੱਟ ਦਰ ਤੇ ਕਰਜ਼ਾ ਦੇਣ ਦਾ ਅਤੇ ਉਸ ਕਰਜ਼ੇ ਨੂੰ ਆਸਾਨ ਕਿਸ਼ਤਾਂ ਵਿੱਚ ਯਾਨੀ 25 ਸਾਲਾਂ ਵਿੱਚ ਵਾਪਸ ਕਰਨ ਵਾਸਤੇ ਜੋ ਸਰਕਾਰ ਨੇ ਕੰਮ ਕੀਤਾ ਹੈ, ਉਨ੍ਹਾਂ ਨੂੰ ਆਪਣੇ ਪੈਰਾਂ ਤੇ ਖੜਾ ਕਰਨ ਵਾਸਤੇ, ਇਹ ਵੀ ਸਰਕਾਰ ਨੇ ਇਕ ਬਹੁਤ ਵਧੀਆ ਗੱਲ ਕੀਤੀ ਹੈ। ਜੋ 75 ਉਦਯੋਗਕ ਪਲਾਟ ਦੰਗਾ ਪੀੜਤਾਂ ਵਾਸਤੇ ਰਿਜ਼ਰਵ ਕੀਤੇ ਹਨ, ਇਹ ਵੀ ਇਸ ਸਰਕਾਰ ਨੇ ਇਕ ਉਦਾਹਰਣ ਵਾਲੀ ਗੱਲ ਕੀਤੀ ਹੈ। 617 ਵਿਧਵਾ ਔਰਤਾਂ ਨੂੰ 250 ਰੁਪਏ ਪ੍ਰਤੀ ਮਹੀਨਾ ਜੋ ਪੈਨਸ਼ਨ ਦਿੱਤੀ ਹੈ ਉਹ ਵੀ ਇਸ ਸਰਕਾਰ ਨੇ ਬਹੁਤ ਵੱਧੀਆਂ ਗੱਲ ਕੀਤੀ ਹੈ। ਉਨ੍ਹਾਂ ਦੇ ਬਚਿਆਂ ਨੂੰ ਮੁਫ਼ਤ ਵਿਦਿਆ ਦੇਣ ਦਾ ਵੀ ਜੋ ਸਰਕਾਰ ਨੇ ਕੰਮ ਕੀਤਾ ਹੈ, ਇਹ ਵੀ ਸ਼ਲਾਘਾਯੋਗ ਹੈ। ਸਪੀਕਰ ਸਾਹਿਬ, ਧਰਮੀ ਫੌਜੀਆਂ ਜਿਨ੍ਹਾਂ ਨੂੰ ਨੌਕਰੀਆਂ ਵਿੱਚ ਨਹੀਂ ਲਿਆ ਗਿਆ ਉਨ੍ਹਾਂ ਦੇ ਪਰਿਵਾਰਾਂ ਨੂੰ 500 ਰੁਪਏ ਪਰ ਮਹੀਨਾ ਜੋ ਦਿੱਤਾ ਹੈ, ਇਹ ਵੀ ਬਹੁਤ ਵਧੀਆ ਸਰਕਾਰ ਨੇ ਕੰਮ ਕੀਤਾ ਹੈ। ਉਨ੍ਹਾਂ ਦੀਆਂ ਪਤਨੀਆਂ ਨੂੰ 20—20 ਹਜ਼ਾਰ ਰੁਪਿਆ ਬਗੈਰ ਵਿਆਜ ਤੋਂ ਕੋਈ ਵੀ ਕੰਮ ਕਰਨ ਵਾਸਤੇ ਅਤੇ ਉਨ੍ਹਾਂ ਦੇ ਬਚਿਆਂ ਨੂੰ ਸਟਾਈਪਿੰਡ ਦੇ ਕੇ ਜੋ ਸਰਕਾਰ ਨੇ ਗੱਲ ਕੀਤੀ ਹੈ ਇਹ ਵੀ ਇਕ ਉਦਾਹਰਣ ਦੀ ਗੱਲ ਹੈ।

ਸਪੀਕਰ ਸਾਹਿਬ, ਪਿੰਡਾਂ ਦੇ ਲੋਕਾਂ ਨੇ ਸਾਨੂੰ ਬੜੀ ਤਕੜੀ ਗਿਣਤੀ ਵਿੱਚ ਚੁਣ ਕੇ ਭੇਜਿਆ ਹੈ ਕਿ ਅਸੀਂ ਇਨ੍ਹਾਂ ਦੰਗਾਂ ਪੀੜਤਾਂ ਤੇ ਧਰਮੀ ਫੌਜੀਆਂ ਅਤੇ ਉਨ੍ਹਾਂ ਦੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਾਸਤੇ ਕੁਝ ਕਰ ਸਕੀਏ ਪਰ ਪਤਾ ਨਹੀਂ ਇਨ੍ਹਾਂ ਸਾਡੇ ਕੁਝ ਵੀਰਾਂ ਨੂੰ ਚੰਗਾ ਨਹੀਂ ਲਗਿਆ ਜਾਂ ਇਨ੍ਹਾਂ ਨੂੰ ਉਨ੍ਹਾਂ ਦੇ ਨਾਲ ਕੋਈ ਹਮਦਰਦੀ ਨਹੀਂ ਸੀ ਉਨ੍ਹਾਂ ਨੂੰ ਸਹੂਲਤਾਂ ਦੇ ਵਾਸਤੇ ਇਨ੍ਹਾਂ ਨੇ ਸਾਡਾ ਸਾਥ ਨਹੀਂ ਦਿੱਤਾ। ਇਨ੍ਹਾਂ ਨੇ ਜਿਨ੍ਹਾਂ ਲੋਕਾਂ ਨੇ ਸਾਨੂੰ ਚੁਣ ਕੇ ਭੇਜਿਆ ਹੈ, ਜਿਨ੍ਹਾਂ ਵੋਟਰਾਂ ਨੇ ਸਾਨੂੰ ਚੁਣ ਕੇ ਭੇਜਿਆ ਹੈ ਉਨ੍ਹਾਂ ਨਾਲ ਇਨ੍ਹਾਂ ਨੇ ਬੇਇਨਸਾਫ਼ੀ ਕੀਤੀ ਹੈ। ਜਿਨ੍ਹਾਂ ਲੋਕਾਂ ਨੇ ਸਾਨੂੰ ਉਨ੍ਹਾਂ ਲੋਕਾਂ ਦੀ ਭਲਾਈ ਵਾਸਤੇ ਚੁਣਕੇ ਭੇਜਿਆ ਸੀ ਉਨ੍ਹਾਂ ਲੋਕਾਂ ਨਾਲ ਇਨ੍ਹਾਂ ਨੇ ਬੇਇਨਸਾਫੀ ਕੀਤੀ ਹੈ।

ਸਪੀਕਰ ਸਾਹਿਬ, ਇਕ ਸਰਵਪੱਖੀ ਵਿਕਾਸ ਵਿੱਚ ਸਰਕਾਰ ਨੇ ਕੰਮ ਕੀਤਾ ਹੈ ਔਰ ਇਹ ਬੜੀ ਚੰਗੀ ਗੱਲ ਹੈ। ਲੋਕਾਂ ਦੀ ਦੌੜ ਸ਼ਹਿਰਾਂ ਵਲ ਨੂੰ ਲਗੀ ਰਹਿੰਦੀ ਸੀ ਕਿਉਂਕਿ ਸ਼ਹਿਰਾਂ ਵਿੱਚ ਚੰਗਾ ਜੀਵਨ ਬਤੀਤ ਕਰਨ ਵਾਸਤੇ ਹਰ ਪ੍ਰਕਾਰ ਦੀਆਂ ਸਹੂਲਤਾਂ ਹਨ। ਜਿਵੇਂ ਪਾਣੀ, ਬਿਜਲੀ ਆਦਿ ਦੀਆਂ ਸਾਰੀਆਂ ਸਹੂਲਤਾਂ ਹਨ। ਪਿੰਡਾਂ ਦੇ ਲੋਕਾਂ ਨੂੰ ਜੋ ਸ਼ਹਿਰਾਂ ਵਿੱਚ ਸਹੂਲਤਾਂ ਹਨ ਉਹ ਮੁਹੱਈਆ ਨਹੀਂ ਸੀ ਪਰ ਬਰਨਾਲਾ ਸਾਹਿਬ ਦੀ ਸਰਕਾਰ ਨੇ ਜੋ ਸਰਵਪੱਖੀ ਵਿਕਾਸ ਦਾ ਕੰਮ ਸ਼ੁਰੂ ਕੀਤਾ ਹੈ ਇਹ ਬਹੁਤ ਚੰਗੀ ਗੱਲ ਹੈ। ਇਸ ਨੂੰ ਮੈਂ ਤਾਂ ਇਹ ਵੀ ਕਹਿੰਦਾ ਹਾਂ ਕਿ ਜੇ ਸਰਵਪੱਖੀ ਵਿਕਾਸ ਦੀ ਥਾਂ ਮਿਨੀ ਸ਼ਹਿਰ ਵੀ ਕਿਹਾ ਜਾਵੇ ਤਾਂ ਵੀ ਠੀਕ ਹੈ, ਇਹ ਇਕ ਬਹੁਤ ਵੱਡੀ ਗੱਲ ਇਸ ਸਰਕਾਰ ਨੇ ਕੀਤੀ ਹੈ। ਇਸ ਦੇ ਵਿੱਚ ਇਹ ਸਾਰਾ ਕੁਝ ਆ ਜਾਂਦਾ ਹੈ ਜਿਵੇਂ ਪਿੰਡਾਂ ਵਿੱਚ ਗਲੀਆਂ ਪੱਕੀਆਂ ਕਰਨੀਆਂ, ਨਾਲੀਆਂ ਪੱਕੀਆਂ ਕਰਨਾਂ, ਪਾਣੀ ਦਾ ਦੇਣਾ, ਮੱਛੀਆਂ ਪਾਲਣ ਲਈ ਤਾਲਾਬ ਬਣਾਉਣਾ ਅਤੇ ਇਸ ਤਰ੍ਹਾਂ ਦੀਆਂ ਹੋਰ ਕਈ ਸਹੂਲਤਾਂ ਦੇਣ ਦਾ ਸਰਕਾਰ ਨੇ ਜੋ ਕੰਮ ਕੀਤਾ ਹੈ, ਇਹ ਕੋਈ ਮਿਨੀ ਸ਼ਹਿਰ ਨਾਲੋਂ ਘੱਟ ਨਹੀਂ ਹੈ।

ਸਪੀਕਰ ਸਾਹਿਬ, ਸਾਡੇ ਖਜ਼ਾਨਾ ਮਨਿਸਟਰ ਸਾਹਿਬ ਨੇ ਇੰਡਸਟਰੀਜ਼ ਲਈ ਜੋ ਨਵਾਂ ਤਰੀਕਾ ਸ਼ੁਰੂ ਕੀਤਾ ਹੈ ਜਿਹੜੀ ਨਵੀਂ ਇੰਡਸਟਰੀ ਲਗਣੀ ਹੈ ਔਰ ਸੈਲਜ਼ ਟੈਕਸ ਵਿਚ ਜਿਹੜੀ ਰਿਆਇਤ ਦਿਤੀ ਹੈ ਇਹ ਬਹੁਤ ਵੱਡੀ ਗਲ ਹੈ। ਇਸ ਦੇ ਨਾਲ ਹੀ ਜਿਹੜੇ ਇੰਡਸਟਰੀਆਲਿਸਟਸ ਪਹਿਲਾਂ ਆਪਣੇ

[ਸਰਦਾਰ ਰਣਜੀਤ ਸਿੰਘ]
ਪੈਰਾਂ ਤੇ ਖੜੇ ਸਨ ਅਤੇ ਨਵੇਂ ਕਾਰਖਾਨੇਦਾਰਾਂ ਨੂੰ ਮੁਸ਼ਕਲ ਆਉਂਦੀ ਸੀ ਹੁਣ ਸੇਲਜ਼ ਟੈਕਸ ਦੀ ਦਰ ਘੱਟ ਕਰ ਦਿੱਤੀ ਹੈ ਜਿਸ ਨਾਲ ਉਹ ਵੀ ਆਪਣੇ ਪੈਰ ਪੱਕੇ ਕਰ ਸਕਣਗੇ ਇਹ ਇਕ ਬਹੁਤ ਵੱਡੀ ਗਲ ਕੀਤੀ ਹੈ ।

ਸਪੀਕਰ ਸਾਹਿਬ, ਸਾਡੀ ਅਕਾਲੀ ਸਰਕਾਰ ਨੇ ਬਿਜਲੀ ਦੀ ਪੁਜ਼ੀਸ਼ਨ ਠੀਕ ਕੀਤੀ ਹੈ ਤੇ ਕਾਂਗਰਸ ਸਰਕਾਰ ਵੇਲੇ ਬਿਜਲੀ ਦੀ ਕਟ ਲਗਦੀ ਰਹਿੰਦੀ ਸੀ। ਉਸ ਕੱਟ ਨੂੰ ਖਤਮ ਕਰ ਕੇ ਬਹੁਤ ਵੱਡੀ ਗਲ ਕੀਤੀ ਹੈ ਅੌਰ ਜਿਹੜੇ ਨਵੇਂ ਪਰੋਜੈਕਟ ਜਿਹੜੇ ਸੂਰਜ ਦੀਆਂ ਕਿਰਨਾਂ ਤੋਂ ਲਗਾ ਰਹੇ ਹਨ ਬਿਜਲੀ ਪੈਦਾ ਕਰਨਗੇ ਇਹ ਪੰਜਾਬ ਦੀ ਸਭ ਤੋਂ ਵੱਡੀ ਗਲ ਹੈ- ਇਹ ਸਾਰੇ ਹਿੰਦੁਸਤਾਨ ਵਿਚ ਕਿਤੇ ਹੋਰ ਨਹੀਂ ਹੈ ।

ਹੋਰ, ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਵਿਦਿਆ ਦਾ ਮਿਆਰ ਉੱਚਾ ਚੁੱਕਣ ਲਈ 300 ਸਕੂਲ ਅੱਪਗਰੇਡ ਕੀਤੇ ਹਨ। ਬੱਚਿਆ ਨੂੰ ਸਕੂਲਾਂ ਵਿੱਚ ਦੂਰ ਦੂਰ ਜਾਣਾ ਪੈਂਦਾ ਸੀ ਪਰ ਇਹ ਤਿੰਨ ਸੌ ਸਕੂਲ ਅਪਗਰੇਡ ਕਰਕੇ ਬਹੁਤ ਵੱਡੀ ਗਲ ਕੀਤੀ ਹੈ। ਕਾਂਗਰਸ ਸਰਕਾਰ ਨੇ ਇਤਨੇ ਸਕੂਲ ਦਸ ਸਾਲਾਂ ਵਿਚ ਵੀ ਅੱਪਗਰੇਡ ਨਹੀਂ ਕੀਤੇ ਹੋਣੇ। ਇਨ੍ਹਾਂ ਸਾਰੀਆਂ ਗਲਾਂ ਦਾ ਕਰੈਡਿਟ ਸਾਡੀ ਸਰਕਾਰ ਨੂੰ ਜਾਂਦਾ ਹੈ।

ਸਪੀਕਰ ਸਾਹਿਬ, ਇਹ ਜਿਹੜਾ ਸਮੁਚਾ ਬੱਜਟ ਹੈ ਇਹ ਪੰਜਾਬ ਦੇ ਲੋਕਾਂ ਦੀ ਭਲਾਈ ਵਾਸਤੇ ਹੈ। ਮੈਂ ਇਸ ਦੀ ਸਰਾਹਨਾ ਕਰਦਾ ਹਾਂ (ਥੰਪਿੰਗ) (ਇਸ ਵਕਤ ਸਰਦਾਰ ਕਿਰਪਾਲ ਸਿੰਘ, ਕਾਮਰੇਡ ਮਹਿਤਾਬ ਸਿੰਘ ਅਤੇ ਹੋਰ ਕੁਝ ਮੈਂਬਰ ਸਾਹਿਬ ਬੋਲਣ ਲਈ ਖੜੇ ਸਨ ਪਰ ਸਪੀਕਰ ਸਾਹਿਬ ਨੇ ਚੌਧਰੀ ਜਗਜੀਤ ਸਿੰਘ ਨੂੰ ਬੋਲਣ ਲਈ ਕਿਹਾ)

ਸ਼੍ਰੀ ਸਪੀਕਰ: ਮੇਰੀ ਗੁਜ਼ਾਰਿਸ਼ ਹੈ ਕਿ ਸਾਡੇ ਕੋਲ ਸਮਾਂ ਬਹੁਤ ਥੋਹੜਾ ਹੈ, ਇਸ ਲਈ ਸਾਰੇ ਮੈਂਬਰ ਸਾਹਿਬ ਬਰੀਫ਼ ਹੀ ਕਹਿਣ। (ਵਿਘਨ)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਹਰ ਪਾਰਟੀ ਦੇ 5, 5, 6, 6, ਆਦਮੀ ਬੋਲ ਚੁੱਕੇ ਹਨ (ਵਿਘਨ)

Mr. Speaker : Sardar Kirpal Singh Ji, you will get time. Please sit down.

ਸ਼੍ਰੀ ਜਗਜੀਤ ਸਿੰਘ (ਕਰਤਾਰਪੁਰ, ਐਸ.ਸੀ.): ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਜਟ ਤੇ ਬੋਲਣ ਦਾ ਮੌਕਾ ਦਿਤਾ ਹੈ। ਸਪੀਕਰ ਸਾਹਿਬ, ਜਿਹੜਾ ਬਜਟ ਸਰਦਾਰ ਬਲਵੰਤ ਸਿੰਘ ਜੀ ਨੇ ਪੇਸ਼ ਕੀਤਾ ਹੈ ਉਸ ਦੇ ਵਿਚ ਜੋ ਮੈਂ ਪੜ੍ਹਿਆ ਹੈ, ਇਹ 45 ਸਫ਼ਿਆਂ ਦੀ ਬਜਟ ਸਪੀਚ ਹੈ ਅਤੇ ਇਸ ਦੇ ਵਿਚ ਡੇਢ ਸਫ਼ਾ ਸ਼ਡਿਊਲਡ ਕਾਸਟਸ ਵਾਸਤੇ ਹੈ ਜਿਸ ਦੇ ਵਿਚ ਕੁਝ ਚੀਜ਼ਾਂ ਲਿਖੀਆਂ ਗਈਆਂ ਹਨ। ਸਰਦਾਰ ਬਲਵੰਤ ਸਿੰਘ ਸਾਡੇ ਵਿਚੋਂ ਹੀ ਹੈ ਇਹ ਸਾਡੀ ਕਾਂਗਰਸ ਪਾਰਟੀ ਵਿਚੋਂ ਗਏ ਹਨ। ਇਨ੍ਹਾਂ ਨੂੰ ਹਰੀਜਨਾਂ ਨਾਲ ਪਿਆਰ ਵੀ ਹੈ ਲੇਕਿਨ ਇਹ ਜਿਹੜੀਆਂ ਕੁਝ ਚੀਜ਼ਾਂ ਬਜਟ ਦੇ ਵਿਚ ਦਿੱਤੀਆਂ ਹਨ ਉਹ ਮੈਂ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ। ਦੋ ਚਾਰ ਰਿਆਇਤਾਂ ਜਿਹੜੀਆਂ ਹਰੀਜਨਾਂ ਵਾਸਤੇ ਰਖੀਆਂ ਹਨ ਉਨ੍ਹਾਂ ਵਿਚੋਂ ਇਕ ਇਹ ਹੈ ਕਿ ਹਰੀਜਨ ਧਰਮਸ਼ਾਲਾਵਾਂ ਵਾਸਤੇ ਕਿਹਾ ਗਿਆ ਹੈ ਕਿ ਦਸ ਹਜ਼ਾਰ ਰੁਪਏ ਤੋਂ 15 ਹਜ਼ਾਰ ਰੁਪਏ ਕਰ ਦਿਤੇ ਹਨ। ਇਨ੍ਹਾਂ ਨੇ ਥੋਹੜਾ ਜਿਹਾ ਪੈਸਾ ਰਖ

ਦਿਤਾ ਹੈ ਜਿਸ ਦੇ ਨਾਲ ਸਾਰੀਆਂ ਧਰਮਸ਼ਾਲਾਵਾਂ ਨਹੀਂ ਬਣ ਸਕਦੀਆਂ, ਖਾਸ ਤੌਰ ਤੇ ਜਿਹੜੀਆਂ ਧਰਮਸ਼ਾਲਾਵਾਂ ਅਧੂਰੀਆਂ ਪਈਆਂ ਹਨ। ਜਿਹੜੀਆਂ ਰਿਪੇਅਰ ਹੋਣ ਵਾਲੀਆਂ ਹਨ ਉਨ੍ਹਾਂ ਵਾਸਤੇ ਕੋਈ ਪੈਸਾ ਨਹੀਂ ਰਖਿਆ ਗਿਆ। ਮੈਂ ਕਹਿਣਾ ਚਾਹੁੰਦਾ ਹਾਂ ਕਿ ਧਰਮਸ਼ਾਲਾਵਾਂ ਦੀ ਰਿਪੇਅਰ ਵਾਸਤੇ ਕੁਝ ਪੈਸੇ ਰਖਣ ਤਾਂ ਕਿ ਲੋਕਾਂ ਨੂੰ ਫ਼ਾਇਦਾ ਹੋ ਸਕੇ। ਦੂਜੇ ਕਿਤਾਬਾਂ ਦਾ ਜ਼ਿਕਰ ਕੀਤਾ ਹੈ। ਇਹ ਠੀਕ ਹੈ ਕਿ ਇਹ ਸਕੀਮ ਕਾਂਗਰਸ ਸਰਕਾਰ ਵੇਲੇ ਦੀ ਚਲ ਰਹੀ ਹੈ। ਇਹ ਜਿਹੜੀਆਂ ਕਿਤਾਬਾਂ ਦਿਤੀਆਂ ਜਾਂਦੀਆਂ ਹਨ ਇਹ ਉਦੋਂ ਦਿਤੀਆਂ ਜਾਂਦੀਆਂ ਹਨ ਜਦੋਂ ਬੱਚੇ ਕਲਾਸਾਂ ਵਿਚ ਚੜ੍ਹ ਜਾਂਦੇ ਹਨ ਅਤੇ ਟਾਈਮ ਸਿਰ ਨਹੀਂ ਮਿਲਦੀਆਂ। ਇਹ ਦੋ ਮਹੀਨੇ ਜਾਂ ਚਾਰ ਮਹੀਨੇ ਬਾਅਦ ਮਿਲਦੀਆਂ ਹਨ ਜਦੋਂ ਉਹ ਖਰੀਦ ਲੈਂਦੇ ਹਨ। ਜਾਂ ਫਿਰ ਇਕ ਕਿਤਾਬ ਅੱਜ ਦੇ ਦਿਤੀ ਤੇ ਦੋ ਫਿਰ, ਤੇ ਤਿੰਨ ਫਿਰ । ਇਸ ਸਕੀਮ ਨੂੰ ਸਹੀ ਮਾਨਿਆ ਵਿਚ ਲਾਗੂ ਕਰਨ ਵਾਸਤੇ ਪਹਿਲੇ ਹੀ ਜੋ ਸਟੇਸ਼ਨਰੀ ਦੇਣੀ ਹੈ ਦੇਣੀ ਚਾਹੀਦੀ ਹੈ ਤਾਂ ਕਿ ਹਰੀਜਨ ਬੱਚੇ ਉਸ ਦਾ ਲਾਭ ਉਠਾ ਸਕਣ।

ਇਹ ਵੀ ਦਸਿਆ ਗਿਆ ਹੈ ਕਿ ਜਿਨ੍ਹਾਂ ਅਨੁਸੂਚਿਤ ਜਾਤੀਆਂ ਦੇ ਘਰਾਂ ਵਿਚ ਬਿਜਲੀ ਨਹੀਂ ਹੈ ਉਨ੍ਹਾਂ ਦੇ ਘਰਾਂ ਵਿਚ ਇਕ ਬਲਬ ਦਿਤਾ ਜਾਵੇਗਾ। ਮੈਂ ਜਲੰਧਰ ਜ਼ਿਲ੍ਹੇ ਦੀਆਂ ਮੀਟਿੰਗਾਂ ਅਟੈਂਡ ਕਰਦਾ ਹਾਂ ਕਿਸੇ ਵੀ ਘਰ ਨੂੰ ਕੋਈ ਬੱਲਬ ਨਹੀਂ ਦਿਤਾ ਗਿਆ। ਕਈ ਪਿੰਡ ਸਰਵਪੱਖੀ ਵਿਕਾਸ ਵਾਸਤੇ ਚੁਣੇ ਹਨ ਉਥੇ ਹੀ ਇਹ ਬਲਬ ਲਾਉਣੇ ਹਨ। ਉਨ੍ਹਾਂ ਪਿੰਡਾਂ ਵਿਚ ਕਾਫ਼ੀ ਘਰਾਂ ਵਿਚ ਤਾਂ ਪਹਿਲਾਂ ਹੀ ਬਿਜਲੀ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਵਿਖਾਇਆ ਬਹੁਤ ਕੁਝ ਹੈ ਪਰ ਹੋਇਆ ਕੁਝ ਵੀ ਨਹੀਂ। ਅਸਲ ਚੀਜ਼ ਜੋ ਮੈਂ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਪਿਛਲੇ ਸੈਸ਼ਨ ਵਿਚ ਮਾਨਯੋਗ ਮੁੱਖ ਮੰਤਰੀ ਜੀ ਨੇ ਕਿਹਾ ਸੀ ਜਦੋਂ ਅਸੀਂ ਇਥੇ ਧਰਨਾ ਦਿਤਾ ਸੀ ਰਿਜ਼ਰਵੇਸ਼ਨ ਐਕਟ ਵਾਸਤੇ, ਪਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਆਪਣੀ ਵਜ਼ਾਰਤ ਵਿਚ ਬੜੇ ਵਜ਼ੀਰ ਬਣਾਏ ਹਨ ਅਤੇ ਕਾਰਪੋਰੇਸ਼ਨਾਂ ਦੇ ਚੇਅਰਮੈਨ ਵੀ ਬਣਾਏ ਹਨ। ਮੈਨੂੰ ਖਿਆਲ ਹੈ ਕਿ ਇਨ੍ਹਾਂ ਨੂੰ ਦਰਦ ਨਹੀਂ ਹੈ। ਔਰ ਇਨ੍ਹਾਂ ਨੇ ਪਿਛਲੇ ਸੈਸ਼ਨ ਵਿਚ ਵਾਇਦਾ ਕੀਤਾ ਸੀ ਕਿ ਰਿਜ਼ਰਵੇਸ਼ਨ ਐਕਟ ਜਿਹੜਾ ਹੈ, ਜਿਹੜੀਆਂ ਬਹੁਤ ਸਾਰੀਆਂ ਸਰਕਾਰ ਦੀਆਂ ਇਨਸਟਰੱਕਸ਼ਨਜ਼ ਹਨ, ਉਨ੍ਹਾਂ ਦੇ ਆਧਾਰ ਤੇ ਅਗਲੇ ਸੈਸ਼ਨ ਵਿਚ ਇਕ ਐਕਟ ਲਿਆਵਾਂਗੇ ਲੇਕਿਨ ਜੋ ਲੇਟੈਸਟ ਲਿਸਟ ਹੈ ਬਿਜ਼ਨੈਸ ਦੀ ਉਸ ਦੇ ਹਿਸਾਬ ਨਾਲ ਕੋਈ ਐਸੀ ਗੱਲ ਨਹੀਂ ਹੈ। ਇਸ ਲਈ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮਾਨਯੋਗ ਚੀਫ ਮਨਿਸਟਰ ਸਾਹਿਬ ਸਦਨ ਨੂੰ ਭਰੋਸਾ ਦੇਣ ਔਰ ਕਹਿਣ ਕਿ ਅਗਲੇ ਸੈਸ਼ਨ ਵਿਚ ਐਕਟ ਲਿਆਂਦਾ ਜਾਵੇਗਾ ਔਰ ਐਕਟ ਨਾ ਲਿਆਂਦਾ ਜਾਵੇ ਤਾਂ ਅਸੀਂ ਮਹਿਸੂਸ ਕਰਦੇ ਹਾਂ, ਇਸ ਤੋਂ ਇਹ ਸਾਬਤ ਹੁੰਦਾ ਹੈ ....(ਵਿਘਨ)

ਸ੍ਰੀ ਸ਼ਿਵ ਚੰਦ ਮਲੋਟ: ਪੁਆਇੰਟ ਆਫ ਆਰਡਰ, ਸਰ (ਵਿਘਨ) ਕੋਈ ਨਹੀਂ ਸਾਡਾ ਹੀ ਆਦਮੀ ਬੋਲ ਰਿਹਾ ਹੈ। ਜਦੋਂ ਪਿਛਲੇ ਸੈਸ਼ਨ ਵਿਚ , ਸਪੀਕਰ ਸਾਹਿਬ, ਕਿਹਾ ਗਿਆ ਸੀ ਕਿ ਅਗਲੇ ਸੈਸ਼ਨ ਵਿਚ ਐਕਟ ਲਿਆਂਦਾ ਜਾਵੇਗਾ ਤਾਂ ਇਸੇ ਸੈਸ਼ਨ ਵਿਚ ਹੀ ਆਉਣਾ ਚਾਹੀਦਾ ਹੈ, ਇਹ ਹੀ ਉਹ ਸੈਸ਼ਨ ਹੈ।

ਸ੍ਰੀ ਜਗਜੀਤ ਸਿੰਘ: ਇਸ ਸੈਸ਼ਨ ਵਿਚ, ਸਪੀਕਰ ਸਾਹਿਬ, ਐਕਟ ਨਹੀਂ ਲਿਆਂਦਾ ਗਿਆ। ਮੈਂ ਮਹਿਸੂਸ ਕਰਦਾ ਹਾਂ ਕਿ ਜਿਹੜਾ ਸਾਨੂੰ ਕਿਹਾ ਜਾਂਦਾ ਹੈ ਕਿ ਇਹ ਸਰਕਾਰ ਅਨੁਸੂਚਿਤ ਜਾਤੀਆਂ ਵਾਸਤੇ ਬਹੁਤ ਕੰਮ ਕਰ ਰਹੀ ਹੈ, ਮੈਂ ਸਮਝਦਾ ਹਾਂ ਕਿ ਅਨੁਸੂਚਿਤ ਜਾਤੀਆਂ ਨਾਲ ਏਨੀਂ ਨਿਯਤ ਸਾਫ ਨਹੀਂ। ਸਰਦਾਰ ਰਣਜੀਤ ਸਿੰਘ ਸਾਡਾ ਚੇਅਰਮੈਨ ਹੈ, ਟਿਊਬਵੈੱਲ ਕਾਰਪੋਰੇਸ਼ਨ ਦਾ, ਨੌਜਵਾਨ ਹੈ,

[ਸ੍ਰੀ ਜਗਜੀਤ ਸਿੰਘ]

ਕਾਰਪੋਰੇਸ਼ਨ ਦਾ ਚੇਅਰਮੈਨ ਬਣਾਇਆ ਹੈ। ਉਹ ਬੋਲਿਆ ਸੀ, ਪਰ ਇਕ ਸ਼ਬਦ ਵੀ ਅਨੁਸੂਚਿਤ ਜਾਤੀਆਂ ਬਾਰੇ ਉਨ੍ਹਾਂ ਨੇ ਨਹੀਂ ਬੋਲਿਆ, ਅੰਦਾਜ਼ਾ ਲਗਾਓ ਕਿ ਇਨ੍ਹਾਂ ਦੇ ਦਿਲ ਵਿਚ ਕਿਤਨੀ ਹਮਦਰਦੀ ਹੈ।

ਸਰਦਾਰ ਰਣਜੀਤ ਸਿੰਘ (ਜੰਡਿਆਲਾ): ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਨ੍ਹਾਂ ਨੇ ਸੁਣਿਆ ਨਹੀਂ ਹੋਣਾ ਕਲ੍ਹ ਮੈਂ ਪਹਿਲਾਂ ਬੋਲਿਆ ਹੀ ਅਨੁਸੂਚਿਤ ਜਾਤੀਆਂ ਵਾਸਤੇ ਸੀ।

ਸ੍ਰੀ ਸਪੀਕਰ: ਪਰਸਨਲ ਐਕਸਪਲਾਨੇਸ਼ਨ ਤੇ ਇਹ ਗੱਲ ਹੁੰਦੀ ਹੈ।

ਸਰਦਾਰ ਕਰਨੈਲ ਸਿੰਘ ਡੋਡ: ਸਪੀਕਰ ਸਾਹਿਬ, ਚੌਧਰੀ ਜਗਜੀਤ ਸਿੰਘ ਮੇਰਾ ਦੋਸਤ ਹੈ ਪਰ ਨਾ ਸ਼ੁਕਰਾ ਹੈ। (ਹਾਸਾ) ਅਕਾਲੀ ਸਰਕਾਰਾਂ ਜਿੰਨੀਆਂ ਵੀ ਬਣੀਆਂ ਹਨ ਉਹਨਾਂ ਪਛੜੀਆ ਸ਼੍ਰੇਣੀਆਂ ਲਈ ਜੋ ਕੀਤਾ ਹੈ, ਕਿਸੇ ਵੀ ਕਾਂਗਰਸ ਸਰਕਾਰ ਨੇ ਨਹੀਂ ਕੀਤਾ। ਇਹਨਾਂ ਨੂੰ ਇਮਾਨਦਾਰੀ ਨਾਲ ਇਥੇ ਸਬਮਿਸ਼ਨ ਕਰਨੀ ਚਾਹੀਦੀ ਹੈ, ਮੁਕਾਬਲਾ ਕਰਕੇ ਦੱਸਣ ਕਿ ਅਕਾਲੀ ਸਰਕਾਰ ਨੇ ਕੀ ਕੀਤਾ ਹੈ, ਕਾਂਗਰਸ ਸਰਕਾਰ ਨੇ ਕੀ ਕੀਤਾ ਹੈ, ਫਿਰ ਆਪਣਾ ਕੇਸ ਬਿਲਡ ਕਰਨ।

ਸ੍ਰੀ ਜਗਜੀਤ ਸਿੰਘ: ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਫ਼ੈਕਟਸ ਜੋ ਹਨ, ਜੋ ਸਰਕਾਰ ਨੇ ਅੰਕੜੇ ਦਿੱਤੇ ਹਨ, ਉਹ ਰਖਣਾ ਚਾਹੁੰਦਾ ਹਾਂ, ਉਨ੍ਹਾਂ ਦੇ ਆਧਾਰ ਤੇ ਦੱਸਣਾ ਚਾਹੁੰਦਾ ਹਾਂ ਕਿ ਸਭ ਤੋਂ ਵੱਧ ਸਕੀਮ ਜਿਹੜੀ ਸ਼ਡਿਊਲਡ ਕਾਸਟਸ ਦੀ ਬੇਹਤਰੀ ਵਾਸਤੇ ਹੈ ਉਹ ਸਪੈਸ਼ਲ ਕੰਪੋਨੈਂਟ ਪਲਾਨ ਹੈ ਜਿਸ ਦੇ ਤਹਿਤ ਸਾਰੇ ਬੱਜਟ ਦਾ 25 ਪ੍ਰਤੀਸ਼ਤ ਸ਼ਡਿਊਲਡ ਕਾਸਟ ਤੇ ਖਰਚ ਹੋਣਾ ਚਾਹੀਦਾ ਹੈ ਤਾਕਿ ਉਸ ਦੇ ਨਾਲ ਆਰਥਕ ਤੌਰ ਤੇ ਉਹ ਤਕੜੇ ਹੋ ਸਕਣ। ਜੋ ਅਕਾਲੀ ਸਰਕਾਰ ਹੈ, ਜੋ ਇਸ ਨੇ ਖਰਚ ਕੀਤਾ ਹੈ, ਤੁਹਾਡੇ ਸਾਹਮਣੇ ਹਨ। ਸਰਕਾਰ ਨੇ ਇਨਫਰਮੇਸ਼ਨ ਦਿੱਤੀ ਹੈ। ਪਹਿਲੀ ਗੱਲ ਤਾਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਉਹ ਰੁਪਿਆ ਜਿਹੜਾ ਹੈ 2590 ਲੱਖ ਰੁਪਿਆ, ਇਹ ਸਪੈਸ਼ਲ ਕੰਪੋਨੈਂਟ ਪਲਾਨ ਥਲੇ 14,375 ਲੱਖ ਰੁਪਿਆ ਸਾਡੇ ਹਿੱਸੇ ਆਉਂਦਾ ਸੀ ਔਰ ਜੋ ਸਰਕਾਰ ਨੇ ਇਨਫਰਮੇਸ਼ਨ ਦਿੱਤੀ ਹੈ 2590 ਲੱਖ ਵਿਚੋਂ 12 ਲੱਖ 48 ਹਜ਼ਾਰ ਰੁਪਿਆ ਖਰਚ ਕੀਤਾ ਹੈ। ਮੈਂ ਇਹ ਸਮਝਦਾ ਹਾਂ ਕਿ ਇਹ ਇਨਫਰਮੇਸ਼ਨ ਵੀ ਸਹੀ ਨਹੀਂ ਹੈ। ਜੇਕਰ ਇਸ ਨੂੰ ਡਿਪਾਰਟਮੈਂਟਵਾਈਜ਼ ਵੇਖੀਏ ਤਾਂ ਪਤਾ ਲਗਦਾ ਹੈ ਕਿ ਕਈ ਮਹਿਕਮੇਂ ਐਸੇ ਹਨ ਜਿਨ੍ਹਾਂ ਵਿਚ ਸਿਫਰ ਦੇ ਬਰਾਬਰ ਹੀ ਖਰਚ ਹੋਇਆ ਹੈ ਜਾਂ ਬੱਜਟ ਦਾ 1 ਪ੍ਰਤੀਸ਼ਤ ਹੋਇਆ ਹੈ ਜਾਂ 2 ਪ੍ਰਤੀਸ਼ਤ ਹੋਇਆ ਹੈ। ਕਿਸੇ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ। ਜੋ ਫਿਗਰ ਦਿਤੇ ਹਨ, ਇਹ ਵਧਾ ਚੜ੍ਹਾ ਕੇ ਦਿੱਤੇ ਗਏ ਹਨ। ਸਪੈਸ਼ਲ ਕੰਪੋਨੈਂਟ ਪਲਾਨ ਬਾਰੇ ਪੈਸਾ ਜਿਹੜਾ ਹੈ ਸ਼ਡਿਊਲਡ ਕਾਸਟਸ ਤੇ ਸਹੀ ਮਾਹਨਿਆਂ ਵਿਚ ਖਰਚ ਨਹੀਂ ਹੋ ਰਿਹਾ ਹੈ। ਔਰ ਹਿੰਦ ਦੀ ਸਰਕਾਰ ਨੇ ਕਿਹਾ ਹੈ ਕਿ ਆਬਾਦੀ ਦੇ ਹਿਸਾਬ ਨਾਲ ਦੇਣਾ ਹੈ - ਹੁਣ ਆਬਾਦੀ 27 ਪ੍ਰਤੀਸ਼ਤ ਹੋ ਗਈ ਹੈ। ਅਸੀਂ ਕਹਿੰਦੇ ਹਾਂ ਕਿ 27 ਪ੍ਰਤੀਸ਼ਤ ਖਰਚ ਕੀਤਾ ਜਾਵੇ ਲੇਕਿਨ 25 ਪ੍ਰਤੀਸ਼ਤ ਵੀ ਖਰਚ ਨਹੀਂ ਹੁੰਦਾ, 10/12 ਪ੍ਰਤੀਸ਼ਤ ਖਰਚ ਕੀਤਾ ਹੈ ਜੋ ਪੈਸਾ ਰਖਿਆ ਹੈ ਜਿਹੜਾ ਹਿੱਸੇ ਵਿਚ ਆਉਂਦਾ ਹੈ ਉਹ ਵੀ ਖਰਚ ਨਹੀਂ ਹੋਇਆ। ਉਸਦਾ ਅੰਦਾਜ਼ਾ ਲਗਾ ਸਕਦੇ ਹੋ।

ਮਾਨਯੋਗ ਮੈਂਬਰ ਡੋਡ ਸਾਹਿਬ ਨੇ ਕਿਹਾ ਹੈ। ਮੈਂ ਫੈਕਟਸ ਨਾਲ ਤੁਹਾਨੂੰ ਦੱਸ ਰਿਹਾ ਹਾਂ। ਤੁਹਾਡੀ ਮਾਰਫ਼ਤ ਸਰਦਾਰ ਬਲਵੰਤ ਸਿੰਘ ਨੂੰ ਮੈਂ ਇਹ ਕਹਾਂਗਾ ਕਿ ਆਉਣ ਵਾਲੇ ਸਮੇਂ ਵਿਚ ਸਾਡਾ ਇਹ ਜਿਹੜਾ ਘਾਟਾ ਹੈ ਇਸ ਨੂੰ ਜ਼ਰੂਰ ਪੂਰਾ ਕੀਤਾ ਜਾਵੇ ਔਰ ਇਸ ਦੇ ਨਾਲ ਸਾਡੇ ਹਿੱਸੇ ਦਾ ਜਿਹੜਾ ਬਜਟ ਬਣਦਾ ਹੈ ਉਹ ਹਿੱਸਾ ਸਾਰਾ ਅਨੁਸੂਚਿਤ ਜਾਤੀਆਂ ਦੀ ਭਲਾਈ ਤੇ ਜ਼ਰੂਰ ਖਰਚਣਾ ਚਾਹੀਦਾ ਹੈ ਫਿਰ ਅਸੀਂ ਸਮਝਾਂਗੇ ਕਿ ਅਕਾਲੀ ਸਰਕਾਰ ਸਾਡੇ ਵਾਸਤੇ ਕੁਝ ਕਰ ਰਹੀ ਹੈ। ਸਿਰਫ਼ ਧਰਮਸਲਾਵਾਂ ਜਾਂ ਉਨ੍ਹਾਂ ਵਿਚ 2-2 ਹਜ਼ਾਰ ਦੇ ਭਾਂਡੇ ਦੇਣ ਨਾਲ ਹੀ ਉਨ੍ਹਾਂ ਦਾ ਕੁਝ ਨਹੀਂ ਬਣਨਾ ਜੇ ਉਨ੍ਹਾਂ ਦਾ ਕੁਝ ਭਲਾ ਕਰਨਾ ਹੈ ਤਾਂ ਸਰਵਪੱਖੀ ਉਨ੍ਹਾਂ ਦਾ ਵਿਕਾਸ ਕਰੋ। ਔਰ ਜੇ ਅਕਾਲੀ ਸਰਕਾਰ ਇਸੇ ਤਰ੍ਹਾਂ ਦੇ ਕੰਮ ਅਨੁਸੂਚਿਤ ਜਾਤੀਆਂ ਲਈ ਕਰੇਗੀ ਤਾਂ ਮੈਂ ਇਸ ਲਈ ਇਨ੍ਹਾਂ ਨੂੰ ਵਧਾਈ ਦੇਣ ਨੂੰ ਤਿਆਰ ਹਾਂ। ਜਿਹੜੀਆਂ ਕਮੀਆਂ ਹਨ ਉਹ ਸਰਕਾਰ ਨੂੰ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਇਸ ਲਈ ਮੈਂ ਤੁਹਾਡੀ ਮਾਰਫ਼ਤ ਕਹਿਣਾ ਚਾਹੁੰਦਾ ਹਾਂ ਕਿ ਅਜਿਹੇ ਕੰਮ ਕਰੋ ਜਿਸ ਤੋਂ ਪਤਾ ਲਗ ਸਕੇ ਕਿ ਅਕਾਲੀ ਸਰਕਾਰ ਨੇ ਸ਼ਡਿਊਲਡ ਕਾਸਟਸ ਵਾਸਤੇ ਕੁਝ ਕੀਤਾ ਹੈ। ਜਿਹੜਾ ਸਾਡਾ ਬਜਟ ਵਿਚ ਹਿੱਸਾ ਬਣਦਾ ਹੈ ਉਹ ਸਾਡੇ ਤੇ ਹੀ, ਅਨੁਸੂਚਿਤ ਜਾਤੀਆਂ ਤੇ ਹੀ ਖਰਚਣਾ ਚਾਹੀਦਾ ਹੈ। ਦੂਸਰਾ ਮੈਂ ਇਹ ਵੀ ਕਹਾਂਗਾ ਕਿ ਇਕ ਤਾਂ ਸਾਡੇ ਅੱਗੇ ਹੀ ਬੈਕਲਾਗ ਹੈ ਫਿਰ ਹੁਣ ਜਿਹੜੀ ਭਰਤੀ ਹੋ ਰਹੀ ਹੈ ਉਸ ਵਿਚ ਵੀ ਇਹ ਬੈਕਲਾਗ ਪੂਰਾ ਨਹੀਂ ਹੋ ਰਿਹਾ ਬਲਕਿ ਵਧਦਾ ਜਾ ਰਿਹਾ ਹੈ। ਮੈਂ ਹੁਣੇ ਹੀ ਇਕ ਮਿਸਾਲ ਦਿੰਦਾ ਹਾਂ ਕਿ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਿਚ ਪਿਛੇ ਹੁਣੇ ਭਰਤੀ ਹੋਈ ਹੈ ਉਸ ਵਿਚ 100 ਕਰਮਚਾਰੀ ਰਖੇ ਗਏ ਹਨ ਪਰ ਉਨ੍ਹਾਂ ਵਿਚ ਸ਼ਡਿਊਲਡ ਕਾਸਟ ਇਕ ਵੀ ਨਹੀਂ ਰਖਿਆ ਗਿਆ। ਇਹ ਭਰਤੀ ਕਰਨ ਵਾਸਤੇ ਇਕ ਸਬ ਕਮੇਟੀ ਬਣੀ ਹੋਈ ਹੈ ਉਸ ਕਮੇਟੀ ਵਿਚ ਇਕ ਡਿਪਟੀ ਸੈਕਟਰੀ ਉਸ ਦਾ ਮੈਂਬਰ ਹੈ ਜੋ ਕਿ ਅਨੁਸੂਚਿਤ ਜਾਤੀਆਂ ਦਾ ਹੈ ਪਰ ਜਦੋਂ ਭਰਤੀ ਕੀਤੀ ਜਾਂਦੀ ਹੈ ਉਹ ਉਸ ਵੇਲੇ ਕੀਤੀ ਜਾਂਦੀ ਹੈ ਜਦੋਂ ਉਹ ਹਾਜ਼ਰ ਨਹੀਂ ਹੁੰਦਾ। ਉਸ ਨੂੰ ਇਸ ਵਿਚ ਬੁਲਾਇਆ ਹੀ ਨਹੀਂ ਜਾਂਦਾ। ਇਸ ਲਈ ਮੈਂ ਸਮਝਦਾ ਹਾਂ ਕਿ ਇਹ ਸਾਡੇ ਨਾਲ ਬੜੀ ਬੇਇਨਸਾਫ਼ੀ ਹੋ ਰਹੀ ਹੈ। ਔਰ ਇਸ ਲਈ ਜਿਹੜਾ ਐਕਟ ਹੈ ਇਹ ਜ਼ਰੂਰ ਇਥੇ ਲਿਆਂਦਾ ਜਾਵੇ ਤਾਂ ਕਿ ਜਿਹੜੇ ਅਨੁਸੂਚਿਤ ਜਾਤੀਆਂ ਦੇ ਨੌਜਵਾਨ ਹਨ ਜਿਹੜੇ ਪੜ੍ਹੇ ਲਿਖੇ ਹਨ ਉਨ੍ਹਾਂ ਨੂੰ ਰੋਜ਼ਗਾਰ ਮਿਲ ਸਕੇ। ਸਰਕਾਰ ਨੇ ਹੁਣ ਇਹ ਕਿਹਾ ਹੈ ਕਿ ਜਿਹੜੇ ਪੜ੍ਹੇ ਲਿਖੇ ਸ਼ਡਿਊਲਡ ਕਾਸਟਸ ਨੌਜਵਾਨ ਹਨ ਉਨ੍ਹਾਂ ਨੂੰ ਸੈਲਫ ਇੰਪਲਾਇਮੈਂਟ ਸਕੀਮ ਦੇ ਅਧੀਨ ਕਰਜ਼ੇ ਦੇਵਾਂਗੇ। ਮੈਂ ਸਪੀਕਰ ਸਾਹਿਬ, ਤੁਹਾਡੀ ਮਾਰਫਤ ਵਜ਼ੀਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਜਿੰਨੀਆਂ ਵੀ ਦਰਖਾਸਤਾਂ ਸ਼ਡਿਊਲਡ ਕਾਸਟਸ ਨੌਜਵਾਨਾਂ ਵਲੋਂ ਡਿਪਾਰਟਮੈਂਟ ਨੂੰ ਗਈਆਂ ਹਨ ਉਨ੍ਹਾਂ ਨੇ ਕੋਸ਼ਿਸ਼ ਕੀਤੀ ਹੈ ਕਿ ਉਹ ਦਰਖਾਸਤਾਂ ਰਿਕੁਮੈਂਡ ਕਰਕੇ ਬੈਂਕਾਂ ਨੂੰ ਭੇਜੀਆਂ ਜਾਣ। ਲੇਕਿਨ ਬੈਂਕਾਂ ਦੇ ਬਾਰੇ ਤੁਹਾਨੂੰ ਪਤਾ ਹੈ ਕਿ ਉਹ ਕੀ ਹਾਲ ਕਰਦੇ ਹਨ, ਹੁਣ ਤਕ ਬਹੁਤ ਥੋੜ੍ਹੇ ਆਦਮੀ ਹੋਣਗੇ ਜਿਨ੍ਹਾਂ ਨੂੰ ਕਰਜ਼ਾ ਮਿਲਿਆ ਹੋਵੇਗਾ। ਇਸ ਵਿਚ ਬੜੀ ਮੁਸ਼ਕਿਲ ਆਉਂਦੀ ਹੈ। ਮੈਂ ਤਾਂ ਇਹ ਕਹਾਂਗਾ ਕਿ ਇਸ ਵਾਸਤੇ ਸਰਕਾਰ ਨੂੰ ਇਕ ਵ੍ਹਾਈਟ ਪੇਪਰ ਛਾਪਣਾ ਚਾਹੀਦਾ ਹੈ ਜਿਸ ਵਿਚ ਇਹ ਦਸਿਆ ਜਾਵੇ ਕਿ ਸ਼ੁਰੂ ਤੋਂ ਲੈ ਕੇ ਹੁਣ ਤਕ ਸ਼ਡਿਊਲਡ ਕਾਸਟਾਂ ਵਾਸਤੇ ਕਿਹੜੀ ਸਰਕਾਰ ਨੇ ਕੀ ਕੰਮ ਕੀਤਾ ਹੈ। ਚਾਹੇ ਇਹ ਹੁਣ ਦੀ ਸਰਕਾਰ ਹੈ ਇਕ ਵ੍ਹਾਈਟ ਪੇਪਰ ਛਾਪ ਦੇਣ ਪਤਾ ਲਗ ਜਾਵੇਗਾ ਕਿ ਮਹਿਸੂਸ ਇਸ ਤਰ੍ਹਾਂ ਹੋ ਰਿਹਾ ਹੈ ਕਿ ਸ਼ਡਿਊਲਡ ਕਾਸਟਸ ਵਾਸਤੇ ਬਹੁਤ ਕੁਝ ਹੋ ਰਿਹਾ ਹੈ ਪਰ ਅਸਲ ਵਿਚ ਕਰਦੇ ਕੱਖ ਵੀ ਨਹੀਂ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਕਹਿਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟਸ ਨੂੰ ਆਰਥਿਕ ਤੌਰ ਤੇ ਕਿਸ ਤਰ੍ਹਾਂ ਤਕੜੇ ਕਰਨਾ ਹੈ, ਉਨ੍ਹਾਂ ਨੂੰ ਸਮਾਜ ਦੇ ਬਰਾਬਰ ਲਿਆਉਣਾ ਚਾਹੀਦਾ ਹੈ ਤਾਕਿ ਉਹ ਵੀ ਸਮਾਜ ਦਾ ਇਕ ਅੰਗ ਬਣ ਸਕਣ। ਟ੍ਰਾਂਸਪੋਰਟ ਦੇ ਬਾਰੇ ਮੈਂ ਦਸਦਾ ਹਾਂ

[ਸ੍ਰੀ ਜਗਜੀਤ ਸਿੰਘ]

ਕਿ ਇਸ ਵਾਸਤੇ ਇਕ ਹਾਈ ਪਾਵਰਡ ਕਮੇਟੀ ਬਣੀ ਸੀ, ਉਸ ਦੇ ਚੇਅਰਮੈਨ ਸਰਦਾਰ ਬਲਵੰਤ ਸਿੰਘ ਸਨ। ਉਸ ਵੇਲੇ ਬੜੀ ਦਲੇਰੀ ਨਾਲ ਇਹ ਕਿਹਾ ਗਿਆ ਕਿ ਜਿਹੜੇ ਰੂਟ ਪਰਮਿਟ ਹੋਣਗੇ, ਚਾਹੇ ਉਹ ਮਿਨੀ ਬਸਾਂ ਦੇ ਹੋਣ, ਜਾਂ ਟਰੱਕਾਂ ਦੇ ਹੋਣ ਉਸ ਵਿਚ ਸ਼ਡਿਊਲਡ ਕਾਸਟਸ ਨੂੰ ਪੂਰਾ ਹਿੱਸਾ ਦਿਤਾ ਜਾਵੇਗਾ। ਇਸ ਬਾਰੇ ਗਵਰਨਰ ਐਡਰੈਸ ਵਿਚ ਵੀ ਆਇਆ ਹੈ। ਲੇਕਿਨ, ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਲੰਧਰ ਵਿਚ ਪਿਛੇ ਇਕ ਇੰਟਰਵਿਊ ਹੋਈ ਜਿਸ ਵਿਚ ਰੂਟ ਪਰਮਿਟ ਦੇਣ ਲਈ ਮਿੱਤਰਾ ਸਾਹਿਬ, ਟਰਾਂਸਪੋਰਟ ਕਮਿਸ਼ਨਰ ਉਥੇ ਗਏ ਹੋਏ ਸਨ ਔਰ ਉਥੇ ਕੁਝ ਰੂਟ ਪਰਮਿਟ ਦਿੱਤੇ ਵੀ ਗਏ। ਇਸ ਇੰਟਰਵਿਊ ਵਿਚ ਸ਼ਡਿਊਲਡ ਕਾਸਟ ਕੰਪਨੀਆਂ ਅਤੇ ਸੋਸਾਇਟੀਆਂ ਵੀ ਸਨ ਜਿਨ੍ਹਾਂ ਨੇ ਪਰਮਿਟ ਲਈ ਅਪਲਾਈ ਕੀਤਾ ਹੋਇਆ ਸੀ। ਉਥੇ ਸ਼ਡਿਊਲਡ ਕਾਸਟ ਇਕ ਸੋਸ਼ਾਇਟੀ ਨੂੰ ਰੂਟ ਪਰਮਿਟ ਦਿਤਾ ਗਿਆ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਸ ਰਿਜ਼ਰਵੇਸ਼ਨ ਪਾਲਿਸੀ ਨੂੰ ਹਰ ਇਕ ਅਦਾਰੇ ਵਿਚ ਲਾਗੂ ਕਰਾਂਗੇ ਅਗਰ ਸਾਨੂੰ ਇਹ ਚੀਜ਼ ਪ੍ਰਾਪਤ ਹੋ ਜਾਵੇ ਤਾਂ ਅਸੀਂ ਬੜੇ ਤਕੜੇ ਹੋ ਸਕਦੇ ਹਾਂ। ਹੁਣ ਮੈਂ ਕੋਆਪ੍ਰੇਟਿਵ ਸੁਸਾਇਟੀ ਦੀ ਇਕ ਮਿਸਾਲ ਦੇਣਾ ਚਾਹੁੰਦਾ ਹਾਂ। ਕੋਆਪ੍ਰੇਟਿਵ ਡਿਪਾਰਟਮੈਂਟ ਵਿਚ ਸਪੈਸ਼ਲ ਕੰਪੋਨੈਂਟ ਪਲਾਨ ਵਿਚ ਉਨ੍ਹਾਂ ਦਾ ਪਾਰਟ ਜ਼ੀਰੋ ਹੈ। ਇਸ ਵਿਚ ਪੈਸੇ ਦਾ 3 ਹਿੱਸੇ ਵੀ ਖਰਚ ਕੀਤੇ ਹਨ ਇਹ ਸਪੈਸ਼ਲ ਕੰਪੋਨੈਂਟ ਪਲਾਨ ਤੇ ਖਰਚ ਕੀਤਾ ਹੈ। ਜਿਹੜੇ ਸਾਡੇ ਮਾਰਕਫੈਡ, ਮਿਲਕ ਫੈਡ, ਸਪਿਨਫੈਡ ਅਦਾਰੇ ਹਨ ਅਤੇ ਹੋਰ ਕੋਆਪ੍ਰੇਟਿਵ ਬੈਂਕ, ਲੈਂਡ ਮਾਰਟਗੇਜ ਬੈਂਕ ਹਨ ਇਨ੍ਹਾਂ ਕਿਸੇ ਅਦਾਰੇ ਵਿਚ ਰਿਜ਼ਰਵੇਸ਼ਨ ਪੂਰੀ ਨਹੀਂ ਹੈ ਅਤੇ ਕਿਸੇ ਅਨੁਸੂਚਿਤ ਜਾਤੀਆਂ ਦੇ ਬੰਦਿਆਂ ਨੂੰ ਇਥੇ ਭਰਤੀ ਨਹੀਂ ਕੀਤਾ ਜਾਂਦਾ ਜਦ ਕਿ ਰਜਿਸਟਰਾਰ ਕੋਆਪ੍ਰੇਟਿਵ ਸੋਸਾਇਟੀਜ਼ ਦੀਆਂ ਇਨ੍ਹਾਂ ਨੂੰ ਡਾਇਰੈਕਸ਼ਨਾਂ ਹਨ ਅਤੇ ਪ੍ਰਬੰਧਕੀ ਬੋਰਡ ਵਿਚ ਅਗਰ ਅਨੁਸੂਚਿਤ ਜਾਤੀ ਦਾ ਬੰਦਾ ਅਵੇਲੇਬਲ ਨਹੀਂ ਹੈ ਤਾਂ ਇਸ ਦੇ ਵਿਚ 1-2 ਨੁਮਾਇੰਦਿਆਂ ਨੂੰ ਓਪਸ਼ਨ ਵਿਚ ਲੈਣਾ ਚਾਹੀਦਾ ਹੈ। ਇਨ੍ਹਾਂ ਸਾਰੇ ਅਦਾਰਿਆਂ ਦੀ ਘੋਖ ਹੋਣੀ ਚਾਹੀਦੀ ਹੈ ਅਤੇ ਇਹ ਦੇਖਣ ਦੀ ਲੋੜ ਹੈ ਕਿ ਇਨ੍ਹਾਂ ਵਿਚ ਵੇਖਿਆ ਜਾਵੇ ਕਿ ਕਿੰਨੇ ਅਨੁਸੂਚਿਤ ਜਾਤੀਆਂ ਦੀ ਕੋਆਪਸ਼ਨ ਲਈ ਗਈ ਹੈ ਅਤੇ ਕਿੰਨੇ ਦੀ ਕੋਆਪਸ਼ਨ ਕੀਤੀ ਗਈ ਹੈ। ਸਪੀਕਰ ਸਾਹਿਬ, ਪਹਿਲੇ ਕੋਆਪ੍ਰੇਟਿਵ ਸੋਸਾਇਟੀ ਵਿਚ ਇਕ ਕਰੈਡਿਟ ਸੋਸਾਇਟੀ ਸੀ ਅਤੇ ਹੁਣ ਇਹ ਸਰਵਿਸ ਸੋਸਾਇਟੀ ਹੈ। ਇਨ੍ਹਾਂ ਪਿੰਡਾਂ ਦੀਆਂ ਸੋਸਾਇਟੀਆਂ ਵਿਚੋਂ ਕੇਵਲ 1500 ਰੁਪਏ ਦਾ ਕਰਜ਼ਾ ਹੀ ਮਿਲ ਸਕਦਾ ਹੈ ਔਰ ਇਸ ਦੇ ਵਿਚੋਂ 500 ਰੁਪਏ ਇਨਕਲਾਈਂਡ ਹੈ ਅਤੇ 100 ਰੁਪਿਆ ਨਕਦ ਮਿਲਦਾ ਹੈ। ਪਿੰਡ ਦੀ ਕੋਆਪ੍ਰੇਟਿਵ ਸੋਸਾਇਟੀ ਵਿਚੋਂ 1000 ਰੁਪਿਆ ਨਕਦ ਦੇ ਨਾਲ ਅਨੁਸੂਚਿਤ ਜਾਤੀ ਦਾ ਬੰਦਾ ਕੀ ਮੱਝ ਅੱਜ ਕਲ ਦੇ ਜ਼ਮਾਨੇ ਵਿਚ ਖਰੀਦ ਸਕਦਾ ਹੈ। ਇਸ ਰਕਮ ਨਾਲ ਤਾਂ ਬਕਰੀ ਹੀ ਖਰੀਦੀ ਜਾ ਸਕਦੀ ਹੈ। ਐਮ. ਸੀ. ਐਲ. ਨੂੰ ਘੱਟੋ ਘੱਟ 5000 ਰੁਪਿਆ ਪੰਜਾਬ ਸਰਕਾਰ ਨੂੰ ਕਰ ਦੇਣਾ ਚਾਹੀਦਾ ਹੈ ਤਾਕਿ ਉਹ ਲੋਕ ਕਰਜ਼ਾ ਲੈ ਕੇ ਆਪਣਾ ਆਪਣਾ ਕੋਈ ਧੰਦਾ ਕਰ ਸਕਣ ਜਿਸ ਨਾਲ ਉਨ੍ਹਾਂ ਦੀ ਆਰਥਿਕ ਹਾਲਤ ਠੀਕ ਹੋ ਸਕੇ। ਇਹ ਸਰਕਾਰ ਨੂੰ ਕਰ ਦੇਣਾ ਚਾਹੀਦਾ ਹੈ। ਇਥੇ ਹੀ ਬੱਸ ਨਹੀਂ ਕੋਆਪ੍ਰੇਟਿਵ ਸੋਸਾਇਟੀ ਅਤੇ ਦੂਜੇ ਮਹਿਕਮੇਂ ਨੂੰ ਵੀ ਸਪੈਸ਼ਲ ਕੰਪੋਨੈਂਟ ਪਲਾਨ ਦਾ ਪੂਰਾ ਖਰਚ ਕਰਨਾ ਚਾਹੀਦਾ ਹੈ ਅਤੇ ਸਰਕਾਰ ਵਲੋਂ ਡਾਇਰੈਕਸ਼ਨਾਂ ਇਸ਼ੂ ਹੋਣੀਆਂ ਚਾਹੀਦੀਆਂ ਹਨ ਅਤੇ ਇਸ ਤੋਂ ਇਲਾਵਾ ਸ਼ੂਗਰ ਮਿਲਾਂ ਲਗ ਰਹੀਆਂ ਹਨ ਅਤੇ ਉਥੇ ਗੰਨਾ ਪੀੜਿਆ ਜਾਣਾ ਹੈ ਔਰ ਗੰਨਾ ਕਿਸਾਨ ਨੇ ਦੇਣਾ ਹੈ ਅਤੇ ਇਸ ਦੇ ਵਿਚ ਅਨੁਸੂਚਿਤ ਜਾਤੀਆਂ ਦੇ ਬੰਦਿਆਂ ਨੂੰ ਲਿਆ ਜਾਣਾ ਚਾਹੀਦਾ ਹੈ ਅਤੇ ਸਰਕਾਰ ਸਪਿਨਿੰਗ ਮਿਲਜ਼ ਲਗਾ ਰਹੀ ਹੈ। ਇਸ ਦੇ ਵਿਚ ਸਰਕਾਰ ਨੂੰ ਅਨੁਸੂਚਿਤ ਜਾਤੀਆਂ ਦੇ ਜੁਲਾਹੇ ਇਕੱਠਾ ਕਰਕੇ ਉਨ੍ਹਾਂ ਦੀ

ਸੋਸਾਇਟੀ ਬਣਾ ਕੇ ਇਨ੍ਹਾਂ ਸਪਿੰਨਿੰਗ ਮਿਲਜ਼ ਨੂੰ ਚਲਾਉਣਾ ਚਾਹੀਦਾ ਹੈ। ਇਸ ਦੇ ਲਈ ਇਕ ਸਕੀਮ ਸਰਕਾਰ ਨੂੰ ਬਨਾਉਣੀ ਚਾਹੀਦੀ ਹੈ। ਇਸੇ ਤਰ੍ਹਾਂ ਲੇਬਰ ਕੋਆਪ੍ਰੇਟਿਵ ਸੋਸਾਇਟੀਆਂ ਬਣਾਈਆਂ ਜਾਣ ਅਤੇ ਸਾਡੇ ਇਰੀਗੇਸ਼ਨ ਮਹਿਕਮੇਂ ਨੂੰ ਚਾਹੀਦਾ ਹੈ ਕਿ ਉਹ ਜਦੋਂ ਛੋਟੇ ਛੋਟੇ ਬੰਨ੍ਹ ਲਗਾਉਂਦੇ ਹਨ, ਮਿੱਟੀ ਪਾਉਣ ਦਾ ਕੰਮ ਹੋਵੇ, ਡਰੇਨੇਜ ਦਾ ਕੰਮ ਹੋਵੇ ਇਹ ਕੰਮ ਲੇਬਰ ਕੋਆ-ਪਰੇਟਿਵ ਸੋਸਾਇਟੀ ਨੂੰ ਦਿਤਾ ਜਾਵੇ। ਪਰ ਜਿਹੜੀਆਂ ਹੁਣ ਲੇਬਰ ਕੋਆਪਰੇਟਿਵ ਸੋਸਾਇਟੀਆਂ ਕੰਮ ਕਰ ਰਹੀਆਂ ਹਨ ਇਹ ਇਕ ਮੇਨ ਸ਼ੋ ਹੈ, ਇਸ ਨੂੰ ਬੰਦ ਕਰਨਾ ਚਾਹੀਦਾ ਹੈ ਅਤੇ ਇਸ ਦੇ ਵਿਚ ਸਾਰੇ ਕੰਮ ਕਰਨ ਵਾਲੇ ਹਰੀਜਨ ਹੋਣੇ ਚਾਹੀਦੇ ਹਨ ਜਿਹੜੇ ਸੋਸਾਇਟੀ ਦੇ ਮੈਂਬਰ ਵੀ ਹੋਣ ਅਤੇ ਉਹ ਦਿਹਾੜੀ ਵੀ ਲੈਣ ਅਤੇ ਆਪਣਾ ਹਿਸਾ ਵੀ ਲੈਣ। ਇਸ ਨੂੰ ਚੈਕ ਕਰਨ ਦੀ ਲੋੜ ਹੈ। ਇਸ ਦੇ ਨਾਲ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਕੰਮ ਮਿਲ ਸਕੇਗਾ ਅਤੇ ਆਪਣਾ ਰੋਜ਼ਗਾਰ ਪੈਦਾ ਕਰ ਸਕਣਗੇ। ਸਪੀਕਰ ਸਾਹਿਬ, ਮਿਲਕ ਸੁਸਾਇਟੀਆਂ ਬਣਨ ਅਤੇ ਬੈਂਕਾਂ ਤੋਂ ਗਰੀਬਾਂ ਨੂੰ ਮੱਝਾਂ ਲਈ ਅਤੇ ਹੋਰ ਕੰਮਾਂ ਵਾਸਤੇ ਕਰਜ਼ੇ ਮਿਲਣ ਤਾਕਿ ਉਹ ਗਰੀਬ ਪਛੜੇ ਹੋਏ ਲੋਕ ਆਪਣਾ ਕੰਮ ਕਰ ਸਕਣ। ਇਹ ਸਾਰੀਆਂ ਚੀਜ਼ਾਂ ਤਾਂ ਹੀ ਹੋ ਸਕਦੀਆਂ ਹਨ, ਜੇਕਰ ਡੇਅਰੀ ਡਿਵੈਲਪਮੈਂਟ, ਪਿਗਰੀ ਡਿਵੈਲਪ-ਮੈਂਟ ਆਦਿ ਚੀਜ਼ਾਂ ਸ਼ਡਿਊਲਡ ਕਾਸਟ ਨੂੰ ਦਿਤੀਆਂ ਜਾਣ। ਸ਼ਡਿਊਲਡ ਕਾਸਟਾਂ ਦਾ ਤਦ ਹੀ ਫਾਇਦਾ ਹੋਵੇਗਾ ਜੇਕਰ ਮੱਝਾਂ ਵਾਸਤੇ ਪਸ਼ੂਆਂ ਵਾਸਤੇ, ਉਨ੍ਹਾਂ ਗਰੀਬ ਲੋਕਾਂ ਕੋਲ ਚਾਰਾ ਹੋਵੇ। ਇਸ ਬਾਰੇ ਵੈਲਫੇਅਰ ਡਿਪਾਰਟਮੈਂਟ ਨੇ ਇਕ ਸਕੀਮ ਬਣਾਈ ਸੀ। ਜ਼ਮੀਨ ਉਨ੍ਹਾਂ ਨੂੰ ਖਰੀਦ ਕੇ ਦਿੱਤੀ ਜਾਂਦੀ ਸੀ।

11.15 A.M. | (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਗਰੀਬ ਲੋਕਾਂ ਨੂੰ ਪਲਾਟ ਖਰੀਦ ਕੇ ਦਿਤੇ ਜਾਣ ਤਾਕਿ ਸ਼ਡਿਊਲਡ ਕਾਸਟਾਂ ਨੂੰ ਜੋ ਕਰਜ਼ੇ ਮਿਲੇ ਹਨ ਉਹ ਸਹੀ ਤਰੀਕੇ ਨਾਲ ਇਸਤੇਮਾਲ ਹੋ ਸਕਣ ਅਤੇ ਪੰਜਾਬ ਸਰਕਾਰ ਦੀ ਜੋ ਮਨਸ਼ਾ ਹੈ ਉਹ ਪੂਰੀ ਹੋ ਸਕੇ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਸ਼ਡਿਊਲਡ ਕਾਸਟ ਗਰੀਬ ਲੋਕਾਂ ਦੀ ਮਦੱਦ ਕੀਤੀ ਜਾਵੇ ਜਿਸ ਨਾਲ ਇਹ ਲੋਕ ਤਕੜੇ ਹੋ ਕੇ ਅਗੇ ਆ ਸਕਣ। ਪਿੰਡਾਂ ਵਿਚ ਖਾਲਿਆਂ ਨੂੰ ਪੱਕਾ ਕਰਨ ਦਾ ਮਸਲਾ ਹੈ। ਟਿਊਬਵੈਲ ਕਾਰਪੋਰੇਸ਼ਨ ਨੇ 300 ਕਰੋੜ ਰੁਪਿਆ ਮਾਫ ਕਰ ਦਿਤਾ ਹੈ। ਇਸ ਵਿਚ ਬਾਦਲ ਸਾਹਿਬ ਦੀ ਜ਼ਮੀਨ ਵੀ ਆ ਜਾਂਦੀ ਹੈ ਅਤੇ ਵੱਡੇ ਵੱਡੇ ਰਾਜਵਾੜਿਆਂ ਦੀ ਜ਼ਮੀਨ ਵੀ ਆ ਜਾਂਦੀ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜਿਨ੍ਹਾਂ ਗਰੀਬ ਲੋਕਾਂ ਨੇ ਸ਼ਡਿਊਲਡ ਕਾਸਟਾਂ ਨੇ ਤਿੰਨ, ਤਿੰਨ ਹਜ਼ਾਰ ਰੁਪਿਆ ਜਾਂ ਪੰਜ ਪੰਜ ਹਜ਼ਾਰ ਰੁਪਿਆ ਇੰਟਰੈਸਟ ਫਰੀ ਲੋਨ ਦਾ ਕਰਜ਼ਾ ਲਿਆ ਹੈ ਜਿਸ ਤਰ੍ਹਾਂ ਹੋਰ ਵੱਡੇ ਵੱਡੇ ਆਦ-ਮੀਆਂ ਨੂੰ ਕਰਜ਼ਿਆਂ ਵਿਚ ਛੋਟ ਦਿਤੀ ਗਈ ਹੈ, ਉਸੇ ਤਰ੍ਹਾਂ ਇਹ ਗਰੀਬ ਸ਼ਡਿਊਲਡ ਕਾਸਟ ਆਦਮੀਆਂ ਨੂੰ ਵੀ ਛੋਟੇ ਛੋਟੇ ਕਰਜ਼ਿਆਂ ਤੋਂ ਛੋਟ ਦਿੱਤੀ ਜਾਵੇ। (ਵਿਘਨ)

ਇੱਕ ਆਵਾਜ਼: ਬੀਬੀ ਜੀ ਵੀ ਉਸ ਵਿਚ ਆ ਜਾਂਦੇ ਹਨ। (ਹਾਸਾ)

ਸ੍ਰੀ ਜਗਜੀਤ ਸਿੰਘ: ਤੁਸੀਂ ਸਾਰੇ ਇਕੱਠੇ ਹੀ ਹੋ। ਡਿਪਟੀ ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਹੈ ਕਿ ਵੱਡਿਆਂ ਦੇ ਜੇਕਰ ਕਰਜ਼ੇ ਮਾਫ ਹੋ ਸਕਦੇ ਹਨ ਤਾਂ ਸ਼ਡਿਊਲਡ ਕਾਸਟਾਂ ਦੇ ਵੀ ਕਰਜ਼ੇ ਮਾਫ ਕੀਤੇ ਜਾਣ। (ਥੰਪਿੰਗ) ਸ਼ਡਿਊਲਡ ਕਾਸਟ ਕਾਰਪੋਰੇਸ਼ਨ ਵਲੋਂ ਜਿਹੜੇ ਛੋਟੇ ਮੋਟੇ

[ਸ੍ਰੀ ਜਗਜੀਤ ਸਿੰਘ]

ਕਰਜ਼ੇ ਲਿਤੇ ਗਏ ਹਨ, ਉਨ੍ਹਾਂ ਨੂੰ ਮਾਫ ਕੀਤਾ ਜਾਵੇ, ਤਾਕਿ ਸ਼ਡਿਊਲਡ ਕਾਸਟ ਗਰੀਬ ਲੋਕ ਮਹਿਸੂਸ ਕਰਨ ਕਿ ਅਕਾਲੀ ਸਰਕਾਰ ਵੀ ਸਾਡੀ ਮੱਦਦ ਕਰ ਰਹੀ ਹੈ। ਉਹ ਵੀ ਗਰੀਬ ਲੋਕ ਸੋਚਣ ਕਿ ਸਰਕਾਰ ਸਾਡਾ ਵੀ ਫਾਇਦਾ ਕਰ ਰਹੀ ਹੈ। ਮੈਂ ਪੰਜਾਬ ਸਰਕਾਰ ਨੂੰ ਮੁਬਾਰਕਬਾਦ ਦਿੰਦਾ ਹਾਂ ਕਿ ਐਗਰੀਕਲਚਰ ਦੀ ਪ੍ਰੋਡਕਸ਼ਨ ਵਧੀ ਹੈ। ਐਗਰੀਕਲਚਰ ਪ੍ਰੋਡਕਸ਼ਨ ਕਾਂਗਰਸ ਸਰਕਾਰ ਵੇਲੇ ਵੀ ਵਧੀ ਸੀ। ਇਹ ਸਿਰਫ ਕਿਸਾਨਾਂ ਕਰਕੇ ਹੀ ਨਹੀਂ ਵਧੀ ਹੈ ਬਲਕਿ ਇਸ ਵਿਚ ਲੇਬਰ ਦਾ ਵੀ ਹੱਥ ਹੈ। ਫਾਰਮਰ ਤਾਂ ਮੋਟਰ ਸਾਈਕਲਾਂ ਤੇ ਸ਼ਹਿਰਾਂ ਵਿਚ ਜਾਂਦਾ ਹੈ ਪਰ ਪਿੰਡਾਂ ਵਿਚ ਖੇਤਾਂ ਵਿਚ ਕੰਮ ਲੇਬਰ ਹੀ ਕਰਦੀ ਹੈ। ਸਵੇਰ ਵੇਲੇ ਹੀ, ਡਿਪਟੀ ਸਪੀਕਰ ਸਾਹਿਰ, ਟਰਾਲੀਆਂ ਆਉਂਦੀਆਂ ਹਨ ਅਤੇ ਉਹ ਟਰਾਲੀਆਂ ਵਿਚ ਲੇਬਰ ਨੂੰ ਲੇਡੀਜ਼ ਅਤੇ ਪੁਰਸ਼ਾਂ ਨੂੰ ਬਿਠਾ ਕੇ ਖੇਤਾਂ ਵਿਚ ਲਿਜਾ-ਇਆ ਜਾਂਦਾ ਹੈ ਅਤੇ ਉਹ ਉਥੇ ਸਾਰਾ ਦਿਨ ਕੰਮ ਕਰਦੇ ਹਨ। ਸ਼ਾਮ ਨੂੰ ਪੰਜ, ਪੰਜ ਰੁਪਏ ਜਾਂ ਸਤ ਸਤ ਰੁਪਏ ਦੇ ਕੇ ਉਨ੍ਹਾਂ ਨੂੰ ਘਰ ਤੋਰ ਦਿਤਾ ਜਾਂਦਾ ਹੈ। ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਐਗਰੀਕਲਚਰਲ ਲੇਬਰ ਦੇ ਵੇਜਿਜ਼ ਨੂੰ ਵਧਾਇਆ ਜਾਵੇ। ਵੱਡੇ ਵੱਡੇ ਫਾਰਮਰਜ਼ ਲੇਬਰ ਨੂੰ ਕੰਮ ਕਰਨ ਤੋਂ ਬਾਅਦ ਕਈ ਦਫਾ ਪੈਸੇ ਨਹੀਂ ਦਿੰਦੇ। ਉਹ ਗਰੀਬ ਲੋਕ ਕਿਸ ਨੂੰ ਜਾ ਕੇ ਕਹਿਣ। ਐਗਰੀਕਲਚਰਲ ਲੇਬਰ ਆਫੀਸਰ ਵੱਡੇ ਵੱਡੇ ਜ਼ਿਮੀਦਾਰਾਂ ਦੇ ਨਾਲ ਮਿਲੇ ਹੋਏ ਹੁੰਦੇ ਹਨ। ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਜਿਹੜੀਆਂ ਲੇਬਰ ਕੋਰਟਾਂ ਬਣੀਆਂ ਹੋਈਆਂ ਹਨ, ਉਹ ਉਨ੍ਹਾਂ ਗਰੀਬ ਲੋਕਾਂ ਨੂੰ ਪੈਸੇ ਦਿਵਾਉਣ ਦਾ ਪ੍ਰਬੰਧ ਕਰਨ। ਇਹ ਸਾਰਾ ਕੰਮ ਪੈਸੇ ਦਿਵਾਉਣ ਦਾ ਲੇਬਰ ਕੋਰਟਾਂ ਨੂੰ ਕਰਨਾ ਚਾਹੀਦਾ ਹੈ। ਇਸ ਲਈ ਕਿ ਆਉਣ ਵਾਲੇ ਸਮੇਂ ਵਿਚ ਵੀ ਐਗਰੀਕਲਚਰ ਦੀ ਪਰੋਡਕਸ਼ਨ ਵਿਚ ਵਾਧਾ ਹੁੰਦਾ ਰਹੇ।

ਹੁਣ ਮੈਂ ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਮਸਲੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਮੈਂ ਐਜੂਕੇਸ਼ਨ ਦੇ ਮੁਤਲਕ ਵੀ 2 ਗੱਲਾਂ ਕਹਿਣਾ ਚਾਹੁੰਦਾ ਹਾਂ। ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਕਹਾਂਗਾ ਕਿ ਜਿਹੜੇ ਪ੍ਰਾਈਵੇਟ ਕਾਲਜ ਹਨ, ਉਨ੍ਹਾਂ ਦੇ ਬਾਰੇ ਪੰਡਿਤ ਮੋਹਨ ਲਾਲ ਜੀ ਨੇ ਵੀ ਕਿਹਾ ਸੀ, ਕਿਉਂਕਿ ਮੈਂ ਵੀ ਕਾਲਜ ਰਨ ਕਰਦਾ ਹਾਂ ਕਰਤਾਰਪੁਰ ਵਿੱਚ ਉਹ ਇਹ ਹੈ ਕਿ ਜਦੋਂ ਸਾਡੇ ਕੋਲ ਬੱਚੇ ਵੱਧ ਜਾਂਦੇ ਹਨ ਕਾਲਜ ਵਿੱਚ, ਉਸਦਾ ਮੁਨਾਫਾ ਸਰਕਾਰ ਲੈ ਜਾਂਦੀ ਹੈ, ਪਰ ਜਦੋਂ ਬੱਚੇ ਘਟ ਜਾਂਦੇ ਹਨ, ਤਾਂ ਸਰਕਾਰ ਕੁਝ ਨਹੀਂ ਦੇਂਦੀ। ਇਸ ਦਾ ਮੈਨੇਜਮੈਂਟ ਤੇ ਬੋਝ ਪੈਂਦਾ ਹੈ। ਮੈਂ ਤੁਹਾਡੀ ਮਾਰਫਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਗਿਣਤੀ ਵੱਧ ਜਾਏ ਤਾਂ ਕੁਝ ਹਿੱਸਾ 30–40% ਉਸ ਕਾਲਜ ਦੀ ਮੈਨੇਜਮੈਂਟ ਨੂੰ ਵੀ ਦੇ ਦਿਤਾ ਜਾਵੇ ਤਾਕਿ ਮੈਨੇਜਮੈਂਟ ਤੇ ਬੋਝ ਨਾ ਪੈ ਸਕੇ ਅਤੇ ਉਹ ਕਾਲਜ ਸਹੀ ਢੰਗ ਨਾਲ ਚਲਾ ਸਕੇ। ਜਿਹੜੇ ਪ੍ਰੋਫੈਸਰ ਹਨ ਕਾਲਜਾਂ ਵਿਚ, ਉਨ੍ਹਾਂ ਲਈ ਵੀ ਚੈਕ ਸਿਸਟਮ ਕਰ ਦਿੱਤਾ ਜਾਵੇ ਅਤੇ ਉਹ ਟਰੈਜ਼ਰੀ ਤੋਂ ਪੇਮੈਂਟ ਲੈ ਸਕਣ। ਇਸ ਨਾਲ ਉਨ੍ਹਾਂ ਦੀ ਬੇਚੈਨੀ ਵੀ ਠੀਕ ਹੋ ਸਕਦੀ ਹੈ। ਨਾਲ ਹੀ ਜਿਹੜੀ ਇਥੋਂ 95% ਗਰਾਂਟ ਜਾਂਦੀ ਹੈ, ਉਸਦੀ ਅਸੀਂ ਤਨਖਾਹ ਦੇਂਦੇ ਹਾਂ। ਉਹ ਪਹੁੰਚਣ ਵਿੱਚ 3–4 ਮਹੀਨੇ ਦਾ ਗੈਪ ਰਹਿੰਦਾ ਹੈ। ਹਾਲੇ ਉਨ੍ਹਾਂ ਨੂੰ ਦਸੰਬਰ ਤੱਕ ਦੀਆਂ ਤਨਖਾਹਾਂ ਹੀ ਮਿਲੀਆਂ ਹਨ। ਇਸ ਲਈ ਵਕਤਸਿਰ ਗਰਾਂਟ ਦੇ ਦਿਤੀ ਜਾਇਆ ਕਰੇ ਤਾਂਕਿ ਜਿਹੜਾ ਉਤਮ ਕੰਮ ਬੱਚਿਆਂ ਨੂੰ ਪੜ੍ਹਾਉਣ ਦਾ ਪ੍ਰੋਫੈਸਰ ਅਤੇ ਹੋਰ ਕਰਮਚਾਰੀ ਕਰਦੇ ਹਨ ਉਨ੍ਹਾਂ ਨੂੰ ਵੀ ਸਹੀ ਟਾਈਮ ਤੇ ਤਨਖਾਹ ਮਿਲ ਸਕੇ ਤਾਕਿ ਉਹ ਸਹੀ ਢੰਗ ਨਾਲ ਬਚਿਆਂ ਨੂੰ ਪੜ੍ਹਾ ਸਕਣ। ਡਿਪਟੀ ਸਪੀਕਰ ਸਾਹਿਬ, ਜਿਹੜੇ ਸਕੂਲ ਅਪਗ੍ਰੇਡ ਕੀਤੇ ਗਏ ਹਨ, ਉਨ੍ਹਾਂ ਦੇ ਮੁਤੱਲਕ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਕੂਲ ਅਪਗ੍ਰੇਡ ਕੀਤੇ ਗਏ ਹਨ। ਉਨ੍ਹਾਂ ਵਿੱਚ ਜਿਹੜੇ ਅਸੀਂ ਕਾਂਗਰਸ ਵਾਲੇ ਐਮ. ਐਲ. ਏ.

ਹਾਂ, ਅਸੀਂ ਵੀ ਸਕੂਲਾਂ ਦੀਆਂ ਲਿਸਟਾਂ ਦਿੱਤੀਆਂ ਸਨ। ਸਾਡੇ ਤੋਂ ਉਸ ਵੇਲੇ ਦੇ ਐਜੂਕੇਸ਼ਨ ਮਨਿਸਟਰ ਨੇ ਪੁੱਛਿਆ ਸੀ ਕਿ ਕਿਹੜੇ ਕਿਹੜੇ ਸਕੂਲ ਅਪਗ੍ਰੇਡ ਕਰਨੇ ਚਾਹੁੰਦੇ ਹੋ। ਪਰ ਹੁਣ ਇਸ ਵਿਚ ਵੀ ਵਿਤਕਰਾ ਕੀਤਾ ਗਿਆ ਹੈ। ਸਕੂਲ ਇਨ੍ਹਾਂ ਦੇ ਹਲਕਿਆਂ ਵਿੱਚ ਹੀ ਅਪਗ੍ਰੇਡ ਹੋਏ ਹਨ। ਇਨ੍ਹਾਂ ਨੇ ਦੱਸ ਤਾਂ ਦਿੱਤੇ ਹਨ ਕਿ ਅਪਗ੍ਰੇਡ ਹੋਏ ਹਨ, ਪਹਿਲੀ ਅਪਰੈਲ ਤੋਂ ਕਲਾਸਾਂ ਚਲਣੀਆਂ ਹਨ, ਪਰ ਹਾਲੇ ਕੋਈ ਸਟਾਫ ਨਹੀਂ ਲਗਿਆ, ਹੈਡਮਾਸਟਰ ਨਹੀਂ ਲੱਗਿਆ। ਇਸ ਤਰ੍ਹਾਂ ਦੀ ਪ੍ਰੈਕਟੀਕਲ ਗੱਲ ਜ਼ਿਲ੍ਹਾ ਲੈਵਲ ਤੇ ਕੋਈ ਨਹੀਂ ਹੈ। ਨਾਲ ਦੀ ਨਾਲ ਸਕੂਲਾਂ ਵਿਚ ਮਾਸਟਰਾਂ ਦੀ ਬੜੀ ਕਮੀ ਹੈ। ਟੀਚਰ ਭਰਤੀ ਕਰਨ ਤੇ ਬੈਨ ਲਗਾ ਹੋਇਆ ਹੈ। ਬੈਨ ਨੂੰ ਇਹ ਉਠਾ ਨਹੀਂ ਰਹੇ। ਪਿੰਡਾਂ ਦੇ ਸਕੂਲਾਂ ਵਿਚ ਮਾਸਟਰ ਨਹੀਂ ਹੁੰਦੇ ਜਦੋਂ ਅਸੀਂ ਰੋਲਾ ਪਾਉਂਦੇ ਹਾਂ ਤਾਂ ਕਹਿ ਦੇਂਦੇ ਹਨ ਕਿ ਬੈਨ ਲਗਾ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਮਾਰਫਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਬੈਨ ਜਿਹੜਾ ਟੀਚਰਾਂ ਦੀ ਭਰਤੀ ਤੇ ਲੱਗਾ ਹੋਇਆ ਹੈ, ਉਸਨੂੰ ਉਠਾਇਆ ਜਾਵੇ ਤਾਕਿ ਟੀਚਰਾਂ ਦੀ ਭਰਤੀ ਹੋ ਸਕੇ, ਉਹ ਸਾਰੇ ਸਕੂਲਾਂ ਨੂੰ ਮਿਲ ਸਕਣ ਅਤੇ ਬੱਚਿਆਂ ਦੀ ਸਹੀ ਢੰਗ ਨਾਲ ਪੜ੍ਹਾਈ ਹੋ ਸਕੇ। ਪੰਜਾਬ ਵਿਚ ਪਹਿਲਾਂ ਅਜਨਾਲਾ ਸਾਹਿਬ ਦੇ ਵੇਲੇ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਦੇ ਟਾਈਮ ਦੇ ਕੇਸ ਚਲੇ ਆ ਰਹੇ ਹਨ, ਟੀਚਰ ਦੇ ਦਿੱਤੇ ਸੀ। ਹੁਣ ਇਸ ਸਰਕਾਰ ਨੇ ਵੀ ਵਾਇਦਾ ਕੀਤਾ ਹੈ ਕਿ ਸਕੂਲਾਂ ਦੇ ਹੈਡਮਾਸਟਰਾਂ ਨੂੰ ਕਲਾਸ–2 ਦੇ ਦਿੱਤੀ ਜਾਵੇ। ਇਸ ਦੀ ਨੋਟੀਫਿਕੇਸ਼ਨ ਕਰ ਦਿਤੀ ਹੈ। ਪਰ ਹਾਲੇ ਇੰਡਵਿਜੂਅਲ ਨੋਟੀ-ਫਿਕੇਸ਼ਨ ਹੈਡਮਾਸਟਰਾਂ ਦੇ ਨਾਂ ਤੇ ਨਹੀਂ ਕੀਤੀ ਗਈ। ਇਹ ਜਿਹੜਾ ਸੀ. ਐਮ. ਸਾਹਿਬ ਦੇ ਸਾਹਮਣੇ ਐਲਾਨ ਹੋਇਆ ਸੀ, ਪਿਛੇ ਜਿਹੇ, ਉਸਦੀ ਵੀ ਨੋਟੀਫਿਕੇਸ਼ਨ ਕਰ ਦਿੱਤੀ ਜਾਣੀ ਚਾਹੀਦੀ ਹੈ ਤਾਕਿ ਹੈਡਮਾਸਟਰਾਂ ਦਾ ਸਟੇਟਸ ਵੀ ਬਣ ਸਕੇ ਅਤੇ ਉਹ ਅੱਛੇ ਢੰਗ ਨਾਲ ਬੱਚਿਆਂ ਦੀ ਪੜ੍ਹਾਈ ਵਿਚ ਹਿੱਸਾ ਪਾ ਸਕਣ। ਅਤੇ ਅੱਗੇ ਵਧ ਸਕਣ। ਮੈਂ ਇਕ ਗੱਲ ਇੰਡਸਟਰੀ ਬਾਰੇ ਵੀ ਕਹਿਣੀ ਚਾਹੁੰਦਾ ਹਾਂ। ਸਰਦਾਰ ਬਲਵੰਤ ਸਿੰਘ ਜੀ ਨੇ ਜਿਹੜਾ ਇੰਡਸਟਰੀ ਬਾਰੇ ਪ੍ਰੋਗਰਾਮ ਆਪਣੀ ਸਪੀਚ ਵਿੱਚ ਦੱਸਿਆ ਹੈ, ਉਹ ਹੈ ਕਿ ਵੱਡੀਆਂ ਵੱਡੀਆਂ ਇੰਡਸਟਰੀਜ਼ ਲਗਣਗੀਆਂ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਚੰਗੀ ਗੱਲ ਹੈ ਪਰ ਇਸ ਦੇ ਨਾਲ ਜਿਹੜੇ ਦੂਸਰੇ ਛੋਟੇ ਯੂਨਿਟ ਲਾਉਣੇ ਹਨ, ਉਨ੍ਹਾਂ ਵੱਲ ਵੀ ਮੈਂ ਸਰਦਾਰ ਬਲਵੰਤ ਸਿੰਘ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਉਨ੍ਹਾਂ ਇੰਡਸਟਰੀਜ਼ ਨਾਲ ਛੋਟੇ ਯੂਨਿਟਸ ਵੀ ਲਗਣੇ ਚਾਹੀਦੇ ਹਨ। ਜਿਵੇਂ ਕਾਰਾਂ ਦੀ ਫੈਕਟਰੀ ਲਗਣੀ ਹੈ, ਉਸਦੇ ਪੁਰਜ਼ੇ ਬਨਣੇ ਹਨ। ਉਨ੍ਹਾਂ ਲਈ ਨਿੱਕੇ ਨਿੱਕੇ ਯੂਨਿਟਸ ਲੱਗ ਜਾਣ। ਇਹ ਮੁਕੱਰਰ ਕਰ ਦਿਤਾ ਜਾਵੇ ਕਿ ਏਨੇ ਪਰਸੈਂਟ ਪੁਰਜ਼ੇ ਇਨ੍ਹਾਂ ਛੋਟੇ ਯੂਨਿਟਸ ਨੇ ਤਿਆਰ ਕਰਨੇ ਹਨ। ਇਸ ਦੇ ਨਾਲ ਸਮਾਲ ਸਕੇਲ ਇੰਡਸਟਰੀ ਅਤੇ ਘਰੇਲੂ ਇੰਡਸਟਰੀ ਬਾਰੇ ਕੁਝ ਨਹੀਂ ਕਿਹਾ ਗਿਆ। ਪੰਜਾਬ ਵਿੱਚ ਜਲੰਧਰ ਹੀ ਲੈ ਲਓ। ਕਿੰਨੀ ਛੋਟੀ ਇੰਡਸਟਰੀ ਉਥੇ ਲਗੀ ਹੋਈ ਹੈ। ਸਰਦਾਰ ਬਲਵੰਤ ਸਿੰਘ ਵੀ ਜਲੰਧਰ ਦੇ ਹੀ ਹਨ। ਮੈਂ ਜਲੰਧਰ ਵਾਸਤੇ, ਡਿਪਟੀ ਸਪੀਕਰ ਸਾਹਿਬ, ਕਹਿਣਾ ਚਾਹੁੰਦਾ ਹਾਂ ਪੰਜਾਬ ਇਸ ਵੇਲੇ ਸਾਰਾ ਹੀ ਡਿਸਟਰਬਡ ਏਰੀਆ ਹੈ। ਪੰਜਾਬ ਦੇ ਜੋ ਹਾਲਾਤ ਹਨ ਜੋ ਇਥੋਂ ਦੀ ਲਾਅ ਐਂਡ ਆਰਡਰ ਦੀ ਹਾਲਤ ਹੈ ਉਹ ਬਹੁਤ ਖਰਾਬ ਹੈ ਔਰ ਇਥੇ ਬਹੁਤ ਜ਼ੁਲਮ ਹੋ ਰਹੇ ਹਨ। ਪੰਜਾਬ ਵਿਚ ਜੋ ਹਲਚਲ ਮਚੀ ਹੋਈ ਹੈ ਉਸ ਨਾਲ ਸਾਰਾ ਪੰਜਾਬ ਡਿਸਟਰਬ ਹੋਇਆ ਹੈ। ਇਨ੍ਹਾਂ ਨੇ ਕੁਝ ਏਰੀਆ ਮੁਕੱਰਰ ਕਰ ਦਿਤਾ ਔਰ ਕਿਹਾ ਗਿਆ ਹੈ ਕਿ ਇਸ ਏਰੀਆ ਨੂੰ ਇਹ ਇਹ ਇਨਸੈਂਟਿਵਜ਼ ਦਿੱਤੇ ਜਾਣਗੇ। ਇਸ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਰਾ ਪੰਜਾਬ ਹੀ ਡਿਸਟਰਬਡ ਏਰੀਆ ਹੈ, ਇਸ ਸਾਰੇ ਨੂੰ ਇੰਡਸਟਰੀਅਲ ਤੌਰ ਤੇ ਬੈਕ-ਵਰਡ ਏਰੀਆ ਕਰਾਰ ਦਿੱਤਾ ਜਾਏ। ਸਾਰੇ ਪੰਜਾਬ ਵਿਚ ਇੰਡਸਟਰੀ ਲਈ ਸਬਸਿਡੀ ਦਿੱਤੀ ਜਾਏ

[ਸ੍ਰੀ ਜਗਜੀਤ ਸਿੰਘ]

ਤਾਂਕਿ ਇੰਡਸਟਰੀ ਨੂੰ ਅਸੀਂ ਹੋਰ ਅੱਗੇ ਲਿਆ ਸਕੀਏ। ਜਿਹੜੀ ਛੋਟੀ ਇੰਡਸਟਰੀ ਹੈ ਜਿਸ ਤਰ੍ਹਾਂ ਕਿ ਜਲੰਧਰ ਵਿਚ ਸਪੋਰਟਸ ਇੰਡਸਟਰੀ ਹੈ ਔਰ ਹਿੰਦੁਸਤਾਨ ਵਿਚ ਸਭ ਤੋਂ ਜ਼ਿਆਦਾ ਸਪੋਰਟ ਇੰਡਸਟਰੀ ਦਾ ਕੰਮ ਜਲੰਧਰ ਵਿਚ ਹੁੰਦਾ ਹੈ ਔਰ ਉਸ ਵਿਚ 95% ਮਜ਼ਦੂਰ ਸਮਝੋ, ਦੁਕਾਨਦਾਰ ਸਮਝੋ, ਇਹ ਸਾਰੇ ਸ਼ਡਿਊਲਡ ਕਾਸਟਸ ਹਨ ਔਰ ਇਹ ਸਾਰੇ ਸ਼ਡਿਊਲਡ ਕਾਸਟਸ ਉਥੇ ਕੰਮ ਕਰਦੇ ਹਨ। ਜੇਕਰ ਇਨ੍ਹਾਂ ਦਾ ਕੋਈ ਫਾਇਦਾ ਕਰਨਾ ਹੈ ਤਾਂ ਜੇ ਉਥੇ ਫੋਕਲ ਪੁਆਇੰਟ ਲੱਗਣਗੇ ਤਾਂ ਹੀ ਇਨ੍ਹਾਂ ਦਾ ਫਾਇਦਾ ਹੋਏਗਾ। ਇਹ ਲੋਕ ਆਪਣੇ ਘਰਾਂ ਵਿਚ ਹੀ ਕਿਤੇ ਚਾਰ ਬੈਠੇ ਹਨ ਔਰ ਕਿਤੇ ਪੰਜ ਬੈਠੇ ਕੰਮ ਕਰ ਰਹੇ ਹਨ। ਇਨ੍ਹਾਂ ਵਾਸਤੇ ਕੋਈ ਇਨਸੈਂਟਿਵ ਨਹੀਂ ਹੈ। ਮੈਂ ਤੁਹਾਡੇ ਰਾਹੀਂ ਸਰਦਾਰ ਬਲਵੰਤ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਲੰਧਰ ਵਲ ਦੇਖਿਆ ਜਾਏ ਉਥੇ ਸਪੋਰਟ ਇੰਡਸਟਰੀ ਨੂੰ ਬੜ੍ਹਾਵਾ ਦੇਣ ਵਾਸਤੇ ਉਥੇ ਵੱਡੇ ਕਾਰਖਾਨੇ ਲਗਾਓ ਔਰ ਸ਼ਡਿਊਲਡ ਕਾਸਟਸ ਲੋਕਾਂ ਨੂੰ ਫਾਇਦਾ ਪਹੁੰਚਾਓ। ਛੋਟੇ ਬੰਦਿਆਂ ਨੂੰ ਇਸ ਨਾਲ ਹੀ ਫਾਇਦਾ ਹੋ ਸਕੇਗਾ। ਔਰ ਇਹ ਲੋਕ ਇੰਡਸਟਰੀ ਵਿਚ ਆਪਣਾ ਹਿੱਸਾ ਪਾ ਸਕਣਗੇ।

ਇੱਕ ਸਕੈਂਡਲ ਹੁਣ ਮੈਂ ਤੁਹਾਡੇ ਰਾਹੀਂ ਫਿਨਾਂਸ ਮਨਿਸਟਰ ਸਾਹਿਬ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇੱਕ ਪੰਜਾਬ ਟੈਨਰੀ ਬੜੀ ਦੇਰ ਤੋਂ ਬਣੀ ਹੋਈ ਹੈ। ਉਥੇ ਮਜ਼ਦੂਰਾਂ ਦੇ ਬੱਚਿਆਂ ਨੂੰ ਟਰੇਨਿੰਗ ਦਿੱਤੀ ਜਾਂਦੀ ਸੀ। ਇੱਕ ਪਾਸੇ ਤਾਂ ਉਥੇ ਟਰੇਨਿੰਗ ਦਿਤੀ ਜਾਂਦੀ ਸੀ ਔਰ ਦੂਜੇ ਪਾਸੇ ਉਥੇ ਲੋਕ ਚਮੜੇ ਦਾ ਕੰਮ ਕਰਦੇ ਸਨ। ਉਥੇ ਆਕੇ ਆਪਣਾ ਚਮੜੇ ਦਾ ਕੰਮ ਪਰਾਸੈਸ ਕਰਾਉਂਦੇ ਸਨ। ਪਰ ਹੁਣ ਪਤਾ ਲਗਿਆ ਹੈ ਕਿ ਉਸ ਟੈਨਰੀ ਨੂੰ 30 ਲੱਖ ਸਾਲ ਦੀ ਲੀਜ਼ ਤੇ ਲੈਦਰ ਕਾਰਪੋਰੇਸ਼ਨ ਨੂੰ ਲੀਜ਼ ਤੇ ਦੇ ਦਿੱਤੀ ਗਈ ਹੈ। 150 ਦੇ ਕਰੀਬ ਉਥੇ ਸ਼ਡਿਊਲਡ ਕਾਸਟਸ ਮੁਲਾਜ਼ਮ ਸਨ ਉਨ੍ਹਾਂ ਨੂੰ ਬਾਹਰ ਕੱਢ ਦਿਤਾ ਗਿਆ ਹੈ। ਉਨ੍ਹਾਂ ਨੂੰ ਨੋਟਿਸ ਦੇ ਦਿੱਤੇ ਗਏ ਹਨ। ਹਰੀਜਨ ਚਮੜੇ ਲਈ ਆੜ੍ਹਤੀਆਂ ਦਾ ਕੰਮ ਕਰਦੇ ਸਨ ਉਨ੍ਹਾਂ ਦਾ ਇਕ ਲੱਖ, ਦੋ-ਦੋ ਲੱਖ ਰੁਪਿਆ ਦੁਕਾਨਾਂ ਤੇ ਲਗਿਆ ਹੋਇਆ ਸੀ ਇਸ ਕੰਮ ਲਈ। ਕੁਲ 20 ਫਰਮਾਂ ਐਸੀਆਂ ਹਨ ਜੋ ਕਿ 20 ਲੱਖ ਰੁਪਏ ਦੇ ਕਰੀਬ ਰੁਪਿਆ ਉਸ ਟੈਨਰੀਜ਼ ਵਿਚ ਲਗਿਆ ਹੋਇਆ ਹੈ ਪਰ ਹੁਣ ਉਨਾਂ ਨੂੰ ਉਸ ਲਈ ਪੇਮੈਂਟ ਨਹੀਂ ਹੋ ਰਹੀ। ਗਰੀਬ ਹਰੀਜਨਾਂ ਦਾ ਐਨਾ ਰੁਪਿਆ ਉਸ ਵਿਚ ਲਗਿਆ ਹੋਇਆ ਹੈ ਉਹ ਰੁਪਿਆ ਗਰੀਬਾਂ ਨੂੰ ਹਰੀਜਨਾਂ ਨੂੰ ਵਾਪਸ ਕਰਾਇਆ ਜਾਏ ਉਸ ਟੈਨਰੀ ਨੂੰ ਲੀਜ਼ ਆਊਟ ਨਾ ਕੀਤਾ ਜਾਏ। ਉਸ ਨਾਲ ਕਰੋੜਾਂ ਰੁਪਏ ਦਾ ਫਾਇਦਾ ਹੋ ਸਕਦਾ ਹੈ। ਖਾਸ ਤੌਰ ਤੇ ਜਿਹੜਾ ਲੈਦਰ ਦਾ ਇੱਕ ਖਾਸ ਕਿੱਤਾ ਹੈ ਉਹ ਸ਼ਡਿਊਲਡ ਕਾਸਟ ਲੋਕਾਂ ਦੇ ਹੱਥੋਂ ਨਿਕਲ ਰਿਹਾ ਹੈ। ਸ਼ਡਿਊਲਡ ਕਾਸਟਸ ਲੋਕਾਂ ਦਾ ਉਸ ਵਿਚ ਫਾਇਦਾ ਦੇਖ ਕੇ ਉਸ ਨੂੰ ਕਾਇਮ ਰਖਕੇ ਲੋਕਾਂ ਨੂੰ ਟਰੇਨਿੰਗ ਦਿੱਤੀ ਜਾਏ। ਇਹੀ ਕਿੱਤਾ ਹੈ ਜਿਹੜਾ ਕਿ ਸਾਡੇ ਪਾਸ ਰਹਿਣਾ ਚਾਹੀਦਾ ਹੈ, ਜਿਸ ਨਾਲ ਕਿ ਅਸੀਂ ਆਰਥਿਕ ਤੌਰ ਤੇ ਤਕੜੇ ਹੋ ਸਕੀਏ।

ਡਿਪਟੀ ਸਪੀਕਰ ਸਾਹਿਬ, ਅੰਤ ਵਿਚ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਤੁਹਾਡੇ ਰਾਹੀਂ ਸਰਕਾਰ ਨੂੰ ਕਿ ਸਰਦਾਰ ਬਲਵੰਤ ਸਿੰਘ ਜੀ ਸਾਡੀ ਹਾਈ ਕਮਾਂਡ ਕੋਲੋਂ ਸਾਰਾ ਕੁਝ ਦਿੱਲੀ ਜਾ ਕੇ ਲਿਆਂਦੇ ਹਨ ਇਸ ਲਈ ਜੋ ਅਸੀਂ ਗੱਲਾਂ ਕਹੀਆਂ ਹਨ ਉਹ ਵੀ ਇਹ ਕਰਨ (ਵਿਘਨ) ਅਖੀਰ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲਾਅ ਐਂਡ ਆਰਡਰ ਦੀ ਹਾਲਤ ਜੋ ਇਸ ਵੇਲੇ ਪੰਜਾਬ ਵਿਚ ਹੈ, ਜੋ ਲੁੱਟ ਮਾਰ ਇਥੇ ਹੋ ਰਹੀ ਹੈ, ਇਸ ਤੋਂ ਕੋਈ ਵੀ ਇਸ ਵੇਲੇ ਸੇਫ ਨਹੀਂ ਹੈ। ਅੱਜ ਪੰਜਾਬ ਵਿਚ ਲੋਕਾਂ ਨੂੰ ਸੇਫ ਕਰਨ ਲਈ ਤਕੜੇ ਹੋ ਕੇ ਕੰਮ ਕਰੋ। ਸਾਰੀਆਂ ਪਾਰਟੀਆਂ ਅੱਜ ਇਨ੍ਹਾਂ ਦੇ ਮਗਰ

ਹਨ ਔਰ ਇਨ੍ਹਾਂ ਦੀ ਮੱਦਦ ਕਰ ਰਹੀਆਂ ਹਨ। ਕੱਲ੍ਹ ਪਾਂਧੀ ਸਾਹਿਬ ਨੇ ਕਿਹਾ ਸੀ ਕਿ ਤੁਹਾਨੂੰ ਲੰਬੜਦਾਰ ਬਣਾਕੇ ਟੀ.ਵੀ. ਤੇ ਬਿਠਾ ਦਿੱਤਾ ਹੈ। ਪਰ ਸਾਡੇ ਕੰਮ ਲਈ ਇਹ ਵਿੱਤਕਰੇ ਕਰਦੇ ਹਨ। ਮੇਰੇ ਹਲਕੇ ਵਿਚ ਕੱਲ੍ਹ ਇਕ ਬੰਦਾ ਪਿੰਡ ਛੱਡ ਕੇ ਚਲਾ ਗਿਆ ਹੈ। (ਵਿਘਨ)

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸ੍ਰੀ ਰਾਧਾ ਕ੍ਰਿਸ਼ਨ ਨੂੰ ਬੋਲਣ ਲਈ ਕਿਹਾ ਪਰ ਸ੍ਰੀ ਰਘੂ ਨਾਥ ਸਹਾਏ ਪੁਰੀ ਨੇ ਬਿਨਾਂ ਇਜਾਜ਼ਤ ਦੇ ਬੋਲਣਾ ਸ਼ੁਰੂ ਕਰ ਦਿੱਤਾ।)

ਸ੍ਰੀ ਡਿਪਟੀ ਸਪੀਕਰ : ਪੁਰੀ ਸਾਹਿਬ, ਤੁਸੀਂ ਬੈਠੋ। ਚੌਧਰੀ ਸਾਹਿਬ ਤੁਸੀਂ ਸ਼ੁਰੂ ਕਰੋ। ਚੌਧਰੀ ਸਾਹਿਬ, ਤੁਹਾਡਾ 10 ਮਿੰਟ ਟਾਈਮ ਬਣਦਾ ਹੈ। ਇਸ ਲਈ ਤੁਸੀਂ 10 ਮਿੰਟਾਂ ਵਿਚ ਖ਼ਤਮ ਕਰੋ।

ਸ੍ਰੀ ਰਾਧਾ ਕ੍ਰਿਸ਼ਨ (ਫਾਜ਼ਿਲਕਾ): ਇਹ ਜਿਹੜਾ ਬਜਟ ਸਰਦਾਰ ਬਲਵੰਤ ਸਿੰਘ ਨੇ ਪੇਸ਼ ਕੀਤਾ ਹੈ, ਮੈਂ ਇਸ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ।

ਸ੍ਰੀ ਰਘੂਨਾਥ ਸਹਾਏ ਪੁਰੀ : ਡਿਪਟੀ ਸਪੀਕਰ ਸਾਹਿਬ, ਸਾਡਾ ਟਾਈਮ ਕਿੰਨਾ ਹੈ ?

ਸ੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਪੂਰਾ ਹੋ ਗਿਆ ਹੈ ।

ਸ੍ਰੀ ਰਘੂਨਾਥ ਸਹਾਏ ਪੁਰੀ : ਸਾਡਾ 2 ਘੰਟੇ 30 ਮਿੰਟ ਟਾਈਮ ਸੀ। ਚੌਧਰੀ ਜਗਜੀਤ ਸਿੰਘ 55 ਮਿੰਟ ਨਹੀਂ ਬੋਲੇ।

ਸ੍ਰੀ ਡਿਪਟੀ ਸਪੀਕਰ : ਜੇ ਟਾਈਮ ਬਚ ਗਿਆ ਤਾਂ ਦੇਖ ਲਵਾਂਗੇ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਟਾਈਮ ਕੱਢਣ ਲੱਗੇ ਜਿਹੜੇ ਵਜ਼ੀਰ ਬੋਲੇ ਹਨ ਉਨ੍ਹਾਂ ਦਾ ਟਾਈਮ ਲੈਸ ਕਰ ਦਿਓ। ਟਾਈਮ ਦੇਣ ਦੇ ਵਿਚ ਆਪੋਜ਼ੀਸ਼ਨ ਨੂੰ ਤਰਜੀਹ ਮਿਲਦੀ ਹੈ। ਇਸ ਲਈ ਸਾਨੂੰ ਪੂਰਾ ਟਾਈਮ ਦਿਓ।

ਸ੍ਰੀ ਡਿਪਟੀ ਸਪੀਕਰ : ਟਾਈਮ ਸਾਡੇ ਕੋਲ ਸਾਰਾ ਨੋਟ ਹੈ। ਜੇ ਟਾਈਮ ਬਚ ਗਿਆ ਤਾਂ ਦੇਖ ਲਵਾਂਗੇ ।

ਸ੍ਰੀ ਰਾਧਾ ਕ੍ਰਿਸ਼ਨ : ਡਿਪਟੀ ਸਪੀਕਰ ਸਾਹਿਬ, ਇਸ ਬਜਟ ਦੀਆਂ ਕੁਝ ਮੁੱਖ ਗੱਲਾਂ ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਕੁਝ ਬੁਨਿਆਦੀ ਗੱਲਾਂ ਹਨ । ਐਗਰੀਕਲਚਰ ਦੇ ਬਾਰੇ...... (ਵਿਘਨ)

ਰਾਜਾ ਨਰਿੰਦਰ ਸਿੰਘ : ** ** **

Mr. Deputy Speaker : This is no point of order.

ਸ੍ਰੀ ਰਾਧਾ ਕ੍ਰਿਸ਼ਨ: ਪੰਜਾਬ ਐਗਰੀਕਲਚਰ ਦੇ ਵਿਚ ਸਾਰਿਆਂ ਤੋਂ ਉਤੇ ਸੂਬਾ ਹੈ। ਔਰ ਮੈਂ ਇਹ ਕਹਾਂਗਾ ਕਿ ਥੋੜ੍ਹੀ ਜਿਹੀ ਬਲਵੰਤ ਸਿੰਘ ਨੇ ਐਗਰੀਕਲਚਰ ਦੇ ਬਾਰੇ ਕੁਝ ਕੰਜੂਸੀ ਵਰਤੀ ਹੈ ਸਾਡੇ ਉਥੇ ਸੇਮ ਦੀ ਬੜੀ ਪ੍ਰਾਬਲਮ ਹੈ। ਸਾਡੇ ਜ਼ਿਲ੍ਹੇ ਫਰੀਦਕੋਟ ਅਤੇ ਫਿਰੋਜ਼ਪੁਰ ਵਿਚ ਫਾਜ਼ਿਲਕਾ ਮੁਕਤਸਰ ਅਤੇ ਅਬੋਹਰ ਤੁਸੀਂ ਦੇਖੋ। ਉਥੇ ਸੇਮ ਬੜੀ ਹੈ। ਇਸ ਸੇਮ ਨੂੰ ਦੂਰ ਕਰਨ ਵਾਸਤੇ ਸੇਮ

**Expunged as ordered by the Chair.

[ਸ੍ਰੀ ਰਾਧਾ ਕ੍ਰਿਸ਼ਨ]

ਨਾਲਿਆਂ ਵਾਸਤੇ ਬਹੁਤ ਥੋੜ੍ਹਾ ਰੁਪਿਆ ਰੱਖਿਆ ਗਿਆ ਹੈ। ਇਸ ਸੇਮ ਦਾ ਇਕੋ ਫੇਜ਼ ਵਿਚ ਇਲਾਜ ਕੀਤਾ ਜਾਣਾ ਚਾਹੀਦਾ ਹੈ। ਇਕੋ ਵਾਂਗ ਸੇਮ ਨਾਲੇ ਬਣਾ ਕੇ ਪਾਣੀ ਦੀ ਡਿਸਪੋਜ਼ਲ ਦਾ ਪ੍ਰਬੰਧ ਕੀਤਾ ਜਾਵੇ ਅਤੇ ਜ਼ਮੀਨ ਨੂੰ ਸੇਮ ਤੋਂ ਬਚਾਇਆ ਜਾਵੇ ਨਹੀਂ ਤਾਂ ਉਸ ਇਲਾਕੇ ਵਿਚ ਕਾਟਨ ਸਭ ਤੋਂ ਜ਼ਿਆਦਾ ਹੁੰਦੀ ਹੈ। ਹੋਰ ਫਸਲ ਪੈਦਾ ਹੁੰਦੀ ਹੈ, ਉਸ ਦਾ ਨੁਕਸਾਨ ਹੋਵੇਗਾ। ਉਥੇ 2-3 ਸਾਲਾਂ ਤੋਂ ਕੰਮ ਖਰਾਬ ਹੁੰਦਾ ਜਾ ਰਿਹਾ ਹੈ। ਮੈਂ ਸੁਝਾਓ ਦਿਆਂਗਾ ਕਿ ਸੇਮ ਨਾਲਿਆਂ ਦਾ ਬਹੁਤ ਵੱਡਾ ਪਰੋਗਰਾਮ ਬਣਾਕੇ ਭਾਵੇਂ ਸੈਂਟਰਲ ਗੌਰਮਿੰਟ ਤੋਂ ਪੈਸਾ ਲੈ ਕੇ ਜਾਂ ਬੈਂਕਾਂ ਤੋਂ ਪੈਸਾ ਲਾ ਕੇ ਸੇਮ ਨਾਲੇ ਬਣਾ ਕੇ ਮੁਕਤਸਰ, ਫਾਜ਼ਿਲਕਾ, ਅਬੋਹਰ ਅਤੇ ਮਲੋਟ ਵਿਚੋਂ ਸੇਮ ਦੇ ਮਸਲੇ ਨੂੰ ਖਤਮ ਕੀਤਾ ਜਾਵੇ। ਦੂਸਰਾ ਇਹ ਕਿ ਜਿਹੜੇ ਸੇਮ ਨਾਲੇ ਬਣ ਚੁਕੇ ਹਨ 10 ਸਾਲ ਹੋ ਗਏ ਹਨ ਉਨ੍ਹਾਂ ਉਤੇ ਪੁਲ ਨਹੀਂ ਬਣਾ ਸਕੇ ਜਿਹੜੀਆਂ ਸੜਕਾਂ ਵੱਡੀਆਂ ਹਨ, ਜਿਹੜੀਆਂ ਨੈਸ਼ਨਲ ਹਾਈਵੇਜ਼ ਹਨ, ਸਟੇਟ ਹਾਈਵੇਜ਼ ਹਨ, ਉਨ੍ਹਾਂ ਉਤੇ ਵੀ ਪੁਲ ਨਹੀਂ ਬਣਾ ਸਕੇ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਪੁਲਾਂ ਦਾ ਛੇਤੀ ਤੋਂ ਛੇਤੀ ਬੰਦੋ-ਬਸਤ ਕੀਤਾ ਜਾਵੇ। ਪਿੱਛਲੇ ਦਿਨਾਂ ਵਿੱਚ ਇਕ ਸਵਾਲ ਦੇ ਜਵਾਬ ਵਿੱਚ ਇਨ੍ਹਾਂ ਨੇ ਕਿਹਾ ਸੀ ਕਿ ਉਸ ਦਰਿਆ ਤੇ ਪੁਲ ਨਹੀਂ ਬਣ ਸਕਦਾ ਕਿਉਂਕਿ ਫੰਡਜ਼ ਵਗੈਰਾ ਨਹੀਂ ਹੈ। ਮੇਰੀ ਬੇਨਤੀ ਹੈ ਕਿ ਕੋਈ ਟੂਲ ਟੈਕਸ ਲਾ ਕੇ ਫੰਡਜ਼ ਇਕੱਠੇ ਕੀਤੇ ਜਾਣ ਅਤੇ ਉਥੇ ਪੁੱਲ ਬਣਾਇਆ ਜਾਵੇ ਤਾਂ ਕਿ ਉਥੇ ਦੇ ਲੋਕਾਂ ਨੂੰ ਸਹੂਲਤ ਹੋ ਸਕੇ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੈਨਾਲ ਸਿਸਟਮ ਵਿੱਚ ਜਿਹੜਾ ਖਾਲੇ ਪੱਕੇ ਕਰਨ ਦਾ ਇੰਤਜ਼ਾਮ ਹੈ ਉਹ ਪੀ ਐਸ. ਟੀ. ਸੀ. ਨੇ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ ਕਿ ਪੰਜਾਬ ਵਿੱਚ ਜਿਹੜੇ ਰਹਿੰਦੇ ਖਾਲੇ ਹਨ ਉਹ ਪੱਕੇ ਨਹੀਂ ਹੋਣਗੇ। ਡਿਪਟੀ ਸਪੀਕਰ ਸਾਹਿਬ, ਜਿਹੜੇ ਹੋ ਗਏ ਹਨ ਉਨ੍ਹਾਂ ਦਾ ਸਰਕਾਰ ਨੇ 300 ਕਰੋੜ ਰੁਪਿਆ ਮਾਫ਼ ਕਰ ਦਿੱਤਾ। ਇਹ ਉਨ੍ਹਾਂ ਲੋਕਾਂ ਨਾਲ ਬੜਾ ਵਿੱਤਕਰਾ ਹੈ ਜਿਥੇ ਖਾਲੇ ਪੱਕੇ ਨਹੀਂ ਕੀਤੇ ਗਏ। ਸਾਰੇ ਪੰਜਾਬ ਵਿੱਚ 55 ਹਜ਼ਾਰ ਕਿਲੋਮੀਟਰ ਦੇ ਕਰੀਬ ਪੱਕੇ ਖਾਲੇ ਬਣਨੇ ਸਨ ਔਰ ਇਹ 22-23 ਹਜ਼ਾਰ ਕਿਲੋਮੀਟਰ ਬਣਾ ਦਿੱਤੇ ਹਨ ਔਰ ਸਰਕਾਰ ਵਲੋਂ ਉਨ੍ਹਾਂ ਖਾਲਿਆਂ ਦੇ ਪੈਸੇ ਵੀ ਮੁਆਫ਼ ਕੀਤੇ ਗਏ ਹਨ ਅਤੇ ਅਗੇ ਵਾਸਤੇ ਇਹ ਖਾਲੇ ਪੱਕੇ ਕਰਨ ਦਾ ਪਰੋਗਰਾਮ ਹੀ ਬੰਦ ਕਰ ਦਿੱਤਾ ਹੈ। ਇਸ ਦੇ ਨਾਲ ਜ਼ਿਮੀਦਾਰਾਂ ਨੂੰ ਜਿਨ੍ਹਾਂ ਖਾਲੇ ਪੱਕੇ ਨਹੀਂ ਹੋਏ ਇੰਨੀ ਹਾਰਟ ਬਰਨਿੰਗ ਹੈ। ਜਿਹੜੇ ਛੋਟੇ ਛੋਟੇ ਕਿਸਾਨ ਹਨ ਜਿਨ੍ਹਾਂ ਦੇ ਖਾਲਿਆਂ ਦਾ ਪਾਣੀ ਪੂਰਾ ਨਹੀਂ ਜਾਂਦਾ, ਜਿਨ੍ਹਾਂ ਦੇ ਖਾਲਿਆਂ ਦਾ ਪਾਣੀ ਪੂਰਾ ਨਹੀਂ ਪਹੁੰਚਦਾ ਅਤੇ ਉਥੇ ਸੇਮ ਵੀ ਰਹਿੰਦੀ ਹੈ ਇਸ ਦੇ ਨਾਲ ਉਨ੍ਹਾਂ ਛੋਟੇ ਛੋਟੇ ਕਿਸਾਨਾਂ ਦਾ ਬਹੁਤ ਨੁਕਸਾਨ ਹੈ। ਮੇਰੀ ਅਰਜ਼ ਹੈ ਕਿ ਹੋਰ ਕਈ ਐਸੇ ਡੀਪਾਰਟਮੈਂਟਸ ਹਨ ਜਿਨ੍ਹਾਂ ਵਿੱਚ ਖਰਚੇ ਬਹੁਤ ਜ਼ਿਆਦਾ ਹਨ ਅਤੇ ਉਨ੍ਹਾਂ ਖਰਚਿਆਂ ਨੂੰ ਘਟਾਇਆ ਜਾ ਸਕਦਾ ਹੈ ਅਤੇ ਉਧਰੋਂ ਪੈਸਾ ਬਚਾ ਕੇ ਇਨ੍ਹਾਂ ਖਾਲਿਆਂ ਨੂੰ ਪੱਕਾ ਕਰਨ ਦੇ ਪਰੋਗਰਾਮ ਨੂੰ ਚਲਾਇਆ ਜਾਵੇ ਅਤੇ ਇਸ ਪਰੋਗਰਾਮ ਨੂੰ ਬੰਦ ਨਾ ਕੀਤਾ ਜਾਵੇ। ਇਹ ਸਰਕਾਰ ਪਿੰਡਾਂ ਦੇ ਲੋਕਾਂ ਦਾ ਭਲਾ ਚਾਹੁੰਣ ਵਾਲੀ ਸਰਕਾਰ ਹੈ, ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਦੇ ਵਾਸਤੇ ਸਰਕਾਰ ਨੂੰ ਸੋਚਣਾ ਚਾਹੀਦਾ ਹੈ ਤਾਂ ਕਿ ਪਿੰਡਾਂ ਦੇ ਲੋਕਾਂ ਦਾ, ਛੋਟੇ ਛੋਟੇ ਕਿਸਾਨਾਂ ਦਾ ਭਲਾ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਅਗਲੀ ਗੱਲ ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਮਿਉਂਸਪਲ ਕਮੇਟੀਆਂ ਦੀ ਜਾਇਦਾਦ, ਮਿਉਂਸਪਲ ਕਮੇਟੀਆਂ ਦੀਆਂ ਜਿਹੜੀਆਂ ਦੁਕਾਨਾਂ ਵਗੈਰਾ ਹਨ ਉਨ੍ਹਾਂ ਦੇ ਕਰਾਏ ਜੋ ਰਖੇ ਹਨ ਉਹ ਹਰ ਤਿੰਨ ਸਾਲ ਬਾਅਦ 20 ਪ੍ਰਤੀਸ਼ਤ ਵੱਧਦੇ ਹਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਬਾਰਡਰ ਏਰੀਆ ਦੇ ਸ਼ਹਿਰ ਹਨ ਜਿਵੇਂ ਫਾਜ਼ਿਲਕਾ ਹੈ, ਅਬੋਹਰ ਹੈ,

ਜਲਾਲਾਬਾਦ ਹੈ, ਸਾਡੇ ਵਜ਼ੀਰ ਸਾਹਿਬ ਦਾ ਆਪਣਾ ਸ਼ਹਿਰ ਫਿਰੋਜ਼ਪੁਰ ਹੈ ਅਤੇ ਅੰਮ੍ਰਿਤਸਰ, ਗੁਰਦਾਸਪੁਰ ਸ਼ਹਿਰ ਹੈ, ਜਿਹੜੇ ਬਾਰਡਰ ਏਰੀਆਜ਼ ਡਿਕਲੇਅਰ ਕੀਤੇ ਹੋਏ ਹਨ ਉਨ੍ਹਾਂ ਦੇ ਵਿੱਚ ਕਿਰਾਇਆ ਇਨ੍ਹਾਂ ਪ੍ਰਾਪਰਟੀਜ਼ ਦਾ ਹਰ ਤਿੰਨ ਸਾਲਾਂ ਬਾਅਦ 20 ਪ੍ਰਤੀਸ਼ਤ ਵਧਾਉਣ ਦੀ ਬਜਾਏ 5 ਪ੍ਰਤੀਸ਼ਤ ਵਧਾਉਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਦੋ ਗੱਲਾਂ ਮੈਂ ਹੋਰ ਕਰਨੀਆਂ ਚਾਹੁੰਦਾ ਹਾਂ ਕਿ ਫਾਜ਼ਿਲਕਾ ਅਤੇ ਅਬੋਹਰ ਵਿੱਚ ਜਿਹੜੇ ਮੁਜ਼ਾਰੇ ਰਹਿੰਦੇ ਹਨ ਅਤੇ ਜਿਨ੍ਹਾਂ ਨੂੰ 6 ਸਾਲ ਪੂਰੇ ਹੋ ਗਏ ਹਨ ਉਨ੍ਹਾਂ ਨੂੰ ਕਾਨੂੰਨ ਦੇ ਮੁਤਾਬਿਕ ਜ਼ਮੀਨਾਂ ਕਿਸ਼ਤਾਂ ਵਿੱਚ ਪੈਸੇ ਦੇ ਕੇ ਮਿਲ ਜਾਣੀਆਂ ਸਨ ਅਤੇ ਉਨ੍ਹਾਂ ਨੂੰ ਮਾਲਕ ਬਣਾ ਦੇਣਾ ਸੀ ਲੇਕਿਨ ਇਸ ਦੇ ਲਈ ਕੋਈ ਸੁਪਰੀਮ ਕੋਰਟ ਦਾ ਆਰਡਰ ਆ ਗਿਆ ਹੈ ਕਿ ਜਿਹੜੇ ਮੁਜ਼ਾਰਿਆਂ ਦੀ ਜ਼ਮੀਨ ਹੈ ਉਹ ਜ਼ਮੀਨ ਪਹਿਲਾਂ ਸਰਪੱਲਸ ਡਿਕਲੇਅਰ ਹੋਵੇ ਫਿਰ ਉਸ ਦੇ ਬਾਅਦ ਅਗਲੀ ਕਾਰ-ਵਾਈ ਹੋਵੇ, ਇਸ ਦੇ ਲਈ ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਇਸ ਦੇ ਲਈ ਸਰਕਾਰ ਕੋਈ ਟਾਈਮ ਫਿਕਸ ਕਰ ਦੇਵੇ ਕਿ ਇਸ ਡੇਟ ਤਕ ਜਿਨ੍ਹਾਂ ਮੁਜ਼ਾਰਿਆਂ ਨੇ ਦਾਅਵੇ ਕੀਤੇ ਹਨ ਉਨ੍ਹਾਂ ਨੂੰ ਮਾਲਕ ਬਣਾ ਦਿੱਤਾ ਜਾਵੇ। ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਨਾਰਮਲ ਰੇਟ ਫਿਕਸ ਕੀਤਾ ਗਿਆ ਹੈ ਉਹ ਸਾਰੇ ਮੁਜ਼ਾਰਿਆਂ ਤੋਂ ਨਾਰਮਲ ਰੇਟ ਨਹੀਂ ਵਸੂਲ ਕੀਤਾ ਗਿਆ। ਕੁਝ ਕਾਂਗਰਸ ਦੇ ਜਿਹੜੇ ਵੱਡੇ ਵੱਡੇ ਲੀਡਰ ਬਣੇ ਹੋਏ ਹਨ ਉਹ ਫਿਰੋਜ਼ਪਰ ਵਿੱਚ, ਫਾਜ਼ਿਲਕਾ ਵਿੱਚ ਗਰੀਬ ਮੁਜ਼ਾਰਿਆਂ ਦਾ ਗਲਾ ਘੋਟ ਰਹੇ ਹਨ। ਇਸ ਦੇ ਮੁਤੱਲਕ ਮੈਂ ਅਰਜ਼ ਕਰਾਂਗਾ ਕਿ ਨਾਰਮਲ ਰੇਟ ਨੂੰ ਘਟਾ ਕੇ ਪੁਰਾਣੇ ਰੇਟ ਤੇ ਹੀ ਉਨ੍ਹਾਂ ਤੋਂ ਲਵੋਂ ਤਾਂ ਜ਼ਿਆਦਾ ਚੰਗਾ ਹੈ। ਇਸ ਮਾਮਲੇ ਤੇ ਸਰਕਾਰ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਮੁਜ਼ਾਰਿਆਂ ਨੂੰ ਕੋਈ ਰਿਆਇਤਾਂ ਨਹੀਂ ਮਿਲਦੀਆਂ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਚੀਜ਼ ਵਕਤ ਸਿਰ ਮਿਲਦੀ ਹੈ। ਨਾ ਹੀ ਉਨ੍ਹਾਂ ਨੂੰ ਖਾਦ ਮਿਲਦੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਹੋਰ ਚੀਜ਼ ਹੀ ਮਿਲਦੀ ਹੈ। (ਘੰਟੀ) ਡਿਪਟੀ ਸਪੀਕਰ ਸਾਹਿਬ, ਮੈਂ ਜ਼ਿਆਦਾ ਵਕਤ ਨਹੀਂ ਲਵਾਂਗਾ।

ਸ੍ਰੀ ਡਿਪਟੀ ਸਪੀਕਰ: 7 ਮਿਨਟ ਸਾਰੇ ਤੁਹਾਡੇ ਬੋਲਣ ਦਾ ਟਾਈਮ ਸੀ, ਇਸ ਵਾਸਤੇ ਕਨਕਲੂਡ ਕਰੋ।

ਸ੍ਰੀ ਰਾਧਾ ਕ੍ਰਿਸ਼ਨ : ਇੱਕ ਗਲ, ਡਿਪਟੀ ਸਪੀਕਰ ਸਾਹਿਬ, ਮੈਂ ਕੋਅਪਰੇਸ਼ਨ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ। ਤਿੰਨ ਚਾਰ ਪਿੰਡਾਂ ਦੀ ਐਗਰੀਕਲਚਰਲ ਕੋਆਪਰੇਟਿਵ ਸੋਸਾਇਟੀਆਂ ਬਣਾਈਆਂ ਹਨ। ਪਿਛਲੇ ਦਿਨਾਂ ਵਿਚ ਜਿਹੜੀ ਹਾਈ ਪਾਵਰਡ ਕਮੇਟੀ ਬਣੀ ਸੀ ਉਸ ਨੇ ਕਿਹਾ ਸੀ ਕਿ ਇਕ ਪਿੰਡ ਦੀ ਇਕ ਕੋਆਪਰੇਟਿਵ ਸੋਸਾਇਟੀ ਬਣੇ ਤਾਂ ਕਿ ਜ਼ਮੀਦਾਰ ਲੋਕਾਂ ਨੂੰ ਫ਼ਾਇਦਾ ਹੋ ਸਕੇ ਅਤੇ ਜਿਹੜੀ ਹੁਣ ਮੁਸ਼ਕਲ ਆਉਂਦੀ ਹੈ ਉਸ ਤੋਂ ਰਾਹਤ ਮਿਲੇ।

ਇਕ ਗਲ ਮੈਂ ਹੁਣ ਲਾਅ ਐਂਡ ਆਰਡਰ ਦੀ ਪ੍ਰਾਬਲਮ ਬਾਰੇ ਤੁਹਾਡੇ ਸਾਹਮਣੇ ਰਖਣਾ ਚਾਹੁੰਦਾ ਹਾਂ। ਪੰਜਾਬ ਵਿਚ ਸਾਡੇ ਐਮ. ਐਲ.ਏ. ਦੇ ਕਤਲ ਹੋ ਰਹੇ ਹਨ। ਹੁਣ ਹੋਰ ਵੀ ਕਤਲੋਗਾਰਤ ਜਾਰੀ ਹੈ। ਬਰਨਾਲਾ ਸਾਹਿਬ ਦੀ ਸਰਕਾਰ ਨੇ ਬੜੀ ਕੋਸ਼ਿਸ਼ ਕੀਤੀ ਹੈ ਮੈਂ ਇਸ ਗੱਲ ਨੂੰ ਮੰਨਦਾ ਹਾਂ। ਸਾਡੇ ਪੰਜਾਬ ਵਿਚ ਜਿਹੜੀ ਕਤਲੋਗਾਰਤ ਹੁੰਦੀ ਹੈ ਉਸ ਵਿਚ ਬੇਗੁਨਾਹ ਮਾਰੇ ਜਾ ਰਹੇ ਹਨ, ਉਨ੍ਹਾਂ ਨੂੰ ਬਿਲਕੁਲ ਬੰਦ ਕੀਤਾ ਜਾਵੇ। ਸਾਰੀਆਂ ਪਾਰਟੀਆਂ ਬਰਨਾਲਾ ਸਾਹਿਬ ਦੇ ਮਗਰ ਇਸ ਕਰਕੇ ਖੜੀਆਂ ਹਨ ਕਿ ਪੰਜਾਬ ਦੇ ਵਿਚ ਜਿਹੜੀ ਦਹਿਸ਼ਤਗਰਦੀ ਹੋ ਇਸ ਨੂੰ ਬੰਦ ਕਰ ਦਿਓ। ਪਟਿਆਲਾ ਵਿੱਚ

[ਸ੍ਰੀ ਰਾਧਾ ਕ੍ਰਿਸ਼ਨ]

ਸ਼ੰਭੂ ਕੁਮਾਰ ਦਾ ਕਤਲ ਹੋਇਆ ਉਥੇ ਹਾਲੇ ਤਕ ਵੀ ਕਰਫਿਊ ਲਗਾ ਹੋਇਆ ਹੈ। ਅਗਰ ਇਹ ਚੀਜ਼ਾਂ ਬੰਦ ਨਹੀਂ ਹੁੰਦੀਆਂ ਤਾਂ ਅੱਜ ਜਿਹੜੀਆਂ ਸਾਰੀਆਂ ਪਾਰਟੀਆਂ ਕਾਂਗਰਸ ਹੈ, ਕਮਿਊਨਿਸਟਸ ਹਨ ਬੀ. ਜੇ. ਪੀ. ਹੈ ਇਨ੍ਹਾਂ ਦੇ ਮਗਰ ਲਗੀਆਂ ਹੋਈਆਂ ਹਨ ਤਾਂ ਇਸ ਗਲ ਦਾ ਫਿਰ ਸਾਰਿਆਂ ਤੇ ਬਲੇਮ ਆਵੇਗਾ, ਇਹ ਚੀਜ਼ ਬਹੁਤ ਚਿਰ ਤਕ ਚਲ ਨਹੀਂ ਸਕੇਗੀ। ਜਿਹੜੀ ਲਾਅ ਐਂਡ ਆਰਡਰ ਦੀ ਮਸ਼ੀਨਰੀ ਹੈ ਪੁਲਸ ਦਾ ਜਿਹੜਾ ਰੋਲ ਹੈ ਉਹ ਬਹੁਤ ਬੜਾ ਹੈ। ਡਿਪਟੀ ਸਪੀਕਰ ਸਾਹਿਬ, ਪੁਲਿਸ ਵਾਲਿਆਂ ਨੂੰ ਕੁਝ ਰਿਆਇਤਾਂ ਦੇਣ ਦੀ ਲੋੜ ਹੈ। ਮਕਾਨ ਬਣਾਉਣ ਦਾ ਵਾਇਦਾ ਕੀਤਾ ਸੀ ਪਰ ਥਾਣਿਆਂ ਵਿਚ ਸਭ ਕੁਝ ਹੈ ਪਰ ਹਾਲੇ ਤਕ ਮਕਾਨ ਨਹੀਂ ਬਣਾਏ ਗਏ ਉਨ੍ਹਾਂ ਦੇ ਤਨਖਾਹ ਸਕੇਲ ਘੱਟ ਹਨ, ਉਹ ਵਧਾਏ ਜਾਣ। ਲਾਰੀਆਂ ਵਿਚ ਜਦ ਉਹ ਸਫ਼ਰ ਕਰਦੇ ਹਨ ਬਚਿਆਂ ਨਾਲ ਉਨ੍ਹਾਂ ਦੀ ਟਿਕਟ ਮਾਫ਼ ਹੋਣੀ ਚਾਹੀਦੀ ਹੈ। ਨਾਲ ਦੀ ਹਰਿਆਣਾ ਸਟੇਟ ਵਿਚ ਇਹ ਰਿਆਇਤ ਦੇ ਦਿੱਤੀ ਹੈ। ਉਨ੍ਹਾਂ ਨੂੰ ਇਥੇ ਵੀ ਰਿਆਇਤ ਦੇ ਕੇ ਉਨ੍ਹਾਂ ਦੀ ਮਦਦ ਕੀਤੀ ਜਾਵੇ। ਦੂਸਰੇ ਉਨ੍ਹਾਂ ਦੀਆਂ ਤਨਖ਼ਾਹਾਂ ਵਧਾਈਆਂ ਜਾਣ ਜਿਸ ਤਰ੍ਹਾਂ ਗੁਪਤਾ ਜੀ ਨੇ ਕਿਹਾ ਹੈ ਕਿ ਜੋ ਵਜ਼ੀਰਾਂ ਦੇ ਨਾਲ ਬਾਡੀ ਗਾਰਡ ਲਗੇ ਹੋਏ ਹਨ ਚਾਹੇ ਪੀ. ਏ. ਪੀ. ਦੇ ਹਨ ਜਾਂ ਦੂਸਰੇ ਹਨ ਉਨ੍ਹਾਂ ਨੂੰ ਸੋ ਰੁਪਿਆ ਦਿੱਤਾ ਜਾਂਦਾ ਹੈ ਪਰ ਜਿਹੜੇ ਪ੍ਰਾਈਵੇਟ ਲੀਡਰਾਂ ਨਾਲ ਜਾਂ ਐਮ. ਐਲ. ਏ. ਸਾਹਿਬਾਨ ਨਾਲ ਲਗੇ ਹੋਏ ਹਨ ਉਨ੍ਹਾਂ ਨੂੰ ਕੁਝ ਨਹੀਂ ਮਿਲਦਾ। ਉਹ ਸੌ ਰੁਪਿਆ ਉਨ੍ਹਾਂ ਨੂੰ ਵੀ ਮਿਲਣਾ ਚਾਹੀਦਾ ਹੈ। ਪੁਲਿਸ ਨੂੰ ਕੁਝ ਵੱਧ ਇਨਸੈਂਟਿਵਜ਼ ਦਿਤੇ ਜਾਣ ਜਿਹੜੇ ਮਰ ਜਾਂਦੇ ਹਨ, ਉਨ੍ਹਾਂ ਦੀ ਅੱਛੀ ਤਰ੍ਹਾਂ ਮੱਦਦ ਕੀਤੀ ਜਾਵੇਗੀ।

ਜਿਹੜੇ ਲੋਕ ਟੈਰੋਰਿਸਟਾਂ ਦੇ ਹੱਥੋਂ ਮਾਰੇ ਜਾਂਦੇ ਗਏ ਹਨ ਜਿਨ੍ਹਾਂ ਦੀ ਮੌਤ ਹੋ ਗਈ ਹੈ ਉਨ੍ਹਾਂ ਨੂੰ 20 ਹਜ਼ਾਰ ਰੁਪਿਆ ਦਿੱਤਾ ਜਾਂਦਾ ਹੈ- ਮੇਰੀ ਡਿਮਾਂਡ ਹੈ ਕਿ ਉਨ੍ਹਾਂ ਨੂੰ ਇਕ ਲੱਖ ਰੁਪਿਆ ਦਿੱਤਾ ਜਾਵੇ- ਮੈਂ ਕਹਾਂਗਾ ਕਿ ਅੱਜ ਸਾਰੀਆਂ ਪਾਰਟੀਆਂ ਸਰਕਾਰ ਦੇ ਮਗਰ ਹਨ ਉਨ੍ਹਾਂ ਦਾ ਆਪਣਾ ਇਕ ਕਰੈਕਟਰ ਹੈ। ਜਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਸਾਰੀਆਂ ਜਾਤ ਬਰਾਦਰੀਆਂ ਨੂੰ ਨਾਲ ਲੈ ਕੇ ਫੈਸਲੇ ਕਰਦਾ ਸੀ ਉਸੇ ਤਰ੍ਹਾਂ ਇਸ ਸਰਕਾਰ ਨੂੰ ਕਰਨਾ ਚਾਹੀਦਾ ਹੈ। ਕਿਉਂਕਿ ਪਿਛੇ ਜਿਹੇ ਜੋ ਕਮੇਟੀਆਂ ਦੀਆਂ ਨਾਮਜ਼ਦਗੀਆਂ ਹੋਈਆਂ ਹਨ ਉਨ੍ਹਾਂ ਦੇ ਵਿਚ ਪੰਜਾਬ ਦੇ ਇਕ ਵੱਡੇ ਫਿਰਕੇ ਨੂੰ ਇਗਨੋਰ ਕੀਤਾ ਗਿਆ ਹੈ। ਮੈਂ ਦਰਖ਼ਾਸਤ ਕਰਾਂਗਾ ਕਿ ਸੈਕੂਲਰ ਟਾਈਪ ਦੀ ਸਰਕਾਰ ਬਣਾ ਕੇ ਪੰਜਾਬ ਦੇ ਮਸਲੇ ਦਾ ਹੱਲ ਕਢਣਾ ਚਾਹੀਦਾ ਹੈ।

ਅੱਜ ਕਲ ਰਾਜੀਵ ਗਾਂਧੀ ਲੋਕਾਂ ਨੂੰ ਮੇਨ ਸਟਰੀਮ ਵਿਚ ਲਿਆਉਣ ਵਾਸਤੇ ਬੜੀ ਕੋਸ਼ਿਸ਼ ਕਰ ਰਹੇ ਹਨ। ਮੈਂ ਦਰਖ਼ਾਸਤ ਕਰਾਂਗਾ ਕਿ ਚੰਡੀਗੜ੍ਹ ਨੂੰ ਵੀ ਪੰਜਾਬ ਵਿਚ ਮਿਲਾ ਦਿਤਾ ਜਾਵੇ ਅਤੇ ਦੇਵੀ ਲਾਲ ਨੂੰ ਵੀ ਮੇਨ ਸਟਰੀਮ ਵਿਚ ਲਿਆਂਦਾ ਜਾਵੇ।

ਸ੍ਰੀ ਡਿਪਟੀ ਸਪੀਕਰ: ਜਨਤਾ ਪਾਰਟੀ ਔਰ ਸੀ. ਪੀ. ਆਈ. ਦੇ ਤਿੰਨ ਤਿੰਨ ਮਿੰਟ ਬਣਦੇ ਹਨ। ਮੈਂ ਥੋੜ੍ਹਾ ਸਮਾਂ ਹੋਰ ਦੇ ਕੇ ਐਡਜਸਟ ਕਰਨ ਦੀ ਕੋਸ਼ਿਸ਼ ਕਰਾਂਗਾ। ਕਾਮਰੇਡ ਮਹਿਤਾਬ ਸਿੰਘ ਜੀ।

ਕਾਮਰੇਡ ਮਹਿਤਾਬ ਸਿੰਘ (ਜਲਾਲਾਬਾਦ) : ਡਿਪਟੀ ਸਪੀਕਰ ਸਾਹਿਬ, ਬੱਜਟ ਹਰ ਸਾਲ ਪੇਸ਼ ਹੁੰਦਾ ਹੈ ਔਰ ਖ਼ਦਸ਼ਾ ਹੁੰਦਾ ਹੈ ਲੋਕਾਂ ਨੂੰ ਕਿ ਜੋ ਬੱਜਟ ਆ ਰਿਹਾ ਹੈ ਇਸ ਦਾ ਸਾਡੇ ਤੇ ਕਿੰਨਾ ਬੋਝ ਲਦਣਗੇ। 185 ਕਰੋੜ ਰੁਪਏ ਦਾ ਘਾਟਾ ਵਿਖਾਇਆ ਹੈ ਅਤੇ 40 ਕਰੋੜ ਰੁਪਏ ਦੇ ਨਵੇਂ ਟੈਕਸ ਲਗੇ ਹਨ। ਇਹ ਜਿਹੜਾ ਐਨਾ ਵੱਡਾ ਘਾਟਾ ਵਿਖਾਇਆ ਗਿਆ ਹੈ ਇਸ ਦੇ ਵਾਸਤੇ ਨਹੀਂ ਦਸਿਆ ਗਿਆ ਕਿ ਕਿਥੋਂ ਪੂਰਾ ਕਰਨਾ ਹੈ। ਦੂਸਰੇ, ਡਿਪਟੀ ਸਪੀਕਰ ਸਾਹਿਬ, ਮੁੱਢਲੀਆਂ ਸਤਰਾਂ ਵਿਚ ਦਸਿਆ

ਗਿਆ ਹੈ ਕਿ ਬਰਨਾਲਾ ਸਰਕਾਰ ਨੂੰ ਕਾਫ਼ੀ ਚੁਨੌਤੀਆਂ ਦਾ ਸਾਹਮਣਾ ਕਰਨਾ ਪਿਆ। ਇਹ ਠੀਕ ਹੈ ਕਿ ਸਾਰਾ ਸੌਖਾ ਨਹੀਂ - ਪਿਛਲੇ ਸਾਲਾਂ ਵਿਚ ਜਿਹੜੇ ਟੈਰੋਰਿਜ਼ਮ ਦਾ ਦੌਰ ਸੀ ਉਸ ਵਿਚ ਕਾਫ਼ੀ ਖ਼ੂਨ ਖਰਾਬੇ ਹੋਏ ਹਨ - ਪੰਜਾਬ ਵਿਚ ਵੀ ਔਰ ਪੰਜਾਬ ਤੋਂ ਬਾਹਰ ਵੀ ਮਾਸੂਮਾਂ ਦੇ ਕਤਲ ਹੋਏ। ਇਸ ਵਿਚ ਕੋਈ ਸ਼ਕ ਨਹੀਂ ਕਿ ਸਾਡੇ ਸੂਬੇ ਵਿਚ ਕਈ ਪ੍ਰਾਬਲਮਜ਼ ਤੇ ਮੁਸ਼ਕਲਾਂ ਖੜੀਆਂ ਹੋਈਆਂ ਹਨ ਪਰ ਜਿਥੋਂ ਤਕ ਬੱਜਟ ਦਾ ਸੁਆਲ ਹੈ ਇਸ ਨੂੰ ਹਾਲੇ ਤਕ ਸਤਵ ਪੱਧੀ ਨਹੀਂ ਕਹਿ ਸਕਦੇ। ਇਕ ਕਲਾਸ ਦੀ ਨੁਮਾਇੰਦਗੀ ਕਰਦਾ ਹੈ ਉਸ ਦੇ ਵਿਚ ਅੱਪਰ ਕਲਾਸ ਆਉਂਦੀ ਹੈ, ਇੰਡਸਟਰੀਆਲਿਸਟਸ ਆਉਂਦੇ ਹਨ ਅਤੇ ਦੂਜੇ ਤੀਜੇ ਆਉਂਦੇ ਹਨ, ਉਨ੍ਹਾਂ ਨੂੰ ਸਹੂਲਤਾਂ ਹਨ। ਬਾਕੀ ਜਿਹੜੇ ਗਰੀਬ ਕਿਸਾਨ ਹਨ, ਖੇਤ ਮਜ਼ਦੂਰ ਹਨ, ਵਰਕਰਜ਼ ਹਨ ਉਨ੍ਹਾਂ ਵਾਸਤੇ ਜਿਹੜੀ ਰਕਮ ਰਖੀ ਗਈ ਹੈ, ਬਹੁਤ ਘਟ ਹੈ।

ਡਿਪਟੀ ਸਪੀਕਰ ਸਾਹਿਬ, ਮੇਰੇ ਮਾਨਯੋਗ ਮੈਂਬਰ ਚੌਧਰੀ ਸਾਹਿਬ ਨੇ ਖੇਤੀ ਬਾੜੀ ਬਾਰੇ ਦੱਸਿਆ ਹੈ। ਜਿੱਥੇ ਖੇਤੀਬਾੜੀ ਬਾਰੇ ਸਰਕਾਰ ਕਹਿੰਦੀ ਹੈ ਕਿ ਇਤਨੇ ਲੱਖ ਟੰਨ ਅਨਾਜ ਵਧਿਆ ਹੈ, ਉਥੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਵਧਾਇਆ ਕਿਸ ਨੇ ਹੈ, ਇਹ ਕਿਸਾਨ ਨੇ ਹੀ ਵਧਾਇਆ ਹੈ। ਉਸ ਨੇ ਰਾਤਾਂ ਵਿਚ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਵਧਾਇਆ ਹੈ, ਮਿਹਨਤ ਕਰਕੇ ਵਧਾਇਆ ਹੈ, ਖ਼ੂਨ ਪਸੀਨਾਂ ਇਕ ਕਰਕੇ ਵਧਾਇਆ ਹੈ। ਉਸ ਦੇ ਵਾਸਤੇ ਕੋਈ ਪੈਸਾ ਨਹੀਂ ਰਖਿਆ ਗਿਆ। ਕਿਸਾਨ ਦੀ ਜਿਣਸ ਦਾ ਭਾਅ ਘਟੋ ਘੱਟ 6 ਮਹੀਨਿਆਂ ਤੋਂ ਪਹਿਲਾਂ ਪਤਾ ਹੋਣਾ ਚਾਹੀਦਾ ਹੈ। ਫਸਲ ਬੀਜਣ ਤੋਂ ਪਹਿਲਾਂ ਛੇ ਮਹੀਨੇ ਹੀ ਇਹ ਅਨਾਊਂਸ ਹੋ ਜਾਵੇ ਖੇਤੀਬਾੜੀ ਮਹਿਕਮੇ ਵਲੋਂ, ਸਰਕਾਰ ਵਲੋਂ ਇਹ ਐਲਾਨ ਹੋ ਜਾਵੇ ਕਿ ਸਰੋਂ ਦਾ ਕੀ ਭਾਅ ਹੋਵੇਗਾ, ਤੋਰੀਏ ਦਾ ਇਹ ਭਾਅ ਹੋਵੇਗਾ, ਕਣਕ ਦਾ ਇਹ ਭਾਅ ਹੋਵੇਗਾ ਤਾਂ ਕਿ ਕਿਸਾਨ ਆਪਣੇ ਢੰਗ ਨਾਲ ਫੈਸਲਾ ਕਰ ਲਵੇ ਕਿ ਉਸ ਨੇ ਕਿਸ ਤਰ੍ਹਾਂ ਕਿਹੜੀ ਫਸਲ ਬੀਜਣੀ ਹੈ। ਪਿਛਲੇ ਸਾਲ ਵੇਖਿਆ ਹੈ, ਕਿਸਾਨ ਨੇ ਜਿਹੜੀ ਜਿਣਸ ਪੈਦਾ ਕੀਤੀ ਹੈ ਉਸ ਨੂੰ ਮੰਡੀ ਵਿਚ ਵੇਚਣ ਲਈ ਉਹ ਕਿਸ ਤਰ੍ਹਾਂ ਰੁਲਦਾ ਰਹਿੰਦਾ ਹੈ। ਇਸ ਦੇ ਬਾਰੇ ਕੋਈ ਪਰਬੰਧ ਨਹੀਂ ਕੀਤਾ ਗਿਆ। ਪੰਜਾਬ ਦਾ ਕਿਸਾਨ ਵੱਧ ਪੈਦਾਵਾਰ ਕਰੇ ਤਾਂ ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਉਸ ਨੂੰ ਵੱਧ ਸਹੂਲਤਾਂ ਦੇਵੇ।

ਦੂਸਰਾ, ਸਪੀਕਰ ਸਾਹਿਬ, ਸੇਮ ਦੀ ਕਾਫੀ ਪ੍ਰਾਬਲਮ ਹੈ। ਬਾਰਸ਼ ਬਹੁਤ ਹੋਈ ਹੈ। ਸੈਂਟਰਲ ਟੀਮ ਆਈ ਹੈ, ਉਸ ਨੇ ਸਰਵੇ ਕੀਤਾ ਸੀ। ਬਠਿੰਡਾ, ਫਰੀਦਕੋਟ, ਫਿਰੋਜ਼ਪਰ ਔਰ ਅੰਮ੍ਰਿਤਸਰ ਦੇ ਕੁਝ ਹਿੱਸੇ ਵਿਚ ਸੇਮ ਹੈ। ਉਸ ਦੇ ਵਾਸਤੇ 70 ਕਰੋੜ ਰੁਪਿਆ ਮੰਗਿਆ ਹੈ। ਫਸਲਾਂ ਤਬਾਹ ਹੋ ਗਈਆਂ, ਜ਼ਮੀਨ ਨਸ਼ਟ ਹੋ ਗਈ, ਸੜਕਾਂ ਬਣ ਨਹੀਂ ਰਹੀਆਂ, ਤਬਾਹ ਹੋ ਗਈਆਂ, ਕੋਈ ਮਸਲਾ ਹੱਲ ਨਹੀਂ ਹੋ ਰਿਹਾ। 70 ਕਰੋੜ ਰੁਪਿਆ ਮੰਗਿਆ ਹੈ। 18 ਕਰੋੜ ਰੁਪਿਆ ਦਿੱਤਾ, ਜਿਸ ਵਿੱਚੋਂ ਸਾਢੇ ਚਾਰ ਕਰੋੜ ਰੁਪਿਆ ਨਹੀਂ ਦਿੱਤਾ। ਬਹੁਤ ਘਟ ਪੈਸਾ ਦਿੱਤਾ ਗਿਆ ਹੈ ਡਰੇਨੇਜ ਡਿਪਾਰਟਮੈਂਟ ਨੂੰ। ਡਰੇਨੇਜ ਡਿਪਾਰਟਮੈਂਟ ਨੇ ਥੋੜ੍ਹੀਆਂ ਜਿਹੀਆਂ ਕਰੇਨਾਂ ਵਗੈਰਾ ਲਗਾਈਆਂ ਹਨ। ਇਸ ਕਰਕੇ ਇਹ ਵੱਡੀ ਪਰਾਬਲਮ ਹੈ, ਸੇਮ ਦੀ ਸਮੱਸਿਆ ਖੜੀ ਹੋਈ ਹੋਈ ਹੈ, ਇਸ ਵਲ ਪੂਰਾ ਧਿਆਨ ਨਹੀਂ ਦਿੱਤਾ ਗਿਆ। ਜੇਕਰ ਇਸ ਤਰ੍ਹਾਂ ਹੀ ਸਰਕਾਰ ਨੇ ਧਿਆਨ ਨਾ ਦਿੱਤਾ ਤਾਂ ਜ਼ਮੀਨਾਂ ਖਰਾਬ ਹੋ ਜਾਣਗੀਆਂ। ਇਸ ਦੇ ਵਾਸਤੇ ਸਰਕਾਰ ਨੇ ਪੈਸਾ ਘਟ ਰਖਿਆ ਹੈ। ਹੋਰ ਪੈਸਾ ਜਿਤਨਾ ਵੀ ਹੋ ਸਕੇ ਜਲਦੀ ਤੋਂ ਜਲਦੀ ਇਸ ਪਾਸੇ ਲਗਾਉਣਾ ਚਾਹੀਦਾ ਹੈ।

ਇਕ ਮਸਲਾ ਹੋਰ ਹੈ। ਸ਼ਡਿਊਲਡ ਕਾਸਟਸ ਲਈ ਰਿਆਇਤ ਦੀ ਗੱਲ ਹੈ, ਅਸੀਂ ਚਾਹੁੰਦੇ ਹਾਂ ਕਿ ਦੇਣੀ ਚਾਹੀਦੀ ਹੈ। ਪਰ ਜਿਥੋਂ ਤੱਕ ਵਿਮੁੱਕਤ ਜਾਤੀਆ ਔਰ ਕਬੀਲੀਆਂ ਦਾ ਤੁਅੱਲਕ ਹੈ,

[ਕਾਮਰੇਡ ਮਹਿਤਾਬ ਸਿੰਘ]

ਮੈਂ ਅਰਜ਼ ਕਰਦਾ ਹਾਂ ਕਿ ਉਹ ਲੋਕ ਹਜ਼ਾਰਾਂ ਸਾਲ ਪਹਿਲਾਂ ਤੋਂ ਦਬੇ ਆ ਰਹੇ ਹਨ ਔਰ ਹੁਣ ਚਾਲੀ ਸਾਲਾਂ ਵਿਚ ਵੀ ਕੋਈ ਸਹੂਲਤ ਨਹੀਂ ਦਿੱਤੀ ਗਈ। ਮੈਂ ਥੋੜ੍ਹਾ ਜਿਹਾ ਜ਼ਿਕਰ ਕਰਾਂਗਾ ਕਿ ਜਦੋਂ ਅੰਗਰੇਜ਼ਾਂ ਦਾ ਰਾਜ ਸੀ, ਇਨ੍ਹਾਂ ਲੋਕਾਂ ਦੇ ਬੱਚੇ ਪੜ੍ਹਾਉਣ ਦਾ ਚੰਗਾ ਪ੍ਰਬੰਧ ਨਹੀਂ ਸੀ। ਇਨ੍ਹਾਂ ਨੂੰ ਜ਼ਰਾਇਮ ਪੇਸ਼ਾ ਲੋਕ ਸਮਝਿਆ ਜਾਂਦਾ ਸੀ। ਹੁਣ ਵੀ ਚਾਲੀ ਸਾਲਾਂ ਵਿਚ ਉਨ੍ਹਾਂ ਲਈ ਕੁਝ ਨਹੀਂ ਹੋਇਆ। ਸੰਨ 1911 ਵਿਚ ਵਿਮੁੱਕਤ ਜਾਤੀਆਂ ਲਈ ਪੰਜ ਰੁਪਏ ਮਹੀਨਾਂ ਮਿਡਲ ਵਾਸਤੇ ਔਰ ਇਸ ਤਰ੍ਹਾਂ ਹੀ ਪ੍ਰਾਇਮਰੀ ਵਾਸਤੇ ਦਿੱਤੇ ਜਾਂਦੇ ਸਨ। ਭਾਵੇਂ ਥੋੜ੍ਹੇ ਸਨ ਪਰ ਦਿੱਤੇ ਜ਼ਰੂਰ ਜਾਂਦੇ ਸਨ। ਉਸ ਤੋਂ ਬਾਦ ਕੋਈ ਵਾਧਾ ਨਹੀਂ ਹੋਇਆ। ਨਾ ਫੀਸਾਂ ਦੇ ਬਾਰੇ ਔਰ ਨਾ ਹੀ ਨੌਕਰੀਆਂ ਵਾਸਤੇ ਰਿਆਇਤ ਦਿੱਤੀ ਗਈ ਹੈ। ਅੱਜ ਤਕ ਆਈ. ਏ. ਐਸ. ਜਾਂ ਪੀ. ਸੀ. ਐਸ. ਕੋਈ ਵੀ ਨਹੀਂ ਬਣਿਆ। ਕੋਈ ਛੋਟੀ ਮੋਟੀ ਨੌਕਰੀ ਤੇ ਲਗ ਗਿਆ ਹੋਵੇਗਾ। ਕੋਈ ਤਹਿਸੀਲਦਾਰ ਤਕ ਨਹੀਂ ਗਿਆ, ਕੋਈ ਟੀਚਰ ਮੁਸ਼ਕਲ ਨਾਲ ਭਾਵੇਂ ਲਗ ਗਿਆ ਹੋਵੇਗਾ ਇਸ ਤੋਂ ਵੱਧ ਕੁਝ ਨਹੀਂ। 10 ਲੱਖ ਦੀ ਆਬਾਦੀ ਹੈ। ਇਸ ਲਈ ਮੈਂ ਬਰਨਾਲਾ ਸਾਹਿਬ ਪਾਸ ਰਿਕੁਐਸਟ ਕਰਾਂਗਾ ਕਿ ਉਨ੍ਹਾਂ ਨਾਲ ਕਿਸੇ ਤਰ੍ਹਾਂ ਹਮਦਰਦੀ ਕੀਤੀ ਜਾਵੇ। ਉਨ੍ਹਾਂ ਨੇ ਹਮਦਰਦੀ ਜ਼ਰੂਰ ਪਰਗਟਾਈ ਹੈ। ਉਨ੍ਹਾਂ ਕਿਹਾ ਸੀ ਕਿ ਹਮਦਰਦੀ ਨਾਲ ਮੰਗਾਂ ਤੇ ਗੌਰ ਕਰਾਂਗੇ ਪਰ ਕੁਝ ਨਹੀਂ ਹੋਇਆ ਜਿਸ ਦਾ ਨਤੀਜਾ ਇਹ ਹੈ ਕਿ ਹਜ਼ਾਰਾ ਸਿੰਘ ਅੱਜ ਭੁੱਖ ਹੜਤਾਲ ਤੇ ਬੈਠੇ ਹਨ। ਉਹ ਚਲਾਣਾ ਕਰ ਜਾਣਗੇ ਜੇਕਰ ਉਨ੍ਹਾਂ ਛੇਤੀ ਕੋਈ ਫ਼ੈਸਲਾ ਨਾ ਲਿਆ। ਹੋਰ ਕਬੀਲੇ ਉਥੇ ਬੈਠੇ ਹਨ। ਜਦੋਂ ਕਿ ਆਦਿ ਗੁਰੂ ਕਮੇਟੀ ਨੇ ਸਿਫਾਰਸ਼ ਕਰ ਦਿੱਤੀ ਹੈ ਤਾਂ ਫਿਰ ਉਨ੍ਹਾਂ ਦਾ ਹੱਕ ਦਿੱਤਾ ਜਾਵੇ। ਕਮੇਟੀਆਂ ਦੀਆਂ ਰਿਪੋਰਟਾਂ ਮੰਗੀਆਂ ਗਈਆਂ ਔਰ ਸਾਰੀਆਂ ਕਮੇਟੀਆਂ ਨੇ ਸਿਫਾਰਸ਼ਾਂ ਕੀਤੀਆਂ ਹਨ। ਇਸ ਕਰਕੇ ਉਨ੍ਹਾਂ ਦਾ ਫੌਰੀ ਮਸਲਾ ਜੋ ਹੈ, ਇਹ ਫੌਰਨ ਹੱਲ ਕੀਤਾ ਜਾਵੇ। ਬਾਕੀ ਜਿਥੋਂ ਤਕ ਅਬਾਦਕਾਰਾਂ ਦਾ ਤੁਅੱਲਕ ਹੈ, ਇਹ ਕੰਡੀ ਏਰੀਆ ਜਾਂ ਬੇਟ ਏਰੀਆ ਵਿਚ ਜਿਥੇ ਬਹੁਤ ਤੱਲ ਖੂਟੇ ਪਏ ਹੋਏ ਸਨ ਉਨ੍ਹਾਂ ਨੂੰ ਹਟਾ ਕੇ ਅਤੇ ਸੱਪਾਂ ਦੀਆਂ ਸਿਰੀਆਂ ਨੂੰ ਮਿਧ ਕੇ ਬਹੁਤ ਮੁਸ਼ਕਲ ਨਾਲ ਉਹ ਜਗ੍ਹਾ ਅਬਾਦ ਕੀਤੀ ਹੈ। ਹੁਣ ਜਦੋਂ ਉਹ ਅਬਾਦ ਹੋਈ ਹੈ ਤਾਂ ਸਰਕਾਰ ਉਨ੍ਹਾਂ ਤੋਂ ਜ਼ਮੀਨ ਖੋਹ ਰਹੀ ਹੈ। ਇਹ ਬਹੁਤ ਵੱਡਾ ਮਸਲਾ ਹੈ ਅਤੇ ਕਈ ਸਾਲਾਂ ਤੋਂ ਲਟਕਦਾ ਆ ਰਿਹਾ ਹੈ। (ਘੰਟੀ) ਬਸ ਜੀ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਗਿਰਦਾਵਰੀਆਂ ਹਨ ਇਸ ਵਾਸਤੇ ਇਕ ਕਮੇਟੀ ਬਣਾਕੇ ਉਨ੍ਹਾਂ ਦੀਆਂ ਪੱਕੀਆਂ ਕੀਤੀਆਂ ਜਾਣ। ਪਟਵਾਰੀ ਤਾਂ ਕਈਆਂ ਕੋਲੋਂ ਪੈਸੇ ਲੈ ਕੇ ਕਈਆਂ ਦੀਆਂ ਗਿਰਦਾਵਰੀਆਂ ਤੋੜ ਦਿੰਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਮਾਲਕੀ ਦੇ ਹੱਕ ਦਿੱਤੇ ਜਾਣ। (ਘੰਟੀ)

ਦੂਜੇ ਜਿਹੜੇ ਕਿਸਾਨਾਂ ਨੂੰ ਕਰਜ਼ੇ ਦਿੱਤੇ ਜਾਂਦੇ ਹਨ ਇਹ ਵੀ ਬੈਂਕਾਂ ਵਾਲੇ ਉਦੋਂ ਤਕ ਕਰਜ਼ਾ ਨਹੀਂ ਦਿੰਦੇ ਜਦੋਂ ਤਕ ਕਿ ਉਨ੍ਹਾਂ ਕੋਲੋਂ ਮਾਲਕੀ ਦੇ ਹੱਕ ਨਾ ਹੋਣ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਜ਼ਮੀਨਾਂ ਦੇ ਮਾਲਕੀ ਦੇ ਹੱਕ ਜ਼ਰੂਰ ਦਿੱਤੇ ਜਾਣੇ ਚਾਹੀਦੇ ਹਨ (ਘੰਟੀ)

ਇਕ ਗਲ ਮੈਂ, ਡਿਪਟੀ ਸਪੀਕਰ ਸਾਹਿਬ, ਸਕੂਲਾਂ ਦੇ ਬਾਰੇ ਜ਼ਰੂਰ ਕਹਿੰਦਾ ਹਾਂ ਕਿ ਅੱਜ ਬਹੁਤ ਸਾਰੇ ਟੀਚਰ ਬੇਰੁਜ਼ਗਾਰ ਫਿਰ ਰਹੇ ਹਨ ਪਰ ਦੂਜੇ ਪਾਸੇ ਕਈ ਸਕੂਲ ਖਾਲੀ ਪਏ ਹਨ। 100-100 ਬੱਚਿਆਂ ਪਿਛੇ ਇੱਕ ਇੱਕ ਟੀਚਰ ਹੈ ਔਰ ਕਈ ਸਕੂਲ ਤਾਂ ਖਾਲੀ ਪਏ ਹਨ। (ਘੰਟੀ) ਇਸ ਨਾਲ ਉਨ੍ਹਾਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਇਮਤਿਹਾਨਾਂ ਦੇ ਦਿਨ ਹਨ। ਜਿਥੇ ਟੀਚਰ ਨਹੀਂ ਹਨ ਉਥੇ ਜਲਦੀ ਲਗਾਏ ਜਾਣੇ ਚਾਹੀਦੇ ਹਨ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ): ਮੈਂ ਇਸ ਹਾਊਸ ਵਿਚ ਟਾਈਮ ਜਿਸ ਤਰੀਕੇ ਨਾਲ ਦਿਤਾ ਹੈ ਉਸ ਤੇ ਬਹੁਤ ਅਫਸੋਸ ਕਰਦਾ ਹਾਂ। ਇਸ ਸਬੰਧ ਵਿਚ ਆਲ ਇੰਡੀਆ ਪਾਰਟੀ ਦਾ ਇਕ ਵਿਊ ਹੈ ਜੋ ਮੈਂ ਪੇਸ਼ ਕਰਨਾ ਹੈ। ਪਰ 3 ਮਿੰਟ ਹੀ ਦੇਣੇ ਹਨ ਤਾਂ ਉਹ ਤਾਂ ਸਿਰਫ ਇਕ ਫਤਹਿ

ਬੁਲਾਉਣ ਵਾਲੀ ਗਲ ਹੈ। ਗਲ ਤਾਂ ਇਸ ਬੱਜਟ ਤੇ ਕਰਨੀ ਹੈ ਜਿਹੜਾ ਕਿ ਇਥੇ ਸਰਦਾਰ ਬਲਵੰਤ ਸਿੰਘ ਨੇ ਪੇਸ਼ ਕੀਤਾ ਹੈ। ਇਸ ਸਬੰਧ ਵਿਚ ਇਹ ਕਹਿਣਾ ਕਿ ਇਸ ਵਿਚ ਕੋਈ ਗੁਨਾਹ ਨਹੀਂ ਕਿ ਹਾਇਰ ਪਰਚੇਜ਼ ਤੇ ਟੈਕਸ ਲਗਾਇਆ ਜਾਵੇ। ਮੈਂ ਤਾਂ ਸਮਝਦਾ ਹਾਂ ਕਿ ਜੇ ਕੋਈ ਪਿਰਚ ਪਿਆਲੀਆਂ ਵਾਲਾ 50 ਵਾਰੀ ਗਲਾਸ ਕਰਾਏ ਤੇ ਦਿੰਦਾ ਹੈ ਤਾਂ ਉਹ 50 ਵਾਰੀ ਦਾ ਹਿਸਾਬ ਰਖੇਗਾ ਔਰ ਉਸ ਤੇ ਟੈਕਸ ਦੇਵੇਗਾ। ਇਹ ਕੋਈ ਟੈਕਸ ਲਾਉਣ ਦਾ ਤਰੀਕਾ ਰੈਸ਼ਨੇਲਾਈਜ਼ ਨਹੀਂ। ਇਹ ਤਾਂ ਇਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੈ ਕਿ ਕੋਈ ਵਰਗ ਅਜਿਹਾ ਰਹਿ ਨਾ ਜਾਏ ਜਿਹੜਾ ਬੁਰੀ ਤਰ੍ਹਾਂ ਟੈਕਸਾਂ ਦੀ ਮੁਸੀਬਤ ਵਿਚ ਨਾ ਪਾ ਦਿੱਤਾ ਜਾਵੇ। ਇਸ ਨੂੰ ਜੇ ਹਟਾ ਦਿਤਾ ਜਾਏ ਤਾਂ ਸਿਰਫ ਇਹ ਇਨਸਾਫ ਵਾਲੀ ਗਲ ਹੀ ਨਹੀਂ ਹੋਵੇਗੀ ਬਲਕਿ ਇਕ ਹਕੀਕਤ ਵਾਲੀ ਗਲ ਹੋਵੇਗੀ। ਇਸ ਨਾਲ ਤਾਂ ਹੋਰ ਕੁਝ ਨਹੀਂ ਹੋਵੇਗਾ ਬਲਕਿ ਕੁਰੱਪਸ਼ਨ ਹੀ ਵਧੇਗੀ ਜਿਸ ਦਾ ਮੁਕਾਬਲਾ ਨਹੀਂ ਕੀਤਾ ਜਾ ਸਕੇਗਾ। ਇਥੇ ਜਿਹੜੀ ਸਿਆਸੀ ਬਹਿਸ ਹੋਈ ਹੈ ਉਸ ਵਿਚ ਮੈਂ ਉਲਝਣਾ ਨਹੀਂ ਚਾਹੁੰਦਾ ਇਹ ਮੈਂ ਸ਼ੁਰੂ ਵਿਚ ਹੀ ਸਾਫ ਕਰ ਦੇਣਾ ਚਾਹੁੰਦਾ ਹਾਂ। ਸੀਵਰੇਜ ਦੇ ਬਾਰੇ ਜਿਹੜਾ ਅਜੇ ਕਈ ਵਾਰ ਸ਼ੋਰ ਪਾਇਆ ਹੈ ਉਸ ਨਾਲ ਜਿਹੜੀ ਹੁਣ ਸੀਵਰੇਜ਼ ਵਿਚ ਥੋੜ੍ਹੀ ਜਿਹੀ ਰਿਆਇਤ ਦਿਤੀ ਹੈ ਇਹ ਬੜੀ ਨਾਮੀਨਲ ਹੈ। ਮੈਂ ਸਮਝਦਾ ਹਾਂ ਕਿ ਇਹ ਲੋਅ ਇਨਕਮ ਵਾਲਿਆਂ ਦੇ ਕਰਜ਼ੇ ਬਿਲਕੁਲ ਹੀ ਮੁਆਫ ਕਰ ਦੇਣੇ ਚਾਹੀਦੇ ਹਨ। ਕਰਜ਼ੇ ਦੀ ਰਕਮ ਗੌਰਮਿੰਟ ਨੂੰ ਮਿਉਂਸਪਲ ਕਮੇਟੀਆਂ ਤੇ ਮਿਉਂਸਪਲ ਕਾਰਪੋਰੇਸ਼ਨਾਂ ਨੂੰ ਦੇਣੀ ਚਾਹੀਦੀ ਹੈ- ਜਿਸ ਤਰ੍ਹਾਂ ਕਿ ਖਾਲੇ ਪੱਕੇ ਕਰਨ ਦੇ ਕਰਜ਼ੇ ਗੌਰਮਿੰਟ ਨੇ ਮੁਆਫ ਕੀਤੇ ਹਨ। ਜੇ ਇਸ ਤਰ੍ਹਾਂ ਨਾ ਕੀਤਾ ਗਿਆ ਤਾਂ ਦਿਹਾਤੀਆਂ ਅਤੇ ਸ਼ਹਿਰੀਆਂ ਵਿਚ ਫਰਕ ਰਖਿਆ ਜਾਵੇਗਾ। ਇਹ ਵਿਤਕਰੇ ਵਾਲੀ ਗਲ ਹੋਵੇਗੀ ਜੇ ਇਹ ਵਿਤਕਰਾ ਖਤਮ ਕਰਨਾ ਹੈ ਤਾਂ ਜਿਹੜਾ ਸੀਵਰੇਜ ਟੈਕਸ ਹੈ ਇਹ ਪਰ ਸੀਟ ਲਾਓ ਪਾਣੀ ਦੇ ਨਾਲ ਇਸ ਨੂੰ ਨਾ ਜੋੜੋ। ਮਿਸਾਲਾਂ ਤਾਂ ਬਹੁਤ ਇਸ ਤੇ ਆ ਸਕਦੀਆ ਹਨ ਪਰ 3 ਮਿੰਟਾਂ ਵਾਲੀ ਤਲਵਾਰ ਸਿਰ ਤੇ ਹੈ। ਇਸ ਤੋਂ ਬਾਦ ਸੇਲਜ਼ ਟੈਕਸ ਦੇ ਢਾਂਚੇ ਨੂੰ ਪ੍ਰੋਗਰੈਸਿਵ ਬਣਾਉਣ ਵਾਸਤੇ ਇਕ ਕਮੇਟੀ ਬਣਾਉਣੀ ਚਾਹੀਦੀ ਹੈ। ਔਰ ਸੇਲਜ਼ ਟੈਕਸ ਸੋਰਸ ਤੇ ਜਿਸ ਤਰ੍ਹਾਂ ਲਗਾਇਆ ਜਾ ਸਕਦਾ ਹੈ। ਇਸ ਦੇ ਬਾਰੇ ਕੁਝ ਗੱਲਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਵੇਂ ਟਿੰਬਰ ਦਾ। ਇਸ ਨੂੰ ਕਿਸੇ ਕਮੇਟੀ ਦੇ ਸਪੁਰਦ ਕਰ ਦਿੱਤਾ ਜਾਵੇ। ਅਗਲੀ ਗੱਲ ਹਾਇਰ ਪਰਚੇਜ਼ ਦੀ ਨਵੀਂ ਕਹਾਣੀ ਇਥੇ ਬਜਟ ਵਿਚ ਪਾਈ ਗਈ ਹੈ। ਇਹ ਵਾਪਸ ਲੈਣਾ ਚਾਹੀਦਾ ਹੈ। ਹੋਟਲਾਂ ਵਿਚ ਖਾਨੇ ਤੇ ਟੈਕਸ ਲਿਆ ਜਾਂਦਾ ਹੈ ਜਦ ਕਿ ਢਾਬਿਆਂ ਵਿਚ ਖਾਨੇ ਉਤੇ ਟੈਕਸ ਨਹੀਂ ਲਗਦਾ ਹੈ। ਇਹ ਵਿਤਕਰਾ ਖਤਮ ਕਰ ਦੇਣਾ ਚਾਹੀਦਾ ਹੈ। ਸ਼ਡਿਊਲਡ ਕਾਸਟ ਨੂੰ 5 ਹਜ਼ਾਰ ਰੁਪਏ ਦਾ ਕਰਜ਼ਾ ਮੁਆਫ ਕਰਨ ਦੀ ਗੱਲ ਅਕਾਲੀ ਪਾਰਟੀ ਦੇ ਮੈਨੀਫੈਸਟੋ ਵਿੱਚ ਕੀਤੀ ਗਈ ਸੀ ਪਰ ਉਸ ਤੇ ਅਜੇ ਤਕ ਅਮਲ ਨਹੀਂ ਹੋਇਆ। ਸ਼ਡਿਊਲਡ ਟਰਾਈਬਜ਼ ਦਾ ਇਥੇ ਜ਼ਿਕਰ ਕੀਤਾ ਗਿਆ ਹੈ ਉਸ ਦੀ ਵੀ ਮੈਂ ਤਾਈਦ ਕਰਦਾ ਹਾਂ। ਪ੍ਰਾਈਵੇਟ ਸਕੂਲਾਂ ਅਤੇ ਕਾਲਜਾਂ ਬਾਰੇ ਇਥੇ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਨੂੰ ਹੋਰ ਸਟਾਫ ਦੇਣ ਵਾਸਤੇ ਇਕ ਨਵਾਂ ਸਰਵੇ ਕਰਵਾਇਆ ਜਾਵੇ ਟੀਚਰਾਂ ਦੀ ਸਟਰੈਂਥ ਦੇ ਮੁਤਾਬਿਕ 95 ਪ੍ਰਤੀਸ਼ਤ ਗਰਾਂਟਸ ਦਿੱਤੀਆਂ ਜਾਣ। ਔਰ ਉਨ੍ਹਾਂ ਨੂੰ ਹੋਰ ਸਟਾਫ ਦੇ ਕੇ ਉਨ੍ਹਾਂ ਨੂੰ ਤਨਖਾਹਾਂ ਦਿੱਤੀਆਂ ਜਾਣੀਆਂ ਚਾਹਦੀਆਂ ਹਨ ਅਤੇ ਜਿੰਨੇ ਵੀ ਏਡਿਡ ਸਕੂਲਜ਼ ਅਤੇ ਕਾਲਿਜਜ਼ ਹਨ ਉਨ੍ਹਾਂ ਨੂੰ ਰੈਸ਼ਨੇਲਾਈਜ਼ ਕਰਨ ਲਈ ਦੋ ਕਮੇਟੀਆਂ ਬਣੀਆਂ ਸਨ ਅਤੇ ਦੋਨਾਂ ਦੀਆਂ ਰਿਪੋਰਟਾਂ ਸਰਕਾਰ ਕੋਲ ਹਨ। ਇਕ ਸਰਦਾਰ ਹਰਦਿਆਲ ਸਿੰਘ ਕਮੇਟੀ ਦੀ ਰਿਪੋਰਟ ਹੈ ਅਤੇ ਦੂਜੀ ਬੀਬੀ ਊਸ਼ਾ ਵੋਹਰਾ ਕਮੇਟੀ ਦੀ ਰਿਪੋਰਟ ਹੈ। ਜਿਹੜੀ ਊਸ਼ਾ ਵੋਹਰਾ ਕਮੇਟੀ ਦੀ ਰਿਪੋਰਟ ਹੈ ਉਹ ਤਾਲੀਮ ਦੇ ਵਾਸਤੇ ਬੜੀ ਖਤਰਨਾਕ ਸਾਬਤ ਹੋ ਸਕਦੀ ਹੈ ਅਤੇ ਇਸ ਦੇ ਨਾਲ ਤਾਲੀਮ ਵਿਚ ਨੁਕਸਾਨ ਹੋਵੇਗਾ।

[ਸਰਦਾਰ ਕਿਰਪਾਲ ਸਿੰਘ]

ਇਸ ਲਈ ਸਰਕਾਰ ਨੂੰ ਸਰਦਾਰ ਹਰਦਿਆਲ ਸਿੰਘ ਕਮੇਟੀ ਦੀ ਰਿਪੋਰਟ ਨੂੰ ਮੰਨ ਲੈਣਾ ਚਾਹੀਦਾ ਹੈ। ਇਹ ਠੀਕ ਹੈ। ਇਸੇ ਤਰ੍ਹਾਂ ਇੰਡਸਟਰੀ ਨੂੰ ਇਨਸੈਂਟਿਵ ਦਿਤੇ ਗਏ ਹਨ। ਬੜੀ ਅਜੀਬ ਗੱਲ ਹੈ ਕਿ ਸਰਕਾਰ ਨੇ 10 ਪ੍ਰਤੀਸ਼ਤ ਇਨਸੈਂਟਿਵ 1987 ਤੋਂ ਦਿੱਤਾ ਹੈ ਜਦ ਕਿ ਇਹ ਗੌਰਮਿੰਟ ਆਫ ਇੰਡੀਆ ਨੇ ਆਪਣੀ ਚਿੱਠੀ ਰਾਹੀਂ 1985 ਤੋਂ ਲੋਕਾਂ ਨੂੰ ਦਿੱਤਾ ਸੀ ਅਤੇ ਇਹ ਚਿੱਠੀ ਨੂੰ ਦਬਾਈ ਬੈਠੇ ਰਹੇ। ਇਸ ਲਈ ਇਹ ਲੋਕਾਂ ਨੂੰ 1985 ਤੋਂ ਮਿਲਣਾ ਚਾਹੀਦਾ ਹੈ। ਅਗਲੀ ਗੱਲ ਐਸ. ਟੀ. 22 ਦੇ ਬਾਰੇ ਹੈ। ਇਹ ਹਕੀਕਤ ਹੈ ਕਿ ਜਿਸ ਤਰ੍ਹਾਂ ਇਥੇ ਡੀਮਾਂਡ ਕੀਤੀ ਗਈ ਹੈ ਇਸ ਨੂੰ ਮੰਨ ਲੈਣਾ ਚਾਹੀਦਾ ਹੈ। ਅੰਮ੍ਰਿਤਸਰ ਸ਼ਹਿਰ ਨੂੰ ਗੇਟ ਆਫ ਇੰਡੀਆ ਕਿਹਾ ਜਾਂਦਾ ਹੈ ਅਤੇ ਇਸ ਦਾ ਕਈ ਵਾਰ ਮੈਂ ਜ਼ਿਕਰ ਕਰ ਚੁੱਕਾ ਹਾਂ। ਅਕਾਲੀ ਸਰਕਾਰ ਅੰਮ੍ਰਿਤਸਰ ਵਿਚ ਲਗਾਏ ਗਏ ਮੋਰਚਿਆਂ ਦੇ ਨਤੀਜੇ ਦੇ ਤੌਰ ਤੇ ਹੋਂਦ ਵਿਚ ਆਉਂਦੀ ਹੈ। ਅੰਮ੍ਰਿਤਸਰ ਮੋਰਚਿਆਂ ਕਰਕੇ ਉਜੜਦਾ ਹੈ ਅਤੇ ਅਕਾਲੀ ਸਰਕਾਰ ਬਣਦੀ ਹੈ ਅਕਾਲੀ ਸਰਕਾਰ ਦਾ ਇਹ ਇਖਲਾਕੀ ਫਰਜ਼ ਬਣਦਾ ਹੈ ਕਿ ਸਭ ਤੋਂ ਪਹਿਲਾਂ ਅੰਮ੍ਰਿਤਸਰ ਨੂੰ ਵਸਾਏ । ਅੰਮ੍ਰਿਤਸਰ ਦੀ ਇੰਡਸਟਰੀ, ਟਰੇਡ ਤੇ ਜਨ ਜੀਵਨ ਵਿਚ ਤਰੱਕੀ ਹੋਵੇ ਤੇ ਸ਼ਹਿਰ ਦੀ ਖੂਬਸੂਰਤੀ ਵਾਸਤੇ ਸਪੈਸ਼ਲ ਗਰਾਂਟਾਂ ਹਰ ਸਾਲ ਦਿੱਤੀਆਂ ਜਾਇਆ ਕਰਨ। ਹੁਣ ਤਕ 400 ਸਾਲਾਂ ਸਥਾਪਨਾਂ ਦਿਵਸ ਤੇ ਇਕ ਕਰੋੜ ਰੁਪਿਆ ਗਰਾਂਟ ਬਾਦਲ ਸਰਕਾਰ ਨੇ ਦਿੱਤੀ ਸੀ। ਉਸ ਤੋਂ ਬਾਦ ਅਜੇ ਤਕ ਕਿਸੇ ਸਰਕਾਰ ਨੇ ਕੋਈ ਸੁਧ ਨਹੀਂ ਲਈ। ਬਾਰਡਰ ਦਾ ਸ਼ਹਿਰ ਹੋਣ ਕਰਕੇ ਏਸ ਰਸਤੇ ਹਿੰਦੁਸਤਾਨ ਵਿਚ ਆਉਣ ਵਾਲੇ ਹਰ ਆਦਮੀ ਨੇ ਹਿੰਦੁਸਤਾਨ ਦੀ ਤਸਵੀਰ ਇਸ ਸ਼ਹਿਰ ਤੋਂ ਵੇਖਣੀ ਹੈ। ਇਸ ਲਈ ਇਸ ਨੂੰ ਏਨਾ ਖੂਬਸੂਰਤ ਬਣਾਉਣਾ ਚਾਹੀਦਾ ਹੈ ਕਿ ਉਹ ਸਾਰੇ ਸਮੁੱਚੇ ਦੇਸ਼ ਦਾ ਇਕ ਵਧੀਆ ਇੰਪਰੈਸ਼ਨ ਦੇ ਸਕੇ। (ਥੰਪਿੰਗ) ਜਦੋਂ ਕੋਈ ਅੰਮ੍ਰਿਤਸਰ ਸ਼ਹਿਰ ਵਿਚ ਕਦਮ ਰਖੇ ਤਾਂ ਉਸ ਨੂੰ ਪਤਾ ਲਗ ਸਕੇ ਮੈਂ ਗੁਰੂ ਰਾਮਦਾਸ ਦੀ ਨਗਰੀ ਵਿਚ ਆਇਆ ਹਾਂ। ਹਿੰਦੁਸਤਾਨ ਤੋਂ ਵੱਖ ਵੱਖ ਹਿੱਸਿਆਂ ਤੋਂ ਲੋਕ ਆਉਂਦੇ ਹਨ ਅਤੇ ਇਸ ਦੀ ਡਿਵੈਲਪਮੈਂਟ ਵੱਲ ਧਿਆਨ ਦੇਣਾ ਚਾਹੀਦਾ ਹੈ। ਇਹ ਅੰਮ੍ਰਿਤਸਰ ਦਾ ਜਿਹੜਾ ਅਕਾਲ ਤਖਤ ਹੈ, ਇਹ ਮਹਾਨ ਹੈ ਅਤੇ ਇਸ ਦਾ ਕਿਸੇ ਨਾਲ ਕੋਈ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਪਰ ਇਹ ਦਿੱਲੀ ਦੇ ਤਖਤ ਦੀਆਂ ਗੱਲਾਂ ਕਰਦੇ ਹਨ। ਅੰਮ੍ਰਿਤਸਰ ਸ਼ਹਿਰ ਵਿਚ ਬਿਜਲੀ ਦੀ ਬੜੀ ਕਮੀ ਹੈ ਅਤੇ ਬਿਜਲੀ ਬੋਰਡ ਇਕ ਡਾਕੂ ਬਣਿਆ ਹੋਇਆ ਹੈ, ਉਹ ਸ਼ਹਿਰ ਨੂੰ ਠੀਕ ਢੰਗ ਨਾਲ ਤੇ ਲੋੜ ਅਨੁਸਾਰ ਬਿਜਲੀ ਸਪਲਾਈ ਨਹੀਂ ਕਰ ਰਿਹਾ ਔਰ ਇਹ ਹੀ ਕਾਰਨ ਹੈ ਕਿ ਪਰਵਾਸੀ ਪਰਿਵਾਰਾਂ ਨੂੰ ਵੀ ਬਿਜਲੀ ਦੇ ਕੁਨੈਕਸ਼ਨ ਹਾਲੇ ਤਕ ਨਹੀਂ ਦਿੱਤੇ ਗਏ। ਉਨ੍ਹਾਂ ਨੂੰ ਮਕਾਨ ਅਤੇ ਪਲਾਟ ਦੇਣ ਦਾ ਰੌਲਾ ਰੋਜ਼ ਪੈਂਦਾ ਹੈ ਪਰ ਇਸ ਦੀ ਹਕੀਕਤ ਕੁਝ ਹੋਰ ਹੈ। ਲੁਧਿਆਣਾ ਅਤੇ ਸਾਹਿਬ-ਜ਼ਾਦਾ ਅਜੀਤ ਸਿੰਘ ਨਗਰ ਵਿਚ ਪਿਛੇ ਇਕ ਲਾਟਰੀ ਕੱਢੀ ਗਈ ਸੀ ਜਿਸ ਵਿਚ ਸਿਰਫ 4 ਪਲਾਟ ਪਰਵਾਸੀ ਪਰਿਵਾਰਾਂ ਨੂੰ ਦਿੱਤੇ ਗਏ ਸਨ ਲੇਕਿਨ ਇਹ ਦਾਅਵਾ ਜ਼ਿਆਦਾ ਕਰਦੇ ਹਨ ਪਰ ਹਕੀਕਤ ਵਿਚ ਕੁਝ ਨਹੀਂ ਹੈ। ਇਸ ਦੇ ਵਿਚ ਜਿਹੜੇ ਪਰਿਵਾਰ ਰਜਿਸਟਰ ਹੋਣੋਂ ਰਹਿ ਗਏ ਹਨ ਉਨ੍ਹਾਂ ਜੈਨੂਅਨ ਪਰਿਵਾਰਾਂ ਦੇ ਕਾਰਡ ਬਣਾ ਦਿਤੇ ਜਾਣ ਅਤੇ ਉਨ੍ਹਾਂ ਨੂੰ ਬਿਜਲੀ ਦੇ ਕੁਨੈਕਸ਼ਨ ਦਿੱਤੇ ਜਾਣ। ਪਰਵਾਸੀ ਪਰਿਵਾਰਾਂ ਨੂੰ ਬਿਜਲੀ ਦੇ ਕੁਨੈਕਸ਼ਨਾਂ ਦਾ ਜ਼ਿਕਰ ਤਾਂ ਬੜੀ ਵਾਰੀ ਆਇਆ ਹੈ ਪਰ ਉਸ ਤੇ ਅਮਲ ਨਹੀਂ ਹੋਇਆ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਬਿਜਲੀ ਦੇ ਕੁਨੈਕਸ਼ਨ ਹਾਲੇ ਤਕ ਨਹੀਂ ਦਿੱਤੇ ਗਏ। ਔਰ ਜਿਹੜੀ ਕਰਜ਼ੇ ਦੀ ਲਿਮਿਟ ਮੁਕੱਰਰ ਕੀਤੀ ਗਈ ਹੈ ਇਹ ਵਧਾਉਣੀ ਚਾਹੀਦੀ ਹੈ। ਸਮਾਲ ਸਕੇਲ ਇੰਡਸਟਰੀ ਵਿਚ ਜਿਹੜੇ ਯੂਨਿਟ ਰਜਿਸਟਰ ਹੋ ਚੁੱਕੇ ਹਨ, ਲੁਧਿਆਣਾ ਅਤੇ ਸਾਹਿਬ-ਜ਼ਾਦਾ ਅਜੀਤ ਸਿੰਘ ਨਗਰ ਵਿਚ ਇਨ੍ਹਾਂ ਯੂਨਿਟਾਂ ਨੂੰ ਪੈਰੀਫੇਰੀ ਏਰੀਆ ਐਕਟ ਵਿਚੋਂ ਬਾਹਰ ਕੱਢਿਆ ਜਾਵੇ। ਬਾਕੀ ਜਿਹੜੀ ਵਜ਼ੀਰਾਂ ਦੇ ਬਾਡੀ ਗਾਰਡਾਂ ਬਾਰੇ ਜ਼ਿਕਰ ਕੀਤਾ ਗਿਆ ਹੈ ਉਸ ਦੀ ਮੈਂ

ਤਾਈਦ ਕਰਦਾ ਹਾਂ। ਸਾਰੇ ਹੀ ਬਾਡੀ ਗਾਰਡਾਂ ਨੂੰ ਇਕੋ ਜਿਹੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਕਿਉਂਕਿ ਸਭ ਦੀ ਡਿਊਟੀ ਦੀ ਨੇਚਰ ਇਕੋ ਹੀ ਹੈ। ਪਿਛਲੇ ਅਸੰਬਲੀ ਸੈਸ਼ਨ ਵਿਚ ਦਸਿਆ ਗਿਆ ਸੀ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਫੇਜ਼ ਨੰ: 6 ਦੇ ਇੰਡਸਟਰੀਲਿਸਟਾਂ ਤੋਂ ਇਲਾਵਾ ਇਨ੍ਹਾਂ ਪਲਾਟਾਂ ਦੀ ਕੀਮਤ ਮੁਕੱਰਰ ਕਰਕੇ ਦੋ ਮਹੀਨੇ ਵਿਚ ਦਸ ਦਿੱਤੀ ਜਾਵੇਗੀ। ਜਿਸ ਤੇ ਅਜੇ ਤਕ ਕੋਈ ਕਾਬਲੇ ਜ਼ਿਕਰ ਕਾਰਵਾਈ ਨਹੀਂ ਹੋਈ। ਬੜੇ ਅਫਸੋਸ ਦੀ ਗੱਲ ਹੈ ਕਿ ਕਈ ਸਾਲ ਗੁਜ਼ਰ ਜਾਣ ਦੇ ਬਾਦ ਵੀ ਪਲਾਟਾਂ ਦੀ ਕੀਮਤ ਇੰਡਸਟਰੀ ਬਣਾਉਣ ਵਾਲਿਆਂ ਨੂੰ ਨਾ ਦੱਸੀ ਜਾਵੇ ਜਦੋਂ ਕਿ ਉਹ ਲੱਖਾਂ ਰੁਪਏ ਇਮਾਰਤਾਂ ਤੇ ਲਗਾ ਚੁਕੇ ਹਨ। ਇਹ ਆਸ਼ਵਾਸ਼ਨ ਹਾਲੇ ਤਕ ਸਰਕਾਰ ਨੇ ਪੂਰਾ ਨਹੀਂ ਕੀਤਾ ਹੈ ਜਿਹੜਾ ਇੰਡਸਟਰੀ ਮਨਿਸਟਰ ਨੇ ਹਾਊਸ ਵਿਚ ਦਿੱਤਾ ਸੀ।

ਏਸ ਹਾਊਸ ਵਿਚ ਸੜਕਾਂ ਦੀ ਖਸਤਾ ਹਾਲਤ ਦਾ ਜ਼ਿਕਰ ਹਰ ਤਰਫ ਤੋਂ ਬੜੇ ਜ਼ੋਰ ਸ਼ੋਰ ਨਾਲ ਕੀਤਾ ਗਿਆ ਹੈ। ਸਰਕਾਰੀ ਨਿਗਰਾਨੀ ਵਿਚ ਬਣਾਈਆਂ ਇਮਾਰਤਾਂ ਭਾਵੇਂ ਉਹ ਹਾਊਸਿੰਗ ਬੋਰਡ ਦੀਆਂ ਹੋਣ, ਜਾਂ ਕਿਸੇ ਹੋਰ ਸੰਸਥਾ ਦੀਆਂ ਜਾਂ ਪੀ. ਡਬਲਿਯੂ. ਡੀ. ਦੀ ਨਿਗਰਾਨੀ ਵਿਚ ਬਣਾਈਆਂ ਹੋਣ ਉਨ੍ਹਾਂ ਦੇ ਵਿਚ ਘਟੀਆ ਮੈਟੀਰੀਅਲ ਤੇ ਘਟੀਆ ਵਰਕਮੈਨਸ਼ਿਪ ਦਾ ਜ਼ਿਕਰ ਇਸ ਹਾਊਸ ਵਿਚ ਆਮ ਤੌਰ ਤੇ ਵੱਧ ਰਿਹਾ ਹੈ। ਮੇਰੇ ਖਿਆਲ ਵਿਚ ਕੁਆਲਿਟੀ ਕੰਟਰੋਲ ਵਾਸਤੇ ਰਿਸਰਚ ਦਾ ਬਣਾਇਆ ਹੋਇਆ ਮਹਿਕਮਾ ਅਗਰ ਇੰਡੀਪੈਂਡੈਂਟਲੀ ਵਰਕ ਕਰੇ ਤਾਂ ਇਨ੍ਹਾਂ ਖਾਮੀਆਂ ਨੂੰ ਪੁਆਇੰਟ ਆਊਟ ਕਰ ਸਕਦਾ ਹੈ। ਇਹ ਮਹਿਕਮਾ ਡਾਕਟਰ ਉਪਲ ਦੀ ਨਿਗਰਾਨੀ ਵਿਚ ਬਣਾਇਆ ਵੀ ਸੀ ਪਰ ਹੁਣ ਏਸ ਮਹਿਕਮੇਂ ਦੇ ਰਿਸਰਚ ਅਸਿਸਟੈਂਟ ਆਪਣੇ ਮਹਿਕਮੇਂ ਨੂੰ ਜਵਾਬ ਦੇਹ ਨਾ ਹੋ ਕੇ ਕਨਸਟਰਕਸ਼ਨ ਕਰਨ ਵਾਲੇ ਐਕਸ. ਈ. ਐਨ. ਦੇ ਮਾਤਹਿਤ ਕੰਮ ਕਰਦੇ ਹਨ। ਜ਼ਾਹਿਰ ਹੈ ਕਿ ਮਹਿਕਮਾ ਆਪਣੇ ਅਫਸਰ ਦੀ ਕੋਈ ਖਾਮੀ ਪੁਆਇੰਟ ਆਊਟ ਨਹੀਂ ਕਰ ਸਕਦਾ। ਇਸ ਵਾਸਤੇ ਮੇਰੀ ਤਜਵੀਜ਼ ਹੈ ਕਿ ਇਹ ਰਿਸਰਚ ਦਾ ਮਹਿਕਮਾ ਇੰਡੀਪੈਂਡੈਂਟ ਕਰ ਦਿਤਾ ਜਾਵੇ ਤੇ ਸਾਰੀਆਂ ਸੜਕਾਂ ਤੇ ਬਿਲਡਿੰਗਾਂ ਦੀ ਕੰਸਟਰਕਸ਼ਨ ਵਾਲੀਆਂ ਏਜੰਸੀਆਂ ਭਾਵੇਂ ਉਹ ਬੋਰਡ ਹੋਣ ਜਾਂ ਪੀ. ਡਬਲਿਯੂ ਡੀ. ਸਾਰਿਆਂ ਉਤੇ ਕੁਆਲਿਟੀ ਕੰਟਰੋਲ ਦੇ ਇਖਤਿਆਰ ਰਿਸਰਚ ਦੇ ਮਹਿਕਮੇਂ ਨੂੰ ਹਾਸਲ ਹੋਣ। ਇਸ ਦੇ ਨਾਲ ਬੜੀ ਭਾਰੀ ਇੰਪਰੂਵਮੈਂਟ ਹੋ ਸਕਦੀ ਹੈ। ਐਸੀਆਂ ਰਿਸਰਚ ਲਿਬਾਰਟਰੀਆਂ ਹਰ ਡਿਸਟਿਰਕਟ ਵਿਚ ਬਣਨੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਐਜੂਕੇਸ਼ਨ ਡਿਪਾਰਟਮੈਂਟ ਬਾਰੇ ਕਹਿਣਾ ਚਾਹੁੰਦਾ ਹਾਂ। (ਘੰਟੀ) ਮੈਂ ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੀ ਮੱਦ ਉਤੇ ਵੀ ਬੋਲਾਂਗਾ। ਜਿਹੜੀਆਂ ਗੱਲਾਂ ਹੋਈਆਂ ਹਨ, ਉਨ੍ਹਾਂ ਦਾ ਕਿਤੇ ਨਾ ਕਿਤੇ ਜ਼ਿਕਰ ਵੀ ਆਉਂਦਾ ਰਿਹਾ ਹੈ। ਸ੍ਰੀ ਪ੍ਰੇਮ ਗੁਪਤਾ ਜੀ ਨੇ ਤਕਰੀਰ ਕਰਦਿਆਂ ਕਿਹਾ ਸੀ ਕਿ ਪਤਾ ਨਹੀਂ ਕਿ ਚੰਦਰ ਸ਼ੇਖਰ ਨੂੰ ਕੀ ਹੋ ਗਿਆ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪ੍ਰੇਮ ਗੁਪਤਾ ਜੀ ਨੇ ਆਪ ਮੰਨਿਆ ਹੈ ਕਿ ਉਹ ਮਹਾਰਾਜਿਆਂ ਦੀ ਝੋਲੀ ਚੁਕਦੇ ਰਹੇ ਹਨ। ਏਹੋ ਜਿਹਾ ਸਖਸ਼ ਇੱਕ ਆਜ਼ਾਦ ਮਨੁਸ਼, ਇਨਸਾਨ ਤੇ ਨੁਕਤਾਚੀਨੀ ਕਰੇ ਇਹ ਬੜੀ ਅਜੀਬ ਗੱਲ ਲਗਦੀ ਹੈ। ਦੋਹਾਂ ਦੇ ਰਸਤੇ ਬਿਲਕੁਲ ਮੁਖਤਲਿਫ ਹਨ। ਸ੍ਰੀ ਚੰਦਰ ਸ਼ੇਖਰ ਜੀ ਜੋ ਅੱਜ ਦੇ ਭਾਰਤ ਦਾ ਫਖਰ ਹਨ, ਹੀਰੋ ਹਨ, ਤੇ ਜਿਨ੍ਹਾਂ ਨੇ ਐਮਰਜੈਂਸੀ ਦੇ ਖਿਲਾਫ ਬੜੀ ਸ਼ਾਨਦਾਰ ਰਹਿਨੁਮਾਈ ਆਜ਼ਾਦੀ ਦੇ ਭਗਤਾਂ ਦੀ ਕੀਤੀ ਉਨ੍ਹਾਂ ਤੇ ਗੁਪਤਾ ਜੀ ਵਰਗੇ ਖਾਨਦਾਨੀ ਗੁਲਾਮ ਇਤਰਾਜ਼ ਕਰਨ ਇਹ ਕੁਝ ਇਸ ਤਰ੍ਹਾਂ ਦੀ ਗੱਲ ਹੈ—

"ਨਮਾਏ ਬੁਲਬੁਲੇ ਖੰਦਾ ਫਿਸ਼ਾ ਕੋ, ਉਹ ਜ਼ਾਗ ਕਿਆ ਜਾਨੇ,
ਅਰੂਜ਼ੇ ਮੇਹਰੇ ਸਪੇਹਰੇ ਬਰੀਂ ਕੋ, ਦਾਗ ਕਿਆ ਜਾਨੇ,
ਵਤਨ ਪ੍ਰਸਤ ਕੇ ਦਿਲ ਔਰ ਦਿਮਾਗ ਕੋ, ਅਖਤਰ ਵਤਨ ਫਿਰੋਸ਼ ਕਾ ਦਿਲ ਔਰ ਦਿਮਾਗ ਕਿਆ ਜਾਨੇ।"

[ਸਰਦਾਰ ਕਿਰਪਾਲ ਸਿੰਘ]

ਇਹ ਪ੍ਰੇਮ ਗੁਪਤਾ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਇਸ ਦੇਸ਼ ਨੂੰ ਆਪਣੇ ਖ਼ੂਨ ਪਸੀਨੇ ਨਾਲ ਸਿੰਜਿਆ ਹੈ ਤੇ ਏਸ ਚਮਨ ਦੀਆਂ ਬਹਾਰਾਂ ਜਿਨ੍ਹਾਂ ਦੇ ਸਦਕੇ ਬਣੀਆਂ ਸਨ, ਸ੍ਰੀ ਚੰਦਰ ਸ਼ੇਖਰ, ਉਨ੍ਹਾਂ ਮਹਾਨ ਵਿਅਕਤੀਆਂ ਦਾ ਜਿਵੇਂ ਕਿ ਅਚਾਰੀਆ ਨਰਿੰਦਰ ਦੇਵ, ਸ੍ਰੀ ਜੈ ਪ੍ਰਕਾਸ਼ ਨਰਾਇਣ, ਡਾਕਟਰ ਲੋਹੀਆ ਅਤੇ ਉਸ ਟੀਮ ਦੇ ਬਾਕੀ ਮਹਾਨ ਲੋਕ ਇਕ ਸਿੰਬਲ ਹਨ। ਉਨ੍ਹਾਂ ਨੂੰ ਸਮਝ ਸਕਣਾ ਪ੍ਰੇਮ ਗੁਪਤਾ ਵਰਗੇ ਝੋਲੀ ਚੁਕਾਂ ਦੇ ਵੱਸ ਦਾ ਰੋਗ ਨਹੀਂ। ਮੈਂ ਅਕਾਲੀ ਸਰਕਾਰ ਨੂੰ ਵੇਲੇ ਵੇਲੇ ਸਿਰ ਇਹ ਚਿਤਾਵਨੀ ਦਿੰਦਾ ਰਿਹਾ ਹਾਂ ਕਿ ਜਿਸ ਕਾਂਗਰਸ ਪਾਰਟੀ ਨਾਲ ਤੁਸੀਂ ਦੋਸਤੀ ਪਾਈ ਹੈ ਉਨ੍ਹਾਂ ਕੋਲੋਂ ਦੁਸ਼ਮਣ ਦਾ ਕਦੇ ਕੁਝ ਵਿਗੜਿਆ ਨਹੀਂ ਤੇ ਦੋਸਤਾਂ ਦਾ ਕਦੇ ਕੁਝ ਰਿਹਾ ਨਹੀਂ। ਅੱਜ ਦੀ ਬਹਿਸ ਵਿਚ ਅਕਾਲ ਤਖਤ ਤੇ ਪਟਿਆਲਾ ਖਾਨਦਾਨ ਦਾ ਜ਼ਿਕਰ ਨਿਹਾਇਤ ਨਾ-ਮੁਨਾਸਿਬ ਢੰਗ ਨਾਲ ਕੀਤਾ ਗਿਆ ਹੈ। ਕਾਂਗਰਸ ਪਾਰਟੀ ਅਕਾਲ ਤਖਤ ਦੀ ਅਥਾਰਟੀ ਨੂੰ ਤਸਲੀਮ ਵੀ ਨਹੀਂ ਕਰਦੀ ਤੇ ਅਕਾਲ ਤਖਤ ਨਾਲ ਬਰਨਾਲਾ ਸਾਹਿਬ ਦੇ ਪੈਦਾ ਹੋਏ ਇਖਤਲਾਫ ਤੋਂ ਬਾਅਦ ਉਹ ਹੀ ਬਰਨਾਲਾ ਸਾਹਿਬ ਜਿਸ ਨੂੰ ਕਾਂਗਰਸ ਪਾਰਟੀ ਕਾਤਲਾਂ ਦੀ, ਲੁਟੇਰਿਆਂ ਦੀ ਤੇ ਡਾਕੂਆਂ ਦੀ ਸਰਕਾਰ ਕਹਿੰਦੀ ਸੀ ਕਾਲੇ ਬਿਲੇ ਲਾ ਕੇ ਤੇ ਕਾਲੇ ਕੋਟ ਪਾ ਕੇ ਹਾਊਸ ਵਿਚ ਆਉਂਦੀ ਸੀ, ਉਹੋ ਹੀ ਅੱਜ ਬਰਨਾਲਾ ਸਾਹਿਬ ਨੂੰ ਨੈਸ਼ਨਲ ਇੰਟੈਗਰੇਸ਼ਨ ਦਾ ਸਭ ਤੋਂ ਵੱਡਾ ਸਿੰਬਲ ਕਹਿ ਰਹੀ ਹੈ। ਕਲ੍ਹ ਕੀ ਕਹੇਗੀ ਮੈਨੂੰ ਇਸ ਦਾ ਕੋਈ ਭੁਲੇਖਾ ਨਹੀਂ। ਮੈਂ ਬਰਨਾਲਾ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦੇ ਥੱਲੇ ਨਾ ਲਗ ਕੇ ਭਰਾਵਾਂ ਦੀ ਮਿੰਨਤ ਕਰ ਲਵੋ ਜੋ ਆਖਿਰਕਾਰ ਕਰਨੀ ਹੀ ਪੈਣੀ ਹੈ ਔਰ ਇਹ ਇਕੱਠ ਹੀ ਸਮੇਂ ਦੇ ਸਾਵਾਲਾਂ ਦਾ ਜਵਾਬ ਹੈ। ਸਰਦਾਰ ਦਲੀਪ ਸਿੰਘ ਪਾਂਧੀ ਸਾਹਿਬ ਨੇ ਤਕਰੀਰ ਕਰਦਿਆਂ ਜਿਹੜੇ ਹਿੰਦੁਸਤਾਨ ਦੇ ਦੁਸ਼ਮਣ ਬਾਰੇ ਮਾਸਟਰ ਤਾਰਾ ਸਿੰਘ ਦਾ ਜ਼ਿਕਰ ਕੀਤਾ। ਇਸ ਨਾਲ ਬਦਨਾਮੀ ਹੋਵੇਗੀ। (ਵਿਘਨ) ਉਹ ਚੁੱਪ ਰਹੇ।

ਸ੍ਰੀ ਡਿਪਟੀ ਸਪੀਕਰ: ਹੁਣ ਤੁਸੀਂ ਆਪਣੀ ਸਪੀਚ ਨੂੰ ਬੰਦ ਕਰੋ।

ਸਰਦਾਰ ਕਿਰਪਾਲ ਸਿੰਘ: ਡਿਪਟੀ ਸਪੀਕਰ ਸਾਹਿਬ, ਤਾਰੀਖ ਵਿਚ ਐਸੇ ਲਫਜ਼ ਸ਼ੋਭਾ ਨਹੀਂ ਦਿੰਦੇ। (ਘੰਟੀ) ਤੁਹਾਡੀ ਘੰਟੀ ਬੜੀ ਜ਼ਾਲਮ ਹੈ। ਇਹ ਘੰਟੀ ਮੇਰਾ ਰਤਾ ਵੀ ਲਿਹਾਜ਼ ਨਹੀਂ ਕਰਦੀ। (ਮਾਈਕ ਬੰਦ) (ਵਿਘਨ) (ਸ਼ੋਰ) ਤੁਸੀਂ ਮੈਨੂੰ ਬੋਲਣ ਲਈ ਟਾਈਮ ਨਹੀਂ ਦੇਣਾ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਡਿਪਟੀ ਸਪੀਕਰ ਸਾਹਿਬ, ਇਹ 3 ਮਿੰਟ ਦੀ ਜਗ੍ਹਾ 9 ਮਿੰਟ ਲੈ ਗਏ ਹਨ।

ਸਰਦਾਰ ਕਿਰਪਾਲ ਸਿੰਘ: ਡਿਪਟੀ ਸਪੀਕਰ ਸਾਹਿਬ, ਮੈਂ ਇਕ ਮਿੰਟ ਵਿਚ ਖਤਮ ਕਰ ਦਿਆਂਗਾ। (ਵਿਘਨ) ਪੰਜਾਬ ਦੇ ਖ਼ਜ਼ਾਨੇ ਤੇ ਸੈਂਟਰਲ ਫੋਰਸਿਜ਼ ਦਾ ਜ਼ੋਰ ਹੈ, ਸੈਂਟਰ ਦੀ ਪਾਲਿਸੀ ਦਾ ਜ਼ੋਰ ਹੈ। ਇਸ ਦੀ ਇਕਾਨਮੀ ਨੂੰ ਬਰਬਾਦ ਕਰਨ ਦੀ ਜ਼ਿੰਮੇਵਾਰੀ ਸੈਂਟਰ ਤੇ ਹੈ। ਉਨ੍ਹਾਂ ਨੂੰ ਇਸ ਦੇ ਵਿਚ ਕੰਟਰੀਬਿਊਟ ਕਰਨਾ ਚਾਹੀਦਾ ਹੈ। ਔਰ ਸੈਂਟਰਲ ਫੋਰਸ ਦੇ ਪੈਸੇ ਸਾਰੇ ਉਨ੍ਹਾਂ ਨੂੰ ਦੇਣੇ ਚਾਹੀਦੇ ਹਨ। ਇਹ 2500 ਕਰੋੜ ਦੀ ਨਵੀਂ ਗੱਲ ਕਰਕੇ ਖਾਹਮਖਾਹ ਇਕ ਫਰੇਬ ਵਿਚ ਫਸਣ ਦੀ ਕੋਸ਼ਿਸ਼ ਕਰ ਰਹੇ ਹਨ ਔਰ ਸੈਂਟਰ ਦੀ ਤਾਰੀਫ ਕਰ ਰਹੇ ਹਨ। ਜਦੋਂ ਇਸ ਦੇ ਵਿਚ ਕੋਈ ਕੰਟਰੀਬਿਊਟ ਕਰਨ ਦੀ ਜ਼ਿੰਮੇਵਾਰੀ ਸੈਂਟਰ ਤੇ ਪਾਈ ਜਾਏ ਉਧਰ ਬੈਠੇ ਦੋਸਤ (ਕਾਂਗਰਸ ਪਾਰਟੀ ਵੱਲ

ਇਸ਼ਾਰਾ) ਜੋ ਹਨ, ਉਹ ਤਾਂ ਝੋਲੀ ਚੁੱਕੀ ਦੀ ਗੱਲ ਕਰਦੇ ਹਨ। ਮੈਂ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਉਨ੍ਹਾਂ ਕੰਮਾਂ ਦਾ ਹਿਸਾਬ ਲਵੋ "ਵੋ ਕਹਮ ਉਂਗਲੀਉਂ ਪੇ ਗਿਨਤੇ ਹੈਂ, ਜ਼ੁਲਮ ਕਾ ਜਿਨਕੇ ਕੁਛ ਹਿਸਾਬ ਨਹੀਂ।"

ਤੁਸੀਂ ਉਨ੍ਹਾਂ ਦੇ ਜ਼ੁਲਮ ਦਾ ਹਿਸਾਬ ਕਰੋ, ਸਾਰੀਆਂ ਲਾਹਨਤਾਂ ਉਨ੍ਹਾਂ ਤੇ ਪੈਂਦੀਆਂ ਹਨ। ਸਾਰੀ ਗੱਲ ਸਰਕਾਰ ਨੂੰ ਸਮਝ ਲੈਣੀ ਚਾਹੀਦੀ ਹੈ। ਇਹ ਖਾਨਦਾਨੀ ਗੁਲਾਮ ਹਨ। ਮੈਂ ਇਨ੍ਹਾਂ ਨੂੰ ਕਹਾਂ ਕਿ ਮੈਂ ਏਥੋਂ ਇਕ ਐਸੀ ਆਵਾਜ਼ ਹਾਂ ਜਿਹੜੀ ਤੁਹਾਡੇ ਸਾਰੇ ਝੂਠ ਨੂੰ ਫਰੇਬ ਨੂੰ, ਤੁਹਾਡੇ ਸਾਰੇ ਜ਼ੁਲਮ ਨੂੰ, ਤੁਹਾਡੀਆਂ ਸਾਰੀਆਂ ਜ਼ਿਆਦਤੀਆਂ ਨੂੰ ਅਤੇ ਮਨੁੱਖਤਾ ਦੇ ਇਨਾਂ ਦੁਸ਼ਮਣਾਂ ਦੇ ਸਾਰੇ ਕਰਮਕਾਂਡ। ਨੂੰ ਨੰਗਾ ਕਰਨ ਦੀ ਜ਼ਿੰਮੇਵਾਰੀ ਇਸ ਮਾਸੂਮ ਇਨਸਾਨ ਤੇ ਪਈ ਹੈ। ਇਹ ਮੈਂ ਪੂਰੀ ਕਰਦਾ ਰਹਾਂਗਾ ਡਿਪਟੀ ਸਪੀਕਰ ਸਾਹਿਬ, ਵਕਤ ਦੀ ਮਜ਼ਬੂਰੀ ਨਾਲ ਮੈਂ ਆਪਣੀ ਗੱਲ ਏਥੇ ਹੀ ਛੱਡਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ **ਬ੍ਰਿਜ ਭੂਸ਼ਨ ਮਹਿਰਾ**: ਡਿਪਟੀ ਸਪੀਕਰ ਸਾਹਿਬ, ਜਦੋਂ ਅਸੀਂ ਬੋਲ ਰਹੇ ਸੀ ਤਾਂ ਤੁਸੀਂ ਕਿਹਾ ਸੀ ਕਿ ਕਾਂਗਰਸ ਪਾਰਟੀ ਦਾ ਟਾਈਮ ਖਤਮ ਹੋ ਗਿਆ ਹੈ। ਅਸੀਂ ਚੈਕ ਅੱਪ ਕੀਤਾ ਹੈ। ਕਾਂਗਰਸ ਪਾਰਟੀ ਦੇ 15 ਮਿੰਟ ਬਾਕੀ ਹਨ ਗਿਣਤੀ ਦੇ ਹਿਸਾਬ ਨਾਲ।

ਸ੍ਰੀ **ਡਿਪਟੀ ਸਪੀਕਰ**: ਸਿਰਫ 4 ਮਿੰਟ ਹੀ ਬਾਕੀ ਹਨ।

ਸ੍ਰੀ **ਬ੍ਰਿਜ ਭੂਸ਼ਨ ਮਹਿਰਾ**: ਨਹੀਂ ਜੀ, 20 ਮਿੰਟ ਹਨ।

ਸ੍ਰੀ ਡਿਪਟੀ ਸਪੀਕਰ: ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਬਹੁਤ ਸਾਰਾ ਟਾਈਮ ਪੁਆਇੰਟ ਆਫ ਆਰਡਰਜ਼ ਵਿੱਚ ਵੇਸਟ ਹੋ ਗਿਆ ਸੀ। ਮੈਂ ਸਾਰੇ ਆਨਰੇਬਲ ਮੈਂਬਰਜ਼ ਨੂੰ ਲੈਣ ਤੋਂ ਪਹਿਲਾਂ ਬੇਨਤੀ ਕਰਦਾ ਹਾਂ ਕਿ ਬਹੁਤ ਸਾਰਾ ਟਾਈਮ ਪੁਆਇੰਟ ਆਫ ਆਰਡਰ ਤੇ ਵੇਸਟ ਕਰ ਦਿਤਾ ਗਿਆ ਹੈ। 40 ਮਿੰਟ ਇਸ ਤੇ ਵੇਸਟ ਹੋ ਚੁਕੇ ਹਨ। ਇਸ ਲਈ ਸਾਰੀਆਂ ਪਾਰਟੀਆਂ ਦਾ ਥੋੜ੍ਹਾ ਥੋੜ੍ਹਾ ਟਾਈਮ ਕੱਟ ਲਿਆ ਗਿਆ ਹੈ। ਕਾਂਗਰਸ ਪਾਰਟੀ ਦੇ 4 ਕੁ ਮਿੰਟ ਬਣਦੇ ਹਨ, ਉਹ ਐਡਜਸਟ ਕਰ ਦਿਆਂਗੇ। ਅਕਾਲੀ ਦਲ ਦਾ ਟਾਈਮ 53 ਮਿੰਟ ਪਿਆ ਹੈ। ਹੁਣ ਸਰਦਾਰ ਜਸਦੇਵ ਸਿੰਘ ਸੰਧੂ ਬੋਲਣਗੇ। (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ (ਘਨੌਰ): ਡਿਪਟੀ ਸਪੀਕਰ ਸਾਹਿਬ, ਪਿਛਲੇ 3 ਦਿਨਾਂ ਤੋਂ ਪੰਜਾਬ ਦੇ ਬਜਟ ਤੇ ਬਹਿਸ ਚਲ ਰਹੀ ਹੈ। ਸਰਦਾਰ ਬਲਵੰਤ ਸਿੰਘ ਹੋਰਾਂ ਨੇ ਬੜੇ ਜ਼ੋਰ ਸ਼ੋਰ ਨਾਲ ਅਖਬਾਰਾਂ ਵਿੱਚ ਵੀ ਅਤੇ ਏਥੇ ਵੀ ਪਰਚਾਰ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪਤਾ ਨਹੀਂ ਉਹ ਇਹ ਬਜਟ ਪੇਸ਼ ਕਰਕੇ ਕੀ ਨਵਾਂ ਇਨਕਲਾਬ ਲਿਆ ਰਹੇ ਹਨ। ਇਹ ਬਜਟ ਇਕ ਡਾਇਰੈਕਸ਼ਨ-ਲੈਸ, ਡੈਪਥ-ਲੈਸ ਅਤੇ ਰੁਟੀਨ ਦਾ ਬਜਟ ਹੈ। ਇਸ ਵਿਚ ਕੋਈ ਨਵੀਂ ਗੱਲ ਨਹੀਂ। ਜਿਹੜੇ ਪਿਛਲੇ ਸਾਲਾਂ ਵਿੱਚ ਬਜਟ ਪੇਸ਼ ਕੀਤੇ ਗਏ ਹਨ, ਇਹ ਵੀ ਉਸੇ ਤਰ੍ਹਾਂ ਦਾ ਹੈ। 1–2 ਗੱਲਾਂ ਜ਼ਰੂਰ ਨਵੀਆਂ ਕੀਤੀਆਂ ਹਨ ਕਿ ਅਕਾਲੀ ਸਰਕਾਰ ਜਦੋਂ ਦੀ ਪੰਜਾਬ ਵਿੱਚ ਬਣੀ, ਹਮੇਸ਼ਾ ਦਾਅਵਾ ਕਰਦੀ ਹੁੰਦੀ ਸੀ ਕਿ ਪੇਂਡੂਆਂ ਨੂੰ, ਕਿਸਾਨਾਂ ਨੂੰ ਅਤੇ ਖੇਤੀਬਾੜੀ ਦਾ ਜਿਹੜਾ ਕੰਮ ਕਰਨ ਵਾਲਿਆਂ ਨੂੰ ਬੜ੍ਹਾਵਾ ਦਿਆਂਗੇ, ਉਸ ਦੀ ਤਰੱਕੀ ਕਰਾਂਗੇ, ਇਸ ਪਾਸੇ ਖਾਸ ਧਿਆਨ ਦੇਵਾਂਗੇ। ਪਰ ਜਿਹੜਾ

[ਸਰਦਾਰ ਜਸਦੇਵ ਸਿੰਘ ਸੰਧੂ]

ਇਸ ਸਾਲ ਬਜਟ ਪੇਸ਼ ਕੀਤਾ ਗਿਆ ਹੈ, ਉਸ ਨੂੰ ਪੜ੍ਹ ਕੇ ਮੈਨੂੰ ਬੜਾ ਅਫਸੋਸ ਹੁੰਦਾ ਹੈ ਕਿ ਜੋ ਖੇਤੀਬਾੜੀ ਦਾ ਸੈਕਟਰ ਹੈ, ਜੋ ਪੇਂਡੂਆਂ ਦੀ ਭਲਾਈ ਦਾ ਕੰਮ ਹੈ, ਉਸ ਲਈ ਸਿਵਾਏ ਜ਼ਬਾਨੀ ਹਮਦਰਦੀ ਦੇ ਹੋਰ ਕੋਈ ਕੰਮ ਨਹੀਂ ਕੀਤਾ। ਜੋ ਨਵੇਂ ਸਾਲ ਦਾ ਪਲਾਨ ਆਊਟ ਲੇਅ ਹੈ, ਮੈਂ ਉਸ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਜੋ ਸਾਢੇ ਸੱਤ ਸੌ ਕਰੋੜ ਦਾ ਪਲਾਨ ਆਊਟ ਲੇਅ ਹੈ, ਉਸ ਦੇ ਵਿਚ ਜਦੋਂ ਤੋਂ ਸਰਦਾਰ ਬਲਵੰਤ ਸਿੰਘ ਨੇ ਚਾਰਜ ਲਿਆ ਹੈ, ਖੇਤੀਬਾੜੀ ਤੇ ਰੁਪਿਆ ਘਟਦਾ ਜਾ ਰਿਹਾ ਹੈ। 1985-86 ਦੇ ਸਾਲ ਦੇ ਐਨੂਅਲ ਪਲਾਨ ਵਿਚੋਂ ਖੇਤੀਬਾੜੀ ਦਾ ਹਿਸਾ 9.33% ਸੀ, 1986-87 ਵਿੱਚ 8.46% ਖਰਚ ਹੋਇਆ ਅਤੇ ਨਵੇਂ ਸਾਲ ਦੇ ਬਜਟ ਵਿੱਚ ਸਰਦਾਰ ਬਲਵੰਤ ਸਿੰਘ ਜੀ ਜੋ ਪੰਜਾਬ ਦੇ ਕਿਸਾਨਾਂ ਦੇ ਹਿਤੂ ਹਨ, ਹੁਣ ਖਰਚਾ ਐਨੂਅਲ ਪਲਾਨ ਜੋ ਕਿ 750 ਕਰੋੜ ਦਾ ਰਖਿਆ ਹੈ ਉ ਸ ਵਿਚੋਂ 7.54% ਖਰਚ ਹੋਣਾ ਹੈ। ਅੰਦਾਜ਼ਾ ਲਗਾ ਸਕਦੇ ਹੋ ਸਰਕਾਰ ਕਿੰਨੀ ਕਿਸਾਨਾਂ ਦੀ ਹਮਦਰਦ ਹੈ, ਖੇਤੀਬਾੜੀ ਕਰਨ ਵਾਲਿਆਂ ਦੀ ਹਮਦਰਦ ਹੈ। ਜਿਹੜੇ ਕਿਸਾਨਾਂ ਦੇ ਹਮਦਰਦ ਦੇ ਰੂਪ ਵਿਚ ਸਰਦਾਰ ਬਲਵੰਤ ਸਿਘ ਬੈਠੇ ਹਨ ਮੈਂ ਇਨ੍ਹਾਂ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਬਜਟ ਇੱਕ ਕਿਸਾਨ ਮਾਰੂ ਬਜਟ ਹੈ, ਖੇਤੀਬਾੜੀ ਕਰਨ ਵਾਲਿਆਂ ਲੋਕਾਂ ਨਾਲ ਇਸ ਬਜਟ ਵਿਚ ਵਿਤਕਰਾ ਕੀਤਾ ਗਿਆ ਹੈ ਔਰ ਜੋ ਅਕਾਲੀ ਪਾਰਟੀ ਹੈ ਇਸ ਨੂੰ ਖੇਤੀ ਕਰਨ ਵਾਲਿਆਂ ਨੇ ਉਪਰ ਚੁਕਣਾ ਹੈ, ਪੇਂਡੂਆਂ ਨੇ ਉਪਰ ਚੁਕਣਾ ਹੈ ਪਰ ਇਹ ਬਜਟ ਇਨ੍ਹਾਂ ਦੇ ਉਲਟ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸਾਲ 750 ਕਰੋੜ ਦੀ ਐਨੂਅਲ ਪਲਾਨ ਹੈ ਇਸ ਵਿਚੋਂ ਸਿਰਫ 1.79% ਪੇਂਡੂ ਭਲਾਈ ਤੇ ਖਰਚ ਹੋਣਾ ਹੈ। ਬਜਾਏ ਇਨ੍ਹਾਂ ਲਈ ਰਕਮ ਵਧਾਉਣ ਦੇ ਸਰਦਾਰ ਬਲਵੰਤ ਸਿੰਘ ਨੇ ਇਸ ਸਾਲ ਇਹ ਰਕਮ ਘਟਾਈ ਹੈ। 1985-86 ਵਿਚ ਪੇਂਡੂ ਭਲਾਈ ਲਈ ਐਨੂਅਲ ਪਲਾਨ ਦਾ 2.56% ਖਰਚ ਹੋਇਆ ਸੀ। 1986-87 ਵਿਚ ਇਨ੍ਹਾਂ ਵਾਸਤੇ 2.19% ਖਰਚ ਕੀਤਾ ਗਿਆ ਔਰ ਨਵੇਂ ਸਾਲ ਵਾਸਤੇ ਐਨੂਅਲ ਪਲਾਨ ਦਾ ਸਿਰਫ 1.79% ਪੇਂਡੂ ਭਲਾਈ ਤੇ ਖਰਚ ਹੋਣਾ ਹੈ (ਸ਼ੇਮ, ਸ਼ੇਮ) ਸਰਦਾਰ ਬਲਦੇਵ ਸਿੰਘ ਖਿਆਲਾ ਆਪਣੇ ਆਪ ਨੂੰ ਬੜੇ ਵੱਡੇ ਕਿਸਾਨਾਂ ਦੇ ਹਮਦਰਦ ਕਹਾਉਂਦੇ ਹਨ, ਪੇਂਡੂਆਂ ਦੇ ਹਮਦਰਦ ਕਹਾਉਂਦੇ ਹਨ। ਪਰ ਜਦੋਂ ਇਹ ਪਲਾਨ ਕੈਬਨਿਟ ਵਿਚ ਆਇਆ ਤਾਂ ਇਨ੍ਹਾਂ ਨੇ ਇਸ ਵੱਲ ਕੋਈ ਖਿਆਲ ਨਹੀਂ ਕੀਤਾ। ਬਜਾਏ ਇਹ ਖਰਚ ਵਧਾਉਣ ਦੇ ਇਨ੍ਹਾਂ ਨੇ ਇਹ ਖਰਚ ਘਟਾਇਆ ਹੈ। ਇਸ ਤਰ੍ਹਾਂ ਕਰਨ ਨਾਲ ਇਹ ਕਿਵੇਂ ਕਿਸਾਨਾਂ ਦੇ ਹਿਤੂ ਕਹਾਏ ਜਾ ਸਕਦੇ ਹਨ। ਇਸ ਤੋਂ ਬਾਅਦ ਹੋਰ ਕੀ ਤੋਹਫਾ ਦਿੱਤਾ ਗਿਆ ਹੈ। ਅਗਲੇ ਸਾਲ ਤੋਂ ਪੰਜਾਬ ਦਾ ਕੋਈ ਖਾਲਾ ਜਾਂ ਸੂਆ ਸਰਕਾਰ ਵਲੋਂ ਪੱਕਾ ਨਹੀਂ ਕੀਤਾ ਜਾਣਾ। ਇਹ ਵੀ ਕਹਿ ਦਿੱਤਾ ਗਿਆ ਹੈ ਕਿ ਜੋ ਖਾਲੇ ਬਣੇ ਹੋਏ ਹਨ ਇਨ੍ਹਾਂ ਦੀ ਮੁਰੰਮਤ ਦਾ ਕੰਮ ਸਰਕਾਰ ਵਲੋਂ ਨਹੀਂ ਕੀਤਾ ਜਾਏਗਾ। ਫਿਰ ਤਾਂ ਇਹ ਹੋਇਆ ਕਿ ਜੋ ਸੜਕਾਂ ਬਣੀਆਂ ਹੋਈਆਂ ਹਨ ਪੰਚਾਇਤਾਂ ਅਤੇ ਸਰਕਾਰ ਨੇ ਬਣਾ ਦਿਤੀਆਂ ਹਨ ਪਰ ਮੁੜ ਕੇ ਉਨ੍ਹਾਂ ਦੀ ਦੇਖ ਭਾਲ ਸਰਕਾਰ ਨੇ ਨਹੀਂ ਕਰਨੀ। ਪਕੇ ਖਾਲਿਆਂ ਦਾ ਸਰਕਾਰ ਨੇ 300 ਕਰੋੜ ਰੁਪਿਆ ਮੁਆਫ ਕਰ ਦਿਤਾ ਹੈ ਪਰ ਖਾਲਿਆਂ ਦੀ ਦੇਖ ਭਾਲ ਅਗੇ ਨੂੰ ਲੋਕਲ ਕਮਿਉਨਿਟੀ ਨੇ ਆਪ ਕਰਨੀ ਹੈ। ਇਹ ਵੀ ਕਿਹਾ ਗਿਆ ਹੈ ਕਿ ਨਾ ਨਵਾਂ ਕੋਈ ਖਾਲਾ ਬਣਾਉਣਾ ਹੈ ਔਰ ਨਾ ਹੀ ਪੁਰਾਣਿਆਂ ਦੀ ਮੁਰੰਮਤ ਕਰਾਉਣੀ ਹੈ। ਇਹ ਐਸਾ ਕੰਮ ਸੀ ਜੋ ਵਰਲਡ ਬੈਂਕ ਦੀ ਸਹਾਇਤਾ ਨਾਲ ਸਰਕਾਰਾਂ ਨੇ ਸਿਰੇ ਚਾੜ੍ਹਿਆ ਸੀ ਔਰ ਉਹ ਸਰਕਾਰਾਂ ਵਧਾਈ ਦੀਆਂ ਪਾਤਰ ਸਨ। ਇਹ ਕੰਮ ਨੂੰ ਛੱਡਣਾ ਪੰਜਾਬ ਦੇ ਲੋਕਾਂ ਨਾਲ, ਪੰਜਾਬ ਦੀ ਇਕਾਨੋਮੀ ਨਾਲ ਪੰਜਾਬ ਦੇ ਕਿਸਾਨਾ ਨਾਲ ਧੱਕਾ ਹੈ। ਇਸ ਤੇ ਵਿਚਾਰ ਕਰਨ ਦੀ ਲੋੜ ਹੈ। ਇਹ ਖਾਲੇ ਬਣਾਉਣੇ ਬੰਦ ਨਹੀਂ ਕਰਨੇ ਚਾਹੀਦੇ ਔਰ ਇਨ੍ਹਾਂ ਦੀ

ਮੁਰੰਮਤ ਦਾ ਕੰਮ ਵੀ ਬੰਦ ਨਹੀਂ ਕਰਨਾ ਚਾਹੀਦਾ । ਬਾਦਲ ਸਾਹਿਬ ਦੀ ਰਹਿਨੁਮਾਈ ਵਿਚ ਅੱਗੇ ਇਸ ਖੇਤਰ ਵਿਚ ਬਹੁਤ ਕੰਮ ਹੋਇਆ ਸੀ। ਜੇ ਸਰਕਾਰ ਨੇ ਖਾਲਿਆਂ ਦੀ ਮੁਰੰਮਤ ਦਾ ਕੰਮ ਨਹੀਂ ਕਰਨਾ ਤਾਂ ਕੌਣ ਕਰੇਗਾ। ਸਰਕਾਰ ਦਾ ਇਹ ਕੰਮ ਛੱਡਣਾ ਕਿਸਾਨਾਂ ਨਾਲ ਧੱਕਾ ਹੋਵੇਗਾ ਟਿਊਬਵੈੱਲ ਕਾਰਪੋਰੇਸ਼ਨ ਦੇ 3 ਡਿਵੀਜ਼ਨਜ਼ ਅੱਗੇ ਨੂੰ ਬੰਦ ਕਰ ਦਿਤੇ ਗਏ ਹਨ। ਨਵੇਂ ਸੂਏ ਪੱਕੇ ਬਣਾਉਣ ਵਾਸਤੇ ਕੋਈ ਪ੍ਰੋਵੀਜ਼ਨ ਨਹੀਂ ਰੱਖੀ ਗਈ ਹੈ। ਜੋ ਰੁਪਿਆ ਇਸ ਮੱਦ ਲਈ ਰੱਖਿਆ ਗਿਆ ਹੈ ਉਸ ਨਾਲ ਸਟਾਫ ਦੀ ਤਨਖਾਹ ਹੀ ਪੂਰੀ ਨਹੀਂ ਹੋਣੀ। ਇਸ ਲਈ ਰੁਪਿਆ ਜ਼ਿਆਦਾ ਰਖਣਾ ਚਾਹੀਦਾ ਹੈ। ਡਰੇਨੇਜ਼ ਲਈ ਵੀ ਜ਼ਿਆਦਾ ਪੈਸਾ ਰਖਣਾ ਚਾਹੀਦਾ ਹੈ। ਪੰਜਾਬ ਦੀ ਇਕਾਨੌਮੀ ਕਿਸਾਨਾਂ ਦੀ ਖਿਹਤਰੀ ਤੇ ਨਿਰਭਰ ਕਰਦੀ ਹੈ। ਡਰੇਨਾਂ ਬਚਾਉਣੀਆਂ ਚਾਹੀਦੀਆਂ ਹਨ, ਹੜ੍ਹਾਂ ਤੋਂ ਕਿਸਾਨਾਂ ਨੂੰ ਬਚਾਉਣਾ ਚਾਹੀਦਾ ਹੈ। ਜਿਨਾ ਚਿਰ ਇਹ ਗੱਲਾਂ ਨਹੀਂ ਕੀਤੀਆਂ ਜਾਂਦੀਆਂ ਓਨਾ ਚਿਰ ਇਥੋਂ ਦੀ ਇਕਾਨੌਮੀ ਨੂੰ ਅਗੇ ਨਹੀਂ ਲਿਜਾਇਆ ਜਾ ਸਕਦਾ ਔਰ ਕਿਸਾਨਾਂ ਨੂੰ ਨਹੀਂ ਬਚਾਇਆ ਜਾ ਸਕਦਾ ਹੈ।

ਦੂਜੀ ਗੱਲ ਮੈਂ ਸਰਦਾਰ ਬਲਵੰਤ ਸਿੰਘ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਖੇਤੀਬਾੜੀ ਵਾਸਤੇ ਪਿਛਲੇ ਸਾਲ ਉਨ੍ਹਾਂ ਨੇ ਕੀ ਕੀਤਾ ਕਿ ਕੀੜੇਮਾਰ ਦਵਾਈਆਂ ਤੇ ਕੋਈ ਸਬਸਿਡੀ ਨਹੀਂ ਦਿਤੀ ਗਈ। ਕੀੜੇਮਾਰ ਦਵਾਈਆਂ ਤੇ ਪਿਛਲੇ ਸਾਲ ਪੰਜਾਬ ਵਿਚ ਕਿਤੇ ਕੋਈ ਸਬਸਿਡੀ ਨਹੀਂ ਦਿਤੀ ਗਈ। ਲੋਕਾਂ ਨੂੰ ਕੀੜੇਮਾਰ ਦਵਾਈਆਂ ਦੇ ਮਾਮਲੇ ਵਿਚ ਲੁਟਿਆ ਗਿਆ। ਉਨ੍ਹਾਂ ਨੂੰ ਮਾੜੀ ਦਵਾਈ ਦਿੱਤੀ ਗਈ। ਕੀੜੇਮਾਰ ਦਵਾਈਆਂ ਤੇ ਕੋਈ ਸਬਸਿਡੀ ਨਹੀਂ ਦਿਤੀ ਗਈ ਹਾਲਾਂਕਿ ਇਹ ਸੈਂਟਰਲ ਗੌਰਮਿੰਟ ਦੀ ਸਕੀਮ ਸੀ। ਸੈਂਟਰਲ ਗੌਰਮਿੰਟ ਕੰਟਰੀਬਿਊਟ ਕਰਦੀ ਹੈ। ਪੰਜਾਬ ਦੇ ਲੋਕਾਂ ਦਾ ਬੜਾ ਨੁਕਸਾਨ ਹੋਇਆ ਹੈ। (ਘੰਟੀ)

ਇਸ ਤੋਂ ਬਾਅਦ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਅਖਬਾਰਾਂ ਦੇ ਰਾਹੀਂ ਬੜਾ ਕਰੈਡਿਟ ਲੈਣ ਦੀ ਕੋਸ਼ਿਸ਼ ਕੀਤੀ। ਅਖਬਾਰਾਂ ਰਾਹੀਂ ਕਰੈਡਿਟ ਲਿਆ ਅਤੇ ਕਲੇਮ ਕੀਤਾ ਕਿ ਸਰਦਾਰ ਬਲਵੰਤ ਸਿੰਘ ਬੜੇ ਸਿਆਣੇ ਹਨ ਅਤੇ ਉਹ ਫਾਈਨੈਂਸ ਦੇ ਬੜੇ ਮਾਹਿਰ ਹਨ। ਇਸ ਬਾਰੇ ਉਨ੍ਹਾਂ ਅਖਬਾਰਾਂ ਦੀਆਂ ਇਕ ਦੋ ਟਿੱਪਣੀਆਂ ਮੈਂ ਤੁਹਾਡੇ ਰਾਹੀਂ ਸਾਹਮਣੇ ਰੱਖਣਾ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਇਹ ਬਜਟ ਕੋਈ ਚੀਜ਼ ਨਹੀਂ ਹੈ ਸਿਵਾਏ ਫਿੱਗਰਜ਼ ਦੀ ਹੇਰਾਫੇਰੀ ਦੇ ਹੋਰ ਕੋਈ ਗੱਲ ਨਹੀਂ ਹੈ। ਸਭ ਤੋਂ ਪਹਿਲਾਂ ਮੈਂ ਟ੍ਰਿਬਿਊਨ ਅਖਬਾਰ ਦਾ ਰੈਫਰੈਂਸ ਦੇਣਾ ਚਾਹੁੰਦਾ ਹਾਂ ਜਿਸ ਵਿਚ ਦਿੱਤਾ ਗਿਆ ਹੈ ਕਿ **'Punjab's Budget jugglary'** ਉਨ੍ਹਾਂ ਨੇ ਕਿਹਾ ਹੈ ਕਿ ਸਿਵਾਏ ਅੰਕੜਿਆਂ ਦੀ ਹੇਰਾਫੇਰੀ ਦੇ ਇਸ ਵਿਚ ਕੁੱਝ ਨਹੀਂ ਹੈ। ਇਹ ਕਹਿੰਦੇ ਹਨ ਕਿ ਸੈਂਟਰ ਤੋਂ ਅਸਿਸਟੈਂਸ ਲੈ ਲਵਾਂਗੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਅਖਬਾਰਾਂ ਵਾਲਿਆਂ ਨਾਲ ਇਨ੍ਹਾਂ ਦਾ ਪ੍ਰੇਮ ਹੈ। ਇੰਡੀਅਨ ਐਕਸਪ੍ਰੈਸ ਨੇ ਇਸ ਤਰ੍ਹਾਂ ਦਾ ਸਰਟੀਫਿਕੇਟ ਦਿਤਾ ਹੈ ਕਿ **'Punjab Budget made a Joke.'**

ਇਸ ਬਜਟ ਵਿਚ ਰਾਜੀਵ-ਲੌਂਗੋਵਾਲ ਪਲਾਨ ਬਾਰੇ 2500 ਕਰੋੜ ਰੁਪਏ ਦਾ ਜ਼ਿਕਰ ਕਰਦੇ ਹਨ। (ਘੰਟੀ) ਸੀ. ਆਰ. ਪੀ. ਐਫ. ਤੇ ਕਿੰਨੇ ਕਰੋੜ ਰੁਪਏ ਖਰਚ ਹੁੰਦਾ ਹੈ। ਇਹ ਖਰਚਾ ਸੈਂਟਰਲ ਗੌਰਮਿੰਟ ਬਰਦਾਸ਼ਤ ਕਰਨ ਵਾਸਤੇ ਤਿਆਰ ਨਹੀਂ ਹੈ। (ਘੰਟੀ) ਇਹ ਕਹਿੰਦੇ ਹਨ ਕਿ ਅਸੀਂ ਦੇਸ਼ ਦੀ ਏਕਤਾ ਅਤੇ ਅਖੰਡਤਾ ਵਾਸਤੇ ਲੜਾਈ ਲੜ ਰਹੇ ਹਾਂ। ਤੁਸੀਂ ਦੇਖੋ ਸੀ. ਆਰ. ਪੀ. ਐਫ. ਤੇ ਕਿੰਨਾ ਖਰਚ ਆਉਂਦਾ ਹੈ ਅਤੇ ਇਹ ਸਾਡੇ ਤੇ ਬੋਝ ਪਾਇਆ ਜਾ ਰਿਹਾ ਹੈ। ਜਿਹੜੀ ਹਰ ਸਾਲ ਸੈਂਟਰਲ ਅਸਿਸਟੈਂਸ ਮਿਲਦੀ ਸੀ ਉਹ ਸੈਂਟਰ ਨੇ ਹੁਣ ਬਹੁਤ ਘੱਟ ਕਰ ਦਿਤੀ ਹੈ। ਮੈਂ

[ਸਰਦਾਰ ਜਸਦੇਵ ਸਿੰਘ ਸੰਧੂ]

ਦੱਸਣਾ ਚਾਹੁੰਦਾ ਹਾਂ ਕਿ ਸਾਲ 1985-86 ਵਿਚ ਸੈਂਟਰਲ ਅਸਿਸਟੈਂਸ 791 ਕਰੋੜ ਰੁਪਏ ਮਿਲੀ ਸੀ। ਸਾਲ 1986-87 ਵਿਚ ਸੈਂਟਰਲ ਅਸਿਸਟੈਂਸ 478 ਕਰੋੜ ਰੁਪਏ ਮਿਲੀ ਸੀ ਅਤੇ ਸਾਲ 1987-88 ਵਿਚ ਇਹ ਉਸ ਤੋਂ ਵੀ ਘੱਟ ਮਿਲਣੀ ਹੈ। ਸਰਦਾਰ ਬਲਵੰਤ ਸਿੰਘ ਇਸ ਦਾ ਕੋਈ ਜਵਾਬ ਨਹੀਂ ਦੇ ਸਕੇ ਕਿ ਇਹ ਅਸਿਸਟੈਂਸ ਘੱਟ ਕਿਉਂ ਰਹੀ ਹੈ ਅਤੇ ਇਹ ਘਾਟਾ ਐਨਾ ਕਿਵੇਂ ਪੂਰਾ ਕਰਨਾ ਹੈ। (ਘੰਟੀ)

ਸ਼੍ਰੀ ਡਿਪਟੀ ਸਪੀਕਰ: ਤੁਸੀਂ ਵਾਈਂਡ ਅੱਪ ਕਰੋ।

ਸਰਦਾਰ ਜਸਦੇਵ ਸਿੰਘ ਸੰਧੂ: ਦੂਜੀ ਗੱਲ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਨਵੇਂ ਟੈਕਸਾਂ ਦੀ ਗੱਲ ਕੀਤੀ ਹੈ। ਜੇ ਕੋਈ ਸਰਕਾਰ ਦੀ ਐਸੀ ਪਾਲਿਸੀ ਹੋਵੇ ਤਾਂ ਸਰਕਾਰ ਨੂੰ ਉਸ ਨੂੰ ਹਾਊਸ ਵਿਚ ਲਿਆਕੇ ਉਸ ਉਤੇ ਬਹਿਸ ਹੋਣੀ ਚਾਹੀਦੀ ਹੈ। (ਘੰਟੀ) ਮੈਂ ਵਾਈਂਡ ਅਪ ਕਰ ਰਿਹਾ ਹਾਂ ਜੀ। ਡਿਪਟੀ ਸਪੀਕਰ ਸਾਹਿਬ, ਇਸ ਬਜਟ ਬਾਰੇ ਇੰਡੀਅਨ ਐਕਸਪ੍ਰੈਸ ਨੇ ਲਿਖਿਆ ਹੈ ਕਿ ਸਰਦਾਰ ਬਲਵੰਤ ਸਿੰਘ, ਫਾਈਨੈਂਸ ਮਨਿਸਟਰ ਦੀ ਇਹ ਜਾਦੂਗਰੀ ਹੈ ਲੋਕਾਂ ਨੂੰ ਗੁਮਰਾਹ ਕਰਨ ਦੀ। (ਘੰਟੀ) ਮੈਂ ਇਕ ਗੱਲ ਕਰਕੇ ਵਾਈਂਡ ਅਪ ਕਰਦਾ ਹਾਂ। (ਵਿਘਨ) ਮੈਂ ਸਿਰਫ ਦੋ ਗੱਲਾਂ ਕਹਿਕੇ ਆਪਣੀ ਗੱਲ ਖਤਮ ਕਰਾਂਗਾ।

ਸ਼੍ਰੀ ਡਿਪਟੀ ਸਪੀਕਰ: ਤੁਸੀਂ ਇਕ ਗੱਲ ਕਰੋ, ਦੋ ਨਹੀਂ।

ਸਰਦਾਰ ਜਸਦੇਵ ਸਿੰਘ ਸੰਧੂ: ਪੰਜਾਬ ਦੇ ਵਿਚ ਜੋ ਬੇਰੁਜ਼ਗਾਰੀ ਵੱਧ ਰਹੀ ਹੈ ਜਿਸ ਦੇ ਬਾਰੇ ਸਰਦਾਰ ਬਲਵੰਤ ਸਿੰਘ ਨੇ ਪਿਛਲੇ ਬਜੱਟ ਵਿੱਚ ਕਿਹਾ ਸੀ ਕਿ ਅਸੀਂ 10 ਹਜ਼ਾਰ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਦੇਵਾਂਗੇ, ਉਹ ਇਹ ਨਹੀਂ ਦੇ ਸਕੇ। ਜੇ ਇਨ੍ਹਾਂ ਦੇ ਸਟੈਟਿਸਟਿਕਸ ਨੂੰ ਦੇਖਿਆ ਜਾਏ ਤਾਂ ਪਤਾ ਲਗੇਗਾ ਕਿ ਇਹ ਬੇਰੁਜ਼ਗਾਰੀ ਘੱਟਣ ਦੀ ਬਜਾਏ ਵੱਧੀ ਹੈ। ਇਹ ਨੌਜਵਾਨ ਨੂੰ ਬਿਲਕੁਲ ਕੋਈ ਰੁਜ਼ਗਾਰ ਨਹੀਂ ਮੁਹੱਈਆ ਕਰ ਸਕੇ। ਇਹ ਗਲ ਇਨ੍ਹਾਂ ਦੀ ਬਿਲਕੁਲ ਗਲਤ ਹੈ ਕਿ ਦੰਗਾ ਪੀੜਤਾਂ ਨੂੰ ਰੁਜ਼ਗਾਰ ਮੁਹੱਈਆ ਕੀਤਾ ਹੈ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਕੋਈ ਦੰਗਾ ਪੀੜਤਾਂ ਨੂੰ ਰੁਜ਼ਗਾਰ ਨਹੀਂ ਮੁਹੱਈਆ ਕੀਤਾ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਮਹਿਕਮਿਆਂ ਵਿੱਚ ਖਾਸ ਤੌਰ ਤੇ ਕੋਆਪ੍ਰੇਟਿਵ ਦੇ ਮਹਿਕਮੇਂ ਵਿੱਚ ਜਿਨ੍ਹਾਂ ਲੋਕਾਂ ਨੂੰ ਨੌਕਰੀਆਂ ਦਿਤੀਆਂ ਗਈਆਂ ਹਨ ਉਨ੍ਹਾਂ ਦੀ ਲਿਸਟ ਹਾਊਸ ਵਿਚ ਪੇਸ਼ ਕਰਨ ਤਾਂਕਿ ਪਤਾ ਲਗ ਸਕੇ ਕਿ ਕਿਨ੍ਹਾਂ ਨੂੰ ਨੌਕਰੀਆਂ ਦਿਤੀਆਂ ਗਈਆਂ ਹਨ, ਕਿਹੜੇ ਦੰਗਾ ਪੀੜਤਾਂ ਨੂੰ ਨੌਕਰੀਆਂ ਦਿਤੀਆਂ ਗਈਆਂ ਹਨ, ਸਹੀ ਦੰਗਾ ਪੀੜਤਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ ਜਾਂ ਨਹੀਂ। ਕਿਸੇ ਨੂੰ ਕੋਈ ਨੌਕਰੀਆਂ ਨਹੀਂ ਦਿਤੀਆਂ ਗਈਆਂ। ਬਜਾਏ ਇਸ ਦੇ ਕਿ ਨੌਕਰੀਆਂ ਦਿਤੀਆਂ ਗਈਆਂ ਹੋਣ ਨੌਕਰੀਆਂ ਨਿਲਾਮ ਹੋਈਆਂ ਹਨ ਨੌਕਰੀਆਂ ਵੇਚੀਆਂ ਗਈਆਂ ਹਨ ਅਤੇ ਇਸ ਦੇ ਵਿੱਚ ਬਹੁਤ ਕੁਰੱਪਸ਼ਨ ਹੋਈ ਹੈ। (ਘੰਟੀ) ਲੋਕਾਂ ਵਿਚ ਜਾ ਕੇ ਦੇਖਣ ਕਿ ਲੋਕਾਂ ਵਿੱਚ ਸਰਕਾਰ ਦੇ ਬਾਰੇ, ਵਜ਼ੀਰਾਂ ਦੇ ਬਾਰੇ ਕੀ ਚਰਚਾ ਚਲ ਰਿਹਾ ਹੈ। ਵਜ਼ੀਰਾਂ ਨੇ ਸਵਾਏ ਨੋਟ ਇਕੱਠੇ ਕਰਨ ਦੇ ਹੋਰ ਕੋਈ ਕੰਮ ਨਹੀਂ ਕੀਤਾ। (ਘੰਟੀ) ਮੈਂ ਕਹਾਂਗਾ, ਡਿਪਟੀ ਸਪੀਕਰ ਸਾਹਿਬ, ਕਿ ਹਾਊਸ ਦੀ ਇਕ ਕਮੇਟੀ ਬਣਾ ਦਿਓ ਤਾਂਕਿ ਜਿਹੜੇ ਚਾਰਜਿਜ਼ ਇਥੇ ਲਗਦੇ ਹਨ ਉਨ੍ਹਾਂ ਦੀ ਉਹ ਇਨਵੈਸਟੀਗੇਸ਼ਨ ਕਰ ਸਕੇ। (ਘੰਟੀ) ਇਹ ਲੋਕਾਂ ਦੀ ਭਲਾਈ ਵੱਲ ਕੋਈ ਧਿਆਨ ਨਹੀਂ ਦੇ ਰਹੇ ਆਪਣੀ ਜ਼ਾਤੀ ਭਲਾਈ ਵੱਲ ਧਿਆਨ ਦੇ ਰਹੇ ਹਨ।

ਸ੍ਰੀ ਡਿਪਟੀ ਸਪੀਕਰ : ਬੈਠੋ ਸੰਧੂ ਸਾਹਿਬ। ਪੁਰੀ ਸਾਹਿਬ।

ਸਰਦਾਰ ਜਸਦੇਵ ਸਿੰਘ ਸੰਧੂ ** ** **

ਸ੍ਰੀ ਡਿਪਟੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ।

ਸਰਦਾਰ ਜਸਦੇਵ ਸਿੰਘ ਸੰਧੂ : ** ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਇਹ ਬੋਲ ਰਹੇ ਹਨ, ਰਿਕਾਰਡ ਨਹੀਂ ਕਰਨਾ।

ਸ੍ਰੀ ਰਘੂਨਾਥ ਸਹਾਏ ਪੁਰੀ (ਸੁਜਾਨਪੁਰ) :ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਬਜਟ ਪੇਸ਼ ਹੋਣ ਤੋਂ ਪਹਿਲਾਂ ਕਿਸਾਨਾਂ ਨੂੰ ਇਹ ਆਸ ਸੀ ਕਿ ਜਿਹੜਾ ਬਜਟ ਪੇਸ਼ ਹੋਵੇਗਾ ਉਹ ਗਰੀਬ ਕਿਸਾਨਾਂ ਨੂੰ ਰਿਆਇਤ ਦੇਵੇਗਾ, ਗਰੀਬ ਕਿਸਾਨਾਂ ਦੇ ਭਲੇ ਦਾ ਬਜਟ ਹੋਵੇਗਾ ਪਰ ਹੋਇਆ ਕੀ ? ਹੋਇਆ ਬਿਲਕੁਲ ਇਸ ਦੇ ਉਲਟ। ਇਹ ਬਜਟ ਗਰੀਬਾਂ ਦੀ ਬਜਾਏ ਅਮੀਰਾਂ ਲਈ ਬਜਟ ਹੈ। ਜੇ ਸੈਂਟ੍ਰਲ ਗੌਰਮਿੰਟ ਮੱਦਦ ਨਾ ਕਰੇ ਤਾਂ ਇਹ ਬਜਟ ਫਰਾਡ ਤੇ ਦਿਸ਼ਾਹੀਣ ਲੱਗੇਗਾ (ਥੰਪਿੰਗ) ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਵੈਲਫੇਅਰ ਆਫ ਇਕਨਾਮੀਕਲ ਬੈਕਵਰਡ ਐਂਡ ਵੀਕਰ ਸੈਕਸ਼ਨ ਵਾਸਤੇ 7.38 ਕਰੋੜ ਰੁਪਿਆ ਰਖਿਆ ਹੈ ਇਹ ਬਹੁਤ ਘੱਟ ਹੈ।ਸਾਡੇ ਲੋਕ ਬਹੁਤ ਗਰੀਬ ਹਨ ਅਤੇ ਇਸ ਰਕਮ ਦੇ ਨਾਲ ਬਹੁਤ ਘੱਟ ਲੋਕਾਂ ਨੂੰ ਫਾਇਦਾ ਪਹੁੰਚੇਗਾ । ਮੈਂ ਗੌਰਮਿੰਟ ਨੂੰ ਰਿਕੁਐਸਟ ਕਰਾਂਗਾ ਕਿ ਇਹ ਰਕਮ ਵਧਾਈ ਜਾਵੇ ।

ਬਾਕੀ, ਡਿਪਟੀ ਸਪੀਕਰ ਸਾਹਿਬ, ਜਿਹੜਾ ਇਹ ਸਰਕਾਰ ਦਾਅਵਾ ਕਰਦੀ ਹੈ ਕਿ ਅਸੀਂ ਹਰੀਜਨ ਧਰਮਸ਼ਾਲਾਵਾਂ ਦੀ ਲਹਿਰ ਬਹਿਰ ਕਰ ਦਿਤੀ ਹੈ ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਹਰੀਜਨ ਧਰਮਸ਼ਾਲਾਵਾਂ ਹਨ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ। ਪੰਜਾਬ ਵਿਚ ਬਹੁਤ ਪਿੰਡ ਐਸੇ ਹਨ ਜਿਥੇ ਹਰੀਜਨ ਧਰਮਸ਼ਾਲਾਵਾਂ ਹੈ ਹੀ ਨਹੀਂ। ਫਿਰ ਇਸ ਦੇ ਲਈ ਸਿਰਫ 45 ਲੱਖ ਰੁਪਿਆ ਰਖਿਆ ਗਿਆ ਹੈ ਜਿਹੜਾ ਕਿ ਮੈਂ ਸਮਝਦਾ ਹਾਂ ਕਿ ਇਹ ਬਹੁਤ ਘੱਟ ਹੈ। ਇਹ ਬਹੁਤ ਘੱਟ ਰਕਮ ਇਸ ਦੇ ਲਈ ਰੱਖੀ ਗਈ ਹੈ ਜਿਹੜੀ ਕਿ ਵਧਾਉਣੀ ਚਾਹੀਦੀ ਹੈ ।

ਬਾਕੀ, ਡਿਪਟੀ ਸਪੀਕਰ ਸਾਹਿਬ, ਜਿਹੜੇ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਹਨ ਉਨ੍ਹਾਂ ਦੇ ਵਿਚ ਬੜੀ ਰਿਜ਼ੈਂਟਮੈਂਟ ਹੈ। ਇਨ੍ਹਾਂ ਵਿਚ ਕੋਈ ਦਸਵੀਂ ਪਾਸ ਹੈ, ਕੋਈ ਗਰੈਜੂਏਟ ਹੈ, ਕੋਈ ਐਮ. ਏ. ਪਾਸ ਹੈ, ਕਿਸੇ ਨੇ ਇੰਜੀਨੀਅਰਿੰਗ ਕੀਤੀ ਹੋਈ ਹੈ ਅਤੇ ਕਿਸੇ ਨੇ ਕੋਈ ਹੋਰ ਕੋਰਸ ਕੀਤਾ ਹੋਇਆ ਹੈ ਪਰ ਉਹ ਸਾਰੇ ਦੇ ਸਾਰੇ ਵਿਹਲੇ ਘਰ ਬੈਠੇ ਹਨ। ਉਨ੍ਹਾਂ ਨੂੰ ਮਾਂ ਬਾਪ ਨੇ ਬੜੀ ਮੁਸ਼ਕਲ ਨਾਲ ਪੜ੍ਹਾਇਆ ਹੈ ਪਰ ਉਨ੍ਹਾਂ ਨੂੰ ਨੌਕਰੀਆਂ ਨਹੀਂ ਮਿਲੀਆਂ। ਪੰਜਾਬ ਵਿੱਚ ਇਨ੍ਹਾਂ ਲੋਕਾਂ ਨੂੰ ਨੌਕਰੀਆਂ ਦਾ ਸਰਕਾਰ ਨੇ ਕੋਈ ਖਿਆਲ ਨਹੀਂ ਕੀਤਾ। ਕੁਝ ਲੋਕਾਂ ਨੂੰ ਜੇ ਨੌਕਰੀਆਂ ਦਿੱਤੀਆਂ ਗਈਆਂ ਹਨ ਤਾਂ ਉਸ ਦੇ ਵਿਚ ਬੜੀ ਘਪਲੇਬਾਜ਼ੀ ਹੋਈ ਹੈ। ਇਸ ਦੇ ਬਾਰੇ ਸਰਕਾਰ ਇਨਕੁਆਇਰੀ ਕਰੇ ਕਿ ਜਿਹੜੀਆਂ ਨੌਕਰੀਆਂ ਮਿਲੀਆਂ ਹਨ ਲੋਕਾਂ ਨੂੰ ਉਸ ਦੇ ਵਿਚ ਕਿੰਨੀ ਘਪਲੇਬਾਜ਼ੀ ਹੋਈ ਹੈ। ਬਾਕੀ ਇਥੇ 1429 ਸਕੂਲ ਹਨ ਜਿਥੇ ਸਿੰਗਲ ਟੀਚਰਜ਼ ਹਨ। ਤੁਹਾਨੂੰ ਪਤਾ ਹੈ ਕਿ ਪੰਜਾਬ ਦੇ ਪਿੰਡਾਂ ਵਿਚ ਲੋਕ ਬਹੁਤ ਗਿਣਤੀ ਵਿਚ ਰਹਿੰਦੇ ਹਨ। ਇਕ ਟੀਚਰ ਪੰਜ ਕਲਾਸਾਂ ਨੂੰ ਨਹੀਂ ਪੜ੍ਹਾ

**Not recorded as ordered by the Chair.

[ਸ਼੍ਰੀ ਰਘੂਨਾਥ ਸਹਾਏ ਪੁਰੀ]

ਸਕਦਾ। ਮੈਂ ਕਹਾਂਗਾ ਕਿ ਹਰ ਸਕੂਲ ਵਿਚ ਦੋ ਟੀਚਰ ਰੱਖੇ ਜਾਣ ਤਾਂ ਕਿ ਜਿਹੜੇ ਪਿੰਡਾਂ ਦੇ ਬੱਚੇ ਹਨ ਉਹ ਪੜ੍ਹ ਲਿਖ ਕੇ ਅੱਗੋਂ ਸ਼ਹਿਰਾਂ ਵਿਚ ਉਚ ਸਿਖਿਆ ਪ੍ਰਾਪਤ ਕਰਨ ਲਈ ਜਾ ਸਕਣ। ਸ਼ਹਿਰਾਂ ਵਿਚ ਪੜ੍ਹਾਈ ਬਹੁਤ ਚੰਗੀ ਹੁੰਦੀ ਹੈ ਪਰ ਪਿੰਡਾਂ ਵਿਚ ਜਿਹੜੀ ਗਰੀਬ ਜਨਤਾ ਰਹਿੰਦੀ ਹੈ ਉਨ੍ਹਾਂ ਦੇ ਬੱਚਿਆਂ ਵੱਲ ਉਚੇਚਾ ਧਿਆਨ ਦਿਤਾ ਜਾਏ।

ਟਰਾਂਸਪੋਰਟ ਦੀ ਗਲ ਹੈ। ਇਥੇ ਪ੍ਰਾਈਵੇਟ ਓਪਰੇਟਰਾਂ ਨੂੰ ਫਾਇਦਾ ਪਹੁੰਚਾਉਣ ਦੀ ਗਲ ਕੀਤੀ ਗਈ ਹੈ। ਇਸ ਦੇ ਨਾਲ ਕੀ ਹੋਵੇਗਾ ਕਿ ਇੱਕ ਇੱਕ ਬਸ ਵਿਚ 80, 80 ਸਵਾਰੀਆਂ ਬੈਠਣਗੀਆਂ ਕਿਉਂਕਿ ਜਿਹੜੀਆਂ ਪੰਜਾਬ ਰੋਡਵੇਜ਼ ਦੀਆਂ ਬੱਸਾਂ ਹਨ ਉਹ ਠੀਕ ਨਹੀਂ ਹਨ। ਮੈਂ ਤਾਂ ਕਹਾਂਗਾ ਕਿ ਪੰਜਾਬ ਰੋਡਵੇਜ਼ ਦੀਆਂ ਲਾਰੀਆਂ ਨਾ ਬੂਹੇ ਨਾ ਬਾਰੀਆਂ। ਇਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਇਹ ਸਰਕਾਰ ਗਲਤ ਸਕੀਮਾਂ ਤੇ ਚਲ ਪਈ ਹੈ।

ਸਮਾਲ ਸਕੇਲ ਇੰਡਸਟਰੀ ਬਾਰੇ ਅਰਜ਼ ਕਰਾਂਗਾ ਕਿ ਇਸ ਵੱਲ ਬਹੁਤ ਘੱਟ ਧਿਆਨ ਕੀਤਾ ਗਿਆ ਹੈ। ਸਾਡਾ ਛੋਟਾ ਜਿਹਾ ਸੂਬਾ ਹੈ ਇਸ ਲਈ ਸਮਾਲ ਸਕੇਲ ਇੰਡਸਟਰੀ ਵਲ ਜ਼ਿਆਦਾ ਧਿਆਨ ਦੇਣਾ ਚਾਹੀਦਾ ਹੈ।

ਪੰਜਾਬ ਦੇ ਵਿਚ, ਡਿਪਟੀ ਸਪੀਕਰ ਸਾਹਿਬ, ਜਿਹੜਾ ਉਗਰਵਾਦ ਹੈ ਇਸ ਨੂੰ ਜੜ੍ਹੋਂ ਉਖਾੜਨਾ ਚਾਹੀਦਾ ਹੈ (ਵਿਘਨ) ਮੈਂ ਇਹ ਵੀ ਕਹਾਂਗਾ ਕਿ ਜਿਹੜੇ ਪੁਲਿਸ ਅਫਸਰ ਹਨ, ਕਰਮਚਾਰੀ ਹਨ, ਉਨ੍ਹਾਂ ਦੀ ਸਕਰੀਨਿੰਗ ਕਰਨੀ ਚਾਹੀਦੀ ਹੈ। ਮੇਰੇ ਇਲਾਕੇ ਦੀਆਂ ਸੜਕਾਂ ਦਾ, ਧਰਮ-ਸ਼ਾਲਾਵਾਂ ਦਾ ਬੁਰਾ ਹਾਲ ਹੈ। ਇਹ ਕੰਡੀ ਦਾ ਏਰੀਆ ਹੈ ਪਾਣੀ ਦੇ ਲਈ ਹਾਹਾਕਾਰ ਮੱਚੀ ਹੋਈ ਹੈ। ਇਥੇ ਪੀਣ ਵਾਲੇ ਪਾਣੀ ਦੀ ਬਹੁਤ ਘਾਟ ਹੈ। ਵਾਟਰ ਸਪਲਾਈ ਸਕੀਮ ਮੇਰੇ ਹਲਕੇ ਦੇ ਕਈ ਪਿੰਡਾਂ ਵਿਚ ਨਹੀਂ ਹੈ। ਮੇਰਾ ਹਲਕਾ ਸੁਜਾਨਪੁਰ ਹੈ ਇਸ ਵਿਚ ਕਈ ਲਿੰਕ ਰੋਡਜ਼ ਨਹੀਂ ਦਿੱਤੀਆਂ ਗਈਆਂ। ਸਰਕਾਰ ਨੂੰ ਇਸ ਹਲਕੇ ਵਾਸਤੇ ਖਾਸ ਧਿਆਨ ਦੇਣਾ ਚਾਹੀਦਾ ਹੈ।

ਮੈਂ ਥੀਨ ਡੈਮ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਜਿਸ ਦਾ ਨਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਤੇ ਰਖਿਆ ਗਿਆ ਹੈ। ਇਹ ਜਿਸ ਵੇਲੇ ਸ਼ੁਰੂ ਹੋਇਆ ਸੀ ਉਸ ਵਕਤ ਕਿਹਾ ਗਿਆ ਸੀ ਕਿ ਜਿਸ ਵਕਤ ਕੰਮ ਸ਼ੁਰੂ ਕੀਤਾ ਜਾਵੇਗਾ ਉਸ ਵਕਤ ਜਿਹੜੇ ਲੋਕਾਂ ਦੀਆਂ ਜ਼ਮੀਨਾਂ ਲਈਆਂ ਹਨ, ਮਕਾਨ ਉਠਾਏ ਗਏ ਹਨ, ਉਨ੍ਹਾਂ ਨੂੰ ਰੋਜ਼ਗਾਰ ਵਗੈਰਾ ਵਾਸਤੇ ਪਹਿਲ ਦਿੱਤੀ ਜਾਵੇਗੀ। ਪਰ ਜਿਹੜੇ ਅਫਸਰ ਲਗਾਏ ਹਨ ਉਨ੍ਹਾਂ ਦੇ ਘਰਾਂ ਵਿਚ ਜਿਹੜੇ ਲੋਕ ਕੰਮ ਕਰਦੇ ਸਨ ਉਨ੍ਹਾਂ ਨੂੰ ਲਗਾ ਦਿਤਾ ਗਿਆ ਹੈ। ਜਿਨ੍ਹਾਂ ਦੀਆਂ ਜ਼ਮੀਨਾਂ ਐਕੁਆਇਰ ਹੋਈਆਂ ਜਿਹੜੇ ਆਊਸਟੀਜ਼ ਸਨ ਉਨ੍ਹਾਂ ਬਾਰੇ ਪੰਜਾਬ ਦੀ ਜਿਹੜੀ ਪਾਲਿਸੀ ਸ਼ੁਰੂ ਵਿਚ ਬਣਾਈ ਗਈ ਸੀ ਉਹ ਲਾਗੂ ਨਹੀਂ ਕੀਤੀ ਗਈ। ਮੈਂ ਕਹਾਂਗਾ ਕਿ ਜਿਹੜੇ ਲੋਕਲ ਅਫਸਰ ਹਨ ਉਨ੍ਹਾਂ ਦੀ ਟਰਾਂਸਫਰ ਕੀਤੀ ਜਾਵੇ। ਜਿਹੜਾ ਪੰਜਾਬ ਖੁਸ਼ਹਾਲ ਕਰਨ ਦਾ ਸੁਪਨਾ ਲਿੱਤਾ ਗਿਆ ਸੀ ਉਹ ਪੂਰਾ ਨਹੀਂ ਹੋ ਸਕਿਆ। ਅਖਬਾਰਾਂ ਵਿਚ ਆਇਆ ਹੈ ਕਿ ਹੁਣ ਤਕ ਥੀਨ ਡੈਮ ਤੇ 500 ਕਰੋੜ ਰੁਪਿਆ ਖਰਚ ਕੀਤਾ ਜਾ ਚੁੱਕਾ ਹੈ ਪਰ ਉਸ ਵਿਚੋਂ ਦੋ ਸੌ ਕਰੋੜ ਰੁਪਿਆ ਖਾ ਗਏ ਹਨ। ਮੈਂ ਤਾਂ ਕਹਿੰਦਾ ਹਾਂ ਕਿ ਅੱਧਾ ਰੁਪਿਆ ਖਾ ਗਏ ਹਨ। ਉਥੇ ਝੂਠੀਆਂ (ਜਾਹਲੀ) ਫਰਮਾਂ ਹਨ ਉਨ੍ਹਾਂ ਕੋਲੋਂ ਝੂਠੀਆਂ ਪੇਮੈਂਟਾਂ ਦੇ ਬਿਲ ਲਏ ਜਾਂਦੇ ਹਨ, ਇਹ ਹਨੇਰਗਰਦੀ ਦੂਰ ਕੀਤੀ ਜਾਵੇ। ਬਾਕੀ ਸਰਕਾਰੀ ਮੁਲਾਜ਼ਮਾਂ ਦੀ ਗੱਲ ਹੈ। ਥਰਡ ਪੇਅ ਕਮਿਸ਼ਨ ਦੀ ਰਿਪੋਰਟ ਡੇਟ ਬਾਊਂਡ ਹੋਣੀ ਚਾਹੀਦੀ ਹੈ। ਇਹ ਫੈਸਲਾ 30 ਅਪਰੈਲ, 1987 ਤਕ ਆਉਣਾ ਚਾਹੀਦਾ ਹੈ ਅਤੇ 1-1-1986 ਤੋਂ ਲਾਗੂ ਹੋਣਾ ਚਾਹੀਦਾ ਹੈ।

ਪਿਛਲੇ ਸਾਲ ਤਹਿਸੀਲ ਪਠਾਨਕੋਟ ਵਿਚ ਬਾਰਸ਼ਾਂ ਨਾਲ ਲੋਕਾਂ ਦੀਆਂ ਫਸਲਾਂ ਖਰਾਬ ਹੋਈਆਂ ਸਨ। ਮਕਾਨ ਡਿਗ ਗਏ ਸਨ। ਉਥੇ ਕੋਈ ਪੈਸਾ ਨਹੀਂ ਮਿਲਿਆ ਇਧਰ ਧਿਆਨ ਕਰਨਾ ਚਾਹੀਦਾ ਹੈ ।

ਹੁਣ ਮੈਂ ਗਲੀਆਂ ਨਾਲੀਆਂ ਦੀ ਗੱਲ ਕਰਨਾ ਚਾਹੁੰਦਾ ਹਾਂ। ਇਥੇ ਕਿਹਾ ਗਿਆ ਸੀ ਜਿਹੜੀ ਡਿਸਟ੍ਰਿਕਟ ਡਿਵੈਲਪਮੈਂਟ ਕਮੇਟੀ ਪਾਸ ਕਰੇ ਉਹ ਪਿੰਡ ਇਸ ਦੇ ਲਈ ਲਿਤੇ ਜਾਣਗੇ। ਪਰ ਇਸ ਸਬੰਧ ਵਿਚ ਸਾਡੇ ਇਲਾਕੇ ਨਾਲ ਵਿਤਕਰਾ ਹੋਇਆ ਹੈ ਸਾਨੂੰ ਹਾਲੇ ਤਕ ਕੋਈ ਪਿੰਡ ਨਹੀਂ ਮਿਲਿਆ ਜਦ ਕਿ ਮੇਰੇ ਹਲਕੇ ਦੇ 9 ਪਿੰਡ ਰਿਕੁਮੈਂਡ ਹੋਏ ਸਨ । ਇਨ੍ਹਾਂ ਪਿੰਡਾਂ ਵਿੱਚ ਕੋਈ ਸੜਕ ਨਹੀਂ, ਕੋਈ ਵਾਟਰ ਸਪਲਾਈ ਨਹੀਂ। ਸੁਜਾਨਪੁਰ ਵਾਟਰ ਸਪਲਾਈ ਦੋ ਤਿੰਨ ਮਹੀਨਿਆਂ ਤੋਂ ਬੰਦ ਪਈ ਹੈ, ਰੌਲਾ ਪਾਇਆ ਪਰ ਅਫਸਰਾਂ ਦੇ ਕੰਨਾਂ ਤੇ ਜੂੰ ਤਕ ਨਹੀਂ ਰੀਂਗੀ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਸ਼ੁਕਰਗੁਜ਼ਾਰ ਹਾਂ ਬੇਸ਼ਕ ਤੁਸੀਂ ਮੈਨੂੰ ਟਾਈਮ ਥੋੜ੍ਹਾ ਦਿਤਾ ਹੈ ਜਿਸ ਕਰਕੇ ਮੈਨੂੰ ਜਲਦੀ ਤੋਂ ਜਲਦੀ ਬੋਲਣਾ ਪਿਆ।

(ਕਾਂਗਰਸ ਪਾਰਟੀ ਵਲੋਂ ਕਈ ਮਾਨਯੋਗ ਮੈਂਬਰ ਖੜ੍ਹੇ ਸਨ)

ਆਵਾਜ਼ਾਂ : ਸਿਰਫ ਪੰਜ ਮਿੰਟ ਜੀ।

ਸ੍ਰੀ ਹਰੀ ਮਿੱਤਰ ਹੰਸ (ਸ਼ਾਮ ਚੁਰਾਸੀ, ਐਸ. ਸੀ.) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿਤਾ ਹੈ। ਇਹ ਜੋ ਬਜਟ ਹੈ ਜਿਹੜਾ ਕਿ 40 ਕਰੋੜ ਰੁਪਿਆ ਟੈਕਸ ਦਾ ਹੈ, ਇਸ ਵਿਚ ਇਹ ਜੋ ਘਾਟਾ ਦਸਿਆ ਗਿਆ ਹੈ ....

(ਇਸ ਸਮੇਂ ਮਾਸਟਰ ਮੋਹਨ ਲਾਲ ਜੀ ਖੜ੍ਹੇ ਸਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਡਿਮਾਂਡਜ਼ ਉਤੇ ਟਾਈਮ ਲੈ ਲੈਣਾ। ਡਿਮਾਂਡਜ਼ ਉਤੇ ਤੁਹਾਨੂੰ ਟਾਈਮ ਦੇ ਦੇਵਾਂਗੇ। ਮਾਸਟਰ ਜੀ ਬੈਠੋ, ਬੈਠੋ।

ਸ੍ਰੀ ਹਰੀ ਮਿੱਤਰ ਹੰਸ : ਇਹ ਜਿਹੜਾ ਬੱਜਟ ਪੇਸ਼ ਕੀਤਾ ਗਿਆ ਹੈ ਅਤੇ 22.5 ਕਰੋੜ ਰੁਪਏ ਦਾ ਘਾਟਾ ਦੱਸਿਆ ਗਿਆ ਹੈ, ਇਸ ਵਿਚ ਇਹ ਨਹੀਂ ਦਸਿਆ ਗਿਆ ਕਿ ਡਾਊਨ ਟਰੋਡਨ ਦਾ ਖਿਆਲ ਕੀਤਾ ਜਾਵੇਗਾ। ਅੱਜ ਡਾਊਨ ਟਰੋਡਨ ਨੂੰ ਉਪਰ ਚੁਕਣ ਦੀ ਲੋੜ ਹੈ। ਪਰ ਇਸ ਪਾਸੇ ਪੈਸਾ ਨਹੀਂ ਰਖਿਆ ਗਿਆ, ਇਹ ਨਹੀਂ ਦਸਿਆ ਗਿਆ ਕਿ ਕਿਤਨੇ ਮਕਾਨ ਹਰੀਜਨਾਂ ਨੂੰ ਦੇਣਗੇ। ਰੋਡਜ਼ ਦੀ ਹਾਲਤ ਇਹ ਹੈ ਕਿ ਰਿਪੇਅਰ ਨਹੀਂ ਹੋਈਆਂ। ਬੁਰੀ ਹਾਲਤ ਹੈ। ਐਸਟੀਮੇਟ ਬਣਦਾ ਉਸ ਵਿਚੋਂ ਅੱਧਾ ਤਾਂ ਅਫਸਰ ਖਾ ਜਾਂਦੇ ਹਨ ਮੈਂ ਇਸ ਲਈ ਗੌਰਮਿੰਟ ਨੂੰ ਰਿਕੁਐਸਟ ਕਰਾਂਗਾ ਖਾਸ ਤੌਰ ਤੇ ਫਾਇਨਾਂਸ ਮਨਿਸਟਰ ਸਾਹਿਬ ਨੂੰ ਕਿ 25% ਆਫੀਸਰਜ਼ ਦਾ ਸ਼ੇਅਰ ਬੱਜਟ ਵਿਚ ਹੀ ਰਖ ਲੈਣ ਔਰ 75% ਰੋਡਜ਼ ਤੇ ਇਸਤੇਮਾਲ ਕੀਤਾ ਜਾਵੇ। (ਥੰਪਿੰਗ) (ਹਾਸਾ) ਟਿਊਬਵੈਲ ਕਾਰਪੋਰੇਸ਼ਨ ਜਿਹੜੀ ਕਿ ਟਿਊਬਵੈਲਜ਼ ਲਗਾ ਰਹੀ ਹੈ, ਕਿਸਾਨਾ ਨੂੰ ਪਾਣੀ ਦਿੰਦੀ ਹੈ ਔਰ ਪੈਸਾ ਲਿਆ ਜਾਂਦਾ ਹੈ। ਡੀਪ ਟਿਊਬਵੈਲ ਜਿਹੜੇ ਕਿ ਕੰਡੀ ਏਰੀਆ ਦੇ ਨਾਮ ਤੇ ਲਗਾਏ ਜਾਂਦੇ ਹਨ, ਜਿਹੜੇ ਟਿਊਬਵੈਲ ਖਾਸ ਤੌਰ ਤੇ ਕੰਡੀ ਏਰੀਆ ਲਈ ਲਗਾਏ ਜਾਂਦੇ ਹਨ, ਉਹ ਉਥੇ ਲਗਦੇ ਹਨ ਜਿਥੇ ਕਿ ਅਫਸਰਾਂ ਦੀ ਜ਼ਮੀਨ ਹੈ। ਮੈਂ ਇਸ ਲਈ ਫਾਇਨਾਂਸ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ

[ਸ੍ਰੀ ਹਰੀ ਮਿੱਤਰ ਹੰਸ]

ਕਿ ਉਹ ਇਨਕੁਆਇਰੀ ਕਰਾਉਣ ਕਿ ਜਿਹੜੇ ਟਿਊਬਵੈਲ ਹਨ ਉਹ ਅਫਸਰਾਂ ਦੀਆਂ ਜ਼ਮੀਨਾਂ ਲਈ ਹੀ ਲਗਾਏ ਜਾਂਦੇ ਹਨ ਨਾ ਕਿ ਕੰਡੀ ਏਰੀਆ ਦੇ ਵਾਸੀਆਂ ਲਈ ਲਗਾਏ ਜਾਂਦੇ ਹਨ। ਉਥੇ ਪੀਣ ਦਾ ਪਾਣੀ ਨਹੀਂ ਮਿਲਦਾ। ਦਸ ਦਸ ਪੰਦਰਾਂ ਪੰਦਰਾਂ ਮਕਾਨ ਹਨ। ਇਸ ਲਈ ਘੱਟੋ ਘੱਟ ਪੀਣ ਵਾਸਤੇ ਪਾਣੀ ਲੋਕਾਂ ਨੂੰ ਦਿੱਤਾ ਜਾਏ। ਜਿੱਥੋਂ ਤਕ ਸੈਂਟਰਲ ਗੌਰਮਿੰਟ ਦੀ ਪਾਲਿਸੀ ਹੈ, 20 ਨੁਕਾਤੀ ਪ੍ਰੋਗਰਾਮ ਹੈ ਕਿ ਪੀਣ ਵਾਲਾ ਪਾਣੀ ਲੋਕਾਂ ਨੂੰ ਦਿਤਾ ਜਾਵੇਗਾ।

ਸ੍ਰੀ ਡਿਪਟੀ ਸਪੀਕਰ : ਵਧਾਈ ਦੇ ਦਿਓ ਹੁਣ (ਹਾਸਾ)

ਸ੍ਰੀ ਹਰੀ ਮਿੱਤਰ ਹੰਸ : ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਚੌਕੀਦਾਰ ਜਿਹੜੇ ਹਨ, ਜਦੋਂ ਦਾ ਹਿੰਦੁਸਤਾਨ ਆਜ਼ਾਦ ਹੋਇਆ ਹੈ, ਚੌਂਕੀਦਾਰਾਂ ਨੂੰ ਅਜੇ ਤਕ ਕੋਈ ਫੈਸਿਲਟੀਜ਼ ਨਹੀਂ ਦਿੱਤੀਆਂ ਗਈਆਂ। ਇਸ ਲਈ ਕਮ-ਅਜ਼-ਕਮ ਫਾਇਨਾਂਸ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਚੌਕੀਦਾਰ ਜਿਹੜੇ ਹਨ ਉਨ੍ਹਾਂ ਨੂੰ ਕਲਾਸ ਫੋਰ ਇੰਪਲਾਈਜ਼ ਬਣਾ ਦਿਤਾ ਜਾਵੇ। ਜਿਹੜੇ ਓਲਡ ਏਜ ਵਿਚ ਹਨ ਉਨ੍ਹਾਂ ਨੂੰ ਪੈਨਸ਼ਨ ਦੇ ਕੇ ਰਿਟਾਇਰ ਕੀਤਾ ਜਾਵੇ ਔਰ ਨਵੇਂ ਚੌਕੀਦਾਰ ਬਣਾਏ ਜਾਣ। ਇਸ ਤਰ੍ਹਾਂ ਇਕ ਤਾਂ ਅਨਇੰਪਲਾਇਮੈਂਟ ਖਤਮ ਹੋਵੇਗੀ ਔਰ ਦੂਸਰਾ ਉਨ੍ਹਾਂ ਨੂੰ ਰਾਹਤ ਮਿਲੇਗੀ। ਜਿਥੋਂ ਤੱਕ ਉਨ੍ਹਾਂ ਦੀਆਂ ਵਰਦੀਆਂ ਦਾ ਸਵਾਲ ਹੈ, ਉਹ ਵੀ ਦੇਣੀਆਂ ਚਾਹੀਦੀਆਂ ਹਨ। ਅੱਜ ਅੱਤਵਾਦ ਦਾ ਟਾਈਮ ਹੈ, ਇਸ ਲਈ ਮੈਂ ਇਹ ਸੁਜੈਸਟ ਕਰਾਂਗਾ ਕਿ ਹਰ ਇਕ ਚੌਕੀਦਾਰ ਨੂੰ ਇਕ ਬੰਦੂਕ ਦਿਤੀ ਜਾਵੇ ਔਰ ਉਨ੍ਹਾਂ ਨੂੰ ਕਲਾਸ ਫੋਰ ਇੰਪਲਾਈ ਬਣਾਇਆ ਜਾਵੇ ।

ਸਕੂਲ ਦੀ ਬਿਲਡਿੰਗਜ਼ ਦੀ ਗੱਲ ਹੈ। ਤੁਹਾਨੂੰ ਪਤਾ ਹੈ ਕਿ ਇਕ ਪ੍ਰਾਈਵੇਟ ਸਕੂਲ ਦੀ ਬਿਲਡਿੰਗ ਗਿਰ ਗਈ ਹੈ। ਉਹ ਤਾਂ ਪ੍ਰਾਈਵੇਟ ਸਕੂਲ ਸੀ ਪਰ ਕਈ ਗੌਰਮਿੰਟ ਸਕੂਲਾਂ ਦੀਆਂ ਬਿਲਡਿੰਗਾਂ ਦੀ ਮਾੜੀ ਹਾਲਤ ਹੈ। ਜਿਸ ਤਰ੍ਹਾਂ ਕਿ ਪੁਰਹੀਰਾ ਹੈ, ਜਿਥੇ ਕਿ ਸਕੂਲ ਹੈ, ਪਰ ਉਸ ਦੀ ਬਿਲਡਿੰਗ ਦੀ ਖਸਤਾ ਹਾਲਤ ਹੈ। ਪੀ. ਡਬਲਿਯੂ ਡੀ. ਨੇ ਅਨਸੇਫ ਡਿਕਲੇਅਰ ਕਰ ਦਿੱਤੀ ਹੈ। ਇਸ ਤਰ੍ਹਾਂ ਸੰਸੋਵਾਲ ਹਾਈ ਸਕੂਲ ਹੈ। ਇਸ ਲਈ ਇਹ ਇਕ ਕਮੇਟੀ ਬਣਾ ਕੇ ਇਨਕੁਆਇਰੀ ਕਰਾਉਣ ਤਾਂਕਿ ਕਿਤੇ ਨਵਾਂ ਸ਼ਹਿਰ ਵਾਲੀ ਹਾਲਤ ਨਾ ਹੋਵੇ। ਇਹ ਸਰਕਾਰੀ ਬਿਲਡਿੰਗਾਂ ਹਨ।

ਫਿਰ ਸਵੀਪਰ ਹਨ। ਸਫਾਈ ਮਜ਼ਦੂਰ ਹੈ ਉਨ੍ਹਾਂ ਵਾਸਤੇ ਬੱਜਟ ਵਿਚ ਕੋਈ ਪ੍ਰੋਵੀਜ਼ਨ ਨਹੀਂ ਹੈ (ਥੰਪਿੰਗ)। ਇਸ ਤੋਂ ਇਲਾਵਾ ਚਾਹੇ ਮੀਂਹ ਹੋਵੇ, ਚਾਹੇ ਹਨੇਰੀ ਹੋਵੇ, ਕੋਈ ਛੁੱਟੀ ਨਹੀਂ ਦਿਤੀ ਜਾਂਦੀ ਔਰ ਉਨ੍ਹਾਂ ਦਾ ਕੋਈ ਜ਼ਿਕਰ ਨਹੀਂ ਕੀਤਾ। ਕਮ-ਅਜ਼-ਕਮ ਜਿਹੜੇ ਹੋਲ ਟਾਈਮਰਜ਼ ਹਨ, ਉਨ੍ਹਾਂ ਨੂੰ ਘੱਟੋ ਘੱਟ 2000/- ਰੁਪਏ ਤਨਖਾਹ ਦਿਤੀ ਜਾਵੇ ਔਰ ਜੇਕਰ ਉਨ੍ਹਾਂ ਵਿਚੋਂ ਕੋਈ ਨੌਕਰੀ ਕਰਨੀ ਚਾਹੇ ਤਾਂ ਦੋ ਹਜ਼ਾਰ ਰੁਪਏ ਦੀ ਨੌਕਰੀ ਦਿੱਤੀ ਜਾਵੇ। ਜਿਹੜੇ ਪਾਰਟ ਟਾਈਮ ਸਵੀਪਰਜ਼ ਹਨ ਉਨ੍ਹਾਂ ਨੂੰ ਹੋਲ ਟਾਈਮ ਕੀਤਾ ਜਾਵੇ। ਇਕ ਗਲ ਮੈਂ ਮਨਿਸਟਰ ਸਾਹਿਬ ਨੂੰ ਇਹ ਵੀ ਕਹਿਣੀ ਚਾਹਵਾਂਗਾ ਕਿ (ਘੰਟੀ) ਜਿਸ ਵੇਲੇ ਸਵੀਪਰਜ਼ ਸੀਵਰੇਜ ਦੀ ਸਫਾਈ ਕਰਦੇ ਹੋਏ ਮਰ ਜਾਂਦੇ ਹਨ ਉਨ੍ਹਾਂ ਸਵੀਪਰਾਂ ਨੂੰ ਘੱਟੋ ਘੱਟ ਇਕ ਲੱਖ ਰੁਪਏ ਦੀ ਗਰਾਂਟ ਦੇਣੀ ਚਾਹੀਦੀ ਹੈ। (ਥੰਪਿੰਗ) (ਘੰਟੀ) ਜਿਹੜੀ ਉਸ ਗੰਦੇ ਪਾਣੀ ਦੀ ਗੈਸ ਨਿਕਲਦੀ ਹੈ ਉਸ ਤੋਂ ਬਚਣ ਲਈ ਉਨ੍ਹਾਂ ਨੂੰ ਯੂਨੀਫਾਰਮ ਜ਼ਰੂਰ ਦਿੱਤੀਆਂ ਜਾਣ। ਇਸ ਤੋਂ ਅੱਗੇ ਜਿਹੜੀ ਰਿਜ਼ਰਵੇਸ਼ਨ ਹੈ (ਘੰਟੀ) ਇਹ ਖਾਸ ਕਰਕੇ ਸਫਾਈ ਮਜ਼ਦੂਰਾਂ ਵਿਚ ਤਾਂ ਜ਼ਰੂਰ ਪੂਰੀ ਕਰਨੀ ਚਾਹੀਦੀ ਹੈ। (ਘੰਟੀ) ਜਿਹੜੇ ਲੋਨ ਹਰੀਜਨਾਂ ਨੂੰ ਦਿੰਦੇ ਹੋ ਉਸ ਵਿਚ ਕਮ-ਅਜ਼-ਕਮ ਇਕ ਲੱਖ ਰੁਪਿਆ ਤਾਂ ਜ਼ਰੂਰ ਹੋਣਾ ਚਾਹੀਦਾ ਹੈ (ਘੰਟੀ) ਜਿਹੜੀ ਸ਼ਡਿਊਲਡ ਕਾਸਟ

ਕਾਰਪੋਰੇਸ਼ਨ ਹੈ ਇਸ ਨੂੰ ਕਰਜ਼ੇ ਵਾਸਤੇ ਜ਼ਮੀਨਾਂ ਲੈਣ ਵਾਸਤੇ 35 ਹਜ਼ਾਰ ਰੁਪਏ ਦਿੱਤੇ ਜਾਂਦੇ ਸਨ ਹੁਣ ਘੱਟੋ ਘੱਟ ਇਸ ਵਾਸਤੇ 2–3 ਲੱਖ ਰੁਪਿਆ ਤਾਂ ਜ਼ਰੂਰ ਦੇਣਾ ਚਾਹੀਦਾ ਹੈ। (ਘੰਟੀ)

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਠੋ। ਐਫ. ਐਮ. ਸਾਹਿਬ ਬੋਲਣਗੇ।

(ਹਾਲੇ ਵੀ ਮੈਂਬਰ ਸਾਹਿਬ ਬਗੈਰ ਪਰਮਿਸ਼ਨ ਤੋਂ ਬੋਲ ਰਹੇ ਸਨ ** **)

ਸ੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) (ਬੰਪਿੰਗਜ਼) · ਡਿਪਟੀ ਸਪੀਕਰ ਸਾਹਿਬ, ਬਜਟ ਤੇ ਤਿੰਨ ਦਿਨ ਤੋਂ ਲਗਾਤਾਰ ਬਹਿਸ ਚਲ ਰਹੀ ਹੈ ਔਰ ਮੈਂ ਧਿਆਨ ਨਾਲ ਸੁਣੀ ਹੈ। ਇਸ ਤੇ ਕਈ ਮੈਂਬਰਜ਼ ਨੇ ਨੁਕਤਾਚੀਨੀ ਵੀ ਕੀਤੀ ਹੈ ਪਰ ਜ਼ਿਆਦਾ ਮੈਂਬਰਜ਼ ਨੇ ਇਸ ਦੀ ਤਾਰੀਫ ਕੀਤੀ ਹੈ ਔਰ ਮੈਂ ਇਹ ਗਲ ਕਹਿਣੀ ਚਾਹਵਾਂਗਾ ਕਿ ਅਖਬਾਰਾਂ ਦੇ ਐਡੀਟੋਰੀਅਲਜ਼ ਵਿਚ ਇਸ ਬਜਟ ਦੀ ਤਸਵੀਰ ਨੂੰ ਬਹੁਤ ਅੱਛੇ ਢੰਗ ਨਾਲ ਦਸਿਆ ਹੈ। ਟ੍ਰਿਬਿਊਨ ਨੇ ਇਸ ਨੂੰ ਬੱਜਟਿੰਗ ਫਾਰ ਨਾਰਮੈਲਸੀ ਦਸਿਆ ਹੈ। ਇੰਡੀਅਨ ਐਕਸਪ੍ਰੈਸ ਨੇ ਵੀ ਇਸ ਨੂੰ ਬਹੁਤ ਅੱਛਾ ਲਿਖਿਆ ਹੈ, ਹੋਰ ਜਿਹੜੇ ਵਰਨੈ-ਕੁਲਰ ਅਖਬਾਰ ਹਨ ਅਕਾਲੀ ਪਤ੍ਰਿਕਾ ਆਦਿ ਇਨ੍ਹਾਂ ਨੇ ਵੀ ਇਸ ਬੱਜਟ ਦੀ ਬੜੀ ਭਾਰੀ ਤਾਰੀਫ ਕੀਤੀ ਹੈ ਔਰ ਮੈਂ ਕਹਿ ਸਕਦਾ ਹਾਂ ਕਿ ਸਰਦਾਰ ਸੁਰਜੀਤ ਸਿੰਘ ਬਰਨਾਲਾ, ਮੁੱਖ ਮੰਤਰੀ, ਦੀ ਲੀਡਰਸ਼ਿਪ ਥੱਲੇ ਸਰਕਾਰ ਨੇ ਇਹ ਸਿਰਫ ਪ੍ਰੋਗਰੈਸਿਵ ਬੱਜਟ ਹੀ ਨਹੀਂ ਬਲਕਿ ਆਰਥਿਕ ਦਿਸ਼ਾ ਤੋਂ ਐਸਾ ਬੱਜਟ ਲਿਆਂਦਾ ਹੈ ਜਿਸ ਨਾਲ ਕਿ ਪੰਜਾਬ ਦੀ ਤਰੱਕੀ ਵਿਚ ਨਵਾਂ ਇਨਕਲਾਬ ਆਵੇਗਾ। ਇਸ ਬੱਜਟ ਤੇ ਬੋਲਦੇ ਹੋਏ ਪੰਡਿਤ ਮੋਹਨ ਲਾਲ ਸਾਡੇ ਬਜ਼ੁਰਗ ਮੈਂਬਰ ਜਿਹੜੇ ਐਫ. ਐਮ. ਵੀ ਰਹਿ ਚੁੱਕੇ ਹਨ ਉਨ੍ਹਾਂ ਨੇ 2-3 ਗਲਾਂ ਕਹੀਆਂ ਹਨ। ਇਕ ਤਾਂ ਕਿਹਾ ਹੈ ਕਿ ਇਹ ਵੈਲਫੇਅਰ ਓਰੀਐਂ-ਟਿਡ ਬੱਜਟ ਨਹੀਂ ਹੈ, ਦੂਸਰਾ ਕਿਹਾ ਹੈ ਕਿ ਇਹ ਸੋਸ਼ਲਿਸਟਕ ਬੱਜਟ ਨਹੀਂ ਹੈ ਅਤੇ ਪਰੋ-ਕੈਪਿਟਿ-ਲਿਸਟ ਹੈ। ਇਸ ਨਾਲ ਪੰਜਾਬ ਦੇ ਵੱਡੇ ਆਦਮੀ ਨੂੰ ਫਾਇਦਾ ਹੋਵੇਗਾ ਅਤੇ ਛੋਟੇ ਆਦਮੀ ਨੂੰ ਨਹੀਂ। ਇਸ ਸਬੰਧ ਵਿਚ ਮੈਂ ਖਾਸ ਤੌਰ ਤੇ ਇਹ ਗਲ ਕਹਿਣੀ ਚਾਹਵਾਂਗਾ ਔਰ ਇਹ ਪਰੂਵ ਕਰਾਂਗਾ ਕਿ ਇਹ ਬੱਜਟ ਟੋਟਲ ਵੈਲਫੇਅਰ ਓਰੀਐਂਟਿਡ ਹੈ, ਵੀਕਰ ਸੈਕਸ਼ਨ ਲਈ ਹੈ, ਔਰ ਅਨੁਸੂਚਿਤ ਜਾਤੀਆਂ ਲਈ ਹੈ। ਸਾਡੀ ਪਾਰਟੀ ਇਹ ਸਮਝਦੀ ਹੈ ਕਿ ਸੋਸ਼ਲਿਸਟਿਕ ਦਾ ਇਹ ਮਤਲਬ ਨਹੀਂ ਕਿ ਗਰੀਬੀ ਨੂੰ ਤਕਸੀਮ ਕੀਤਾ ਜਾਵੇ ਬਲਕਿ ਸੋਸ਼ਲਿਸਟਿਕ ਦਾ ਇਹ ਮਤਲਬ ਹੈ ਕਿ ਡਿਸਪੈਰਿਟੀ ਖਤਮ ਕੀਤੀ ਜਾਵੇ ਔਰ ਨਾਲ ਦੀ ਨਾਲ ਤਰੱਕੀ ਦਿੱਤੀ ਜਾਂਵੇ। ਇਨ੍ਹਾਂ ਦਾ ਇਹ ਕਨਸੈਪਟ ਕਿ ਗਰੀਬੀ ਨੂੰ, ਪਾਵਰਟੀ ਨੂੰ ਵੰਡਿਆ ਜਾਵੇ ਅਸੀਂ ਜਾਂ ਸਾਡੀ ਪਾਰਟੀ ਇਸ ਵਿਚ ਬਿਲੀਵ ਨਹੀਂ ਕਰਦੀ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਜਿਹੜੇ ਵੀਕਰ ਸੈਕਸ਼ਨਜ਼ ਹਨ, ਸ਼ਡਿਊਲਡ ਕਾਸਟ ਫੈਮਿਲੀਜ਼ ਹਨ ਉਨ੍ਹਾਂ ਨੂੰ ਖਾਸ ਕਰਕੇ ਮਹੱਤਤਾ ਦਿੱਤੀ ਹੈ। ਮੈਂ ਅੱਜ ਇਹ ਕਹਿਣਾ ਚਾਹੁੰਦਾ ਹਾਂ ਕਿ......

12-39 P.M. (ਇਸ ਸਮੇਂ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)।

ਵੀਕਰ ਸੈਕਸ਼ਨ ਨੂੰ ਇਨਟੈਗਰੇਟਿਡ ਸਕੀਮ ਦੇ ਥੱਲੇ ਜਿਸ ਦੀ ਆਮਦਨੀ 4800 ਰੁਪਏ ਤੋਂ ਥੱਲੇ ਹੈ ਉਸ ਨੂੰ ਅਸੀਂ ਪਿਛਲੇ ਸਾਲ ਤੱਕ 15.57 ਕਰੋੜ ਦਾ ਕਰਜ਼ਾ ਦਿੱਤਾ ਸੀ। ਇਸ ਤੋਂ ਇਲਾਵਾ 6 ਕਰੋੜ 12 ਲੱਖ ਰੁਪਏ ਦੀ ਸੱਬਸਿਡੀ ਵੀ ਦਿੱਤੀ ਹੈ। ਕੁੱਲ 5050 ਫੈਮਿਲੀਜ਼ ਵੀਕਰ ਸੈਕਸ਼ਨ ਦੀਆਂ ਨੂੰ ਇਹ ਕਰਜ਼ਾ ਦਿੱਤਾ ਹੈ। ਫੇਰ ਅਸੀਂ ਕਿਸ ਤਰ੍ਹਾਂ ਕਹਿ ਸਕਦੇ ਹਾਂ ਕਿ ਇਹ ਬੱਜਟ ਗਰੀਬਾਂ ਦੇ ਵਾਸਤੇ ਨਹੀਂ ਹੈ। ਅਨੁਸੂਚਿਤ ਜਾਤੀਆਂ ਦੇ ਲਈ 1985-86 ਵਿਚ 3 ਕਰੋੜ 60 ਲੱਖ ਰੁਪਿਆ ਰਖਿਆ

**Not recorded as ordered by the Chair.

[ਵਿੱਤ ਮੰਤਰੀ]

ਗਿਆ ਸੀ ਔਰ 1986-87 ਵਿਚ 5 ਕਰੋੜ 16 ਲੱਖ ਰੁਪਿਆ ਰਖਿਆ ਗਿਆ ਹੈ। ਇਸੇ ਤਰ੍ਹਾਂ ਹਰੀਜਨਾਂ ਨੂੰ 11 ਹਜ਼ਾਰ ਲਾਈਟ ਦੇ ਪੁਆਇੰਟ ਦਿੱਤੇ ਗਏ ਹਨ । ਇਸ ਉਤੇ ਸਰਕਾਰ ਨੇ ਇਕ ਕਰੋੜ 45 ਹਜ਼ਾਰ ਰੁਪਿਆ ਖਰਚ ਕੀਤਾ ਹੈ। ਫੇਰ ਅਸੀਂ ਨਵੀਂ ਸਕੀਮ ਬਣਾਈ ਅਤੇ 750 ਧਰਮਸ਼ਾਲਾਂ ਨੂੰ ਬਰਤਨ ਦਿੱਤੇ ਹਨ ਇਹ ਪਹਿਲੀ ਦਫਾ ਕੀਤਾ ਹੈ । ਜਿਹੜੀ ਸਾਡੀ ਸ਼ੈਡਿਊਲਡ ਕਾਸਟ ਕਾਰਪੋਰੇਸ਼ਨ ਹੈ ਉਸ ਦੇ ਜ਼ਰੀਏ ਜਿਹੜਾ ਸਾਡਾ ਮਕਸਦ ਸੋਸ਼ਲਿਸਟਿਕ ਸੋਸਾਇਟੀ ਦਾ ਉਨ੍ਹਾਂ ਨੂੰ ਆਪਣੇ ਹੀ ਘਰ ਕੰਮ ਕਰਨ ਲਈ ਕਰਜ਼ੇ ਦਿੱਤੇ ਹਨ ਤਾਂਕਿ ਉਹ ਕਮਾਈ ਕਰ ਸਕਣ । 23 ਹਜ਼ਾਰ ਅਨੁਸੂਚਿਤ ਜਾਤੀਆਂ ਦੀਆਂ ਫੈਮਿਲੀਜ਼ ਨੂੰ 17 ਕਰੋੜ 47 ਲੱਖ ਦਾ ਕਰਜ਼ਾ ਸਸਤੇ ਰੇਟ ਤੇ ਦਿੱਤੇ ਹਨ । ਇਸੇ ਤਰ੍ਹਾਂ ਇੰਦਰਾ ਆਵਾਸ਼ ਯੋਜਨਾ ਅਧੀਨ 1 ਕਰੋੜ 37 ਲੱਖ ਰੁਪਿਆ ਗਰੀਬ ਹਰੀਜਨਾਂ ਨੂੰ ਮਕਾਨ ਬਣਾ ਕੇ ਦਿੱਤੇ ਹਨ । ਪਿਛਲੇ ਸਾਲ ਇਸ ਕੰਮ ਲਈ 1 ਕਰੋੜ 37 ਲੱਖ ਰੁਪਿਆ ਰਖਿਆ ਸੀ ਅਤੇ ਇਸ ਸਾਲ ਇਸ ਦੇ ਲਈ 3 ਕਰੋੜ 32 ਲੱਖ ਰੁਪਿਆ ਰਖਿਆ ਗਿਆ ਹੈ ਇਸੇ ਤਰ੍ਹਾਂ ਇਹ ਇਕ ਨਵੀਂ ਸਕੀਮ ਸ਼ੁਰੂ ਕੀਤੀ ਹੈ । ਇਨਟੈਗਰੇਟਿਡ ਚਾਈਲਡ ਡਿਵੈਲਪਮੈਂਟ ਸਕੀਮ ਹੈ ਤਾਂ ਕਿ ਮਾਂ ਅਤੇ ਬੱਚੇ ਵੱਲ ਧਿਆਨ ਦਿੱਤਾ ਜਾ ਸਕੇ। ਜਦੋਂ ਮਾਂ ਬੱਚੇ ਨੂੰ ਜਨਮ ਦੇਣ ਵਾਲੀ ਹੁੰਦੀ ਹੈ ਤਾਂ ਉਸ ਦੀ ਖੁਰਾਕ ਵੱਲ ਧਿਆਨ ਦਿੱਤਾ ਜਾ ਸਕੇ ਔਰ ਉਸ ਦੀ ਮੱਦਦ ਕੀਤੀ ਜਾ ਸਕੇ। ਅਸੀਂ ਇਸ ਸਕੀਮ ਅਧੀਨ 45 ਬਲਾਕਾਂ ਵਿਚ ਕੰਮ ਸ਼ੁਰੂ ਕਰ ਦਿੱਤਾ ਹੈ । ਪਿਛਲੇ ਸਾਲ 2 ਕਰੋੜ 40 ਲੱਖ ਰੁਪਿਆ ਖਰਚ ਕੀਤਾ ਗਿਆ ਸੀ ਔਰ ਇਸ ਸਾਲ ਇਸ ਉਤੇ 5 ਕਰੋੜ 53 ਲੱਖ ਰੁਪਿਆ ਖਰਚ ਕੀਤਾ ਜਾ ਰਿਹਾ ਹੈ। ਅਸੀਂ ਇਹ ਇਕ ਨਵੀਂ ਸਕੀਮ ਲਿਆਂਦੀ ਹੈ। ਉਹ ਹਰੀਜਨ ਇੰਡਸਟਰੀਲਿਸਟਾਂ ਵਾਸਤੇ ਹੈ । ਇਸ ਨੂੰ ਤੁਸੀਂ ਕੈਪੀਟਿਲਿਸਟਿਕ ਬੱਜਟ ਸਕੀਮ ਜ਼ਰੂਰ ਕਹਿ ਸਕਦੇ ਹੋ ਕਿਉਂਕਿ ਤੁਸੀਂ ਨਹੀਂ ਚਾਹੋਗੇ ਕਿ ਹਰੀਜਨਾਂ ਨੂੰ ਇੰਡਸਟਰੀਲਿਸਟ ਬਣਾਇਆ ਜਾਵੇ ਕਿਉਂਕਿ ਤੁਹਾਨੂੰ ਦੁੱਖ ਹੋਵੇਗਾ ਅਸੀਂ ਇਕ ਸਕੀਮ ਲਿਆਂਦੀ ਹੈ ਜਿਸ ਵਿਚ ਅਨੁਸੂਚਿਤ ਜਾਤੀਆਂ ਦੇ ਬੰਦੇ ਕਾਰਖਾਨਾ ਲਗਾਉਣਾ ਚਾਹੁੰਦੇ ਹਨ ਔਰ ਉਹ 'ਬੀ' ਕੈਟੇਗਰੀਜ਼ ਵਿਚ ਹਨ ਤਾਂ ਉਨ੍ਹਾਂ ਨੂੰ ਸਹੂਲਤਾਂ 'ਏ' ਕੈਟੇਗਰੀਜ਼ ਵਾਲੀਆਂ ਮਿਲਣਗੀਆਂ। ਇਸ ਵੱਲ ਮੇਰਾ ਖਿਆਲ ਹੈ ਮੈਂਬਰਜ਼ ਸਾਹਿਬਾਨ ਨੇ ਧਿਆਨ ਨਾਲ ਨਹੀਂ ਪੜ੍ਹਿਆ ਹੈ। ਇਸ ਸਹੂਲਤ ਨਾਲ ਅਨੁਸੂਚਿਤ ਜਾਤੀ ਦੇ ਇੰਡਸਟਰੀਅਲਿਸਟਾਂ ਨੂੰ ਇੰਟਰਪ੍ਰੀਨਿਓਰ ਬਣਾਇਆ ਜਾਵੇਗਾ । ਕਾਰਖਾਨੇਦਾਰ ਬਣ ਸਕਣਗੇ । ਇਸ ਨੂੰ ਤੁਸੀਂ ਨਹੀਂ ਸਮਝ ਸਕਦੇ । ਇਸ ਨੂੰ ਮਹਿਰਾ ਸਾਹਿਬ ਸਮਝ ਸਕਦੇ ਹਨ। ਇਸੇ ਤਰ੍ਹਾਂ ਟਰਾਂਸਪੋਰਟ ਵਿਚ ਇਕ ਨਵੀਂ ਪਾਲਿਸੀ ਹੁਣ ਬਣਾਈ ਹੈ ਜਿਸ ਰਾਹੀਂ ਹਰੀਜਨਾਂ ਨੂੰ 25 ਪ੍ਰਤੀਸ਼ਤ ਰੂਟ ਪਰਮਿਟ ਦਿੱਤੇ ਜਾਣਗੇ । ਇਹ ਨਵੇਂ ਪਰਮਿਟ ਦਿੱਤੇ ਜਾਣਗੇ। ਇਤਨੀਆਂ ਚੀਜ਼ਾਂ ਹੋਣ ਦੇ ਬਾਵਜੂਦ ਇਸ ਨੂੰ ਤੁਸੀਂ ਵੈਲਫੇਅਰ ਸਟੇਟ ਦਾ ਬੱਜਟ ਨਹੀਂ ਕਹੋਗੇ ਤਾਂ ਹੋਰ ਕੀ ਕਹੋਗੇ ਅਤੇ ਇਹ ਇਕ ਸੋਸ਼ਲਿਸਟਿਕ ਬੱਜਟ ਹੈ । ਇਹ ਪਤਾ ਨਹੀਂ ਕਿਹੜੀ ਦੁਨੀਆਂ ਵਿਚ ਫਿਰ ਰਹੇ ਹਨ ਅਤੇ ਜਾਂ ਫੇਰ ਇਨ੍ਹਾਂ ਦੀ ਥੀਊਰੀ ਕੋਈ ਹੋਰ ਹੈ । ਇਥੇ ਚੋਧਰੀ ਜਗਜੀਤ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਹਰੀਜਨਾਂ ਦੇ ਵਾਸਤੇ ਕੰਮਾਂ ਬਾਰੇ ਇਕ ਵ੍ਹਾਈਟ ਪੇਪਰ ਛਾਪਣਾ ਚਾਹੀਦਾ ਹੈ। ਇਹ ਅਸੀਂ ਛਾਪਣ ਲਈ ਤਿਆਰ ਹਾਂ । ਹਰੀ-ਜਨਾਂ ਦੇ ਵਾਸਤੇ ਪਹਿਲੇ ਵੀ ਸਰਕਾਰਾਂ ਕੰਮ ਕਰਦੀਆਂ ਰਹੀਆਂ ਹਨ ਪਰ ਜਿੰਨਾਂ ਕੰਮ ਇਸ ਸਰਕਾਰ ਨੇ ਕੀਤਾ ਹੈ ਇਤਨਾ ਕਿਸੇ ਸਰਕਾਰ ਨੇ ਨਹੀਂ ਕੀਤਾ । ਅਸੀਂ ਆਪਣੀ ਮਨਿਸਟਰੀ ਵਿਚ 7 ਵਜ਼ੀਰ ਬਣਾਏ ਅਤੇ 4 ਕਾਰਪੋਰੇਸ਼ਨਾਂ ਦੇ ਚੇਅਰਮੈਨ ਬਣਾਏ ਹਨ। ਪੰਜਾਬ ਵਿਚ ਇਹ ਪਹਿਲੀ ਦਫਾ ਹੋਇਆ ਹੈ ਕਿ ਅਸੀਂ ਰਿਜ਼ਰਵਰੇਸ਼ਨ ਐਕਟ ਦਾ ਬਿਲ ਲਿਆ ਰਹੇ ਹਾਂ ਜਿਸ ਦੀ ਐਪਰੂਵਲ ਕੈਬ-ਨਿਟ ਨੇ ਕਰ ਦਿੱਤੀ ਹੈ ਅਤੇ ਇਹ ਬਿਲ ਲਿਆਂਦਾ ਜਾਵੇਗਾ। ਪੰਜਾਬ ਸਰਕਾਰ ਵ੍ਹਾਈਟ ਪੇਪਰ ਛਾਪਣ

ਲਈ ਤਿਆਰ ਹੈ। ਅਕਾਲੀ ਸਰਕਾਰ ਹਮੇਸ਼ਾਂ ਗਰੀਬਾਂ ਅਨਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀ-ਆਂ ਅਤੇ ਵੀਕਰ ਸੈਕਸ਼ਨ ਲਈ ਕੰਮ ਕਰਦੀ ਰਹੀ ਹੈ ਅਤੇ ਉਨ੍ਹਾਂ ਦੀ ਇਹ ਸਰਕਾਰ ਰਹੀ ਹੈ। ਸਮਾਲ ਸਕੇਲ ਇੰਡਸਟਰੀ ਦੇ ਵਿਚ ਇਨ੍ਹਾਂ ਗਰੀਬਾਂ ਦੀ ਮਦੱਦ ਲਈ ਜਿਹੜੇ ਕੰਨਸੈਸ਼ਨ ਦਿੱਤੇ ਗਏ ਹਨ, ਇਹ ਪਾਲਸੀ ਬਣਾਈ ਗਈ ਹੈ। ਪਹਿਲੇ ਉਨ੍ਹਾਂ ਨੂੰ ਇੰਟਰੈਸਟ ਫਰੀ ਲੋਨ ਦਿੱਤਾ ਜਾਂਦਾ ਸੀ ਜਿੰਨਾ ਰੁਪਿਆ ਲਗਾ ਹੋਏ। ਮੇਰਾ ਖਿਆਲ ਹੈ ਕਿ ਮੈਂਬਰ ਸਾਹਿਬ ਨੇ ਬੱਜਟ ਸਪੀਚ ਨੂੰ ਅਤੇ ਮੈਟੀਰੀਅਲ ਨੂੰ ਧਿਆਨ ਨਾਲ ਪੜ੍ਹਿਆ ਹੈ। ਮਹਿਰਾ ਸਾਹਿਬ, ਇਸ ਗੱਲ ਨੂੰ ਸਮਝ ਸਕਦੇ ਹਨ, ਜਿੰਨਾਂ ਫਿਕਸਡ ਕੈਪੀਟਲ ਕਰਜ਼ਾ ਦਿੱਤਾ ਹੈ। ਸਪੀਕਰ ਸਾਹਿਬ, ਇਨ੍ਹਾਂ ਵੇਲੇ ਪਹਿਲਾਂ 35 ਪ੍ਰਤੀਸ਼ਤ ਛੋਟ ਸੀ ਜੇਕਰ 100 ਪ੍ਰਤੀਸ਼ਤ ਹੋ ਜਾਵੇ ਤਾਂ 5 ਪ੍ਰਤੀਸ਼ਤ ਅਸੀਂ ਛੋਟ ਦਿੰਦੇ ਹਾਂ, ਉਹ ਪੂਰੀ ਦੇ ਦਿਆਂਗੇ। (ਥੰਪਿੰਗ) ਸਮਾਲ ਸਕੇਲ ਇੰਡਸਟਰੀਜ਼ ਵਾਲਿਆਂ ਨੂੰ ਇਹ ਛੋਟ ਹੈ। ਇਸ ਤੋਂ ਵੱਡੀ ਸਮਾਲ ਸਕੇਲ ਇਡਸਟਰੀ ਨੂੰ ਹੋਰ ਕੀ ਸਪੋਰਟ ਕੀਤੀ ਜਾ ਸਕਦੀ ਹੈ? ਇਹ ਸਾਡਾ ਬੱਜਟ ਸੋਸ਼ਲਿਸਟਿਕ ਹੈ, ਪ੍ਰੋਗਰੈਸਿਵ ਹੈ। This budget is for the weaker people. It has to help the weaker people to stand on their feet. ਅਸੀਂ ਸਪੀਕਰ ਸਾਹਿਬ, ਇਹ ਤਕੜਾ ਹੋਣ ਲਈ ਕੰਮ ਕੀਤਾ ਹੈ। ਸ਼ਡਿਊਲਡ ਕਾਸਟ ਲਈ ਯੂਥ ਵਾਸਤੇ ਸਾਡੀ ਸਕੀਮ ਹੈ ਕਿ 9,275 ਨੌਜਵਾਨਾਂ ਨੂੰ 35, 35 ਹਜ਼ਾਰ ਰੁਪਏ ਕਰਜ਼ੇ ਦੇ ਰੂਪ ਵਿਚ ਉਨ੍ਹਾਂ ਨੂੰ ਕੋਈ ਕੰਮ ਕਰਨ ਲਈ ਦਿੱਤੇ ਗਏ ਹਨ। (ਥੰਪਿੰਗ) ਸਪੀਕਰ ਸਾਹਿਬ, ਜਿੰਨ੍ਹਾਂ ਕੋਲ ਕੋਈ ਸਿਕਿਉਰਿਟੀ ਨਹੀਂ ਔਰ ਕਈ ਕੇਸਾਂ ਵਿਚ ਸਿਕਿਉਰਿਟੀ ਤੋਂ ਬਗੈਰ ਵੀ 35,000 ਰੁਪਏ ਦੇ ਕਰਜ਼ੇ ਦਿੱਤੇ ਗਏ ਹਨ। ਇਸ ਵਿਚੋਂ ਚੌਥਾ ਹਿੱਸਾ ਸੱਬਸਿਡੀ ਦੇ ਤੌਰ ਤੇ ਭਾਵ 7.000 ਰੁਪਿਆ ਮੁਫਤ ਦਿੱਤਾ ਗਿਆ ਹੈ। (ਥੰਪਿੰਗ) ਇਹ ਗਰੀਬਾਂ ਵਾਸਤੇ ਹੀ ਸਾਰਾ ਕੁੱਝ ਕੀਤਾ ਗਿਆ ਹੈ। ਇਸ ਬੱਜਟ ਨੂੰ ਪਰੋ-ਕੈਪੀਟਲਿਸਟ ਕਹਿਣਾ ਠੀਕ ਨਹੀਂ ਹੈ।

ਸਰਦਾਰ ਕਿਰਪਾਲ ਸਿੰਘ ਢਿੱਲੋਂ : ਸਪੀਕਰ ਸਾਹਿਬ, ਸਰਦਾਰ ਬਲਵੰਤ ਸਿੰਘ ਫਾਈਨਾਂਸ ਮਨਿਸਟਰ ਜੀ ਨੇ 1987-88 ਦਾ ਆਊਟ ਲੇਅ ਪਲਾਨ ਦਸਿਆ ਹੈ ਕਿ ਇਹ 750 ਕਰੋੜ ਰੁਪਏ ਦਾ ਹੈ। ਕੀ ਇਹ ਚੀਜ਼ ਉਥੇ ਹੀ ਰਹਿਣੀ ਹੈ? ਮੈਂ ਵਿੱਤ ਮੰਤਰੀ ਸਾਹਿਬ ਕੋਲੋਂ ਸਪੀਕਰ ਸਾਹਿਬ, ਪੁੱਛਣਾ ਚਾਹੁੰਦਾ ਹਾਂ ਕਿ ਬੇਸਿਕ ਫਿਗਰਜ਼ ਵਿਚ ਕੋਈ ਗਲਤੀ ਹੋਈ ਹੈ। ਸ਼ਡਿਊਲਡ ਕਾਸਟ, ਬੈਕ-ਵਰਡ ਕਲਾਸਿਜ਼, ਐਜੂਕੇਸ਼ਨ, ਕੋਆਪਰੇਸ਼ਨ ਆਦਿ ਦੀਆਂ ਫਿਗਰਜ਼ ਵੀ ਗਲਤ ਹੋਣਗੀਆਂ। ਇਸ ਦਾ ਜਵਾਬ ਮੈਂ ਐਫ. ਐਮ. ਸਾਹਿਬ ਕੋਲੋਂ ਪੁਛਣਾ ਚਾਹੁੰਦਾ ਹਾਂ।

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਸਰਦਾਰ ਕਿਰਪਾਲ ਸਿੰਘ ਜੀ ਦਾ ਕੁਐਸਚਨ ਸਮਝ ਗਿਆ। ਮੈਂ ਇਸ ਸਵਾਲ ਦਾ ਜਵਾਬ ਦੇਵਾਂਗਾ। ਮੈਂ ਇਨ੍ਹਾਂ ਦਾ ਮਤਲਬ ਸਮਝ ਗਿਆ। ਸਪੀਕਰ ਸਾਹਿਬ, ਪਿਛਲੇ ਸਾਲ ਪੰਜਾਬ ਵਿਚ ਬੜੀ ਤਰੱਕੀ ਹੋਈ ਹੈ। ਅਗਲੇ ਪੰਜ ਸਾਲਾਂ ਦਾ ਟੀਚਾ ਹੁਣੇ ਹੀ ਪੂਰਾ ਕਰ ਲਿਆ। (ਥੰਪਿੰਗ) ਪਾਵਰ ਲਈ 452 ਕਰੋੜ ਰੁਪਏ ਦਾ ਪਲਾਨ ਹੈ। ਪਾਵਰ ਅਤੇ ਇਰੀਗੇਸ਼ਨ ਵਾਸਤੇ ਬੱਜਟ ਦਾ 60 ਪ੍ਰਤੀਸ਼ਤ ਪੈਸਾ ਰਖਿਆ ਗਿਆ ਹੈ। (ਥੰਪਿੰਗ) ਪਾਵਰ ਇਕ ਬੇਸਿਕ ਚੀਜ਼ ਹੈ। ਥੀਨ ਡੈਮ ਲਈ, ਸਪੀਕਰ ਸਾਹਿਬ, ਪਿਛਲੇ 9 ਸਾਲਾਂ ਵਿਚ 100 ਕਰੋੜ ਰੁਪਿਆ ਖਰਚ ਹੋਇਆ ਹੈ ਪਰ ਸਾਡੇ ਪਿਛਲੇ ਦੋਨਾਂ ਸਾਲਾਂ ਵਿਚ 220 ਕਰੋੜ ਰੁਪਿਆ ਖਰਚ ਹੋਇਆ ਹੈ। ਇਸ ਤੋਂ ਤੁਸੀਂ ਅੰਦਾਜ਼ਾ ਲਗਾਓ ਕਿ ਕਿਤਨਾ ਕੰਮ ਹੋਇਆ ਹੈ। (ਥੰਪਿੰਗ) (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਨੂੰ ਬਿਜਲੀ ਦੀ ਕੱਟ ਬਾਰੇ ਫਿਗਰਜ਼ ਦੱਸਣਾ ਚਾਹੁੰਦਾ ਹਾਂ। 1983-84 ਵਿਚ

[ਵਿੱਤ ਮੰਤਰੀ]

4360 ਘੰਟਿਆਂ ਦੀ ਕੱਟ ਲਗੀ ਔਰ 1985-86 ਵਿਚ 5687 ਘੰਟਿਆਂ ਦੀ ਕੱਟ ਐਗਰੀਕਲਚਰ ਲਈ ਲਗਾਈ ਗਈ ਸੀ। 1986-87 ਵਿਚ ਸਿਰਫ 2,000 ਘੰਟਿਆਂ ਦੀ ਕੱਟ ਲਗੀ ਹੈ। (ਥੰਪਿੰਗ) ਇੰਡਸਟਰੀਜ਼ ਉਤੇ, ਸਪੀਕਰ ਸਾਹਿਬ, ਪਹਿਲਾਂ 1522 ਘੰਟਿਆਂ ਦੀ ਕੱਟ ਸੀ ਜਦੋਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਸੀ। 1984-85 ਵਿਚ ਜਦੋਂ ਸਾਡੀ ਵਾਰੀ ਆਈ 1522 ਘੰਟੇ ਮਹਿਰਾ ਸਾਹਿਬ ਵੀ ਜਾਣਦੇ ਹਨ, ਇਹ ਵੀ ਇੰਡਸਟਰੀਅਲਿਸਟ ਹਨ, ਕੱਟ ਰਿਹਾ। ਸਾਡੇ ਇਸ ਸਾਲ ਵਿਚ ਸਿਰਫ 93 ਘੰਟੇ ਇੰਡਸਟਰੀ ਤੇ ਕੱਟ ਹੈ। ਡਾਕਟਰ ਸਾਹਿਬ ਵੀ ਫਾਈਨਾਂਸ ਮਨਿਸਟਰ ਰਹੇ ਹਨ। ਕਾਂਟੀਨਿਊਅਸ ਪ੍ਰਾਸੈਸ ਇੰਡਸਟਰੀ ਵਿੱਚ ਤੁਹਾਡੇ ਜ਼ਮਾਨੇ ਵਿਚ ਇਨਾਂ ਕੱਟ ਸੀ। ਇਨ੍ਹਾਂ ਨੂੰ ਵੀ ਸੁਣ ਕੇ ਸ਼ਰਮ ਆਏਗੀ ਅਤੇ ਮੈਨੂੰ ਵੀ ਆਏਗੀ। ਇਸਨੂੰ ਛੱਡੋ। ਪਰ ਸਾਡੇ ਜ਼ਮਾਨੇ ਵਿੱਚ ਸਿਰਫ 5 ਘਟੇ ਸਾਰੇ ਸਾਲ ਵਿੱਚ ਕੱਟ ਲੱਗਾ। ਸਰ, ਜਿਹੜੀਆਂ ਫਿੱਗਰਜ਼ ਹਨ . . . (ਵਿਘਨ)

ਸ੍ਰੀ ਸਪੀਕਰ : ਮੇਰੀ ਬੇਨਤੀ ਹੈ ਕਿ ਸਮਾਂ ਬਹੁਤ ਥੋਹੜਾ ਹੈ। ਇਸ ਕਰਕੇ ਸਾਰੇ ਧਿਆਨ ਦੇ ਕੇ ਕਿਰਪਾ ਕਰਕੇ ਸੁਣਨ।

ਵਿੱਤ ਮੰਤਰੀ : ਸਰ, ਇਹ ਜਿਹੜੀਆਂ ਫਿਗਰਜ਼ ਹਨ, ਬਰਨਾਲਾ ਸਰਕਾਰ ਵੇਲੇ ਦੀਆਂ, ਇਹ ਬਾਵਜੂਦ ਇਸ ਗਲ ਦੇ ਹਨ ਕਿ ਸਟੇਟ ਵਿੱਚ ਟੈਨਸ਼ਨ ਵੀ ਰਹੀ, ਲਾਅ ਐਂਡ ਆਰਡਰ ਦੀ ਸਿਚੂਏਸ਼ਨ ਵੀ ਖਰਾਬ ਰਹੀ ਹੈ, ਹਿਊ ਐਂਡ ਕਰਾਈ ਰਹੀ, ਕਾਫੀ ਪੈਸਾ ਸਾਨੂੰ ਪੁਲਸ ਅਤੇ ਪੈਰਾ-ਮਿਲਟਰੀ ਫੋਰਸਿਜ਼ ਤੇ ਵੀ ਖਰਚ ਕਰਨਾ ਪਿਆ, ਬਾਵਜੂਦ ਇਸ ਦੇ ਵੀ ਕਿ ਅਸੀਂ ਟੈਰੋਰਿਸਟਾਂ ਅਤੇ ਸੈਪਰੇਟਿਸਟਾਂ ਨਾਲ ਵੀ ਨਿਪਟਦੇ ਰਹੇ ਹਾਂ, ਆਰਥਿਕ ਤਰੱਕੀ ਏਨੀ ਸਪੀਡ ਤੇ ਹੋਈ ਹੈ, ਜਿੰਨੀ ਕਦੇ ਨਹੀਂ ਹੋਈ। ਕੰਡੀ ਏਰੀਆ ਦਾ ਏਥੇ ਕੁੱਝ ਦੋਸਤਾਂ ਨੇ ਜ਼ਿਕਰ ਕੀਤਾ ਹੈ, ਮੈਂ ਸਟੱਡੀ ਕੀਤਾ ਹੈ ਅਤੇ ਮੈਂ ਸਮਝਦਾ ਹਾਂ ਕਿ ਕੰਡੀ ਏਰੀਆ ਦੀ ਡਿਵੈਲਪਮੈਂਟ ਜ਼ਰੂਰੀ ਹੈ, (ਥੰਪਿੰਗ) ਜ਼ਿਆਦਾ ਕਰਨ ਦੀ ਜ਼ਰੂਰਤ ਹੈ। ਡਰਿੰਕਿੰਗ ਵਾਟਰ ਸਭ ਤੋਂ ਪਹਿਲਾਂ ਦੇਣਾ ਚਾਹੀਦਾ ਹੈ। ਜਿਹੜੀ ਗੌਰਮਿੰਟ ਡਰਿੰਕਿੰਗ ਵਾਟਰ ਵੀ ਨਹੀਂ ਦੇ ਸਕਦੀ, ਉਹ ਗੌਰਮਿੰਟ ਰਹਿਣ ਦੀ ਹੱਕਦਾਰ ਵੀ ਨਹੀਂ। (ਥੰਪਿੰਗ) ਮੈਨੂੰ ਦੁੱਖ ਹੈ ਕਿ ਡਰਿੰਕਿੰਗ ਵਾਟਰ ਦੇ ਸਿਲਸਿਲੇ ਵਿੱਚ ਜਿਹੜੇ ਪਹਿਲੀ ਗੌਰਮਿੰਟ ਦੇ ਸਮੇਂ ਵਿੱਚ ਡਿਸੀਜ਼ਨ ਹੋਏ ਹੋਏ ਹਨ, ਉਹ ਤਬਦੀਲ ਕਰਨੇ ਪੈਣੇ ਹਨ। ਸਰਦਾਰ ਦਰਬਾਰਾ ਸਿੰਘ ਦੀ ਚੇਅਰਮੈਨਸ਼ਿਪ ਥੱਲੇ ਇਕ ਮੀਟਿੰਗ ਹੋਈ, ਉਸਨੂੰ ਐਪੈਕਸ ਬਾਡੀ ਕਹਿੰਦੇ ਹਨ, ਕੰਡੀ ਏਰੀਆ ਵਾਸਤੇ 22-9-82 ਨੂੰ ਮੀਟਿੰਗ ਹੋਈ ਅਤੇ ਉਨ੍ਹਾਂ ਉਸ ਵਿੱਚ ਪ੍ਰੀਜ਼ਾਈਡ ਕੀਤਾ, ਉਨ੍ਹਾਂ ਨਾਲ 2 ਮਨਿਸਟਰਜ਼ ਹੋਰ ਵੀ ਸਨ। ਇਕ ਡਾਕਟਰ ਕੇਵਲ ਕ੍ਰਿਸ਼ਨ ਅਤੇ ਦੂਜੇ ਦਰਸ਼ਨ ਸਿੰਘ ਜੀ ਕੇ.ਪੀ.। ਇਸ ਤੋਂ ਇਲਾਵਾ ਅਫਸਰ ਵੀ ਸਨ। ਮੈਂ ਹਾਊਸ ਦੇ ਸਾਹਮਣੇ ਇਹ ਗੱਲ ਜ਼ਰੂਰ ਲਿਆਉਣਾ ਚਾਹੁੰਦਾ ਹਾਂ ਕਿ, ਡਾਕਟਰ ਸਾਹਿਬ ਸਾਡੇ ਮਿੱਤਰ ਹਨ, ਮੈਂ ਉਨ੍ਹਾਂ ਤੇ ਕੋਈ ਇਲਜ਼ਾਮ ਨਹੀਂ ਲਗਾਉਣਾ ਚਾਹੁੰਦਾ, ਸਿਰਫ ਸਚਾਈ ਬਿਆਨ ਕਰਨਾ ਚਾਹੁੰਦਾ ਹਾਂ, ਇਨ੍ਹਾਂ ਦੀਆਂ ਕੁਝ ਫਾਈਨਾਂਨਸ਼ਲ ਪਰਾਬਲਮਜ਼ ਰਹੀਆਂ ਹੋਣੀਆਂ ਹਨ, ਮੈਂ ਕੁਝ ਨਹੀਂ ਕਹਿਣਾ ਚਾਹੁੰਦਾ ਹਾਂ। ਇਸ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ—

'The villages where water is available, though at distant sources or in deeper strata, should be considered for giving water supply only after the villages of former category have been covered.'

ਕੰਡੀ ਏਰੀਆ ਵਿੱਚ ਡਰਿੰਕਿੰਗ ਵਾਟਰ ਦੀ ਸਭ ਤੋਂ ਵੱਡੀ ਪ੍ਰਾਬਲਮ ਹੈ ਅਤੇ ਐਪੈਕਸ ਬਾਡੀ ਨੇ ਕਹਿ ਦਿੱਤਾ ਕਿ ਤੁਹਾਡੇ ਇਕ ਨਲਕਾ ਲਗ ਗਿਆ ਹੈ ਅਤੇ ਜੇ ਉਥੋਂ ਅੱਧਾ ਮੀਲ ਜਾਂ ਇਕ ਮੀਲ ਤੇ ਹੋਰ ਕੋਈ 50—100 ਘਰਾਂ ਦੀ ਬਸਤੀ ਹੈ ਤਾਂ ਉਥੇ ਕੋਈ ਅਲੱਗ ਨਹੀਂ ਲਗੇਗਾ। ਚਾਹੇ ਉਹ ਬਸਤੀਆਂ 6 ਵੀ ਹੋਣ, ਜਿੰਨੀਆਂ ਵੀ ਹੋਣ, ਅਲੱਗ ਨਲਕਾ ਨਹੀਂ ਜਾਵੇਗਾ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਮੈਂ ਸਪੀਕਰ ਸਾਹਿਬ, ਤੁਹਾਡੀ ਮਾਰਫਤ ਹਾਊਸ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਮੁੱਖ ਮੰਤਰੀ ਸਾਹਿਬ ਨਾਲ ਵੀ ਗੱਲ ਕੀਤੀ ਹੈ, ਅਸੀਂ ਇਸ ਪਾਲਿਸੀ ਦੇ ਉਤੇ ਦੋਬਾਰਾ ਗੌਰ ਕਰਕੇ ਇਸ ਨੂੰ ਬਦਲਾਂਗੇ - (ਥੰਪਿੰਗ) ਜਿਹੜੀਆਂ ਬਾਹਰਲੀਆਂ ਢੂੰਗੀਆਂ ਹਨ, ਜਿਥੇ 100 ਘਰ ਜਾਂ 50 ਘਰ ਹਨ, ਉਥੇ ਵੀ ਪਾਣੀ ਦੇਵਾਂਗੇ। ਇਸ ਵੇਲੇ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 591 ਪਿੰਡ ਹਨ, ਜਿਥੇ ਪਾਣੀ ਨਹੀਂ ਸੀ । 512 ਪਿੰਡਾਂ ਨੂੰ ਪਾਣੀ ਦਿੱਤਾ ਜਾ ਚੁੱਕਾ ਹੈ ਅਤੇ 79 ਪਿੰਡ ਰਹਿੰਦੇ ਹਨ । ਉਨ੍ਹਾਂ ਵਿਚੋਂ 33 ਪਿੰਡਾਂ ਵਿੱਚ ਕੰਮ ਸ਼ੁਰੂ ਕਰ ਦਿੱਤਾ ਹੈ ਅਤੇ 46 ਪਿੰਡ ਰਹਿ ਗਏ ਹਨ । ਉਨ੍ਹਾਂ ਵਾਸਤੇ ਵੀ ਕੋਈ ਨਾ ਕੋਈ ਰਸਤਾ ਕੱਢਾਂਗੇ ਤਾਂਕਿ ਉਥੇ ਵੀ ਪਾਣੀ ਮਿਲ ਸਕੇ। ਦਸੂਹੇ ਵਿੱਚ ਲੰਗਰਪੁਰ ਚੋਅ ਜਿਹੜੇ ਕੰਡੀ ਏਰੀਆ ਦੇ ਹਨ, ਉਨ੍ਹਾਂ ਤੇ 4 ਕਰੋੜ ਖਰਚ ਕਰ ਚੁਕੇ ਹਾਂ ਤਾਂਕਿ ਆਵਾਜਾਈ ਦੀ ਦਿੱਕਤ ਨਾ ਰਹੇ । ਸੜਕਾਂ ਤੇ ਵੀ ਕੰਮ ਕੀਤਾ ਹੈ । 24 ਪਿੰਡ ਐਸੇ ਹਨ, ਜਿਥੇ ਕਿ ਕੋਈ ਸੜਕ ਹੀ ਨਹੀਂ। ਕੰਡੀ ਏਰੀਆ ਵਿੱਚ ਜ਼ਿਆਦਾ ਹਨ। ਹੁਸ਼ਿਆਰਪੁਰ ਵਿੱਚ 10, ਜਲੰਧਰ ਵਿੱਚ 3, ਕਪੂਰਥਲਾ ਵਿੱਚ 3, ਰੋਪੜ ਵਿੱਚ 5 ਅਤੇ ਗੁਰਦਾਸਪੁਰ ਵਿੱਚ 2 ਪਿੰਡ ਹਨ ਅਤੇ ਇਹ ਸੜਕ 63 ਕਿਲੋਮੀਟਰ ਜਾਂਦੀ ਹੈ। ਮੈਂ, ਸਪੀਕਰ ਸਾਹਿਬ, ਆਪ ਜੀ ਦੇ ਰਾਹੀਂ ਇਹ ਅਨਾਊਂਸ ਕਰਦਾ ਹਾਂ ਕਿ ਇਸ ਸਾਲ ਸਾਰੀਆਂ ਦੀਆਂ ਸਾਰੀਆਂ ਸੜਕਾਂ ਕੰਪਲੀਟ ਕਰ ਦਿੱਤੀਆਂ ਜਾਣਗੀਆਂ ਔਰ ਕੋਈ ਪਿੰਡ ਐਸਾ ਪੰਜਾਬ ਵਿਚ ਨਹੀਂ ਰਹੇਗਾ ਜਿਥੇ ਸੜਕ ਨਹੀਂ ਹੋਏਗੀ । ਐਗਰੀਕਲਚਰ ਦੀ ਬੜੀ ਡਾਈਵਰਸੀਫੀਕੇਸ਼ਨ ਸ਼ੁਰੂ ਕੀਤੀ ਹੈ। ਮੇਰੇ ਮਿੱਤਰ ਸੰਧੂ ਸਾਹਿਬ ਨੇ ਕਿਹਾ ਹੈ ਕਿ ਐਗਰੀਕਲਚਰ ਦਾ ਖਰਚਾ ਘਟਾਇਆ ਗਿਆ ਹੈ। ਡਾਇ-ਰੈਕਟ ਖਰਚਾ ਘਟਾਇਆ ਗਿਆ ਹੈ ਪਰ ਇਨਡਾਇਰੈਕਟ ਖਰਚਾ ਵੱਧ ਹੈ । ਐਗਰੀਕਲਚਰ ਨੂੰ ਐਗਰੋ-ਇੰਡਸਟਰੀ ਵੱਲ ਲਿਜਾਇਆ ਜਾ ਰਿਹਾ ਹੈ । ਇਸ ਸਿਸਟਮ ਨੂੰ ਚੇਂਜ ਕਰ ਰਹੇ ਹਾਂ ਤਾਕਿ ਕਿਸਾਨਾਂ ਨੂੰ ਜ਼ਿਆਦਾ ਮੁੱਲ ਮਿਲ ਸਕੇ (ਵਿਘਨ) ਤੁਸੀਂ ਬਾਅਦ ਵਿਚ ਇਨਫਰਮੇਸ਼ਨ ਲੈ ਲੈਣਾ। ਜਦ ਮੈਂ ਆਪਣੀ ਸਪੀਚ ਫਿਨਿਸ਼ ਕਰਾਂਗਾ ਫਿਰ ਤੁਸੀਂ ਪੁੱਛ ਲੈਣਾ। ਦਸ ਮਿੰਟ ਮੈਂ ਤੁਹਾਨੂੰ ਇਸ ਲਈ ਦਿਆਂਗਾ। ਛੇ ਸ਼ੂਗਰ ਮਿਲਾਂ ਲਗਾਉਣੀਆਂ ਹਨ । ਕਤਾਈ ਮਿਲਾਂ ਲਗ ਰਹੀਆਂ ਹਨ । ਵੈਜੀਟੇਬਲ ਨੈਸ਼ਨਲ ਅਥਾਰਿਟੀ ਨਾਲ ਗਠਜੋੜ ਕਰ ਰਹੇ ਹਾਂ । 55 ਕਰੋੜ ਰੁਪਿਆ ਰਖਿਆ ਗਿਆ ਹੈ ਜਿਸ ਨਾਲ ਐਗਰੀਕਲਚਰਲ ਗੁਡਜ਼ ਦੀ ਪਰਾਸੈਸਿੰਗ ਕਰਕੇ ਐਕਸਪੋਰਟ ਕਰਨਾ ਹੈ । ਇਸ ਨਾਲ ਕਿਸਾਨਾਂ ਨੂੰ ਫਾਇਦਾ ਹੋਣਾ ਹੈ ਔਰ 22,000 ਲੋਕਾਂ ਨੂੰ ਐਂਪਲਾਇਮੈਂਟ ਮਿਲਣੀ ਹੈ । ਮੈਨੂੰ ਇਹ ਦੱਸਕੇ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਸੋਲਰ ਥਰਮਲ ਪਲਾਂਟ ਤੇ ਕੰਮ ਕਰ ਰਹੇ ਹਾਂ, ਲੂਈਜ਼ ਇੰਟਰਨੈਸ਼ਨਲ ਗੌਰਮਿੰਟ ਆਫ਼ ਇੰਡੀਆ ਨਾਲ ਗਲ ਬਾਤ ਕਰ ਰਹੇ ਹਾਂ। ਇਸ ਨਾਲ 30 ਮੈਗਾਵਾਟ ਧੁੱਪ ਤੋਂ ਬਿਜਲੀ ਪੈਦਾ ਹੋਣੀ ਹੈ । ਇਸ ਲਈ 100 ਕਰੋੜ ਰੁਪਿਆ ਖਰਚ ਹੋਣਾ ਹੈ । ਇਹ ਨਵੀਂ ਚੀਜ਼ ਹੈ (ਥੰਪਿੰਗ) ਹਜ਼ਾਰਾਂ ਘਰਾਂ ਨੂੰ ਗੋਹਿਆਂ ਵਿਚੋਂ ਐਨਰਜੀ ਕਢ ਕੇ ਦੇਣੀ ਹੈ। 27 ਘਰਾਂ ਨੂੰ ਪਿਛਲੇ ਸਾਲ ਇਹ ਫੈਸਿਲਿਟੀ ਦਿੱਤੀ ਸੀ ਔਰ 27 ਨੂੰ ਇਸ ਸਾਲ ਦੇਣੀ ਹੈ । ਸਾਰੇ ਸੂਬੇ ਨੂੰ ਇਸ ਤਰ੍ਹਾਂ ਕਰਕੇ ਇੱਕ ਤਰੱਕੀ ਵਾਲੇ ਪਾਸੇ ਲਿਜਾ ਰਹੇ ਹਾਂ। ਅਗਲੇ ਸਾਲ ਵਿਚ ਪਹਿਲੇ ਸਾਲ ਨਾਲੋਂ ਡੇਢ ਗੁਣਾ ਜ਼ਿਆਦਾ ਤਰੱਕੀ ਹੋਣੀ ਹੈ । ਰਾਜੀਵ-ਲੌਂਗੋਵਾਲ ਸਕੀਮ ਦੀ ਗਲ ਕੀਤੀ ਗਈ ਹੈ । ਪੰਜਾਬ ਵਿਚ ਪਿੱਛਲੇ ਸਾਲਾਂ ਵਿਚ ਬਹੁਤ ਨੁਕਸਾਨ ਹੁੰਦਾ ਰਿਹਾ ਹੈ । ਪੰਜਾਬ ਦੀਆਂ ਪ੍ਰਾਬਲਮਜ਼ ਬਹੁਤ ਹਨ ਪਰ ਇਥੋਂ ਦੀ ਬੇਸਿਕ ਪ੍ਰਾਬਲਮ ਪੁਲੀਟੀਕਲ ਔਰ ਆਰਥਿਕ ਹੈ ਪੰਜਾਬ ਦੇ ਲੋਕਾਂ ਦੀਆਂ ਐਕਸਪੈਕਟੇਸ਼ਨਜ਼ ਬਹੁਤ

[ਵਿੱਤ ਮੰਤਰੀ]

ਹਨ । ਪਹਿਲਾਂ ਪੰਜਾਬੀ ਹਿੰਦੁਸਤਾਨ ਵਿਚ ਜਾਂਦੇ ਸਨ, ਸਾਰੇ ਯੂਰਪ ਵਿਚ ਆਸਟਰੇਲੀਆ ਵਿਚ, ਅਮਰੀਕਾ ਵਿਚ ਔਰ ਕਨੇਡਾ ਵਿਚ ਜਾਂਦੇ ਸਨ ਪਰ ਹੁਣ ਚੇਂਜ ਆ ਗਈ ਹੈ । ਮਿਡਲ ਈਸਟ ਵਿਚ ਬਹੁਤ ਗਏ । ਪਰ ਹੁਣ ਬਾਹਰੋਂ ਪੰਜਾਬੀ ਮੁੜਣ ਲਗ ਗਏ ਹਨ ਔਰ ਇਥੇ ਵਾਪਸ ਆ ਰਹੇ ਹਨ । ਹਰ ਆਦਮੀ ਪੰਜਾਬ ਵਿਚ ਵਾਪਸ ਆ ਰਿਹਾ ਹੈ । ਦੰਗਾ ਪੀੜਤ ਵਾਪਸ ਆ ਰਹੇ ਹਨ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਨਾ ਚਿਰ ਇਥੋਂ ਦੀਆਂ ਪ੍ਰਾਬਲਮਜ਼ ਪੁਲੀਟੀਕਲ ਤੌਰ ਤੇ ਅਤੇ ਆਰਥਿਕ ਤੌਰ ਤੇ ਹੱਲ ਨਹੀਂ ਹੋਣਗੀਆਂ ਓਨਾਂ ਚਿਰ ਝਗੜਾ ਚਲਦਾ ਰਹੇਗਾ। ਸਾਡੀ ਪਾਰਟੀ ਸਮਝਦੀ ਹੈ ਕਿ ਜੇਕਰ ਬੰਦੂਕਾਂ ਸੁਟਵਾਉਣੀਆਂ ਹਨ ਤਾਂ ਆਰਥਿਕ ਤੌਰ ਤੇ ਪ੍ਰਾਬਲਮ ਜ਼ਰੂਰ ਹੱਲ ਕਰਨੀ ਚਾਹੀਦੀ ਹੈ । ਰਾਜੀਵ-ਲੌਂਗੋਵਾਲ ਪਲਾਨ ਲਈ 2500 ਕਰੋੜ ਰੁਪਿਆ ਚਾਹੀਦਾ ਹੈ । ਇਸ ਲਈ ਚੀਫ ਮਨਿਸਟਰ ਸਾਹਿਬ ਨੇ ਸੈਂਟਰ ਨੂੰ ਲਿਖਿਆ ਹੈ । ਇਹ ਰੁਪਿਆ ਪੰਜ ਸਾਲਾਂ ਵਿਚ ਖਰਚ ਕੀਤਾ ਜਾਏਗਾ । ਬੇਸਿਕ ਪ੍ਰਾਬਲਮ ਦੂਰ ਕਰਨ ਲਈ ਪੰਜਾਬ ਨੂੰ ਆਰਥਿਕ ਤੌਰ ਤੇ ਉਚਾ ਚੁਕਣਾ ਚਾਹੀਦਾ ਹੈ । ਇਥੋਂ ਦੀ ਆਰਥਿਕ ਪ੍ਰਾਬਲਮ ਨੂੰ ਹੱਲ ਕਰਨ ਵਾਸਤੇ ਮੈਂ ਕੁਝ ਚੀਜ਼ਾਂ ਦਾ ਵਰਨਣ ਕੀਤਾ ਹੈ । ਇਸ ਲਈ ਸੈਂਟਰ-ਸਟੇਟ ਫਾਈਨੈਂਸ਼ਿਅਲ ਰਿਲੇਸ਼ਨਜ਼ ਕੀ ਹੋਣੇ ਚਾਹੀਦੇ ਹਨ ? ਪੰਡਿਤ ਮੋਹਨ ਲਾਲ ਨੇ ਕਿਹਾ ਕਿ ਇਹ ਗਲ ਕਰਨੀ ਚਾਹੀਦੀ ਹੈ ਕਿ ਸੈਂਟਰ ਸਟਰੌਂਗ ਹੋਣਾ ਚਾਹੀਦਾ ਹੈ । ਅਸੀਂ ਪੁੱਛਦੇ ਹਾਂ ਕਿ ਸੈਂਟਰ ਕਿਸ ਕੰਮ ਵਿਚ ਸਟਰੌਂਗ ਹੋਣਾ ਚਾਹੀਦਾ ਹੈ । ਕੀ ਸਟਰੌਂਗ ਸੈਂਟਰ ਰਿਪਰੈਸ਼ਨ ਵਾਸਤੇ, ਸਟੇਟ ਦੇ ਲੋਕਾਂ ਦਾ ਗਲਾ ਘੁਟਣ ਵਾਸਤੇ, ਸਟੇਟ ਦੇ ਲੋਕਾਂ ਨੂੰ ਕਮਜ਼ੋਰ ਕਰਨ ਵਾਸਤੇ ਹੋਣਾ ਚਾਹੀਦਾ ਹੈ ਜਾਂ ਜਸਟਿਸ ਦੇਣ ਲਈ ਉਸ ਨੂੰ ਸਟਰੌਂਗ ਹੋਣਾ ਚਾਹੀਦਾ ਹੈ ? ਮੇਰੀ ਆਪਣੀ ਰਾਏ ਹੈ ਕਿ ਸੈਂਟਰ ਦੋ ਗੱਲਾਂ ਤੇ ਸਟਰੌਂਗ ਹੋਣਾ ਚਾਹੀਦਾ ਹੈ ਇਕ ਡੀਫੈਂਸ ਵਾਸਤੇ ਸੈਂਟਰ ਟੋਟਲੀ ਸਟਰੌਂਗ ਹੋਣਾ ਚਾਹੀਦਾ ਹੈ ਔਰ ਕੋਈ ਪਾਵਰ ਐਸੀ ਨਹੀਂ ਹੋਣੀ ਚਾਹੀਦੀ ਜਿਹੜੀ ਡੀਫੈਂਸ ਦੇ ਵਿਚ ਸੈਂਟਰ ਨੂੰ ਕਮਜ਼ੋਰ ਕਰੇ । ਦੇਸ਼ ਦੀ ਯੂਨਿਟੀ ਐਂਡ ਇੰਟੈਗਰਿਟੀ, ਦੇਸ਼ ਦੀ ਏਕਤਾ ਵਾਸਤੇ ਸੈਂਟਰ ਸਟਰੌਂਗ ਹੋਣਾ ਚਾਹੀਦਾ ਹੈ । ਉਨ੍ਹਾਂ ਦਾ ਕੰਸਟੀਚਿਊਸ਼ਨਲ ਸਫੀਅਰ ਜੋ ਹੈ ਉਸ ਵਿਚ ਸੈਂਟਰ ਸਟਰੌਂਗ ਹੋਣਾ ਚਾਹੀਦਾ ਹੈ। ਪਰ ਇਹ ਵੀ ਨਹੀਂ ਹੋਣਾ ਚਾਹੀਦਾ ਕਿ ਸੈਂਟਰ ਸਾਰੀਆਂ ਪਾਵਰਜ਼ ਆਪਣੇ ਕੋਲ ਰੱਖ ਲਵੇ । 1935 ਦਾ ਜਿਹੜਾ ਅੰਗਰੇਜ਼ਾਂ ਦੇ ਵੇਲੇ ਦਾ ਕੰਸਟੀਚਿਊਸ਼ਨ ਸੀ ਉਸ ਵਿਚ ਪ੍ਰੈਜ਼ੈਂਟ ਕੰਸਟੀਚਿਊਸ਼ਨ ਨਾਲੋਂ ਸਟੇਟਸ ਨੂੰ ਅਟਾਨਮੀ ਜ਼ਿਆਦਾ ਹੁੰਦੀ ਸੀ । ਸਟੇਟਸ ਨੂੰ ਜ਼ਿਆਦਾ ਪਾਵਰਜ਼ ਸਨ । ਉਸ ਵੇਲੇ ਚੀਫ ਮਨਿਸਟਰ ਨੂੰ ਪ੍ਰਾਈਮ ਮਨਿਸਟਰ ਕਹਿੰਦੇ ਸਨ । ਉਸ ਵੇਲੇ ਜ਼ਿਆਦਾ ਪੁਲਿਟੀਕਲ ਅਟਾਨੋਮੀ, ਜ਼ਿਆਦਾ ਲੈਜਿਸਲੇਸ਼ਨ ਪਾਵਰਜ਼ ਸਟੇਟਸ ਕੋਲ ਸਨ ਪਰ ਹੁਣ ਘੱਟ ਹਨ । ਮੇਰੀ ਇਹ ਸੋਚ ਹੈ, ਸਾਡੀ ਪਾਰਟੀ ਦੀ ਇਹ ਸੋਚ ਹੈ ਕਿ ਡੀਵੈਲਪਮੈਂਟ ਦੀ ਰਿਸ-ਪਾਂਸੀਬਿਲਿਟੀ ਸਟੇਟ ਗੌਰਮਿੰਟ ਦੀ ਹੈ । ਇਸ ਬਾਰੇ ਸਾਰੇ ਮੈਂਬਰ ਸਾਹਿਬਾਨ ਵੀ ਕਹਿੰਦੇ ਹਨ । ਉਹ ਕੰਡੀ ਏਰੀਆ ਦੀ ਡੀਵੈਲਪਮੈਂਟ ਵਾਸਤੇ, ਸੜਕਾਂ ਵਾਸਤੇ ਕਹਿੰਦੇ ਹਨ । ਸਕੂਲ ਹੋਰ ਮੰਗਦੇ ਹਨ । ਹਸਪਤਾਲ ਹੋਰ ਮੰਗਦੇ ਹਨ । ਯੂਨੀਵਰਸਿਟੀਆਂ ਹੋਰ ਚਾਹੁੰਦੇ ਹਨ । ਇਹ ਸਾਰੇ ਕੰਮ ਸਟੇਟ ਗੌਰਮਿੰਟ ਨੂੰ ਕਰਨੇ ਚਾਹੀਦੇ ਹਨ । ਇਲੈਕਟ੍ਰਿਸਿਟੀ ਜੈਨਰੇਟ ਸਟੇਟ ਗੌਰਮਿੰਟ ਕਰਦੀ ਹੈ ਪਰ ਉਹ ਪਾਸੇ ਚਲੀ ਜਾਂਦੀ ਹੈ । ਪੰਡਿਤ ਮੋਹਨ ਲਾਲ ਨੇ ਪ੍ਰਾਈਵੇਟ ਕਾਲਜਾਂ ਦੀ ਗੱਲ ਕੀਤੀ ਸੀ । ਇਹ ਕੰਮ ਸਟੇਟ ਗੌਰਮਿੰਟ ਦਾ ਹੈ । ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਪੈਸਾ ਸਾਰਾ ਦਿੱਲੀ ਚਲਾ ਜਾਂਦਾ ਹੈ। ਸੋਰਸਿਜ਼ ਬਹੁਤ ਹਨ ਪਰ ਪੈਸਾ ਦਿੱਲੀ ਚਲਾ ਜਾਂਦਾ ਹੈ । ਡਾਕਟਰ ਕੇਵਲ ਕ੍ਰਿਸ਼ਨ ਅਤੇ ਪੰਡਤ ਜੀ ਦੋਨੋਂ ਫਾਈਨੈਂਸ ਮਨਿਸਟਰ ਰਹੇ ਹਨ, ਉਨ੍ਹਾਂ ਨੂੰ ਪ੍ਰਾਬਲਮਜ਼ ਦਾ ਪਤਾ ਹੈ ਕਿ ਪਲਾਨ ਬਣ ਜਾਂਦੀ ਹੈ ਪਰ ਪੈਸਾ ਨਹੀਂ ਹੁੰਦਾ। ਸਰਦਾਰ ਕਿਰਪਾਲ ਸਿੰਘ ਨੇ ਕਿਹਾ ਸੀ ਕਿ ਪਲਾਨ ਤੁਹਾਡੀ 750 ਕਰੋੜ ਰੁਪਏ ਦੀ ਸੀ ਪਰ ਮਿਲਿਆ ਥੋੜ੍ਹਾ ਹੈ । ਠੀਕ ਹੈ ਸਾਨੂੰ ਦਿੱਲੀ ਜਾ ਕੇ ਮੰਗਣੇ ਪੈਂਦੇ ਹਨ। ਸਾਡੀ

ਪਲਾਨ 750 ਕਰੋੜ ਰੁਪਏ ਦੀ ਸੀ ਪਰ ਮਿਲਿਆ 224 ਕਰੋੜ। ਮੈਂ ਫੈਕਚੁਅਲ ਗੱਲ ਕਰ ਰਿਹਾ ਹਾਂ। ਸਟੇਟ ਗੌਰਮਿੰਟ ਨੂੰ ਸੈਂਟਰਲ ਗੌਰਮਿੰਟ ਦੇ ਫਾਈਨੈਂਸ਼ੀਅਲ ਫਿਸਕਲ ਰੀਲੇਸ਼ਨਜ਼ ਤੇ ਨਿਰਭਰ ਰਹਿਣਾ ਪੈਂਦਾ ਹੈ। ਇਹ ਚੇਂਜ ਹੋਣੇ ਚਾਹੀਦੇ ਹਨ। ਇਸ ਬਾਰੇ ਮੈਂ ਦੋ ਚੈਪਟਰ ਲਿਖੇ ਸਨ ਕਿ ਇਹ ਰੀਕਾਸਟ ਹੋਣਾ ਚਾਹੀਦਾ ਹੈ। ਜਦੋਂ ਕਿ ਲੋਕਾਂ ਦੀਆਂ ਐਸਪੀਰੇਸ਼ਨਜ਼ ਵਧਦੀਆਂ ਜਾਂਦੀਆਂ ਹਨ, ਫਾਈਨੈਂਸ਼ੀਅਲ ਰੀਸੋਰਸਿਜ਼ ਇਨਇਲਾਸਟਿਕ ਹਨ। ਟੈਕਸਾਂ ਦਾ ਪੁਲਿਟੀਕਲ ਐਕਸਪਲੋਸਿਵ ਏਰੀਆ ਸਟੇਟਸ ਕੋਲ ਹੈ ਜਦ ਕਿ ਸੈਂਟਰ ਨੇ ਇਲਾਸਟਿਕ ਸੋਰਸਿਜ਼ ਰੈਵੇਨਿਊ ਦੇ ਆਪਣੇ ਕੋਲ ਰਖੇ ਹਨ। ਬੱਸਾਂ ਦਾ ਕਿਰਾਇਆ ਵੱਧਦਾ ਹੈ, ਟੈਕਸ ਲੱਗਦਾ ਹੈ, ਫਿਰ ਬਿਜਲੀ ਦੇ ਰੇਟ ਵਧਦੇ ਹਨ। ਵਾਟਰ ਰੇਟ ਵਧ ਜਾਂਦਾ ਹੈ। ਵਾਟਰ ਰੇਟ 1 ਕਰੋੜ 40 ਲੱਖ ਰੁਪਿਆ ਵਧਿਆ। 27 ਕਰੋੜ ਸਾਨੂੰ ਇਰੀਗੇਸ਼ਨ ਵਿਚ ਘਾਟਾ ਪਿਆ ਪਰ ਕਿਸੇ ਨੇ ਗੱਲ ਨਹੀਂ ਸੁਣੀ। 12 ਹਜ਼ਾਰ ਕਰੋੜ ਰੁਪਿਆ ਕਸਟਮ ਤੋਂ ਸੈਂਟਰ ਨੂੰ ਮਿਲਦਾ ਹੈ ਪਰ ਇਸ ਵਿਚੋਂ ਸਾਨੂੰ ਧੇਲਾ ਨਹੀਂ ਮਿਲਦਾ। 8 ਹਜ਼ਾਰ ਕਰੋੜ ਰੁਪਏ ਦਾ ਡੈਫੀਸਿਟ ਫਾਈ-ਨੈਂਸਿੰਗ ਹੈ। (ਵਿਘਨ) ਇਨ੍ਹਾਂ ਸਾਰੀਆਂ ਚੀਜ਼ਾਂ ਨਾਲ ਸਾਡਾ ਇੰਬੈਲੈਂਸ ਵਧਿਆ ਹੈ। ਐਜੂਕੇਸ਼ਨ ਕਨਕਰੰਟ ਲਿਸਟ ਤੇ ਲੈ ਆਂਦਾ ਹੈ। They are also moving towards Centre. ਇਹ ਫੈਡਰਲ ਢਾਂਚੇ ਨੂੰ ਨੁਕਸਾਨ ਕਰ ਰਿਹਾ ਹੈ।

ਅਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਜਿਹੜਾ ਹੈ ਉਸ ਬਾਰੇ ਪ੍ਰਾਈਮ ਮਨਿਸਟਰ ਨੇ ਮੰਨਿਆਂ ਹੈ :—

"The Akali Dal through Anandpur Sahib Resolution is seeking a real federal structure of the Constitution and wants a change in the present unitary Constitution".

ਇਹ ਰਾਜੀਵ-ਲੌਂਗੋਵਾਲ ਅਕਾਰਡ ਵਿਚ ਲਿਖਿਆ ਹੈ, ਇਸ ਕਰਕੇ ਮੈਂ ਲਿਖਿਆ ਹੈ ਕਿ ਫਾਈਨੈਂਸ਼ਲ ਰੀਲੇਸ਼ਨਸ਼ਿਪ ਰੀਕਾਸਟ ਕੀਤੀ ਜਾਵੇ। ਸਟੇਟਸ ਨੂੰ ਜ਼ਿਆਦਾ ਹੱਕ ਦਿਤੇ ਜਾਣ।

ਮੇਰੀ ਜਿਹੜੀ ਸਪੀਚ ਹੈ ਉਸ ਦੇ ਵੱਲ ਮੈਂ ਆਪ ਦਾ ਧਿਆਨ ਦੁਆਉਣਾ ਚਾਹੁੰਦਾ ਹਾਂ। ਉਸ ਦੇ ਵਿੱਚ ਮੈਂ ਕਿਹਾ ਹੈ ਕਿ ਪੈਟਰੋਲੀਅਮ ਪ੍ਰੋਡੱਕਟਸ ਜੋ ਹਨ ਉਨ੍ਹਾਂ ਤੇ 2 ਹਜ਼ਾਰ ਕਰੋੜ ਰੁਪਏ ਦਾ ਟੈਕਸ ਹੈ ਔਰ ਸਾਡੀ ਪੈਟਰੋਲੀਅਮ ਪ੍ਰੋਡਕਟਸ ਦੀ ਕਨਜ਼ੰਪਸ਼ਨ ਜੋ ਹੈ ਉਹ 6 ਪ੍ਰਤੀਸ਼ਤ ਹੈ। ਆਬਾਦੀ ਜੋ ਸਾਡੀ ਹੈ ਉਹ ਡੇਢ ਕਰੋੜ ਦੀ ਹੈ ਔਰ ਕੰਜ਼ਮਪਸ਼ਨ ਸਾਡੀ ਜੋ ਹੈ ਉਹ 6 ਪ੍ਰਤੀਸ਼ਤ ਹੈ ਪਰ ਸਾਨੂੰ ਮਿਲਦਾ ਕੁਝ ਵੀ ਨਹੀਂ। ਡਿਵੀਜ਼ੇਬਲ ਪੂਲ ਵਿੱਚ 1.1 ਪ੍ਰਤੀਸ਼ਤ ਸਾਨੂੰ 6 ਪ੍ਰਤੀਸ਼ਤ ਦੇ ਅਗੇਂਸਟ ਮਿਲਦਾ ਹੈ। ਇਸੇ ਤਰ੍ਹਾਂ, ਸਪੀਕਰ ਸਾਹਿਬ, ਵੈਜੀਟੇਬਲ ਆਇਲਜ਼ ਹਨ, ਬਨਾਸਪਤੀ ਹੈ, ਸੀਮਿੰਟ ਹੈ ਔਰ ਇਸ ਤਰ੍ਹਾਂ ਦੀਆਂ ਚੀਜ਼ਾਂ ਹਨ ਉਨ੍ਹਾਂ ਤੇ ਜਿਹੜਾ ਟੈਕਸ ਹੈ ਉਹ ਸਟੇਟ ਗੌਰਮਿੰਟ ਨੂੰ ਪੈਸਾ ਦਿੱਤਾ ਜਾਵੇ। ਇਸੇ ਤਰ੍ਹਾਂ ਐਡੀਸ਼ਨਲ ਡਿਊਟੀਜ਼ ਹਨ ਸ਼ੂਗਰ ਔਰ ਟੈਕਸਟਾਈਲ ਤੇ ਉਨ੍ਹਾਂ ਦੇ ਵਿੱਚ ਸਟੇਟ ਗੌਰਮਿੰਟ ਨੂੰ ਕੁਝ ਨਹੀਂ ਮਿਲਦਾ। ਐਕਸਾਈਜ਼ ਡਿਊਟੀਜ਼ ਹਨ। ਉਨ੍ਹਾਂ ਦਾ 50 ਪ੍ਰਤੀਸਤ ਹਿੱਸਾ ਸਟੇਟ ਗੌਰਮਿੰਟ ਨੂੰ ਮਿਲਣਾ ਚਾਹੀਦਾ ਹੈ। ਇਸੇ ਤਰ੍ਹਾਂ ਕਾਰਪੋਰੇਟ ਟੈਕਸ ਹੈ ਉਸ ਦਾ 50 ਪ੍ਰਤੀਸ਼ਤ ਹਿੱਸਾ ਸਟੇਟ ਨੂੰ ਮਿਲਣਾ ਚਾਹੀਦਾ ਹੈ। ਕਸਟਮ ਡਿਊਟੀ ਜੋ ਹੈ ਉਹ ਇਹ ਆਪ ਸਾਰੀ ਰੱਖ ਲੈਣ ਅਤੇ ਉਸ ਤੋਂ ਇਹ ਡਿਫੈਂਸ ਦਾ ਕੰਮ ਲੈ ਲੈਣ। ਸਪੀਕਰ ਸਾਹਿਬ, ਪਿੱਛਲੇ ਸਾਲ ਦਾ ਬਜਟ ਉਨ੍ਹਾਂ ਦਾ 8500 ਕਰੋੜ ਰੁਪਏ ਦਾ ਡੈਫਿਸਿਟ ਫਾਈਨਾਂਸਿਜ਼ ਦਾ ਸੀ। ਡੈਫਿਸਿਟ ਫਾਈਨਾਂਸਿਜ਼ ਨਾਲ ਇਨਫਲੇਸ਼ਨ ਵਧਦੀ ਹੈ। ਇਸ ਦੇ ਵਿਚੋਂ ਸਟੇਟ ਨੂੰ ਕੁਝ ਨਹੀਂ ਮਿਲਦਾ। ਡੈਫਿਸਿਟ ਫਾਈਨਾਂਸਿਜ਼ ਦਾ 50 ਪ੍ਰਤੀਸ਼ਤ ਹਿੱਸਾ ਸਟੇਟ ਵਿੱਚ ਇਸਤੇਮਾਲ ਕੀਤਾ ਜਾਵੇ। ਡੈਫਿਸਿਟ ਫਾਈਨਾਂਸਿਜ਼ ਦਾ ਗਰੋਥ ਨਾਲ ਤਅਲੱਕ ਹੈ। ਜਿੰਨੀ ਸਟੇਟਾਂ ਤੋਂ ਨੈਸ਼ਨਲ ਇਨਕਮ ਵੱਧਦੀ ਹੈ ਉਸ ਦਾ ਪ੍ਰੋਪੋਰਸ਼ਨੇਟਲੀ ਸੂਬੇ ਨੂੰ ਦਿੱਤਾ ਜਾਣਾ ਚਾਹੀਦਾ ਹੈ। ਇਹ ਪਹਿਲਾਂ 85 ਸੌ ਕਰੋੜ ਰੁਪਏ ਦਾ ਡੈਫਿਸਿਟ ਫਾਈਨਾਂਸਿਜ਼ ਦਾ ਸੀ, ਇਸ ਵੇਲੇ

[ਵਿੱਤ ਮੰਤਰੀ]

ਇਹ 58 ਸੌ ਕਰੋੜ ਰੁਪਏ ਦਾ ਹੈ ਔਰ ਇਹ ਵੱਧ ਕੇ ਹੋਰ ਤਕਰੀਬਨ 1200 ਕਰੋੜ ਰੁਪਏ ਹੋ ਜਾਣ ਦੀ ਆਸ ਹੈ। ਜਿਸ ਦੇ ਵਿਚ ਪਰੋਪੋਰਸ਼ਨੇਟਲੀ ਸਟੇਟ ਨੂੰ ਦਿੱਤਾ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ ਸਪੀਕਰ ਸਾਹਿਬ, ਸਮਾਲ ਸੇਵਿੰਗਜ਼ ਹਨ। ਪੰਜਾਬ ਵਿਚ ਇਸ ਦਾ ਪੈਸਾ ਇਕੱਠਾ ਹੁੰਦਾ ਹੈ। ਜਿਨ੍ਹਾ ਵਾਪਸ ਦੇਣਾ ਹੈ ਉਹ ਕੱਟ ਕੇ ਬਾਕੀ ਦਾ 2/3 ਸੂਬੇ ਨੂੰ ਦਿੰਦੇ ਹਨ ਔਰ 1/3 ਰੱਖ ਲੈਂਦੇ ਹਨ। ਇਹ ਸੌ ਫੀਸਦੀ ਕਿਉਂ ਨਾ ਸਟੇਟ ਨੂੰ ਦਿੱਤਾ ਜਾਵੇ, ਕਿਉਂ 1/3 ਰੱਖ ਲਿਆ ਜਾਵੇ। ਇਸੇ ਤਰ੍ਹਾਂ ਮਾਰਕਿਟਿੰਗ ਬਾਰੋਇੰਗ ਹੈ ਉਸ ਵਿਚ ਵੀ ਅੱਧਾ ਹਿੱਸਾ ਸੂਬੇ ਨੂੰ ਮਿਲਣਾ ਚਾਹੀਦਾ ਹੈ। ਸਪੀਕਰ ਸਾਹਿਬ, ਇਹ ਚੀਜ਼ਾਂ ਜੇ ਹੋ ਜਾਣ ਤਾਂ ਸੂਬੇ ਆਪਣੇ ਪੈਰਾਂ ਤੇ ਖੜੇ ਹੋ ਸਕਦੇ ਹਨ। ਫਿਰ ਸੂਬੇ ਆਪਣੀ ਆਪਣੀ ਪਲਾਨਿੰਗ ਕਰ ਸਕਦੇ ਹਨ ਔਰ ਇਕਨਾਮੀਕਲ ਪਲਾਨਿੰਗ ਸਹੀ ਢੰਗ ਨਾਲ ਹੋ ਸਕਦੀ ਹੈ।

ਸਪੀਕਰ ਸਾਹਿਬ, ਇਥੇ ਇਕ ਜ਼ਿਕਰ ਆਇਆ ਸੀ ਪ੍ਰਾਈਵੇਟ ਕਾਲਜਿਜ਼ ਅਤੇ ਸਕੂਲਜ਼ ਦਾ। ਕੁਝ ਮਾਨਯੋਗ ਮੈਂਬਰਜ਼ ਵਲੋਂ ਇਸ ਗਲ ਦਾ ਜ਼ਿਕਰ ਕੀਤਾ ਗਿਆ ਸੀ ਪ੍ਰਾਈਵੇਟ ਕਾਲਜਿਜ਼ ਬਾਰੇ ਮੈਂ ਖਾਸ ਤੌਰ ਤੇ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਸਾਲ 1979-80 ਵਿਚ ਜਦੋਂ ਅਕਾਲੀ ਸਰਕਾਰ ਸੀ ਤਾਂ ਉਸ ਵੇਲੇ 95 ਪ੍ਰਤੀਸ਼ਤ ਜੋ ਡੈਫਿਸਿਟ ਫਾਈਨਾਂਸਿਜ਼ ਸੀ ਉਹ ਦਿੰਦੀ ਸੀ। ਇਹ ਸਾਰਾ ਖਰਚਾ 9 ਕਰੋੜ 24 ਲੱਖ ਰੁਪਏ ਦਾ ਸੀ। ਇਥੇ ਬੜਾ ਕਿਹਾ ਗਿਆ ਹੈ ਕਿ ਖਰਚਾ ਨਹੀਂ ਦਿੰਦੇ, ਉਥੇ ਹੀ ਖੜ੍ਹੇ ਹਨ, ਕੋਈ ਪੈਸਾ ਨਵਾਂ ਉਨ੍ਹਾਂ ਨੂੰ ਨਹੀਂ ਦਿੰਦੇ, ਉਹ ਡਿਵੈਲਪ ਨਹੀਂ ਕਰ ਸਕਦੇ, ਕੋਈ ਇਸ ਤਰ੍ਹਾਂ ਦੀਆਂ ਗਲਾਂ ਕਹੀਆਂ ਗਈਆਂ ਹਨ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਸਾਲ 1979-80 ਵਿੱਚ 9 ਕਰੋੜ 24 ਲੱਖ ਰੁਪਿਆ ਸੀ ਇਹ ਖਰਚਾ ਵੱਧ ਕੇ 25 ਕਰੋੜ 91 ਲੱਖ ਰੁਪਿਆ ਬਣ ਗਿਆ। (ਥੰਪਿੰਗ) ਕਿਉਂਕਿ ਪੇ ਸਕੇਲਜ਼ ਵੱਧੇ, ਉਹ ਅਸੀਂ ਦਿੱਤੇ ਅਤੇ ਹੋਰ ਜੋ ਖਰਚਾ ਵੱਧਿਆ ਉਹ ਅਸੀਂ ਦਿੱਤਾ। 16 ਕਰੋੜ 67 ਲੱਖ ਰੁਪਿਆ ਅਸੀਂ ਹੋਰ ਵਾਧੂ ਪ੍ਰਾਈਵੇਟ ਕਾਲਿਜਜ਼ ਨੂੰ ਦਿੱਤਾ ਹੈ। **Sir, there is a limit to which the State Government can go.** ਇਸ ਕਰਕੇ, ਸਪੀਕਰ ਸਾਹਿਬ, ਮੈਂ ਪੰਡਿਤ ਜੀ ਨੂੰ ਕਹਾਂਗਾ ਕਿ ਜਿਹੜੇ ਪ੍ਰਾਈਵੇਟ ਇਨਸਟੀਚਿਊਸ਼ਨਜ਼ ਚਲ ਰਹੇ ਹਨ ਉਨ੍ਹਾਂ ਵਿੱਚ ਬੜੇ ਚੰਗੇ ਚੰਗੇ ਲੋਕ ਹਨ। ਹਿੰਦੁਸਤਾਨ ਵਿਚ ਬੜੇ ਡੈਡੀਕੇਟਿਡ ਲੋਕ ਸਨ। ਸੂਰਜ ਭਾਨ ਹੋਰਾਂ ਦਸ ਰੁਪਏ ਤੇ ਕੰਮ ਕਰਦੇ ਰਹੇ, ਪ੍ਰੋਫੈਸਰ ਜੋਧ ਸਿੰਘ ਹੋਰੀਂ 15, 15 ਰੁਪਏ ਤੇ ਕੰਮ ਕਰਦੇ ਰਹੇ ਸਨ। ਹਰ ਚੀਜ਼ ਤੇ ਸਰਕਾਰ ਤੇ ਡਿਪੈਂਡ ਨਾ ਕਰੋ ਸਾਡੀਆਂ ਪ੍ਰਾਬਲਮਜ਼ ਹਨ ਅਸੀਂ ਕਿਥੋਂ ਲਿਆਈਏ। ਕੁਝ ਟੈਕਸਿਜ਼ ਲਗਾਏ ਹਨ ਉਨ੍ਹਾਂ ਟੈਕਸਿਜ਼ ਦੀ ਜਨਰਲ ਐਕਸੈਪਟੇਬਿਲਿਟੀ ਦਿਤੀ ਹੈ। ਇਕ ਟੈਕਸ ਲਗਾਇਆ ਗਿਆ ਹੈ ਜਿਸ ਦਾ ਬਰਡਨ ਪੰਜਾਬ ਤੋਂ ਬਾਹਰ ਦੇ ਲੋਕਾਂ ਤੇ ਪਏਗਾ, ਪੰਜਾਬ ਦੇ ਲੋਕਾਂ ਤੇ ਨਹੀਂ। ਸਾਡਾ ਹੱਕ ਹੈ ਸਾਨੂੰ ਲਾਉਣਾ ਚਾਹੀਦਾ ਹੈ। ਅਸੀਂ ਐਗਰੀਕਲਚਰਲ ਪ੍ਰੋਡੱਕਟ ਤੇ ਲਗਾਇਆ ਹੈ। ਪੰਜਾਬ ਦਾ ਕਿਸਾਨ ਬਹੁਤ ਮਿਹਨਤ ਕਰਦਾ ਹੈ, ਪੰਜਾਬ ਦੇ ਲੋਕ ਡਾਇਨਾਮਿਕ ਹਨ। ਇਨੀ ਪ੍ਰੋਡਕਸ਼ਨ ਕਰਦੇ ਹਨ ਉਨ੍ਹਾਂ ਨੂੰ ਲਾਭ ਹੋਣਾ ਚਾਹੀਦਾ ਹੈ। ਜਦ ਬੰਗਾ ਵਾਲੇ ਕੋਲੇ ਤੇ ਲਾ ਸਕਦੇ ਹਨ, ਬਿਹਾਰ ਵਾਲੇ ਮਿਨਰਲ ਤੇ ਲਾ ਸਕਦੇ ਹਨ ਤਾਂ ਪੰਜਾਬ ਗੌਰਮਿੰਟ ਕਿਉਂ ਨਹੀਂ ਲਗਾ ਸਕਦੀ ਆਪਣੀ ਪ੍ਰੋਡਕਸ਼ਨ ਤੇ। 20 ਕਰੋੜ ਰੁਪਏ ਵਿਚੋਂ 19 ਕਰੋੜ ਰੁਪਏ ਸਾਡੇ ਦੇਸ਼ ਦੇ ਲੋਕਾਂ ਨੂੰ ਦੇਣੇ ਪੈਣਗੇ। ਇਹ ਬਿਲਕੁਲ ਜਾਇਜ਼ ਹੈ ਔਰ ਲਾਉਣਾ ਚਾਹੀਦਾ ਸੀ। ਇਕ ਹੋਰ ਦਸ ਕਰੋੜ ਰੁਪਏ ਦਾ ਟੈਕਸ ਹੈ ਜਿਹੜਾ ਕਿ ਟੈਕਸ ਨਹੀਂ ਉਹ ਰੈਸ਼ਨੇਲਾਈਜ਼ੇਸ਼ਨ ਹੈ। ਇਸ ਦੇ ਨਾਲ ਇਨਸਪੈਕਟਰ ਰਾਜ ਖਤਮ ਹੋਵੇਗਾ, ਪੈਸੰਜਰ ਸੁਖੀ ਹੋਵੇਗਾ, ਉਸ ਨੂੰ ਫੈਸਿਲਿਟੀ ਮਿਲੇਗੀ, ਇਸ ਦਾ ਸਟੇਟ ਦੇ ਲੋਕਾਂ ਤੋਂ ਕੋਈ

ਭਾਰ ਨਹੀਂ । ਅਸਲ ਵਿਚ ਤਾਂ 20% ਛੋਟ ਦੇ ਦਿਤੀ ਹੈ, ਸਰਕਾਰ ਨੂੰ ਵੀ ਛੱਡ ਦਿਤਾ ਅਤੇ ਪ੍ਰਾਈ-ਵੇਟ ਨੂੰ ਵੀ ਛੱਡ ਦਿੱਤਾ। ਬਸਾਂ ਵਿਚ ਕਈ ਵਾਰੀ ਲੋਕ ਘੱਟ ਹੁੰਦੇ ਹਨ ਜ਼ਰੂਰੀ ਨਹੀਂ ਕਿ ਹਰ ਵਾਰੀ ਬਸਾਂ ਭਰੀਆਂ ਰਹਿਣ। ਕਈ ਵਾਰੀ ਕਰਫਿਊ ਲਗਾ ਹੁੰਦਾ ਹੈ, ਕਈ ਵਾਰੀ ਐਕਸੀਡੈਂਟ ਹੋ ਜਾਂਦੇ ਹਨ, ਬੱਸਾਂ ਦੇ ਦੋ ਦੋ ਟ੍ਰਿਪ ਮਰ ਗਏ ਹਨ। ਬਸ ਚੱਲੇ ਨਾ ਚੱਲੇ ਅਸੀਂ ਪੈਸੇ ਲੈਣੇ ਹਨ। ਇਸ ਲਈ ਮੈਂ ਕਹਿ ਰਿਹਾ ਸੀ ਕਿ ਇਸ ਦਾ ਭਾਰ ਕਨਜ਼ਿਊਮਰ ਤੇ ਨਹੀਂ, ਇਹ ਤਾਂ ਟੈਕਸ ਰੈਸ਼ਨੇਲਾਈਜੇਸ਼ਨ ਹੈ । ਜਿਸ ਤਰ੍ਹਾਂ ਸਾਡੇ ਕੁਝ ਲੋਕ ਟੈਕਸਾਂ ਦੀ ਚੋਰੀ ਕਰ ਰਹੇ ਸਨ, ਜਿਸ ਤਰ੍ਹਾਂ ਹਾਇਰ ਪਰਚੇਜ਼ ਦੀ ਚੋਰੀ ਹੈ। ਦੋ ਸੌ ਰੁਪਏ ਤੇ ਪੱਖਾ ਦਿਤਾ 20 ਰੁਪਏ ਦੀ ਮੰਥਲੀ ਕਿਸ਼ਤ ਤੇ ਦੇ ਦਿਤਾ। ਡੀਲਰ ਪੈਸੇ ਰੱਖ ਗਿਆ ਕਿਉਂ ਨਾ ਗੈਪ ਨੂੰ ਪੂਰਾ ਕੀਤਾ ਜਾਏ। ਇਹ ਜਿਹੜਾ ਟੈਕਸ ਹੈ ਇਹ ਇਨਡਾਇਰੈਕਟ ਹੈ। ਇਹ ਇਕ ਲੀਗਲ ਚੋਰੀ ਸੀ ਜਿਸ ਨੂੰ ਲੀਗਲ ਢੰਗ ਨਾਲ ਬੰਦ ਕਰ ਦਿਤਾ। (ਅਵਾਜ਼ਾਂ: ਸਿਨਮਿਆਂ ਬਾਰੇ ਵੀ ਕੁਝ ਕਰ ਦਿਓ) ਸਿਨਮਿਆਂ ਤੇ ਵੀ ਮੈਂ ਲੰਪਸੱਮ ਕਰਨਾ ਚਾਹੁੰਦਾ ਹਾਂ, ਥੋੜੇ ਜਿਹੇ ਹਾਲਾਤ ਠੀਕ ਹੋ ਜਾਣ। ਇਨ-ਸਪੈਕਟਰੀ ਰਾਜ ਸਾਰਾ ਮੁਕਾ ਦੇਣਾ ਹੈ। ਇਹ ਸਾਡੀਆਂ ਕੁਝ ਆਰਥਿਕ ਲਾਈਨਾਂ ਹਨ ਜਿਨ੍ਹਾਂ ਤੇ ਅਸੀਂ ਚਲਦੇ ਪਏ ਹਾਂ।

ਥੀਨ ਡੈਮ ਅਸੀਂ ਬੜੇ ਜ਼ੋਰ ਨਾਲ ਸ਼ੁਰੂ ਕੀਤਾ ਹੈ। ਇਸ ਦੇ ਲਈ 120 ਕਰੋੜ ਰੁਪਿਆ ਰਖਿਆ ਹੈ ਔਰ ਇਸ ਤੇ 1132 ਕਰੋੜ ਰੁਪਏ ਖਰਚ ਆਉਣੇ ਹਨ ਔਰ ਇਸ ਸਿਲਸਿਲੇ ਵਿਚ ਮੈਨੂੰ ਬੜੀ ਖੁਸ਼ੀ ਹੈ ਕਿ ਦੇਸ਼ ਦੇ ਪ੍ਰਾਈਮ ਮਨਿਸਟਰ ਨੇ ਪਬਲੀਕਲੀ ਦਸ ਦਿਤਾ ਕਿ ਥੀਨ ਡੈਮ ਲਈ ਜਿਥੇ ਪੈਸੇ ਚਾਹੀਦੇ ਹਨ ਘਾਟਾ ਨਹੀਂ ਪਵੇਗਾ। (ਥੰਪਿੰਗ)

ਸਰ, ਅਸੀਂ ਅਰਬਨ ਏਰੀਆ ਵਿਚ ਪਹਿਲੀ ਦਫਾ ਇਕ ਬੜੀ ਵੱਡੀ ਚੀਜ਼ ਦਿਤੀ ਹੈ ਜਿਸ ਦੀ ਡਿਮਾਂਡ ਸੀ ਕਿ ਜਿਹੜੇ ਆਰਫਨਜ਼ ਹਨ, ਵਿਡੋਜ਼ ਹਨ ਜਿਹੜੇ ਗਰੀਬ ਲੋਕ ਹਨ, ਟੈਰੋਰਿਸਟਾਂ ਦੇ ਵਿਕਟਮਜ਼ ਹਨ ਉਨ੍ਹਾਂ ਵਾਸਤੇ ਸੀਵਰੇਜ ਟੈਕਸ ਮਾਫ ਕਰ ਦਿਤਾ ਹੈ।

ਬਾਰਡਰ ਦੇ ਜ਼ਿਲ੍ਹਿਆਂ ਵਿੱਚ ਕਿਸਾਨਾਂ ਨੂੰ ਮਾਲੀਆ ਮਾਫ ਕਰ ਦਿਤਾ ਹੈ। ਇਸ ਕਿਸਮ ਦੀਆਂ ਸਹੂਲਤਾਂ ਦਿਤੀਆਂ ਹਨ। ਸਾਨੂੰ ਜ਼ਿਆਦਾ ਫੰਡਜ਼ ਦੀ ਜ਼ਰੂਰਤ ਹੈ। ਜਿਵੇਂ ਜਿਵੇਂ ਸਾਡੇ ਸੋਰਸਿਜ਼ ਵੱਧਣਗੇ ਉਸੇ ਤਰ੍ਹਾਂ ਅਸੀਂ ਸਹੂਲਤਾਂ ਵਧਾਈ ਜਾਣੀਆਂ ਹਨ। ਸ਼ਹਿਰਾਂ ਵਿਚ ਇੰਡਸਟਰੀਜ਼ ਨੂੰ ਬੜਾ ਕਨਸੈਸ਼ਨ ਦੇ ਦਿਤਾ ਹੈ। ਪਹਿਲੀ ਦਫਾ ਹੈ ਜਿਹੜੀ ਸੇਲਜ਼ ਟੈਕਸ ਵਿਚ ਤਬਦੀਲੀ ਦੀ ਜ਼ਰੂਰਤ ਸੀ, ਅਸੀਂ ਉਸ ਦੇ ਲਈ ਫੈਸਲਾ ਕੀਤਾ ਹੈ ਕਿ ਕਮੇਟੀ ਬਣਾਈ ਜਾਏ ਜਿਹੜੀ ਸਾਰੇ ਢਾਂਚੇ ਨੂੰ ਰੀਕਨਸਟਰੱਕਟ ਕਰੇ। ਪਿਛਲੇ ਸਾਲ ਸੇਲਜ਼ ਟੈਕਸ ਦੀ ਆਮਦਨ ਵਿਚ 3.2% ਦਾ ਵਾਧਾ ਹੋਇਆ ਸੀ ਇਹ ਬਹੁਤ ਘੱਟ ਸੀ ਇਸ ਸਾਲ 25% ਹੋਇਆ ਹੈ। ਪਿਛਲੇ ਸਾਲ ਐਕਸਾਈਜ਼ ਵਿਚ ਵਾਧਾ ਹੋਇਆ ਸੀ 5% ਐਤਕੀਂ 22% ਹੋਇਆ ਹੈ। ਇਸ ਤੋਂ ਮਹਿਸੂਸ ਹੋਇਆ ਹੈ ਕਿ ਬੇਸਿਕ ਢਾਂਚੇ ਵਿਚ ਨੁਕਸ ਹੈ ਜਿਹੜਾ ਆਟੋਮੈਟਿਕਲੀ ਕੰਮ ਨਹੀਂ ਕਰਦਾ। ਜੇਕਰ ਪ੍ਰੈਸ਼ਰ ਪਾਓ ਤਾਂ ਕੁਝ ਹੋਰ ਗੱਲਾਂ ਹੁੰਦੀਆਂ ਹਨ ਔਰ ਜੇਕਰ ਲੀਨੀਐਂਸੀ ਵਰਤੋਂ ਤਾਂ ਕੰਮ ਨਹੀਂ ਚਲਦਾ। ਇਸ ਲਈ ਇਸ ਸਾਰੇ ਢਾਂਚੇ ਨੂੰ ਰੀਕਨਸਟਰੱਕਟ ਕਰਨ ਲਈ ਕਮੇਟੀ ਬਣਾਈ ਜਾਣੀ ਹੈ ਜਿਸ ਵਿਚ ਅਕਾਨੋਮਿਸਟਸ ਹੋਣਗੇ ਅਤੇ ਟਰੇਡ ਦੇ ਨੁਮਾਇੰਦੇ ਹੋਣਗੇ। ਕੁਝ ਡਿਮਾਂਡ ਆਈ ਹੈ ਟੈਕਸ ਫਸਟ ਸਟੇਜ ਤੇ ਕਰਨ ਵਾਸਤੇ ਅਤੇ ਕਿਹਾ ਗਿਆ ਹੈ ਕਿ ਲਕੜੀ ਯਾਨੀ ਟਿੰਬਰ ਤੇ ਵੀ ਫਸਟ ਸਟੇਜ ਤੇ ਕੀਤਾ ਜਾਵੇ ! ਇਸ ਦਾ

[ਵਿੱਤ ਮੰਤਰੀ]

ਜਲਦੀ ਫੈਸਲਾ ਕਰਾਂਗੇ। ਇਸ ਤਰ੍ਹਾ ਮੇਰਾਂ ਖਿਆਲ ਹੈ ਕਿ ਅਸੀਂ ਫੈਸਲਾ ਕਰਾਂਗੇ ਕਿ ਜਿਹੜਾ ਮੈਂਬਰ ਸਾਹਿਬਾਨ ਦੇ ਵਿਚਾਰ ਦੇ ਮੁਤਾਬਿਕ ਹੋਵੇ। ਸਰ, ਜਿਥੇ ਏਨੀਆਂ ਗੱਲਾਂ ਕਹੀਆਂ ਹਨ ਉਥੇ ਮੈਂ ਪੁਲੀਟੀਕਲ ਏਰੀਆ ਤੇ ਵੀ ਆਉਣਾ ਚਾਹੁੰਦਾ ਹਾਂ, ਖਾਲਿਸਤਾਨ। ਖਾਲਿਸਤਾਨ ਦੀ ਡਿਮਾਂਡ ਪੰਜਾਬ ਦੇ ਕੁਝ ਮੁੱਠੀ ਭਰ ਲੋਕਾਂ ਦੇ ਵਿਚੋਂ ਨਿਕਲ ਰਹੀ ਹੈ ਔਰ ਉਨ੍ਹਾਂ ਨੂੰ ਕੁਝ ਲੋਕ ਸ਼ਹਿ ਦੇ ਰਹੇ ਹਨ। ਇਹ ਉਹ ਲੋਕ ਹਨ ਜਿਹੜੇ ਟੋਟਲੀ ਡਿਸਐਪੁਆਂਟਿਡ ਹਨ, ਜਿਹੜੇ ਸਟਰੱਗਲ ਵਿਚ ਕਾਮਯਾਬ ਨਹੀਂ ਹੋ ਰਹੇ। ਉਹ ਸ਼ਹਿ ਦੇ ਰਹੇ ਹਨ। ਮੈਂ ਖਾਸ ਤੌਰ ਤੇ ਜ਼ੋਰ ਨਾਲ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿੰਨਾ ਮਰਜ਼ੀ ਜ਼ੋਰ ਕੋਈ ਲਾ ਲਵੇ ਇਸ ਮੁਲਕ ਦੀ ਧਰਤੀ ਤੇ ਖਾਲਿਸਤਾਨ ਕਦੇ ਨਹੀਂ ਬਣਨਾ (ਥੰਪਿੰਗ)।

ਸਪੀਕਰ ਸਾਹਿਬ, ਸਿੱਖ ਕੋਈ ਸੈਪੇਰੇਟਿਸਟਸ ਨਹੀਂ ਹਨ। ਸਿੱਖਾਂ ਨੇ ਇਸ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਕੁਰਬਾਨੀਆਂ ਦਿਤੀਆਂ ਹਨ। ਆਜ਼ਾਦੀ ਤੋਂ ਬਾਦ ਦੇਸ਼ ਦੀ ਆਜ਼ਾਦੀ ਲਈ ਭਾਵੇਂ ਚੀਨ ਨਾਲ ਤੇ ਭਾਵੇਂ ਪਾਕਿਸਤਾਨ ਨਾਲ ਲੜਾਈ ਹੋਈ ਇਹ ਮੂਹਰਲੀ ਕਤਾਰ ਵਿਚ ਖੜ੍ਹੇ ਹੋਏ ਹਨ। ਸ਼੍ਰੋਮਣੀ ਅਕਾਲੀ ਦਲ, ਬਰਨਾਲਾ ਸਾਹਿਬ, ਦੀ ਲੀਡਰਸ਼ਿਪ ਥਲੇ ਹਰ ਹਾਲਤ ਵਿਚ ਲਾਅ ਐਂਡ ਆਰਡਰ ਕਾਇਮ ਰੱਖਿਆ ਜਾਵੇਗਾ। (ਥੰਪਿੰਗ) ਮੇਰੇ ਸਾਹਮਣੇ ਬਲਿੱਟਜ਼ ਅਖਬਾਰ ਹੈ। ਇਸ ਨੇ ਖਾਲਿਸਤਾਨ ਬਾਰੇ ਇਕ ਸਰਵੇ ਕੀਤਾ ਹੈ। ਜੋ ਮੈਂ ਕਿਹਾ ਹੈ, ਉਸ ਦੀ ਪ੍ਰੋੜ੍ਹਤਾ ਲਈ ਜੋ ਬਲਿੱਟਜ਼ ਨੇ ਖਾਲਿਸਤਾਨ ਬਾਰੇ ਸਰਵੇ ਕਰਵਾਇਆ ਹੈ ਸਾਰੇ ਇੰਡੀਆ ਵਿਚ ਉਹ ਮੈਨੂੰ ਦੱਸ ਕੇ ਖੁਸ਼ੀ ਹੈ ਕਿ 83% ਲੋਕਾਂ ਨੇ ਖਾਲਿਸਤਾਨ ਨੂੰ 'ਨੋ' ਕਿਹਾ ਹੈ, 16% ਨੇ ਕਿਹਾ ਹੈ ਕਿ ਸਾਨੂੰ ਪਤਾ ਨਹੀਂ ਹੈ ਕਿ ਖਾਲਿਸਤਾਨ ਕੀ ਚੀਜ਼ ਹੈ, 1% ਬਾਕੀ ਰਹਿ ਗਿਆ। ਉਨ੍ਹਾਂ ਨੂੰ ਸ਼ਹਿ ਦੇਣ ਵਾਲਿਆਂ ਨੂੰ ਮੈਂ ਕਹਾਂਗਾ ਕਿ ਉਨ੍ਹਾਂ ਤੋਂ ਪਿੱਛੇ ਹੱਟ ਜਾਣ। ਸਰ, ਇਕ ਹੋਰ ਗਲ ਕਹਿਣੀ ਚਾਹੁੰਦਾ ਹਾਂ। ਏਸ ਬਲਿੱਟਸ ਨੇ, ਏਸ ਅਖਬਾਰ ਨੇ ਇਕ ਹੋਰ ਅਨੈਲੇਸਿਜ਼ ਕੀਤਾ ਹੈ। ਉਹ ਹੈ Is Pakistan creating trouble in Punjab ? ਕੀ ਪਾਕਿਸਤਾਨ ਪੰਜਾਬ ਵਿਚ ਟਰੱਬਲ ਕ੍ਰਿਏਟ ਕਰ ਰਿਹਾ ਹੈ ? ਏਸ ਵਿਚ ਵੀ 82% ਸਿੱਖਾਂ ਨੇ ਕਿਹਾ ਹੈ ਕਿ ਪਾਕਿਸਤਾਨ ਦਾ ਹੱਥ ਹੈ, 84% ਹਿੰਦੂਆਂ ਨੇ ਕਿਹਾ ਹੈ ਕਿ ਪਾਕਿਸਤਾਨ ਦਾ ਹੱਥ ਹੈ, ਮੁਸ਼ਲਮਾਨਾਂ ਨੇ ਵੀ ਕਿਹਾ ਹੈ ਕਿ ਪਾਕਿਸਤਾਨ ਦਾ ਹੱਥ ਹੈ। ਜਿਥੇ ਇਹ ਮੈਂ ਫੈਕਟਸ ਦੱਸੇ ਹਨ, ਉਥੇ ਇਕ ਹੋਰ ਫੈਕਟ ਤੁਹਾਡੇ ਸਾਹਮਣੇ ਰਖਦਾ ਹਾਂ। ਸਾਹਮਣੇ ਬੈਠੇ ਸਾਥੀਆਂ ਨੂੰ ਮਾੜਾ ਲਗਣਾ ਹੈ। ਉਨ੍ਹਾਂ ਨੇ ਕਿਹਾ ਹੈ The Central Government's Punjab policies are dictated primarily by electoral considerations. ਸੈਂਟਰਲ ਗੌਰਮਿੰਟ ਦੀਆਂ ਨੀਤੀਆਂ ਹਨ ਪੰਜਾਬ ਦੇ ਬਾਰੇ, ਉਹ ਹਨ ਕਿ ਕਾਂਗਰਸ ਪਾਰਟੀ ਦੀਆਂ ਇਲੈਕਸ਼ਨਾਂ ਨੂੰ ਮੁੱਖ ਰੱਖ ਕੇ ਬਣਾਈਆ - ਜਾਂਦੀਆਂ ਹਨ। ਉਸ ਤੇ 61% ਹਿੰਦੂਆਂ ਨੇ ਕਿਹਾ ਹੈ ਕਿ ਇਲੈਕਟੋਰਲ ਮੋਟਿਵਜ਼ ਨਾਲ ਬਣਾਈਆਂ ਜਾਂਦੀਆਂ ਹਨ, 80% ਸਿੱਖਾਂ ਨੇ ਕਿਹਾ ਹੈ ਕਿ ਇਸ ਤਰ੍ਹਾਂ ਬਣਾਈਆਂ ਜਾਂਦੀਆਂ ਹਨ। (ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਗੁਰਚਰਨ ਸਿੰਘ ਵਲੋਂ ਵਿਘਨ) ਇਸ ਕਰਕੇ ਮੈਂ ਸਰਦਾਰ ਗੁਰਚਰਨ ਸਿੰਘ ਹੋਰਾਂ ਨੂੰ ਬੇਨਤੀ ਕਰਾਂਗਾ ਕਿ ਉਹ ਜ਼ਰੂਰ ਜ਼ੋਰ ਲਗਾਉਣ, ਆਪਣਾ ਅਸਰਰਸੂਖ ਇਸਤੇਮਾਲ ਕਰਨ ਤਾਂਕਿ ਪੰਜਾਬ ਦੀ ਸਿਚੂਏਸ਼ਨ ਪੰਜਾਬ ਦਾ ਜੋ ਪੁਲੀਟੀਕਲ ਸਾਲਿਊਸ਼ਨ ਹੈ, ਔਰ ਪੁਲੀਟੀਕਲ ਹੁਣ ਬਣ ਚੁਕਾ ਹੈ, ਰਾਜੀਵ-ਲੌਂਗੋਵਾਲ ਅਕਾਰਡ ਹੈ, ਇਸ ਨੂੰ ਇੰਪਲੀਮੈਂਟ ਨਾ ਕਰਨਾ ਕਿ ਫਲਾਣੀ ਸਟੇਟ ਵਿਚ ਖਤਰਾ ਹੈ ਇਹ ਨਹੀਂ ਹੋਣਾ ਚਾਹੀਦਾ। ਇਸ ਦੀ ਇੰਪਲੀਮੈਂਟੇਸ਼ਨ ਹੋਣੀ ਚਾਹੀਦੀ ਹੈ।

ਅਸੀਂ ਟੈਰੋਰਿਜ਼ਮ ਨੂੰ ਖਤਮ ਕਰਨਾ ਚਾਹੁੰਦੇ ਹਾਂ। ਸਟੇਟਸਮੈਨਸ਼ਿਪ ਇਹੀ ਡਿਮਾਂਡ ਕਰਦੀ ਹੈ। ਪਾਰਟੀ ਪਿਛੇ ਵੀ ਰਹਿ ਜਾਵੇ ਕੋਈ ਗੱਲ ਨਹੀਂ। ਅਸੀਂ ਤੁਹਾਡੀ ਮੱਦਦ ਕਰ ਦੇਵਾਂਗੇ ਦਿੱਲੀ ਵਿਚ। ਸੋ ਇਲੈਕਟੋਰਲ ਨਿਸ਼ਾਨੇ ਸਾਹਮਣੇ ਰੱਖ ਕੇ ਨੀਤੀ ਨਹੀਂ ਬਣਾਉਣੀ ਚਾਹੀਦੀ। ਜਿਹੜੇ ਕਮਿਸ਼ਨ ਵੀ ਬਣਦੇ ਹਨ, ਉਹ ਵੀ ਮੈਂ ਦੱਸਦਾ ਹਾਂ। ਜਿਹੜੇ ਇਥੇ ਕਮਿਸ਼ਨ ਵੀ ਬਣਦੇ ਹਨ ਸਾਡੀ ਇਹ ਕੋਸ਼ਿਸ਼ ਨਹੀਂ ਹੋਣੀ ਚਾਹੀਦੀ ਔਰ ਸੈਂਟਰਲ ਗੌਰਮਿੰਟ ਦੀ ਕਿਸੇ ਵੀ ਏਜੈਂਸੀ ਨੂੰ ਇਹ ਗੱਲ ਨਹੀਂ ਕਹਿਣੀ ਚਾਹੀਦੀ ਕਿ ਜੋ ਕੁਝ ਅਕਾਰਡ ਦੇ ਰਾਹੀਂ ਮਿਲਿਆ ਹੈ ਉਹ ਕਮਿਸ਼ਨਾਂ ਦੇ ਰਾਹੀਂ ਖੋਹ ਲਿਆ ਜਾਵੇ।

ਆਖਰ ਵਿਚ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਕ ਗਲਤ ਫਹਿਮੀ ਜੋ ਇਥੇ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਹ ਇਹ ਹੈ ਕਿ ਇਹ ਕਹਿੰਦੇ ਹਨ ਕਿ ਇਕ ਪਾਸੇ ਅਕਾਲ ਤਖਤ ਹੈ ਅਤੇ ਇਕ ਪਾਸੇ ਦਿੱਲੀ ਦਾ ਤਖਤ ਹੈ। ਇਹ ਠੀਕ ਨਹੀਂ। ਹਰ ਸਿੱਖ ਅਕਾਲ ਤਖਤ ਦੇ ਅੱਗੇ ਸਿਰ ਝੁਕਾਉਂਦਾ ਹੈ (ਵਿਘਨ) ਠੀਕ ਹੈ ਹਿੰਦੂ ਵੀ ਝੁਕਾਉਂਦਾ ਹੈ ਔਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਕਾਲ ਤਖਤ ਇਕ ਸੁਪਰੀਮ ਬਾਡੀ ਹੈ ਸਪਿਰਚਿਉਲ ਬਾਡੀ ਹੈ, ਪਰਮਾਨੈਂਟ ਬਾਡੀ ਹੈ ਔਰ ਇਹ ਤਖਤ ਹਮੇਸ਼ਾ ਹੀ ਕਾਇਮ ਰਹੇਗਾ। ਇਹ ਅਕਾਲ ਤਖਤ ਕਦੇ ਨਹੀਂ ਪੁਟਿਆ ਜਾ ਸਕਦਾ, ਇਹ ਪਰਮਾਨੈਂਟ ਹੈ, ਇਹ ਗੁਰੂ ਮਹਾਰਾਜ ਨੇ ਬਣਾਇਆ ਹੈ ਔਰ ਦੂਸਰੇ ਪਾਸੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦਿੱਲੀ ਦਾ ਕੋਈ ਤਖਤ ਨਹੀਂ ਹੈ। ਕਿਸੇ ਵੇਲੇ ਮੁਗਲਾਂ ਨੇ ਤਖਤੇਤਾਊਸ ਬਣਾਇਆ ਸੀ ਪਰ ਉਹ ਵੀ ਸਾਡੇ ਲੋਕਾਂ ਨੇ ਲੜਾਈ ਲੜਕੇ ਖਤਮ ਕੀਤਾ ਸੀ। ਹੁਣ ਕੋਈ ਦਿੱਲੀ ਤਖਤ ਨਹੀਂ ਹੈ। ਉਥੇ ਪਾਰਲੀਮੈਂਟ ਹੈ ਜਿਹੜਾ ਆਦਮੀ 10 ਲੱਖ ਲੋਕਾਂ ਵਿਚੋਂ ਇਲੈਕਟ ਹੋ ਕੇ ਜਾਂਦਾ ਹੈ ਉਹ ਉਥੇ ਬੈਠਦਾ ਹੈ ਭਾਵੇਂ ਉਹ ਰਾਮੂਵਾਲੀਆ ਹੋਵੇ, ਰਾਜੀਵ ਹੋਵੇ, ਜਨਰਲ ਸਪੈਰੋ ਹੋਵੇ ਜਾਂ ਕੋਈ ਵੀ ਹੋਵੇ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਦਿੱਲੀ ਵਿਚ ਕੋਈ ਤਖਤ ਨਹੀਂ, ਪਾਰਲੀਮੈਂਟ ਹੈ, ਔਰ ਜਮਹੂਰੀਅਤ ਵਿਚ ਪਾਰਲੀਮੈਂਟ ਸੁਪਰੀਮ ਹੈ। ਇਸ ਕਰਕੇ ਮੈਂ ਸਰਦਾਰ ਕ੍ਰਿਪਾਲ ਸਿੰਘ ਨੂੰ ਖਾਸ ਕਰਕੇ ਕਹਿਣਾ ਚਾਹਵਾਂਗਾ ਕਿ ਇਹ ਗਲਤ ਫਹਿਮੀ ਦੂਰ ਕਰਨ ਵਿਚ ਇਨ੍ਹਾਂ ਨੂੰ ਮੱਦਦ ਕਰਨੀ ਚਾਹੀਦੀ ਹੈ। ਦਿੱਲੀ ਦੇ ਤਖਤ ਔਰ ਅਕਾਲ ਤਖਤ ਵਿਚ ਕੋਈ ਲੜਾਈ ਨਹੀਂ। ਪਾਰਲੀਮੈਂਟ ਵਿਚ ਲੋਕ ਇਲੈਕਟਿਡ ਹੁੰਦੇ ਹਨ। ਉਥੇ ਤਾਮਿਲਨਾਡੂ ਦੇ ਵੀ ਲੋਕ ਹਨ, ਬੰਗਾਲ ਦੇ ਵੀ ਹਨ, ਹੋਰ ਸਟੇਟਾਂ ਦੇ ਵੀ ਹਨ, ਹਰ ਸਿਆਸੀ ਪਾਰਟੀ ਦੇ ਹਨ, ਹਰ ਧਰਮਾਂ ਦੇ ਹਨ, ਵੱਖ ਵੱਖ ਕਲਚਰ ਦੇ ਹਨ। ਪਾਰਲੀਮੈਂਟ ਇਕ ਇਲੈਕਟਿਡ ਬਾਡੀ ਹੈ। 1977 ਵਿਚ ਕਾਂਗਰਸ ਪਾਰਟੀ ਇਸ ਨੂੰ ਛੱਡ ਗਈ ਸੀ ਔਰ ਮੁਰਾਰਜੀ ਆ ਗਏ ਸਨ। 1980 ਵਿਚ ਉਹ ਛੋੜ ਗਏ ਤਾਂ ਫਿਰ ਕਾਂਗਰਸ ਆ ਗਈ। ਇਸ ਲਈ ਮੈਂ ਕਹਿੰਦਾ ਹਾਂ ਕਿ ਪਾਰਲੀਮੈਂਟ ਪਰਮਾਨੈਂਟ ਹੈ ਪਰ ਇਸ ਦੇ ਮੈਂਬਰਜ਼ ਪਰਮਾਨੈਂਟ ਨਹੀਂ ਹਨ। ਇਸ ਲਈ ਇਸ ਨੂੰ ਦਿੱਲੀ ਦਾ ਤਖਤ ਨਹੀਂ ਕਿਹਾ ਜਾ ਸਕਦਾ। ਇਸ ਕਰਕੇ ਦਿੱਲੀ ਤਖਤ ਵਾਲੀ ਗਲਤ ਫਹਿਮੀ ਖਤਮ ਕਰ ਦੇਣੀ ਚਾਹੀਦੀ ਹੈ। ਅਕਾਲ ਤਖਤ ਦੇ ਨਾਲ ਦਿੱਲੀ ਤਖਤ ਦੀ ਕੋਈ ਲੜਾਈ ਨਹੀਂ। ਪਾਰਲੀ-ਮੈਂਟ ਇਕ ਕਾਂਸਟੀਚਿਊਸ਼ਨਲ ਅਦਾਰਾ ਹੈ, ਅਕਾਲ ਤਖਤ ਇਕ ਰੀਲੀਜਿਅਸ ਅਦਾਰਾ ਹੈ ਅਤੇ ਉਸ ਦੀ ਸੁਪਰਮੇਸੀ ਹੈ। ਇਸ ਕਰਕੇ ਮੈਂ ਇਸ ਹਾਊਸ ਵਿਚ ਫਿਰ ਕਹਾਂਗਾ ਕਿ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਲੋਕਾਂ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ। ਇਤਨਾ ਕਹਿ ਕੇ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਐਫ. ਐਮ. ਸਾਹਿਬ. ਨੇ ਬੜੇ ਜ਼ੋਰ ਨਾਲ ਔਰ ਕੁਝ ਮਿਸਾਲਾਂ ਦੇ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਬਜਟ ਵੈਲਫੇਅਰ ਬਜਟ ਹੈ ਔਰ ਸੋਸ਼ਲਿਸਟਿਕ ਬੱਜਟ ਹੈ। ਮੈਂ ਇਨ੍ਹਾਂ ਨੂੰ ਇਹ ਕੁਐਸਚਨ ਕਰਨਾ ਚਾਹਵਾਂਗਾ ਕਿ ਜਿਹੜੀਆਂ ਇਨ੍ਹਾਂ ਨੇ ਗਰੀਬਾਂ ਔਰ ਹਰੀਜਨਾਂ ਲਈ ਸਕੀਮਾਂ ਦੱਸੀਆਂ ਹਨ ਉਸ ਦੇ ਵਾਸਤੇ 41 ਸੌ ਕਰੋੜ ਰੁਪਏ ਦੇ ਬਜਟ ਵਿਚ ਕਿੰਨੇ ਪਰਸੈਂਟ ਰਖਿਆ ਗਿਆ ਹੈ ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਫਾਈਨੈਂਸ ਮਨਿਸਟਰ ਸਾਹਿਬ ਦੀ ਬਜਟ ਸਪੀਚ ਸੁਣ ਕੇ ਸਾਨੂੰ ਬੜੀ ਮਾਯੂਸੀ ਹੋਈ ਸੀ ਅਤੇ ਇਹ ਮਾਯੂਸੀ ਕੀ ਸੀ ਜਿਸ ਦਾ ਰੌਲਾ ਇਥੇ ਰੋਜ਼ ਪੈਂਦਾ ਰਿਹਾ ਹੈ ਅਤੇ ਅਖਬਾਰਾਂ ਵਿਚ ਵੀ ਆਉਂਦਾ ਰਿਹਾ ਹੈ, ਸੈਂਟਰਲ ਸਰਕਾਰ ਵੀ ਕਹਿੰਦੀ ਹੈ ਅਤੇ ਹੋਰ ਪੁਲੀਟੀਕਲ ਪਾਰਟੀਜ਼ ਵੀ ਕਹਿੰਦੀਆਂ ਹਨ ਕਿ ਬਰਨਾਲਾ ਸਰਕਾਰ ਨੂੰ ਤਕੜਾ ਕਰੋ ਪਰ ਸੈਂਟਰ ਵਾਲੇ ਸਾਨੂੰ ਪੈਸਾ ਨਹੀਂ ਦਿੰਦੇ ਫੇਰ ਤਕੜਾ ਕਿਸ ਤਰ੍ਹਾਂ ਉਹ ਕਰ ਰਹੇ ਹਨ। ਕੀ ਸਾਨੂੰ ਉਹ ਸਟੇਨਗੰਨਾਂ ਦੇ ਕੇ ਪੁਲਿਸ ਫੋਰਸ ਨੂੰ ਤਕੜਾ ਕਰ ਰਹੇ ਹਨ। ਦੂਸਰਾ ਇਥੇ ਕਿਸੇ ਨੇ ਬਜਟ ਸਪੀਚ ਤੇ ਬੋਲਦੇ ਹੋਏ ਖਾਲਿਸਤਾਨ ਦੀ ਗੱਲ ਨਹੀਂ ਕੀਤੀ ਹੈ ਅਤੇ ਨਾ ਹੀ ਸਾਡੇ ਦਿਮਾਗ ਵਿਚ ਐਸੀ ਕੋਈ ਗੱਲ ਹੈ ਫੇਰ ਸਰਦਾਰ ਬਲਵੰਤ ਸਿੰਘ ਨੂੰ ਸੁਪਨਾ ਖਾਲਿਸਤਾਨ ਦਾ ਕਿਥੋਂ ਆ ਗਿਆ ਕਿ ਇਥੇ ਖਾਲਿਸਤਾਨ ਨਹੀਂ ਬਣਨ ਦੇਵਾਂਗੇ। ਕੀ ਅਸੀਂ ਇਸ ਨੂੰ ਇਥੇ ਬਹਿਸ ਦਾ ਵਿਸ਼ਾ ਬਣਾਉਣਾ ਚਾਹੁੰਦੇ ਹਾਂ ? ਇਨ੍ਹਾਂ ਨੇ ਕਿਹਾ ਹੈ ਕਿ ਦਿੱਲੀ ਦਾ ਤਖਤ ਨਹੀ ਉਹ ਪਾਰਲੀਮੈਂਟ ਹੈ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਕੁਝ ਪਿਛਲੇ ਕੁਝ ਚਿਰ ਤੋਂ ਦਿੱਲੀ ਵਿਚ ਹੋ ਰਿਹਾ ਹੈ ਅਤੇ ਪਾਰਲੀਮੈਂਟ ਵਿਚ ਜਲੂਸ ਨਿਕਾਲ ਰਹੇ ਹਨ ਅਤੇ ਉਥੇ ਕਾਗਜ਼ਾਂ ਨੂੰ ਵਘਾ ਕੇ ਮਾਰ ਰਹੇ ਹਨ ਕੀ ਉਥੇ ਡੈਮੋਕਰੇਸੀ ਹੈ ਜਾਂ ਫਿਰ ਡਿਕਟੇਟਰਸ਼ਿਪ ਹੈ ? ਉਥੇ ਕਿਸ ਦਾ ਰਾਜ ਹੈ, ਜਿਥੇ ਆਪੋਜ਼ੀਸ਼ਨ ਦੀ ਗੱਲ ਨਹੀਂ ਸੁਣੀ ਜਾ ਰਿਹੀ ਹੈ। ਕੀ ਪਾਰਲੀਮੈਂਟ ਨੂੰ ਡਿਕਟੇਟਰਸ਼ਿਪ ਨਾਲ ਨਹੀਂ ਚਲਾਇਆ ਜਾ ਰਿਹਾ ਹੈ ?

ਸ੍ਰੀ ਸਪੀਕਰ : ਮੇਰੀ ਬੇਨਤੀ ਹੈ ਕਿ ਕੁਐਸਚਨ ਨੂੰ ਬਿਲਕੁਲ ਬਰੀਫ ਵਿਚ ਕੀਤਾ ਜਾਵੇ ਤਾਂਕਿ ਸਾਰਿਆਂ ਨੂੰ ਟਾਈਮ ਮਿਲ ਸਕੇ ।

ਪ੍ਰੋਫੈਸਰ ਦਰਬਾਰੀ ਲਾਲ : ਆਨ ਨੇ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ ਫਾਈਨੈਂਸ ਮਨਿਸਟਰ ਸਾਹਿਬ ਨੇ ਪਿਛਲੇ ਬਜਟ ਸਪੀਚ ਵਿਚ ਕਿਹਾ ਸੀ ਕਿ ਪੰਜਾਬ ਵਿਚ ਚਾਹ ਦੇ ਵਪਾਰੀਆਂ ਨੂੰ ਫਸਟ ਹੈਂਡ ਦੀ ਥਾਂ ਲਾਸਟ ਹੈਂਡ ਟੈਕਸ ਲਗਾ ਦਿੱਤਾ ਜਾਵੇਗਾ ਪਰ ਹਾਲੇ ਤੱਕ ਇਸ ਬਾਰੇ ਕੋਈ ਫੈਸਲਾ ਨਹੀਂ ਹੋਇਆ ਅਤੇ ਉਨ੍ਹਾਂ ਨੂੰ ਲਾਸਟ ਹੈਂਡ ਤੇ ਲਗਾਉਣ ਦੀ ਇਜਾਜ਼ਤ ਕਦੋਂ ਤੱਕ ਦੇ ਦੇਣਗੇ ਤਾਂਕਿ ਸਾਡਾ ਵਪਾਰ ਚਾਹ ਦਾ ਦੇਸ਼ ਵਿਚ ਅਤੇ ਵਿਦੇਸ਼ਾਂ ਵਿਚ ਵੱਧ ਸਕੇ । ਅਗਲੀ ਗੱਲ ਇਹ ਹੈ ਕਿ ਸੀਵਰੇਜ ਦੇ ਵਿਚ ਕੁਝ ਰਾਹਤ ਦਿੱਤੀ ਗਈ ਹੈ ਅਤੇ ਕੁਝ ਡੈਪੂਟੇਸ਼ਨ ਚੀਫ ਮਨਿਸਟਰ ਸਾਹਿਬ ਨੂੰ ਵੀ ਮਿਲੇ ਹਨ। ਸਰਕਾਰ ਨੇ 326 ਕਰੋੜ ਰੁਪਏ ਵੀ ਮੁਆਫ ਕੀਤੇ ਹਨ ਲੇਕਿਨ ਸ਼ਹਿਰੀਆਂ ਦੇ ਵਾਸਤੇ ਇਹ ਬਹੁਤ ਵੱਡੀ ਪ੍ਰਾਬਲਮ ਹੈ। ਕੀ ਫਾਈਨੈਂਸ ਮਨਿਸਟਰ ਸਾਹਿਬ ਵਾਟਰ ਅਤੇ ਸੀਵਰੇਜ ਨੂੰ ਡੀਲਿੰਕ ਕਰਨਗੇ ਅਤੇ ਪਰ ਸੀਟ ਦੇ ਹਿਸਾਬ ਨਾਲ ਕਰਨ ਲਈ ਕੰਸਿਡਰ ਕਰਨਗੇ ?

ਸਰਦਾਰ ਕਰਨੈਲ ਸਿੰਘ ਡੋਡ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਇਹ ਪੰਜ ਸਾਲਾਂ ਦਾ ਪਲਾਨ ਹੈ ਜਿਸ ਦੇ ਰਾਹੀਂ ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਨੂੰ ਬਣਾਉਣ ਲਈ 40 ਕਰੋੜ ਰੁਪਿਆ ਰਖਿਆ ਹੈ। ਪਲਾਨ ਦਾ ਇਕ ਸਾਲ

ਖਤਮ ਹੋ ਚੁੱਕਾ ਹੈ। ਪਿਛਲੇ ਸਾਲ ਇਸ ਦੇ ਵਿਚੋਂ ਡੇਢ ਕਰੋੜ ਰੁਪਿਆ ਖਰਚ ਕੀਤਾ ਗਿਆ ਸੀ ਔਰ 4 ਸਾਲ ਦੀ ਪਲਾਨ ਬਾਕੀ ਰਹਿ ਗਈ ਹੈ। ਜੇ ਇਹ ਸਰਕਾਰ ਗੁਰੂ ਗੋਬਿੰਦ ਸਿੰਘ ਮਹਾਰਾਜ ਵਿਚ ਸੱਚੀ ਸ਼ਰਧਾ ਰੱਖਦੀ ਹੈ ਤਾਂ ਕੀ ਇਹ ਇਸ ਕਾਲਜ ਨੂੰ ਜਲਦੀ ਤੋਂ ਜਲਦੀ ਬਣਾਉਣ ਲਈ ਹਰ ਸਾਲ 10 ਕਰੋੜ ਰੁਪਿਆ ਖਰਚ ਕਰਨ ਲਈ ਤਿਆਰ ਹੈ ਤਾਂਕਿ ਪਲਾਨ ਵਿਚ ਕੰਮ ਜਲਦੀ ਪੂਰਾ ਹੋ ਸਕੇ। ਸਰਕਾਰ ਇਸ ਦੇ ਲਈ ਹਰ ਸਾਲ 10 ਕਰੋੜ ਰੁਪਿਆ ਪ੍ਰੋਵਾਈਡ ਕਰੇ ਪਰ ਇਨ੍ਹਾਂ ਨੇ ਇਸ ਸਾਲ ਇਸ ਦੇ ਲਈ 1 ਕਰੋੜ 80 ਲੱਖ ਰੁਪਿਆ ਰਖਿਆ ਹੈ ਜੇਕਰ ਇਸ ਤਰ੍ਹਾਂ ਚਲਦਾ ਰਿਹਾ ਤਾਂ ਇਹ 25 ਸਾਲ ਤਾਂ ਕੀ 50 ਸਾਲਾਂ ਵਿਚ ਵੀ ਪੂਰਾ ਨਹੀਂ ਹੋ ਸਕਦਾ ਅਤੇ 40 ਕਰੋੜ ਵਿਚੋਂ ਇਹ ਪਲਾਨ ਪੂਰਾ ਨਹੀਂ ਹੋ ਸਕਦਾ। ਇਸ ਲਈ ਸਰਕਾਰ ਨੂੰ ਘੱਟੋ ਘੱਟ ਹਰ ਸਾਲ 10 ਕਰੋੜ ਰੁਪਿਆ ਰਖਣਾ ਚਾਹੀਦਾ ਹੈ। ਦੂਜਾ ਇਨ੍ਹਾਂ ਨੇ ਪਰਚੇਜ਼ ਟੈਕਸ ਇਕ ਰੁਪਿਆ ਐਗਰੀਕਲਚਰ ਤੇ ਲਗਾਇਆ ਹੈ। ਪਿਛਲੇ ਸਾਲ ਜਦੋਂ 1% ਮਾਰਕਿਟ ਸੈਸ ਖਤਮ ਕੀਤਾ ਸੀ ਤਾਂ ਇਨ੍ਹਾਂ ਨੇ ਕਿਹਾ ਸੀ ਕਿ 26 ਕਰੋੜ ਰੁਪਏ ਦੀ ਛੋਟ ਦਿੱਤੀ ਹੈ ਜਦ ਕਿ ਮੇਰੇ ਹਿਸਾਬ ਨਾਲ 30 ਕਰੋੜ ਰੁਪਿਆ ਬਣਦਾ ਸੀ ਔਰ ਹੁਣ ਘੱਟੋ ਘਾਟ 35 ਕਰੋੜ ਰੁਪਿਆ (ਵਿਘਨ) ਬਣੇਗਾ। ਇਹ ਸੋਰਸ ਤੋਂ ਪੈਸੇ ਆ ਜਾਣਗੇ ਕਾਲਜਾਂ ਲਈ ਕੀ 10 ਕਰੋੜ ਇਸ ਸਾਲ ਬਜਟ ਵਿੱਚ ਆਉਣਗੇ ?

ਸ਼੍ਰੀ ਸਪੀਕਰ : ਮੇਰੀ ਬੇਨਤੀ ਹੈ ਕਿ ਅਗਰ ਮੈਂਬਰ ਸਾਹਿਬ 10–10 ਸੈਕਿੰਡ ਵਿਚ ਆਪਣਾ ਸਵਾਲ ਖਤਮ ਕਰ ਲੈਣ ਤਾਂ ਸਾਰੇ ਕਵਰ ਹੋ ਜਾਣਗੇ।

ਸਰਦਾਰ ਜਸਦੇਵ ਸਿੰਘ ਸੰਧੂ: ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਪੰਜਾਬ ਵਿਚ ਸੀ. ਆਰ. ਪੀ. ਡਿਪਲੁਆਏ ਕੀਤੀ ਹੋਈ ਹੈ, ਕੀ ਉਸ ਦਾ ਖਰਚਾ ਪੰਜਾਬ ਸਰਕਾਰ ਬਰਦਾਸ਼ਤ ਕਰ ਰਹੀ ਹੈ ਜਾਂ ਇਹ ਸੈਂਟਰ ਦੀ ਸਰਕਾਰ ਦੇਵੇਗੀ ? ਸਪੀਕਰ ਸਾਹਿਬ, ਦੂਜੀ ਗੱਲ ਇਹ ਹੈ ਕਿ ਪਿਛਲੇ ਸਾਲ ਸਪੀਚ ਵਿਚ ਕਿਹਾ ਗਿਆ ਸੀ ਕਿ 10,000 ਨੌਜਵਾਨਾਂ ਨੂੰ ਰਿਆਇਤ ਦਿਤੀ ਜਾਵੇਗੀ, ਉਨ੍ਹਾਂ ਵਿਚੋਂ ਕਿਤਨੇ ਨੌਜਵਾਨਾਂ ਨੂੰ ਰਿਆਇਤ ਦਿਤੀ ਗਈ ਹੈ ਔਰ ਕਿਤਨਿਆਂ ਨੂੰ ਹੋਰ ਰਾਹਤ ਦੇਣਗੇ ?

EXTENSION OF TIME OF SITTING

ਸ਼੍ਰੀ ਸਪੀਕਰ : 1.30 ਵੱਜ ਗਿਆ ਹੈ। ਇਸ ਲਈ ਜੇਕਰ ਹਾਊਸ ਦੀ ਮਰਜ਼ੀ ਹੋਵੇ ਤਾਂ 15 ਮਿੰਟਾਂ ਲਈ ਹਾਊਸ ਐਕਸਟੈਂਡ ਕਰ ਦਿਤਾ ਜਾਵੇ ਤਾਕਿ ਮੈਂਬਰ ਸਾਹਿਬਾਨ ਅਕਾਮੋਡੇਟ ਕੀਤੇ ਜਾ ਸਕਣ ?

ਆਵਾਜ਼ਾਂ : ਠੀਕ ਹੈ ਜੀ।

ਸ਼੍ਰੀ ਸਪੀਕਰ : ਇਸ ਲਈ ਹਾਊਸ ਦਾ ਸਮਾਂ 15 ਮਿੰਟਾਂ ਲਈ ਹੋਰ ਵਧਾਇਆ ਜਾਂਦਾ ਹੈ।

RESUMPTION OF GENERAL DISCUSSIGN ON THE BUDGET ESTIMATES FOR THE YEAR 1987-88

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ): ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਮੈਂ ਜ਼ਾਤੀ ਤੌਰ ਤੇ ਹਰ ਸਪੀਚ ਵਿਚ ਅੰਮ੍ਰਿਤਸਰ ਸ਼ਹਿਰ ਦਾ ਜ਼ਿਕਰ ਕਰਦਾ ਹਾਂ, ਉਸ ਬਾਰੇ ਬਜਟ ਵਿਚ ਕੁਝ ਨਹੀਂ ਕਿਹਾ ਗਿਆ। ਅੰਮ੍ਰਿਤਸਰ ਦੀ ਇਕਾਨੋਮੀ ਬਰਬਾਦ ਹੋਈ ਹੈ। ਪਿਛਲੇ 400 ਸਾਲਾਂ ਸ਼ਤਾਬਦੀ ਦੇ ਮੌਕੇ ਤੇ 1 ਕਰੋੜ ਰੁਪਿਆ ਮਿਲਿਆ ਸੀ। ਅੰਮ੍ਰਿਤਸਰ ਸ਼ਹਿਰ ਸਾਰਿਆਂ ਲਈ ਮੁਤ-ਬੱਰਕ ਹੈ। ਇਸ ਸ਼ਹਿਰ ਵਾਸਤੇ ਕੁਝ ਨਹੀਂ ਕਿਹਾ ਗਿਆ। ਵਾਟਰ ਸਪਲਾਈ ਸੀਵਰੇਜ ਦੀ ਸਕੀਮ

[ਸਰਦਾਰ ਕਿਰਪਾਲ ਸਿੰਘ]

ਸੀ। ਸੀਟ ਦੇ ਹਿਸਾਬ ਨਾਲ ਸਪੀਕਰ ਸਾਹਿਬ ਉਥੇ ਰੇਟ ਲਗਣਾ ਚਾਹੀਦਾ ਹੈ। ਲੁਧਿਆਣੇ ਵਿਚ ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਐਸ. ਟੀ. 22 ਵਿਚ ਕੁਝ ਰਿਆਇਤ ਦੇਣ ਦੀ ਗੱਲ ਕੀਤੀ ਸੀ। ਹਾਇਅਰ ਪਰਚੇਜ਼ ਤੇ ਜਿਨ੍ਹਾਂ ਆਈਟਮਾਂ ਤੇ ਰਿਆਇਤ ਦਿਤੀ ਜਾ ਸਕਦੀ ਹੈ, ਦੇਣੀ ਚਾਹੀਦੀ ਹੈ। ਕੀ ਵਿੱਤ ਮੰਤਰੀ ਜੀ ਇਸ ਤੇ ਗੌਰ ਕਰਨਗੇ? (ਵਿਘਨ) (ਸ਼ੋਰ)

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ ਇਕ ਗਰੀਬਾਂ ਦੀ ਗੱਲ ਕਰਨ ਲਗਾ ਹਾਂ ਤੁਹਾਨੂੰ, ਸਪੀਕਰ ਸਾਹਿਬ, ਪਤਾ ਹੈ ਕਿ ਵਰਲਡ ਬੈਂਕ ਨੇ ਲੋਨ ਦਿੱਤਾ ਹੈ। ਹਰੀਜਨ ਅੱਜ ਵੀ ਸਿਰ ਤੇ ਟੱਟੀਆਂ ਚੁੱਕੀਂ ਫਿਰਦੇ ਹਨ। ਸੈਂਟਰ ਸਰਕਾਰ ਨੇ ਪੈਸਾ ਦੇ ਕੇ ਕਿਹਾ ਸੀ ਕਿ ਸੀਵਰੇਜ ਸਿਸਟਮ ਲਾਗੂ ਕੀਤਾ ਜਾਵੇਗਾ। ਹੁਣ, ਸਪੀਕਰ ਸਾਹਿਬ, ਇਸ ਬਾਰੇ ਪੰਜਾਬ ਸਰਕਾਰ ਦੀ ਕੀ ਪਾਲਿਸੀ ਹੈ? (ਵਿਘਨ)

ਸ੍ਰੀ ਸਪੀਕਰ: ਗੁਪਤਾ ਜੀ, ਇਹ ਸਵਾਲ ਆ ਚੁਕਾ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ ਬੇਨਤੀ ਕਰਨ ਲਗਾ ਹਾਂ ਕਿ ਵਰਲਡ ਬੈਂਕ ਨੇ ਫੈਸਲਾ ਕੀਤਾ ਸੀ ਕਿ ਗਰੀਬ ਆਦਮੀ ਜਿਹੜੇ ਆਪਣੇ ਕੋਲੋਂ ਪੈਸੇ ਨਹੀਂ ਦੇ ਸਕਦੇ, ਉਨ੍ਹਾਂ ਗਰੀਬ ਲੋਕਾਂ ਨੂੰ ਲੋਨ ਦਿੱਤਾ ਜਾਵੇਗਾ। ਇਸ ਸਾਰੇ ਬਜਟ ਵਿਚ ਵਿੱਤ ਮੰਤਰੀ ਜੀ ਵਲੋਂ ਕੋਈ ਜ਼ਿਕਰ ਨਹੀਂ ਕੀਤਾ ਗਿਆ। ਕੀ ਇਸ ਸਕੀਮ ਵਾਸਤੇ ਕੋਈ ਪੈਸੇ ਬਜਟ ਵਿਚ ਰਖੇ ਗਏ ਹਨ ਤਾਂ ਕਿ ਬਾਲਮੀਕੀ ਅਤੇ ਹਰੀਜਨ ਗਰੀਬ ਆਦਮੀ ਆਪਣੇ ਸਿਰ ਉਤੇ ਜੋ ਟੱਟੀਆਂ ਚੁੱਕੀ ਫਿਰਦੇ ਹਨ ਉਹ ਬੰਦ ਹੋ ਜਾਣ, ਜੇਕਰ ਸਰਕਾਰ ਸੀਵਰੇਜ਼ ਸਿਸਟਮ ਲਾਗੂ ਨਹੀਂ ਕਰੇਗੀ ਤਾਂ ਕਿਸ ਤਰ੍ਹਾਂ ਗਰੀਬ ਆਦਮੀਆਂ ਨੂੰ ਟੱਟੀ ਚੁਕਣ ਤੋਂ ਰਾਹਤ ਮਿਲੇਗੀ। ਕੀ ਵਿੱਤ ਮੰਤਰੀ ਜੀ ਇਸ ਬਾਰੇ ਦੱਸਣ-ਗੇ? (ਹਾਸਾ) ਦੂਸਰੀ ਗੱਲ, ਸਪੀਕਰ ਸਾਹਿਬ, ਇਹ ਹੈਂ ਕਿ ਤੁਸੀਂ ਬੇਸ਼ਕ ਸਮਾਲ ਸਕੇਲ ਇੰਡਸਟਰੀ ਬਾਰੇ ਸਰਵੇ ਕਰਵਾ ਕੇ ਵੇਖ ਲਓ ਕਿ ਸਮਾਲ ਸਕੇਲ ਇੰਡਸਟਰੀ ਅੱਜ ਪੰਜਾਬ ਵਿਚ ਬੰਦ ਪਈ ਹੈ। ਬਜਟ ਵਿਚ ਸਮਾਲ ਸਕੇਲ ਇੰਡਸਟਰੀ ਵਾਸਤੇ ਕੋਈ ਰਾਹਤ ਨਹੀਂ ਹੈ। ਕੀ ਉਨ੍ਹਾਂ ਵਾਸਤੇ ਵੀ ਕੁਝ ਕੀਤਾ ਜਾਵੇਗਾ? (ਵਿਘਨ)

ਸਰਦਾਰ ਕਿਰਪਾਲ ਸਿੰਘ ਢਿੱਲੋਂ: ਸਪੀਕਰ ਸਾਹਿਬ, ਇੱਕ ਗੱਲ ਦਾ ਮੈਂ ਪਹਿਲਾਂ ਵੀ ਹਾਊਸ ਵਿਚ ਹੁਣੇ ਜ਼ਿਕਰ ਕੀਤਾ ਸੀ। ਐਫ. ਐਮ. ਸਾਹਿਬ ਨੇ ਕਿਹਾ ਸੀ ਕਿ ਇਸ ਸਵਾਲ ਦਾ ਜਵਾਬ ਦੇਵਾਂਗੇ। ਅਸਲ ਐਨੂਅਲ ਪਲਾਨ ਕਿਤਨੇ ਦੀ ਹੈ। ਮੇਰੀ ਨਾਲਿਜ ਵਿਚ ਐਕਚੂਅਲ ਪਲਾਨ ਵਿਚੋਂ 185 ਕਰੋੜ ਰੁਪਿਆ ਕਢਕੇ ਬਾਕੀ 565 ਕਰੋੜ ਰੁਪਏ ਦੀ ਰਹਿ ਜਾਂਦੀ ਹੈ। 40 ਕਰੋੜ ਰੁਪਏ ਦੇ ਅਜੇ ਰਿਸੋਰਸਿਜ਼ ਪੈਦਾ ਕਰਨੇ ਹਨ। ਇਸ ਤਰ੍ਹਾਂ ਕੁਲ, ਸਪੀਕਰ ਸਾਹਿਬ, 300 ਕਰੋੜ ਰੁਪਏ ਦੇ ਕਰੀਬ ਬਾਕੀ ਰਹਿ ਜਾਂਦਾ ਹੈ। ਇਕ ਤਾਂ ਇਸ ਗੱਲ ਨੂੰ ਕਲੀਅਰ ਕਰਨ। ਦੂਸਰਾ ਪੁਆਇੰਟ ਇਹ ਹੈ ਕਿ ਸਪੀਚ ਦੇ ਸੱਤਵੇਂ ਪੇਜ ਤੇ ਇਨ੍ਹਾਂ ਨੇ ਬੜੀ ਅਟੈਕਿੰਗ ਲੈਂਗੂਏਜ ਵਿੱਚ ਜ਼ਿਕਰ ਕੀਤਾ ਹੈ ਸੈਂਟਰ ਵਲੋਂ ਮਿਲਣ ਵਾਲੇ ਪੈਸੇ ਦਾ, ਟੈਕਸਾਂ ਦਾ ਅਤੇ ਹੋਰ ਬਾਰੇ ਵਿੱਚ ਕਿ—

"erosion of their authority, responsibility and freedom of action with regard to the subjects originally assigned to them by the Constitution. The States' role in the federal structure as envisaged in the Constitution of India has been increasingly undermined.."

ਇਸ ਦੇ ਥੱਲੇ ਸਾਰੀ ਜੋ ਗੱਲ ਲਿਆਂਦੀ ਹੈ, ਮੈਂ ਸਮਝਦਾ ਹਾਂ ਜਿਵੇਂ ਇਹ ਇਰੀਟੇਂਟ ਸ਼ਬਦ ਬੜੇ ਇਸਤੇਮਾਲ ਕਰਦੇ ਹੁੰਦੇ ਹਨ, ਇਸ ਵਿਚ ਜਿਵੇਂ ਗਿਆਨੀ ਕਰਤਾਰ ਸਿੰਘ ਅਕਾਲੀ ਦਲ ਦਾ ਬਰੇਨ ਅਤੇ ਜਥੇਦਾਰ ਨਾਗੋਕੇ ਅਕਾਲੀ ਦਲ ਦਾ ਦਿਲ ਦਿਮਾਗ ਸ਼ਾਮਲ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਪੰਜਾਬ ਦੇ 40 ਹਲਕਿਆਂ ਵਿੱਚ ਹੀ ਸਾਰੀ ਬਾਰਸ਼ ਕਰੇਗੀ ਜਾਂ ਦੂਜਿਆਂ ਵੱਲ ਵੀ ਕੋਈ ਧਿਆਨ ਦੇਵੇਗੀ ? ਇਹ ਸੈਂਟਰ ਨੂੰ ਤਾਂ ਬੜਾ ਕਹਿੰਦੇ ਹਨ ਕਿ ਬੇਇਨਸਾਫੀ ਹੁੰਦੀ ਹੈ ਸਾਡੇ ਨਾਲ। ਆਪ ਵੀ ਤਾਂ ਉਸੇ ਰਸਤੇ ਤੇ ਚਲ ਰਹੇ ਹਨ।

ਸ੍ਰੀ ਸਪੀਕਰ : ਤੁਸੀਂ ਬੈਠੋ ਜੀ। ਸ੍ਰੀ ਕਟਾਰੀਆ, ਬਿਲਕੁਲ 2 ਸੈਨਟੈਂਸਿਜ਼ ਵਿੱਚ ਸਾਰੀ ਗੱਲ ਕਰੋ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਇਨ੍ਹਾਂ ਨੇ ਕੰਡੀ ਏਰੀਏ ਦਾ ਜ਼ਿਕਰ ਕਰਕੇ ਸੜਕਾਂ ਦੇ ਬਾਰੇ ਵਿੱਚ ਕੁਝ ਗੱਲ ਕੀਤੀ ਹੈ। ਉਹ ਕਲੀਅਰ ਨਹੀਂ ਹੈ। ਸੜਕਾਂ ਬਾਰੇ ਜੋ ਗੱਲ ਕਹੀ ਹੈ, ਅਸੀਂ ਬੜੀ ਥੰਪਿੰਗ ਕੀਤੀ ਹੈ, ਕਲੀਅਰ ਨਹੀਂ ਹੋ ਸਕੀ, ਇਕ ਪਿੰਡ ਹਦ-ਬਸਤ ਤੇ ਹੈ।

ਸ੍ਰੀ ਸਪੀਕਰ : ਤੁਸੀਂ ਜਨਰਲ ਸਵਾਲ ਪੁੱਛੋ। ਇਕੱਲੇ ਇਕੱਲੇ ਪਿੰਡ ਬਾਰੇ ਗੱਲ ਨਾ ਕਰੋ।

ਸ੍ਰੀ ਰਾਮ ਕਿਸ਼ਨ ਕਟਾਰੀਆ : ਇਕ ਪਿੰਡ ਜਿਹੜਾ ਹੈ, ਜਿਸ ਦੀ ਅਲਹਿਦਾ ਅਲਹਿਦਾ ਵਸੋਂ ਹੈ, 400–500 ਘਰ ਦੀ ਅਲੱਗ ਵਸੋਂ ਹੈ, ਉਸ ਤੇ ਲਿੰਕ ਮੰਨਿਆ ਜਾਵੇਗਾ, ਉਸ ਨੂੰ ਵਿਲੇਜ ਐਜ਼ ਯੂਨਿਟ ਮੰਨਿਆ ਜਾਵੇਗਾ, ਇਹ ਦੱਸ ਦੇਣ।

ਸ੍ਰੀ ਰਾਮ ਪ੍ਰਕਾਸ਼ ਥਾਲੀ : ਸਪੀਕਰ ਸਾਹਿਬ, ਮੈਂ ਏਨੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਪਿੰਡਾਂ ਵਿਚ ਪਾਣੀ ਔਰ ਸੜਕਾਂ ਦਾ ਔਰ ਰੋਪੜ ਡਿਸਟ੍ਰਿਕਟ ਵਿੱਚ 5 ਪਿੰਡ ਐਸੇ ਦੱਸੇ ਹਨ, ਜਿਥੇ ਸੜਕਾਂ ਨਹੀਂ। ਇਹ ਬਿਲਕੁਲ ਗਲਤ ਗੱਲ ਹੈ। ਮੇਰੇ ਹਲਕੇ ਵਿਚ 25–30 ਪਿੰਡ ਐਸੇ ਹਨ, ਜਿਨ੍ਹਾਂ ਨੂੰ ਕੋਈ ਸੜਕ ਨਹੀਂ ਮਿਲਦੀ। ਜੇ 5 ਪਿੰਡਾਂ ਨੂੰ ਮੋੜ ਤੇ ਸੜਕ ਪੁੱਜ ਗਈ ਤਾਂ ਕੀ 5 ਪਿੰਡਾਂ ਨੂੰ ਸੜਕ ਮਿਲ ਗਈ। ਕੀ ਇਹ ਹਰ ਪਿੰਡ ਦੀ ਵਸੋਂ ਨੂੰ ਵਖਰੀ ਲਿੰਕ ਰੋਡ ਲਈ ਮੰਨਣਗੇ ?

ਕਾਮਰੇਡ ਮਹਿਤਾਬ ਰੋਡ ਸਿੰਘ : ਸਪੀਕਰ ਸਾਹਿਬ, ਖਜ਼ਾਨਾ ਮੰਤਰੀ ਸਾਹਿਬ ਨੇ ਸੜਕਾਂ ਬਾਰੇ ਜ਼ਿਕਰ ਕੀਤਾ ਹੈ ਅਤੇ ਫਿਰੋਜ਼ਪੁਰ ਵਿੱਚ 5 ਪਿੰਡ ਦੱਸੇ ਹਨ। ਪਰ ਮੇਰੇ ਹਲਕੇ ਵਿੱਚ ਹੀ 12 ਪਿੰਡ ਐਸੇ ਹਨ, ਜੋ 400–500 ਘਰਾਂ ਦੀ ਵਸੋਂ ਵਾਲੇ ਹਨ, ਉਥੇ ਕੋਈ ਸੜਕ ਨਹੀਂ ਬਣੀ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖਜ਼ਾਨਾ ਮੰਤਰੀ ਜੀ ਤੋਂ ਜਾਣਕਾਰੀ ਲੈਣੀ ਚਾਹੁੰਦਾ ਹਾਂ ਕਿ ਬਰਨਾਲਾ ਸਰਕਾਰ ਨੇ ਅਲਟੀਮੇਟਮ ਦਿੱਤਾ ਸੀ 14 ਜਨਵਰੀ ਤਕ ਮਾਘੀ ਦੇ ਮੇਲੇ ਤੇ ਕਿ ਜੋ ਮਾਘੀ ਦੇ ਮੇਲੇ ਤੱਕ ਸਰਕਾਰ ਨੇ ਰਾਜ਼ੀਨਾਮੇ ਤੇ ਅਮਲ ਨਾ ਕੀਤਾ... .. ..

ਸ੍ਰੀ ਸਪੀਕਰ : ਤੁਸੀਂ ਡਾਇਰੈਕਟ ਸਵਾਲ ਕਰੋ।

ਸਰਦਾਰ ਗੁਰਦੇਵ ਸਿੰਘ ਬਾਦਲ : ਇਨ੍ਹਾਂ ਨੇ ਅਲਟੀਮੇਟਮ ਦਿੱਤਾ ਸੀ ਕਿ ਜੇ ਲੌਂਗੋਵਾਲ ਸਮਝੌਤੇ ਤੇ ਸਰਕਾਰ ਨੇ, ਸੈਂਟਰ ਦੀ ਸਰਕਾਰ ਨੇ ਅਮਲ ਨਾ ਕੀਤਾ ਤਾਂ ਮਾਘੀ ਦੇ ਮੇਲੇ ਤੇ

[ਸਰਦਾਰ ਗੁਰਦੇਵ ਸਿੰਘ ਬਾਦਲ]

ਦਿੱਲੀ ਦੇ ਤਖਤ ਦੀ ਅਤੇ ਅਕਾਲ ਤਖਤ ਦੀ ਟੱਕਰ ਹੋਵੇਗੀ। ਇਨ੍ਹਾਂ ਨੇ ਆਪ ਕਿਹਾ ਸੀ। ਦੂਸਰਾ, ਸਰਦਾਰ ਬਲਵੰਤ ਸਿੰਘ ਨੇ ਕਿਹਾ ਹੈ ਕਿ ਮੈਂ ਅਕਾਲ ਤਖਤ ਨੂੰ ਸੁਪਰੀਮ ਮੰਨਦਾ ਹਾਂ। ਮੈਂ ਜਾਣਕਾਰੀ ਲੈਣੀ ਚਾਹੁੰਦਾ ਹਾਂ ਸਰਦਾਰ ਬਲਵੰਤ ਸਿੰਘ ਤੋਂ ਅਤੇ ਉਨ੍ਹਾਂ ਦੇ 18 ਹੋਰ ਸਾਥੀ ਜਿਹੜੇ ਉਥੇ ਹਲਫਨਾਮਾ ਭਰਕੇ ਆਏ ਹਨ ਅਕਾਲ ਤਖਤ ਦੇ ਜੱਥੇਦਾਰ ਕੋਲ........

Mr. Speaker : Please sit down (Interruption)

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਖਜ਼ਾਨਾ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਲੈਂਡ ਡਿਵੈਲਪਮੈਂਟ ਸ਼ਡਿਊਲਡ ਕਾਸਟ ਕਾਰਪੋਰੇਸ਼ਨ ਵਲੋਂ ਜੋ ਕਰਜ਼ੇ ਦਿੱਤੇ ਗਏ, ਟਿਊਬਵੈੱਲ ਕਾਰਪੋਰੇਸ਼ਨ ਵਲੋਂ ਪੱਕੇ ਖਾਲੇ ਬਣਾਏ ਗਏ ਸਨ, ਉਸ ਤੋਂ ਲੋਨ ਲਏ ਸਨ, ਟਿਊਬਵੈੱਲ ਕਾਰਪੋਰੇਸ਼ਨ ਨੇ ਪੱਕੇ ਖਾਲਿਆਂ ਦੇ ਪੈਸੇ ਸਾਰੇ ਦੇ ਸਾਰੇ ਮੁਆਫ ਕਰ ਦਿੱਤੇ ਜਿਨ੍ਹਾਂ ਵਿੱਚ ਬਾਦਲ ਹੋਰਾਂ ਵਰਗੇ ਵੱਡੇ ਵੱਡੇ ਸਰਦਾਰ ਵੀ ਆਉਂਦੇ ਸਨ। ਜਿਹੜੀ ਲੈਂਡ ਡਿਵੈਲਪਮੈਂਟ ਕਾਰਪੋਰੇਸ਼ਨ ਹੈ ਇਸ ਨੇ ਸ਼ਡਿਊਲਡ ਕਾਸਟਸ ਨੂੰ 5,000 ਤੋਂ ਥਲੇ ਜਾਂ ਪੰਜ ਹਜ਼ਾਰ ਤਕ ਕਰਜ਼ੇ ਦਿੱਤੇ ਹੋਏ ਹਨ। ਕੀ ਇਹ ਕਰਜ਼ੇ ਉਸ ਕਾਰਪੋਰੇਸ਼ਨ ਵਲੋਂ ਮੁਆਫ ਕਰਾਏ ਜਾਣਗੇ ? (ਵਿਘਨ) ਇੱਕ ਹੋਰ ਬੜਾ ਇੰਪਾਰਟੈਂਟ ਸਵਾਲ ਹੈ। ਐਫ. ਐਮ. ਸਾਹਿਬ ਨੇ ਕਿਹਾ ਹੈ ਕਿ ਰਿਜ਼ਰਵੇਸ਼ਨ ਐਕਟ ਕੈਬਨਿਟ ਨੇ ਪਾਸ ਕਰ ਦਿਤਾ ਹੈ। ਕੀ ਇਹ ਇਸੇ ਸੈਸ਼ਨ ਵਿਚ ਲਿਆਉਣਗੇ ? (ਵਿਘਨ)

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਸਪੀਕਰ ਸਾਹਿਬ, ਮੈਂ ਫਿਨਾਂਸ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਇਹ ਗਰੀਬਾਂ ਦਾ ਬਜਟ ਹੈ। ਸਾਡੇ ਨਾਲ ਦੇ ਹਰਿਆਣਾ ਦੇ ਚੌਕੀਦਾਰ ਨੂੰ 160 ਰੁਪਏ ਮਿਲਦੇ ਹਨ ਜਦ ਕਿ ਪੰਜਾਬ ਵਿਚ ਇਸ ਨੂੰ 100 ਰੁਪਏ ਮਿਲਦੇ ਹਨ। ਬੜੀ ਬਦਕਿਸਮਤੀ ਦੀ ਗੱਲ ਹੈ ਕਿ ਸਾਡਾ ਚੌਕੀਦਾਰ ਹਰਿਆਣਾ ਦੇ ਚੌਕੀਦਾਰ ਤੋਂ ਘੱਟ ਤਨਖਾਹ ਲੈਂਦਾ ਹੈ। ਫਿਰ ਇਹ ਕਹਿੰਦੇ ਹਨ ਕਿ ਇਹ ਗਰੀਬਾਂ ਦਾ ਬਜਟ ਹੈ।

ਸ੍ਰੀ ਸਪੀਕਰ : ਪੰਜ ਮਿੰਟ ਰਹਿ ਗਏ ਹਨ। ਹੁਣ ਫਿਨਾਂਸ ਮਨਿਸਟਰ ਸਾਹਿਬ ਜਵਾਬ ਦੇਣਗੇ। (ਵਿਘਨ)

ਸ੍ਰੀ ਹਰਨਾਮ ਦਾਸ ਜੋਹਰ, ਐਡਵੋਕੇਟ : ਇੱਕ ਮਿੰਟ ਲਈ, ਸਰ।

ਸ੍ਰੀ ਸਪੀਕਰ : ਨਹੀਂ, ਤੁਸੀਂ ਬੈਠ ਜਾਓ।

ਸ੍ਰੀ ਹਰਨਾਮ ਦਾਸ ਜੋਹਰ, ਐਡਵੋਕੇਟ: ** ** *

ਸ੍ਰੀ ਸਪੀਕਰ : ਜੋ ਕੁਝ ਮੈਂਬਰ ਸਾਹਿਬ ਨੇ ਬਗੈਰ ਇਜਾਜ਼ਤ ਕਿਹਾ ਹੈ, ਉਹ ਪਾਰਟ ਆਫ ਦੀ ਪ੍ਰੋਸੀਡਿੰਗਜ਼ ਨਹੀਂ ਬਣੇਗਾ।

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਪਹਿਲਾਂ ਜੋ ਬਾਦਲ ਸਾਹਿਬ ਨੇ ਕਿਹਾ ਹੈ ਮੈਂ ਉਸ ਤੋਂ ਸ਼ੁਰੂ ਕਰਾਂਗਾ। ਜੋ ਅਸੀਂ ਅਤੇ ਹੋਰ ਮੈਂਬਰ ਸਾਹਿਬਾਨ ਨੇ ਅਕਾਲ ਤਖਤ ਤੇ ਹਲਫਨਾਮਾ ਲਿਖ ਕੇ ਦਿਤਾ ਹੈ, ਅਸੀਂ ਉਸ ਤੇ ਕਾਇਮ ਹਾਂ। ਅਸੀਂ ਲਿਖ ਕੇ ਦਿਤਾ ਸੀ ਕਿ ਅਸੀਂ ਅਕਾਲ ਤਖਤ ਨੂੰ ਸੁਪਰੀਮ ਮੰਨਦੇ ਹਾਂ। ਅਸੀਂ ਆਪਣੀਆਂ ਸੇਵਾਵਾਂ ਅਕਾਲ ਤਖਤ ਨੂੰ

**Expunged as ordered by the Chair.

ਦਿੰਦੇ ਹਾਂ। ਅਸੀਂ ਨਾ ਨਵੇਂ ਪ੍ਰਧਾਨ ਨੂੰ ਮੰਨਦੇ ਹਾਂ ਔਰ ਨਾ ਨਵੀਂ ਪਾਰਟੀ ਨੂੰ ਮੰਨਦੇ ਹਾਂ ਔਰ ਨਾ ਹੀ ਇਨ੍ਹਾਂ ਦੇ ਪ੍ਰੋਗਰਾਮ ਨੂੰ ਮੰਨਦੇ ਹਾਂ। ਅਸੀਂ ਅਕਾਲ ਤਖਤ ਨੂੰ ਧਾਰਮਿਕ ਤੌਰ ਤੇ ਸੁਪਰੀਮ ਮੰਨਦੇ ਹਾਂ ਔਰ ਅਸੀਂ ਕਹਿ ਚੁੱਕੇ ਹਾਂ ਕਿ ਧਾਰਮਿਕ ਤੌਰ ਤੇ ਅਕਾਲ ਤਖਤ ਸੁਪਰੀਮ ਹੈ। ਅਕਾਲ ਤਖਤ ਦੇ ਜਥੇਦਾਰ ਦਾ ਬੜਾ ਸਤਿਕਾਰ ਕਰਦੇ ਹਾਂ (ਵਿਘਨ)

ਪੰਡਿਤ ਜੀ ਨੇ ਕਿਹਾ ਹੈ ਕਿ 177 ਕਰੋੜ ਰੁਪਏ ਵਿਚੋਂ ਵੀਕਰ ਸੈਕਸ਼ਨ ਤੇ ਕਿੰਨਾ ਖਰਚ ਹੋਣਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਬਜਟ ਬਹੁਤ ਸਾਰਾ ਐਸਾ ਹੈ ਜਿਹੜਾ ਮੇਨਟੀਨੈਂਸ ਲਈ, ਹਸਪਤਾਲਾਂ ਲਈ, ਸ਼ਕੂਲਾਂ ਲਈ, ਹੋਰ ਡਿਫਰੈਂਟ ਏਰੀਆ ਦੀ ਮੇਨਟੀਨੈਂਸ ਲਈ, ਡੈਮ ਲਈ, ਇਰੀਗੇਸ਼ਨ ਵਰਕਸ ਤੇ ਖਰਚ ਹੋਣਾ ਹੈ, ਤਨਖਾਹਾਂ ਤੇ ਖਰਚ ਹੋਣਾ ਹੈ, ਨਵੀਆਂ ਸਕੀਮਾਂ ਤੇ ਖਰਚ ਹੋਣਾ ਹੈ। 750 ਕਰੋੜ ਵਿਚੋਂ ਮੇਰਾ ਖਿਆਲ ਹੈ ਇਸ ਵੇਲੇ ਮੇਰੇ ਕੋਲ ਫਿਗਰਜ਼ ਤਾਂ ਨਹੀਂ ਹਨ ਪਰ ਐਪ੍ਰਾਕਸੀਮੇਟਲੀ ਮੈਂ ਕਹਿੰਦਾ ਹਾਂ ਕਿ ਵੀਕਰ ਸੈਕਸ਼ਨ ਲਈ ਕੋਈ 80 ਕਰੋੜ ਦੇ ਕਰੀਬ ਅਗਲੇ ਸਾਲ ਲਈ ਖਰਚ ਹੋਣਾ ਹੈ ।

ਢੀਂਡਸਾ ਜੀ ਨੇ ਕਿਹਾ ਸੀ ਕਿ ਖਾਲਿਸਤਾਨ ਦੀ ਗੱਲ ਨਹੀਂ ਸੀ ਆਉਣੀ। ਬਜਟ ਵਿਚ ਸਾਰੀਆਂ ਗੱਲਾਂ ਆ ਜਾਂਦੀਆਂ ਹਨ।

EXTENSION OF TIME OF SITTING

ਸ੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟ ਲਈ ਵਧਾਇਆ ਗਿਆ ਸੀ। ਸਰਦਾਰ ਬਲਵੰਤ ਸਿੰਘ ਜੀ, ਤੁਸੀਂ ਕਿੰਨਾ ਸਮਾਂ ਹੋਰ ਲਵੋਗੇ ?

ਵਿੱਤ ਮੰਤਰੀ : 10 ਮਿੰਟ ਜੀ ।

ਸ੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟ ਐਕਸਟੈਂਡ ਕੀਤਾ ਜਾਂਦਾ ਹੈ ।

RESUMPTION OF GENERAL DISCUSSION ON THE BUDGET ESTIMATES FOR THE YEAR 1987-88

ਵਿੱਤ ਮੰਤਰੀ: ਇਨ੍ਹਾਂ ਨੇ ਪਾਰਲੀਮੈਂਟ ਦਾ ਜ਼ਿਕਰ ਕੀਤਾ ਸੀ। ਇਹ ਅੰਮ੍ਰਿਤਸਰ ਵੱਲ ਦੇਖਣ ਉਥੇ ਦਰਬਾਰ ਸਾਹਿਬ ਕੰਪਲੈਕਸ ਵਿਚ ਕੀ ਹੋ ਰਿਹਾ ਹੈ। ਕਿਸ ਢੰਗ ਨਾਲ ਉਥੇ ਅੰਮ੍ਰਿਤਧਾਰੀ ਸਿੱਖ ਨੂੰ ਉਥੇ ਕੁੱਟਿਆ ਗਿਆ ਅਤੇ ਉਸ ਦੇ ਜ਼ਖਮਾਂ ਤੇ ਲੂਣ ਪਾਇਆ ਗਿਆ। ਤੁਸੀਂ ਆਪਣਾ ਘਰ ਸੰਭਾਲੋ ਉਥੇ ਕੀ ਹੋ ਰਿਹਾ ਹੈ। ਪਾਰਲੀਮੈਂਟ ਵਿਚ ਬਹਿਸ ਹੁੰਦੀ ਹੈ। ਨਵੇਂ ਤੋਂ ਨਵੇਂ ਇਸ਼ੂ ਰੇਜ਼ ਹੁੰਦੇ ਹਨ। ਉਥੇ ਪਾਰਲੀਮੈਂਟ ਵਿਚ ਫਰੀਡਮ ਆਫ ਸਪੀਚ ਹੈ। ਪਾਰਲੀਮੈਂਟ ਵਿਚ ਟੋਟਲ ਫਰੀਡਮ ਆਫ ਸਪੀਚ ਹੈ। ਹਰ ਆਦਮੀ ਡੱਟ ਕੇ ਪ੍ਰਾਈਮ ਮਨਿਸਟਰ ਨੂੰ ਅਪੋਜ਼ ਕਰਦਾ ਹੈ। ਗੌਰਮਿੰਟ ਨੂੰ ਅਪੋਜ਼ ਕਰਦਾ ਹੈ। ਉਥੇ ਪਾਰਲੀਮੈਂਟ ਵਿਚ ਆਪੋਜੀਸ਼ਨ ਬੜੇ ਇਸ਼ੂਰੇਜ਼ ਕਰ ਰਹੀ ਹੈ। ਕਈ ਦਫਾ ਤਾਂ ਹੋ ਸਕਦਾ ਹੈ ਕਿ ਜ਼ਿਆਦਤੀ ਵੀ ਹੁੰਦੀ ਹੋਵੇ ਪਰ ਉਥੇ ਫਰੀਡਮ ਆਫ ਸਪੀਚ ਹੈ।

ਪ੍ਰੋਫੈਸਰ ਦਰਬਾਰੀ ਲਾਲ ਨੇ ਚਾਹ ਦੀ ਗੱਲ ਕੀਤੀ ਸੀ। ਇਸ ਬਾਰੇ ਅਸੀਂ ਛੇਤੀ ਫੈਸਲਾ ਕਰਕੇ ਉਨ੍ਹਾਂ ਨੂੰ ਸਸਤੀ ਚਾਹ ਪਿਲਾਵਾਂਗੇ ।

ਡੱਡ ਜੀ ਨੇ ਫਰੀਦਕੋਟ ਦੇ ਕਾਲਿਜ ਦਾ ਜ਼ਿਕਰ ਕੀਤਾ ਸੀ। ਇਸ ਸਾਲ ਉਸ ਲਈ 1 ਕਰੋੜ 80 ਲੱਖ ਰੁਪਿਆ ਹੈ। ਜੇ ਜ਼ਰੂਰਤ ਜ਼ਿਆਦਾ ਹੋਵੇਗੀ ਤਾਂ ਉਹ ਕਾਲਜ ਜਿਹੜਾ ਗੁਰੂ ਗੋਬਿੰਦ ਸਿੰਘ ਦੇ ਨਾਮ ਤੇ ਹੈ, ਅਸੀਂ ਕਮਿਟਿੱਡ ਹਾਂ, ਇਸ ਨੂੰ ਜ਼ਰੂਰ ਸਿਰੇ ਚੜ੍ਹਾਵਾਂਗੇ। ਜੇ ਉਥੇ ਹੋਰ ਜ਼ਰੂਰਤ ਹੋਈ ਤਾਂ ਉਹ ਵੀ ਦਿਆਂਗੇ ।

[ਵਿੱਤ ਮੰਤਰੀ]

ਸੰਧੂ ਜੀ ਨੇ ਸੀ.ਆਰ.ਪੀ.ਐਫ. ਦੀ ਗੱਲ ਕੀਤੀ ਸੀ ਕਿ ਉਸ ਉਤੇ ਐਨਾ ਖਰਚਾ ਪੈ ਰਿਹਾ ਹੈ ਜੋ ਕਿ ਸਾਨੂੰ ਪੇ ਕਰਨਾ ਪੈ ਰਿਹਾ ਹੈ। ਉਹ ਖਰਚਾ ਅਸੀਂ ਪੇ ਨਹੀਂ ਕਰ ਰਹੇ। ਉਹ ਖਰਚਾ ਸਾਡੇ ਅਗੇਂਸਟ ਸਾਡੇ ਨਾਮ ਤੇ ਖੜ੍ਹਾ ਹੈ। ਉਹ ਸਾਡੇ ਅਗੇਂਸਟ ਜਮ੍ਹਾਂ ਹੋ ਰਿਹਾ ਹੈ ਅਗੇਂਸਟ ਅਵਰ ਲੋਨ। ਅਸੀਂ ਸੈਂਟਰਲ ਗੌਰਮਿੰਟ ਨੂੰ ਕਿਹਾ ਹੈ ਕਿ ਇਹ ਇਕੱਲੀ ਸਾਡੀ ਪ੍ਰਾਬਲਮ ਨਹੀਂ ਹੈ ਇਹ ਨੈਸ਼ਨਲ ਪ੍ਰਾਬਲਮ ਹੈ ਇਸ ਕਰਕੇ ਇਸ ਦਾ ਖਰਚਾ ਸਾਡੇ ਨਾਮ ਤੇ ਨਹੀਂ ਪੈਣਾ ਚਾਹੀਦਾ। ਸੋ ਇਹ ਸਾਡੇ ਨਾਮ ਤੇ ਖੜ੍ਹਾ ਹੈ। (ਵਿਘਨ)

ਸਰਦਾਰ ਕਿਰਪਾਲ ਸਿੰਘ ਨੇ ਅੰਮ੍ਰਿਤਸਰ ਦੀ ਸਬਸਿਡੀ ਦੀ ਗੱਲ ਕੀਤੀ ਸੀ। ਜੇ ਜ਼ਰੂਰਤ ਹੋਈ ਤਾਂ ਕੋਈ ਰਸਤਾ ਕੱਢ ਲਵਾਂਗੇ। ਢੀਂਡਸਾ ਜੀ ਨੇ ਇਹ ਵੀ ਕਿਹਾ ਸੀ ਕਿ ਕੁਝ ਦਿਲੀ ਤੋਂ ਮਿਲਦਾ ਵੀ ਹੈ ਕਿ ਗੱਪਾਂ ਹੀ ਮਾਰੀ ਜਾਂਦੇ ਹੋ। ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਰਨਾਟਕਾ ਦੇ ਚੀਫ ਮਨਿਸਟਰ ਸ੍ਰੀ ਹੈਗੜੇ ਨੇ ਜਦ ਇਸ ਸਾਲ ਦਾ ਬਜਟ ਪੇਸ਼ ਕੀਤਾ ਤਾਂ ਉਨ੍ਹਾਂ ਨੇ ਇਸ ਗੱਲ ਦੀ ਕੰਪਲੇਂਟ ਕੀਤੀ ਅਤੇ ਉਸ ਵਿਚ ਅਖੀਰ ਵਿਚ ਲਿਖਿਆ ਕਿ ਪੰਜਾਬ ਨੂੰ ਸਭ ਤੋਂ ਜ਼ਿਆਦਾ ਪੈਸਾ ਸੈਂਟਰ ਦੇ ਰਿਹਾ ਹੈ। ਇਹ ਕਿਉਂ ਦੇ ਰਹੇ ਹੋ ? ਇਹ ਉਸ ਨੇ ਲਿਖਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 1984-85 ਵਿਚ ਸਾਨੂੰ 290 ਕਰੋੜ ਰੁਪਿਆ ਮਿਲਿਆ। 1985-86 ਵਿਚ 291 ਕਰੋੜ ਰੁਪਿਆ ਮਿਲਿਆ। 1986-87 ਵਿਚ 325 ਕਰੋੜ ਰੁਪਿਆ ਮਿਲਿਆ। (ਥੰਪਿੰਗ) ਇਸ ਸਾਲ ਸਾਨੂੰ ਹੁਣ ਤਕ ਉਨ੍ਹਾਂ ਨੇ 291 ਕਰੋੜ ਰੁਪਿਆ ਦੇ ਦਿਤਾ ਹੈ। ਅਸੀਂ 185 ਕਰੋੜ ਰੁਪਏ ਹੋਰ ਮੰਗ ਰਹੇ ਹਾਂ। ਇਸ ਤਰ੍ਹਾਂ ਅਸੀਂ 416 ਕਰੋੜ ਰੁਪਏ ਮੰਗ ਰਹੇ ਹਾਂ। ਕੁਝ ਸੱਜਣਾਂ ਨੇ ਕਿਹਾ ਕਿ 185 ਕਰੋੜ ਰੁਪਿਆ ਕਿਥੋਂ ਆਵੇਗਾ। ਇਹ ਮੇਰੇ ਕੋਲ ਚਿੱਠੀ ਹੈ ਜਿਹੜੀ ਸੈਂਟਰਲ ਗੌਰਮਿੰਟ ਦੀ ਆਈ ਹੈ। ਮੈਨੂੰ ਯਕੀਨ ਹੈ ਕਿ ਸਾਨੂੰ 185 ਕਰੋੜ ਰੁਪਿਆ ਮਿਲ ਜਾਵੇਗਾ। ਪੰਜਾਬ ਦੀਆਂ ਪ੍ਰਾਬਲਮਜ਼ ਹਨ।

ਚੌਧਰੀ ਜਗਜੀਤ ਸਿੰਘ ਨੇ ਲੋਨਜ਼ ਦੇ ਬਾਰੇ ਕਿਹਾ ਸੀ। ਉਸ ਦੇ ਬਾਰੇ ਬੜਾ ਔਖਾ ਹੈ ਲੋਨਜ਼ ਮੁਆਫ ਕਰਨੇ। ਬਾਕੀ ਚੌਕੀਦਾਰਾਂ ਦੇ ਬਾਰੇ ਵਿਚਾਰ ਕਰ ਲਵਾਂਗੇ। ਬਾਕੀਆਂ ਬਾਰੇ ਵੀ ਅਸੀਂ ਵਿਚਾਰ ਕਰ ਲਵਾਂਗੇ।

Mr. Speaker : The House stands adjourned till 2.30 P.M. today, the 26th March, 1987.

*1.50 P.M. | *(The Sabha then adjourned* till 2.30 P. M. today the, 26th March, 1987)*

26354 PVS—Govt. Press, U.T., Chd.

Published under the authority of the Punjab Vidhan Sabha and printed by the Controller, Printing & Stationery (U.T.), Chandigarh.

12

Punjab Vidhan Sabha Debates

26th March, 1987

(*Afternoon Sitting*)

Vol. V—No. 12

CONTENTS

Thursday, the 26th March, 1987

(*Afternoon Sitting*)

Punjab Vidhan Sabha Secretariat Chandigarh.

Price ;

PUNJAB VIDHAN SABHA

Thursday, the 26th March, 1987

(Afternoon Sitting)

The Vidhan Sabha met in the Punjab Vidhan Sabha Hall, Vidhan Bhavan, Chandigarh, at 2.30 P.M. Mr. Speaker (Sardar Surjit Singh Minhas) in the Chair.

STARRED QUESTIONS AND ANSWERS

Trees cut from the roadsides of Ropar-Garhshankar-Hoshiarpur Road

***675. Shri Ram Kishan Kataria:** Will the Minister of State for Forests be pleased to state the number of trees on Ropar-Garhshankar-Hoshiarpur Road cut during the years 1985-86 and 1986-87 together with the amount of revenue earned therefrom?

Sardar Surinder Pal Singh Thamanwal: The number of trees cut from Ropar—Garhshankar—Hoshiarpur Road and the likely revenue therefrom during 1985-86 and 1986-87 is as under —

Year		Trees	Revenue (in Rupees)
1985-86	..	379	1,71,232
1986-87	..	687	4,17,961
Total	..	1,066	5,89,193

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਇਹ ਜਿਹੜੇ ਦਰਖ਼ਤ ਹਨ ਇਨ੍ਹਾਂ ਨੂੰ ਕਟਣ ਵਾਸਤੇ ਕੋਈ ਨਾਰਮਜ਼ ਬਣਾਏ ਹੋਏ ਹਨ, ਕਿਉਂਕਿ ਇਹ ਤਾਂ ਮੇਨ ਰਸਤੇ ਤੇ ਹਨ ਅਤੇ ਸਾਈਕਲਾਂ ਵਾਲੇ, ਗਡਿਆਂ ਵਾਲੇ ਪੈਦਲ ਸਾਰੇ ਲੋਕ ਇਥੋਂ ਦੀ ਜਾਂਦੇ ਹਨ, ਕੀ ਕੋਈ ਆਲਟਰਨੇਟਿਵ ਰਖਿਆ ਹੈ?

ਰਾਜ ਮੰਤਰੀ, : ਇਸ ਦਾ ਦਸ ਸਾਲ ਦਾ ਫੈਲਿੰਗ ਪ੍ਰੋਗਰਾਮ ਬਣਾਇਆ ਹੋਇਆ ਹੈ ਇਸ ਦੇ ਹਿਸਾਬ ਨਾਲ ਕਟਾਏ ਜਾਂਦੇ ਹਨ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹਾਂ, ਇਹ ਜਿਹੜੇ ਦਰਖ਼ਤ ਹਨ ਇਹ ਤਾਂ 70, 80 ਸਾਲਾਂ ਦੇ ਪੁਰਾਣੇ ਹਨ। ਮੈਂ ਇਹ ਜਾਣਨਾ ਚਾਹਾਂਗਾ ਕਿ ਇਸ ਦਾ ਪ੍ਰੋਸੀਜਰ ਕੀ ਹੈ? ਇਹ ਬੜੇ ਕੀਮਤੀ ਦਰਖ਼ਤ ਹਨ, ਬਿਲਕੁਲ ਲਾਲ ਟਾਹਲੀ ਹੈ। ਕੀ ਕੋਈ ਕੰਪੀਟੈਂਟ ਅਥਾਰਟੀ ਆਕਸ਼ਨ ਕਰਦੀ ਹੈ?

ਰਾਜ ਮੰਤਰੀ : ਸਾਡੀ ਆਪਣੀ ਫ਼ਾਰੈਸਟ ਕਾਰਪੋਰੇਸ਼ਨ ਹੈ। ਫ਼ਾਰੈਸਟ ਡਿਪਾਰਟਮੈਂਟ ਕਾਰਪੋਰੇਸ਼ਨ ਨੂੰ ਦੇ ਦਿੰਦਾ ਹੈ। ਉਸ ਦੇ ਲਈ ਰਾਇਲਟੀ ਫ਼ਿਕਸ ਕੀਤੀ ਹੋਈ ਹੈ। ਜਿਹੜੇ ਅੱਛੇ ਹੁੰਦੇ ਹਨ ਉਹ ਕਾਰਪੋਰੇਸ਼ਨ ਕਰਦੀ ਹੈ ਔਰ ਜਿਹੜਾ ਬਾਲਣ ਵਾਲਾ ਮਾਲ ਹੁੰਦਾ ਹੈ ਉਹ ਡਿਪਾਰਟਮੈਂਟ ਆਪ ਕਰ ਦਿੰਦਾ ਹੈ ।

Government property at Lal Kuan in Delhi

*791. **Sardar Ranjit Singh Balian** : Will the Minister of State for Public Works be pleased to state —

(a) whether the Government owned any property at Lal Kuan in Delhi; if so, the details thereof ;

(b) whether the said property has since been sold out ; if so, when ;

(c) if the reply to part (b) above be in the affirmative, whether the conveyance deed in respect thereof has been executed, if not the reasons therefor ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਹਾਂ ਜੀ। ਪੰਜਾਬ ਸਰਕਾਰ ਦੀ ਇਕ ਜਾਇਦਾਦ ਜ਼ੀਨਤ ਮਹਿਲਾ ਦਿੱਲੀ ਵਿਖੇ ਲਾਲ ਕੂਏਂ ਏਰੀਏ ਵਿਚ ਹੈ। ਇਸ ਜਾਇਦਾਦ ਵਿਚ 63 ਯੂਨਿਟ ਹਨ ਜਿਨ੍ਹਾਂ ਵਿਚੋਂ 23 ਯੂਨਿਟ ਵੇਚੇ ਜਾ ਚੁੱਕੇ ਹਨ ਅਤੇ ਸੇਲ ਡੀਡ ਹੋ ਚੁੱਕੀ ਹੈ। ਚਾਰ ਯੂਨਿਟਾਂ ਦੀ ਕੀਮਤ ਲੈ ਲਈ ਗਈ ਹੈ ਪਰ ਸੇਲ ਡੀਡ ਕਰਵਾਉਣੀ ਬਾਕੀ ਹੈ। ਛੇ ਯੂਨਿਟਾਂ ਦੀ ਪੂਰੀ ਕੀਮਤ ਨਹੀਂ ਮਿਲੀ ਬਾਕੀ ਦੀਆਂ 30 ਯੂਨਿਟਾਂ ਕਿਰਾਏਦਾਰਾਂ ਪਾਸ ਕਿਰਾਏ ਤੇ ਹਨ ।

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹਾਂਗਾ ਕਿ ਜਿਹੜੇ ਚਾਰ ਯੂਨਿਟਸ ਹਨ ਜਿਨ੍ਹਾਂ ਦੇ ਪੈਸੇ ਲੈ ਲਏ ਗਏ ਹਨ ਫਿਰ ਉਨ੍ਹਾਂ ਦਾ ਸੇਲ ਡੀਡ ਕਿਉਂ ਨਹੀਂ ਬਣਵਾਇਆ ?

ਰਾਜ ਮੰਤਰੀ, : ਸਰ, ਇਹ ਜਿਹੜੀ ਪ੍ਰਾਪਰਟੀ ਹੈ ਇਹ ਬੜੀ ਕੀਮਤੀ ਹੈ ਜਿਸ ਦੇ ਵਿਚ ਸ਼ਾਪਸ ਹਨ, ਰੈਜ਼ੀਡੈਂਸਿਜ਼ ਹਨ, ਫਲੈਟਸ ਹਨ, ਇਸ ਸਬੰਧ ਵਿਚ ਇਕ ਸਟੇਟ ਦੀ ਕਮੇਟੀ ਬਣਾਈ ਗਈ ਸੀ। ਉਸ ਨੇ 22 ਦਸੰਬਰ, 1963 ਨੂੰ ਮੀਟਿੰਗ ਕੀਤੀ ਅਤੇ ਇਸ ਦਾ ਫੈਸਲਾ ਕੀਤਾ ਕਿ ਇਹ ਵੇਚਣੀ ਹੈ ਅਤੇ ਜੋ ਕਰਾਇਦਾਰ ਹਨ ਉਨ੍ਹਾਂ ਨੂੰ ਵੇਚ ਦਿੱਤੀਆਂ ਜਾਣ । 23 ਸੇਲਜ਼ ਡੀਡ ਐਗਜ਼ੀਕਿਊਟ ਹੋ ਗਈਆਂ ਹਨ। ਇਹ ਚਾਰ ਇਸ ਕਰਕੇ ਰਹਿ ਗਈਆਂ ਹਨ ਕਿਉਂਕਿ ਜਿਸਨੂੰ ਪਾਵਰ ਆਫ਼ ਅਟਾਰਨੀ ਦਿੱਤੀ ਸੀ ਉਸ ਦਾ ਜਿਹੜਾ ਸੈਕਸੈਸਰ ਸੀ ਉਸ ਦੇ ਨਾਲ ਇਕ ਕਾਨੂੰਨੀ ਅੜਚਨ ਪੈਦਾ ਹੋ ਗਈ ਸੀ ਜਿਸ ਵਿਚ ਕਿ ਜਿਹੜੀ ਪਹਿਲਾਂ ਸੇਲ ਡੀਡ ਵਗੈਰਾ ਸੀ ਉਸ ਤੇ ਜੋ ਪਾਵਰ ਆਫ ਅਟਾਰਨੀ ਦਿੱਤੀ ਹੈ ਉਸ ਵਿਚ ਇਖਤਿਆਰ ਨਹੀਂ ਦਿੱਤਾ ਗਿਆ ਸੀ। ਉਸ ਕੁਐਸਚਨ ਨੂੰ ਘੋਖਣ ਵਾਸਤੇ ਕਮੇਟੀ ਵਿਚਾਰ ਕਰ ਰਹੀ ਹੈ ਔਰ ਕਮੇਟੀ ਨੇ ਜਦੋਂ ਫੈਸਲਾ ਲਿਆ ਇਹ ਯੂਨਿਟ ਸੇਲ ਹੋ ਜਾਣਗੇ ।

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਦੇ ਯੂਨਿਟਾਂ ਦੀ ਕੀਮਤ ਪੂਰੀ ਕਿਉਂ ਨਹੀਂ ਦਿੱਤੀ ਗਈ ?

ਰਾਜ ਮੰਤਰੀ: ਜਿਹੜੇ ਬਾਕੀ ਦੇ ਛੇ ਹਨ, ਪੂਰੀ ਪ੍ਰਾਈਸ ਨਹੀਂ ਦਿੱਤੀ ਗਈ ਕਿਉਂਕਿ ਪ੍ਰਾਪਟੀ ਕੀਮਤੀ ਹੈ।

Under Utilisation of Sports Fund

*738. **Vaid Om Parkash Datta** : Will the Minister of State for Sports be pleased to state whether the Government is aware of the under utilisation of the Sports fund available for the purchase of sports goods in Schools and Colleges in he State; if so the details thereof ?

ਕੈਪਟਨ ਕੰਵਲਜੀਤ ਸਿੰਘ : ਰਾਜ ਦੇ ਸਕੂਲ/ਕਾਲਜਾਂ ਵਿਚ ਸਪੋਰਟਸ ਦੇ ਸਮਾਨ ਦੀ ਖਰੀਦ ਲਈ ਸਪੋਰਟਸ ਫੰਡ ਦੀ ਕੋਈ ਘੱਟ ਵਰਤੋ- ਨਹੀਂ ਹੈ।

ਵੈਦ ਓਮ ਪ੍ਰਕਾਸ਼ ਦੱਤਾ : ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਵਾਂਗਾ ਕਿ ਮੇਰਾ ਕੁਐਸਚਨ ਅੱਧਾ ਕੱਟ ਕੇ ਸ਼ਕਲ ਬਦਲ ਦਿੱਤੀ ਗਈ ਹੈ। ਮੈਂ ਪੁੱਛਿਆ ਸੀ ਕਿ ਬਹੁਤ ਸਾਰੇ ਸਪੋਰਟਸ ਦੇ ਅੱਛੇ ਲੜਕੇ ਔਰ ਲੜਕੀਆਂ ਹਨ ਜਿਨ੍ਹਾਂ ਨੇ ਨੈਸ਼ਨਲ ਔਰ ਇੰਟਰਨੈਸ਼ਨਲ ਵਿਚ ਜਾ ਕੇ ਪਾਰਟ ਲੈਣਾ ਹੁੰਦਾ ਹੈ ਕੀ ਉਨ੍ਹਾਂ ਨੂੰ ਪੂਰਾ ਸਾਮਾਨ ਮਿਲਦਾ ਹੈ ਜਾਂ ਨਹੀਂ ?

ਰਾਜ ਮੰਤਰੀ : ਸਪੀਕਰ ਸਾਹਿਬ ਵੈਦ ਜੀ ਦਾ ਸਵਾਲ ਹੈ ਕਿ—

"Whether the Government is aware of the under utilization of the sports fund available for the purehase of sports goods in schools and colleges in the State ; if so, the details thereof "

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਇਨ੍ਹਾਂ ਨੇ ਪੁਛਿਆ ਹੈ, ਟਰਾਂਸਲੇਸ਼ਨ ਤਾਂ ਇਹ ਹੀ ਬਣਦਾ ਹੈ, ਕਿ ਜਿਹੜੇ ਵੀ ਸਕੂਲ ਤੇ ਕਾਲਜ ਵਿਚ ਸਪੋਰਟਸ ਦਾ ਸਾਮਾਨ ਹੈ ਕੀ ਉਸ ਦੀ ਪੂਰੀ ਵਰਤੋਂ ਹੁੰਦੀ ਹੈ ਜਾਂ ਨਹੀਂ ? ਮੈਂ ਇਹੋ ਜਵਾਬ ਦਿੱਤਾ ਹੈ ਕਿ ਪੂਰੀ ਵਰਤੋਂ ਹੁੰਦੀ ਹੈ, ਘੱਟ ਨਹੀਂ ਹੁੰਦੀ। ਸਾਰੇ ਦਾ ਸਾਰਾ ਦਿੱਤਾ ਜਾਂਦਾ ਹੈ। ਪਰੰਤੂ ਮੈਂਬਰ ਸਾਹਿਬ ਦੀ ਗਿਆਤ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਕੂਲਾਂ ਤੇ ਕਾਲਜਾਂ ਵਿਚ ਕੋਈ ਫੰਡਜ਼ ਸਪੋਰਟਸ ਫੰਡਜ਼ ਦੇ ਤੌਰ ਤੇ ਕੋਈ ਰਾਸ਼ੀ ਨਹੀਂ ਦਿੱਤੀ ਜਾਂਦੀ। ਇਹ ਪੈਸਾ ਵੀ ਜੋ ਇਕੱਠਾ ਹੁੰਦਾ ਹੈ, ਇਹ ਵਿਦਿਆਰਥੀਆਂ ਤੋਂ ਇਕੱਠਾ ਕੀਤਾ ਜਾਂਦਾ ਹੈ। ਸਕੂਲ ਲੈਵਲ ਤੇ ਪ੍ਰਾਇਮਰੀ ਤਕ ਇਕ ਰੁਪਿਆ ਪਰ ਐਨਮ ਹੁੰਦਾ ਹੈ, ਮਿਡਲ ਸਕੂਲ ਵਿਚ ਦੋ ਰੁਪਏ ਪਰ ਐਨਮ, ਕਾਲਿਜਿਜ਼ ਲੈਵਲ ਤੇ 5 ਰੁਪਏ । ਇਸ ਤਰ੍ਹਾਂ ਇਸ ਦਾ ਹਿੱਸਾ ਜਿਹੜਾ ਹੈ 25 ਪ੍ਰਤੀਸ਼ਤ ਹਿੱਸਾ ਸਕੂਲਾਂ ਦੇ ਵਿਚ, ਜਾਂ ਕਾਲਜਾਂ ਵਿਚ ਰਹਿ ਜਾਂਦਾ ਹੈ, 20 ਪ੍ਰਤੀਸ਼ਤ ਹਿੱਸਾ ਜ਼ਿਲ੍ਹਾ ਲੈਵਲ ਤੇ ਰਹਿੰਦਾ ਹੈ, 55 ਪ੍ਰਤੀਸ਼ਤ ਸਪੋਰਟਸ ਕਮੇਟੀ ਕੋਲ ਆਉਂਦਾ ਹੈ। ਇਸ ਤਰ੍ਹਾਂ ਸਕੂਲਾਂ, ਕਾਲਜਾਂ ਕੋਲ ਪੈਸਾ ਜੋ ਹੁੰਦਾ ਹੈ, ਸਾਰੇ ਦਾ ਸਾਰਾ ਖਰਚਿਆ ਜਾਂਦਾ ਹੈ। ਇਹ ਸਗੋਂ ਲੋੜ ਤੋਂ ਵੀ ਘੱਟ ਹੁੰਦਾ ਹੈ।

ਵੈਦ ਓਮ ਪ੍ਰਕਾਸ਼ ਦੱਤਾ : ਮੈਂ ਮੰਤਰੀ ਮਹੋਦਯ ਤੋਂ ਪਤਾ ਲੈਣਾ ਚਾਹਵਾਂਗਾ ਕਿ ਕਿਆ ਕੋਈ ਹਾਊਸ ਦੀ ਕਮੇਟੀ ਬਣਾਉਣਗੇ ਜਿਹੜੀ ਕਿ ਇਨਕੁਆਇਰੀ ਕਰੇ? ਉਥੇ ਗਰਾਉਂਡਾਂ ਨਹੀਂ ਵਰਤੀਆਂ ਜਾਂਦੀਆਂ। ਕਿਆ ਹਾਊਸ ਦੀ ਕਮੇਟੀ ਬਣਾਉਣਗੇ ਜਿਹੜੀ ਕਿ ਪਤਾ ਕਰ ਸਕੇ ਸਕੂਲਾਂ ਕਾਲਜਾਂ ਵਿਚ ਫੰਡ ਜੋ ਹੈ ਕਿਆ ਉਸ ਦੀ ਠੀਕ ਵਰਤੋਂ ਹੁੰਦੀ ਹੈ ? ਕਿਆ ਘੋਖ ਕਰਕੇ ਦੱਸਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਕੋਈ ਹਾਊਸ ਦੀ ਕਮੇਟੀ ਬਣਾਉਣ ਦੀ ਲੋੜ ਨਹੀਂ ਹੈ ਕਿਉਂਕਿ ਪੈਸੇ ਤਾਂ ਲੋੜ ਤੋਂ ਵੀ ਘੱਟ ਹੁੰਦੇ ਹਨ। ਜੇਕਰ ਹੋਰ ਵੀ ਵਧਾਈਏ ਤਾਂ ਵਿਦਿਆਰਥੀਆਂ ਤੋਂ ਹੀ ਲੈਣੇ ਹਨ। ਅਸੀਂ ਸਮਝਦੇ ਹਾਂ ਕਿ ਸਕੂਲਾਂ ਦੇ ਗਰਾਉਂਡਜ਼ ਜੋ ਹਨ ਉਹ ਸਪੋਰਟਸ ਲਈ ਹੁੰਦੇ ਹਨ। ਜੇਕਰ ਵਾਧੂ ਲੋੜ ਪੈ ਵੀ ਜਾਵੇ ਤਾਂ ਵਿਦਿਆਰਥੀ ਆਪ ਹੀ ਪ੍ਰਬੰਧ ਕਰ ਲੈਂਦੇ ਹਨ। ਜੇਕਰ ਹੋਰ ਫੰਡ ਵੀ ਲਾਈਏ ਤਾਂ ਵੀ ਵਿਦਿਆਰਥੀਆਂ ਤੋਂ ਹੀ ਚਾਰਜ ਕਰਨਾ ਹੈ। ਜੋ ਇਨ੍ਹਾਂ ਦਾ ਸਵਾਲ ਹੈ ਉਸ ਦਾ ਇਹੀ ਜਵਾਬ ਹੈ।

ਸ੍ਰੀ ਰਾਧਾ ਕ੍ਰਿਸ਼ਨ : ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹਵਾਂਗਾ ਕਿ ਵਿਦਿਆਰਥੀਆਂ ਤੋਂ ਜੋ ਫੰਡ ਇਕੱਠਾ ਹੁੰਦਾ ਹੈ ਉਨ੍ਹਾਂ ਦਾ ਸਾਮਾਨ ਖਰੀਦਣ ਲਈ, ਉਹ ਸਾਮਾਨ ਪੂਰਾ ਨਹੀਂ ਖਰੀਦਿਆ ਜਾਂਦਾ ਔਰ ਬੱਚਿਆਂ ਦੇ ਖੇਲਣ ਲਈ ਪੂਰਾ ਸਾਮਾਨ ਨਹੀਂ ਮਿਲਦਾ, ਆਇਆ ਇਹ ਕੋਈ ਇਨਕੁਆਇਰੀ ਕਰਾਉਣਗੇ?

ਰਾਜ ਮੰਤਰੀ : ਜੇਕਰ ਇਸ ਤਰ੍ਹਾਂ ਦਾ ਕੋਈ ਖਿਆਲ ਹੈ, ਜਿਹੜਾ ਸਕੂਲ ਇਸ ਤਰ੍ਹਾਂ ਦਾ ਹੈ ਉਸ ਬਾਰੇ ਮੈਨੂੰ ਦੱਸ ਦੇਣ ਮੈਂ ਇਨਕੁਆਇਰੀ ਕਰਵਾ ਲਵਾਂਗਾ।

ਸ੍ਰੀ ਸਪੀਕਰ : ਵੈਸੇ ਜਿਸ ਤਰ੍ਹਾਂ ਦਾ ਆਨਸਵਰ ਤੁਹਾਡੇ ਕੁਐਸ਼ਚਨ ਦਾ ਇਨ੍ਹਾਂ ਨੇ ਦਿੱਤਾ ਹੈ ਉਹ ਬੜਾ ਸਪੈਸ਼ਿਫਿਕ ਹੈ, ਤੁਸੀਂ ਨੋਟਿਸ ਵਿਚ ਲੈ ਆਓ।

ਸਰਦਾਰ ਮਹਿੰਦਰ ਸਿੰਘ ਬਰਾੜ : ਬੇਨਤੀ ਹੈ ਕਿ ਵਰਲਡ ਸਪੋਰਟਸ ਦੇ ਵਿਚ ਇੰਡੀਆ ਵਾਲੇ ਪਾਰਟੀਸੀਪੇਟ ਕਰਦੇ ਹਨ। ਕੀ ਉਨ੍ਹਾਂ ਲਈ ਵੀ ਕੋਈ ਸਕੀਮ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਜਿਹੜਾ 55% ਪੈਸਾ ਹੁੰਦਾ ਹੈ ਉਹ ਨੈਸ਼ਨਲ ਲੈਵਲ ਤਕ ਹੀ ਯੂਨੀਵਰਸਿਟੀ ਤੇ ਹੀ ਖਰਚਿਆ ਜਾਂਦਾ ਹੈ।

Villages in tehsil Pathankot not covered under the Harijan Dharamshala Scheme

***752. Shri Raghu Nath Sahai Puri :** Will the Minister of State for Welfare of Scheduled Castes and Backward Classes be pleased to state—

(a) whether it is a fact that some villages of Pathankot Tehsil have not, so far, been covered under the Harijan Dharamshala Scheme ; if so, the reasons therefor ;

(b) if the reply to part (a) above be in the affirmative ; the time by which the said villages are likely to be covered under the said scheme ?

ਸਰਦਾਰ ਦਲੀਪ ਸਿੰਘ ਪਾਂਧੀ :

(ੳ) ਨਹੀਂ ਜੀ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ।

ਸ੍ਰੀ ਰਘੂਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਜੇ ਮੈਂ ਉਨ੍ਹਾਂ ਪਿੰਡਾਂ ਦੀ ਲਿਸਟ ਦੇ ਦੇਵਾਂ ਜਿਥੇ ਧਰਮਸ਼ਾਲਾਵਾਂ ਨਹੀਂ ਹਨ ਕੀ ਉਥੇ ਕਾਰਵਾਈ ਕਰਨਗੇ?

ਰਾਜ ਮੰਤਰੀ : ਵੈਸੇ ਇਹ ਸਰਕਾਰ ਦਾ ਪ੍ਰੋਗਰਾਮ ਹੈ ਕਿ ਜਿਥੇ ਧਰਮਸ਼ਾਲਾ ਨਹੀਂ ਹੈ ਉਥੇ ਬਣਾਉਣੀ ਹੈ। ਲੇਕਿਨ ਸਾਡੇ ਸਰਵੇ ਦੇ ਮੁਤਾਬਿਕ ਪਠਾਨਕੋਟ ਵਿਚ 67 ਪਿੰਡ ਰਹਿੰਦੇ ਹਨ ਅਤੇ 457 ਹੁਣ ਤਕ ਬਣ ਚੁੱਕੀਆਂ ਹਨ। ਹੁਣ ਜਿਥੇ ਲੋੜ ਸਮਝਾਂਗੇ, ਬਣਾਵਾਂਗੇ।

ਸ੍ਰੀ ਰਘੂਨਾਥ ਸਹਾਏ ਪੁਰੀ : ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਕਈ ਪਿੰਡ ਐਸੇ ਹਨ ਜਿਥੇ ਧਰਮਸ਼ਾਲਾਵਾਂ ਨਹੀਂ ਹਨ ਕੀ ਜਿਥੇ ਧਰਮਸ਼ਾਲਾਵਾਂ ਨਹੀਂ ਬਣੀਆਂ ਉਥੇ ਪ੍ਰਾਇਰਟੀ ਦਿੱਤੀ ਜਾਵੇਗੀ?

ਰਾਜ ਮੰਤਰੀ : ਮੈਂ ਤਾਂ ਕਹਿ ਦਿੱਤਾ ਹੈ ਕਿ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਹਰੀਜਨ ਦਾ ਕੋਈ ਸ਼ਬਦ ਵਰਤਿਆ ਹੈ। ਹਰੀਜਨ ਕੋਈ ਹੈ ਹੀ ਨਹੀਂ। ਬਾਕੀ ਤਾਂ ਇਨ੍ਹਾਂ ਨੇ ਅੱਜ ਬਜਟ ਸਪੀਚ ਵਿਚ ਵੀ ਸੁਣ ਲਿਆ ਹੈ ਕਿ ਅਸੀਂ ਕਾਫੀ ਕੁਝ ਕਰ ਰਹੇ ਹਾਂ। ਜਿਥੇ ਲੋੜ ਸਮਝਾਂਗੇ, ਦੇਵਾਂਗੇ ਸ਼ਰਤ ਇਹ ਹੈ ਕਿ ਉਥੇ 10 ਮਰਲੇ ਤੋਂ ਇਕ ਕਨਾਲ ਤਕ ਦੀ ਥਾਂ ਹੋਵੇ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਸਜਣ ਵੀ ਉਥੇ ਵਸਦੇ ਹੋਣ, ਉਥੇ ਧਰਮਸ਼ਾਲਾ ਬਣਾ ਦੇਵਾਂਗੇ।

ਸ੍ਰੀ ਹੰਸ ਰਾਜ ਆਰੀਆ : ਕੀ ਵਜ਼ੀਰ ਸਾਹਿਬ ਪੁਰਾਣੀਆਂ ਧਰਮਸ਼ਾਲਾਵਾਂ ਜਿਹੜੀਆਂ ਟੁੱਟੀਆਂ ਪਈਆਂ ਹਨ ਉਨ੍ਹਾਂ ਦੀ ਮੁਰੰਮਤ ਵਾਸਤੇ ਵੀ ਕੋਈ ਪ੍ਰਬੰਧ ਕਰਨਗੇ?

ਰਾਜ ਮੰਤਰੀ : ਇਹ ਇਕ ਵੱਖਰਾ ਸਵਾਲ ਹੈ ਪਰ ਉਸ ਲਈ ਵੀ ਕਰ ਰਹੇ ਹਾਂ।

Cases of Enquiries against Government Employees pending with the Vigilance Department

*761. **Shri Om Parkash Gupta** : Will the Chief Minister be pleased to state the number of cases against Government employees pending with the Vigilance Department for enquiry alongwith the dates since when pending in each case ?

Sardar Surjit Singh Barnala : 600 Vigilance cases (Regular enquiries-258, Preliminary enquiries—144 and Criminal cases—198) registered against Government servants were pending on 1st March, 1987. Category-wise pendency of each case is given in the statement which is laid on the Table of the House.

[Chief Minister]

STATEMENT

ANNEXURE-I

Case

Sr. No.	FIR No. and date	Section	Police Station	Date since peding
1	2	3	4	5
1	94/26-9-74	5(2) 47 P.C. Act, 409, 120-B, I.P.C.	City Nabha	20-9-74
2	227/2-8-75	5(2) P.C. Act, 409, 468, 471, 120-B, I.P.C.	City Hoshiarpur	2-8-75
3	460/17-9-76	5(2) 47 P.C. Act, 468/ 120-B, I.P.C.	Civil Lines Ludhiana	17-9-76
4	91/15-4-77	5(2) P.C. Act, 468/471/ 420-120-B, I.P.C.	City Hoshiarpur	15-4-77
5	226/5-12-77	5(2) P.C. Act, 409 420/468 I.P.C.	Sultanpur	5-12-77
6	322/3-11-77	5(2) P.C. Act, I.P.C.	Sangrur	3-11-77
7	33/1-4-78	5(2) P.C. Act, 468, 471, 420, 109 I.P.C.		1-4-78
8	62/28-4-78	5(1) (e) r/w 5(2) 47 P.C. Act	City Faridkot	28-4-78
9	116/2-6-78	5(2) P.C. Act, 465/468, 471 I.P.C.	Kotkapura	2-6-78
10	104/28-4-79	5(2) P.C. Act, 120-B I.P.C.	Division No. 6, Jullundur	28-4-79
11	245/4-8-79	420, 468, 471, 120-B I.P.C.	Division No. 4, Jullundur	4-8-79
12	31/30-11-79	420/467/471, 193 120-B,	Phillaur	30-11-79
13	329/15-11-79	5(2) I.P.C. Act/468 420, 471, 120-B I.P.C.	City Lines, A.S.R,	15-11-79
14	22/16-3-79	5 (1)(E) r//w 5(2) 47 P.C. Act	City Faridkot	16-3-79
15	36/28-4-79	5(2) P.C. Act, 409, 420, 120-B, I.P.C.	Samrala, (I.D.A.)	26-4-79
16	596/19-10-79	5(2) P.C. Act, 409, 120-B I.P.C.	Civil Lines Ludhiana	19-10-79
17	188/3-6-80	5(2) P.C. Act, 467/468/ 471/420, 120-B I.P.C.	Division No. 4 Jullundur	3-6-80
18	225/12-9-80	5(2) P.C. Act, 181 I.P.C.	City Pathankot	12-9-80
19	351/10-10-80	406/409, I.P.C., 700 Act	City Pathankot	10-10-80

1	2	3	4	5
20	555/30-3-80	5(1) (e) r/w 5(2) P.C. Act	City Batala	30-3-80
21	184/21-7-80	5(2) P.C. Act, 409, 467/ 471 120-B, I.P.C.	Patiala	21-7-80
22	121/21-11-80	5(1) (d) r/w 5(2) P.C. Act, 409/410 I.P.C.	Mohali	21-11-80
23	69/20-8-81	5(1) (d) r/w 5(2) P.C. Act, 409/620, I.P.C.	Do	20-8-81
24	28/20-1-81	5(2) P.C. Act, 409, 407, 471, I.P.C.	Division No. 3 Jullundur	20-1-81
25	310/5-10-81	5(2) P.C. Act, 420, 467, 468, 471, I.P.C.	Division No. 4 Jallandhar	5-10-81
26	290/22-7-81	5(2) P.C. Act, 409, 467, 468, 120-B, I.P.C.	City Kapurthala	22-7-81
27	14/7-1-81	5(2) P.C. Act, 161, I.P. C.	Ajnala	7-1-81
28	326/24-8-81	5(2) P.C. Act, 420/468/ 409, 120-B, I.P.C.	Civil Lines, Amritsar	24-8-81
29	317/3-8-81	5(2) P.C. Act, 409, 420, I.P.C.	Ghal Khurd	3-8-81
30	278/7-10-82	5(2) E read with 5(2) P.C. Act	City Hoshiarpur	7-10-82
31	97/30-3-82	5(2) P.C., Act, 467, 468/ 120-B, I.P.C.	B. Division Amritsar	30-3-82
32	292/6-10-82	5(1) d r/w 5(2) P.C. Act	Beas	6-10-82
33	555/26-11-82	5(2) P.C. Act, 420/120-B, I.P.C,	Civil Lines, Amritsar	26-11-82
34	122/5-12-82	5(2) P.C. Act, 408, 409, 120 I.P.C.	Civil Lines, Amritsar	15-12-82
35	126/24-3-82	5(2)P.C.Act, 161 I.P.C.	Sadar Batala	24-3-82
36	66/23-6-82	5(2) P.C. Act, 467/ 468,409,120-B, I.P.C.	City Gurdaspur	23-6-82
37	242/29-6-82	5(1) e r/w. 5(2) P.C. Act	Dinanagar	29-6-82
38	62/27-8-1982	5(2) P.C. Act, 161 I.P.C.	Bhatinda Cantt.	27-8-82
39	55/4-9-82	420,467,468,471, I.P.C.	Nangal (Ropar)	4-9-82
40	245/18-11-83	468, 471, I.P.C.	Division No. [illegible], Jallandhar	18-11-83
41	525/8-8-83	5(2) P.C. Act, 161 I.P.C.	Civil Lines, A.S.R.	8-8-83
42	314/10-11-83	5(2) P.C. Act, 161, I.P.C.	City Tarn Taran	10-11-83
43	269/2-8-83	Ditto	Hargobindpur	2-8-83

[Chief Minister]

1	2	3	4	5
44	305/2-6-83	5(2) P.C. Act, 467/468, 471, 120-B, I.P.C.	Jalalabad	2-6-83
45	394/30-12-83	5(2)P.C.Act,161,I.P.C.	Guru Har Sahai	30-12-83
46	38/25-1-83	Do	City Nabha	25-1-83
47	17/18-1-83	5(1) e r/w. 5(2) P.C. Act, 161 I.P.C.	Civil Lines, Patiala	18-1-83
48	56/9-2-83	5(1) e r/w. 5(2) P.C. Act	Sadar Patiala	9-2-83
49	53/18-1-83	5(2))P.C. Act, 420, 467, 468, 471, I.P.C.	Civil Lines, Ludhiana	18-1-83
50	126/13-4-83	5(2) P.C. Act, 309, 120-B, I.P.C.	Jagraon	13-4-83
51	25/7-2-83	Ditto	Longowal	7-2-83
52	241/2-9-83	Ditto	Moonak	2-9-83
53	19/21-2-83	409/204/201/120-B, I.P.C.	Mohali	21-2-83
54	19/11-83	5(2) P.C. Act, 409/406, 468, 471, 120-B, I.P.C.	Ropar	1-11-83
55	244/9-8-84	5(1) e r/w. 5(2) P.C. Act	Sadar Jullundur	9-8-84
56	208/12-7-84	5(2) P.C. Act, 161 I P.C.	Sadar Phgwara	12-7-84
57	464/20-9-86	5(1) e r/w. 5(2) P.C. Act	City Kapurthala	20-9-84
58	570/10-12-84	5(2) P.C. Act, 161, I.P.C.	City Kapurthala	10-12-84
59	3/5-1-84	409 I.P.C.	Dasuya	5-1-84
60	100/8-9-84	5(2) P.C. Act, 409, 420, 471/120-B, I.P.C.	Balachaur	8-9-84
61	361/21-12-84	406, 408, I.P.C.	Sadar Gurdaspur	21-12-84
62	130/28-11-84	5(2) P.C. Act, 161, I.P.C.	Balachaur	28-11-84
63	247/19-7-84	5(1) e r/w. 5(2) 47 P.C. Act	Civil Lines, Amritsar	19-7-84
64	112/19-3-84	5(2) P.C. Act, 161, I.P.C.	Sardoolgarh	19-3-84
65	56/5-4-1984	467, 468, 471, 409, 420, 120-B, I.P.C.	Dayalpura	5-4-84
66	254/29-11-84	5(2)P.C. Act, 161, I.P.C.	Bhikhi	29-11-84
67	385/13-12-84	5(2) P.C. Act, 161,I.P.C.	Phool (Bhatinda)	13-12-84
68	25/20-1-84	5(2) P.C. Act, 467, 468, 471, 120-B, I.P.C.	Civil Lines, Patiala	20-1-84

1	2	3	4	5
69	356/11-9-84	5(2) P.C. Act, 161, I.P.C.	City Patiala	11-9-84
70	288/3-9-84	5(2) P.C. Act, 467, 468, 471, 171, 120-B, I.P.C.	Sadar Patiala	3-9-84
71	20/24-1-84	5(1) d r/w. 5(2) P.C. Act, 406, 409, 468, I.P.C.	Sardoolgarh	24-1-84
72	464/18-9-84	5(2) P.C. Act, 420, 467, 468, 471, 120-B, I.P.C.	Civil Lines, Ludhiana	18-9-84
73	213/5-9-84	5(2) P.C. Act, 161, I.P.C.	Dhuri	5-9-84
74	84/20-7-84	5(2) P.C. Act, 408, 420, 465, 467, 468, I.P.C.	Naya Nangal	20-7-84
75	115/9-7-84	5(2) P.C. Act	Ropar	9-7-84
76	28/25-1-85	Do	Nawan Shahr	25-1-85
77	96/12-3-85	Do	Do	12-3-85
78	211/18-6-85	Do	Nakodar	18-6-85
79	274/9-7-85	Do	Do	9-7-85
80	142/12-8-85	Do	Division No. 4, Jallandhar	12-8-85
81	195/13-12-85	Do	Do	12-12-85
82	283/5-11-85	218/466, 471, I.P.C.	Bhulath (Kapurthala)	5-11-85
83	14/14-3-85	5(2) P.C. Act, 161,I.P.C.	Talwara	14-3-85
84	211/27-8-85	5(1) d r/w. 5(2) P.C. Act	City Hoshiarpur	27-8-85
85	107/21-11-85	5(2) P.C. Act, 161, I.P.C.	Balachaur	21-11-85
86	15/11-1-85	128/465/471, I.P.C.	City Amritsar	11-1-85
87	36/30-1-85	5(1) e r/w. 5(2) P.C. Act	City Tarn Taran	30-1-85
88	67/21-2-85	5(2) P.C. Act, 161, I.P.C.	Patti	21-2-85
89	61/19-2-85	Do	Bhikhiwind (A.S.R.)	19-2-85
90	323/10-7-85	Do	Division No. 4, Amritsar	10-7-85
91	572/9-8-85	5(2) P.C. Act, 161I.P.C.	Sadar Amritsar	9-8-85
92	19/7-1-85	5(2) P.C. Act, 218/120-B, I.P.C.	Pathankot	7-1-85
93	258/17-10-85	5(1) e r/w. 5(2) P.C. Act	City Pathankot	17-10-85
94	121/28-3-85	5(2) P.C. Act, 161, I.P.C.	Jalalabad	28-3-85
95	111/14-5-85	Ditto	City Moga	14-5-85

[Chief Minister]

1	2	3	4	5
96	142/5-7-85	.. 5(2)P.C. Act, 161, I.P.C.	Gidderbaha	5-7-85
97	75/3-10-85	.. Ditto	City Faridkot	3-10-85
98	94/18-11-85	.. Ditto	—Do—	18-11-85
99	398/26-11-85	.. Ditto	Sdr. Muktsar	26-12-85
100	100/11-4-85	.. Ditto	Raman (Bhatinda)	11-4-85
101	235/11-9-85	.. Ditto	City Bhatinda	11-9-85
102	24/16-4-85	.. Ditto	Lalru, Patiala	16-4-85
103	100/16-4-85	.. Ditio	Sirhind	16-4-85
104	156/16-5-85	.. Ditto	Rajpura	16-5-85
105	122/21-5-85	.. Ditto	C/Line, Patiala	21-5-85
106	107/27-3-85	5(1) e r/w5(2)P.C. Act, 467, 468, 471, I.P.C.	Sdr. Patiala	27-3-85
107	249/21-7-83	.. 467/468, 420-I.P.C.	Rajpura	21-7-83
108	132/14-8-85	.. 5(2)P.C.Act, 161,I.P.C.	City Nabha	14-8-85
109	220/30-10-85	.. Ditto	Patran	30-10-85
110	382/28-11-85	.. Ditto	City Patiala	28-11-85
111	26/10-1-85	.. 5(1) e r/w. 5(2)47 P.C. Act	C/Lines, Ludhiana	10-1-85
112	146/19-4-85	.. 5(2)P.C. Act, 161,I.PC	City Ludhiana	19-4-85
113	251/9-9-85	.. Ditto	Ditto	9-9-85
114	29/4-3-85	.. 5(1)e r/w 5(2)PC Act	Sherpur	4-3-85
115	72/10-4-85	.. 5(2) P.C. Act, 161 I.P.C.	Lehragaga	10-4-85
116	80/20-3-85	.. Ditto	Moonak	20-3-85
117	165/13-7-85	.. Ditto	Malerkotla	23-7-85
118	117/6-9-85	.. Ditto	Ropar	6-9-85
119	12/5-2-85	.. 406/420 I.P.C.	Chamkaur Sahib	5-2-85
120	15/8-1-86	.. 5 (2)P.C. Act, 161, I.P.C.	Shahkot	8-1-86
121	63/12-2-86	.. Ditto	Nawanshahr	12-2-86
122	91/4-3-86	.. Ditto	Jullundur	4-3-86
123	4/10-1-86	.. Ditto	City Hoshiarpur	10-1-86
124	113/22-3-86	.. 5(2)P.C. Act, 409/406, 467, 468, 411, 120-B, I.P.C.	Warowal	22-3-86
125	50/6-2-86	.. 5(2)PC.Act, 161,I.P.C.	Sdr. Kot Kapura	6-2-86

1	2		3	4	5
126	57/10-3-86	..	5(2)P.C.Act, 161, I.P.C.	City Malout	10-3-86
127	8/24-1-86	..	Ditto	Bassi Pathana	24-1-86
128	29/27-1-86		5(2)P.C. Act 409,461, 468, 471, I.P.C.	Civil Lines, Patiala	27-1-86
129	60/25-3-86	..	5(2)P.C.Act, 406, 420, 467, 468, 471, 120-B, I.P.C.	City Tarn Taran	25-3-86
130	48/13-2-86	..	5(2)P.C.Act, 161, I.P.C	Dinanagar	13-2-86
131	44/6-3-86	..	Ditto	City Pathankot	6-3-86
132	88/22-2-86	..	Ditto	Dharamkot	21-2-86
133	92/13-3-86	..	Ditto	City Patiala	13-3-86
134	35/20-2-86	..	Ditto	Sudhar	20-2-86
135	34/19-3-86	..	Ditto	Machhiwara	19-3-86
136	291/25-5-86	..	5(2)P.C.Act, 161, I.P.C	Batala	25-8-86
137	46/4-4-86	..	Ditto	Ghagga	4-4-86
138	33/26-4-86	..	Ditto	Bassi Pathana	26-4-86
139	34/30-5-86	..	Ditto	Bhadson	30-5-86
140	127/5-6-86	..	Dittto	Rajpura	5-6-86
141	166/11-8-86	..	Ditto	Samana	11-8-86
142	214/21-8-86	..	420/468/471, 120-B, I.P.C.	Civil Lines, Patiala	21-8-86
143	40/17-4-86	..	5(2)P.C. Act, 161, I.P.C.	Moonak	17-4-86
144	80/1-7-86	..	Ditto	Longowal	1-7-86
145	81/2-7-86	..	Ditto	Sherpur	2-7-86
146	95/30-7-85	..	Ditto	Longowal	30-7-85
147	164/6-8-86	..	Ditto	City Sangrur	6-8-86
148	102/7-8-86	..	5(2)C Act, 161, I.P.C.	Barnala	7-8-86
149	173/26-8-86	..	Ditto	Sangrur	26-8-86
150	104/21-10-86	..	Ditto	Tappa	21-10-86
151	186/14-10-86	..	Ditto	City Phagwara	14-10-86
152	72/29-4-86	..	Ditto	Kathu Nangal,	29-4-86
153	182/5-5-86	..	Ditto	Divn. No. CASR	5-5-86
154	1118/6-5-86	..	Ditto	C/Line, Amritsar	6-5-86
155	159/4-6-86	..	Ditto	Lopoke	4-6-86
156	137/5-6-86	..	Ditto	Bhikhiwind	5-6-86

[Chief Minister]

1	2	3	4	5
157	157/3-7-86	.. 5(2)Act, 161, I.P.C.	C/Lines, Amritsar	3-7-86
158	151/9-7-86	.. Ditto	Ajnala	9-7-86
159	224/18-9-86	.. Ditto	Gharinda	18-9-86
160	215/12-9-86	.. 467/468/477 I.P.C. 5(2)47PC/Act	Lines, Amritsar	12-9-86
161	156/18-10-86	5(2)P.C. Act, 161, I.P.C	Khem Karan	18-10-86
162	196/16-11-86	.. Ditto	GRP, Amritsar	16-11-86
163	276/26-11-86	.. Ditto	C/Lines Amritsar	26-11-86
164	560/14-11-86	.. Ditto	Sdr. Ferozepur	14-11-86
165	86/8-8-86	.. Ditto	Kharar	8-8-86
166	103/3-9-86	.. Ditto	Ropar	3-9-86
167	107/11-9-86	.. Ditto	Ropar	11-9-86
168	113/23-9-86	.. Ditto	Ropar	23-9-86
169	130/10-11-86	.. Ditto	Ropar	10-11-86
170	86/10-6-86	.. Ditto	Divn. No. 4, Jullundur	10-6-86
171	70/23-7-86	.. 5(2)PC. Act, 420, 467, 468, 477, 120-B, I.P.C	Bhogpur	23-7-86
172	314/21-11-86	.. 5(2)47, P.C. Act, 161, I.P.C.	Sdr. Jullundur	21-11-86
173	192/29-4-86	.. Ditto	Sdr. Ludhiana	29-4-86
174	205/3-7-86	.. Ditto	C/Lines, Ludhiana	3-7-86
175	187/6-8-86	.. Ditto	Kot Ludhiana	6-8-86
176	12/22-12-86	.. 5(2)P.C. Act 161 I.P.C.	Jagraon	22-12-86
177	11/7-5-86	.. Ditto	Sdr. Moga	7-5-86
178	14/22-5-80	.. Ditto	City MKT	20-5-86
179	102/3-6-86	.. Ditto	Jaiton	3-6-86
180	218/7-10-86	.. Ditto	City Muktsar	7-10-86
181	256/25-5-86	.. Ditto	Kot Bhai	25-8-86
182	230/2-12-86	.. 467/461/405/IPC.	Bhag Purana	2-12-86
183	41/12-5-86	5(2)P.C. Act, 181 I.P.C.	Diyalpura	12-5-86
184	127/16-5-86	.. Ditto	City Bhatinda	16-5-86
185	54/4-5-86	.. Ditto	Budhlada	4-5-86
186	248/25-10-86	.. Do	City Bhatinda	15-10-86

1	2	3	4	5
187	59/10-11-86	.. 5(2)PC Act,161, IPC	Mansa	10-11-86
188	157/16-8-86	.. Ditto	Dasuya	16-8-86
189	25/5-2-87	.. Ditto	Barnala	5-2-87
190	5/9-1-87	.. Ditto	Bagha Purana	5-1-87
191	37/15-1-87	.. Ditto	Kot Faridkot	9-1-87
192	7/6-1-87	.. Ditto	Sarhali (Amritsar)	6-1-87
193	572/1-12-86	.. Ditto	Jalalabad	31-12-86
194	24/19-1-87	.. Ditto	City Bhatinda	19-1-87
195	31/21-1-87	.. Ditto	Kot Bhatinda	21-1-87
196	25/1-2-87	.. Ditto	Shan (BTI)	10-2-87
197	58/6-2-87	.. Ditto	Kotwali Batala	8-2-87
198	15/24-2-87	.. Ditto	City Batala	24-2-87

ANNEXURE-II

Regular Enquiries

Serial No.	Re. No. and Date and District		Date since pending
1	2		3
1	22, dated the 25th May, 1978, Jalandhar	..	25-5-78
2	15, dated the 14th July, 1978, Ferozepur	..	14-7-78
3	21, dated the 20th September, 1978, Ferozepu	..	10-9-78
4	8, dated the 4th October, 1979, Faridkot	..	4-10-79
5	19, dated the 28th November, 1980, Amritsar	..	28-11-80
6	7, dated the 8th February, 1980, Patiala	..	8-2-80
7	22, dated the 3rd December, 1980, Patiala	..	3-12-80
8	4, dated the 11th September, 1980, Ferozepur	..	11-9-80
9	9, dated the 22nd July, 1980, Jalandhar	..	22-7-80
10	13, dated the 20th October, 1980, Ludhiana	..	20-10-80
11	10, dated the 13th November, 1981, Ludhiana	..	13-11-81
12	18, dated the 17th December, 1981, Amritsar	..	17-12-81
13	9, dated the 30th April, 1981, Ropar	..	30-4-81
14	8, dated the 9th July, 1981, Bhatinda	..	9-7-81
15	5, dated the 11th April, 1981, Ferozepur	..	11-4-81

[Chief Minister]

1	2		3
16	1, dated the 23rd November, 1981, Patiala	..	23-11-81
17	8, dated the 12th June, 1981, Patiala	..	12-6-81
18	5, dated the 19th March, 1982, Jalandhar	..	19-3-82
19	7, dated the 18th May, 1982, Jalandhar	..	18-5-82
20	12, dated the 14th May, 1982, Hoshiarpur	..	14-5-82
21	8, dated the 30th March, 1982, Amritsar	..	30-3-82
22	17, dated the 21st July, 1982, Amritsar	..	21-7-82
23	24, dated the 21st October, 1982, Amritsar	..	21-10-82
24	27, dated the 6th December, 1982, Amristar	..	6-12-82
25	28, dated the 27th December, 1982, Amritsar	..	27-12-82
26	6, dated the 20th July, 1982, Gurdaspur	..	20-7-82
27	7, dated the 20th July, 1982, Gurdaspur	..	20-7-82
28	16, dated the 4th November, 1982, Gurdaspur	..	4-11-82
29	4, dated the 27th January, 1982, Ferozepur	..	27-11-82
30	7, dated the 7th July, 1982, Ferozepur	..	7-7-82
31	9, dated the 20th July, 1982, Ferozepur	..	20-7-82
32	11, dated the 28th July, 1982, Ferozepur	..	28-7-82
33	3, dated the 20th April, 1982, Faridkot	..	20-4-82
34	5, dated the 8th September, 1982, Faridkot	..	8-9-82
35	3, dated the 1st July, 1982, Bhatinda	..	1-7-82
36	11, dated the 6th May, 1982, Patiala	..	6-5-82
37	28, dated the 15th October, 1982, Patiala	..	15-10-82
38	38, dated the 14th December, 1982, Patiala	..	14-12-82
39	4, dated the 17th March, 1982, Ropar	..	17-3-82
40	7, dated the 12th May, 1982, Jalandhar	..	12-5-82
41	2, dated the 11th November, 1983, Jalandhar	..	11-11-83
42	4, dated the 11th May, 1983, Kapurthala	..	11-5-83
43	10, dated the 20th February, 1983, Hoshiarpur	..	20-2-83
44	3, dated the 14th January, 1983, Amritsar	..	14-1-83
45	4, dated the 10th February, 1983, Amritsar	..	10-2-83
46	7, dated the 18th March, 1983, Amritsar	..	18-3-83
47	9, dated the 13th April, 1983, Amritsar	..	13-4-83
48	16, dated the 13th May, 1983, Amritsar	..	13-5-83

1	2		3
49	3, dated the 7th November, 1983, Gurdaspur	..	7-11-83
50	4, dated the 7th 1983 Gurdaspur	..	7-4-83
51	7, dated the 29th June, 1983, Gurdaspur	..	29-6-83
52	9, dated the 23rd November, 1983, Gurdaspur	..	23-11-83
53	1, dated the 14th December, 1983, Gurdaspur	..	14-12-83
54	3, dated the 31st March, 1983, Ferozepur	..	31-3-83
55	6, dated the 10th December, 1983, Ferozepur	..	10-12-83
56	8, dated the 16th December, 1983, Bhatinda	..	16-12-83
57	11, dated the 13th November, 1983, Patiala	..	13-11-83
58	14, dated the 13th May, 1983, Patiala	..	13-5-83
59	22, dated the 7th October, 1983, Patiala	..	7-10-83
60	23, dated the 12th October, 1983, Patiala	..	12-10-83
61	4, dated the 19th May, 1983, Ludhiana	..	19-5-83
62	7, dated the 7th November, 1983, Ludhiana	..	7-11-83
63	8, dated the 8th November, 1983, Ludhiana	..	8-11-83
64	10, dated the 14th December, 1983, Ludhiana	..	14-12-83
65	1, dated the 20th January, 1983, Sangrur	..	20-1-83
66	11, dated the 20th April, 1983, Sangrur	..	20-4-83
67	14, dated the 16th June, 1983, Ropar	..	16-6-83
68	9, dated the 4th December, 1983, Chandigarh	..	4-12-83
69	2, dated the 21st June, 1984, Chandigarh	..	21-6-84
70	1, dated the 19th January, 1984, Bhatinda	..	19-1-84
71	4, dated the 5th July, 1984, Ropar	..	5-7-84
72	5, dated the 2nd August, 1984, Ropar	..	2-8-84
73	6, dated the 2nd August, 1984, Ropar	..	2-8-84
74	7, dated the 8th February, 1984, Ropar	..	8-2-84
75	8, dated the 28th August, 1984, Ropar	..	28-8-84
76	10, dated the 30th August, 1984, Ropar	..	30-8-84
77	11, dated the 30th August, 1984, Ropar	..	30-8-84
78	3, dated the 11th June, 1984, Gurdaspur	..	11-6-84
79	4, dated the 19th June, 1984, Gurdaspur	..	19-6-84
80	5, dated the 21st June, 1984, Gurdaspur	..	21-6-84
81	6, dated the 21st November, 1984, Gurdaspur	..	21-11-84

[Chief Minister]

1	2	3
82	1, dated the 11th January, 1984, Ferozepur ..	11-1-84
83	3, dated the 14th September, 1984, Ferozepur ..	14-9-84
84	4, dated the 13th November, 1984, Ferozepur ..	13-11-84
85	5, dated the 20th November, 1984, Ferozepur ..	20-11-84
86	2, dated the 7th May, 1984, Ludhiana ..	7-5-84
87	3, dated the 11th May, 1984, Ludhiana ..	11-5-84
88	2, dated the 13th February, 1984, Amritsar ..	13-2-84
89	6, dated the 30th May, 1984, Amritsar ..	30-5-84
90	7, dated the 16th July, 1984, Amritsar ..	16-7-84
91	8, dated the 28th September, 1984, Amritsar ..	28-9-84
92	7, dated the 31st May, 1984, Patiala ..	31-5-84
93	10, dated the 11th July, 1984, Patiala ..	11-7-84
94	11, dated the 20th July, 1984, Patiala ..	20-7-84
95	14, dated the 24th August, 1984, Patiala ..	24-8-84
96	15 dated the 28th August, 1984, Patiala ..	28-8-84
97	17, dated 19th September, 1984, Patiala ..	19-9-84
98	20, dated 15th November, 1985, Patiala ..	15-11-84
99	28, dated the 12th December, 1984, Patiala ..	12-12-84
100	1, dated the 15th March, 1984, Faridkot ..	15-3-84
101	2, dated the 16th March, 1984, Faridkot ..	16-3-84
102	3, dated the 21st March, 1984, Faridkot ..	21-3-84
103	4, dated the 16th May, 1984, Faridkot ..	16-5-84
104	6, dated the 30th April, 1984, Faridkot ..	30-4-84
105	2, dated the 21st August, 1984, Hoshiarpur ..	21-8-84
106	2, dated the 4th September, 1984, Kapurthala ..	4-9-84
107	2, dated the 7th May, 1985, Sangrur ..	7-5-84
108	2, dated the 7th April, 1985, Jalandhar ..	7-4-85
109	3, dated the 9th July, 1985, Jalandhar ..	9-7-85
110	5, dated the 1st August, 1985, Jalandhar ..	1-8-85
111	6, dated the 4th October, 1985, Jalandhar ..	4-10-85
112	2, dated the 14th February, 1985, Hoshiarpur ..	14-2-85
113	3, dated the 26th February, 1985, Hoshiarpur ..	26-2-85
114	4, dated the 12th March, 1985, Hoshiarpur ..	14-3-85

1	2		3
115	5, dated the 24th June, 1985, Hoshiarpur	..	24-6-85
116	6, dated the 23rd July, 1985, Hoshiarpur	..	23-7-85
117	7, dated the 23rd July, 1985, Hoshiarpur	..	23-7-85
118	8, dated the 29th August, 1985, Hoshiarpur	..	29-8-85
119	9, dated the 19th November, 1985, Hoshiarpur	..	19-11-85
120	1, dated the 25th January, 1985, Amritsar	..	25-1-85
121	2, dated the 1st March, 1985, Amritsar	..	1-3-85
122	3, dated the 15th March, 1985, Amritsar	..	15-3-85
123	5, dated the 24th July, 1985, Amritsar	..	24-7-85
124	6, dated the 25th July, 1985, Amritsar	..	25-7-85
125	7, dated the 10th December, 1985, Amritsar	..	10-12-85
126	2, dated the 9th April, 1985, Gurdaspur	..	9-4-85
127	3, dated the 9th April, 1985, Gurdaspur	..	9-4-85
128	4, dated the 26th September, 1985, Gurdaspur	..	26-9-85
129	2, dated the 18th March, 1985, Ferozepur	..	18-3-85
130	3, dated the 28th March, 1985, Ferozepur	..	28-3-85
131	2, dated the 8th February, 1985, Faridkot	..	8-2-85
132	4, dated the 1st March, 1985, Faridkot	..	1-3-85
133	5, dated the 5th March, 1985, Faridkot	..	5-3-85
134	6, dated the 1st April, 1985, Faridkot	..	1-4-85
135	7, dated the 30th August, 1985, Faridkot	..	30-8-85
136	1, dated the 22nd January, 1985, Patiala	..	22-1-85
137	2, dated the 24th January, 1985, Patiala	..	24-1-85
138	3, dated the 4th March, 1985, Patiala	..	4-3-85
139	11, dated the 18th March, 1985, Patiala	..	18-3-85
140	5, dated the 28th March, 1985, Patiala	..	28-3-85
141	8, dated the 2nd April, 1985, Patiala	..	2-4-85
142	11, dated the 29th April, 1985, Patiala	..	29-4-85
143	12, dated the 14th May, 1985, Patiala	..	14-5-85
144	13, dated the 14th May, 1985, Patiala	..	14-5-85
145	14, dated the 24th June, 1985, Patiala	..	24-6-85
146	15, dated the 2nd July, 1985, Patiala	..	2-7-85

[Chief Minister]

1	2	3
147	16, dated the 18th July, 1985, Patiala	18-7-85
148	18, dated the 1st October, 1985, Patiala	1-10-85
149	19, dated the 6th January, 1985, Patiala	6-1-85
150	21, dated the 17th December, 1985, Patiala	17-12-85
151	2, dated the 26th February, 1985, Ludhiana	26-2-85
152	4, dated the 25th April, 1985, Ludhiana	25-4-85
153	5, dated the 21st May, 1985, Ludhiana	21-5-85
154	6, dated the 4th June, 1985, Ludhiana	4-6-85
155	7, dated the 10th September, 1985, Ludhiana	10-9-85
156	9, dated the 22nd October, 1985, Ludhiana	22-9-85
157	10, dated the 5th December, 1985, Ludhiana	5-12-85
158	1, dated the 29th March, 1985, Sangrur	29-3-85
159	5, dated the 18th June, 1985, Sangrur	18-6-85
160	5, dated the 9th October, 1985, Sangrur	9-10-85
161	7, dated the 23rd December, 1985, Sangrur	23-12-85
162	2, dated the 19th June, 1985, Ropar	19-6-85
163	3, dated the 17th July, 1985, Ropar	17-7-85
164	5, dated the 11th November, 1985, Ropar	11-11-85
165	10 dated the 4th January, 1985, Chandigarh	4-1-85
166	3, dated 27th March, 1985, Ropar	27-3-85
167	5, dated 17th May, 1985, Chandigarh	17-5-85
168	1, dated 15th January, 1986, Chandigarh	15-1-86
169	1, dated 7th January, 1986 , Kapurthala	7-1-86
170	1, dated 4th February, 1986, Ropar	4-2-86
171	3, dated 31st March, 1986, Ropar	31-3-86
172	1, dated 13th February, 1986, Sangrur	13-2-86
173	2, dated 20th February, 1986, Sangrur	20-2-86
174	1, dated 8th March, 1986, Ludhiana	8-3-86
175	1, dated 14th February, 1986, Patiala	14-2-86
176	2, dated 20th February, 1986, Patiala	20-2-86
177	1, dated 5th February, 1986, Bathinda	5-2-86
178	2, dated 24th March, 1986, Bathinda	24-3-86

1	2	3
179	2, dated 23rd January, 1986, Gurdaspur	23-1-86
180	1, dated 21st February, 1986, Amritsar	21-2-86
181	2, dated 21st March, 1986, Amritsar	21-2-86
182	1, dated 9th January, 1986, Hoshiarpur	9-1-86
183	2, dated 6th February, 1986, Hoshiarpur	6-2-86
184	3, dated 11th March, 1986, Hoshiarpur	11-3-86
185	2, dated 28th April, 1986, Gurdaspur	28-4-86
186	3, dated 21st August, 1986, Gurdaspur	21-8-86
187	4, dated 17th December, 1986, Gurdaspur	17-12-86
188	4, dated 8th May, 1986, Ropar	8-5-86
189	5, dated 16th December, 1986, Ropar	16-12-86
190	3, dated 6th May, 1986, Amritsar	6-5-86
191	4, dated 3rd September, 1986, Amritsar	3-9-86
192	5, dated 12th September, 1986, Amritsar	12-9-86
193	6, dated 19th September 1986, Amritsar	19-9-86
194	7, dated 26th September, 1986, Amritsar	26-9-86
195	8, dated 1st October, 1986, Amritsar	1-10-86
196	9, dated 7th November, 1986, Amritsar	7-11-86
197	10, dated 24th November, 1986, Amritsar	24-11-86
198	11, dated 27th November, 1986, Amritsar	27-11-86
199	3, dated 7th August, 1986, Bathinda	7-8-86
200	4, dated 2nd September, 1986, Bathinda	2-9-86
201	1, dated 17th April, 1986, Faridkot	17-4-86
202	2, dated 9th May, 1986, Faridkot	9-5-86
203	3, dated 20th May, 1986, Faridkot	20-5-86
204	4, dated 3rd July, 1986, Faridkot	3-7-86
205	5, dated 13th August, 1986, Faridkot	13-8-86
206	6, dated 8th December, 1986, Faridkot	8-12-86
207	3, dated 10th July, 1986, Sangrur	10-7-86
208	4, dated 4th November, 1986, Sangrur	4-11-86
209	3, dated 24th April, 1986, Chandigarh	24-4-86
210	4, dated 3rd June, 1986, Chandigarh	3-6-86

[Chief Minister]

1	2	3
211	5, dated 28th November, 1986, Chandigarh	28-11-86
212	1, dated 18th May, 1986, Ferozepur	18-5-86
213	2, dated 1st August, 1986, Ludhiana	1-8-86
214	3, dated 2nd September, 1986, Ludhiana	2-9-86
215	4, dated 5th September, 1986, Ludhiana	5-9-86
216	5, dated 22nd October, 1986, Ludhiana	22-10-86
217	1, dated 21st April, 1986, Jalandhar	29-4-86
218	2, dated 29th April, 1986, Jalandhar	23-4-86
219	3, dated 24th April, 1986, Jalandhar	24-4-86
220	4, dated 28th July, 1986, Jalandhar	28-7-86
221	5, dated 27th November, 1986, Jalandhar	27-11-86
222	4, dated 5th May, 1986, Hoshiarpur	5-5-86
223	3, dated 21st April, 1986, Kapurthala	21-4-86
224	4, dated 30th April, 1986, Kapurthala	30-4-86
225	3, dated 6th May, 1986, Patiala	6-5-86
226	4, dated 8th May, 1986, Patiala	8-5-86
227	5, dated 8th May, 1986, Patiala	8-5-86
228	6, dated 9th May, 1986, Patiala	9-5-86
229	7, dated 9th May, 1986, Patiala	9-5-86
230	8, dated 8th July, 1986, Patiala	8-7-86
231	9, dated 22nd July, 1986, Patiala	22-7-86
232	10, dated 22nd July, 1986, Patiala	22-7-86
233	11, dated 14th August, 1986, Patiala	14-8-86
234	12, dated 14th August, 1986, Patiala	14-8-86
235	13, dated 25th November, 1986, Patiala	25-11-86
236	14, dated 1st December, 1986, Patiala	1-12-86
237	15, dated 1st December, 1986, Patiala	1-12-86
238	16, dated 19th January, 1986, Patiala	19-1-86
239	7, dated 23rd December, 1986, Jalandhar	23-12-86
240	6, dated 23rd December, 1986, Jalandhar	23-12-86
241	6, dated 23rd December, 1986, Ropar	23-12-86
242	5, dated 23rd December, 1986, Sangrur	23-12-86

1	2	3
243	6, dated 24th December, 1986, Chandigarh	24-12-86
244	1, dated 9th January, 1987, Ludhiana	9-1-87
245	2, dated 23rd January, 1987, Ludhiana	23-1-87
246	3, dated 24th February, 1987, Ludhiana	24-2-87
247	1, dated 22nd January, 1987, Sangrur	22-1-87
248	2, dated 3rd February, 1987, Sangrur	3-2-87
249	3, dated 3rd February, 1987, Sangrur	3-2-87
250	1, dated 23rd February, 1987, Bhatinda	23-2-87
251	1, dated 18th February, 1987, Patiala	18-2-87
252	2, dated 4th March, 1987, Patiala	4-3-87
253	1, dated 11th February, 1987, Amritsar	11-2-87
254	2, dated 27th February, 1987, Amritsar	27-2-87
255	1, dated 19th February, 1987, Ropar	19-2-87
256	1, dated 10th February, 1987, Kapurthala	10-2-87
257	1, dated 21st January, 1987, Jalandhar	21-1-87
258	1, dated 21st January, 1987, Faridkot	21-1-87

ANNEXURE-III

PRELIMINARY ENQUIRIES

Sr. No.	No. of PE & date	District	Date since pending
1	2	3	4
1	14, dated 10th December, 1981	Gurdaspur	10-12-81
2	19, dated 19th December, 1982	Kapurthala	19-12-82
3	7, dated 9th November, 1983	Jalandhar	9-11-83
4	2, dated 14th March, 1983	Kapurthala	14-3-83
5	3, dated 13th May, 1983	—Do—	13-5-83
6	7, dated 26th July, 1983	Amritsar	26-7-83
7	5, dated 27th October, 1983	Ferozepur	27-10-83
8	1, dated 13th January, 1983	Faridkot	13-1-83
9	9, dated 16th December, 1983	Bhatinda	16-12-83
10	16, dated 14th December, 1983	Patiala	14-12-83

[Chief Minister]

1	2	3	4
11	1, dated 6th June, 1983	Ludhiana	6-6-83
12	7, dated 17th August, 1983	Sangrur	17-8-83
13	2, dated 9th July, 1984	Hoshiarpur	9-7-84
14	1, dated 23rd February, 1984	Amritsar	23-2-84
15	3, dated 22nd March, 1984	Amritsar	22-3-84
16	5, dated 12th April, 1984	Amritsar	12-4-84
17	6, dated 25th May, 1984	Amritsar	25-5-84
18	7, dated 12th June, 1984	Amritsar	12-6-84
19	9, dated 30th October, 1984	Amritsar	30-10-84
20	2, dated 8th October, 1984	Faridkot	8-10-84
21	4, dated 22nd November, 1984	Patiala	22-11-84
22	2, dated 10th August, 1984	Ludhiana	10-8-84
23	1, dated 26th June, 1984	Sangrur	26-6-84
24	4, dated 21st November, 1984	Sangrur	21-11-84
25	3, dated 31st July, 1984	Ropar	31-7-84
26	1, dated 12th March,1985	Jalandhar	12-3-85
27	2, dated 14th May, 1985	Jalandhar	14-5-85
28	3, dated 28th May, 1985	Jalandhar	28-5-85
29	4, dated 28th August, 1985	Jalandhar	28-8-85
30	5, dated 6th September, 1985	Jalandhar	6-9-85
31	6, dated 9th December, 1985	Jalandhar	9-12-85
32	2, dated 2nd August, 1985	Kapurthala	2-8-85
33	1, dated 14th February, 1985	Hoshiarpur	14-2-85
34	3, dated 6th September, 1985	Hoshiarpur	6-9-85
35	4, dated 3rd October, 1985	Hoshiarpur	3-10-85
36	1st, dated 11th February, 1985	Amritsar	11-2-85
37	3, dated 2nd April, 1985	Amritsar	2-4-85
38	5, dated 19th June, 1985	Amritsar	19-6-85
39	6, dated 30th September, 1985	Amritsar	30-9-85
40	7, dated 10th October, 1985	Amritsar	10-10-85
41	3, dated the 15th July, 1985	Gurdaspur	15-7-85
42	4, dated the 17th July, 1985	Gurdaspur	17-7-85

Sr. No.	No. of PE. and date	District	Date since pending
1	2	3	4
43	5, dated the 25th July, 1985	Gurdaspur	25-7-85
44	6, dated the 12th September, 1985	Do	12-9-85
45	7, dated the 12th September, 1985	Do	12-9-85
46	8, dated the 27th September, 1985	Do	27-9-85
47	9, dated the 3rd September, 1985	Do	3-9-85
48	11, dated the 10th October, 1985	Do	10-10-85
49	12, dated the 5th December, 1985	Do	5-12-85
50	1, dated the 19th June, 1985	Ferozepur	19-6-85
51	3, dated the 27th September, 1985	Do	27-9-85
52	4, dated the 6th October, 1985	Do	6-10-85
53	5, dated the 26th November, 1985	Do	26-11-85
54	4, dated the 8th July, 1985	Faridkot	8-7-85
55	1, dated the 25th April, 1985	Bhatinda	25-4-85
56	4, dated the 22nd May, 1985	Do	22-5-85
57	6, dated the 24th July, 1985	Do	24-7-85
58	8, dated the 17th September, 1985	Do	17-9-85
59	10, dated the 8th October, 1985	Do	8-10-85
60	3, dated the 24th April, 1985	Patiala	24-4-85
61	4, dated the 8th May, 1985	Do	8-5-85
62	5, dated the 2nd July, 1985	Do	2-7-85
63	6, dated the 4th July, 1985	Do	4-7-85
64	9, dated the 30th July, 1985	Do	30-7-85
65	10, dated the 9th October, 1985	Do	9-10-85
66	11, dated the 30th October, 1985	Do	30-10-85
67	2, dated the 2nd February, 1985	Ludhiana	2-2-85
68	3, dated the 28th February, 1985	Do	28-2-85
69	7, dated the 27th June, 1985	Do	27-6-85
70	3, dated the 31st March, 1985	Ropar	31-3-85
71	6, dated the 8th August, 1985	Do	8-8-85
72	8, dated the 3rd April, 1985	Do	3-4-85
73	10, dated the 20th September, 1985	Do	20-9-85

[Chief Minister]

1	2	3	4
74	7, dated the 7th October, 1985	Chandigarh	7-10-85
75	3, dated the 7th May, 1986	Do	7-5-86
76	4, dated the 2nd July, 1986	Do	2-7-86
77	5, dated the 4th September, 1986	Do	4-9-86
78	6, dated the 13th October, 1986	Do	13-10-86
79	7, dated the 16th October, 1986	Do	16-10-86
80	8, dated the 15th December, 1986	Do	15-12-86
81	1, dated the 22nd January, 1986	Jalandhar	22-1-86
82	2, dated the 14th February, 1986	Do	14-2-86
83	3, dated the 4th March, 1986	Do	14-3-86
84	5, dated the 3rd November, 1986	Do	3-11-86
85	2, datd the 22nd May, 1986	Sangrur	22-5-86
86	3, dated the 5th June, 1986	Do	5-6-86
87	4, dated the 10th June, 1986	Do	10-6-86
88	5, dated the 15th July, 1986	Do	15-7-86
89	6, dated the 15th September, 1986	Do	15-9-86
90	7, dated the 11th November, 1986	Do	11-11-86
91	1, dated the 3rd March, 1986	Bhatinda	3-3-86
92	2, dated the 14th March, 1986	Do	14-3-86
93	3, dated the 12th May, 1986	Do	12-5-86
94	4, dated the 22nd July, 1986	Do	22-7-86
95	5, dated the 13th August, 1986	Do	13-8-86
96	6, dated the 13th November, 1986	Do	13-11-86
97	7, dated the 27th November, 1986	Do	27-11-86
98	1, dated the 3rd January, 1986	Ropar	3-1-86
99	2, dated the 3rd March, 1986	Do	3-3-86
100	3, dated the 3rd March, 1986	Do	3-3-86
101	4, dated the 9th April, 1986	Do	9-4-86
102	5, dated the 5th June, 1986	Do	5-6-86
103	1, dated the 17th March, 1986	Gurdaspur	17-3-86
104	2, dated the 3rd June, 1986	Do	3-6-86
105	3, dated the 1st August, 1986	Do	1-8-86
106	4, dated the 13th August, 1986	Do	13-8-86

Serial No.	No. of PE and date	District	Date since pending
107	1, dated the 21st January, 1986	Hoshiarpur	21-1-86
108	2, dated the 24th February, 1986	Do	24-2-86
109	3, dated the 10th June, 1986	Do	10-6-86
110	4, dated the 24th June, 1986	Do	24-6-86
111	5, dated the 30th June, 1986	Do	30-6-86
112	6, dated the 6th August, 1986	Do	6-8-86
113	7, dated the 6th October, 1986	Do	6-10-86
114	8, dated the 16th December, 1986	Do	16-12-86
115	1, dated the 23rd January, 1986	Ludhiana	23-1-86
116	2, dated the 13th March, 1986	Do	13-3-86
117	3, dated th 4th March, 1986	Do	4-3-86
118	4, dated the 6th June, 1986	Do	6-6-86
119	5, dated the 28th July, 1986	Do	28-7-86
120	6, dated the 14th November, 1986	Do	14-11-86
121	7, dated the 27th November, 1986	Do	27-11-86
122	1, dated the 15th December, 1986	Ferozepur	15-12-86
123	1, dated the 14th February, 1986	Amritsar	14-2-86
124	2, dated the 17th February, 1986	Do	17-2-86
125	5, dated the 24th April, 1986	Do	24-4-86
126	6, dated th 25th July, 1986	Do	25-7-86
127	7, dated the 11th September, 1986	Do	11-9-86
128	8, dated the 28th October, 1986	Do	28-10-86
129	1, dated the 10th January, 1986	Patiala	10-1-86
130	2, dated the 10th February, 1986	Do	10-2-86
131	3, dated the 18th February, 1986	Do	18-2-86
132	4, dated the 6th May, 1986	Do	6-5-86
133	5, dated the 13th November, 1986	Do	13-11-86
134	6, dated the 1st December, 1986	Do	1-12-86
135	1, dated the 8th January, 1986	Faridkot	8-1-86
136	2, dated the 1st April, 1986	Do	1-4-86
137	9, dated the 16th December, 1986	Amritsar	16-12-86
138	1, dated the 3rd February, 1987	Faridkot	3-2-87

[Chief Minister]

1	2	3	4
139	1, dated the 28th January, 1987	Gurdaspur	28-1-87
140	1, dated the 12th January, 1987	Patiala	12-1-87
141	2, dated the 21st January, 1987	Do	21-1-87
142	1. dated the 12th January, 1987	Sangrur	12-1-87
143	1, dated the 12th January, 1987	Amritsar	12-1-87
144	2, dated the 10th February, 1987	Amritsar	10-2-87

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਫਰਮਾਇਆ ਹੈ ਕਿ 1973 ਤੋਂ ਲੈ ਕੇ ਹੁਣ ਤਕ 600 ਕੇਸਿਜ਼ ਪਏ ਹਨ। ਕੀ ਇਹ ਦੱਸਣਗੇ ਕਿ ਇਹ ਐਨੀ ਦੇਰ ਦੇ ਕੇਸ ਕਿਉਂ ਪਏ ਹਨ ਔਰ ਇਸ ਵਿਚ ਕਿੰਨੇ ਗਜ਼ਟਿਡ ਔਰ ਕਿੰਨੇ ਨਾਨ-ਗਜ਼ਟਿਡ ਅਫ਼ਸਰ ਅਤੇ ਕਿੰਨੇ ਕਲਾਸ 3 ਅਤੇ ਕਿੰਨੇ ਕਲਾਸ 4 ਦੇ ਹਨ? ਦੂਸਰਾ, ਇਨ੍ਹਾਂ ਦੇ ਖਿਲਾਫ਼ ਕੁਰੱਪਸ਼ਨ ਦੇ ਕੇਸ ਹੀ ਹਨ ਜਾਂ ਦੂਸਰੇ ਵੀ ਹਨ?

ਮੁੱਖ ਮੰਤਰੀ: ਜਦੋਂ ਸਵਾਲ ਕਰਨ ਲਗੇ ਸੀ ਜੇ ਉਸ ਵੇਲੇ ਪੁੱਛ ਲੈਂਦੇ ਕਿ ਕਿਨੇ ਗਜ਼ਟਿਡ ਹਨ ਅਤੇ ਕਿੰਨੇ ਨਾਨ ਗਜ਼ਟਿਡ ਹਨ ਤਾਂ ਮੈਂ ਇਹ ਇਨਫਰਮੇਸ਼ਨ ਵੀ ਮੰਗਵਾ ਲੈਂਦਾ। ਹੁਣ ਇਹ ਇਨਫਰਮੇਸ਼ਨ ਤਾਂ ਨਹੀਂ ਦੇ ਸਕਦਾ, ਬਾਕੀ ਇਨਫਰਮੇਸ਼ਨ ਦੇ ਸਕਦਾ ਹਾਂ ਕਿ ਹੁਣ ਇਕ ਸਾਲ ਤੋਂ ਜਿਹੜੇ ਘੱਟਦੇ ਕੇਸ ਹਨ ਉਹ 212 ਹਨ, ਜਿਹੜੇ ਸਾਲ ਤੋਂ ਵੱਧ ਅਤੇ 2 ਸਾਲ ਦੇ ਹਨ ਉਹ 164 ਹਨ ਅਤੇ ਜਿਹੜੇ ਦੋ ਸਾਲ ਤੋਂ ਵੱਧ ਹਨ ਉਹ 78 ਹਨ। ਇਸ ਤਰ੍ਹਾਂ ਚਲਦਾ ਰਿਹਾ ਹੈ ਔਰ ਜਿਹੜੇ 10 ਸਾਲ ਦੇ ਕੇਸ ਹਨ ਉਹ ਤਿੰਨ ਕੇਸ ਹਨ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਮੈਂ ਇਹ ਜਾਣਨਾ ਚਾਹਵਾਂਗਾ ਕਿ ਜਿਹੜੇ 10 ਸਾਲ ਜਾਂ 8 ਸਾਲ ਤੋਂ ਕੇਸ ਪਏ ਹਨ ਉਨ੍ਹਾਂ ਦੀ ਕੀ ਵਜ੍ਹਾ ਹੋ ਸਕਦੀ ਹੈ। ਐਨੀ ਦੇਰ ਕਿਉਂ ਲਗਦੀ ਹੈ। ਲੇਟ ਇਨਕੁਆਇਰੀ ਦਾ ਕੀ ਫਾਇਦਾ ਹੈ, ਉਨ੍ਹਾਂ ਨੂੰ ਕੋਈ ਸਜ਼ਾ ਮਿਲੇਗੀ ਜਾਂ ਨਹੀਂ ਮਿਲੇਗੀ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਦੇ ਵਿਚ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਪਹਿਲੇ ਇਹ ਹੋ ਜਾਂਦਾ ਹੈ ਕਿ ਰਿਕਾਰਡ ਛੇਤੀ ਨਾਲ ਸਪਲਾਈ ਨਹੀਂ ਕੀਤਾ ਜਾਂਦਾ ਤਾਂ ਕਰਕੇ ਡੀਲੇਅ ਹੋ ਜਾਂਦੀ ਹੈ। ਔਰ ਫੇਰ ਜਿਸ ਦਾ ਕੇਸ ਹੁੰਦਾ ਹੈ ਉਹ ਕੋਅਪਰੇਟ ਨਹੀਂ ਕਰਦਾ, ਉਹ ਚਾਹੁੰਦਾ ਹੈ ਕਿ ਕੇਸ ਵਿਚ ਡੀਲੇਅ ਹੋਵੇ ਤਾਂ ਡੀਲੇਅ ਹੋ ਜਾਂਦੀ ਹੈ। ਕਈ ਵਾਰ ਐਕਸਪਰਟ ਤੋਂ ਓਪਨੀਅਨ ਲੈਣੀ ਹੁੰਦੀ ਹੈ ਅਤੇ ਇਨਕੁਆਇਰੀ ਹੋਣੀ ਹੁੰਦੀ ਹੈ ਜਿਸ ਕਰਕੇ ਡੀਲੇਅ ਹੋ ਜਾਂਦੀ ਹੈ ਅਤੇ ਕਈ ਵਾਰ ਜਿਹੜਾ ਅਫ਼ਸਰ ਇਨਕੁਆਇਰੀ ਕਰ ਰਿਹਾ ਹੁੰਦਾ ਹੈ ਉਸ ਦਾ ਤਬਾਦਲਾ ਹੋ ਜਾਂਦਾ ਹੈ। ਕਈ ਵਾਰ ਐਸਾ ਵੀ ਹੁੰਦਾ ਹੈ ਕਿ ਸਟਾਫ ਦੀ ਕਮੀ ਕਰਕੇ ਵੀ ਡੀਲੇਅ ਹੋ ਜਾਂਦੀ ਹੈ। ਇਨ੍ਹਾਂ ਕਾਰਨਾਂ ਕਰਕੇ ਕੇਸ ਲੰਬਿਤ ਹੋ ਜਾਂਦਾ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਇਹ ਕੁਰੱਪਸ਼ਨ ਦੇ ਕੇਸਿਜ਼ ਹਨ, ਇਸ ਦੇ ਫੈਸਲੇ ਜਲਦੀ ਹੋਣੇ ਚਾਹੀਦੇ ਹਨ। ਇਨ੍ਹਾਂ ਕੇਸਿਜ਼ ਵਿਚ ਡੀਲੇਅ ਕਿਉਂ ਹੁੰਦੀ ਹੈ?

ਮੁੱਖ ਮੰਤਰੀ: ਸਪੀਕਰ ਸਾਹਿਬ, ਫੈਸਲੇ ਹਰ ਸਾਲ ਹੁੰਦੇ ਹਨ, ਜਿਸ ਤਰ੍ਹਾਂ ਮੈਂ ਪਹਿਲੇ ਦਸਿਆ ਹੈ, ਇਸ ਸਾਲ 1986-87 ਦੇ ਕੇਸਿਜ਼ ਬਾਰੇ ਦੱਸਦਾ ਹਾਂ ਕਿ ਇਸ ਸਾਲ 238 ਕੇਸਿਜ਼ ਦੀ ਡਿਸਪੋਜ਼ਲ ਹੋਈ ਅਤੇ ਇਸੇ ਤਰ੍ਹਾਂ ਪਿਛਲੇ ਸਾਲ 1985-86 ਵਿਚ 215 ਕੇਸਿਜ਼ ਦੀ ਡਿਸਪੋਜ਼ਲ ਹੋਈ ਪਰ ਇਸ ਦੇ ਨਾਲ ਹੋਰ ਕੇਸਿਜ਼ ਵੀ ਐਡ ਹੋ ਜਾਂਦੇ ਹਨ।

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਇਨ੍ਹਾਂ ਨੇ ਦਸਿਆ ਹੈ ਕਿ 3 ਕੇਸਿਜ਼ ਪਿਛਲੇ 10 ਸਾਲਾਂ ਤੋਂ ਚਲ ਰਹੇ ਹਨ। ਕੀ ਇਨ੍ਹਾਂ ਕੇਸਿਜ਼ ਦੀ ਨੇਚਰ ਅਤੇ ਡੀਟਲੇਜ਼ ਹਾਊਸ ਵਿਚ ਦੱਸ ਸਕਦੇ ਹਨ ਤਾਂ ਕਿ ਪਤਾ ਲਗ ਸਕੇ ਕਿ ਇਨ੍ਹਾਂ ਕੇਸਿਜ਼ ਵਿਚ 10 ਸਾਲ ਕਿਉਂ ਲਗ ਗਏ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਵੱਖਰਾ ਨੋਟਿਸ ਦੇ ਦੇਣ, ਮੈਂ ਸਾਰਾ ਦਸ ਦੇਵਾਂਗਾ।

Canalisation of abandoned creek

***772. Sardar Dilbagh Singh :** Will the Chief Minister be pleased to state—

(a) whether there is any proposal under the consideration of the Government to canalise the abandoned creek of Sutlej River in the Bet Area on the lower side of Rahon in District Jalandhar ;

(b) if the reply to part (a) above be in the affirmative, the time by which the said creek is likely to be canalised ?

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਸਿੰਜਾਈ ਅਤੇ ਮਕਾਨ ਉਸਾਰੀ) : (ੳ) ਹਾਂ ਜੀ।

(ਅ) ਕੋਈ ਨਿਸ਼ਚਿਤ ਸਮਾਂ ਨਹੀਂ ਦਸਿਆ ਜਾ ਸਕਦਾ ਕਿਉਂਕਿ ਤਜਵੀਜ਼ ਇਸ ਵੇਲੇ ਮੁੱਢਲੀ ਅਵਸਥਾ ਵਿਚ ਹੈ ਅਤੇ ਰਾਜ ਹੜ੍ਹ ਰੋਕੂ ਬੋਰਡ ਸਾਹਮਣੇ ਪੇਸ਼ ਕੀਤੀ ਜਾਣੀ ਹੈ। ਜੇਕਰ ਪਰਵਾਨ ਹੋ ਗਈ ਤਾਂ ਇਹ ਫੰਡਾਂ ਦੀ ਉਪਲਬਧਤਾ ਨੂੰ ਮੁੱਖ ਰਖਦੇ ਹੋਏ ਲਾਗੂ ਕੀਤੀ ਜਾਵੇਗੀ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਸੀ ਕਿ ਅਸੀਂ ਇਸ ਦੀ ਇਨਵੈਸਟੀਗੇਸ਼ਨ ਕਰਵਾਉਣੀ ਹੈ ਅਤੇ ਫੰਡਜ਼ ਵੀ ਵੇਖਣੇ ਹਨ ਆਇਆ ਇਹ ਅਵੇਲੇਬਲ ਹਨ ਜਾਂ ਨਹੀਂ, ਇਹ ਟੈਕਨੀਕਲੀ ਠੀਕ ਹੈ ਜਾਂ ਨਹੀਂ ਜਾਂ ਇਹ ਸੂਟੇਬਲ ਹੈ ਜਾਂ ਨਹੀਂ ਇਹ ਸਾਰਾ ਕੁਝ ਹੋਣ ਤੋਂ ਬਾਦ ਅਸੀਂ ਸ਼ੁਰੂ ਕਰਾਂਗੇ। ਦੂਸਰੇ ਪਾਸੇ ਅਸੀਂ ਇਹ ਦੇਖਣਾ ਹੈ ਕਿ 8 ਅਕਤੂਬਰ, 1984 ਨੂੰ ਇਸ ਦਾ ਸਰਵੇ ਹੋਇਆ ਸੀ ਇਸ ਦੇ ਬਾਰੇ ਰਿਕਾਰਡ ਵਿੱਚ ਹੈ ਔਰ ਇਸ ਦਾ 11 ਲੱਖ 37 ਹਜ਼ਾਰ ਰੁਪਿਆਂ ਐਸਟੀਮੇਟ ਬਣਾਇਆ ਗਿਆ। ਫੇਰ ਦੁਬਾਰਾ ਇਹ ਕੇਸ ਐਡਵਾਇਜ਼ਰੀ ਕੌਂਸਿਲ ਵਿਚ ਪੇਸ਼ ਹੋਇਆ ਅਤੇ ਉਸ ਨੇ ਕਿਹਾ ਕਿ ਇਹ ਰੁਪਿਆ ਬਹੁਤ ਥੋੜ੍ਹਾ ਹੈ, 5,500 ਏਕੜ ਜ਼ਮੀਨ ਨੂੰ ਚੈਨੇਲਾਈਜ਼ ਕਰਨਾ ਹੈ। ਇਹ ਫੈਸਲਾ 11 ਦਸੰਬਰ, 1984 ਨੂੰ ਹੋਇਆ ਸੀ। ਫੇਰ ਅੱਗੇ ਜਾ ਕੇ ਇਹ 4 ਮਾਰਚ, 1987 ਨੂੰ ਕੁਐਸਚਨ ਕੀਤਾ ਗਿਆ ਔਰ ਇਸ ਦਾ ਜਵਾਬ ਆ ਗਿਆ। ਪਰ ਹੁਣ ਇਹ ਕਹਿੰਦੇ ਹਨ ਕਿ ਨਵੇਂ ਸਿਰੇ ਤੋਂ ਅਸੀਂ ਸਰਵੇ ਕਰਵਾਵਾਂਗੇ। ਸਾਰੀਆਂ ਸਟੇਜਾਂ ਤੋਂ ਨਿਕਲਣ ਤੋਂ ਬਾਦ ਫੇਰ ਇਹ ਅਲਫ ਬੇ ਪੇ ਤੋਂ ਸ਼ੁਰੂ ਕਰਨ ਲਗੇ ਹਨ?

ਰਾਜ ਮੰਤਰੀ, ਸਿੰਜਾਈ ਅਤੇ ਮਕਾਨ ਉਸਾਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਕਿਹਾ ਹੈ ਪਰ ਪੈਸੇ ਮਿਲਣਗੇ ਤਾਂ ਪੂਰਾ ਕੀਤਾ ਜਾਵੇਗਾ। 4 ਮਾਰਚ, 1987 ਨੂੰ ਇਸ ਨੂੰ ਟੈਕਨੀਕਲ ਕਮੇਟੀ ਨੇ ਪਾਸ ਕਰ ਦਿੱਤਾ ਹੈ ਔਰ ਇਸ ਦਾ ਮੌਜੂਦਾ ਐਸਟੀਮੇਟ 23 ਲੱਖ 29 ਹਜ਼ਾਰ ਰੁਪਏ ਦਾ ਹੈ। ਇਹ ਪਾਸ ਹੋਣ ਵਾਸਤੇ ਕੰਟਰੋਲ ਬੋਰਡ ਕੋਲ ਜਾਵੇਗਾ ਅਤੇ ਫੰਡਜ਼ ਮਿਲਣ ਤੋਂ ਬਾਅਦ ਹੀ ਬਣਾ ਸਕਾਂਗੇ। ਇਹ ਕਲੀਅਰ ਹੈ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਬਰਨਾਲਾ ਸਾਹਿਬ ਕਹਿੰਦੇ ਹਨ ਕਿ ਅਸੀਂ ਪਹਿਲੇ ਇਨਵੈਸਟੀਗੇਸ਼ਨ ਕਰਵਾਂਗੇ ਫੇਰ ਇਸ ਨੂੰ ਦੇਖਾਂਗੇ ਕਿ ਕਿੰਨੇ ਫੰਡਜ਼ ਚਾਹੀਦੇ ਹਨ, ਆਇਆ ਇਹ ਟੈਕਨੀਕਲੀ ਠੀਕ ਵੀ ਹੈ ਜਾਂ ਨਹੀਂ ਜੇਕਰ ਫੇਰ ਜ਼ਰੂਰਤ ਹੋਈ ਤਾਂ ਬਣਾ ਦੇਵਾਂਗੇ। ਤੁਸੀਂ ਹੀ ਦੱਸੋ, ਮੈਨੂੰ ਨਹੀਂ ਸਮਝ ਲਗੀ, ਜਾਂ ਫੇਰ ਮਿਨਿਸਟਰ ਨੂੰ ਸਮਝ ਨਹੀਂ ਲਗ ਰਹੀ।

ਰਾਜ ਮੰਤਰੀ: ਸਪੀਕਰ ਸਾਹਿਬ, ਜਵਾਬ ਬੜਾ ਕਲੀਅਰ ਸੀ ਕਿ ਫਲੱਡਜ਼ ਕੰਟਰੋਲ ਬੋਰਡ ਕੋਲ ਇਹ ਜਾਣਾ ਹੈ, ਉਸ ਤੋਂ ਬਾਦ ਪਾਸ ਹੋਵੇਗਾ ਅਤੇ ਫੇਰ ਬਣਾਉਣਾ ਹੈ। ਟੈਕਨੀਕਲ ਕਮੇਟੀ ਨੇ ਇਸ ਨੂੰ 4 ਮਾਰਚ, 1987 ਨੂੰ ਪਾਸ ਕਰ ਦਿੱਤਾ ਸੀ।

ਸ੍ਰੀ ਸਪੀਕਰ: ਸਰਦਾਰ ਦਿਲਬਾਗ ਸਿੰਘ ਜੀ, ਕੀ ਤੁਸੀਂ ਹੋਰ ਕੁਐਸਚਨ ਕਰਨਾ ਹੈ?

ਸਰਦਾਰ ਦਿਲਬਾਗ ਸਿੰਘ : ਹਾਂ ਜੀ, ਸਰ। ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਹੁਣ ਕਿਹਾ ਹੈ ਕਿ ਇਸ ਨੂੰ ਟੈਕਨੀਕਲ ਕਮੇਟੀ ਨੇ 4 ਮਾਰਚ, 1987 ਨੂੰ ਪਾਸ ਕਰ ਦਿੱਤਾ ਹੈ। ਇਹ ਮੇਰੀ ਗੱਲ ਮੰਨ ਲੈਣ ਤੇ ਕਹਿ ਦੇਣ ਕਿ ਇਸ ਨੂੰ ਬਣਾ ਦੇਵਾਂਗੇ, ਮੈਂ ਬੈਠ ਜਾਂਦਾ ਹਾਂ।

ਰਾਜ ਮੰਤਰੀ: ਸਪੀਕਰ ਸਾਹਿਬ, ਫਲੱਡਜ਼ ਕੰਟਰੋਲ ਬੋਰਡ ਤੋਂ ਬਾਅਦ ਪੈਸੇ ਆਉਣੇ ਹਨ ਅਤੇ ਪੈਸੇ ਆਉਣ ਤੋਂ ਬਾਅਦ ਹੀ ਬਣ ਸਕਦਾ ਹੈ।

Work charged employees in Public Health Department

*809. **Shri Brij Bhushan Mehra :** Will the Minister of State for Public Health be pleased to state—

(a) the number of work charged employees working in the Public Health Department as on 31st December, 1986 ;

(b) the time by which the services of the said employees are likely to be regularised ?

ਸਰਦਾਰ ਸ਼ਸ਼ਪਾਲ ਸਿੰਘ : (ੳ) ਅਤੇ (ਅ) ਮਿਤੀ 31-12-1986 ਤੱਕ ਅਜਿਹੇ 6288 ਕਰਮਚਾਰੀ ਸਨ ਅਤੇ ਇਨ੍ਹਾਂ ਵਿਚੋਂ 3539 ਵਰਕਚਾਰਜ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰ ਦਿੱਤੀਆਂ ਗਈਆਂ ਹਨ। ਬਾਕੀ ਰਹਿੰਦੇ ਕਰਮਚਾਰੀਆਂ ਦੇ ਕੇਸ ਵਿਚਾਰ ਅਧੀਨ ਹਨ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 6288 ਕਰਮਚਾਰੀ ਹਨ ਔਰ ਜਿਨ੍ਹਾਂ ਵਿਚੋਂ 3539 ਵਰਕਚਾਰਜ ਕਰਮਚਾਰੀ ਰੈਗੂਲਰ ਕਰ ਦਿੱਤੇ ਗਏ ਹਨ ਬਾਕੀ 2749 ਮੁਲਾਜ਼ਮ ਰਹਿ ਗਏ ਹਨ। ਜਿਨ੍ਹਾਂ ਦੀ ਤਿੰਨ ਤਿੰਨ ਸਾਲ ਦੀ ਸਰਵਿਸ ਹੋ ਚੁੱਕੀ ਹੈ, ਜਿਨਾਂ ਕਰਮਚਾਰੀਆਂ ਦੇ ਕੇਸ ਡਿਊ ਹਨ, ਉਨ੍ਹਾਂ ਨੂੰ ਰੈਗੂਲਰ ਕਿਉਂ ਨਹੀਂ ਕੀਤਾ ਗਿਆ, ਇਹ ਕਿਸ ਦੀ ਜ਼ਿੰਮੇਵਾਰੀ ਹੈ? ਕੀ ਮੰਤਰੀ ਜੀ ਦੱਸਣਗੇ ਕਿ ਉਹ ਹੁਣ ਤਕ ਕਿਉਂ ਨਹੀਂ ਰੈਗੂਲਰ ਕੀਤੇ ਗਏ? ਕੀ ਮੰਤਰੀ ਜੀ ਗਲਤੀ ਕਰਨ ਵਾਲਿਆਂ ਤੇ ਐਕਸ਼ਨ ਲੈਣਗੇ ?

ਰਾਜ ਮੰਤਰੀ, : ਸਪੀਕਰ ਸਾਹਿਬ, ਕਾਫੀ ਦੇਰ ਪਹਿਲਾਂ ਇਨ੍ਹਾਂ ਦੀ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਸਰਕਾਰ ਵੇਲੇ ਫੈਸਲਾ ਹੋਇਆ ਸੀ ਕਿ ਪੰਜ ਸਾਲ ਦੀ ਜਿਨ੍ਹਾਂ ਦੀ ਵਰਕਚਾਰਜ ਦੀ ਸਰਵਿਸ ਹੋ ਗਈ ਹੈ ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਜਾਵੇਗਾ ? ਰੈਗੂਲਰ ਪੋਸਟਾਂ ਤੇ ਕੋਈ ਡਿਫੀਕਲਟੀ ਨਹੀਂ ਸੀ। ਸਪੀਕਰ ਸਾਹਿਬ, ਥੀਨ ਡੈਮ ਵਗੈਰਾ ਤੇ ਡਿਫੀਕਲਟੀ ਆਉਂਦੀ ਹੈ, ਜਦੋਂ ਕੋਈ ਇਕ ਪ੍ਰਾਜੈਕਟ ਕੰਪਲੀਟ ਹੋ ਜਾਂਦਾ ਹੈ ਤਾਂ ਫਿਰ ਇਮਪਲਾਈਜ਼ ਦਾ ਕਿਸ ਤਰ੍ਹਾਂ ਕਰਨਾ ਹੈ। ਉਸ ਬਾਰੇ ਡਿਫ਼ੀਕਲਟੀ ਆਉਂਦੀ ਹੈ। ਇਹੋ ਜਿਹੀਆਂ ਡਿਫੀਕਲਟੀਜ਼ ਨੂੰ ਪਰੋਸੈਸ ਕਰਕੇ ਫਾਈਨਲ ਡਿਸੀਜ਼ਨ ਲਈ, ਕੇਸ ਭੇਜਿਆ ਹੋਇਆ ਹੈ। ਜਦੋਂ ਕੇਸ ਦਾ ਫੈਸਲਾ ਹੋਵੇਗਾ ਤਾਂ ਦੱਸ ਦਿਤਾ ਜਾਵੇਗਾ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਕੇਸ ਕੌਂਸਲ ਆਫ ਮਨਿਸਟਰਜ਼ ਨੂੰ ਭੇਜ ਦਿੱਤਾ ਗਿਆ ਹੈ ਔਰ ਕੀ ਇਸ ਕੇਸ ਦਾ ਫ਼ੈਸਲਾ ਤਿੰਨ ਮਹੀਨੇ ਦੇ ਅੰਦਰ ਅੰਦਰ ਫ਼ਾਈਨਲ ਹੋ ਜਾਵੇਗਾ ਤਾਂ ਕਿ ਉਹ ਕਰਮਚਾਰੀ ਰੈਗੂਲਰ ਹੋ ਸਕਣ?

ਰਾਜ ਮੰਤਰੀ: ਸਪੀਕਰ ਸਾਹਿਬ, ਮੇਰੀ ਕੋਸ਼ਿਸ਼ ਹੈ ਕਿ ਇਹ ਕੇਸ ਜਲਦੀ ਹੋ ਜਾਵੇ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਤਨੇ ਲੰਮੇ ਅਰਸੇ ਤੋਂ ਵਰਕਚਾਰਜ ਮੁਲਾਜ਼ਮ ਵਿਹਲੇ ਫਿਰਦੇ ਰਹਿੰਦੇ ਹਨ। ਪੰਜਾਬ ਸਰਕਾਰ ਟਾਈਮ ਟੂ ਟਾਈਮ ਪੋਸਟਾਂ ਨੂੰ ਰੈਗੂਰੇਲਾਈਜ਼ ਕਿਉਂ ਨਹੀਂ ਕਰਾਉਂਦੀ? ਉਨ੍ਹਾਂ ਸਾਰੀਆਂ ਪੋਸਟਾਂ ਦੀ ਸੈਂਕਸ਼ਨ ਟਾਇਮ ਟੂ ਟਾਈਮ ਕਿਉਂ ਨਹੀਂ ਦਿਤੀ ਜਾਂਦੀ ? ਇਕ ਬਕਾਇਦਾ ਸੈਟ ਬਣ ਜਾਏ ਜਿਸ ਨਾਲ ਮੁਲਾਜ਼ਮ ਰੈਗੂਲਰ ਹੋ ਜਾਣ। (ਵਿਘਨ)

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਸ਼ੀ ਕਿ ਜਿਹੜੀਆਂ ਪੋਸਟਾਂ ਰੈਗੂਲਰ ਹਨ, ਉਨ੍ਹਾਂ ਵਿਚ ਤਾਂ ਕੋਈ ਡਿਫੀਕਲਟੀ ਨਹੀਂ ਹੈ। ਪਰ ਜਿਥੇ ਪ੍ਰਾਜੈਕਟ ਦੋ ਸਾਲ ਵਿਚ ਕੰਪਲੀਟ ਹੋ ਜਾਂਦਾ ਹੈ ਉਥੇ ਇਮਪਲਾਈਜ਼ ਨੌਕਰੀ ਤੋਂ ਵਾਂਝੇ ਰਹਿ ਜਾਂਦੇ ਹਨ, ਉਨ੍ਹਾਂ ਕੇਸਾਂ ਬਾਰੇ ਗੌਰਮਿੰਟ ਕੀ ਪਾਲਿਸੀ ਅਖਤਿਆਰ ਕਰਦੀ ਹੈ, ਇਸ ਬਾਰੇ ਡਿਫੀਕਲਟੀਜ਼ ਹਨ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਐਸ਼ੋਰੈਂਸ ਲੈਣਾ ਚਾਹੁੰਦਾ ਹਾਂ ਕਿ ਜਿਹੜੇ ਵਰਕ ਚਾਰਜ ਕਰਮਚਾਰੀ ਇਕ ਸਾਲ ਤੋਂ ਉਪਰ ਸਰਵਿਸ ਕਰ ਚੁੱਕੇ ਹਨ ਤਾਂ ਕੀ ਉਨ੍ਹਾਂ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇਗਾ ?

Minister of State: Sir, the whole case is before the Council of Ministers. As and when the case is decided, I shall bring it to his notice.

Stand posts under Water Supply Scheme

*676. **Shri Ram Kishan Kataria** : Will the Minister of State for Public Health be pleased to state whether it is a fact that the number of stand posts provided in the villages in Balachaur Sub-Division under the Water Supply Scheme is less than the requirement of the Public, if so, whether the Government proposes to provide additional stand posts in the said villages ?

ਸਰਦਾਰ ਸ਼ਸ਼ਪਾਲ ਸਿੰਘ : ਬਲਾਚੌਰ ਸਬ ਡਵੀਜ਼ਨ ਦੇ 194 ਪਿੰਡਾਂ ਵਿਚੋਂ ਮਿਤੀ 1-4-80 ਤੱਕ 98 ਪਿੰਡ ਔੜ ਵਾਲੇ ਪਿੰਡ ਮੰਨੇ ਗਏ ਸਨ। ਇਨ੍ਹਾਂ ਵਿਚੋਂ 93 ਪਿੰਡਾਂ ਵਿਚ ਵਾਟਰ ਸਪਲਾਈ ਚਾਲੂ ਹੋ ਚੁੱਕੀ ਹੈ ਅਤੇ 12 ਵਾਟਰ ਸਪਲਾਈ ਸਕੀਮਾਂ ਹੇਠ 552 ਸਟੈਂਡ

[ਰਾਜ ਮੰਤਰੀ ਜਨ ਸਿਹਤ]

ਪੋਸਟਾਂ (ਟੂਟੀਆਂ) ਲੱਗ ਚੁਕੀਆਂ ਹਨ । 2 ਹੋਰ ਵਾਟਰ ਸਪਲਾਈ ਸਕੀਮਾਂ, ਜਿਨ੍ਹਾਂ ਨਾਲ ਬਾਕੀ 5 ਪਿੰਡ ਕਵਰ ਹੋਣਗੇ, ਪ੍ਰਗਤੀ ਅਧੀਨ ਹਨ । ਪਹਿਲਾਂ ਕਵਰ ਹੋਏ ਪਿੰਡਾਂ ਵਿਚ ਕੋਈ ਵਾਧੂ ਸਟੈਂਡ ਪੋਸਟਾਂ ਲਗਾਉਣ ਦੀ ਕੋਈ ਤਜ਼ਵੀਜ਼ ਨਹੀਂ ਹੈ ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪਲੀਮੈਂਟਰੀ, ਸਰ । ਸਪੀਕਰ ਸਾਹਿਬ, ਮਾਨਯੋਗ ਮੁੱਖ-ਮੰਤਰੀ ਜੀ ਨੇ ਪਿਛਲੇ ਸਾਲ ਹੀ ਇਹ ਪਤਾ ਲਗਣ ਤੋਂ ਬਾਅਦ ਕਿ ਇਹ ਪਾਣੀ ਪਸ਼ੂ ਵੀ ਪੀਂਦੇ ਹਨ ਅਤੇ ਇਸੇ ਤੇ ਉਹ ਵੀ ਨਿਰਭਰ ਕਰਦੇ ਹਨ, ਇਕੱਲੇ ਇਨਸਾਨ ਹੀ ਨਹੀਂ ਪੀਂਦੇ, 10 ਗੈਲਨ ਤੋਂ 15 ਗੈਲਨ ਪ੍ਰਤੀ ਵਿਅਕਤੀ ਪਾਣੀ ਵਧਾ ਦਿੱਤਾ ਸੀ । ਇਸੇ ਹਿਸਾਬ ਨਾਲ ਸਟੈਂਡ ਪੋਸਟ ਵੀ ਡਿਉਢੇ ਹੋ ਜਾਣੇ ਚਾਹੀਦੇ ਹਨ। ਜੋ ਹੁਣ ਵਿੱਤ ਮੰਤਰੀ ਜੀ ਨੇ ਪਿਛਲਾ ਡਿਸੀਜ਼ਨ ਬਦਲਣ ਦੀ ਗੱਲ ਕੀਤੀ ਹੈ, ਕੀ ਉਸ ਨੂੰ ਜਲਦੀ ਤੋਂ ਜਲਦੀ ਲਾਗੂ ਕਰ ਦੇਣਗੇ, ਇਸੇ ਗਰਮੀਆਂ ਵਿੱਚ ਲਾਗੂ ਕਰ ਦੇਣਗੇ?

Minister of State : Mr. Speaker, I appreciate the hurry of a Member but hurry takes time. ਇਹ ਕਾਫ਼ੀ ਮੁਸ਼ਕਲ ਕੰਮ ਹੈ, ਏਨੀ ਜਲਦੀ ਨਹੀਂ ਹੋ ਸਕਦਾ । ਇਸ ਦੇ ਲਈ ਸੈਂਟਰ ਗੌਰਮਿੰਟ ਵੀ ਕਮਿਟਿਡ ਹੈ ਅਤੇ ਅਸੀਂ ਵੀ ਕਮਿਟਿਡ ਹਾਂ ਕਿ ਅਗਲੇ 4-5 ਸਾਲਾਂ ਵਿੱਚ ਹਿੰਦੁਸਤਾਨ ਦੇ ਸਾਰੇ ਵਿਲੇਜਿਜ਼ ਨੂੰ ਪਾਣੀ ਦੇਣ ਦਾ ਕੰਮ ਮੁਕੰਮਲ ਹੋ ਜਾਵੇਗਾ ।

ਸ਼੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਤਾਂ ਪਾਣੀ ਦੀਆਂ ਟੂਟੀਆਂ ਬਾਰੇ ਗੱਲ ਕੀਤੀ ਹੈ। ਇਸ ਦੇ ਲਈ ਫਾਈਵ ਈਅਰ ਪਲਾਨ ਦੱਸਣ ਦੀ ਲੋੜ ਨਹੀਂ ਹੈ। ਇਹ ਤਾਂ 2-2, 4-4 ਨਲਕੇ ਵਧਾਉਣ ਦੀ ਗੱਲ ਸੀ, ਦੂਜੀ ਗੱਲ, ਪ੍ਰਾਈਵੇਟ ਕੁਨੈਕਸ਼ਨਜ਼ ਦੇਣ ਵਾਸਤੇ 30 ਰੁਪਏ ਮਹੀਨਾ ਰਖਿਆ ਹੈ, ਇਹ ਬਹੁਤ ਜ਼ਿਆਦਾ ਹੈ। ਹਿਮਾਚਲ ਵਿਚ ਨਾਲ ਲਗਦੇ ਪਿੰਡਾਂ ਵਿੱਚ 11 ਰੁਪਏ ਲਏ ਜਾਂਦੇ ਹਨ। ਕੀ ਇਹ ਰਕਮ ਘਟਾ ਕੇ 10 ਰੁਪਏ ਕਰ ਦਿੱਤੀ ਜਾਵੇਗੀ? ਕੀ ਐਸਾ ਕੁਝ ਕਰਨ ਦਾ ਇਹ ਉਪਰਾਲਾ ਕਰਨਗੇ?

ਰਾਜ ਮੰਤਰੀ: ਇਹ ਜੀ 93 ਪਿੰਡਾਂ ਵਿੱਚ ਪਾਣੀ ਚਲਾ ਗਿਆ ਸੀ। ਉਨ੍ਹਾਂ ਦੀ ਆਬਾਦੀ ਦਾ ਖਿਆਲ ਵੀ ਰਖਿਆ ਹੈ। 552 ਸਟੈਂਡ ਪੋਸਟ, ਪਾਣੀ ਦੀਆਂ ਟੂਟੀਆਂ ਲਗਾ ਦਿੱਤੀਆਂ ਗਈਆਂ ਸਨ। ਸੈਂਟਰਲ ਗੌਰਮਿੰਟ ਨੇ ਇਸ ਦੇ ਲਈ ਜੋ ਨਾਰਮਜ਼ ਮੁਕੱਰਰ ਕੀਤੇ ਹਨ, ਉਹ 200 ਤੋਂ 300 ਤੱਕ ਦੀ ਆਬਾਦੀ ਤੇ ਇਕ ਟੂਟੀ ਦੇਣੀ ਹੈ। ਅਸੀਂ ਇਸ ਨੂੰ ਲੋਐਸਟ ਕਰਕੇ 200 ਤੱਕ ਰਖਿਆ ਹੈ। 200 ਦੇ ਹਿਸਾਬ ਨਾਲ ਇਨ੍ਹਾਂ ਦੇ ਇਲਾਕੇ ਵਿੱਚ 552 ਟੂਟੀਆਂ ਦੇ ਦਿੱਤੀਆਂ ਗਈਆਂ ਹਨ । 35 ਟੂਟੀਆਂ ਉਨ੍ਹਾਂ ਪਿੰਡਾਂ ਵਿੱਚ ਸਨ, ਜਿਥੇ ਪਾਣੀ ਘੱਟ ਹੋ ਗਿਆ ਸੀ। ਇਸ ਘਟ ਪਾਣੀ ਨੂੰ ਠੀਕ ਕਰਨ ਵਾਸਤੇ, ਸਪਲਾਈ ਨੂੰ ਆਗਮੈਂਟ ਕਰਨ ਵਾਸਤੇ ਸਾਲ ਡੇਢ ਸਾਲ ਅੰਦਰ ਇਸ ਪ੍ਰਾਜੈਕਟ ਨੂੰ ਕੰਪਲੀਟ ਕਰਕੇ ਪਾਣੀ ਦੀ ਸਪਲਾਈ ਨੂੰ ਠੀਕ ਕਰ ਦਿੱਤਾ ਜਾਵੇਗਾ ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਇਨ੍ਹਾਂ ਨੇ ਦੱਸਿਆ ਹੈ ਕਿ ਕੰਡੀ ਏਰੀਆ ਵਿੱਚ ਜਿਥੇ ਵਾਟਰ ਸਪਲਾਈ ਸਕੀਮਾਂ ਚਲਦੀਆਂ ਹਨ, ਉਥੇ ਅਸੀਂ ਇਹ ਕਰਾਈਟੇਰੀਆ ਬਣਾਇਆ ਹੈ ਕਿ 200 ਦੀ ਆਬਾਦੀ ਜਿਥੇ ਹੋਵੇ, 200 ਜਨ ਸ਼ਕਤੀ ਜਿਥੇ ਹੋਵੇ, ਉਥੇ ਟੂਟੀ ਦਿੱਤੀ ਹੈ। ਕੀ ਇਹ ਦੱਸਣਗੇ ਕਿ ਜਿਨ੍ਹਾਂ ਪਿੰਡਾਂ ਵਿਚ ਆਬਾਦੀ 200 ਤੋਂ ਉਤੇ ਹੈ, ਕੀ ਉਥੇ ਟੂਟੀ ਦੇਣਗੇ?

ਰਾਜ ਮੰਤਰੀ: ਮੈਂ ਮਾਨਯੋਗ ਮੈਂਬਰ ਦੀ ਤਵੱਜੋ ਦਿਵਾਉਣਾ ਚਾਹੁੰਦਾ ਹਾਂ ਜਿਹੜੀ ਡਾਇਰੈਕਸ਼ਨ ਮਨਿਸਟਰੀ ਆਫ ਵਰਕਸ ਐਂਡ ਹਾਊਸਿੰਗ ਨੇ ਆਪਣੀ ਕਿਤਾਬ ਵਿੱਚ ਦਿੱਤੀ ਹੈ ਕੇ 200 ਤੋਂ 300 ਦੀ ਜਿਥੇ ਆਬਾਦੀ ਹੈ, ਉਨ੍ਹਾਂ ਪਿੰਡਾਂ ਵਾਸਤੇ ਇਕ ਸਟੈਂਡ ਪੋਸਟ ਲਗਾ ਦਿੱਤੀ ਜਾਵੇ। ਇਹ ਉਨ੍ਹਾਂ ਦਾ ਫੈਸਲਾ ਹੈ। ਅਸੀਂ ਇਹ 200 ਤੱਕ ਦੀ ਆਬਾਦੀ ਤੱਕ ਰਖਿਆ ਹੈ। ਉਨ੍ਹਾਂ ਨੇ 300 ਤੱਕ ਦੀ ਵੀ ਇਜ਼ਾਜ਼ਤ ਦੇ ਦਿੱਤੀ ਸੀ। ਪਰ ਅਸੀਂ ਪਾਬੰਦ ਹਾਂ ਕਿ 200 ਦੀ ਆਬਾਦੀ ਪਿਛੇ ਇਕ ਟੂਟੀ ਜ਼ਰੂਰ ਲਗੇ।

ਮਾਸਟਰ ਮੋਹਨ ਲਾਲ: ਕਟਾਰੀਆ ਸਾਹਿਬ ਨੇ ਸਪੈਸੇਫਿਕ ਕੁਐਸਚਨ ਕੀਤਾ ਸੀ। ਸੈਮੀ ਹਿੱਲੀ ਏਰੀਆ ਵਿਚ ਵਾਟਰ ਰੇਟ 10 ਰੁਪਏ ਤੋਂ ਵਧਾ ਕੇ 20 ਰੁਪਏ ਕਰ ਦਿੱਤਾ ਹੈ ਜਦ ਕਿ ਪਾਣੀ ਨਲਕਿਆਂ ਵਿਚ ਆਉਂਦਾ ਨਹੀਂ ਹੈ। ਕੀ ਇਹ ਰੇਟ ਨੂੰ ਮੁੜ ਕੇ 20 ਰੁਪਏ ਤੋਂ 10 ਰੁਪਏ ਕਰ ਦੇਣਗੇ ?

ਰਾਜ ਮੰਤਰੀ: ਇਸ ਦੇ ਲਈ ਨੋਟਿਸ ਦੇ ਦੇਣ।

Air linking of Jalandhar City

***796. Vaid Om Parkash Datta :** Will the Minister of State for Transport be pleased to state whether there is any propcsal under the consideration of the Government to develop the runway cf the Jalandhar Flying Club and to providc other Airport facilities there so that Jalandhar could be linked by air with other cities in the country ; if so, the details thereof ?

Sardar Surjit Singh Barnala (Chief Minister) : Yes Sir. Jalandhar airfield is located in the cantonment area and the matter has been taken up with the military authorities.

ਵੈਦ ਓਮ ਪ੍ਰਕਾਸ਼ ਦੱਤਾ: ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਜਲੰਧਰ ਨੂੰ, ਹੁਸ਼ਿਆਰਪੁਰ ਏਰੀਆ ਨੂੰ ਏਅਰ ਪੋਰਟ ਦੇ ਕੇ ਇੱਕ ਮਹਾਨ ਕੰਮ ਕੀਤਾ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਇੱਕ ਮਹਾਨ ਆਰਚੀਟੈਕਟ ਦੇ ਰੂਪ ਵਿਚ ਉਨ੍ਹਾਂ ਨੇ ਇਹ ਕੰਮ ਕੀਤਾ ਹੈ। ਮਿਲਿਟਰੀ ਹੈਡਕੁਆਰਟਰਜ਼ ਤੇ, ਇੱਕ ਮਿਲਿਟਰੀ ਹਸਪਤਾਲ ਹੈ, ਬਹੁਤ ਬੜਾ ਹੈ, ਕੋਚ ਫੈਕਟਰੀ ਬਣੀ ਹੈ, ਸਾਰੀ ਇੰਡਸਟਰੀ ਉਥੇ ਹੈ ਔਰ ਹੁਣ ਇਹ ਏਅਰ ਪੋਰਟ ਉਥੇ ਦੇ ਕੇ ਬਹੁਤ ਅੱਛਾ ਕੰਮ ਕੀਤਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਮਿਲਿਟਰੀ ਅਥਾਰਿਟੀਜ਼ ਨਾਲ ਗਲ ਬਾਤ ਕਰਕੇ ਇਸ ਨੂੰ ਜਲਦੀ ਸਿਰੇ ਚੜ੍ਹਾਉਣਗੇ?

ਮੁੱਖ ਮੰਤਰੀ : ਕੋਸ਼ਿਸ਼ ਕਰ ਰਹੇ ਹਾਂ। ਯਤਨ ਕਰ ਰਹੇ ਹਾਂ। ਉਮੀਦ ਹੈ ਉਹ ਮੰਨ ਜਾਣਗੇ। ਅਗਰ ਉਹ ਸਾਨੂੰ ਇਸ ਵਾਸਤੇ ਇਜਾਜ਼ਤ ਦੇ ਦਿੰਦੇ ਹਨ ਤਾਂ ਅਸੀਂ ਉਥੇ ਇਹ ਸ਼ੁਰੂ ਕਰ ਦਿਆਂਗੇ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪ੍ਰਾਰਥਨਾ ਕਰਾਂਗਾ ਕਿ ਲੁਧਿਆਣਾ ਔਰ ਦਿੱਲੀ ਦੇ ਦਰਮਿਆਨ ਸਿਰਫ ਇੱਕ ਫਲਾਈਟ ਹੈ ਜੋ ਕਿ ਮੋਸਟ ਇਨਕਨਵੀਨੀ-ਐਂਟ ਟਾਈਮ ਤੇ ਹੈ (ਵਿਘਨ) ਕੀ ਇਹ ਦੋ ਟਾਈਮ ਫਿਕਸ ਕਰਨ ਵਾਸਤੇ ਯਤਨ ਕਰਨਗੇ? ਨਾਈਟ ਫਲਾਈਟ ਵਾਸਤੇ ਕੋਈ ਪ੍ਰਬੰਧ ਨਹੀਂ ਹੈ। ਲੁਧਿਆਣਾ ਤੋਂ ਰਾਤ ਨੂੰ ਨਾ ਜਹਾਜ਼ ਲੈਂਡ ਕਰ ਸਕਦਾ ਹੈ ਔਰ ਨਾ ਹੀ ਟੇਕ ਓਵਰ ਕਰ ਸਕਦਾ ਹੈ। ਐਸਾ ਇੰਤਜ਼ਾਮ ਕਰਨਾ ਚਾਹੀਦਾ ਹੈ ਕਿ ਰਾਤ ਨੂੰ ਜਹਾਜ਼ ਲੈਂਡ ਕਰ ਸਕੇ।

ਮੁੱਖ ਮੰਤਰੀ: ਇਹ ਧੰਨਵਾਦ ਨਹੀਂ ਕਰਦੇ ਕਿ ਉਥੇ ਇਹ ਸਰਵਿਸ ਸ਼ੁਰੂ ਕਰ ਦਿੱਤੀ ਹੈ। ਹੋਰ ਸਵਾਲ ਪੁੱਛਣ ਲਗ ਪਏ ਹਨ। ਯਤਨ ਕਰ ਰਹੇ ਹਾਂ ਕਿ ਹੋਰ ਦੋ ਸ਼ਹਿਰਾਂ ਨੂੰ ਵਾਯੂ ਦੂਤ ਦੇ ਨਕਸ਼ੇ ਤੇ ਲਿਆਂਦਾ ਜਾਏ; ਇੱਕ ਪਟਿਆਲਾ ਔਰ ਦੂਜਾ ਬਠਿੰਡਾ। ਪਟਿਆਲਾ ਵਾਸਤੇ ਅਪਰੈਲ ਜਾਂ ਮਈ ਵਿਚ ਸ਼ੁਰੂ ਕਰ ਦਿਆਂਗੇ ਔਰ ਬਠਿੰਡਾ ਵਿਚ ਸ਼ਾਇਦ ਮਈ ਔਰ ਜੂਨ ਵਿਚ ਸ਼ੁਰੂ ਕਰਨ ਦਾ ਇਰਾਦਾ ਰਖਦੇ ਹਾਂ। ਹੋਰ ਬਹੁਤੇ ਸ਼ਹਿਰ ਇਸ ਸਰਵਿਸ ਨਾਲ ਅਟੈਚ ਹੋ ਸਕਣਗੇ।

Bus Route Permits

***661. Sardar Gurcharan Singh Nihalsinghwala :** Will the Minister of State for Transport be pleased to state whether there is a Government Policy to issue route permits in the State in the ratio of 60 : 40 between the State Transport Operators ; if so whether the Government have issued the route permits in accordance with the said policy ; if not, the reasons thereof ?

Sardar Hardipinder Singh : No Sir, there is no such policy. According to New Transport Policy, there will be no expansion of fleet strength in Pepsu Road Transport Corporation and Punjab Roadways. Hence some route permits have been recently granted to Private Operators.

ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘਵਾਲਾ: ਵਜ਼ੀਰ ਸਾਹਿਬ ਨੇ ਫਰਮਾਇਆ No Sir, ਕੋਈ ਪਾਲਿਸੀ ਨਹੀਂ ਹੈ। ਅਕਾਰਡਿੰਗ ਟੂ ਟਰਾਂਸਪੋਰਟ ਪਾਲਿਸੀ 60:40 ਤਹਿਤ ਨੈਸ਼ਨੇਲਾਈਜ਼ੇਸ਼ਨ ਤੇ ਚਲਦੀ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 60:40 ਦੀ ਰੇਸ਼ੋ ਨੈਸ਼ਨੇਲਾਈਜ਼ੇਸ਼ਨ ਪਾਲਿਸੀ ਪੰਜਾਬ ਵਿਚ ਸੀ, ਇਹ ਤੁਹਾਡੀ ਗੌਰਮਿੰਟ ਨੇ ਕਦੋਂ ਤੋੜੀ ਹੈ ਅਤੇ ਕਦੋਂ ਨੋਟੀਫੀਕੇਸ਼ਨ ਹੋਇਆ ਹੈ ?

ਰਾਜ ਮੰਤਰੀ : ਸਰ, ਇਕ ਹਾਈ ਪਾਵਰਡ ਟਰਾਂਸਪੋਰਟ ਕਮੇਟੀ ਬਣਾਈ ਗਈ ਸੀ ਟਰਾਂਸਪੋਰਟ ਦੇ ਸਾਰੇ ਮਸਲਿਆਂ ਬਾਰੇ ਘੋਖ ਕਰਨ ਔਰ ਇਲਾਜ ਦੱਸਣ ਲਈ ਕਿ ਇਸ ਵਾਸਤੇ ਕੀ ਕੀ ਕਰਨਾ ਚਾਹੀਦਾ ਹੈ। ਇਸ ਕਮੇਟੀ ਵਿਚ ਹਾਊਸ ਦੇ ਮੈਂਬਰਜ਼ ਵੀ ਸਨ ਔਰ ਟਰਾਂਸਪੋਰਟਰਜ਼ ਵੀ ਸਨ। ਸਰ ਐਮ. ਐਲ. ਏ. ਸਾਹਿਬਾਨ, ਸ੍ਰੀ ਜਗਜੀਤ ਸਿੰਘ ਔਰ ਮਹਿਰਾ ਸਾਹਿਬ ਉਸ ਕਮੇਟੀ ਵਿਚ ਸਨ ਔਰ ਹੋਰ ਟਰਾਂਸਪੋਰਟਰਜ਼ ਵੀ ਸਨ। ਇਸ ਕਮੇਟੀ ਨੇ ਕਾਫੀ ਸਿਫਾਰਸ਼ਾਂ ਕੀਤੀਆਂ। ਉਨ੍ਹਾਂ ਨੂੰ ਮੱਦੇ ਨਜ਼ਰ ਰਖਦਿਆਂ ਹੋਇਆਂ, ਜੋ ਸਿਫਾਰਸ਼ਾਂ ਸਰਕਾਰ ਨੇ ਪ੍ਰਵਾਨ ਕੀਤੀਆਂ ਉਨ੍ਹਾਂ ਨੂੰ ਲਾਗੂ ਕਰਕੇ ਇਹ ਜਿਹੜੀ 60:40 ਦੀ ਰੇਸ਼ੋ ਹੈ ਪੁਰਾਣੀ ਖੋਖਲੀ ਪਾਲਿਸੀ ਨੂੰ ਛੱਡ ਦਿੱਤਾ ਗਿਆ ਔਰ ਨਵੇਂ ਸਿਰਿਉਂ ਪਰੋਗਰਾਮ ਨੂੰ ਸ਼ੁਰੂ ਕੀਤਾ ਗਿਆ ਹੈ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜ਼ਬਾਨੀ ਕਲਾਮੀ ਗੱਲ ਨਹੀਂ ਹੈ। ਇਥੇ 60:40 ਦੀ ਰੇਸ਼ੋ ਦੀ ਪਹਿਲੀ ਗੌਰਮਿੰਟ ਦੀ ਪਾਲਿਸੀ ਸੀ। ਫਿਰ ਇਹ ਗੌਰਮਿੰਟ ਆਈ। ਇਨ੍ਹਾਂ ਨੇ ਹਾਈ ਪਾਵਰਡ ਜਾਂ ਲੋਅ ਪਾਵਰਡ ਕਮੇਟੀ ਬਣਾ ਦਿੱਤੀ, ਇਸ ਦੇ ਮੁਤੱਲਕ ਦੱਸਣ ਕਿ ਉਸ ਦੀ ਮੀਟਿੰਗ ਕਦੋਂ ਹੋਈ ਅਤੇ ਆਇਆ ਉਸ ਦੀ ਨੋਟੀਫੀਕੇਸ਼ਨ ਹੋ ਗਈ ਜਾਂ ਨਹੀਂ?

ਰਾਜ ਮੰਤਰੀ: ਇਹ ਸਪੈਸੀਫਿਕ ਸਵਾਲ ਇਨ੍ਹਾਂ ਨੇ ਪੁੱਛਿਆ ਹੈ, ਮੈਨੂੰ ਇਹ ਟਾਈਮ ਦੇਣ, ਮੈਂ ਇਨ੍ਹਾਂ ਨੂੰ ਸਾਰੀ ਡੀਟੇਲ ਦੇ ਦਿਆਂਗਾ।

ਡਾਕਟਰ ਕੇਵਲ ਕ੍ਰਿਸ਼ਨ: ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 60:40 ਦੀ ਪਾਲਿਸੀ ਖੋਖਲੀ ਹੈ। ਇਹ ਦੱਸਣ ਕਿ ਇਸ ਵੇਲੇ ਪਰੈਜ਼ੈਂਟ ਕੀ ਰੇਸ਼ੋ ਹੈ ? ਆਇਆ ਇਹ ਰੇਸ਼ੋ 50:50 ਦੀ ਹੈ ਜਾਂ 30:70 ਦੀ ਹੈ? ਪਰੈਜ਼ੈਂਟ ਰੇਸ਼ੋ ਕੀ ਹੈ, ਕੀ ਇਹ ਦੱਸ ਸਕਣਗੇ ?

ਰਾਜ ਮੰਤਰੀ: ਖੋਖਲੀ ਇਨ ਦੀ ਸੈਂਸ ਕਿ 20-30 ਸਾਲਾਂ ਵਿਚ ਅਸੀਂ ਫੈਸਲਾ ਕਰ ਲਿਆ ਕਿ ਅਸੀਂ ਨੇਸ਼ਨੇਲਾਈਜ਼ੇਸ਼ਨ ਕਰਨੀ ਹੈ ਅਤੇ ਫਲਾਣੇ ਸਾਲ ਐਨੀ ਕਰਨੀ ਹੈ ਅਤੇ ਫਲਾਣੇ ਸਾਲ ਐਨੀ ਕਰਨੀ ਹੈ। ਪੈਸਾ ਸਾਡੇ ਕੋਲ ਹੀ ਘੱਟ ਨਹੀਂ ਸਾਰੀਆਂ ਸਰਕਾਰਾਂ ਕੋਲ ਘੱਟ ਸੀ। ਇਨ੍ਹਾਂ ਦੀ ਸਰਕਾਰ ਵੇਲੇ ਵੀ ਘੱਟ ਸੀ। ਸੋ ਖੋਖਲੀ ਪਾਲਿਸੀ ਤੋਂ ਮੇਰਾ ਭਾਵ ਇਹ ਸੀ ਕਿ ਉਹ ਹੋ ਨਹੀਂ ਸਕੀ। ਤੁਸੀਂ ਵੀ ਹੰਡਰਡ ਪਰਸੈਂਟ ਨਹੀਂ ਕਰ ਸਕੇ।

ਡਾਕਟਰ ਕੇਵਲ ਕ੍ਰਿਸ਼ਨ(ਬੈਠੇ, ਬੈਠੇ): 60:40 ਦੀ ਰੇਸ਼ੋ ਅਸੀਂ ਕੀਤੀ ਸੀ। ਤੁਸੀਂ ਦੱਸੋ ਕਿੰਨੀ ਡੀਕਰੀਜ਼ ਹੋ ਗਈ ਹੈ ? ਕਿੰਨੀ ਹੁਣ ਹੋ ਗਈ ਹੈ? ਕੀ 50:50 ਹੋ ਗਈ ਹੈ?

ਰਾਜ ਮੰਤਰੀ: 60:40 ਦੀ ਪਾਲਿਸੀ ਖ਼ਤਮ ਹੋ ਗਈ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਗੁਰਚਰਨ ਸਿੰਘ ਦਾ ਸਪੈਸੀਫਿਕ ਕੁਐਸਚਨ ਸੀ ਕਿ ਕੀ ਉਸ ਦੀ ਕੋਈ ਨੋਟੀਫੀਕੇਸ਼ਨ ਹੋਈ, ਕੋਈ ਰੂਲਜ਼ ਹਨ, ਕੋਈ ਰੈਗੂਲੇਸ਼ਨਜ਼ ਹਨ? ਇਹ ਇਸ ਗੱਲ ਦਾ ਜਵਾਬ ਨਹੀਂ ਦੇ ਰਹੇ। ਕਿ ਸਪੀਕਰ ਸਾਹਿਬ, ਤੁਸੀਂ ਉਸ ਦਾ ਜਵਾਬ ਦਿਵਾਓ ਕਿ ਨੋਟੀਫੀਕੇਸ਼ਨ ਹੋ ਗਈ ਹੈ ਜਾਂ ਨਹੀਂ? ਇਹ ਸਪੈਸੀਫਿਕ ਸਵਾਲ ਹੈ।

ਰਾਜ ਮੰਤਰੀ: ਇਨ੍ਹਾਂ ਨੇ ਨੋਟੀਫੀਕੇਸ਼ਨ ਦਾ ਪੁੱਛਿਆ ਹੈ। I have already replied to Sardar Gurcharan Singh Nihalsingwala that I would supply the information.

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਤੁਸੀਂ ਹਾਊਸ ਦੇ ਕਸਟੋਡੀਅਨ ਹੋ। ਇਨ੍ਹਾਂ ਤੋਂ ਤੁਸੀਂ ਜਵਾਬ ਦਿਵਾਓ ਕਿ ਨੋਟੀਫੀਕੇਸ਼ਨ ਹੋਈ ਜਾਂ ਨਹੀਂ ਹੋਈ? ਇਹ ਇਸ ਦੇ ਲਈ ਵੀ ਟਾਇਮ ਮੰਗਦੇ ਹਨ। ਇਸ ਬਾਰੇ ਤੁਸੀਂ ਇੰਟਰਫੀਅਰ ਕਰੋ। ਤੁਸੀਂ ਹਾਊਸ ਦੇ ਕਸਟੋਡੀਅਨ ਹੋ।

Mr. Speaker : He has already answered it.

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਹ ਜਿਹੜਾ ਖੋਖਲੀ ਪਾਲਿਸੀ ਬਾਰੇ ਕਿਹਾ ਗਿਆ ਹੈ ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਇਹ ਫੈਸਲਾ ਹੋਇਆ ਸੀ ਕਿ ਟਰਾਂਸਪੋਰਟ ਨੂੰ ਬਾਈ ਸਟੇਜਿਜ਼ ਨੇਸ਼ਨੇਲਾਇਜ਼ ਕੀਤਾ ਜਾਵੇ। ਉਦੋਂ ਕਾਂਗਰਸ ਦੀ ਸਰਕਾਰ ਸੀ ਅਤੇ 60 ਪ੍ਰਤੀਸ਼ਤ ਤੱਕ ਪਹੁੰਚੇ ਸੀ। 40 ਪ੍ਰਤੀਸ਼ਤ ਅਜੇ ਕਰਨੀ ਸੀ। ਇਹ ਦੱਸਣ ਕਿ ਕੀ ਇਨ੍ਹਾਂ ਨੇ ਅੱਗੇ ਇਹ ਸਟਾਪ ਕਰ ਦਿੱਤੀ ਹੈ। ਲੋਕਾਂ ਦੀ ਸਰਵਿਸ ਇਨਸਿਕਿਉਅਰ ਹੋ ਗਈ ਹੈ। ਪ੍ਰਾਈਵੇਟ ਓਪਰੇਟਰਾਂ ਨਾਲ ਮਿਲਕੇ ਸਾਰਾ ਨੁਕਸਾਨ ਹੋ ਰਿਹਾ ਹੈ। ਜਾਂ ਤਾਂ ਇਹ ਪਾਲਿਸੀ ਬੰਦ ਕੀਤੀ ਜਾਵੇ ਨਹੀਂ ਤਾਂ ਸਾਰੀ ਦੀ ਸਾਰੀ ਨੈਸ਼ਨੇਲਾਈਜ਼ੇਸ਼ਨ ਕੀਤੀ ਜਾਵੇ। ਵਜ਼ੀਰ ਸਾਹਿਬ ਇਸ ਬਾਰੇ ਦੱਸਣਗੇ?

ਰਾਜ ਮੰਤਰੀ: ਗੁਪਤਾ ਜੀ ਨੇ ਕਾਫੀ ਲੰਬਾ ਚੌੜਾ ਸਵਾਲ ਕੀਤਾ ਹੈ। ਐਗਜ਼ੈਕਟ ਉਹ ਕੀ ਪੁੱਛਣਾ ਚਾਹੁੰਦੇ ਹਨ, ਉਹ ਦੁਬਾਰਾ ਦੱਸ ਦੇਣ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪਲੀਮੈਂਟਰੀ, ਸਰ।

ਸ਼੍ਰੀ ਸਪੀਕਰ: ਤੁਸੀਂ ਦੋ ਸਪਲੀਮੈਂਟਰੀਜ਼ ਪੁੱਛ ਚੁੱਕੇ ਹੋ।

Sardar Gurcharan Singh Nihalsinghwala : It is a very important issue. After all he is a Minister. You are custodian of the House.

Mr. Speaker : I can ask the Minister to collect the information.

Sardar Gurcharan Singh Nihalsinghwala : Are you satisfied with the reply ?

ਜੋ ਮਨਿਸਟਰ ਸਾਹਿਬ ਨੇ ਫਰਮਾਇਆ ਹੈ? ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਆਇਆ 60:40 ਦੀ ਪਾਲਿਸੀ ਅਕਾਰਡਿੰਗ ਟੂ ਰੂਲਜ਼ ਖ਼ਤਮ ਕੀਤੀ ਗਈ? ਨਵੀਂ ਪਾਲਿਸੀ ਬਣਾਈ, ਉਸ ਦੀ ਕੋਈ ਨੋਟੀਫੀਕੇਸ਼ਨ ਹੋਈ ? ਉਸਦੇ ਮੈਂਬਰ ਕੌਣ ਹਨ ? ਕੀ ਮੈਂਬਰ ਨੋਟੀਫਾਈ ਹੋਏ ਇਹ ਸਾਰਾ ਕੁੱਝ ਦੱਸਣ ?

ਰਾਜ ਮੰਤਰੀ : ਸਪੈਸੀਫਿਕ ਡੀਟੇਲ ਇਨ੍ਹਾਂ ਨੇ ਮੰਗੀ ਹੈ, ਮੈਂ ਸਪਲਾਈ ਕਰ ਦਿਆਂਗਾ।

ਸ੍ਰੀ ਸਪੀਕਰ : ਜਿਹੜਾ ਕੁਐਸਚਨ ਤੁਸੀਂ ਕੀਤਾ ਸੀ ਉਸ ਦੇ ਵਿੱਚ ਇਤਨੀ ਡੀਟੇਲ ਮੰਗੀ ਨਹੀਂ ਸੀ ਗਈ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਇਨਫਰਮੇਸ਼ਨ ਮੰਗੋ ਤਾਂ ਜਵਾਬ ਦਿਵਾਓ, ਸਪੀਕਰ ਸਾਹਿਬ।

ਡਾਕਟਰ ਕੇਵਲ ਕ੍ਰਿਸ਼ਨ : ਉਨ੍ਹਾਂ ਨੇ ਇਕ ਪਾਲਿਸੀ ਬਣਾ ਲਈ ਹੈ ਕਿ 60:40 ਦੀ ਰੇਸ਼ੋ ਨੂੰ ਮੰਨਣਾ ਹੀ ਨਹੀਂ,ਉਹ ਖ਼ਤਮ ਹੀ ਕਰ ਦਿੱਤੀ ਹੈ। Decentralisation of transport is a great set back to the State.

(ਇਸ ਵਕਤ ਕਈ ਮਾਨਯੋਗ ਮੈਂਬਰਜ਼ ਖੜ੍ਹੇ ਸਨ)

ਸ੍ਰੀ ਸਪੀਕਰ : ਮੈਂ ਸਾਰੇ ਮਾਨਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਉਹ ਕ੍ਰਿਪਾ ਕਰਕੇ ਬੈਠਣ ਦੀ ਖੇਚਲ ਕਰਨ। ਮੈਂ ਟਰਾਂਸਪੋਰਟ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਸਵਾਲ ਨੈਕਸਟ ਡੇਅ ਤੇ ਰਖ ਲੈਂਦੇ ਹਾਂ ਅਤੇ ਫਿਰ ਉਹ ਇਸ ਦਾ ਜਵਾਬ ਦੇ ਦੇਣਗੇ। The question has been postponed for the next day.

ਸਰਦਾਰ ਕਿਰਪਾਲ ਸਿੰਘ : ਮੇਰਾ ਕੁਐਸਚਨ ਹੈ ਜੀ। (ਵਿਘਨ) ਮੇਰਾ ਕੁਐਸਚਨ ਇਹ ਹੈ ਕਿ 60:40 ਦੀ ਤਾਂ ਇਨ੍ਹਾਂ ਨੇ ਕਿਹਾ ਹੈ ਕਿ ਬੋਗਸ ਸੀ। ਇਨ੍ਹਾਂ ਨੇ ਕਿਹੜੀ ਪਰਸੈਂਟੇਜ ਨਵੀਂ ਮੁਕੱਰਰ ਕੀਤੀ ਹੈ ਉਹ ਦੱਸ ਦੇਣ ?

ਸ੍ਰੀ ਸਪੀਕਰ : ਜਦੋਂ ਕੁਐਸਚਨ ਹੀ ਪੋਸਟਪੋਨ ਹੋ ਗਿਆ ਹੈ ਤਾਂ ਉਸ ਵੇਲੇ ਜਵਾਬ ਇਸ ਦਾ ਵੀ ਆ ਜਾਵੇਗਾ। ਨੈਕਸਟ ਕੁਐਸਚਨ।

Housing Colonies in Sangrur

*784. **Sardar Ranjit Singh Balian :** Will the Minister of State for Housing and Urban Development be pleased to state whether it is a fact that new housing colonies in district Sangrur are without drainage of sullage and rainy water facility; if so, time by which proper sewerage system is likely to be laid?

ਸਰਦਾਰ ਹਰੀ ਸਿੰਘ ਜ਼ੀਰਾ : ਜ਼ਿਲ੍ਹਾ ਸੰਗਰੂਰ ਵਿਚ ਕੋਈ ਸ਼ਹਿਰੀ ਮਿਲਖ ਜਾਂ ਹਾਊਸਿੰਗ ਬੋਰਡ ਕਲੋਨੀ ਸਥਾਪਿਤ ਨਹੀਂ ਕੀਤੀ ਗਈ । ਪਰ ਭੂਮੀਹੀਣ ਦਿਹਾਤੀ ਕਿਰਤੀਆ ਨੂੰ ਦਿਹਾਤੀ ਇਲਾਕਿਆਂ ਵਿਚ ਮੁਫਤ ਮਕਾਨ ਵਾਂ ਪਲਾਟ ਅਤੇ ਉਸਾਰੀ ਲਈ ਸਹਾਇਤਾ ਦੀ ਸਕੀਮ ਅਧੀਨ, ਮਕੋਨ ਉਸਾਰੀ ਵਿਕਾਸ ਬੋਰਡ ਵਲੋਂ ਸੰਗਰੂਰ ਦੇ 44 ਪਿੰਡਾਂ ਵਿਚ 2452 ਮਕਾਨਾਂ ਦੀ ਉਸਾਰੀ ਕੀਤੀ ਗਈ ਹੈ । ਭਾਵੇਂ ਇਸ ਸਕੀਮ ਵਿਚ ਇਹੋ ਜਿਹਾ ਉਪਬੰਧ ਨਹੀਂ ਸੀ ਫਿਰ ਵੀ 19 ਪਿੰਡਾਂ ਵਿਚ ਪੱਕੀਆਂ ਨਾਲੀਆਂ, ਨਲਕੇ ਅਤੇ ਗਲੀਆਂ ਬਣਾਈਆਂ ਗਈਆਂ । ਹੋਰ ਪਿੰਡਾਂ ਵਿਚ ਪੱਕੀਆਂ ਨਾਲੀਆਂ ਦੀ ਸਹੂਲਤ ਦੇਣ ਦੀ ਮਕਾਨ ਉਸਾਰੀ ਵਿਕਾਸ ਵਿਭਾਗ ਵਿਚ ਕੋਈ ਤਜ਼ਵੀਜ ਨਹੀਂ ਹੈ ।

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਬਸਤੀਆਂ ਨੂੰ ਕਿਸੇ ਰਸਤੇ ਨਾਲ ਨਹੀਂ ਜੋੜਿਆ ਗਿਆ, ਕੀ ਮਨਿਸਟਰ ਸਾਹਿਬ ਐਸ਼ੋਅਰ ਕਰਾਉਣਗੇ ਕਿ ਉਨ੍ਹਾਂ ਬਸਤੀਆਂ ਨੂੰ ਰਸਤਿਆਂ ਨਾਲ, ਲਿੰਕ ਰੋਡਜ਼ ਨਾਲ ਜੋੜਿਆ ਜਾਵੇਗਾ?

ਰਾਜ ਮੰਤਰੀ : ਜ਼ਰਾ ਦੁਬਾਰਾ ਕਲੀਅਰ ਕਰ ਦਿਓ ਆਪਣਾ ਸਵਾਲ ।

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਜੋ ਬਸਤੀਆਂ ਲੈਂਡਲੈਂਸ ਲੇਬਰਰਜ਼ ਦੇ ਵਾਸਤੇ ਪੰਜਾਬ ਹਾਊਸਿੰਗ ਬੋਰਡ ਨੇ ਬਣਾਈਆਂ ਹਨ ਉਹ ਬਸਤੀਆਂ ਜਿਨ੍ਹਾਂ ਥਾਵਾਂ ਤੇ ਬਣੀਆਂ ਹਨ ਉਨ੍ਹਾਂ ਨੂੰ ਕੋਈ ਰਸਤਾ ਨਹੀਂ ਜਾਂਦਾ, ਕੋਈ ਲਿੰਕ ਰੋਡ ਨਹੀਂ ਹੈ। ਕੀ ਮਨਿਸਟਰ ਸਾਹਿਬ ਉਨ੍ਹਾਂ ਬਸਤੀਆਂ ਨੂੰ ਮੇਨ ਰੋਡਜ਼ ਨਾਲ ਜੋੜਨ ਵਾਸਤੇ ਐਸ਼ੋਅਰ ਕਰਾਉਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦਾ ਜਿਹੜਾ ਸਵਾਲ ਸੀ ਉਸ ਦੇ ਵਿੱਚ ਤਾਂ ਇਨ੍ਹਾਂ ਨੇ ਪੁੱਛਿਆ ਹੈ ਕਿ ਕੀ ਕੋਈ ਹੋਰ ਬਸਤੀਆਂ ਬਣੀਆਂ ਹਨ, ਹੁਣ ਇਨ੍ਹਾਂ ਨੇ ਪੁੱਛਿਆ ਹੈ ਕਿ ਰਸਤਾ ਨਹੀਂ ਜਾਂਦਾ, ਇਹ ਰਸਤੇ ਨਾਲ ਜੋੜਨ ਵਾਲੀ ਗੱਲ ਤਾਂ ਇਸ ਨਾਲ ਮੇਲ ਨਹੀਂ ਖਾਂਦੀ। (ਵਿਘਨ)

ਸ਼੍ਰੀ ਸਪੀਕਰ : ਜਿਹੜਾ ਸਵਾਲ ਤੁਸੀਂ ਪੁੱਛਿਆ ਹੈ ਉਸ ਦੇ ਨਾਲ ਇਹ ਸਬੰਧਤ ਨਹੀਂ ਹੈ। ਇਸ ਦੇ ਵਾਸਤੇ ਸੈਪਰੇਟ ਨੋਟਿਸ ਦੇ ਦਿਓ ।

ਸਰਦਾਰ ਰਣਜੀਤ ਸਿੰਘ ਬਾਲੀਆਂ : ਮੈਂ ਇਸ ਦੇ ਨਾਲ ਸਬੰਧਤ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ 19 ਪਿੰਡਾਂ ਦਾ ਤਾਂ ਇਹ ਮੰਨਦੇ ਹਨ, ਕੀ ਬਾਕੀ ਰਹਿੰਦੀਆਂ ਬਸਤੀਆਂ ਵਿੱਚ ਵੀ ਨਾਲੀਆਂ, ਗੱਲੀਆਂ ਬਣਾ ਦੇਣਗੇ ਜਾਂ ਬਿਜਲੀ ਵਗੈਰਾ ਦੇ ਦੇਣਗੇ ਤਾਂਕਿ ਉਨ੍ਹਾਂ ਨੂੰ ਇਹ ਫੈਸਿਲਟੀਜ਼ ਮਿਲ ਸਕਣ ?

ਰਾਜ ਮੰਤਰੀ : ਸਪੀਕਰ ਸਾਹਿਬ, ਸੰਗਰੂਰ ਜ਼ਿਲ੍ਹੇ ਦੇ 598 ਪਿੰਡਾਂ ਵਿੱਚ 27,873 ਸਾਈਟਸ ਮਕਾਨਾਂ ਵਾਸਤੇ, ਮਕਾਨ ਬਣਾਉਣ ਵਾਸਤੇ ਪਲਾਟਸ ਦਿੱਤੇ ਗਏ ਹਨ ਅਤੇ ਉਨ੍ਹਾਂ ਵਿਚੋਂ 44 ਪਿੰਡਾਂ ਵਿਚ 2,452 ਸਾਈਟਸ ਤੇ ਮਕਾਨ ਬਣ ਗਏ ਹਨ ਔਰ ਉਨ੍ਹਾਂ ਵਿਚੋਂ 19 ਪਿੰਡਾਂ ਵਿੱਚ ਨਾਲੀਆਂ, ਗਲੀਆਂ ਬਣ ਗਈਆਂ ਹਨ। ਸਪੀਕਰ ਸਾਹਿਬ, ਇਸ ਦੇ ਵਾਸਤੇ ਫਾਈਨਾਂਸ ਅਤੇ ਪਲੈਨਿੰਗ ਡੀਪਾਰਟਮੈਂਟ ਦੀ ਮਨਜ਼ੂਰੀ ਨਹੀਂ ਸੀ। ਪਤਾ ਨਹੀਂ ਸੰਗਰੂਰ ਜ਼ਿਲ੍ਹੇ ਵਾਲਿਆਂ ਦਾ ਕਿਸ ਤਰ੍ਹਾਂ ਜ਼ੋਰ ਪੈ ਗਿਆ ਅਤੇ ਪਤਾ ਨਹੀਂ ਇਹ ਕਿਵੇਂ ਹੋ ਗਿਆ ਲੇਕਿਨ ਇਸ ਦੇ ਲਈ ਵਿੱਤ ਵਿਭਾਗ ਦੀ ਕੋਈ ਪ੍ਰਵਾਨਗੀ ਨਹੀਂ ਸੀ। ਵਿੱਤ ਵਿਭਾਗ ਵਲੋਂ ਇਸ ਦੀ ਕੋਈ ਪ੍ਰਵਾਨਗੀ ਨਾ ਹੋਣ ਕਾਰਨ ਇਹ ਸਕੀਮ ਰੋਕ ਦਿਤੀ ਗਈ।

[ਰਾਜ ਮੰਤਰੀ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ]

ਦੁਬਾਰਾ ਰੂਰਲ ਡਿਵੈਲਪਮੈਂਟ ਡਿਪਾਰਟਮੈਂਟ ਨੇ ਇਹ ਸਕੀਮ ਆਪਣੇ ਹੱਥਾਂ ਵਿੱਚ ਲੈ ਲਈ ਹੈ। ਸ਼ਹਿਰੀ ਵਿਭਾਗ ਕੋਲ ਇਹ ਸਕੀਮ ਨਹੀਂ ਹੈ। ਉਹ ਧੱਕੇ ਨਾਲ ਬਗੈਰ ਫ਼ਾਇਨਾਂਸ ਅਤੇ ਪਲਾਨਿੰਗ ਡਿਪਾਰਟਮੈਂਟ ਦੀ ਅਪਰੂਵਲ ਤੋਂ ਬਣਾ ਲਏ।

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਇਸ ਦੇ ਵਿਚ ਲੋਕਾਂ ਦਾ ਕੀ ਕਸੂਰ ਹੈ ਭਾਵੇਂ ਐਪਰੂਵਲ ਨਾਲ ਕੀਤੀਆਂ ਜਾਂ ਬਗੈਰ ਐਪਰੂਵਲ ਦੇ। ਉਨ੍ਹਾਂ ਨੂੰ ਕੋਈ ਨਾ ਕੋਈ ਫੈਸਿਲੀਟੀਜ਼ ਤਾਂ ਮਿਲਣੀਆਂ ਚਾਹੀਦੀਆਂ ਹਨ ?

ਰਾਜ ਮੰਤਰੀ : ਰੂਰਲ ਡਿਵੈਲਪਮੈਂਟ ਦਾ ਜਿਹੜਾ ਵਿਭਾਗ ਹੈ ਉਹ ਗਲੀਆਂ ਨਾਲੀਆਂ ਪੱਕੀਆਂ ਬਣਾਉਂਦਾ ਹੈ ਜਾਂ ਫਿਰ ਆਪਣਾ ਭਲਾਈ ਵਿਭਾਗ ਬਣਾਉਂਦਾ ਹੈ। ਇਸ ਵਿਭਾਗ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ।

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਇਹ ਦੱਸਣ ਕਿ ਮੇਰੇ ਹਲਕੇ ਪਟਿਆਲਾ ਵਿਚ ਸੀਵਰੇਜ ਸਿਸਟਮ ਕਦੋਂ ਚਾਲੂ ਹੋਵੇਗਾ ਕਿਉਂਕਿ ਕਈ ਥਾਵਾਂ ਤੇ ਬਹੁਤ ਜ਼ਿਆਦਾ ਗੰਦਗੀ ਹੈ ?

ਸ਼੍ਰੀ ਸਪੀਕਰ : ਰਾਜਲਾ ਸਾਹਿਬ, ਇਹ ਸੀਵਰੇਜ ਦਾ ਸੁਆਲ ਨਹੀਂ ਹੈ, ਜਦੋਂ ਸਾਈਆਂਵਾਲਾ ਸਾਹਿਬ ਆਉਣਗੇ ਉਦੋਂ ਪੁੱਛਣਾ।

ਸਰਦਾਰ ਭਾਗ ਸਿੰਘ : ਸਪੀਕਰ ਸਾਹਿਬ, ਮੈਨੂੰ ਤਾਂ ਰਾਜਲਾ ਸਾਹਿਬ ਤੇ ਇਤਰਾਜ਼ ਹੈ, ਇਹ ਅਤਿਵਾਦੀ ਲਗ ਰਹੇ ਹਨ! ਪਹਿਲਾ ਇਨ੍ਹਾਂ ਦੀ ਲੋਈ ਉਤਰਵਾਓ।

Vacation of Housing Board Colony, Pathankot

*743. **Shri Harnam Dass Johar** : Will the Minister of State for Housing and Urban Development be pleased to state whether it is a fact that more than 100 Hindu migrant families from border districts of Amritsar and Gurdaspur are being compelled to vacate the Housing Board Colony in Pathankot instead of alloting the houses occupied by them to these families only ; if so, the reasons therefor ?

ਸਰਦਾਰ ਹਰੀ ਸਿੰਘ ਜ਼ੀਰਾ : (ੳ) ਨਹੀਂ। ਇਹ ਫੈਸਲਾ ਕੀਤਾ ਗਿਆ ਹੈ ਕਿ ਪਠਾਨਕੋਟ ਵਿਚ 106 ਐਲ. ਆਈ. ਜੀ ਮਕਾਨ, ਜਿਨ੍ਹਾਂ ਤੇ ਅਣ-ਅਧਿਕਾਰਤ ਤੌਰ ਤੇ ਕਬਜ਼ਾ ਕੀਤਾ ਹੋਇਆ ਹੈ, ਕਬਜ਼ੇਦਾਰਾਂ ਨੂੰ ਅਲਾਟ ਕੀਤੇ ਜਾਣਗੇ ਬਸ਼ਰਤੇ ਕਿ ਕਬਜ਼ੇਦਾਰ ਸਿੱਖ ਪ੍ਰਵਾਸੀ ਜਾਂ ਅੱਤਵਾਦ ਤੋਂ ਪੀੜਤ ਹੋਣ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਉਹ ਲੋਕ ਜਿਹੜੇ ਅੰਮ੍ਰਿਤਸਰ ਔਰ ਗੁਰਦਾਸਪੁਰ ਦੇ ਬਾਰਡਰ ਦੇ ਇਲਾਕੇ ਤੋਂ ਅਤਿਵਾਦ ਦੇ ਡਰ ਨਾਲ ਛੱਡ ਕੇ ਭਜੇ ਅਤੇ ਜਾਨਾਂ ਬਚਾ ਕੇ ਪਠਾਨਕੋਟ ਪਹੁੰਚੇ ਉਥੇ ਉਨ੍ਹਾਂ ਨੂੰ ਟੈਂਪਰੇਰੀ ਅਲਾਟਮੈਂਟ ਕੀਤੀ ਗਈ ਸੀ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਾਂਗਾ ਕਿ ਉਨ੍ਹਾਂ ਨੂੰ ਉਥੋਂ ਤਾਂ ਨਹੀਂ ਉਜਾੜਿਆ ਜਾਏਗਾ, ਉਥੇ ਹੀ ਰਖਿਆ ਜਾਏਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ 106 ਮਕਾਨ ਹਨ ਜਿਨ੍ਹਾਂ ਵਿੱਚ ਉਹ ਅੱਨ ਅਧਿਕਾਰਿਤ ਤੌਰ ਤੇ ਬੈਠੇ ਹਨ। ਪ੍ਰਸ਼ਾਸਨ ਨੂੰ ਖਾਲ੍ਹੀ ਕਰਾਉਣ ਲਈ ਬੇਨਤੀ ਕੀਤੀ ਗਈ ਸੀ ਪਰ ਖਾਲ੍ਹੀ ਨਹੀਂ ਕਰਾਏ ਗਏ। ਜੋ ਵਿਧਾਨ ਹੈ ਉਸ ਦੇ ਮੁਤਾਬਕ ਵਿਧੀ ਅਨੁਸਾਰ ਕੁਝ ਪੈਸੇ ਜਿਹੜੇ ਹਨ ਉਹ ਜਮ੍ਹਾ ਕਰਾਉਣ ਤਾਂ ਉਨ੍ਹਾਂ ਨੂੰ ਅਲਾਟਮੈਂਟ ਹੋ ਸਕੇਗੀ! ਉਨ੍ਹਾਂ ਨੂੰ ਕਿਹਾ ਹੈ ਪਰ ਉਨ੍ਹਾਂ ਨੇ ਹਾਲੇ ਪੈਸੇ ਜਮ੍ਹਾ ਨਹੀਂ ਕਰਵਾਏ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਕੁਝ ਪਰਵਾਸੀ ਪਰਿਵਾਰ ਹਾਊਸਿੰਗ ਬੋਰਡ ਦੇ ਮਕਾਨਾਂ ਵਿਚ ਰਹਿ ਰਹੇ ਹਨ ਉਹ ਰਜਿਸਟਰਡ ਪਰਿਵਾਰ ਹਨ, ਕੀ ਇਸ ਤਰ੍ਹਾਂ ਉਨ੍ਹਾਂ ਨੂੰ ਵੀ ਮਕਾਨ ਦੇ ਦੇਣਗੇ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ 106 ਪਰਿਵਾਰਾਂ ਦੀ ਗੱਲ ਹੈ ਔਰ ਸੁਆਲ ਬੜਾ ਕਲੀਅਰ ਹੈ ਇਹ ਪੜ੍ਹ ਲੈਣ। ਪਰ ਜਿਹੜੇ ਪਰਿਵਾਰ ਪੀੜਿਤ ਹਨ ਉਨ੍ਹਾਂ ਨਾਲ ਹਮਦਰਦੀ ਨਾਲ ਵਿਚਾਰ ਕੀਤਾ ਜਾ ਸਕਦਾ ਹੈ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁਛਿਆ ਹੈ ਕਿ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਜਿਹੜੇ ਰਜਿਸਟਰਡ ਪਰਵਾਸੀ ਪਰਿਵਾਰ ਹਨ ਅਤੇ ਹਾਊਸਿੰਗ ਬੋਰਡ ਦੇ ਮਕਾਨਾਂ ਵਿਚ ਬੈਠੇ ਹਨ ਕੀ ਉਨ੍ਹਾਂ ਨੂੰ ਉਹ ਮਕਾਨ ਅਲਾਟ ਕਰ ਦਿੱਤੇ ਜਾਣਗੇ ?

ਸ੍ਰੀ ਸਪੀਕਰ : ਮੰਤਰੀ ਸਾਹਿਬ, ਜੇ ਤਾਂ ਤੁਹਾਡੇ ਕੋਲ ਇਤਲਾਹ ਹੈ ਤਾਂ ਦੇ ਦਿਓ।

ਰਾਜ ਮੰਤਰੀ : ਸਪੀਕਰ ਸਾਹਿਬ, ਸਰਕਾਰ ਦੀ ਕੋਈ ਪਾਲਿਸੀ ਹੈ। ਜੋ ਮਕਾਨ ਵਿੱਚ ਬੈਠ ਜਾਏ ਉਹ ਚਾਹੁੰਦਾ ਹੈ ਉਸ ਨੂੰ ਅਲਾਟ ਕਰ ਦਿੱਤਾ ਜਾਏ ਇਹ ਆਦਤ ਅੱਛੀ ਨਹੀਂ ਔਰ ਨਾ ਹੀ ਇਹ ਰਿਵਾਇਤ ਅੱਛੀ ਹੈ। ਵੈਸੇ ਸਰਕਾਰ ਤੋਂ ਜਿੰਨਾਂ ਹੋ ਸਕਦਾ ਹੈ ਮਦਦ ਕਰਦੀ ਹੈ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ 110 ਪਰਿਵਾਰ ਪਠਾਨਕੋਟ ਹਾਊਸਿੰਗ ਕਾਲੋਨੀ ਵਿਚ ਬੈਠੇ ਹਨ। ਉਹ ਲੋਕ ਹਿਮਾਚਲ ਵਿਚ ਜਾ ਰਹੇ ਸਨ ਪਰ ਪਠਾਨਕੋਟ ਦੇ ਲੋਕਾਂ ਨੇ ਰੋਕ ਕੇ ਕਾਲੋਨੀ ਵਿਚ ਰੱਖ ਲਿਆ। ਪ੍ਰਸ਼ਾਸਨ ਨੇ 4,5 ਵਾਰੀ ਕਢਣ ਦੀ ਕੋਸ਼ਿਸ਼ ਕੀਤੀ ਹੈ, ਬੜੀ ਖੁਸ਼ੀ ਹੈ ਕਿ ਇਹ ਕੱਢ ਨਹੀਂ ਰਹੇ ,ਕੀ ਉਨ੍ਹਾਂ ਨੂੰ ਮਾਈਗਰੈਂਟਸ ਵਾਲੀਆਂ ਸਾਰੀਆਂ ਸਹੂਲਤਾਂ ਪਰੋਵਾਈਡ ਕੀਤੀਆਂ ਜਾਣਗੀਆਂ ਜਿਹੜੀਆਂ ਬਾਕੀਆਂ ਨੂੰ ਦਿੱਤੀਆਂ ਜਾਂਦੀਆਂ ਹਨ?

ਮੁੱਖ ਮੰਤਰੀ : ਇਹ ਪਰਿਵਾਰ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ ਉਥੇ ਉਨ੍ਹਾਂ ਮਕਾਨਾਂ ਵਿਚ ਜਾ ਕੇ ਪਠਾਨਕੋਟ ਬੈਠ ਗਏ ਸਨ। ਉਨ੍ਹਾਂ ਦੇ ਕੇਸ ਵਿਚ , ਜਿਸ ਤਰ੍ਹਾਂ ਕਿ ਮਨਿਸਟਰ ਸਾਹਿਬ ਦੱਸ ਰਹੇ ਸਨ, ਜਿਨ੍ਹਾਂ ਨੇ ਦਰਖਾਸਤਾਂ ਦਿੱਤੀਆਂ ਹਨ, ਜਾਂ ਦੇਣੀਆਂ ਹਨ, ਹਮਦਰਦੀ ਨਾਲ ਵਿਚਾਰ ਕਰਕੇ ਜੋ ਪਾਲਿਸੀ ਬਣੀ ਹੈ, ਉਸ ਦੇ ਤਹਿਤ ਅਲਾਟ ਹੋ ਸਕਦੇ ਹਨ ਤਾਂ ਹੋ ਜਾਣਗੇ ਲੇਕਿਨ ਉਨ੍ਹਾਂ ਨੂੰ ਮਾਈ ਗਰੈਂਟਸ ਨਹੀਂ ਕਿਹਾ ਜਾਵੇਗਾ। ਮਾਈਗਰੈਂਟਸ ਉਹ ਹਨ ਜੋ ਸਟੇਟ ਤੋਂ ਬਾਹਰ ਚਲੇ ਗਏ ਹਨ।

Sewerage Nalla in Majitha

*724. **Sardar Surinder Pal Singh Majitha :** Will the Minister of State for Local Government be pleased to state whether it is a fact that the construction work of the sewerage Nalla in Majitha is lying incomeplete for the last more than ten years ; if so, the time by which it is likely to be completed ?

ਸਰਦਾਰ ਮੁਹਿੰਦਰ ਸਿੰਘ ਸਾਂਈਆਂਵਾਲਾ : ਮਜੀਠਾ ਵਿਖੇ ਕੋਈ ਸੀਵਰੇਜ਼ ਨਾਲਾ ਨਹੀਂ ਹੈ। ਜਾਪਦਾ ਹੈ, ਕਿ ਮਾਨਯੋਗ ਮੈਂਬਰ ਸਾਹਿਬਾਨ ਮਜੀਠਾ ਵਿਖੇ ਸੀਵਰ ਸਿਸਟਮ ਪਾਉਣ ਬਾਰੇ ਹਵਾਲਾ ਦੇ ਰਹੇ ਹਨ। ਸਾਰੇ ਸਿਸ਼ਟਮ ਦਾ ਖਰਚਾ ਲਗ ਭੱਗ 35 ਲੱਖ ਰੁਪਏ ਹੈ। ਇਸ ਵਿਚੋਂ ਕੇਵਲ 5 ਲਖ ਰੁਪਏ ਦਾ ਕੰਮ ਕੀਤਾ ਜਾ ਚੁਕਾ ਹੈ। ਅੰਸ਼ਕ ਬਣਤਰ ਨਾਲ ਕੁਝ ਰਾਹਤ ਮਿਲੀ ਹੈ। ਵਿੱਤੀ ਸਾਧਨਾ ਦੀ ਘਾਟ ਕਾਰਨ ਸੀਵਰ ਸਿਸਟਮ ਯੋਗ ਢੰਗ ਨਾਲ ਕੰਮ ਨਹੀਂ ਕਰ ਰਿਹਾ ਪ੍ਰਾਜੈਕਟ ਦੀ ਬਣਤਰ ਦੀ ਪੂਰੀ ਕੀਮਤ ਅਤੇ ਇਸ ਨੂੰ ਚਾਲੂ ਰਖਣ ਬਾਰੇ ਖਰਚੇ ਦੇ ਵੇਰਵੇ ਤਿਆਰ ਕੀਤੇ ਜਾ ਚੁਕੇ ਹਨ ਤੇ ਆਸ ਹੈ ਕਿ ਜਦੋਂ ਲੋੜੀਂਦੇ ਵਿੱਤੀ ਸਾਧਨ ਉਪਲਬਧ ਹੋਣਗੇ ਤਾਂ ਮਜੀਠੇ ਵਿਖੇ ਸੀਵਰੇਜ ਸਿਸਟਮ ਦਾ ਕੰਮ ਪੂਰਾ ਹੋ ਜਾਵੇਗਾ।

ਸਰਦਾਰ ਸੁਰਿੰਦਰ ਪਾਲ ਸਿੰਘ ਮਜੀਠਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਜੀਠੇ ਦਾ ਸੀਵਰ ਸਿਸਟਮ 10 ਸਾਲਾਂ ਤੋਂ ਅਧੂਰਾ ਪਿਆ ਹੈ, ਜੇਕਰ ਫੰਡ ਘੱਟ ਹਨ ਤਾਂ ਕੀ ਇਹ ਕੰਮ ਸਰਕਾਰ ਸੀਵਰੇਜ ਬੋਰਡ ਦੇ ਹਵਾਲੇ ਕਰ ਦੇਵੇਗੀ ਤਾਂ ਕਿ ਕੰਮ ਪੂਰਾ ਹੋ ਸਕੇ ?

ਰਾਜ ਮੰਤਰੀ : ਸੀਵਰੇਜ ਬੋਰਡ ਹੀ ਉਸ ਕੰਮ ਨੂੰ ਕਰਦਾ ਹੈ। ਫੰਡਜ਼ ਮਿਊਂਸਪਲ ਕਮੇਟੀ ਨੇ ਦੇਣੇ ਹਨ। ਮਿਊਸਿਪਲ ਕਮੇਟੀ ਛੋਟੀ ਹੈ। ਜਿਤਨੇ ਫੰਡ ਹੁੰਦੇ ਹਨ ਲਾਏ ਜਾਂਦੇ ਹਨ, ਜਿਵੇਂ ਜਿਵੇਂ ਫੰਡ ਮਿਲ ਜਾਣਗੇ, ਲਾਏ ਜਾਣਗੇ।

ਸ਼੍ਰੀ ਹੰਸ ਰਾਜ ਆਰੋਆ : ਸਪੀਕਰ ਸਾਹਿਬ, ਮੈਂ ਆਪ ਜੀ ਦੀ ਮਾਰਫਤ ਪੁੱਛਣਾ ਚਾਹੁੰਦਾ ਹਾਂ ਕਿ ਅਬੋਹਰ 'ਏ' ਕਲਾਸ ਮਿਊ ਸਿਪਲ ਕਮੇਟੀ ਹੈ ਪਰ ਉਥੇ ਸੀਵਰ ਦੀ ਹਾਲਤ ਬਹੁਤ ਬੁਰੀ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਲਿਖ ਕੇ ਵੀ ਭੇਜਿਆ ਹੋਇਆ ਹੈ, ਸਵਾਲ ਵੀ ਭੇਜਿਆ ਹੋਇਆ ਹੈ। ਕਿ ਉਸ ਵੱਲ ਧਿਆਨ ਦੇਣਗੇ ?

ਰਾਜ ਮੰਤਰੀ: ਇਸ ਸਵਾਲ ਨਾਲ ਕੋਈ ਸਬੰਧ ਨਹੀਂ ਹੈ, ਲਿਖਕੇ ਭੇਜ ਦੇਣ, ਜਵਾਬ ਦੇ ਦੇਵਾਂਗਾ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਜਿਹੜੀ ਮਿਊਂਸਿਪਲ ਕਮੇਟੀ ਏਨਾ ਬਰਡਨ ਬਰਦਾਸ਼ਤ ਨਹੀਂ ਕਰ ਸਕਦੀ ਔਰ ਕੰਮ ਕਈ ਸਾਲਾਂ ਤੋਂ ਰੁਕਿਆ ਪਿਆ ਹੈ, ਇਸ ਨਾਲ ਜਿਹੜਾ ਪੰਜ ਲੱਖ ਰੁਪਿਆ ਲਗਾਇਆ ਹੈ, ਉਹ ਵੀ ਜ਼ਾਇਆ ਹੋ ਗਿਆ ਹੈ, ਜਿਹੜੀ ਗਰੀਬ ਮਿਊਂਸਿਪਲ ਕਮੇਟੀ ਹੈ, ਜਿੱਥੇ ਉਹ ਸੀਵਰ ਦਾ ਕੰਮ ਪੂਰਾ ਨਹੀਂ ਕਰ ਸਕਦੀ, ਕੀ ਕੋਈ ਐਸੀ ਪਾਲਿਸੀ ਬਣਾਉਣਗੇ ਕਿ ਸਰਕਾਰ ਉਸ ਨੂੰ ਫੰਡ ਦੇਵੇ ਤਾਂ ਕਿ ਕੰਮ ਹੋ ਸਕੇ ?

ਰਾਜ ਮੰਤਰੀ: ਪੰਜ ਲੱਖ ਰੁਪਿਆ ਜੋ ਖਰਚਿਆ ਗਿਆ ਹੈ ਉਸ ਨਾਲ ਮੇਨ (ਸੀਵਰ) ਬਣਿਆ ਹੈ ਦੂਜਾ ਜੋ ਕੰਮ ਰਹਿ ਗਿਆ ਹੈ, ਨਹੀਂ ਬਣਿਆ ਜਿਵੇਂ ਜਿਵੇਂ ਫੰਡਜ਼ ਆਉਣਗੇ ਉਹ ਹੋ ਜਾਵੇਗਾ। ਮੇਨ ਲਗਾ ਕੇ ਸ਼ਹਿਰ ਵਿਚੋਂ ਜਿਥੇ ਖਤਮ ਹੋ ਜਾਂਦਾ ਸੀ ਉਥੇ ਪਾ ਦਿੱਤਾ ਗਿਆ ਹੈ। ਉਹ ਬਣ ਗਿਆ ਹੈ, ਅਗੇ ਜਿਵੇਂ ਜਿਵੇਂ ਪੈਸੇ ਆਉਣਗੇ ਲਗਾ ਦੇਵਾਂਗੇ।

Sewerage in Ludhiana Cit

***762. Shri Om Parkash Gupta :** Will the Minister of State for Local Government be pleased to state the extent of sewerage yet to be laid by the Municipal Corporation, Ludhiana, and the time by which the same is likely to be laid ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : ਲੱਗ ਭੱਗ 35% ਸੀਵਰੇਜ ਨਗਰ ਨਿਗਮ, ਲੁਧਿਆਣਾ ਵੱਲੋਂ ਪਾਉਣਾ ਬਾਕੀ ਰਹਿੰਦਾ ਹੈ। ਸੀਵਰੇਜ ਦਾ ਬਾਕੀ ਰਹਿੰਦਾ ਕੰਮ 1992 ਈ: ਤੱਕ ਪੂਰਾ ਹੋਣ ਦੀ ਆਸ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਸੀ ਇਹ ਸਾਡੇ ਪੰਜਾਬ ਵਿਚ ਸੀਵਰੇਜ ਸਿਸਟਮ ਇਕ ਵਰਲਡ ਬੈਂਕ ਦੇ ਮੁਤਾਬਿਕ ਆਇਆ ਸੀ ਤਾਂਕਿ ਜਿਹੜੇ ਹਰੀਜਨ ਬਾਲਮੀਕ ਭਰਾ ਆਪਣੇ ਸਿਰਾਂ ਤੇ ਗੰਦਗੀ ਚੁਕਦੇ ਹਨ ਉਸ ਤੋਂ ਬੰਦ ਕੀਤਾ ਜਾਵੇ। ਪਤਾ ਨਹੀਂ ਹੈ ਕਿ ਕਿਹੜਾ ਮਨਹੂਸ ਦਿਨ ਸੀ, ਅਕਾਲੀ ਸਰਕਾਰ ਵੱਲੋਂ ਕੰਮ ਸ਼ੁਰੂ ਕੀਤਾ ਹੈ, ਜੇਕਰ ਇਹ ਕੰਮ ਰਹਿ ਜਾਵੇ ਤਾਂ ਇਸ ਤਰ੍ਹਾਂ ਸ਼ਹਿਰ ਦੇ ਅੰਦਰ ਗੰਦ ਪੈ ਜਾਵੇਗਾ, ਸਾਡੇ ਸ਼ਹਿਰ ਵਿਚ 35 ਪ੍ਰਤੀਸ਼ਤ ਬਣਿਆ ਹੈ, 65 ਪ੍ਰਤੀਸ਼ਤ ਰਹਿੰਦਾ ਹੈ। ਇਸ ਸਾਲ ਵਿਚ ਵੀ ਕੰਮ ਨਹੀਂ ਖਤਮ ਹੋਣਾ, ਕਾਰਪੋਰੇਸ਼ਨ ਕੋਲ ਕੋਈ ਪੈਸਾ ਨਹੀਂ ਹੈ। ਆਇਆ ਇਹ ਕੋਈ ਐਸੀ ਪਾਲਿਸੀ ਡੀਵਾਈਸ ਕਰਨਗੇ ਜਿਸ ਨਾਲ ਕਿ ਸੀਵਰੇਜ ਨੂੰ ਪੂਰਾ ਚਾਲੂ ਕੀਤਾ ਜਾ ਸਕੇ? ਜਿਹੜਾ ਸੀਵਰੇਜ ਦਾ ਪਾਣੀ ਹੈ ਉਸ ਦੀ ਡਿਸਪੋਜ਼ਲ ਨਹੀਂ ਹੋ ਰਹੀ, ਇਹ ਕਹਿੰਦੇ ਹਨ ਕਿ ਗੰਦੇ ਨਾਲੇ ਵਿਚ ਪਾ ਰਹੇ ਹਾਂ ਤੇ ਕਹਿੰਦੇ ਹਨ ਕਿ ਗੰਦਾ ਨਾਲਾ ਸਾਫ ਕਰਨਾ ਹੈ। ਇਸ ਲਈ ਜਿੰਨਾਂ ਚਿਰ ਤੱਕ ਇਹ ਬੈਠਕੇ ਵਿਚਾਰ ਨਹੀਂ ਕਰਦੇ ਇਹ ਕੰਮ ਨਹੀਂ ਹੋ ਸਕਦਾ। ਜਦੋਂ ਤੱਕ ਫੰਡਜ਼ ਨਹੀਂ ਦਿੱਤੇ ਜਾਂਦੇ ਕੰਮ ਕਿਸ ਤਰ੍ਹਾਂ ਹੋਵੇਗਾ? ਕੀ ਇਸ ਬਾਰੇ ਦੱਸਣਗੇ ?

ਰਾਜ ਮੰਤਰੀ : ਇਨ੍ਹਾਂ ਨੇ ਗਲਤ ਫੀਗਰ ਲਿਆ ਹੈ, 65 ਪ੍ਰਤੀਸ਼ਤ ਬਣ ਚੁੱਕਾ ਹੈ ਤੇ 35 ਪ੍ਰਤੀਸ਼ਤ ਰਹਿੰਦਾ ਹੈ। ਜਿਸ ਵੇਲੇ ਇਨ੍ਹਾਂ ਦੀ ਸਰਕਾਰ ਸੀ ਉਦੋਂ ਦੀ ਸਕੀਮ ਬਣੀ ਹੈ। 1992 ਵਿਚ ਟੋਟਲ ਰਹਿੰਦਾ 35 ਪ੍ਰਤੀਸ਼ਤ ਕੰਮ ਪੂਰਾ ਹੋ ਜਾਵੇਗਾ। ਇਹ ਨਹੀਂ ਹੈ ਕਿ 1992 ਵਿਚ ਹੀ ਹੋਵੇਗਾ ਪੈਸੇ ਲੱਗ ਰਹੇ ਹਨ, ਕੰਮ ਚਾਲੂ ਹੈ 1992 ਤੱਕ ਜੋ ਬਕਾਇਆ ਹਿੱਸਾ ਰਹੇ ਗਾ ਉਹ ਬਣ ਜਾਵੇਗਾ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਇਕ ਫੈਸਲਾ ਹੈ ਕਿ, ਕਿਉਂਕਿ ਸ਼ਹਿਰਾਂ ਔਰ ਪਿੰਡਾਂ ਵਿਚ ਗਰੀਬ ਜ਼ਿਆਦਾ ਰਹਿੰਦੇ ਹਨ ਇਸ ਕਰਕੇ ਜਿਥੇ ਉਹ ਨਹੀਂ ਲਗਵਾ ਸਕਦੇ, ਔਰ ਸੀਵਰੇਜ ਸਿਸਟਮ ਸਾਰਾ ਨਹੀਂ ਹੋ ਜਾਂਦਾ ਕਿਸੇ ਸ਼ਹਿਰ ਦੀ ਸਫਾਈ ਨਹੀਂ ਹੋ ਸਕਦੀ, ਇਸ ਲਈ ਪਰੋਵੀਜ਼ਨ ਹੈ ਕਿ ਇਸ ਵਾਸਤੇ ਲੋਨ ਦਿੱਤਾ ਜਾਵੇਗਾ ਔਰ ਅਸਾਨ ਕਿਸ਼ਤਾਂ ਤੇ ਰਿਕਵਰੀ ਕੀਤੀ ਜਾਵੇਗੀ ਔਰ ਥੋੜ੍ਹੇ ਜਿਹੇ ਚਾਰਜਿਜ਼ ਲਏ ਜਾਣਗੇ। ਲੇਕਿਨ ਉਹ ਚਾਰਜਿਜ਼ ਤਾਂ ਅੱਜ ਪਿਓ ਦੇ ਪਿਓ ਕਰ ਦਿੱਤੇ ਹਨ। ਕੀ ਉਸ ਪਾਲਿਸੀ ਮੁਤਾਬਿਕ ਹੀ ਸਾਰਿਆਂ ਨੂੰ ਸੀਵਰੇਜ਼ ਦੇਣਗੇ ?

ਕਈ ਅਵਾਜ਼ਾਂ : ਇਹ 'ਪਿਓ ਦੇ ਪਿਓ' ਕੀ ਹੁੰਦਾ ਹੈ ਜੀ ਇਹ ਤਾਂ ਪੁਛੋ (ਹਾਸਾ)

ਰਾਜ ਮੰਤਰੀ: ਇਸ ਸਾਲ ਵਿਚ ਜਿੰਨੇ ਵੀ ਫੰਡਜ਼ ਹੋਣਗੇ ਉਸ ਅਨੁਸਾਰ ਕੰਮ ਕਰ ਦੇਵਾਂਗੇ। ਇਸ ਦੀ ਕਮੇਟੀ ਬਾਰੇ ਸੀ. ਐਮ. ਸਾਹਿਬ ਨੇ ਕਹਿ ਹੀ ਦਿੱਤਾ ਹੈ। ਬਾਕੀ ਜੋ ਕਰਜ਼ੇ ਦੀ ਗੱਲ ਹੈ ਇਹ ਤਾਂ ਪਹਿਲੇ ਹੀ ਕਹਿੰਦੇ ਹਨ ਕਿ ਉਨ੍ਹਾਂ ਦੇ ਸਿਰ ਕਰਜ਼ਾ ਚੜ੍ਹਾ ਦਿੱਤਾ ਹੈ। ਬਾਕੀ ਇਸ ਸਕੀਮ ਦਾ ਕੰਮ ਪ੍ਰਾਇਰਟੀ ਤੇ ਲੈ ਰਹੇ ਹਾਂ। 1992 ਤੱਕ ਕੰਪਲੀਟ ਹੋ ਜਾਵੇਗਾ।

ਸਰਦਾਰ ਹਰਦਿਆਲ ਸਿੰਘ ਰਾਂਜਲਾ: ਮੇਰੇ ਹਲਕੇ ਵਿੱਚ ਪਟਿਆਲੇ ਸ਼ਹਿਰ ਦਾ ਏਰੀਆ ਪੈਂਦਾ ਹੈ, ਉਸ ਵਿੱਚ ਬਹੁਤੀ ਥਾਈ ਜਿਹੜਾ ਸੀਵਰੇਜ ਲਗਿਆ ਹੈ ਉਹ ਧੀਮੀ ਚਾਲ ਚਲ ਰਿਹਾ ਹੈ। ਉਸ ਨੂੰ ਛੇਤੀ ਮੁਕੰਮਲ ਕਰਨਾ ਚਾਹੀਦਾ ਹੈ। ਉਸ ਦਾ ਪਾਣੀ ਬਾਹਰ ਕੱਢਣ ਦੀ ਬਜਾਏ ਲੋਕਾਂ ਦੇ ਘਰਾਂ ਵਿਚ ਵਾਪਸ ਜਾਂਦਾ ਹੈ। ਕੀ ਇਹ ਇਸਦੀ ਇਨਕੁਆਇਰੀ ਕਰਾਉਣਗੇ ਕਿ ਇਸ ਤਰ੍ਹਾਂ ਦਾ ਸੀਵਰੇਜ ਸਿਸਟਮ ਕਿਸ ਨੇ ਚਲਾਇਆ ਹੈ ਅਤੇ ਦੋਸ਼ੀ ਨੂੰ ਸਜ਼ਾ ਦੇਣਗੇ?

(ਕੋਈ ਜਵਾਬ ਨਹੀਂ ਆਇਆ।)

Bridge over Majitha Distributary

*767. **Jathedar Tara Singh Attari :** Will the Chief Minister be pleased to state—

(a) whether it is fact that the bridge constructed over Majitha distributary near village Sohal in district Amritsar is very narrow ;

(b) if the reply to part (a) above be in the affirmative, whether the Government proposes to widen the said bridge; if so, the time by which that is likely to be done ?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) : (ੳ) ਮਜੀਠਾ ਰਾਜਬਾਹੇ ਤੇ ਕੋਈ ਅਜਿਹਾ ਪੁਲ ਨਹੀਂ ਹੈ।

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।

Avenues of promotion to the Classical and Vernacular Teachers

*812. **Sardar Karnail Singh Doad :** Will the Chief Minister be pleased to state whether there is any proposal under the consideration of the Government to provide avenues of promotion to the classical and vernacular teachers working in Government schools ; if so, the details thereof, if not, the reason therefor ?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ): (ੳ) ਹਾਂ ਜੀ।

(ਅ) ਸੇਵਾ ਨਿਯਮਾਂ ਵਿਚ ਸੋਧ ਵਿਚਾਰ ਅਧੀਨ ਹੈ ।

ਸਰਦਾਰ ਕਰਨੈਲ ਸਿੰਘ ਡੋਡ : ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਮਾਮਲਾ ਕਲਾਸੀਕਲ ਅਤੇ ਵਰਨੈਕੁਲਰ ਟੀਚਰਜ਼ ਦਾ ਬੜੀ ਦੇਰ ਤੋਂ ਲਟਕਦਾ ਪਿਆ ਹੈ, ਇਹ ਕਹਿੰਦੇ ਹਨ ਕਿ ਰੂਲਜ਼ ਬਣਾਏ ਜਾ ਰਹੇ ਹਨ, ਇਸ ਵਿਚ ਕਿੰਨਾ ਟਾਈਮ ਲਗੇਗਾ ਔਰ ਉਨ੍ਹਾਂ ਦੀ ਪਰਮੋਸ਼ਨ ਐਵੇਨਿਊਜ਼ ਦੀ ਕੀ ਤਜ਼ਵੀਜ਼ ਹੈ ?

ਸਹਿਕਾਰਤਾ ਮੰਤਰੀ: ਮੈਂ ਦੱਸਣਾ ਚਾਹਵਾਂਗਾ ਕਿ ਇਹ ਸਰਕਾਰ ਦੇ ਵਿਚਾਰ ਅਧੀਨ ਹੈ ਔਰ ਸਰਕਾਰ ਇਹ ਸਮਝਦੀ ਹੈ ਕਿ ਜਿਥੇ ਆਰਟਸ ਐਂਡ ਕਰਾਫ਼ਟਸ, ਪੰਜਾਬੀ, ਹਿੰਦੀ, ਸੰਸਕਰਿਤ ਅਤੇ ਪੀ. ਟੀ. ਆਈ. ਦੇ ਟੀਚਰਜ਼ ਦੇ ਸਕੇਲ 570–1080 ਦੇ ਹਨ ਅਤੇ 30 ਪ੍ਰਤੀਸ਼ਤ ਨੂੰ ਇਹ ਸਕੇਲ 600–1200 ਦਾ ਦਿੱਤਾ ਜਾਂਦਾ ਹੈ ਉਥੇ ਇਹ ਜਿਹੜੇ ਟੀਚਰਜ਼ ਹਨ ਇਹ 400—800 ਦੇ ਸਕੇਲ ਵਿਚ ਹਨ , ਇਸ ਕਰਕੇ ਸਰਕਾਰ ਇਹ ਮਹਿਸੂਸ ਕਰਦੀ ਹੈ ਕਿ ਇਹ ਸੋਧ ਕਰ ਲਈ ਜਾਵੇ, ਇਸ ਲਈ ਇਹ ਕੇਸ ਪੇਅ ਕਮਿਸ਼ਨ ਕੋਲ ਗਿਆ ਹੈ।

ਸਰਦਾਰ ਕਰਨੈਲ ਸਿੰਘ ਡੋਡ : ਇਕ ਪਾਸੇ ਇਹ ਕਹਿੰਦੇ ਹਨ ਕਿ ਸੋਧ ਕਰ ਰਹੇ ਹਾਂ ਦੂਜੇ ਪਾਸੇ ਕਹਿੰਦੇ ਹਨ ਕਿ ਪੇਅ ਕਮਿਸ਼ਨ ਕੋਲ ਭੇਜਿਆ ਹੈ। ਇਹ ਕੰਟਰਾਡਿਕਟਰੀ ਜਵਾਬ ਹੈ?

ਮੰਤਰੀ : ਸਪੀਕਰ ਸਾਹਿਬ, ਮੈਂ ਕਿਹਾ ਹੈ ਕਿ ਇਹ ਵਿਚਾਰ ਅਧੀਨ ਹੈ। ਜਦ ਤੱਕ ਪੇਅ ਕਮਿਸ਼ਨ ਦੀ ਰਿਪੋਰਟ ਨਹੀਂ ਆਉਂਦੀ ਉਤਨੀ ਦੇਰ ਤੱਕ ਇਹ ਨਹੀਂ ਹੋ ਸਕਦਾ।

ਸਰਦਾਰ ਕਰਨੈਲ ਸਿੰਘ ਡੋਡ: ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇਹ ਵਿਚਾਰ ਅਧੀਨ ਹੈ। ਇਹ ਹਾਊਸ ਦੇ ਨਾਲ [**]ਕਰ ਰਹੇ ਹਨ ਜਦ ਪੇਅ ਕਮਿਸ਼ਨ ਨੇ ਰਿਪੋਰਟ ਹੀ ਨਹੀਂ ਦਿੱਤੀ। ਉਤਨੀ ਦੇਰ ਤੱਕ ਫੇਰ ਕਿਸ ਤਰ੍ਹਾਂ ਵਿਚਾਰ ਅਧੀਨ ਰਿਹਾ। ਇਹ ਬਿਲਕੁਲ [**] ਹੈ ਤੁਹਾਨੂੰ, ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੂੰ ਤਾੜਨਾ ਕਰਨੀ ਚਾਹੀਦੀ ਹੈ।

ਸ੍ਰੀ ਸਪੀਕਰ: [**] ਸ਼ਬਦ ਹਾਊਸ ਦੀ ਪਰੋਸੀਡਿੰਗਜ਼ ਵਿਚੋਂ ਐਕਸਪੰਜ ਕਰ ਦਿੱਤਾ ਜਾਵੇ।

Mr. Speaker : Question Hour is over. The remaining Questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Ground Level of Bus Stand Majitha

***723. Sardar Surinder Pal Singh Majitha :** Will the Minister for State for Transport be pleased to state whether it is a fact that the ground level of Bus-stand Majitha, is below the level of the surrounding area and the rainy water remains stagnant there ; if so, the time by which the ground level of the said bus stand is likely to be raised ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ (ਰਾਜ ਮੰਤਰੀ, ਸਥਾਨਕ ਸਰਕਾਰ): ਮਜੀਠਾ ਬਸ ਸਟੈਂਡ ਦੀ ਜ਼ਮੀਨ ਦਾ ਪੱਧਰ ਉਹ ਹੀ ਹੈ ਜੋ ਸੜਕ ਦਾ ਹੈ। ਬਰਸਾਤ ਦੇ ਮੌਸਮ ਵਿਚ ਆਸ ਪਾਸ ਦੇ ਦੁਕਾਨਦਾਰ ਬਰਸਾਤ ਦਾ ਪਾਣੀ ਦੁਕਾਨਾਂ ਵਿਚ ਜਾਣ ਤੋਂ ਬਚਾਉਣ ਲਈ ਆਪਣੀਆਂ ਦੁਕਾਨਾਂ ਦੇ ਸਾਹਮਣੇ ਦੀ ਜਗਾਹ ਮਿਟੀ ਪਾ ਕੇ ਉਚੀ ਕਰ ਦਿੰਦੇ ਹਨ। ਇਸ ਕਰਕੇ ਬਰਸਾਤ ਦਾ ਪਾਣੀ ਕੁਝ ਸਮੇਂ ਲਈ ਬਸ ਅਡੇ ਵਿੱਚ ਖੜ੍ਹਾ ਰਹਿੰਦਾ ਹੈ।

Grewal Committees

***768. Doctor Dalbir Singh :** Will the Chief Minister be pleased to state that the reasons for which the special Committee called the Grewal Committee was constituted for recruitment of the teaching staff in various schools in the State ?

ਸਰਦਾਰ ਸੁਰਜੀਤ ਸਿੰਘ ਬਰਨਾਲਾ: ਲੋੜੀਂਦੇ ਮੀਆਰ ਦਾ ਅਧਿਆਪਨ ਅਮਲਾ ਭਰਤੀ ਕਰਨ ਲਈ ਵਿਸ਼ੇਸ਼ ਕਮੇਟੀ ਸਥਾਪਤ ਕੀਤੀ ਗਈ ਸੀ।

Shortage of Teaching Staff in Primary Schools etc. in Pathankot Tehsil

***753. Shri Raghu Nath Sahai Puri :** Will the Chief Minister be pleased to state whether it is a fact that there is shortage of teaching staff in some primary and Middle Schools in Pathankot Tehsil; if so, the steps taken/proposed to be taken in the matter ?

ਸਰਦਾਰ ਸੁਰਜੀਤ ਸਿੰਘ ਬਰਨਾਲਾ: ਹਾਂ ਜੀ। ਮਿਡਲ ਅਤੇ ਪ੍ਰਾਇਮਰੀ ਸਕੂਲਾਂ ਵਿਚ ਅਮਲੇ ਦੀ ਘਾਟ ਰੈਸ਼ਨੇਲਾਈਜ਼ੇਸ਼ਨ/ਭਰਤੀ ਰਾਹੀਂ ਪੂਰੀ ਕੀਤੀ ਜਾਵੇਗੀ।

**Expunged as ordered by the Chair.

25 Bed Hospital at Behloor Kalan District Jalandhar

***773. Sardar Dilbagh Singh :** Will the Chief Minister be pleased to refer to the reply given by the Minister of Health to starred Question No. 1928 on 17th March, 1983 and to state whether a 25-bedded hospital has been sanctioned at village Behloor Kalan, Tehsil Nawanshahar, District Jalandhar; if not the reasons therefor ?

ਸਰਦਾਰ ਸੁਰਜੀਤ ਸਿੰਘ ਬਰਨਾਲਾ: ਨਹੀਂ ਜੀ ਸਰਕਾਰ ਨੇ ਭਾਰਤ ਸਰਕਾਰ ਦੀ 1/3 ਸਕੀਮ ਅਧੀਨ ਮੰਨਜ਼ੂਰੀ ਉਪਰੰਤ ਇਹ ਹਸਪਤਾਲ ਬਨਾਉਣ ਦਾ ਫੈਸਲਾ ਕੀਤਾ ਸੀ। ਭਾਰਤ ਸਰਕਾਰ ਵੱਲੋਂ ਇਹ ਸਕੀਮ ਬੰਦ ਕਰ ਦੇਣ ਕਾਰਣ ਇਸ ਹਸਪਤਾਲ ਦੀ ਮਨਜ਼ੂਰੀ ਨਹੀਂ ਦਿਤੀ ਜਾ ਸਕਦੀ।

POINT OF ORDER *Re.* CONVERSION OF ADJOURNMENT MOTION INTO CALL ATTENTION NOTICE

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਸਵੇਰੇ ਦੀ ਮੀਟਿੰਗ ਵਿਚ ਤੁਸੀਂ ਹੁਕਮ ਕੀਤਾ ਸੀ ਕਿ ਜੋ ਮੇਰੀ ਐਡਜਰਨਮੈਂਟ ਮੋਸ਼ਨ ਹੈ ਉਸ ਨੂੰ ਕਾਲ ਅਟੈਨਸ਼ਨ ਨੋਟਿਸ ਵਿੱਚ ਬਦਲ ਦਿੱਤੀ ਜਾਵੇਗੀ ਔਰ ਦੂਸਰੀ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਬਾਰੇ ਸੀ ਉਸ ਨੂੰ ਐਡਮਿਟ ਕਰ ਲਿਆ ਹੈ ਔਰ ਇਸੇ ਸੈਸ਼ਨ ਵਿਚ ਆ ਜਾਵੇਗੀ ਪਰ ਅੱਜ ਦੇ ਏਜੰਡੇ ਵਿਚ ਹਾਲੇ ਤੱਕ ਨਹੀਂ ਆਈ ਹੈ। ਇਸ ਵੱਲ ਧਿਆਨ ਦਿੱਤਾ ਜਾਵੇ।

Mr. Speaker : It should not be taken as a precedence.

ਚੂੰਕਿ ਤੁਸੀਂ ਬੜਾ ਇਨਸਿਸਟ ਕੀਤਾ ਸੀ ਇਸ ਬਾਰੇ ਮੈਂ ਇਤਲਾਹ ਕਰ ਦਿੰਦਾ ਹਾਂ ਪਰ ਅੱਗੇ ਤੋਂ ਡਿਸਅਲਾਓ ਬਾਰੇ ਮੇਰੇ ਚੈਂਬਰ ਵਿਚ ਆ ਕੇ ਪੁੱਛ ਸਕਦੇ ਹੋ।

Sardar Sukhdev Singh Dhindsa has requested the House that his adjournment motion may be converted into a Call Attention Notice. In this connection, I have to point out that Call Attention Notices are restricted to a specific matter of urgent public importance of recent occurrence. The recent incident mentioned in the Adjournment Motion is dated 31st June, 1986. It thus cannot be stated to be a matter of recent occurrence. It is for this reason that this Adjournment Motion cannot be converted into a Call Attention Notice.

Secondly, Sardar Sukhdev Singh Dhindsa, M.L.A. had also referred to a Call Attention Notice No. 69 in which he had stated that the AISSF was not allowed to hold function on 23rd March, 1987 at Hussaniwala or at Khatkar Kalan. Hon. Member will agree that the permission in such matter is granted by the district administration keeping in view the law and order situation prevalent there and in such matters their discretion is final. I had, therefore, rightly ruled that the matter cannot be admitted because:—

(i) It pertains to ordinary administration of law ;

(ii) Members can raise this matter on the general discussion on budget/Appropriation Bill or when the Demand for Grant for General Administration is taken up in the House.

WALK OUT

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਨੂੰ ਬਹੁਤ ਅਫਸੋਸ ਹੈ ਕਿ ਤੁਸੀਂ ਸਵੇਰੇ ਕਿਹਾ ਸੀ ਕਿ ਇਹ ਗੱਲ ਠੀਕ ਹੈ। ਇਸ ਵਾਕਿਆ ਨੂੰ ਦਿਨ ਬਹੁਤ ਹੋ ਗਏ ਹਨ ਪਰ ਇਹ ਇਸ਼ੂ ਇਤਨਾ ਇੰਪਾਰਟੈਂਟ ਹੈ ਕਿ ਫੇਕ ਐਨਕਾਊਂਟਰਜ਼ ਹੋਏ ਹਨ ਅਤੇ ਇਸ ਦੀ ਸਾਰੇ ਸੂਬੇ ਨੂੰ ਚਿੰਤਾ ਹੈ। ਜਿਸ ਯੂਥ ਨੂੰ ਤੁਸੀਂ ਮੇਨਸਟਰੀਮ ਤੇ ਲਿਆਉਣਾ ਚਾਹੁੰਦੇ ਹੋ ਤੁਸੀਂ ਉਸ ਨੂੰ ਰਿਜੈਕਟ ਕਰ ਦਿੱਤਾ ਹੈ। ਇਸ ਦੇ ਵਿਚ ਐਡਮਨਿਸਟਰੇਸ਼ਨ ਵਾਲੀ ਕਿਹੜੀ ਗੱਲ ਹੈ। ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਸਟੇਜਾਂ ਲਗਦੀਆਂ ਰਹੀਆਂ ਹਨ। ਉਹ ਸਾਰੇ ਮੁਲਕ ਦਾ ਸ਼ਹੀਦ ਸੀ ਅਤੇ ਹਰ ਸਾਲ ਉਸ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ ਪਰ ਇਸ ਦੀ ਇਜ਼ਾਜ਼ਤ ਨਹੀਂ ਦਿੱਤੀ ਗਈ। ਜੇਕਰ ਯੂਥ ਸ਼ਹੀਦਾਂ ਨੂੰ ਸ਼ਰਧਾਂਜਲੀ ਨਹੀਂ ਦੇ ਸਕਦੇ ਔਰ ਸਪੀਕਰ ਸਾਹਿਬ, ਪਹਿਲੇ ਥਾਂ ਦੇ ਦਿੱਤੀ ਪਰ ਬਾਦ ਵਿਚ ਚੁੱਕ ਲਈ। ਇਸ ਕਰਕੇ, ਸਪੀਕਰ ਸਾਹਿਬ, ਤੁਸੀਂ ਬੜੀ ਬੇਇਨਸਾਫੀ ਕਰ ਰਹ ਹੋ। ਸਪੀਕਰ ਸਾਹਿਬ, ਇਸ ਦੇ ਪ੍ਰੋਟੈਸਟ ਵਿਚ ਅਸੀਂ ਸਾਰੇ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸ਼ਰੋਮਣੀ ਅਕਾਲੀ ਦਲ ਦੇ ਕੁਝ ਮਾਨਯੋਗ ਮੈਂਬਰਜ਼ ਸਦਨ ਤੋਂ ਬਾਹਰ ਚਲੇ ਗਏ ਅਤੇ ਜਾਂਦੇ ਸਮੇਂ ਨਾਹਰੇ ਲਗਾ ਰਹੇ ਸਨ ਜੋ ਚੇਅਰ ਦੇ ਹੁਕਮ ਮੁਤਾਬਿਕ ਰਿਕਾਰਡ ਨਹੀਂ ਕੀਤੇ ਗਏ**)

ਸ੍ਰੀ ਸਪੀਕਰ: ਜੋ ਨਾਹਰੇ ਲਗਾਏ ਜਾ ਰਹੇ ਹਨ, ਉਹ ਰਿਕਾਰਡ ਨਾ ਕੀਤੇ ਜਾਣ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਜੋ ਕਿ ਪਠਾਨਕੋਟ ਦੇ ਪਾਣੀ ਦੇ ਮਸਲੇ ਬਾਰੇ ਹੈ। ਸਵੇਰੇ ਮੇਰਾ ਸਵਾਲ ਵੀ ਸੀ ਪਰ ਤੁਸੀਂ ਦਸਿਆ ਹੈ ਕਿ ਉਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ। ਕੀ ਉਸ ਸਵਾਲ ਦਾ ਜਵਾਬ ਇਸੇ ਸੈਸ਼ਨ ਵਿਚ ਮਿਲੇਗਾ ? ਇਹ ਸਵਾਲ ਪਠਾਨਕੋਟ ਸ਼ਹਿਰ ਦੇ ਮੁਹੱਲਿਆਂ ਵਿਚ ਪੀਣ ਵਾਲੇ ਪਾਣੀ ਦੀ ਬਹੁਤ ਕਿਲਤ ਦਾ ਹੈ। ਕੀ ਮੰਤਰੀ ਜੀ ਐਸ਼ੋਰੈਂਸ ਦੇਣਗੇ ਕਿ ਉਥੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕੀਤਾ ਜਾਵੇਗਾ ? (ਵਿਘਨ)

ਸ੍ਰੀ ਸਪੀਕਰ: : ਮਾਸਟਰ ਜੀ, ਤੁਸੀਂ ਇਕ ਮਿੰਟ ਵਿਚ ਕੰਪਲੀਟ ਕਰ ਦਿਓ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਇਹ ਬੇਨਤੀ ਕੀਤੀ ਹੈ ਕਿ ਸਵੇਰੇ ਸੈਸ਼ਨ ਵੇਲੇ ਮੇਰਾ ਸਵਾਲ ਨੰ: 828 ਹੈ ਜਿਹੜਾ ਕਿ ਪਠਾਨਕੋਟ ਦੀਆਂ 9 ਬਸਤੀਆਂ ਨੂੰ ਪੀਣ ਦੇ ਪਾਣੀ ਦੇ ਮਸਲੇ ਬਾਰੇ ਸੀ। ਤੁਸੀਂ ਕਿਹਾ ਸੀ ਕਿ ਇਸ ਸਵਾਲ ਦੀ ਐਕਸਟੈਨਸ਼ਨ ਮੰਗ ਲਿਤੀ ਗਈ ਹੈ। ਕੀ ਇਸ ਦਾ ਜਵਾਬ ਸਪੀਕਰ ਸਾਹਿਬ, ਇਸੇ ਸੈਸ਼ਨ ਵਿਚ ਆ ਜਾਵੇਗਾ ?

ਸ੍ਰੀ ਸਪੀਕਰ : ਮੈਂ ਇਸ ਨੂੰ ਐਗਜ਼ਾਮਿਨ ਕਰਕੇ ਕੱਲ ਨੂੰ ਦੱਸ ਦੇਵਾਂਗਾ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ: : ਸਪੀਕਰ ਸਾਹਿਬ, 13 ਤਾਰੀਖ ਨੂੰ ਜ਼ਿਲ੍ਹਾ ਅੰਮ੍ਰਿਤਸਰ ਵਿਚ ਗੁਲਸ਼ਨ ਰਾਏ ਮਾਰਿਆ ਗਿਆ ਸੀ। ਇਸ ਬਾਰੇ ਅਖਬਾਰਾਂ ਵਿਚ ਵੀ ਆਇਆ ਸੀ। ਇਹ ਮਾਮਲਾ ਸਦਨ ਵਿਚ ਵੀ ਉਠਾਇਆ ਗਿਆ ਸੀ। ਮੁੱਖ ਮੰਤਰੀ ਜੀ ਨੇ ਕਿਹਾ ਸੀ ਕਿ ਇਸ ਵੇਲੇ ਮੇਰੇ ਕੋਲ ਫੈਕਟਸ ਮੌਜੂਦ ਨਹੀਂ ਹਨ ਔਰ ਮੈਂ ਅਗਲੀ ਮੀਟਿੰਗ ਵਿਚ ਸਟੇਟਮੈਂਟ ਦੇਵਾਂਗਾ। ਅੱਜ 13 ਦਿਨ ਹੋ ਗਏ ਹਨ । ਪਰ ਸੀ.ਐਮ. ਸਾਹਿਬ ਵਲੋਂ ਕੋਈ ਸਟੇਟਮੈਂਟ ਨਹੀਂ ਆਈ। ਮੈਂ ਸੀ ਐਮ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਬਾਰੇ ਸਟੇਟਮੈਂਟ ਦੇਣ।

**Not recorded as ordered by the Chair.

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਮੈਂ ਆਪ ਜੀ ਨੂੰ ਇੱਕ ਪੱਤਰ ਲਿਖਿਆ ਸੀ, ਇਹ 30 ਸਤੰਬਰ, 1986 ਤੋਂ ਚਲਿਆ ਆ ਰਿਹਾ ਹੈ। ਮੇਰੇ ਹਲਕੇ ਵਿਚ ਪਿਛੇ 1980 ਤੋਂ 1985 ਤੱਕ ਜਿਹੜੀਆਂ ਸੜਕਾਂ ਬਣੀਆਂ ਸਨ ਅਸਲ ਵਿਚ ਉਹ ਹੈਂ ਨਹੀਂ। ਮੈਂ ਮੰਤਰੀ ਜੀ ਦਾ ਰਿਗਾਰਡ ਕਰਦਾ ਹਾਂ। ਪੀ.ਡਬਲਿਊ. ਡੀ. ਦੇ ਮੰਤਰੀ ਸਾਹਿਬ ਹਨ। ਇਹ ਹੁਣ ਦੀ ਸਰਕਾਰ ਤੋਂ ਪਹਿਲਾਂ ਦੀ ਗੱਲ ਹੈ। ਉਨ੍ਹਾਂ ਨੇ ਕਿਹਾ ਸੀ ਕਿ ਅਸੀਂ ਸੀ. ਐਮ. ਸਾਹਿਬ ਤੋਂ ਵੇਰੀਫਾਈ ਕਰਾਇਆ ਹੈ। ਇਹ ਜਵਾਬ ਗਲਤ ਲਗਿਆ ਹੋਇਆ ਹੈ। 21 ਕਿਲੋਮੀਟਰ ਸੜਕ ਬਣੀ ਹੈ। ਮੈਂ ਕਿਹਾ ਸੀ ਕਿ ਸੜਕ ਨਹੀਂ ਬਣੀ। ਚੀਫ ਮਨਿਸਟਰ ਸਾਹਿਬ, ਜੇਕਰ ਆਪ ਨਹੀਂ ਜਾ ਸਕਦੇ ਤਾਂ ਕਿਸੇ ਨੂੰ ਭੇਜ ਕੇ ਤਸੱਲੀ ਕਰਾ ਲੈਣ। ਮੈਂ ਉਸ ਇਲਾਕੇ ਦਾ ਨੁਮਾਇੰਦਾ ਹਾਂ। ਇਹ ਸੜਕ ਉਥੇ ਨਹੀਂ ਹੈ। ਇਹ ਕਹਿੰਦੇ ਹਨ ਕਿ ਸੜਕ ਹੈ। ਇਸ ਚੀਜ਼ ਨੂੰ ਬਾਰ ਬਾਰ ਰਿਪੀਟ ਕਰੀ ਜਾਂਦੇ ਹਨ। ਜੇਕਰ ਇਹ ਆਪ ਨਹੀਂ ਜਾ ਸਕਦੇ ਤਾਂ ਜ਼ਿੰਮੇਵਾਰ ਅਫਸਰ ਨੂੰ ਭੇਜ ਕੇ ਮੇਰੀ ਤਸੱਲੀ ਕਰਾ ਦੇਣ। ਇਨ੍ਹਾਂ ਦੀ ਸਰਕਾਰ ਵੇਲੇ ਦੀ ਇਹ ਗੱਲ ਨਹੀਂ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਇਸ ਮਾਮਲੇ ਬਾਰੇ ਪਹਿਲਾਂ ਵੀ ਅਰਜ਼ ਕੀਤੀ ਸੀ। 13 ਤਾਰੀਖ ਨੂੰ ਮੁੱਖ ਮੰਤਰੀ ਸਾਹਿਬ ਨੇ ਇਸ ਸਦਨ ਵਿਚ ਕਿਹਾ ਸੀ ਕਿ ਅਗਲੀ ਸਿਟਿੰਗ ਵਿਚ ਮੈਂ ਜਵਾਬ ਦੇ ਦੇਵਾਂਗਾ ਕਿਉਂਕਿ ਇਸ ਵੇਲੇ ਮੇਰੇ ਕੋਲ ਰਿਕਾਰਡ ਮੌਜੂਦ ਨਹੀਂ ਹੈ। ਮੈਂ ਇਹ ਮਾਮਲਾ ਫਿਰ ਇਨ੍ਹਾਂ ਦੇ ਨੋਟਿਸ ਵਿਚ ਲਿਆਂਦਾ ਹੈ। ਇਸ ਦਾ ਜਵਾਬ ਨਹੀਂ ਮਿਲ ਰਿਹਾ। ਕੀ ਮੁੱਖ ਮੰਤਰੀ ਜੀ ਇਸ ਦਾ ਜਵਾਬ ਕੱਲ ਦੇ ਸੈਸ਼ਨ ਵਿਚ ਦੇਣਗੇ? ਮੁੱਖ ਮੰਤਰੀ ਸਾਹਿਬ, ਇਸ ਬਾਰੇ ਦੱਸਣ ਦੀ ਖੇਚਲ ਕਰਨ।

ਮੁੱਖ ਮੰਤਰੀ: : ਸਪੀਕਰ ਸਾਹਿਬ, ਮੈਂਬਰ ਸਾਹਿਬ ਨੇ ਬਹੁਤ ਦਿਨਾਂ ਤੋਂ ਇਹ ਯਾਦ ਕਰਾਇਆ ਹੈ। ਮੇਰਾ ਖਿਆਲ ਹੈ ਕਿ ਇਨ੍ਹਾਂ ਨੂੰ ਇਹ ਯਾਦ ਨਹੀਂ ਰਿਹਾ। ਅਗਲੀ ਸਿਟਿੰਗ ਵਿਚ ਮੈਂ ਇਹ ਚੀਜ਼ ਲਿਆਇਆ ਸੀ ਅਤੇ ਖਿਆਲ ਸੀ ਕਿ ਮੈਂਬਰ ਸਾਹਿਬ ਪੁੱਛਣਗੇ ਪਰ ਇਨ੍ਹਾਂ ਨੇ ਪੁੱਛਿਆ ਨਹੀਂ। ਹੁਣ ਮੈਂ ਕੱਲ ਨੂੰ ਫਿਰ ਦੁਬਾਰਾ ਇਹ ਚੀਜ਼ ਲਿਆ ਦੇਵਾਂਗਾ।

ਸ੍ਰੀ ਰਾਮ ਕਿਸ਼ਨ ਕਟਾਰੀਆ : ** ** **

Mr. Speaker : Call Attention Notice No. 65 of Sardar Parshotam Singh.

(Shri Ram Krishan Kataria was speaking without the permission of the Chair).

Do not take the time of the House. How can we thus proceed with the proceedings of the House? You have taken enough time. Please take your seat. Whatever the hon. Member is speaking that should not form part of the record.

CALL ATTENTION NOTICE UNDER RULE 66

(Serial No. 65)

Sardar Parshotam Singh : Sir, I beg to draw the attention of the Government towards a matter of urgent public importance, namely, destruction of crops in Mansa Sub-Division, District Bhatinda, due to

**Expunged as ordered by the Chair.

hailstorms recently. Crops in many villages have been destroyed and no compensation has been paid to the people so far. There is great resentment amongst the people of the area. The Government is requested to make a statement in the House.

ਮਾਲ ਅਤੇ ਪੁਨਰਵਾਸ ਮੰਤਰੀ (ਸਰਦਾਰ ਮੇਜਰ ਸਿੰਘ ਉਬੋਕੇ) : ਡਿਪਟੀ ਕਮਿਸ਼ਨਰ, ਬਠਿੰਡਾ ਤੋਂ ਪ੍ਰਾਪਤ ਹੋਈ ਮੁਢਲੀ ਰਿਪੋਰਟ ਅਨੁਸਾਰ ਮਾਨਸਾ ਸਬਡਿਵੀਜ਼ਨ ਦੀ ਬੁਢਲਾਡਾ ਸਬ ਤਹਿਸੀਲ ਦੇ 15 ਪਿੰਡਾਂ ਵਿੱਚ 24 ਫਰਵਰੀ, 1987 ਨੂੰ ਗੜਿਆਂ ਨਾਲ 5,140 ਏਕੜ ਦੇ ਲਗਭਗ ਫਸਲੀ ਰਕਬੇ ਦਾ ਨੁਕਸਾਨ ਹੋਇਆ ਹੈ। ਸਰਕਾਰੀ ਹਦਾਇਤਾਂ ਅਨੁਸਾਰ ਗਿਰਦਾਵਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਕੁਝ ਦਿਨਾਂ ਵਿਚ ਹੀ ਮੁਕੰਮਲ ਹੋਣ ਦੀ ਸੰਭਾਵਨਾ ਹੈ। ਗਿਰਦਾਵਰੀ ਮੁਕੰਮਲ ਹੋਣ ਅਤੇ ਫਸਲਾਂ ਦੇ ਖਰਾਬੇ ਦਾ ਜਾਇਜ਼ਾ ਲੈਣ ਉਪਰੰਤ ਸਰਕਾਰੀ ਹਦਾਇਤਾਂ ਅਨੁਸਾਰ ਯੋਗ ਵਿਅਕਤੀਆਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ।

ਸਰਦਾਰ ਪਰਸ਼ੋਤਮ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਗੜਿਆਂ ਨਾਲ ਜਿਹੜਾ ਪਰ-ਏਕੜ ਇਲਾਕਾ ਤਬਾਹ ਹੋਇਆ ਹੈ, ਉਸ ਦਾ ਪਰ-ਏਕੜ ਮੁਆਵਜ਼ਾ ਇਹ ਕੀ ਦੇਣਗੇ ?

ਮਾਲ ਤੇ ਪੁਨਰਵਾਸ ਮੰਤਰੀ: ਸਪੀਕਰ ਸਾਹਿਬ, ਜੋ ਡਿਪਟੀ ਕਮਿਸ਼ਨਰ ਬਠਿੰਡਾ ਤੋਂ ਰਿਪੋਰਟ ਆਈ ਹੈ, ਉਸ ਦੇ ਵਿੱਚ 5,140 ਏਕੜ ਰਕਬਾ ਦੱਸਿਆ ਗਿਆ ਹੈ ਜਿਸ ਨੂੰ ਨੁਕਸਾਨ ਹੋਇਆ ਹੈ। ਲੇਕਿਨ ਜੋ ਨੁਕਸਾਨ ਹੈ, ਉਨ੍ਹਾਂ ਦੀ ਰਿਪੋਰਟ ਮੁਤਾਬਿਕ, ਉਹ ਥੋੜ੍ਹੇ ਜਿਹੇ ਰਕਬੇ ਨੂੰ ਹੀ ਜ਼ਿਆਦਾ ਹੈ। ਬਾਕੀ ਦੇ 4910 ਏਕੜ ਰਕਬੇ ਨੂੰ ਮਾਮੂਲੀ ਨੁਕਸਾਨ ਹੋਇਆ ਹੈ। ਇਸ ਵਾਸਤੇ ਸਰਕਾਰ ਦੀਆਂ ਜਿਹੜੀਆਂ ਵੀ ਹਦਾਇਤਾਂ ਹਨ, ਜਿਵੇਂ ਜਿਥੇ ਨੁਕਸਾਨ 100 ਫੀ ਸਦੀ ਹੋਇਆ ਹੈ, ਉਥੇ ਮੁਆਵਜ਼ਾ 500 ਰੁਪਏ ਪ੍ਰਤੀ ਏਕੜ ਅਤੇ ਏਸੇ ਤਰ੍ਹਾਂ ਸਲਾਈਡਿੰਗ ਸਕੇਲ ਨਾਲ ਹਰ ਰੋਜ਼ ਹੀ ਜਾਂ ਦੂਜੇ ਤੀਜੇ ਦਿਨ ਦੱਸ ਦਿੰਦੇ ਹਾਂ। ਸਭ ਨੂੰ ਪਤਾ ਹੀ ਹੈ। ਜਿਥੇ 100 ਫੀ ਸਦੀ ਖਰਾਬਾ ਹੈ, ਉਥੇ ਰਾਹਤ 500 ਰੁਪਏ ਦਿੱਤੀ ਜਾਵੇਗੀ। ਇਹ ਨੁਕਸਾਨ 5,140 ਏਕੜ ਰਕਬੇ ਵਿੱਚ ਹੋਇਆ ਹੈ। ਇਸ ਦਾ ਜਾਇਜ਼ਾ ਬਹੁਤ ਜਲਦੀ ਲੈ ਰਹੇ ਹਾਂ, ਮੁਆਵਜ਼ਾ ਦੇਵਾਂਗੇ।

Mr. Speaker : There are three Demands for Grants which are to be discussed and voted upon today. A notice of cut motion has also been received. ......*(Interruption)*

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਬਹੁਤ ਜ਼ਰੂਰੀ ਮਾਮਲਾ ਹੈ।

ਸ੍ਰੀ ਸਪੀਕਰ : ਤੁਸੀਂ ਜ਼ੀਰੋ ਆਵਰ ਵਿੱਚ ਮੈਕਸੀਮਮ ਟਾਈਮ ਲਿਆ ਹੈ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਹਾਊਸ ਦੀ ਇੱਜ਼ਤ ਦਾ ਸਵਾਲ ਹੈ। ਏਥੇ ਸ੍ਰੀ ਰਾਮ ਕਿਸ਼ਨ ਕਟਾਰੀਆ ਨੇ ਸੜਕ ਦੀ ਗੱਲ ਕੀਤੀ ਹੈ। ਇਸ ਬਾਰੇ ਪੀ.ਡਬਲਿਊ.ਡੀ. ਮਨਿਸਟਰ ਧਾਲੀਵਾਲ ਸਾਹਿਬ ਨੇ ਤੁਹਾਨੂੰ ਡੀ.ਓ. ਲੈਟਰ ਲਿਖਿਆ ਹੈ, ਕਾਪੀ ਇਨ੍ਹਾਂ ਨੂੰ ਵੀ ਆਈ ਹੈ। ਉਸ ਵਿੱਚ ਲਿਖਿਆ ਹੈ ਕਿ 22.18 ਕਿਲੋਮੀਟਰ ਦੀ ਬਜਾਏ 21.9 ਕਿਲੋਮੀਟਰ ਸੜਕ ਬਣੀ ਹੈ। ਜਦ ਕਿ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਕ ਕਿਲੋਮੀਟਰ ਸੜਕ ਵੀ ਨਹੀਂ ਬਣੀ। ਗੌਰਮਿੰਟ ਸਪੀਕਰ ਸਾਹਿਬ ਨੂੰ ਗਲਤ ਇਨਫਰਮੇਸ਼ਨ ਦੇਵੇ, ਇਹ ਹਾਊਸ ਦੇ ਪਰਿਵਿਲੇਜ ਦੀ ਗੱਲ ਹੈ। ਮੈਂਬਰ ਕਹਿੰਦਾ ਹੈ ਕਿ ਇਨਕੁਆਇਰੀ ਕਰਵਾ ਲਵੋ, ਕਿਸੇ ਅਫਸਰ ਨੂੰ, ਐਕਸੀਅਨ ਨੂੰ

[ਸਰਦਾਰ ਕਰਨੈਲ ਸਿੰਘ ਡੋਡ]

ਭੇਜ ਦਿਓ, ਇਕ ਕਿਲੋਮੀਟਰ ਸੜਕ ਵੀ ਨਹੀਂ ਬਣੀ। ਐਸਾ ਕਨਫਿਊਜ਼ਨ ਹਾਊਸ ਵਿੱਚ ਕਿਉਂ ਹੋਵੇ, ਜੇ ਇਥੇ ਇਸ ਤਰ੍ਹਾਂ ਹੋਵੇਗਾ ਤਾਂ ਹੋਰ ਕਿਤੋਂ ਕੀ ਆਸ ਕੀਤੀ ਜਾ ਸਕਦੀ ਹੈ। ਇਹ ਬੜਾ ਜ਼ਰੂਰੀ ਮਸਲਾ ਹੈ। ਇਹ ਹਾਊਸ ਦੀ ਇੱਜ਼ਤ ਦਾ ਸਵਾਲ ਹੈ। ਗੌਰਮਿੰਟ ਸਪੀਕਰ ਸਾਹਿਬ ਨੂੰ ਮਿਸਗਾਈਡ ਕਰ ਰਹੀ ਹੈ, ਹਾਊਸ ਨੂੰ ਗਲਤ ਇਨਫਰਮੇਸ਼ਨ ਦੇ ਰਹੀ ਹੈ। ਮੈਂਬਰ ਆਫਟਰ ਆਲ 2 ਲੱਖ ਲੋਕਾਂ ਦਾ ਨੁਮਾਇੰਦਾ ਹੁੰਦਾ ਹੈ।

ਸ੍ਰੀ ਸਪੀਕਰ : ਸ੍ਰੀ ਧਾਲੀਵਾਲ ਸਾਹਿਬ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ।

ਰਾਜ ਮੰਤਰੀ, ਲੋਕ ਨਿਰਮਾਣ (ਸਰਦਾਰ ਰਾਜਿੰਦਰ ਸਿੰਘ ਧਾਲੀਵਾਲ) : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਦੋਨੋਂ ਵਕੀਲ ਸੀਨੀਅਰ ਵਕੀਲ ਹਨ। ਏਥੇ ਮੈਂ ਬੜੇ ਸਪੱਸ਼ਟ ਤੌਰ ਤੇ ਕਿਹਾ ਹੈ, ਰਿਕਾਰਡ ਦੇਖ ਲਓ, ਪਿਛੇ ਵੀ ਜਵਾਬ ਦਿੱਤਾ ਹੈ, ਸਾਨੂੰ ਕੋਈ ਝਿਜਕ ਨਹੀਂ, ਟਾਈਮ ਵੀ ਫਿਕਸ ਕੀਤਾ, ਪਰ ਇਹ ਆਏ ਨਹੀਂ, ਕਿਹਾ ਕਿ ਮੌਕੇ ਤੇ ਦੇਖ ਲੈਂਦੇ ਹਾਂ, ਅਫਸਰਾਂ ਨੂੰ ਆਖਿਆ ਕਿ ਤੁਸੀਂ ਇਨ੍ਹਾਂ ਦੀ ਤਸੱਲੀ ਕਰਾਓ, ਪਰ ਇਹ ਆਪ ਉਪਰਾਲਾ ਨਹੀਂ ਕਰਦੇ ਅਤੇ ਇਲਜ਼ਾਮ ਹੋਰ ਪਾਸੇ ਦਿੰਦੇ ਹਨ। ਮੈਂ ਬੇਨਤੀ ਕਰਾਂਗਾ ਕਿ ਸਾਨੂੰ ਕੋਈ ਝਿਜਕ ਨਹੀਂ ਹੈ, ਅਸੀਂ ਫੇਰ ਤਸੱਲੀ ਕਰਵਾ ਦੇਵਾਂਗੇ।

ਸ੍ਰੀ ਸਪੀਕਰ: ਮੈਂ ਸਮਝਦਾ ਹਾਂ ਕਿ ਸਾਨੂੰ ਸੈਟਿਸਫਾਈ ਹੋ ਜਾਣਾ ਚਾਹੀਦਾ ਹੈ ਜਦ ਮੰਤਰੀ ਸਾਹਿਬ ਕਹਿ ਰਹੇ ਹਨ ਕਿ ਉਹ ਅਫਸਰ ਭੇਜਣ ਨੂੰ ਤਿਆਰ ਹਨ। ਤੁਸੀਂ ਵੀ ਕਟਾਰੀਆ ਸਾਹਿਬ ਕੋਆਪਰੇਟ ਕਰੋ।

DISCUSSION AND VOTING OF DEMANDS FOR GRANTS FOR THE YEAR 1987-88

Mr. Speaker : There are three Demands for Grants which are to be discussed and voted upon today. A Notice of cut motion has also been received. If Hon'ble Members agree the Demands and the Cut Motion may be deemed to have been read and moved and may be discussed together.

(Voices : Yes, Yes).

Demand No. 1

That a sum not exceeding Rs. 65,44,78,000 on Revnue Account and Rs. 15,92.77.000 on Capital Account be granted to the Governor to defray the charges that will come in course of payment for the year 1987-88 in respect of Agriculture and Forests.

Demand No. 3

That a sum not exceeding Rs. 10,83,63,000 on Revenue Account and Rs. 43.25,50,000 on Capital Account be granted to the Governor to defray the charges that will come in course of payent for the year 1987-88 in respect of Cooperation.

Demand No. 16

That a sum not exceeding Rs. 1,01,47,68,000 on Revenue Account and Rs.6,91,97,07,000 on Capital Account be granted to the Governor to defray the charges that will come in course of payment for the year 1987-88 in respect of Irrigation and Power.

Demand No. 16

(Irrigation and Power)

Sardar Kirpal Singh (Amritsar) :—

That the demand be reduced by Re.1/-.

Mr. Speaker: The Hon'ble Members while speaking may indicate demand number on which they would like to raise discussion.

Now, Sardar Kulwant Singh would initiate the discussion.

ਡਾਕਟਰ ਕੇਵਲ ਕ੍ਰਿਸ਼ਨ : ਜਿਸ ਨੇ ਤੁਹਾਡੇ ਨਾਲ ਅੱਖ ਨਾਲ ਅੱਖ ਮਿਲਾ ਲਈ ਉਸ ਦਾ ਹੱਕ ਬਣਦਾ ਹੈ ਕਿ ਉਹ ਬੋਲੇ। ਉਸ ਨੂੰ ਟਾਈਮ ਦੇਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਨੈਕਸਟ ਚਾਂਸ ਉਨ੍ਹਾਂ ਨੂੰ ਦੇ ਦਿੱਤਾ ਜਾਏਗਾ।

ਸਰਦਾਰ ਕੁਲਵੰਤ ਸਿੰਘ, ਐਡਵੋਕੇਟ (ਕਾਦੀਆਂ) : ਜੋ ਐਗਰੀਕਲਚਰ ਦੀ ਮੰਗ ਰਖੀ ਗਈ ਹੈ ਇਸ ਨਾਲ ਸਾਡੇ ਸੂਬੇ ਦੀ, ਸਾਡੇ ਦੇਸ਼ ਦੀ ਤਰੱਕੀ ਹੋਏਗੀ ਔਰ ਇਸ ਨਾਲ ਜੋ ਪ੍ਰੋਗਰਾਮ ਬਣਾ-ਇਆ ਹੈ, ਗੜੇ ਪੈ ਜਾਂਦੇ ਹਨ ਇਸ ਦੇ ਲਈ ਅੱਜ ਹਾਉਸ ਵਿਚ ਲੀਡਰ ਆਫ ਦੀ ਆਪੋਜ਼ੀਸ਼ਨ ਵਲੋਂ ਇਹ ਗਲ ਆਈ ਸੀ, ਕਿਸਾਨਾਂ ਦੀਆਂ ਜੋ ਫਸਲਾਂ ਹਨ ਉਹ ਬਰਬਾਦ ਨਾ ਹੋਣ, ਉਨ੍ਹਾਂ ਦੀ ਫਸਲ ਸੁਖੀ ਸਾਂਦੀ ਘਰ ਆ ਜਾਏ। ਪਰ ਕੋਈ ਕੁਦਰਤੀ ਆਫਤ ਆ ਜਾਂਦੀ ਹੈ ਉਸ ਤੋਂ ਬਚਾਉਣ ਵਾਸਤੇ ਕਿਸਾਨਾਂ ਨੂੰ ਜੋ ਰਿਆਇਤਾਂ ਹਨ ਉਹ ਦੇਣੀਆਂ ਚਾਹੀਦੀਆਂ ਹਨ। ਖੇਤਾਂ ਦੀ ਉਪਜ ਵਧਾਉਣ ਵਾਸਤੇ ਜ਼ਮੀਨਾਂ ਨੂੰ ਟੈਸਟ ਕਰਨਾ ਪੈਂਦਾ ਹੈ ਕਿ ਇਸ ਜ਼ਮੀਨ ਵਿਚ ਕਿੰਨੀ ਘਾਟ ਹੈ ਔਰ ਕਿਹੜੀ ਖਾਦ ਇਸ ਨੂੰ ਚਾਹੀਦੀ ਹੈ ਉਸ ਦੇ ਲਈ ਪਰਬੰਧ ਕੀਤਾ ਗਿਆ ਹੈ। ਕਿਸਾਨਾਂ ਵਾਸਤੇ ਜੋ ਦਵਾਈਆਂ ਖਰੀਦਣੀਆਂ ਹਨ, ਜੋ ਫਸਲਾਂ ਤੇ ਸਪਰੇ ਕਰਨੀ ਹੈ ਉਸ ਵਾਸਤੇ ਪ੍ਰਬੰਧ ਕੀਤਾ ਗਿਆ ਹੈ। ਕਿਸਾਨਾਂ ਦੀ ਉਪਜ ਨੂੰ ਵਧਾਉਣ ਵਾਸਤੇ ਜੋ ਚੰਗੇ ਬੀਜ ਚਾਹੀਦੇ ਹਨ ਜੋ ਸੋਧੇ ਹੋਏ ਬੀਜ ਯੂਨੀਵਰਸਿਟੀ ਦੇ ਐਕਸਪਰਟਸ ਵਲੋਂ ਪਾਸ ਕੀਤੇ ਹੋਏ ਹਨ ਜਿਸ ਨਾਲ ਯੀਲਡ ਵੱਧਦੀ ਹੈ, ਉਨ੍ਹਾਂ ਦਾ ਪ੍ਰਬੰਧ ਕੀਤਾ ਹੋਇਆ ਹੈ। ਕਣਕ ਔਰ ਝੋਨੇ ਦੇ ਖੇਤਰ ਵਿਚ ਅੱਗੇ ਹੀ ਕਣਕ ਦੇ ਸਿਲਸਿਲੇ ਵਿਚ ਪੰਜਾਬ ਨੇ ਆਪਣਾ 60 ਫੀਸਦੀ ਕੋਟਾ ਹਿੰਦੁਸਤਾਨ ਦੇ ਪੂਲ ਵਿਚ ਪਾਇਆ ਹੈ ਔਰ ਇਸੇ ਤਰ੍ਹਾਂ ਹੀ ਝੋਨੇ ਦੇ ਸਬੰਧ ਵਿਚ ਵੀ ਪੰਜਾਬ ਨੇ ਸੈਂਟਰਲ ਪੂਲ ਵਿਚ ਆਪਣਾ ਯੋਗ ਹਿੱਸਾ ਪਾਇਆ ਹੈ। ਇਸ ਉਪਜ ਨੂੰ ਵਧਾਇਆ ਜਾਏ ਇਸ ਵਾਸਤੇ ਜਿਥੇ ਚੰਗੇ ਬੀਜ ਦੀ ਲੋੜ ਹੈ ਉਥੇ ਖਾਦ ਵੀ ਚਾਹੀਦੀ ਹੈ। ਖਾਦ ਇੱਕ ਤਾਂ ਯੂਰੀਆ ਵਗੈਰਾ ਚਲਦੀ ਹੈ ਔਰ ਦੂਸਰੇ ਨੈਚੁਰਲ ਤੌਰ ਤੇ ਜੋ ਗੋਬਰ ਆਦਿ ਹੁੰਦਾ ਹੈ ਉਸ ਤੋਂ ਬਣਦੀ ਹੈ। ਇਸ ਖਾਦ ਨਾਲ ਉਪਜ ਵੱਧ ਸਕਦੀ ਹੈ। ਇਕ ਗਲ, ਸਪੀਕਰ ਸਾਹਿਬ, ਮੈਂ ਇਹ ਕਹਿਣੀ ਚਾਹੁੰਦਾ ਹਾਂ ਕਿ ਜੋ ਕਿਸਾਨ ਦੀਆਂ ਫਸਲਾਂ ਹਨ ਜਿਨ੍ਹਾਂ ਦਾ ਮੌਸਮ ਅੱਜ ਕੱਲ ਚਲ ਰਿਹਾ ਹੈ ਕਿਸਾਨਾਂ ਦੀ ਫਸਲਾਂ ਦਾ ਬੀਮਾ ਹੋਣਾ ਬਹੁਤ ਜ਼ਰੂਰੀ ਹੈ ਤਾਕਿ ਕਿਸਾਨਾਂ ਦੀ ਫਸਲ ਦਾ ਜੋ ਨੁਕਸਾਨ ਹੋਵੇ ਉਨ੍ਹਾਂ ਨੂੰ ਉਸ ਦਾ ਮੁਆਵਜ਼ਾ ਮਿਲ ਜਾਏ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਕਿਸਾਨਾਂ ਦੀ ਜੋ ਫਸਲ ਹੈ ਉਸ ਦਾ ਬੀਮਾ ਹੋਣਾ ਚਾਹੀਦਾ ਹੈ। ਜਿਥੋਂ ਤਕ ਜਿਣਸ ਜਾਂ ਅਨਾਜ ਦਾ ਸਵਾਲ ਹੈ ਉਸ ਦੇ ਨਾਲ ਨਾਲ ਸਬਜ਼ੀਆਂ ਵੀ ਖੁਰਾਕ ਦਾ ਬੜਾ ਲਾਜ਼ਮੀ ਹਿੱਸਾ ਹਨ ਔਰ ਇਹ ਵੀ ਪਿੰਡਾਂ ਵਿਚ, ਸ਼ਹਿਰਾਂ

[ਸਰਦਾਰ ਕੁਲਵੰਤ ਸਿੰਘ ਐਡਵੋਕੇਟ]

ਵਿਚ ਜ਼ਿਮੀਂਦਾਰ ਬੜੀ ਲਗਨ ਨਾਲ, ਬੜੀ ਮਿਹਨਤ ਨਾਲ ਉਗਾਉਂਦੇ ਹਨ। ਲੇਕਿਨ ਇਹ ਗੱਲ ਕਹਿਣੀ ਪੈਂਦੀ ਹੈ ਕਿ ਕਿਸਾਨਾਂ ਦੀ ਉਪਜ ਦਾ ਮੰਡੀ ਵਿਚ ਠੀਕ ਮੁਲ ਨਹੀਂ ਪੈਂਦਾ ਹੈ। ਜੋ ਸਬਜ਼ੀਆਂ ਚਲਦੀਆਂ ਹਨ ਉਹ ਬਹੁਤਾਤ ਵਿਚ ਹੋਣ ਕਰਕੇ ਸਸਤੀਆਂ ਹੋ ਜਾਂਦੀਆਂ ਹਨ ਔਰ ਕਿਸਾਨ ਵਿਚਾਰੇ ਹੱਥ ਮਲਦੇ ਰਹਿ ਜਾਂਦੇ ਹਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਟੀਨ ਸਿਸਟਮ ਚਾਲੂ ਹੋਣਾ ਚਾਹੀਦਾ ਹੈ। ਫੈਕਟਰੀਆਂ ਹੋਰ ਲਗਾਉਣੀਆਂ ਚਾਹੀਦੀਆਂ ਹਨ ਔਰ ਸਬਜ਼ੀਆਂ ਨੂੰ ਪਰੀਜ਼ਰਵ ਕਰਕੇ ਡੱਬਿਆਂ ਵਿਚ ਬੰਦ ਕਰਕੇ ਔਫ ਸੀਜ਼ਨ ਵਿਚ ਮੁਹੱਈਆ ਕਰਨੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਕਰਨ ਨਾਲ ਜਿਥੇ ਲੋਕਾਂ ਨੂੰ ਚੰਗੀ ਖੁਰਾਕ ਮਿਲੇਗੀ ਉਥੇ ਜ਼ਿਮੀਂਦਾਰਾਂ ਨੂੰ, ਮਜ਼ਦੂਰਾਂ ਨੂੰ, ਖੇਤ ਮਜ਼ਦੂਰਾਂ ਨੂੰ ਮੁਲ ਠੀਕ ਮਿਲਣਗੇ। ਇਸ ਦੇ ਨਾਲ ਹੀ ਇਹ ਬਹੁਤ ਜ਼ਰੂਰੀ ਹੈ ਕਿ ਐਗਰੀਕਲਚਰ ਵਿਚ ਜੋ ਫਲਾਂ ਵਾਲੇ ਦਰੱਖਤ ਹਨ ਜਿਸ ਤਰ੍ਹਾਂ ਅਬੋਹਰ ਵਿਚ ਬਾਗ ਬੜੇ ਹਨ, ਕੀਨੂੰ ਮਾਲਟੇ ਦੇ ਬਾਗ ਹਨ ਅਤੇ ਇਸ ਤਰ੍ਹਾਂ ਦੂਜੇ ਪਾਸੇ ਵੱਲ ਅੰਬ, ਲੀਚੀ ਅਤੇ ਹੋਰ ਫਲਦਾਰ ਦਰਖਤ ਹਨ, ਇਹ ਫਲ ਖੁਰਾਕ ਦਾ ਬੜਾ ਜ਼ਰੂਰੀ ਹਿੱਸਾ ਹਨ। ਇਹ ਫਲ ਕਿਸਾਨ ਦੀ ਸਿਹਤ ਵਾਸਤੇ ਜ਼ਰੂਰੀ ਹਨ। ਇਸ ਦੇ ਨਾਲ ਹੀ ਮੈਂ ਬੇਨਤੀ ਕਰਾਂਗਾ ਕਿ ਸੇਬ ਅਤੇ ਅੰਬ ਦੇ ਦਰੱਖਤ ਹਨ- ਇਸ ਪਾਸੇ ਲੋਕਾਂ ਵਿਚ ਉਤਸ਼ਾਹ ਵਧਾਓ ਔਰ ਉਨ੍ਹਾਂ ਦੀ ਮਿਹਨਤ ਦਾ ਉਨ੍ਹਾਂ ਨੂੰ ਪੂਰਾ ਮੁੱਲ ਦਿੱਤਾ ਜਾਵੇ।

ਇਨਟੈਨਸਿਵ ਕਲਟੀਵੇਸ਼ਨ ਦੇ ਤਹਿਤ ਸਾਡੇ ਜੋ ਐਗਰੀਕਲਚਰ ਦੇ ਮਾਹਿਰ ਹਨ ਉਨ੍ਹਾਂ ਨੇ ਨਵੇਂ ਨਵੇਂ ਤਜਰਬੇ ਕੀਤੇ ਹਨ, ਨਵੀਆਂ ਨਵੀਆਂ ਖੋਜਾਂ ਕੀਤੀਆਂ ਹਨ। ਜਿਸ ਤਰ੍ਹਾਂ ਕਮਾਦ ਦੀ ਫਸਲ ਹੈ, ਇਹ ਅਸੀਂ ਤਿੰਨ ਫਸਲਾਂ ਲੈ ਸਕਦੇ ਹਾਂ। ਉਸ ਦੇ ਵਿਚ ਤੋਰੀਆ, ਗੋਭੀ, ਸਰ੍ਹੋਂ ਅਤੇ ਫਿਰ ਕਮਾਦ ਦੀ ਫਸਲ ਲੈ ਸਕਦੇ ਹਾਂ। ਕਮਾਦ ਨੂੰ ਕੱਟਣ ਤੋਂ ਬਾਅਦ ਉਥੇ ਖੇਤ ਵਿਚ ਹੋਰ ਫਸਲ ਬੀਜੀ ਜਾ ਸਕਦੀ ਹੈ। ਇਸ ਤਰ੍ਹਾਂ ਸਾਲ ਵਿਚ ਕਈ ਫਸਲਾਂ ਲਈਆਂ ਜਾ ਸਕਦੀਆਂ ਹਨ। ਸਾਡੇ ਪਾਣੀ ਦਾ ਸਾਧਨ ਹੈ, ਸਾਡੇ ਬਿਜਲੀ ਦਾ ਸਾਧਨ ਹੈ। ਪੰਜਾਬ ਵਿਚ ਜ਼ਮੀਨਾਂ ਦੀ ਮਾਲਕੀ ਘੱਟ ਰਹੀ ਹੈ। ਇਨਟੈਨਸਿਵ ਖੇਤੀ ਵਾਸਤੇ ਇਸ ਵਿਚ ਲਿਖਿਆ ਗਿਆ ਹੈ, ਇਹ ਬਹੁਤ ਸ਼ਲਾਘਾਯੋਗ ਗੱਲ ਹੈ। ਇਸ ਦੇ ਵਾਸਤੇ ਇਸ ਵਿਚ ਪਰੋਵੀਜ਼ਨ ਰੱਖੀ ਗਈ ਹੈ। ਮੈਂ, ਸਪੀਕਰ ਸਾਹਿਬ, ਬੇਨਤੀ ਕਰਾਂਗਾ ਕਿ ਜਿਵੇਂ ਸੋਧੇ ਹੋਏ ਬੀਜ ਯੂਨੀਵਰਸਿਟੀ ਨੇ, ਮਾਹਿਰਾਂ ਨੇ ਦਿੱਤੇ ਹਨ ਜਿਵੇਂ ਬਾਜਰਾ, ਮੱਕੀ ਅਤੇ ਆਇਲ ਸੀਡ, ਇਨ੍ਹਾਂ ਵਾਸਤੇ ਯੂਨੀਵਰਸਿਟੀ ਦੇ ਐਕਸਪਰਟਸ ਨੇ ਬਹੁਤ ਤਜਰਬੇ ਕੀਤੇ ਹਨ ਅਤੇ ਇਨਟੈਨ-ਸਿਵ ਫਸਲ ਵਾਸਤੇ ਉਨ੍ਹਾਂ ਨੇ ਜੋ ਉਪਰਾਲੇ ਕੀਤੇ ਹਨ, ਉਹ ਇਸ ਦੇ ਵਿਚ ਵੀ ਦਰਜ ਹਨ।

ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਜ਼ਿਮੀਂਦਾਰਾਂ ਨੇ ਔਰ ਖਾਸ ਤੌਰ ਤੇ ਪੰਜਾਬ ਦੇ ਜ਼ਿਮੀਂਦਾਰ ਨੇ ਆਪਣੀ ਲਗਨ, ਮਿਹਨਤ ਔਰ ਆਪਣੀ ਹਿੰਮਤ ਸਦਕਾ ਜਿਥੇ ਕਣਕ ਅਤੇ ਝੋਨੇ ਦਾ ਰੀਕਾਰਡ ਪੈਦਾ ਕੀਤਾ ਹੈ ਉਥੇ ਉਸ ਨੇ ਗੰਨੇ ਵਿਚ ਵੀ ਕੋਈ ਕਸਰ ਨਹੀਂ ਛੱਡੀ। ਗੰਨੇ ਦੇ ਸੋਧੇ ਹੋਏ ਬੀਜ ਦਿੱਤੇ ਜਾਂਦੇ ਹਨ। ਪੰਜਾਬ ਵਿਚ ਗੰਨੇ ਦੀਆਂ ਅੱਗੇ ਕਾਫੀ ਮਿੱਲਾਂ ਹਨ ਲੇਕਿਨ ਗੰਨੇ ਦੀ ਉਪਜ ਜ਼ਿਆਦਾ ਹੋਣ ਨਾਲ ਖੰਡ ਹੋਰ ਜ਼ਿਆਦਾ ਲੈਣ ਵਾਸਤੇ ਹੋਰ ਮਿੱਲਾਂ ਲਿਆਉਣੀਆਂ ਚਾਹੀ-ਦੀਆਂ ਹਨ। ਮੈਂ ਬੇਨਤੀ ਕਰਾਂਗਾ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਅੱਗੇ 2 ਮਿੱਲਾਂ ਉਥੇ ਚੱਲ ਰਹੀਆਂ ਹਨ ਲੇਕਿਨ ਗੰਨਾਂ ਐਨਾ ਜ਼ਿਆਦਾ ਹੈ ਕਿ 2 ਮਿੱਲਾਂ ਐਨਾ ਗੰਨਾਂ ਪੀੜ ਨਹੀਂ ਸਕਦੀਆਂ। ਗੰਨਾਂ 2 ਮਿੱਲਾਂ ਦੇ ਪੀੜਨ ਤੋਂ ਜ਼ਿਆਦਾ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜਿਥੇ ਅਸੀਂ ਗੰਨੇ ਦੀ ਉਪਜ ਵਧਾਉਣੀ ਹੈ ਉਥੇ ਉਸ ਦੇ ਨਾਲ ਹੀ ਨਾਲ ਸਾਨੂੰ ਗੰਨੇ ਦੇ ਪੀੜਨ ਵਾਸਤੇ ਵੀ ਪ੍ਰਬੰਧ ਕਰਨਾ ਚਾਹੀਦਾ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਦਿੱਲੀ ਤੋਂ ਹੋਰ ਮਿੱਲਾਂ ਦੀ ਮਨਜ਼ੂਰੀ ਲੈ ਕੇ ਆਉਣ ਤਾਕਿ ਉਹ ਪੰਜਾਬ ਦੇ ਅੰਦਰ ਲਾਈਆਂ ਜਾਣ।

ਮੈਂ, ਸਪੀਕਰ ਸਾਹਿਬ, ਬੇਨਤੀ ਕਰਾਂਗਾ ਕਿ ਕਪਾਹ ਦੀ ਉਪਜ ਵੀ ਵਧੀ ਹੈ। ਕਪਾਹ ਦਾ ਜੋ ਇਲਾਕਾ ਸੀ ਜਿਵੇਂ ਮੁਕਤਸਰ ਦਾ ਇਲਾਕਾ, ਉਥੇ ਸੇਮ ਹੋ ਗਈ ਹੈ। ਉਸ ਸੇਮ ਨੂੰ ਦੂਰ ਕਰਨ ਵਾਸਤੇ ਸਾਨੂੰ ਉਪਰਾਲੇ ਕਰਨੇ ਚਾਹੀਦੇ ਹਨ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿੰਨਾਂ ਚਿਰ ਸੇਮ ਨੂੰ ਦੂਰ ਨਾ ਕੀਤਾ ਗਿਆ, ਸਾਡੀ ਜ਼ਮੀਨ ਬਰਬਾਦ ਹੋ ਜਾਵੇਗੀ। ਉਸ ਦੇ ਵਾਸਤੇ ਡਰੇਨਾਂ ਲਾਜ਼ਮੀ ਹਨ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਜ਼ਿਲ੍ਹੇ ਗੁਰਦਾਸਪੁਰ ਵਿਚ ਕਾਦੀਆਂ ਵਿਚ ਪਿਛਲੇ 10–15 ਸਾਲ ਤੋਂ ਡਰੇਨਾਂ ਦੀ ਖੁਦਾਈ ਨਹੀਂ ਹੋਈ। ਉਥੇ ਡਰੇਨਾਂ ਦੀ ਖੁਦਾਈ ਹੋਣੀ ਚਾਹੀ-ਦੀ ਹੈ ਤਾਕਿ ਜ਼ਿਮੀਂਦਾਰਾਂ ਦੀ ਫਸਲ ਬਰਬਾਦ ਨਾ ਹੋਵੇ ਅਤੇ ਅਸੀਂ ਉਨ੍ਹਾਂ ਨੂੰ ਬਚਾ ਸਕੀਏ।

ਮੈਂ ਬੇਨਤੀ ਕਰਾਂਗਾ ਕਿ ਜਿਥੇ ਕਿਸਾਨ ਨੇ ਐਨੀ ਉਪਜ ਵਧਾਈ ਹੈ ਪਰ ਜੇ ਉਸ ਨੂੰ ਮੰਡੀਆਂ ਵਿਚ ਉਸ ਦੀ ਜਿਣਸ ਦਾ ਠੀਕ ਭਾਅ ਨਾ ਮਿਲੇ ਤਾਂ ਫਿਰ ਠੀਕ ਨਹੀਂ ਹੈ। ਮੰਡੀਆਂ ਵਿਚ ਸ਼ੈਲਟਰ ਹੋਣੇ ਚਾਹੀਦੇ ਹਨ, ਜਿਥੇ ਉਸ ਦੀ ਜਿਣਸ ਬਚੀ ਰਹੇ। ਸਟੋਰ ਹੋਣੇ ਚਾਹੀਦੇ ਹਨ। ਉਸ ਨੂੰ ਉਸ ਦੀ ਜਿਣਸ ਦਾ ਠੀਕ ਭਾਅ ਮਿਲਣਾ ਚਾਹੀਦਾ ਹੈ। ਇਸ ਡੀਮਾਂਡ ਵਿਚ ਇਸ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਮੈਂ, ਸਪੀਕਰ ਸਾਹਿਬ, ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਜਿਥੇ ਕਿਸਾਨ, ਜ਼ਿਮੀਦਾਰ ਨੂੰ ਉਪਜ ਵਧਾਉਣ ਵਿਚ ਉਤਸ਼ਾਹਤ ਕੀਤਾ ਜਾਂਦਾ ਹੈ, ਉਸ ਨੇ ਉਪਜ ਵਧਾਉਣ ਦਾ ਚਾਰਾ ਕੀਤਾ ਹੈ, ਉਥੇ ਮੰਡੀਆਂ ਦੀ ਵੀ ਇਸ ਵਿਚ ਪਰੋਵੀਜ਼ਨ ਕੀਤੀ ਗਈ ਹੈ ਤਾਕਿ ਮੰਡੀਆਂ ਅੰਦਰ ਜ਼ਿਮੀਦਾਰ ਦੀ ਜਿਣਸ ਖਰਾਬ ਨਾ ਹੋਵੇ। ਉਥੇ ਪਰਮਾਨੈਂਟ ਸ਼ੈਡ ਹੋਣੇ ਚਾਹੀਦੇ ਹਨ, ਬੜੇ ਪੱਕੇ ਹੋਣੇ ਚਾਹੀਦੇ ਹਨ। ਜ਼ਿਮੀਂਦਾਰਾਂ ਦੇ ਬੈਠਣ ਵਾਸਤੇ ਆਰਾਮ ਘਰ ਹੋਣੇ ਚਾਹੀਦੇ ਹਨ। ਉਨ੍ਹਾਂ ਦੇ ਜੋ ਟਰੈਕਟਰਜ਼ ਹਨ, ਉਨ੍ਹਾਂ ਦੇ ਜੋ ਗੱਡੇ ਹਨ ਉਨ੍ਹਾਂ ਦਾ ਪ੍ਰਬੰਧ ਉਥੇ ਹੋਣਾ ਚਾਹੀਦਾ ਹੈ ਔਰ ਜਿਹੜਾ ਜ਼ਿਮੀਦਾਰ ਹੈ ਉਹ ਤਦ ਹੀ ਮੰਡੀਆਂ ਵਿੱਚ ਮਾਲ ਲਿਆਵੇਗਾ ਜਦੋਂ ਸੜਕਾਂ ਠੀਕ ਹੋਣਗੀਆਂ। ਪਿਛਲੇ 5 ਸਾਲਾਂ ਵਿੱਚ ਕਿਸੇ ਸੜਕ ਦੀ ਰਿਪੇਅਰ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਕਿਸੇ ਸੜਕ ਦੀ ਰਿਪੇਅਰ ਪਿਛਲੇ 5 ਸਾਲਾਂ ਵਿੱਚ ਨਹੀਂ ਹੋਈ। ਸੜਕਾਂ ਦੀ ਬਹੁਤ ਮਾੜੀ ਹਾਲਤ ਹੈ। ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਜ਼ਿਮੀਦਾਰ ਨੂੰ ਜੇ ਉਤੇ ਚੁੱਕਣਾ ਹੈ ਤਾਂ ਮੰਡੀਆਂ ਦਾ ਜੋ ਕੰਮ ਹੈ ਉਹ ਲਾਜ਼ਮੀ ਠੀਕ ਹੋਣਾ ਚਾਹੀਦਾ ਹੈ। ਇਥੇ ਸਪੀਕਰ ਸਾਹਿਬ, ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਜ਼ਿਮੀਦਾਰ ਦੀ ਜੋ ਜਿਣਸ ਹੈ ਉਸ ਦੇ ਭਾਅ ਸੈਂਟਰ ਵਾਲੇ ਡੀਲ ਕਰਦੇ ਹਨ, ਸੈਂਟਰ ਵਾਲੇ ਫਿਕਸ ਕਰਦੇ ਹਨ। ਉਸ ਦੇ ਨਾਲ ਜ਼ਿਮੀਂਦਾਰ ਘਾਟੇ ਵਿੱਚ ਜਾਂਦਾ ਹੈ। ਜ਼ਿਮੀਂਦਾਰ ਨੂੰ ਕਿੰਨੀ ਮਿਹਨਤ ਕਰਨੀ ਪੈਂਦੀ ਹੈ, ਜ਼ਿਮੀਦਾਰ ਦੀ ਕਿੰਨੀ ਲਾਗਤ ਆਉਂਦੀ ਹੈ ਜੇ ਇਹ ਸਾਰੇ ਅੰਕੜੇ ਲਾ ਕੇ ਹਿਸਾਬ ਕਰੀਏ ਤਾਂ ਜ਼ਿਮੀਦਾਰ ਘਾਟੇ ਵਿੱਚ ਜਾਂਦਾ ਹੈ। ਜੋ ਸੈਂਟਰਲ-ਸਟੇਟਸ ਰਿਲੇਸ਼ਨਜ਼ ਹਨ ਹਰ ਇਕ ਸਟੇਟ ਨੂੰ ਚਾਹੀਦਾ ਹੈ ਕਿ ਫੈਡਰਲ ਢਾਂਚੇ ਵਿੱਚ ਰਹਿ ਕੇ ਆਪਣੀ ਜਿਣਸ ਦਾ ਭਾਅ ਲਾ ਸਕਣ। ਇਸ ਕਰਕੇ ਸੈਂਟਰਲ-ਸਟੇਟਸ ਰਿਲੇਸ਼ਨਜ਼ ਜੋ ਹਨ ਉਹ ਚੰਗੇ ਹੋਣੇ ਚਾਹੀਦੇ ਹਨ। ਸਾਡੇ ਦੇਸ਼ ਦੇ ਅੰਦਰ ਜੋ ਵਿਧਾਨ ਬਣਿਆ ਹੈ ਉਹ ਵਿਧਾਨ ਕਨੇਡਾ ਤੇ ਬੇਸਡ ਹੈ। ਇਹ ਵਿਧਾਨ ਯੂਨੀਟਰੀ ਵੀ ਹੈ ਅਤੇ ਫੈਡਰਲ ਵੀ ਹੈ। ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਅਮਰੀਕਾ ਦੇਸ਼ ਜੋ ਹੈ ਉਸ ਦੇ ਵਿੱਚ ਫੈਡਰਲ ਸਿਸਟਮ ਵਿੱਚ ਸਟੇਟਸ ਨੂੰ ਅਧਿਕਾਰ ਹਨ, ਰਸ਼ੀਆ ਵਿੱਚ ਜੋ ਸਟੇਟਸ ਹਨ ਉਥੇ ਸਟੇਟਸ ਨੂੰ ਅਧਿਕਾਰ ਹਨ। ਇਥੇ ਵੀ ਇਨ੍ਹਾਂ ਰਿਲੇਸ਼ਨਜ਼ ਨੂੰ ਪੱਕਿਆਂ ਕਰਨ ਵਾਸਤੇ, ਜ਼ਿਮੀਂਦਾਰ ਦੀ ਉਪਜ ਨੂੰ ਹੋਰ ਲਾਭ ਦੇਣ ਵਾਸਤੇ, ਸੂਬੇ ਦੀਆਂ ਸਰਕਾਰਾਂ ਨੂੰ ਇਹ ਹੱਕ ਹੋਣਾ ਚਾਹੀਦਾ ਹੈ ਕਿ ਲੋਕਾਂ ਦੀ ਭਲਾਈ ਵਾਸਤੇ ਜੋ ਤਰੱਕੀ ਦੇ ਕਦਮ ਹਨ ਉਹ ਚੁੱਕ ਸਕਣ। ਇਸ ਲਈ ਮੈਂ ਇਸ ਮੰਗ ਦੀ ਵੀ ਪ੍ਰੋੜ੍ਹਤਾ ਕਰਦਾ ਹਾਂ।

[ਸਰਦਾਰ ਕੁਲਵੰਤ ਸਿੰਘ ਐਡਵੋਕੇਟ]

ਮੰਗ ਨੰਬਰ 3 ਦੇ ਬਾਰੇ ਮੈਂ, ਸਪੀਕਰ ਸਾਹਿਬ, ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੋ ਕੋ-ਅਪਰੇਟਿਵ ਦਾ ਮਹਿਕਮਾ ਹੈ ਉਸ ਦੇ ਨਾਲ ਲੋਕਾਂ ਨੂੰ ਬੜੀ ਸਹੂਲਤ ਹੋਈ ਹੈ। ਪਹਿਲਾਂ ਜ਼ਿਮੀਂਦਾਰ ਨੂੰ ਬੜੀਆਂ ਮੁਸ਼ਕਲਾਂ ਹੁੰਦੀਆਂ ਸਨ। ਜ਼ਿਮੀਂਦਾਰ ਜਿਹੜਾ ਸੀ ਉਹ ਸ਼ਾਹੂਕਾਰ ਦੇ ਕਰਜ਼ੇ ਵਿੱਚ ਹੀ ਫਸਿਆ ਰਹਿੰਦਾ ਸੀ। ਨਾ ਉਹ ਉਸ ਦੇ 99 ਦੇ ਗੇੜ ਵਿਚੋਂ ਨਿਕਲ ਸਕਦਾ ਸੀ ਅਤੇ ਨਾ ਤਰੱਕੀ ਕਰ ਸਕਦਾ ਸੀ। ਪਹਿਲਾਂ ਨਾ ਉਸ ਦੀ ਵਾਹੀ ਵਾਸਤੇ ਕੋਈ ਪ੍ਰਬੰਧ ਸੀ ਅਤੇ ਨਾ ਹੀ ਉਸ ਨੂੰ ਕੋਈ ਸਹੂਲਤ ਸੀ। ਕੋਆਪਰੇਟਿਵ ਸੋਸਾਇਟੀਆਂ ਦੇ ਮਹਿਕਮੇ ਨੇ ਆ ਕੇ ਬੈਂਕ ਖੋਲ੍ਹੇ ਜਿਥੇ ਲੋਕਾਂ ਨੂੰ ਘੱਟ ਵਿਆਜ ਤੇ ਲੋਨ ਦਿੱਤੇ ਤਾਂਕਿ ਉਹ ਆਪਣੀ ਤਰੱਕੀ ਕਰ ਸਕਣ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਪ੍ਰੋਗਰੈਸਿਵ ਯੁਗ ਆ ਗਿਆ ਹੈ, ਸਾਇੰਟਿਫਿਕ ਯੁਗ ਆ ਗਿਆ ਹੈ, ਜ਼ਿਮੀਂਦਾਰਾਂ ਨੂੰ ਇਨ੍ਹਾਂ ਕੋਆਪਰੇਟਿਵ ਸੋਸਾਇਟੀਆਂ ਤੋਂ ਯੂਰੀਆ ਖਾਦ, ਅਮੋਨੀਆ ਸਲਫੇਟ ਆਦਿ ਖਾਦਾਂ ਮਿਲਦੀਆਂ ਹਨ। ਕਈ ਪ੍ਰਾਈਵੇਟ ਅਦਾਰੇ ਵੀ ਹਨ। ਲੇਕਿਨ ਉਨ੍ਹਾਂ ਵਿੱਚ ਕਈ ਦਫ਼ਾ ਇਹ ਗੱਲ ਦੇਖੀ ਗਈ ਹੈ ਕਿ ਉਨ੍ਹਾਂ ਤੋਂ ਖਾਦ ਚੰਗੀ ਨਹੀਂ ਮਿਲਦੀ ਅਤੇ ਮਿਲਾਵਟ ਵਾਲੀ ਮਿਲਦੀ ਹੈ। ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਇਹ ਸੁਸਾਇਟੀਆਂ ਕਿਸਾਨਾਂ ਦੇ ਫਾਇਦੇ ਵਾਸਤੇ ਕਈ ਪ੍ਰਕਾਰ ਦੀਆਂ ਮਦਦ ਦਿੰਦੀਆਂ ਹਨ ਉਥੇ ਉਨ੍ਹਾਂ ਵਿੱਚ ਕੁਝ ਘਾਟਾਂ ਵੀ ਹਨ। ਮੈਂ ਬੇਨਤੀ ਕਰਾਂਗਾ ਕਿ ਜਿਹੜੀਆਂ ਘਾਟਾਂ ਹਨ ਉਨ੍ਹਾਂ ਨੂੰ ਦੂਰ ਕਰਕੇ ਕਿਸਾਨਾਂ ਦੀ ਹਾਲਤ ਬਿਹਤਰ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੀੜੇ ਮਾਰ ਦਵਾਈਆਂ ਵੀ ਸੁਸਾਇਟੀਆਂ ਰਾਹੀਂ ਦਿੱਤੀਆਂ ਜਾਂਦੀਆਂ ਹਨ ਤਾਂਕਿ ਜ਼ਿਮੀਦਾਰ ਨੂੰ ਇਸ ਸਾਇੰਟਿਫਿਕ ਯੁਗ ਵਿੱਚ ਫਾਇਦਾ ਹੋ ਸਕੇ ਅਤੇ ਜਿਹੜੀ ਉਸ ਦੀ ਫ਼ਸਲ ਝੋਨੇ ਦੀ, ਕਣਕ ਦੀ ਜਾਂ ਹੋਰ ਦੂਸਰੀ ਫਸਲ ਹੈ ਉਸ ਦੇ ਨੁਕਸਾਨ ਤੋਂ ਉਸ ਨੂੰ ਬਚਾਇਆ ਜਾ ਸਕੇ ਅਤੇ ਜੇ ਉਹ ਸਟੋਰ ਕਰਨਾ ਚਾਹੁੰਦਾ ਹੈ ਤਾਂ ਉਹ ਸਟੋਰ ਵੀ ਕਰ ਸਕੇ। ਜ਼ਿਮੀਦਾਰ ਜਿਨ੍ਹਾਂ ਕੋਲ ਸਰਮਾਇਆ ਨਹੀਂ ਹੁੰਦਾ, ਇਤਨੇ ਪੈਸੇ ਇਕੱਠੇ ਨਹੀਂ ਕਰ ਸਕਦਾ, ਇਤਨਾ ਖਰਚਾ ਬਰਦਾਸ਼ਤ ਨਹੀਂ ਕਰ ਸਕਦਾ। ਜਿੰਨਾਂ ਚਿਰ ਸਰਕਾਰ ਦਾ ਹੱਥ ਵਿਚ ਨਾ ਹੋਵੇ ਸਿਰੇ ਨਹੀਂ ਚੜ੍ਹ ਸਕਦਾ। ਮੈਂ ਚਾਹੁੰਦਾ ਹਾਂ ਕਿ ਇਹ ਸ਼ਲਾਘਾ ਵਾਲੀ ਗੱਲ ਹੈ ਕਿ ਕਿਸਾਨ ਨੂੰ ਕੀੜੇ ਮਾਰਨ ਵਾਲੀਆਂ ਗੋਲੀਆਂ ਵਿਚ ਸਬਸਿਡੀ ਲਈ ਕੋਆਪ੍ਰੇਟਿਵ ਸੋਸਾਇਟੀਆਂ ਵੱਲੋਂ ਵਾਅਦਾ ਕੀਤਾ ਗਿਆ ਹੈ। ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕੋਆਪ੍ਰੇਟਿਵ ਸੋਸਾਇਟੀਆਂ ਵੱਲੋਂ ਮਿਲਕ ਚਿਲਿੰਗ ਸੈਂਟਰਜ਼ ਬਣਾਏ ਗਏ ਹਨ ਤਾਂਕਿ ਜੋ ਕਿਸਾਨ ਪਿੰਡਾਂ ਵਿਚ ਰਹਿਣ ਵਾਲੇ ਹਨ ਉਹ ਆਪਣੇ ਵਾਹੀ ਦੇ ਧੰਦੇ ਤੋਂ ਇਲਾਵਾ ਨਾਲ ਦਾ ਧੰਦਾ ਵੀ ਕਰ ਸਕਣ। ਜਿਸ ਤਰ੍ਹਾਂ ਮੁਰਗੀਆਂ ਪਾਲਣ ਦਾ ਕੰਮ ਹੈ। ਇਸੇ ਤਰ੍ਹਾਂ ਮੱਝਾਂ ਰਖਣ ਦਾ ਕੰਮ ਹੈ। ਇਸ ਦੇ ਨਾਲ ਹੀ ਜ਼ਿਮੀਂਦਾਰ ਦੀ ਤਰੱਕੀ ਦਾ ਸੁਆਲ ਹੈ। ਇਸ ਦੇ ਨਾਲ ਇਹ ਹੈ ਕਿ ਕਿਸਾਨ ਤੋਂ ਦੁੱਧ ਠੀਕ ਭਾਅ ਤੇ ਲੈ ਕੇ ਅਗੇ ਭੇਜਿਆ ਜਾਂਦਾ ਹੈ ਔਰ ਇਸ ਦਾ ਪੂਰਾ ਫ਼ਾਇਦਾ ਉਠਾਇਆ ਜਾਂਦਾ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹਾਂ।

ਸਪੀਕਰ ਸਾਹਿਬ, ਹੁਣ ਮੈਂ ਡਿਮਾਂਡ ਨੰਬਰ 16 ਤੇ ਬੇਨਤੀ ਕਰਨੀ ਚਾਹੁੰਦਾ ਹਾਂ ਜੋ ਇਰੀਗੇਸ਼ਨ ਅਤੇ ਪਾਵਰ ਦੇ ਸਬੰਧ ਵਿਚ ਹੈ। ਸਾਡੇ ਸੂਬੇ ਦੀ 80% ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਔਰ ਪਿੰਡਾਂ ਵਿਚ ਰਹਿਣ ਵਾਲੀ ਵਸੋਂ ਜਿਹੜੀ ਹੈ ਉਸ ਦਾ ਗੁਜ਼ਾਰਾ ਵਾਹੀ, ਖੇਤੀ ਜਾਂ ਐਗਰੀਕਲਚਰ ਤੇ ਚਲਦਾ ਹੈ। ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਐਗਰੀਕਲਚਰ ਲਈ ਖਾਦ ਦੀ ਲੋੜ ਹੈ ਉਥੇ ਖੇਤੀ ਵਾਸਤੇ ਪਾਣੀ ਵੀ ਬਹੁਤ ਲੋੜੀਂਦਾ ਹੈ। ਇਸ ਦੇ ਲਈ ਦੋ ਸਾਧਨ ਹਨ। ਇਕ ਕੁਦਰਤੀ ਮੀਂਹ ਜਿਹੜੇ ਪੈ ਜਾਂਦੇ ਹਨ ਅਤੇ ਦੂਜਾ ਨਹਿਰਾਂ ਦਾ ਪਾਣੀ ਹੈ। ਨਹਿਰਾਂ

ਵਾਸਤੇ ਕਾਫ਼ੀ ਉਪਰਾਲੇ ਕੀਤੇ ਗਏ ਹਨ। ਤੀਸਰਾ ਸਾਧਨ ਹੈ ਖੂਹ ਜਿਨ੍ਹਾਂ ਨੂੰ ਬਦਲ ਕੇ ਟਿਊਬਵੈਲਜ਼ ਤੇ ਆ ਗਏ। ਉਨ੍ਹਾਂ ਲਈ ਬਿਜਲੀ ਚਾਹੀਦੀ ਹੈ। ਮੈਂ ਇਹ ਗੱਲ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਜਦੋਂ ਵੀ ਅਕਾਲੀ ਸਰਕਾਰ ਆਉਂਦੀ ਹੈ ਬਿਜਲੀ ਦੀ ਥੁੜ ਨਹੀਂ ਰਹਿਣ ਦਿੰਦੀ। 24 ਘੰਟੇ ਬਿਜਲੀ ਇੰਡਸਟਰੀ ਨੂੰ ਵੀ ਅਤੇ ਖੇਤੀ ਨੂੰ ਵੀ ਦਿੱਤੀ ਜਾਂਦੀ ਹੈ। ਇਸ ਦੇ ਨਾਲ ਕਿਸਾਨ ਨੂੰ, ਮਜ਼ਦੂਰ ਨੂੰ ਅਤੇ ਕਾਰਖਾਨੇਦਾਰ ਨੂੰ ਲਾਭ ਹੁੰਦਾ ਹੈ। ਵੈਸੇ ਇਹ ਬਿਜਲੀ ਵੱਡੇ ਵੱਡੇ ਪ੍ਰੋਜੈਕਟਸ ਬਣਾ ਕੇ ਜਿਵੇਂ ਭਾਖੜਾ ਤੋਂ ਪੈਦਾ ਕਰਦੇ ਹਾਂ ਜਾਂ ਜਿਵੇਂ ਹੁਣ ਥੀਨ ਡੈਮ ਚਲ ਰਿਹਾ ਹੈ। ਇਸ ਦੇ ਵਾਸਤੇ ਇਸ ਮੱਦ ਵਿਚ ਕਾਫ਼ੀ ਪੈਸੇ ਰਖੇ ਗਏ ਹਨ। ਥੀਨ ਡੈਮ ਦੇ ਬਣਨ ਨਾਲ ਜੋ ਸਾਡੀ ਪੰਜਾਬ ਦੀ ਬਜਲੀ ਦੀ ਥੁੜ ਹੈ ਉਹ ਪੂਰੀ ਹੋ ਜਾਵੇਗੀ। ਨਾਲ ਹੀ ਜੋ ਪਾਣੀ ਇਸ ਵੇਲੇ ਪਾਕਿਸਤਾਨ ਨੂੰ ਜਾ ਰਿਹਾ ਹੈ ਉਹ ਰੋਕਿਆ ਜਾਏਗਾ। ਇਸ ਨਾਲ ਪੰਜਾਬ ਦੀ ਧਰਤੀ ਸੈਰਾਬ ਕਰ ਸਕਾਂਗੇ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮਾਧੋਪੁਰ ਤੋਂ ਨਹਿਰ ਨਿਕਲਦੀ ਹੈ ਉਨ੍ਹਾਂ ਤੇ ਛੋਟੇ ਛੋਟੇ ਡੈਮ ਬਣਾ ਕੇ ਬਿਜਲੀ ਪੈਦਾ ਕਰਨੀ ਚਾਹੀਦੀ ਹੈ। ਇਸ ਨਾਲ ਇਹ ਹੈ ਕਿ ਜਿਹੜੀ ਲੋਕਲ ਡਿਮਾਂਡ ਹੈ ਉਹ ਵੀ ਪੂਰੀ ਕਰ ਸਕਾਂਗੇ ਔਰ ਦੂਜੇ, ਪੀਣ ਦਾ ਪਾਣੀ ਅਤੇ ਇਰੀਗੇਸ਼ਨ ਤੇ ਸਿੰਜਾਈ ਦੇ ਲਈ ਵੀ ਪਾਣੀ ਲੈ ਸਕਾਂਗੇ। ਪਾਣੀ ਜ਼ਾਇਆ ਨਾ ਜਾਏ। ਇਸ ਦੇ ਲਈ ਖਾਲੇ ਪੱਕੇ ਬਣਾਏ ਜਾ ਰਹੇ ਹਨ। ਇਨ੍ਹਾਂ ਦੇ ਲਈ ਪ੍ਰੋਵੀਜ਼ਨ ਰਖਿਆ ਗਿਆ ਹੈ। ਜਿਹੜਾ ਪਾਣੀ ਹੈ ਉਹ ਕਿਸਾਨ ਵਾਸਤੇ ਲਹੂ ਵਾਂਗ ਹੁੰਦਾ ਹੈ। ਇਸ ਲਈ ਅੰਡਰ ਗਰਾਊਂਡ ਪਾਈਪ ਬਣਾ ਕੇ ਪਾਣੀ ਸਪਲਾਈ ਹੁੰਦਾ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੰਡੀ ਏਰੀਆ ਦੀ ਬੜੀ ਗੱਲ ਆਉਂਦੀ ਰਹਿੰਦੀ ਹੈ ਕਿ ਉਥੇ ਪਾਣੀ ਨਹੀਂ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕੰਡੀ ਏਰੀਆ ਵਿਚ ਜਿਵੇਂ ਢੋਲਬਾਹ ਡੈਮ ਹੈ ਇਸ ਤਰ੍ਹਾਂ ਦੇ ਹੋਰ ਵੀ ਕਈ ਛੋਟੇ ਛੋਟੇ ਡੈਮ ਬੜੀ ਆਸਾਨੀ ਨਾਲ ਬਣਾਏ ਜਾ ਸਕਦੇ ਹਨ, ਇਸ ਦੇ ਨਾਲ ਕੰਡੀ ਏਰੀਆ ਵਿੱਚ ਰਹਿਣ ਵਾਲੇ ਲੋਕਾਂ ਦੀ ਪੀਣ ਦੇ ਪਾਣੀ ਦੀ ਪ੍ਰਾਬਲਮ ਹੱਲ ਹੋ ਸਕਦੀ ਹੈ ਅਤੇ ਜੋ ਪਾਣੀ ਖੇਤਾਂ ਵਾਸਤੇ ਚਾਹੀਦਾ ਹੈ ਉਹ ਵੀ ਮਸਲਾ ਹੱਲ ਹੋ ਸਕਦਾ ਹੈ। ਪਹਾੜਾਂ ਵਿਚੋਂ ਛੋਟੇ ਛੋਟੇ ਚੋਅ ਆਉਂਦੇ ਹਨ ਜੇਕਰ ਉਨ੍ਹਾਂ ਦੇ ਪਾਣੀ ਨੂੰ ਰੀਜ਼ਰਵ ਕਰੋ ਉਸ ਦੇ ਨਾਲ ਵੀ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ ਅਤੇ ਪਾਣੀ ਇਰੀਗੇਸ਼ਨ ਵਾਸਤੇ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਜੰਮੂ ਵਿਚੋਂ ਇਸ ਤਰ੍ਹਾਂ ਇਕ ਨਹਿਰ ਆਉਂਦੀ ਹੈ। ਇਥੇ ਸਾਡੇ ਕਟਾਰੀਆ ਸਾਹਿਬ, ਪੰਡਿਤ ਜੀ ਜਾਂ ਬਾਲੀ ਸਾਹਿਬ ਜਦੋਂ ਖੜੇ ਹੁੰਦੇ ਹਨ ਤਾਂ ਪਤਾ ਲੱਗ ਜਾਂਦਾ ਹੈ ਕਿ ਕੰਡੀ ਏਰੀਆ ਦੀ ਗੱਲ ਹੋਵੇਗੀ। ਮੇਰੇ ਕਹਿਣ ਦਾ ਮਤਲਬ ਹੈ ਕਿ ਘਬਰਾਉਣ ਵਾਲੀ ਕੋਈ ਗੱਲ ਨਹੀਂ, ਇਨ੍ਹਾਂ ਦੇ ਲਈ ਇਸ ਤਰ੍ਹਾਂ ਪ੍ਰਬੰਧ ਹੋ ਸਕਦਾ ਹੈ। ਇਸ ਦੇ ਨਾਲ ਹੀ ਰੂਰਲ ਇਲੈਕਟ੍ਰਿਫਿਕੇਸ਼ਨ ਦੀ ਗੱਲ ਹੈ। ਅੱਜ ਪਿੰਡਾਂ ਵਾਸਤੇ ਬਿਜਲੀ ਲਾਜ਼ਮੀ ਹੈ। ਪਿੰਡਾਂ ਵਿਚ ਜਿਹੜੇ ਲੋਕ ਹਨ ਉਨ੍ਹਾਂ ਦਾ ਜੀਵਨ ਪੱਧਰ ਅੱਗੇ ਨਾਲੋਂ ਉੱਚਾ ਹੋ ਗਿਆ ਹੈ। ਉਨ੍ਹਾਂ ਨੂੰ ਸੜਕਾਂ ਚਾਹੀਦੀਆਂ ਹਨ, ਟੈਲੀਫੂਨ ਚਾਹੀਦਾ ਹੈ ਅਤੇ ਹੋਰ ਸਾਰੀਆਂ ਸਹੂਲਤਾਂ ਚਾਹੀਦੀਆਂ ਹਨ ਅਤੇ ਉਹ ਪਿੰਡਾਂ ਵਾਲਿਆਂ ਵਾਸਤੇ ਕਾਫ਼ੀ ਲਾਜ਼ਮੀ ਹਨ। ਮੈਂ. ਸਪੀਕਰ ਸਾਹਿਬ, ਤੁਹਾਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜੋ ਮੰਗ ਹੈ ਇਸ ਦੀ ਮੈਂ ਪ੍ਰੋੜ੍ਹਤਾ ਕਰਦਾ ਹਾਂ। ਇਸ ਦੇ ਨਾਲ ਹੀ ਜਿਸ ਤਰ੍ਹਾਂ ਮੈਂ ਪਹਿਲਾਂ ਬੇਨਤੀ ਕਰ ਚੁਕਾ ਹਾਂ ਕਿ ਸੈਂਟਰ ਔਰ ਸਟੇਟ ਰਿਲੇਸ਼ਨਜ਼ ਠੀਕ ਹੋਣੇ ਚਾਹੀਦੇ ਹਨ। ਮੈਂ ਇਹ ਕਹੇ ਬਗੈਰ ਨਹੀਂ ਰਹਿ ਸਕਦਾ ਕਿ ਜਿਹੜੇ ਐਸੇ ਇਖਤਿਆਰ ਹਨ ਜਿਵੇਂ ਸਟੇਟ ਲਿਸਟ ਹੈ ਔਰ ਯੂਨੀਅਨ ਲਿਸਟ ਹੈ, ਜਿਹੜੇ ਮਸਲੇ ਪੰਜਾਬ ਦੇ ਹਨ ਸੈਂਟਰ ਨੂੰ ਇਨ੍ਹਾਂ ਵਿਚ ਦਖਲ ਨਹੀਂ ਦੇਣਾ ਚਾਹੀਦਾ। ਜਿਵੇਂ ਕਿ ਜੋਧਪੁਰ ਦੇ ਕੈਦੀ ਹਨ, ਉਨ੍ਹਾਂ ਦਾ ਕੇਸ ਅੰਮ੍ਰਿਤਸਰ ਵਿਚ ਰਜਿਸਟਰ ਹੋਇਆ ਹੈ ਮੈਂ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੂੰ ਕੇਸ ਵਾਪਿਸ ਲੈ ਲੈਣਾ ਚਾਹੀਦਾ ਹੈ ਔਰ ਉਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ। ਪੰਜਾਬ ਦਾ ਮਸਲਾ ਹੈ,

[ਸਰਦਾਰ ਕੁਲਵੰਤ ਸਿੰਘ ਐਡਵੋਕੇਟ]

ਪੰਜਾਬ ਦੀ ਸ਼ਾਂਤੀ ਹੈ, ਉਹ ਬਹਾਲ ਹੋ ਸਕਦੀ ਹੈ। ਇਸ ਲਈ ਅੰਮ੍ਰਿਤਸਰ ਜੋ ਕੇਸ ਰਜਿਸਟਰ ਹੋਏ ਹੋਏ ਹਨ ਉਹ ਵਾਪਸ ਲੈਣੇ ਚਾਹੀਦੇ ਹਨ। ਇਸ ਵਾਸਤੇ ਮੈਂ ਬੇਨਤੀ ਕਰਾਂਗਾ ਕਿ ਸੈਂਟਰ ਨੂੰ ਜੋ ਇਸ ਤਰ੍ਹਾਂ ਦੇ ਕੇਸ ਹਨ ਉਨ੍ਹਾਂ ਵਿਚ ਘੱਟ ਦਖਲ ਅੰਦਾਜ਼ੀ ਕਰਨੀ ਚਾਹੀਦੀ ਹੈ। ਸੂਬੇ ਦਾ ਕੰਮ ਹੈ, ਸੂਬੇ ਨੂੰ ਵੱਧ ਤੋਂ ਵੱਧ ਇਖਤਿਆਰ ਹੋਣੇ ਚਾਹੀਦੇ ਹਨ।

ਮੈਂ, ਸਪੀਕਰ ਸਾਹਿਬ, ਇਹ ਵੀ ਕਹਾਂਗਾ ਕਿ ਜੋ ਵਿਧਾਨ ਦਾ ਢਾਂਚਾ ਬਣਾਇਆ ਹੈ ਇਹ 1935 ਦੇ ਵਿਚ ਇਕ ਐਕਟ ਬਣਿਆ ਸੀ ਉਸ ਦੇ ਆਧਾਰ ਤੇ ਬਣਿਆ ਸੀ। ਸਮੂਹ ਮੈਂਬਰ ਸਾਹਿਬਾਨ ਬੈਠੇ ਹਨ, ਪੰਡਿਤ ਨਹਿਰੂ ਜੀ ਨੇ ਇਕ ਗੱਲ ਕਹੀ ਸੀ—

"that we have been provided with a car with all brakes but no engine."

ਸਾਡਾ ਵਿਧਾਨ ਜੋ ਹੈ 1935 ਦੇ ਐਕਟ ਦੇ ਮੁਤਾਬਿਕ ਬਣਿਆ ਹੋਇਆ ਹੈ। ਇਸ ਵਿਚ ਜੋ ਅਸੈਂਬਲੀ ਹੈ, ਉਹ ਸੁਪਰੀਮ ਹੋਣੀ ਚਾਹੀਦੀ ਹੈ। ਅਸੈਂਬਲੀ ਨੂੰ ਪੂਰਨ ਅਧਿਕਾਰ ਹੋਣੇ ਚਾਹੀਦੇ ਹਨ, ਕੋਈ ਐਸੀ ਗੱਲ ਨਹੀਂ ਹੋਣੀ ਚਾਹੀਦੀ। ਇਸ ਤਰ੍ਹਾਂ ਹੋਣਾ ਚਾਹੀਦਾ ਹੈ ਤਾਕਿ ਉਹ ਸਟੇਟ ਵਿਚ ਸਰਕਾਰ ਵੱਧ ਤੋਂ ਵੱਧ ਕੰਮ ਕਰ ਸਕੇ। ਮੈਂ, ਸਪੀਕਰ ਸਾਹਿਬ, ਆਪ ਦਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਜੋ ਡਿਮਾਂਡਾਂ ਹਨ ਮੈਂ ਉਨ੍ਹਾਂ ਦੀ ਪ੍ਰੋੜਤਾ ਕਰਦਾ ਹਾਂ ਔਰ ਆਗਿਆ ਮੰਗਦਾ ਹਾਂ।

ਪੰਡਿਤ ਸਰਵਣ ਰਾਮ ਮਨਸੋਵਾਲੀਆ (ਗੜ੍ਹਸ਼ੰਕਰ) : ਸਪੀਕਰ ਸਾਹਿਬ, ਤੁਹਾਡੀ ਬੜੀ ਮਿਹਰਬਾਨੀ ਹੈ ਕਿ ਤੁਸੀਂ ਮੈਨੂੰ ਬੋਲਣ ਲਈ ਮੌਕਾ ਦਿੱਤਾ ਹੈ। ਮੈਂ ਡਿਮਾਂਡ ਨੰਬਰ 3 ਅਤੇ ਡਿਮਾਂਡ ਨੰਬਰ 1 ਤੇ ਬੋਲਣਾ ਚਾਹਵਾਂਗਾ। ਜਿਥੋਂ ਤੱਕ ਸਾਡੇ ਦੇਸ਼ ਦਾ ਤੁਅੱਲਕ ਹੈ, ਸਾਡੇ ਦੇਸ਼ ਦੇ ਪਿਤਾ ਮਹਾਤਮਾ ਗਾਂਧੀ ਜੀ ਨੇ ਇਹ ਸੁਪਨਾ ਲਿਆ ਸੀ ਕਿ ਆਜ਼ਾਦੀ ਲਵਾਂਗੇ ਔਰ ਆਜ਼ਾਦੀ ਤੋਂ ਬਾਅਦ ਸਾਰੇ ਦੇਸ਼ ਦੇ ਲੋਕ ਜੋ ਹਨ ਉਹ ਦਿਨ ਰਾਤ ਕੰਮ ਕਰਨਗੇ ਔਰ ਆਰਾਮ ਜਿਹੜਾ ਹੈ ਹਰਾਮ ਹੋਵੇਗਾ ਔਰ ਗਰੀਬ ਆਦਮੀ ਜਿਨ੍ਹਾਂ ਦੀ ਘੱਟ ਆਮਦਨ ਹੈ ਜਦੋਂ ਤੱਕ ਉਹ ਤਕੜੇ ਨਹੀਂ ਹੋਣਗੇ ਉਦੋਂ ਤੱਕ ਆਰਾਮ ਨਾਲ ਨਹੀਂ ਬੈਠਾਂਗੇ। ਇਹ ਉਨ੍ਹਾਂ ਦਾ ਸੁਪਨਾ ਸੀ। (ਵਿਘਨ) ਉਧਰੋਂ ਪਹਿਲਾਂ ਅਵਾਜ਼ਾਂ ਸ਼ੁਰੂ ਹੋ ਗਈਆਂ ਹਨ।

ਜਿੱਥੋਂ ਤੱਕ ਮਹਿਕਮਾ ਕੋਆਪ੍ਰੇਟਿਵ ਦੀ ਗੱਲ ਹੈ, ਡਿਮਾਂਡ ਨੰ: 3 ਹੈ। ਆਜ਼ਾਦੀ ਤੋਂ ਬਾਦ ਹਿੰਦੁਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਹ ਪਰਤਿੱਗਿਆ ਕੀਤੀ ਸੀ ਕਿ ਹਿੰਦੁਸਤਾਨ ਵਿਚ ਪਿੰਡਾਂ ਵਿਚ ਰਹਿਣ ਵਾਲੇ 80% ਲੋਕ ਤਾਂ ਹੀ ਤਕੜੇ ਹੋ ਸਕਦੇ ਹਨ ਜੇਕਰ ਪਿੰਡਾਂ ਵੱਲ ਧਿਆਨ ਦਿੱਤਾ ਜਾਵੇ ਔਰ ਪਿੰਡਾਂ ਦੀ ਨੁਹਾਰ ਨੂੰ ਬਦਲਿਆ ਜਾਵੇ, ਉਹ ਤਦ ਹੀ ਹੋ ਸਕਦਾ ਹੈ ਜੇਕਰ ਪਿੰਡਾਂ ਦੇ ਵਿਚ ਸੋਸਾਇਟੀਆਂ ਹੋਣ, ਐਗਰੀਕਲਚਰਲ ਸੋਸਾਇਟੀ ਹੋਵੇ, ਸਕੂਲ ਹੋਵੇ, ਪੰਚਾਇਤ ਹੋਵੇ ਔਰ ਉਨ੍ਹਾਂ ਦੇ ਅੱਪਣੇ ਰਿਜੀਮ ਦੇ ਵਿਚ ਬੜੀ ਚੰਗੀ ਤਰ੍ਹਾਂ ਦੇ ਨਾਲ ਇਹ ਚੀਜ਼ ਸ਼ੁਰੂ ਕੀਤੀ ਔਰ ਸ਼ੁਰੂ ਕਰਨ ਤੋਂ ਬਾਦ ਉਸ ਨੂੰ ਪਰਫੁਲਤ ਕਰਨ ਦੀ ਗੱਲ ਜੋ ਹੈ ਉਸ ਵਾਸਤੇ ਯਤਨ ਕੀਤਾ। ਜਿਥੋਂ ਤੱਕ ਮੈਂ ਦੱਸੀ ਜਾਂਦਾ ਹਾਂ (ਵਿਘਨ) ਇਹ ਵੀ ਗੱਲਾਂ ਸੁਣ ਲਵੋ। ਜਿੱਥੋਂ ਤੱਕ ਕੋਆਪ੍ਰੇਟਿਵ ਦਾ ਤੁਅੱਲਕ ਹੈ, ਸਪੀਕਰ ਸਾਹਿਬ, ਪੰਜਾਬ ਦੇ ਵਿਚ ਉਨ੍ਹਾਂ ਨੇ ਸਾਰੇ ਹਿੰਦੁਸਤਾਨ ਨੂੰ ਲੀਡ ਕੀਤਾ, ਪੰਜਾਬ ਨੂੰ ਵੀ ਲੀਡ ਕੀਤਾ। ਸਰਵਿਸ ਸੋਸਾਇਟੀਆਂ ਪੰਜਾਬ ਦੇ ਵਿਚ ਪਿੰਡਾਂ ਦੇ ਵਿਚ ਬਣਾਈਆਂ ਔਰ ਉਨ੍ਹਾਂ ਸਰਵਿਸ ਸੋਸਾਇਟੀਆਂ ਦੇ ਰਾਹੀਂ ਲੋਕਾਂ ਨੂੰ ਕਈ ਚੀਜ਼ਾਂ ਦਿੱਤੀਆਂ, ਸਹੂਲਤਾਂ ਦੇਣ ਦਾ ਯਤਨ ਕੀਤਾ ਪਰ ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜਿਸ ਤਰ੍ਹਾਂ

ਇਹ ਕਹਿੰਦੇ ਹਨ, ਸੰਨ 1977 ਵਿਚ ਜਿਸ ਵੇਲੇ ਇਨ੍ਹਾਂ ਦੀ ਸਰਕਾਰ ਆਈ ਤਾਂ ਉਹ ਸਰਵਿਸ ਸੋਸਾਇਟੀਆਂ ਤੋੜ ਕੇ ਅੱਠ ਅੱਠ ਦਸ ਦਸ ਪਿੰਡਾਂ ਦੀਆਂ ਸੋਸਾਇਟੀਆਂ ਬਣਾ ਦਿੱਤੀਆਂ। ਸਪੀਕਰ ਸਾਹਿਬ, ਸਾਡੇ ਪੰਜਾਬੀਆਂ ਦੀ ਇਹ ਗੱਲ ਹੈ ਕਿ ਜੇਕਰ ਕਰਜ਼ਾ ਵੀ ਲੈਣਾ ਹੋਵੇ ਤਾਂ ਅੰਦਰ ਵੜ ਕੇ ਲੈਂਦੇ ਹਨ ਪਰ ਇਨ੍ਹਾਂ ਨੂੰ ਅੱਠ ਅੱਠ ਦਸ ਦਸ ਪਿੰਡਾਂ ਦੀਆਂ ਸੋਸਾਇਟੀਆਂ ਬਣਾ ਦਿੱਤੀਆਂ । ਦੱਸੋ ਕਿਹੜਾ ਆਦਮੀ ਕਰਜ਼ਾ ਮੰਗੇਗਾ। ਸਾਡੇ ਲੋਕ ਤਾਂ ਇਹ ਸਮਝਦੇ ਹਨ ਕਿ ਜੇ ਪਤਾ ਲਗ ਗਿਆ ਕਿ ਇਸ ਨੇ ਕਰਜ਼ਾ ਲਿਆ ਹੈ ਤਾਂ ਰਿਸ਼ਤਾ ਕਿਸੇ ਨੇ ਨਹੀਂ ਕਰਨਾ ਪਰ ਇਨ੍ਹਾਂ ਨੇ 7-7, 8-8 ਸੁਸਾ-ਇਟੀਆਂ ਬਣਾਕੇ ਪਿੰਡਾਂ ਦਾ ਪੈਸਾ ਤਹਿਸ਼ ਨਹਿਸ ਕਰ ਦਿੱਤਾ ਹੈ। ਇਨ੍ਹਾਂ ਸੁਸਾਇਟੀਆਂ ਦਾ ਪਿੰਡਾਂ ਤੇ ਬੜਾ ਭਾਰੀ ਬੋਝ ਹੈ। ਕੋਈ ਸੈਕਟਰੀ ਹੈ, ਕੋਈ ਖਜ਼ਾਨਚੀ ਹੈ, ਕੋਈ ਸੇਲਜ਼ਮੈਨ ਹੈ ਇਸ ਤਰ੍ਹਾਂ ਨਾਲ ਇਨ੍ਹਾਂ ਸੁਸਾਇਟੀਆਂ ਦਾ ਪਿੰਡ ਤੇ 2-3 ਹਜ਼ਾਰ ਰੁਪਏ ਮਹੀਨੇ ਦਾ ਬੋਝ ਪਾਇਆ ਹੋਇਆ ਹੈ । ਇਸ ਤਰ੍ਹਾਂ ਨਾਲ ਪਿੰਡਾਂ ਦੇ ਲੋਕਾਂ ਦੀ ਜਿਹੜੀ ਜ਼ਿੰਦਗੀ ਹੈ ਉਹ ਬੜੀ ਮੁਸ਼ਕਲ ਵਿਚ ਹੈ। ਸਪੀਕਰ ਸਾਹਿਬ ਹਰ ਇਕ ਪਿੰਡ ਵਿਚ ਸੁਸਾਇਟੀ ਹੋਣੀ ਚਾਹੀਦੀ ਹੈ ਅਤੇ ਲੰਮੀ ਅਤੇ ਛੋਟੀ ਮਿਆਦ ਦੇ ਕਰਜ਼ੇ ਦੇਣੇ ਚਾਹੀਦੇ ਹਨ। ਔਰ ਜਿਥੋਂ ਤੱਕ ਕਰਜ਼ਾ ਲੈਣ ਦਾ ਤਾਲੁਅਕ ਹੈ ਇਹ 1:25 ਦੀ ਰੇਸ਼ੋ ਨਾਲ ਹੋਣਾ ਚਾਹੀਦਾ ਹੈ ਅਰਥਾਤ ਜੇ ਇਕ ਮੈਂਬਰ ਕੋਈ ਬਣਿਆ ਹੈ ਤਾਂ ਉਹ 25 ਰੁਪਏ ਕਰਜ਼ਾ ਲੈ ਸਕਦਾ ਪਰ ਇਨ੍ਹਾਂ ਨੇ 12 ਤੋਂ 14 ਦੀ ਰੇਸ਼ੋ ਰਖੀ ਹੋਈ ਹੈ। ਜੇ ਇਸ ਤਰ੍ਹਾਂ ਹੁੰਦਾ ਰਿਹਾ ਤਾਂ ਗਰੀਬ ਆਦਮੀ ਕਦੇ ਵੀ ਆਪਣਾ ਹਿੱਸਾ ਜਮ੍ਹਾਂ ਨਹੀਂ ਕਰਵਾ ਸਕੇਗਾ। ਇਹ ਜਿਹ-ੜੀਆਂ ਸੁਸਾਇਟੀਆਂ ਹਨ ਇਹ ਤਕੜੇ ਆਦਮੀਆਂ ਲਈ ਬਣੀਆਂ ਹਨ ਗਰੀਬਾਂ ਦੀ ਜ਼ਿੰਦਗੀ ਤਾਂ ਮੁਹਾਲ ਕਰ ਦਿੱਤੀ ਹੈ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਜੇ ਗਰੀਬ ਦਾ ਫਾਇਦਾ ਕਰਨਾ ਹੈ ਤਾਂ ਇਹ ਰੇਸ਼ੋ 1:25 ਦੀ ਹੋਣੀ ਚਾਹੀਦੀ ਹੈ। ਜਿਹੜੇ ਪਿੰਡਾਂ ਦੇ ਗਰੀਬ ਲੋਕ ਹਨ ਉਨ੍ਹਾਂ ਨੂੰ ਪੀਲੇ ਕਾਰਡਾਂ ਤੇ ਜਿਹੜੀਆਂ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ ਉਹ ਨਹੀਂ ਮਿਲਦੀਆਂ । ਕੰਟਰੋਲ ਦੀਆਂ ਚੀਜ਼ਾਂ ਨਹੀਂ ਮਿਲਦੀਆਂ , ਡੀ ਕੰਟਰੋਲ ਦੀਆਂ ਚੀਜ਼ਾਂ ਮਿਲਦੀਆਂ ਹਨ। ਜਿਹੜੇ ਜਿਹੜੇ ਤਕੜੇ ਤਕੜੇ ਲੋਕ ਹਨ ਉਹ ਅਸਲੀ ਕਪੜਾ ਲੈ ਜਾਂਦੇ ਹਨ ਔਰ ਜੋ ਗਰੀਬ ਨੇ ਲੈਣਾ ਹੈ ਤਾਂ ਉਸ ਨੂੰ, ਕਿਹਾ ਜਾਂਦਾ ਹੈ ਕਿ ਇਸ ਦੇ ਨਾਲ ਜ਼ਬਰਦਸਤੀ ਐਨੀ ਘਟੀਆ ਚਾਹ-ਪੱਤੀ ਜਾਂ ਕੋਈ ਹੋਰ ਅਜਿਹੀ ਚੀਜ਼ ਜ਼ਰੂਰ ਉਸ ਦੇ ਨਾਲ ਗਲ ਮੜ੍ਹਦੇ ਹਨ। ਇਸ ਤਰ੍ਹਾਂ ਪਿੰਡਾਂ ਦੇ ਲੋਕਾਂ ਦਾ ਜੋ ਹਾਲ ਹੈ ਉਹ ਬੜਾ ਤਰਸਯੋਗ ਹੈ। ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਕੋਆਪਰੇਟਿਵ ਦਾ ਜੋ ਢਾਂਚਾ ਹੈ ਇਸ ਨੂੰ ਤਹਿਸ ਨਹਿਸ ਕਰ ਦਿੱਤਾ ਹੈ। ਸਪੀਕਰ ਸਾਹਿਬ, ਇਕ ਤਾਂ ਸਰਵਿਸ ਸੁਸਾਇਟੀਆਂ ਹਨ ਅਤੇ ਇਕ ਪਿੰਡਾਂ ਤੋਂ ਬਾਹਰ ਸ਼ਹਿਰਾਂ ਵਿਚ ਮਾਰਕਿਟ ਸੁਸਾਇਟੀਆਂ ਬਣੀਆਂ ਹਨ। ਮਾਰਕਿਟ ਸੁਸਾ-ਟੀਆਂ ਦਾ ਜੋ ਸਰਮਾਇਆ ਸੀ ਉਹ ਸਾਰਾ ਮਾਰਕਫੈਡ ਵਾਲੇ ਖਾ ਗਏ । ਮਾਰਕਿਟ ਸੁਸਾਇਟੀਆਂ ਔਰ ਡਿਸਟ੍ਰਿਕਟ ਹੋਲਸੇਲ ਸੁਸਾਇਟੀਆਂ ਜਿਸ ਨੂੰ ਡੀ.ਡਬਲਿਯੂ-ਐਸ ਕਹਿੰਦੇ ਹਨ , ਇਹ ਖੰਡ ਕਪੜਾ ਆਦਿ ਦਿੰਦੀਆਂ ਸਨ . ਇਨ੍ਹਾਂ ਦਾ ਮਾਰਕਫੈਡ ਦੇ ਨਾਲ ਹਿਸਾਬ ਕਿਤਾਬ ਹੁੰਦਾ ਸੀ ਲੇਕਿਨ 10 ਸਾਲ ਹੋ ਗਏ ਹਨ ਮਾਰਕਫੈਡ ਨੇ ਕਦੇ ਹਿਸਾਬ ਕਿਤਾਬ ਹੀ ਨਹੀਂ ਕੀਤਾ ਔਰ ਬਾਅਦ ਵਿਚ ਉਨ੍ਹਾਂ ਦਾ ਸਾਰਾ ਕੰਮ ਆਪਣੇ ਹੱਥ ਵਿਚ ਲੈ ਲਿਆ । ਇਸ ਤਰ੍ਹਾਂ ਨਾਲ ਮਾਰਕਿਟ ਸੁਸਾਇਟੀਆਂ ਪੰਜਾਬ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਈਆਂ ਹਨ ਔਰ ਜੋ ਸਹਿਕਾਰਤਾ ਲਹਿਰ ਹੈ ਉਸ ਨੂੰ ਬੜਾ ਧੱਕਾ ਲੱਗਾ ਹੈ। ਇਸ ਵੇਲੇ ਇਹ ਕੋਈ ਹਿਸਾਬ ਕਿਤਾਬ ਕਰਨ ਨੂੰ ਤਿਆਰ ਨਹੀਂ, ਮੁਲਾਜ਼ਮ ਬੈਠੇ ਹਨ ਥੋੜ੍ਹਾ ਥੋੜ੍ਹਾ ਸਾਮਾਨ ਲੈ ਕੇ ਜਿਵੇਂ ਤਪੜੀ ਵਿਛਾ ਕੇ ਬੈਠੇ ਹੋਣ । ਤਨਖਾਹ ਉਨ੍ਹਾਂ ਨੂੰ ਬਹੁਤ ਦੇਰ ਬਾਅਦ ਮਿਲਦੀ ਹੈ। ਸਪੀਕਰ ਸਾਹਿਬ, ਇਸ ਤਰ੍ਹਾਂ ਮਾਰਕਫੈਡ ਨੂੰ ਚਾਹੀਦਾ ਹੈ ਕਿ ਉਨ੍ਹਾਂ ਦਾ ਹਿਸਾਬ ਕਿਤਾਬ ਕਰਕੇ ਉਨ੍ਹਾਂ ਨੂੰ ਛੋਟੇ ਛੋਟੇ ਕੰਮ ਦੇਣ ਔਰ ਆਪ ਆਪਣੇ ਇੰਟਰ ਸਟੇਟ ਕਾਰਖਾਨੇ ਲਗਾਉਣ। ਜਿਹੜੇ ਛੋਟੇ ਕੰਮ ਹਨ ਉਹ ਮਾਰਕਿਟ ਸੁਸਾਇਟੀਆਂ ਅਤੇ ਡੀ. ਡਬਲਿਯੂ. ਐਸ ਨੂੰ ਦੇਣੇ ਚਾਹੀਦੇ ਹਨ।

[ਪੰਡਿਤ ਸਰਵਣ ਰਾਮ ਮਨਸੋਂਵਾਲੀਆ]

ਸਪੀਕਰ ਸਾਹਿਬ, ਅੱਜ ਮਾਰਕਫੈਡ ਏਸ਼ੀਆ ਦੇ ਵਿੱਚੋਂ ਸਭ ਤੋਂ ਵੱਡਾ ਇਕ ਅਦਾਰਾ ਹੈ ਲੇਕਿਨ ਜੇ ਕਰ ਇਸ ਦੀਆਂ ਲੈਣ ਦਾਰੀਆਂ ਤੇ ਦੇਣਦਾਰੀਆਂ ਨੂੰ ਵੇਖਿਆ ਜਾਵੇ ਤਾਂ ਇਨ੍ਹਾਂ ਦੇ ਪੱਲੇ ਕੁੱਝ ਵੀ ਨਹੀਂ ਹੈ। ਇਹ ਮਾਰਕਿਟ ਸੁਸਾਇਟੀਜ਼ ਦਾ ਪੈਸਾ ਡਕਾਰ ਮਾਰ ਕੇ ਬੈਠੇ ਹਨ ਅਤੇ ਗੌਰਮਿੰਟ ਤੋਂ ਪੈਸੇ ਲੈ ਕੇ ਚਲਾ ਰਹੇ ਹਨ। ਇਸ ਅਦਾਰੇ ਵਿਚ ਕਰੋੜਾਂ ਰੁਪਏ ਦਾ ਘਪਲਾ ਹੈ। ਸਪੀਕਰ ਸਾਹਿਬ, ਜਿੱਥੇ ਤੱਕ ਲੇਬਰ ਕੰਸਟਰਕਸ਼ਨ ਸੋਸਾਇਟੀਜ਼ ਦਾ ਤੁਅੱਲਕ ਹੈ ਇਹ ਸੋਸਾਇਟੀਜ਼ ਗਰੀਬਾਂ, ਹਰੀਜਨਾਂ ਅਤੇ ਪਛੜੇ ਹੋਏ ਲੋਕਾਂ ਦੀ ਬਣਾਈ ਹੁੰਦੀ ਹੈ। ਇਹ ਸੋਸਾਇਟੀਆਂ ਕੰਮ ਕਰਦੀਆਂ ਹਨ ਠੇਕੇਦਾਰੀ ਦਾ, ਜਦੋਂ ਇਹ ਠੇਕੇਦਾਰੀ ਦਾ ਕੰਮ ਕਰਦੀਆਂ ਹਨ ਤਾਂ ਪੈਸਾ ਸਰਕਾਰ ਇਨ੍ਹਾਂ ਨੂੰ ਲੋਨ ਦਿੰਦੀ ਹੈ। ਤੁਸੀਂ ਪਤਾ ਕਰਕੇ ਵੇਖ ਲਵੋਂ ਕਿਤੇ ਲੇਬਰ ਕੰਸਟਰਕਸ਼ਨ ਸੋਸਾਇਟੀਆਂ ਚੱਲ ਵੀ ਰਹੀਆਂ ਹਨ। ਮੇਰੇ ਖਿਆਲ ਵਿਚ ਇਹ ਸਾਰੇ ਪੰਜਾਬ ਵਿਚ ਡੀਫੰਕਟ ਹਨ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਨੂੰ ਠੇਕੇਦਾਰੀ ਦਾ ਕੰਮ ਨਹੀਂ ਦਿੱਤਾ ਜਾਂਦਾ। ਲੇਬਰ ਕੰਸਟਰਕਸ਼ਨ ਸੋਸਾਇਟੀਆਂ ਬਣ ਕੇ ਰਹਿ ਗਈਆਂ ਹਨ ਅਤੇ ਇਹ ਲੋਕਾਂ ਦੇ ਨਾਲ ਇਕ ਫਰਾਡ ਹੈ। ਇਨ੍ਹਾਂ ਨੂੰ ਘੱਟੋ ਘੱਟ ਇਕ ਲੱਖ ਰੁਪਏ ਦਾ ਠੇਕਾ ਦੇਣਾ ਚਾਹੀਦਾ ਹੈ, ਤਾਂ ਕਿ ਉਨ੍ਹਾਂ ਦਾ ਕੰਮ ਚਲ ਸਕੇ ਅਤੇ ਇਨ੍ਹਾਂ ਨੂੰ ਪੇਮੈਂਟ ਵੀ ਟਾਈਮ ਬਾਂਉਂਡ ਹੋਣੀ ਚਾਹੀਦੀ ਹੈ ਕਿਧਰੇ ਪੈਸੇ ਦੇ ਦੁਖੋਂ ਇਹ ਫੇਲ੍ਹ ਨਾ ਹੋ ਜਾਣ। ਮੈਂ ਕੋਆਪਰੇਸ਼ਨ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਨ੍ਹਾਂ ਸੋਸਾਇਟੀਜ਼ ਨੂੰ ਮੁੜਜੀਤ ਕਰਨ ਤਾਂਕਿ ਗਰੀਬ ਲੋਕਾਂ ਨੂੰ ਇਸ ਦਾ ਫਾਇਦਾ ਹੋ ਸਕੇ। ਸਪੀਕਰ ਸਾਹਿਬ, ਪ੍ਰਾਇਮਰੀ ਲੈਂਡ ਮਾਰਟਗੇਜ਼ ਬੈਂਕ ਜੋ ਹਨ। ਇਨ੍ਹਾਂ ਦਾ ਕੰਮ ਹੁੰਦਾ ਹੈ ਗਰੀਬ ਕਿਸਾਨਾਂ ਨੂੰ ਅਤੇ ਕਾਸ਼ਤਕਾਰਾਂ ਨੂੰ ਲੋਨ ਦੇਣਾ ਤਾ ਕਿ ਇਹ ਲੋਕ ਛੋਟੇ ਛੋਟੇ ਲੋਨ ਲੈਕੇ ਫਸਲਾਂ ਵਾਸਤੇ ਟਰੈਕਟਰਜ਼ ਅਤੇ ਇਨਪੁਟਸ ਵਗੈਰਾ ਲੈ ਸਕਣ। ਇਹ ਲੋਨ ਲੈਣ ਵਾਸਤੇ ਉਨ੍ਹਾਂ ਦੀ ਮਨਜ਼ੂਰੀ ਚੰਡੀਗੜ੍ਹ ਤੋਂ ਲੈਣੀ ਪੈਂਦੀ ਹੈ। ਇਸ ਕੰਮ ਵਿਚ ਇਤਨਾ ਚਿਰ ਲੱਗ ਜਾਂਦਾ ਹੈ ਕਿ ਕਿਸਾਨ ਦਾ ਕੰਮ ਨਿਕਲ ਜਾਂਦਾ ਹੈ, ਦਵਾਈ ਲੈਣ ਵਾਸਤੇ ਟਾਈਮ ਨਿਕਲ ਜਾਂਦਾ ਹੈ, ਬੀਜ ਲੈਣ ਵਾਸਤੇ ਟਾਈਮ ਲੰਘ ਜਾਂਦਾ ਹੈ। ਚਾਹੀਦਾ ਇਹ ਹੈ ਕਿ ਇਹ ਲੈਂਡ ਮਾਰਟਗੇਜ਼ ਦੇ ਬੋਰਡ ਦੇ ਪ੍ਰਾਇਮਰੀ ਮਾਰਟਗੇਜ਼ ਬੈਂਕ ਤੋਂ ਹੀ ਮਿਲ ਜਾਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਇਸ ਦੀ ਮਨਜ਼ੂਰੀ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਪਹਿਲੇ ਇਹ 10 ਹਜ਼ਾਰ ਰੁਪਏ ਦਾ ਕਰਜ਼ਾ ਦਿੰਦੇ ਸਨ ਹੁਣ ਮੈਂ ਸਮਝਦਾ ਹਾਂ ਕਿ ਅੱਜ ਕਲ ਦੇ ਯੁਗ ਵਿਚ ਇਕ ਲੱਖ ਰੁਪਏ ਦਾ ਕਰਜ਼ਾ ਦੇਣਾ ਚਾਹੀਦਾ ਹੈ ਨਹੀਂ ਤਾਂ ਘੱਟੋ ਘੱਟ 50 ਹਜ਼ਾਰ ਤਾਂ ਜ਼ਰੂਰ ਦੇ ਦੇਣਾ ਚਾਹੀਦਾ ਹੈ, ਤਾਂ ਕਿ ਉਹ ਟਰੈਕਟਰ ਵਗੈਰਾ ਲੈ ਸਕੇ ਔਰ ਇਹ ਕਰਜ਼ਾ ਬੈਂਕ ਤੋਂ 5-10 ਦਿਨਾਂ ਦੇ ਵਿਚ ਮਿਲ ਜਾਣਾ ਚਾਹੀਦਾ ਹੈ। ਜਿੱਥੋਂ ਤੱਕ ਤੁਅੱਲਕ ਹੈ ਵੱਡੀਆਂ ਸੋਸਾਇਟੀਜ਼ ਦਾ ਸਪੀਕਰ ਸਾਹਿਬ, ਮੈਂ ਸਾਰੀ ਜ਼ਿੰਦਗੀ ਕੋਆਪਰੇਟਿਵ ਲਹਿਰ ਵਿਚ ਰਿਹਾ ਹਾਂ ਅਤੇ ਐਮ.ਐਲ.ਏ. ਵੀ ਇਸੇ ਕੋਆਪਰੇਟਿਵ ਲਹਿਰ ਵਿਚ ਬਣਿਆ ਹਾਂ। ਇਕ ਡੀ.ਸੀ. ਯੂ. ਸੋਸਾਇਟੀਜ਼ ਹੁੰਦੀ ਹੈ। ਇਹ ਸਾਰੀਆਂ ਸੁਸਾਇਟੀਆਂ ਦੀ ਪੇਰੈਂਟ ਬਾਡੀ ਹੁੰਦੀ ਹੈ। ਡੀ.ਸੀ.ਯੂ. ਦੀ ਕੋਸ਼ਿਸ਼ ਹੁੰਦੀ ਹੈ ਅਤੇ ਇਹ ਲੋਕਾਂ ਨੂੰ ਕੋਆਪਰੇਟਿਵ ਲਹਿਰ ਦਾ ਗਿਆਨ ਦੇਣ ਦਾ ਕੰਮ ਕਰਦੀ ਹੈ ਅਤੇ ਲੋਕਾਂ ਨੂੰ ਜਾਣੂ ਕਰਵਾਉਣਾ ਇਸ ਦਾ ਕੰਮ ਹੈ। ਇਸ ਤੋਂ ਇਲਾਵਾ ਸੈਕਟਰੀਜ਼ ਨੂੰ ਟਰੇਨਿੰਗ ਦੇਣਾ ਅਤੇ ਹੋਰ ਲੋਕਾਂ ਨੂੰ ਵੀ ਇਹ ਟ੍ਰੇਨਿੰਗ ਦਿੰਦੇ ਹਨ ਔਰ ਤੀਸਰਾ ਕੰਮ ਉਸ ਦਾ ਇਹ ਵੀ ਹੈ ਕਿ ਉਹ ਆਪਣੀ ਮਸ਼ੀਨਰੀ ਲਗਾ ਕੇ ਕੋਆਪਰੇਟਿਵ ਦੇ ਕਾਗਜ਼ਾਤ, ਫਾਰਮ ਅਤੇ ਰਜਿਸਟਰ ਵਗੈਰਾ ਬਣਾਉਂਦੇ ਹਨ। ਇਸ ਦਾ ਕਿਸੇ ਜ਼ਿਲ੍ਹੇ ਵਿਚ ਹੈਡਕੁਆਟਰਜ਼ ਨਹੀਂ ਹੈ, ਨਾ ਹੀ ਇਨ੍ਹਾਂ ਦੀ ਕੋਈ ਬਿਲਡਿੰਗ ਹੈ। ਬਿਲਡਿੰਗ ਦੇਣ ਵਿਚ ਸਾਨੂੰ ਇਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਖਾਸ ਤੌਰ ਤੇ ਹੁਣ ਇਨ੍ਹਾਂ ਦਿਨਾਂ ਵਿਚ ਜੋ ਪਿਛਲਾ ਸਮਾਂ ਗੁਜ਼ਰਿਆ ਹੈ ਇਨ੍ਹਾਂ ਦੇ ਹਾਲਾਤ ਬੜੇ ਨਿਰਾਸ਼ਾਜਨਕ ਹੋ ਗਏ ਹਨ। ਇਨ੍ਹਾਂ ਨੂੰ ਸਰਕਾਰ ਵੱਲੋਂ ਮਦਦ ਮਿਲਣੀ ਚਾਹੀਦੀ ਹੈ ਤਾ ਕਿ ਪੰਜਾਬ ਵਿਚ ਇਹ ਆਪਣੇ ਪੈਰਾਂ ਤੇ ਖੜੇ ਹੋ ਸਕਣ।

ਸਪੀਕਰ ਸਾਹਿਬ, ਉਹ ਕੁਆਪਰੇਟਿਵ ਅਦਾਰੇ ਦੀ ਸੇਵਾ ਕਰ ਸਕਦੇ ਹਨ। ਸਪੀਕਰ ਸਾਹਿਬ ਜਿਥੋਂ ਤਕ ਮੈਂ ਸਮਝਦਾ ਹਾਂ ਮਿਲਕ ਪਲਾਂਟ ਦਾ ਜ਼ਿਕਰ ਆਇਆ ਹੈ, ਪੰਜਾਬ ਵਿਚ ਕੋਈ ਵੀ ਮਿਲਕ ਫੈੱਡ ਆਪਣੇ ਪੈਰਾਂ ਤੇ ਨਹੀਂ ਖੜ੍ਹਾ। ਸਹੀ ਤਰੀਕੇ ਦੇ ਨਾਲ ਪਿੰਡਾਂ ਵਿਚ ਸੁਸਾਇਟੀਆਂ ਨਹੀਂ ਚਲਦੀਆਂ। ਇਹੋ ਜਿਹਾ ਕੰਮ ਸੁਸਾਇਟੀਆਂ ਵਿਚ ਹੋ ਰਿਹਾ ਹੈ। ਮਨਿਸਟਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਇਸ ਪਾਸੇ ਧਿਆਨ ਦੇਣ ਔਰ ਸਾਰੇ ਸਿਸਟਮ ਨੂੰ ਚੰਗੀ ਤਰ੍ਹਾਂ ਦੇ ਨਾਲ ਚਲਾਉਣ ਦੇ ਯਤਨ ਕਰਨ। ਸਪੀਕਰ ਸਾਹਿਬ, ਜਿਥੋਂ ਤੱਕ ਕੋਆਪਰੇਟਿਵ ਦਾ ਤੁਅੱਲਕ ਹੈ, ਮੇਰੇ ਵੀਰ ਭੁਲ ਗਏ ਹਨ ਕਿ ਹੁਸ਼ਿਆਰਪੁਰ ਤੋਂ ਹੀ ਇਸ ਦਾ ਜਨਮ ਹੋਇਆ ਹੈ। (ਥੰਪਿਗ) ਇਹ ਚੀਜ਼ ਹਕੀਕਤ ਹੈ। ਸਪੀਕਰ ਸਾਹਿਬ, ਮੈਨੂੰ ਇਸ ਗੱਲ ਦਾ ਮਾਣ ਹੈ ਕਿ ਅੱਜ ਦੇ ਯੁਗ ਵਿਚ ਕਿਸ ਤਰ੍ਹਾਂ ਕੰਮ ਚਲ ਰਿਹਾ ਹੈ। ਮੇਰੇ ਵੀਰ ਕਿਸ ਤਰ੍ਹਾਂ ਕੰਮ ਚਲਾ ਰਹੇ ਹਨ। ਕੋਆਪਰੇਟਿਵ ਬਾਰੇ ਮੈਂ ਸਮਝਦਾ ਹਾਂ ਕਿ ਅੱਜ ਵੀ ਨਿਪੁੱਤੀ ਤੇ ਕੱਲ ਵੀ ਨਿਪੁੱਤੀ ਵਾਲੇ ਕੋਆਪਰੇਟਿਵ ਅਦਾਰੇ ਬਣ ਗਏ ਹਨ। ਜਿਥੋਂ ਤਕ ਮੁਲਾਜ਼ਮਾਂ ਦੀ ਭਰਤੀ ਦਾ ਤੁਅੱਲਕ ਹੈ। ਅੰਨੇਵਾਹ ਮੁਲਾਜ਼ਮ ਰਖੇ ਜਾ ਰਹੇ ਹਨ। (ਹਾਸਾ) ਸਪੀਕਰ ਸਾਹਿਬ, ਮੁਲਾਜ਼ਮਾਂ ਦੀ ਕਿਸ ਤਰ੍ਹਾਂ ਭਰਤੀ ਕੀਤੀ ਜਾ ਰਹੀ ਹੈ। ਕੋਈ ਬੋਰਡ ਨਹੀਂ ਹੈ। ਆਪਣੇ ਇਖਤਿਆਰਾਂ ਨਾਲ ਹੀ ਬੰਦੇ ਰਖੇ ਜਾ ਰਹੇ ਹਨ। ਐਡਹਾਕ ਵਾਲਿਆਂ ਦਾ ਟਾਈਮ ਵਧਾ ਰਹੇ ਹਨ। ਜਦੋਂ ਲੈਂਡ ਮਾਰਟਗੇਜ਼ ਬੈਂਕਾਂ ਵਿਚ ਸੁਪਰਵਾਈਜ਼ਰਜ਼ ਦੀਆਂ ਵੇਕੈਂਸੀਜ਼ ਨਿਕਲੀਆਂ ਤਾਂ ਪਿੰਡਾਂ ਦੇ ਜਥੇਦਾਰ ਆ ਗਏ। ਬੈਠੇ ਬਿਠਾਏ ਹੀ ਬੰਦਾ ਰੱਖ ਲਿਆ। ਕੁੱਝ ਲਿਤਾ ਅਤੇ ਬੰਦਾ ਰਖ ਲਿਆ। ਇਸ ਬਾਰੇ ਸਾਰਿਆਂ ਨੂੰ ਪਤਾ ਹੈ। ਇਸ ਬਾਰੇ ਤੁਸੀਂ ਆਪਣੇ ਆਪ ਸਮਝ ਲਓ। (ਵਿਘਨ) ਸਪੀਕਰ ਸਾਹਿਬ, ਜੇਕਰ ਮੁਲਾਜ਼ਮ ਰਖਣੇ ਹਨ ਤਾਂ ਐਪਲੀਕੇਸ਼ਨਾਂ ਮੰਗੋ। ਫਿਰ ਸਾਰਿਆਂ ਨੂੰ ਬੁਲਾ ਕਿ ਇੰਟਰਵਿਊ ਲਓ। ਇੰਟਰਵਿਊ ਲੈ ਕੇ ਵੇਖੋ ਕਿ ਕੌਣ ਮੈਰਿਟ ਵਿਚ ਆਉਂਦਾ ਹੈ। ਲੋਕਾਂ ਨੇ ਇਸ ਬਾਰੇ ਅਖਬਾਰਾਂ ਵਿਚ ਵੀ ਕਢਾਇਆ ਹੈ। ਕਈ ਬੰਦੇ ਐਵੇਂ ਹੀ ਰੱਖ ਲਏ ਗਏ ਹਨ। ਸਪੀਕਰ ਸਾਹਿਬ, ਕੋਆਪਰੇਟਿਵ ਅਦਾਰਾ ਹੋਵੇ ਅਤੇ ਉਹ ਅਦਾਰਾ ਹੱਥ ਦੇ ਨਾਲ ਹੱਥ ਮਿਲਾ ਕੇ ਚਲੇ। ਮੈਂ ਵੀ 20 ਸਾਲ ਕੋਆਪਰੇਟਿਵ ਵਿਚ ਰਿਹਾ ਹਾਂ। ਅਸੀਂ ਵੀ ਅਫਸਰਾਂ ਦੇ ਨਾਲ ਮੀਟਿੰਗਾਂ ਕਰਦੇ ਹੁੰਦੇ ਸੀ। ਅਸੀਂ, ਸਪੀਕਰ ਸਾਹਿਬ, ਚਾਹ ਖਾਤਰ ਇਕ, ਇਕ ਰੁਪਿਆ ਆਪਣੇ ਕੋਲੋਂ ਇਕੱਠਾ ਕਰਦੇ ਹੁੰਦੇ ਸੀ ਤਾਂ ਜਾ ਕੇ ਚਾਹ ਪੀਂਦੇ ਸੀ। ਅੱਜ ਉਥੇ ਲੰਚ ਅਤੇ ਡਿਨਰ ਚਲ ਰਹੇ ਹਨ। ਇਸ ਤਰ੍ਹਾਂ ਸਰਕਾਰ ਦਾ ਕੰਮ ਕਿਸ ਤਰ੍ਹਾਂ ਚਲ ਸਕਦਾ ਹੈ। ਇਹ ਬੜੀ ਹੀ ਮੁਸ਼ਕਲ ਹੈ। ਸਪੀਕਰ ਸਾਹਿਬ, ਜਿਥੋਂ ਤਕ ਕੋਆਪਰੇਟਿਵ ਦੇ ਲਾਅ ਦਾ ਤੁਅੱਲਕ ਹੈ ਔਰ ਬੋਰਡ ਦਾ ਤੁਅਲੱਕ ਹੈ। ਇਸ ਤਰ੍ਹਾਂ ਸਰਕਾਰਾਂ ਨਹੀਂ ਚਲਦੀਆਂ ਹੁੰਦੀਆਂ। ਚੰਡੀਗੜ੍ਹ ਵਿਚ, ਸਪੀਕਰ ਸਾਹਿਬ, ਰਜਿਸਟਰਾਰ ਸਾਹਿਬ ਬੜੇ ਚੰਗੇ ਆਦਮੀ ਹਨ। ਉਹ ਬੜੇ ਹੀ ਇਮਾਨਦਾਰ ਆਦਮੀ ਹਨ। ਉਹ ਰਜਿਸਟਰਾਰ ਸਾਹਿਬ ਬੜੇ ਹੀ ਭਲੇ ਮਾਣਸ ਅਤੇ ਸਾਰੀ ਗੱਲ ਨੂੰ ਚੰਗੀ ਤਰ੍ਹਾਂ ਸੁਣਦੇ ਹਨ। (ਥੰਪਿੰਗ) ਲੇਕਿਨ ਉਹ ਬੇਵਸੀ ਜ਼ਾਹਿਰ ਕਰਦੇ ਹਨ, ਸਪੀਕਰ ਸਾਹਿਬ, 6 ਸਾਲ ਦੀ ਪਾਬੰਦੀ ਲਗਾ ਦਿੱਤੀ। ਜਿਹੜਾ ਇਕ ਆਦਮੀ 6 ਸਾਲ ਇਕ ਬੋਰਡ ਵਿਚ ਰਿਹਾ ਹੋਵੇ, ਉਹ ਡਾਇਰੈਕਟਰ ਨਹੀਂ ਬਣ ਸਕਦਾ। ਸਪੀਕਰ ਸਾਹਿਬ, ਇਹ ਦੇਖੋ ਕਿ ਐਮ.ਐਲ.ਏ. ਤਾਂ ਭਾਵੇਂ 100 ਸਾਲ ਬਣਦਾ ਰਹੇ, ਬੋਰਡ ਆਫ ਡਾਇਰੈਕਟਰ ਦਾ 6 ਸਾਲ ਮਗਰੋਂ ਮੈਂਬਰ ਨਹੀਂ ਬਣ ਸਕਦਾ। ਇਹ ਜਿਹੜਾ ਡਿਸੀਜ਼ਨ ਹੈ, ਇਸ ਨੂੰ ਬੰਦ ਕਰਨਾ ਚਾਹੀਦਾ ਹੈ ਔਰ ਬੋਰਡ ਦੇ ਜੋ ਇਲੈਕਟਿਡ ਮੈਂਬਰ ਹਨ, ਜੇ ਇਸ ਤਰ੍ਹਾਂ ਕਰ ਲਿਆ ਜਾਵੇ, ਜਿਸ ਤਰ੍ਹਾਂ ਪਹਿਲਾਂ ਹੁੰਦਾ ਸੀ ਕਿ 1/3 ਇਕ ਸਾਲ ਵਿਚ ਰਿਟਾਇਰ ਹੋ ਜਾਣ ਅਤੇ 1/3 ਦੂਜੇ ਸਾਲ ਵਿੱਚ ਰਿਟਾਇਰ ਹੋ ਜਾਣਗੇ। ਇਸ ਤਰ੍ਹਾਂ ਐਡਮਨਿਸਟਰੇਟਰ ਲਾਉਣ ਦੀ ਲੋੜ ਹੀ ਨਹੀਂ ਰਹਿੰਦੀ ਅਤੇ ਬੋਰਡ ਕਾਂਟੀਨਿਊ ਕਰਦਾ ਰਹੇ। ਜਿਵੇਂ ਅਗੇ ਕਰਦਾ

[ਪੰਡਿਤ ਸਰਵਣ ਰਾਮ ਮਨਸੋਵਾਲੀਆ]

ਸੀ। ਹੁਣ ਸਾਡੇ ਇਲੈਕਸ਼ਨ ਹੋਏ ਹਨ ਬਲਾਚੌਰ ਅਤੇ ਗੜ੍ਹਸ਼ੰਕਰ ਵਿੱਚ, ਸਾਡਿਆਂ ਬੰਦਿਆਂ ਨੇ ਵੀ ਨੌਮੀਨੇਸ਼ਨਾਂ ਦਿੱਤੀਆਂ, ਦੂਜਿਆਂ ਨੇ ਵੀ ਦਿਤੀਆਂ। ਦੂਜਿਆਂ ਦੀ ਨੌਮੀਨੇਸ਼ਨ ਅਨਾਊਂਸ ਕਰ ਦਿੱਤੀ। ਸਾਡਿਆਂ ਨੂੰ ਕਿਹਾ ਕਿ ਘਰਾਂ ਨੂੰ ਜਾਓ। 45-50 ਸੋਸਾਇਟੀਆਂ ਦੀ, ਕਟਾਰੀਆਂ ਸਾਹਿਬ ਨੂੰ ਪੁੱਛ ਲਓ, ਜੇ ਕੋਈ ਇਲੈਕਸ਼ਨ ਹੋਈ ਹੋਵੇ। ਸਾਡੇ ਹਲਕੇ ਵਿਚ ਵੀ ਇਹੀ ਹਾਲ ਹੈ। ਇਸ ਤਰ੍ਹਾਂ ਕੋਆਪਰੇਸ਼ਨ ਨਹੀਂ ਚਲ ਸਕਦੀ। ਇਹ ਤਾਂ ਹੀ ਚਲ ਸਕੇਗੀ ਜੇ ਖੁਲ੍ਹੇ ਤਰੀਕੇ ਨਾਲ ਕੋਆਪਰੇਟਿਵ ਕਰੀਏ। ਸਿਆਸੀ ਗੱਲਾਂ, ਪੁਲੀਟੀਕਲ ਗੱਲਾਂ ਏਥੇ ਨਾ ਕਰੀਏ, ਐਮ.ਐਲ.ਏ. ਬਣ ਕੇ ਕਰੀਏ, ਕੋਆਪ-ਰੇਟਿਵ ਲਹਿਰ ਜੇ ਅਕਾਲੀ ਕਾਂਗਰਸੀ ਇਕੱਠੇ ਹੋ ਕੇ ਵਧਾਵਾਂਗੇ ਤਾਂ ਹੀ ਵੱਧਣੀ ਹੈ। ਬੋਰਡ ਆਫ ਡਾਇਰੈਕਟਰ ਦਾ ਜੋ ਚੇਅਰਮੈਨ ਹੈ (ਘੰਟੀ) ਸਪੀਕਰ ਸਾਹਿਬ, ਸਾਡਾ ਟਾਈਮ ਬੜਾ ਹੈ। ਮੇਰੀ ਪਾਰਟੀ ਨੇ ਮੈਨੂੰ ਖੁਲ੍ਹਾ ਟਾਈਮ ਦਿੱਤਾ ਹੈ।

ਸ੍ਰੀ ਸਪੀਕਰ : ਟਾਈਮ ਤਾਂ ਲਿਮਿਟਿਡ ਹੀ ਹੈ। ਉਸ ਦੇ ਵਿਚ ਹੀ ਬੋਲਣਾ ਪਵੇਗਾ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਬੋਰਡ ਆਫ ਡਾਇਰੈਕਟਰ ਵਿੱਚ ਜਿਹੜਾ ਚੇਅਰਮੈਨ ਹੈ, ਮੈਂ ਮੰਨਦਾ ਹਾਂ ਕਿ ਸਾਡੇ ਰਿਜੀਮ ਵਿੱਚ ਵੀ ਇਕ ਵਾਰੀ ਗਲਤੀ ਹੋਈ ਹੈ, ਜੇ ਹੋਈ ਹੈ ਤਾਂ ਉਸ ਨੂੰ ਮੰਨਣਾ ਚਾਹੀਦਾ ਹੈ, ਉਹ ਇਹ ਹੈ ਕਿ ਸਰਦਾਰ ਦਰਬਾਰਾ ਸਿੰਘ ਵੇਲੇ ਮਾਰਕਫੈਡ ਦਾ ਚੇਅਰਮੈਨ ਨੌਮੀਨੇਟ ਕੀਤਾ ਗਿਆ ਸੀ। ਪਰ ਕੋਆਪਰੇਟਿਵ ਵਿੱਚ ਨੌਮੀਨੇਸ਼ਨ ਨਹੀਂ ਹੋਣੀ ਚਾਹੀਦੀ। ਇਲੈਕਟਿਡ ਚੇਅਰਮੈਨ ਹੋਣਾ ਚਾਹੀਦਾ ਹੈ। ਜੇ ਕਿਧਰੇ ਅਸੀਂ ਗਲਤੀ ਕਰ ਬੈਠੇ ਹਾਂ, ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਸਨੂੰ ਜ਼ਰੂਰੀ ਦੁਹਰਾਇਆ ਜਾਵੇ। ਚੇਅਰਮੈਨ ਇਲੈਕਟਿਡ ਹੋਣਾ ਚਾਹੀਦਾ ਹੈ।

ਆਵਾਜ਼ਾਂ : ਇਹ ਗੁਲ ਤੁਹਾਡੇ ਹੀ ਖਿਲਾਏ ਹੋਏ ਹਨ।

ਪੰਡਤ ਸਵਰਣ ਰਾਮ ਮਨਸੋਵਾਲੀਆ : ਮੈਂ ਤੀ ਪਹਿਲਾਂ ਹੀ ਕਹਿ ਦਿੱਤਾ ਹੈ। ਐਮ.ਡੀ. ਜੇ ਗੌਰਮਿੰਟ ਦਾ ਲਾਉਣਾ ਹੋਵੇ ਬੈਂਕਾਂ ਤੇ, 51 ਪ੍ਰਤੀਸ਼ਤ ਜੇ ਗੌਰਮਿੰਟ ਦਾ ਸ਼ੇਅਰ ਹੋਵੇ ਤਾਂ ਬੇਸ਼ਕ ਲਗਾ ਦਿੱਤਾ ਜਾਵੇ, ਕੋਈ ਹਰਜ ਨਹੀਂ ਪਰ ਚੇਅਰਮੈਨ ਹਮੇਸ਼ਾ ਇਲੈਕਟਿਡ ਹੋਣਾ ਚਾਹੀਦਾ ਹੈ ਜੇ ਸੁਸਾਇਟੀਆਂ ਰਖਣੀਆਂ ਹਨ। ਸਪੀਕਰ ਸਾਹਿਬ, ਜਿਸ ਵੇਲੇ ਬੋਰਡ ਖ਼ਤਮ ਹੋ ਜਾਂਦਾ ਹੈ ਤਾਂ ਫੇਰ ਇਲੈਕਸ਼ਨਾਂ ਨਹੀਂ ਕਰਾਉਂਦੇ। ਫੇਰ ਅਫ਼ਸਰਾਂ ਦੇ ਹੱਥ ਵਿੱਚ ਇਹ ਚੀਜ਼ਾਂ ਦੇ ਦਿੱਤੀਆਂ ਹਨ। ਜੋ ਗੌਰਮਿੰਟ ਇਮ-ਪਲਾਈਜ਼ ਹਨ, ਦੂਜੇ ਅਦਾਰਿਆਂ ਦੀਆਂ ਵੋਟਾਂ ਪੈਂਦੀਆਂ ਹਨ, ਤਾਂ ਗੌਰਮਿੰਟ ਇੰਮਪਲਾਈਜ਼ ਦਾ ਅਧਿਕਾਰ ਵੋਟ ਬਣਨ ਦਾ ਨਹੀਂ ਹੋਣਾ ਚਾਹੀਦਾ। ਪਰ ਉਨ੍ਹਾਂ ਦੀ ਵੋਟ ਗੌਰਮਿੰਟ ਇੰਮਪਲਾਈਜ਼ ਦੀ ਵੋਟ ਨਹੀਂ ਬਣਨੀ ਚਾਹੀਦੀ। ਐਡਮਨਿਸਟਰੇਟਰ ਨੂੰ ਵੋਟ ਪਾਉਣ ਦਾ ਕੋਈ ਰਾਈਟ ਨਹੀਂ ਹੋਣਾ ਚਾਹੀਦਾ ਕਿਉਂਕਿ ਉਹ ਸਰਕਾਰੀ ਮੁਲਾਜ਼ਮ ਹੁੰਦਾ ਹੈ। ਵੋਟ ਜਨਰਲ ਹਾਊਸ ਵਿੱਚ ਬਣਨੀ ਚਾਹੀਦੀ ਹੈ। ਇਹ ਕਰ ਦਿੱਤਾ ਜਾਵੇ ਕਿ ਜਿਹੜਾ ਸੁਸਾਇਟੀ ਦਾ ਮੈਂਬਰ ਹੈ, ਉਹੀ ਵੋਟ ਕਰੇਗਾ, ਭਾਵੇਂ ਉਹ ਸੈਂਟਰਲ ਕੋਆਪਰੇਟਿਵ ਬੈਂਕ ਦੀ ਨੁਮਾਇੰਦਗੀ ਕਰਨ ਵਾਸਤੇ ਜਾਂਦਾ ਹੈ, ਭਾਵੇਂ ਮਾਰਕੀਟਿੰਗ ਸੋਸਾਇਟੀਆਂ ਦੀ, ਭਾਵੇਂ ਪੀ.ਸੀ.ਯੂ. ਦੀ, ਭਾਵੇਂ ਮਾਰਕੀਟ ਬੋਰਡ ਦੀ ਅਤੇ ਭਾਵੇਂ ਸਟੇਟ ਕੋਆਪਰੇਟਿਵ ਬੈਂਕ ਵਿੱਚ ਜਾਵੇ, ਇਕੋ ਬੰਦਾ ਹੀ ਵੋਟ ਕਰੇਗਾ। ਇਕ ਪਾਸੇ ਸ਼ਰਤ ਹੈ ਕਿ ਇਕੋ ਵਾਰੀ ਵਿੱਚ ਬਣ ਸਕਦਾ ਹੈ ਦੂਜੇ ਪਾਸੇ ਇਹ ਗੱਲ ਹੈ। ਦੂਸਰਾ, ਚੇਅਰਮੈਨ ਹੈ, ਸੋਸਾਇਟੀ ਦਾ, ਇਕੋ ਪਾਸੇ ਬਣ ਸਕਦਾ ਹੈ। ਉਸਦੀ ਵੋਟ ਹੋਵੇਗੀ। ਸਪੀਕਰ ਸਾਹਿਬ, ਇਹ ਹੋਣਾ ਚਾਹੀਦਾ ਹੈ ਕਿ ਉਸ ਸੋਸਾਇਟੀ ਦੇ ਜਿਹੜੇ ਮੈਂਬਰ ਹਨ, ਜੋ ਜਨਤਾ ਨੇ ਨੁਮਾਇੰਦੇ ਬਣਾ ਕੇ ਭੇਜੇ ਹਨ, ਉਨ੍ਹਾਂ ਵਿਚੋਂ ਪ੍ਰਧਾਨ ਹੋਣਾ ਚਾਹੀਦਾ ਹੈ। ਫੇਰ ਜੇ ਉਹ

ਲਾਅ ਨਾ ਬਣਾ ਸਕਣ ਤਾਂ ਰਜਿਸਟਰਾਰ ਧਾਰਾ 10-ਏ ਦੇ ਅਧੀਨ ਬਾਈ-ਲਾਅਜ਼ ਉਨ੍ਹਾਂ ਤੇ ਲਾਗੂ ਕਰ ਸਕਦਾ ਹੈ। ਆਪਣੀ ਮਰਜ਼ੀ ਨਾਲ ਹੀ ਉਨ੍ਹਾਂ ਤੇ ਤੁਸੀਂ ਠੋਸ ਦਿੰਦੇ ਹੋ। ਇਹ ਜਿਹੜੇ ਅਧਿਕਾਰ ਹਨ, ਇਹ ਵਾਪਸ ਲੈਣੇ ਚਾਹੀਦੇ ਹਨ। ਸੋਸਾਇਟੀਆਂ ਨੂੰ, ਬੋਰਡਾਂ ਨੂੰ ਹੀ ਇਹ ਬਾਈ-ਲਾਜ਼ ਬਣਾਉਣ ਦੇ ਅਧਿਕਾਰ ਦੇਣੇ ਚਾਹੀਦੇ ਹਨ।

ਸਪੀਕਰ ਸਾਹਿਬ, ਐਗਰੀਕਲਚਰ ਦੀ ਗੱਲ ਹੈ, ਕਿਹਾ ਗਿਆ ਕਿ ਖਾਲਾਂ ਪੱਕੀਆਂ ਕਰ ਦਿੱਤੀਆਂ ਗਈਆਂ ਹਨ। ਮੇਰੇ ਸਾਥੀ ਐਗਰੀਕਲਚਰ ਤੇ ਉਧਰੋਂ ਚੰਗਾ ਬੋਲੇ ਹਨ। ਖਾਲਿਆਂ ਦੇ ਸਬੰਧ ਵਿਚ 300 ਕਰੋੜ ਰੁਪਏ ਮੁਆਫ ਕਰ ਦਿੱਤੇ ਗਏ ਹਨ। ਬੜੀ ਖੁਸ਼ੀ ਦੀ ਗਲ ਹੈ ਕਿ ਇਹ ਛੱਡ ਦਿੱਤੇ ਗਏ ਹਨ। ਕੰਡੀ ਏਰੀਆ ਔਰ ਦੁਆਬੇ ਵਿਚ ਰੌਲਾ ਪੈਂਦਾ ਹੈ ਔਰ ਛੋਟ ਦਿੱਤੀ ਜਾਂਦੀ ਹੈ ਮਾਝੇ ਔਰ ਮਾਲਵੇ ਵਿਚ। ਸਰਦਾਰ ਬਾਦਲ ਨੂੰ 17 ਲੱਖ ਰੁਪਿਆ ਛਡਿਆ ਗਿਆ ਹੈ। ਇਕ ਪਾਸੇ ਤਾਂ ਪਾਣੀ ਦੀ ਇਕ ਟੂਟੀ ਨਹੀਂ ਮਿਲ ਰਹੀ ਔਰ ਦੂਸਰੇ ਪਾਸੇ ਲੱਖਾਂ ਰੁਪਏ, ਕਰੋੜਾਂ ਰੁਪਏ ਛਡੇ ਜਾ ਰਹੇ ਹਨ। ਸਾਨੂੰ ਇਸ ਵਿਚ ਇਤਰਾਜ ਨਹੀਂ ਪਰ ਮੈਂ ਵੀ ਕਹਾਂਗਾ ਕਿ ਚੀਫ ਮਨਿਸਟਰ ਸਾਹਿਬ ਬੜੇ ਚੰਗੇ ਆਦਮੀ ਹਨ, ਇਨ੍ਹਾਂ ਦਾ ਮਨ ਨਰਮ ਹੈ ਪਰ ਇਸ ਤਰ੍ਹਾਂ ਜਿਹੜੇ ਦੁਆਬੇ ਦੇ ਲੋਕ ਗਰੀਬਾਂ ਨੂੰ ਜਿਨ੍ਹਾਂ ਨੂੰ ਲੋਨ ਦਿੱਤਾ ਹੈ ਉਨ੍ਹਾਂ ਦੇ ਲੋਨ ਹੀ ਮੁਆਫ ਕਰ ਦਿਤੇ ਜਾਣ। ਇਸ ਦੀ ਲਿਮਿਟ ਭਾਵੇਂ 5,000 ਰੁਪਏ ਤਕ ਰਖ ਲਓ ਅਤੇ ਇਹ ਮੁਆਫ ਕਰ ਦਿਓ। ਪੀਲੇ ਕਾਰਡ ਵਾਲਿਆਂ ਨੂੰ ਲੋਨ ਜਿਨ੍ਹਾਂ ਨੇ ਲਏ ਹਨ ਉਹ ਮੁਆਫ ਕਰ ਦਿਤੇ ਜਾਣ ਅਤੇ ਅਸੀਂ ਸਮਝਾਂਗੇ ਕਿ ਇਨਸਾਫ ਹੋਇਆ ਹੈ।

ਜਿਥੋਂ ਤਕ ਖੇਤੀਬਾੜੀ ਦਾ ਸਬੰਧ ਹੈ ਇਹ ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ ਜਦੋਂ ਵੀ ਕੋਈ ਗੱਲ ਆਉਂਦੀ ਹੈ ਇਹ ਕਹਿ ਦਿੰਦੇ ਹਨ ਕਿ ਅਸੀਂ ਨਹੀਂ ਕੀਤਾ। ਪਤਾ ਨਹੀਂ ਇਹ ਅੱਖਾਂ ਮੁੰਦ ਕੇ ਗੱਲਾਂ ਕਰਦੇ ਹਨ। 1947 ਤੋਂ ਬਾਅਦ ਆਜ਼ਾਦੀ ਤੋਂ ਬਾਅਦ ਇਸ ਮੁਲਕ ਵਿਚ ਟੁੱਟੀ ਸੂਈ ਨਹੀਂ ਬਣਦੀ ਸੀ। ਕਾਂਗਰਸ ਵਾਲਿਆਂ ਨੇ 15 ਸਾਲਾਂ ਵਿਚ ਹੀ ਦੇਸ਼ ਨੂੰ ਕਿਥੇ ਲਿਆ ਕੇ ਖੜ੍ਹਾ ਕਰ ਦਿੱਤਾ। ਇਥੇ ਯੂਨੀਵਰਸਿਟੀਆਂ ਬਣਾਈਆਂ ਗਈਆਂ, ਕਾਲਜ ਬਣਾਏ ਗਏ, ਡੈਮ ਔਰ ਪਾਵਰ ਹਾਊਸ ਬਣਾਏ ਗਏ, ਐਨੇ ਕਾਰਖਾਨੇ ਲਗਾਏ ਗਏ (ਥੰਪਿੰਗ) ਬਾਹਰ ਦੇ ਮੁਲਕਾਂ ਨੂੰ ਇਸ ਦੇਸ਼ ਤੋਂ ਮਾਲ ਭੇਜਿਆ ਜਾ ਰਿਹਾ ਹੈ। ਪਰ ਇਹ ਕਹਿੰਦੇ ਹਨ ਕਿ ਕੀਤਾ ਕੁਝ ਨਹੀਂ ਹੈ। ਮੈਂ ਸਮਝਦਾ ਹਾਂ ਕਿ ਕਾਂਗਰਸ ਨੇ ਸਭ ਕੁਝ ਕੀਤਾ ਹੈ (ਥੰਪਿੰਗ) ਜਿਥੋਂ ਤਕ ਕੰਡੀ ਏਰੀਆ ਦਾ ਸਵਾਲ ਹੈ, 36 ਕਰੋੜ ਨਾਲ ਕੰਡੀ ਕੈਨਾਲ ਨਹੀਂ ਬਣ ਸਕਦੀ। ਮਿੰਨੀ ਡੈਮ ਠੀਕ ਹੈ ਅਸੀਂ ਆਪਣੇ ਰਿਜੀਮ ਵਿਚ ਸ਼ੁਰੂ ਕਰਵਾਇਆ ਸੀ ਔਰ ਇਨ੍ਹਾਂ ਦੇ ਰਿਜੀਮ ਵਿਚ ਮੁਕੰਮਲ ਹੋ ਜਾਏਗਾ (ਵਿਘਨ) ਟਿਊਬਵੈਲ ਸਾਡੀ ਸਰਕਾਰ ਵੇਲੇ ਜਦੋਂ ਮੈਂ ਕਾਰਪੋਰੇਸ਼ਨ ਦਾ ਚੇਅਰਮੈਨ ਸੀ ਉਸ ਵੇਲੇ ਲਗੇ ਪਰ ਉਸ ਤੋਂ ਬਾਅਦ ਇਹ ਕੁਝ ਨਹੀਂ ਕਰ ਸਕੇ (ਸ਼ੇਮ, ਸ਼ੇਮ) ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਵਿਚ ਆ ਕੇ ਹੀ ਕੰਡੀ ਕੈਨਾਲ ਬਣਨੀ ਹੈ। ਜਿਸ ਹਿਸਾਬ ਨਾਲ ਇਸ ਕੈਨਾਲ ਤੇ ਕੰਮ ਚਲ ਰਿਹਾ ਹੈ, ਉਸ ਤੋਂ ਤਾਂ ਇਹੀ ਜ਼ਾਹਿਰ ਹੁੰਦਾ ਹੈ। (ਵਿਘਨ)

ਸਪੀਕਰ ਸਾਹਿਬ, ਭਰਿਸ਼ਟਾਚਾਰ ਦਾ ਕਾਫੀ ਬਾਜ਼ਾਰ ਗਰਮ ਹੈ। ਭਰਿਸ਼ਟਾਚਾਰ ਬਾਰੇ ਮੈਂ ਨਹੀਂ ਕਹਿੰਦਾ ਕਿ ਪਿਛਲੀਆਂ ਸਰਕਾਰਾਂ ਵਿਚ ਭਰਿਸ਼ਟਾਚਾਰ ਨਹੀਂ ਸੀ। ਹੋਏਗਾ ਥੋੜ੍ਹਾ ਬਹੁਤ ਪਰ ਜੋ ਅੱਜ ਦਾ ਭਰਿਸ਼ਟਾਚਾਰ ਹੈ ਉਹ ਸਾਰੀਆਂ ਹੱਦਾਂ ਪਾਰ ਕਰ ਗਿਆ ਹੈ। ਚਾਹੇ ਇਨ੍ਹਾਂ ਵਿਚ ਦੋ ਤਿੰਨ ਵਜ਼ੀਰ ਇਮਾਨਦਾਰ ਹੋਣਗੇ ਮੈਂ ਉਨ੍ਹਾਂ ਦਾ ਨਾਂ ਨਹੀਂ ਲੈਂਦਾ ਕਿਉਂਕਿ ਬਾਕੀ ਦੇ ਵਜ਼ੀਰ ਇਸ ਨੂੰ ਬੁਰਾ ਮੰਨਣਗੇ। ਸਪੀਕਰ ਸਾਹਿਬ, ਇਹ ਪੁਖਤਾ ਗੱਲ ਹੈ ਕਿ ਰਿਸ਼ਵਤ ਵਜੋਂ ਜੋ ਅੱਜ ਪੰਜਾਬ

[ਪੰਡਿਤ ਸਰਵਣ ਰਾਮ ਮਨਸੋਵਾਲੀਆ]

ਵਿਚ ਹਾਲਾਤ ਪੈਦਾ ਹੋ ਗਏ ਹਨ ਇਹੋ ਜਿਹੇ ਹਾਲਾਤ ਪਿਛਲੇ 40 ਸਾਲਾਂ ਦਾ ਰਿਕਾਰਡ ਮਾਤ ਕਰ ਗਏ ਹਨ। ਮੁਕੇਰੀਆਂ ਹਾਈਡਲ ਪ੍ਰਾਜੈਕਟ ਵਿਚ ਤਲਵਾੜਾ ਵਿਖੇ ਦਸ ਹਜ਼ਾਰ ਰੁਪਿਆ ਲਿੱਤਾ ਗਿਆ ਔਰ ਇਸ ਲਈ ਓਵਰਸੀਅਰ ਤੇ ਐਸ.ਡੀ.ਓ. ਰੰਗੇ ਹਥੀਂ ਪਕੜੇ ਗਏ, ਉਹ ਗਿਰਫਤਾਰ ਹੋਏ। ਪਰ ਹੁਣ ਮੈਂ ਸੁਣਿਆ ਹੈ ਕਿ ਉਹ ਕੇਸ ਅਜੇ ਪੈਂਡਿੰਗ ਪਿਆ ਹੈ ਔਰ ਓਵਰਸੀਅਰ ਤੇ ਐਸ.ਡੀ.ਓ. ਨੂੰ ਕਿਤੇ ਹੋਰ ਲਗਾ ਦਿੱਤਾ ਹੈ। ਫਿਰ ਇਹ ਗਲ ਦੱਸੋ ਕਿ ਰਿਸ਼ਵਤ ਕਿਵੇਂ ਹੱਟ ਸਕਦੀ ਹੈ ਜਦ ਕਿ ਰਿਸ਼ਵਤ ਦੀ ਹੌਸਲਾ ਅਫਜ਼ਾਈ ਅਸੀਂ ਕਰ ਰਹੇ ਹਾਂ। ਮੈਂ ਇਹ ਸਮਝਦਾ ਹਾਂ ਕਿ ਇਨ੍ਹਾਂ ਦਾ ਹਟਾਉਣ ਦਾ ਇਰਾਦਾ ਹੀ ਨਹੀਂ। (ਘੰਟੀ) ਸਪੀਕਰ ਸਾਹਿਬ, ਉਹ ਕਹਿੰਦੇ ਹਨ ਕਿ ਪੰਜਾਬ ਵਿਚ ਇਨ੍ਹਾਂ ਨੇ ਕੁਝ ਨਹੀਂ ਕੀਤਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਨੂੰ ਟੁੱਟਿਆ ਫੁੱਟਿਆ ਪੰਜਾਬ ਮਿਲਿਆ। ਉਸ ਪੰਜਾਬ ਨੂੰ ਬਣਾਉਣ ਵਾਸਤੇ 1947 ਵਿਚ ਆਜ਼ਾਦੀ ਤੋਂ ਬਾਅਦ ਅਤੇ ਫਿਰ 1952 ਵਿਚ ਬਕਾਇਦਾ ਚੋਣਾਂ ਹੋਈਆਂ। ਇਥੇ ਸਰਕਾਰ ਬਣੀ। ਫਿਰ 1957 ਅਤੇ 1962 ਵਿਚ ਚੋਣਾਂ ਹੋਈਆਂ। ਉਦੋਂ ਇਥੇ ਕਾਂਗਰਸ ਦੀ ਸਰਕਾਰ ਬਣੀ। ਫਿਰ ਵਿਚਕਾਰ ਇਨ੍ਹਾਂ ਦਾ ਵੀ ਰਾਜ ਆਇਆ। ਇਥੇ ਸਰਦਾਰ ਬਲਵੰਤ ਸਿੰਘ ਕਹਿੰਦੇ ਸੀ ਕਿ ਜਿਹੜੀਆਂ ਗੈਰ-ਅਕਾਲੀ ਸਰਕਾਰਾਂ ਆਈਆਂ ਸਨ ਉਨ੍ਹਾਂ ਨੇ ਦੇਸ਼ ਦਾ ਭੱਠਾ ਬਿਠਾ ਦਿੱਤਾ। ਉਨ੍ਹਾਂ ਨੇ ਦੇਸ਼ ਦਾ ਛੱਡਿਆ ਕੱਖ ਨਹੀਂ। ਮੈਂ ਬਹੁਤਾ ਟਾਈਮ ਨਹੀਂ ਲੈਂਦਾ ਲੇਕਿਨ, ਸਪੀਕਰ ਸਾਹਿਬ, ਇਨ੍ਹਾਂ ਦੀ ਸਰਕਾਰ ਪਹਿਲਾਂ 1967 ਵਿਚ ਬਣੀ ਸੀ। ਉਹ ਸਰਕਾਰ ਉਦੋਂ ਇਨ੍ਹਾਂ ਦੀ ਡੇਢ ਸਾਲ ਚਲੀ ਸੀ ਔਰ ਉਸ ਦਾ ਭੱਠਾ ਬੈਠ ਗਿਆ। ਉਸ ਦੇ ਬਾਅਦ ਇਨ੍ਹਾਂ ਦੀ ਸਰਕਾਰ 1969 ਵਿਚ ਫਿਰ ਬਣੀ। ਉਹ ਸਰਕਾਰ ਦੋ ਡੇਢ ਸਾਲ ਚਲੀ। (ਇਕ ਆਵਾਜ਼ : ਉਹ 9 ਮਹੀਨੇ ਚਲੀ ਸੀ।) ਉਹ 9 ਮਹੀਨੇ ਚਲੀ ਅਤੇ ਉਸ ਦਾ ਭੋਗ ਪੈ ਗਿਆ। ਹੁਣ, ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ, ਕੰਨ ਖੋਲ੍ਹ ਕੇ ਸੁਣ ਲਵੋ, . . .

ਸ਼੍ਰੀ ਸਪੀਕਰ : ਤੁਸੀਂ ਕਿਸ ਡੀਮਾਂਡ ਤੇ ਬੋਲ ਰਹੇ ਹੋ ?

ਪੰਡਿਤ ਸਰਵਣ ਰਾਮ ਮਨਸੋਵਾਲੀਆ : ਹੁਣ ਇਨ੍ਹਾਂ ਦੀ ਸਰਕਾਰ 3 ਮਹੀਨੇ ਨਹੀਂ ਚੱਲਣੀ।

ਸ਼੍ਰੀ ਸਪੀਕਰ : ਤੁਸੀਂ ਕਿਸ ਡੀਮਾਂਡ ਤੇ ਬੋਲ ਰਹੇ ਹੋ ?

ਪੰਡਿਤ ਸਰਵਣ ਰਾਮ ਮਨਸੋਵਾਲੀਆ : ਮੈਂ ਐਗਰੀਕਲਚਰ ਦੀ ਡੀਮਾਂਡ ਤੇ ਬੋਲ ਰਿਹਾ ਹਾਂ। ਸਪੀਕਰ ਸਾਹਿਬ, ਐਗਰੀਕਲਚਰ ਜਿਹੜੀ ਹੈ, ਇਸ ਦੇ ਵਾਸਤੇ ਪਾਣੀ ਦੀ ਲੋੜ ਹੈ। ਕੰਡੀ ਏਰੀਆ ਵਿਚ ਵੀ ਪਾਣੀ ਦੇਣ ਦੀ ਕੋਸ਼ਿਸ਼ ਕਰੋ। 6 ਮਹੀਨਿਆਂ ਬਾਅਦ ਉਹ ਰੁੱਸ ਕੇ ਬੈਠ ਗਏ ਹਨ ਅਤੇ ਉਹ ਕਹਿੰਦੇ ਹਨ ਕਿ ਜੇ ਅਸੀਂ ਨਾ ਹੋਈਏ ਤਾਂ ਸਰਕਾਰ ਚੱਲਣੀ ਨਹੀਂ। ਜੇ ਅਸੀਂ ਨਾ ਹੋਈਏ ਤਾਂ ਸਰਕਾਰ ਚਲਣੀਂ ਨਹੀਂ। (ਥੰਪਿੰਗ) ਸਰਦਾਰ ਬਲਵੰਤ ਸਿੰਘ ਸ਼ੀਸ਼ੇ ਦੇ ਮਹੱਲਾਂ ਵਿਚ ਬੈਠ ਕੇ ਪੱਥਰ ਮਾਰਦੇ ਹਨ, ਇਹ ਬਹੁਤੀ ਦੇਰ ਗੱਲ ਚੱਲਣੀ ਨਹੀਂ। ਇਹ ਹਿਸਾਬ ਕਿਤਾਬ ਨਾਲ ਗੱਲ ਚੱਲਣੀ ਹੈ। ਇਹ ਜਿਹੜਾ ਪੰਜਾਬ ਹੈ, ਇਸ ਨੂੰ ਮਰਦੇ ਮਜਾਹਦ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਬਣਾਇਆ ਸੀ। (ਥੰਪਿੰਗ) ਇਸ ਤੋਂ ਪਹਿਲਾਂ ਨਾ ਕੋਈ ਬਣਾ ਸਕਿਆ ਅਤੇ ਨਾ ਉਸ ਦੇ ਬਾਅਦ ਬਣਿਆ। ਜੇ ਅਸੀਂ ਉਸ ਦੇ ਕਹਿਣੇ ਲੱਗਦੇ ਤਾਂ ਅੱਜ ਪੰਜਾਬ ਦੀ ਹਾਲਤ ਹੋਰ ਹੁੰਦੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਡਿਤ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਹੁਸ਼ਿਆਰਪੁਰ ਦੇ ਜੋਤਸ਼ੀ ਨੂੰ ਪੁੱਛ ਕੇ ਆਏ ਹਨ ਕਿ ਇਹ ਸਰਕਾਰ 3 ਮਹੀਨੇ ਨਹੀਂ ਚੱਲਣੀ ?

ਪੰਡਿਤ ਸਰਵਣ ਰਾਮ ਮਨਸੋਵਾਲੀਆ : ਮੈਂ ਆਪਣੇ ਹਲਕੇ ਦੀ ਗੱਲ ਕਰਨੀ ਚਾਹੁੰਦਾ ਹਾਂ। ਐਜੂਕੇਸ਼ਨ ਦਾ ਇਹ ਹਾਲ ਹੈ ਕਿ . . .

ਸ੍ਰੀ ਸਪੀਕਰ : ਉਹ ਪੁੱਛਦੇ ਹਨ ਕਿ ਕੀ ਤੁਸੀਂ ਹੁਸ਼ਿਆਰਪੁਰ ਦੇ ਜੋਤਸ਼ੀ ਨੂੰ ਪੁਛਿਆ ਹੈ ਕਿ ਇਹ ਸਰਕਾਰ 3 ਮਹੀਨੇ ਨਹੀਂ ਚੱਲਣੀ ?

ਪੰਡਿਤ ਸਰਵਣ ਰਾਮ ਮਨਸੋਵਾਲੀਆ : ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਉਥੇ ਇਕ ਸਕੂਲ ਵਿਚ ਹੈਡਮਾਸਟਰ ਨਹੀਂ ਗਿਆ। ਮੈਂ ਲਿਖ ਕੇ ਵੀ ਦਿੱਤਾ ਹੈ। ਉਹ 2 ਸਾਲ ਤੋਂ ਘਰ ਬੈਠਾ ਤਨਖਾਹ ਲੈਂਦਾ ਹੈ ,। ਐਡਮਨਿਸਟਰੇਸ਼ਨ ਕਿਸ ਤਰ੍ਹਾਂ ਚੱਲੇਗੀ ? ਸਾਡੇ ਹਾਲ ਤੇ ਇਹ ਰਹਿਮ ਕਰਨ। ਸਾਨੂੰ ਪੀਣ ਲਈ ਪਾਣੀ ਨਹੀਂ ਮਿਲਦਾ, ਰੋਟੀ ਖਾਣ ਲਈ ਨਹੀਂ ਮਿਲਦੀ ਅਤੇ ਕਪੜਾ ਨਹੀਂ ਮਿਲਦਾ। ਕੰਡੀ ਏਰੀਆ ਵਿਚ ਸੜਕਾਂ ਨਹੀਂ ਹਨ। ਆਵਾਜਾਈ ਦੇ ਸਾਧਨ ਨਹੀਂ ਹਨ। ਸਕੂਲਾਂ ਵਿਚ ਮਾਸਟਰ ਨਹੀਂ ਹਨ। ਬਹੁਤ ਬੁਰੀ ਹਾਲਤ ਹੈ। ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਦਾ ਧਿਆਨ ਇਧਰ ਦਿਵਾਓ। ਅਸੀਂ ਇਨ੍ਹਾਂ ਨੂੰ ਸਪੋਰਟ ਕਰਦੇ ਹਾਂ। ਇਹ ਕਹਿੰਦੇ ਹਨ ਕਿ ਅਸੀਂ ਸਪੋਰਟ ਨਹੀਂ ਲੈਣੀ। ਇਹ ਗੱਲ ਸਾਡੇ ਲੀਡਰ ਨੂੰ ਉਥੇ ਜਾ ਕੇ ਕਹਿਣ ਕਿ ਅਸੀਂ ਸਪੋਰਟ ਨਹੀਂ ਲੈਣੀ ਫਿਰ ਅਸੀਂ ਪਿਛੇ ਹੱਟ ਕੇ ਬਹਿ ਜਾਵਾਂਗੇ। (ਥੰਪਿੰਗ)

ਡਾਕਟਰ ਰਤਨ ਸਿੰਘ (ਅਜਨਾਲਾ) : ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਰਿਣੀ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਟਾਈਮ ਦਿਤਾ ਹੈ। ਇਨ੍ਹਾਂ ਬੈਂਚਿਜ ਤੇ ਤੁਹਾਡੀ ਹਮੇਸ਼ਾਂ ਨਜ਼ਰ ਦੇਰ ਨਾਲ ਪੈਂਦੀ ਹੈ। ਇਹ ਤੁਹਾਡੀ ਬਹੁਤ ਮਿਹਰ ਭਰੀ ਨਜ਼ਰ ਪਈ ਹੈ।

ਸ੍ਰੀ ਸਪੀਕਰ : ਇਹ ਤੁਹਾਡਾ ਐਸਪਰਸ਼ਨ ਠੀਕ ਨਹੀਂ ਹੈ।

ਡਾਕਟਰ ਰਤਨ ਸਿੰਘ: ਮੈਂ ਪਿਛਲੀ ਵਾਰੀ ਵੀ ਬੜੀ ਕੋਸ਼ਿਸ਼ ਕੀਤੀ ਕਿ ਜਦੋਂ ਲਾਅ ਐਂਡ ਆਰਡਰ ਦੀ ਪੋਜ਼ੀਸ਼ਨ ਤੇ ਬਹਿਸ ਹੋਵੇ ਤਾਂ ਅੰਮ੍ਰਿਤਸਰ ਔਰ ਗੁਰਦਾਸਪੁਰ ਜ਼ਿਲ੍ਹੇ ਦੇ ਐਮ.ਐਲ.ਏਜ਼ ਨੂੰ ਟਾਈਮ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਅੰਮ੍ਰਿਤਸਰ ਔਰ ਗੁਰਦਾਸਪੁਰ ਇਹ ਦੋਵੇ ਜ਼ਿਲ੍ਹੇ ਐਸੇ ਹਨ ਜਿਹੜੇ ਵੱਧ ਤੋਂ ਵੱਧ ਇਸ ਦੇ ਵਿਚ ਇਨਵਾਲਵਡ ਹਨ। ਹੁਣ ਤੁਸੀਂ ਮੈਨੂੰ ਬਜਟ ਦੀਆਂ ਸਪਲੀਮੈਂਟਰੀ ਡੀਮਾਂਡਜ਼ ਤੇ ਬੋਲਣ ਦਾ ਟਾਈਮ ਦਿੱਤਾ ਹੈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ। ਇਹ ਡੀਮਾਂਡਜ਼ ਹਨ ਐਗਰੀਕਲਚਰ ਔਰ ਜੰਗਲਾਤ ਦੇ ਬਾਰੇ, ਕੋਆਪਰੇਸ਼ਨ ਔਰ ਇਰੀਗੇਸ਼ਨ ਦੇ ਬਾਰੇ। ਜਿਥੋਂ ਤਕ, ਸਪੀਕਰ ਸਾਹਿਬ, ਐਗਰੀਕਲਚਰ ਦਾ ਸਵਾਲ ਹੈ, ਖਜ਼ਾਨਾ ਮੰਤਰੀ ਜੀ ਨੇ ਕਿਹਾ ਹੈ ਕਿ ਪੰਜਾਬ ਦੇ ਜਿਹੜੇ ਕਿਸਾਨ ਹਨ ਉਹ ਬੜੇ ਮਿਹਨਤੀ ਹਨ ਔਰ ਉਨ੍ਹਾਂ ਦੀ ਮਿਹਨਤ ਦੇ ਸਦਕਾ ਹੀ ਅਸੀ ਆਪਣੇ ਉਹ ਨਿਸ਼ਾਨੇ ਜਿਹੜੇ 4 ਸਾਲ ਬਾਅਦ ਪੂਰੇ ਹੋਣੇ ਸੀ ਉਹ ਪੂਰੇ ਕੀਤੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਨਿਸ਼ਾਨੇ ਅਸੀ ਹਾਸਲ ਕੀਤੇ ਹਨ ਤਾਂ ਇਸ ਦੇ ਵਿੱਚ ਸਰਕਾਰ ਦੀ ਮਿਹਰਬਾਨੀ ਵਾਲੀ ਕੋਈ ਗੱਲ ਨਹੀ ਹੈ। ਪੰਜਾਬ ਦੇ ਲੋਕਾਂ ਨੇ ਪੰਜਾਬ ਦੇ ਕਿਸਾਨਾਂ ਨੇ ਆਪਣੀ ਮਿਹਨਤ ਕੀਤੀ ਹੈ ਅਤੇ ਉਨ੍ਹਾਂ ਦੀ ਮਿਹਨਤ ਦੇ ਨਤੀਜੇ ਵਜੋਂ ਹੀ ਇਤਨੀ ਜ਼ਿਆਦਾ ਪ੍ਰੋਡਕਸ਼ਨ ਵਿੱਚ ਵਾਧਾ ਹੋਇਆ ਹੈ। ਤੁਸੀ, ਸਪੀਕਰ ਸਾਹਿਬ, ਚੰਗੀ ਤਰ੍ਹਾਂ ਜਾਣਦੇ ਹੋ ਕਿ ਪੰਜਾਬ ਵਿੱਚ ਰਹਿਣ ਵਾਲੇ ਫਾਰਮਰਜ਼ ਬਹੁਤ ਸਾਰੇ ਜੋ ਹਨ ਉਹ ਪਾਕਿਸਤਾਨ ਤੋਂ ਉਜੜ ਕੇ ਆਏ ਹਨ ਔਰ ਇਥੇ ਆਪਣੇ ਉਥੇ ਦੇ ਹਰੇ ਭਰੇ ਖੇਤਾਂ ਨੂੰ ਅਸੀ ਛੱਡ ਕੇ ਆਏ ਸੀ। ਜਦੋਂ ਇਥੇ ਆਏ ਸੀ ਇਥੇ ਦੀ ਜ਼ਮੀਨ ਬੰਜਰ ਸੀ, ਬੈਰਾਨੀ ਸੀ, ਇਥੇ ਡੰਗਰ ਵੀ ਨਹੀਂ ਸੀ ਰਹਿ ਸਕਦਾ ਅਤੇ ਉਸ ਦੇ ਵਾਸਤੇ ਕੋਈ ਚਾਰਾ ਨਹੀਂ ਸੀ ਮਿਲਦਾ। ਅਸੀਂ ਬੜੀ ਮਿਹਨਤ ਨਾਲ

[ਡਾਕਟਰ ਰਤਨ ਸਿੰਘ]

ਇਸ ਜ਼ਮੀਨ ਨੂੰ ਉਪਜਾਊ ਬਣਾਇਆ। ਇਥੇ ਇਕੱਲੇ ਪੰਜਾਬ ਵਿੱਚ ਹੀ ਨਹੀਂ ਸਾਡੇ ਲੋਕਾਂ ਨੇ ਯੂ.ਪੀ. ਦੇ ਤੀਰਾਈ ਦੇ ਇਲਾਕੇ ਵਿੱਚ, ਤੀਰਾਈ ਦੇ ਏਰੀਏ ਵਿੱਚ ਵੀ ਮਿਹਨਤ ਕੀਤੀ ਅਤੇ ਪੰਜਾਬ ਦੇ ਸਿੱਖ ਨੇ, ਪੰਜਾਬ ਦੇ ਕਿਸਾਨ ਨੇ ਸਾਰੇ ਹਿੰਦੁਸਤਾਨ ਦੀ ਭੁੱਖਮਰੀ ਨੂੰ ਕੱਢ ਕੇ, ਸਾਰੇ ਹਿੰਦੁਸਤਾਨ ਵਿਚੋਂ ਭੁੱਖ ਮਰੀ ਕੱਢ ਕੇ ਗਰੀਨ ਰੈਵੋਲਿਊਸ਼ਨ ਲਿਆਂਦਾ। ਇਸ ਦੇ ਲਈ ਪੰਜਾਬ ਦੇ ਕਿਸਾਨ ਦੇ, ਪੰਜਾਬ ਦੇ ਲੋਕਾਂ ਦੇ ਰਿਣੀ ਹੋਣਾ ਚਾਹੀਦਾ ਹੈ ਬਜਾਏ ਪੰਜਾਬ ਗੌਰਮਿੰਟ ਦੇ। ਗੌਰਮਿੰਟ ਨੇ ਪੰਜਾਬ ਦੇ ਕਿਸਾਨ ਲਈ ਕੁਝ ਨਹੀਂ ਕੀਤਾ। ਇਸ ਦੇ ਨਾਲ ਹੀ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਐਗਰੀਕਲਚਰ ਦੀ ਪ੍ਰੋਡਕਸ਼ਨ ਵਿੱਚ ਕਿਸਾਨ ਨੇ ਵਾਧਾ ਕੀਤਾ ਹੈ ਉਸ ਨੂੰ ਉਸ ਦੀ ਜਿਣਸ ਦਾ ਭਾਅ ਪੂਰਾ ਨਹੀਂ ਮਿਲਦਾ। ਹੁਣ ਕਣਕ ਦਾ ਭਾਅ 166 ਰੁਪਏ ਕੁਇੰਟਲ ਮੁਕੱਰਰ ਹੋਇਆ ਹੈ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਤੇ ਲਾਗਤ ਕੱਢੀ ਜਾਵੇ, ਜੇ ਕਿਸਾਨ ਦਾ ਖਰਚਾ ਕੱਢਿਆ ਜਾਵੇ, ਫਰਟੇਲਾਈਜ਼ਰ ਦਾ ਅਤੇ ਹੋਰ ਦੂਸਰਾ ਖਰਚਾ ਕੱਢਿਆ ਜਾਵੇ ਤਾਂ ਇਸ ਦੇ ਵਿੱਚ ਕਿਸਾਨ ਦੇ ਪੱਲੇ ਕੁਝ ਨਹੀਂ ਪੈਂਦਾ। ਇਹ ਭਾਅ ਬਹੁਤ ਘੱਟ ਕਿਸਾਨ ਨੂੰ ਦਿੱਤਾ ਗਿਆ ਹੈ। ਮੈਂ ਬੇਨਤੀ ਕਰਦਾ ਹਾਂ ਕਿ ਭਾਅ ਫਿਕਸ ਅਸੀਂ ਨਹੀਂ ਕਰਦੇ, ਇਹ ਸੈਂਟਰ ਦੀ ਸਰਕਾਰ ਫਿਕਸ ਕਰਦੀ ਹੈ ਪਰ ਸਾਨੂੰ ਉਨ੍ਹਾਂ ਤੇ ਇਸ ਗੱਲ ਦਾ ਜ਼ੋਰ ਦੇਣਾ ਚਾਹੀਦਾ ਹੈ ਅਤੇ ਜੇ 280 ਰੁਪਏ ਕੁਇੰਟਲ ਕਣਕ ਦਾ ਭਾਅ ਫਿਕਸ ਕੀਤਾ ਜਾਵੇ ਤਾਂ ਕਿਸਾਨ ਦਾ ਘਾਟਾ ਪੂਰਾ ਹੋ ਸਕਦਾ ਹੈ। (ਵਿਘਨ) (ਇਕ ਆਵਾਜ਼ : ਕਿੰਨਾਂ ?) 280 ਰੁਪਏ ਕੁਇੰਟਲ।

ਸ੍ਰੀ ਸਪੀਕਰ : ਇਨਟ੍ਰੱਪਟ ਨਾ ਕਰੋ। Doctor Sahib. Please continue ਤੁਸੀਂ ਚੇਅਰ ਨੂੰ ਐਡਰੈਸ ਕਰੋ।

ਡਾਕਟਰ ਰਤਨ ਸਿੰਘ: ਸਪੀਕਰ ਸਾਹਿਬ, ਜਿਥੇ ਹਰ ਚੀਜ਼ ਦੀ ਕੀਮਤ ਵੱਧਦੀ ਹੈ ਉਸ ਦੇ ਨਾਲ ਕਿਸਾਨ ਦੀ ਜਿਣਸ ਦੇ ਭਾਅ ਵੀ ਵੱਧਣੇ ਬਹੁਤ ਜ਼ਰੂਰੀ ਹਨ। ਪੰਜਾਬ ਦਾ ਸੂਬਾ ਐਗਰੀ-ਕਲਚਰ ਤੇ ਹੀ ਡੀਪੈਂਡ ਕਰਦਾ ਹੈ। ਜਿਤਨਾ ਚਿਰ ਐਗਰੀਕਲਚਰ ਦੀ ਪ੍ਰੋਡਕਸ਼ਨ ਦੇ ਭਾਅ ਨਹੀਂ ਵੱਧਦੇ ਉਤਨਾ ਚਿਰ ਸਾਡੀ ਤਰੱਕੀ, ਸਾਡੇ ਗਰੀਬ ਲੋਕਾਂ ਦੀ ਤਰੱਕੀ ਹੋਣੀ ਮੁਸ਼ਕਲ ਹੈ। ਨਾਲ ਦੀ ਨਾਲ ਸਾਨੂੰ ਇੰਡਸਟਰੀ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਪਹਿਲੀ ਗੱਲ ਤਾਂ ਪੰਜਾਬ ਵਿੱਚ ਇੰਡਸਟਰੀ ਕੋਈ ਖਾਸ ਹੈ ਹੀ ਨਹੀਂ ਪਰ ਜਿੰਨੀ ਇੰਡਸਟਰੀ ਹੈ ਵੀ ਉਹ ਐਗਰੋ-ਬੇਸਡ ਹੋਣੀ ਚਾਹੀਦੀ ਹੈ ਤਾਂਕਿ ਪ੍ਰੋਡਕਸ਼ਨ ਵਿੱਚ ਹੋਰ ਵਾਧਾ ਹੋ ਸਕੇ। ਜਿਥੋਂ ਤਕ, ਸਪੀਕਰ ਸਾਹਿਬ, ਦਵਾਈਆਂ ਦਾ ਤਾਲੁਕ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿੰਨੀਆਂ ਵੀ ਦਵਾਈਆਂ ਮਿਲਦੀਆਂ ਰਹੀਆਂ ਹਨ ਖਾਸ ਤੌਰ ਤੇ ਬਰਨਾਲਾ ਸਾਹਿਬ ਦੀ ਸਰਕਾਰ ਵੇਲੇ ਕੋਈ ਐਸੀ ਦਵਾਈ ਨਹੀਂ ਜਿਸ ਦੇ ਵਿੱਚ ਮਿਲਾਵਟ ਨਾ ਹੋਵੇ। ਮਿਲਾਵਟ ਤਾਂ ਦਵਾਈਆਂ ਵਿੱਚ ਹੋਣੀ ਹੀ ਹੈ, ਜੇ ਵਜ਼ੀਰਾਂ ਵਿੱਚ ਹੀ ਮਿਲਾਵਟ ਹੈ ਤਾਂ ਦਵਾਈਆਂ ਵਿੱਚ ਮਿਲਾਵਟ ਤਾਂ ਆਪੇ ਹੀ ਹੋਵੇਗੀ। ਮਿਲਾਵਟ ਵਾਲੀਆਂ ਦਵਾਈਆਂ ਨਹੀਂ ਮਿਲਣੀਆਂ ਚਾਹੀਦੀਆਂ। ਇਸ ਦੇ ਵਾਸਤੇ ਬਾਕਾਇਦਾ ਚੈਕਿੰਗ ਹੋਣੀ ਚਾਹੀਦੀ ਹੈ। ਜਿਹੜੇ ਅਫ਼ਸਰ ਜਾਂ ਕੰਸਰਨਡ ਵਜ਼ੀਰ ਇਨਵਾਲਵਡ ਹਨ ਉਨ੍ਹਾਂ ਦੇ ਵਾਸਤੇ ਹਾਊਸ ਦੀ ਇਕ ਕਮੇਟੀ ਬਣਨੀ ਚਾਹੀਦੀ ਹੈ ਔਰ ਉਹ ਕਮੇਟੀ ਇਸ ਗੱਲ ਦਾ ਫੈਸਲਾ ਕਰੇ ਕਿ ਕਿਸ ਤਰ੍ਹਾਂ ਲੋਕਾਂ ਨੂੰ ਲੋਟੂ ਵਜ਼ੀਰਾਂ ਤੋਂ ਬਚਾਇਆ ਜਾ ਸਕਦਾ ਹੈ। ਸਪੀਕਰ ਸਾਹਿਬ, ਮੈਂ ਇਕ ਹੋਰ ਬੇਨਤੀ ਕਰਾਂਗਾ ਕਿ ਜਿਥੇ ਅਸੀਂ ਇਨ੍ਹਾਂ ਦਵਾਈਆਂ ਦੀ ਗੱਲ ਕੀਤੀ ਹੈ ਉਥੇ ਨਾਲ ਹੀ ਸਭ ਤੋਂ ਵੱਡੀ ਗਲ ਇਹ ਹੈ ਕਿ ਜਦੋਂ ਕਿਸਾਨ ਆਪਣੀ ਜਿਣਸ ਮੰਡੀਆਂ ਵਿਚ ਲਿਜਾਂਦੇ ਹਨ ਉਥੇ ਲੋਟੂ ਆੜਤੀਏ ਬੈਠੇ ਹਨ। ਕਿਸਾਨ ਨੂੰ ਪਤਾ ਨਹੀਂ ਹੁੰਦਾ ਕਿ ਇਸ ਦਾ ਭਾਅ ਕੀ ਹੈ, ਆੜ੍ਹਤੀਆ ਕੀ ਦੇਵੇਗਾ ਅਤੇ ਵਿਚੋਂ ਕੀ ਰਖੇਗਾ। ਤੁਸੀਂ ਝੋਨਾ ਲੈ ਕੇ ਮੰਡੀ ਵਿਚ ਚਲੇ ਜਾਵੋ।

ਰਾਤ ਨੂੰ ਉਥੇ ਢੇਰ ਤੇ ਭਾਵੇਂ ਸੌਂ ਜਾਵੋ, ਉਥੇ ਦੇ ਜਿਹੜੇ ਕੰਮ ਕਰਨ ਵਾਲੇ ਹਨ ਸਾਰੇ ਇਸ ਤਾਕ ਵਿਚ ਰਹਿੰਦੇ ਹਨ ਕਿ ਕਿੰਨੀਆਂ ਬੋਰੀਆਂ ਕਿਸ ਤਰ੍ਹਾਂ ਖਿਸਕਾਈਆਂ ਜਾਣ। ਜਿਸ ਤਰ੍ਹਾਂ ਅਸੀਂ ਮੰਡੀ ਵਿਚ ਸਫ਼ਾਈ ਰੱਖਦੇ ਹਾਂ, ਪਾਣੀ ਪਿਲਾਉਣ ਵਾਲੇ ਰਖਦੇ ਹਨ, ਇਨਸਪੈਕਟਰ ਡਿਊਟੀ ਤੇ ਹਨ ਜਾਂ ਆੜ੍ਹਤੀਆ ਹੈ ਸਭ ਲੋਟੂ ਹਨ ਉਨ੍ਹਾਂ ਵਲ ਧਿਆਨ ਰੱਖਣਾ ਚਾਹੀਦਾ ਹੈ। ਸਰਦਾਰ ਬਲਵੰਤ ਸਿੰਘ ਨੇ ਜਿਹੜਾ ਸੈਸ ਲਾਇਆ ਹੈ, ਇਹ ਕਹਿੰਦੇ ਹਨ ਕਿ ਖਰੀਦਦਾਰ ਤੇ ਲਗੇਗਾ ਕਿਸਾਨ ਨੂੰ ਨਹੀ ਦੇਣਾ ਪਏਗਾ, ਮੈ ਬੇਨਤੀ ਕਰਾਂਗਾ ਕਿ ਇਹ ਕਿਸਾਨ ਤੇ ਹੀ ਪਏਗਾ। ਇਹ ਸਰਦਾਰ ਬਲਵੰਤ ਸਿੰਘ ਖਾਲੀ ਲਿਫ਼ਾਫ਼ੇ ਬਾਜ਼ੀ ਦੇ ਕੇ ਸਾਨੂੰ ਤੁਰ ਜਾਂਦੇ ਹਨ।

ਜਿਥੋਂ ਤੱਕ ਮਾਰਕੀਟ ਕਮੇਟੀਆਂ ਦਾ ਸੁਆਲ ਹੈ ਮਾਰਕੀਟ ਕਮੇਟੀਆਂ ਵਿਚ ਜਿਥੇ ਵੀ ਜੱਥੇਦਾਰ ਨਾਮੀਨੇਟ ਕੀਤੇ ਹਨ ਸਿਵਾਏ ਲੁਟਣ ਦੇ ਹੋਰ ਕੋਈ ਕੰਮ ਉਥੇ ਨਹੀਂ ਹੁੰਦਾ। ਜੋ ਮਾਰਕੀਟ ਕਮੇਟੀਆਂ ਦੀ ਡਿਵੈਲਪਮੈਂਟ ਹੈ ਉਹ ਉਥੇ ਹੁੰਦੀ ਹੈ ਜਿੱਥੇ ਵਜ਼ੀਰ ਸਾਹਿਬ ਕਹਿੰਦੇ ਹਨ। ਮੈ ਆਪਣੇ ਹਲਕੇ ਦੀ ਗੱਲ ਕਰਦਾ ਹਾਂ ਕਿ ਪਿਛਲੇ ਦਸ ਸਾਲਾਂ ਵਿਚ ਇਕ ਇੰਚ ਸੜਕ ਨਹੀਂ ਬਣੀ। ਮੇਰਾ ਅਜਨਾਲਾ ਹਲਕਾ ਹੈ। ਉਥੇ ਨਾ ਕੋਈ ਨੋਟੀਫਾਈਡ ਏਰੀਆ ਕਮੇਟੀ ਹੈ ਅਤੇ ਨਾ ਹੀ ਪੰਚਾਇਤ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ 13 ਹਜ਼ਾਰ ਦੀ ਆਬਾਦੀ ਦਾ ਪਿੰਡ ਹੋਵੇ ਉਥੇ ਨਾ ਕੋਈ ਪੰਚਾਇਤ ਅਤੇ ਨਾ ਕੋਈ ਨੋਟੀਫਾਈਡ ਏਰੀਆ ਕਮੇਟੀ ਹੋਵੇ। ਜਦੋਂ ਅਸੀਂ ਇਕੱਠੇ ਸੀ ਤਾਂ ਉਦੋ ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਇਸ ਬਾਰੇ ਬੇਨਤੀ ਕੀਤੀ ਸੀ ਅਤੇ ਮੈਨੂੰ ਉਮੀਦ ਸੀ ਕਿ ਕੰਮ ਹੋ ਜਾਏਗਾ ਪਰ ਨਹੀਂ ਹੋਇਆ। ਫਿਰ ਉਥੇ ਮੇਰੇ ਹਲਕੇ ਵਿੱਚ ਇਕ ਸਿਵਿਲ ਹਸਪਤਾਲ ਲਈ ਪਿਛੇ 15 ਸਾਲ ਹੋ ਗਏ ਹਨ ਸੈਂਕਸ਼ਨ ਹੋਏ ਨੂੰ ਪਤਾ ਨਹੀਂ ਉਸ ਦੇ ਲਈ ਪੈਸਾ ਕਿਥੇ ਚਲਾ ਜਾਂਦਾ ਹੈ। ਇਹ ਸਾਰੀਆਂ ਚੀਜ਼ਾਂ ਸਰਕਾਰ ਤੇ ਡਿਪੈਂਡ ਕਰਦੀਆਂ ਹਨ ਕਿ ਸਾਰੇ ਹਲਕਿਆਂ ਦੀ ਡਿਵੈਲਪਮੈਂਟ ਹੋਵੇ। ਸਾਰੇ ਐਮ.ਐਲ.ਏਜ਼ ਸਾਹਿਬਾਨ ਦਾ ਪੂਰਾ ਹੱਕ ਹੈ ਕਿ ਉਹ ਕਹਿਣ ਕਿ ਉਨ੍ਹਾਂ ਦੇ ਹਲਕੇ ਦਾ ਧਿਆਨ ਰਖਿਆ ਜਾਵੇ। ਇਕ ਹੋਰ ਬੇਨਤੀ ਹੈ ਕਿ ਇਜਲਾਸ ਵਿਚ ਮੈ ਵੇਖਿਆ ਹੈ ਕਿ ਜਿਹੜੇ ਐਮ.ਐਲ.ਏਜ਼ ਸਾਹਿਬਾਨ ਕਹਿਣ ਕਿ ਕੰਮ ਨਹੀਂ ਹੋਇਆ ਤਾਂ ਵਜ਼ੀਰ ਸਾਹਿਬ ਉਨ੍ਹਾਂ ਦੀ ਬਜਾਏ ਆਪਣੇ ਅਫ਼ਸਰਾਂ ਤੇ ਡਿਪੈਂਡ ਕਰਦੇ ਹਨ ਅਤੇ ਅਫ਼ਸਰ ਉਨ੍ਹਾਂ ਨੂੰ ਮਿਸਗਾਈਡ ਕਰਦੇ ਹਨ ਭਾਵੇਂ ਉਹ ਇਨ੍ਹਾਂ ਨੂੰ ਜਵਾਬਦੇਹ ਹਨ। ਅਗਰ ਇਧਰ ਕੋਈ ਗਲਤਫਹਿਮੀ ਹੋਵੇ ਤਾਂ ਐਮ. ਐਲ. ਏ. ਸਾਹਿਬ ਨੂੰ ਨਾਲ ਲੈ ਕੇ ਉਹ ਦੂਰ ਕਰਨੀ ਚਾਹੀਦੀ ਹੈ।

ਜਿਥੋਂ ਤਕ ਕੋਆਪ੍ਰੇਟਿਵ ਡਿਪਾਰਟਮੈਂਟ ਦਾ ਸੁਆਲ ਹੈ ਮੈਂ ਕਹਿੰਦਾ ਹਾਂ ਕਿ ਇਸ ਮਹਿਕਮੇ ਦਾ ਨਾਂ ਕੁਰੱਪਸ਼ਨ-ਡਿਪਾਰਟਮੈਂਟ ਰਖਿਆ ਜਾਵੇ (ਸ਼ੇਮ) (ਸ਼ੇਮ) ਜਿੰਨੀ ਇਥੇ ਕੁਰੱਪਸ਼ਨ ਹੈ ਉਨੀ ਕਿਤੇ ਵੀ ਨਹੀ ਹੈ। ਮੈਂ ਮਿਸਾਲ ਦੇਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਚਾਰ ਕੋਆਪ੍ਰੇਟਿਵ ਸੋਸਾਇਟੀਆਂ ਦੇ ਇਲੈਕਸ਼ਨ ਦਫ਼ਤਰ ਵਿਚ ਬੈਠ ਕੇ ਉਥੇ ਹੀ ਪ੍ਰਧਾਨ ਡਿਕਲੇਅਰ ਕਰ ਦਿੱਤੇ ਗਏ। (ਸ਼ੇਮ, ਸ਼ੇਮ) ਮੈਂ ਡੀ.ਸੀ. ਸਾਹਿਬ ਕੋਲ ਗਿਆ ਉਨ੍ਹਾਂ ਨੂੰ ਕਿਹਾ ਅਤੇ ਉਨ੍ਹਾਂ ਨੇ ਇਨਕੁਆਇਰੀ ਕੀਤੀ ਤੇ ਗੱਲ ਸੱਚ ਨਿਕਲੀ। ਪਰ ਹੋਇਆ ਕੁਝ ਨਾ। ਮੈ ਰਜਿਸਟਰਾਰ ਕੋਲ ਗਿਆ ਤਾਂ ਉਹ ਕਹਿਣ ਲਗਾ ਕਿ ਡੀ.ਸੀ. ਤਾਂ ਇਨਕੁਆਇਰੀ ਕਰ ਨਹੀਂ ਸਕਦਾ। ਮੈ ਇਨ੍ਹਾਂ ਦੇ ਡੀ.ਆਰ. ਨੂੰ ਮਿਲਿਆ ਉਹ ਕਹਿਣ ਲਗੇ ਕਿ ਅਸੀਂ ਇਸ ਤਰ੍ਹਾਂ ਇਲੈਕਸ਼ਨ ਕਰਵਾਉਂਦੇ ਹਾਂ, ਜਿਸ ਤਰ੍ਹਾਂ ਵਜ਼ੀਰ ਸਾਹਿਬ ਕਹਿ ਦਿੰਦੇ ਹਨ ਉਸ ਤਰ੍ਹਾਂ ਕਰ ਲੈਂਦੇ ਹਨ। ਨਾਲੇ ਗੱਲ ਇਹ ਹੈ ਕਿ ਜਿਹੜਾ ਪੈਸੇ ਦਿੰਦਾ ਹੈ ਬਣ ਜਾਂਦਾ ਹੈ। ਮੈਂ ਕਿਥੋਂ ਦੇਵਾਂ ਪੈਸੇ ਇਲੈਕਸ਼ਨਾਂ ਲਈ। ਮੇਰੀ ਬੇਨਤੀ ਇਹ ਹੈ ਕਿ ਜਦੋ ਤਕ ਇਹੋ ਜਿਹੀ ਕੁਰੱਪਸ਼ਨ ਨਹੀਂ ਰੋਕੀ ਜਾਂਦੀ ਕੋਆਪ੍ਰੇਟਿਵ ਮਹਿਕਮੇ ਦਾ ਕੋਈ ਫ਼ਾਇਦਾ ਨਹੀਂ।

[ਡਾਕਟਰ ਰਤਨ ਸਿੰਘ]

ਇਸ ਦੇ ਨਾਲ ਬਜਾਏ ਕੋਆਪ੍ਰੇਸ਼ਨ ਦੇ ਕੁਰੱਪਸ਼ਨ ਵੱਧ ਰਹੀ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਮਾਰਕਫੈਡ ਹੈ ਜਿਹੜਾ ਕਿ ਕੋਆਪ੍ਰੇਟਿਵ ਦਾ ਮਹਿਕਮਾ ਹੈ 4 ਆਦਮੀ ਭਰਤੀ ਕੀਤੇ ਹਨ। ਉਨ੍ਹਾਂ ਵਿਚੋਂ ਦੋ ਹਰਿਆਣਾ ਦੇ ਹਨ, ਇਕ ਜਲੰਧਰ ਦਾ ਹੈ ਅਤੇ ਇਕ ਚੰਡੀਗੜ੍ਹ ਦਾ ਹੈ। ਮੈਂ ਪੁਛੱਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਕੋਈ ਬੰਦਾ ਇਨਟੈਲੀਜੈਂਟ ਨਹੀਂ ਜਿਸ ਨੂੰ ਇਹ ਰੱਖ ਸਕਣ। ਮੈਨੂੰ ਉਮੀਦ ਹੈ ਕਿ ਜਿਹੜੇ ਸਾਡੇ ਪੰਜਾਬ ਦੇ ਹਨ ਉਹ ਰਿਸ਼ਵਤ ਦੇ ਕੇ ਨਹੀਂ ਲਗਣਾ ਚਾਹੁੰਦੇ, ਜੇਕਰ ਉਹ ਰਿਸ਼ਵਤ ਦੇਣ ਤਾਂ ਹੀ ਇਹ ਰੱਖਣ। ਮੇਰੀ ਅਰਜ਼ ਹੈ ਕਿ ਜਦੋਂ ਇਹੋ ਜਿਹੀਆਂ ਪੋਸਟਾਂ ਦੀ ਸਿਲੈਕਸ਼ਨ ਹੁੰਦੀ ਹੈ ਉਦੋਂ ਪੰਜਾਬੀਆਂ ਨੂੰ ਪਹਿਲ ਦੇਣੀ ਚਾਹੀਦੀ ਹੈ। ਇਕ ਪਾਸੇ ਤਾਂ ਇਹ ਰੌਲਾ ਪਾਉਂਦੇ ਹਨ ਪੰਜਾਬ ਦੇ ਵਿਚ ਅਤਿਵਾਦ ਔਰ ਵੱਖਵਾਦ ਬਹੁਤ ਹੈ ਅਤੇ ਇਕ ਪਾਸੇ ਨੌਜਵਾਨਾਂ ਨੂੰ ਨੌਕਰੀਆਂ ਤੋਂ ਵਾਂਝਿਆ ਰਖਿਆ ਜਾਂਦਾ ਹੈ। ਫਿਰ ਤੁਸੀਂ ਅਤਿਵਾਦ ਤੋਂ ਕਿਸ ਤਰ੍ਹਾਂ ਵਾਂਝੇ ਰਹਿ ਸਕਦੇ ਹੋ। ਜੋ ਵੀ ਕੋਈ ਪੋਸਟ ਹੋਵੇ ਪੰਜਾਬ ਦੇ ਨੌਜਵਾਨਾਂ ਨੂੰ ਦੇਣੀ ਚਾਹੀਦੀ ਹੈ ਔਰ ਬਗੈਰ ਰਿਸ਼ਵਤ ਦੇ ਦੇਣੀ ਚਾਹੀਦੀ ਹੈ। ਜਦੋਂ ਵੀ ਕੋਈ ਸਰਵਿਸ ਹੋਵੇ ਬਾਕਾਇਦਾ ਤੌਰ ਤੇ ਉਸ ਦੇ ਵਾਸਤੇ ਰੂਲਜ਼ ਐਂਡ ਰੈਗੂਲੇਸ਼ਨਜ਼ ਹੋਣ, ਕਿ ਇਹ ਰੂਲਜ਼ ਹਨ ਤਾਕਿ ਚਾਰ ਦਿਨਾਂ ਨੂੰ ਜਿਹੜੇ ਬੰਦੇ ਨਾਲ ਬੇਇਨਸਾਫੀ ਹੋਵੇ ਉਹ ਹੋਰ ਕੁਝ ਨਹੀਂ ਤਾਂ ਕਚਿਹਰੀ ਵਿਚ ਤਾਂ ਲੈ ਜਾਵੇ। ਜਿਸ ਤਰ੍ਹਾਂ ਬੰਦੇ ਰੱਖੇ ਹਨ ਉਹ ਦੱਸੇ ਕਿ ਰੂਲਜ਼ ਮੁਤਾਬਕ ਇਹ ਠੀਕ ਹੋਇਆ ਹੈ ਜਾਂ ਨਹੀਂ। ਸਾਨੂੰ ਹਰ ਮਹਿਕਮੇ ਵਿਚ ਜਦੋਂ ਪ੍ਰੋਮੋਸ਼ਨਜ਼ ਹੁੰਦੀਆਂ ਹਨ, ਰੂਲਜ਼ ਐਂਡ ਰੈਗੂਲੇਸ਼ਨਜ਼ ਹੋਣੇ ਚਾਹੀਦੇ ਹਨ ਔਰ ਉਨ੍ਹਾਂ ਦੇ ਮੁਤਾਬਿਕ ਹੀ ਪੋਸਟਿੰਗਜ਼ ਤੇ ਪ੍ਰੋਮੋਸ਼ਨਜ਼ ਕਰਨੀਆਂ ਚਾਹੀਦੀਆਂ ਹਨ ਤਾਂ ਹੀ ਕੁਰੱਪਸ਼ਨ ਰੁਕ ਸਕਦੀ ਹੈ। ਜੇਕਰ ਰੂਲਜ਼ ਐਂਡ ਰੈਗੂਲੇਸ਼ਨਜ਼ ਕਿਸੇ ਮਹਿਕਮੇਂ ਨੂੰ ਚਲਾਉਣ ਵਾਸਤੇ ਹੋਣਗੇ ਤਾਂ ਹੀ ਉਹ ਠੀਕ ਚਲ ਸਕੇਗਾ।

ਐਗਰੀਕਲਚਰ ਦਾ ਸਵਾਲ ਹੈ। ਕੋਈ ਵੀ ਕੰਮ ਬਣਦਾ ਹੋਵੇ ਤਾਂ ਕਹਿੰਦੇ ਹਨ ਕਿ ਪੈਸੇ ਨਹੀਂ ਹਨ। ਪੈਸਾ ਤਾਂ ਲਾਅ ਐਂਡ ਆਰਡਰ ਤੇ ਖਰਚ ਹੋ ਜਾਂਦਾ ਹੈ। ਮੈਂ ਬੇਨਤੀ ਕੀਤੀ ਸੀ ਕਿ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਪੈਸਿਆਂ ਦੀ ਘਾਟ ਨਹੀਂ ਹੈ। ਜਿਹੜੀ ਪਹਿਲੀ ਕਾਂਗਰਸੀ ਸਰਕਾਰ ਸੀ ਉਹ ਤਾਂ ਵੈਸੇ ਹੀ ਸ਼ਹਿਰਾਂ ਦੀ ਸੀ, ਇਹ ਵੀਰ ਪਿੰਡਾਂ ਨੂੰ ਵੈਸੇ ਛੱਡ ਬੈਠੇ ਹਨ, ਇਸ ਲਈ ਇਨ੍ਹਾਂ ਨੂੰ ਪਿੰਡਾਂ ਦਾ, ਪਿੰਡਾਂ ਦੇ ਲੋਕਾਂ ਦੀਆਂ ਤਕਲੀਫਾਂ ਦਾ ਪਤਾ ਨਹੀਂ ਹੈ ਕਿ ਕੀ ਹਨ। ਇਹ ਸਾਡੇ ਜੋ ਸਾਥੀ ਹਨ, ਇਹ ਹੀ ਪਿੰਡਾਂ ਵਿਚ ਜਾਂਦੇ ਹਨ ਔਰ ਪਿੰਡਾਂ ਦੀਆਂ ਤਕਲੀਫਾਂ ਸੁਣਦੇ ਹਨ ਉਹ ਇਥੇ ਤੁਹਾਡੇ ਸਾਹਮਣੇ ਰਖਦੇ ਹਨ। (ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਦੇ ਰਾਜ ਮੰਤਰੀ ਜੀ ਵਲੋਂ ਵਿਘਨ) ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਕ ਪਾਸੇ ਤਾਂ ਕਹਿੰਦੇ ਹਨ ਕਿ ਸਾਡੇ ਪਾਸ ਪੋਸਟਾਂ ਨਹੀਂ ਔਰ ਦੂਸਰੇ ਪਾਸੇ ਰੂਲਜ਼ ਬਦਲ ਕੇ ਐਕਸਟੈਨਸ਼ਨਾਂ ਦਈ ਜਾਂਦੇ ਹਨ। ਜੇਕਰ ਤੁਹਾਨੂੰ ਬੰਦਾ ਚੰਗਾ ਲਗਦਾ ਹੈ ਤਾਂ ਉਸ ਨੂੰ ਹੋਰ ਪਾਸੇ ਐਡਜਸਟ ਕਰ ਲਵੋ, ਸਰਕਾਰ ਵਿਚ ਬੜੀਆਂ ਥਾਵਾਂ ਹਨ, ਕਿਸੇ ਹੋਰ ਥਾਂ ਐਡਜਸਟ ਕਰ ਲਵੋ, ਕਿਉਂਕਿ ਐਕਸਟੈਨਸ਼ਨ ਦੇਣ ਨਾਲ ਥੱਲੇ ਵਾਲੇ ਤਬਕੇ ਵਿਚ ਜੋ ਉਸ ਤੋਂ ਨੈਕਸਟ ਬੰਦਾ ਹੈ, ਉਨ੍ਹਾਂ ਵਿਚ ਮਾਯੂਸੀ ਆਉਂਦੀ ਹੈ। ਐਕਸਟੈਨਸ਼ਨ ਦੀ ਪਰੰਪਰਾ ਬਿਲਕੁਲ ਗਲਤ ਹੈ। ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਐਕਸਟੈਂਸ਼ਨਾਂ ਬਿਲਕੁਲ ਬੰਦ ਕੀਤੀਆਂ ਜਾਣ (ਘੰਟੀ) ਅਸੀਂ ਕਹਿੰਦੇ ਹਾਂ ਕਿ ਅਸੀਂ ਜੇਕਰ ਚੋਣਾਂ ਵਿਚੋਂ ਜਿੱਤ ਕੇ ਜਾਵਾਂਗੇ ਤਾਂ ਲੋਕਾਂ ਦੀ ਰਾਖੀ ਕਰਾਂਗੇ, ਮੈਂ ਸੱਚੀ ਗੱਲ ਕਹਿੰਦਾ ਹਾਂ ਕਿ ਜਿਤਨੇਂ ਸਰਕਾਰ ਨੇ ਜ਼ੁਲਮ ਕੀਤੇ ਹਨ ਕਿਸੇ ਹੋਰ ਸਰਕਾਰ ਨੇ ਨਹੀਂ ਸਨ ਕੀਤੇ।

ਅੰਮ੍ਰਿਤਸਰ ਵਿਚ ਕੋਈ ਪਿੰਡ ਨਹੀਂ ਹੈ ਜਿਥੋਂ ਇਨ੍ਹਾਂ ਨੇ ਨੌਜਵਾਨ ਚੁਕ ਕੇ ਨਹੀਂ ਮਾਰਿਆ ਹੋਇਆ। ਮੀਰ ਮਨੂੰ ਦੇ ਵੇਲੇ ਐਟਲੀਸਟ ਇਹ ਤਾਂ ਹੁੰਦਾ ਸੀ ਕਿ ਬੱਚਿਆਂ ਨੂੰ ਕੱਟ ਕੇ ਬੀਬੀਆਂ ਦੀ ਝੋਲੀ ਵਿਚ ਪਾਇਆ ਜਾਂਦਾ ਸੀ ਪਰ ਹੁਣ ਤਾਂ ਬੀਬੀਆਂ ਨੂੰ ਇਹ ਵੀ ਨਹੀਂ ਪਤਾ ਕਿ ਉਸ ਦਾ ਬੱਚਾ ਜਿਉਂਦਾ ਵੀ ਹੈ। ਪਿੰਡਾਂ ਵਿਚ ਜਦੋਂ ਜਾਂਦੇ ਹਾਂ ਤਾਂ ਮਾਵਾਂ ਭੈਣਾਂ ਆਉਂਦੀਆਂ ਹਨ ਕਿ ਸਾਨੂੰ ਇਹ ਤਾਂ ਪਤਾ ਲੈ ਦਿਓ ਕਿ ਸਾਡਾ ਬੱਚਾ ਜਿਉਂਦਾ ਹੈ ਜਾਂ ਨਹੀਂ ਜਿਉਂਦਾ। ......

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਭਲਾਈ : ਆਨ ਏ ਪੁਆਇੰਟ ਆਫ ਆਰਡਰ, ਸਰ। ਸਰ, ਇਹ ਰੂਲ ਹੀ ਪਰਮਿਟ ਨਹੀਂ ਕਰਦੇ। ਇਹ ਡਿਮਾਂਡਜ਼ ਜੋ ਹਨ ਉਨ੍ਹਾਂ ਤੇ ਰੈਲੇਵੈਂਟ ਬੋਲਣਾ ਚਾਹੀਦਾ ਹੈ। ਇਹ ਲਾਅ ਐਂਡ ਆਰਡਰ ਦੀ ਡਿਮਾਂਡ ਨੰ: 1 ਤੇ ਬੋਲਣ ਜਨਰਲ ਡਿਸਕਸ਼ਨ ਨਹੀਂ ਹੈ ਕਿ ਜੋ ਮਰਜ਼ੀ ਹੈ ਬੋਲਣ।

ਸ੍ਰੀ ਸਪੀਕਰ : ਤੁਸੀਂ, ਡਾਕਟਰ ਸਾਹਿਬ, ਕਨਕਲੂਡ ਕਰੋ। ਡਿਮਾਂਡਜ਼ ਤਿੰਨ ਤੋਂ 16 ਤਕ ਰੱਖੀਆਂ ਗਈਆਂ ਹਨ, ਉਨ੍ਹਾਂ ਤੇ ਬੋਲੋ।

ਡਾਕਟਰ ਰਤਨ ਸਿੰਘ : ਸਰਕਾਰ ਨੇ ਇਕ ਨਵਾਂ ਤਰੀਕਾ, ਜਿਹੜਾ ਅਪਣਾਇਆ ਹੈ, ਉਹ, ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਦਾ ਹਾਂ। ਬੱਸ ਸਟੈਂਡ ਤੇ ਕੋਈ ਮੁੰਡਾ ਜਾਂਦਾ ਹੈ, 5/7 ਪੁਲਿਸ ਦੇ ਆਦਮੀ ਬੱਸ ਸਟੈਂਡ ਤੇ ਆਉਂਦੇ ਹਨ ਤੇ ਉਸ ਦੇ ਮੂੰਹ ਤੇ ਕਾਲਾ ਝੋਲਾ ਪਾ ਲੈਂਦੇ ਹਨ। ਘਰ ਵਾਲਿਆਂ ਨੂੰ ਨਹੀਂ ਪਤਾ ਹੁੰਦਾ ਕਿ ਉਹ ਵਾਪਸ ਆਵੇਗਾ ਜਾਂ ਨਹੀਂ, ਬੱਸ-ਸਟੈਂਡ ਤੋਂ ਹੀ ਚੁਕ ਕੇ ਲੈ ਜਾਂਦੇ ਹਨ। ** ** **

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਇਹ ਐਕਸਪੰਜ ਕਰ ਦਿੱਤਾ ਜਾਵੇ। ਕ੍ਰਿਪਾ ਕਰਕੇ ਤੁਸੀਂ ਬੈਠ ਜਾਓ।

(ਇਸ ਵੇਲੇ ਵੀ ਡਾਕਟਰ ਰਤਨ ਸਿੰਘ ਬਗੈਰ ਪਰਮਿਸ਼ਨ ਦੇ ਬੋਲ ਰਹੇ ਸਨ ** ** ।)

ਸ੍ਰੀ ਸਪੀਕਰ : ਇਹ ਜੋ ਕੁਝ ਕਿਹਾ ਜਾ ਰਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ। ਕ੍ਰਿਪਾ ਕਰਕੇ ਬੈਠ ਜਾਓ।

(ਇਸ ਵੇਲੇ ਹਾਊਸ ਵਿਚ ਕਈ ਮੈਂਬਰਜ਼ ਬੋਲ ਰਹੇ ਸਨ।)

ਸ੍ਰੀ ਸਪੀਕਰ : ਕ੍ਰਿਪਾ ਕਰਕੇ ਬੈਠ ਜਾਓ। ਮੈਂ ਮੋਹਤਬਾਨਾ ਬੇਨਤੀ ਕਰਾਂਗਾ ਕਿ ਇਹ 3 ਡਿਮਾਂਡਜ਼ ਹਨ ਉਨ੍ਹਾਂ ਤੇ ਬੋਲਣਾ ਹੈ। ਜਿਸ ਵੇਲੇ ਲਾਅ ਐਂਡ ਆਰਡਰ ਦੀ ਡਿਮਾਂਡ ਹੋਵੇਗੀ ਉਸ ਵੇਲੇ ਜਿਸ ਇਸ਼ੂ ਤੇ ਬੋਲਣਾ ਚਾਹੋ ਬੋਲ ਲੈਣਾ। ਪਰ ਹੁਣ ਡਿਮਾਂਡਜ਼ ਤੇ ਰੈਲੇਵੈਂਟ ਬੋਲਣਾ ਚਾਹੀਦਾ ਹੈ।

ਸਰਦਾਰ ਜਸਦੇਵ ਸਿੰਘ ਸੰਧੂ : ਇਹ ਜੋ ਮਸਲਾ ਰੈਲੇਵੈਂਟ ਬੋਲਣ ਬਾਰੇ ਜ਼ੇਰੇ ਗੌਰ ਹੈ ਉਸ ਬਾਰੇ ਮੈਂ ਨਿਮਰਤਾ ਨਾਲ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਹੋਰ ਬੋਲਦੇ ਹਨ ਔਰ ਮਹਾਰਾਜਾ ਪਟਿਆਲਾ ਦੇ ਬਜ਼ੁਰਗਾਂ ਦਾ ਨਾਂ ਲਿਆ ਜਾਂਦਾ ਹੈ ਜਿਸ ਦਾ ਹਾਊਸ ਦੀ ਕਾਰਵਾਈ ਨਾਲ ਕੋਈ ਤੁਅਲਕ ਨਹੀਂ-ਹੁੰਦਾ ਉਥੇ ਤੁਸੀਂ ਇਤਰਾਜ਼ ਨਹੀਂ ਕਰਦੇ, ਕਦੇ ਰੋਕਿਆ ਤਕ ਹੀ ਨਹੀਂ ਸੋ ਇਹ

**Not recorded as ordered by the Chair.

[ਸਰਦਾਰ ਜਸਦੇਵ ਸਿੰਘ ਸੰਧੂ]

ਜਿਹੜੀ ਪ੍ਰਥਾ ਹੈ ਇਹ ਜਨਾਬ ਦੀ ਹੀ ਪਾਈ ਹੋਈ ਹੈ। ਜੇ ਹੁਣ ਕੋਈ ਹੋਰ ਬੋਲਦਾ ਹੈ ਤਾਂ ਤੁਸੀਂ ਰੈਲੇਵੈਨਸੀ ਸਮਝਾਉਣ ਲਗ ਪੈਂਦੇ ਹੋ। (ਵਿਘਨ)

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਇਹ ਰੂਲ ਦਾ ਮਸਲਾ ਹੈ। ਗਵਰਨਰ ਐਡਰੈਸ ਤੇ ਜੋ ਬੋਲਣਾ ਹੈ ਬੋਲ ਲਓ, ਜਨਰਲ ਬਜਟ ਤੇ ਜੋ ਬੋਲਣਾ ਹੈ ਬੋਲ ਲਓ ਵਿੱਤ ਮੰਤਰੀ ਦੇ ਭਾਸ਼ਣ ਤੇ ਜੋ ਮਰਜ਼ੀ ਕਹਿ ਲਓ ਪਰ ਜਦੋਂ ਡਿਮਾਂਡਜ਼ ਪੇਸ਼ ਹੋਣ ਤਾਂ ਰੈਲੇਵੈਂਟ ਰਹਿਣਾ ਚਾਹੀਦਾ ਹੈ। (ਵਿਘਨ)

(ਇਸ ਵੇਲੇ ਹਾਊਸ ਵਿਚ ਕਾਫੀ ਸ਼ੋਰ ਸੀ।)

ਸਰਦਾਰ ਕਿਰਪਾਲ ਸਿੰਘ : ** ** ** (ਵਿਘਨ) (ਸ਼ੋਰ)

ਸ੍ਰੀ ਸਪੀਕਰ : ਇਹ ਜੋ ਕਿਹਾ ਗਿਆ ਹੈ ਇਹ ਐਕਸਪੰਜ ਕਰ ਦਿੱਤਾ ਜਾਵੇ। (ਵਿਘਨ) Please take your seat.

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਮੈਂ ਇਨ੍ਹਾਂ ਡਿਮਾਂਡਜ਼ ਤੇ ਜੋ ਖਾਸ ਕਰਕੇ ਇਰੀਗੇਸ਼ਨ ਅਤੇ ਪਾਵਰ ਵਾਸਤੇ ਹਨ ਉਨ੍ਹਾਂ ਬਾਰੇ ਗਲ ਕਰਨੀ ਚਾਹੁੰਦਾ ਹਾਂ। ਇਹ ਇਰੀਗੇਸ਼ਨ ਅਤੇ ਪਾਵਰ ਸਟੇਟ ਸਬਜੈਕਟ ਹੋਣ ਦੇ ਬਾਵਜੂਦ ਅੱਜ ਵੀ ਇਸ ਤੇ ਸਟੇਟ ਦਾ ਕੋਈ ਕੰਟਰੋਲ ਨਹੀਂ। ਇਸ ਵੇਲੇ ਸਾਰਾ ਹੀ ਇਰੀਗੇਸ਼ਨ ਅਤੇ ਪਾਵਰ ਤੇ ਕੰਟਰੋਲ ਸੈਂਟਰਲ ਗੌਰਮਿੰਟ ਦਾ ਹੈ। ਸਾਰੀਆਂ ਸਟੇਟਾਂ ਵਿਚ ਜਿਥੇ ਵੀ ਪਾਵਰ ਸਟੇਸ਼ਨਜ਼ ਹਨ ਜਾਂ ਇਰੀਗੇਸ਼ਨ ਦੇ ਕੋਈ ਡੈਮ, ਪਰੋਜੈਕਟ ਵਗੈਰਾ ਹਨ ਉਨ੍ਹਾਂ ਸਾਰਿਆਂ ਤੇ ਸੈਂਟਰਲ ਗੌਰਮਿੰਟ ਦਾ ਕੰਟਰੋਲ ਹੈ। ਭਾਖੜੇ ਦੀ ਬਿਜਲੀ ਇਨ੍ਹਾਂ ਕੋਲ ਨਹੀ, ਦਿੱਲੀ ਵਿਚ ਚਾਹੇ ਸੰਕਟ ਹੋਏ ਜਾਂ ਨਾ ਪਰ ਥੋੜੀ ਜਿਹੀ ਵੀ ਕਮੀ ਹੋਣ ਤੇ ਸਾਰੇ ਪੰਜਾਬ ਦੀ ਖਿਚੀ ਜਾਂਦੀ ਹੈ ਔਰ ਪੰਜਾਬ ਵਿਚ ਹਨੇਰਾ ਹੋ ਜਾਂਦਾ ਹੈ। । ਇਹ ਉਹ ਹਾਲ ਹੈ...

ਮੇਰੀ ਤਾਰੀਕ ਕੀ ਰਾਹੋਂ ਮੇਂ ਅੰਧੇਰਾ ਹੀ ਅੰਧੇਰਾ ਹੈ,
ਮੁਝੇ ਕਿਆ ਉਨ ਚਿਰਾਗੋਂ ਸੇ, ਜੋ ਇਵਾਨੋਂ ਮੇਂ ਜਲਤੇ ਹੈ।

ਦਿੱਲੀ ਦਾ ਚਿਰਾਗ ਜਲਦਾ ਰਹੇ, ਪਰ ਸਾਡੇ ਘਰ ਵੀ ਅੰਧੇਰਾ ਨਾ ਹੋਵੇ। ਪੰਡਿਤ ਸਰਵਣ ਰਾਮ ਨੇ ਕਿਹਾ ਹੈ ਕਿ ਇਨ੍ਹਾਂ ਸੁਸਾਇਟੀਆਂ ਦੇ ਪੈਰ ਨਹੀਂ, ਮੈਂ ਇਹ ਕਹਿੰਦਾ ਹਾਂ ਕਿ ਇਸ ਸਰਕਾਰ ਦੇ ਹੀ ਪੈਰ ਨਹੀਂ। ਇਨ੍ਹਾਂ ਦੇ ਪੈਰ ਇਨ੍ਹਾਂ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਦੇ ਸਿਰ ਤੇ ਖੜ੍ਹੇ ਹਨ।

ਇਨ੍ਹਾਂ ਇਥੇ ਕਿਹਾ ਹੈ ਕਿ ਇਹ ਕੁਝ ਦਿਨਾਂ ਦੇ ਪਰਾਹੁਣੇ ਹਨ। ਇਹ ਗਲਤ ਗਲਾਂ ਜ਼ਿਆਦਾ ਕਰਦੇ ਹਨ ਪਰ ਕਈ ਵਾਰ ਠੀਕ ਗੱਲਾਂ ਵੀ ਕਰ ਜਾਂਦੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਤਕ ਪੰਜਾਬ ਵਿਚ ਇਰੀਗੇਸ਼ਨ ਦਾ ਤੁਅੱਲਕ ਹੈ, ਇਸ ਵੇਲੇ ਸਭ ਤੋਂ ਵੱਡਾ ਸਵਾਲ ਪੰਜਾਬ ਵਿਚ ਇਰੀਗੇਸ਼ਨ ਦਾ ਹੈ। ਔਰ ਇਰਾਡੀ ਕਮਿਸ਼ਨ ਬਣਾਇਆ ਅਤੇ ਉਸ ਕਮਿਸ਼ਨ ਕੋਲ ਕੇਸ ਹੈ। ਮੈਨੂੰ ਨਾ ਸਿਰਫ ਬਾਕੀ ਲੋਕਾਂ ਨੂੰ ਅਤੇ ਵਜ਼ੀਰਾਂ ਦੇ ਹਲਕਿਆਂ ਨੂੰ ਸ਼ੱਕ ਹੈ ਕਿ ਇਸ ਕਮਿਸ਼ਨ ਦਾ ਹਾਲ ਪਹਿਲੇ **ਕਮਿਸ਼ਨ ਵਰਗਾ ਹੀ ਹੋਣਾ ਹੈ। ਇਸ ਕਰਕੇ ਇਸ ਉਤੇ ਬਹਿਸ ਕਰਨੀ ਬਾਕੀ ਰਹਿ ਨਹੀਂ ਜਾਂਦੀ ਜਦ ਸਾਡੇ ਹੱਥ ਪੱਲੇ ਕੁਝ ਨਹੀਂ ਹੈ "ਨੰਗੀ ਨੇ ਨਹੌਣਾ ਕੀ ਹੈ ਤੇ ਨਿਚੋੜਨਾ ਕੀ ਹੈ।

**Expunged as ordered by the Chair.

ਪੰਜਾਬ ਵਿਚ ਇਰੀਗੇਸ਼ਨ ਦੇ ਚਾਂਸ ਬੜੇ ਡਿਮ ਨਜ਼ਰ ਆ ਰਹੇ ਹਨ। ਜੋ ਥੀਨ ਡੈਮ ਬਾਰੇ ਸੈਂਟਰ ਦੀ ਸਰਕਾਰ ਨੇ ਸਾਡੇ ਤੇ ਅਹਿਸਾਨ ਕੀਤਾ ਹੈ, ਥੀਨ ਡੈਮ ਬਣਾਉਣ ਲਈ ਉਨ੍ਹਾਂ ਨੇ ਪੰਜਾਬ ਦੀ ਡਿਸਟਰੱਬ ਸਿਚੂਏਸ਼ਨ ਦੇਖ ਕੇ ਫੈਸਲਾ ਕੀਤਾ ਹੈ ਅਤੇ ਇਕ ਕੋਅਚ ਫੈਕਟਰੀ ਦਿੱਤੀ ਹੈ ਜਿਸ ਦੇ ਪੈਸੇ ਸੈਂਟਰ ਦੀ ਸਰਕਾਰ ਦੇਵੇਗੀ। ਅੱਜ ਤੱਕ ਸੈਂਟਰ ਦੀ ਸਰਕਾਰ ਨੇ ਜਿਹੜੀ ਇੰਡਸਟਰੀ ਸਾਰਿਆਂ ਸੂਬਿਆਂ ਵਿਚ ਲਗਾਈ ਹੈ ਜੇ ਉਸ ਨੂੰ ਮੁੱਖ ਰਖਿਆ ਜਾਏ ਤਾਂ ਪੰਜਾਬ ਉਸ ਨਕਸ਼ੇ ਵਿਚ ਕਿਤੇ ਨਜ਼ਰ ਨਹੀਂ ਆਉਂਦਾ। ਪਿਛਲੇ 40 ਸਾਲਾਂ ਦੇ ਅੰਦਰ ਪੰਜਾਬ ਦੇ ਨਾਲ ਹਮੇਸ਼ਾ ਸੈਂਟਰ ਵਿਤਕਰਾ ਕਰਦਾ ਆਇਆ ਹੈ। ਇਸ ਬਾਰੇ ਸਾਨੂੰ ਸਾਰੇ ਪੰਜਾਬੀਆਂ ਨੂੰ ਸੋਚਣਾ ਚਾਹੀਦਾ ਹੈ। ਜਿਥੋਂ ਤੱਕ ਬਿਜਲੀ ਦਾ ਤੁਅੱਲਕ ਹੈ ਜਿਹੜਾ ਸੈਂਟਰ ਦਾ ਨੈਸ਼ਨਲ ਗਰਿਡ ਹੈ ਉਸ ਵਿਚੋਂ ਰਾਜਸਥਾਨ ਨੂੰ, ਯੂ.ਪੀ. ਨੂੰ ਜਾਂ ਹਰਿਆਣੇ ਨੂੰ ਮਿਲਦੀ ਹੈ। ਉਸ ਸਰਕਲ ਵਿਚ ਕਾਨੂੰਨਨ ਸਾਨੂੰ ਕੁਝ ਹਿੱਸਾ ਮਿਲਣਾ ਚਾਹੀਦਾ ਹੈ ਪਰ ਸਾਨੂੰ ਉਹ ਹਿੱਸਾ ਨਹੀਂ ਮਿਲਦਾ। ਸਾਡੇ ਕੋਲ ਭਾਖੜੇ ਦੀ ਬਿਜਲੀ ਆਈ ਹੈ ਅਤੇ ਉਹ ਸਾਡੇ ਭਾਖੜੇ ਤੋਂ ਬਿਜਲੀ ਲੈਂਦੇ ਹਨ ਪਰ ਸਾਨੂੰ ਲੋੜ ਪੈਣ ਤੇ ਦਿੰਦੇ ਨਹੀਂ ਹਨ। ਥੋੜ੍ਹਾ ਬਹੁਤ ਹੁਣ ਪੰਜਾਬ ਵਿਚ ਚਾਨਣ ਹੈ ਫਾਈਨੈਂਸ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਨੇ ਰੈਗੂਲੇਰਾਈਜ਼ ਕੀਤਾ ਹੈ। ਬਿਜਲੀ ਚਲ ਰਹੀ ਹੈ। ਇਸ ਦੇ ਲਈ ਇਹ ਮੁਬਾਰਕਬਾਦ ਦੇ ਹੱਕਦਾਰ ਹਨ। ਪਰ ਇਨ੍ਹਾਂ ਨੂੰ ਇਤਨਾ ਖੁਸ਼ ਨਹੀਂ ਹੋਣਾ ਚਾਹੀਦਾ ਕਿਉਂਕਿ ਇਹ ਆਪਣੇ ਆਪ ਹੀ ਚਲ ਰਹੀ ਹੈ। ਇਸ ਦੇ ਵਿਚ ਫ਼ਖਰ ਕਰਨ ਵਾਲੀ ਕੋਈ ਗੱਲ ਨਹੀਂ ਹੈ। ਅੰਮ੍ਰਿਤਸਰ ਮਿਊਂਸਪਲ ਕਾਰਪੋਰੇਸ਼ਨ ਦੇ ਨਾਲ ਬਿਜਲੀ ਬੋਰਡ ਦਾ ਪਿਛਲੇ 45 ਸਾਲ ਹੋਏ ਲਾਹੌਰ ਵੇਲੇ ਦੀ ਗੌਰਮਿੰਟ ਨਾਲ ਇਕ ਐਗਰੀਮੈਂਟ ਹੋਇਆ ਸੀ। ਉਸ ਵੇਲੇ ਸਾਰੇ ਪੰਜਾਬ ਵਿਚ 3 ਸਟੇਸ਼ਨ ਹੋਇਆ ਕਰਦੇ ਸਨ, ਅੰਮ੍ਰਿਤ-ਸਰ, ਸ਼ਿਮਲਾ ਅਤੇ ਮਲੇਰਕੋਟਲਾ ਸੀ। ਮਲੇਰਕੋਟਲਾ ਨੂੰ ਪ੍ਰਾਈਵੇਟ ਤੌਰ ਤੇ ਚਲਾਇਆ ਜਾਂਦਾ ਸੀ ਅਤੇ ਅੰਮ੍ਰਿਤਸਰ ਨੂੰ ਮਿਉਂਸਪਲ ਕਮੇਟੀ ਬਿਜਲੀ ਸਪਲਾਈ ਕਰਦੀ ਸੀ ਅਤੇ ਸ਼ਿਮਲਾ ਹੁਣ ਹਿਮਾਚਲ ਪ੍ਰਦੇਸ਼ ਵਿਚ ਚਲਾ ਗਿਆ ਹੈ। ਅੰਮ੍ਰਿਤਸਰ ਦੇ ਵਿਚ ਅਗਰ ਇਕ ਫੀਡਰ ਖਰਾਬ ਹੋ ਜਾਵੇ ਤਾਂ ਸਾਰੇ ਸ਼ਹਿਰ ਦੀ ਬੱਤੀ ਚਲੀ ਜਾਂਦੀ ਹੈ ਅਤੇ ਹਨੇਰਾ ਹੋ ਜਾਂਦਾ ਹੈ ਚਾਹੇ ਇਹ ਫੀਡਰ ਕਿਸੇ ਟੈਕਨੀਕਲ ਨੁਕਸ ਕਰਕੇ ਫੇਲ੍ਹ ਹੋਇਆ ਹੋਵੇ। ਸਾਡੇ ਕੋਲ ਉਥੇ ਕੋਈ ਹੋਰ ਸਬ-ਸਟੇਸ਼ਨ ਨਹੀਂ ਹੈ ਜਿਥੋਂ ਬਿਜਲੀ ਦੀ ਸਪਲਾਈ ਕੀਤੀ ਜਾ ਸਕੇ ਅਤੇ ਬਿਜਲੀ ਨੂੰ ਸਵਿਚ ਆਨ ਕੀਤਾ ਜਾ ਸਕੇ। ਮੈਨੂੰ ਪਤਾ ਹੈ ਅਤੇ ਮੈਂ ਅੰਮ੍ਰਿਤਸਰ ਮਿਊਂਸਪਲ ਕਮੇਟੀ ਦਾ ਕੁਝ ਅਰਸਾ ਪ੍ਰਧਾਨ ਰਿਹਾ ਹਾਂ ਅਤੇ ਅਸੀਂ ਡੀਮਾਂਡ ਕਰਦੇ ਰਹੇ ਹਾਂ ਕਿ ਸਾਨੂੰ ਇਕ ਐਕਸਟਰਾ ਪੁਆਇੰਟ ਦਿੱਤਾ ਜਾਵੇ ਲੇਕਿਨ ਇਹ ਐਕਸਟਰਾ ਪੁਆਇੰਟ ਹਾਲੇ ਤੱਕ ਸਾਨੂੰ ਬਿਜਲੀ ਬੋਰਡ ਵਲੋਂ ਨਹੀਂ ਦਿੱਤਾ ਗਿਆ। ਅੰਮ੍ਰਿਤਸਰ ਸ਼ਹਿਰ ਇਕ ਬਹੁਤ ਸੁੰਦਰ ਸ਼ਹਿਰ ਹੈ ਅਤੇ ਧਾਰਮਿਕ ਸਥਾਨ ਹੈ। ਪਰ ਉਥੇ ਬਿਜਲੀ ਦੀ ਬੜੀ ਅਨਸਰਟੇਨਟੀ ਰਹਿੰਦੀ ਹੈ। ਰੋਟੀ ਖਾਂਦੇ ਹੋਇਆਂ ਇਕ ਗਿਰਾਹੀ ਮੂੰਹ ਵਿਚ ਹੁੰਦੀ ਹੈ ਤੇ ਦੂਜੀ ਦਾ ਪਤਾ ਨਹੀਂ ਹੁੰਦਾ ਕਿ ਮੂੰਹ ਵਿਚ ਪਾਉਣ ਵੇਲੇ ਬਿਜਲੀ ਹੋਵੇਗੀ ਕਿ ਨਹੀਂ। ਗਿਰਾਹੀ ਹੱਥ ਵਿਚ ਹੀ ਰਹਿ ਜਾਂਦੀ ਹੈ ਅਤੇ ਹਨੇਰਾ ਹੋ ਜਾਂਦਾ ਹੈ। ਮਰੀਜ਼ ਆਪਰੇਸ਼ਨ ਥੇਟਰ ਦੀ ਮੇਜ਼ ਉਤੇ ਹੁੰਦਾ ਹੈ ਪਰ ਬਿਜਲੀ ਚਲੀ ਜਾਂਦੀ ਹੈ। ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਚਿੱਠੀਆਂ ਰਾਹੀਂ ਗੁਜ਼ਾਰਿਸ਼ ਕਰ ਚੁੱਕਾ ਹਾਂ ਅਤੇ ਬਾਕੀ ਅੰਮ੍ਰਿਤਸਰ ਦੇ ਲੋਕਾਂ ਨੇ ਧਿਆਨ ਦਿਵਾਇਆ ਹੈ ਕਿ ਕੁਝ ਅੰਮ੍ਰਿਤਸਰ ਵਾਸਤੇ ਕਰੋ ਅਤੇ ਬਿਜਲੀ ਬੋਰਡ ਨੂੰ ਕਹੋ ਕਿ ਬਿਜਲੀ ਦੀ ਸਪਲਾਈ ਉਹ ਖੁਲ੍ਹ ਕੇ ਦੇਵੇ। ਬਿਜਲੀ ਬੋਰਡ ਵਾਲਿਆਂ ਨੂੰ ਇਹ ਗੱਲ ਖਟਕਦੀ ਹੈ ਕਿ ਜਿਹੜਾ ਪ੍ਰਾਫਿਟ ਹੁੰਦਾ ਹੈ ਉਹ ਅੰਮ੍ਰਿਤਸਰ ਕਾਰਪੋਰੇਸ਼ਨ ਲੈ ਜਾਂਦੀ ਹੈ, ਉਹ ਬੋਰਡ ਨੂੰ ਆਉਣਾ ਚਾਹੀਦਾ ਹੈ। ਮਿਊਂਸਪਲ ਕਾਰਪੋਰੇਸ਼ਨ ਵਾਲੇ ਸੁਪਰਵੀਜ਼ਨ ਵੀ ਕਰਦੇ ਹਨ,

[ਸਰਦਾਰ ਕਿਰਪਾਲ ਸਿੰਘ]

ਡਿਸਟਰੀਬਿਊਸ਼ਨ ਵੀ ਬਿਜਲੀ ਦੀ ਕਰਦੇ ਹਨ।ਬਿਜਲੀ ਬੋਰਡ ਵਾਲੇ ਅੜਿਕਾ ਪਾਉਂਦੇ ਹਨ। ਉਹ ਅੰਮ੍ਰਿਤਸਰ ਦੀ ਬਿਜਲੀ ਦੀ ਸਪਲਾਈ ਆਪਣੇ ਹੱਥ ਵਿਚ ਲੈਣਾ ਚਾਹੁੰਦੇ ਹਨ। ਅੰਮ੍ਰਿਤਸਰ ਵਿਚ ਬਿਜਲੀ ਦਾ ਪ੍ਰਬੰਧ ਇਹ ਕੀਤਾ ਹੋਇਆ ਹੈ। ਸਪੀਕਰ ਸਾਹਿਬ, ਜਿਹੜਾ ਪਾਣੀ ਦਾ ਮਸਲਾ ਹੈ, ਬਿਜਲੀ ਦਾ ਮਸਲਾ ਹੈ, ਅੰਮ੍ਰਿਤਸਰ ਦੀ ਨਾਰਮਲ ਜ਼ਿੰਦਗੀ ਲਈ ਇਹ ਬੜੀ ਵੱਡੀ ਮੁਸੀਬਤ ਹੈ। ਅੰਮ੍ਰਿਤਸਰ ਦਾ ਖਿਆਲ ਇਸ ਸਰਕਾਰ ਨੂੰ ਉਚੇਚੇ ਤੌਰ ਤੇ ਰੱਖਣਾ ਚਾਹੀਦਾ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦਾ ਕੋਈ ਮੋਰਚਾ ਵੀ ਅੰਮ੍ਰਿਤਸਰ ਤੋਂ ਬਾਹਰ ਸਫਲ ਨਹੀਂ ਹੋਇਆ। ਜਿਸ ਤਰ੍ਹਾਂ ਨਹਿਰ ਦੇ ਮਾਮਲੇ ਵਿਚ ਮੋਰਚਾ ਲਗਾ ਤੇ ਫੇਲ੍ਹ ਹੋ ਗਿਆ। ਉਸ ਤੋਂ ਬਾਦ ਧਰਮ-ਯੁੱਧ ਮੋਰਚਾ ਫਿਰ ਅੰਮ੍ਰਿਤਸਰ ਤੋਂ ਸ਼ੁਰੂ ਹੋਇਆ। ਅੱਜ ਵੀ ਪਾਣੀ ਦਾ ਮਸਲਾ ਉਵੇਂ ਕਿਵੇਂ ਕਾਇਮ ਹੈ ਤੇ ਇਰਾਦੀ ਕਮਿਸ਼ਨ ਦੇ ਆਉਣ ਵਾਲੇ ਫੈਸਲੇ ਤੋਂ ਵੀ ਕੋਈ ਆਸ ਨਹੀਂ ਬਝ ਸਕਦੀ ਕਿਉਂਕਿ ਪਹਿਲੇ ਕਮਿਸ਼ਨਾਂ ਦੀ [** **] ਇਰਾਦੀ ਕਮਿਸ਼ਨ ਕੋਲੋਂ ਇਨਸਾਫ ਦੀ ਆਸ ਨਹੀਂ ਦਿਵਾਉਂਦੀ। ਪੰਜਾਬ ਨੂੰ ਬਹੁਤਾ ਆਪਣੇ ਜ਼ਰੀਏ ਤੇ ਨਿਰਭਰ ਕਰਨਾ ਚਾਹੀਦਾ ਹੈ ਤੇ ਇਰੀਗੇਸ਼ਨ ਵਾਸਤੇ ਟਿਊਬਵੈਲਾਂ ਦਾ ਇਸਤੇਮਾਲ ਵੱਧ ਤੋਂ ਵੱਧ ਕਰਨ ਦੀ ਯੋਗਤਾ ਪੈਦਾ ਕਰਨੀ ਚਾਹੀਦੀ ਹੈ।

ਸ੍ਰੀ ਹੰਸ ਰਾਜ ਆਰੀਆ : ਸਪੀਕਰ ਸਾਹਿਬ, ਇਹ ਜਨਰਲ ਡਿਮਾਂਡ ਤੋਂ ਬਾਹਰ ਹੋ ਰਹੇ ਹਨ। ਕਿਤੇ ਕਾਂਗਰਸ ਦੀ ਗੱਲ ਕਰਦੇ ਹਨ, ਕਿਤੇ ਅਕਾਲੀ ਦਲ ਦੀ ਗੱਲ ਕਰਦੇ ਹਨ, ਔਰ ਕਿਤੇ ਅਕਾਲ ਤਖ਼ਤ ਦੀ ਗੱਲ ਕਰਦੇ ਹਨ। (ਵਿਘਨ) ਇਹ [**] ਕਹਿਣ। ਇਹ ਸੈਂਟਰ ਗੌਰਮਿੰਟ ਨੇ ਕਮਿਸ਼ਨ ਬਿਠਾਏ ਹਨ। ਸਰਕਾਰੀਆ ਕਮਿਸ਼ਨ ਅਤੇ ਹੋਰ ਸੈਂਟਰਲ ਗੌਰਮਿੰਟ ਨੇ ਕਮਿਸ਼ਨ ਬਿਠਾਏ ਹਨ। (ਵਿਘਨ) (ਸ਼ੋਰ) ਮੈਂਬਰ ਸਾਹਿਬ, ਹਾਊਸ ਦੀ ਪਰੰਪਰਾ ਨੂੰ ਤੋੜ ਰਹੇ ਹਨ। ਕਿਤੇ ਕਾਂਗਰਸ ਨੂੰ ਔਰ ਕਿਤੇ ਰਾਜੀਵ ਗਾਂਧੀ ਨੂੰ ਕਹਿੰਦੇ ਹਨ।

ਸ੍ਰੀ ਸਪੀਕਰ : [**] ਲਫਜ਼ ਰਿਕਾਰਡ ਵਿਚੋਂ ਐਕਸਪੰਜ ਕਰ ਦਿੱਤਾ ਜਾਵੇ। ਸਰਦਾਰ ਕਿਰਪਾਲ ਸਿੰਘ ਜੀ ਤੁਸੀਂ ਇਰੀਗੇਸ਼ਨ ਅਤੇ ਪਾਵਰ ਦੀਆਂ ਡਿਮਾਂਡਾਂ ਤੇ ਬੋਲੋ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਐਵੇਂ ਹੀ ਚਿੜ ਜਾਂਦੇ ਹਨ। (ਵਿਘਨ) (ਸ਼ੋਰ) (ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਇਕੱਠੇ ਹੀ ਬੋਲ ਰਹੇ ਸਨ।)

ਸ੍ਰੀ ਸਪੀਕਰ : ਤੁਸੀਂ ਆਪਣੇ ਆਪ ਨੂੰ ਲਿਮਿਟ ਵਿਚ ਰਖੋ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਜਿਥੋਂ ਤਕ ਪਾਵਰ ਦਾ ਤੁਅਲਕ ਹੈ, ਸਟੇਟ ਨੇ ਜਾਂ ਬੋਰਡ ਨੇ ਜੋ ਕੁਨੈਕਸ਼ਨ ਦਿਤੇ ਹਨ, ਉਸ ਬਾਰੇ ਰੈਫਰੈਂਡਮ ਕਰਾ ਲਓ ਕਿ ਬਿਜਲੀ ਦੇ ਟਿਊਬਵੈੱਲ ਦੇ ਕੁਨੈਕਸ਼ਨ ਬਗੈਰ ਰਿਸ਼ਵਤ ਤੋਂ ਕਿਤਨੇ ਦਿੱਤੇ ਗਏ ਹਨ। ਤੁਸੀਂ ਸਾਰੇ ਧਰਮੀ ਆਦਮੀ ਹੋ, ਧਰਮ ਦੇ ਨਾਂ ਤੇ ਇਥੇ ਆਏ ਹੋ, ਤੁਸੀਂ ਧਰਮ ਦਾ ਨਾਂ ਪੈਦਾ ਕਰੋ। ਉਨ੍ਹਾਂ ਦੇ ਹੱਥਾਂ ਵਿਚ ਨਾ ਖੇਲੋ। ਰਿਸ਼ਵਤ ਲੈਂਦੇ ਕਈ ਬੰਦੇ ਫੜੇ ਜਾਂਦੇ ਹਨ ਪਰ ਕੋਈ ਕਾਰਵਾਈ ਨਹੀਂ ਹੁੰਦੀ। (ਵਿਘਨ) (ਕਾਂਗਰਸ ਪਾਰਟੀ ਵਲ ਇਸ਼ਾਰਾ) ਇਨ੍ਹਾਂ ਨੂੰ ਮੈਂ ਕੁਝ ਨਹੀਂ ਕਹਿੰਦਾ ਪਰ ਇਨ੍ਹਾਂ ਨੂੰ ਐਵੇਂ ਹੀ ਤਕਲੀਫ ਹੋ ਜਾਂਦੀ ਹੈ। ਇਹ ਹਰ ਇਕ ਦੇ ਵਕੀਲ ਬਣ ਜਾਂਦੇ ਹਨ। ਹਰ ਇਕ ਆਦਮੀ ਨੇ ਵਕੀਲ ਕੀਤਾ ਹੈ। ਪੰਜਾਬ ਵਿਚ ਅੱਜ ਲੋੜ ਇਸ ਗੱਲ ਦੀ ਹੈ ਕਿ ਬਿਜਲੀ ਦੀ ਸਪਲਾਈ ਬਗੈਰ ਰਿਸ਼ਵਤ ਤੋਂ ਹਰ ਇਕ ਨੂੰ ਮਿਲੇ। ਜਿਹੜਾ ਪਰਵਾਸੀ ਹੈ, ਉਸ ਆਦਮੀ ਨੂੰ

**Expunged as ordered by the Chair.

ਬਿਜਲੀ ਨਹੀਂ ਮਿਲਦੀ। ਸਪੀਕਰ ਸਾਹਿਬ, ਪਿੰਡਾਂ ਦੇ ਪਿੰਡ ਪਾਣੀ ਤੋਂ ਬਗੈਰ ਸਾਰੇ ਖੇਤ ਤਿਹਾਏ ਹਨ। ਹੋਰ ਇਨਸਾਫ ਅਸੀਂ ਉਨ੍ਹਾਂ ਨੂੰ ਕੀ ਦੇਣਾ ਹੈ। (ਵਿਘਨ) (ਸ਼ੋਰ) ਸਪੀਕਰ ਸਾਹਿਬ, (ਘੰਟੀ) ਬੱਸ ਜੀ। ਆਪ ਜੀ ਦੀ ਬਹੁਤ ਮਿਹਰਬਾਨੀ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ। (ਵਿਘਨ)

ਸ੍ਰੀ ਸਪੀਕਰ : ਸ੍ਰੀ ਸਜਵਰ ਸਿੰਘ ਜੀ, ਤੁਸੀਂ ਬੋਲੋ।

ਸਰਦਾਰ ਭਾਗ ਸਿੰਘ: : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਡਿਮਾਂਡਾਂ ਤੇ ਬੋਲਣ ਦਾ ਮੌਕਾ ਦਿੱਤਾ ਹੈ ......

ਸ੍ਰੀ ਸਪੀਕਰ : ਭਾਗ ਸਿੰਘ ਜੀ, ਤੁਸੀਂ ਬੈਠੋ। ਮੈਂ ਸਜਵਰ ਸਿੰਘ ਜੀ ਨੂੰ ਕਾਲ ਅਪਾਨ ਕਰ ਲਿਆ ਹੈ। ਤੁਸੀਂ ਕਿਸ ਡਿਮਾਂਡ ਤੇ ਬੋਲੋਗੇ ਸਜਵਰ ਸਿੰਘ ਜੀ ?

ਸ੍ਰੀ ਸਜਵਰ ਸਿੰਘ (ਗੁਰੂ ਹਰਸਹਾਏ): ਮੈਂ ਜੀ ਡਿਮਾਂਡ ਨੰਬਰ 16 ਤੇ ਬੋਲਾਂਗਾ। ਮੈਨੂੰ ਬੜੀ ਖੁਸ਼ੀ ਹੈ ਤੇ ਮੇਰਾ ਖਿਆਲ ਹੈ ਕਿ ਸੰਨ 1947 ਵਿੱਚ ਜਦੋਂ ਆਜ਼ਾਦੀ ਹੋਈ ਅਤੇ ਸਾਡਾ ਸੰਵਿਧਾਨ 26 ਜਨਵਰੀ ਨੂੰ ਲਾਗੂ ਹੋਇਆ, ਉਦੋਂ ਤੋਂ ਸਾਡੇ ਨੁਮਾਇੰਦੇ ਆਉਂਦੇ ਰਹੇ ਹਨ। ਸਰਦਾਰ ਲਛਮਣ ਸਿੰਘ ਜੀ, ਐਮ.ਐਲ.ਏ., ਅਤੇ ਸੇਠ ਖੁਸ਼ਹਾਲ ਚੰਦ ਜੀ, ਉਨ੍ਹਾਂ ਨੂੰ ਵੀ ਹਨ੍ਹੇਰੇ ਵਿੱਚ ਹੀ ਰਖਿਆ ਗਿਆ ਹੋਵੇਗਾ। ਉਨ੍ਹਾਂ ਨੂੰ ਵੀ ਬੋਲਣ ਦਾ ਟਾਈਮ ਨਹੀਂ ਮਿਲਿਆ ਹੋਵੇਗਾ। ਜਾਂ ਇਕ ਅੱਧ ਵਾਰੀ ਟਾਈਮ ਮਿਲਿਆ ਹੋਵੇਗਾ। ਮੈਂ ਤੁਹਾਡਾ ਰਿਣੀ ਹਾਂ ਕਿ ਤੁਸੀਂ ਮੈਨੂੰ 2-4 ਮਿੰਟ ਕੱਢ ਕੇ ਦਿੱਤੇ ਹਨ। ਬਾਰਡਰ ਦੇ ਉਪਰ ਜੋ ਇਰੀਗੇਸ਼ਨ ਦੀ ਹਾਲਤ ਹੈ, ਉਸ ਨੇ ਸਾਰੇ ਪੰਜਾਬ ਵਿੱਚ ਨੰਬਰ-1 ਤੇ ਤਰੱਕੀ ਕੀਤੀ ਹੈ। ਉਥੋਂ ਦੇ ਲੋਕਾਂ ਨੇ ਬੰਜਰ ਏਰੀਏ ਨੂੰ ਕਲਟੀਵੇਟ ਕਰਕੇ ਕਾਬਲੇ ਕਾਸ਼ਤ ਬਣਾਇਆ ਹੈ। ਪਰ ਉਥੇ ਬਿਜਲੀ ਅਤੇ ਪਾਣੀ ਦੀ ਜੋ ਹਾਲਤ ਚਲ ਰਹੀ ਹੈ, ਮੈਂ ਉਹ ਦੱਸਦਾ ਹਾਂ। ਜਿਹੜੇ ਉਥੇ ਅਫਸਰ ਸਾਹਿਬਾਨ ਬੈਠੇ ਹਨ, ਉਹ ਬੜੀਆਂ ਸਿਫਾਰਸ਼ਾਂ ਨਾਲ ਉਥੇ ਆਉਂਦੇ ਹਨ, ਇਹ ਪਤਾ ਨਹੀਂ ਕਿ ਕੀ ਛਿਪਿਆ ਹੋਇਆ ਖਜ਼ਾਨਾ ਉਥੋਂ ਮਿਲਦਾ ਹੈ। ਪਰ ਉਥੇ ਦੇ ਲੋਕਾਂ ਨਾਲ ਕੀ ਹਾਲਾਤ ਹੁੰਦੇ ਹਨ। ਜੇ ਕੋਈ ਐਸ.ਡੀ.ਓ. ਕੋਲ ਗਰੀਬ ਜਾ ਕੇ ਬੇਨਤੀ ਕਰਦਾ ਹੈ ਤਾਂ ਉਸਨੂੰ ਕੁਝ ਕਹਿ ਕੁਹਾ ਕੇ ਭੇਜ ਦਿੰਦੇ ਹਨ ਕਿ ਜਾ ਸਾਰੀ ਉਮਰ ਖੁਸ਼ ਹੁੰਦਾ ਰਹਿ। ਫੇਰ ਕਿਸਾਨਾਂ ਦੀ ਹਾਲਤ ਦੇਖੋ। ਉਸ ਦਾ ਇਕ ਹਜ਼ਾਰ ਰੁਪਿਆ ਪਈ ਵਾਰੀ ਰਿਪੇਅਰ ਤੇ ਖਰਚ ਆਉਂਦਾ ਹੈ ਪਰ ਟਿਊਬਵੈੱਲ ਬੰਦ ਦਾ ਬੰਦ ਹੀ ਪਿਆ ਰਹਿੰਦਾ ਹੈ। ਉਨ੍ਹਾਂ ਨੂੰ ਕੋਈ ਰਾਹਤ ਨਹੀਂ, ਕੋਈ ਸਪੈਸ਼ਲ ਛੂਟ ਨਹੀਂ ਮਿਲਦੀ। ਇਸ ਦੇ ਨਾਲ ਨਾਲ ਮੰਡੀਆਂ ਦੀ ਹਾਲਤ ਉਹ ਹੈ ਕਿ ਜਦੋਂ ਖੇਤ ਤੋਂ ਜ਼ਿਮੀਂਦਾਰ ਫਸਲ ਮੰਡੀਆਂ ਵਿੱਚ ਲੈ ਜਾਂਦਾ ਹੈ, ਕੁਝ ਤਾਂ ਸਾਡੇ ਅਫਸਰ ਸਾਹਿਬਾਨ ਜੋ ਨਿਯੁਕਤ ਕੀਤੇ ਜਾਂਦੇ ਹਨ, ਉਨ੍ਹਾਂ ਨੇ ਸ਼ੇਅਰ ਰਖਿਆ ਹੁੰਦਾ ਹੈ, ਉਥੇ ਉਨ੍ਹਾਂ ਗਰੀਬਾਂ ਨੂੰ ਟੈਕਸ ਲਗਦਾ ਹੈ। ਕੱਚੀਆਂ ਮੰਡੀਆਂ ਵਿੱਚ ਗਰੀਬ ਜਨਤਾ ਕੰਮ ਕਰਦੀ ਹੈ। ਉਥੇ ਮਣਾਂ ਦੇ ਮਣ ਦਾਣੇ ਗਰੀਬ ਜ਼ਿਮੀਂਦਾਰ ਦੇ ਵੇਸਟ ਹੋ ਜਾਂਦੇ ਹਨ। ਇਕ ਤਾਂ ਉਨ੍ਹਾਂ ਤੇ ਕੁਦਰਤ ਦੀ ਮਾਰ ਪੈਂਦੀ ਹੈ ਅਤੇ ਦੂਜੇ ਜਿਹੜੇ ਅਫਸਰ ਸਾਹਿਬਾਨ ਉਥੇ ਲਾਏ ਜਾਂਦੇ ਹਨ ਉਨ੍ਹਾਂ ਦੀ ਮਾਰ ਤਾਂ ਉਨ੍ਹਾਂ ਨੂੰ ਬਿਲਕੁਲ ਹੀ ਪਛਾੜ ਦਿੰਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਸਾਡੇ ਇਲਾਕੇ ਵਿੱਚ ਲਛਮਨ ਨਹਿਰ ਦੇ ਉਤੇ ਮੋਘੇ ਹਨ, ਉਨ੍ਹਾਂ ਵੱਲ ਸਪੈਸ਼ਲ ਧਿਆਨ ਦੇਣ ਦੀ ਲੋੜ ਹੈ, ਸਪੈਸ਼ਲ ਛੂਟ ਦੀ ਜ਼ਰੂਰਤ ਹੈ। ਇਸ ਦੇ ਨਾਲ ਨਾਲ ਪਾਵਰ ਦੀ ਗੱਲ ਲੈ ਲਓ। ਬਿਜਲੀ ਦੀਆਂ ਇਤਨੀਆਂ ਲੰਬੀਆਂ ਲੰਬੀਆਂ

[ਸ੍ਰੀ ਸਜਵਰ ਸਿੰਘ]

ਲਾਈਨਾਂ ਹਨ ਕਿ 20-25 ਕਿਲੋਮੀਟਰ ਤੱਕ ਇਕ ਹੀ ਲਾਈਨ ਆ ਜਾਂਦੀ ਹੈ। ਕਿਸੇ ਦੀ ਮੋਟਰ ਵਿੱਚ ਵੀ ਥੋੜ੍ਹਾ ਜਿਹਾ ਫਾਲਟ ਆ ਜਾਂਦਾ ਹੈ ਤਾਂ ਸਾਰੀ ਲਾਈਨ ਹੀ ਆਊਟ ਹੋ ਜਾਂਦੀ ਹੈ । ਅਤੇ ਹਨੇਰੇ ਵਿੱਚ ਸਮੱਗਲਰਾਂ ਨੂੰ ਵੀ ਮੌਕਾ ਮਿਲਦਾ ਹੈ। ਇਹ ਬਿਜਲੀ ਦਾ ਪ੍ਰੋਗਰਾਮ ਚਲ ਰਿਹਾ ਹੈ । ਇਸ ਦੇ ਵਿੱਚ ਜੇ ਕੋਈ ਟਰਾਂਸਫਾਰਮਰ ਸੜ ਜਾਂਦਾ ਹੈ ਤਾਂ ਜੋ ਵੀ ਐਸ.ਡੀ.ਓ. ਜਾਂਦਾ ਹੈ, ਕੋਈ ਅਫਸਰ ਜਾਂਦਾ ਹੈ, ਉਹ ਇਕ ਹਜ਼ਾਰ ਰੁਪਏ ਤੋਂ ਘੱਟ ਫੀਸ ਨਹੀਂ ਲੈਂਦਾ ਅਤੇ ਮਨਮਾਨੀਆਂ ਕਰਦਾ ਹੈ । ਜੇ ਜ਼ਿਮੀਂਦਾਰ ਇਕੱਠੇ ਹੋ ਕੇ ਵੀ ਜਾਂਦੇ ਹਨ ਤਾਂ ਤਰੀਕੇ ਨਾਲ ਮਗਰ ਲਾ ਲਿਆ ਜਾਂਦਾ ਹੈ ਅਤੇ ਕੋਈ ਗੱਲ ਹੀ ਨਹੀਂ ਸੁਣੀ ਜਾਂਦੀ। ਅਤੇ ਜੇ ਸਰਕਾਰ ਕੋਲ ਫਰਿਆਦ ਕਰੋ ਤਾਂ ਸਰਕਾਰ ਕੋਈ ਐਕਸ਼ਨ ਨਹੀਂ ਲੈਂਦੀ। ਫਾਜ਼ਿਲਕਾ ਦੇ ਇਲਾਕੇ ਵਿੱਚ ਕਿਸਾਨ ਇਰੀਗੇਸ਼ਨ ਤੇ ਪਾਵਰ ਦੇ ਮਾਮਲੇ ਵਿਚ ਏਨੇ ਦੁਖੀ ਹਨ ਕਿ ਤੁਸੀਂ ਅੰਦਾਜ਼ਾ ਨਹੀਂ ਲਗਾ ਸਕਦੇ ਇਕ ਤਾਂ ਸਾਨੂੰ ਪਾਕਿਸਤਾਨ ਤੋਂ ਮਾਰ ਪੈਂਦੀ ਹੈ ਦੂਸਰੇ ਸਾਨੂੰ ਹਿੰਦੁਸਤਾਨ ਦੀ ਮਾਰ ਪੈਂਦੀ ਹੈ। ਅਸੀਂ ਬਾਰਡਰ ਤੇ ਬੈਠੇ ਹਾਂ ਔਰ ਕਿਸੇ ਨੇ ਵੀ ਉਥੇ ਜੋ ਬੁਰੀ ਹਾਲਤ ਹੈ ਇਰੀਗੇਸ਼ਨ ਔਰ ਪਾਵਰ ਦੀ ਉਸ ਬਾਰੇ ਕਿਸੇ ਨੁਮਾਇੰਦੇ ਨੇ ਗਲ ਨਹੀਂ ਕੀਤੀ। ਪਾਵਰ ਦਾ ਗਰਿਡ ਸਟੇਸ਼ਨ ਬਣਾ ਕੇ ਉਥੇ ਪਾਵਰ ਮੁਹੱਈਆ ਕਰਨੀ ਚਾਹੀਦੀ ਹੈ ਤਾਕਿ ਜ਼ਿਮੀਂਦਾਰਾਂ ਦੇ ਟਿਊਬਵੈਲ ਚਲਣੋਂ ਬੰਦ ਨਾ ਹੋਣ। ਫ਼ਾਜ਼ਿਲਕਾ ਤੋਂ ਫਿਰੋਜ਼ਪੁਰ ਤਕ ਬਿਜਲੀ ਮਿਲਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਉਥੇ ਸ਼ਹੀਦ ਸਰਦਾਰ ਭਗਤ ਸਿੰਘ ਦੀ ਸਮਾਧ ਹੈ, ਉਸ ਦਾ ਵੀ ਪ੍ਰਬੰਧ ਚੰਗਾ ਹੋਣਾ ਚਾਹੀਦਾ ਹੈ। 1965 ਦੀ ਲੜਾਈ ਵਿਚ ਫ਼ੌਜੀ ਦਸਤੇ ਵਾਪਸ ਆ ਗਏ ਸਨ ਪਰ ਸਾਡੀ ਕੌਮ ਨੇ ਉਥੇ ਡੱਟ ਕੇ ਮੁਕਾਬਲਾ ਕੀਤਾ ਸੀ। ਇਸ ਕਰਕੇ ਮਿਹਰਬਾਨੀ ਕਰਕੇ ਸਾਡੇ ਗਰੀਬ ਕਿਸਾਨਾਂ ਨੂੰ ਨਾ ਲੁਟਿਆ ਜਾਏ। ਪਟਵਾਰੀ ਗਰੀਬ ਕਿਸਾਨਾਂ ਤੋਂ ਸੌ ਸੌ ਰੁਪਏ ਲੈ ਲੈਂਦੇ ਹਨ। ਇਸੇ ਤਰ੍ਹਾਂ ਹੀ ਤਹਿਸੀਲਦਾਰ ਨੇ 1961 ਦੇ ਨੋਟੀਫੀਕੇਸ਼ਨ ਦੇ ਮੁਤਾਬਿਕ ਗਿਰਦਾਵਰੀਆਂ ਕਰ ਦਿੱਤੀਆਂ ਔਰ ਗਰੀਬ ਕਿਸਾਨ ਪਰਚੀ ਨੂੰ ਰੋਂਦੇ ਰਹਿੰਦੇ ਹਨ। ਗਰੀਬਾਂ ਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ। 1961 ਦਾ ਨੋਟੀਫੀਕੇਸ਼ਨ ਹੋਇਆ ਸੀ ਫੌਜੀ, ਐਕਸ-ਸਰਵਿਸਮੈਨ ਉਨ੍ਹਾਂ ਦੀਆਂ ਜ਼ਮੀਨਾਂ ਸਰਮਾਇਦਾਰ ਆਪਣੇ ਕਬਜ਼ੇ ਵਿਚ ਲੈ ਰਹੇ ਹਨ ਔਰ ਉਨ੍ਹਾਂ ਨੂੰ ਅਨ-ਨਸੈਸਰੀ ਹੈਰਾਸ ਕਰ ਰਹੇ ਹਨ। ਗਰੀਬ ਲੋਕਾਂ ਨੂੰ ਪਾਣੀ ਦੇਣ ਵਾਸਤੇ ਇਰੀਗੇਸ਼ਨ ਵਾਸਤੇ ਪੂਰੇ ਸਾਧਨ ਮੁਹੱਈਆ ਕੀਤੇ ਜਾਣ (ਵਿਘਨ) ਜਿਸ ਨਾਲ ਉਨ੍ਹਾਂ ਗਰੀਬ ਕਿਸਾਨਾਂ ਦਾ ਭਲਾ ਹੋਏਗਾ ਔਰ ਦੇਸ਼ ਦਾ ਭਲਾ ਹੋਏਗਾ। (ਘੰਟੀ)

ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਕਿ ਤੁਸੀਂ ਮੈਨੂੰ ਆਪਣੇ ਹਲਕੇ ਦੀ ਇਰੀਗੇਸ਼ਨ ਔਰ ਪਾਵਰ ਦੀ ਪ੍ਰਾਬਲਮ ਬਾਰੇ ਬੋਲਣ ਲਈ ਟਾਈਮ ਦਿੱਤਾ ਹੈ।

ਸ੍ਰੀ ਸਪੀਕਰ : ਮਾਸਟਰ ਜੌਹਰ ਸਿੰਘ ਜੀ, ਤੁਸੀਂ ਬੋਲੋ।

ਸਰਦਾਰ ਜੌਹਰ ਸਿੰਘ (ਕਾਹਨੂੰਵਾਂ) : ਸਪੀਕਰ ਸਾਹਿਬ, . . . (ਵਿਘਨ) (ਸ਼ੋਰ)।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡਾ ਟਾਈਮ ਕਿੰਨਾਂ ਹੈ। (ਵਿਘਨ)

ਸ੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਜਾਓ। (ਵਿਘਨ)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਸਾਡਾ ਬੋਲਣ ਦਾ ਰਾਈਟ ਹੈ। ਅਸੀਂ ਆਪਣੇ ਗਰੁਪ ਦਾ ਟਾਈਮ ਪੁੱਛਦੇ ਹਾਂ ਕਿਉਂਕਿ ਇਨ੍ਹਾਂ ਨੇ ਬੋਲਣਾ ਹੈ। (ਵਿਘਨ)

ਸ੍ਰੀ ਸਪੀਕਰ: : ਟਾਈਮ ਮਿਲੇਗਾ ਪਰ ਤੁਹਾਡੇ ਵਲੋਂ ਕੋਈ ਚਿੱਟ ਮੇਰੇ ਕੋਲ ਪਹੁੰਚੀ ਨਹੀਂ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਨ੍ਹਾਂ ਨੇ ਬੋਲਣਾ ਹੈ, ਸਾਡੇ ਗਰੁਪ ਦਾ ਟਾਈਮ ਦਸਿਆ ਜਾਏ (ਵਿਘਨ)

ਸ੍ਰੀ ਸਪੀਕਰ : ਸ਼੍ਰੋਮਣੀ ਅਕਾਲੀ ਦਲ ਦਾ 1 ਘੰਟਾ 53 ਮਿੰਟ ਟਾਈਮ ਹੈ।

I do not accept your separate identity.

(ਇਸ ਸਮੇਂ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ। ** ** ** **)

ਸ੍ਰੀ ਸਪੀਕਰ : ਸ਼੍ਰੋਮਣੀ ਅਕਾਲੀ ਦਲ ਦਾ ਟਾਈਮ 1 ਘੰਟਾ 53 ਮਿੰਟ ਹੈ। ਜੋ ਕੁਝ ਇਹ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਇਹ ਰਿਕਾਰਡ ਦਾ ਭਾਗ ਨਹੀਂ ਬਣੇਗਾ।

(ਇਸ ਸਮੇਂ ਐਨਾ ਸ਼ੋਰ ਪੈ ਰਿਹਾ ਸੀ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ। ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜੇ ਸਨ।)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਕ੍ਰਿਪਾ ਕਰਕੇ ਮਾਨਯੋਗ ਮੈਂਬਰ ਸਾਹਿਬਾਨ ਆਪਣੀਆਂ ਆਪਣੀਆਂ ਸੀਟਾਂ ਤੇ ਬੈਠਣ। (ਵਿਘਨ) (ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਸਾਹਿਬਾਨ ਖੜੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ। ** ** **)

ਸ੍ਰੀ ਸਪੀਕਰ : ਜੋ ਕੁਝ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਦਾ ਪਾਰਟ ਨਹੀਂ ਹੋਵੇਗਾ। ਸਰਦਾਰ ਜੋਹਰ ਸਿੰਘ ਜੀ, ਤੁਸੀਂ ਬੋਲੋ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਜੋਹਰ ਸਿੰਘ ਬੋਲ ਰਹੇ ਸਨ ਪਰ ਸਦਨ ਵਿਚ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਸੀ ਦੇ ਰਿਹਾ।)

SQUATTING ON THE FLOOR OF THE HOUSE

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ ਤੁਸੀਂ ਸਾਨੂੰ ਟਾਈਮ ਨਹੀਂ ਦਿੰਦੇ ਇਸ ਲਈ ਅਸੀਂ ਆਨ ਦੀ ਫਲੋਰ ਆਫ ਦੀ ਹਾਊਸ ਪਰੋਟੈਸਟ ਵਜੋਂ ਬੈਠਦੇ ਹਾਂ।

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਅਤੇ ਉਨ੍ਹਾਂ ਦੇ ਨਾਲ ਹੋਰ ਮੈਂਬਰ ਸਾਹਿਬਾਨ ਇਨ ਦੀ ਵੈਲ ਆਫ ਦੀ ਹਾਊਸ ਆ ਕੇ ਬੈਠ ਗਏ।) (ਇਸ ਸਮੇਂ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ।)

ਸਰਦਾਰ ਜੋਹਰ ਸਿੰਘ : ਪੰਜਾਬ ਵਿਚ ਰੀਕਾਰਡ ਤੋੜ ਪੈਦਾਵਾਰ ਹੋਈ ਹੈ। ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ......

(ਇਸ ਸਮੇਂ ਸਦਨ ਵਿਚ ਕਾਫੀ ਸ਼ੋਰ ਪੈ ਰਿਹਾ ਸੀ।)

ਸ੍ਰੀ ਸਪੀਕਰ : ਇਸ ਤਰ੍ਹਾਂ ਰੀਕਾਰਡ ਕੀ ਹੋਵੇਗਾ।

**Expunged as ordered by the Chair.

ਸਰਦਾਰ ਜੋਹਰ ਸਿੰਘ : ਪੰਜਾਬ ਦੇ ਕਿਸਾਨ ਨੇ ਮਿਹਨਤ ਕਰਕੇ, ਜੇਠ ਹਾੜ ਦੀਆਂ ਧੁੱਪਾਂ ਸਿਰ ਉਪਰ ਸਹਿ ਕੇ ਸੱਪਾਂ ਦੀਆਂ ਸਿਰੀਆਂ ਮਿਧ ਕੇ ਅਨਾਜ ਐਨਾ ਪੈਦਾ ਕਰ ਦਿਤਾ ...... (ਸ਼ੋਰ) ਦੇਸ਼ ਵਿਚ ਜਿਹੜਾ ਬਾਹਰੋਂ ਅਨਾਜ ਮੰਗਾਇਆ ਜਾਂਦਾ ਸੀ .....

(ਇਸ ਸਮੇਂ ਹਾਊਸ ਦੇ ਵੈਲ ਵਿੱਚ ਬੈਠੇ ਮਾਨਯੋਗ ਮੈਂਬਰਾਂ ਵਲੋਂ ਨਾਹਰੇ ਲਗਾਏ ਜਾ ਰਹੇ ਸਨ ** ** **)

ਸ੍ਰੀ ਸਪੀਕਰ : ਜੋ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਦਾ ਭਾਗ ਨਹੀਂ ਹੋਵੇਗਾ। ਇਹ ਨਾਹਰੇ ਰਿਕਾਰਡ ਦਾ ਭਾਗ ਨਹੀਂ ਹੋਣਗੇ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਹਾਊਸ ਦਾ ਸਮਾਂ ਖ਼ਰਾਬ ਨਾ ਹੋਵੇ, ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ 10 ਮਿੰਟ ਟਾਈਮ ਦੇ ਦਿਓ। ਜੇ ਇਨ੍ਹਾਂ ਵਿਚੋਂ ਕਿਸੇ ਨੇ ਬੋਲਣਾ ਹੈ ਤਾਂ ਉਹ ਬੋਲ ਲੈਣ।

ਸ੍ਰੀ ਸਪੀਕਰ : ਇਨ੍ਹਾਂ ਵਿਚੋਂ ਕਈ ਮੈਂਬਰ ਸਾਹਿਬਾਨ ਬੋਲੇ ਹਨ। ਮੈਂ ਟਾਈਮ ਦੇਣ ਤੋਂ ਇਨਕਾਰ ਨਹੀਂ ਕੀਤਾ।

ਮੁੱਖ ਮੰਤਰੀ : ਸਾਡੇ ਟਾਈਮ ਵਿਚੋਂ ਦੇ ਦਿਓ।

ਸ੍ਰੀ ਸਪੀਕਰ : ਮੈਂ ਇਨ੍ਹਾਂ ਨੂੰ ਦੱਸਿਆ ਹੈ ਕਿ ਮੈਂ ਸ਼੍ਰੋਮਣੀ ਅਕਾਲੀ ਦਲ ਨੂੰ 1 ਘੰਟਾ 53 ਮਿੰਟ ਦੇ ਚੁੱਕਾ ਹਾਂ। ਮੈਂ ਇਨਕਾਰ ਨਹੀਂ ਕੀਤਾ।

ਰਾਜ ਮੰਤਰੀ, ਖੁਰਾਕ ਤੇ ਸਪਲਾਈ (ਸਰਦਾਰ ਬਲਦੇਵ ਸਿੰਘ ਮਾਨ) : ਸਪੀਕਰ ਸਾਹਿਬ, ਜਿਥੋਂ ਤਕ ਇਨ੍ਹਾਂ ਦੇ ਗਰੁਪ ਨੂੰ ਰਿਕੁਗਨਾਈਜ਼ ਕਰਨ ਦੀ ਗੱਲ ਹੈ The matter is sub-judice. They are shown to be Members of the Shiromani Akali Dal ਇਹ ਯੂਨੀਫਾਈਡ ਅਕਾਲੀ ਦਲ ਦੇ ਮੈਂਬਰ ਕਹੀ ਜਾਣ, ਜੋ ਮਰਜ਼ੀ ਕਹੀ ਜਾਣ ਪਰ ਇਹ ਅਕਾਲੀ ਦਲ ਦੇ ਮੈਂਬਰ ਹਨ ਅਤੇ ਅਕਾਲੀ ਦਲ ਦੇ ਮੈਂਬਰ ਦੇ ਤੌਰ ਤੇ ਇਹ ਟਾਈਮ ਲੈ ਸਕਦੇ ਹਨ। ਜਿਵੇਂ ਸੀ. ਐਮ. ਸਾਹਿਬ ਨੇ ਦੱਸਿਆ ਹੈ ਉਸ ਮੁਤਾਬਿਕ ਇਹ ਟਾਈਮ ਲੈ ਸਕਦੇ ਹਨ। (ਵਿਘਨ) (ਸ਼ੋਰ)।

ਸ੍ਰੀ ਸਪੀਕਰ : ਮਾਸਟਰ ਜੋਹਰ ਸਿੰਘ, ਜੀ ਤੁਸੀਂ ਕਨਕਲੂਡ ਕਰੋ। (ਸ਼ੋਰ)

ਡਾਕਟਰ ਕੇਵਲ ਕ੍ਰਿਸ਼ਨ : ਉਨ੍ਹਾਂ ਦੀ ਗਿਣਤੀ ਦੇ ਮੁਤਾਬਿਕ ਟਾਈਮ ਦੇ ਦਿਓ, ਗਰੁਪ ਵੱਖਰਾ ਕੰਸਿਡਰ ਨਾ ਕਰੋ। (ਵਿਘਨ) (ਸ਼ੋਰ)

Mr. Speaker: Everybody will get his due in the House.

ਟਾਈਮ ਦੇਣ ਤੋਂ ਕਿਸੇ ਨੇ ਨਾਂਹ ਨਹੀਂ ਕੀਤੀ। ਰਿਕਾਰਡ ਦੇਖ ਲਓ। ਇਨ੍ਹਾਂ ਨੇ ਸਮਾਂ ਪੁੱਛਿਆ ਹੈ। ਮੈਂ ਸਮਾਂ ਦੱਸ ਦਿੱਤਾ ਕਿ ਕਿੰਨਾ ਸਮਾਂ ਲਿਆ ਹੈ। (ਵਿਘਨ) (ਸ਼ੋਰ)

(ਇਸ ਵਕਤ ਹਾਊਸ ਦੇ ਵੈੱਲ ਵਿੱਚ ਬੈਠੇ ਮਾਨਯੋਗ ਮੈਂਬਰਜ਼ ਬੋਲ ਰਹੇ ਸਨ ਅਤੇ ਨਾਹਰੇ ਲਾ ਰਹੇ ਸਨ। ** ** **)

**Expunged/not recorded as ordered by the Chair.

ਸ੍ਰੀ ਸਪੀਕਰ : ਜੋ ਕੁਝ ਇਹ ਮੈਂਬਰ ਸਾਹਿਬਾਨ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। ਕਿਰਪਾ ਕਰਕੇ ਆਪਣੀਆਂ ਸੀਟਾਂ ਤੇ ਬੈਠੋ, ਜੋ ਸਜਣ ਬੋਲਣਾ ਚਾਹੁੰਦੇ ਹਨ ਉਨ੍ਹਾਂ ਨੂੰ ਟਾਈਮ ਦਿੱਤਾ ਜਾਵੇਗਾ। (ਸ਼ੋਰ) ਮਾਸਟਰ ਜੀ ਤੁਸੀਂ ਕਨਕਲੂਡ ਕਰੋ। (ਵਿਘਨ) (ਸ਼ੋਰ) ਜੋ ਕੁਝ ਹਾਊਸ ਦੇ ਵੈਲ ਤੋਂ ਕਹਿ ਰਹੇ ਹਨ ਇਹ ਰਿਕਾਰਡ ਤੇ ਨਹੀਂ ਆਵੇਗਾ।

(ਇਸ ਵਕਤ ਹਾਊਸ ਦੇ ਵੈਲ ਵਿੱਚ ਜੋ ਮਾਨਯੋਗ ਮੈਂਬਰਜ਼ ਬੈਠੇ ਸਨ ਉਹ ਆਪਣੀਆਂ ਆਪਣੀਆਂ ਸੀਟਾਂ ਤੇ ਆ ਕੇ ਬੈਠ ਗਏ)

DISCUSSION AND VOTING OF DEMANDS FOR GRANTS FOR THE YEAR 1987-88 (*Resumption*)

ਸ੍ਰੀ ਸਪੀਕਰ : ਮਾਸਟਰ ਜੀ ਨੂੰ ਕਨਕਲੂਡ ਕਰ ਲੈਣ ਦਿਓ, ਫਿਰ ਤੁਹਾਨੂੰ ਟਾਈਮ ਦਿੱਤਾ ਜਾਵੇਗਾ। ਮਾਸਟਰ ਜੀ, 5 ਮਿੰਟ ਵਿੱਚ ਕਨਕਲੂਡ ਕਰ ਦਿਓ।

ਸਰਦਾਰ ਜੋਹਰ ਸਿੰਘ : ਸਪੀਕਰ ਸਾਹਿਬ, ਰਾਵੀ ਦਰਿਆ ਦਾ ਬਹੁਤਾ ਹਿੱਸਾ ਸਾਡੇ ਪਾਸੋਂ ਚਲਾ ਗਿਆ। ਸਾਡੇ ਕੋਲ ਕੇਵਲ ਢਾਈ ਦਰਿਆ ਰਾਵੀ, ਬਿਆਸ , ਸਤਲੁਜ ਹੀ ਰਹਿ ਗਏ ਹਨ। 100 ਕਰੋੜ ਰੁਪਿਆ ਪਾਕਿਸਤਾਨ ਸਰਕਾਰ ਨੂੰ ਦਿੱਤਾ ਗਿਆ ਅਤੇ ਨਾਲ ਹੀ ਕਿਹਾ ਗਿਆ ਕਿ ਥੀਨ ਡੈਮ ਬਣਾ ਕੇ ਕੰਮਪਲੀਟ ਕਰ ਦੇਵਾਂਗੇ ਜਿਸ ਤੋਂ ਪੰਜਾਬ ਨੂੰ ਪਾਣੀ ਮਿਲੇਗਾ, ਬਿਜਲੀ ਮਿਲੇਗੀ। ਸਪੀਕਰ ਸਾਹਿਬ, ਇਸ ਤੋਂ ਪਹਿਲਾਂ ਥੀਨ ਡੈਮ ਦੀ ਉਸਾਰੀ ਹੋ ਜਾਣੀ ਚਾਹੀਦੀ ਸੀ ਪਰ ਉਹ ਨਾ ਹੋ ਸਕੀ। ਪਹਿਲਾਂ ਜਦੋਂ ਅਕਾਲੀ ਸਰਕਾਰ ਆਈ, ਬਾਦਲ ਸਾਹਿਬ ਦੀ ਸਰਕਾਰ ਆਈ ਤਾਂ ਉਦੋਂ ਥੀਨ ਡੈਮ ਦਾ ਕੰਮ ਚਲਿਆ ਸੀ ਲੇਕਿਨ ਜਦੋਂ ਸਾਡੇ ਸਾਹਮਣੇ ਬੈਠੇ ਵੀਰ ਆ ਗਏ ਤਾਂ ਇਨ੍ਹਾਂ ਨੇ ਥੀਨ ਡੈਮ ਦੇ ਕੰਮ ਦੀ ਸਪੀਡ ਫਿਰ ਹੌਲੀ ਸ਼ੁਰੂ ਕਰ ਦਿੱਤੀ ਜਿਵੇਂ ਇਨ੍ਹਾਂ ਦਾ ਸੁਭਾਅ ਹੈ ਸੀਮਿੰਟ, ਬਜਰੀ ਖਾ ਲੈਣ ਦੀ। ਇਨ੍ਹਾਂ ਵੀਰਾਂ ਨੇ ਸੀਮਿੰਟ, ਬਜਰੀ, ਪੈਟਰੋਲ, ਡੀਜ਼ਲ ਸਭ ਕੁਝ ਖਾ ਲਿਆ ਅਤੇ ਇਨ੍ਹਾਂ ਦੇ ਵੇਲੇ ਥੀਨ ਡੈਮ ਦਾ ਕੰਮ ਰੁਕਿਆ ਰਿਹਾ। ਫਿਰ ਜਦੋਂ ਹੁਣ ਸਾਡੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਆਈ, ਸ਼੍ਰੋਮਣੀ ਅਕਾਲੀ ਦੱਲ ਦਾ ਸਿਧਾਂਤ ਹੀ ਇਹ ਹੈ ਕਿ ਪੰਜਾਬ ਦੇ ਲੋਕਾਂ ਦਾ ਭਲਾ ਸੋਚਣਾ, ਪੰਜਾਬੀਆਂ ਦੇ ਹਿੱਤ ਦੀ ਗੱਲ ਕਰਨੀ, ਇਸ ਅਕਾਲੀ ਦਲ ਦੀ ਸਰਕਾਰ ਨੇ ਆ ਕੇ ਫਿਰ ਥੀਨ ਡੈਮ ਦਾ ਬੜੇ ਜ਼ੋਰ ਨਾਲ ਕੰਮ ਸ਼ੁਰੂ ਕਰਵਾਇਆ। ਬਰਨਾਲਾ ਸਾਹਿਬ ਨੇ ਆਪ ਜਾ ਕੇ ਉਥੇ ਕੰਮ ਸ਼ੁਰੂ ਕਰਵਾਇਆ ਅਤੇ ਉਹ ਪ੍ਰਧਾਨ ਮੰਤਰੀ ਸਾਹਿਬ ਨੂੰ ਵੀ ਨਾਲ ਉਥੇ ਲੈ ਕੇ ਗਏ ਅਤੇ ਉਥੇ ਹੁਣ ਤੇਜ਼ੀ ਨਾਲ ਕੰਮ ਚਲ ਰਿਹਾ ਹੈ ਪਰ ਮੈਨੂੰ ਅਫ਼ਸੋਸ ਹੈ ਕਿ ਵਡੇ ਵਡੇ ਅਫ਼ਸਰ ਜੋ ਚਿਰਾਂ ਤੋਂ ਉਥੇ ਬੈਠੇ ਹਨ ਉਹ ਅਜੇ ਵੀ ਉਸੇ ਤਰ੍ਹਾਂ ਕਾਲਾ ਧੰਦਾ ਕਰ ਰਹੇ ਹਨ। ਇਸ ਤਰ੍ਹਾਂ ਪੈਟਰੋਲ ਖਾ ਰਹੇ ਹਨ, ਡੀਜ਼ਲ ਖਾ ਰਹੇ ਹਨ ਜਿੰਨੀਂ ਤੇਜ਼ੀ ਨਾਲ ਬਰਨਾਲਾ ਸਾਹਿਬ ਥੀਨ ਡੈਮ ਬਣਾਉਣਾ ਚਾਹੁੰਦੇ ਹਨ ਇਹ ਅਫ਼ਸਰ ਸ਼ਾਹੀ ਉਸ ਵਿਚ ਰੁਕਾਵਟਾਂ ਪਾਉਂਦੀ ਹੈ। ਕਾਫ਼ੀ ਅਖਬਾਰਾਂ ਵਿਚ ਖਬਰਾਂ ਆ ਰਹੀਆਂ ਹਨ। ਮੈਂ ਤੁਹਾਡੇ ਰਾਹੀਂ ਬਰਨਾਲਾ ਸਾਹਿਬ ਨੂੰ ਕਹਾਂਗਾ ਕਿ ਜਿਹੜੇ ਇਸ ਕਿਸਮ ਦੇ ਅਫ਼ਸਰ ਹਨ ਜਿਹੜੇ ਸਾਡੇ ਪੰਜਾਬ ਦੀ ਡਿਵੈਲਪਮੈਂਟ ਵਿਚ ਰੁਕਾਵਟ ਹਨ ਉਨ੍ਹਾਂ ਤੇ ਕੰਟਰੋਲ ਕੀਤਾ ਜਾਵੇ।

ਮੈਂ ਇਹ ਵੀ ਬੇਨਤੀ ਕਰਾਂਗਾ ਕਿ ਸਾਡੇ ਪੰਜਾਬ ਨੇ, ਸਾਡੇ ਕਿਸਾਨ ਨੇ ਜੋ ਕਣਕ ਦਾ ਟੀਚਾ ਜੋ ਚਾਵਲਾਂ ਦਾ ਟੀਚਾ 1990 ਵਿਚ ਪੂਰਾ ਕਰਨਾ ਸੀ ਸਤਵੀਂ ਪੰਜ ਸਾਲਾ ਪਲਾਨ ਵਿਚ, ਉਹ ਹੁਣ ਹੀ ਪੂਰਾ ਕਰ ਲਿਆ ਹੈ ਔਰ ਕਈ ਸਾਲ ਪਹਿਲਾਂ ਕਰ ਲਿਆ ਹੈ। ਸਾਡੀ ਸਰਕਾਰ ਕਿਸਾਨਾਂ

[ਸਰਦਾਰ ਜੋਹਰ ਸਿੰਘ]

ਨੂੰ ਬਹੁਤੇ ਰਾਹਤ ਦੇ ਰਹੀ ਹੈ, ਕਿਸਾਨਾਂ ਲਈ ਹਰ ਪੱਖ ਤੋਂ ਦਰਿੜ੍ਹਤਾ ਨਾਲ ਲੜ ਰਹੀ ਹੈ। ਸਾਡਾ ਸੂਬਾ ਕਿਸਾਨੀ ਤੇ ਨਿਰਭਰ ਕਰਦਾ ਹੈ। ਖੇਤੀ ਪ੍ਰਧਾਨ ਸੂਬਾ ਹੈ।

ਮੈਂ ਇਹ ਵੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਬਿਜਲੀ ਦੇ ਪੱਖ ਤੋਂ ਫੈਸਲਾ ਕੀਤਾ ਸੀ ਕਿ ਅਸੀਂ 50 ਹਜਾਰ ਟਿਊਬਵੈਲ ਦੇ ਕੁਨੈਕਸ਼ਨ ਦੇਵਾਂਗੇ ਅਤੇ ਦਸ ਹਜ਼ਾਰ ਇੰਡਸਟਰੀ ਦੇ ਕੁਨੈਕਸ਼ਨ ਦੇਵਾਂਗੇ। ਮੈਨੂੰ ਖੁਸ਼ੀ ਹੈ, ਮੈਨੂੰ ਮਾਣ ਹੈ ਇਹ ਦਸ ਕੇ ਕਿ ਸਾਡੀ ਸਰਕਾਰ ਨੇ 50 ਹਜ਼ਾਰ ਟਿਊਬਵੈਲ ਕੁਨੈਕਸ਼ਨਜ਼ ਦਿੱਤੇ ਅਤੇ 10 ਹਜ਼ਾਰ ਛੋਟੀ ਇੰਡਸਟਰੀ ਦੇ ਕੁਨੈਕਸ਼ਨ ਦਿੱਤੇ ਹਨ। ਪਰ ਜਿਹੜੀ ਟਿਊਬਵੈਲਾਂ ਤੇ ਕੱਟ ਹੈ ਇਹ ਨਹੀਂ ਹੋਣੀ ਚਾਹੀਦੀ। ਜਦੋਂ ਕਿਸਾਨ ਚਾਹੁੰਦਾ ਹੋਵੇ ਕੁਨੈਕਸ਼ਨ ਦਿਤਾ ਜਾਵੇ ਕਟ ਆਫ ਡੇਟ ਨਹੀਂ ਹੋਣੀ ਚਾਹੀਦੀ ਅਤੇ ਬਿਜਲੀ ਹਮੇਸ਼ਾ ਥਰੀ ਫੇਜ਼ ਦਿਤੀ ਜਾਵੇ, ਸਿੰਗਲ ਫੇਜ਼ ਦਾ ਕੋਈ ਫਾਇਦਾ ਨਹੀਂ ਹੁੰਦਾ। ਕਿਸਾਨ ਨੂੰ ਬਿਜਲੀ ਦੀ ਲੋੜ ਹੈ ਇਸ ਲਈ ਉਹ ਚੋਰੀ ਕਰਦਾ ਹੈ। ਜਿੰਨੀ ਬਿਜਲੀ ਤਿੰਨ ਫੇਜ਼ ਨਾਲ ਖਰਚ ਆਉਂਦੀ ਹੈ, ਸਿੰਗਲ ਫੇਜ਼ ਨਾਲ ਵੀ ਉਨੀ ਹੀ ਖਰਚ ਆਉਂਦੀ ਹੈ। ਉਤਨਾ ਹੀ ਖਰਚਾ ਪੈਂਦਾ ਹੈ। ਇਸ ਲਈ ਕਿਸਾਨ ਨੂੰ ਤਿੰਨ ਫੇਜ਼ ਤੇ ਹੀ ਬਿਜਲੀ ਦਿੱਤੀ ਜਾਵੇ। ਅਗਰ ਕਿਸਾਨ ਨੂੰ ਬਿਜਲੀ ਪੂਰੀ ਮਿਲੇਗੀ ਤਾਂ ਉਪਜ ਵੱਧ ਸਕੇਗੀ। ਬਿਜਲੀ ਕਿਸਾਨ ਨੂੰ ਵਕਤ ਸਿਰ ਪੂਰੀ ਦਿੱਤੀ ਜਾਏ ਠੀਕ ਹੈ ਕਿ ਬਾਰਡਰ ਦੇ ਡਿਸਟ੍ਰਿਕਟ ਲਈ ਇੰਡਸਟਰੀ ਲਈ ਕੁਨੈਕਸ਼ਨ ਦਿੱਤੇ ਜਾਣੇ ਹਨ ਪਰ ਜਿਹੜੀ ਸਿਕਿਉਰਿਟੀ ਹੈ ਉਹ ਬਹੁਤ ਜ਼ਿਆਦਾ ਹੈ। ਕਿਤੇ ਡੇਢ ਲੱਖ, ਦੋ ਲੱਖ, ਤਿੰਨ ਲੱਖ ਦੀ ਇੰਡਸਟਰੀ ਦੀ ਸਿਕਿਉਰਿਟੀ ਮੰਗੀ ਜਾਂਦੀ ਹੈ। ਛੋਟੀ ਇੰਡਸਟਰੀ ਲਾਉਣੀ ਹੁੰਦੀ ਹੈ। ਇਹ ਇੰਡਸਟਰੀ ਦੀ ਸਿਕਿਉਰਿਟੀ ਘਟਾਈ ਜਾਵੇ ਜਾਂ ਫਿਰ ਇਸ ਨੂੰ ਲੋਨਜ਼ ਵਿਚ ਐਡਜਸਟ ਕੀਤਾ ਜਾਵੇ। ਲੋਨ ਵਿਚ 25% ਸਬਸਿਡੀ ਦਿਤੀ ਜਾਂਦੀ ਹੈ ਨਾਲ ਹੀ ਜਿਤਨੀ ਵੀ ਬਿਜਲੀ ਦੇ ਪੱਖੋਂ ਰਿਆਇਤ ਦਿਤੀ ਜਾ ਸਕਦੀ ਹੈ ਉਹ ਦਿੱਤੀ ਜਾਣੀ ਚਾਹੀਦੀ ਹੈ। ਮੈਨੂੰ ਆਸ ਹੈ ਕਿ ਸਾਡੇ ਇੰਡਸਟਰੀ ਮਨਿਸਟਰ ਸਾਹਿਬ ਇਸ ਪੱਖ ਵੱਲ ਧਿਆਨ ਦੇਣਗੇ ਅਤੇ ਛੋਟੀ ਇੰਡਸਟਰੀ ਨੂੰ ਸੂਬੇ ਵਿਚ ਰਾਹਤ ਦੇਣ ਲਈ ਜੋ ਵੀ ਹੋ ਸਕਦਾ ਹੋਇਆ ਕਰਨਗੇ। ਇੰਡਸਟਰੀ (ਵਿਘਨ) ਕੁਨੈਕਸ਼ਨਾਂ ਦੀ ਸਿਕਿਉਰਿਟੀ ਘਟ ਕਰਨਗੇ।

ਸ੍ਰੀ ਸਪੀਕਰ : ਹੁਣ ਤੁਸੀਂ ਸਮਾਪਤ ਕਰੋ ਜੀ।

ਸਰਦਾਰ ਜੋਹਰ ਸਿੰਘ : ਸਪੀਕਰ ਸਾਹਿਬ, ਮੈਂ ਇਕ ਗਲ ਕਰਕੇ ਬੈਠ ਜਾਵਾਂਗਾ। ਸਾਡੇ ਜਿਹੜੇ ਖਜ਼ਾਨਾ ਮੰਤਰੀ ਹਨ ਇਹ ਆਰਥਿਕਤਾ ਦੇ ਪੱਖ ਤੋਂ ਬੜੇ ਮਾਹਰ ਹਨ। ਇਥੇ ਕਾਂਗਰਸੀਆਂ ਨੇ ਗੱਲ ਕੀਤੀ ਸੀ ਕਿ ਇਕ ਪਰਸੈਂਟ ਲੈਵੀ ਲਾਈ ਹੈ, ਜੋ ਗਲਤ ਹੈ। ਇਹ ਜਿਹੜੀ ਸਾਡੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੈ ਇਹ ਮਜ਼ਦੂਰਾਂ ਦੀ, ਕਿਸਾਨਾਂ ਦੀ, ਹੇਠਲੇ ਕੇਡਰ ਦੇ ਲੋਕਾਂ ਦੀ ਸਰਕਾਰ ਹੈ, ਪਰ ਜਦੋਂ ਕਾਂਗਰਸ ਸਰਕਾਰ ਆਉਂਦੀ ਹੈ ਇਹ ਧਨਾਢਾਂ ਦੇ ਲਈ ਵੱਡੇ ਵੱਡੇ ਕਾਰਖਾਨੇਦਾਰਾਂ ਲਈ ਸੋਚਦੀ ਹੈ। ਇਨ੍ਹਾਂ ਦਾ ਰੋਲ ਹੋਰ ਹੁੰਦਾ ਹੈ। ਜਦ ਇਨ੍ਹਾਂ ਦੀ ਸਰਕਾਰ ਸੀ ਤਾਂ ਇਨ੍ਹਾਂ ਨੇ ਇਕ ਪਰਸੈਂਟ ਸੈਸ ਲਾਇਆ ਅਤੇ ਉਹ ਸਿੱਧਾ ਕਿਸਾਨਾਂ ਤੇ ਲਾ ਕੇ ਕਿਸਾਨਾਂ ਨੂੰ ਮਾਰ ਦਿਤਾ। ਹੁਣ ਜਿਹੜੀ ਸਾਡੀ ਸਰਕਾਰ ਨੇ ਇਕ ਪਰਸੈਂਟ ਲੈਵੀ ਪਰਪੋਜ਼ ਕੀਤੀ ਹੈ ਇਹ ਸਿੱਧੀ ਸੈਂਟਰ ਦੀ ਸਰਕਾਰ ਅਤੇ ਐਫ. ਸੀ. ਆਈ. ਤੇ ਲਗੀ ਹੈ ਕਿਉਂਕਿ ਉਨ੍ਹਾਂ ਨੇ ਖਰੀਦ ਕਰਨੀ ਹੈ। ਜਾਂ ਫਿਰ ਜਿਹੜੇ ਵੱਡੇ ਧਨਾਢ ਹਨ ਅਤੇ ਵਪਾਰੀ ਲੋਕ ਹਨ ਉਨ੍ਹਾਂ ਨੇ ਮਾਲ ਖਰੀਦ ਕਰਨਾ ਹੈ ਇਹ ਉਨ੍ਹਾਂ ਨੂੰ ਦੇਣਾ ਪਏਗਾ। ਔਰ ਇਹ ਜਿਹੜਾ ਇਕ ਪਰਸੈਂਟ ਹੈ ਇਹ ਪਿੰਡਾਂ ਦੀ ਡਿਵੈਲਪਮੈਂਟ

ਤੇ ਲਾਉਣਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਾਰੇ ਹਾਊਸ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਸਾਡੀ ਸਰਕਾਰ ਦਾ ਬਹੁਤ ਅੱਛਾ ਕਦਮ ਹੈ, ਇਹ ਇੱਕ ਅੱਛਾ ਫੈਸਲਾ ਹੈ ਇਸ ਦੇ ਨਾਲ ਪਿੰਡਾਂ ਦੀ ਡਿਵੈਲਪਮੈਂਟ ਕਰਨੀ ਹੈ। (ਘੰਟੀ) ਸਾਡਾ ਬਜਟ ਪਿੰਡਾਂ ਦੀ ਤਰੱਕੀ ਵਾਲਾ ਹੈ। ਸਪੀਕਰ ਸਾਹਿਬ ਮੈਂ ਕਹਿਣਾ ਤਾਂ ਬਹੁਤ ਕੁਝ ਸੀ ਪਰ ਤੁਸੀਂ ਬਾਰ ਬਾਰ ਟੱਲੀ ਵਜਾ ਰਹੇ ਹੋ। ਇਹ ਜਿਹੜੀਆਂ ਡਿਮਾਂਡਜ਼ ਹਨ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਹ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਈਆਂ ਜਾਣ ਕਿਉਂਕਿ ਇਹ ਜਿਹੜੀਆਂ ਡਿਮਾਂਡਜ਼ ਹਨ ਇਹ ਕਿਸਾਨਾਂ, ਮਜ਼ਦੂਰਾਂ, ਗਰੀਬਾਂ ਨਾਲ ਸਬੰਧਤ ਹਨ। ਸਪੀਕਰ ਸਾਹਿਬ, ਤੁਹਾਡਾ ਧੰਨਵਾਦ।

ਸਰਦਾਰ ਗੁਰਦੇਵ ਸਿੰਘ ਬਾਦਲ (ਪੰਜਗਰਾਈਂ, ਐਸ. ਸੀ.) : ਸਪੀਕਰ ਸਾਹਿਬ, ਜਿਹੜਾ ਮੇਰਾ ਕੱਚਾ ਚਿੱਠਾ ਸੀ ਉਹ ਵੀ ਜੋਸ਼ ਵਿਚ ਆ ਕੇ ਰੁਲ ਗਿਆ ਹੈ, ਪਤਾ ਨਹੀਂ ਕਿਥੇ ਗਿਆ ?

ਸ਼੍ਰੀ ਸਪੀਕਰ : ਬਾਦਲ ਸਾਹਿਬ, ਕਿਹੜੀ ਡਿਮਾਂਡ ਤੇ ਬੋਲਣ ਲਗੇ ਹੋ ?

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਸਾਰੀਆਂ ਤੇ ਬੋਲਾਂਗਾ ਜੀ।

ਸ਼੍ਰੀ ਸਪੀਕਰ : ਤੁਸੀਂ ਇਸ ਤਰ੍ਹਾਂ ਸਾਰੀਆਂ ਤੇ ਨਹੀਂ ਬੋਲ ਸਕਦੇ।

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਖੇਤੀ, ਪਾਣੀ ਅਤੇ ਕੋਆਪ੍ਰੇਟਿਵ ਤਿੰਨਾਂ ਤੇ ਬੋਲਾਂਗਾ (ਵਿਘਨ) ਸਪੀਕਰ ਸਾਹਿਬ, ਮੈਂ ਸ਼੍ਰੋਮਣੀ ਅਕਾਲੀ ਦਲ ਦੇ ਨਾਮ ਤੇ ਆ ਰਿਹਾ ਸੀ। ਸ਼੍ਰੋਮਣੀ ਅਕਾਲੀ ਦਲ ਨੂੰ ਮੈਨੂੰ ਸਮਝ ਨਹੀਂ ਆਉਂਦੀ ਕਿ ਤੁਸੀਂ ਇਨ੍ਹਾਂ ਨੂੰ ਕਿਸ ਤਰ੍ਹਾਂ ਨਾਲ ਕਹਿੰਦੇ ਹੋ। ਸਿੱਖ ਜਗਤ ਸ਼੍ਰੋਮਣੀ ਅਕਾਲੀ ਦਲ ਉਸ ਨੂੰ ਮੰਨਦਾ ਹੈ........ (**ਸ਼੍ਰੀ ਸ਼ਿਵ ਚੰਦ ਜੀ ਵਲੋਂ** ਵਿਘਨ)

ਸ਼੍ਰੀ ਸਪੀਕਰ : ਜਦੋਂ ਆਵਾਜ਼ ਦਿੰਦਾਂ ਹਾਂ ਤੁਸੀਂ ਬੈਠ ਜਾਂਦੇ ਹੋ। Do not make mockery of the whole proceedings.

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ** ** **

ਸ਼੍ਰੀ ਸਪੀਕਰ : ਬਾਦਲ ਸਾਹਿਬ ਨੇ ਜੋ ਕੁਝ ਕਿਹਾ ਹੈ ਐਕਸਪੰਜ ਕਰ ਦਿੱਤਾ ਜਾਵੇ।

ਸਰਦਾਰ ਗੁਰਦੇਵ ਸਿੰਘ ਬਾਦਲ : ਸ਼੍ਰੋਮਣੀ ਅਕਾਲੀ ਦਲ ਨੇ ਪਾਣੀ ਵਾਸਤੇ ਮੋਰਚਾ ਲਾਇਆ, 3 ਕਰੋੜ 10 ਲੱਖ ਏਕੜ ਫੁੱਟ ਪਾਣੀ ਪੰਜਾਬ ਦੀ ਮਲਕੀਅਤ ਹੈ। ਇਸ ਕਰਕੇ, ਸਪੀਕਰ ਸਾਹਿਬ, ਸ਼੍ਰੋਮਣੀ ਅਕਾਲੀ ਦਲ ਨੇ ਜੋ ਪੰਜਾਬ ਦਾ ਪਾਣੀ ਹੈ, ਹਰਿਆਣੇ ਨੂੰ ਦਿਤਾ ਜਾ ਰਿਹਾ ਹੈ, ਉਸ ਦੀ ਖਾਤਰ ਸਰਕਾਰ ਬਰਨਾਲੇ ਨੇ ਰੈਜ਼ੋਲਿਊਸ਼ਨ ਬਣਾਇਆ ਤੇ ਇਹ ਫੈਸਲਾ ਕੀਤਾ ਸ਼੍ਰੋਮਣੀ ਅਕਾਲੀ ਦਲ ਨੇ ਕਿ ਭਈ ਇਹ ਨਹਿਰ ਦਾ ਟੱਕ ਨਹੀਂ ਲਗਣ ਦੇਣਾ ਪਰ ਅੱਜ ਅਫਸੋਸ ਹੈ ਕਿ ਬਰਨਾਲਾ ਸਾਹਿਬ ਨੇ ਜਿਨ੍ਹਾਂ ਨੇ ਉਦੋਂ ਰੈਜ਼ੋਲਿਊਸ਼ਨ ਤਿਆਰ ਕੀਤਾ ਸੀ, ਸੈਂਟਰ ਦੀ ਸਰਕਾਰ ਨੂੰ ਵੰਗਾਰਿਆ ਸੀ ਕਿ ਪਾਣੀ ਜਿਹੜਾ ਕਿਸਾਨਾਂ ਦੇ ਖ਼ੂਨ ਦਾ ਇਕ ਇਕ ਕਤਰਾ ਹੈ ਇਹ ਕਿਸੇ ਹੋਰ ਨੂੰ ਨਹੀਂ ਦਿੱਤਾ ਜਾਵੇਗਾ ......(ਵਿਘਨ)

**Expunged as ordered by the Chair.

ਸਰਦਾਰ ਰਣਜੀਤ ਸਿੰਘ ਜੰਡਿਆਲਾ: ਮੈਂ ਸਪੀਕਰ ਸਾਹਿਬ ਬਾਦਲ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਹਾਡੇ ਲੀਡਰ ਸਰਦਾਰ ਪ੍ਰਕਾਸ਼ ਸਿੰਘ ਬਾਦਲ ਸਾਬਕਾ ਮੁੱਖ ਮੰਤਰੀ ਨੇ ਐਸ. ਵਾਈ. ਐਲ. ਨਹਿਰ ਵਾਸਤੇ ਪੈਸੇ ਜਮ੍ਹਾਂ ਕਰਵਾਏ ਸਨ ? (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ: ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ। ਵਜ਼ੀਰ ਸਰਕਾਰ ਨੇ ਬਨਾਉਣਾ ਹੈ, ਗੁੱਸਾ ਮੇਰਾ ਛੋਟਾ ਵੀਰ ਮੇਰੇ ਤੇ ਕੱਢੀ ਜਾਂਦਾ ਹੈ। ਖੋਤੇ ਤੋਂ ਡਿਗ ਕੇ ਮੇਰੇ ਤੇ ਨਾਰਾਜ਼ਗੀ ਨਹੀਂ ਕੱਢਣੀ ਚਾਹੀਦੀ, ਸਰਕਾਰ ਤੋਂ ਆਪਣਾ ਹੱਕ ਲੈ ਲੈ। ਇਸ ਲਈ, ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਸੀ ਕਿ ਜੋ ਨਹਿਰ ਰੋਕੋ ਮੋਰਚਾ ਸ਼ੁਰੂ ਹੋਇਆ, ਉਸ ਦੀ ਰੂਪ ਰੇਖਾ ਉਸ ਦਾ ਸਾਰਾ ਅਗਲਾ ਜੋ ਐਕਸ਼ਨ ਸੀ ਉਹ ਸਰਦਾਰ ਬਰਨਾਲੇ ਨੇ ਉਲੀਕਿਆ। ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਨੇ ਉਸ ਨੂੰ ਐਲਾਨ ਕੀਤਾ ਔਰ ਸ਼੍ਰੋਮਣੀ ਅਕਾਲੀ ਦਲ ਨੇ ਉਥੇ ਮੋਰਚਾ ਸ਼ੁਰੂ ਕੀਤਾ ਕਿ ਇਹ ਪਾਣੀ ਹਰਿਆਣੇ ਨੂੰ ਨਹੀਂ ਜਾਣ ਦਿਤਾ ਜਾਵੇਗਾ। ਅੱਜ ਅਫਸੋਸ ਹੈ ਕਿ ਉਹ ਬਰਨਾਲਾ ਸਾਹਿਬ ਜਿਨ੍ਹਾਂ ਬਾਰੇ ਅਕਾਲ ਤਖਤ ਦਾ ਹੁਕਮ ਹੈ, ਮੈਨੂੰ ਵੈਸੇ ਸਤਿਕਾਰ ਹੈ, ਕਿ ਉਨ੍ਹਾਂ ਨੂੰ ਨਾ ਸਿੰਘ ਕਹਿਣਾ ਹੈ ਤੇ ਨਾ ਸਾਹਿਬ ਕਹਿਣਾ ਹੈ, ਮੈਂ ਇਹ ਲਫਜ਼ ਵਾਪਿਸ ਲੈਂਦਾ ਹਾਂ। ਇਸ ਲਈ ਬਰਨਾਲਾ ਸਾਹਿਬ (ਥੰਪਿੰਗ) (ਬਹੁਤ ਹਾਸਾ) ਉਹ ਨਹਿਰ ਜਿਹੜੀ ਹੈ ਪੁੱਟਣ ਦਿੱਤੀ ਜਾ ਰਹੀ ਹੈ ਹਰਿਆਣੇ ਨੂੰ, ਸਪੀਕਰ ਸਾਹਿਬ, ਸਰਕਾਰ ਜਿਹੜੀ ਪੰਜਾਬ ਦੀ ਹੈ, ਜਿਹੜੀ ਕਹਿੰਦੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੈ, ਇਹ ਸ਼੍ਰੋਮਣੀ ਅਕਾਲੀ ਦੱਲ ਦੀ ਸਰਕਾਰ ਨੇ ਅੱਜ ਵਾਇਦਾ ਕੀਤਾ ਹੈ ਕਿ ਫਲਾਣੇ ਦਿਨਾਂ ਤੱਕ ਨਹਿਰ ਪੁੱਟ ਕੇ ਪਾਣੀ ਛੱਡ ਕੇ ਆਵਾਂਗੇ ਹਰਿਆਣੇ ਦੇ ਵਿਚ। ਇਸ ਲਈ ਇਸ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਕਹਿਣਾ ਪੰਜਾਬ ਦੇ ਲੋਕਾਂ ਨਾਲ ਧੋਖਾ ਕਰਨਾ ਹੈ। ਇਸ ਲਈ ਸਪੀਕਰ ਸਾਹਿਬ, ਜਿਹੜਾ ਪਾਣੀ ਹੈ ਇਹ ਖ਼ੂਨ ਤੇ ਪਸੀਨੇ ਨਾਲੋਂ ਵੀ ਮਹਿੰਗਾ ਹੈ। ਇਸ ਕਰਕੇ ਕਿ ਜਿਹੜਾ ਪੰਜਾਬ ਹੈ ਇਹ ਖੇਤੀਬਾੜੀ ਪ੍ਰਧਾਨ ਸੂਬਾ ਹੈ। ਪੰਜਾਬ ਲਈ ਖੇਤੀਬਾੜੀ ਇੰਡਸਟਰੀ ਹੈ। ਪੰਜਾਬ ਦੀ ਜਿਹੜੀ ਖੇਤੀਬਾੜੀ ਹੈ ਜੇਕਰ ਕਮਜ਼ੋਰ ਹੋ ਜਾਂਦੀ ਹੈ, ਜੇਕਰ ਪੰਜਾਬ ਨੂੰ ਪਾਣੀ ਨਾ ਮਿਲੇ ਤਾਂ ਖੇਤੀ ਦਾ ਕੀ ਹੋਵੇਗਾ, ਕਾਹਦੇ ਨਾਲ ਹੋਵੇਗੀ। ਸਰਦਾਰ ਬਲਵੰਤ ਸਿੰਘ ਜੀ ਨੇ ਕਿਹਾ ਸੀ ਕਿ ਪਿਛਲੇ ਸਮੇਂ ਨਾਲੋਂ ਅਨਾਜ ਵਧ ਪੈਦਾ ਕਰ ਦਿਤਾ ਹੈ। ਮੇਰਾ ਖਿਆਲ ਹੈ ਕਿ ਇਹ ਸਰਦਾਰ ਬਲਵੰਤ ਸਿੰਘ ਉਨ੍ਹਾਂ ਖੇਤਾਂ ਵਿਚ ਆਪ ਟਰੈਕਟਰ ਚਲਾ ਕੇ ਆਏ ਹੋਣੇ ਹਨ ਔਰ ਨੱਕੇ ਤੋੜੇ ਹੋਣੇ ਹਨ ਬਰਨਾਲਾ ਸਾਹਿਬ ਨੇ ਜਿਸ ਕਰਕੇ ਇਹ ਕਿਸਾਨਾਂ ਦੀ ਗਲ ਤਾਂ ਕਰਦੇ ਨਹੀਂ ਔਰ ਕਹਿੰਦੇ ਹਨ ਕਿ ਅਸੀਂ ਪੈਦਾਵਾਰ ਵਧਾ ਦਿੱਤੀ ਹੈ। ਇਨ੍ਹਾਂ ਨੇ ਖਾਦ ਸਸਤੀ ਦਿਤੀ ਹੈ ਜਾਂ ਡੀਜ਼ਲ ਸਸਤਾ ਦਿਤਾ ਹੈ ਜਿਸ ਕਰਕੇ ਜ਼ਿਮੀਦਾਰ ਖੁਸ਼ ਹਨ। ਫਿਰ ਬਿਜਲੀ ਦੀ ਬੜੀ ਗੱਲ ਕਰਦੇ ਹਨ ਕਿ ਵਧਾ ਦਿੱਤੀ ਹੈ। ਜਿਵੇਂ ਇਨ੍ਹਾਂ ਦੇ ਨਾਨਕਿਆਂ ਤੋਂ ਆਈ ਹੋਵੇ। ਬਰਸਾਤ ਆ ਗਈ, ਪਾਣੀ ਜ਼ਿਆਦਾ ਆਇਆ ਤਾਂ ਬਿਜਲੀ ਜ਼ਿਆਦਾ ਹੋ ਗਈ। ਇਹ ਕਿਸਾਨਾਂ ਦੀ ਗਲ ਨਹੀਂ ਕਰਦੇ। ਅਸਲ ਵਿਚ ਤਾਂ ਇਹ ਸਰਕਾਰ ਕਿਸਾਨ ਮਾਰੂ ਸਰਕਾਰ ਹੈ ਜਿਹੜਾ ਆਪਣਾ ਪਾਣੀ ਇਹ ਹਰਿਆਣੇ ਨੂੰ ਦੇ ਰਹੇ ਹਨ ਮੈਂ ਤੁਹਾਡੇ ਰਾਹੀਂ ਇਹ ਬੇਨਤੀ ਕਰਾਂਗਾ ਕਿ ਜਿਹੜੀ ਨਹਿਰ ਇਹ ਪੁਟ ਕੇ ਦੇ ਰਹੇ ਹਨ ਇਸ ਲਈ ਇਨ੍ਹਾਂ ਨੂੰ ਪੰਜਾਬ ਦੇ ਕਿਸਾਨ ਦੀਆਂ ਪੀੜੀਆਂ ਤਕ ਮੁਆਫ ਨਹੀਂ ਕਰਨਗੀਆਂ। ਕਿਉਂਕਿ ਜਿਹੜਾ ਪਾਣੀ ਹੈ, ਇਸ ਬਾਰੇ ਮੈਂ ਦੱਸਦਾ ਹਾਂ ਕਿ ਇਕ ਚੀਫ ਇੰਜੀਨੀਅਰ ਮਿਸਟਰ ਬੇਦੀ ਹੋਏ ਹਨ ਉਨ੍ਹਾਂ ਨੇ ਕਿਹਾ ਸੀ ਕਿ ਅਗੇ ਜਿਹੜਾ ਸਮਰਾਲੇ ਦਾ ਇਲਾਕਾ ਸੀ ਉਸ ਦਾ ਪਾਣੀ ਧਰਤੀ ਤੇ ਤੁਰ ਰਿਹਾ ਸੀ ਜਿਸ ਕਰਕੇ ਉਥੇ ਸਾਰੀ ਸੇਮ ਹੋ ਗਈ ਸੀ। ਇਸ ਸੇਮ ਨੂੰ ਹਟਾਉਣ ਵਾਸਤੇ

ਡੂੰਘੇ ਟਿਊਬਵੈਲਜ਼ ਲਾ ਦਿਤੇ ਸਨ ਤਾਂਕਿ ਉਹ ਸੇਮ ਖਤਮ ਹੋ ਜਾਏ । ਡੂੰਘੇ ਟਿਊਬਵੈਲਜ਼ ਲੱਗਣ ਦੀ ਵਜ੍ਹਾ ਨਾਲ ਅੱਗੇ ਜਿਹੜੀਆਂ ਮੋਟਰਾਂ ਧਰਤੀ ਤੋਂ ਉਪਰ ਰਖਦੇ ਸਨ ਹੁਣ ਉਹ 35 ਫੁੱਟ ਥੱਲੇ ਰਖੀਆਂ ਜਾਂਦੀਆਂ ਹਨ ਪਾਣੀ ਚੱਕਣ ਵਾਸਤੇ। ਅੱਜ ਕਿਸਾਨ ਕੰਬਾਈਨਾਂ ਲਭਦਾ ਹੈ ਕਿ ਪਹਿਲੇ ਉਸ ਨੂੰ ਮਿਲ ਜਾਵੇ ਤਾਂਕਿ ਉਹ ਆਪਣਾ ਅਨਾਜ ਵੱਢ ਸਕੇ ਔਰ ਜੇ ਇਹ ਨਹਿਰ ਦੇ ਦਿਤੀ ਤਾਂ ਫਿਰ ਕਿਸਾਨ ਪੁਰਾਣੇ ਸਮੇਂ ਵਾਂਗੂ ਫਲਿਆਂ ਨਾਲ ਹੀ ਕਣਕ ਗਾਹਿਆ ਕਰਨਗੇ। ਇਸ ਲਈ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਸੈਂਟਰ ਸਰਕਾਰ ਤੋਂ ਬਚਣਾ ਚਾਹੀਦਾ ਹੈ। ਸੈਂਟਰ ਸਰਕਾਰ ਨੇ ਕਿਸੇ ਨੂੰ ਨਹੀਂ ਬਖਸ਼ਣਾ। ਸੈਂਟਰ ਸਰਕਾਰ ਨੇ ਚੌਧਰੀ ਚਰਨ ਸਿੰਘ ਨੂੰ ਨਹੀਂ ਬਖਸ਼ਿਆ, ਇਸ ਨੇ ਸਰਦਾਰ ਲਛਮਣ ਸਿੰਘ ਗਿੱਲ ਨੂੰ ਨਹੀਂ ਬਖਸ਼ਿਆ, ਇਸ ਨੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਨਹੀਂ ਬਖਸ਼ਿਆ, ਇਸ ਨੇ ਜੀ. ਐਮ. ਸ਼ਾਹ ਨੂੰ ਨਹੀਂ ਬਖਸ਼ਿਆ, ਇਸ ਕਰਕੇ ਇਨ੍ਹਾਂ ਨੇ ਤੁਹਾਨੂੰ ਵੀ ਨਹੀਂ ਬਖਸ਼ਣਾ। (ਵਿਘਨ) ਬਾਦਲ ਸਾਹਿਬ ਤਾਂ ਧਰਮ ਦੀ ਗੱਲ ਕਰਦੇ ਹਨ, ਗਰੀਬਾਂ ਦੀ ਗੱਲ ਕਰਦੇ ਹਨ ਪਰ ਉਹ ਜੋਧਪੁਰ ਜੇਲ੍ਹ ਵਿਚ ਬੈਠੇ ਹਨ। ਇਸ ਕਰਕੇ ਮੈਂ ਫਿਰ ਇਹ ਕਹਿੰਦਾ ਹਾਂ ਕਿ ਇਹ ਜਿਹੜਾ ਸਰਕਾਰ ਨੇ ਰਵੱਈਆ ਰੱਖਿਆ ਹੋਇਆ ਹੈ ਸੈਂਟਰ ਸਰਕਾਰ ਤੋਂ ਪੁੱਛਣ ਦਾ, ਉਨ੍ਹਾਂ ਨੇ ਇਨ੍ਹਾਂ ਨੂੰ ਬਖਸ਼ਣਾ ਨਹੀਂ। ਸੈਂਟਰ ਇਨ੍ਹਾਂ ਨਾਲ ਹਿੱਤ ਦੀ ਗੱਲ ਨਹੀਂ ਕਰੇਗਾ। ਪਰ ਇਹ ਤਾਂ ਉਂਜ ਗਲ ਕਰਦੇ ਹਨ ਜਿਵੇਂ ਦਿੱਲੀ ਜੋ ਬੋਲਦਾ ਹੈ ਉਹ ਇਥੇ ਬੋਲ ਦਿੰਦੇ ਹਨ। ਧੂਤੂ ਵਾਂਗ ਬੋਲੀ ਜਾਂਦੇ ਹਨ। ਇਸ ਲਈ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਅਕਾਲ ਤਖਤ ਨਾਲ ਦਿੱਲੀ ਵਾਲਿਆਂ ਦੇ ਆਖੇ ਟਕਰ ਨਾ ਲਓ। ਅਕਾਲ ਤਖਤ ਨਾਲ ਟੱਕਰ ਲੈਣ ਵਾਲਾ ਕਦੇ ਨਹੀਂ ਬਖਸ਼ਿਆ ਗਿਆ। ਇਸ ਲਈ ਮੈਂ ਬਰਨਾਲਾ ਸਾਹਿਬ ਨੂੰ ਕਹਾਂਗਾ ਕਿ ਉਹ ਇਹ ਟੱਕਰ ਨਾ ਲੈਣ ਔਰ ਫਿਰ ਘਰ ਨੂੰ ਵਾਪਸ ਮੁੜ ਆਉਣ। ਆਪਣੇ ਘਰ ਵਿਚ ਕੋਈ ਗੱਲ ਨਹੀਂ। ਸਾਨੂੰ ਹਾਊਸ ਦਾ ਸਤਿਕਾਰ ਹੈ, ਮਾਣ ਹੈ, ਇਸ ਲਈ ਮੈਂ ਫਿਰ ਕਹਾਂਗਾ ਕਿ ਸੈਂਟਰ ਸਰਕਾਰ ਇਨ੍ਹਾਂ ਨੂੰ ਗੁਮਰਾਹ ਕਰ ਰਹੀ ਹੈ, ਇਸ ਤੋਂ ਬਚਣ। ਅਕਾਲ ਤਖਤ ਤੇ ਚਲੇ ਜਾਣ, ਇਸ ਵਿਚ ਹੀ ਸਾਰਿਆਂ ਦਾ ਭਲਾ ਹੈ।

ਹੁਣ, ਸਪੀਕਰ ਸਾਹਿਬ, ਮੈਂ ਖੇਤੀਬਾੜੀ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਖੇਤੀਬਾੜੀ ਉਤੇ ਸਾਡਾ ਸੂਬਾ ਨਿਰਭਰ ਕਰਦਾ ਹੈ ਉਤਨੀ ਦੇਰ ਤਕ ਇਹ ਪਰਫੁਲਤ ਨਹੀਂ ਹੋ ਸਕਦਾ ਜਿਤਨੀ ਦੇਰ ਤਕ ਕਿਸਾਨਾਂ ਨੂੰ ਆਪਣੀ ਫਸਲ ਦੇ ਭਾਅ ਨਿਸ਼ਚਿਤ ਨਹੀਂ ਕਰਨ ਦਿੰਦੇ। ਕਿਸਾਨ ਝੋਨਾ, ਕਣਕ, ਜਿਣਸ ਪੈਦਾ ਕਰਦਾ ਹੈ, ਕਪਾਹ ਪੈਦਾ ਕਰਦਾ ਹੈ ਅਤੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ, ਰਾਤਾਂ ਨੂੰ ਜਾਗ ਕੇ ਖੇਤੀਬਾੜੀ ਕਰਦਾ ਹੈ, ਠੰਢ ਦੇ ਵਿਚ ਪੋਹ ਮਾਘ ਦੇ ਮਹੀਨਿਆਂ ਵਿਚ ਖੇਤੀ ਕਰਕੇ ਕਪਾਹ, ਨਰਮਾ ਪੈਦਾ ਕਰਦਾ ਹੈ ਪਰ ਉਸ ਦੇ ਭਾਅ ਦਿੱਲੀ ਦੀ ਸਰਕਾਰ ਫਿਕਸ ਕਰਦੀ ਹੈ। ਸਪੀਕਰ ਸਾਹਿਬ, ਤੁਹਾਡਾ ਵੀ ਕਾਰੋਬਾਰ ਦੁਕਾਨਦਾਰੀ ਹੈ ਅਤੇ ਦੁਕਾਨਦਾਰ ਆਪਣੀ ਚੀਜ਼ ਦੇ ਭਾਅ ਆਪ ਨਿਸ਼ਚਿਤ ਕਰਦਾ ਹੈ (ਵਿਘਨ) ਲੇਕਿਨ ਕਿਸਾਨ ਆਪਣੀ ਜਿਣਸ ਦੀ ਪੈਦਾਵਾਰ ਦੇ ਭਾਅ ਆਪ ਫਿਕਸ ਨਹੀਂ ਕਰ ਸਕਦਾ। ਜਿਤਨੀ ਦੇਰ ਤੱਕ ਇਹ ਭਾਅ ਕਿਸਾਨ ਖੁਦ ਆਪ ਨਹੀਂ ਫਿਕਸ ਕਰਦਾ ਉਤਨੀ ਦੇਰ ਤੱਕ ਕਿਸਾਨੀ ਦਾ ਭਲਾ ਨਹੀਂ ਹੋ ਸਕਦਾ (ਘੰਟੀ) ਕੀ ਗੱਲ ਸਪੀਕਰ ਸਾਹਿਬ ਨਰਾਜ਼ ਹੋ ਗਏ ਹੋ। ਇਨ੍ਹਾਂ ਦੀ ਸਰਕਾਰ ਨੇ ਬੜੇ ਵਿੰਗੇ ਟੇਢੇ ਢੰਗ ਨਾਲ ਇਕ ਰੁਪਿਆ ਐਗਰੀਕਲਚਰ ਉਤੇ ਸੈਸ ਲਗਾਇਆ ਹੈ, ਇਸ ਦਾ ਅਸਰ ਖੇਤੀ ਤੇ ਪੈਣਾ ਹੈ, ਇਸ ਲਈ ਸਰਕਾਰ ਨੂੰ ਇਹ ਵਾਪਿਸ ਲੈ ਲੈਣਾ ਚਾਹੀਦਾ ਹੈ। ਸਾਰੇ ਪੰਜਾਬ ਵਿਚ ਇਸ ਗਲ ਦੀ ਬੜੀ ਚਰਚਾ ਹੈ ਅਤੇ ਅਖਬਾਰਾਂ ਵਿਚ ਆਇਆ ਸੀ ਕਿ ਕੋਆਪਰੇਸ਼ਨ ਮਹਿਕਮੇਂ ਵਿਚ ਐਲ. ਵੀ. ਓ. ਦੀਆਂ ਪੋਸਟਾਂ ਲਈ

[ਸਰਦਾਰ ਗੁਰਦੇਵ ਸਿੰਘ ਬਾਦਲ]

40 ਹਜ਼ਾਰ ਤੋਂ ਲੈ ਕੇ 90 ਹਜ਼ਾਰ ਤੱਕ ਦੀ ਬੋਲੀ ਲੱਗੀ। ਇਸ ਦੇ ਵਿਚ ਸਾਡੀ ਰਿਜ਼ਰਵੇਸ਼ਨ ਬਣਦੀ ਸੀ ਅਤੇ ਇਹ ਗੱਲ ਸਾਡੀ ਵੈਲਫੇਅਰ ਕਮੇਟੀ ਵਿਚ ਵੀ ਆਈ ਸੀ। ਸਰਦਾਰ ਬੀਰਪਾਲ ਸਿੰਘ, ਪਹਿਲੇ ਦਰਬਾਰਾ ਸਿੰਘ ਮਨਿਸਟਰੀ ਵਿਚ ਮਨਿਸਟਰ ਸਨ, ਅਤੇ ਕਿਸੇ ਮੈਂਬਰ ਵਲੋਂ ਸਵਾਲ ਕਰਵਾ ਦਿਤਾ ਅਤੇ ਹਾਊਸ ਵਿਚ ਮਨਿਸਟਰ ਨੇ ਬਿਆਨ ਦੇ ਦਿਤਾ ਕਿ ਅਗੇ ਤੋਂ ਇਨ੍ਹਾਂ ਦੀ ਰਿਜ਼ਰਵੇਸ਼ਨ ਪੂਰੀ ਕੀਤੀ ਜਾਵੇਗੀ। ਜਿਹੜਾ ਰਿਜ਼ਰਵੇਸ਼ਨ ਦਾ ਕੋਟਾ ਬਣਦਾ ਹੈ ਉਹ ਪੂਰਾ ਕੀਤਾ ਜਾਵੇਗਾ ਕਿਉਂਕਿ ਹੁਣ ਤਾਂ ਇਹ ਭਰਤੀ ਹੋ ਚੁੱਕੀ ਹੈ। ਮਨਿਸਟਰ ਨੇ ਹਾਊਸ ਵਿਚ ਬਿਆਨ ਦੇ ਦਿਤਾ ਕਿ ਇਹ ਰਿਜ਼ਰਵੇਸ਼ਨ ਦਾ ਕੋਟਾ ਪੂਰਾ ਕੀਤਾ ਜਾਵੇਗਾ ਅਤੇ ਇਹ ਆਸ਼ਵਾਸਨ ਬਣ ਗਿਆ ਅਤੇ ਇਹ ਗੱਲ ਸਾਡੀ ਕਮੇਟੀ ਕੋਲ ਵੀ ਆਈ ਸੀ। ਇਸ ਉਤੇ ਮਨਿਸਟਰ ਸਾਹਿਬ ਫਸ ਗਏ ਕਿ ਕੀ ਕਰੀਏ ਕਿਉਂਕਿ ਜਿਹੜੇ 14-15 ਸ਼ਡਿਊਲਡ ਕਾਸਟਸ ਰਖਣੇ ਪੈਣਗੇ ਇਸ ਦੇ ਨਾਲ 7-8 ਲੱਖ ਰੁਪਏ ਦਾ ਘਾਟਾ ਪੈ ਜਾਵੇਗਾ। ਇਸ ਲਈ ਉਸ ਦੀ ਭਰਤੀ ਕਿਸ ਨੇ ਕਰਨੀ ਸੀ, ਕਦੇ ਫਾਈਲ ਸੈਕਟਰੀ ਕੋਲ ਜਾਵੇ ਅਤੇ ਕਦੇ ਫਾਈਲ ਚੀਫ ਮਨਿਸਟਰ ਕੋਲ ਜਾਵੇ। (ਘੰਟੀ)

ਸ੍ਰੀ ਸਪੀਕਰ : ਬਾਦਲ ਸਾਹਿਬ, ਹੁਣ ਖਤਮ ਕਰੋ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਫੇਰ ਇਹ ਉਨ੍ਹਾਂ ਲੋਕਾਂ ਦੇ ਜੁਵਾਕਾਂ ਨੂੰ ਨਾ ਰੱਖ ਸਕੇ ਅਤੇ ਉਨ੍ਹਾਂ ਦੇ ਪੈਸੇ ਵੀ ਵਾਪਿਸ ਨਹੀਂ ਕੀਤੇ, ਕਿਉਂਕਿ ਬੰਦੇ ਭਰਤੀ ਨਾ ਹੋ ਸਕੇ (ਘੰਟੀ) ਸਪੀਕਰ ਸਾਹਿਬ, ਤੁਸੀਂ ਇਸ ਹਾਊਸ ਦੀ ਇਕ ਕਮੇਟੀ ਬਣਾ ਦਿਓ ਜਿਹੜੀ ਇਸ ਗੱਲ ਦੀ ਇਨਕੁਆਇਰੀ ਕਰੇ ਅਤੇ ਅਸੀਂ ਇਸ ਨੂੰ ਸਾਬਿਤ ਕਰਾਂਗੇ। ਚਾਹੇ ਕਮੇਟੀ ਦਾ ਚੇਅਰਮੈਨ ਇਧਰ ਤੋਂ ਬਣਾ ਦਿਓ ਚਾਹੇ ਇਨ੍ਹਾਂ ਵਿਚੋਂ ਬਣਾ ਦਿਓ। ਅਸੀਂ ਸਾਬਿਤ ਕਰਾਂਗੇ ਕਿ ਇਨ੍ਹਾਂ ਨੇ ਐਲ. ਵੀ. ਓ. ਦੀਆਂ ਪੋਸਟਾਂ ਤੇ ਕਿੰਨੇ ਕਿੰਨੇ ਪੈਸੇ ਲਏ ਹਨ ਅਤੇ ਚਪੜਾਸੀ ਦੀ ਭਰਤੀ ਲਈ ਕਿਤਨੇ ਪੈਸੇ ਲਏ ਹਨ ਅਤੇ ਕਲਰਕਾਂ ਦੀ ਭਰਤੀ ਦੇ ਵਕਤ ਕਿਤਨੇ ਪੈਸੇ ਲਏ ਹਨ। ਇਸ ਮਹਿਕਮੇਂ ਵਿਚ ਸਹਿਕਾਰਤਾ ਵਾਲੀ ਕੋਈ ਗੱਲ ਨਹੀਂ ਰਹੀ ਬਲਕਿ ਇਥੇ ਕੁਰਪਸ਼ਨ ਦਾ ਅੱਡਾ ਬਣ ਕੇ ਰਹਿ ਗਿਆ ਹੈ। ਕਿਸਾਨਾਂ ਨੂੰ ਹੱਥਾਂ ਵਿਚ ਹਥਕੜੀਆਂ ਲਗਾ ਰਹੇ ਹਨ ਅਤੇ ਜੇਲ੍ਹਾਂ ਵਿਚ ਬੰਦ ਕਰ ਰਹੇ ਹਨ। ਇਹ ਇਕ ਕੁਰੱਪਸ਼ਨ ਦਾ ਅਦਾਰਾ ਬਣ ਗਿਆ ਹੈ। ਮੈਂ ਸਮਝਦਾ ਹਾਂ ਕਿ ਇਸ ਮਹਿਕਮੇਂ ਦੀ ਕੋਈ ਲੋੜ ਨਹੀਂ ਹੈ, ਇਸ ਨੂੰ ਬੰਦ ਕਰ ਦੇਣਾ ਚਾਹੀਦਾ ਹੈ। (ਘੰਟੀ) ਸਪੀਕਰ ਸਾਹਿਬ, ਤੁਸੀਂ ਮੇਰੇ ਨਾਲ ਬਹੁਤ ਪਿਆਰ ਕਰਦੇ ਹੋ ਅਤੇ ਮੇਰਾ ਬਹੁਤ ਖਿਆਲ ਰਖਦੇ ਹੋ। ਤੁਸੀਂ ਘੰਟੀ ਮਾਰੀ ਜਾ ਰਹੇ ਹੋ। ਮੈਂ ਤੁਹਾਡਾ ਬਹੁਤ ਸਤਿਕਾਰ ਕਰਦਾ ਹਾਂ। ਤੁਸੀਂ ਸਾਨੂੰ ਬਿਨਾ ਰੌਲਾ ਪਾਏ ਟਾਈਮ ਨਹੀਂ ਦਿੰਦੇ ਹੋ। ਇਸ ਲਈ ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਸਾਨੂੰ ਰੌਲਾ ਪਾਉਣ ਤੇ ਟਾਈਮ ਦਿਤਾ ਹੈ।

ਸ੍ਰੀ ਸਪੀਕਰ : ਬਾਦਲ ਸਾਹਿਬ, ਤੁਸੀਂ ਬਿਲਕੁਲ ਗਲਤ ਕਹਿ ਰਹੇ ਹੋ। ਤੁਸੀਂ ਜੋ ਸਵਾਲ ਕੀਤਾ ਹੈ. ਉਸ ਦਾ ਹੀ ਉੱਤਰ ਦਿਤਾ ਗਿਆ ਹੈ। ਮੈਂ ਸਾਰੇ ਮੈਂਬਰਾਂ ਨੂੰ ਕਹਿਣਾ ਚਾਹਵਾਂਗਾ ਕਿ 6.30 ਵਜੇ ਹਾਊਸ ਸਮਾਪਤ ਹੋਣਾ ਹੈ। ਡੀਮਾਂਡਜ਼ ਤੇ ਦੋ ਮਨਿਸਟਰਾਂ ਨੇ ਹਾਊਸ ਵਿਚ ਜਵਾਬ ਦੇਣਾ ਹੈ। ਜੇਕਰ ਹਾਊਸ 6.00 ਵਜੇ ਸਮਾਪਤ ਕਰਨਾ ਹੈ ਤਾਂ ਹੋਰ ਸਮਾਂ ਨਹੀਂ ਹੈ।

ਵਿੱਤ ਮੰਤਰੀ : ਸਪੀਕਰ ਸਾਹਿਬ, ਹਾਊਸ 6.30 ਵਜੇ ਸਮਾਪਤ ਕਰਨਾ ਹੈ।

ਸ਼੍ਰੀ ਸਪੀਕਰ : ਜੇਕਰ ਹਾਊਸ 6.30 ਵਜੇ ਸਮਾਪਤ ਕਰਨਾ ਹੈ ਤਾਂ ਠੀਕ ਹੈ । ਜੋ ਲਿਸਟ ਹੈ, ਉਸ ਦੇ ਮੁਤਾਬਿਕ ਹੀ ਬੋਲਣ ਲਈ ਟਾਇਮ ਦਿਤਾ ਗਿਆ ਹੈ । ਸਰਦਾਰ ਭਾਗ ਸਿੰਘ ਜੀ ਤੁਸੀਂ ਬੋਲੋ ।

ਸਰਦਾਰ ਭਾਗ ਸਿੰਘ (ਚਮਕੌਰ ਸਾਹਿਬ, ਐਸ. ਸੀ) : ਸਪੀਕਰ ਸਾਹਿਬ, ਬਜਟ ਵਿਚ ਗਰੀਬ ਆਦਮੀ, ਗਰੀਬ ਮਜ਼ਦੂਰ, ਸਰਕਾਰੀ ਮੁਲਾਜ਼ਮ ਨੂੰ ਉਮੀਦ ਸੀ ਕਿ ਬਜਟ ਵਿਚ ਸਾਨੂੰ ਕੋਈ ਨਾ ਕੋਈ ਰਾਹਤ ਮਿਲੇਗੀ । ਲੇਕਿਨ ਸਪੀਕਰ ਸਾਹਿਬ ਬੜਾ ਅਫਸੋਸ ਹੈ ਕਿ ਬਜਟ ਵਿਚ ਨਾ ਤਾਂ ਮੁਲਾਜ਼ਮਾਂ ਲਈ ਔਰ ਨਾ ਹੀ ਗਰੀਬ ਹਰੀਜਨਾਂ ਲਈ, ਔਰ ਨਾ ਹੀ ਸਰਕਾਰੀ ਮੁਲਾਜ਼ਮਾਂ ਨੂੰ ਕਿਸੇ ਕਿਸਮ ਦੀ ਰਾਹਤ ਮਿਲੀ ਹੈ । ਸਰਕਾਰੀ ਮੁਲਾਜ਼ਮਾਂ ਨੂੰ ਰਾਹਤ ਨਾ ਦੇਣ ਦਾ ਬਹਾਨਾ ਲਗਾ ਰਹੇ ਹਨ ਕ ਤੁਹਾਡੇ ਲਈ ਪੇਅ-ਕਮਿਸ਼ਨ ਬਿਠਾਇਆ ਹੋਇਆ ਹੈ ।

ਸ਼੍ਰੀ ਸਪੀਕਰ : ਤੁਸੀਂ ਕਿਸ ਡਿਮਾਂਡ ਤੇ ਬੋਲ ਰਹੇ ਹੋ ? ਸਰਕਾਰੀ ਮੁਲਾਜ਼ਮ ਇਸ ਵਿਚ ਨਹੀਂ ਆਉਂਦੇ । ਇਹ ਡਿਮਾਂਡਜ਼ ਇਰੀਗੇਸ਼ਨ ਐਂਡ ਪਾਵਰ, ਕੋਆਪਰੇਸ਼ਨ ਅਤੇ ਐਗਰੀਕਲਚਰ ਐਂਡ ਫਾਰੈਸਟ ਦੀਆਂ ਹਨ ।

ਸਰਦਾਰ ਭਾਗ ਸਿੰਘ : ਸਪੀਕਰ ਸਾਹਿਬ, ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਇਕ ਅਰਬ ਰੁਪਿਆ ਪੰਜਾਬ ਦੇ ਲਾਅ ਐਂਡ ਆਰਡਰ ਵਾਸਤੇ ਲਗਦਾ ਹੈ । (ਵਿਘਨ)

ਸ਼੍ਰੀ ਸਪੀਕਰ: ਸਰਦਾਰ ਭਾਗ ਸਿੰਘ ਜੀ, ਤੁਸੀਂ ਸ਼ਾਇਦ ਡਿਮਾਂਡਾਂ ਦੇਖੀਆਂ ਨਹੀਂ ਹਨ ਮੈਂ ਤੁਹਾਡੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਇਹ ਡਿਮਾਂਡਾਂ ਇਰੀਗੇਸ਼ਨ ਐਂਡ ਪਾਵਰ, ਕੋਆਪਰੇਸ਼ਨ ਅਤੇ ਐਗਰੀਕਲਚਰ ਐਂਡ ਫਾਰੈਸਟ ਦੀਆਂ ਹਨ ।

ਸਰਦਾਰ ਭਾਗ ਸਿੰਘ: ਸਪੀਕਰ ਸਾਹਿਬ, ਇਕ ਅਰਬ ਰੁਪਿਆ ਇਰੀਗੇਸ਼ਨ ਐਂਡ ਪਾਵਰ ਨੂੰ ਦੇਣਾ ਹੈ। (ਥੰਪਿੰਗ) ਮੈਂ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਕਿਸ ਦੀ ਜ਼ਿੰਮੇਵਾਰੀ ਹੈ ਕਿ ਅੱਜ ਹਰ ਇਕ ਨੂੰ ਆਪਣੀ ਜਾਨ ਅਤੇ ਮਾਲ ਦਾ ਖਤਰਾ ਹੈ । ਇਨੋਸੈਂਟ ਆਦਮੀ ਮਰ ਰਹੇ ਹਨ ।

There are killings. It has become a daily routine.

ਸਪੀਕਰ ਸਾਹਿਬ, ਪੰਡਿਤ ਮੋਹਨ ਲਾਲ ਹੋਰਾਂ ਨੇ ਸਹੀ ਗੱਲ ਕਹੀ ਸੀ ਕਿ ਪੰਜਾਬ ਦੀ ਪੁਲੀਸ ਦੀ ਸਕਰੂਟਨੀ ਕਰਨੀ ਚਾਹੀਦੀ ਹੈ । ਜਿਹੜੇ ਮਜ਼ਦੂਰ ਅਤਿਵਾਦੀਆਂ ਹੱਥੋਂ ਮਰ ਰਹੇ ਹਨ ਇਨ੍ਹਾਂ ਬਾਰੇ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ । (ਵਿਘਨ)

Mr. Speaker : Please be relevant

ਸਰਦਾਰ ਭਾਗ ਸਿੰਘ: ਮੈਂ ਹੁਣ, ਸਪੀਕਰ ਸਾਹਿਬ ਕੋਆਪਰੇਸ਼ਨ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ ਕਿ ਇਹ ਬੜੀ ਚੰਗੀ ਗੱਲ ਹੈ ਕਿ ਮੌਜੂਦਾ ਸਰਕਾਰ ਨੇ ਕਿਸਾਨਾਂ ਨੂੰ ਲੋਨ ਦੇਣ ਦਾ ਪ੍ਰਬੰਧ ਕੀਤਾ ਹੈ। ਜਿਹੜਾ, ਸਪੀਕਰ ਸਾਹਿਬ, ਲੋਨ ਲੈਣ ਦਾ ਪ੍ਰੋਸੀਜਰ ਹੈ, ਉਹ ਠੀਕ ਨਹੀਂ ਹੈ ਔਰ ਉਸ ਨੂੰ ਠੀਕ ਕਰਨਾ ਚਾਹੀਦਾ ਹੈ । ਸਿਕਿਊਰਿਟੀ ਵਾਸਤੇ ਵੀ ਮੁੱਖ ਮੰਤਰੀ ਸਾਹਿਬ ਨੂੰ ਮੈਂ ਕਹਾਂਗਾ ਕਿ ਕੋਆਪਰੇਟਿਵ ਅਦਾਰੇ ਬਾਦਲ ਸਾਹਿਬ ਦੀ ਸਰਕਾਰ ਦੀ ਦੇਣ ਹੈ । ਇਸ ਵਿਚ ਕਾਂਗਰਸ ਸਰਕਾਰ ਨੇ ਵੀ ਕਾਫੀ ਕੰਮ ਕੀਤਾ ਹੈ । ਜਿਮੀਂਦਾਰਾਂ ਨੂੰ ਅੰਦਰ ਕਰਨ ਦਾ ਕਾਨੂੰਨ ਜੋ

[ਸਰਦਾਰ ਭਾਗ ਸਿੰਘ]

ਬਣਿਆ ਹੈ, ਇਹ ਬਹੁਤ ਗਲਤ ਹੈ। ਇਹ ਕਲਾਜ਼ 67 (ੲ) ਦਾ ਅਖਤਿਆਰ ਛੋਟੇ ਜ਼ਿਮੀਂਦਾਰਾਂ ਲਈ ਵਰਤਿਆ ਜਾਂਦਾ ਹੈ। ਇਸ ਨਾਲ ਗਰੀਬ ਕਿਸਾਨਾਂ ਨੂੰ ਅੰਦਰ ਕਰ ਦਿਤਾ ਜਾਂਦਾ ਹੈ। ਸਪੀਕਰ ਸਾਹਿਬ, ਇਸ ਕਲਾਜ਼ ਨੂੰ ਰਿਪੀਲ ਕਰਾਉਣ ਦੀ ਬਹੁਤ ਲੋੜ ਹੈ।

ਇਸ ਤੋਂ ਬਾਅਦ ਬਿਜਲੀ ਦੀ ਗੱਲ ਮੈਂ ਕਹਿਣਾ ਚਾਹੁੰਦਾ ਹਾਂ। ਮੈਂ ਇਸ ਗੱਲ ਦੀ ਮੁਬਾਰਕ-ਬਾਦ ਦੇਂਦਾ ਹਾਂ ਮੌਜੂਦਾ ਸਰਕਾਰ ਨੂੰ ਕਿ ਇਹ ਜਿਹੜੀ ਕਟੌਤੀ ਹੈ ਇਹ ਘੱਟ ਹੈ ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਰੋਪੜ ਥਰਮਲ ਪਲਾਂਟ ਜਿਸਦੀ ਫਾਊਂਡੇਸ਼ਨ ਸਰਦਾਰ ਦਰਬਾਰਾ ਸਿੰਘ ਜੀ ਵੇਲੇ ਹੋਈ ਅਤੇ ਕੰਪਲੀਸ਼ਨ ਵੀ ਉਸੇ ਵੇਲੇ ਹੋਈ, ਉਸੇ ਕਰਕੇ ਹੀ ਇਹ ਸੈਲਫ ਸਫੀਸ਼ੈਂਸੀ ਆਈ ਹੈ। ਅਸਲੀਅਤ ਤੋਂ ਮੁੱਖ ਨਹੀਂ ਮੋੜਨਾ ਚਾਹੀਦਾ ਕਿ ਇਸ ਵਿੱਚ ਕਾਂਗਰਸ ਸਰਕਾਰ ਦਾ ਵੀ ਹੱਥ ਹੈ। ਮੈਂ ਮੁੱਖ ਮੰਤਰੀ ਜੀ ਨੂੰ ਵਧਾਈ ਦੇਣੀ ਚਾਹੁੰਦਾ ਹਾਂ ਕਿ ਜਿਹੜਾ ਬਿਜਲੀ ਬੋਰਡ ਦੇ ਚੇਅਰਮੈਨ ਨੇ ਏਨਾ ਸ਼ਲਾਘਾਯੋਗ ਕੰਮ ਕੀਤਾ ਹੈ, ਉਨ੍ਹਾਂ ਨੂੰ ਇਨ੍ਹਾਂ ਨੇ ਐਕਸਟੈਨਸ਼ਨ ਦੇ ਦਿੱਤੀ ਹੈ। ਮੈਂ ਇਸ ਗੱਲ ਦੀ ਮੁਬਾਰਕਬਾਦ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਜਿਹੜੀਆਂ ਅਸੀਂ ਡਿਮਾਂਡਾਂ ਤੇ ਸੁਜੈਸ਼ਨਾਂ ਦਿੱਤੀਆਂ ਹਨ, ਉਨ੍ਹਾਂ ਤੇ ਅਮਲ ਕਰਕੇ ਧਾਰਾ 67(ੲ) ਨੂੰ ਜ਼ਰੂਰ ਰਿਪੀਲ ਕਰਾਉਣਗੇ ਜੋ ਕਿ ਜ਼ਿਮੀਂਦਾਰਾਂ ਦੇ ਖਿਲਾਫ ਹੈ। ਧੰਨਵਾਦ।

ਸਰਦਾਰਨੀ ਜਗਦੀਸ਼ ਕੌਰ ਵੈਦ (ਮਾਹਲਪੁਰ, ਐਸ. ਸੀ.): ਸਤਿਕਾਰ ਯੋਗ ਸਪੀਕਰ ਸਾਹਿਬ, ਜੋ ਖੇਤੀ ਦੇ ਮੁੱਖ ਧੰਧੇ ਹਨ, ਉਹ ਪਾਣੀ ਤੋਂ ਬਿਨਾਂ ਨਹੀਂ ਚਲ ਸਕਦੇ ਕਿਉਂਕਿ ਜੋ ਪਾਣੀ ਹੈ, ਉਹ ਖੇਤੀ ਦਾ ਮੁੱਖ ਵਿਸ਼ਾ ਹੈ। ਪਾਣੀ ਜਿਹੜਾ ਹੈ, ਇਹ ਬੜਾ ਜ਼ਰੂਰੀ ਹੈ। ਸਾਡੇ ਹੁਸ਼ਿਆਰਪੁਰ ਦਾ ਕੰਡੀ ਏਰੀਆ ਹੈ, ਉਸ ਨੂੰ ਉਪਜਾਊ ਜ਼ਮੀਨ ਬਣਾਉਣ ਲਈ ਸਾਡੇ ਮੁੱਖ ਮੰਤਰੀ ਸਾਹਿਬ ਨੇ ਜੋ ਬਹੁਤ ਵੱਡੇ ਕਦਮ ਚੁੱਕੇ ਹਨ, ਉਹ ਇਹ ਹਨ ਕਿ ਇਨ੍ਹਾਂ ਨੇ ਕੰਡੀ ਏਰੀਏ ਨੂੰ ਪਾਣੀ ਦੇਣ ਲਈ, ਮੈਲੀ ਡੈਮ, ਢੋਲਬਾਹਾ ਡੈਮ, ਅਤੇ ਜਨੌਰੀ ਡੈਮ ਬਣਾ ਕੇ ਉਪਰਲੇ ਪਾਸੇ ਦੀ ਸਾਰੀ ਜ਼ਮੀਨ ਉਪਜਾਊ ਬਣਾ ਦਿੱਤੀ ਹੈ। (ਥੰਪਿੰਗ) ਇਸ ਲਈ ਮੁੱਖ-ਮੰਤਰੀ ਸਾਹਿਬ ਵਧਾਈ ਦੇ ਬਹੁਤ ਹੀ ਪਾਤਰ ਹਨ ਕਿਉਂਕਿ ਢੋਲਬਾਹਾ ਡੈਮ ਦਾ ਏਨਾ ਫਾਇਦਾ ਹੈ। ਇਨ੍ਹਾਂ ਨੇ ਪਥਰੀਲੀ ਜ਼ਮੀਨ ਵਿੱਚ ਪਾਣੀ ਪਹੁੰਚਾ ਕੇ ਉਥੋਂ ਦੀ ਜ਼ਮੀਨ ਨੂੰ ਹਰਾਭਰਾ ਬਣਾ ਦਿੱਤਾ ਹੈ ਗਰੀਬ ਜ਼ਿਮੀਦਾਰ ਜਿਹੜੇ ਪਹਾੜ ਦੇ ਉਤੇ ਭੁੱਖੇ ਮਰਦੇ ਬੈਠੇ ਸਨ ਅਤੇ ਹੇਠਾਂ ਨੂੰ ਆਉਣਾ ਚਾਹੁੰਦੇ ਸਨ ਅੱਜ ਉਹ ਉੱਥੇ ਪਹਾੜੀ ਦੇ ਉਪਰ ਇਸ ਡੈਮ ਦੇ ਪਾਣੀ ਸਦਕਾ ਉਨ੍ਹਾਂ ਦੀ ਜ਼ਮੀਨ ਉਪਜਾਊ ਹੋਈ ਹੈ ਅਤੇ ਉਨ੍ਹਾਂ ਨੂੰ ਬਹੁਤ ਵੱਡੀ ਰਾਹਤ ਮਿਲੀ ਹੈ। ਇਸ ਉਪਰੰਤ ਜਿਹੜੇ ਉਪਰ ਪਹਾੜ ਤੇ ਰਹਿਣਾ ਪਸੰਦ ਨਹੀਂ ਸਨ ਕਰਦੇ, ਉਹ ਵੀ ਬੜੀ ਖੁਸ਼ੀ ਨਾਲ ਆਪਣਾ ਜੀਵਨ ਬਿਤਾ ਰਹੇ ਹਨ। ਜਿਹੜੇ ਸਾਡੇ ਥੱਲੇ ਦੇ ਜ਼ਿਮੀਂਦਾਰ ਸਨ, ਉਹ ਹੁਣ ਉਪਰ ਪਹਾੜੀ ਤੇ ਜਾ ਕੇ ਜ਼ਮੀਨ ਖਰੀਦ ਕੇ ਕਾਫੀ ਸਫੇਦੇ ਵਗੈਰਾ ਲਾ ਕੇ ਅਤੇ ਏਸੇ ਤਰ੍ਹਾਂ ਦੇ ਹੋਰ ਧੰਧੇ ਕਰ ਰਹੇ ਹਨ ਜਿਹੜੇ ਕਿ ਉਨ੍ਹਾਂ ਨੂੰ ਬਹੁਤ ਹੀ ਫਾਇਦੇਮੰਦ ਹਨ। ਸੋ, ਇਸ ਉਪਰੰਤ ਜਿਵੇਂ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਜੋ ਕੰਡੀ ਏਰੀਆ ਹੈ, ਉਹ ਬਹੁਤ ਹੀ ਪੱਛੜਿਆ ਹੋਇਆ ਏਰੀਆ ਸੀ, ਉਸ ਕੰਡੀ ਦੇ ਏਰੀਏ ਨੂੰ ਨਵੀਂਆਂ ਯੋਜਨਾਵਾਂ ਦੇ ਨਾਲ ਇਨ੍ਹਾਂ ਨੇ ਬਹੁਤ ਤਰੱਕੀ ਦੇ ਰਾਹ ਤੇ ਲਿਆਂਦਾ ਹੈ (ਥੰਪਿੰਗ) ਜਿਹੜਾ ਕਿ ਸਾਰੇ ਪੰਜਾਬ ਦੀਆਂ ਪਹਾੜੀਆਂ ਨੂੰ ਹਰਾ ਭਰਾ ਕਰਕੇ ਗਰੀਬ ਲੋਕ ਜਿਹੜੇ ਕਿ ਪਾਣੀ ਨੂੰ ਤਰਸਦੇ ਸਨ, ਉਨ੍ਹਾਂ ਨੂੰ ਵੀ ਖੇਤੀ ਦੇ ਧੰਧੇ ਵਾਸਤੇ ਪਾਣੀ ਮਿਲਿਆ ਹੈ। ਅਤੇ ਉਥੋਂ ਦੀਆਂ ਜਿਹੜੀਆਂ ਸੜਕਾਂ ਸਨ, ਆਉਣ ਜਾਣ ਦੇ ਸਾਧਨ ਜਿਹੜੇ ਸਨ, ਉਹ ਵੀ ਬੜੇ ਅੱਛੇ ਬਣਾ ਦਿੱਤੇ ਹਨ।(ਥੰਪਿੰਗ)

ਮੇਰੇ ਹਲਕੇ ਅੰਦਰ ਜਿਹੜਾ ਕਿ ਕੰਡੀ ਦੇ ਏਰੀਆ ਵਿਚ ਆਉਂਦਾ ਹੈ, ਇਸ ਦੇ ਲਈ ਮੈਂ ਬਰਨਾਲਾ ਸਾਹਿਬ ਨੂੰ ਬੇਨਤੀ ਕਰਾਂਗੀ ਕਿ ਇਸ ਦੇ ਅੰਦਰ ਜਿਹੜੇ 11 ਖਰਾਬ ਟਿਊਬਵੈੱਲ ਹਨ ਉਨ੍ਹਾਂ ਦੀ ਥਾਂ ਤੇ ਨਵੇਂ ਟਿਊਬਵੈੱਲ ਲਗਾਏ ਜਾਣੇ ਸਨ ਪਰ ਉਹ ਹਾਲੇ ਤਕ ਨਹੀਂ ਲਗੇ। ਜਿਸ ਨਾਲ ਕਿ ਗਰੀਬ ਜ਼ਿਮੀਦਾਰਾਂ ਨੂੰ ਪਾਣੀ ਮਿਲਣਾ ਸੀ ਉਨ ਤੋਂ ਉਹ ਲਾਭ ਨਹੀਂ ਉਠਾ ਸਕੇ, ਇਸ ਲਈ ਮੈਂ ਇਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਮੇਰੇ ਹਲਕੇ ਅੰਦਰ ਇਹ ਟਿਊਬਵੈੱਲ ਲਗਾਉਣੇ ਚਾਹੀਦੇ ਹਨ।

ਇਸ ਤੋਂ ਉਪਰੰਤ ਡੈਮ ਥੱਲੇ ਜ਼ਿਮੀਦਾਰਾਂ ਦੀਆਂ ਜਿੰਨੀਆਂ ਜ਼ਮੀਨਾਂ ਚੋਆਂ ਨਾਲ ਘਿਰੀਆਂ ਹੋਈਆਂ ਹਨ ਉਹ ਡੈਮ ਬਣਨ ਨਾਲ ਉਹ ਜ਼ਮੀਨਾਂ ਆਬਾਦ ਹੋ ਗਈਆਂ ਹਨ। ਇਸ ਲਈ ਸਰਕਾਰ ਵਧਾਈ ਦੀ ਪਾਤਰ ਹੈ (ਥੰਪਿੰਗ)

ਇਸ ਤੋਂ ਉਪਰੰਤ ਜੋ ਜ਼ਿਮੀਂਦਾਰਾਂ ਦੇ ਮੁੱਖ ਧੰਧੇ ਹਨ ਉਨ੍ਹਾਂ ਨੂੰ ਚੰਗੀ ਤਰ੍ਹਾਂ ਚਲਾਉਣ ਲਈ ਬਰਨਾਲਾ ਸਾਹਿਬ ਨੇ ਸਾਨੂੰ ਸਬਸਿਡੀ ਦਿਤੀ ਹੈ। ਇਹ ਜੋ ਖਾਦ ਦੀਆਂ ਕੀਮਤਾਂ ਹਨ ਇਨ੍ਹਾਂ ਨੂੰ ਘਟਾਇਆ ਗਿਆ ਹੈ ਤਾਂਕਿ ਜ਼ਿਮੀਦਾਰਾਂ ਨੂੰ ਰਾਹਤ ਮਿਲ ਸਕੇ।

ਜਿਹੜੀਆਂ ਗੜਿਆਂ ਨਾਲ ਫਸਲਾਂ ਤਬਾਹ ਹੋ ਗਈਆਂ ਹਨ, ਉਨ੍ਹਾਂ ਜ਼ਿਮੀਂਦਾਰਾਂ ਨੂੰ ਵੀ ਮੁਆਵਜ਼ਾ ਦਿੱਤਾ ਜਾਏ। ਮੇਰੇ ਹਲਕੇ ਅੰਦਰ ਤਿੰਨ ਚਾਰ ਪਿੰਡ ਐਸੇ ਹਨ ਜਿਥੇ ਢਾਈ ਢਾਈ ਸੌ ਗਰਾਮ ਦੇ ਗੜੇ ਪਏ ਹਨ ਜਿਸ ਨਾਲ ਉਨ੍ਹਾਂ ਦੀਆਂ ਕਾਫੀ ਫਸਲਾਂ ਤਬਾਹ ਹੋ ਗਈਆਂ ਹਨ। ਮੈਂ ਚਾਹੁੰਦੀ ਹਾਂ ਕਿ ਉਨ੍ਹਾਂ ਜਿਮੀਂਦਾਰਾਂ ਨੂੰ ਵੱਧ ਤੋਂ ਵੱਧ ਮੁਆਵਜ਼ਾ ਦੇ ਕੇ ਉਨ੍ਹਾਂ ਨੂੰ ਰਾਹਤ ਦਿੱਤੀ ਜਾਏ।

ਐਨਾ ਕਹਿ ਕੇ, ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ ਹੈ।

ਸਹਿਕਾਰਤਾ ਮੰਤਰੀ (ਪ੍ਰੋਫੈਸਰ ਪ੍ਰੇਮ ਸਿਘ ਚੰਦੂਮਾਜਰਾ) : ਸਪੀਕਰ ਸਾਹਿਬ, ਸਹਿਕਾਰਤਾ ਵਿਭਾਗ ਦੀਆਂ ਮੰਗਾਂ ਤੇ ਕੁਝ ਮੇਰੇ ਮਾਨਯੋਗ ਮੈਂਬਰ ਸਾਹਿਬਾਨ ਨੇ ਜਿਥੇ ਸਹਿਕਾਰਤਾ ਲਹਿਰ ਨੂੰ ਮਜ਼ਬੂਤ ਕਰਨ ਲਈ, ਚੰਗਾ ਬਣਾਉਣ ਲਈ ਸੁਝਾਓ ਦਿੱਤੇ ਹਨ ਉਥੇ ਕੁਝ ਇਕ ਨੇ ਬੇਤੁੱਕੀਆਂ ਨੁਕਤਾਚੀਨੀਆਂ ਵੀ ਕੀਤੀਆਂ ਹਨ। ਮੈਂ ਜਿਥੇ ਉਨ੍ਹਾਂ ਸੁਝਾਵਾਂ ਦਾ ਸਵਾਗਤ ਕਰਦਾ ਹਾਂ ਉਥੇ ਕੀਤੀਆਂ ਬੇਤੁੱਕੀਆਂ, ਨੁਕਤਾਚੀਨੀਆਂ ਦਾ ਜਵਾਬ ਵੀ ਦੇਣਾ ਚਾਹਾਂਗਾ। ਸਹਿਕਾਰਤਾ ਖੇਤਰ ਵਿਚ ਜੋ ਪ੍ਰਾਪਤੀਆਂ ਮੌਜੂਦਾ ਸਰਕਾਰ ਨੇ ਕੀਤੀਆਂ ਉਨ੍ਹਾਂ ਦਾ ਗੌਰਵ ਨਾਲ ਜ਼ਿਕਰ ਵੀ ਕਰਨਾ ਚਾਹਾਂਗਾ। ਅੱਜ ਤਕ ਪੰਜਾਬ ਦੀ ਧਰਤੀ ਤੇ ਬਣੀਆਂ ਸਰਕਾਰਾਂ ਨੇ ਨਾ ਸਹਿਕਾਰਤਾ ਲਹਿਰ ਨੂੰ ਮਜ਼ਬੂਤ ਕਰਨ ਲਈ ਕਦਮ ਚੁਕੇ ਹਨ ਔਰ ਨਾ ਹੀ ਸਹਿਕਾਰਤਾ ਖੇਤਰ ਵਿਚ ਐਡੀਆਂ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਸਪੀਕਰ ਸਾਹਿਬ, ਸਹਿਕਾਰਤਾ ਭਾਵ ਲੋਕਾਂ ਰਾਹੀਂ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਕੇ ਲੋਕਾਂ ਦੇ ਸਹਿਯੋਗ ਨਾਲ ਇਸ ਲਹਿਰ ਰਾਹੀਂ ਆਰਥਿਕ ਖੇਤਰ ਵਿਚ ਪ੍ਰਾਪਤੀ ਹੈ। ਸਹਿਕਾਰਤਾ ਲਹਿਰ ਨੂੰ ਮਜ਼ਬੂਤ ਕਰਨ ਲਈ ਜਿਥੇ ਪਿਛਲੇ ਸਮੇਂ ਤੋਂ ਚੋਣਾਂ ਸਹਿਕਾਰੀ ਅਦਾਰਿਆਂ ਦੀਆਂ ਰੁਕੀਆਂ ਹੋਈਆਂ ਸਨ ਉਥੇ ਚੋਣਾਂ ਕਰਾਈਆਂ ਗਈਆਂ। ਸਹਿਕਾਰਤਾ ਅਦਾਰਿਆਂ ਵਿਚ ਜਿਥੇ ਕਾਫੀ ਪ੍ਰਾਫਿਟ ਕਮਾਇਆ ਉਥੇ ਪੈਸਾ ਸ਼ੇਅਰਹੋਲਡਰਜ਼ ਵਿਚ ਵੰਡਿਆ ਵੀ ਗਿਆ ਇਸ ਨੇ ਇਹ ਲਹਿਰ ਨੂੰ ਬਹੁਤ ਮਜ਼ਬੂਤ ਕੀਤਾ ਹੈ (ਥੰਪਿੰਗ) 94 ਲੱਖ ਰੁਪਿਆ ਮੋਰਿੰਡਾ ਖੰਡ ਮਿਲ ਵਿਚ ਔਰ 90 ਲੱਖ ਰੁਪਿਆ ਨਵਾਂ ਸ਼ਹਿਰ ਖੰਡ ਮਿਲ ਵਿਚ ਸ਼ੇਅਰ-ਹੋਲਡਰਜ਼ ਵਿਚ ਵੰਡਿਆ ਗਿਆ ਔਰ ਉਨ੍ਹਾਂ ਨੂੰ ਅਹਿਸਾਸ ਕਰਾਇਆ ਗਿਆ ਕਿ ਮਿਲਾਂ ਉਨ੍ਹਾਂ ਦੀਆਂ ਆਪਣੀਆਂ ਹਨ। ਸਪਿਨਿੰਗ ਮਿੱਲਾਂ ਬਾਰੇ ਲੋਕਾਂ ਨੂੰ ਅਹਿਸਾਸ ਕਰਾਇਆ। ਕੋਆਪ੍ਰੇਟਿਵ ਸੋਸਾਇਟੀਜ਼ ਦੀਆਂ ਚੋਣਾਂ, ਪੀ,

[ਸਹਿਕਾਰਤਾ ਮੰਤਰੀ]

ਐਲ. ਐਮ. ਬੀ ਤੇ ਡੀ. ਸੀ. ਯੂ. ਦੀਆਂ ਚੋਣਾਂ, ਮਿਲਕ ਪਲਾਂਟਸ ਦੀਆਂ ਚੋਣਾਂ, ਸ਼ੂਗਰ ਮਿੱਲਾਂ ਦੀਆਂ ਚੋਣਾਂ ਆਉਣ ਵਾਲੇ ਸਮੇਂ ਵਿਚ ਕਰਵਾ ਕੇ ਅਸੀਂ ਇਸ ਵਿਚ ਲੋਕਾਂ ਨੂੰ ਸ਼ਾਮਿਲ ਕਰਨਾ ਚਾਹੁੰਦੇ ਹਾਂ। ਇਹੀ ਕਾਰਨ ਹੈ ਲੋਕਾਂ ਵਿਚ ਸਾਡਾ ਵਿਸ਼ਵਾਸ ਵਧਿਆ। ਲੋਕਾਂ ਨੇ ਸਾਨੂੰ ਵਿਸ਼ਵਾਸ ਦਿਤਾ। ਮੈਨੂੰ ਅਫਸੋਸ ਵੀ ਆਉਂਦਾ ਹੈ ਕਿ ਸਰਦਾਰ ਗੁਰਦੇਵ ਸਿੰਘ ਬਾਦਲ ਨੇ ਕਿਹਾ ਕਿ ਦਫਾ 67 ਥੱਲੇ ਹੱਥ-ਕੜੀਆਂ ਲੱਗਦੀਆਂ ਹਨ। ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ। ਜਿਨ੍ਹਾਂ ਦੀਆਂ ਵੋਟਾਂ ਨਾਲ ਅਸੀਂ ਇਥੇ ਆਏ ਹਾਂ ਉਨ੍ਹਾਂ ਬਾਰੇ ਇਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਇਹ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਇਸ ਤਰ੍ਹਾਂ ਕਹਿੰਦੇ ਹਨ। ਮੈਂ ਕਹਿੰਦਾ ਹਾਂ ਕਿ ਜਦ ਦੀ ਇਹ ਸਰਕਾਰ ਆਈ ਹੈ ਅਤੇ ਮੇਰੇ ਕੋਲ ਸਹਿਕਾਰਤਾ ਦਾ ਮਹਿਕਮਾ ਆਇਆ ਹੈ ਪੰਜਾਬ ਵਿਚ ਕਿਸੇ ਕਿਸਾਨ ਦੇ ਗੁੱਟ ਨੂੰ ਹੱਥਕੜੀ ਨਹੀਂ ਲਗੀ। ਜੇ ਕਿਸੇ ਨੂੰ ਹੱਥਕੜੀ ਲੱਗੀ ਹੋਵੇ ਤਾਂ ਇਹ ਦੱਸਣ। (ਥੰਪਿੰਗ) ਇਹ ਵੀ ਹੋ ਸਕਦਾ ਹੈ ਕਿ ਹੱਥਕੜੀ ਲਾਉਣ ਦੇ ਬਾਵਜੂਦ ਵੀ ਲੋਕਾਂ ਵਿਚ ਐਨਾ ਵਿਸ਼ਵਾਸ ਪੈਦਾ ਹੋਇਆ ਹੈ ਕਿ ਇਹ ਸਹਿਕਾਰੀ ਮਹਿਕਮਾ ਇਕ ਸਹਿਕਾਰੀ ਲਹਿਰ ਬਣ ਗਿਆ। ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਲੰਬੇ ਸਮੇਂ ਦੀ ਰੀਕਵਰੀ 86% ਹੋਈ ਹੈ ਜੋ ਕਿ ਹਿੰਦੁਸਤਾਨ ਵਿਚ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਹੈ। (ਥੰਪਿੰਗ) ਇਸੇ ਤਰ੍ਹਾਂ ਹੀ ਸ਼ਾਰਟ ਟਰਮ ਦੇ ਜਿਹੜੇ ਕਰਜ਼ੇ ਹਨ ਉਨ੍ਹਾਂ ਦੀ ਰੀਕਵਰੀ ਦੇ ਵਿੱਚ ਵੀ ਅਸੀਂ ਪਹਿਲੇ 3 ਸੂਬਿਆਂ ਵਿਚ ਹਾਂ। ਕਿਸੇ ਨਾਲ ਜ਼ਬਰਦਸਤੀ., ਕਿਸੇ ਨਾਲ ਧੱਕਾ ਨਹੀਂ ਕੀਤਾ। ਪਿਆਰ ਨਾਲ ਲੋਕਾਂ ਨੂੰ ਅਹਿਸਾਸ ਕਰਵਾਇਆ ਹੈ। ਮੈਂ ਸਮਝਦਾ ਹਾਂ ਕਿ ਅਸੀਂ ਸਹਿਕਾਰੀ ਲਹਿਰ ਦੇ ਰਾਹੀਂ ਲੋਕਾਂ ਦੀ ਭਾਵਨਾ ਨੂੰ ਵਿੰਨ ਕਰਨ ਵਿਚ ਕਾਮਯਾਬ ਹੋਏ ਹਾਂ। ਇਸ ਸਹਿਕਾਰੀ ਖੇਤਰ ਰਾਹੀਂ ਅਸੀਂ ਲੋਕਾਂ ਨੂੰ ਸ਼ਾਹੂਕਾਰਾਂ ਦੇ ਪੰਜੇ ਵਿਚੋਂ ਛਡਾਇਆ ਹੈ। ਅਸੀਂ ਇੰਡਸਟਰੀ ਵਿਚ ਵੀ ਅੱਗੇ ਵਧੇ ਹਾਂ। ਨਵੇਂ ਪਲਾਂਟ ਲਾਏ ਹਨ। ਜਦੋਂ ਬਰਨਾਲਾ ਸਰਕਾਰ ਆਈ ਸੀ ਤਾਂ ਉਦੋਂ ਇਥੇ ਪੰਜਾਬ ਵਿਚ 4 ਖੰਡ ਮਿੱਲਾਂ ਸਨ। ਮੈਂ ਗੌਰਵ ਨਾਲ ਕਹਿ ਸਕਦਾ ਹਾਂ ਕਿ ਇਹ ਪਹਿਲੀ ਸਰਕਾਰ ਆਈ ਹੈ ਜਿਸ ਨੇ ਇਸ ਪਾਸੇ ਬੜੀ ਕੋਸ਼ਿਸ਼ ਕੀਤੀ ਹੈ ਅਤੇ ਇਕ ਸਾਲ ਦੇ ਅੰਦਰ 3 ਖੰਡ ਮਿੱਲਾਂ ਗੰਨਾ ਕਰੱਸ਼ ਕਰਨ ਦੀਆਂ ਫਾਜ਼ਿਲਕਾ, ਰੱਖੜਾ ਅਤੇ ਬੁੱਢੇਵਾਲ ਮਿੱਲਾਂ ਚਾਲੂ ਕਰ ਦਿੱਤੀਆਂ ਹਨ। ਕੁਝ ਮਹੀਨਿਆਂ ਤੱਕ ਸ਼ੇਰੋਂ ਅਤੇ ਨਕੋਦਰ ਵਿਚ ਵੀ ਮਿੱਲਾਂ ਚਾਲੂ ਕਰ ਦਿਆਂਗੇ। 6 ਹੋਰ ਮਿੱਲਾਂ ਪੰਜਾਬ ਵਿਚ ਲਿਆਉਣੀਆਂ ਚਾਹੁੰਦੇ ਹਾਂ ਔਰ ਤਕਰੀਬਨ ਇਨ੍ਹਾਂ ਦਾ ਫੈਸਲਾ ਹੋ ਚੁੱਕਾ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਕਿਸਾਨ ਨੇ ਗੰਨੇ ਦੀ ਪੈਦਾਵਾਰ ਨੂੰ ਵਧਾ ਦਿੱਤਾ ਹੈ। ਅਸੀਂ ਗੰਨੇ ਦੀ ਪੈਦਾ-ਵਾਰ ਇਸ ਸਾਲ 19 ਹਜ਼ਾਰ ਹੈਕਟੇਅਰ ਵਿੱਚ ਕੀਤੀ ਹੈ। ਇਸੇ ਕਰਕੇ ਮਿੱਲਾਂ ਲਿਆਏ ਹਾਂ। ਦਵਾਈਆਂ ਵੀ ਦਿੱਤੀਆਂ ਹਨ। ਸਰਦਾਰ ਗੁਰਦੇਵ ਸਿੰਘ ਬਾਦਲ ਹੋਰੀਂ ਸਾਡੀ ਸਰਕਾਰ ਦੇ ਖਿਲਾਫ ਗੱਲਾਂ ਕਰਦੇ ਹਨ ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੂੰ ਕਿਸਾਨ ਦੀ ਤਕਲੀਫ ਦਾ ਕੀ ਪਤਾ ਹੈ। ਉਨ੍ਹਾਂ ਨੇ ਕਦੇ ਰੰਬਾ ਨਹੀਂ ਵਾਹਿਆ। ਜਿਹੜੀ ਕਿਸਾਨ ਦੀ ਪਰੋਡਕਸ਼ਨ ਹੋਈ ਹੈ, ਉਹ ਐਵੇਂ ਨਹੀਂ ਹੋਈ। ਐਨੀ ਪਰੋਡਕਸ਼ਨ ਇਸ ਕਰਕੇ ਹੋਈ ਕਿ ਹਿੰਦੁਸਤਾਨ ਦੀ ਸਰਕਾਰ ਨੇ ਖਾਦਾਂ ਦੇ ਜਿਹੜੇ ਭਾਅ ਨਿਸ਼ਚਿਤ ਕੀਤੇ ਉਸ ਮੁਤਾਬਿਕ ਕਿਸਾਨ ਨੂੰ ਖਾਦਾਂ ਦਿੱਤੀਆਂ ਗਈਆਂ। ਖਾਦਾਂ ਕਿਸਾਨ ਨੂੰ ਸਸਤੀਆਂ ਦਿੱਤੀਆਂ ਗਈਆਂ। ਇਸ ਨਾਲ ਕਿਸਾਨ ਨੂੰ 10 ਕਰੋੜ ਰੁਪਏ ਤੋਂ ਵੀ ਵੱਧ ਦਾ ਮੁਨਾਫਾ ਹੋਇਆ ਹੈ। ਕਿਸਾਨ ਨੂੰ ਸਸਤੀਆਂ ਖਾਦਾਂ ਦੇਣ ਨਾਲ ਕਿਸਾਨ ਦੀ ਜੇਬ ਵਿਚ 10 ਕਰੋੜ ਰੁਪਿਆ ਪਾਇਆ। ਕੀੜੇ-ਮਾਰ ਦਵਾਈਆਂ ਠੀਕ ਦਿਤੀਆਂ। ਅਸੀਂ ਸੋਚਿਆ ਕਿ ਕੀੜੇਮਾਰ ਦਵਾਈਆਂ ਇਕੱਠੀਆਂ ਖਰੀਦ ਕੇ ਕਿਸਾਨਾਂ ਨੂੰ ਦਿੱਤੀਆਂ ਜਾਣ। 80 ਟਨ ਦਵਾਈ ਖਰੀਦੀ। ਪਹਿਲੇ ਪੈਸਾ ਪਤਾ ਨਹੀਂ ਕਿਥੇ ਜਾਂਦਾ ਸੀ। ਅਸੀ ਇਕੱਠੀ ਦਵਾਈ ਖਰੀਦ ਕੇ ਦਿੱਤੀ। ਦਵਾਈ ਸੱਸਤੀ ਦਿਤੀ। ਅਸੀ ਕਿਸੇ ਨੂੰ ਕਮਿਸ਼ਨ ਨਹੀ

ਲੈਣ ਦਿੱਤਾ ਅਸੀਂ ਉਹ ਕਮਿਸ਼ਨ ਕਿਸਾਨਾਂ ਵਿਚ ਵੰਡਿਆ। ਉਹ ਕਮਿਸ਼ਨ ਪੰਡਿਤ ਸ਼ਰਵਣ ਰਾਮ ਦੀਆਂ ਜੇਬਾਂ ਵਿਚ ਨਹੀਂ ਪਿਆ। ਅਸੀਂ ਉਹ ਕਿਸਾਨਾਂ ਵਿਚ ਵੰਡਿਆ। 80 ਟਨ ਦਵਾਈ ਕਿਸਾਨ ਨੂੰ ਸਸਤੀ ਦਿੱਤੀ। ਕਿਸਾਨ ਨੂੰ ਦਵਾਈ ਸਸਤੀ ਦੇਣ ਨਾਲ 8 ਲੱਖ ਦਾ ਕਿਸਾਨ ਨੂੰ ਇਸ ਵਿਚ ਲਾਭ ਦਿੱਤਾ ਹੈ। ਸੋ, ਸਪੀਕਰ ਸਾਹਿਬ, ਅਸੀਂ ਕੋਸ਼ਿਸ਼ ਕੀਤੀ ਕਿ ਸਹਿਕਾਰੀ ਖੇਤਰ ਰਾਹੀਂ ਕਿਸਾਨ ਦੀ ਵੱਧ ਤੋਂ ਵੱਧ ਮੱਦਦ ਕਰੀਏ। ਇਸੇ ਤਰ੍ਹਾਂ ਸਪਿਨਿੰਗ ਮਿੱਲਾਂ ਹਨ। 4 ਸਪਿਨਿੰਗ ਮਿੱਲਾਂ ਚੱਲਦੀਆਂ ਹਨ। ਅਸੀਂ 20 ਕਰੋੜ 60 ਲੱਖ ਰੁਪਏ ਦੀ ਲਾਗਤ ਵਾਲੀਆਂ ਇਹ ਮਿੱਲਾਂ 25 ਹਜ਼ਾਰ ਤਕਲੀਆਂ ਵਾਲੀ ਮਿੱਲ ਗੋਇੰਦਵਾਲ ਦੀ ਧਰਤੀ ਤੇ ਸ਼ੁਰੂ ਕਰ ਦਿਤੀ ਹੈ। ਔਰ ਇਸੇ ਤਰ੍ਹਾਂ ਪੰਜਾਬ ਦੇ ਕਿਸਾਨ ਦੀ ਕਪਾਹ ਦੀ ਫਸਲ ਜਿਹੜੀ ਸੀ ਉਹ ਤਬਾਹ ਹੋ ਰਹੀ ਸੀ। ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਫੈਸਲਾ ਕੀਤਾ ਕਿ ਪੰਜਾਬ ਦੇ ਕਿਸਾਨ ਦੀ ਜੋ ਖੂਨ ਪਸੀਨੇ ਦੀ ਕਮਾਈ ਦੀ ਕਪਾਹ ਹੈ ਉਸ ਨੂੰ ਮੰਡੀਆਂ ਵਿੱਚ ਰੁਲਣ ਨਾ ਦਿੱਤਾ ਜਾਵੇ, ਅਸੀਂ ਮੰਡੀਆਂ ਦੇ ਵਿੱਚ ਮਾਰਕ-ਫੈਡ ਨੂੰ ਲਿਆਂਦਾ ਅਤੇ ਮਾਰਕ-ਫੈਡ ਦੇ ਰਾਹੀਂ 155 ਹਜ਼ਾਰ ਗੱਠਾਂ ਮੰਡੀਆਂ ਵਿਚੋਂ ਨਰਮੇ, ਕਪਾਹ ਦੀਆਂ ਚੁਕਵਾਈਆਂ ਔਰ 84 ਕਰੋੜ ਰੁਪਿਆ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਵਿੱਚ, ਪੰਜਾਬ ਦੇ ਕਿਸਾਨਾਂ ਦੀਆਂ ਜੇਬਾਂ ਵਿੱਚ, ਕਿਸਾਨ ਦੇ ਨਰਮੇ ਦੇ ਭਾਅ ਵਧਾ ਕੇ ਅਤੇ ਯਤਨ ਕਰਕੇ, ਪਾਇਆ।

ਜਿਥੇ, ਸਪੀਕਰ ਸਾਹਿਬ, ਐਗਰੀਕਲਚਰਲ ਡਾਈਵਰਸੀਫਿਕੇਸ਼ਨ ਰਾਹੀਂ ਸ਼ੂਗਰ ਕੇਨ ਦੀ ਗਲ ਅਸੀਂ ਕੀਤੀ ਹੈ ਉਥੇ ਅਸੀਂ ਚਿੱਟਾ ਇਨਕਲਾਬ ਲਿਆਉਣ ਦੀ ਗੱਲ ਵੀ ਕੀਤੀ ਹੈ। ਜਿਥੇ ਪਹਿਲਾਂ 6 ਲੱਖ ਲਿਟਰ ਦੁੱਧ ਇਕੱਠਾ ਕੀਤਾ ਜਾਂਦਾ ਸੀ ਉਥੇ ਅਸੀਂ ਹੁਣ ਇਹ ਵਧਾ ਕੇ 7 ਲੱਖ ਲਿਟਰ ਕੀਤਾ ਹੈ ਅਤੇ ਆਉਣ ਵਾਲੇ ਸਾਲ ਵਿੱਚ ਇਹ ਵੱਧ ਕੇ 8 ਲੱਖ ਹੋ ਜਾਵੇਗਾ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਾਲਾਂ ਵਿੱਚ ਕੋਈ ਜ਼ਿਲ੍ਹਾ ਐਸਾ ਨਹੀਂ ਹੋਵੇਗਾ ਜਿਥੇ ਵਡਾ ਮਿਲਕ ਪਲਾਂਟ ਨਹੀਂ ਹੋਵੇਗਾ। (ਵਿਘਨ) ਹਰ ਜ਼ਿਲ੍ਹੇ ਵਿੱਚ ਵਡਾ ਮਿਲਕ ਪਲਾਂਟ ਹੋਵੇਗਾ ਔਰ 500 ਦੇ ਕਰੀਬ ਮਿਲਕ ਪ੍ਰੋਡਿਊਸਰਜ਼ ਸੋਸਾਇਟੀਆਂ ਸ਼ੁਰੂ ਕਰ ਦੇਵਾਂਗੇ। ਇਸ ਦੇ ਨਾਲ ਹੀ, ਸਪੀਕਰ ਸਾਹਿਬ, ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਹਾਊਸ-ਫੈਡ ਨੇ ਪਿੱਛਲੇ 5 ਸਾਲਾਂ ਵਿੱਚ 570 ਮਕਾਨ ਬਣਾਏ ਸੀ। (ਵਿਘਨ) 8 ਕਰੋੜ ਰੁਪਿਆ ਦੇਣਾ ਹੈ ਅਤੇ ਇਸ ਦੇ ਨਾਲ 1500 ਘਰ ਇਕ ਸਾਲ ਦੇ ਵਿੱਚ ਉਹ ਹੋਰ ਬਣਾਉਣਗੇ। ਪਹਿਲਾਂ ਲੋਕਾਂ ਨੂੰ ਘਰ ਸ਼ਹਿਰਾਂ ਵਿੱਚ ਦਿੱਤੇ ਸੀ ਅਤੇ ਹਾਊਸ-ਫੈਡ ਹੁਣ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਬੇ ਘਰਿਆਂ ਨੂੰ ਘਰ ਦੇਈਏ ਤਾਂ ਕਿ ਲੋਕ ਇਨ੍ਹਾਂ ਪੱਕੇ ਮਕਾਨਾਂ ਵਿੱਚ ਰਹਿ ਸਕਣ। ਸਪੀਕਰ ਸਾਹਿਬ, ਜਿਥੇ ਇਸ ਗੱਲ ਦੇ ਲਈ ਕੋਸ਼ਿਸ਼ ਕੀਤੀ ਗਈ ਹੈ ਕਿ ਪੰਜਾਬ ਦੇ ਲੋਕ ਪੱਕੇ ਮਕਾਨਾਂ ਵਿੱਚ ਰਹਿ ਸਕਣ ਉਥੇ ਅਸੀਂ ਸਹਿਕਾਰੀ ਖੇਤਰ ਵਿੱਚ ਡਿਵੈਲਪਮੈਂਟ ਕਰਕੇ ਆਉਣ ਵਾਲੇ ਸਾਲਾਂ ਵਿੱਚ ਨਵੇਂ ਕਾਰਖਾਨੇ ਵੀ ਲਾਉਣੇ ਹਨ, ਔਰ ਇਹ ਕਾਰਖਾਨੇ ਕੈਟਲ ਫੀਡ ਤੇ ਯੂਰੀਆ-ਲਿਕ ਆਦਿ ਦੇ ਲਗਣੇ ਹਨ, ਅਸੀਂ ਇਹ ਕਾਰਖਾਨੇ ਇਸ ਕਰਕੇ ਲਾਉਣਾ ਚਾਹੁੰਦੇ ਹਾਂ ਤਾਂ ਕਿ ਖੇਤੀ ਦੇ ਨਾਲ ਸਹਿਕਾਰੀ ਧੰਦਾ ਹੋਰ ਵੱਧ ਫੁਲ ਸਕੇ ਅਤੇ ਕਿਸਾਨਾਂ ਨੂੰ ਵੱਧ ਤੋਂ ਵੱਧ ਲਾਭ ਮਿਲ ਸਕੇ। ਅਸੀਂ ਮਾਰਕ ਫੈਡ ਰਾਹੀਂ ਨਵੇਂ ਕਾਰਖਾਨੇ ਲਿਆਉਣਾ ਚਾਹੁੰਦੇ ਹਾਂ। ਸਪੀਕਰ ਸਾਹਿਬ, ਅਸੀਂ ਇਹ ਨਵੇਂ ਕਾਰਖਾਨੇ ਇਸ ਕਰਕੇ ਲਿਆਉਣੇ ਚਾਹੁੰਦੇ ਹਾਂ ਤਾਂਕਿ ਸੂਬੇ ਦੀ ਤਰੱਕੀ ਹੋ ਸਕੇ। ਅਸੀਂ ਇਹ ਕਾਰਖਾਨੇ ਐਗਰੋ-ਕੈਮੀਕਲਜ਼ ਦੇ ਅਤੇ ਰਾਈਸ ਬਰਾਂਨ ਦੇ ਲਗਾਉਣਾ ਚਾਹੁੰਦੇ ਹਾਂ ਅਤੇ ਅਸੀਂ 13 ਕਰੋੜ 50 ਲੱਖ ਰੁਪਿਆ ਮਾਰਕ-ਫੈਡ ਨੂੰ ਦਿੱਤਾ ਹੈ ਤਾਂ ਕਿ ਆਉਣ ਵਾਲੇ ਸਾਲ ਵਿੱਚ ਇਹ ਲਗਣ। (ਥੰਪਿੰਗ) ਜਿਥੇ, ਸਪੀਕਰ ਸਾਹਿਬ, ਅਸੀਂ ਸਹਿਕਾਰੀ ਖੇਤਰ ਵਿੱਚ ਇਤਨਾ ਕੁਝ ਕੀਤਾ ਹੈ ਉਥੇ ਮੈਨੂੰ

[ਸਹਿਕਾਰਤਾ ਮੰਤਰੀ]

ਇਸ ਗੱਲ ਦਾ ਅਫ਼ਸੋਸ ਹੈ ਕਿ ਪਤਾ ਨਹੀਂ ਕੁਝ ਲੋਕ ਕਿਉਂ ਐਸੀਆਂ ਗੱਲਾਂ ਕਰਦੇ ਹਨ। ਇਥੇ ਬਹੁਤ ਗੱਲਾਂ ਕੁਰੱਪਸ਼ਨ ਦੀਆਂ ਕੀਤੀਆਂ ਗਈਆਂ ਹਨ ਅਤੇ ਕੁਰੱਪਸ਼ਨ ਦੇ ਸਾਡੀ ਸਰਕਾਰ ਤੇ ਦੋਸ਼ ਲਗਾਏ ਗਏ। ਮੈਨੂੰ ਅਫ਼ਸੋਸ ਹੈ ਕਿ—

'ਛੱਜ ਤਾਂ ਬੋਲੇ ਛਾਣਨੀ ਕੀ ਬੋਲੇ'

ਇਹ

'ਉਲਟਾ ਚੋਰ ਕੁਤਵਾਲ ਨੂੰ ਡਾਂਟੇ

ਵਾਲੀ ਗੱਲ ਹੋਈ ਹੈ। ਇਹ ਸਰਦਾਰ ਜਸਦੇਵ ਸਿੰਘ ਸੰਧੂ ਇਸ ਤਰ੍ਹਾਂ ਦੀਆਂ ਗੱਲਾਂ ਕਰੇ। ਤੁਸੀਂ ਸੰਧੂ ਸਾਹਿਬ ਦਾ ਢਿਡ ਫਰੋਲ ਕੇ ਦੇਖ ਲਓ, ਇਨ੍ਹਾਂ ਦੇ ਢਿੱਡ ਵਿਚੋਂ ਪਬਲਿਕ ਹੈਲਥ ਦੀਆਂ ਕਿੰਨੀਆਂ ਟੂਟੀਆਂ ਤੇ ਕਿੰਨੀਆਂ ਪਾਈਪਾਂ ਨਿਕਲਣਗੀਆਂ। ਪੰਡਿਤ ਸਰਵਣ ਰਾਮ ਤਾਂ ਇਕ ਟੂਟੀ ਦੀ ਗੱਲ ਕਰਦੇ ਹਨ ਭਾਵੇਂ ਜਿੰਨੀਆਂ ਮਰਜ਼ੀ ਲੁਆ ਲੈਣ। ਸਪੀਕਰ ਸਾਹਿਬ,

'ਸਾਉਣ ਦੇ ਅੰਨੇ ਨੂੰ ਹਰਾ ਹੀ ਹਰਾ ਦਿਖਦਾ ਹੈ'

ਇਨ੍ਹਾਂ ਨੂੰ ਹੁਣ ਉਹ ਦਿਨ ਯਾਦ ਆਉਂਦੇ ਹਨ।

'ਰੋਂਦੀ ਯਾਰਾਂ ਨੂੰ ਨਾਂ ਲੈ ਲੈ ਭਰਾਵਾਂ ਦੇ'

ਅੱਜ ਇਨ੍ਹਾਂ ਨੂੰ ਉਹ ਦਿਨ ਯਾਦ ਆ ਰਹੇ ਹਨ ਅਤੇ ਹੁਣ ਇਨ੍ਹਾਂ ਦੇ ਮੂੰਹ ਵਿਚੋਂ ਲਾਲਾਂ ਡਿਗ ਰਹੀਆਂ ਹਨ। ਮੈਂ ਸਪੀਕਰ ਸਾਹਿਬ, ਆਪਣੇ ਲੀਡਰ ਬਰਨਾਲਾ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਥੇ ਬਹੁਤ ਗੱਲਾਂ ਕੀਤੀਆਂ ਜਾ ਰਹੀਆਂ ਹਨ। ਸਰਦਾਰ ਗੁਰਦੇਵ ਸਿੰਘ ਬਾਦਲ ਨੇ ਗੱਲਾਂ ਕੀਤੀਆਂ ਹਨ ਕਿਉਂਕਿ ਉਸ ਦਾ ਮੁੰਡਾ ਨਹੀਂ ਲਾਇਆ। ਇਸ ਕਰਕੇ ਗਲਾਂ ਕੀਤੀਆਂ ਜਾ ਰਹੀਆਂ ਹਨ। ਇਨ੍ਹਾਂ ਨੂੰ ਸ਼ਾਬਾਸ਼ ਦੇਣੀ ਚਾਹੀਦੀ ਸੀ ਕਿ ਜਿਹੜਾ ਬੈਕਲਾਗ ਸ਼ਡਿਊਲਡ ਕਾਸਟਸ ਦਾ ਕਿਸੇ ਨੇ ਕਦੇ ਨਹੀਂ ਸੀ ਪੂਰਾ ਕੀਤਾ ਉਹ ਅਸੀਂ ਅੱਠ ਮਹਿਕਮਿਆਂ ਵਿਚ ਕੀਤਾ ਹੈ। ਜਿੰਨੇ ਬੰਦੇ ਚਾਹੀਦੇ ਸਨ ਉਸ ਤੋਂ ਵੱਧ ਨੁਮਾਇੰਦਗੀ ਸ਼ਡਿਊਲਡ ਕਾਸਟਸ ਨੂੰ ਦਿੱਤੀ ਹੈ। ਇਸੇ ਤਰ੍ਹਾਂ ਸਹਿਕਾਰਤਾ ਖੇਤਰ ਵਿਚ ਤੁਸੀਂ ਵੀ ਜਾਣਦੇ ਹੋ, ਇਹ ਵੀ ਜਾਣਦੇ ਹਨ ਕਿ ਇਸ ਵਿਚ ਚੁਣੇ ਹੋਏ ਨੁਮਾਇੰਦੇ ਹਨ। ਸਾਡਾ ਡੈਮੋਕਰੈਟਿਕ ਸਿਸਟਮ ਹੈ ਬੈਂਕਾਂ ਦੇ ਵਿਚ ਵੀ ਅਤੇ ਹਰ ਪਲਾਂਟ ਦੇ ਵਿਚ ਵੀ ਬੋਰਡ ਆਫ਼ ਡਾਇਰੈਕਟਰਜ਼ ਹਨ ਉਹ ਜਮਹੂਰੀ ਤੌਰ ਤੇ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦੇ ਹਨ ਅਤੇ ਉਹ ਅਗੇ ਭਰਤੀ ਕਰਦੇ ਹਨ। ਅੱਜ ਬਹੁਤ ਸਾਰੇ ਕਾਂਗਰਸੀ ਭਰਾ ਵੀ ਬੈਠੇ ਹਨ ਉਹ ਵੀ ਬੋਲੇ ਹਨ। ਸਰਦਾਰ ਜਸਦੇਵ ਸਿੰਘ ਸੰਧੂ ਇਲਜ਼ਾਮ ਲਾਉਂਦਾ ਹੈ। ਇਹ ਆਪ ਕੋਆਪ੍ਰੇਟਿਵ ਮਹਿਕਮੇ ਵਿਚ ਰਿਹਾ ਹੈ। ਇਸ ਦੀ ਕੁੜੀ ਵੀ ਗਾਲ੍ਹਾਂ ਕੱਢਦੀ ਹੈ, ਮੁੰਡਾ ਵੀ ਗਾਲ੍ਹਾਂ ਕੱਢਦਾ ਹੈ ਅਤੇ ਇਹ ਵੀ ਗਾਲ੍ਹਾਂ ਕੱਢਦੇ ਹਨ। ਇਨ੍ਹਾਂ ਦੀਆਂ ਹੁਣ ਲਾਲਾਂ ਡਿਗਦੀਆਂ ਹਨ, ਜੇ ਆਪਣੀ ਆਦਤ ਅਨੁਸਾਰ ਪਾਰਟੀ ਨਾ ਬਦਲਦਾ ਤਾਂ ਇਹ ਆਪਣੀ ਚੌਧਰ ਬਣਾ ਕੇ ਬੈਠੇ ਸਨ ਬੈਂਕਾਂ ਦੇ ਵਿਚ। ਇਹ ਤਾਂ ਲੋਕਾਂ ਦੇ ਹੱਥਾਂ ਵਿਚ ਬਾਗਡੋਰ ਹੈ, ਜਿਸ ਨੂੰ ਮਰਜ਼ੀ ਆਏ ਉਹ ਚੁਣ ਲੈਣ। ਇਥੇ ਤਾਂ ਜਮਹੂਰੀ ਤਰੀਕਾਕਾਰ ਹੈ। ਇਨ੍ਹਾਂ ਨੂੰ ਲੋਕਾਂ ਨੇ ਚੁਣਿਆ ਨਹੀਂ, ਡਿਗੀ ਖੋਤੇ ਤੋਂ ਤੇ ਗੁਸਾ ਘੁਮਿਆਰ ਤੇ। ਲੋਕਾਂ ਨੇ ਚੁਣਿਆ ਨਹੀਂ ਤੇ ਸਾਡੇ ਤੇ ਗੁਸਾ ਕਰਦੇ ਹਨ। ਜੇ ਲੋਕਾਂ ਨੇ ਨਹੀਂ ਚੁਣਿਆ ਤਾਂ ਅਸੀਂ ਕੀ ਕਰ ਸਕਦੇ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਕਿਸੇ ਨੂੰ ਕੋਈ ਰੰਜਸ਼ ਹੈ ਤਾਂ ਸਹਿਕਾਰਤਾ ਦੇ ਖੇਤਰ ਵਿਚ ਅਪੀਲ ਕਰ ਸਕਦੇ ਹਨ। ਪਹਿਲਾਂ ਇਸ ਦੇ ਲਈ ਡਿਪਟੀ

ਸੈਕਟਰੀ ਦੇ ਲੈਵਲ ਦਾ ਬੰਦਾ ਸੀ ਹੁਣ ਕਮਿਸ਼ਨਰ ਰੈਂਕ ਦਾ ਬੰਦਾ ਲਗਾ ਦਿਤਾ ਹੈ ਤਾਂ ਕਿ ਕਿਸੇ ਨਾਲ ਕੋਈ ਜ਼ਿਆਦਤੀ ਹੁੰਦੀ ਹੈ ਤਾਂ ਉਹ ਅਪੀਲ ਕਰ ਸਕਦਾ ਹੈ। ਸਰਦਾਰ ਭਾਗ ਸਿੰਘ ਜੀ ਬੈਠੇ ਹਨ, ਕਾਫ਼ੀ ਕਿਤਾਬਾਂ ਚੁੱਕੀ ਬੈਠੇ ਹਨ, ਜਿਸ ਦਾ ਦਿਲ ਕਰੇ ਅਪੀਲ ਕਰ ਸਕਦਾ ਹੈ। ਇਥੇ ਰੌਲਾ ਪਾਈ ਜਾਂਦੇ ਹਨ ਕੁਰੱਪਸ਼ਨ ਦੀਆਂ ਗੱਲਾਂ ਕਹਿਣ ਵਾਲੇ ਸਰਦਾਰ ਦਿਲਬਾਗ ਸਿੰਘ। ਉਹ ਕਲੀਨਰ ਸਨ, ਬੱਸ ਦੇ ਵੀ ਨਹੀਂ ਬਲਕਿ ਟਰੱਕ ਦੇ ਪਰ ਅੱਜ ਕਰੋੜ ਪਤੀ ਬਣੇ ਬੈਠੇ ਹਨ। ਸਾਡੇ ਤੇ ਦੋਸ਼ ਲਾਉਂਦੇ ਹਨ। ਮੈਂ ਹਾਊਸ ਵਿਚ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਕੋਈ ਕਮੇਟੀ ਬਣਾ ਦੇਣ ਭਾਵੇਂ ਹਾਈ ਕੋਰਟ ਦਾ ਜੱਜ ਲਾ ਦੇਣ ਜੇ ਇਧਰਲਾ ਇਕ ਵੀ ਬੰਦਾ ਕੁਰੱਪਟ ਨਿਕਲੇ ਤਾਂ ਮੈਂ ਫਾਂਸੀ ਦਾ ਰੱਸਾ ਆਪਣੇ ਗਲ ਵਿਚ ਪਾ ਲਵਾਂਗਾ। ਇਨ੍ਹਾਂ ਦੀਆਂ ਜਾਇਦਾਦਾਂ ਦਾ ਸਰਵੇ ਵੀ ਕਰਵਾਓ ਅਤੇ ਸਾਡੀਆਂ ਦਾ ਵੀ ਕਰਵਾਓ (ਵਿਘਨ) ਸਰਦਾਰ ਗੁਰਦੇਵ ਸਿੰਘ ਬਾਦਲ ...(ਵਿਘਨ)

Sardar Gurcharan Singh Nihalsinghwala: I accept the challenge.

(At this stage a number of Members were standing) (Noise, Noise)

Doctor Kewal Krishan: A Committee of the House be constituted. We accept the challenge.

ਸ੍ਰੀ ਸਪੀਕਰ : ਆਪਸ ਵਿਚ ਗੱਲਾਂ ਨਾ ਕਰੋ, address the Chair (ਵਿਘਨ) (ਸ਼ੋਰ) ਸਰਦਾਰ ਬਲਵਿੰਦਰ ਸਿੰਘ ਭੂੰਦੜ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿਉਂਕਿ ਗੱਲ ਇਕ ਬਹੁਤ ਵੱਡੀ ਕਹੀ ਗਈ ਹੈ...... (ਵਿਘਨ)

Sardarni Gurbrinder Kaur Brar: On a Point of Order....

Mr. Speaker: Please take your seat. Shri Bhunder is already on his legs. He is already on a Point of Order.

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਇਕ ਬਹੁਤ ਵੱਡਾ ਮਸਲਾ ਪੈਦਾ ਹੋ ਗਿਆ ਹੈ। ਬੋਲਣ ਵਾਲੇ ਮਨਿਸਟਰ ਸਾਹਿਬ ਨੇ ਇਧਰ ਵੀ ਹੱਥ ਕਰ ਦਿੱਤਾ, ਉਧਰ ਵੀ ਹੱਥ ਕਰ ਦਿੱਤਾ। ਅਸੀਂ ਚੈਲੰਜ ਕਰਦੇ ਹਾਂ। ਹਾਈ ਕੋਰਟ ਦੇ ਜੱਜ ਦੀ ਕਮੇਟੀ ਬਣਾਓ ਔਰ ਅਸੀਂ ਸਾਰੇ ਆਪਣੀਆਂ ਜਾਇਦਾਦਾਂ ਦੀ ਪੜਤਾਲ ਕਰਾਉਣ ਲਈ ਤਿਆਰ ਹਾਂ, ਜਿਸ ਬੰਦੇ ਦਾ ਨਾਂ ਆਏਗਾ ਉਹ ਪਾਲਿਟਿਕਸ ਛੱਡ ਦੇਣ (ਵਿਘਨ)

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ: ਸਪੀਕਰ ਸਾਹਿਬ, ਅੱਜ ਬਹੁਤ ਅੱਛੀ ਗੱਲ ਹੋਈ ਹੈ। ਹਾਈ ਕੋਰਟ ਦੇ ਜੱਜ ਦੀ ਕਮੇਟੀ ਤਾਂ, ਭੂੰਦੜ ਸਾਹਿਬ, ਬਣ ਨਹੀਂ ਸਕਦੀ। ਇਹ ਬਹੁਤ ਅੱਛੀ ਗੱਲ ਹੋਵੇਗੀ ਅਗਰ ਇਸ ਹਾਊਸ ਦੀ ਕਮੇਟੀ ਬਣਾਈ ਜਾਵੇ। ਇਹ ਮੇਰੀ ਲੀਡਰ ਆਫ ਦੀ ਹਾਊਸ ਨੂੰ ਅਪੀਲ ਹੈ। ਸਾਰੇ ਮੈਂਬਰ ਚਾਹੁੰਦੇ ਹਨ ਕਿ ਹਾਊਸ ਦੀ ਕਮੇਟੀ ਬਣੇ ਔਰ ਕੁਰੱਪਸ਼ਨ ਦੇ ਬਾਰੇ ਪਤਾ ਕੀਤਾ ਜਾਵੇ। ਮੇਰੀ ਅਪੀਲ ਹੈ, ਇਸ ਨੂੰ ਐਕਸੈਪਟ ਕੀਤਾ ਜਾਵੇ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਅਦਬ ਨਾਲ ਕਹਿੰਦਾ ਹਾਂ ਕਿ ਹਾਊਸ ਦੇ ਵਿਚ ਜੋ ਚਾਰਜ ਲਗਾਇਆ ਗਿਆ ਹੈ ਬਿਲਾ ਵਜਾਹ ਔਰ ਉਨ੍ਹਾਂ ਨੇ ਆਪਣਾ

[ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ]

ਕਿਹਾ ਹੈ। ਮੈਂ ਸੰਨ 1954 ਤੋਂ ਹਾਊਸ ਦਾ ਮੈਂਬਰ ਹਾਂ। ਜੇ ਸੰਨ 1954 ਤੋਂ ਅੱਜ ਤਕ ਕੋਈ ਗੱਲ ਕੱਢ ਦੇਵੇ ਤਾਂ ਮੈਂ ਪਾਲਿਟਿਕਸ ਤੋਂ ਰਿਟਾਇਰ ਹੋ ਜਾਵਾਂਗਾ (ਵਿਘਨ)

ਪੰਡਿਤ ਸਰਵਣ ਰਾਮ ਮਨਸੋਵਾਲੀਆ: ਸਪੀਕਰ ਸਾਹਿਬ, ਉਹ ਕਮੇਟੀ ਵੀ ਬਣਾ ਲਵੋ ਔਰ ਦੂਸਰਾ ਬਲਾਚੌਰ ਔਰ ਗੜ੍ਹਸ਼ੰਕਰ ਵਿਚ ਚੋਣਾਂ ਹੋਈਆਂ ਹਨ, ਜੇਕਰ ਉਥੇ ਧੱਕਾ ਨਾ ਹੋਇਆ ਹੋਵੇ ਤਾਂ ਇਹ ਦੱਸ ਦੇਣ, ਇਕ ਵੀ ਆਦਮੀ ਛਡਿਆ ਹੋਵੇ। ਫਿਰ ਜਾਂ ਤਾਂ ਮੈਂ ਅਸਤੀਫਾ ਦੇ ਦੇਵਾਂਗਾ ਜਾਂ ਇਹ ਦੇ ਦੇਣ। ਏਨਾ ਧੱਕਾ ਕਦੇ ਨਹੀਂ ਹੋਇਆ ?

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਐਲੀਗੇਸ਼ਨ ਲਗਾਏ ਹਨ ਔਰ ਇਕ ਕਮੇਟੀ ਬਣਾ ਲਓ। ਜਾਂ ਤਾਂ ਇਹ ਲਫਜ਼ ਵਾਪਸ ਲੈ ਲੈਣ ਨਹੀਂ ਤਾਂ ਕਮੇਟੀ ਜ਼ਰੂਰ ਬਣਨੀ ਚਾਹੀਦੀ ਹੈ।

ਰਾਜ ਮੰਤਰੀ, ਪੇਂਡੂ ਵਿਕਾਸ ਤੇ ਪੰਚਾਇਤਾਂ : ਸਪੀਕਰ ਸਾਹਿਬ, ਇਕ ਪਹਿਲਾਂ ਵੀ ਹਾਊਸ ਦੀ ਕਮੇਟੀ ਬਣੀ ਸੀ ਹਰਚੰਦ ਸਿੰਘ ਕਮੇਟੀ ਬਣੀ ਸੀ। ਉਨ੍ਹਾਂ ਦੀ ਪੜਤਾਲ ਕਰਵਾ ਲਵੋ ਕਿੰਨੇ ਤੇ ਕਿਹੜੇ ਉਸ ਵਿਚ ਫਸੇ ਸਨ। (ਹਾਸਾ)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਜਵਾਬ ਦਿੰਦੇ ਹੋਏ ਮੇਰੀ ਜ਼ਾਤ ਤੇ ਹਮਲੇ ਕੀਤੇ ਹਨ ......

ਸ਼੍ਰੀ ਸਪੀਕਰ : ਮੈਂ ਸੰਧੂ ਸਾਹਿਬ, ਬੇਨਤੀ ਕਰਾਂਗਾ ਕਿ ਜੇਕਰ ਤਾਂ ਪੁਆਇੰਟ ਆਫ ਆਰਡਰ ਤੇ ਬੋਲਣਾ ਹੈ, I will allow. ਜੇਕਰ ਪਰਸਨਲ ਐਕਸਪਲਾਨੇਸ਼ਨ ਤੇ ਬੋਲਣਾ ਹੈ, then let him conclude.

ਸਰਦਾਰ ਜਸਦੇਵ ਸਿੰਘ ਸੰਧੂ : ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕਮੇਟੀ ਬਣਾਈ ਜਾਵੇ, ਮੈਨੂੰ ਮਨਜ਼ੂਰ ਹੈ। ਇਹ ਕਮੇਟੀ ਸਾਡੀ ਵੀ ਇਨਕੁਆਇਰੀ ਕਰੇ ਔਰ ਇਨ੍ਹਾਂ ਦੀ ਵੀ ਕਰੇ।

Mr Speaker : Please continue.

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਮੈਨੂੰ ਗੁੱਸਾ ਇਸ ਗੱਲ ਦਾ ਸੀ। ਮੈਂ ਪਹਿਲਾਂ ਹੀ ਕਿਹਾ ਸੀ ਕਿ ਛੱਜ ਤਾਂ ਬੋਲੇ ਪਰ ਛਾਣਨੀ ਕਿਉਂ ਬੋਲੇ। ** ** (ਵਿਘਨ)

ਸ਼੍ਰੀ ਸਪੀਕਰ : ਮੰਤਰੀ ਜੀ, ਮੈਂ ਬੇਨਤੀ ਕਰਾਂਗਾ ਕਿ ਅਸੀਂ ਵੀ ਹਾਊਸ ਦਾ ਡੈਕੋਰਮ ਰਖੀਏ।

ਸਹਿਕਾਰਤਾ ਮੰਤਰੀ: ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਇਕ ਆਮ ਰਿਵਾਜ ਬਣ ਗਿਆ ਹੈ ......

ਸ਼੍ਰੀ ਸਪੀਕਰ : ਡਾਕਟਰ ਰਤਨ ਸਿੰਘ ਬਾਰੇ ਜੋ ਪਰਸਨਲ ਲਫਜ਼ ਕਹੇ ਗਏ ਹਨ ਉਹ ਐਕਸਪੰਜ ਕਰ ਦਿੱਤੇ ਜਾਣ।

**Expunged as ordered by the Chair.

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਅਸੀਂ ਬਹੁਤ ਹੀ ਲੋਐਸਟ ਡਿਗਰੀ ਤੇ ਚਲੇ ਗਏ ਹਾਂ, ਪਰਸਨਲ ਨਹੀਂ ਹੋਣਾ ਚਾਹੀਦਾ। Mr. Speaker, you are the custodian of the House. Kindly maintain the dignity of the House and restrain the hon. Members, including the Ministers, from speaking like this.

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਮੈਨੂੰ ਕਈ ਮੈਂਬਰਾਂ ਦਾ ਸਤਿਕਾਰ ਵੀ ਹੈ। ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜਦੋਂ ਮੇਰੇ ਤੇ ਬਾਰ ਬਾਰ, ਆਮ ਤੌਰ ਤੇ ਦੋਸ਼ ਲਾਏ ਹਨ......

ਸਰਦਾਰ ਰਵੀਇੰਦਰ ਸਿੰਘ : ਸਪੀਕਰ ਸਾਹਿਬ, ਅੱਜ ਬੜੇ ਸੰਗੀਨ ਇਲਜ਼ਾਮ ਲਗੇ ਹਨ ਔਰ ਤੁਹਾਡੀ ਰੂਲਿੰਗ ਦੇ ਬਾਵਜੂਦ ਲਗੀ ਜਾ ਰਹੇ ਹਨ। ਲੇਕਿਨ ਇਹ ਕਦੇ ਨਹੀਂ ਹੋਇਆ ਕਿ ਕਦੇ ਕਿਸੇ ਸਖਸ਼ ਨੇ ਕਿਸੇ ਹੋਰ ਮੈਂਬਰ ਦੇ ਖਿਲਾਫ ਇਲਜ਼ਾਮ ਲਾਇਆ ਹੋਵੇ ਔਰ ਉਹ ਬਗੈਰ ਕਿਸੇ ਅਪਾਲੋਜੀ ਟੈਂਡਰ ਕੀਤੇ ਦੇ ਹੀ ਉਸ ਨੂੰ ਹਾਊਸ ਦੇ ਰਿਕਾਰਡ ਉਤੋਂ ਰੱਦ ਕਰ ਦਿੱਤਾ ਹੋਵੇ। ਜੇਕਰ ਇਹ ਕੀਤਾ ਜਾਵੇਗਾ ਤਾਂ ਮੈਂਬਰਾਂ ਦੇ ਨਾਲ ਅਨਫੇਅਰ ਹੋਵੇਗਾ । ਪਰਸਨਲ ਐਕਸਪ-ਲਾਨੇਸ਼ਨ ਦੇ ਹੇਠਾਂ ਮੈਂਬਰਾਂ ਦਾ ਹੱਕ ਹੈ ਕਿ ਮੈਂਬਰ ਆਪਣੀ ਸਫਾਈ ਪੇਸ਼ ਕਰ ਸਕੇ। ਜੇ ਕੇਵਲ ਅਸੀਂ ਇਹ ਰਿਵਾਇਤ ਹੀ ਬਣਾ ਲਈ ਕਿ ਐਲੀਗੇਸ਼ਨ ਲਗ ਜਾਣ ਔਰ ਉਸ ਦੀ ਬਗੈਰ ਮਾਫੀ ਮੰਗਾਏ ਉਸ ਨੂੰ ਰੱਦ ਕਰ ਦਿੱਤਾ ਤਾਂ ਕਾਇਦੇ ਦੇ ਮੁਤਾਬਿਕ ਡੀਬੇਟ ਨਹੀਂ ਹੋ ਸਕੇਗੀ। ਮੈਂ ਗੁਜ਼ਾਰਿਸ਼ ਕਰਾਂਗਾ ਕਿ ਤੁਸੀਂ ਆਪਣੀਆਂ ਪੁਰਾਣੀਆਂ ਪਰੋਸੀਡਿੰਗਜ਼ ਕਢਵਾ ਕੇ ਵੇਖ ਲਓ। The only manner in which any proceedings can be removed from the record is if the speaker (person speaking) apologises from the House, otherwise it is not done like this.

ਸ੍ਰੀ ਸਪੀਕਰ : ਤੁਸੀਂ ਪਿਛਲੇ 4-5 ਦਿਨਾਂ ਦੀ ਕਾਰਵਾਈ ਵਿਚ ਨਹੀਂ ਆ ਸਕੇ । ਉਸ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਸਮਾਂ ਮੰਗਿਆ ਸੀ ਔਰ ਉਨ੍ਹਾਂ ਨੂੰ ਪਰਸਨਲ ਐਕਸਪਲੇਨੇਸ਼ਨ ਕਰਨ ਵਾਸਤੇ ਸਮਾਂ ਦਿੱਤਾ ਗਿਆ ਸੀ ਉਸ ਵਿਚ ਉਨ੍ਹਾਂ ਨੇ ਆਪਣੀ ਸਾਰੀ ਗੱਲ ਸਪੱਸ਼ਟ ਕਰ ਦਿੱਤੀ ਸੀ। ਹੁਣ ਵੀ ਮੈਂ ਬੇਨਤੀ ਕਰਾਂਗਾ ਕਿ ਬੜੇ ਮੋਹਤਰਮ ਮੈਂਬਰਜ਼ ਸਾਹਿਬਾਨ ਹਨ, ਹਾਊਸ ਦਾ ਡੈਕੋਰਮ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਪਰਸਨਲ ਐਲੀਗੇਸ਼ਨ ਲਗਾਉਣਾ ਠੀਕ ਨਹੀਂ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਜਿਸ ਤਰ੍ਹਾਂ ਪੰਡਿਤ ਜੀ ਨੇ ਕਿਹਾ ਹੈ ਕਿ ਰੂਲਜ਼ ਦੇ ਮੁਤਾਬਿਕ ਹੀ ਕਹਿਣਾ ਚਾਹੀਦਾ ਹੈ। ਇਸ ਵਾਸਤੇ ਰੂਲਜ਼ ਬੜੇ ਕਲੀਅਰ ਹਨ ਕਿ ਜਿਸ ਵੇਲੇ ਮੈਂਬਰ ਬੋਲਦਾ ਹੋਵੇ ਉਹ ਕੋਈ ਡੈਰੋਗੇਟਰੀ ਜਾਂ ਇਨਸਲਟਿੰਗ ਲੈਂਗੂਏਜ ਇਸਤੇਮਾਲ ਨਾ ਕਰੇ। ਲੇਕਿਨ ਇਥੇ ਮੈਂ ਸਮਝਦਾ ਹਾਂ ਕਿ ਬੜੀ ਇਨਸਲਟਿੰਗ ਲੈਂਗੂਏਜ ਇਸਤੇਮਾਲ ਕੀਤੀ ਗਈ ਹੈ। ਕੋਈ ਜਨਰਲ ਗੱਲ ਕੀਤੀ ਜਾਂਦੀ ਤਾਂ ਹੋਰ ਗੱਲ ਸੀ ਲੇਕਿਨ ਨਾਂ ਲੈ ਕੇ ਭਾਂਡੇ ਮਾਂਜਣ ਵਾਲਾ ਜਾਂ ਕਲੀਨਰ ਕਹਿਣਾ ਇਹ ਡਿਬੇਟ ਦਾ ਸਟੈਂਡਰਡ ਬੜਾ ਗਿਰਾ ਦੇਵੇਗਾ ਔਰ ਤਾਹਨੇ ਮਿਹ-ਣਿਆਂ ਤਕ ਗੱਲ ਆ ਜਾਵੇਗੀ। ਇਸ ਨੂੰ ਤੁਸੀਂ ਐਕਸਪੰਜ ਕਰਵਾ ਦਿਓ।

Mr Speaker : I have already expunged.

Sardar Ravi Inder Singh : He must apologise.

Pandit Mohan Lal : Decorum must be maintained in the House by all.

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ......

ਸ੍ਰੀ ਸਪੀਕਰ : ਸਮਾਂ ਬਹੁਤ ਥੋੜ੍ਹਾ ਰਹਿ ਗਿਆ ਹੈ। 5 ਮਿੰਟਾਂ ਵਿਚ ਖਤਮ ਕਰੋ।

ਸਹਿਕਾਰਤਾ ਮੰਤਰੀ : ਮੈਂ ਕਹਿ ਰਿਹਾ ਸੀ ਕਿ ਜਿਥੇ ਇਥੇ ਨੁਕਤਾਚੀਨੀ ਕੀਤੀ ਹੈ ਉਥੇ ਕਈ ਮੈਂਬਰਜ਼ ਨੇ ਸੁਝਾਵ ਵੀ ਦਿੱਤੇ ਹਨ। ਮੈਂ ਉਨ੍ਹਾਂ ਦਾ ਸਵਾਗਤ ਕੀਤਾ ਸੀ। ਪੰਡਿਤ ਸਰਵਣ ਰਾਮ ਨੇ ਕਿਹਾ ਸੀ ਕਿ ਅਫ਼ਸਰ ਨਾ ਹੋਣ ਇਸ ਵਿਚ ਨੁਮਾਇੰਦੇ ਹੋਣੇ ਚਾਹੀਦੇ ਹਨ, ਔਰ ਕੋਈ ਐਸਾ ਕਾਨੂੰਨ ਬਣੇ ਕਿ ਉਹ ਮੈਂਬਰ ਪੱਕੇ ਰਹਿਣ। ਇਸ ਸਬੰਧ ਵਿਚ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੇ ਇਕ ਐਸੀ ਕਮੇਟੀ ਬਣਾ ਦਿੱਤੀ ਹੈ, ਰੂਲਜ਼ ਦਾ ਜਿਹੜਾ ਐਕਟ ਹੈ ਉਸ ਵਿਚ ਅਮੈਂਡਮੈਂਟ ਕਰਨ ਵਾਸਤੀ, ਇਸ ਕਮੇਟੀ ਵਿਚ ਐਮ.ਐਲ.ਏਜ਼ ਵੀ ਹਨ, ਕਿਸਾਨ ਵੀ ਹਨ, ਹਰ ਖੇਤਰ ਦਾ ਬੰਦਾ ਜਿਹੜਾ ਸਹਿਕਾਰਤਾ ਦਾ ਮਾਹਿਰ ਹੋਵੇ ਉਸ ਕਮੇਟੀ ਵਿਚ ਲਿਆ ਹੈ। ਇਕ ਪੰਡਿਤ ਜੀ ਨੇ ਕਿਹਾ ਸੀ ਕਿ ਮਾਰਕਿਟ ਸੁਸਾਇਟੀਆਂ ਦਾ ਕੰਮ ਬੜਾ ਘੱਟ ਗਿਆ ਹੈ। ਇਸ ਸਬੰਧ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲੇ ਜਿਹੜੀਆਂ ਇਹ ਕਮੇਟੀਆਂ ਬਿਲਕੁਲ ਡੈਡ ਕਰ ਦਿੱਤੀਆਂ ਸਨ, ਅਸੀਂ ਮਹਿਸੂਸ ਕੀਤਾ ਕਿ ਇਨ੍ਹਾਂ ਨੂੰ ਜੀਉਂਦਾ ਰੱਖਣਾ ਹੈ ਔਰ ਇਸ ਲਈ ਹਦਾਇਤਾਂ ਕੀਤੀਆਂ ਕਿ ਫਰੀ ਸੇਲ ਫਰਟੇਲਾਈਜ਼ਰ ਦੀ ਸਪਲਾਈ ਇਨ੍ਹਾਂ ਨੂੰ ਦਿੱਤੀ। ਗੋਡਾਊਨਜ਼ ਦੇ ਰੇਟ ਵੀ ਬੜੇ ਵਧਾ ਦਿੱਤੇ। ਇਸ ਤਰ੍ਹਾਂ ਇਸ ਨੂੰ ਅਸੀਂ ਸਟ੍ਰੈਂਥਨ ਕਰਨ ਦਾ ਯਤਨ ਕਰ ਰਹੇ ਹਾਂ ਤਾਕਿ ਇਹ ਸੁਸਾਇਟੀਆਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। ਫਿਰ ਇਨ੍ਹਾਂ ਨੇ ਕਿਹਾ ਹੈ ਕਿ ਮਿਲਕ ਪਲਾਂਟ ਘਾਟੇ ਵਿਚ ਜਾ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਗਲਤ ਫਿਗਰਜ਼ ਇਨ੍ਹਾਂ ਨੂੰ ਕਿਸੇ ਨੇ ਦੇ ਦਿੱਤੀਆਂ ਹਨ। 96% ਮਿਲਕ ਪਲਾਂਟਸ ਜਾਂ ਲਾਭ ਵਿਚ ਜਾ ਰਹੇ ਹਨ ਜਾਂ ਨੋ ਪਰਾਫਿਟ ਨੋ ਲਾਸ ਤੇ ਹਨ। ਇਸ ਤੋਂ ਬਾਅਦ ਇਨ੍ਹਾਂ ਨੇ ਲੋਨ ਦੀ ਗੱਲ ਕੀਤੀ ਹੈ......

ਪਹਿਲੇ ਕਰਜ਼ੇ ਲਈ ਉਨ੍ਹਾਂ ਨੂੰ ਚੰਡੀਗੜ੍ਹ ਆਉਣਾ ਪਵੇ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲੇ ਇਸ ਦੀ ਹੱਦ 70 ਹਜ਼ਾਰ ਰੁਪਿਆ ਸੀ ਜਿਸ ਨੂੰ ਹੁਣ ਵਧਾ ਕੇ ਇਕ ਲੱਖ ਰੁਪਿਆ ਕਰ ਦਿੱਤਾ ਹੈ। ਇਸੇ ਤਰ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਦੀ ਕੀਮਤ ਪਹਿਲੇ ਬਹੁਤ ਥੋੜ੍ਹੀ ਪੈਂਦੀ ਸੀ ਇਸ ਨੂੰ ਅਸੀਂ ਵਧਾ ਕੇ ਦੁੱਗਣਾ ਕਰ ਦਿੱਤਾ ਹੈ ਤਾਕਿ ਕਿਸਾਨਾਂ ਨੂੰ ਕਰਜ਼ਾ ਲੈਣ ਵਿਚ ਫਾਇਦਾ ਹੋ ਸਕੇ ਅਤੇ ਥੋੜ੍ਹੀ ਜ਼ਮੀਨ ਵਿਚ ਜ਼ਿਆਦਾ ਕਰਜ਼ਾ ਮਿਲ ਸਕੇ। ਇਸੇ ਤਰ੍ਹਾਂ ਅਸੀਂ ਯਤਨ ਕੀਤੇ ਹਨ ਸਹਿਕਾਰਤਾ ਲਹਿਰ ਨੂੰ ਮਜ਼ਬੂਤ ਕਰਨ ਵਿਚ ਤਾਕਿ ਜਿਹੜੀਆਂ ਪ੍ਰਾਪਤੀਆਂ ਅਤੇ ਲਾਭ ਹੋਏ ਹਨ ਉਨ੍ਹਾਂ ਨੂੰ ਕਾਇਮ ਰੱਖ ਸਕੀਏ ਅਤੇ ਹਰ ਇਕ ਨੂੰ ਫਾਇਦਾ ਹੋ ਸਕੇ ਔਰ ਸਾਡਾ ਯਤਨ ਹੋਵੇਗਾ ਕਿ ਇਨ੍ਹਾਂ ਪ੍ਰਾਪਤੀਆਂ ਅਤੇ ਲਾਭਾਂ ਦਾ ਫਾਇਦਾ ਹਰ ਇਕ ਕਿਸਾਨ ਨੂੰ ਮਿਲੇ। ਖਾਸ ਤੌਰ ਤੇ ਉਸ ਸਮੇਂ ਜਦੋਂ ਅਸੀਂ ਐਗਰੀਕਲਚਰ ਦੀ ਡਾਈਵਰਸੀਫੀਕੇਸ਼ਨ ਕਰਨ ਵੱਲ ਜਾ ਰਹੇ ਹਾਂ। ਇਸ ਲਈ ਮੈਂ ਹਾਊਸ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਡੀਮਾਂਡਾਂ ਨੂੰ ਪਾਸ ਕਰ ਦਿੱਤਾ ਜਾਵੇ।

ਸ਼੍ਰੀ ਸਪੀਕਰ : ਮੈਂ ਸਮਝਦਾ ਹਾਂ ਕਿ ਹਾਊਸ ਦਾ ਰੈਗੂਲਰ ਸਮਾਂ ਸਮਾਪਤ ਹੋਣ ਵਾਲਾ ਹੈ। ਹਾਲੇ ਇਕ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ, ਜੇਕਰ ਹਾਊਸ ਦੀ ਇੱਛਾ ਹੋਵੇ ਤਾਂ ਹਾਊਸ ਦਾ ਸਮਾਂ ਅੱਧੇ ਘੰਟੇ ਲਈ ਐਕਸਟੈਂਡ ਕਰ ਦਿੱਤਾ ਜਾਵੇ। ਜੇ ਹਾਊਸ ਦੀ ਇੱਛਾ ਹੋਵੇ ਤਾਂ ਅੱਧੇ ਘੰਟੇ ਲਈ ਸਮਾਂ ਵਧਾ ਲਿਆ ਜਾਵੇ।

ਅਵਾਜ਼ਾਂ : ਕਰ ਲਓ ਜੀ। ਪਾਸ ਕਰੋ ਹੁਣ, ਡਿਸਕਸ਼ਨ ਦੀ ਕੀ ਲੋੜ ਹੈ।

ਸ਼੍ਰੀ ਸਪੀਕਰ: ਹਾਊਸ ਦਾ ਸਮਾਂ ਅੱਧੇ ਘੰਟੇ ਲਈ ਐਕਸਟੈਂਡ ਕੀਤਾ ਜਾਂਦਾ ਹੈ।

ਰਾਜ ਮੰਤਰੀ, ਜੰਗਲਾਤ, ਭੂਮੀ ਰਖਿਆ ਤੇ ਜੰਗਲੀ ਜੀਵ (ਸਰਦਾਰ ਸੁਰਿੰਦਰਪਾਲ ਸਿੰਘ ਗਿੱਲ) : ਸਪੀਕਰ ਸਾਹਿਬ, ਇਹ ਜਿਹੜੀ ਡੀਮਾਂਡ ਹਾਊਸ ਦੇ ਸਾਹਮਣੇ ਪੇਸ਼ ਹੈ ਇਨ੍ਹਾਂ ਨੂੰ ....

ਡਾਕਟਰ ਰਤਨ ਸਿੰਘ : ਆਨ ਏ ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਮੈਂ ਚੰਦੂਮਾਜਰਾ ਸਾਹਿਬ ਨੇ ਜਿਹੜੀ ਗੱਲ ਕਹੀ ਹੈ ਉਸ ਬਾਰ ਆਪਣੀ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹੁੰਦਾ ਹਾਂ।

ਸ੍ਰੀ ਸਪੀਕਰ : ਜਿਸ ਬਾਰੇ ਤੁਸੀਂ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹੁੰਦੇ ਹੋ ਉਹ ਮੈਟਰ ਐਕਸਪੰਜ ਕਰਵਾ ਦਿੱਤਾ ਹੈ, ਉਹ ਰਿਕਾਰਡ ਵਿੱਚ ਨਹੀਂ ਹੈ। ਹੁਣ ਤੁਸੀਂ ਬੈਠ ਜਾਓ। ਮੈਂ ਕਹਿ ਦਿੱਤਾ ਸੀ ਕਿ ਰਿਕਾਰਡ ਨਾ ਕੀਤਾ ਜਾਵੇ।

ਰਾਜ ਮੰਤਰੀ, ਜੰਗਲਾਤ, ਭੂਮੀ ਰਖਿਆ ਤੇ ਜੰਗਲੀ ਜੀਵ : ਜਦੋਂ ਤੋਂ ਅਸੀਂ ਆਜ਼ਾਦੀ ਪ੍ਰਾਪਤ ਕੀਤੀ ਹੈ ਸਾਡਾ ਮੇਨ ਸਟਰੈਸ ਖੇਤੀਬਾੜੀ ਉਤੇ ਰਿਹਾ ਹੈ ਔਰ ਖੇਤੀਬਾੜੀ ਵਿਚ ਵੱਧ ਤੋਂ ਵੱਧ ਪੈਦਾਵਾਰ ਪੈਦਾ ਕੀਤੀ ਹੈ ਤਾਕਿ ਮੁਲਕ ਵਿਚੋਂ ਅਨਾਜ ਦੀ ਸ਼ਾਰਟੇਜ ਦੂਰ ਹੋ ਸਕੇ। ਇਸ ਸ਼ਾਰਟੇਜ ਨੂੰ ਪੰਜਾਬ ਦੇ ਕਿਸਾਨਾਂ ਨੇ ਦੂਰ ਕੀਤਾ। ਇਸ ਦੇ ਵਿਚ ਪੰਜਾਬ ਦੀਆਂ ਸਮੇਂ ਸਮੇਂ ਦੀਆਂ ਸਰਕਾਰਾਂ ਦਾ ਅਤੇ ਕਿਸਾਨਾਂ ਦਾ ਬੜਾ ਯੋਗਦਾਨ ਰਿਹਾ ਹੈ। ਇਸ ਯੋਗਦਾਨ ਕਰਕੇ ਹੀ ਪੰਜਾਬ ਨੇ ਐਗਰੀਕਲਚਰ ਦੇ ਖੇਤਰ ਵਿਚ ਬੜੀ ਤਰੱਕੀ ਕੀਤੀ ਹੈ। ਇਸ ਤਰੱਕੀ ਵਿਚ ਸਾਰਿਆਂ ਨੇ ਆਪਣਾ ਆਪਣਾ ਯੋਗਦਾਨ ਪਾਇਆ ਹੈ (ਥੰਪਿੰਗ) ਤਾਕਿ ਦੇਸ਼ ਅਤੇ ਸੂਬੇ ਦੀ ਤਰੱਕੀ ਹੋ ਸਕੇ ਲੇਕਿਨ ਅੱਜ ਜੋ ਸਮੱਸਿਆ ਆਈ ਹੈ ਅਨਇੰਪਲਾਇਮੈਂਟ ਦੀ, ਜਿਨ੍ਹਾਂ ਭਰਾਵਾਂ ਨੇ ਇਸ ਕੰਮ ਵਿਚ ਯੋਗਦਾਨ ਪਾਇਆ ਸੀ ਉਨ੍ਹਾਂ ਨੇ ਇਸ ਵਲ ਉਤਨਾ ਧਿਆਨ ਨਹੀਂ ਦਿੱਤਾ ਜਿੰਨਾਂ ਦੇਣਾ ਚਾਹੀਦਾ ਸੀ ਜਿਸ ਕਰਕੇ ਅੱਜ ਇਹ ਪ੍ਰਾਬਲਮ ਸਾਡੇ ਸਾਹਮਣੇ ਆਈ ਹੈ। ਇਨ੍ਹਾਂ ਨੇ ਇਹ ਮਹਿਸੂਸ ਨਹੀਂ ਕੀਤਾ ਕਿ 37-38 ਸਾਲਾਂ ਬਾਅਦ ਇਹ ਪ੍ਰਾਬਲਮ ਕਰੀਏਟ ਹੋ ਸਕਦੀ ਹੈ। ਪੰਜਾਬ ਇਕ ਐਗਰਰੇਰੀਅਨ ਸਟੇਟ ਹੈ ਔਰ ਸਾਡਾ ਸਾਰਾ ਧਿਆਨ ਖੇਤੀਬਾੜੀ ਉਤੇ ਰਿਹਾ ਹੈ। ਕੰਮ ਕਰਨ ਵਿਚ ਅਸੀਂ ਗੁਰੇਜ਼ ਨਹੀਂ ਕਰਦੇ ਹਾਂ। ਜਦੋਂ ਪਾਕਿਸਤਾਨ ਬਣਿਆ ਸੀ ਤਾਂ ਉਧਰ ਤੋਂ ਲੋਕਾਂ ਨੇ ਆ ਕੇ ਇਥੇ ਆਪਣੀਆਂ ਕੁਰਬਾਨੀਆਂ ਦਿੱਤੀਆਂ, ਆਪਣੇ ਪੁੱਤਾਂ ਦੀਆਂ ਕੁਰਬਾਨੀਆਂ ਦਿੱਤੀਆਂ ਅਤੇ ਆਪਣੀਆਂ ਜ਼ਮੀਨਾਂ ਦੀ ਕੁਰਬਾਨੀ ਦਿੱਤੀ ਉਥੇ ਉਹ 100-100, 200-200 ਏਕੜ ਦੇ ਮਾਲਿਕ ਸਨ ਪਰ ਉਸ ਦਾ ਮੁਆਵਜ਼ਾ ਇਨ੍ਹਾਂ ਲੋਕਾਂ ਨੂੰ ਕਲੇਮ ਵਿਚ ਕੇਵਲ ਕਿਸੇ ਨੂੰ 25% ਕਿਸੇ ਨੂੰ 40% ਅਤੇ ਕਿਸੇ ਨੂੰ 50% ਮਿਲਿਆ ਸੀ, ਉਨ੍ਹਾਂ ਦੀਆਂ ਜ਼ਮੀਨਾਂ ਉਤੇ ਕੱਟ ਲੱਗਾ ਅਤੇ ਪੰਜਾਬ ਵਿਚ ਲੋਕਾਂ ਦੀਆਂ ਜ਼ਮੀਨਾਂ ਸੌੜੀਆਂ ਹੋ ਗਈਆਂ। ਸਪੀਕਰ ਸਾਹਿਬ, ਇਤਨਾ ਕੁਝ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਕਿਸਾਨ ਨੇ ਯਤਨ ਕੀਤਾ ਹੈ, ਖੇਤੀਬਾੜੀ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਇਆ ਹੈ। ਸਪੀਕਰ ਸਾਹਿਬ, ਪਾਕਿਸਤਾਨ ਦੀ ਲੜਾਈ ਵੇਲੇ ਅਤੇ ਚੀਨ ਦੀ ਲੜਾਈ ਵੇਲੇ ਪੰਜਾਬ ਨੇ ਵੱਧ ਤੋਂ ਵੱਧ ਯੋਗਦਾਨ ਪਾਇਆ ਹੈ ਮਗਰ ਅਫਸੋਸ ਦੀ ਗੱਲ ਹੈ ਕਿ ਪੰਜਾਬ ਦੇ ਕਿਸਾਨ ਨੂੰ ਬਾਵਜੂਦ ਇਤਨੀ ਪਰੋਡਕਸ਼ਨ ਕਰਨ ਦੇ ਸੈਂਟਰ ਵਲੋਂ ਵਾਜਬ ਭਾਅ ਨਹੀਂ ਮਿਲ ਰਹੇ ਹਨ। ਪੰਡਿਤ ਜੀ ਹੋਰਾਂ ਨੂੰ ਅਤੇ ਦੂਸਰੇ ਭਰਾਵਾਂ ਨੂੰ ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਖੇਤੀਬਾੜੀ ਵਿਚ ਕਿਸਾਨਾਂ ਨੂੰ ਪਰੋਡਕਸ਼ਨ ਦਾ ਸਹੀ ਮੁਲ ਨਹੀਂ ਮਿਲ ਰਿਹਾ ਪੰਜਾਬ ਦੇ ਕਿਸਾਨਾਂ ਦੇ ਸਿਰ 35 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਉਹ ਕਰਜ਼ਾ ਬੈਂਕਾਂ ਕੋਲੋਂ ਕਿਸਾਨਾਂ ਨੇ ਟਰੈਕਟਰ ਖਰੀਦਣ ਵਾਸਤੇ, ਟਿਊਬਵੈਲ ਵਗੈਰਾ ਲਗਾਉਣ ਵਾਸਤੇ ਅਤੇ ਹੋਰ ਫਰਟੇ-

[ਰਾਜ ਮੰਤਰੀ, ਜੰਗਲਾਤ, ਭੂਮੀ ਰਖਿਆ ਤੇ ਜੰਗਲੀ ਜੀਵ]

ਲਾਈਜ਼ਰ ਦਾ ਸਾਮਾਨ ਖਰੀਦਣ ਵਾਸਤੇ ਲਿਆ ਸੀ। ਮੈਂ ਇਸ ਬਾਰੇ ਸਰਦਾਰ ਬਲਵੰਤ ਸਿੰਘ, ਵਿੱਤ ਮੰਤਰੀ ਸਾਹਿਬ, ਨੂੰ ਵੀ ਕਹਾਂਗਾ ਕਿ ਸਾਨੂੰ ਇਨ੍ਹਾਂ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ। 2500 ਕਰੋੜ ਰੁਪਏ ਦਾ ਇੰਡਸਟਰੀ ਵਾਸਤੇ ਖਰਚਾ ਹੈ ਪਰ ਇਸ ਨਾਲ ਅਨਇੰਪਲਾਇਮੈਂਟ ਵਧੀ ਹੈ। ਖੇਤੀ ਦੀ ਪਰੋਡਕਸ਼ਨ ਨਾਲ ਸਾਈਡ ਬਾਈ ਸਾਈਡ ਇੰਡਸਟਰੀ ਲਗਣੀ ਚਾਹੀਦੀ ਹੈ। ਸਪੀਕਰ ਸਾਹਿਬ, ਕਣਕ ਵਾਸਤੇ ਐਗਰੀਮੈਂਟ ਹੋਇਆ ਸੀ। ਪੀ.ਐਲ. 480 ਪਹਿਲਾਂ ਚਲਦਾ ਸੀ ਸਮੇਂ ਸਮੇਂ ਦੀ ਸਰਕਾਰ ਵਲੋਂ ਆਪਣਾ ਆਪਣਾ ਹਿੱਸਾ ਪਾਇਆ ਗਿਆ ਹੈ। ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੀ ਸਰਕਾਰ ਨੂੰ ਆਏ ਨੂੰ ਡੇਢ ਸਾਲ, ਤਿੰਨ ਚਾਰ ਦਿਨਾਂ ਤਕ, ਹੋਣ ਵਾਲਾ ਹੈ। ਇਨ੍ਹਾਂ ਦੇ ਰਾਜ ਵਿਚ ਰਿਕਾਰਡ ਤੋੜ ਪਰੋਡਕਸ਼ਨ ਹੋਈ ਹੈ। ਫੂਡ ਗਰੇਨ ਸਬੰਧੀ ਜੋ 1989-90 ਵਿਚ ਪਲਾਨ ਮਿਥਿਆ ਗਿਆ ਸੀ, ਉਹ ਅਸੀਂ ਪਹਿਲਾਂ ਹੀ ਟਾਰਗੈਟ ਅਚੀਵ ਕਰ ਲਿਆ ਹੈ। ਸਪੀਕਰ ਸਾਹਿਬ, ਟੋਟਲ ਫੂਡ ਗਰੇਨ ਦਾ ਟਾਰਗੈਟ 1989-90 ਵਿਚ 171 ਲੱਖ ਟਨ ਦਾ ਸੀ, ਉਹ ਅਸੀਂ ਲਾਸਟ ਯੀਅਰ ਹੀ 171.62 ਲੱਖ ਟਨ ਅਚੀਵ ਕਰ ਲਿਆ ਹੈ। (ਥੰਪਿੰਗ) ਇਹ ਬਹੁਤ ਹੀ ਮਹੱਤਵ ਪੂਰਨ ਗੱਲ ਹੈ। ਇਸ ਵਿਚ ਬਰਨਾਲਾ ਸਾਹਿਬ ਨੇ ਜੋ ਕਿ ਪਹਿਲਾਂ ਸੈਂਟਰ ਵਿਚ ਐਗਰੀਕਲਚਰ ਮਨਿਸਟਰ ਸਨ ਉਨ੍ਹਾਂ ਦਾ ਜੋ ਐਕਸਪੀਰੀਐਂਸ ਸੀ ਬਹੁਤ ਯੋਗਦਾਨ ਪਾਇਆ ਹੈ। ਇਸ ਵਿਚ ਸਰਦਾਰ ਬਲਵੰਤ ਸਿੰਘ, ਫਾਈਨਾਂਸ ਮਨਿਸਟਰ ਸਾਹਿਬ, ਨੇ ਵੀ ਕਾਫੀ ਸਾਥ ਦਿੱਤਾ ਹੈ, ਤੁਸੀਂ ਵੀ ਸਾਡਾ ਇਸ ਕੰਮ ਵਿਚ ਸਾਥ ਦਿਓ। ਕਿਸਾਨਾਂ ਨੂੰ ਜਿਣਸ ਦੇ ਭਾਅ ਠੀਕ ਮਿਲਣੇ ਚਾਹੀਦੇ ਹਨ। ਪਰਾਈਸ ਕਮਿਸ਼ਨ ਜੋ ਬੈਠਦੇ ਹਨ ਉਨ੍ਹਾਂ ਨੂੰ ਅਸੀਂ ਐਗਰੀਕਲਚਰ ਯੂਨੀਵਰਸਿਟੀ ਵਲੋਂ ਅਤੇ ਆਪਣੀ ਸਰਕਾਰ ਵਲੋਂ ਰਿਕੁਮੈਂਡੇਸ਼ਨ ਕਰਕੇ ਭੇਜਦੇ ਹਾਂ। ਸਪੀਕਰ ਸਾਹਿਬ, ਇਨ੍ਹਾਂ ਨੂੰ ਇਸ ਗੱਲ ਵਿੱਚ ਸਾਡਾ ਸਾਥ ਦੇਣਾ ਚਾਹੀਦਾ ਹੈ ਤਾਂਕਿ ਪੰਜਾਬ ਦੇ ਕਿਸਾਨਾਂ ਦਾ 35 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੱਥੇ। ਸਪੀਕਰ ਸਾਹਿਬ, ਰਾਈਸ ਦਾ 55 ਲੱਖ ਟਨ ਦਾ ਟੀਚਾ ਸੀ ਪ੍ਰੰਤੂ ਅਸੀਂ 54.48 ਲੱਖ ਟਨ ਅਚੀਵ ਕਰ ਲਿਆ। (ਥੰਪਿੰਗ) ਆਉਣ ਵਾਲੇ ਸਮੇਂ ਵਿਚ ਰਾਈਸ 60.22 ਲੱਖ ਟਨ ਹੋ ਜਾਵੇਗਾ। 180 ਲੱਖ ਟਨ ਟੋਟਲ ਫੂਡ ਗਰੇਨ ਦਾ ਐਸਟੀਮੇਟ ਸੀ। ਕਣਕ ਦਾ, ਸਪੀਕਰ ਸਾਹਿਬ, 105 ਲੱਖ ਟਨ ਦਾ ਟੀਚਾ ਸੀ ਔਰ ਇਹ 1989–90 ਤਕ ਦਾ ਸੀ। ਸਪੀਕਰ ਸਾਹਿਬ, ਅਸੀਂ 109.92 ਲੱਖ ਟਨ ਇਸ ਸਾਲ ਅਚੀਵ ਕਰ ਲਿਆ ਹੈ। ਬੈਟਰ ਕਰਾਪ ਜਿਹੜੀ ਅਸੀਂ ਮਈ ਵਿੱਚ ਹਾਰਵੈਸਟ ਕਰਨੀ ਹੈ, ਉਹ ਵਧੀਆ ਹੋਵੇਗੀ।

ਮੈਂ ਕਾਟਨ ਦੀ ਗੱਲ ਕਰਨਾ ਚਾਹੁੰਦਾ ਹਾਂ ਕਿ 1983-84 ਵਿੱਚ 7.7 ਲੱਖ ਬੇਲਜ਼ ਸਨ। ਜੋ ਟੀਚਾ ਹੈ, ਉਹ 14 ਲੱਖ ਬੇਲਜ਼ ਦਾ ਸੀ ਜੋ ਕਿ ਸੱਤਵੇਂ ਪਲਾਨ ਵਿੱਚ ਅਚੀਵ ਕਰਨਾ ਹੈ। ਉਸ ਦੇ ਵਿੱਚ 14.2 ਲੱਖ ਅਸੀਂ ਪਿਛਲੇ ਸਾਲ ਅਚੀਵ ਕਰ ਲਏ ਸਨ ਅਤੇ ਹੁਣ 16.92 ਲੱਖ ਬੇਲਜ਼ ਹੋਰ ਪੈਦਾ ਹੋ ਰਹੇ ਹਨ। (ਥੰਪਿੰਗ) ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਕਿਵੇਂ ਪੈਦਾ ਹੋਈਆਂ। ਬਰਨਾਲਾ ਸਾਹਿਬ ਜਦੋਂ ਇਰੀਗੇਸ਼ਨ ਮਨਿਸਟਰ ਬਣੇ ਤਾਂ ਭਾਖੜਾ ਡੈਮ ਜਿਹੜਾ ਬਣਿਆ ਸੀ ਉਸ ਦਾ ਮੂੰਹ ਇਨ੍ਹਾਂ ਨੇ ਕਾਟਨ ਪ੍ਰੋਡਿਊਸ ਬੈਲਟ ਵੱਲ ਨੂੰ ਮੋੜ ਦਿੱਤਾ। ਇਹ ਕਿਜਾਈ ਦੇ ਸਮੇਂ ਦੀ ਗੱਲ ਹੈ। ਇਸ ਤਰ੍ਹਾਂ ਨਾਲ ਕਾਟਨ ਦੀ ਪ੍ਰੋਡਕਸ਼ਨ ਵੱਧ ਹੋ ਸਕੀ।

ਆਇਲ ਸੀਡਜ਼ ਬਾਰੇ ਦੱਸਦਾ ਹਾਂ। ਇਕ ਡਾਇਵਰਸੀਫਿਕੇਸ਼ਨ ਦੀ ਨਵੀਂ ਕਾਂਸੈਪਟ ਹੈ। ਜੋ ਵ੍ਹੀਟ ਅਤੇ ਪੈਡੀ ਵਿੱਚ ਮੁੱਖ ਪ੍ਰੋਡਕਸ਼ਨ ਹੋ ਰਹੀ ਹੈ, ਸਾਨੂੰ ਉਸ ਦੀਆਂ ਕੀਮਤਾਂ ਨਹੀਂ ਮਿਲੀਆਂ ਅਸੀਂ ਕੋਸ਼ਿਸ਼ ਕਰਦੇ ਰਹੇ ਕਿ ਇਸ ਦਾ ਮੁੱਲ ਵਧਾਓ, ਉਨ੍ਹਾਂ ਨੇ ਨਹੀਂ ਵਧਾਇਆ। ਅਸੀਂ ਸੂਝ-

ਬੂਝ ਨਾਲ ਇਹੀ ਮਨ ਬਣਾਇਆ ਕਿ ਹਿੰਦੁਸਤਾਨ ਵਿੱਚ ਜਿਸ ਚੀਜ਼ ਦੀ ਘਾਟ ਹੈ, ਉਹੀ ਪੂਰੀ ਕੀਤੀ ਜਾਵੇ ਤਾਕਿ ਪ੍ਰਾਈਸਿਜ਼ ਬੇਹਤਰ ਮਿਲਣ। ਸਾਡਾ ਮੇਨ ਸਟਰੈਸ ਡਾਇਵਰਸੀਫਿਕੇਸ਼ਨ ਦਾ ਆਇਲ ਸੀਡਜ਼ ਵੱਲ ਨੂੰ ਜਾਂਦਾ ਹੈ। ਆਇਲ ਸੀਡਜ਼ ਦੀ ਆਪਣੇ ਹਿੰਦੁਸਤਾਨ ਵਿੱਚ ਸ਼ਾਰ-ਟੇਜ ਰਹਿੰਦੀ ਹੈ, ਐਡੀਬਲ ਆਇਲ ਬਣਦੇ ਹਨ ਜਾਂ ਬਾਹਰੋਂ ਆਉਂਦੇ ਸੀ। ਗੌਰਮਿੰਟ ਆਫ ਇੰਡੀਆ ਨੇ ਵੀ ਸਾਨੂੰ ਸਪੋਰਟ ਪ੍ਰਾਈਸ ਇਸ ਲਈ ਦਿੱਤੀ ਹੈ। ਇਸ ਲਈ ਸਾਡਾ ਮੇਨ ਸਟਰੈਸ ਆਇਲ ਸੀਡਜ਼ ਤੇ, ਪਲਸਿਜ਼ ਤੇ, ਗੰਨਾਂ ਅਤੇ ਸ਼ੂਗਰਕੇਨ ਤੇ ਹੈ। 17 ਪੁਆਇੰਟ ਕੁਝ ਪਰਸੈਂਟ ਕਾਰੈਸਪੋਂਡਿੰਗ ਈਅਰ ਨਾਲੋਂ 19 ਹਜ਼ਾਰ ਹੈਕਟੇਅਰ ਸ਼ੂਗਰਕੇਨ ਦੀ ਵੱਧ ਪ੍ਰੋਡਕਸ਼ਨ ਕਰ ਲਈ ਹੈ ਛੋਟੀਆਂ ਕਰਾਪਸ ਜਿਵੇਂ ਮੈਥਾ, ਵਿੰਟਰ ਮੇਜ਼ ਹੈ, ਪਹਿਲਾਂ ਹੁੰਦੀਆਂ ਹੀ ਨਹੀਂ ਸਨ। ਸਰਦੀਆਂ ਨੂੰ ਹੁਣ ਮੱਕੀ ਬੀਜੀ ਹੈ। ਸਮਰ ਵਿੱਚ ਮੂੰਗ, ਗਰਮੀਆਂ ਵਿੱਚ ਦਾਲਾਂ, ਬਾਸਮਤੀ, ਪੈਡੀ ਅਤੇ ਮਿਕਸ ਬਰੀਡ ਵਿੱਚ ਵੀ ਗੋਭੀ ਸਰਸੋਂ ਹੈ, ਤੋਰੀਆ ਬੀਜਣਾ ਵੀ ਸ਼ੁਰੂ ਕੀਤਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਸਾਲ ਦੀ ਕੋਸ਼ਿਸ਼ ਨਾਲ ਜੋ ਪਿਛੇ 1983 ਤੋਂ ਲੈ ਕੇ 1985 ਤੱਕ ਆਇਲ ਸੀਡਜ਼ ਦਾ ਜਿਹੜਾ ਏਰੀਆ ਘੱਟ ਸੀ, ਉਹ ਸਿਰਫ 83 ਲੱਖ ਹੈਕਟੇਅਰ ਸੀ, ਉਹ ਅਗਲੇ ਇਕ ਸਾਲ ਵਿੱਚ 1.88 ਲੱਖ ਹੈਕਟੇਅਰ ਵੱਧ ਗਿਆ। (ਥੰਪਿੰਗ) ਇਕ ਲੱਖ ਤੋਂ ਵੀ ਵੱਧ ਹੈਕਟੇਅਰ ਵੱਧ ਗਿਆ ਹੈ ਇਸ ਡਾਇਵਰਸੀਫਿਕੇਸ਼ਨ ਨਾਲ। ਅੱਗੇ ਹਾਈ ਟੈਕਨਾਲੋਜੀ ਦੀ ਗੱਲ ਹੈ। ਇਕ ਗੱਲ ਹੋਰ ਅਸੀਂ ਹੁਣ ਪੈਡੀ ਅਤੇ ਵ੍ਹੀਟ ਦਾ ਏਰੀਆ ਘਟਾ ਦਿੱਤਾ ਹੈ। 60 ਹਜ਼ਾਰ ਹੈਕਟੇਅਰ ਹਰ ਸਾਲ ਏਰੀਆ ਵੱਧ ਰਿਹਾ ਸੀ ਕਣਕ ਵਿੱਚ ਅਤੇ ਕਣਕ ਦਾ ਭਾਅ ਪੂਰਾ ਨਹੀਂ ਮਿਲ ਰਿਹਾ ਸੀ। 12 ਹਜ਼ਾਰ ਹੈਕਟੇਅਰ ਏਰੀਆ ਕਣਕ ਹੇਠੋਂ ਹੋਰ ਘੱਟ ਗਿਆ। 72 ਹਜ਼ਾਰ ਹੈਕਟੇਅਰ ਏਰੀਆ ਘੱਟ ਗਿਆ ਹੈ ਕਣਕ ਦਾ। ਫੇਰ ਅਸੀਂ ਹਿੰਦੁਸਤਾਨ ਦਾ ਵੀ ਖਿਆਲ ਰਖਣਾ ਹੈ ਅਤੇ ਸੈਂਟਰਲ ਪੂਲ ਵਿੱਚ 60% ਤੱਕ ਪ੍ਰੋਡਿਊਸ ਦੇਣਾ ਹੈ। ਅਸੀਂ ਆਪਣੀ ਪ੍ਰੋਡਿਊਸ ਪਰ ਏਕੜ ਨਹੀਂ ਘੱਟਣ ਦਿੱਤੀ। ਕਣਕ ਦੀ ਪ੍ਰੋਡਿਊਸ ਅਗੋਂ ਨਾਲੋਂ ਪਰ ਏਕੜ ਵਧੀ ਹੈ, ਵੱਧ ਰਹੀ ਹੈ। ਪਰ ਏਕੜ ਇਕ ਕੁਇੰਟਲ ਦੇ ਕਰੀਬ ਝਾੜ ਵੱਧ ਰਿਹਾ ਹੈ। (ਥੰਪਿੰਗ) ਇਹ ਵੱਧ ਮਿਹਨਤ ਅਤੇ ਸੋਚ ਦਾ ਨਤੀਜਾ ਹੈ। ਅਤੇ ਨਵੇਂ ਤਰੀਕੇ ਵਰਤਣ ਦਾ ਭਾਵ ਹੈ। ਮੈਂ ਹਾਈ ਟੈਕਨਾਲੋਜੀ ਦਾ ਜ਼ਿਕਰ ਕਰ ਰਿਹਾ ਸੀ। ਬਰਨਾਲਾ ਸਾਹਿਬ ਨੇ ਕੁਝ ਸਮਾਂ ਪਹਿਲਾਂ ਸਾਨੂੰ ਕਿਹਾ ਕਿ ਤੁਸੀਂ ਭਾਈ ਡਾਇਵਰਸੀਫਿਕੇਸ਼ਨ ਕਰਨੀ ਚਾਹੁੰਦੇ ਹੋ ਤਾਂ ਬਠਿੰਡਾ, ਅਬੋਹਰ, ਫਾਜ਼ਿਲਕਾ ਦੇ ਸੈਂਡੀ ਏਰੀਆਜ਼ ਹਨ, ਉਥੇ ਦੇਸੀ ਕੁਆਰ ਬਹੁਤ ਹੋ ਸਕਦਾ ਹੈ। ਇਸ ਦੇ ਬਾਹਰੋਂ ਜਾ ਕੇ ਨੋ-ਹਾਊ ਪਤਾ ਕਰਾਓ ਇਹ ਐਗਰੋਬੇਸਡ ਇੰਡਸਟਰੀ ਲਗਾਈ ਜਾਵੇ। ਐਗਰੋਬੇਸਡ ਇੰਡਸਟਰੀ ਵੀ ਇਕ ਨਵੀਂ ਕਾਂਸੈਪਟ ਹੈ। ਇਸ ਕੁਆਰ ਨੂੰ ਐਲੋਵੇਰਾ ਕਹਿੰਦੇ ਹਨ। ਉਹ ਐਲੋਵੇਰਾ ਜਿਹੜਾ ਹੈ, ਉਸ ਦੇ ਵਿਚ ਵਿਟਾਮਿਨਜ਼ ਵੀ ਮਿਲਦੇ ਹਨ, ਦਵਾਈਆਂ ਤੇ ਕਾਸਮੈਟਿਕਸ ਵੀ ਬਣਦੇ ਹਨ। ਔਰ ਇਸ ਦਾ ਦੁਧ ਟੈਂਕਰਾਂ ਵਿਚ ਭਰਕੇ ਬਾਹਰ ਜਾਂਦਾ ਹੈ (ਵਿਘਨ) ਮਗਰ ਸਾਨੂੰ ਅਫਸੋਸ ਹੈ ਕਿ ਜਦੋਂ, ਸਪੀਕਰ ਸਾਹਿਬ, ਸਾਨੂੰ ਡਿਸਪੈਚ ਕੀਤਾ ਬਰਨਾਲਾ ਸਾਹਿਬ ਨੇ ਕਿ ਜਾਓ ਟੈਕਸਾਸ ਵਿਚ ਤਾਂ ਦਿੱਲੀ ਤੋਂ ਹੀ ਵਾਪਸ ਮੋੜ ਦਿੱਤਾ ਗਿਆ ਕਿ ਅੱਗੇ ਸਿੱਧੂ ਸਾਹਿਬ ਦੇ ਗੋਲੀ ਮਾਰ ਦਿੱਤੀ ਗਈ ਹੈ ਔਰ ਤੁਹਾਨੂੰ ਵੀ ਗੋਲੀ ਮਾਰ ਦਿੱਤੀ ਜਾਏਗੀ। ਹਾਲਾਤ ਠੀਕ ਨਾ ਹੋਣ ਕਰਕੇ ਵੀ ਮੁਸ਼ਕਿਲ ਪੇਸ਼ ਆ ਰਹੀ ਹੈ। ਹਾਲਾਤ ਠੀਕ ਹੋਣ ਤਾਂ ਤਰੱਕੀ ਜ਼ਿਆਦਾ ਹੋ ਸਕਦੀ ਹੈ। ਜਿਹੜੀ ਟੈਕਨਾਲੋਜੀ ਬਾਹਰੋਂ ਲਿਆਉਣੀ ਹੈ, ਉਹ ਬਹੁਤ ਜ਼ਰੂਰੀ ਹੈ। ਸਾਡੀ ਸੋਚ ਹੈ ਕਿ ਹਾਈ ਟੈਕਨਾਲੋਜੀ ਰੱਖੀ ਜਾਏ। ਅਵਾਰਡਜ਼ ਐਂਡ ਪਰਾਈਸਿਜ਼ ਵੀ ਇਨ੍ਹਾਂ ਨੂੰ ਦਿੱਤੇ ਜਾਣਗੇ। ਇਕ ਗੱਲ ਮੈਂ ਜ਼ਰੂਰ ਦੱਸਣਾ ਚਾਹੁੰਦਾ ਹਾਂ। ਮੈਨੂੰ ਬੜਾ ਦੁੱਖ ਹੋਇਆ ਇਸ ਗੱਲ ਦਾ ਕਿ ਜਦੋਂ ਸਰਕਾਰ ਤੁਹਾਡੀ ਆਈ ਹੈ ਆਪਾਂ ਸਾਰੇ ਇਕੱਠੇ ਸੀ ਔਰ ਜਦੋਂ ਸੈਸ ਕਿਸਾਨਾਂ ਤੇ ਲਗਾਏ ਗਏ ਉਦੋਂ ਵੀ ਆਪਾਂ ਨੇ

[ਰਾਜ ਮੰਤਰੀ, ਜੰਗਲਾਤ, ਭੂਮੀ ਰਖਿਆ ਤੇ ਜੰਗਲੀ ਜੀਵ]

ਇਕੱਠਿਆਂ ਨੇ ਲਗਾਏ ਔਰ ਇਕੱਠਿਆਂ ਨੇ ਹੀ ਬੰਦ ਕੀਤੇ ਹਨ। ਅੱਜ 20 ਕਰੋੜ ਦੇ ਸੈਸ ਲਗਾਏ ਗਏ ਹਨ ਤਾਕਿ ਪਿੰਡਾਂ ਦੀ ਤਰੱਕੀ ਹੋਵੇ ਉਥੇ ਸੜਕਾਂ ਬਣਨ ਔਰ ਮੰਡੀਆਂ ਬਣਨ ਪਰ ਮਾਨਯੋਗ ਬਾਦਲ ਸਾਹਿਬ ਨੇ ਕਿਹਾ ਹੈ ਕਿ ਇਹ ਬੰਦ ਹੋਣੇ ਚਾਹੀਦੇ ਹਨ। ਐਫ.ਸੀ.ਆਈ. ਨਾਲ ਹਮਦਰਦੀ ਨਹੀਂ ਕਰਨੀ ਚਾਹੀਦੀ (ਵਿਘਨ)।

ਅੰਤ ਵਿਚ ਮੈਂ ਦੱਸਣਾ ਚਾਹੁੰਦਾ ਹਾਂ ਫਾਰੈਸਟ ਲਈ ਜੋ ਸਕੀਮਾਂ ਬਣਾਈਆਂ ਹਨ ਪੰਜਾਬ ਵਿਚ ਪਲਾਂਟੇਸ਼ਨ ਲਈ ਵਿਮਕੋ ਪ੍ਰਾਈਵੇਟ ਕੰਪਨੀ ਜੋ ਸਵਿਟਜ਼ਰਲੈਂਡ ਦੀ ਹੈ ਉਸ ਤੋਂ ਲੋਨ ਰੇਜ਼ ਕਰਕੇ ਪੌਦੇ ਲਗਾਵਾਂਗੇ। ਉਹ ਸਾਢੇ 12 ਰੁਪਏ ਫੀ ਪੌਦਾ ਲੈਣਗੇ ਔਰ ਬਾਕੀ ਦੇ ਪੈਸੇ ਦੇਖਭਾਲ ਕਰਨ ਦੇ ਲੈਣਗੇ, ਉਹ ਸਕੀਮ ਫਾਰੈਸਟ ਡਿਪਾਰਟਮੈਂਟ ਨੇ ਬਣਾਈ ਹੈ। ਉਸ ਤੇ ਕਰਜ਼ਾ ਅਰੇਂਜ ਕਰਕੇ ਦੇਣਗੇ। ਅੱਠ ਸਾਲ ਵਿਚ ਲਗਾਤਾਰ ਪੈਸੇ ਦਿੱਤੇ ਜਾਣਗੇ। ਉਹ ਸਾਨੂੰ ਫੀ ਪੌਦਾ ਸਾਢੇ 12 ਰੁਪਏ ਦੇਣਗੇ ਜਦ ਕਿ ਅਸੀਂ ਅੱਗੇ 1 ਰੁਪਿਆ ਫੀ ਪੌਦਾ ਲਵਾਂਗੇ। ਜੋ ਮੰਗਾਂ ਇਸ ਬਜਟ ਰਾਹੀਂ ਪੇਸ਼ ਕੀਤੀਆਂ ਗਈਆਂ ਹਨ ਇਨ੍ਹਾਂ ਰਾਹੀਂ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਹੋਰ ਤਰੱਕੀ ਹੋਏਗੀ। ਸਪੀਕਰ ਸਾਹਿਬ, ਇਸ ਨੂੰ ਪਾਸ ਕੀਤਾ ਜਾਏ।

Mr. Speaker: Now I put Demands No. 1 and 3 to the vote of the House.

Demand No. 1

Mr. Speaker: Question is—

That a sum not exceeding Rs. 65,44,78,000 on Revenue Account and Rs. 15,92,77,000 on Capital Account be granted to the Governor to defray the charges that will come in course of payment for the year 1987-88 in respect of Agriculture and Forests.

The Motion was carried.

Demand No. 3

Mr. Speaker: Question is—

That a sum not exceeding Rs. 10,03,63,000 on Revenue Account and Rs. 43,25,50,000 on Capital Account be granted to the Governor to defray the charges that will come in course of payment for the year 1987-8 in respect of Cooperation.

The Motion was carried.

Demand No. 16

Mr. Speaker: There is a cut motion to this demand. Now I shall put the cut motion to the vote of the House.

Mr. Speaker: Question is—

That the demand be reduced by Re. 1

The Motion was lost.

Mr. Speaker: Now I shall put Demand No. 16 to the vote of the House.

Mr. Speaker: Question is—

That a sum not exceeding Rs. 1,01,47,68,000 on Revenue Account and Rs. 6,91,97,07,000 on Capital Account be granted to the Governor to defray the charges that will come in course of payment for the year 1987-88 in respect of Irrigation and Power.

The Motion was carried.

Mr. Speaker: The House stands adjourned till 9.00 A.M. on Friday, the 27th March, 1987.

*6.50 P.M.

*(The Sabha then *adjourned till 9.00 A.M. on Friday, the 27th March, 1987.)*

26199 PVS—Govt. Press, Chd.

Published under the authority of the Punjab Vidhan Sabha and printed by the Controller, Printing and Stationery Department, U.T., Chandigarh.

Punjab Vidhan Sabha Debates

27th March, 1987

VOL. V—NO. 13

OFFICIAL REPORT

CONTENTS

Friday, the 27th March, 1987

Punjab Vidhan Sabha Secretariat, Chandigarh.

Price : Rs 62-00

ERRATA

To

PUNJAB VIDHAN SABHA DEBATES

Vol. V, No. 13, dated 27th March, 1987

Read	*For*	*Page Line*
ਸੱਨ	ਸੱਠ	(13)44 11th from below
of	or	(13)62 14
ਇਰੀਗੇਸ਼ਨ	ਇਰਵਗੇਸ਼ਨ	(13)63 Last
ਮਨਿਸਟਰ	ਮਰੇਨਿਸਟਰ	(13)79 23
Delete the word "not" in between the words 'shall' and 'put'		(13)81 19
of	on	(13)85 19
Backward	Beckward	(13)85 21

PUNJAB VIDHAN SABHA

Friday, the 27th March, 1987

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Sardar Surjit Singh Minhas) in the Chair.

STARRED QUESTIONS AND ANSWERS

Mr. Speaker : Questions. Shri Om Parkash Gupta.

ਸ਼੍ਰੀ ਓਮ ਪ੍ਰਕਾਸ਼ ਗੁਪਤਾ : *799, ਸਰ । ਵਜ਼ੀਰ ਸਾਹਿਬ ਨੂੰ ਖਿਚੋ, ਆਏ ਨਹੀਂ ਜੀ ।

Wages Decreed by the Labour Courts

*799. **Shri Om Parkash Gupta :** Will the Minister of State for Labour and Employment be pleased to state the total amount of wages decreed by the Labour Courts in the State against the employers in the cases referred by Labour Commissioner during the last three years and the steps taken to recover the amount involved ?

Sardar Surjit Singh Barnala (Chief Minister) : During the last three years i.e., 1984, 1985 and 1986 an amount of Rs. 89,56,613 was decreed by the Labour Courts against the employers. In order to recover this amount the Labour-cum-Conciliation Officers of the Department issued recovery certificates against the defaulting employers. Besides this, a Tehsildar (Recovery) has been posted in the Labour Department in order to get expedited the recovery of dues of the workmen.

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਕੋਈ 90 ਲੱਖ ਦੇ ਕਰੀਬ ਰੁਪਏ ਦਾ ਏਰੀਅਰ ਹੈ ਜਿਹੜਾ ਕਿ ਡਿਕਰੀ ਹੋਇਆ ਹੈ ਔਰ ਵਸੂਲ ਨਹੀਂ ਹੋਇਆ । ਤੁਸੀਂ ਅੰਦਾਜ਼ਾ ਲਗਾਓ ਕਿ ਲੇਬਰ ਦੇ ਨਾਲ ਕੀ ਹੋ ਰਿਹਾ ਹੈ ? ਪਹਿਲਾਂ ਤਾਂ ਲੇਬਰ ਨੂੰ ਧੱਕੇ ਮਾਰ ਕੇ ਮਾਲਕ ਕੱਢ ਦਿੰਦਾ ਹੈ, ਫਿਰ ਉਸ ਨੂੰ ਲੇਬਰ-ਕੰਮ-ਕਨਸੀਲੀਏਸ਼ਨ ਅਫ਼ਸਰ ਧੱਕਾ ਲਾਉਂਦਾ ਹੈ ਫਿਰ ਕੋਰਟ ਵਿੱਚ ਸਾਲ ਸਾਲ ਲੱਗ ਜਾਂਦਾ ਹੈ । ਜਿਹੜੇ ਮਜ਼ਦੂਰ ਨੇ 2-4 ਸੌ ਰੁਪਿਆ ਲੈਣਾ ਹੋਵੇ ਉਸ ਦੇ ਵਾਸਤੇ ਉਸ ਨੂੰ ਤਿੰਨ ਤਿੰਨ ਸਾਲ ਵੇਟ ਕਰਨਾ ਪੈਂਦਾ ਹੈ । ਇਸ ਤੋਂ ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਲੇਬਰ ਡੀਪਾਰਟਮੈਂਟ ਦਾ ਕੀ ਹਾਲ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ, ਇਹ ਕਹਿੰਦੇ ਹਨ ਕਿ ਸਾਡੀ ਗਰੀਬਾਂ ਦੀ ਸਰਕਾਰ ਹੈ, ਕੀ ਇਹ ਲੇਬਰ ਆਫਿਸ ਨੂੰ ਕੋਈ ਸਟਰੀਮ-ਲਾਈਨ ਕਰਨਗੇ ? ਜਿਹੜਾ ਵਜ਼ੀਰ ਆਉਂਦਾ ਹੈ ਉਹ ਪਰੋ-ਕੈਪੀਟਿਲਿਸਟ ਹੋ ਜਾਂਦਾ ਹੈ ।

ਮੁੱਖ ਮੰਤਰੀ : ਸਪੀਕਰ ਸਾਹਿਬ, ਵਜ਼ੀਰ ਤਾਂ ਪਰੋ-ਕੈਪੀਟਿਲਿਸਟ ਨਹੀਂ ਸੀ ਆਇਆ। ਇਸ ਕੰਮ ਵਾਸਤੇ ਯੂਨੀਅਨਿਸਟ ਹੀ ਲਾਇਆ ਸੀ ਜਿਹੜਾ ਯੂਨੀਅਨ ਦਾ ਕੰਮ ਕਰਦਾ ਸੀ ਔਰ ਖਾਸ ਤੌਰ ਤੇ ਲੇਬਰ ਦੀ ਵੈਲਫੇਅਰ ਵਾਸਤੇ ਕੰਮ ਕਰਦੇ ਰਹੇ ਹਨ । ਇਸ ਨੂੰ ਹੋਰ ਸਟਰੀਮ-ਲਾਈਨ ਕਰਨ ਵਾਸਤੇ ਅਸੀਂ ਐਫਰਟਸ ਕਰਾਂਗੇ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਨ੍ਹਾਂ ਨੇ ਫਰਮਾਇਆ ਹੈ ਕਿ ਲੇਬਰ-ਕਮ-ਕੰਸੀ-ਲੀਏਸ਼ਨ ਅਫ਼ਸਰ ਰਿਕਵਰੀ ਸਰਟੀਫਿਕੇਟ ਇਸ਼ੂ ਕਰ ਸਕਦਾ ਹੈ ਇਨ੍ਹਾਂ ਦਾ ਮਹਿਕਮਾ ਰਿਕਵਰੀ ਨਹੀਂ ਕਰ ਸਕਦਾ। ਸਾਰੇ ਪੰਜਾਬ ਵਿੱਚ ਰਿਕਵਰੀ ਦਾ ਤਹਿਸੀਲਦਾਰ ਇਕੋ ਹੀ ਹੈ ਜਿਸ ਕਰਕੇ ਰਿਕਵਰੀ ਲੇਟ ਹੋ ਜਾਂਦੀ ਹੈ । ਕੀ ਇਹ ਲੇਬਰ-ਕਮ-ਕੰਸੀਲੀਏਸ਼ਨ ਅਫ਼ਸਰ ਨੂੰ ਜਾਂ ਅਸਿਸਟੈਂਟ ਲੇਬਰ ਅਫ਼ਸਰ ਨੂੰ ਤਹਿਸੀਲਦਾਰ ਦੇ ਅਖ਼ਤਿਆਰ ਦੇ ਦੇਣਗੇ ਤਾਕਿ ਉਹ ਰਿਕਵਰੀ ਜਲਦੀ ਤੋਂ ਜਲਦੀ ਹੋ ਸਕੇ ?

ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ : ਸਪੀਕਰ ਸਾਹਿਬ, ਮੈਂ ਇਸ ਗੱਲ ਤੇ ਮੁਆਫ਼ੀ ਮੰਗਦਾ ਹਾਂ ਕਿ ਮੈਂ ਥੋੜ੍ਹਾ ਜਿਹਾ ਲੇਟ ਹੋ ਗਿਆ ਹਾਂ । ਇਹ ਜਿਹੜਾ ਲੇਬਰ ਡਿਪਾਰਟਮੈਂਟ ਹੈ ਇਸ ਦੀ ਰੀ-ਆਰਗੇਨਾਈਜ਼ੇਸ਼ਨ ਅੰਡਰ ਕਨਸਿਡਰੇਸ਼ਨ ਹੈ ਅਤੇ ਇਹ ਜਿਹੜਾ ਮਾਮਲਾ ਹੈ ਰੀਆਰਗੇਨਾਈਜ਼ੇਸ਼ਨ ਵਿਚ ਠੀਕ ਢੰਗ ਨਾਲ ਇਨ੍ਹਾਂ ਦੀ ਤਸੱਲੀ ਦੇ ਮੁਤਾਬਕ ਕਰ ਦਿਆਂਗੇ ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਤਾਂ ਪੁਛਿਆ ਹੈ ਕਿ ਕੀ ਆਪਣੇ ਲੇਬਰ ਅਫ਼ਸਰ ਨੂੰ ਪਾਵਰਜ਼ ਦੇਣਗੇ ? ਇਕ ਤਹਿਸੀਲਦਾਰ ਹੁੰਦਾ ਹੈ, ਉਹ ਸਾਰਾ ਕੰਮ ਕਾਰ ਨਹੀਂ ਦੇਖ ਸਕਦਾ। ਮਜ਼ਦੂਰਾਂ ਦੇ ਡਿਊਜ਼ ਇਮੀਜੀਏਟਲੀ ਰਿਕਵਰ ਹੋ ਜਾਣ ਕੀ ਇਸ ਲਈ ਕੋਈ ਆਪਣਾ ਲੇਬਰ ਅਫ਼ਸਰ ਲਾਉਣਗੇ ? ਮੈਂ ਕੋਈ ਹੋਰ ਬੰਦਾ ਲਾਉਣ ਲਈ ਤਾਂ ਕਿਹਾ ਹੀ ਨਹੀਂ ।

ਰਾਜ ਮੰਤਰੀ : ਮੈਂ ਅਰਜ਼ ਕੀਤੀ ਹੈ ਕਿ ਕਿਸ ਨੂੰ ਇਹ ਪਾਵਰਜ਼ ਦੇਣੀਆਂ ਹਨ ਕੰਸੀਲੀਏਸ਼ਨ ਅਫ਼ਸਰ ਨੂੰ ਜਾਂ ਲੇਬਰ ਅਫ਼ਸਰ ਨੂੰ ਜਾਂ ਕਿਸੇ ਹੋਰ ਨੂੰ, ਇਹ ਮਾਮਲਾ ਸਾਰਾ ਵਿਚਾਰ ਅਧੀਨ ਹੈ ਔਰ ਛੇਤੀ ਫੈਸਲਾ ਕਰ ਦਿਆਂਗੇ ।

Detenus under the Maintenance of Internal Security Act lodged in the Jodhpur Jail

*749. **Sardar Kirpal Singh (Amritsar) :** Will the Chief Minister be pleased to state—

(a) whether any persons of Punjab State are being held as Security Prisoners under the Maintenance of Internal Security Act in Jodhpur Jail in Rajasthan, if so, their names with full home addresses ;

(b) whether any criminal cases have been registered against the persons referred to in part (a) above, if so, the dates of registration of these cases and the offences for which these cases have been registered ?

ਕੈਪਟਨ ਕੰਵਲਜੀਤ ਸਿੰਘ (ਰਾਜ ਮੰਤਰੀ, ਗ੍ਰਹਿ): (ੳ) ਕਿਸੇ ਵੀ ਵਿਅਕਤੀ ਨੂੰ ਮੇਨਟੀਨੈਂਸ ਆਫ਼. ਇਨਟਰਨਲ ਸਿਕਿਉਰਿਟੀ ਐਕਟ ਅਧੀਨ ਸਿਕਿਉਰਿਟੀ ਕੈਦੀ ਵਜੋਂ ਰਾਜਸਥਾਨ ਦੀ ਜੋਧਪੁਰ ਜੇਲ੍ਹ ਵਿੱਚ ਨਹੀਂ ਰਖਿਆ ਹੋਇਆ ਹੈ ।

(ਅ) ਉਕਤ ਭਾਗ (ੳ) ਦੇ ਉਤਰ ਨੂੰ ਧਿਆਨ ਵਿੱਚ ਰਖਦੇ ਹੋਏ ਇਹ ਪ੍ਰਸ਼ਨ ਪੈਦਾ ਹੀ ਨਹੀਂ ਹੁੰਦਾ।

ਸਰਦਾਰ ਕਿਰਪਾਲ ਸਿੰਘ : ਸਰ, ਮੈਂ ਆਪਣੀ ਗਲਤੀ ਮੰਨ ਲੈਂਦਾ ਹਾਂ ਮੇਰੇ ਕੋਲੋਂ ਕੁਐਸਚਨ ਵਿਚ ਖ਼ਾਮੀ ਰਹਿ ਗਈ ਹੈ, ਕਿਰਪਾ ਕਰਕੇ ਮਨਿਸਟਰ ਸਾਹਿਬ ਦੱਸਣ ਕਿ ਜੋਧਪੁਰ ਵਿਚ ਜਿਹੜੇ ਲੋਕ ਬਲਿਊ ਸਟਾਰ ਐਕਸ਼ਨ ਦੇ ਕੈਦੀ ਹਨ ਉਨ੍ਹਾਂ ਦੇ ਖਿਲਾਫ਼ ਜਿਹੜੇ ਕੇਸ ਔਰਤਾਂ ਅਤੇ ਬੱਚਿਆਂ ਤੇ ਬਣਾਏ ਹਨ ਕਿਸ ਕਿਸਮ ਦੇ ਹਥਿਆਰ ਪਲਾਂਟ ਕੀਤੇ ਗਏ ਹਨ ?

ਸ਼੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ, ਤੁਹਾਡਾ ਕੁਐਸ਼ਚਨ ਬੜਾ ਕਲੀਅਰ ਸੀ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਮੰਨਿਆ ਹੈ ਕਿ ਗਲਤੀ ਹੋ ਗਈ ਹੈ ।

ਰਾਜ ਮੰਤਰੀ, ਗ੍ਰਹਿ : ਮੈਂਬਰ ਸਾਹਿਬ ਇਸ ਦਾ ਨਵਾਂ ਨੋਟਿਸ ਦੇ ਦੇਣ, ਜਵਾਬ ਦੇ ਦਿਆਂਗੇ ਜੀ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁਛਣਾ ਚਾਹੁੰਦਾ ਹਾਂ ਕਿ ਜੇਕਰ ਇਸ ਐਕਟ ਦੇ ਤਹਿਤ, ਜੋਧਪਰ ਜੇਲ੍ਹ ਵਾਲਿਆਂ ਦੇ ਖਿਲਾਫ਼ ਨਹੀਂ ਹਨ ਤਾਂ ਫਿਰ ਕਿਹੜੇ ਐਕਟ ਦੇ ਤਹਿਤ ਹਨ ਜਿਸ ਅਧੀਨ ਉਹ ਕੈਦ ਵਿਚ ਹਨ ?

ਮੁੱਖ ਮੰਤਰੀ : ਉਹ ਕੈਦੀ ਜਿਹੜੇ ਜੇਲ੍ਹ ਵਿਚ ਹਨ ਉਨ੍ਹਾਂ ਵਿਚੋਂ ਤਕਰੀਬਨ ਦੋ ਸੌ ਨੈਸ਼ਨਲ ਸਿਕਿਉਰਿਟੀ ਐਕਟ ਦੇ ਥਲੇ ਹਨ । ਜਿਸ ਵੇਲੇ ਸਾਡੀ ਸਰਕਾਰ ਬਣੀ 1 ਅਕਤੂਬਰ, 1985 ਨੂੰ ਉਨ੍ਹਾਂ ਦਾ ਐਨ.ਐਸ.ਏ. ਖ਼ਤਮ ਕਰ ਦਿਤਾ ਗਿਆ । ਸਾਡਾ ਪਹਿਲਾ ਆਰਡਰ ਇਹੀ ਸੀ ਕਿ ਉਨ੍ਹਾਂ ਸਾਰਿਆਂ ਦਾ ਐਨ.ਐਸ.ਏ. ਤੋੜ ਦਿਤਾ ਗਿਆ । ਬਾਕੀ ਜਿਹੜੇ ਕੇਸ ਬਣੇ ਹੋਏ ਹਨ ਉਹ ਹਨ ਦਫ਼ਾ 101, 121, 122, 123, 124, 153, 302, 307 ਅਤੇ ਕੁਝ ਹੋਰ ਸੈਕਸ਼ਨ ਹਨ ਉਨ੍ਹਾਂ ਦੇ ਖਿਲਾਫ਼ ਕੇਸ ਬਣੇ ਹੋਏ ਹਨ ਵੇਜਿੰਗ ਵਾਰ ਅਗੇਂਸਟ ਦੀ ਸਟੇਟ ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਇਹ ਕੇਸਿਜ਼ ਥਾਣਾ ਕੋਤਵਾਲੀ, ਅੰਮ੍ਰਿਤਸਰ ਦੇ ਹਨ ਅਤੇ ਅੰਮ੍ਰਿਤਸਰ ਪੰਜਾਬ ਵਿਚ ਹੈ ਅਤੇ ਪੰਜਾਬ ਦਾ ਜਿਹੜਾ ਲਾਅ ਐਂਡ ਆਰਡਰ ਦਾ ਮਸਲਾ ਹੈ ਇੰਟਰਨਲ ਸਿਕਿਉਰਟੀ ਦਾ ਇਹ ਸਟੇਟ ਸਬਜੈਕਟ ਹੈ। ਕੀ ਸਟੇਟ ਗੌਰਮਿੰਟ ਉਨ੍ਹਾਂ ਦੇ ਖਿਲਾਫ਼ ਕੇਸਿਜ਼ ਵਾਪਸ ਲੈਣ ਲਈ ਤਿਆਰ ਹੈ ? ਕੀ ਆਪਣੇ ਹੱਥ ਵਿਚ ਲੈ ਲਵੇਗੀ ?

ਮੁੱਖ ਮੰਤਰੀ : ਇਹ ਕੇਸਿਜ਼ ਰਜਿਸਟਰ ਕਰਨ ਤੋਂ ਫੌਰਨ ਬਾਅਦ ਦਿੱਲੀ ਅਸਟੈਬਲਿਸ਼ ਪੁਲਿਸ ਨੇ ਲੈ ਲਏ ਸਨ ਵਾਈਡ ਆਰਡਰ ਨੰ. 27 , 28 ਮਿਤੀ 13 ਜੂਨ, 1984 । ਉਨ੍ਹਾਂ ਦੀ ਇਨ-ਵੈਸਟੀਗੇਸ਼ਨ ਉਨ੍ਹਾਂ ਨੇ ਕੀਤੀ ਸੀ ਅਤੇ ਸਟੇਟ ਗੌਰਮਿੰਟ ਆਪ ਨਹੀਂ ਲੈ ਸਕਦੀ ।

Construction of Kandi Canal

*804 **Dr. Kewal Krishan : ** Will the Chief Minister be pleased to state that—

(a) the date on which the construction work of Kandi Canal in District Hoshiarpur was started and the time by which that is likely to be completed;

(b) the cost of the original estimates as well as of the latest revised estimates and the data on which the estimates were revised last;

[Dr. Kewal Krishan]

(c) the present stage of construction together with the area of land acquired for construction and the amount of compensation paid to the concerned land owners so far ?

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ) : (ੳ) ਕੰਮ ਮਾਰਚ, 1980 ਵਿਚ ਸ਼ੁਰੂ ਕੀਤਾ ਗਿਆ ਸੀ। ਪ੍ਰੋਜੈਕਟ ਤੇ ਉਸਾਰੀ ਦਾ ਕੰਮ 1991-92 ਵਿਚ ਪੂਰਾ ਹੋਣ ਦੀ ਸੰਭਾਵਨਾ ਹੈ ।

(ਅ) (1) ਅਸਲ ਕੌਸਟ ਐਸਟੀਮੇਟਸ 10.63 ਕਰੋੜ ਰੁਪਏ ਸਨ ।

(2) ਰਵਾਈਜ਼ਡ ਕੌਸਟ ਐਸਟੀਮੇਟ ਜੋ ਨਵੰਬਰ, 1986 ਵਿਚ ਪ੍ਰਵਾਨ ਕੀਤੇ ਗਏ ਹਨ ਉਹ 62.22 ਕਰੋੜ ਰੁਪਏ ਦੇ ਹਨ ।

(ੲ) 59.2 ਕਿਲੋਮੀਟਰ ਦੀ ਕੁਲ ਲੰਬਾਈ ਵਿਚੋਂ 37 ਕਿਲੋਮੀਟਰ ਦੀ ਲੰਬਾਈ ਤੇ ਪੈਚਜ਼ ਵਿਚ ਕੰਮ ਪੂਰਾ ਹੋ ਚੁਕਾ ਹੈ ਅਤੇ 91 ਗੈਪਸ ਚੋਆਂ ਦੀ ਕਰਾਸਿੰਗ ਲਈ ਛੱਡੇ ਗਏ ਹਨ । 91 ਕਰਾਸ ਡਰੇਨੇਜ ਵਿਚੋਂ 10 ਤੇ ਕੰਮ ਪੂਰਾ ਹੋ ਚੁਕਿਆ ਹੈ ਅਤੇ 8 ਤੇ ਕੰਮ ਜਾਰੀ ਹੈ । 62 ਪੁਲਾਂ ਵਿਚੋਂ 44 ਤੇ ਉਸਾਰੀ ਦਾ ਕੰਮ ਪੂਰਾ ਹੋ ਚੁਕਿਆ ਹੈ ਅਤੇ 3 ਤੇ ਚਲ ਰਿਹਾ ਹੈ । 597.65 ਏਕੜ ਰਕਬਾ ਭੋਂ ਪ੍ਰਾਪਤ ਕੀਤੀ ਗਈ ਹੈ । 2/87 ਤੀਕ 78.74 ਲਖ ਰੁਪਏ ਦੀ ਰਕਮ ਦਾ ਮੁਆਵਜ਼ਾ ਦਿਤਾ ਜਾ ਚੁਕਾ ਹੈ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਕੰਡੀ ਕੈਨਾਲ ਲਾਈਫ ਲਾਈਨ ਹੈ ਕੰਡੀ ਏਰੀਆ ਦੀ । ਸੰਨ 1991-92 ਤਕ ਕੰਪਲੀਟ ਕਰਨ ਲਈ ਗੌਰਮਿੰਟ ਨੇ ਕਿਹਾ ਹੈ । ਮੈਂ ਮਨਿਸਟਰ ਸਾਹਿਬ ਤੋਂ ਜਾਨਣਾ ਚਾਹਵਾਂਗਾ ਕਿ ਹੁਣ ਤਕ ਕਿੰਨਾ ਪੈਸਾ ਖਰਚ ਹੋਇਆ ਹੈ, ਏਸ ਬਜਟ ਵਿਚ ਕਿੰਨੀ ਐਲੋਕੇਸ਼ਨ ਹੈ ? ਗੈਪਸ 91 ਛੱਡੇ ਗਏ ਹਨ, ਇਹ ਨਾਲੋਂ ਨਾਲ ਕੰਪਲੀਟ ਕਿਉਂ ਨਹੀਂ ਕੀਤੇ ਗਏ ?

ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ : ਸਪੀਕਰ ਸਾਹਿਬ, ਇਹ ਸੰਨ 1978 ਵਿਚ ਸਕੀਮ ਮਨਜ਼ੂਰ ਹੋਈ ਸੀ। 1980 ਵਿਚ ਇਸ ਤੇ ਕੰਮ ਸ਼ੁਰੂ ਹੋਇਆ ਹੈ। 1980 ਤੋਂ 1985 ਤਕ 10 ਕਰੋੜ ਰੁਪਿਆ ਖਰਚ ਹੋਇਆ ਹੈ । 1985 ਤੋਂ ਲੈ ਕੇ ਹੁਣ ਤਕ ਲਗਭਗ 9 ਕਰੋੜ ਰੁਪਿਆ ਖਰਚ ਕੀਤਾ ਗਿਆ ਹੈ । ਇਸ ਸਾਲ ਬਜਟ ਵਿਚ 3 ਕਰੋੜ ਰਖਿਆ ਗਿਆ ਹੈ। ਜਿਹੜੀ ਗੈਪਸ ਦੀ ਗੱਲ ਕੀਤੀ ਹੈ, ਬੜਾ ਖੱਡਾਂ ਵਾਲਾ ਏਰੀਆ ਹੈ, ਗੈਪ ਬਹੁਤ ਹੈ, ਇਸ ਲਈ ਖਰਚਾ ਵੱਧ ਆਉਂਦਾ ਹੈ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਕੰਡੀ ਦੀ ਇਸ ਜ਼ਮੀਨ ਲਈ ਇਹ ਸਕੀਮ ਅਸੀਂ ਸ਼ੁਰੂ ਕਰਵਾਈ ਸੀ। (ਵਿਘਨ) ਤੁਸੀਂ (ਸਰਕਾਰੀ ਬੈਂਚਾਂ ਵੱਲ ਇਸ਼ਾਰਾ) ਸੰਭਾਲ ਲਿਆ ਹੈ ਖੁਸ਼ੀ ਦੀ ਗੱਲ ਹੈ। ਮੈਂ, ਸਪੀਕਰ ਸਾਹਿਬ, ਜਾਨਣਾ ਚਾਹਵਾਂਗਾ ਕਿ 997 ਏਕੜ ਲੋਕਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ ਹੈ ਔਰ 78 ਲੱਖ ਰੁਪਿਆ ਮੁਆਵਜ਼ੇ ਦੇ ਤੌਰ ਤੇ ਦਿੱਤਾ ਗਿਆ ਹੈ । ਕੁਝ ਜ਼ਮੀਨ ਲੋਕਾਂ ਦੀ ਐਸੀ ਹੈ ਜਿਨ੍ਹਾਂ ਦਾ ਮੁਆਵਜ਼ਾ ਨਹੀਂ ਦਿੱਤਾ ਗਿਆ। ਮੈਂ ਇਹ ਜਾਨਣਾ ਚਾਹਵਾਂਗਾ ਕਿ ਕਿਤਨਾ ਪੈਸਾ ਮੁਆਵਜ਼ੇ ਦਾ ਦੇਣ ਵਾਲਾ ਰਹਿੰਦਾ ਹੈ ਔਰ ਉਹ ਕਦੋਂ ਤਕ ਦਿੱਤਾ ਜਾਵੇਗਾ ?

ਰਾਜ ਮੰਤਰੀ : ਕੁਝ ਜ਼ਮੀਨ ਦਾ ਪੈਸਾ ਦੇਣਾ ਰਹਿੰਦਾ ਹੈ । ਸਰਕਾਰ ਦੀ ਪੂਰੀ ਕੋਸ਼ਿਸ਼ ਹੈ ਇਸ ਸਾਲ ਰੁਪਿਆ ਜੋ ਬਜਟ ਵਿਚ ਹੈ ਉਨ੍ਹਾਂ ਨੂੰ ਦਿੱਤਾ ਜਾਵੇਗਾ । ਬਾਕੀ ਜਿਸ ਤਰ੍ਹਾਂ ਡਾਕਟਰ ਸਾਹਿਬ ਨੇ ਕਿਹਾ ਹੈ ਕਿ ਅਸੀਂ ਸ਼ੁਰੂ ਕੀਤੀ ਸੀ, ਸੰਨ 1978 ਵਿਚ ਮੁਢਲਾ ਐਸਟੀਮੇਟ

ਬਣਾਇਆ ਸੀ । ਉਸ ਵੇਲੇ ਅਕਾਲੀ ਸਰਕਾਰ ਸੀ । ਇਹ 300 ਕਿਊਸਿਕਸ ਦੀ ਬਣਨੀ ਸੀ । ਫਿਰ ਸਤ ਅੱਠ ਮਹੀਨੇ ਬਾਦ ਹੀ ਮੁੱਖ ਮੰਤਰੀ ਨੇ ਮੀਟਿੰਗ ਕੀਤੀ ਸੀ ਤੇ 500 ਕਿਊਸਿਕਸ ਕਪੈਸਿਟੀ ਦੀ ਕਰਨ ਦਾ ਫੈਸਲਾ ਕੀਤਾ ਗਿਆ। ਕਿਉਂਕਿ ਇਹ ਪਹਿਲਾਂ 300 ਕਪੈਸਿਟੀ ਦੀ ਸਕੀਮ ਬਣੀ ਸੀ ਉਸ ਹਿਸਾਬ ਨਾਲ ਪੈਸਾ ਵਰਤ ਰਹੇ ਹਾਂ। ਇਸ ਕਰਕੇ ਵੀ ਪੈਸਾ ਮਿਲਣ ਵਿਚ ਹਿਚ ਆਈ ਹੈ। ਉਹ ਪੈਸਾ ਹੋਰ ਮਿਲਣ ਤੇ ਸੰਨ 1991-92 ਤਕ ਕੰਪਲੀਟ ਕਰਨ ਦੀ ਯੋਜਨਾ ਹੈ ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਪਿਛਲੇ 10/15 ਸਾਲਾਂ ਤੋਂ ਨਹਿਰ ਸਾਡੇ ਬਣੀ ਸੀ ਪਰ ਜੱਟਾਂ ਨੂੰ ਕੰਪੈਨਸੇਸ਼ਨ ਨਹੀਂ ਮਿਲਿਆ। ਕੀ ਕੋਈ ਐਸਾ ਤਰੀਕਾ ਬਣਾਉਣਗੇ ਜਿਸ ਨਾਲ ਉਨ੍ਹਾਂ ਨੂੰ ਉਹ ਪੈਸਾ ਮਿਲ ਜਾਵੇ ? ਕੀ ਇਹ ਦੱਸਣਗੇ ਕਿ ਕਦੋਂ ਤਕ ਉਨ੍ਹਾਂ ਨੂੰ ਪੈਸਾ ਮਿਲ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਵੱਖਰਾ ਸਵਾਲ ਹੈ । ਜੇਕਰ ਇਹ ਕੋਈ ਵੱਖਰਾ ਕੇਸ ਦੱਸ ਦੇਣ ਤਾਂ ਮੁਆਵਜ਼ਾ ਤੁਰੰਤ ਦਿਵਾ ਦਿਤਾ ਜਾਵੇਗਾ ।

ਸਰਦਾਰ ਹਰਦਿਆਲ ਸਿੰਘ ਰਾਜਲਾ : ਸਪੀਕਰ ਸਾਹਿਬ, ਨਹਿਰ ਦੀ ਉਸਾਰੀ ਦਾ ਇਕ ਕੁਐਸਚਨ ਹੈ । ਜਿਹੜੇ ਪੰਜਾਬ ਦੇ ਵਿਚ ਮੂਏ ਪੱਕੇ ਬਣੇ ਹਨ, ਉਨ੍ਹਾਂ ਰਾਹੀਂ ਬਜਾਏ ਪਾਣੀ ਖੇਤਾਂ ਵਿਚ ਘਲਣ ਦੇ ਰਸਤੇ ਵਿਚ ਰੋੜ੍ਹੀ ਜਾਂਦੇ ਹਨ। ਜਿਹੜੇ ਠੇਕੇਦਾਰ ਸਨ ਸਰਕਾਰ ਦੇ ਕੁਝ ਵਚੋਲਿਆਂ ਨਾਲ ਰਲਕੇ ਉਹ ਸੀਮਿੰਟ ਛਕ ਛਕਾ ਗਏ ਹਨ । ਕੀ ਉਸ ਦੀ ਇਨਕੁਆਇਰੀ ਕਰਾਉਣਗੇ ਅਤੇ ਦੋਸ਼ੀਆਂ ਨੂੰ ਸਜ਼ਾ ਦਿਵਾਉਣਗੇ ?

ਸ਼੍ਰੀ ਸਪੀਕਰ : ਕੰਡੀ ਕੈਨਾਲ ਦਾ ਸਵਾਲ ਹੈ। ਨਹਿਰ ਦੇ ਮਹਿਕਮੇ ਉਤੇ ਕੱਲ੍ਹ ਬਹਿਸ ਹੋਈ ਸੀ, ਉਸ ਵਿਚ ਸੱਜਣਾ ਨੇ ਹਿੱਸਾ ਲਿਆ ਹੈ । ਬੈਠੋ ਜੀ । Next Question.

Excise Policy

*805. **Dr. Kewal Krishan :** Will the Minister for Finance be pleased to lay on the Table of the House a copy of the revised Excise Policy of the Government for the year, 1987-88 ?

ਸਰਦਾਰ ਬਲਵੰਤ ਸਿੰਘ : ਸਾਲ 1987-88 ਦੀ ਆਬਕਾਰੀ ਪਾਲਿਸੀ ਦੇ ਵਿਸ਼ੇਸ਼ ਤੱਤ ਵਿਧਾਨ ਸਭਾ ਦੀ ਮੇਜ਼ ਤੇ ਰੱਖੇ ਜਾਂਦੇ ਹਨ ।

SALIENT FEATURES OF EXCISE POLICY FOR THE YEAR 1987-88

1. PUNJAB MEDIUM LIQUOR :

(i) System of Licence :

The present system of auctioning the Excise Vends for the sale of Punjab Medium Liquor (Country Liquor) shall be continued for the year 1987-88.

(ii) Quota/Additional Quota :

The basic quota for 1987-88 has been fixed as 195 lakh proof litres, as allowed during 1986-87. Besides the issue of basic quota, an additional quota upto 30% of the basic quota will be provided at various levels of incidence. The Minimum incidence acceptable shall be Rs. 22.50 per bottle of 50° strength. If the incidence exceeds Rs. 23 per bottle, the successful bidder will be entitled to an additional quota of 10% of the basic

[Minister for Finance]

quota at the rate of Rs. 8 per bottle, if the incidence exceeds Rs. 24 per bottle, he will be entitled to another slab of additional quota of 10% of the basic quota at the rate of Rs. 7 per bottle. In case the incidence exceeds Rs. 25 the bidder will be entitled to still another slab of additional quota of 10% of basic quota at the rate of Rs. 6 per bottle. The additional quota shall be in the shape of Rum of 60° strength.

A licencee, however, may lift his proportionate additional quota either with the normal quota or subsequently.

For this purpose the whole-sellers will be required to obtain licence in form L-13-A on payment of a licence fee of Rs. 1000. L-13-A licencee will be entitled to the same amount of surcharge as permissible on Punjab Medium Liquor on these supplies also. They will be entitled to breakage at the rate of 1/2% admissible in the case of country liquor.

60° Rum to be issued as additional quota shall be sold by retail liquor licencee (L-14A) on the basis of a new licence in form L-2A, the licence fee for this licence shall be Rs. 1000 in urban areas and Rs. 500 in rural areas.

(iii) Strength/Type of liquor :

The following types of liquor will be made available at the country Liquor vends during 1987-88 :—

(a) 50 degrees Punjab Medium Liquor.

(b) 40 degrees Punjab Medium Liquor (For Districts Amritsar, Gurdaspur and Ferozepur).

(c) 60 degrees Indian Made Foreign Liquor Rum (as additional quota).

The Punjab Medium Liquor of 40° strength shall be made available to the extent of 20% within the basic quota on optional basis. Further the Excise and Taxation Commissioner will be competent to make this liquor of 40° available in more quantities than those mentioned above and to other Districts of the State depending upon its advisability and availability.

(iv) Special Spiced Liquor :

The special spiced liquor shall be discontinued with effect from 1987-88.

(v) Price :

The maximum price of the two varieties of the Country Liquor shall be as under :—

Country Liquor		50 degrees	40 degrees
		Rs.	Rs.
(1) Quart	..	25	20
(2) Pint	..	13	[illegible]
(3) Nip	..	7	6

No maximum price for Rum of 60° shall be fixed.

(vi) Minimum incidence :

In order to ensure proper bids at the auction and to regulate the discretion vested in the Collector, a new provision with regard to minimum incidence acceptable at the auction has been introduced. This minimum incidence has been fixed at Rs. 22.50 per bottle of 50° strength.

(vii) **Vends :**

No change in the number of Punjab Medium Liquor Vends has been made. Its present number is 1964. However, marginal adjustments which may be necessitated by the acceptance of the resolutions of Panchayats to close down certain vends, will be made by the Excise Commissioner.

(viii) **Ihatas :**

No change has been made in the present system of attachment of Ihatas for the Punjab Medium Liquor Vends.

(ix) **Grouping of Vends :**

The country liquor licencees have to face competition from L-2 licencees also as there is no limit of Quota for the latter. The Indian Made Foreign Spirit licencees have been resorting to the sale of liquor at very low rates. This practice has not made L-2 trade profitable and has also adversely affected the sale of the country liquor. To put an end to this confrontation, clubbing of intervening L-2 vends with the country liquor and co-relating the auction of L-2 vends with the auction of country liquor vends of the same village, town or area, has been allowed this year. This facility of attaching and clubbing of L-2 Vends with country liquor vends, however, will not be available to bidders below a certain incidence in which case L-2 vends will be put to auction independently. No group will exceed a total licence fee of Rs. 50 lac.

(x) **Still - head Duty :**

The rate of Still-head duty on Country Liquor during 1986-87 was Rs. 12.12 paise per proof litre. This has been reduced to Rs. 2.66 paise per proof litre i.e. Rs. 1 per bottle for the year 1987-88. This rate of duty shall be leviable on all types of liquor i. e. 60° Rum, 50° P.M.L. and 40° P.M.L.

(xi) **Additional Excise Duty :**

There is no change in the rate of additional excise duty which is being levied at the rate of Rs. 2.43 per proof litre in lieu of octroi and Panchayat Samiti tax on sale of liquor since 1982-83. No change has been made in the licence fee for the whole-sale licence of P.M.L. in Form-L-13 which is Rs. 6000 per annum.

(xii) **Security :**

The amount of security to be deposited by the licencees has been reduced from 15% to 12-1/2% of the licence fee. A successful bidder will deposit seven and half per cent at the time of fall of hammer and 5% within one week of the auction or by 31st March, whichever is earlier.

(xiii) **Additional Security :**

An addtional security of 2% shall be charged on every increase of 10 paise over the incidence of Rs 27 per bottle. The maximum additional security, however, shall not exceed 40%.

(xiv) **Recovery of License Fee :**

At present, 78 per cent of licence fee is recovered in 9 equated monthly instalments beginning from April and the remaining 22 per cent in three equated monthly instalments beginning from January. A slight change has been made in the mode of recovery of licence fee. The amount of security and additional security shall be reduced from the total amount of the licence fee and the remaining amount shall be recovered in 9 equated instalments beginning from April.

(xv) **Sale of Beer at Rural vends :**

The sale of Beer at Rural vends has been discontinued from the year 1987-88.

(xvi) **Possession Limit of Liquor :**

No change has been made in the present possession limit of liquor. A person may keep 3 bottles which may be of any type of Country Liquor including Rum of 60°.

[Minister for Finance]

II. Indian made Foreign Liquor (L-2 vends) :

(i) The present system of auctioning of L-2 vends shall be continued during the year 1987-88. No change has been made in the No. of L-2 vends which, at present is 567. However, marginal adjustments will be made where necessary.

(ii) **Security :**

The amount of security and the mode of its recovery shall be the same as in the case of country Liquor Vends.

(iii) **Additional Security :**

No change has been made in the present system with regard to the amount of additional security, mode of calculation and mode of recovery.

(iv) **Mode of recovery of Licence fee :**

As in the case of P.M.L. Vends, the amount of security and additional security shall be reduced from total licence fee and the remaining amount shall be recovered in 9 equated monthly instalments beginning from April.

The practice of charging an amount of Rs. 12.45 paise per proof litre at the time of issue of permit which was eventually adjusted in licence fee in instalments. This has been descontinued with effect from 1st April, 1987.

(v) **Prices :**

The minimum price of I.M.F.L. has been fixed as under :—

Quart :	.. Rs. 50/-
Pint :	.. Rs. 26/-
Nip :	.. Rs. 14/-

(vi) **Duty :**

No change has been made in the rates of duties except in the case of Rum supplied to troops through Canteen Stores Department. The duty on this Rum has been enhanced from Rs. 16 to Rs. 20 per proof litre. The rates of Excise Duty shall be as under :—

(1) I.M.F.L.	.. Rs. 32 per proof litre.
(2) Rum sold to troops through C.S.D.	.. Rs. 20 per proof litre.
(3) Rectified spirit when not used for medical purposes	.. Rs. 10 per proof litre.
(4) **Sweets and Windes continuing :**	
(a) Proof spirits not exceeding 20%	.. Rs. 1 per bulk litre.
(b) Proof spirits exceeding 20% but not exceeding 30%	.. Rs. 4 per bulk litre.
(5) Cider	.. Rs. 1 per bottle of 650 ML.

(vii) **Additional Excise Duty :**

No change has been made in the existing rates of additional excise duty (in lieu of octroi) on I.M.F.L. and Beer, which are as follows :—

I.M.F.S.	.. Rs. 4.45 per proof litre.
Beer	.. Rs. 0.30 per bottle of 650 ML.

(viii) **Possession Limit :**

No change has been made in the private possession of I.M.F.S. which is as under :—

(1) Two quarts of whisky;

(2) One quart of Brandy; and

(3) Six bottles of beer of 650 ML. each.

(ix) **Fees/Duty :**

The Duty and Fees structure on various licences has been streamlined. The new rates of duties and fees are as follows :—

(1) Rate of fee of different licences :

Type of license		Fee per annum	
L-1	..	Rs. 90,000	In addition, a security of Rs. 10,000 in the shape of National Saving Certificate duly pledged in favour of Collector shall be taken.
L-3, L-4 and L-5	..	Rs. 40,000*	
L-3A, L-4A and L-5A	..	Rs 10,000	
L-12C	..	Rs. 10,000	

(2) **Export Fee :**

I.M.F.L.	..	Rs. 1.20 per P.L.
P.M.L.	..	Rs. 1.20 per P.L.
Beer	..	Rs. 0.30 paise per bottle.
Rectified spirit	..	Rs. 2.00 per B.L.
Industrial alcohal and denatured spirit		Rs. 2.00 Per B.L.
Rum when issued to troops	..	Rs. 50 per P.L.

(3) **Import Fee :**

I.M.F.S. and potable liquor	..	Rs. 1.60 per P.L.

(ix) **Bonded Warehouses : (B.W.H-2) :**

No change has been made in the annual fee for this licence which is Rs. 75,000.

(x) **Assessed Fee : For L-9 License (used by the Army) :**

The rate of assessed fee on I.M.F.S. other than rum sold by L-2 Licencee has been increased from Rs. 8 to Rs. 12 per Bulk litre.

(xi) **Sales Tax on I.M.F.S. :**

No change has been made in the present system of charging sales tax at the rate of 10% and a surcharge of 10% at the amount of tax, at first stage.

III. **Beer :**

The rate of duty chargeable on Beer of strength between 3.25 per cent to 5.25 per cent has been increased from Re. 1 per bottle to Rs. 1.50 per bottle of 650 ML.

It has also been decided to introduce extra strong Beer with effect from 1987-88 but this strength will not be more than 8.25 per cent. The rate of duty on this type of Beer will be Rs. 2 per bottle of 650 ML.

[Minister for Finance]

(IV) **Bhang :**

No change has been made in the present rate of duty on Bhang which is Rs. 20 per 10 kilogram or less.

(V) **Dry Days :**

The close day of 7th of each month has been abolished only the following days shall be observed as close days :—

(1) 26th January	Republic Day.
(2) 30th January	Martyrdm day of Mahatama Gandhi.
(3) 15th August	Independence Day.
(4) 2nd October	Birth Anniversary of Mahatama Gandhi.

(VI) **Timings**

The working of the vends shall continue to be from 10.00 A.M. to 10.00 P.M.

(VII) **Relief due to imposition of curfews :**

In order to make good the loss which a licence holding licence in form L-2 and L-14A suffers as a result of curfew or closing of vends ordered by the District Magistrates for a continuous period of 3 or more full days with the exception of nominal lifting of curfew for supply of essential commodities etc., it has been decided to allow a proportionate relief in licence fee provided in case of country liquor vendee, the quota meant for that period is not lifted.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਨਵੀਂ ਆਬਕਾਰੀ ਨੀਤੀ ਜਿਸ ਮੁਤਾਬਕ ਜੋ 'ਬਜਟ ਐਟ ਏ ਗਲਾਂਸ' ਦੀ ਕਿਤਾਬ ਵਿਚੋਂ ਜਾਣਕਾਰੀ ਮਿਲੀ ਹੈ, ਉਥੋਂ ਇਹ ਪਤਾ ਲਗਿਆ ਹੈ ਕਿ ਸੰਨ 1986-87 ਵਿਚ 20 ਕਰੋੜ ਰੁਪਿਆ ਸਰਕਾਰ ਨੂੰ ਮਿਲਿਆ ਹੈ ਔਰ ਨਵੀਂ ਪਾਲਿਸੀ ਮੁਤਾਬਿਕ 17 ਕਰੋੜ ਮਿਲੇਗਾ। ਕੀ ਇਹ ਠੀਕ ਹੈ ਜਾਂ ਇਸ ਤੋਂ ਇਲਾਵਾ ਵੀ ਕੋਈ ਜਾਣਕਾਰੀ ਰਖਦੇ ਹਨ ਤਾਂ ਦਸ ਦੇਣ ?

ਮੰਤਰੀ : ਸਪੀਕਰ ਸਾਹਿਬ, 14 ਕਰੋੜ 51 ਲੱਖ ਰੁਪਏ ਤੋਂ ਵੱਧ ਹੁਣ ਤਕ ਸਾਨੂੰ ਬੋਲੀਆਂ ਤੋਂ ਆ ਚੁੱਕਾ ਹੈ ਔਰ ਅਜੇ ਪਟਿਆਲਾ ਅਤੇ ਕਪੂਰਥਲੇ ਜ਼ਿਲ੍ਹੇ ਦੀਆਂ ਬੋਲੀਆਂ ਹੋਣੀਆਂ ਹਨ। ਬਠਿੰਡੇ ਅਤੇ ਫਰੀਦਕੋਟ ਵਿਚ ਵੀ 146 ਦੇ ਕਰੀਬ ਵੈਂਡਜ਼ ਰਹਿੰਦੇ ਹਨ। ਇਸ ਤੋਂ ਇਲਾਵਾ ਅਸੀਂ ਕੁਝ 10 ਪ੍ਰਤੀਸ਼ਤ, 20 ਪ੍ਰਤੀਸ਼ਤ ਅਤੇ 30 ਪ੍ਰਤੀਸ਼ਤ ਐਡੀਸ਼ਨਲ ਕੋਟਾ ਵੀ ਦੇ ਰਹੇ ਹਾਂ, ਉਸ ਤੋਂ ਬਾਅਦ ਹੁਣ ਨਾਲੋਂ ਇਹ ਵੱਧ ਜਾਵੇਗਾ।

ਡਾਕਟਰ ਕੇਵਲ ਕ੍ਰਿਸ਼ਨ : ਮੈਂ ਜਾਣਨਾ ਚਾਹਵਾਂਗਾ ਕਿ ਐਕਸਾਈਜ਼ ਡਿਊਟੀ ਤੋਂ ਘੱਟ ਆਮਦਨ ਹੋਈ ਹੈ, ਇਹ ਤਾਂ ਠੀਕ ਹੈ ਪਰ ਜਿਹੜੀ ਇਨ੍ਹਾਂ ਦੀ ਪਰੋਹਿਬਸ਼ਨ ਪਾਲਿਸੀ ਹੈ ਕੀ ਉਸ ਵਿਚ ਪਹਿਲੇ ਜਿਹੜੀਆਂ 16 ਤਾਰੀਖਾਂ ਸਨ, ਸਾਰੀਆਂ 7 ਤਾਰੀਖਾਂ ਅਤੇ 4 ਦਿਨ ਹੋਰ, ਕੀ ਇਸ ਤੋਂ ਇਲਾਵਾ ਵੀ ਕੋਈ ਹੋਰ ਦਿਨ ਰਖੇ ਗਏ ਹਨ ?

ਮੰਤਰੀ : ਸਪੀਕਰ ਸਾਹਿਬ, ਸਾਡੀ ਇਹ ਕੋਸ਼ਿਸ਼ ਹੈ ਕਿ ਕੋਈ ਇਲੀਸਿਟ ਡਿਸਟੀਲੇਸ਼ਨ ਨਾ ਹੋਵੇ। ਜਿਹੜੇ ਪੀਣੋ ਨਹੀਂ ਹਟਦੇ ਉਨ੍ਹਾਂ ਨੂੰ ਚੰਗੀ ਸ਼ਰਾਬ ਮਿਲੇ। ਕੋਟਾ ਹਰ ਸਾਲ ਇਨਕਰੀਜ਼ ਹੋਇਆ ਹੈ ਔਰ ਪ੍ਰਾਈਸਿਜ਼ ਫਿਕਸ ਕੀਤੀਆਂ ਹਨ। ਮੈਕਸੀਮਮ ਪ੍ਰਾਈਸ ਇਹ ਹੋਵੇਗੀ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਪਰੋਹਿਬਸ਼ਨ ਬਾਰੇ ਤਾਂ ਕੋਈ ਜਵਾਬ ਨਹੀਂ ਦਿੱਤਾ। ਇਹ ਅਕਾਲੀ ਸਰਕਾਰ ਪੰਥਕ ਸਰਕਾਰ ਕਹਾਉਂਦੀ ਹੈ। ਕੀ ਇਸ ਦੀ ਪਰੋਹਿਬਸ਼ਨ ਬਾਰੇ ਕੋਈ ਪਾਲਿਸੀ ਹੈ ?

ਮੰਤਰੀ: ਅਸੀਂ ਪਰੋਹਿਬਸ਼ਨ ਦੇ ਹਾਮੀ ਹਾਂ ਪਰ ਪ੍ਰੈਕਟੀਕਲ ਪਰੋਹਿਬਸ਼ਨ ਚਾਹੁੰਦੇ ਹਾਂ। ਇਹ ਇਸ ਢੰਗ ਨਾਲ ਹੋਵੇ ਕਿ ਲੋਕ ਧਾਰਮਿਕ ਤੌਰ ਤੇ ਆਪਣੇ ਆਪ ਘਟਦੇ ਜਾਣ।

ਸ਼੍ਰੀ ਮਹਿੰਦਰ ਸਿੰਘ ਕੇ.ਪੀ : ਮੈਂ ਵਿੱਤ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਏ ਦਿਨ ਜਿਹੜੇ ਠੇਕੇਦਾਰਾਂ ਨੂੰ ਥਰੈਟਸ ਪ੍ਰਾਪਤ ਹੋ ਰਹੇ ਹਨ, ਕੀ ਉਨ੍ਹਾਂ ਦੀ ਸਿਕਿਉਰਿਟੀ ਦਾ ਵੀ ਕੋਈ ਪ੍ਰਬੰਧ ਕਰਨਗੇ ?

ਮੰਤਰੀ : ਇਹ ਗਲ ਸਹੀ ਹੈ। ਪੰਜਾਬ ਵਿਚ ਕੁਝ ਤਬਕਾ ਇਸ ਤਰ੍ਹਾਂ ਦਾ ਹੈ ਇਸੇ ਕਰਕੇ ਹੀ ਬਾਘਾਪੁਰਾਣਾ ਅਤੇ ਨਿਹਾਲਸਿੰਘਵਾਲਾ ਦੇ ਠੇਕੇ ਨਿਲਾਮ ਨਹੀਂ ਹੋਏ। ਇਸ ਕਿਸਮ ਦੇ ਡਰ ਨੂੰ ਬੰਦ ਕਰਨ ਵਾਸਤੇ ਕੋਸ਼ਿਸ਼ ਕੀਤੀ ਹੈ ਔਰ ਇਸ ਸਿਲਸਿਲੇ ਵਿਚ ਮੁੱਖ ਮੰਤਰੀ ਸਾਹਿਬ ਇਕ ਮੀਟਿੰਗ ਕਰ ਰਹੇ ਹਨ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ: ਮੈਂ ਇਹੀ ਪੁਛਣਾ ਚਾਹੁੰਦਾ ਸੀ। ਸਪੀਕਰ ਸਾਹਿਬ, ਹੁਣ ਮੈਂ ਜਾਣਨਾ ਚਾਹੁੰਦਾ ਹਾਂ ਕਿ ਬਾਬਾ ਜੋਗਿੰਦਰ ਸਿੰਘ ਵਾਲੀ ਪਰੋਹਿਬਸ਼ਨ ਪਾਲਿਸੀ ਨੂੰ ਇਹ ਸਿਰੇ ਚਾੜ੍ਹਨਗੇ ਜਾਂ ਰੋਕਣਗੇ ? (ਹਾਸਾ)

(ਕੋਈ ਜਵਾਬ ਨਹੀਂ ਆਇਆ)

ਸਰਦਾਰ ਕਿਰਪਾਲ ਸਿੰਘ : ਸ਼ਰਾਬ ਜਿਹੀ ਲਾਹਨਤ ਤੋਂ ਛੁਟਕਾਰਾ ਦਿਵਾਉਣ ਲਈ ਸਰਕਾਰ ਨੇ ਸਰਕਾਰੀ ਤੌਰ ਤੇ ਜਾਂ ਗੈਰ ਸਰਕਾਰੀ ਤੌਰ ਤੇ ਕੀ ਫੈਸਲਾ ਕੀਤਾ ਹੈ। ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਕੀ ਇਹ ਸਵਾਲ ਨਹੀਂ ਹੈ ? ਤੁਸੀਂ ਮਨਿਸਟਰ ਨੂੰ ਕਾਲ ਹੀ ਨਹੀਂ ਕੀਤਾ। (ਵਿਘਨ) ਮੇਰਾ ਸਵਾਲ ਇਹ ਸੀ ਕਿ ਕੀ ਸਰਕਾਰੀ ਜਾਂ ਗੈਰ ਸਰਕਾਰੀ ਕਿਹੜੇ ਰਵਈਏ ਅਖਤਿਆਰ ਕੀਤੇ ਹਨ ਜਿਸ ਨਾਲ ਸ਼ਰਾਬ ਦੀ ਲਾਹਨਤ ਤੋਂ ਛੁਟਕਾਰਾ ਮਿਲ ਸਕੇ ?

ਸ਼੍ਰੀ ਸਪੀਕਰ : ਇਹ ਜਿਹੜੀ ਪਾਲਿਸੀ ਸਟੇਟਮੈਂਟ ਦਿੱਤੀ ਹੈ, ਉਸ ਵਿਚ ਆ ਗਿਆ ਹੈ।

ਸਰਦਾਰ ਕਿਰਪਾਲ ਸਿੰਘ : ਇਸ ਦਾ ਮਤਲਬ ਹੈ ਕਿ ਇਹ ਇਸ ਹਕ ਵਿਚ ਨਹੀਂ ਹਨ।

ਮੰਤਰੀ: ਸਪੀਕਰ ਸਾਹਿਬ, ਮੈਂ ਪਹਿਲਾਂ ਕਹਿ ਚੁੱਕਾਂ ਹਾਂ ਕਿ ਅਕਾਲੀ ਪਾਰਟੀ ਪਰੋਹਿਬਸ਼ਨ ਦੀ ਹਾਮੀ ਹੈ। ਪਰ ਅਸੀਂ ਚਾਹੁੰਦੇ ਹਾਂ ਕਿ ਪਰੋਹਿਬਸ਼ਨ ਦੇ ਨਾਲ ਲੋਕ ਇਲੀਸਿਟ ਡਿਸਟੀਲੇਸ਼ਨ ਜ਼ਿਆਦਾ ਨਾ ਕਰ ਦੇਣ, ਜਿਸ ਨਾਲ ਕਿ ਲੋਕਾਂ ਦੀ ਸਿਹਤ ਖਰਾਬ ਹੋਵੇ।

Mr. Speaker : Next question.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਤੁਸੀਂ ਮੈਨੂੰ ਸਵਾਲ ਕਰਨ ਦਾ ਆਸ਼ਵਾਸਨ ਦਿੱਤਾ ਸੀ।

ਸ੍ਰੀ ਸਪੀਕਰ: ਕਾਫੀ ਸਪਲੀਮੈਂਟਰੀਜ਼ ਇਸ ਸਵਾਲ ਉਤੇ ਹੋ ਚੁੱਕੀਆਂ ਹਨ। ਇਸ ਤਰ੍ਹਾਂ ਬਾਕੀ ਦੇ ਕੁਐਸਚਨ ਰਹਿ ਜਾਣਗੇ। Next Question No. 745.

Return of Hindu Families to Punjab

*745. **Shri Harnam Dass Johar, Advocate :** Will the Minister for Revenue and Rehabilitation be pleased to state whether the Committee headed by him to persuade the migrated Hindu families to come back to Punjab has visited any other State for the purpose ; if so, the result thereof ?

ਸਰਦਾਰ ਮੇਜਰ ਸਿੰਘ ਉਬੋਕੇ : ਸਪੀਕਰ ਸਾਹਿਬ, ਐਫ.ਸੀ.ਆਰ. ਅਤੇ ਡਾਇਰੈਕਟਰ ਸਾਹਿਬ ਦਿੱਲੀ 4 ਦਿਨ ਲਗਾ ਕੇ ਆਏ ਹਨ ਅਤੇ ਉਨ੍ਹਾਂ ਪਰਿਵਾਰਾਂ ਨੂੰ ਵਾਪਿਸ ਲਿਆਉਣ ਲਈ ਪ੍ਰੇਰਨਾ ਦੇ ਚੁੱਕੇ ਹਨ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਪਿਛਲੇ ਸੈਸ਼ਨ ਵਿਚ ਸਾਰੇ ਮੈਂਬਰ ਸਾਹਿਬਾਨ ਦੇ ਕਹਿਣ ਤੇ ਇਕ ਕਮੇਟੀ ਵਜ਼ੀਰ ਸਾਹਿਬ ਦੀ ਪ੍ਰਧਾਨਗੀ ਵਿਚ ਬਣਾਈ ਗਈ ਸੀ ਔਰ ਜਿਸ ਨੂੰ ਕਾਂਸਟੀਚਿਊਟ ਕਰਨ ਵਿਚ 2 ਮਹੀਨੇ ਲਗ ਗਏ ਸਨ। ਹੁਣ 5 ਮਹੀਨੇ ਹੋ ਗਏ ਹਨ। ਇਹ ਵੀ ਸੈਸ਼ਨ ਦੇ 2 ਦਿਨ ਪਹਿਲੇ ਚੀਫ ਮਨਿਸਟਰ ਸਾਹਿਬ ਨੂੰ ਮਿਲੇ ਅਤੇ ਕਾਰਵਾਈ ਕਰਨ ਲਈ ਇਕ ਮੀਟਿੰਗ ਕੀਤੀ ਸੀ। ਇਹ 5 ਮਹੀਨਿਆਂ ਦੇ ਵਿਚ ਬਾਹਰ ਨਹੀਂ ਜਾ ਸਕੇ। ਕੋਈ ਕੰਮ ਇਸ ਕਮੇਟੀ ਨੇ ਨਹੀਂ ਕੀਤਾ ਅਤੇ ਨਾ ਹੀ ਉਨ੍ਹਾਂ ਲੋਕਾਂ ਨੂੰ ਅਸੀਂ ਵਾਪਿਸ ਲਿਆ ਸਕੇ ਹਾਂ। ਕੀ ਮਨਿਸਟਰ ਸਾਹਿਬ ਹੁਣ ਦਿੱਲੀ ਅਤੇ ਦੂਜੀਆਂ ਸਟੇਟਸ ਵਿਚ ਜਾਣਗੇ ਜਿਥੇ ਹਿੰਦੂ ਮਾਈਗਰੇਟ ਬੈਠੇ ਹੋਏ ਹਨ ? ਉਹ ਦਿੱਲੀ ਤੋਂ ਇਲਾਵਾ ਯੂ.ਪੀ., ਹਿਮਾਚਲ ਪ੍ਰਦੇਸ਼ ਅਤੇ ਹਰਿਆਣੇ ਵਿਚ ਰਹਿ ਰਹੇ ਹਨ। ਕੀ ਮਨਿਸਟਰ ਸਾਹਿਬ ਦੂਜੀਆਂ ਸਟੇਟਸ ਦੇ ਵਿਚ ਜਾਣ ਲਈ ਕੋਈ ਡੇਟਸ ਮੁਕੱਰਰ ਕਰਨਗੇ ਕਿ ਫਲਾਣੀ ਫਲਾਣੀ ਤਾਰੀਖ ਨੂੰ ਫਲਾਣੀ ਫਲਾਣੀ ਸਟੇਟਸ ਵਿਚ ਜਾਣਗੇ ?

ਮੰਤਰੀ: ਸਪੀਕਰ ਸਾਹਿਬ, ਜਿਹੜਾ ਪਹਿਲੇ ਪ੍ਰੋਗਰਾਮ ਬਣਾਇਆ ਗਿਆ ਸੀ ਇਸ ਦੇ ਵਿਚ ਜੋ ਤਬਦੀਲੀ ਕਰਨੀ ਪਈ ਸੀ ਇਹ ਮੈਂਬਰ ਸਾਹਿਬਾਨ ਦੇ ਨਾਲ ਸਲਾਹ ਮਸ਼ਵਰਾ ਕਰਕੇ ਕੀਤੀ ਗਈ ਸੀ। ਪਹਿਲੇ ਤਾਰੀਖ 13 ਅਤੇ 14 ਫਰਵਰੀ ਦੀ ਸੀ। ਉਸ ਵਕਤ ਕੁਝ ਹਾਲਾਤ ਅਜਿਹੇ ਹੋ ਗਏ ਸਨ। ਹੁਣ ਜੋ ਪਰੋਗਰਾਮ ਬਣਾਇਆ ਗਿਆ ਹੈ ਇਹ ਵੀ ਸਾਰੇ ਮੈਂਬਰ ਸਾਹਿਬਾਨ ਦੀ ਸਲਾਹ ਨਾਲ ਬਣਾਇਆ ਗਿਆ ਹੈ। 8 ਤੋਂ 10 ਅਪਰੈਲ ਦਾ ਦਿੱਲੀ ਜਾਣ ਦਾ ਪਰੋਗਰਾਮ ਹੈ। 8 ਤੋਂ 10 ਅਪਰੈਲ ਤੋਂ ਬਾਦ ਮੈਂਬਰ ਸਾਹਿਬਾਨ ਜਿਥੇ ਹੋਰ ਸਟੇਟਸ ਵਿਚ ਜਾਣਾ ਚਾਹੁੰਦੇ ਹੋਣਗੇ, ਫੇਰ ਪਰੋਗਰਾਮ ਬਣਾ ਲਿਆ ਜਾਵੇਗਾ

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਜਿਹੜੀ ਇਨ੍ਹਾਂ ਨੇ ਘੋਖ ਕੀਤੀ ਹੈ ਕੀ ਇਹ ਦਸਣਗੇ ਕਿ ਕਿੰਨੇ ਪਰਿਵਾਰ ਹਿਮਾਚਲ ਵਿਚ ਹਨ, ਕਿੰਨੇ ਹਰਿਆਣੇ, ਯੂ. ਪੀ. ਅਤੇ ਦਿੱਲੀ ਵਿਚ ਗਏ ਹੋਏ ਹਨ ?

ਮੰਤਰੀ : ਸਪੀਕਰ ਸਾਹਿਬ, ਜੋ ਪਰਿਵਾਰ ਦਿੱਲੀ ਵਿਚ ਗਏ ਹੋਏ ਹਨ ਉਹ 972 ਪਰਿਵਾਰ ਹਨ। ਦੂਜੇ ਸੂਬਿਆਂ ਤੋਂ ਅਜਿਹੀ ਜਾਣਕਾਰੀ ਪ੍ਰਾਪਤ ਨਹੀਂ ਹੋਈ। ਮੁੱਖ ਤੌਰ ਤੇ ਇਹ ਜ਼ਿਆਦਾ ਪਰਿਵਾਰ ਦਿਲੀ ਗਏ ਹੋਏ ਹਨ ਅਤੇ ਦਿੱਲੀ ਦੀ ਸਰਕਾਰ ਇਨ੍ਹਾਂ ਨੂੰ ਕਾਫੀ ਸਹਾਇਤਾ ਦੇ ਰਹੀ ਹੈ। ਜ਼ਿਆਦਾ ਪਰਿਵਾਰ ਦਿੱਲੀ ਵਿਚ ਹਨ, ਦੂਜੇ ਸੂਬਿਆਂ ਵਿਚ ਸ਼ਾਹਿਦ ਹੀ ਹੋਣ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਕੀ ਇਹ ਦੱਸਣਗੇ ਕਿ ਇਹ ਜਿਹੜੀ ਦੇਰੀ ਹੋ ਰਹੀ ਹੈ ਕਿਉਂਕਿ ਜਿਹੜੇ ਲੋਕ ਗਏ ਹੋਏ ਹਨ ਇਹ ਜ਼ਿਲ੍ਹਾ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਆਦਾ ਹਨ, ਉਥੇ ਹਾਲੇ ਤੱਕ ਹਾਲਾਤ ਖਰਾਬ ਹਨ ਇਸ ਵਾਸਤੇ ਉਹ ਲੋਕ ਆਉਣ ਤੋਂ ਡਰਦੇ ਹਨ। ਕੀ ਸਰਕਾਰ ਨੇ ਉਨ੍ਹਾਂ ਨੂੰ ਵਾਪਿਸ ਲਿਆਉਣ ਲਈ ਸੋਚਿਆ ਹੈ ਅਤੇ ਜੇਕਰ ਉਨ੍ਹਾਂ ਨੂੰ ਵਾਪਿਸ ਲੈ ਆਏ ਔਰ ਇਨ੍ਹਾਂ ਦੀ ਪਾਲਿਸੀ ਹੋਈ ਤਾਂ ਇਹ ਉਨ੍ਹਾਂ ਨੂੰ ਕਿਸੇ ਸੇਫ ਸ਼ਹਿਰ ਵਿਚ ਵਸਾਉਣਗੇ ?

ਮੰਤਰੀ : ਸਪੀਕਰ ਸਾਹਿਬ, ਜੋ ਪਾਲਿਸੀ ਬਣਾਈ ਗਈ ਹੈ ਉਨ੍ਹਾਂ ਪਰਿਵਾਰਾਂ ਨੂੰ ਵਾਪਿਸ ਲਿਆਉਣ ਲਈ, ਉਨ੍ਹਾਂ ਨੂੰ ਉਨ੍ਹਾਂ ਸ਼ਹਿਰਾਂ ਵਿਚ ਵਸਾਇਆ ਜਾਵੇਗਾ ਜਿਥੇ ਉਹ ਵਸਣਾ ਚਾਹੁੰਦੇ ਹੋਣਗੇ ਅਤੇ ਉਹ ਸੇਫ ਸਮਝਦੇ ਹੋਣਗੇ। ਉਨ੍ਹਾਂ ਨੂੰ ਹੋਰਨਾਂ ਸਹੂਲਤਾਂ ਤੋਂ ਇਲਾਵਾ ਰਹਿਣ ਲਈ ਇਕ ਐਲ. ਆਈ. ਜੀ. ਹਾਊਸ ਦਿੱਤਾ ਜਾਵੇਗਾ। ਉਨ੍ਹਾਂ ਨੂੰ ਪੰਜਾਬ ਦੇ ਕਿਸੇ ਸ਼ਹਿਰ ਵਿਚ, ਜਿਥੇ ਉਹ ਸੇਫ ਸਮਝਣਗੇ, ਉਥੇ ਮਕਾਨ ਦਿੱਤੇ ਜਾਣਗੇ।

ਡਾਕਟਰ ਰਤਨ ਸਿੰਘ : ਜਿਹੜੇ ਸਿੱਖ ਪਰਿਵਾਰ ਦੂਸਰੀਆਂ ਸਟੇਟਾਂ ਵਿਚੋਂ ਉਜੜ ਕੇ ਆਏ ਹਨ ਅਤੇ ਉਨ੍ਹਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ, ਕੀ ਦੂਸਰੀਆਂ ਸਟੇਟਾਂ ਵਿਚੋਂ ਅਤੇ ਪਾਰਲੀਮੈਂਟ ਵਿਚੋਂ ਕਮੇਟੀਆਂ ਇਸ ਸਬੰਧੀ ਪੰਜਾਬ ਵਿਚ ਆਈਆਂ ਹਨ ?

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਇਕ ਕਮੇਟੀ ਆਈ ਸੀ ਔਰ ਮੁੜ ਕੇ ਨਹੀਂ ਆਈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਮੇਰਾ ਜਵਾਬ ਪੂਰਾ ਨਹੀਂ ਆਇਆ। ਜਿਹੜੀ ਕਮੇਟੀ ਬਣੀ ਹੈ, ਸਪੀਕਰ ਸਾਹਿਬ, ਉਸ ਨੂੰ ਇਹ ਪਤਾ ਨਹੀਂ ਕਿ ਹਰਿਆਣੇ ਵਿਚ ਕਿਤਨੇ ਬੰਦੇ ਗਏ ਹਨ ਔਰ ਹਿਮਾਚਲ ਵਿਚ ਕਿਤਨੇ ਬੰਦੇ ਗਏ ਹਨ। ਇਹ ਬੜਾ ਹੀ ਸੀਰੀਅਸ ਮਾਮਲਾ ਹੈ। ਇਸ ਚੀਜ਼ ਦੀ ਜਾਂਚ ਪੜਤਾਲ ਕੀਤੀ ਜਾਣੀ ਚਾਹੀਦੀ ਹੈ ਪਰ ਮੰਤਰੀ ਜੀ ਕਹਿੰਦੇ ਹਨ ਕਿ ਸਾਨੂੰ ਪਤਾ ਨਹੀਂ ਹੈ। ਕੀ ਇਹ ਸਟੈਟਿਸਟਿਕਸ ਇਕੱਠੇ ਨਹੀਂ ਕੀਤੇ ਗਏ ? ਫਿਰ ਇਹ ਕਮੇਟੀ ਕਿਸ ਲਈ ਬਣਾਈ ਗਈ ਹੈ। ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਸਾਨੂੰ ਪਤਾ ਹੀ ਨਹੀਂ ਹੈ ਕਿ ਹਰਿਆਣੇ ਵਿਚ ਕਿਤਨੇ ਆਦਮੀ ਗਏ ਹਨ ਔਰ ਹਿਮਾਚਲ ਵਿਚ ਕਿਤਨੇ ਆਦਮੀ ਗਏ ਹਨ।

ਮੰਤਰੀ : ਜੇਕਰ, ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ ਨੇ ਇਸ ਬਾਰੇ ਇਨਫਰਮੇਸ਼ਨ ਲੈਣੀ ਹੈ ਤਾਂ ਅਲਗ ਸਵਾਲ ਦੇ ਦੇਣ, ਅਸੀਂ ਸਾਰੀ ਇਨਫਰਮੇਸ਼ਨ ਕੁਲੈਕਟ ਕਰ ਲਵਾਂਗੇ। ਮੀਟਿੰਗ ਵਿਚ ਸਾਰੀਆਂ ਪਾਰਟੀਆਂ ਦੇ ਮੈਂਬਰ ਹਨ ਜਿਸ ਤਰ੍ਹਾਂ ਉਹ ਕਮੇਟੀ ਪਰੋਗਰਾਮ ਬਣਾ ਲਵੇਗੀ ਤਾਂ ਉਸੇ ਤਰ੍ਹਾਂ ਹੀ ਸਹੂਲਤਾਂ ਦੇਵਾਂਗੇ। ਮੇਰਾ ਖਿਆਲ ਹੈ ਕਿ ਪਹਿਲਾਂ ਕਦੇ ਨਹੀਂ ਸੀ ਦਿੱਤੀਆਂ। ਜੋ ਵੀ ਸਹੂਲਤਾਂ ਦਿੱਤੀਆਂ ਗਈਆਂ ਹਨ, ਉਹ ਮੌਜੂਦਾ ਸਰਕਾਰ ਵਲੋਂ ਹੀ ਦਿੱਤੀਆਂ ਗਈਆਂ ਹਨ ਔਰ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਗਈਆਂ ਹਨ।

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਸਵਾਲ ਪੁੱਛ ਚੁੱਕੇ ਹੋ। ਚਾਰ ਸਪਲੀਮੈਂਟਰੀਜ਼ ਮੈਂ ਇਸ ਪਾਸੇ ਤੋਂ ਅਲਾਓ ਕਰ ਚੁੱਕਿਆ ਹਾਂ। ਹੁਣ ਦੂਜਿਆਂ ਨੂੰ ਵੀ ਪੁੱਛ ਲੈਣ ਦਿਓ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਕੋਈ ਸਪਲੀਮੈਂਟਰੀ ਨਹੀਂ ਪੁਛੀ।

ਸ੍ਰੀ ਸਪੀਕਰ : ਹਾਂ ਜੀ, ਡਾਕਟਰ ਕੇਵਲ ਕ੍ਰਿਸ਼ਨ ਜੀ ।

ਡਾਕਟਰ ਕੇਵਲ ਕ੍ਰਿਸ਼ਨ : ਕੀ, ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਦੂਜੀਆਂ ਸਟੇਟਸ ਨੂੰ ਮਾਈਗਰੈਂਟਸ ਬਾਰੇ ਡਾਟਾ ਇਕੱਠਾ ਕਰਨ ਲਈ ਕੋਈ ਚਿੱਠੀ ਲਿਖੀ ਹੈ ?

ਮੰਤਰੀ : ਹਾਂ ਜੀ । ਚਿੱਠੀ ਲਿਖੀ ਗਈ ਹੈ ।

ਵੈਦ ਓਮ ਪ੍ਰਕਾਸ਼ ਦੱਤਾ : ਸਪੀਕਰ ਸਾਹਿਬ, ਮੈਂ ਕਮੇਟੀ ਦਾ ਮੈਂਬਰ ਹਾਂ । 13-14 ਤਾਰੀਖ ਨੂੰ ਦਿੱਲੀ ਮੀਟਿੰਗ ਹੋਈ ਸੀ ਔਰ ਅਫਸਰ ਆਏ ਸਨ । ਕੀ ਪੰਜਾਬ ਸਰਕਾਰ ਵਲੋਂ ਐਸੀ ਕੋਸ਼ਿਸ਼ ਕੀਤੀ ਜਾਵੇਗੀ ਕਿ ਪੰਜਾਬ ਪੁਲਿਸ ਵਲੋਂ ਜਿਹੜੇ ਝੂਠੇ ਕੇਸ ਬਣਾਏ ਹੋਏ ਹਨ, ਉਨ੍ਹਾਂ ਨੂੰ ਵਿਦਡਰਾ ਕਰੇਗੀ ਜਿਸ ਤਰ੍ਹਾਂ ਰਾਮ ਲੁਭਾਏ ਦੇ ਕਤਲ ਕੇਸ ਵਿਚ ਹੋਇਆ ਹੈ ?

ਮੰਤਰੀ : ਮਾਨਯੋਗ ਮੈਂਬਰ ਨੇ ਜੋ ਦੱਸਿਆ ਹੈ ਇਸ ਬਾਰੇ ਅਫਸਰ ਸਾਹਿਬਾਨ ਗਏ ਸਨ । ਇਸ ਗੱਲ ਦੀ ਪੜਤਾਲ ਹੋ ਰਹੀ ਹੈ, ਜੇਕਰ ਕਿਸੇ ਤੇ ਝੂਠੇ ਕੇਸ ਹੋਣਗੇ, ਤਾਂ ਜ਼ਰੂਰ ਵਾਪਸ ਲਏ ਜਾਣਗੇ ।

Advertisement to the Newspapers in the State

*705. **Shri Mohinder Singh K.P.** : Will the Minister for Public Relations be pleased to state the criteria adopted by the Government for giving advertisements to the Newspapers in the State ?

ਸਰਦਾਰ ਨੱਥਾ ਸਿੰਘ ਦਾਲਮ : ਪੰਜਾਬ ਸਰਕਾਰ ਵਲੋਂ ਇਸ਼ਤਿਹਾਰ ਜਾਰੀ ਕਰਨ ਦਾ ਢੰਗ ਭਾਰਤ ਸਰਕਾਰ ਦੀ ਨੀਤੀ ਤੇ ਹੀ ਅਧਾਰਤ ਹੈ ।

ਹੇਠ ਲਿਖੇ ਨੁਕਤੇ ਧਿਆਨ ਵਿਚ ਰੱਖੇ ਜਾਂਦੇ ਹਨ :—

1. 2000 ਤੋਂ ਘੱਟ ਸਰਕੂਲੇਸ਼ਨ ਨਹੀਂ ਹੋਣਾ ਚਾਹੀਦਾ ।
2. ਲਗਾਤਾਰ ਛਪਾਈ ਹੋਣੀ ਚਾਹੀਦੀ ਹੈ ।
3. ਪੇਪਰ ਦਾ ਜਰਨਲਿਸਟਿਕ ਮਿਆਰ ਹੋਣਾ ਚਾਹੀਦਾ ਹੈ ।
4. ਜਿਸ ਵਿਸ਼ੇਸ਼ ਭਾਸ਼ਾ ਗਰੁੱਪ ਜ਼ਬਾਨ ਵਿਚ ਪੇਪਰ ਛਪ ਰਿਹਾ ਹੋਵੇ ਉਹ ਪਾਠਕਾਂ ਵਿਚ ਹਰਮਨ ਪਿਆਰਾ ਹੋਵੇ ਅਤੇ ਛਪਾਈ ਦਾ ਮਿਆਰ ਵੀ ਵਧੀਆ ਹੋਣਾ ਚਾਹੀਦਾ ਹੈ ।

ਸ੍ਰੀ ਮਹਿੰਦਰ ਸਿੰਘ ਕੇ.ਪੀ. : ਸਪੀਕਰ ਸਾਹਿਬ, ਮੇਰਾ ਸਵਾਲ ਸੀ ਕਿ ਇਸ਼ਤਿਹਾਰ ਦੇਣ ਲਈ ਕਿਹੜੇ ਕਿਹੜੇ ਢੰਗ ਹਨ । ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਨਾਪ ਕਰਕੇ ਵੇਖਦੇ ਹਾਂ । ਨਾਪਣ ਦਾ ਇਨ੍ਹਾਂ ਕੋਲ ਕਿਹੜਾ ਐਸਾ ਥਰਮਾਮੀਟਰ ਹੈ ਜਿਸ ਨਾਲ ਇਹ ਨਾਪਦੇ ਹਨ ਔਰ ਇਹ ਕਿਥੋਂ ਪੈਦਾ ਹੁੰਦਾ ਹੈ ?

ਮੰਤਰੀ : ਸਰ, ਸਰਕਾਰ ਦੇ ਸਾਧਨ ਐਸੇ ਹੋਇਆ ਕਰਦੇ ਹਨ ਕਿ ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿ ਕਿੰਨੀ ਛਪਾਈ ਹੋ ਰਹੀ ਹੈ, ਕਿਸ ਸਟੈਂਡਰਡ ਦੀ ਹੋ ਰਹੀ ਹੈ ਅਤੇ ਕਿਸ ਕਿਸਮ ਦੀਆਂ ਲਿਖਤਾਂ ਉਸ ਪਾਰਟੀਕੁਲਰ ਪੇਪਰ ਵਿੱਚ ਲਿਖੀਆਂ ਜਾ ਰਹੀਆਂ ਹਨ ।

ਸ੍ਰੀ ਮਹਿੰਦਰ ਸਿੰਘ ਕੇ. ਪੀ. : ਸਪੀਕਰ ਸਾਹਿਬ, ਕੀ ਇਹ ਦੱਸਣਗੇ ਕਿ ਜਿਹੜੇ ਇਸ਼ਤਿਹਾਰ ਜਾਂਦੇ ਹਨ, ਜਿਨ੍ਹਾਂ ਅਖਬਾਰਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ, ਉਨ੍ਹਾਂ ਦੀ ਸਰਕੂਲੇਸ਼ਨ ਠੀਕ ਹੁੰਦੀ ਹੈ ? ਕੀ ਐਸਾ ਤਾਂ ਨਹੀਂ ਕਿ ਜਿਸ ਕਿਸੇ ਅਖ਼ਬਾਰ ਦੀ ਸਰਕੂਲੇਸ਼ਨ ਵੀ ਜ਼ਿਆਦਾ ਹੁੰਦੀ ਹੋਵੇ, ਉਸ ਨੂੰ ਇਸ਼ਤਿਹਾਰ ਨਾ ਦਿੱਤੇ ਜਾਂਦੇ ਹੋਣ ?

ਮੰਤਰੀ : ਸਪੀਕਰ ਸਾਹਿਬ, ਮੈਂ ਵਾਜ਼ਿਆ ਤੌਰ ਤੇ ਬੇਨਤੀ ਕੀਤੀ ਹੈ ਕਿ ਚਾਰ ਪੁਆਇੰਟਸ ਹਨ ਜਿਨ੍ਹਾਂ ਨੂੰ ਐਡਵਰਟਾਈਜ਼ਮੈਂਟ ਇਸ਼ੂ ਕਰਨ ਸਮੇਂ ਮੁੱਖ ਰਖਿਆ ਜਾਂਦਾ ਹੈ। ਉਹ ਮੈਂ ਪਹਿਲਾਂ ਹੀ ਪੜ੍ਹ ਚੁੱਕਾ ਹਾਂ। ਜੇ ਕਹੋ ਤਾਂ ਦੋਬਾਰਾ ਪੜ੍ਹ ਦਿੰਦਾ ਹਾਂ।

ਸ੍ਰੀ ਮਹਿੰਦਰ ਸਿੰਘ ਕੇ. ਪੀ. : ਸਪੀਕਰ ਸਾਹਿਬ, ਮੈਂ ਤਾਂ ਪੁੱਛਣਾ ਚਾਹੁੰਦਾ ਹਾਂ ਕਿ ਕਈਆਂ ਅਖਬਾਰਾਂ ਦੀ ਸਰਕੂਲੇਸ਼ਨ ਜ਼ਿਆਦਾ ਹੈ, ਕੀ ਉਨ੍ਹਾਂ ਨੂੰ ਇਗਨੋਰ ਤਾਂ ਨਹੀਂ ਕੀਤਾ ਜਾਂਦਾ ?

ਮੰਤਰੀ : ਕਰਾਈਟੇਰੀਆ ਅਡਾਪਟ ਕੀਤਾ ਜਾਂਦਾ ਹੈ, ਜਿਹੜੇ ਚਾਰ ਪੁਆਇੰਟਸ ਦੱਸੇ ਹਨ, ਉਨ੍ਹਾਂ ਨੂੰ ਮੁਖ ਰਖਿਆ ਜਾਂਦਾ ਹੈ।

ਸ੍ਰੀ ਹੰਸ ਰਾਜ ਆਰੀਆ : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਜਦੋਂ ਤੋਂ ਇਨ੍ਹਾਂ ਦੀ ਗੌਰਮਿੰਟ ਬਣੀ ਹੈ , ਇਨ੍ਹਾਂ ਨੇ ਕਿਹੜੇ ਕਿਹੜੇ ਅਖਬਾਰ ਨੂੰ ਕਿੰਨੇ ਕਿੰਨੇ ਇਸ਼ਤਿਹਾਰ ਦਿੱਤੇ ਹਨ ?

ਮੰਤਰੀ : ਇਹ ਨਵਾਂ ਕੁਐਸਚਨ ਪੁਟ ਕਰ ਦੇਣ। ਨਵਾਂ ਨੋਟਿਸ ਦੇ ਦੇਣ।

ਸ੍ਰੀ ਸਪੀਕਰ : ਮੇਰੀ ਬੇਨਤੀ ਹੈ ਕਿ ਮੈਂਬਰ ਸਾਹਿਬਾਨ ਪਹਿਲਾਂ ਸਵਾਲ ਪੜ੍ਹ ਲਿਆ ਕਰਨ ਫੇਰ ਸਪਲੀਮੈਂਟਰੀ ਕਰ ਲਿਆ ਕਰਨ।

ਸ੍ਰੀ ਹੰਸ ਰਾਜ ਆਰੀਆ : ਸਪੀਕਰ ਸਾਹਿਬ, ਜਿਹੜੀ ਸਪਲੀਮੈਂਟਰੀ ਸਵਾਲ ਨਾਲ ਕਨਸਰਨਡ ਹੁੰਦੀ ਹੈ, ਉਸ ਦਾ ਜਵਾਬ ਤਾਂ ਦੇਣਾ ਹੀ ਚਾਹੀਦਾ ਹੈ।

ਸ੍ਰੀ ਸਪੀਕਰ : ਤੁਸੀਂ ਇਹ ਦੇਖੋ ਕਿ ਸਵਾਲ ਦਾ ਕਰਾਈਟੇਰੀਆ ਕੀ ਹੈ, ਜੇ ਡਾਟਾ ਚਾਹੀਦਾ ਹੈ ਤਾਂ ਬਹੁਤ ਟਾਈਮ ਲਗੇਗਾ। ਇਸ ਵੇਲੇ ਤਾਂ ਇਸ ਦਾ ਜਵਾਬ ਨਹੀਂ ਦਿੱਤਾ ਜਾ ਸਕਦਾ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਪੁਰਾਣੀਆਂ ਸਰਕਾਰਾਂ, ਖਾਸ ਤੌਰ ਤੇ ਕਾਂਗਰਸ ਸਰਕਾਰਾਂ ਡਾਇਰੈਕਟ ਜਾਂ ਇਨਡਾਇਰੈਕਟ ਸਰਕਾਰੀ ਪਾਲਿਸੀਆਂ ਅਤੇ ਲੀਡਰਾਂ ਨੂੰ ਸਪੋਰਟ ਕਰਨ ਲਈ ਅਖਬਾਰਾਂ ਦੀ ਸਰਪ੍ਰਸਤੀ ਕਰਦੀਆਂ ਰਹੀਆਂ ਹਨ। ਕੀ ਇਨ੍ਹਾਂ ਨੇ ਵੀ ਇਹੀ ਪਾਲਿਸੀ ਅਪਣਾ ਲਈ ਹੈ ਜਾਂ ਇੰਡੀਪੈਂਡੈਂਟ ਵਿਊਜ਼ ਵਾਲੇ ਅਖਬਾਰਾਂ ਨੂੰ ਲਿਆ ਹੈ ?

ਮੰਤਰੀ : ਸਾਡੀ ਸਰਕਾਰ ਤਾਂ ਕੇਵਲ ਮੈਰਿਟ ਦੇ ਆਧਾਰ ਤੇ ਹੀ ਐਡਵਰਟਾਈਜ਼ਮੈਂਟਸ ਇਸ਼ੂ ਕਰਦੀ ਹੈ ਅਤੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ।

Merger of Public Health Department in some other Departments

***704. Shri Mohinder Singh K.P. :** Will the Minister of State for Public Health be pleased to state whether there is any proposal under the consideration of the Government to disband or merge the Public Health Department in some other departments ; if so, the steps taken to safeguard the interests of the employees ?

ਸਰਦਾਰ ਸ਼ਸ਼ਪਾਲ ਸਿੰਘ : ਜਨ ਸਿਹਤ ਵਿਭਾਗ ਨੂੰ ਤੋੜਨ ਜਾਂ ਕਿਸੇ ਹੋਰ ਵਿਭਾਗ ਵਿਚ ਮਿਲਾਉਣ ਦੀ ਕੋਈ ਤਜਵੀਜ਼ ਨਹੀਂ ਹੈ। ਇਸ ਲਈ ਕਰਮਚਾਰੀਆਂ ਦੇ ਹਿੱਤਾਂ ਦੀ ਸੁਰੱਖਿਆ ਸਬੰਧੀ ਕੋਈ ਕਦਮ ਚੁਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਸ੍ਰੀ ਸਪੀਕਰ : ਇਸ ਦਾ ਤਾਂ ਸਪੈਸਿਫਿਕ ਜਵਾਬ ਆ ਗਿਆ ਹੈ। Next Question.

Scarcity of drinking water in Dhar Block

***830. Master Mohan Lal** : Will the Minister of State for Public Health be pleased to state whether it is a fact that there is an acute scarcity of drinking water in the following villages in Dhar Block of Pathankot Sub-Division :—

1. Kangar ;
2. Kalota ;
3. Surali ;
4. Darang Khad ;
5. Bhadan ;
6. Matti ;
7. Kukrue ; and
8. Pamrota.

if so, the steps being taken to supply the drinking water to the said villages ?

ਸਰਦਾਰ ਸ਼ਸ਼ਪਾਲ ਸਿੰਘ : ਧਾਰ ਬਲਾਕ ਦੇ 93 ਵਿਲੇਜਿਜ਼ ਪਰਾਬਲਮ ਵਿਲੇਜਿਜ਼ ਹਨ ਅਤੇ ਉਨ੍ਹਾਂ ਵਿਚੋਂ 90 ਵਿਲੇਜਿਜ਼ ਵਿੱਚ ਪਾਣੀ ਦੀਆਂ ਸਕੀਮਾਂ ਪਹੁੰਚ ਚੁਕੀਆਂ ਹਨ । 3 ਪਿੰਡ ਰਹਿੰਦੇ ਹਨ ਜਿਨ੍ਹਾਂ ਲਈ ਸਕੀਮ ਅੰਡਰ ਕੰਸਿਡਰੇਸ਼ਨ ਹੈ ਅਤੇ ਇਹ ਕੰਮ ਇਕ ਸਾਲ ਦੇ ਅੰਦਰ ਅੰਦਰ ਹੋ ਜਾਵੇਗਾ। ਜਿਨ੍ਹਾਂ 7-8 ਦੇ ਇਨ੍ਹਾਂ ਨੇ ਨਾਂ ਦਿੱਤੇ ਹਨ, ਇਹ ਦਰਅਸਲ ਪਿੰਡ ਨਹੀਂ ਹਨ, ਆਬਾਦੀਆਂ ਹਨ। ਇਹ 4 ਪਿੰਡ ਸਨ, ਉਨ੍ਹਾਂ ਨਾਲ ਇਹ ਆਬਾਦੀਆਂ ਲਗਦੀਆਂ ਹਨ। ਇਕ ਪਿੰਡ ਬਘਾੜ ਨਾਲ ਕੁਝ ਆਬਾਦੀਆਂ ਲਗਦੀਆਂ ਹਨ। ਦੂਜੇ ਠਾਰਾ ਹਾਰਾ, ਠਾਰਾ, ਝਿਕਲਾ ਉਨ੍ਹਾਂ ਨਾਲ ਆਬਾਦੀਆਂ ਲਗਦੀਆਂ ਹਨ। ਇਹ ਆਬਾਦੀਆਂ ਇਨ੍ਹਾਂ ਪਿੰਡਾਂ ਨਾਲ 6-6 ਅਤੇ 8-8 ਕਿਲੋਮੀਟਰ ਦੂਰ ਹਨ। ਇਕ ਆਬਾਦੀ ਲਈ ਪਾਣੀ ਦੀ ਸਪਲਾਈ ਦੀ ਸਕੀਮ ਪਾਸ ਹੋ ਚੁਕੀ ਹੈ ਅਤੇ ਛੇਤੀ ਹੀ ਉਥੇ ਪਾਣੀ ਦਿੱਤਾ ਜਾਵੇਗਾ। ਬਾਕੀ ਆਬਾਦੀਆਂ ਦੂਰ ਹਨ ਅਤੇ ਇਕ ਜਗ੍ਹਾ ਤੋਂ ਉਥੇ ਪਾਣੀ ਲਿਜਾਣਾ ਮੁਸ਼ਕਲ ਹੋਵੇਗਾ। ਸ਼ਾਇਦ ਇਸ ਲਈ ਸੈਪਰੇਟ ਸਕੀਮ ਬਣਾਉਣੀ ਪਵੇ। ਇਸ ਤੇ ਵਿਚਾਰ ਕਰ ਲਵਾਂਗੇ।

ਮਾਸਟਰ ਮੋਹਨ ਲਾਲ: ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੱਲ ਆਪਣੀ ਬਜਟ ਦੀ ਤਕਰੀਰ ਦੇ ਜਵਾਬ ਵਿੱਚ ਸਰਦਾਰ ਬਲਵੰਤ ਸਿੰਘ ਜੀ ਨੇ ਇਕ ਗੱਲ ਕਹੀ ਸੀ ਕਿ ਕੰਡੀ ਏਰੀਆ ਦੇ ਟਿਕਿਆਂ ਤੱਕ ਪਾਣੀ ਪਹੁੰਚਾਉਣ ਦਾ ਪ੍ਰਬੰਧ ਕਰਾਂਗੇ ਅਤੇ ਐਪੈਕਸ ਦੇ ਡਿਸੀਜ਼ਨ ਨੂੰ ਤੋੜਨ ਦਾ ਪ੍ਰਬੰਧ ਕਰਾਂਗੇ। ਜਿਨ੍ਹਾਂ ਟਿਕਿਆਂ ਤੇ ਪਾਣੀ ਦੀ ਐਕਿਊਟ ਸ਼ਾਰਟੇਜ ਹੈ ਅਤੇ ਅਗੋਂ ਗਰਮੀਆਂ ਆ ਰਹੀਆਂ ਹਨ, ਉਨ੍ਹਾਂ ਦੀ ਇਸ ਕਮੀ ਨੂੰ ਕਦੋਂ ਤੱਕ ਪੂਰਾ ਕਰ ਦਿੱਤਾ ਜਾਵੇਗਾ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਅਰਜ਼ ਕੀਤੀ ਹੈ ਚਾਰ ਪਿੰਡਾਂ ਨਾਲ ਇਹ ਆਬਾਦੀਆਂ ਸਬੰਧਤ ਹਨ। ਇਨ੍ਹਾਂ ਚਾਰਾਂ ਵਿਚੋਂ ਤਿੰਨਾਂ ਪਿੰਡਾਂ ਨੂੰ ਪਾਣੀ ਸਪਲਾਈ ਹੋ ਚੁੱਕਾ ਹੈ। ਇੱਕ ਪਿੰਡ ਰਹਿੰਦਾ ਹੈ ਥੜਾ ਝਿਕਲਾ ਇਹ ਵੀ ਸੈਂਕਸ਼ਨ ਹੋ ਚੁੱਕਾ ਹੈ ਅਤੇ ਇਹ ਵੀ ਹੋ ਜਾਏਗਾ। ਇਹ ਆਬਾ-ਦੀਆਂ ਕਾਫੀ ਡਿਸਟੈਂਸ ਤੇ ਹਨ। ਇਹ ਅਸ਼ੋਰੈਂਸ ਦਿੰਦੇ ਹਾਂ ਕਿ ਜਿਥੇ ਵੀ ਪਾਣੀ ਦੀ ਲੋੜ ਹੋਏਗੀ ਗਰੀਬਾਂ ਨੂੰ ਉਥੇ ਪਾਣੀ ਪਹੁੰਚਾਇਆ ਜਾਏਗਾ ।

ਸ੍ਰੀ ਰਾਮ ਕਿਸ਼ਨ ਕਟਾਰੀਆ: ਕੰਡੀ ਏਰੀਆ ਵਿਚ 20 ਰੁਪਏ ਮਹੀਨਾ ਪਾਣੀ ਲਈ ਲਿਆ ਜਾਂਦਾ ਹੈ। ਕੀ ਇਸ ਨੂੰ ਘਟਾ ਕੇ 10 ਰੁਪਏ ਮਹੀਨਾ ਕਰ ਦਿੱਤਾ ਜਾਏਗਾ?

ਰਾਜ ਮੰਤਰੀ: 20 ਰੁਪਏ ਮਹੀਨਾ ਧਨਾਢ ਆਦਮੀਆਂ ਤੋਂ ਲੈਂਦੇ ਹਾਂ। ਜਿਹੜੇ ਪਬਲਿਕ ਟੈਪਸ ਹਨ ਉਥੋਂ ਫਰੀ ਪਾਣੀ ਦਿੱਤਾ ਜਾਂਦਾ ਹੈ। ਪਰਾਈਵੇਟ ਵਾਸਤੇ 20 ਰੁਪਏ, 15 ਰੁਪਏ ਹੈ।

Fair Officer

*716. **Sardar Balwinder Singh Bhunder :** Will the Minister of State for Rural Development and Panchayats be pleased to state—

(a) whether the Government has appointed some Fair Officers in the recent past ;

(b) if the reply to part (a) above be in the affirmative whether the said posts were advertised in the news papers ; if not, the reasons therefor ?

ਸਰਦਾਰ ਬਲਦੇਵ ਸਿੰਘ ਖਿਆਲਾ : (ੳ) ਹਾਂ ਜੀ।

(ਅ) ਮੇਲਾ ਅਫਸਰਾਂ ਦੀਆਂ ਅਸਾਮੀਆਂ ਭਰਨ ਲਈ ਐਸ.ਐਸ.ਐਸ.ਬੋਰਡ ਨੂੰ ਮੰਗ ਪੱਤਰ ਭੇਜਿਆ ਗਿਆ ਸੀ ਜਿਨ੍ਹਾਂ ਵਲੋਂ ਇਨ੍ਹਾਂ ਅਸਾਮੀਆਂ ਦਾ ਵਿਗਿਆਪਨ ਅੰਗਰੇਜ਼ੀ ਟ੍ਰਿਬਿਊਨ ਵਿਚ ਵਿਗਿਆਪਨ ਨੰ: 1/85 ਮਿਤੀ 15 ਜਨਵਰੀ, 1985 ਨੂੰ ਛਪਿਆ ਸੀ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ ਐਸ. ਐਸ. ਐਸ. ਬੋਰਡ ਤੋਂ ਪੇਪਰ ਰਾਹੀਂ ਅਰਜ਼ੀਆਂ ਮੰਗੀਆਂ ਗਈਆਂ ਸੀ, ਕੀ ਇਹ ਠੀਕ ਹੈ ਕਿ ਇਹ ਐਸ. ਐਸ. ਐਸ. ਬੋਰਡ ਤੋੜ ਕੇ ਸਪੈਸ਼ਲ ਐਕਸਚੇਂਜ ਤੋਂ ਅਰਜ਼ੀਆਂ ਮੰਗਾ ਕੇ ਸਾਰੀਆਂ ਦੀਆਂ ਸਾਰੀਆਂ ਪੋਸਟਾਂ ਉਥੋਂ ਭਰੀਆਂ ਗਈਆਂ?

ਰਾਜ ਮੰਤਰੀ: ਵਿਭਾਗ ਵਲੋਂ ਮੇਲਾ ਅਫਸਰਾਂ ਦੀਆਂ ਅਸਾਮੀਆਂ ਭਰਨ ਦੇ ਲਈ ਅਧੀਨ ਸੇਵਾਵਾਂ ਚੋਣ ਬੋਰਡ ਨੂੰ ਮੰਗ-ਪੱਤਰ ਮਿਤੀ 13 ਅਗਸਤ, 1984 ਨੂੰ ਭੇਜਿਆ ਗਿਆ ਸੀ। ਉਸ ਵੇਲੇ ਮੇਲਾ ਅਫਸਰਾਂ ਦੀਆਂ 2 ਖਾਲੀ ਆਸਾਮੀਆਂ ਦੇ ਲਈ ਬੋਰਡ ਵੱਲੋਂ ਮਿਤੀ 15 ਜਨਵਰੀ, 1985 ਨੂੰ ਵਿਗਿਆਪਨ ਨੰ: 1/85 ਰਾਹੀਂ 'ਦੀ ਟ੍ਰਿਬਿਊਨ' ਵਿਚ ਐਡਵਰਟਾਈਜ਼ ਕੀਤੀਆਂ ਗਈਆਂ ਸਨ। ਬਾਅਦ ਵਿਚ ਅਧੀਨ ਸੇਵਾਵਾਂ ਚੋਣ ਬੋਰਡ ਭੰਗ ਹੋ ਜਾਣ ਕਾਰਨ ਸਰਕਾਰ ਦੀਆਂ ਹਦਾਇਤਾਂ ਨੰ: 12/30/86-1 ਜੀ.ਈ./5139, ਮਿਤੀ 15 ਅਪਰੈਲ, 1986 ਰਾਹੀਂ ਵਿਭਾਗੀ ਚੋਣ ਕਮੇਟੀਆਂ ਬਣਾਈਆਂ ਗਈਆਂ। ਇਨ੍ਹਾਂ ਹਦਾਇਤਾਂ ਮੁਤਾਬਿਕ ਜਿਨ੍ਹਾਂ ਕੇਸਾਂ ਵਿਚ ਐਸ. ਐਸ. ਐਸ. ਬੋਰਡ ਨੂੰ ਮੰਗ-ਪੱਤਰ ਭੇਜਿਆ ਹੋਇਆ ਹੈ, ਵਿਭਾਗੀ ਚੋਣ ਕਮੇਟੀਆਂ ਐਸ. ਐਸ. ਐਸ. ਬੋਰਡ ਨੂੰ ਬੇਨਤੀ ਭੇਜਣਗੀਆਂ ਅਤੇ ਇਸ ਦੀ ਇਕ ਕਾਪੀ ਸਕੱਤਰ, ਕਿਰਤ ਅਤੇ ਰੋਜ਼ਗਾਰ (ਚੇਅਰਮੈਨ, ਸੈਂਟਰਲ ਪਲੇਸਮੈਂਟ ਕਮੇਟੀ) ਨੂੰ ਭੇਜੀ ਜਾਵੇਗੀ। ਜਿਥੇ ਖਾਲੀ ਆਸਾਮੀਆਂ ਐਸ. ਐਸ. ਐਸ. ਬੋਰਡ ਨੂੰ ਅਧਿਸੂਚਿਤ ਨਹੀਂ ਕੀਤੀਆਂ ਗਈਆਂ ਸਨ, ਉਥੇ ਉਮੀਦ-ਵਾਰਾਂ ਦੇ ਨਾਂ ਰੋਜ਼ਗਾਰ ਦਫਤਰ ਜਾਂ ਵਿਗਿਆਪਨ ਰਾਹੀਂ ਜਿਹੜੀ ਕਿ ਸੂਰਤ ਹੋਵੇ, ਪ੍ਰਾਪਤ ਕੀਤੇ ਜਾਣ। ਇਨ੍ਹਾਂ ਹਦਾਇਤਾਂ ਨੂੰ ਮੁੱਖ ਰਖਦੇ ਹੋਏ ਅਧੀਨ ਸੇਵਾਵਾਂ ਚੋਣ ਬੋਰਡ ਵਿਚ ਆਈਆਂ ਦਰਖਾਸਤਾਂ

[ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ]

ਮੰਗੀਆਂ ਗਈਆਂ। ਇਸ ਤੋਂ ਇਲਾਵਾ ਰੋਜ਼ਗਾਰ ਦਫ਼ਤਰ ਅਤੇ ਸੈਂਟਰਲ ਪਲੇਸਮੈਂਟ ਕਮੇਟੀ ਵਲੋਂ ਵੀ ਉਮੀਦਵਾਰਾਂ ਦੀਆਂ ਸੂਚੀਆਂ ਮੰਗਵਾਈਆਂ ਗਈਆਂ। ਵੱਖ ਵੱਖ ਅਦਾਰਿਆਂ ਤੋਂ ਜੋ ਸੂਚੀਆਂ ਪ੍ਰਾਪਤ ਹੋਈਆਂ, ਉਨ੍ਹਾਂ ਦੀ ਗਿਣਤੀ ਇਸ ਪ੍ਰਕਾਰ ਹੈ:-

1. ਅਧੀਨ ਸੇਵਾਵਾਂ ਚੋਣ ਬੋਰਡ	...	355
2. ਰੋਜ਼ਗਾਰ ਅਫ਼ਸਰ, ਮਾਨਸਾ (ਬਠਿੰਡਾ ਜ਼ਿਲ੍ਹਾ)	...	55
3. ਸੈਂਟਰਲ ਪਲੇਸਮੈਂਟ ਕਮੇਟੀ	...	13
4. ਪ੍ਰਦੇਸ਼ਕ ਰੋਜ਼ਗਾਰ ਅਫਸਰ, ਮੁਹਾਲੀ ਐਟ ਚੰਡੀਗੜ੍ਹ	...	50
ਕੁਲ	...	473

ਸਰਦਾਰ ਬਲਵਿੰਦਰ ਸਿੰਘ ਭੂੰਦੜ: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਐਸ. ਐਸ ਐਸ. ਬੋਰਡ ਤੋਂ ਅਰਜ਼ੀਆਂ ਆ ਗਈਆਂ ਸਨ ਫਿਰ ਸਪੈਸ਼ਲ ਐਕਸਚੇਂਜ ਤੋਂ ਕਿਉਂ ਅਰਜ਼ੀਆਂ ਮੰਗਾ ਲਈਆਂ ? ਕੀ ਇਹ ਮੇਰੀ ਗੱਲ ਠੀਕ ਹੈ ਕਿ ਸਪੈਸ਼ਲ ਐਕਸਚੇਂਜ ਬਠਿੰਡਾ ਤੋਂ ਅਰਜ਼ੀਆਂ ਮੰਗਾ ਕੇ ਸਾਰੀਆਂ ਦੀਆਂ ਸਾਰੀਆਂ ਪੋਸਟਾਂ ਉਨ੍ਹਾਂ ਵਿਚੋਂ ਹੀ ਭਰ ਲਈਆਂ ਗਈਆਂ?

ਰਾਜ ਮੰਤਰੀ: ਅਰਜ਼ੀਆਂ ਮੋਹਾਲੀ ਐਕਸਚੇਂਜ ਤੋਂ ਵੀ ਮੰਗਾਈਆਂ ਗਈਆਂ ਹਨ। ਜਿਥੋਂ ਤਕ ਬੰਦੇ ਰਖਣ ਦੀ ਗਲ ਹੈ, ਛੇ ਬੰਦੇ ਰੱਖੇ ਹਨ ਅਤੇ ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ:-

1. ਸ੍ਰੀ ਬਹਾਲ ਸਿੰਘ, ਜ਼ਿਲ੍ਹਾ ਬਠਿੰਡਾ।
2. ਸ੍ਰੀ ਅਜਮੇਰ ਸਿੰਘ, ਜ਼ਿਲ੍ਹਾ ਲੁਧਿਆਣਾ।
3. ਸ੍ਰੀ ਰਾਮ ਕਿਸ਼ਨ, ਜ਼ਿਲ੍ਹਾ ਹੁਸ਼ਿਆਰਪੁਰ।
4. ਸ੍ਰੀ ਗੁਰਨੇਤ ਸਿੰਘ, ਜ਼ਿਲ੍ਹਾ ਬਠਿੰਡਾ।
5. ਸ੍ਰੀ ਹਰਮੇਲ ਸਿੰਘ, ਜ਼ਿਲ੍ਹਾ ਬਠਿੰਡਾ।
6. ਸ੍ਰੀ ਕੁਲਜੀਤ ਸਿੰਘ, ਜ਼ਿਲ੍ਹਾ ਬਠਿੰਡਾ।

ਸ੍ਰੀ ਸ਼ਿਵ ਚੰਦ ਮਲੋਟ: ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਵਿਚ ਜ਼ਿਲ੍ਹਾ ਬਠਿੰਡਾ ਦੇ ਜ਼ਿਆਦਾ ਰੱਖੇ ਗਏ ਹਨ, ਹੋਰ ਜ਼ਿਲ੍ਹਿਆਂ ਵਿਚੋਂ ਕਿਉਂ ਨਹੀਂ ਰਖੇ ਗਏ ?

ਰਾਜ ਮੰਤਰੀ: ਜਿਹੜੀ ਗੱਲ ਇਨ੍ਹਾਂ ਨੇ ਪੁੱਛੀ ਸੀ ਇਸ ਦੀ ਬਜਾਏ ਇਨ੍ਹਾਂ ਨੂੰ ਪੁੱਛਣਾ ਚਾਹੀਦਾ ਸੀ ਕਿ ਪਛੜੀਆਂ ਸ਼੍ਰੇਣੀਆਂ ਦੇ ਕਿਨੇ ਬੰਦੇ ਰਖੇ ਗਏ ਹਨ। ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਇਨ੍ਹਾਂ 6 ਵਿਚੋਂ 3 ਪਛੜੀਆਂ ਸ਼੍ਰੇਣੀਆਂ ਦੇ ਰਖੇ ਹਨ ਅਤੇ 3 ਜਨਰਲ ਵਿਚੋਂ ਰਖੇ ਹਨ।

ਸਰਦਾਰ ਜਸਦੇਵ ਸਿੰਘ ਸੰਧੂ: ਸੀਪਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਅਸਾਮੀਆਂ ਵਧ ਗਈਆਂ ਤਾਂ ਕੀ ਇਨ੍ਹਾਂ ਨੇ ਦੁਬਾਰਾ ਕਿਸੇ ਅਖਬਾਰ ਵਿਚ ਇਸ਼ਤਿਹਾਰ ਦੇ ਕੇ ਡੀਪਾਰਟਮੈਂਟਲ ਕਮੇਟੀ ਵਲੋਂ ਕੋਈ ਅਰਜ਼ੀਆਂ ਮੰਗੀਆਂ ਗਈਆਂ ਸਨ?

ਰਾਜ ਮੰਤਰੀ: ਮੈਂ ਕਿਹਾ ਹੈ ਕਿ ਚੋਣ ਬੋਰਡ ਦੁਆਰਾ ਅਖਬਾਰਾਂ ਰਾਹੀਂ ਅਤੇ ਫਿਰ ਇੰਪਲਾਇ-ਮੈਂਟ ਐਕਸਚੇਂਜ ਦੇ ਰਾਹੀਂ ਲੈ ਕੇ ਅਸਾਮੀਆਂ ਪੂਰੀਆਂ ਕੀਤੀਆਂ ।

ਰਾਜਾ ਨਰਿੰਦਰ ਸਿੰਘ : ਕਾਂਗਰਸ ਦੇ ਰਾਜ ਵੇਲੇ ਤਾਂ ਮਲ੍ਹਮਾਂ ਤੇ ਪੱਟੀ ਨਹੀਂ ਲਗਾ ਸਕੇ, ਹੁਣ ਇਹ ਅਕਾਲੀ ਦਲ ਦੀ ਸਰਕਾਰ ਹੈ, ਕੀ ਇਹ ਦੱਸਣਗੇ ਕਿ ਇਹ ਜਿਹੜੇ ਰਖੇ ਹਨ ਇਨ੍ਹਾਂ ਵਿਚ ਦੰਗਾ ਪੀੜਤ ਕਿੰਨੇ ਹਨ?

ਰਾਜ ਮੰਤਰੀ : ਇਸ ਦਾ ਦੁਬਾਰਾ ਸਵਾਲ ਕਰ ਦੇਣ, ਫਿਰ ਡੀਟੇਲ ਦੱਸ ਦਿਆਂਗੇ ।

Suspension of bus-routes in Balachaur Sub-Division

***677. Shri Ram Kishan Kataria :** Will the Minister of State for Transport be pleased to state whether it is a fact that the following bus routes in Balachaur Sub-Division have been suspended by the Government :—

1. Baddi to Malewal ;
2. Kathgarh to Rattowal ;
3. Kathgarh to Tundwal ;
4. Ropar to Nighi ; and
5. Malewal to Chandigarh ;

if so, the reasons therefor and whether the said bus routes are likely to be revised ?

ਸਰਦਾਰ ਸੁਰਿੰਦਰ ਸਿੰਘ ਧੂਰੀ (ਸੰਸਦੀ ਸਕੱਤਰ, ਟਰਾਂਸਪੋਰਟ) : ਵੇਰਵਾ ਹੇਠ ਲਿਖੇ ਅਨੁਸਾਰ ਹੈ :

1	ਬੱਦੀ ਤੋਂ ਮੱਲੇਵਾਲ	... ਬੱਦੀ ਤੋਂ ਮੱਲੇਵਾਲ ਮੇਨ ਰੂਟ ਬਲਾਚੌਰ ਮਾਲੇਵਾਲ ਦਾ ਇਕ ਹਿੱਸਾ ਹੈ । ਸੜਕ ਖਰਾਬ ਹੋਣ ਕਰਕੇ ਰੂਟ ਦੇ ਇਸ ਹਿਸੇ ਦੀ ਬੱਸ ਸੇਵਾ ਆਰਜ਼ੀ ਤੌਰ ਤੇ ਮੁਅੱਤਲ ਕੀਤੀ ਗਈ ਹੈ ।
2	ਕਾਠਗੜ੍ਹ ਤੋਂ ਰੱਤੇਵਾਲ	... ਮੁਅੱਤਲ ਨਹੀਂ ਕੀਤਾ ਗਿਆ ਹੈ ।
3	ਕਾਠਗੜ੍ਹ ਤੋਂ ਟੁੰਡੇਵਾਲ	... ਅਣਅਧਿਕਾਰਤ ਰੂਟ ਚਲਾਇਆ ਜਾਂਦਾ ਸੀ ਜੋ ਸੜਕ ਦੀ ਹਾਲਤ ਖਰਾਬ ਹੋਣ ਕਰਕੇ ਮੁਅੱਤਲ ਕਰ ਦਿੱਤਾ ਗਿਆ ਹੈ ।
4	ਰੋਪੜ ਤੋਂ ਨਿੱਘੀ	... ਅਜਿਹਾ ਕੋਈ ਰੂਟ ਨਾ ਹੀ ਮੰਜ਼ੂਰ ਕੀਤਾ ਗਿਆ ਹੈ ਅਤੇ ਨਾ ਹੀ ਚਲਦਾ ਹੈ । ਇਸ ਲਈ ਮੁਅੱਤਲ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

[ਸੰਸਦੀ ਸਕੱਤਰ, ਟਰਾਂਸਪੋਰਟ]

5 ਮਾਲੇਵਾਲ ਤੋਂ ਚੰਡੀਗੜ੍ਹ ... ਭੱਦੀ ਤੋਂ ਮਾਲੇਵਾਲ ਅਤੇ ਥੋਪੀਆਂ ਮੋੜ ਤੋਂ ਟੋਂਡੇਵਾਲ ਸੜਕ ਖਰਾਬ ਹੋਣ ਕਰਕੇ ਸੇਵਾ ਘੱਟ ਕੀਤੀ ਗਈ ਹੈ। ਇਸ ਲਈ ਇਸ ਰੂਟ ਤੇ ਬੱਸ ਸੇਵਾ ਭੱਦੀ ਤੋਂ ਚੰਡੀਗੜ੍ਹ ਰਸਤਾ ਬਲਾਚੌਰ ਚਲਾਈ ਜਾ ਰਹੀ ਹੈ।

ਸ਼੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਇਨ੍ਹਾਂ ਨੇ ਪਹਿਲੇ ਮੇਰੇ ਅਜਿਹੇ ਸਵਾਲ ਵਿਚ ਜਵਾਬ ਕੁਝ ਹੋਰ ਦਿੱਤਾ ਸੀ ਅਤੇ ਹੁਣ ਕੁਝ ਹੋਰ ਜਵਾਬ ਦਿੱਤਾ ਹੈ। ਹੁਣ ਇਨ੍ਹਾਂ ਨੇ ਜਵਾਬ ਕੁਝ ਸੁਧਾਰ ਲਿਆ ਹੈ। ਰੋਪੜ ਤੋਂ ਨਿੱਘੀ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਕੋਈ ਰੂਟ ਨਹੀਂ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਰੂਟ ਲਗਾਤਾਰ 8-9 ਸਾਲ ਲਗਾਤਾਰ ਚਲਦਾ ਰਿਹਾ ਸੀ। ਹੁਣ ਇਨ੍ਹਾਂ ਨੇ ਬੰਦ ਕੀਤਾ ਹੈ। ਫਿਰ ਇਨ੍ਹਾਂ ਦੇ ਟੁੰਡੇਵਾਲ ਰੂਟ ਬਾਰੇ ਦੱਸਿਆ ਹੈ ਕਿ ਉਹ ਅਣਅਧਿਕਾਰਤ ਰੂਟ ਚਲਾਇਆ ਜਾਂਦਾ ਸੀ ਜੋ ਸੜਕ ਦੀ ਹਾਲਤ ਖਰਾਬ ਹੋਣ ਕਰਕੇ ਮੁਅੱਤਲ ਕਰ ਦਿੱਤਾ ਗਿਆ ਹੈ। ਇਨ੍ਹਾਂ ਨੇ ਸੜਕ ਦੀ ਹਾਲਤ ਖਰਾਬ ਹੋਣ ਬਾਰੇ ਦੱਸਿਆ ਹੈ। ਸਪੀਕਰ ਸਾਹਿਬ, ਲੋਕ ਤਾਂ ਇਹ ਸਮਝਦੇ ਸੀ ਕਿ ਇਹ ਰੂਟ ਪਰਮਾਨੈਂਟ ਹੈ। ਇਹ ਰੂਟ ਵੀ 8-9 ਸਾਲ ਲਗਾਤਾਰ ਚਲਦਾ ਰਿਹਾ ਸੀ। ਕੀ ਇਸ ਬਾਰੇ ਇਨ੍ਹਾਂ ਨੂੰ ਪਤਾ ਹੈ?

ਸੰਸਦੀ ਸਕੱਤਰ, ਟਰਾਂਸਪੋਰਟ: ਜਿਥੋਂ ਤੱਕ ਇਨ੍ਹਾਂ ਨੇ ਪਹਿਲੇ ਸਵਾਲ ਦਾ ਜ਼ਿਕਰ ਕੀਤਾ ਹੈ, ਉਸਦਾ ਜਵਾਬ ਦਿੱਤਾ ਗਿਆ ਸੀ। ਮੈਂ ਰੂਟ ਦੇ ਬਾਰੇ ਉਦੋਂ ਵੀ ਇਹ ਕਿਹਾ ਸੀ ਕਿ ਕੁਝ ਸੇਵਾ ਸੜਕ ਦੇ ਖਰਾਬ ਹੋਣ ਕਰਕੇ ਮੁਅੱਤਲ ਕੀਤੀ ਸੀ। ਰੋਪੜ ਤੋਂ ਨਿੱਘੀ ਬਾਰੇ ਦੱਸਿਆ ਗਿਆ ਹੈ ਕਿ ਅਜਿਹਾ ਕੋਈ ਰੂਟ ਨਾ ਹੀ ਮਨਜ਼ੂਰ ਕੀਤਾ ਗਿਆ ਹੈ ਅਤੇ ਨਾ ਹੀ ਚਲਦਾ ਹੈ। ਇਸ ਲਈ ਮੁਅੱਤਲ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਥੇ ਤਾਂ ਐਕਸਟੈਂਡ ਕੀਤਾ ਸੀ। ਉਥੇ ਕੋਈ ਨਜਾਇਜ਼ ਰੂਟ ਨਹੀਂ ਸੀ ਚੱਲਦਾ ਅਤੇ ਨਾ ਅੱਜ ਚੱਲਦਾ ਹੈ।

ਸ਼੍ਰੀ ਰਾਮ ਕਿਸ਼ਨ ਕਟਾਰੀਆ: ਸਪੀਕਰ ਸਾਹਿਬ, ਨਿੱਘੀ ਤੱਕ ਲਗਾਤਾਰ 8-9 ਸਾਲ ਰੂਟ ਚਲਦਾ ਰਿਹਾ ਹੈ ਪਰ ਇਹ ਕਹਿੰਦੇ ਹਨ ਕਿ ਐਕਸਟੈਂਡ ਕੀਤਾ ਸੀ। ਸਪੀਕਰ ਸਾਹਿਬ, ਇਸ ਤਰ੍ਹਾਂ ਗਲ ਠੀਕ ਨਹੀਂ ਹੈ। ਸਾਰੇ ਬੈਠੇ ਹਨ, ਮੁੱਖ ਮੰਤਰੀ ਜੀ ਬੈਠੇ ਹਨ। ਅਗਰ ਸੜਕ ਠੀਕ ਨਹੀਂ ਹੈ ਤਾਂ ਉਸ ਨੂੰ ਠੀਕ ਕੀਤਾ ਜਾਵੇ। ਹੁਣ ਸਵਾਲ ਕਰਾਂਗਾ ਤਾਂ ਇਹ ਕਹਿਣਗੇ ਕਿ ਇਹ ਕੰਮ ਪੀ. ਡਬਲਿਊ ਡੀ. ਦਾ ਹੈ। ਉਹ ਕਹਿਣਗੇ ਮਾਰਕੀਟਿੰਗ ਬੋਰਡ ਕੋਲ ਪੈਸਾ ਨਹੀਂ। ਉਹ ਕਹਿਣਗੇ ਕਿ ਮਾਰਕੀਟ ਕਮੇਟੀਆਂ ਕੋਲ ਪੈਸਾ ਨਹੀਂ ਹੈ। ਸਪੀਕਰ ਸਾਹਿਬ, ਇਹ ਬੜਾ ਗੁੰਝਲਦਾਰ ਸਵਾਲ ਬਣ ਗਿਆ ਹੈ। ਮੈਂ ਬੇਨਤੀ ਕਰਾਂਗਾ ਕਿ ਸੀ. ਐਮ. ਸਾਹਿਬ ਇਸ ਵਿਚ ਇੰਟਰਵੀਨ ਕਰਨ। ਮੈਨੂੰ ਦੱਸਿਆ ਜਾਵੇ ਕਿ ਮੈਂ ਕੀ ਕਰਾਂ, ਕਿਸ ਤਰ੍ਹਾਂ ਸਵਾਲ ਕਰਾਂ। ਇਕ ਪਾਸੇ ਸਰਕਾਰ ਬੈਠੀ ਹੈ। ਇਸ ਵਿਚ ਦੱਸਿਆ ਜਾਵੇ ਕਿ ਮੇਰਾ ਕੀ ਕਸੂਰ ਹੈ। ਕੁਝ ਉਪਰਾਲਾ ਕੀਤਾ ਜਾਵੇ। ਜੇ ਮੈਂ ਚੰਗੀ ਤਰ੍ਹਾਂ ਸਾਬਤ ਨਹੀਂ ਕਰ ਸਕਿਆ ਤਾਂ ਮੈਨੂੰ ਦੱਸਿਆ ਜਾਵੇ।

ਸੰਸਦੀ ਸਕੱਤਰ: ਮੈਂ, ਸਪੀਕਰ ਸਾਹਿਬ, ਦੱਸਿਆ ਹੈ ਕਿ ਅਸੀਂ ਇਹ ਸੇਵਾ ਬੰਦ ਨਹੀਂ ਕੀਤੀ। ਸੜਕ ਦੇ ਖਰਾਬ ਹੋਣ ਬਾਰੇ ਦੱਸਿਆ ਗਿਆ ਹੈ। ਜਿਸ ਤਰ੍ਹਾਂ ਸੜਕ ਖਰਾਬ ਹੋਣ ਕਰਕੇ ਬਲਾਚੌਰ ਮਾਲੇਵਾਲ-ਚੰਡੀਗੜ੍ਹ ਜਾ ਰਹੀ ਸੜਕ ਖਰਾਬ ਹੋਣ ਕਰਕੇ ਉਥੇ ਨਹੀਂ ਚਲਾ ਸਕਦੇ: ਇਸ ਬਾਰੇ ਮੈਂ ਪਹਿਲਾਂ ਵੀ ਦੱਸਿਆ ਹੈ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਇਹ ਸੈਮੀ ਹਿਲੀ ਏਰੀਆ ਐਂਰ ਕੰਡੀ ਦਾ ਇਹ ਇਲਾਕਾ ਜਿਥੇ ਬਸਾਂ ਬੰਦ ਹੋ ਰਹੀਆਂ ਹਨ, ਸੜਕਾਂ ਬਣ ਨਹੀਂ ਰਹੀਆਂ, ਕੀ ਇਹ ਹਿੱਸਾ ਪੰਜਾਬ ਦਾ ਇਲਾਕਾ ਨਹੀਂ ਹੈ?

Mr. Speaker : This is no question. Next question, Sardar Ranjit Singh Balian.

Housing Colonies for landless labourers

*785. **Sardar Ranjit Singh Balian :** Will the Minister of State for Housing and Urban Development be pleased to state—

(a) whether it is a fact that some housing colonies were constructed by the Punjab Housing Development Board for landless labourers in the State ;

(b) whether it is also a fact that amenities like electricity, drainage system and roads, etc. have not been provided in the said colonies ; if so, whether the Government proposes to provide the said amenitieis in the colonies referred to above ?

ਸਰਦਾਰ ਹਰੀ ਸਿੰਘ ਜ਼ੀਰਾ : (ੳ) ਹਾਂ ਜੀ, ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਦੇ ਰਾਹੀਂ ਭੂਮੀਹੀਣ ਜ਼ਰਾਇਤੀ ਕਾਮਿਆਂ ਨੂੰ ਰਾਜ ਵਿੱਚ ਅਲਾਟ ਕੀਤੀਆਂ ਗਈਆਂ ਥਾਵਾਂ ਉਤੇ ਸਾਲ 1978 ਤੋਂ ਸਾਲ 1986 ਤੱਕ 382 ਪਿੰਡਾਂ ਵਿਚ ਮਕਾਨ ਉਸਾਰੇ ਗਏ ਸਨ ।

(ਅ) 382 ਪਿੰਡਾਂ ਵਿਚੋਂ ਜਿਥੇ ਕਿ ਮਕਾਨ ਉਸਾਰੇ ਗਏ ਸਨ, ਪੰਜਾਬ ਮਕਾਨ ਉਸਾਰੀ ਬੋਰਡ ਵਲੋਂ 164 ਪਿੰਡਾਂ ਵਿਚ ਸਹੂਲਤਾਂ ਜਿਵੇਂ ਕਿ ਪੀਣ ਵਾਲਾ ਪਾਣੀ, ਗਲੀਆਂ ਅਤੇ ਜਲ ਨਿਕਾਸ ਆਦਿ ਮੁਹੱਈਆ ਕੀਤੀਆਂ ਗਈਆਂ ਸਨ। ਹੁਣ ਸਰਕਾਰ ਕੋਲ ਇਸ ਤਰ੍ਹਾਂ ਦੀ ਕੋਈ ਤਜਵੀਜ਼ ਨਹੀਂ ਹੈ ।

ਸਰਦਾਰ ਰਣਜੀਤ ਸਿੰਘ ਬਾਲੀਆਂ: ਸਪੀਕਰ ਸਾਹਿਬ, ਮੈਂ ਕੱਲ੍ਹ ਸਵਾਲ ਕੀਤਾ ਸੀ ਤਾਂ ਇਨ੍ਹਾਂ ਨੇ ਕਿਹਾ ਸੀ ਕਿ ਇਸ ਦੇ ਵਿੱਚ ਸੜਕਾਂ ਦਾ ਜ਼ਿਕਰ ਨਹੀਂ ਹੈ, ਅੱਜ ਇਸ ਕੁਐਸਚਨ ਵਿੱਚ ਸਪੈਸੀਫੀਕਲੀ ਸੜਕਾਂ ਵਾਸਤੇ ਗੱਲ ਹੈ ! ਮੈਂ ਕੱਲ੍ਹ ਵੀ ਗੱਲ ਕੀਤੀ ਸੀ ਅਤੇ ਅੱਜ ਫਿਰ ਪੁੱਛਣਾ ਚਾਹੁੰਦਾ ਹਾਂ ਕਿ ਉਨ੍ਹਾਂ ਬਸਤੀਆਂ ਨੂੰ ਮੇਨ ਰੋਡਜ਼ ਨਾਲ ਜੋੜਨ ਦੀ ਕੋਈ ਸਰਕਾਰ ਦੀ ਪ੍ਰਪੋਜ਼ਲ ਹੈ? ਕੀ ਨਵੀਆਂ ਸੜਕਾਂ ਬਣਾ ਕੇ ਉਨ੍ਹਾਂ ਬਸਤੀਆਂ ਨੂੰ ਮੇਨ ਰੋਡਜ਼ ਨਾਲ ਜੋੜਨਗੇ?

ਰਾਜ ਮੰਤਰੀ : ਸਪੀਕਰ ਸਾਹਿਬ, ਕੱਲ੍ਹ ਜੋ ਇਨ੍ਹਾਂ ਨੇ ਮਕਾਨ ਉਸਾਰੀ ਬੋਰਡ ਵਲੋਂ ਸੜਕਾਂ ਦੀ ਗੱਲ ਕੀਤੀ ਸੀ ਮੈਂ ਉਸ ਬਾਰੇ ਦੱਸਿਆ ਸੀ। ਹੁਣ ਜਿਹੜਾ ਨਵੇਂ ਫੰਡਜ਼ ਦੇ ਖਰਚ ਦੀ ਗੱਲ ਹੈ, ਗਲੀਆਂ ਨਾਲੀਆਂ ਦੇ ਪੈਸੇ ਦਿਹਾਤੀ ਵਿਕਾਸ ਤੇ ਸ਼ਹਿਰੀ ਵਿਭਾਗ ਤੇ ਸਮਾਜ ਭਲਾਈ ਵਿਭਾਗ ਦੁਆਰਾ ਸਾਂਝੇ ਤੌਰ ਤੇ ਦਿਹਾਤੀ ਵਿਕਾਸ ਦੀ ਆਰ. ਐਲ. ਈ. ਜੀ. ਪੀ. ਸਕੀਮ ਅਤੇ ਸਮਾਜ ਭਲਾਈ ਵਿਭਾਗ ਦੀ ਭਲਾਈ ਸਕੀਮ ਅਧੀਨ ਖਰਚ ਕੀਤਾ ਜਾਵੇਗਾ। ਇਸ ਦੇ ਵਿੱਚ ਡੀ. ਸੀ. ਦੀ ਪ੍ਰਧਾਨਗੀ ਵਿੱਚ ਜ਼ਿਲ੍ਹਾ-ਵਾਰ ਕਮੇਟੀਆਂ ਬਣਾਈਆਂ ਹੋਈਆਂ ਹਨ ਜਿਸ ਦੇ ਵਿੱਚ ਐਮ. ਐਲ. ਏ. ਸਾਹਿਬ ਮੈਂਬਰ ਹਨ। ਮੈਂ ਐਮ. ਐਲ. ਏ. ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਜਿਹੜੇ ਪਿੰਡ ਉਨ੍ਹਾਂ ਦੇ ਕੋਈ ਰਹਿ ਗਏ ਹਨ ਗਲੀਆਂ ਨਾਲੀਆਂ ਬਣਾਉਣ ਤੋਂ ਉਹ ਹੁਣ ਨਵਾਂ ਸਾਲ ਸ਼ੁਰੂ ਹੋ ਗਿਆ ਹੈ ਉਸ ਦੇ ਵਿੱਚ ਪਵਾ ਲੈਣ। (ਵਿਘਨ)

ਸ੍ਰੀ ਸਪੀਕਰ : ਢੀਂਡਸਾ ਸਾਹਿਬ, ਤੁਸੀਂ ਉਨ੍ਹਾਂ ਨੂੰ ਤੰਗ ਬਹੁਤ ਕਰਦੇ ਹੋ, ਕਿਧਰੇ ਇਹ ਕਹਿ ਨਾ ਦੇਣ ਕਿ ਮੇਰੀ ਸੀਟ ਬਦਲ ਦਿਓ। ਉਨ੍ਹਾਂ ਦੀ ਅਟੈਨਸ਼ਨ ਡਾਇਵਰਟ ਨਾ ਕਰੋ।

ਸਰਦਾਰ ਰਣਜੀਤ ਸਿੰਘ ਬਾਲੀਆਂ: ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਮਨਿਸਟਰ ਸਾਹਿਬ ਤੋਂ ਐਸ਼ੋਰੈਂਸ ਲੈਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਅਫ਼ਸਰਾਂ ਨੇ ਇਹ ਪ੍ਰੋਪੋਜ਼ਲ ਬਣਾਈ ਸੀ ਜਾਂ ਸਕੀਮ ਬਣਾਈ ਸੀ ਉਨ੍ਹਾਂ ਵਲੋਂ ਇਹ ਸਕੀਮ ਅਧੂਰੀ ਛੱਡੀ ਗਈ ਹੈ ਅਤੇ ਇਸ ਦੇ ਵਿੱਚ ਉਨ੍ਹਾਂ ਲੋਕਾਂ ਨੂੰ ਕੋਈ ਫੈਸਿਲਿਟੀਜ਼ ਨਹੀਂ ਦਿੱਤੀਆਂ ਗਈਆਂ। ਕੀ ਇਸ ਸਕੀਮ ਵੱਲ ਕੋਈ ਉਚੇਚੇ ਤੌਰ ਤੇ ਧਿਆਨ ਦਿੱਤਾ ਜਾਵੇਗਾ ਅਤੇ ਉਨ੍ਹਾਂ ਨੂੰ ਫੈਸਿਲਿਟੀਜ਼ ਦਿੱਤੀਆਂ ਜਾਣਗੀਆਂ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਸਰਕਾਰ ਦੀ ਆਪਣੀ ਜ਼ਿਮੇਵਾਰੀ ਹੈ ਕਿ ਉਹ ਕਿਸੇ ਮਹਿਕਮੇ ਤੋਂ ਵੀ ਕੰਮ ਕਰਵਾ ਲਵੇ, ਸਰਕਾਰ ਕੰਮ ਕਰਾਉਂਦੀ ਹੈ ਚਾਹੇ ਕਿਸੇ ਮਹਿਕਮੇ ਤੋਂ ਕਰਵਾਏ। ਮੈਂ ਕਿਹਾ ਹੈ ਕਿ ਡੀ. ਸੀ. ਦੀ ਪ੍ਰਧਾਨਗੀ ਵਿੱਚ ਹਰ ਜ਼ਿਲ੍ਹੇ ਵਿੱਚ ਕਮੇਟੀ ਬਣਾਈ ਗਈ ਹੈ ਔਰ ਹਰ ਐਮ. ਐਲ. ਏ. ਉਸ ਵਿੱਚ ਮੈਂਬਰ ਹੈ। ਇਸ ਵਿੱਚ ਪਾਰਟੀ ਦੀ ਕੋਈ ਗੱਲ ਨਹੀਂ ਹੈ, ਉਹ ਕਿਸੇ ਵੀ ਪਾਰਟੀ ਦਾ ਹੋ ਸਕਦਾ ਹੈ। ਇਸ ਕਮੇਟੀ ਦੀ ਮੀਟਿੰਗ ਹਰ ਮਹੀਨੇ ਹੁੰਦੀ ਹੈ। ਉਸ ਵਿੱਚ ਐਮ. ਐਲ. ਏ. ਸਾਹਿਬਾਨ ਨੂੰ ਚਾਹੀਦਾ ਹੈ ਕਿ ਉਸ ਦੇ ਵਿੱਚ ਸਿਫਾਰਸ਼ ਕਰਕੇ ਪਵਾ ਲੈਣ। ਨਵਾਂ ਸਾਲ ਸ਼ੁਰੂ ਹੋ ਰਿਹਾ ਹੈ, ਜੋ ਪਿੱਛੇ ਰਹਿ ਗਏ ਹਨ ਤਾਂ ਹੁਣ ਨਵੇਂ ਸਾਲ ਵਿੱਚ ਪਵਾ ਲੈਣ। ਹਰ ਬਲਾਕ ਵਿੱਚ 30 ਘਰ ਬਣਾਉਣ ਵਾਸਤੇ ਸਕੀਮ ਹੈ। 9 ਹਜ਼ਾਰ ਰੁਪਿਆ ਇਕ ਤੇ ਲਗ ਭਗ ਲਗਦਾ ਹੈ ਔਰ ਉਹ ਸਾਰਾ ਮੁਆਫ ਕੀਤਾ ਜਾਂਦਾ ਹੈ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਇਨ੍ਹਾਂ ਨੇ ਤਾਦਾਦ ਨਹੀਂ ਦਸੀ ਕਿ ਐਗਰੀ-ਕਲਚਰਲ ਲੇਬਰ ਵਾਸਤੇ ਸਾਰੇ ਪੰਜਾਬ ਵਿਚ ਕਿੰਨੇ ਕਵਾਰਟਰਜ਼ ਬਣਾਏ ਹਨ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਤਕਰੀਬਨ ਚਾਰ ਪੰਜ ਲੱਖ ਮਾਈਗਰੇਂਟੀ ਲੇਬਰ ਜਿਹੜੀ 20, 25 ਸਾਲਾਂ ਤੋਂ ਆ ਰਹੀ ਹੈ ਮੇਰੇ ਖਿਆਲ ਮੁਤਾਬਕ ਇਥੇ ਵੀ ਉਨ੍ਹਾਂ ਨਾਲ ਵਿਤਕਰਾ ਹੋਇਆ ਹੈ। ਇਨ੍ਹਾਂ ਨੂੰ ਕੋਈ ਕਵਾਟਰਜ਼ ਨਹੀਂ ਦਿਤੇ ਗਏ। ਇਥੋਂ ਤਕ ਕਿ ਲੇਬਰ ਕਨਸੀਲੀਏਸ਼ਨ ਅਫ਼ਸਰ ਸਾਰੇ ਉਨ੍ਹਾਂ ਨੂੰ ਇਗਨੋਰ ਕਰਦੇ ਹਨ ਜਿਹੜੀ 20,25 ਸਾਲਾਂ ਤੋਂ ਮਾਈਗਰੇਂਟੀ ਲੇਬਰ ਆਉਂਦੀ ਹੈ ਕੀ ਉਨ੍ਹਾਂ ਨੂੰ ਕੋਈ ਜਗ੍ਹਾ ਦਿਤੀ ਗਈ ਹੈ ?

ਰਾਜ ਮੰਤਰੀ : ਸਵਾਲ ਤਾਂ, ਸਪੀਕਰ ਸਾਹਿਬ, ਇਸ ਦੇ ਨਾਲ ਮੇਲ ਨਹੀਂ ਖਾਂਦਾ। ਜਿਥੋਂ ਤੱਕ ਕਿਸਾਨਾਂ ਕੋਲ ਲੇਬਰ ਦੇ ਆਉਣ ਦੀ ਗਲ ਹੈ ਉਨ੍ਹਾਂ ਨੂੰ ਥਾਂ ਦਿਤੀ ਜਾਂਦੀ ਹੈ। ਜਿਥੋਂ ਤਕ ਕਾਰਖਾਨਿਆਂ ਵਾਸਤੇ ਲੇਬਰ ਸ਼ਹਿਰ ਵਿਚ ਆਉਂਦੀ ਹੈ ਇਹ ਕਾਰਖਾਨੇਦਾਰ ਉਨ੍ਹਾਂ ਨੂੰ ਜਗ੍ਹਾ ਜ਼ਰੂਰ ਦਿਆ ਕਰਨ।

Shifting of Butchery

***816. Prof. Darbari Lal :** Will the Minister of State for Local Government be pleased to state whether the Government has any proposal under its consideration to shift butchery from Nawan Kot, Amritsar to some other place ; if so, the name of the place and the time by which that is likely to be done ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : ਜੀ ਨਹੀਂ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, 'ਜੀ ਨਹੀਂ' ਕਹਿ ਕੇ ਮੰਤਰੀ ਜੀ ਲੋਕਾਂ ਦੀ ਸਮੱਸਿਆ ਨੂੰ ਹਲ ਨਹੀਂ ਕਰ ਰਹੇ। ਮੈਂ ਸਿਰਫ਼ ਇਹ ਗਲ ਕਹੀ ਸੀ ਕਿ ਅੰਮ੍ਰਿਤਸਰ ਵਿਚ ਬੁੱਚਰੀ ਬਣੀ ਹੈ ਔਰ ਸ਼ਹਿਰ ਦੇ ਵਿਕਾਸ ਹੋਣ ਨਾਲ ਦੋ ਢਾਈ ਕਿਲੋਮੀਟਰ ਤਕ ਆਬਾਦੀ ਉਸ ਪਾਸੇਂ ਵਲ ਚਲੀ

ਗਈ ਹੈ। ਜਦੋਂ ਬੱਕਰਿਆਂ ਨੂੰ ਵੱਢਦੇ ਹਨ ਤਾਂ ਕੁੱਤੇ, ਇੱਲਾਂ ਮਾਸ ਲੈ ਕੇ ਜਾਂਦੇ ਹਨ ਤਾਂ ਲੋਕਾਂ ਦੇ ਘਰਾਂ ਵਿਚ ਸੁਟ ਦਿੰਦੇ ਹਨ। ਮੇਰੀ ਬੇਨਤੀ ਇਹ ਹੈ ਕਿ ਕੀ ਬਾਹਰ ਕੋਈ ਜਗ੍ਹਾ ਵੇਖ ਕੇ ਉਥੇ ਬੁਚੜੀ ਬਣਾਉਣਗੇ ਅਤੇ ਕੀ ਅੰਮ੍ਰਿਤਸਰ ਸ਼ਹਿਰ ਦਾ ਥੋੜ੍ਹਾ ਜਿਹਾ ਧਿਆਨ ਰਖਣਗੇ?

ਰਾਜ ਮੰਤਰੀ: ਸਪੀਕਰ ਸਾਹਿਬ, ਜਦੋਂ ਇਹ ਬੁੱਚੜੀ ਬਣੀ ਸੀ ਉਦੋਂ ਆਬਾਦੀ ਕੋਈ ਨਹੀਂ ਸੀ। ਮੈਂ ਮੰਨਦਾ ਹਾਂ ਕਿ ਆਬਾਦੀ ਹੁਣ ਨੇੜੇ ਆ ਗਈ ਹੈ ਲੇਕਿਨ ਉਥੋਂ ਉਸ ਨੂੰ ਚੁਕਣ ਦੀ ਹਾਲੇ ਤਕ ਕੋਈ ਤਜਵੀਜ਼ ਨਹੀਂ। ਇਨ੍ਹਾਂ ਨੇ ਜਿਹੜਾ ਇੱਲਾਂ ਦਾ ਕਿਹਾ ਹੈ, ਮੈਂ ਦਸਦਾ ਹਾਂ ਕਿ ਉਥੇ ਬਾਕਾਇਦਾ ਤਾਰਾਂ ਲਗੀਆਂ ਹੋਈਆਂ ਹਨ, ਜਾਲੀ ਲਗੀ ਹੋਈ ਹੈ ਅਤੇ ਅੰਦਰ ਸਨੀਟਰੀ ਦਾ ਸਾਰਾ ਪ੍ਰਬੰਧ ਹੈ। ਇਸ ਲਈ ਇੱਲਾਂ ਦਾ, ਜਾਨਵਰਾਂ ਦਾ ਮਾਸ ਲੈ ਜਾਣ ਵਾਲੀ ਕੋਈ ਗਲ ਨਹੀਂ, ਪੂਰਾ ਇੰਤਜ਼ਾਮ ਹੈ।

ਪ੍ਰੋਫੈਸਰ ਦਰਬਾਰੀ ਲਾਲ: ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਮੈਂ ਇਥੇ ਬੱਕਰੇ ਦੀ ਧੌਣ ਲਿਆ ਕੇ ਵਖਾਵਾਂ ਜਿਹੜੇ ਉਹ ਲੈ ਜਾਂਦੇ ਹਨ? ਮੇਰੀ ਇਹ ਰਿਕੁਐਸਟ ਹੈ ਕਿ ਇਸ ਨੂੰ ਇਥੋਂ ਸ਼ਿਫਟ ਕਰੋ ਅਤੇ ਕਿਸੇ ਹੋਰ ਜਗ੍ਹਾ ਤੇ ਲੈ ਜਾਣ। ਸ਼ਹਿਰ ਵਿਚ ਇਸ ਦਾ ਸਾਰਾ ਗੰਦ ਪੈ ਰਿਹਾ ਹੈ। ਕੀ ਆਬਾਦੀ ਤੋਂ ਦੋ ਢਾਈ ਕਿਲੋਮੀਟਰ ਦੂਰ ਸ਼ਿਫਟ ਕਰਨ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਮੈਂ ਸ਼ਹਿਰ ਵਾਲੀ ਗਲ ਮੰਨ ਲਈ ਹੈ ਕਿ ਆਬਾਦੀ ਉਥੇ ਤਕ ਚਲੀ ਗਈ ਹੈ, ਪਰ ਸਿਫਟ ਕਰਨ ਲਈ ਕਈ ਚੀਜ਼ਾਂ ਦਾ ਸੁਆਲ ਹੈ; ਜ਼ਮੀਨ ਲੈਣੀ ਪਏਗੀ, ਹੋਰ ਚੀਜ਼ਾਂ ਵੀ ਹਨ। ਇਨ੍ਹਾਂ ਚੀਜ਼ਾਂ ਤੋਂ ਇਲਾਵਾ ਫੰਡਜ਼ ਦੀ ਗਲ ਵੀ ਆ ਜਾਂਦੀ ਹੈ।

ਸ਼੍ਰੀ ਸਪੀਕਰ: ਇਹ ਗਲ ਠੀਕ ਹੈ ਮੰਤਰੀ ਜੀ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਲੰਧਰ ਵਿਚ ਫਲੇਸ਼ਿੰਗ ਸੈਂਟਰ ਸੀ ਤਾਂ ਉਥੇ ਕਾਫੀ ਗੰਦ ਪਿਆ ਰਹਿੰਦਾ ਸੀ। ਉਸ ਨੂੰ ਉਥੋਂ ਉਠਾਇਆ ਹੈ ਤਾਂ ਲੋਕਾਂ ਨੂੰ ਕਾਫੀ ਰਾਹਤ ਹੋਈ ਹੈ। ਇਹ ਬੜਾ ਸੀਰੀਅਸ ਕੁਐਸਚਨ ਹੈ। ਤੁਸੀਂ ਆਪਣੇ ਮਹਿਕਮੇ ਵਿਚ ਇਨਕੁਆਇਰੀ ਕਰਾ ਕੇ ਜ਼ਰੂਰ ਇਸ ਪਾਸੇ ਧਿਆਨ ਦੇਵੋ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਅੰਮ੍ਰਿਤਸਰ ਪਵਿੱਤਰ ਸ਼ਹਿਰ ਹੈ (ਵਿਘਨ)

ਸ਼੍ਰੀ ਸਪੀਕਰ: ਇਸ ਦੇ ਬਾਰੇ ਕੋਈ ਦੋ ਰਾਵਾਂ ਨਹੀਂ। ਬਾਕੀ ਮੈਂ ਕਹਿ ਦਿਤਾ ਹੈ । Next question.

———

Demolition of Jhuggi Colony Shimlapuri Gill Road, Ludhiana

***744. Shri Harnam Dass Johar, Advocate :** Will the Minister of State for Local Government be pleased to state whether it is a fact that a colony of Jhuggi Dwellers at Shimlapuri, Gill Road, Ludhiana was demolished, if so, whether any alternative site or compensation for the losses sufferred by such Jhuggi dwellers has been given/paid to them, if not, the reasons thereof ?

ਸਰਦਾਰ ਦਲੀਪ ਸਿੰਘ ਪਾਂਧੀ (ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ): ਸਮਾਜ ਭਲਾਈ ਵਿਭਾਗ ਦੀ ਸ਼ਿਮਲਾਪੁਰੀ (ਲੁਧਿਆਣਾ) ਵਿਖੇ ਜ਼ਮੀਨ ਸਮਰੱਥ ਅਧਿਕਾਰੀ ਦੇ ਹੁਕਮਾਂ ਅਧੀਨ ਅਪਰੈਲ, 1985 ਵਿਚ ਅਣ-ਅਧਿਕਾਰਤ ਕਬਜ਼ੇ ਤੋਂ ਖਾਲੀ ਕਰਵਾਈ ਗਈ ਸੀ। ਲੋਕਾਂ ਨੂੰ ਜਿਨ੍ਹਾਂ ਦਾ ਇਸ ਜ਼ਮੀਨ ਤੇ ਅਣ-ਅਧਿਕਾਰਤ ਕਬਜ਼ਾ ਸੀ, ਨੂੰ ਇਹ ਜ਼ਮੀਨ ਨੂੰ ਖਾਲੀ

[ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਭਲਾਈ]
ਕਰਨ ਲਈ ਪਰੇਰਿਤ ਕੀਤਾ ਗਿਆ ਸੀ ਅਤੇ ਇਸ ਜ਼ਮੀਨ ਤੇ ਬਚਿਆਂ ਲਈ ਆਫਟਰ ਕੇਅਰ ਹੋਮ ਦੀ ਉਸਾਰੀ ਸ਼ੁਰੂ ਕਰ ਦਿਤੀ ਗਈ ਸੀ। ਮੁਆਵਜ਼ਾ ਦੇਣ ਦਾ ਕੋਈ ਸਵਾਲ ਪੈਦਾ ਨਹੀਂ ਹੁੰਦਾ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਸ਼ਿਮਲਾਪੁਰੀ ਜਿਹੜਾ ਇਲਾਕਾ ਹੈ, ਤਾਜਪੁਰੀ ਸਾਹਿਬ ਕੋਲ ਹੀ ਬੈਠੇ ਹਨ, ਉਨ੍ਹਾਂ ਦੇ ਨਾਲ ਲਗਦਾ ਹੈ, ਉਥੇ ਗਰੀਬ ਆਦਮੀ, ਬੇਘਰ ਲੋਕ ਪਿਛਲੇ ਦਸ ਪੰਦਰਾਂ ਸਾਲਾਂ ਤੋਂ ਝੁੱਗੀਆਂ ਵਿਚ ਰਹਿੰਦੇ ਸਨ ਔਰ ਸਰਕਾਰ ਨੇ ਇਕ ਜਗਾਹ ਤੋਂ ਉਠਾ ਕੇ ਆਪ ਦੂਸਰੀ ਜਗਾਹ ਵਸਾਏ ਸੀ। ਪਰ ਬੜੀ ਬੇਰਹਿਮੀ ਨਾਲ ਝੁਗੀਆਂ ਚੁਕੀਆਂ ਗਈਆਂ, ਸਰਕਾਰ ਨੇ ਉਨ੍ਹਾਂ ਨੂੰ ਉਜਾੜਿਆਂ ਔਰ ਉਨ੍ਹਾਂ ਨੂੰ ਮਾਰਿਆ ਕੁਟਿਆ ਗਿਆ। ਮੈਂ ਮੰਤਰੀ ਜੀ ਦੀ ਵਾਕਫੀਅਤ ਲਈ ਦੱਸਾਂ ਕਿ ਉਥੇ ਇਕ ਔਰਤ ਪਰੈਗਨੈਂਟ ਸੀ ਉਸ ਦੀ ਅਬਾਰਸ਼ਨ ਵੀ ਹੋ ਗਈ ......

ਸ਼੍ਰੀ ਸਪੀਕਰ: ਜੌਹਰ ਸਾਹਿਬ, ਸਵਾਲ ਪੁੱਛੋ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਕੀ ਕੋਈ ਪਹਿਲਾਂ ਵਾਰਨਿੰਗ ਦਿੱਤੀ ਗਈ, ਅਗਰ ਨੋਟਿਸ ਇਸ਼ੂ ਨਹੀਂ ਕੀਤਾ ਗਿਆ ਤਾਂ ਫਿਰ ਯਕਦਮ ਉਜਾੜਿਆ ਕਿਉਂ ਗਿਆ? ਅਗਰ ਉਜਾੜਿਆ ਗਿਆ ਹੈ ਤਾਂ ਆਲਟਰਨੇਟਿਵ ਜਗਾਹ ਨਹੀਂ ਦਿੱਤੀ ਗਈ। ਉਹ ਲੋਕ ਬੜੇ ਲਾਚਾਰ ਹੋਏ ਬੈਠੇ ਹਨ, ਕੋਈ ਉਨ੍ਹਾਂ ਪਾਸ ਜਗਾਹ ਨਹੀਂ ਹੈ, ਕੀ ਉਨ੍ਹਾਂ ਨੂੰ ਕੋਈ ਜਗਾਹ ਦੇਣਗੇ ?

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ: ਸਰ, ਐਸੀ ਤਾਂ ਗਲ ਹੈ ਨਹੀਂ। ਇਹ ਜ਼ਮੀਨ ਜਿਹੜੀ ਸੀ ਇਕ ਡੇਰੇ ਦੀ ਸੀ, ਸੰਤ ਰਹਿਮਪੁਰੀ ਜੀ ਦੀ ਸੀ। ਇਹ ਗਰੀਬ ਬੱਚੇ ਜਿਹੜੇ ਹਨ ਉਨ੍ਹਾਂ ਲਈ ਆਫਟਰ ਕੇਅਰ ਵਾਸਤੇ ਵਰਤੀ ਜਾ ਰਹੀ ਹੈ। 11 ਅਪਰੈਲ, 1985 ਨੂੰ ਅਦਾਲਤ ਰਾਹੀਂ ਕਬਜ਼ਾ ਲਿਆ ਗਿਆ ਸੀ ਪਰ ਕੁਝ ਸਜਣਾਂ ਨੇ ਫਿਰ ਕਬਜ਼ਾ ਕਰ ਲਿਆ। ਉਨ੍ਹਾਂ ਨੂੰ ਪ੍ਰੇਰਤ ਕਰਕੇ ਡਿਪਟੀ ਕਮਿਸ਼ਨਰ ਨੇ ਉਠਾ ਦਿੱਤਾ। ਉਸ ਦੇ ਬਾਹਰ ਛੇ ਛੇ ਫੁੱਟ ਦੀ ਦੀਵਾਰ ਵੀ ਬਣਾ ਦਿੱਤੀ ਗਈ ਹੈ। ਜਿਹੜੇ ਲਾਵਾਰਸ ਬੱਚੇ ਹਨ ਉਨ੍ਹਾਂ ਨੂੰ ਅਪਣਾ ਕੇ ਉਨ੍ਹਾਂ ਦੀ ਦੇਖ ਭਾਲ ਕਰ ਰਹੇ ਹਾਂ।

ਸ਼੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ: ਸਪੀਕਰ ਸਾਹਿਬ, ਮੰਤਰੀ ਜੀ ਸਮਾਜ ਭਲਾਈ ਦੇ ਮੰਤਰੀ ਹਨ ਪਰ ਗੁੰਮਰਾਹ ਕਰ ਰਹੇ ਹਨ। ਉਹ ਕਹਿੰਦੇ ਹਨ ਕਿ ਅਸੀਂ ਕਾਨੂੰਨੀ ਤੌਰ ਤੇ ਕਬਜ਼ਾ ਲਿਆ ਹੈ। ਕਾਨੂੰਨੀ ਤੌਰ ਤੇ ਕਿਸ ਤਰ੍ਹਾਂ ਹੋਇਆ? ਉਨ੍ਹਾਂ ਨੂੰ ਮਾਰਿਆ ਕੁਟਿਆ ਗਿਆ, ਉਥੋਂ ਜ਼ਬਰਦਸਤੀ ਕਢਿਆ ਗਿਆ ਹੈ, ਝੁੱਗੀਆਂ ਢਾਹੀਆਂ ਗਈਆਂ ਔਰ ਉਜਾੜਿਆ ਗਿਆ, ਸਾਮਾਨ ਤੋੜਿਆ ਫੋੜਿਆ ਗਿਆ ਔਰ ਕਬਜ਼ਾ ਨਜਾਇਜ਼ ਤੌਰ ਤੇ ਲਿਆ ਗਿਆ ਹੈ। ਕੀ ਇਹ ਇਸ ਗੱਲ ਦੀ ਇਨਕੁਆਇਰੀ ਕਰਾਉਣਗੇ? ਸਪੀਕਰ ਸਾਹਿਬ, ਉਨ੍ਹਾਂ ਦੀ ਬੁਰੀ ਹਾਲਤ ਹੈ ...

Mr. Speaker : Let the reply come.

ਰਾਜ ਮੰਤਰੀ: ਮੈਂ ਅਰਜ਼ ਕੀਤੀ ਸੀ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਡੀ. ਸੀ. ਸਾਹਿਬ ਨੇ ਵਿਚ ਪੈ ਕੇ, ਉਨ੍ਹਾਂ ਨੂੰ ਪ੍ਰੇਰਤ ਕਰਕੇ ਉਠਾਏ ਹਨ। ਇਕ ਵਾਰੀ ਸਰਕਾਰ ਦਾ ਕਬਜ਼ਾ ਹੋ ਗਿਆ, ਮੁੜਕੇ ਕਬਜ਼ਾ ਕਰ ਲਿਆ ਸੀ। ਉਹ ਪੰਜਾਬ ਸਰਕਾਰ ਦੀ ਥਾਂ ਹੈ, ਕਿਸੇ ਨੂੰ ਹੱਕ ਨਹੀਂ ਹੈ ਕਿ ਧੱਕੇ ਨਾਲ ਕਬਜ਼ਾ ਕਰ ਲਵੇ। ਸਰਕਾਰ ਨੇ ਕਾਨੂੰਨੀ ਤੌਰ ਤੇ ਕਬਜ਼ਾ ਕੀਤਾ ਹੈ। ਉਹ ਗਰੀਬ ਬੱਚੇ ਜਿਹੜੇ ਹਨ, ਜਿਹੜੇ ਬੇਸਹਾਰਾ ਹਨ, ਉਨ੍ਹਾਂ ਦੇ ਵਾਸਤੇ ਇਸਤੇਮਾਲ ਕਰ ਰਹੇ ਹਾਂ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਸਪੀਕਰ ਸਾਹਿਬ, ਏਸ ਜਗਾਹ ਦੇ ਬਾਰੇ ਵਿਚ ਨਾ ਕਿਸੇ ਕੋਰਟ ਦੇ ਆਰਡਰ ਹਨ, ਨਾ ਕਿਸੇ ਕੋਰਟ ਨੇ ਕਿਹਾ ਸੀ ਕਿ ਪੁਲਿਸ ਲਿਆਈ ਜਾਵੇ ਔਰ ਕਬਜ਼ਾ ਲਿਆ ਜਾਵੇ। ਹੋਰ ਜਗਾਹ ਤੇ ਵੀ ਪੰਜਾਬ ਵਿਚ ਮਜ਼ਦੂਰ ਆਏ ਹੋਏ ਹਨ। ਉਹ ਵਿਚਾਰੇ ਇਧਰ ਉਧਰ ਫਿਰਦੇ ਹਨ ਕਿ ਸ਼ਿਰ ਲੁਕਾਉਣ ਨੂੰ ਕੋਈ ਜਗਾਹ ਮਿਲੇ, ਕਿਉਂਕਿ ਮਕਾਨਾਂ ਦਾ ਤਾਂ ਕਿਰਾਇਆ ਬਹੁਤ ਜ਼ਿਆਦਾ ਹੈ। ਇਹ ਸੁਪਰੀਮ ਕੋਰਟ ਦੇ ਆਰਡਰ ਹਨ ਕਿ ਜਿਸ ਦਾ ਰਾਸ਼ਨ ਕਾਰਡ ਹੈ, ਕਾਫੀ ਚਿਰ ਤੋਂ ਬੈਠਾ ਹੈ, ਬਿਜਲੀ ਲਗੀ ਹੋਈ ਹੈ, ਉਸ ਨੂੰ ਆਲਟਰਨੇਟਿਵ ਜਗਾਹ ਜਦੋਂ ਤਕ ਨਾ ਮਿਲੇ, ਉਠਾਇਆ ਨਹੀਂ ਜਾ ਸਕਦਾ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਹੜੀ ਕੋਰਟ ਦੇ ਆਰਡਰ ਹਨ ਜਿਨ੍ਹਾਂ ਨਾਲ ਪੁਲਿਸ ਲੈ ਕੇ ਗਏ ਸਨ? ਕੀ ਕੋਈ ਉਨ੍ਹਾਂ ਨੂੰ ਹੋਰ ਜਗਾਹ ਦਿਓਗੇ?

ਰਾਜ ਮੰਤਰੀ: ਅੰਡਰ ਪਬਲਿਕ ਪਰਿਮੇਸਿਜ਼ ਐਕਟ, 1973 ਹੈ। ਐਸ. ਡੀ. ਓ. (ਸਿਵਿਲ), ਲੁਧਿਆਣਾ ਦਾ 11 ਅਪਰੈਲ, 1985 ਦਾ ਹੁਕਮ ਮੈਂ ਦੱਸ ਦਿੱਤਾ ਹੈ। ਇਹ ਮੇਰੇ ਦਫਤਰ ਵਿਚ ਆ ਜਾਣ, ਮੈਂ ਵਿਖਾ ਦੇਵਾਂਗਾ।

ਸ਼੍ਰੀ ਓਮ ਪ੍ਰਕਾਸ਼ ਗੁਪਤਾ: ਦਫਤਰ ਕਾਹਦੇ ਲਈ ਆਵਾਂ?

ਰਾਜ ਮੰਤਰੀ: ਸਪੀਕਰ ਸਾਹਿਬ, ਕੁਝ ਸਜਣ ਜਿਹੜੇ ਉਠੇ ਸਨ, ਕੋਰਟ ਵਿਚ ਗਏ ਪਰ ਸਟੇਅ ਨਹੀਂ ਦਿੱਤਾ ਗਿਆ। ਸੋ, ਗ਼ੈਰ-ਕਾਨੂੰਨੀ ਕੁਝ ਨਹੀਂ ਕੀਤਾ, ਮੈਂ ਫਾਈਲ ਵਿਖਾ ਦੇਵਾਂਗਾ।

Mr Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Starred Question No. 829

(Extension has been asked for in respect of Starred Question No. 829)

Surinderpal Singh Thamanwal

State Miniter for Forests and Soil Conservation Department, Punjab, Chandigarh.

D.O. No. PS/MFSC-87/239,
Dated, Chandigarh, the 25th March, 1987.

Dear S. Minhas,

Kindly refer to the Starred Assembly Question No. 829 by Master Mohan Lal, M.L.A. regarding Shahpur Kandi-Forest Fund and the Dhar-block of Pathankot Sub-Division.

[Mr. Speaker]

2. The answer to Starred Punjab Vidhan Sabha Question No. 82) appearing in the list of Question s for 27th March, 1987 in the name of Master Mohan Lal, M.L.A. is not ready. The requisite information is being collected from the quarters concerned. I am, therefore, to request you that time for answering this question may be extended and this question included in the list of Questions for any date after a week.

With kindest regards,

Yours sincerely,

Sd........,

(Surinderpal Singh Thamanwal)

Shri Surjit Singh Minhas,
Speaker,
Punjab Vidhan Sabha,
Chandigarh.

Construction of link road from Railway Pathak Fauji Colony to Mohabalipur

*835. **Sardar Ranjit Singh Balian :** Will the Minister of State for Public Works be pleased to state whether the administrative approval for the construction of link road from Landa Railway Phatak, Fauji Colony, Randhirpur to Mohabalipur in Tehil Sultanpur Lodhi has since been granted by the Punjab State Agriculture Marketing Board, if so, the time by which the said road is likely to be constructed ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਹਾਂ ਜੀ। ਪੰਜਾਬ ਮੰਡੀਕਰਨ ਬੋਰਡ ਨੇ ਆਪਣੇ ਨੰ: ਐਮ. ਬੀ. ਕੰਸਟਰਕਸ਼ਨ/ਸੀ. ਈ./3632-41 ਮਿਤੀ 12 ਮਾਰਚ, 1987 ਰਾਹੀਂ 6,87,900/-ਰੁਪਏ ਦੇ ਅਨੁਮਾਨਾਂ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇ ਦਿਤੀ ਹੈ। ਪੇਂਡੂਆਂ ਵਲੋਂ ਮਿੱਟੀ ਦਾ ਕੰਮ ਪੂਰਾ ਹੋਣ ਅਤੇ ਧੰਨ ਜਮ੍ਹਾਂ ਹੋਣ ਮਗਰੋਂ ਉਸਾਰੀ ਦਾ ਕੰਮ ਸ਼ੁਰੂ ਕੀਤਾ ਜਾਵੇਗਾ।

Replies to the Questionaire received from the Sarkaria Commission

*715. **Sardar Balwinder Singh Bhunder :** Will the Chief Minister be pleased to state—

(a) whether the Government has sent reply to the Questionaire received from the Sarkaria Commission ;

(b) if the reply to part (a) above be in the affirmative the date on which the said reply was sent ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਨਹੀਂ ਜੀ।

(ਅ) ਸਵਾਲ ਪੈਦਾ ਨਹੀਂ ਹੁੰਦਾ।

Micro Hydel Projects

***836. Prof. Darbari Lal :** Will the Chief Minister be pleased to state whether the Government has any proposal under its consideration for introducing the Micro Hydel Project in the State, if so, the details thereof ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹਾਂ ਜੀ। 5 ਮਾਈਕਰੋ ਹਾਈਡਲ ਪ੍ਰੋਜੈਕਟ ਅਰਥਾਤ ਨਿਦਾਮਪੁਰ, ਰੋਹਟੀ, ਥੂਹੀ, ਦੌਧਰੇ ਅਤੇ ਧਾਰੀਵਾਲ ਯੋਜਨਾ ਕਮਿਸ਼ਨ ਦੁਆਰਾ ਸਮਾਧਾਨ (ਕਲੀਅਰ) ਕਰ ਦਿੱਤੇ ਗਏ ਸਨ ਅਤੇ ਅਮਲ ਵਿਚ ਲਿਆਉਣ ਲਈ ਹੱਥ ਵਿਚ ਲੈ ਲਏ ਗਏ ਸਨ। ਨਿਦਾਮਪੁਰ ਪ੍ਰਾਜੈਕਟ ਪਹਿਲਾਂ ਹੀ ਚਾਲੂ ਕਰ ਦਿਤਾ ਗਿਆ ਹੈ। ਦੌਧਰੇ ਪ੍ਰਾਜੈਕਟ ਮੁਕੰਮਲਤਾ ਦੇ ਨੇੜੇ ਹੈ। ਰੋਹਟੀ ਅਤੇ ਥੂਹੀ ਪ੍ਰਾਜੈਕਟ ਪ੍ਰਗਤੀ ਤੇ ਹਨ। ਧਾਰੀਵਾਲ ਛੇਤੀ ਹੀ ਹੱਥ ਵਿੱਚ ਲਏ ਜਾਣ ਦੀ ਸੰਭਾਵਨਾ ਹੈ। ਹੱਥ ਵਿਚ ਇਨ੍ਹਾਂ ਪੰਜਾਂ ਪ੍ਰਾਜੈਕਟਾਂ ਦੀ ਕੁਲ ਸੰਸਥਾਪਤ ਸਮਰੱਥਾ 7-1 ਮੈਗਾਵਾਟ ਹੈ।

Detenus under N.S.A. lodged in the Jails outside the State

***748. Sardar Kirpal Singh (Amritsar) :** Will the Chief Minister be pleased to state :—

(a) whether it is a fact that some persons arrested under the National Security Act in the State have been lodged in the Jails outside the State, if so, the names of such persons alongwith the names of the Jails where they have been lodged ;

(b) the reasons for lodging the said detenues in the Jails outside the State ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਸੁਰੱਖਿਆ ਕਾਰਨਾਂ ਕਰਕੇ।

ਸੂਚਨਾ

ਲੜੀ ਨੰ:	ਨਜ਼ਰਬੰਦ ਦਾ ਨਾਂ	ਜੇਲ੍ਹ ਦਾ ਨਾਂ
1.	ਸ: ਗੁਰਦੇਵ ਸਿੰਘ ਪੁੱਤਰ ਸ: ਗੁਰਦਿਆਲ ਸਿੰਘ, ਵਾਸੀ ਕੌਣਕੇ ਥਾਣਾ ਜਗਰਾਂਓ, ਜ਼ਿਲ੍ਹਾ ਲੁਧਿਆਣਾ	ਕੇਂਦਰੀ ਜੇਲ੍ਹ ਜਬਲਪੁਰ (ਮੱਧ ਪ੍ਰਦੇਸ਼)
2.	ਸ: ਪ੍ਰਕਾਸ਼ ਸਿੰਘ ਬਾਦਲ ਪੁੱਤਰ ਸ: ਰਘੂਰਾਜ ਸਿੰਘ, ਵਾਸੀ ਬਾਦਲ ਥਾਣਾ ਲਾਂਬੀ, ਜ਼ਿਲ੍ਹਾ ਫਰੀਦਕੋਟ	ਕੇਂਦਰੀ ਜੇਲ੍ਹ ਜਬਲਪੁਰ (ਮੱਧ ਪ੍ਰਦੇਸ਼)
3.	ਸ: ਗੁਰਚਰਨ ਸਿੰਘ ਟੋਹੜਾ ਪੁੱਤਰ ਸ: ਦਲੀਪ ਸਿੰਘ, ਵਾਸੀ ਟੋਹੜਾ ਥਾਣਾ ਭਾਦਸੋਂ, ਜ਼ਿਲ੍ਹਾ ਪਟਿਆਲਾ	ਕੇਂਦਰੀ ਜੇਲ੍ਹ ਰਾਏਪੁਰ (ਮੱਧ ਪ੍ਰਦੇਸ਼)
4.	ਸ: ਕੁਲਦੀਪ ਸਿੰਘ ਵਡਾਲਾ ਪੁੱਤਰ ਸ: ਰਘੂਨੰਦਨ ਸਿੰਘ, ਵਾਸੀ ਵਡਾਲਾ ਥਾਣਾ ਸਦਰ ਜਲੰਧਰ	ਜ਼ਿਲ੍ਹਾ ਜੇਲ੍ਹ, ਸਾਗਰ (ਮੱਧ ਪ੍ਰਦੇਸ਼)

[ਮੁੱਖ ਮੰਤਰੀ]

ਲੜੀ ਨੰ:	ਨਜ਼ਰਬੰਦ ਦਾ ਨਾਂ	ਜੇਲ੍ਹ ਦਾ ਨਾਂ
5.	ਅਵਤਾਰ ਸਿੰਘ ਉਰਫ ਮਹਿਤਾਬ ਸਿੰਘ ਉਰਫ ਪਹਿਲਵਾਨ ਉਰਫ ਪਾਰਸ ਸਿੰਘ ਪੁੱਤਰ ਸ: ਸਰੂਪ ਸਿੰਘ ਵਾਸੀ ਝਬਾਲ ਹੁਣ ਮਕਾਨ ਨੰ: 15 ਰਾਮ ਨਗਰ, ਕਾਂਗੜਾ ਕਲੋਨੀ, ਅੰਮ੍ਰਿਤਸਰ।	ਕੇਂਦਰੀ ਜੇਲ੍ਹ ਇੰਦੌਰ (ਮੱਧ ਪ੍ਰਦੇਸ਼)
6.	ਸ: ਸੁਖਜਿੰਦਰ ਸਿੰਘ, ਐਮ. ਐਲ. ਏ. ਪੁੱਤਰ ਸ: ਗੁਰਚਰਨ ਸਿੰਘ, ਵਾਸੀ ਰਾਮਬਾਗ ਥਾਣਾ ਭਲੱਥ, ਜ਼ਿਲ੍ਹਾ ਕਪੂਰਥਲਾ।	ਤਿਹਾੜ ਜੇਲ੍ਹ, ਦਿਲੀ
7.	ਸ: ਤਰਸੇਮ ਸਿੰਘ ਕੁਹਾੜ ਪੁੱਤਰ ਸ: ਕੇਹਰ ਸਿੰਘ, ਵਾਸੀ ਕੁਹਾੜ ਥਾਣਾ ਕਾਦੀਆਂ, ਜ਼ਿਲ੍ਹਾ ਗੁਰਦਾਸਪੁਰ	ਕੇਂਦਰੀ ਜੇਲ, ਜੇਰੇਵਾਲਾ ਪੂਨਾ (ਮਹਾਂਰਾਸ਼ਟਰ)
8.	ਸ: ਧੰਨਾ ਸਿੰਘ ਉਰਫ ਬਲਬੀਰ ਸਿੰਘ, ਪੁੱਤਰ ਸ: ਜੋਗਿੰਦਰ ਸਿੰਘ, ਵਾਸੀ ਖੈਰਾ ਮਾਝਾ, ਥਾਣਾ ਸਦਰ, ਜਲੰਧਰ।	ਕੇਂਦਰੀ ਜੇਲ੍ਹ ਅਜਮੇਰ (ਰਾਜਸਥਾਨ)
9.	ਸ: ਸੂਰਤ ਸਿੰਘ ਖਾਲਸਾ ਪੁੱਤਰ ਸ: ਸੰਤੋਖ ਸਿੰਘ ਵਾਸੀ ਹੁਸੈਨ-ਪੁਰਾ ਥਾਣਾ ਦਾਖਾ, ਜ਼ਿਲ੍ਹਾ ਲੁਧਿਆਣਾ	ਕੇਂਦਰੀ ਜੇਲ੍ਹ ਅੰਬਾਲਾ (ਹਰਿਆਣਾ)
10.	ਸ: ਮਨਵੀਰ ਸਿੰਘ ਉਰਫ ਹਰੀ ਸਿੰਘ ਪੁੱਤਰ ਸ: ਮੁਹਿੰਦਰ ਸਿੰਘ ਵਾਸੀ ਚਹੇੜੂ ਥਾਣਾ ਸਦਰ ਫਗਵਾੜਾ, ਜ਼ਿਲ੍ਹਾ ਕਪੂਰਥਲਾ	ਕੇਂਦਰੀ ਜੇਲ੍ਹ ਹਜ਼ਾਰੀਬਾਗ (ਬਿਹਾਰ)
11.	ਸ: ਸੁਖਦੇਵ ਸਿੰਘ ਉਰਫ ਸੁੱਖਾ ਪੁੱਤਰ ਸ: ਮੁਹਿੰਦਰ ਸਿੰਘ ਵਾਸੀ ਕੋਟ ਮੌਲਵੀ, ਥਾਣਾ ਫਤਿਹਗੜ੍ਹ ਚੂੜੀਆਂ ਜ਼ਿਲ੍ਹਾ ਗੁਰਦਾਸਪੁਰ	ਕੇਂਦਰੀ ਜੇਲ੍ਹ ਭਾਗਲਪੁਰ (ਬਿਹਾਰ)
12.	ਭਾਈ ਮੋਹਕਮ ਸਿੰਘ ਪੁੱਤਰ ਸ: ਜਗੀਰ ਸਿੰਘ, ਵਾਸੀ ਮੋਹਾਰਵਾਲ ਥਾਣਾ ਮਮਡੋਟ ਜ਼ਿਲ੍ਹਾ ਫਿਰੋਜ਼ਪੁਰ	ਕੇਂਦਰੀ ਜੇਲ੍ਹ ਜੰਮੂ (ਜੇ. ਐਂਡ. ਕੇ)
13.	ਸ: ਹਰਿੰਦਰ ਸਿੰਘ ਕਾਹਲੋਂ ਪੁੱਤਰ ਸ: ਲਾਭ ਸਿੰਘ ਵਾਸੀ ਦਕੋਹਾ, ਥਾਣਾ ਸਦਰ ਜਲੰਧਰ	ਕੇਂਦਰੀ ਜੇਲ ਜੰਮੂ

Unsatisfactory Power Supply in Balachaur and Saroa blocks

*678. **Shri Ram Kishan Kataria :** Will the Chief Minister be pleased to state —

(a) whether it is a fact that power supply in the Balachaur and Saroa blocks of district Hoshiarpur is unsatisfactory ;

(b) if the reply to part (a) above be in the affirmative, the steps being taken to improve the power supply to the said area ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ ਅਤੇ ਅ) ਨਹੀਂ ਜੀ। ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਚੌਰ ਅਤੇ ਸਰੋਆ ਬਲਾਕਾਂ ਵਿਚ ਇਸ ਵੇਲੇ ਬਿਜਲੀ ਦੀ ਸਥਿਤੀ ਸੰਤੋਸ਼ਜਨਕ ਹੈ। ਇਸ ਨੂੰ ਬੇਹਤਰ ਕਰਨ ਵਾਸਤੇ ਗੜ੍ਹਸ਼ੰਕਰ ਤੋਂ ਸਰੋਆ ਤਕ 66 ਕੇ. ਵੀ ਲਾਈਨ ਦਾ ਨਿਰਮਾਣ ਕੰਮ ਚਲ ਰਿਹਾ ਹੈ ਅਤੇ ਇਸ ਦੇ 30 ਅਪਰੈਲ, 1987 ਤਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਇਸ ਲਾਈਨ ਨੂੰ ਪਹਿਲਾਂ 11 ਕੇ. ਵੀ. ਤੇ ਉਰਜਤ ਕੀਤਾ ਜਾਵੇਗਾ ਅਤੇ ਘੱਟ ਵੋਲਟੇਜ ਦੀ ਹਾਲਤ ਜੋ ਝੋਨੇ ਦੇ ਮੌਸਮ ਵਿਚ ਹੋ ਜਾਂਦੀ ਹੈ, ਵਿਚ ਹੋਰ ਸੁਧਾਰ ਹੋਵੇਗਾ।

Cases of harassment for more Dowry registered in district Jullundur

*781. **Shri Om Parkash Gupta :** Will the Chief Minister be pleased to state —

(a) the number of complaints received from the brides for the harassment on account of dowry in district Jalandhar during the last three years ;

(b) the number of cases registered by the Police during the said period after completing necessary formalities ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਅਤੇ (ਅ) ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸੂਚਨਾ

ਭਾਗ	ਵਿਸ਼ਾ	1984	1985	1986	1987
(ੳ)	ਜਿਲ੍ਹਾ ਜਲੰਧਰ ਵਿਚ ਦਹੇਜ ਦੀ ਬਿਨਾ ਤੇ ਤੰਗ ਕਰਨ ਬਾਰੇ ਵਸੂਲ ਹੋਈਆਂ ਸ਼ਿਕਾਇਤਾਂ ਦੀ ਗਿਣਤੀ	...	...	2	2	1
(ਅ)	ਰਜਿਸਟਰ ਕੀਤੇ ਕੇਸਾਂ ਦੀ ਗਿਣਤੀ	...	...	2	2	1

PERSONAL EXPLANATION BY DOCTOR DALBIR SINGH

ਡਾਕਟਰ ਦਲਬੀਰ ਸਿੰਘ : ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ, ਪਾਂਧੀ ਸਾਹਿਬ ਨੂੰ ਪੁੱਛਣਾ ਚਾਹਵਾਂਗਾ ਕਿ ਮੇਰੀ ਐਬਸੈਂਸ ਵਿਚ ਐਮ. ਐਲ. ਏ ਹੋਸਟਲ ਵਿਚ ਕਮਰਾ ਨੰਬਰ 6 ਜਿਹੜਾ ਮੈਨੂੰ ਅਲਾਟ ਹੋਇਆ ਹੈ ਉਸ ਦੇ ਮਿਸਯੂਜ਼ ਦੀ ਬਾਬਤ ਬੜੇ ਅਨਹੈਲ ਦੀ ਅਤੇ ਬੜੇ ਘਟੀਆ ਕਿਸਮ ਦੇ ਵਿਲਫਾਜ਼ ਯੂਜ਼ ਕੀਤੇ ਹਨ। ਇਸ ਲਈ ਮੈਂ ਕਹਿੰਦਾ ਹਾਂ ਕਿ ਕੱਲ੍ਹ ਜੋ ਕਿਹਾ ਗਿਆ ਹੈ ਜਾਂ ਤਾਂ ਉਹ ਇਸ ਨੂੰ ਸਾਬਤ ਕਰਨ ਜਾਂ ਹਾਊਸ ਵਿਚ ਮਾਫੀ ਮੰਗਣ। (ਥੰਪਿੰਗ) (ਵਿਘਨ)

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਇਹ ਗਲ ਕਰਨੀ ਸੀ ਕਿ ਕੱਲ੍ਹ ਮੈਂ ਹਾਊਸ ਵਿਚ ਨਹੀਂ ਸੀ ਔਰ ਜਨਾਬ ਨੇ ਕੁਝ ਐਸੇ ਲਫਜ਼ ਐਕਸਪੰਜ ਕਰਵਾਏ ਹਨ ਜਿਹੜੇ 'ਹਿੰਦ ਸਮਾਚਾਰ' ਅਖਬਾਰ ਤੋਂ ਪੜ੍ਹਾ ਲਗੇ ਹਨ। ਪੂਰਾ ਪਤਾ ਤਾਂ ਨਹੀਂ ਲਗ ਸਕਿਆ ਕਿ ਮੇਰੇ ਤੇ ਕੀ ਇਤਰਾਜ਼ ਹੈ। ਹਾਂ, ਪਰ ਮੈਂ ਬੜਾ ਗਰੀਬ ਸੀ ਔਰ ਹੁਣ ਅਮੀਰ ਹੋ ਗਿਆ ਹਾਂ। ਮੈਂ ਗਵਰਨਰ ਐਡਰੈਸ ਤੇ ਬੋਲਦੇ ਹੋਏ ਕਿਹਾ ਸੀ ਕਿ ਮੈਂ 4 ਆਨੇ ਦਿਹਾੜੀ ਤੋਂ ਕੰਮ ਸ਼ੁਰੂ ਕੀਤਾ ਸੀ ਮੋਟਰ ਸਾਫ਼ ਕਰਨ ਦਾ, ਮੋਟਰ ਡਰਾਈਵਰ ਵੀ ਰਿਹਾ, ਮੋਟਰਾਂ ਬਣਾਈਆਂ ਵੀ ਅਤੇ ਆਪ ਚਲਾਈਆਂ ਵੀ ਔਰ ਹੁਣ ਮੈਂ ਅਮੀਰ ਹਾਂ। ਮੇਰੀ ਇਨ-ਕੁਆਇਰੀ ਜ਼ਰੂਰ ਹੋਣੀ ਚਾਹੀਦੀ ਹੈ। ਨਾਲ ਇਹ ਵੀ ਮੈਂ ਪਹਿਲੇ ਕਹਿ ਚੁੱਕਾ ਹਾਂ ਕਿ ਇਸ ਹਾਊਸ ਦੀ ਕਮੇਟੀ ਬਣਾ ਕੇ ਮੇਰੀ ਵੀ ਇਨਕੁਆਇਰੀ ਹੋਵੇ ਔਰ ਜਿਹੜੇ ਚਾਰਜਿਜ਼ ਲਗਾਉਣ ਵਾਲੇ ਹਨ ਉਨ੍ਹਾਂ ਦੀ ਵੀ ਕੀਤੀ ਜਾਵੇ। ਸਪੀਕਰ ਸਾਹਿਬ, ਮੈਂ ਇਸ ਹਾਊਸ ਦਾ ਮੈਂਬਰ 8 ਵੀਂ ਵਾਰ ਆਇਆ ਹਾਂ। ਜੇ ਮੇਰੇ ਜਿਹੇ ਗਰੀਬ ਆਦਮੀ ਨੂੰ ਲੋਕ ਬਾਰ ਬਾਰ ਚੁਣ ਕੇ ਇਥੇ ਭੇਜਦੇ ਹਨ ਤਾਂ ਇਹ ਉਨ੍ਹਾਂ ਦੀ ਵੀ ਬੇਇਜਤੀ ਹੈ ਜੇ ਮੇਰੇ ਤੇ ਇਲਜ਼ਾਮ ਲਗਣ। ਇਸ ਲਈ ਇਨਕੁਆਇਰੀ ਤੋਂ ਪਤਾ ਚਲ ਜਾਵੇਗਾ ਕਿ ਹਾਊਸ ਦਾ ਮੈਂਬਰ ਇਮਾਨਦਾਰ ਵੀ ਹੋ ਸਕਦਾ ਹੈ, ਗਰੀਬ ਵੀ ਹੋ ਸਕਦਾ ਹੈ, ਨਿਰਾ ਪਰੋਫੈਸਰ ਹੀ ਨਹੀਂ ਹੋ ਸਕਦਾ, ਸਾਰੇ ਹੋ ਸਕਦੇ ਹਨ। ਇਸ ਲਈ ਜਿਹੜਾ ਤੁਸੀਂ ਐਕਸਪੰਜ ਕੀਤਾ ਹੈ ਉਸ ਨੂੰ ਰਿਟੇਨ ਕੀਤਾ ਜਾਵੇ ਔਰ ਇਸ ਦੀ ਇਨਕੁਆਇਰੀ ਕਰਾਈ ਜਾਵੇ।

ਇਕ ਮੈਨੂੰ ਬੋਲਦੇ ਹੋਏ ਇਹ ਕਿਹਾ ਗਿਆ ਕਿ ਅੱਜ ਇਹ ਨੀਲੀ ਪੱਗ ਬੰਨ੍ਹ ਕੇ ਆ ਗਿਆ ਹੈ। ਸਪੀਕਰ ਸਾਹਿਬ' ਇਹ ਨੀਲਾ ਰੰਗ ਗੁਰੂ ਗੋਬਿੰਦ ਸਿੰਘ ਦੇ ਘੋੜੇ ਦਾ ਸੀ, ਇਸ ਕਰਕੇ ਮੈਂ ਬੰਨਿਆ ਹੈ ਇਹ ਨੀਲਾ ਰੰਗ ਅਸਮਾਨ ਦਾ ਹੈ ਜਿਹੜਾ ਹਰਇਕ ਗਰੀਬ, ਅਮੀਰ ਤੇ ਇਕੋ ਜਿਹਾ ਹੈ। ਯੂ. ਐਨ. ਓ. ਦਾ ਹੈ ਜਿਹੜੀ ਸਾਰੀਆਂ ਯੂਨੀਅਨਜ਼ ਨੂੰ ਇਕੋ ਜਿਹਾ ਸਮਝਦੀ ਹੈ। ਇਹ ਕੋਈ ਵੀ ਕਰ ਸਕਦਾ ਹੈ। ਇਹ ਨੀਲੀ ਟੋਪੀ ਪਾ ਸਕਦੇ ਹਨ, ਕੋਈ ਨੀਲੀ ਪੱਗ ਬੰਨ੍ਹ ਸਕਦਾ ਹੈ। ਇਸ ਦੇ ਨਾਲ ਹੀ ਮੈਂ ਇਹ ਬੇਨਤੀ ਕਰਾਂਗਾ ਕਿ ਇਕ ਗੁਰੂ ਦਾ ਸਿੱਖ ਕਹਾਉਣ ਵਾਲਾ ਦਾੜ੍ਹੀ ਵੀ ਲੰਬੀ ਰਖਦਾ ਹੋਵੇ, ਕਿਰਪਾਨ ਵੀ ਪਾਉਂਦਾ ਹੋਵੇ, ਹੋਰ ਵੀ ਸਾਰੀ ਗਲ ਠੀਕ ਹੋਵੇ ** ** ** ** ** (ਵਿਘਨ)

ਸ਼੍ਰੀ ਸਪੀਕਰ: ਇਹ ਜਿਹੜਾ ਐਕਸਪਰਸ਼ਨ ਕੀਤਾ ਗਿਆ ਹੈ that should not form part of the proceedings.

ਡਾਕਟਰ ਦਲਬੀਰ ਸਿੰਘ : ਮੇਰਾ ਜਵਾਬ ਨਹੀਂ ਆਇਆ, ਸਪੀਕਰ ਸਾਹਿਬ, । ਮੈਂ ਆਪਣੇ ਖਿਲਾਫ਼ ਹਾਊਸ ਵਿਚ ਕੋਈ ਗਲ ਨਹੀਂ ਕਹਿਣ ਦੇਣੀ। (ਵਿਘਨ)

ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੇਰਾ ਜਵਾਬ ਲੈ ਕੇ ਦਿਓ।

Mr. Speaker ; Dr. Sahib, please take your seat.

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਮੇਰੇ ਸਵਾਲ ਦਾ ਜਵਾਬ ਦੇਣਾ ਚਾਹੁੰਦੇ ਹਨ। ਉਨ੍ਹਾਂ ਨੂੰ ਜਵਾਬ ਦੇਣ ਦਿਓ।

Mr, Speaker ; Dr. Sahib, I say, please take your seat. I again ask you to take your seat, otherwise I will have to name you. This is very sad state of affairs.

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਮੈਨੂੰ ਇਥੇ ਗਾਲਾਂ ਕੱਢੀਆਂ ਗਈਆਂ ਹਨ।

**Expunged as ordered by the Chair.

ਸ਼੍ਰੀ ਸਪੀਕਰ: ਕਿਸੇ ਨੇ ਕੋਈ ਗਾਲ੍ਹ ਨਹੀਂ ਕੱਢੀ। (ਇਸ ਸਮੇਂ ਸਰਦਾਰ ਸੁਖਦੇਵ ਸਿੰਘ ਢੀਂਡਸਾ ਜੀ ਖੜੇ ਸਨ) ਢੀਂਡਸਾ ਸਾਹਿਬ ਨੂੰ ਗੱਲ ਕਰਨ ਦਿਓ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ: ਸਪੀਕਰ ਸਾਹਿਬ, ਉਹ ਹਾਂ ਕਰਨ ਜਾਂ ਮੁਆਫੀ ਮੰਗਣ।

Mr. Speaker ; Mrs. Brar, I will request you to please take your seat. I am ready to hear you please. But let Dhindsa Sahib speak. He is on his legs.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ .. ..

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ। ਸਰ, ਪਾਂਧੀ ਸਾਹਿਬ ਨੂੰ ਕਹੋ ਜਵਾਬ ਦੇਣ। (ਵਿਘਨ)

(ਇਸ ਸਮੇਂ ਕਾਂਗਰਸ (ਆਈ) ਦੇ ਬਹੁਤ ਸਾਰੇ ਮੈਂਬਰਜ਼ ਪੁਆਇੰਟਸ ਆਫ ਆਰਡਰ ਤੇ ਖੜ੍ਹੇ ਹੋ ਗਏ)

ਸ਼੍ਰੀ ਸਪੀਕਰ: ਮੈਂ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਜ਼ੀਰੋ ਆਵਰ ਵਿਚ ਮੇਰਾ ਇਹ ਦ੍ਰਿਸ਼ਟੀਕੋਣ ਹੁੰਦਾ ਹੈ ਕਿ ਹਰ ਇਕ ਮੈਂਬਰ ਨੂੰ ਵੱਧ ਤੋਂ ਵੱਧ ਸਮਾਂ ਦਿੱਤਾ ਜਾਵੇ ਅਤੇ ਹਾਊਸ ਵਿਚ ਡੈਕੋਰਮ ਕਾਇਮ ਰਖਿਆ ਜਾਵੇ ਤਾਂ ਕਿ ਹਾਊਸ ਚਲ ਸਕੇ। ਹਾਊਸ ਤਾਂ ਚਲ ਸਕਦਾ ਹੈ ਜੇਕਰ ਹਰ ਇਕ ਨੂੰ ਗੱਲ ਕਰਨ ਲਈ ਮੌਕਾ ਦਿੱਤਾ ਜਾਵੇ।

ਡਾਕਟਰ ਦਲਬੀਰ ਸਿੰਘ: ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ ਆਰਡਰ, ਸਰ

ਸ਼੍ਰੀ ਸਪੀਕਰ: ਢੀਂਡਸਾ ਸਾਹਿਬ ਤੋਂ ਬਾਦ ਮੈਂ ਪਾਂਧੀ ਸਾਹਿਬ ਨੂੰ ਮੌਕਾ ਦੇਵਾਂਗਾ ਜੇਕਰ ਉਹ ਕੁਝ ਕਹਿਣਾ ਚਾਹੁੰਦੇ ਹੋਣਗੇ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ** ** **

Mr. Speaker ; This will not form part of the record. I do not allow you to speak like this. Please sit down, You cannot discuss my ruling.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਤਨਾ ਵੱਡਾ ਮਸਲਾ ਹੈ। ਉਸ ਨੂੰ ਤੁਸੀਂ ਰਿਜੈਕਟ ਕਰ ਦਿੱਤਾ ਹੈ।

ਸ਼੍ਰੀ ਸਪੀਕਰ: ਜਿਹੜੀ ਚੀਜ਼ ਡਿਸਅਲਾਓ ਹੋ ਗਈ ਹੋਵੇ, ਉਸ ਉਤੇ ਡਿਸਕਸ਼ਨ ਨਹੀਂ ਹੋ ਸਕੇਦੀ। ਇਸ ਕਰਕੇ ਤੁਸੀਂ ਬੈਠ ਜਾਓ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਹ ਮੇਰਾ ਹੱਕ ਹੈ। ਮੈਨੂੰ ਆਪਣੀ ਗੱਲ ਕਹਿ ਲੈਣ ਦਿਓ।

ਸ਼੍ਰੀ ਸਪੀਕਰ: ਢੀਂਡਸਾ ਸਾਹਿਬ, ਤੁਸੀਂ ਮੇਰੀ ਰੂਲਿੰਗ ਨੂੰ ਹਾਊਸ ਵਿਚ ਡਿਸਕਸ ਨਹੀਂ ਕਰ ਸਕਦੇ।

**Expunged as ordered by the Chair,

ਸਰਦਾਰ ਸੁਖਦੇਵ ਸਿੰਘ ਢੀਂਡਸਾ: ਸਪੀਕਰ ਸਾਹਿਬ, ਮੈਂ ਇਸ ਕਰਕੇ ਕਹਿ ਰਿਹਾ ਹਾਂ ਕਿ ਇਸ ਦੀ ਇਨਕੁਆਇਰੀ ਸੀ.ਬੀ.ਆਈ ਕੋਲ ਹੈ। ਜੇਕਰ ਸੀ. ਬੀ. ਆਈ. ਕੋਲ ਹੈ ਤਾਂ ਕੀ ਇਹ ਹਾਊਸ ਰਿਕੂਮੈਂਡ ਨਹੀਂ ਕਰ ਸਕਦਾ ? ਇਹ ਸਟੇਟ ਸਬਜੈਕਟ ਹੈ। ਕੋਤਵਾਲੀ ਪੁਲਿਸ ਸਟੇਸ਼ਨ ਅੰਮ੍ਰਿਤਸਰ ਵਿਚ ਕੇਸ ਦਰਜ਼ ਸੀ ਅਤੇ ਇਹ ਕੇਸ ਸੀ. ਬੀ. ਆਈ ਕੋਲ ਚਲਾ ਗਿਆ ਹੈ। ਇਸ ਨੂੰ ਹਾਊਸ ਕਿਉਂ ਨਹੀਂ ਡਿਸਕਸ ਕਰ ਸਕਦਾ। ਸਾਰੇ ਪੰਜਾਬ ਦੇ ਲੋਕ ਅਤੇ ਹਿੰਦੁਸਤਾਨ ਦੇ ਲੋਕ ਇਸ ਉਤੇ ਚਿੰਤਤ ਹਨ ਅਤੇ ਇਹ ਇਕ ਗੰਭੀਰ ਮਸਲਾ ਹੈ। ਇਸ ਨੂੰ ਤੁਸੀਂ ਵੀ ਪਲੀਡ ਕਰਦੇ ਹੋ ਅਤੇ ਸਰਕਾਰ ਵੀ ਬੜੇ ਵੱਡੇ ਝੰਡੇ ਲਗਾ ਰਹੀ ਹੈ। ਥੋੜ੍ਹਾ ਜਿਹਾ ਕਹੋ ਇਹ ਇਨਕੁਆਇਰੀ ਕਰਵਾ ਲੈਣ। ਇਹ ਮੈਂ ਚੇਂਜ ਕਰਨ ਲਈ ਤਿਆਰ ਹਾਂ ਕਿ ਪੰਜਾਬ ਸਰਕਾਰ ਦੀ ਬਜਾਏ ਇਥੇ ਗੌਰਮਿੰਟ ਆਫ ਇੰਡਿਆ ਕਰ ਦਿਓ। ਪਰ ਤੁਸੀਂ ਇਸ ਨੂੰ ਆਊਟਰਾਈਟਲੀ ਰਿਜੈਕਟ ਨਾ ਕਰੋ। ਇਹ ਸਾਡੇ ਲਈ ਠੀਕ ਨਹੀਂ ਹੋਵੇਗਾ ਅਤੇ ਪੰਜਾਬ ਦੇ ਲੋਕਾਂ ਲਈ ਠੀਕ ਨਹੀਂ ਹੋਵੇਗਾ ਅਤੇ ਪੰਜਾਬ ਵਿਚ ਮਹੌਲ ਸ਼ਾਂਤ ਬਣਾਉਣ ਲਈ ਠੀਕ ਨਹੀਂ ਹੋਵੇਗਾ। ਤੁਸੀਂ ਇਸ ਰਸਤੇ ਨੂੰ ਛੱਡ ਕੇ ਉਲਟੇ ਚਲਣ ਤੇ ਲਗੇ ਹੋਏ ਹੋ। ਤੁਸੀਂ ਇਕ ** ਲਈ ਕਾਲ ਅਟੈਨਸ਼ਨ ਨੋਟਿਸ ਨੂੰ ਐਡਮਿਟ ਕਰ ਸਕਦੇ ਹੋ।

ਸ਼੍ਰੀ ਸਪੀਕਰ: ਜਿਹੜਾ ਇਨ੍ਹਾਂ ਨੇ **ਲਫਜ਼ ਕਿਹਾ ਹੈ, ਉਹ ਐਕਸਪੰਜ ਕੀਤਾ ਜਾਂਦਾ ਹੈ। ਮੇਰੇ ਫੈਸਲੇ ਨੂੰ ਤੁਸੀਂ ਚੈਲੰਜ ਨਹੀਂ ਕਰ ਸਕਦੇ। ਢੀਂਡਸਾ ਜੀ, ਤੁਸੀਂ ਬੈਠ ਜਾਓ। ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ। ਰੂਲਜ਼ ਬਾਰੇ ਤੁਸੀਂ ਮੇਰੇ ਤੋਂ ਵੀ ਵੱਧ ਜਾਣਦੇ ਹੋ। ਤੁਸੀਂ ਬਹੁਤ ਪੁਰਾਣੇ ਮੈਂਬਰ ਹੋ। ਇਸੇ ਤਰ੍ਹਾਂ ਇਹ ਚੀਜ਼ ਹਾਊਸ ਦੇ ਵਿਚਾਰ ਗੋਚਰੇ ਨਹੀਂ ਲਿਆਂਦੀ ਜਾ ਸਕਦੀ। ਸਵਾਲ ਨੰ: 749 ਇਸ ਸਬੰਧ ਵਿਚ ਸੀ।

ਸਰਦਾਰ ਸੁਖਦੇਵ ਸਿੰਘ ਢੀਂਡਸਾ: ਤੁਸੀਂ, ਸਪੀਕਰ ਸਾਹਿਬ, ਮੇਰੀ ਸਾਰੀ ਚੀਜ਼ ਨਾ ਕਟਾ ਦੇਣਾ ਜਿਹੜਾ ਰੈਜ਼ੋਲਿਊਸ਼ਨ ਮੈਂ ਦਿਤਾ ਸੀ, ਉਹ ਨਾਨ-ਆਫੀਸ਼ਲ ਡੇ ਦੀ ਗੱਲ ਕਰ ਰਿਹਾ ਸੀ। ਇਹ ਮੇਰੇ ਕੋਲ ਨਵਾਂ ਆਰਡਰ ਆਇਆ ਹੈ। ਇਹ ਇਤਨਾ ਵੱਡਾ ਮਸਲਾ ਹੈ, ਸਰਕਾਰ ਨੂੰ ਇਥੇ ਡਿਸਕਸ ਕਰਨਾ ਚਾਹੀਦਾ ਹੈ। (ਵਿਘਨ)

ਸ਼੍ਰੀ ਸਪੀਕਰ: ਤੁਸੀਂ ਇਹ ਚੀਜ਼ ਡਿਸਕਸ ਕਰਨ ਲਈ ਮੇਰੇ ਚੈਂਬਰ ਵਿਚ ਆ ਜਾਣਾ (ਵਿਘਨ)

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ: ਸਪੀਕਰ ਸਾਹਿਬ, ਮੈਂ ਕੱਲ ਦੀ ਮਾਫੀ ਮੰਗਦਾ ਹਾਂ।

ਪੰਡਿਤ ਸਰਵਣ ਰਾਮ ਮਨਸੋਵਾਲੀਆ: ਸਪੀਕਰ ਸਾਹਿਬ, ਇਹ ਬੜਾ ਹੀ ਗੰਭੀਰ ਮਸਲਾ ਹੈ। ਕੱਲ੍ਹ ਇਥੇ ਪ੍ਰੋਫੈਸਰ ਦਰਬਾਰੀ ਲਾਲ ਜੀ ਨੇ ਵੀ ਅੰਮ੍ਰਿਤਸਰ ਦੀ ਗੱਲ ਕੀਤੀ ਸੀ। ਪ੍ਰੋਫੈਸਰ ਦਰਬਾਰੀ ਲਾਲ ਜੀ ਨੇ ਬੁਚੜਖਾਣੇ ਦਾ ਲਫਜ਼ ਇਸਤੇਮਾਲ ਕੀਤਾ ਸੀ। ਕੁਝ ਮੇਰੇ ਭਰਾਵਾਂ ਨੇ ਇਸ ਗਲ ਤੇ ਇਤਰਾਜ਼ ਕੀਤਾ ਸੀ ਕਿ ਇਹ ਮੁੜ ਮੁੜ ਕੇ ਦਰਬਾਰ ਸਾਹਿਬ ਦਾ ਨਾਂ ਲਈ ਜਾਂਦੇ ਹਨ। ਸਪੀਕਰ ਸਾਹਿਬ ਅੱਜ ਹੀ ਅਖਬਾਰਾਂ ਵਿਚ ਆਇਆ ਹੈ ਕਿ ਇਕ ਆਦਮੀ ਦੀ ਲਾਸ਼ ਦਰਬਾਰ ਸਾਹਿਬ ਦੇ ਕੰਪਲੈਕਸ ਅੰਦਰੋਂ ਡਰੇਨ ਵਿਚੋਂ ਮਿਲੀ। ਇਨ੍ਹਾਂ ਦੇ ਦਫ਼ਤਰ ਦੇ ਸਾਹਮਣੇ ਹੈ। (ਵਿਘਨ) (ਸ਼ੇਮ, ਸ਼ੇਮ) ਇਹ ਇਸ ਗੱਲ ਨੂੰ ਸੀਰੀਅਸਲੀ ਨਹੀਂ ਲੈ ਰਹੇ। ਸਟੂਡੈਂਟਸ ਫੈਡਰੇਸ਼ਨ ਦੇ ਮੁਤੱਲਕ ਇਨ੍ਹਾਂ ਨੂੰ ਨਹੀਂ ਪਤਾ, 23 ਤਾਰੀਖ ਨੂੰ ਇਹ ਕਿਥੇ ਸਨ? ਅੱਜ ਕਤਲੋ ਗਾਰਤ ਹੋ ਰਿਹਾ ਹੈ। ਇਹ ਕਤਲੋ ਗਾਰਤ ਨੂੰ ਵੇਖਣਾ ਚਾਹੁੰਦੇ ਹਨ। ਮੈਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਇਸ ਪਾਸੇ ਉਹ ਧਿਆਨ ਦੇਣ ਔਰ ਇਸ ਮਸਲੇ

**Expunged as ordered by the Chair.

ਨੂੰ ਬੜੀ ਗੰਭੀਰਤਾ ਦੇ ਨਾਲ ਸੋਚਣ ਤਾਂਕਿ ਪੰਜਾਬ ਲੋਕ ਸੁਖ ਦਾ ਸਾਹ ਲੈ ਸਕਣ। ਇਹ ਪ੍ਰੋਫੈਸਰ ਦਰਬਾਰੀ ਲਾਲ ਜੀ ਨੂੰ ਕਹਿੰਦੇ ਸਨ ਕਿ ਬੁੱਚਰੀ ਉਥੋਂ ਉਠਾਈ ਜਾਵੇ । ਪਰ ਸਾਰਾ ਅੰਮ੍ਰਿਤਸਰ ਇਸ ਵੇਲੇ ਬੁੱਚਰੀ ਬਣਿਆ ਪਿਆ ਹੈ। ਸਪੀਕਰ ਸਾਹਿਬ, ਮੈਂ ਇਸ ਪਾਸੇ ਸੀ. ਐਮ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਸ ਵੱਲ ਧਿਆਨ ਦੇ ਕੇ ਇਸ ਨੂੰ ਬਚਾਓ , ਇਨ੍ਹਾਂ ਦੇ ਮਗਰ ਨਾ ਲਗੋ. ਇਨ੍ਹਾਂ ਨੇ ਮਰਵਾ ਦੇਣਾ ਹੈ, ਜਿਸ ਤਰ੍ਹਾਂ ਇਹ ਕਰਦੇ ਹਨ। ਇਨਸਾਨੀ ਜ਼ਿੰਦਗੀ ਵਾਸਤੇ ਪਾਣੀ ਦੀ ਸਭ ਤੋਂ ਵੱਡੀ ਲੋੜ ਹੈ ਪਰ ਇਹ ਟੂਟੀ ਦਾ ਮਸਖਰਾ ਉਡਾਉਂਦੇ ਹਨ, ਟੂਟੀ ਨੂੰ ਕੁਝ ਨਹੀਂ ਸਮਝਦੇ ਸਟੇਜ ਜਿਹੜੀ ਲਗਣੀ ਸੀ, ਉਸ ਨੂੰ ਬੜੀ ਵੱਡੀ ਗੱਲ ਸਮਝਦੇ ਹਨ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

ਸ਼੍ਰੀ ਸਪੀਕਰ: ਜੋ ਢੀਂਡਸਾ ਸਾਹਿਬ ਕਹਿੰਦੇ ਹਨ, ਕੋਈ ਰਿਕਾਰਡ ਦਾ ਪਾਰਟ ਨਹੀਂ ਹੋਵੇਗਾ। ਸਾਰੇ ਹਾਊਸ ਵਿੱਚ ਮਨੋਪਲੀ ਨਹੀਂ ਤੁਹਾਡੀ। Mr. Dhindsa, do not interrupt the proceedings of the House in this manner. Other Members have also to speak. Whatever Mr. Dhindsa has said that will not form part of the record.

ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ (ਸ੍ਰੀ ਪ੍ਰੇਮ ਗੁਪਤਾ) : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਲ੍ਹ ਮੈਂ ਏਥੇ ਹਾਊਸ ਵਿੱਚ ਨਹੀਂ ਸੀ। ਇਕ ਮੀਟਿੰਗ ਅਟੈਂਡ ਕਰਨ ਲਈ ਗਿਆ ਸੀ। ਏਥੇ ਆਨ-ਰੇਬਲ ਮੈਂਬਰ ਸਰਦਾਰ ਕਿਰਪਾਲ ਸਿੰਘ ਨੇ ਆਪਣੀ ਤਕਰੀਰ ਕਰਦੇ ਹੋਏ ਮੇਰੇ ਬਾਰੇ, ਮੇਰਾ ਜ਼ਿਕਰ ਕਰਦੇ ਹੋਏ ਬੜੇ ਨਾਵਾਜਬ, ਡੈਰੋਗੇਟਰੀ ਸ਼ਬਦ ਇਸਤੇਮਾਲ ਕੀਤੇ ਹਨ। ਇਹ ਆਪਣੇ ਆਪ ਨੂੰ ਬੜੇ ਇੰਟੈਲੀਜੈਂਟ ਸਮਝਦੇ ਹਨ, ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਲੇਕਿਨ ਜੇ ਕੋਈ ਆਪਣੇ ਆਪ ਨੂੰ ਬੜਾ ਇਟੈਲੀਜੈਂਟ ਕਹੇ ਤਾਂ ਉਹ ਪਰਵਰਟਿਡ ਇੰਟੈਲੀਜੈਂਟ ਹੁੰਦਾ ਹੈ। ਮੈਂ ਤਾਂ ਇਕੋ ਗੱਲ ਕਹੀ ਸੀ ਅਤੇ ਸ੍ਰੀ ਚੰਦਰ ਸ਼ੇਖਰ ਜੀ ਦਾ ਵੀ ਜ਼ਿਕਰ ਕੀਤਾ ਸੀ। ਇਹ ਵੀ ਮੇਰੇ ਬੜੇ ਦੋਸਤ ਹਨ, ਮੈਂ ਇਨ੍ਹਾਂ ਦੀ ਇੱਜ਼ਤ ਅਤੇ ਮਾਣ ਕਰਦਾ ਹਾਂ। ਪਰ ਮੈਨੂੰ ਅਫਸੋਸ ਇਹ ਹੈ ਕਿ he has been presiding over the liquidation of Janata Party ਜਨਤਾ ਪਾਰਟੀ ਦੀ ਕਿੰਨੀ ਫੋਲੋਇੰਗ ਹੈ, ਇਹ ਸਰਦਾਰ ਕਿਰਪਾਲ ਸਿੰਘ ਦੀ ਆਪਣੀ ਹਾਜ਼ਰੀ ਦੱਸਦੀ ਹੈ, ਇਹ ਕਿੰਨੇ ਲੋਕਾਂ ਦੀ ਨੁਮਾਇੰਦਗੀ ਕਰਦੀ ਹੈ ਉਹ ਵੀ ਸਹਾਰੇ ਨਾਲ ਹੀ। ਮੈਂ, ਸਪੀਕਰ ਸਾਹਿਬ, ਬੇਨਤੀ ਇਹ ਕਰਨੀ ਹੈ ਕਿ ਤੁਸੀਂ ਸਾਰੀ ਤਕਰੀਰ ਮੰਗਵਾ ਕੇ ਜਿਹੜੇ ਜਿਹੜੇ ਸ਼ਬਦ ਆਬਜੈਕਸ਼ਨੇਬਲ ਹਨ, ਉਹ ਕੱਢ ਦਿਓ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਆਪ ਦੇ ਨੋਟਿਸ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਕੰਡਾਘਾਟ ਸ਼ਿਮਲਾ ਦੇ ਰਸਤੇ ਵਿੱਚ ਕੁਝ ਨੈਸ਼ਨਲ ਇੰਟੈਗਰੇਸ਼ਨ ਵਾਲੇ ਦੇਸ਼-ਭਗਤਾਂ ਨੇ ਪੰਜਾਬੀ ਸਟੂਡੈਂਟਸ ਨਾਲ ਬੜਾ ਹੱਤਕ ਭਰਿਆ ਅਤੇ ਇਖਲਾਕੀ ਵਾਲਾ ਵਿਉਹਾਰ ਕੀਤਾ ਹੈ। ਇਹ ਅਖਬਾਰਾਂ ਵਿੱਚ ਵੀ ਗੱਲ ਛਪੀ ਹੈ ਅਤੇ ਇਸਦਾ ਗਵਰਨਰ ਸਾਹਿਬ ਨੇ ਵੀ ਬੁਰਾ ਮੰਨਾਇਆ ਹੈ। ਇਹ ਸਰਕਾਰ ਨੂੰ ਵੀ ਇਸ ਐਕਸ਼ਨ ਨੂੰ ਕੰਡੈਮ ਕਰਨਾ ਚਾਹੀਦਾ ਅਤੇ ਉਨ੍ਹਾਂ ਦੇ ਖਿਲਾਫ ਕਹਿਣਾਂ ਚਾਹੀਦਾ ਹੈ ਜਿਨ੍ਹਾਂ ਨੇ ਉਲਟੇ ਪੰਜਾਬੀ ਨੌਜਵਾਨਾਂ ਦੇ ਉਤੇ ਕੇਸ ਬਣਾ ਦਿੱਤੇ ਹਨ। ਇਹ ਗੱਲ ਦੇਸ਼ਭਗਤੀ ਅਤੇ ਨੈਸ਼ਨਲ ਇੰਟੈਗਰੇਸ਼ਨ ਦੀ ਸਪਿਰਿਟ ਦੇ ਖਿਲਾਫ ਉਨ੍ਹਾਂ ਨੇ ਹੀ ਕੀਤੀ ਹੈ ਜਿਹੜੇ ਦੇਸ਼ਭਗਤੀ ਦਾ ਜਾਮਾ ਓੜ ਕੇ ਘਿਨੌਣੀਆਂ ਕਾਰਵਾਈਆਂ ਕਰਦੇ ਹਨ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ)।

**Expunged as ordered by the Chair.

ਮੁੱਖ ਮੰਤਰੀ: ਸਪੀਕਰ ਸਾਹਿਬ, ਏਸੇ ਗੱਲ ਬਾਰੇ ਜੋ ਸਰਦਾਰ ਕਿਰਪਾਲ ਸਿੰਘ ਨੇ ਕਹੀ ਹੈ, ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਬੜੀ ਅਫਸੋਸਨਾਕ ਗੱਲ ਹੈ ਅਤੇ ਇਸ ਗੱਲ ਨੂੰ ਅਸੀਂ ਹਿਮਾਚਲ ਪ੍ਰਦੇਸ਼ ਗੌਰਮਿੰਟ ਨਾਲ ਟੇਕਅੱਪ ਕੀਤਾ ਹੈ।

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਪਿਛਲੇ ਕੁਝ ਦਿਨਾਂ ਤੋਂ ......

ਸ੍ਰੀ ਸਪੀਕਰ: ਮੇਰੀ ਬੇਨਤੀ ਹੈ ਕਿ ਜਿੰਨਾ ਸਮਾਂ ਹਾਊਸ ਲੈਣਾ ਚਾਹੇ, ਜ਼ੀਰੋ ਆਵਰ ਵਿੱਚ ਲੈ ਲਵੇ। ਇਸ ਦੇ ਨਾਲ ਹੀ ਡਿਸਕਸ਼ਨ ਦਾ ਸਮਾਂ ਓਨਾ ਹੀ ਘਟ ਜਾਵੇਗਾ। ਥੋੜ੍ਹਾ ਜਿਹਾ ਬਰੀਫ ਕਰ ਲਵੋ।

ਸਰਦਾਰ ਜਸਦੇਵ ਸਿੰਘ ਸੰਧੂ: ਸਪੀਕਰ ਸਾਹਿਬ, ਜੋ ਕੁਝ ਹਾਊਸ ਵਿੱਚ ਪਿਛਲੇ ਕੁਝ ਦਿਨਾਂ ਤੋਂ ਹੋ ਰਿਹਾ ਹੈ, ਮੈਂ ਉਸ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਰੂਲਜ਼ ਆਫ ਪ੍ਰੋਸੀਜਰ ਦੇ ਰੂਲ 93-ਏ ਦੇ ਅਧੀਨ ਇਕ ਦੂਜੇ ਦੇ ਖਿਲਾਫ ਜੋ ਐਲੀਗੇਸ਼ਨਜ਼ ਲਗ ਰਹੇ ਹਨ ਜਾਂ ਲਾਏ ਜਾ ਰਹੇ ਹਨ, ਮੈਂ ਸਮਝਦਾ ਹਾਂ ਬੜੀ ਗਲਤ ਗੱਲ ਹੈ। ਇਹ ਗੱਲ ਤੁਹਾਡੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਤੁਸੀਂ ਇਨ੍ਹਾਂ ਤੇ ਕੋਈ ਰੂਲਿੰਗ ਦੇਣ ਦੀ ਖੇਚਲ ਨਹੀਂ ਕੀਤੀ। ਕੱਲ੍ਹ ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਬੋਲਦਿਆਂ ਹੋਇਆਂ ਮੇਰੇ ਵਿਰੁੱਧ ਕੁਝ ਬੇਬੁਨਿਆਦ, ਬੇਤੁਕੇ ਅਤੇ ਗੈਰ-ਜ਼ਿੰਮੇਵਾਰਾਨਾ ਇਲਜ਼ਾਮ ਲਗਾਏ ਸਨ। ਮੈਂ ਪੰਜਵੀਂ ਵਾਰੀ ਹਾਊਸ ਦਾ ਮੈਂਬਰ ਬਣਿਆ ਹਾਂ ਅਤੇ ਇਹ ਪਹਿਲੀ ਵਾਰੀ ਬਣ ਕੇ ਆਏ ਹਨ। ਮੈਂ 18 ਸਾਲ ਇਸ ਹਾਊਸ ਦੀ ਸੇਵਾ ਕੀਤੀ ਹੈ ਅਤੇ ਇਹ ਪਿਛਲੇ 18 ਮਹੀਨੇ ਤੋਂ ਏਥੇ ਹਨ। ਮੇਰੇ 18 ਸਾਲ ਦੇ ਕੈਰੀਅਰ ਵਿੱਚ ਜੇ ਕੋਈ ਮੇਰੇ ਖਿਲਾਫ ਬੇ-ਨਿਯਮੀ, ਬੇਕਾਇਦਗੀ, ਬਦਦਿਆਨਤੀ ਦਾ ਕੋਈ ਇਲਜ਼ਾਮ ਹੋਵੇ ਤਾਂ ਤੁਸੀਂ ਉਸਦੀ ਇਨਕੁਆਇਰੀ ਕਰਵਾਓ। ਮੈਂ ਚੈਲੰਜ ਕਰਦਾ ਹਾਂ ਕਿ 18 ਮਹੀਨਿਆਂ ਵਿੱਚ ਜਿੰਨੀ ਇਨ੍ਹਾਂ ਨੇ ਕੁਰੱਪਸ਼ਨ ਕੀਤੀ ਹੈ, ਉਹ ਸਾਨੂੰ ਪਤਾ ਹੈ। ਜੇ ਨਹੀਂ ਤਾਂ ਮੈਂ ਆਪਣਾ ਅਸਤੀਫਾ ਤੁਹਾਨੂੰ ਦੇਣ ਨੂੰ ਤਿਆਰ ਹਾਂ ਅਤੇ ਇਹ ਵੀ ਆਪਣਾ ਦੇ ਦੇਣ। ਤੁਸੀਂ ਹਾਊਸ ਦੀ ਕਮੇਟੀ ਬਣਵਾ ਕੇ ਮੇਰੇ 18 ਸਾਲ ਦੇ ਕੈਰੀਅਰ ਦੀ ਪੜਤਾਲ ਕਰਵਾ ਲਓ। ਤੇ ਇਨ੍ਹਾਂ ਦੀ 18 ਮਹੀਨੇ ਦੀ ਕੁਰੱਪਸ਼ਨ ਦੀ ਹੀ ਪੜਤਾਲ ਕਰਵਾ ਲਵੋ ਤੇ ਜੋ ਦੋਸ਼ੀ ਹੋਵੇ ਉਸ ਦਾ ਅਸਤੀਫਾ ਮਨਜ਼ੂਰ ਕਰ ਲਵੋ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਕਿਸ ਤਰ੍ਹਾਂ ਦੇ ਹਾਲਾਤ ਦੇਸ਼ ਵਿਚ ਹਨ। ਜਿਹੜੇ ਸਿੱਖ ਹਨ ਇਹ ਮਜ਼ਲੂਮ ਹਨ ਪਰ ਇਨ੍ਹਾਂ ਨੂੰ ਜ਼ਾਲਮ ਸਮਝਿਆ ਜਾਂਦਾ ਹੈ। ਕਿਤੇ ਕੋਈ ਮੁੰਡਾ ਜਾਂ ਲੜਕੀ ਇਨ੍ਹਾਂ ਦੀ ਜਾਂਦੇ ਹਨ ਦਿੱਲੀ ਉਤਸਵ ਵਿਚ ਤਾਂ ਇਨ੍ਹਾਂ ਨੌਜਵਾਨ ਸਿੱਖਾਂ ਤੇ ਉਥੇ ਗਲਤ ਕੇਸ ਬਣਾ ਦਿੱਤੇ ਜਾਂਦੇ ਹਨ। ਹਿਮਾਚਲ ਬਾਰੇ ਹੁਣੇ ਹੀ ਦਸਿਆ ਹੈ ਉਥੇ ਕੀ ਹੋਇਆ ਹੈ। ਗਵਰਨਰ ਸਾਹਿਬ ਨੇ ਵੀ ਉਸ ਦਾ ਬੁਰਾ ਮਨਾਇਆ ਹੈ। ਇਨ੍ਹਾਂ ਹਾਲਾਤ ਵਿਚ ਪੰਜਾਬੀ ਨੌਜਵਾਨ ਦੋ ਢਾਈ ਸਾਲਾਂ ਤੋਂ ਜੇਲ੍ਹਾਂ ਵਿਚ ਹੋਣ, ਕੇਸ ਕੋਈ ਉਨ੍ਹਾਂ ਦੇ ਖਿਲਾਫ ਹੋਏ ਨਾ, ਸਮਝੌਤੇ ਵਾਲੇ ਪੁਆਇੰਟ ਤੇ ਦਿੱਲੀ ਸਰਕਾਰ ਮੁੱਕਰ ਗਈ ਹੈ। 749 ਨੰਬਰ ਕੁਐਸਚਨ ਆਇਆ ਸੀ ਲੇਕਿਨ ਸਾਨੂੰ ਸਪਲੀਮੈਂਟਰੀ ਅਲਾਓ ਨਹੀਂ ਕੀਤੀ ਗਈ। ਸਰਕਾਰ ਸੀ.ਬੀ.ਆਈ ਤੋਂ ਕੇਸ ਵਾਪਸ ਲੈ ਸਕਦੀ ਹੈ। (ਵਿਘਨ) ਹੋਰ ਵੀ ਅੱਛਾ ਹੁੰਦਾ ਜੇਕਰ ਐਫ.ਆਈ.ਆਰ. ਕੈਂਸਲ ਕਰਕੇ ਪਰਾਬਲਮ ਨੂੰ ਖਤਮ ਕਰਨ। ਜੇ ਪਰਾਬਲਮ ਹੈ ਤਾਂ ਹਾਊਸ ਵਿਚ ਡਿਸਕਸ਼ਨ ਅਲਾਓ ਕੀਤੀ ਜਾਏ (ਵਿਘਨ) ਅਸੀਂ ਆਪਣੇ ਖਿਆਲਾਤ

ਰੱਖੀਏ ਔਰ ਗੌਰਮਿੰਟ ਆਪਣੇ ਖਿਆਲ ਰਖੇ। ਇੰਟਰਨੈਸ਼ਨਲ ਏਜੰਸੀ ਨੇ ਵੀ ਇਸ ਬਾਰੇ ਕਿਹਾ ਹੈ। ਦੋ ਢਾਈ ਸਾਲ ਤੋਂ ਬੰਦੇ ਅੰਦਰ ਹਨ ਔਰ ਇਨ੍ਹਾਂ ਤੇ ਕੋਈ ਕੇਸ ਨਹੀਂ ਚਲਾਏ ਗਏ। ਇਕ ਲੜਕੀ ਦੇ ਬੱਚਾ ਪੈਦਾ ਹੋਏ ਨੂੰ 24 ਘੰਟੇ ਹੋਏ ਸਨ ਉਹ ਵੀ ਉਥੇ ਬੰਦ ਹੈ। ਸਪੀਕਰ ਸਾਹਿਬ ਅਸੀਂ ਤੁਹਾਡੇ ਰਾਹੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਸਾਨੂੰ ਇਥੇ ਡਿਸਕਸ਼ਨ ਅਲਾਓ ਕਰੋ ਤਾਕਿ ਅਸੀਂ ਆਪਣੇ ਖਿਆਲਾਤ ਰਖੀਏ ਔਰ ਸੀ.ਐਮ. ਸਾਹਿਬ ਆਪਣੀ ਪੁਜ਼ੀਸ਼ਨ ਇਸ ਸਬੰਧੀ ਸਪੱਸ਼ਟ ਕਰਨ ਕਿ ਇਸ ਮਸਲੇ ਨੂੰ ਹੱਲ ਕਰਨ ਵਾਸਤੇ ਇਨ੍ਹਾਂ ਨੇ ਕੀ ਕਦਮ ਚੁੱਕੇ ਹਨ ਤਾਕਿ ਇਸ ਮਸਲੇ ਦਾ ਹਲ ਨਿਕਲ ਸਕੇ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਆਨ ਏ ਪੁਆਇੰਟ ਆਫ ਆਰਡਰ, ਸਰ। (ਵਿਘਨ)

ਸ਼੍ਰੀ ਸਪੀਕਰ : ਕੋਈ ਇੰਟਰੱਪਸ਼ਨ ਨਹੀਂ ਹੋਣੀ ਚਾਹੀਦੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਐਕਸਾਈਜ਼ ਪਾਲਿਸੀ ਤੇ ਐਫ.ਐਮ. ਸਾਹਿਬ ਨੇ ਕੁਝ ਕਿਹਾ ਸੀ। ਮੈਂ ਉਸ ਸਬੰਧੀ ਤੁਹਾਡੇ ਰਾਹੀਂ ਇਨ੍ਹਾਂ ਦੇ ਨੋਟਿਸ ਵਿਚ ਇਹ ਲਿਆਉਣਾ ਚਾਹੁੰਦਾ ਹਾਂ ਚੀਫ਼ ਮਨਿਸਟਰ ਸਾਹਿਬ ਔਰ ਗੌਰਮਿੰਟ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਇਹ ਇੰਟੈਗਰੇਸ਼ਨ ਦੀ ਗਲ ਕਰਦੇ ਹਨ। ਮਿਨਾਰਿਟੀ ਕਮਿਊਨਿਟੀ ਨੂੰ ਇਹ ਪਿੰਡਾਂ ਵਿਚ ਠੇਕਾ ਨਹੀਂ ਲੈਣ ਦਿੰਦੇ। ਮੈਂ ਲੁਧਿਆਣਾ ਦੀ ਗਲ ਨਹੀਂ ਕਰਦਾ। ਅੱਜ ਵੀ ਕਿਸੇ ਨੇ ਠੇਕਾ ਲੈ ਲਿਆ ਇਸ ਬਾਰੇ ਅੱਜ ਦੀ ਅਖਬਾਰ ਵਿਚ ਖਬਰ ਆਈ ਹੈ, ਉਸ ਦਾ ਠੇਕਾ ਸਾੜ ਦਿੱਤਾ ਗਿਆ ਜਦ ਕਿ ਥਾਣਾਂ ਨਾਲ ਹੀ ਹੈ। ਕਿਸੇ ਨੇ ਉਸ ਦੀ ਰਾਖੀ ਨਹੀਂ ਕੀਤੀ। ਕਰੋੜਾਂ ਰੁਪਿਆ ਇਕੱਠਾ ਕਰਨਾ ਚਾਹੁੰਦੇ ਹਨ। ਪਰ ਜੇਕਰ ਮਿਨਾਰਿਟੀ ਕਮਿਊਨਿਟੀ ਦੀ ਰਾਖੀ ਨਹੀਂ ਕਰਨੀ, ਜੇਕਰ ਇਨ੍ਹਾਂ ਨੂੰ ਇਥੇ ਕੰਮ ਨਹੀਂ ਕਰਨ ਦੇਣਾ ਤਾਂ ਫਿਰ ਸਰਕਾਰ ਕਿਸ ਤਰ੍ਹਾਂ ਚਲੇਗੀ। ਬਿਆਨ ਇਹ ਦਿੰਦੇ ਹਨ ਕਿ ਇਨ੍ਹਾਂ ਦੀ ਰਾਖੀ ਕਰਾਂਗੇ।

ਸ਼੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਫਿਨਾਂਸ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ 20 ਕਰੋੜ ਰੁਪਿਆ ਇਨ੍ਹਾਂ ਨੇ ਨਵੀਆਂ ਬੱਸਾਂ ਖਰੀਦਣ ਲਈ ਰੱਖਿਆ ਸੀ ਔਰ ਪਲੈਨਿੰਗ ਕਮਿਸ਼ਨ ਤੋਂ ਮਨਜ਼ੂਰੀ ਵੀ ਹੋ ਚੁਕੀ ਸੀ। ਮਗਰ ਇਨ੍ਹਾਂ ਨੇ ਬਜਟ ਵਿਚ 7 ਕਰੋੜ ਰੁਪਏ ਦੀ ਕੱਟ ਲਗਾ ਦਿੱਤੀ ਹੈ। ਇਸ ਨਾਲ ਕਾਫੀ ਫਰਕ ਪੈਣਾ ਹੈ ਔਰ ਜਿਹੜੀਆਂ ਬੱਸਾਂ ਨਹੀਂ ਖਰੀਦੀਆਂ ਜਾਣੀਆਂ ਉਸ ਨਾਲ ਲੋਕਾਂ ਨੂੰ ਆਵਾਜਾਈ ਵਿਚ ਕਾਫੀ ਫਰਕ ਪੈਣਾ ਹੈ, ਉਨ੍ਹਾਂ ਨੂੰ ਕਾਫੀ ਮੁਸ਼ਕਲ ਪੇਸ਼ ਆਉਣੀ ਹੈ। ਮੁੱਖ ਮੰਤਰੀ ਸਾਹਿਬ ਨੂੰ ਸਾਰੀਆਂ ਯੂਨੀਅਨਾਂ ਦਾ ਡੈਪੂਟੇਸ਼ਨ ਮਿਲਿਆ ਹੈ ਔਰ ਉਨ੍ਹਾਂ ਨੇ ਚੀਫ ਮਨਿਸਟਰ ਸਾਹਿਬ ਨੂੰ ਸੁਜੈਸ਼ਨਜ਼ ਲਿਖਕੇ ਦਿੱਤੀਆਂ ਹਨ ਕਿ ਈ.ਐਸ.ਆਈ. ਜਿਹੜੀ ਸਕੀਮ ਹੈ ਇਸ ਨੂੰ ਬੰਦ ਕਰੋ। ਇਸ ਤਰ੍ਹਾਂ 3 ਕਰੋੜ ਰੁਪਿਆ ਬੱਚ ਸਕਦਾ ਹੈ। ਦੂਜਾ ਇਹ ਕਿ ਪਹਿਲਾਂ ਜਿਹੜਾ ਟਰਾਂਸਪੋਰਟ ਡੀਪਾਰਟਮੈਂਟ ਦਾ ਦੋ ਟਾਇਰ ਸਿਸਟਮ ਚਲਦਾ ਸੀ ਉਸ ਨੂੰ ਥਰੀ ਟਾਇਰ ਕੀਤਾ ਹੈ, ਇਹ ਡਵੀਜ਼ਨਲ ਦਫ਼ਤਰ ਬੰਦ ਕੀਤਾ ਜਾਵੇ। ਇਸ ਤਰ੍ਹਾਂ 1 ਕਰੋੜ ਰੁਪਿਆ ਬਚ ਸਕਦਾ ਹੈ। ਇਸ ਤਰ੍ਹਾਂ 4 ਕਰੋੜ ਰੁਪਏ ਨਾਲ 150 ਬੱਸਾਂ ਖਰੀਦੀਆਂ ਜਾ ਸਕਦੀਆਂ ਹਨ। ਫਿਰ ਮੁਲਾਜ਼ਮਾਂ ਦੀ ਛਾਂਟੀ ਨਹੀਂ ਹੋਵੇਗੀ। ਬੱਸ ਸਰਵਿਸ ਠੀਕ ਹੋਵੇ ਤਾਕਿ ਲੋਕਾਂ ਨੂੰ ਆਵਾਜਾਈ ਦਾ ਸਾਧਨ ਠੀਕ ਮਿਲੇ। ਕਟੌਤੀ ਨੂੰ ਖਤਮ ਕਰੋ। ਕੀ ਇਹ ਇਨ੍ਹਾਂ ਸੁਜੈਸ਼ਨਜ਼ ਨੂੰ ਪ੍ਰਵਾਨ ਕਰਨ ਦਾ ਕੋਈ ਯਤਨ ਕਰਨਗੇ ਤਾਕਿ ਉਨ੍ਹਾਂ ਦੀ ਹੈਰਾਸਮੈਂਟ ਨਾ ਹੋਵੇ ?

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਇਹ ਮੇਰੇ ਕੋਲ ਇਕ ਕਿਤਾਬ ਹੈ। ਇਹ ਕਹਿੰਦੇ ਹਨ ਕਿ ਅਸੀਂ ਪਬਲਿਕ ਸੈਕਟਰ ਦੇ ਅਦਾਰੇ ਨੂੰ ਸਟਰੈਂਥਨ ਕਰਨਾ ਹੈ, ਉਸ ਨੂੰ ਪਰਫੁੱਲਤ ਕਰਾਂਗੇ। ਸਪੀਕਰ ਸਾਹਿਬ, ਹੁਣੇ ਬਾਲੀ ਜੀ ਨੇ ਬੱਸਾਂ ਦੇ ਬਾਰੇ ਕੁਝ ਗੱਲਾਂ ਤੁਹਾਡੇ ਧਿਆਨ ਵਿਚ ਲਿਆਂਦੀਆਂ ਹਨ। ਇਸ ਬਾਰੇ ਲੋਕਾਂ ਵਿਚ ਬੜੀ ਬੇਚੈਨੀ ਹੈ। ਇਹ ਜਿਹੜੇ ਰੂਟ ਪ੍ਰਾਈਵੇਟ ਅਦਾਰਿਆਂ ਨੂੰ ਦਿਤੇ ਜਾ ਰਹੇ ਹਨ, ਇਹ ਠੀਕ ਨਹੀਂ ਹਨ। ਇਸ ਤਰ੍ਹਾਂ ਇਨ੍ਹਾਂ ਦੇ ਕਿੰਨੇ ਲੋਕ ਬੇਰੁਜ਼ਗਾਰ ਹੋ ਜਾਣਗੇ। ਇਸ ਤਰ੍ਹਾਂ ਪਬਲਿਕ ਸੈਕਟਰ ਤੇ ਕੁਹਾੜਾ ਨਾ ਮਾਰੋ। ਬੱਸਾਂ ਵਿਚ ਜਿਹੜਾ ਘਾਟਾ ਹੈ ਉਸ ਨੂੰ ਪੂਰਾ ਕਰੋ। ਇਸ ਨੂੰ ਸਫੈਦ ਹਾਥੀ ਨਹੀਂ ਬਣਾਉਣਾ ਚਾਹੀਦਾ। ਮੁਲਾਜ਼ਮਾਂ ਦੀ ਛਾਂਟੀ ਨਹੀਂ ਹੋਣੀ ਚਾਹੀਦੀ। ਜਿਹੜੇ ਡਵੀਜ਼ਨਲ ਦਫ਼ਤਰ ਬਣੇ ਹੋਏ ਹਨ ਉਨ੍ਹਾਂ ਨੂੰ ਖਤਮ ਕਰੋ। ਬੱਸਾਂ ਨੂੰ ਠੀਕ ਚਲਾਓ ਅਤੇ ਜਿਹੜਾ ਕਰੋੜਾਂ ਰੁਪਏ ਦਾ ਘਾਟਾ ਹੈ ਉਸ ਨੂੰ ਪੂਰਾ ਕਰੋ। ਲੋਕਾਂ ਨੂੰ ਆਵਾ-ਜਾਈ ਵਿਚ ਸਹੂਲਤ ਦਿਓ।

ਸ਼੍ਰੀ ਸਪੀਕਰ : ਤੁਸੀਂ ਬੈਠੋ। Doad Sahib, please be brief ਤੁਸੀਂ 1-2 ਮਿੰਟ ਲਾਉਣੇ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਹਾਊਸ ਦੀਆਂ ਪਰੋਸੀਡਿੰਗਜ਼ ਬੜੀਆਂ ਵੈਲਿਊਏਬਲ ਹਨ। ਲੱਖਾਂ ਰੁਪਿਆ ਇਸ ਕੰਮ ਉਤੇ ਲੱਗਦਾ ਹੈ ਜਦੋਂ ਇਹ ਪਰੋਸੀਡਿੰਗਜ਼ ਰਿਕਾਰਡ ਕੀਤੀਆਂ ਜਾਂਦੀਆਂ ਹਨ। ਮੈਂ ਆਪਣੇ ਤਜਰਬੇ ਦੀ ਬਿਨਾ ਤੇ ਅਰਜ਼ ਕਰਦਾ ਹਾਂ ਕਿ ਪਰੋਸੀਡਿੰਗਜ਼ ਰੀਕਾਰਡ ਕਰਨ ਦਾ ਕੰਮ ਬਿਲਕੁਲ ਨਾਕਸ ਹੈ। ਅਸੀਂ ਕਹਿੰਦੇ ਕੁਝ ਹਾਂ, ਰਿਕਾਰਡ ਕੁਝ ਹੁੰਦਾ ਹੈ। ਜਦ ਸਾਡੇ ਕੋਲ ਕੁਰੈਕਟ ਕਰਨ ਵਾਸਤੇ ਆਉਂਦੀਆਂ ਹਨ ਤਾਂ ਸਾਨੂੰ ਪੂਰੀ ਗੱਲ ਯਾਦ ਨਹੀਂ ਹੁੰਦੀ। ਸਾਰਾ ਹੀ ਤੋੜ ਮਰੋੜ ਕੇ ਲਿਖਿਆ ਹੁੰਦਾ ਹੈ ਜੋ ਕਿ ਕੁਰੈਕਟ ਕਰਨਾ ਪਾਸੀਬਲ ਨਹੀਂ। ਕੋਈ ਸਾਇੰਟਿਫਿਕ ਪਰੋਸੀਜਰ ਰਿਕਾਰਡ ਕਰਨ ਦਾ ਹੋਵੇ। ਟੇਪ ਰੀਕਾਰਡ ਮਹਿੰਗਾ ਨਹੀਂ। ਇਥੇ 2-4 ਟੇਪ ਰਿਕਾਰਡ ਲਗਾ ਦਿਓ ਤਾਂ ਕਿ ਉਸ ਨਾਲ ਪ੍ਰੋਸੀਡਿੰਗਜ਼ ਮਿਲਾਈਆਂ ਜਾ ਸਕਣ। ਜੇ ਪਰੋਸੀਡਿੰਗਜ਼ ਠੀਕ ਰਿਕਾਰਡ ਨਹੀਂ ਹੋਣੀਆਂ ਤਾਂ ਫਿਰ ਇਹ ਹਾਊਸ ਯੂਜ਼ਫੁੱਲ ਨਹੀਂ ਹੋਵੇਗਾ ਜੇ ਪਰੋਸੀ-ਡਿੰਗਜ਼ ਪਰਾਪਰਲੀ ਰਿਕਾਰਡ ਨਾ ਹੋਣ।

ਸ਼੍ਰੀ ਸਪੀਕਰ : ਇਸ ਇਸ਼ੂ ਤੇ ਕੋਈ ਸਪੈਸੀਫਿਕ ਇਨਸਟਾਂਸ ਹੋਵੇ ਤਾਂ ਨੋਟਿਸ ਵਿਚ ਲਿਆ ਦਿਓ। ਅਸੀਂ ਮਿਲਕੇ ਦੇਖ ਲਵਾਂਗੇ। ਤੁਹਾਡੀ ਰਾਏ ਬੜੀ ਕੰਸਟਰਕਟਿਵ ਹੈ। ਤੁਸੀਂ ਮਿਲਕੇ ਦੱਸ ਦੇਣਾ ਫਿਰ ਦੇਖ ਲਵਾਂਗੇ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰੀਆਂ ਸਾਰੀਆਂ ਤਕਰੀਰਾਂ ਗਲਤ ਰਿਕਾਰਡ ਹੋਈਆਂ ਹਨ।

ਸ਼੍ਰੀ ਸ਼ਿਵ ਚੰਦ ਮਲੋਟ (ਬੈਠੇ, ਬੈਠੇ) : ਗਲਤ ਬੋਲਦੇ ਹੋ ਤਾਂ ਗਲਤ ਹੀ ਰਿਕਾਰਡ ਹੋਣਾ ਹੈ।

ਗਿਆਨੀ ਅਰਜਨ ਸਿੰਘ ਲਿੱਟ : ਇਹ ਕਹਿੰਦੇ ਹਨ ਕਿ ਸ਼ਰਾਬ ਦੀਆਂ ਦੁਕਾਨਾਂ ਬੰਦ ਕਿਉਂ ਕਰਦੇ ਹਨ। ਇਹ ਤੁਹਾਡੇ ਸਾਹਮਣੇ ਮਹਾਤਮਾ ਗਾਂਧੀ ਦੀ ਫੋਟੋ ਲਗੀ ਹੈ......(ਵਿਘਨ) ਅਸੀਂ ਸ਼ਰਾਬ ਨਹੀਂ ਪੀਂਦੇ। (ਵਿਘਨ)

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਬੋਲਣਾ ਚਾਹੁੰਦਾ ਹਾਂ।

ਸ਼੍ਰੀ ਸਪੀਕਰ : ਦੋ ਸਪਲੀਮੈਂਟਰੀਜ਼ ਤੋਂ ਜ਼ਿਆਦਾ ਅਲਾਓ ਨਹੀਂ ਕੀਤਾ ਜਾ ਸਕਦਾ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

ਸ਼੍ਰੀ ਸਪੀਕਰ : ਢੀਂਡਸਾ ਜੀ ਜੋ ਕਹਿ ਰਹੇ ਹਨ, ਉਹ ਪਰੋਸੀਡਿੰਗਜ਼ ਦਾ ਭਾਗ ਨਹੀਂ ਬਣੇਗਾ। ਹਾਊਸ ਦਾ ਟਾਈਮ ਜ਼ਾਇਆ ਨਾ ਕੀਤਾ ਜਾਵੇ। (ਵਿਘਨ) ਹਾਊਸ ਦੀਆਂ ਪਰੋਸੀਡਿੰਗਜ਼ ਨੂੰ ਇੰਟਰਪਟ ਕਰਨ ਦਾ ਤੁਹਾਨੂੰ ਕੋਈ ਅਖਤਿਆਰ ਨਹੀਂ ਹੈ

You have taken the opportunity. Please take your seat. You cannot take the House to ransom like that. I will never allow like that. I have called Sardar Bachittar Singh.

ਸਰਦਾਰ ਬਚਿੱਤਰ ਸਿੰਘ : ਸਪੀਕਰ ਸਾਹਿਬ, ਤੁਹਾਨੂੰ ਭਲੀ ਪ੍ਰਕਾਰ ਪਤਾ ਹੈ ਕਿ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਤੇ ਇਲੈਕਸ਼ਨ ਲੜ ਕੇ ਆਏ ਹੋ ਅਤੇ ਅਸੀਂ ਵੀ ਸਾਰੇ ਲੜ ਕੇ ਆਏ ਹਾਂ। ਅਸੀਂ ਜਦ ਇਲੈਕਸ਼ਨ ਲੜ ਰਹੇ ਸੀ ਤਾਂ ਅਸੀਂ ਪਿੰਡ, ਪਿੰਡ, ਘਰ, ਘਰ ਜਾ ਕੇ ਕਹਿੰਦੇ ਰਹੇ ਹਾਂ ਕਿ ਜੇਲ੍ਹਾਂ ਦੇ ਅੰਦਰ ਜੋ ਬੰਦ ਲੋਕ ਬੈਠੇ ਹਨ, ਅਸੀਂ ਜੇਲ੍ਹਾਂ ਦੇ ਦਰਵਾਜ਼ੇ ਖੋਲ੍ਹਾਂਗੇ। ਅੱਜ ਤਿੰਨ ਸਾਲ ਹੋ ਗਏ ਹਨ। ਇਹ ਬਹੁਤ ਜ਼ਰੂਰੀ ਮਸਲਾ ਹੈ। ਅਸੀਂ ਲੋਕਾਂ ਨਾਲ ਧਰੋਹ ਕਰ ਰਹੇ ਹਾਂ, ਉਨ੍ਹਾਂ ਦੀਆਂ ਵੋਟਾਂ ਲੈ ਕੇ ਅਸੀਂ ਕੁਰਸੀਆਂ ਮਾਣ ਰਹੇ ਹਾਂ। ਸਪੀਕਰ ਸਾਹਿਬ, ਅਫ਼ਸੋਸ ਦੀ ਗੱਲ ਹੈ ਕਿ ਢੀਂਡਸਾ ਸਾਹਿਬ ਇਕ ਰੈਜ਼ੋਲਿਊਸ਼ਨ ਲਿਆਉਣਾ ਚਾਹੁੰਦੇ ਹਨ, ਤੁਸੀਂ ਇਸ ਤੇ ਡਿਸਕਸ਼ਨ ਤਾਂ ਕਰਨ ਦਿਓ। ਇਹ ਮਸਲਾ ਅਜੀਤ ਸਿੰਘ ਬੈਂਸ, ਜੋ ਹਾਈ ਕੋਰਟ ਦੇ ਰਿਟਾਇਰਡ ਜੱਜ ਹਨ, ਕਮੇਟੀ ਦੇ ਸਾਹਮਣੇ ਆਇਆ ਸੀ ਔਰ ਉਨ੍ਹਾਂ ਨੇ ਕਿਹਾ ਹੈ ਕਿ ਇਹ ਕੇਸ ਝੂਠਾ ਹੈ ਤੇ ਐਫ.ਆਈ. ਆਰ. ਕੁਐਸ਼ ਹੋਣੀ ਚਾਹੀਦੀ ਹੈ। ਇਹ ਸਟੇਟ ਦਾ ਮਸਲਾ ਹੈ ਔਰ ਅੰਮ੍ਰਿਤਸਰ ਦੀ ਕੋਤਵਾਲੀ ਵਿੱਚ ਐਫ.ਆਈ.ਆਰ. ਦਰਜ ਹੋਈ ਹੈ। ਇਹ ਵਾਪਸ ਲੈਣੀ ਚਾਹੀਦੀ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਗੱਲ ਨੂੰ ਸਾਰੇ ਅਸੀਂ ਡਿਸਕਸ ਕਰੀਏ ਤੇ ਰੈਜ਼ੋਲਿਊਸ਼ਨ ਪਾਸ ਕਰੀਏ। ਜੋ ਬੇਗੁਨਾਹ ਅੰਦਰ ਦਿੱਤੇ ਹੋਏ ਹਨ ਉਨ੍ਹਾਂ ਦੇ ਵਿੱਚ 2 ਬੀਬੀਆਂ ਵੀ ਬੈਠੀਆਂ ਹਨ। ਅਸੀਂ ਅਖਬਾਰਾਂ ਵਿੱਚ ਪੜ੍ਹਿਆ ਹੈ ਕਿ ਉਨ੍ਹਾਂ ਬੀਬੀਆਂ ਨਾਲ ਮਾੜਾ ਸਲੂਕ ਕੀਤਾ ਗਿਆ ਹੈ। (ਵਿਘਨ)

ਸ਼੍ਰੀ ਸਪੀਕਰ : ਮੈਂ ਇਸ ਇਸ਼ੂ ਤੇ ਬੇਨਤੀ ਕਰਨਾ ਚਾਹੁੰਦਾ ਹਾਂ, ਪਹਿਲਾਂ ਢੀਂਡਸਾ ਸਾਹਿਬ ਨੇ ਨੋਟਿਸ ਵਿੱਚ ਲਿਆਂਦਾ ਸੀ, ਤੁਸੀਂ 11.15 ਵਜੇ ਮੇਰੇ ਚੈਂਬਰ ਵਿੱਚ ਤਸ਼ਰੀਫ ਲੈ ਆਓ ਤਾਂ ਉਥੇ ਅਸੀਂ ਡਿਸਕਸ ਕਰ ਲਵਾਂਗੇ। (ਥੰਪਿੰਗ) (ਵਿਘਨ) ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਿਹੜੀ ਡੀਬੇਟ ਹੋਣੀ ਹੈ, ਡਿਸਕਸ਼ਨ ਹੋਣੀ ਹੈ ਉਹ ਜਨਰਲ ਐਡਮਨਿਸਟਰੇਸ਼ਨ ਦੀ ਮੱਦ ਤੇ ਹੋਣੀ ਹੈ, ਜਿਹੜਾ ਪੁਆਇੰਟ ਤੁਸੀਂ ਉਠਾਉਣਾ ਹੈ ਉਸ ਦੇ ਵਿੱਚ ਉਠਾ ਸਕਦੇ ਹੋ। ਜਿਤਨਾ ਸਮਾਂ ਤੁਸੀਂ ਹੁਣ ਲਵੋਗੇ ਫਿਰ ਉਤਨਾ ਸਮਾਂ ਤੁਹਾਨੂੰ ਘੱਟ ਮਿਲੇਗਾ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਹਾਊਸ ਦੇ ਵਿੱਚ ਕੁਝ ਇਸ਼ੂ ਰੇਜ਼ ਹੋਏ ਹਨ ਜਿਨ੍ਹਾਂ ਦੇ ਲਈ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਮੈਂ ਸਟੇਟਮੈਂਟ ਦੇਵਾਂਗਾ। ਅੰਮ੍ਰਿਤਸਰ ਦੇ ਇਰਦ ਗਿਰਦ ਲੁੱਟ ਮਾਰ ਦੀ ਗੱਲ, ਕਿਲਿੰਗਜ਼ ਦੇ ਬਾਰੇ, ਮਨਿਸਟਰ ਸਾਹਿਬ ਦੇ ਲੜਕੇ ਦੀ ਟੈਰੋ-ਰਿਸਟਸ ਨਾਲ ਇਨਵਾਲਵਮੈਂਟ ਦੇ ਬਾਰੇ ਗੱਲ, ਇਨ੍ਹਾਂ ਦੇ ਬਾਰੇ ਮੇਰੀ ਗੁਜ਼ਾਰਿਸ਼ ਹੈ ਕਿ ਚੀਫ ਮਨਿਸਟਰ ਸਾਹਿਬ ਆਪਣਾ ਵਾਇਦਾ ਪੂਰਾ ਕਰਨ ਅਤੇ ਸਟੇਟਮੈਂਟ ਦੇਣ।

**Expunged as ordered by the Chair.

ਮੁੱਖ ਮੰਤਰੀ : ਜ਼ਰੂਰ ਵਾਇਦਾ ਪੂਰਾ ਕਰਾਂਗਾ।

ਡਾਕਟਰ ਦਲਬੀਰ ਸਿੰਘ : ** ** **

Mr. Speaker : Dr. Sahib, you have already taken much time. ਇਹ ਕੋਈ ਪਾਰਟ ਆਫ ਦੀ ਰਿਕਾਰਡ ਨਹੀਂ ਹੋਵੇਗਾ।

ਸਰਦਾਰ ਹਰਦਿਆਲ ਸਿੰਘ ਰਾਜਲਾ : ** ** **

ਸ੍ਰੀ ਸਪੀਕਰ : ਇਹ ਸਾਰੀ ਡਿਸਕਸ਼ਨ ਜਨਰਲ ਐਡਮਨਿਸਟਰੇਸ਼ਨ ਦੀ ਮੱਦ ਵੇਲੇ ਕਰ ਲੈਣਾ। ਇਹ ਰਿਕਾਰਡ ਦਾ ਭਾਗ ਨਹੀਂ ਬਣੇਗਾ। Call Attention Notices.

CALL ATTENTION NOTICES UNDER RULE 66

(Serial No. 70)

1. **Sardar Sujan Singh**
2. **Sardar Jasmel Singh**
3. **Shri Shiv Chand Malout**

Sir, I beg to draw the attention of the Government towards a matter of urgent public importance, namely, severe damage caused to the standing crops by the hails storms on the night of 22nd March, 1987, in Gidderbaha, Malout and Lambi blocks of Faridkot district and Sangat block of Bhatinda district. Relief measures were required to be initiated at once keeping in view the poorer sections of the society. Some arrangement in the form of compensation for fodder etc., was also required to be made on emergent basis.

Keeping in view the urgency of the matter as also the responsibility of the Government for providing necessary relief, the Minister concerned may please be asked to make a statement in the House in this behalf.

Minister for Revenue and Rehabilitation (Sardar Major Singh Uboke) : According to the preliminary report received from the Deputy Commissioner, Faridkot, 18 villages of Gidderbaha and Malout Blocks of Muktsar Tehsil have been affected by hailstorms on 22nd /23rd March, 1987. Cropped area of about 40,000 acres (Approximately) has been damaged in these two blocks. One human life has also been lost. Special Girdawari has been ordered. The work of girdawari is under progress and is likely to be completed within the next few days. Exact loss is being assessed and relief will be disbursed to eligible persons as per Government Instructions, in April, 1987. No shortage of food and fodder has, however, been reported in this area.

So far as Sangat Block of Bhatinda District is concerened, 17 villages have been affected by hail-storms. 4 sheep and 3 goats have also died. Crop damage in being assessed. Relief will be provided to affected persons according to Government instructions on receipt of the detailed reports regarding damage to crops from Deputy Commissioner, Bhatinda.

ਸਰਦਾਰ ਸੁਜਾਨ ਸਿੰਘ : ਸਰ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਸੁਨਿਸ਼ਚਿਤ ਕਰਾਉਣਾ ਚਾਹੁੰਦਾ ਹਾਂ ਕਿ ਜਿਸ ਸਮੇਂ ਨੁਕਸਾਨ ਦੀ ਪੜਤਾਲ ਕਰਨ ਵਾਲੇ ਅਧਿਕਾਰੀ ਕਰਮਚਾਰੀ

****Expunged as ordered by the Chair.**

ਜਾਣ ਤਾਂ ਉਹ ਨਿਰਪੱਖ ਪੜਤਾਲ ਕਰਨਗੇ ਕਿਤੇ ਫਿਰ ਨਾ ਸ਼ਿਕਾਇਤਾਂ ਆਉਣ। ਬਾਕੀ ਜੋ ਰਿਲੀਫ ਦਿਤਾ ਹੈ ਇਹ ਛੇਤੀ ਤੋਂ ਛੇਤੀ ਦਿਤਾ ਜਾਵੇ ਔਰ ਇਹ ਰਿਲੀਫ ਦੀ ਰਕਮ ਵੀ ਵਧਾਈ ਜਾਵੇ ਕਿਉਂਕਿ ਨੁਕਸਾਨ ਕਾਫੀ ਤੋਂ ਜ਼ਿਆਦਾ ਹੋ ਚੁੱਕਾ ਹੈ ਔਰ ਗਿਰਦਾਵਰੀ ਬੇਸਡ ਹੋਵੇ। ਕਿਤੇ ਇਹ ਨਾ ਹੋਵੇ ਕਿ ਨੁਕਸਾਨ ਕਿਸੇ ਹੋਰ ਦਾ ਹੋਇਆ ਹੋਵੇ ਅਤੇ ਪਟਵਾਰੀ ਹੋਰ ਦਾ ਲਿਖ ਕੇ ਦੇ ਦੇਣ। ਕੀ ਇਨ੍ਹਾਂ ਸਾਰੀਆਂ ਗਲਾਂ ਦਾ ਆਨਰੇਬਲ ਮਨਿਸਟਰ ਸਾਹਿਬ ਧਿਆਨ ਰਖ ਕੇ ਜਲਦੀ ਤੋਂ ਜਲਦੀ ਰਿਲੀਫ ਦੇਣਗੇ ?

ਮਾਲ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਇਹ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਬਹੁਤ ਜਲਦੀ ਸਪੈਸ਼ਲ ਗਿਰਦਾਵਰੀ ਕੀਤੀ ਜਾਏ। ਆਮ ਤੌਰ ਤੇ ਇਹ ਹੁੰਦਾ ਹੈ ਕਿ ਜਦੋਂ ਫ਼ਸਲ ਪੱਕ ਜਾਂਦੀ ਹੈ ਉਸ ਵੇਲੇ ਨਾਰਮਲੀ ਗਿਰਦਾਵਰੀ ਕੀਤੀ ਜਾਂਦੀ ਹੈ ਤਾਕਿ ਉਥੋਂ ਪਤਾ ਲਗ ਸਕੇ ਕਿ ਕਿੰਨੀ ਫ਼ਸਲ ਵਿਚ ਬਕਾਇਆ ਰਹਿੰਦੀ ਹੈ ਔਰ ਕਿੰਨਾਂ ਨੁਕਸਾਨ ਹੋਇਆ ਹੈ। ਗਿਰਦਾਵਰੀ ਨਾਰਮਲ ਚਲ ਰਹੀ ਹੈ, ਕੋਸ਼ਿਸ਼ ਹੈ ਕਿ ਇਨ੍ਹਾਂ ਬਲਾਕਾਂ ਦੇ ਜੋ ਇਲਾਕੇ ਹਨ ਉਨ੍ਹਾਂ ਵਿਚ ਜਲਦੀ ਤੋਂ ਜਲਦੀ ਗਿਰਦਾਵਰੀ ਕੀਤੀ ਜਾਏ। ਜਿਸ ਤਰ੍ਹਾਂ ਮੈਂ ਪਹਿਲਾਂ ਹਾਊਸ ਦੇ ਵਿਚ ਕਿਹਾ ਸੀ ਕਿ ਅਸੀਂ ਅਪ੍ਰੈਲ ਵਿਚ ਇਹ ਸਾਰਾ ਰਿਲੀਫ ਦੇ ਦਿਆਂਗੇ। ਜਿਥੇ ਕਿਤੇ ਸਰਦਾਰ ਸੁਜਾਨ ਸਿੰਘ ਹੋਰਾਂ ਨੂੰ ਜਾਂ ਕਿਸੇ ਹੋਰ ਮੈਂਬਰ ਸਾਹਿਬ ਨੂੰ ਸ਼ਿਕਾਇਤ ਹੋਵੇਗੀ ਕਿ ਪਟਵਾਰੀ ਨੇ ਗਿਰਦਾਵਰੀ ਗ਼ਲਤ ਕੀਤੀ ਹੈ ਔਰ ਯੋਗ ਬੰਦਿਆਂ ਨੂੰ ਮੁਆਵਜ਼ਾ ਨਹੀਂ ਦਿਤਾ, ਅਸੀਂ ਉਥੇ ਪੜਤਾਲ ਕਰਾ ਕੇ ਯੋਗ ਮੁਆਵਜ਼ਾ ਦੇਵਾਂਗੇ।

ਦੂਸਰੀ ਗੱਲ ਇਨ੍ਹਾਂ ਨੇ ਮੁਆਵਜ਼ਾ ਜ਼ਿਆਦਾ ਦੇਣ ਦੀ ਗਲ ਕੀਤੀ ਹੈ ਜੋ ਪਹਿਲਾਂ ਹਦਾਇਤਾਂ ਸਨ ਉਨ੍ਹਾਂ ਦੇ ਮੁਤਾਬਿਕ ਤਿੰਨ ਸੌ ਰੁਪਏ ਪਰ ਏਕੜ ਰਾਹਤ ਦਿੱਤੀ ਜਾਂਦੀ ਸੀ ਔਰ ਹੁਣ ਪੰਜ ਸੌ ਰੁਪਏ ਪਰ ਏਕੜ ਕੀਤਾ ਹੈ। ਸਗੋਂ ਇਨ੍ਹਾਂ ਨੂੰ ਇਸ ਸਰਕਾਰ ਨੂੰ ਇਸ ਦੇ ਬਾਰੇ ਸ਼ਾਬਾਸ਼ ਦੇਣੀ ਚਾਹੀਦੀ ਹੈ ਕਿ ਜੋ ਇਹ ਨਹੀਂ ਕਰ ਸਕੇ ਸਨ, ਅਸੀਂ ਕੀਤਾ ਹੈ। ਜਿਥੇ ਸੌ ਫੀਸਦੀ ਨੁਕਸਾਨ ਹੋਇਆ ਹੈ ਉਥੇ ਪੰਜ ਸੌ ਰੁਪਏ ਦੇ ਹਿਸਾਬ ਨਾਲ ਜਾਂ ਜੋ ਗੌਰਮਿੰਟ ਦੀਆਂ ਹਦਾਇਤਾਂ ਹਨ ਉਨ੍ਹਾਂ ਦੇ ਮੁਤਾਬਕ ਦਿਆਂਗੇ।

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਖੜੇ ਸਨ)

ਸ੍ਰੀ ਸਪੀਕਰ : ਸਵਾਲ ਜਸਮੇਲ ਸਿੰਘ ਜੀ ਕਰ ਸਕਦੇ ਹਨ।

ਸ੍ਰੀ ਸ਼ਿਵ ਚੰਦ ਮਲੋਟ : ਮੇਰੀ ਕਾਲ ਅਟੈਨਸ਼ਨ ਮੋਸ਼ਨ ਹੈ। ਜਿੱਥੇ ਹੇਲਸਟਾਰਮ ਹੋਇਆ ਹੈ ਮੈਂ ਸਾਰੇ ਪਿੰਡਾਂ ਵਿਚ ਜਾ ਕੇ ਵੇਖਿਆ ਹੈ। ਮੇਰੇ ਹਲਕੇ ਮਲੋਟ ਵਿਚ ਪੰਦਰਾਂ ਪਿੰਡ ਜਿਹੜੇ ਕਿ ਤੈਸ਼-ਨੈਸ਼ ਹੋ ਚੁਕੇ ਹਨ, ਮਵੈਸ਼ੀ ਹਜ਼ਾਰਾਂ ਦੀ ਤਾਦਾਦ ਵਿਚ ਮਰ ਚੁਕੇ ਹਨ ਔਰ ਬੰਦੇ ਵੀ ਮਰ ਗਏ ਹਨ। ਸੀ.ਐਮ. ਸਾਹਿਬ, ਇਹ ਉਹ ਏਰੀਆ ਹੈ ਜਿਥੇ ਫਲੱਡ ਆਇਆ ਸੀ ਔਰ ਉਦੋਂ ਵੀ ਗੌਰਮਿੰਟ ਨੇ ਕੋਈ ਮੁਆਵਜ਼ਾ ਨਹੀਂ ਦਿੱਤਾ ਔਰ ਕੋਈ ਧਿਆਨ ਨਹੀਂ ਦਿੱਤਾ ਗਿਆ। ਕਿਸੇ ਨੂੰ 100/- ਰੁਪਏ ਔਰ ਕਿਸੇ ਨੂੰ 200 ਰੁਪਏ ਦੇ ਹਿਸਾਬ ਨਾਲ ਦਿਤੇ ਗਏ। ਸਪੀਕਰ ਸਾਹਿਬ, ਫਸਲ ਪੱਕੀ ਖੜੀ ਸੀ, ਜ਼ਿਮੀਦਾਰ ਆਸਾਂ ਲਾਈ ਬੈਠਾ ਸੀ ਕਿ 60 ਮਣ ਕਿਲੇ ਦਾ ਝਾੜ ਹੋਵੇਗਾ, ਚਣੇ ਆਉਣਗੇ ਪਰ ਅੱਜ ਉਹ ਵਿਚਾਰ ਰੋ ਰਿਹਾ ਹੈ। ਉਨ੍ਹਾਂ ਦੇ ਵਾਸਤੇ ਤਾਂ ਦੂਸਰਾ ਪਾਕਿਸਤਾਨ ਬਣ ਚੁਕਾ ਹੈ। ਮੈਂ ਰੈਵੇਨਿਊ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅੱਜ 500/- ਰੁਪਏ ਨਾਲ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ, ਫਸਲ ਬਿਲਕੁਲ ਖਤਮ ਹੋ ਗਈ ਹੈ। ਉਨ੍ਹਾਂ ਨੂੰ ਉਮੀਦ ਸੀ ਕਿ ਸਾਡੇ ਇਕ ਏਕੜ ਵਿਚੋਂ 8/10 ਹਜ਼ਾਰ ਰੁਪਏ ਦੀ ਫਸਲ ਪੈਦਾ ਹੋਵੇਗੀ। ਇਸ ਕਰਕੇ ਪੂਰਾ ਮੁਆਵਜ਼ਾ ਦਿੱਤਾ ਜਾਵੇ ਔਰ ਸਪੈਸ਼ਲ ਗਿਰ-ਦਾਵਰੀ ਹੋਵੇ। ਇਨ੍ਹਾਂ ਨੇ ਕਿਹਾ ਹੈ ਕਿ 8/10 ਦਿਨਾਂ ਵਿਚ, ਮੈਂ ਕਹਿੰਦਾ ਹਾਂ ਨਹੀਂ ਜੀ, ਦੋ

[ਸ਼੍ਰੀ ਸ਼ਿਵ ਚੰਦ ਮਲੋਟ]

ਦਿਨਾਂ ਵਿਚ ਪਟਵਾਰੀ ਜਿਹੜੇ ਵਿਹਲੇ ਬੈਠੇ ਹਨ, ਕਾਨੂੰਗੋ ਜਿਹੜੇ ਵਿਹਲੇ ਹਨ ਉਹ ਪਿੰਡਾਂ ਵਿਚ ਜਾਣ ਔਰ ਸਾਰਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਹਫਤੇ ਤੋਂ ਬਾਦ ਫਸਲ ਦੀ ਕਟਾਈ ਹੋਣੀ ਸੀ। ਸਪੀਕਰ ਸਾਹਿਬ, ਜ਼ਿਮੀਂਦਾਰ ਜਿਹੜਾ ਹੈ, ਬਿਲਕੁਲ ਤਰਾਹ ਤਰਾਹ ਕਰ ਰਿਹਾ ਹੈ। ਮੈਂ ਤਹਾਨੂੰ, ਸਪੀਕਰ ਸਾਹਿਬ, ਬੇਨਤੀ ਕਰਾਂਗਾ ਔਰ ਸੀ.ਐਮ. ਸਾਹਿਬ ਨੂੰ ਵੀ ਬੇਨਤੀ ਕਰਾਂਗਾ ਕਿ ਇਹ ਉਹ ਹੀ ਪਿੰਡ ਹੈ ਜਿੱਥੇ ਕਿ ਹਿੰਦੂ-ਸਿੱਖ ਏਕਤਾ ਵਾਸਤੇ ਆਲ ਪਾਰਟੀਜ਼ ਦੀ ਕਾਨਫਰੰਸ ਹੋਈ ਸੀ। ਉਥੇ ਵਾਇਦਾ ਕੀਤਾ ਸੀ ਬਰਨਾਲਾ ਜੀ ਨੇ ਕਿ ਲੋਕਾਂ ਦੀ ਮੱਦਦ ਕੀਤੀ ਜਾਵੇਗੀ, ਹਰ ਤਰ੍ਹਾਂ ਦਾ ਮੁਆਵਜ਼ਾ ਦਿੱਤਾ ਜਾਵੇਗਾ। ਸੈਂਟਰਲ ਗੌਰਮਿੰਟ ਤੋਂ ਇਕ ਉਦੋਂ ਟੀਮ ਆਈ ਸੀ। ਉਸ ਨੇ 18 ਲੱਖ ਰੁਪਿਆ ਉਸ ਇਲਾਕੇ ਵਾਸਤੇ ਭੇਜਿਆ ਸੀ ਲੇਕਿਨ ਸਿਰਫ 5 ਲੱਖ ਰੁਪਿਆ ਡਿਸਟਰਿਕਟ ਫਿਰੋਜ਼ਪੁਰ ਵਾਸਤੇ ਦਿੱਤਾ ਗਿਆ। ਸਾਡੇ ਆਪੋਜ਼ੀਸ਼ਨ ਲੀਡਰ ਗੁਰਬ੍ਰਿੰਦਰ ਕੌਰ ਜੀ ਨੇ ਕਿਹਾ ਹੈ ਕਿ ਇਹ ਇਲਾਕਾ ਬਹੁਤ ਮਿਹਨਤ-ਕਸ਼ ਹੈ, ਇਸ ਲਈ ਪੂਰਾ ਮੁਆਵਜ਼ਾ ਦਿੱਤਾ ਜਾਵੇ। ਉਦੋਂ ਵੀ 100-100, 50-50 ਰੁਪਏ ਦਿੱਤੇ ਗਏ। ਇਹ ਹੱਲ ਨਹੀਂ ਹੈ। ਮੈਂ ਰੈਵੇਨਿਊ ਮਨਿਸਟਰ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਤੁਸੀਂ ਆਪ ਜ਼ਿਮੀਂਦਾਰ ਹੋ, ਤੁਸੀਂ ਕਹਿੰਦੇ ਹੋ ਕਿ ਜ਼ਿਮੀਂਦਾਰਾਂ ਦੀ ਗੌਰਮਿੰਟ ਹੈ, ਅਸੀਂ ਵੀ ਜ਼ਿਮੀਂ-ਦਾਰ ਹਾਂ, ਇਸ ਲਈ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਥੇ ਵੀ ਗੌਰ ਕੀਤਾ ਜਾਵੇ ਔਰ ਇਹ 500/- ਰੁਪਿਆ ਮੁਆਵਜ਼ਾ ਨਹੀਂ ਘੱਟੋ ਘੱਟ 10 ਹਜ਼ਾਰ ਰੁਪਏ ਪਰ ਏਕੜ ਦਾ ਮੁਆਵਜ਼ਾ ਦਿੱਤਾ ਜਾਵੇ।

ਮਾਲ ਮੰਤਰੀ : ਸਪੀਕਰ ਸਾਹਿਬ, ਇਹ ਦਸ ਹਜ਼ਾਰ ਰੁਪਿਆ ਫੀ ਏਕੜ ਮੰਗ ਰਹੇ ਹਨ। ਜਦੋਂ ਇਨ੍ਹਾਂ ਦਾ ਰਾਜ ਸੀ, ਪਤਾ ਨਹੀਂ ਰੂਲਜ਼ ਕਦੋਂ ਦੇ ਬਣੇ ਹਨ, 165 ਰੁਪਏ ਦੇ ਹਿਸਾਬ ਨਾਲ ਦਿਤੇ ਜਾਂਦੇ ਸਨ, ਜਿਹੜਾ ਕਿ ਅਸੀਂ ਵਧਾ ਕੇ 500/- ਰੁਪਏ ਕੀਤਾ ਹੈ। ਸੈਂਟਰਲ ਗੌਰਮਿੰਟ ਦੀਆਂ ਵੀ ਜੋ ਹਦਾਇਤਾਂ ਹਨ ਉਹ ਵੀ 165/- ਰੁਪਏ ਦੀਆਂ ਹਨ ਲੇਕਿਨ ਅਸੀਂ 500/- ਰੁਪਏ ਦੇ ਰਹੇ ਹਾਂ। ਇਹ ਕੰਪੈਨਸੇਸ਼ਨ ਨਹੀਂ, ਇਹ ਰਿਲੀਫ ਹੈ। ਇਸ ਨੂੰ ਥੋੜ੍ਹਾ ਜਿਹਾ ਇਹ ਸਮਝਣਾ ਚਾਹੀਦਾ ਹੈ ਕਿ ਇਹ ਮੁਆਵਜ਼ਾ ਨਹੀਂ ਦੇ ਰਹੇ। ਕਿਸਾਨ ਤੇ ਜਿਨ੍ਹਾਂ ਤੇ ਆਫਤ ਆਈ ਹੈ, ਉਨ੍ਹਾਂ ਦੀ ਕਿਸੇ ਨਾ ਕਿਸੇ ਤਰ੍ਹਾਂ ਮੱਦਦ ਕੀਤੀ ਜਾਵੇ, ਰਾਹਤ ਦਿਤੀ ਜਾਵੇ ਲੇਕਿਨ ਇਹ ਨਹੀਂ ਸਮਝਦੇ। ਇਨ੍ਹਾਂ ਦੀ ਸਰਕਾਰ ਜਦੋਂ ਸੀ ਉਨ੍ਹਾਂ ਨੇ ਕਦੇ ਵੀ ਨਿਯਮ ਬਦਲ ਕੇ ਕਿਸੇ ਨੇ ਇਤਨੀ ਰਾਹਤ ਨਹੀਂ ਦਿੱਤੀ, ਕਦੇ ਏਨਾ ਪੈਸਾ ਨਹੀਂ ਸੀ ਮਿਲਿਆ। ਅਸੀਂ 500/- ਰੁਪਏ ਦੇ ਰਹੇ ਹਾਂ। ਇਹ ਠੀਕ ਹੈ ਕਿ ਇਕ ਆਦਮੀ ਵੀ ਮਰਿਆ ਹੈ, 40 ਹਜ਼ਾਰ ਏਕੜ ਰਕਬੇ ਦਾ ਨੁਕਸਾਨ ਹੋਇਆ ਹੈ, ਅੰਦਾਜ਼ਾ ਹੈ ਕਿ ਕੋਈ 8 ਕਰੋੜ ਰੁਪਏ ਤੋਂ ਵੱਧ ਫਸਲ ਦਾ ਨੁਕਸਾਨ ਹੋਇਆ ਹੈ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ, ਲੇਕਿਨ ਜੋ ਮੌਜੂਦਾ ਨਿਯਮ ਹਨ, ਵੱਧ ਤੋਂ ਵੱਧ ਕਿਸਾਨਾਂ ਦੀ ਮੱਦਦ ਕਰਾਂਗੇ। ਕਿਉਂਕਿ ਇਹ ਕਿਸਾਨਾਂ ਦੀ ਪਾਰਟੀ ਹੈ, ਕਿਸਾਨਾਂ ਦੇ ਮੁੱਖ ਮੰਤਰੀ ਹਨ ਔਹ ਕਿਸਾਨਾਂ ਦੀ ਹਮਦਰਦੀ ਲਈ ਬੈਠੇ ਹਨ, ਇਸ ਕਰਕੇ ਜਿੰਨਾਂ ਇਨ੍ਹਾਂ ਨੂੰ ਦਰਦ ਹੈ, ਉਨ੍ਹਾਂ ਹੀ ਸਾਨੂੰ ਹੈ। ਇਸ ਵਾਸਤੇ ਜਿੰਨਾਂ ਵੀ ਛੇਤੀ ਤੋਂ ਛੇਤੀ ਹੋ ਸਕਿਆ ਕਰਾਂਗੇ। ਬੇਇਨਸਾਫੀ ਨਹੀਂ ਹੋਣ ਦੇਵਾਂਗੇ।

ਸਰਦਾਰ ਜਸਮੇਲ ਸਿੰਘ : ਸਪੀਕਰ ਸਾਹਿਬ, ਜੋ ਗੜ੍ਹੇ ਮਾਰ ਨਾਲ ਨੁਕਸਾਨ ਹੋਇਆ ਹੈ ਫਸਲਾਂ ਦਾ ਔਰ ਜੋ ਉਥੇ ਗਿਰਦਾਵਰੀ ਹੋਣੀ ਹੈ ਉਹ ਜਿਸ ਬੰਦੇ ਦੇ ਨਾਂ ਤੇ ਹੈ ਉਸ ਨੂੰ ਮੁਆਵਜ਼ਾ ਮਿਲਣਾ ਚਾਹੀਦਾ ਹੈ। ਇਹ ਗਿਰਦਾਵਰੀ ਪੰਚਾਇਤ ਦੀ ਹਾਜ਼ਰੀ ਵਿਚ ਖੇਤਾਂ ਦੇ ਆਧਾਰ ਤੇ ਹੋਣੀ ਚਾਹੀਦੀ ਹੈ।

ਮਾਲ ਮੰਤਰੀ : ਸਪੀਕਰ ਸਾਹਿਬ, ਇਸ ਵਿਚ ਕੋਈ ਸ਼ੱਕ ਨਹੀਂ ਕਿ ਪਟਵਾਰੀ ਘਰ ਬੈਠੇ ਕਰ ਦਿੰਦੇ ਹਨ ਖੇਤਾਂ ਵਿਚ ਨਹੀਂ ਜਾਂਦੇ। ਇਸ ਲਈ ਅਸੀਂ ਉਚੇਚੇ ਤੌਰ ਤੇ ਹਦਾਇਤਾਂ ਜਾਰੀ ਕਰ ਦਿਆਂਗੇ ਕਿ ਜਦੋਂ ਗਿਰਦਾਵਰੀ ਹੋਵੇ ਉਸ ਦਾ ਨੁਕਸਾਨ ਕਿਸੇ ਨੂੰ ਨਾ ਹੋਵੇ। ਇਸ ਵਿਚ ਪੰਚਾਇਤਾਂ ਨੂੰ ਸ਼ਾਮਲ ਕੀਤਾ ਜਾਵੇ ਔਰ ਪੰਚਾਇਤ ਦੇ ਦਸਖ਼ਤ ਕਰਵਾਏ ਜਾਣ। ਪਿਛੇ ਮੈਂ ਕਾਮਰੇਡ ਮਹਿਤਾਬ ਸਿੰਘ ਦੇ ਜ਼ਿਲ੍ਹੇ ਵਿਚ ਗਿਆ ਸੀ ਤਾਂ ਉਥੇ ਜਾ ਕੇ ਵੇਖਿਆ ਪਟਵਾਰੀਆਂ ਨੇ ਕਈ ਥਾਂ ਬੇ-ਨਿਯਮੀਆਂ ਕੀਤੀਆਂ ਸਨ। ਇਹ ਵੀ ਹੋ ਸਕਦਾ ਹੈ ਕਿ ਗਿਰਦਾਵਰੀ ਪਟਵਾਰੀ ਤਾਂ ਬਦਲ ਨਹੀਂ ਸਕਦੇ, ਅਜਿਹੇ ਕੇਸਾਂ ਵਿਚ ਜਿਸ ਦੇ ਨਾਂ ਤੇ ਪਹਿਲੇ ਗਿਰਦਾਵਰੀ ਹੁੰਦੀ ਹੈ ਉਸੇ ਨੂੰ ਰਾਹਤ ਮਿਲ ਜਾਂਦੀ ਹੈ। ਇਸ ਕਰਕੇ ਉਚੇਚੀਆਂ ਹਦਾਇਤਾਂ ਕਰ ਰਹੇ ਹਾਂ ਕਿ ਉਹ ਆਪ ਪਿੰਡਾਂ ਵਿਚ ਜਾਣ ਔਰ ਪੰਚਾਇਤ ਨੂੰ ਨਾਲ ਲੈ ਕੇ ਉਨ੍ਹਾਂ ਦਾ ਵਿਸ਼ਵਾਸ ਪ੍ਰਾਪਤ ਕੀਤਾ ਜਾਵੇ।

(Serial No. 77)

1. **Master Mohan Lal**
2. **Shri Ram Lal**

} Sir, I beg to draw the attention of the Government towards a matter of urgent public importance, namely, Impositions of curfew in Patiala" after the death of B.J.P. leader Shri Shambu Parshad. The people of Patiala are put under miserable situation for the requirement of daily use artciles. The incidents of stabing, looting and arson are very common even during curfew. It seems as if there is no rule of law in Patiala. Grave situation prevails there. Anxiety of Punjab as a whole needs a reply from the Government. So the Government is requested to make a statement in the House. Hence this motion.

Captain Kanwaljit Singh (Minister of State for Home) : Mr Speaker, Sir, on 17th March, 1987, B.J.P. Executive Member, Shambu Prashad was shot at in Patiala at about 6.55 P.M. while he was sitting in his shop in Dasera Chowk, near Patiala Fort. Shambu Prashad, his gunman and his servant, who were injured in the firing were rushed to the Rajindera Hospital, Patiala where Shambu Prashad was declared dead. His servant and the gunman were admitted in the hospital in serious condition. According to the presently reported position the number of assailants were two in number and had come on foot. After the commission of the crime they reportedly escaped on a scooter and took away the stengun of the injured gunman also. The stengun was reportedly used by the assailants.

2. As the news of the attack spread, mob of agitated people started collecting near the shop. They set on fire three shops belonging to one community but the fire was immediately controlled with a little damage to the shops. A Government jeep belonging to S.D.M., Patiala was also set on fire but the fire was immediately controlled. Two youths belonging to one community were also admitted in Rajindera Hospital with stab wounds which they claimed to have been inflicted upon them by the groups of agitated members of the other community at two different places in the trouble affected area of old Patiala City. The district authorities immediately imposed curfew in the walled Patiala City. Shri Ram Kumar Goel, President of B.J.P. Patiala city had also given a call for Bandh in Patiala on 18th March, 1987 in protest against the killing of Shri Shambu Prashad.

[Minister of State for Home]

3. Curfew was initially imposed on 17th March, 1987 at 7.00 P.M. and was continued till 8.00 A.M. on 26th March, 1987 with a relaxation for two hours from 2.00 P.M. to 4.00 P.M. on 19th March, 1987. Unfortunately, at 3.10 P.M. some anti-social elements stabbed 5 persons causing minor injuries. Four of them were discharged after first aid at the Rajindera Hospital. One is still under treatment. In this connection case F I R No. 69 dated 20-3-87 u/s 307 I. P. C. and 3/4 T. D. A. 1985 P.S. Kotwali, Patiala stands registered in respect of which two accused have since been arrested. Relaxation was immediately curtailed and curfew has continued since then. Relaxation in curfew was allowed for two hours from 2.00 P.M. to 4.00 P.M. on 19th March, 1987. On 22nd March, 1987 relaxation was allowed from 10.00 A.M. to 11.00 A.M. and from 3.00 P.M. to 4.00 P.M. On 23rd March, 1987 relaxation was allowed from 10.00 A.M. to 1.00 P.M. Unfortunately, during the relaxation of 3 hours from 10.00 A.M. to 1.00 P.M. on 23rd March, 1987 another incident of stabbing of one person by some miscreants occurred. This incident happened at the fag end of the relaxation. In this connection F.I.R. No. 73 dated 23rd March, 1987 u/s. 307/148/149 Cr. P.C. had been registered at PS Kotwali Patiala. Five accused persons have been arrested. The injured have been admitted to Rajindra Hospital, Patiala. The curfew is continuing and has been extended up to 28th March, 1987. In between relaxations were allowed from 9.00 A.M. to 10.00 A.M. and 5.00 P.M. to 6.00 P.M. on 25th March, 1987, 9.00 A.M. to 1.00 P.M. and 4.00 P.M. to 6.00 P.M. on 26th March, 1987. Relaxation will be allowed from 8.00 A.M. to 6.00 P.M. on 27th March, 1987.

4. Essential Commodities such as Milk and Vegetables were supplied on 19th March, 1987 onwards from 7.30 A.M. to 10.00 A.M. through the normal channels at reasonable rates. Municipal employees were sent daily to the curfew bound areas to clean up the sewerage and clean the laterine and garbage. Water Supply and Electricity were maintained throughout. During the relaxation period essential commodity shops were opened and people were allowed to buy essential commodities.

5. Government realises that imposition of curfew causes lot of inconvenience and hardship to all affected persons and disrupts the tempo of their lives but in certain situations where the safety of life and property is at stake it becomes unavoidable to impose it to control the dangerous situation. The present curfew will not be continued for a minute longer than is absolutely necessary in the interest of public peace and ensuring the safety and security of life and public property.

Master Mohan Lal : I would like to extend my thanks on behalf of my party to the Home Minister who provided all facilities to my party to visit Patiala during curfew. So, Sir, the explanation which the Home Minister has given before the House has become a tender issue in Patiala. I would like to quote certain incidences, through you, on the day of the occurrence ..

Mr. Speaker : It is a Call Attention Notice. You can ask a question. Nothing more, Please ask a question.

ਮਾਸਟਰ ਮੋਹਨ ਲਾਲ : ਮੈਂ, ਸਪੀਕਰ ਸਾਹਿਬ, ਹੋਮ ਮਨਿਸਟਰ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਡੀ.ਸੀ. ਸਾਹਿਬ ਉਥੇ ਨਹੀਂ ਸਨ। ਇੰਸਪੈਕਟਰ ਵੀ ਉਥੇ ਨਹੀਂ ਸੀ। ਸੀ.ਆਰ.ਪੀ.ਐਫ. ਦਾ ਵੀ ਔਫ ਡੇਅ ਸੀ। ਇਸ ਬਾਰੇ ਉਗਰਵਾਦੀਆਂ ਨੂੰ ਸਾਰਾ ਪਤਾ ਸੀ।ਉਗਰਵਾਦੀ ਜਿਨ੍ਹਾਂ ਗਲੀਆਂ ਵਿਚੋਂ ਦੀ ਆਏ ਔਰ ਜਿਹੜੇ ਰਸਤੇ ਵਿਚੋਂ ਦੀ ਬਾਹਰ ਗਏ, ਉਨ੍ਹਾਂ ਬਾਰੇ ਉਨ੍ਹਾਂ ਨੂੰ ਸਾਰਾ ਇਲਮ ਸੀ। ਦੂਜਾ ਸ਼ੰਕਾ ਪੈਦਾ ਹੋ ਰਿਹਾ ਹੈ ਕਿ ਸ਼ੰਭੂ ਪ੍ਰਸ਼ਾਦ ਨੂੰ ਗੰਨਮੈਨ ਪ੍ਰੋਵਾਈਡ ਸੀ। ਗੰਨਮੈਨ ਨੇ ਆਪਣੀ ਗੰਨ ਉਗਰਵਾਦੀਆਂ ਨੂੰ ਦੇ ਦਿੱਤੀ। ਐਸ.ਐਸ.ਪੀ. ਦੀ ਰਿਪੋਰਟ ਤੇ ਵੀ ਸ਼ੰਕਾ ਜ਼ਾਹਿਰ ਹੋ ਗਿਆ ਹੈ। ਕਿਹਾ ਗਿਆ ਕਿ ਸ਼ੰਭੂ ਪ੍ਰਸ਼ਾਦ ਨੇ ਆਪਣੇ ਗੰਨਮੈਨ ਨੂੰ ਪਰਸਨਲ ਕੰਮ ਲਈ ਭੇਜਿਆ ਸੀ। ਸਪੀਕਰ ਸਾਹਿਬ, ਐਸ.ਐਸ.ਪੀ. ਵੀ ਉਸ ਦਿਨ ਨਹੀਂ ਸੀ। ਇਹ ਸਾਰੀਆਂ ਚੀਜ਼ਾਂ ਰੀਲੇਟ ਕਰਦੀਆਂ ਹਨ। ਇਸ ਬਾਰੇ ਮੰਤਰੀ ਜੀ ਨੂੰ ਸਾਰੀ ਜਾਣਕਾਰੀ ਹੋਣੀ ਚਾਹੀਦੀ ਹੈ। ਗੰਨਮੈਨ ਨੂੰ ਇਨਜਰਡ ਜ਼ਾਹਿਰ ਕੀਤਾ ਗਿਆ ਹੈ। ਕੀ ਹੋਮ ਮਨਿਸਟਰ ਸਾਹਿਬ ਨੇ ਮੈਡੀਕਲ ਰਿਪੋਰਟ ਚੈਕ-ਅੱਪ ਕਰ ਲਈ ਹੈ? ਸਪੀਕਰ ਸਾਹਿਬ, ਮੈਂ ਹਾਊਸ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ ਗੰਨਮੈਨ ਗੋਲੀ ਲਗਣ ਵੇਲੇ ਮੇਜ਼ ਦੇ ਥੱਲੇ ਬੈਠਾ ਸੀ। ਮੇਜ਼ ਕਰਕੇ ਜ਼ਖਮ ਆਏ ਸਨ। ਇਕ ਹੋਰ ਗੱਲ ਦੀ ਸ਼ੰਕਾ ਜ਼ਾਹਿਰ ਕਰਦੀ ਹੈ ਕਿ ਸ੍ਰੀ ਸ਼ੰਭੂ ਪ੍ਰਸ਼ਾਦ ਨੂੰ ਪੁਲਿਸ ਦੇ ਅਫਸਰਾਂ ਤੇ ਕੁੱਰਪਸ਼ਨ ਦਾ ਵੀ ਇਤਰਾਜ਼ ਸੀ। ਇਹ ਇਛਾ ਵੀ ਜ਼ਾਹਿਰ ਹੁੰਦੀ ਹੈ ਕਿ ਪੁਲਿਸ ਨੇ ਇਸ ਘਿਨੌਣੇ ਕਤਲ ਦੇ ਅਪਰਾਧੀਆਂ ਨੂੰ ਪਕੜਨ ਵਿਚ ਅਣਗਹਿਲੀ ਕੀਤੀ ਹੈ। ਹੋਮ ਮਨਿਸਟਰ ਸਾਹਿਬ ਦੱਸਣ ਕਿ ਇਸ ਕੇਸ ਵਿਚ ਕਦੋਂ ਉਗਰਵਾਦੀ ਪਕੜੇ ਜਾਣਗੇ ?

ਰਾਜ ਮੰਤਰੀ. ਗ੍ਰਹਿ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਕਾਫੀ ਗੱਲਾਂ ਕੀਤੀਆਂ ਹਨ। ਮੈਂ ਸਮਝਦਾ ਹਾਂ ਕਿ ਇਸ ਵਿਚੋਂ ਦੋ ਸਵਾਲ ਨਿਕਲਦੇ ਹਨ। ਇਕ ਸਵਾਲ ਤਾਂ ਇਹ ਹੈ ਕਿ ਉਥੇ ਕੋਈ ਵੀ ਹਾਜ਼ਰ ਨਹੀਂ ਸੀ ਪਰ, ਸਪੀਕਰ ਸਾਹਿਬ, ਮੈਂ ਆਪਣੇ ਜਵਾਬ ਵਿਚ ਵੀ ਦਸਿਆ ਹੈ ਕਿ ਇਹ ਵਾਕਿਆ 6.45 ਵਜੇ ਸ਼ਾਮ ਨੂੰ ਹੋਇਆ ਔਰ ਹਾਲਤ ਨੂੰ ਮਦੇ ਨਜ਼ਰ ਰਖਦੇ ਹੋਏ 7.00 ਵਜੇ ਕਰਫਿਊ ਲਗਾ ਦਿਤਾ ਗਿਆ। ਕੁਝ ਦੁਕਾਨਾਂ ਅਤੇ ਜੀਪਾਂ ਨੂੰ ਅੱਗ ਲਗਾਈ ਗਈ। ਅੱਗ ਨੂੰ ਬੁਝਾਉਣ ਦੀ ਖਾਤਿਰ ਪਟਿਆਲੇ ਤੋਂ ਫਾਇਅਰ ਬਰੀਗੇਡ ਵਾਲੇ ਪਹਿਲਾਂ ਹੀ ਬੁਲਾ ਰਖੇ ਸਨ। ਇਹ ਗੱਲ ਮੈਂ ਪ੍ਰਵਾਨ ਕਰਦਾ ਹਾਂ ਕਿ ਡੀ.ਸੀ. ਮੌਕੇ ਤੇ ਹਾਜ਼ਰ ਨਹੀਂ ਸੀ। ਲੇਕਿਨ ਐਸ. ਐਸ. ਪੀ. ਸਨ। ਇਹ ਸਾਰਾ ਕੁਝ ਜਲਦੀ ਐਕਸ਼ਨ ਕਰਕੇ ਹੀ ਘੱਟ ਨੁਕਸਾਨ ਹੋਇਆ। ਜੋ ਦੁਕਾਨਾਂ ਨੂੰ ਅੱਗ ਲਗਾਉਣ ਤੋਂ ਬਚਾਇਆ ਗਿਆ। ਉਨ੍ਹਾਂ ਦਾ ਥੋੜ੍ਹਾ ਨੁਕਸਾਨ ਹੋਇਆ ਦੂਸਰਾ ਮਾਨਯੋਗ ਮੈਂਬਰ ਨੇ ਮੁਜਰਮਾਂ ਨੂੰ ਪਕੜਨ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਰੇ ਹਾਉਸ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਕੋਈ ਐਸੀ ਬਾਤ ਨਹੀਂ ਹੈ। ਸਾਰੀ ਕਾਰਵਾਈ ਕਰਕੇ ਜਲਦੀ ਤੋਂ ਜਲਦੀ ਮੁਜਰਮਾਂ ਨੂੰ ਪਕੜਨ ਦੇ ਹੁਕਮ ਜਾਰੀ ਕਰ ਦਿਤੇ ਹਨ।

STATEMENT BY CHIEF MINISTER RE. MURDER OF SHRI GULSHAN KUMAR ARORA

Chief Minister (Sardar Surjit Singh Barnala) : I would like to make a statement regarding the murder of Shri Gulshan Kumar Arora.

Shri Gulshan Kumar Arora son of Shri Diwan Chand, a Sugar dealer and Local Congress Worker of Chowk Chintapurni, Amritsar, was killed by suspected terrorists in the shop on 12th March, 1987 at about 11.30 A.M.

[Chief Minister]

His partner Shri Surinder Kumar Son of Shri Durga Dass had reported that he was sitting with Shri Gulshan Kumar in the shop on 12th March, 1987 at about 11.30 A.M. when two unknown Sikh youths, armed with pistols, came to his shop and fired at Shri Gulshan Kumar Arora. The assailants ran immediately after committing the heinous crime. Shri Gulshan Kumar unfortunately died on the spot. On the statement of the aforesaid Surinder Kumar, case F.I.R. No. 101 dated 12th March, 1987 u/s. 302/34 I.P.C. 25/54/59 Arms Act and 3/4 Terrorists and Disruptive Activities Act, P.S. 'C' Division, Amritsar, was registered. Senior Police Officers immediately rushed to the spot and combing was conducted by the Police and Para-Military Forces in the entire locality. One empty cartridge of .455 bore was recovered from the spot. Later on, the "Khalistan Commando Force" owned responsibility for the killing of Shri Gulshan Kumar. The case is being investigated vigorously under the supervison of D.S.P./City Amritsar. No arrest has been made so far.

2. Police patrolling in the City has been intensified to prevent recurrence of such crime. A close watch is being kept on the hide-outs of terrorists and frequent raids are being conducted at the known places of shelter of the extremists.

3. The Government shares the grief of the family of late Shri Gulshan Kumar and *ex-gratia* payment of Rs. 20,000 will be made to the next of kin of the deceased. It is a crime committed by totally senseless people and the Government is determined to fight against these forces of evil with all its might.

ਡਾਕਟਰ ਕੇਵਲ ਕ੍ਰਿਸ਼ਨ: ਆਨ ਏ ਪੁਆਇੰਟ ਆਰਡਰ, ਸਪੀਕਰ ਸਾਹਿਬ। ਮਨਿਸਟਰ ਦੇ ਸੱਠ ਬਾਰੇ ਸਟੇਟਮੈਂਟ

ਮੁੱਖ ਮੰਤਰੀ : ਮੰਡੇ ਨੂੰ ਹੋ ਜਾਵੇਗੀ।

ਸਰਕਾਰੀ ਕਾਰੋਬਾਰ ਕਮੇਟੀ ਦੀਆਂ ਰਿਪੋਰਟਾਂ ਪੇਸ਼ ਕਰਨਾ

ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (**ਸਰਦਾਰ ਕਿਰਪਾਲ ਸਿੰਘ** (ਅੰਮ੍ਰਿਤਸਰ) :

ਮੈਂ ਸਾਲ 1986-87 ਲਈ ਪੰਜਾਬ ਰਾਜ ਛੋਟੇ ਉਦਯੋਗ ਕਾਰਪੋਰੇਸ਼ਨ ਲਿਮਿਟਿਡ ਸਬੰਧੀ ਸਾਲ 1973-74 ਲਈ ਭਾਰਤ ਦੇ ਕੰਪਟੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ (ਵਪਾਰਕ) ਵਿੱਚ ਆਉਂਦੇ ਆਡਿਟ ਪੈਰ੍ਹਿਆਂ ਤੇ ਸਰਕਾਰੀ ਕਾਰੋਬਾਰ ਕਮੇਟੀ ਦੀ ਛੱਤੀਵੀਂ ਰਿਪੋਰਟ, ਸਾਲ 1986-87 ਲਈ ਪੰਜਾਬ ਰਾਜ ਟਿਊਬਵੈੱਲ ਕਾਰਪੋਰੇਸ਼ਨ ਦੇ ਆਮ ਕੰਮ ਕਾਰ ਸਬੰਧੀ ਸਰਕਾਰੀ ਕਾਰੋਬਾਰ ਕਮੇਟੀ ਦੀ ਸੈਂਤੀਵੀਂ ਰਿਪੋਰਟ ਅਤੇ ਸਾਲ 1986-87 ਲਈ ਗੋਇੰਦਵਾਲ ਉਦਯੋਗਿਕ ਅਤੇ ਪੂੰਜੀ ਲਗਾਉਣ (ਨਿਵੇਸ਼) ਸਬੰਧੀ ਕਾਰਪੋਰੇਸ਼ਨ, ਪੰਜਾਬ ਲਿਮਿਟਿਡ ਦੇ ਆਮ ਕੰਮ ਕਾਰ ਸਬੰਧੀ ਸਰਕਾਰੀ ਕਾਰੋਬਾਰ ਕਮੇਟੀ ਦੀ ਅਠਵੀਂ ਰਿਪੋਰਟ ਪੇਸ਼ ਕਰਦਾ ਹਾਂ।

DISCUSSION AND VOTING OF DEMANDS FOR GRANTS FOR THE YEAR 1987-88

Mr. Speaker : There are 26 Demands for Grants which are to be discussed and voted upon today. Four Demand Nos. 11, 6, 14 and 21 are to be discussed specifically and for the remaining Demands the Guillotine will be applied at 12.00 noon. Notices of Cut Motions have also been received. If Hon'ble Members agree, these Demands and the Cut Motions thereto may be deemed to have been read and moved and may be discussed together.

(Voice : Yes, yes)

Demand No. 11

That a sum not exceeding Rs. 11,85,76,000 be granted to the Governor to defray the charges that will come in course of payment for the year 1987-88 in respect of General Administration.

Demand No. 6

That a sum not exceeding Rs. 2,68,00,94,000 on Revenue Account and Rs. 12,15,000 on Capital Account be granted to the Governor to defray the charges that will come in course of payment for the year 1987-88 in respect of Education.

Demand No. 14

That a sum not exceeding Rs. 16,25,07,000 on Revenue Account and Rs. 17,77,50,000 on Capital Account be granted to the Governor to defray the charges that will come in course of payment for the year 1987-88 in respect of Industries.

Demand No. 21

That a sum not exceeding Rs. 1,03,00,69,000 on Revenue Account and Rs. 60,06,22,000 on Capital Account be granted to the Governor to defray the charges that will come in course of payment for the year, 1987-88 in respect of Public Works.

Demand No. 2

That a sum not exceeding Rs. 21,30,65,000 on Revenue Account and Rs. 1,03,00,000 on Capital Account be granted to the Governor to defray the charges that will come in course of payment for the year, 1987-88 in respect of Animal Husbandry and Fisheries.

Demand No. 4

That a sum not exceeding Rs. 3,77,48,000 on Revenue Account and Rs. 13,00,000 on Capital Account be granted to the Governor to defray the charges that will come in course of payment for the year, 1987-88 in respect of Defence Services Welfare.

Demand No. 5

That a sum not exceeding Rs. 3,00,000 on Revenue Account be granted to the Governor to defray the charges that will come in course of payment for the year 1987-88 in respect of Economic Coordination and Twenty Point Programme.

[Mr. Speaker]

Demand No. 7

That a sum not exceeding Rs. 88,99,000 on Revenue Account be granted to the Governor to defray the charges that will come in course of payment for the year, 1987-88 in respect of Elections.

Demand No. 8

That a sum not exceeding Rs. 6,87,86,000 on Revenue Account be granted to the Governor to defray the charges that will come in course of payment for the year, 1987-88 in respect of Excise and Taxation.

Demand No. 9

That a sum not exceeding Rs. 1,25,40,08,000 on Revenue Account and Rs. 6,52,60,000 on Capital Account be granted to the Governor to defray the charges that will come in course of payment for the year 1987-88 in respect of Finance.

Demand No. 10

That a sum not exceeding Rs. 2,18,97,000 on Revenue Account and Rs. 6,70,77,02,000 on Capital Account be granted to the Governor to defary the charges that will come in course of payment for the year, 1987-88 in respect of Food and Supplies.

Demand No. 12

That a sum not exceeding Rs. 96,64,43,000 on Revenue Account be granted to the Governor to defray the charges that will come in course of payment for the year 1987-88 in respect of Health and Family Welfare.

Demand No. 13

That a sum not exceeding Rs. 90,30,90,000 on Revenue Account be granted to the Goveror to defray the charges that will come in course of payment for the year 1987-88 in respect of Home Affairs and Justice.

Demand No. 15

That a sum not exceeding Rs. 2,66,98,000 on Revenue Account be granted to the Governor to defray the charges that will come in course of payment for the year 1987-88 in respect of Information and Public Relations.

Demand No. 17

That a sum not exceeding Rs. 3,15,80,000 on Revenue Account be granted to the Governor to defray the charges that will come in course of payment for the year 1987-88 in respect of Labour and Employment.

Demand No. 18

That a sum not exceeding Rs. 3,11,73,000 on Revenue Account and Rs. 24,77,50,000 on Capital Account be granted to the Governor to defray the charges that will come in course of payment for the year 1987-88 in respect of Local Government, Housing and Urban Development.

Demand No. 19

That a sum not exceeding Rs. 51,92,000 on Revenue Account be granted to the Governor to defray the charges that will come in course of payment for the year 1987-88 in respect of Personnel and Administrative Reforms.

Demand No. 20

That a sum not exceeding Rs. 1,98,13,000 on Revenue Account be granted to the Governor to defray the charges that will come in course of payment for the year 1987-88 in respect of Planning.

Demand No. 22

That a sum not exceeding Rs. 28,88,67,000 on Revenue Account be granted to the Governor to defray the charges that will come in course of payment for the year 1987-88 in respect of Revenue and Rehabilitation.

Demand No. 23

That a sum not exceeding Rs. 36,58,55,000 on Revenue Account and Rs. 46,80,000 on Capital Account be granted to the Governor to defray the charges that will come in course of payment for the year 1987-88 in respect of Rural Development and Panchayats.

Demand No. 24

That a sum not exceeding Rs. 17,00,000 on Revenue Account and Rs. 2,48,00,000 on Capital Account be granted to the Governor to defray the charges that will come in course of payment for the year 1987-88 in respect of Science, Technology and Environment.

Demand No. 25

That a sum not exceeding Rs. 37,92,52,000 on Revenue Account and Rs. 1,32,00,000 on Capital Account be granted to the Governor to defray the charges that will come in course of payment for the year 1987-88 in respect of Social and Women's Welfare and Welfare of Scheduled Castes and Backward Classes.

Demand No. 26

That a sum not exceeding Rs. 12,00,15,000 on Revenue Account and Rs. 31,78,000 on Capital Account be granted to the Governor to defray the charges that will come in course of payment for the year 1987-88 in respect of Technical Education and Industrial Training.

Demand No. 27

That a sum not exceeding Rs. 1,60,35,000 on Revenue Account and Rs. 2,16,30,000 on Capital Account be granted to the Governor to defray the charges that will come in course of payment for the year 1987-88 in respect of Tourism and Cultural Affairs.

Demand No. 28

That a sum not exceeding Rs. 82,54,58,000 on Revenue Account and Rs. 15,84,00,000 on Capital Account be granted to the Governor to defray the charges that will come in course of payment for the year 1987-88 in respect of Transport.

Demand No. 29

That a sum not exceeding Rs. 1,24,55,000 on Revenue Account be granted to the Governor to defray the charges that will come in course of payment for the year 1987-88 in respect of Vigilance.

[Mr. Speaker]

Demand No. 6

(Education)

1. **Sardar Kirpal Singh (Amritsar) :**

That the demand be reduced by Re. 1.

Demand No. 6

(Education)

2. **Master Mohan Lal :**

That the demand be reduced by Re. 1.

Demand No. 14

(Industries)

Sardar Kirpal Singh (Amritsar):

That the demand be reduced by Re. 1.

Mr. Speaker : The Hon'ble Members while speaking may indicate Demand number on which they would like to raise discussion.

I shall put the demands and cut motions one by one to the vote of the House.

Under sub-rule (4) of Rule 168 of the Rules of Procedure and Conduct of Business in the Punjab Vidhan Sabha (Punjab Legislative Assembly), the Guillotine will be applied at 12.00 Noon.

11.00 ਵੱਜ ਚੁਕੇ ਹਨ। 12.00 ਵਜੇ ਗਿਲੋਟੀਨ ਅਪਲਾਈ ਹੋਣਾ ਹੈ। ਜੇ ਹਾਊਸ ਦੀ ਪਲਈਯਰ ਹੋਈ, ਜਿੰਨਾਂ ਕਹੋਗੇ, ਅਸੀਂ ਐਡਜਸਟ ਕਰ ਲਵਾਂਗੇ।

ਸ੍ਰੀ ਬਾਲ ਮੁਕੰਦ ਸ਼ਰਮਾ (ਫਿਰੋਜ਼ਪੁਰ): ਸਪੀਕਰ ਸਾਹਿਬ, ਅੱਜ ਡਿਮਾਂਡ ਨੰਬਰ 6, 11 ਅਤੇ 14 ਐਜੂਕੇਸ਼ਨ, ਜਨਰਲ ਐਡਮਨਿਸਟ੍ਰੇਸ਼ਨ ਅਤੇ ਇੰਡਸਟਰੀ ਦੇ ਬਾਰੇ, ਹਾਊਸ ਵਿੱਚ ਹਨ। ਮੈਂ ਡਿਮਾਂਡਜ਼ ਤੇ ਬੋਲਣ ਤੋਂ ਪਹਿਲਾਂ ਇਕ ਚੀਜ਼ ਜ਼ਰੂਰੀ ਕਹਿਣਾ ਚਾਹਵਾਂਗਾ। ਹਮੇਸ਼ਾਂ ਜਦੋਂ ਵੀ ਕੋਈ ਆਨਰੇਬਲ ਮੈਂਬਰ ਬੋਲਦਾ ਹੈ, ਜਦੋਂ ਕੋਈ ਰੂਲਿੰਗ ਪਾਰਟੀ ਵਲੋਂ ਬੋਲਦਾ ਹੈ ਤਾਂ ਉਹ ਡੀਮਾਂਡਜ਼ ਦੀ ਸ਼ਲਾਘਾ ਕਰਦਾ ਹੈ ਗੌਰਮਿੰਟ ਦੇ ਕੰਮਾਂ ਦੀ ਸ਼ਲਾਘਾ ਕਰਦਾ ਹੈ ਪਰ ਜਦੋਂ ਕੋਈ ਮੈਂਬਰ ਆਪੋਜ਼ੀਸ਼ਨ ਪਾਰਟੀ ਵਲੋਂ ਬੋਲਦਾ ਹੈ ਤਾਂ ਹਮੇਸ਼ਾਂ ਮੁਖਾਲਫਤ ਕਰਦਾ ਹੈ। ਮੈਂ ਅੱਗੇ ਵੀ ਹਾਊਸ ਵਿਚ ਬੋਲਿਆ ਹਾਂ, ਮੈਂ ਕਦੇ ਵੀ ਇਹ ਤਰੀਕਾ ਅਡਾਪਟ ਨਹੀਂ ਕੀਤਾ। ਜਿਹੜੀ ਗੱਲ ਸੱਚੀ ਹੁੰਦੀ ਹੈ ਉਹ ਕਹਿ ਦੇਣੀ ਚਾਹੀਦੀ ਹੈ ਔਰ ਜਿਹੜੀ ਗੱਲ ਗਲਤ ਹੋਵੇ ਉਹ ਜ਼ਰੂਰ ਹਾਊਸ ਦੇ ਸਾਹਮਣੇ ਰਖਣੀ ਚਾਹੀਦੀ ਹੈ। ਅੱਜ ਜਿਹੜਾ ਸਮਾਂ ਪੰਜਾਬ ਵਿਚ ਚਲ ਰਿਹਾ ਹੈ ਔਰ ਜਿਸ ਸਮੇਂ ਵਿਚ ਸਰਕਾਰ ਨੇ ਚਾਰਜ ਲਿਆ ਸਰਦਾਰ ਬਰਨਾਲਾ ਦੀ ਸਰਕਾਰ ਨੇ, ਇਹ ਸਮਾਂ ਵਾਕਿਆਂ ਹੀ ਬੜਾ ਇਮਤਿਹਾਨ ਦਾ ਸਮਾਂ ਸੀ। ਇਮਤਿਹਾਨ ਦੇ ਸਮੇਂ ਵਿਚ ਸਰਦਾਰ ਬਰਨਾਲਾ ਜੀ ਨੇ ਜਦੋਂ ਚਾਰਜ ਲਿਆ ਮੈਂ ਉਦੋਂ ਵੀ ਇਹ ਗੱਲ ਕਹੀ ਸੀ। ਮੈਂ ਇਨ੍ਹਾਂ ਨੂੰ ਬਹੁਤ ਦੇਰ ਤੋਂ ਜਾਣਦਾ ਹਾਂ। 1969 ਵਿਚ ਜਦੋਂ ਇਹ ਐਜੂਕੇਸ਼ਨ

ਮਨਿਸਟਰ ਸਨ ਬਾਦਲ ਸਾਹਿਬ ਉਸ ਵੇਲੇ ਚੀਫ ਮਨਿਸਟਰ ਸਨ, ਮੈਂ ਉਦੋਂ ਵੀ ਕਿਹਾ ਸੀ ਕਿ ਬਰਨਾਲਾ ਜੀ ਬਜ਼ਾਤੇ ਖੁਦ ਬਹੁਤ ਸ਼ਰੀਫ ਇਨਸਾਨ ਹਨ, ਪੁਲੀਟੀਕਲ ਸੂਝ-ਬੂਝ ਰੱਖਦੇ ਹਨ ਪਰ ਐਡਮਨਿਸਟ੍ਰੇਸ਼ਨ ਚਲਾਉਣ ਵਿਚ ਚੰਗੇ ਸਾਥੀਆਂ ਦੀ ਲੋੜ ਹੁੰਦੀ ਹੈ ਜੋ ਅੱਜ ਦੇ ਸਮੇਂ ਵਿਚ ਇਸ ਦੀ ਕੁਝ ਕਮੀ ਹੈ, ਮੈਨੂੰ ਇਸ ਤਰ੍ਹਾਂ ਜਾਪਦਾ ਹੈ।

ਪਹਿਲਾਂ ਮੈਂ ਐਜੂਕੇਸ਼ਨ ਤੇ ਕੁਝ ਗੱਲਾਂ ਕਰਾਂਗਾ। 300 ਸਕੂਲ ਅਪਗਰੇਡ ਕੀਤੇ ਗਏ ਹਨ। 175 ਮਿਡਲ ਤੋਂ ਹਾਈ ਸਕੂਲ ਅਪਗਰੇਡ ਕੀਤੇ ਹਨ ਔਰ 125 ਪ੍ਰਾਇਮਰੀ ਤੋਂ ਮਿਡਲ ਅਪਗਰੇਡ ਕੀਤੇ ਹਨ (ਵਿਘਨ) ਚੰਗੀ ਗੱਲ ਕਹਿਣ ਵਾਸਤੇ ਵੀ ਇਹ ਸਾਨੂੰ ਸੁਣਨ ਨੂੰ ਤਿਆਰ ਨਹੀਂ ਹਨ। ਇਨ੍ਹਾਂ ਨੇ ਕਾਲਜ ਵੀ ਇਸ ਸਾਲ ਦੇ ਬਜਟ ਵਿਚ ਰਖੇ ਹਨ। ਹੋਮ ਸਾਇੰਸ ਕਾਲਜ, ਨਿਊ ਡਿਗਰੀ ਕਾਲਜ, ਕਾਲਜ ਫਾਰ ਵੂਮੈਨ ਇਹ ਇਨ੍ਹਾਂ ਨੇ ਆਪਣੇ ਪਲਾਨ ਵਿਚ ਰਖੇ ਹਨ। ਪਰ ਇੱਕ ਗੱਲ ਮੈਂ ਜ਼ਰੂਰ ਕਹਾਂਗਾ ਕਿ ਜਿਹੜਾ 10 ਪਲਸ 2 ਦਾ ਫਾਰਮੂਲਾ ਹੈ ਜਿਹੜੀ ਅਜੀਂ ਦਿੱਲੀ ਪੈਟਰਨ ਦੀ ਨਕਲ ਕੀਤੀ ਹੈ ਇਸ ਵਿਚ ਕੁਝ ਕਮੀ ਰਹੀ ਹੈ। ਇਨ੍ਹਾਂ ਨੇ 10 ਪਲਸ 2 ਸਿਸਟਮ ਐਜੂਕੇਸ਼ਨ ਦਾ ਇੰਟ੍ਰੋਡਿਊਸ ਕੀਤਾ ਹੈ 1986-87 ਵਿਚ। ਇਸ ਵਾਸਤੇ ਇਨ੍ਹਾਂ ਨੇ ਟੀਚਰਜ਼ ਨੂੰ ਟਰੇਂਡ ਨਹੀਂ ਕੀਤਾ ਜਿਨ੍ਹਾਂ ਨੇ ਇਨ੍ਹਾਂ ਸਕੂਲਾਂ ਨੂੰ ਚਲਾਉਣਾ ਹੈ। ਜਦ ਤੱਕ ਟੀਚਰਜ਼ ਨੂੰ ਟਰੇਂਡ ਨਹੀਂ ਕੀਤਾ ਜਾਏਗਾ ਉਦੋਂ ਤੱਕ ਸਕੂਲ ਚੰਗੀ ਤਰ੍ਹਾਂ ਨਾਲ ਨਹੀਂ ਚੱਲ ਸਕਣਗੇ। ਇਨ੍ਹਾਂ ਵਾਸਤੇ ਬੱਚਿਆਂ ਤੇ ਬਰਡਨ ਹੈ ਜਿਹੜਾ ਕਿ ਇਹ ਟੇਕ ਅੱਪ ਨਹੀਂ ਕਰ ਰਹੇ। ਇੱਕ ਸਕੀਮ ਹੈ New Education policy of Govt of India ਇਸ ਅਧੀਨ 3 ਸਕੂਲ ਇਨ੍ਹਾਂ ਨੂੰ ਮਿਲੇ ਸਨ। ਇਹ ਸਕੂਲ ਡਿਸਟ੍ਰਿਕਟ ਲੁਧਿਆਣਾ, ਫਰੀਦਕੋਟ ਔਰ ਸੰਗਰੂਰ ਵਿਚ ਖੋਲ੍ਹੇ ਹਨ। ਮੈਂ ਬਾਰਡਰ ਦੀ ਗੱਲ ਕਰਦਾ ਹਾਂ। ਬਾਰਡਰ ਦੇ ਜੋ ਹਾਲਾਤ ਹਨ ਤਿੰਨ ਡਿਸਟ੍ਰਿਕਟਸ ਵਿਚ ਹਾਲਾਤ ਬਹੁਤ ਖਰਾਬ ਹਨ। ਜਦੋਂ ਵੀ ਇਹੋ ਜਿਹੀ ਚੀਜ਼ ਆਵੇ ਸੈਂਟਰ ਵੱਲੋਂ ਤਾਂ ਇਹ ਬਾਰਡਰ ਡਿਸਟ੍ਰਿਕਟਸ ਵਿਚ ਤਰਜੀਹ ਦੇਣੀ ਚਾਹੀਦੀ ਹੈ। ਇਸ ਲਈ ਇਹ ਸਕੂਲ ਬਾਰਡਰ ਜ਼ਿਲਿਆਂ ਵਿਚ ਫਿਰੋਜ਼ਪੁਰ ਔਰ ਗੁਰਦਾਸਪੁਰ ਵਿਚ ਇਹ ਸਕੂਲ ਖੋਲ੍ਹਣੇ ਚਾਹੀਦੇ ਹਨ। ਸਿੰਗਲ ਟੀਚਰ ਸਕੂਲ 2147 ਹਨ ਇਨ੍ਹਾਂ ਵਿਚ 718 ਇਨ੍ਹਾਂ ਨੇ ਹੋਰ ਟੀਚਰਜ਼ ਦੇ ਦਿੱਤੇ ਹਨ ਔਰ ਇਨ੍ਹਾਂ ਸਕੂਲਾਂ ਨੂੰ ਡਬਲ ਟੀਚਰ ਸਕੂਲ ਬਣਾ ਦਿੱਤਾ ਹੈ। ਮੈਂ ਚਾਹਵਾਂਗਾ ਕਿ ਬਾਕੀ ਰਹਿੰਦੇ ਸਕੂਲਾਂ ਵਿਚ ਵੀ ਜਲਦੀ ਤੋਂ ਜਲਦੀ ਹੋਰ ਟੀਚਰ ਲਗਾਉਣੇ ਚਾਹੀਦੇ ਹਨ। ਬਾਰਡਰ ਦੇ ਸਕੂਲਾਂ ਵਿਚ ਵੀ ਇਹ ਕਮੀ ਰਹਿ ਜਾਂਦੀ ਹੈ। ਪਿੱਛੇ ਜਿਹੇ ਇੱਕ ਸਵਾਲ ਆਇਆ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਬਾਰਡਰ ਦੇ 54 ਸਕੂਲਾਂ ਵਿਚ ਸਿੰਗਲ ਟੀਚਰ ਵੀ ਨਹੀਂ ਸਨ। ਉਸ ਵਾਸਤੇ ਇਨ੍ਹਾਂ ਦੇ ਡੀ. ਪੀ. ਆਈ. ਔਰ ਡੀ. ਈ. ਓਜ਼. ਕੋਲ ਕੋਈ ਪਾਵਰਜ਼ ਨਹੀਂ ਹਨ ਜੋ ਕਿ ਉਹ ਆਪਣੇ ਕੋਲੋਂ ਟੈਂਪਰੇਰੀ ਟੀਚਰ ਰੱਖ ਕੇ ਉਥੇ ਭੇਜ ਸਕਣ। ਬਾਰਡਰ ਸਕੂਲਾਂ ਵਿਚ ਤਾਂ ਬਾਹਰੋਂ ਕੋਈ ਟੀਚਰ ਜਾਂਦਾ ਹੀ ਨਹੀਂ। ਇਸ ਲਈ ਲੋਕਲ ਟੀਚਰਜ਼ ਨੂੰ ਹੀ ਕੰਮ ਚਲਾਉਣ ਲਈ ਉਥੇ ਰੱਖਣਾ ਚਾਹੀਦਾ ਹੈ ਤਾਂ ਕਿ ਜਿਹੜੇ ਸਕੂਲ ਉਥੇ ਵਾਂਝੇ ਹਨ ਇਹ ਟੈਂਪਰੇਰੀ ਟੀਚਰ ਹੀ ਜਾ ਸਕਣ ਔਰ ਸਕੂਲ ਦਾ ਕੰਮ ਚੱਲ ਸਕੇ। ਇਨ੍ਹਾਂ ਨੇ ਡੀ. ਪੀ. ਆਈ. ਨੂੰ ਸਸਪੈਂਡ ਕੀਤਾ ਹੈ। ਠੀਕ ਐਕਸ਼ਨ ਲਿਆ ਹੈ। ਉਹ ਸਸਪੈਂਡ ਤਾਂ ਡੀ.ਪੀ.ਆਈ. ਹੋ ਗਿਆ ਲੇਕਿਨ ਧੱਕੇਸ਼ਾਹੀ ਕਰਕੇ, ਕੋਈ ਇਨ੍ਹਾਂ ਦੇ ਲੋਕਲ ਮੰਤਰੀਆਂ ਅਤੇ ਲੋਕਲ ਜੱਥੇਦਾਰਾਂ ਕਰਕੇ ਜਿਨ੍ਹਾਂ ਨੇ ਕੋਸ਼ਿਸ਼ ਕੀਤੀ ਕਿ ਇਸ ਸਕੂਲ ਵਿਚ ਟੀਚਰ ਲਾਂਦੇ ਅਤੇ ਇਸ ਸਕੂਲ ਵਿਚੋਂ ਟੀਚਰ ਕੱਢਦੇ ਇਸ ਤਰ੍ਹਾਂ ਉਸ ਨੂੰ ਕਰਨਾ ਪਿਆ। ਰੀਕਾਰਡ ਤੇ ਕੋਈ ਚੀਜ਼ ਨਹੀਂ।

[ਸ੍ਰੀ ਬਾਲ ਮੁਕੰਦ ਸ਼ਰਮਾ]

ਹੁਣ ਮੈਂ ਕੁਝ ਇੰਡਸਟਰੀ ਦੇ ਬਾਰੇ ਥੋੜ੍ਹੀਆਂ ਜਿਹੜੀਆਂ ਗੱਲਾਂ ਕਹਾਂਗਾ ਕਿ ਇੰਡਸਟਰੀ ਵਿਚ ਇਨ੍ਹਾਂ ਨੇ 25 ਪ੍ਰਤੀਸ਼ਤ ਸਬਸਿਡੀ ਬਾਰਡਰ ਦੇ ਉਪਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਹ ਗੱਲ ਬੜੀ ਅੱਛੀ ਹੈ ਕਿ ਬਾਰਡਰ ਉਤੇ 25 ਪ੍ਰਤੀਸ਼ਤ ਸਬਸਿਡੀ ਦੇਣੀ ਚਾਹੀਦੀ ਹੈ। ਪਰ ਇਸ ਸਬਸਿਡੀ ਦਾ ਕਿਸੇ ਨੂੰ ਕੋਈ ਜ਼ਿਆਦਾ ਫਾਇਦਾ ਨਹੀਂ ਹੋਵੇਗਾ। ਬਾਰਡਰ ਦੇ ਉਪਰ ਕੋਈ ਵੀ ਨਵੀਂ ਇੰਡਸਟਰੀ ਲਾਉਣ ਲਈ ਤਿਆਰ ਨਹੀਂ। ਬਹੁਤ ਘੱਟ ਲੋਕ ਹਨ ਜਿਹੜੇ ਸੋਚਦੇ ਹਨ ਕਿ ਅਸੀਂ ਬਾਰਡਰ ਤੇ ਪੈਸਾ ਖਰਚ ਕਰੀਏ। ਗੌਰਮਿੰਟ ਨੇ ਇਸ ਵਿਚ ਬੜੀਆਂ ਸਕੀਮਾਂ ਦਿੱਤੀਆਂ ਇੰਡਸਟਰੀ ਲਗਾਉਣ ਦੀਆਂ। ਖਾਸ ਕਰਕੇ ਮਿਲਕ ਪਲਾਂਟ ਅਤੇ ਦੂਸਰੀਆਂ ਵੱਡੀਆਂ ਇੰਡਸਟਰੀਆਂ ਜਿਸ ਤਰ੍ਹਾਂ ਸੂਗਰ ਮਿੱਲਾਂ ਹਨ ਇਹ ਬਾਰਡਰ ਦੇ ਉਪਰ ਲਗਾਉਣੀਆਂ ਚਾਹੀਦੀਆਂ ਹਨ। ਇਸ ਸਾਲ 5-6 ਇੰਡਸਟਰੀਆਂ ਲੱਗ ਰਹੀਆਂ ਹਨ। ਇਨ੍ਹਾਂ ਦੀ ਲੋੜ ਹੈ। ਪਰ ਜਿਹੜੀਆਂ ਮੈਂ ਦੋ ਇੰਡਸਟਰੀਆਂ ਦੱਸੀਆਂ ਹਨ ਉਹ ਲਗਾਉਣੀਆਂ ਚਾਹੀਦੀਆਂ ਹਨ। ਸੂਗਰ ਮਿੱਲਾਂ ਲਗਾਓ ਇਸ ਨਾਲ ਗੰਨਾ ਐਬਜ਼ਾਰਬ ਹੋ ਸਕਦਾ ਹੈ। ਲੋਕਾਂ ਨੂੰ ਕੰਮ ਮਿਲ ਸਕੇਗਾ। ਮਿਲਕ ਪਲਾਂਟ ਲਗਾਓ। ਇਸ ਨਾਲ ਜ਼ਿਮੀਦਾਰਾਂ ਦੀ ਮੱਦਦ ਹੋਵੇਗੀ, ਉਨ੍ਹਾਂ ਨੂੰ ਫਾਇਦਾ ਹੋਵੇਗਾ ਅਤੇ ਉਨ੍ਹਾਂ ਦਾ ਦੁੱਧ ਉਥੇ ਵਰਤਿਆ ਜਾ ਸਕੇਗਾ। ਇਹ ਜਿਹੜੀ 25 ਪ੍ਰਤੀਸ਼ਤ ਦੀ ਸਬਸਿਡੀ ਹੈ ਜੇ ਇਸ ਪਾਸੇ ਧਿਆਨ ਦੇ ਕੇ ਇਸ ਪੈਸੇ ਨੂੰ ਠੀਕ ਖਰਚਿਆ ਜਾਵੇ ਤਾਂ ਬਾਰਡਰ ਦੇ ਲੋਕਾਂ ਨੂੰ ਇਸ ਵਿਚ ਖਾਸ ਤੌਰ ਤੇ ਫਾਇਦਾ ਹੋਵੇਗਾ। ਅਸੀਂ ਇੰਡਸਟਰੀ ਵਾਸਤੇ ਲੋਕਾਂ ਨੂੰ ਇਸ ਸਕੀਮ ਦੇ ਅੰਡਰ ਪੈਸਾ ਦਿੰਦੇ ਹਾਂ, ਨੌਜਵਾਨਾਂ ਨੂੰ ਪੈਸਾ ਦਿੰਦੇ ਹਾਂ ਪਰ ਉਹ ਪੈਸਾ ਲੈ ਕੇ ਖਾ ਜਾਂਦੇ ਹਨ। ਕੰਮ ਕਰਨਾ ਉਨ੍ਹਾਂ ਨੂੰ ਆਉਂਦਾ ਨਹੀਂ। ਬਹੁਤ ਸਾਰੇ ਕੇਸ ਹਨ ਜਿਸ ਵਿਚ 35-35 ਹਜ਼ਾਰ, 25-25 ਹਜ਼ਾਰ ਰੁਪਿਆ ਕੁਝ ਨੌਜਵਾਨਾਂ ਨੂੰ ਦਿੱਤਾ ਪਰ ਉਹ ਹੁਣ ਉਸ ਪੈਸੇ ਨੂੰ ਖਰਚ ਕਰਕੇ ਹੋਰ ਮੰਗਦੇ ਹਨ। ਉਹ ਪਹਿਲੇ ਪੈਸੇ ਨੂੰ ਖਾ ਪੀ ਬੈਠੇ ਹਨ। ਕਿੰਨਾ ਚੰਗਾ ਹੋਵੇ ਜੇ ਇਹ ਪੈਸਾ ਇੰਡਸਟਰੀ ਤੇ ਖਰਚ ਕਰਨ ਲਈ ਲੋਕਾਂ ਨੂੰ, ਯੂਥ ਨੂੰ ਦਿੰਦੇ। ਉਨ੍ਹਾਂ ਯੂਥ ਨੂੰ ਰਾਹੇ ਪਾਉਂਦੇ। ਯੂਥ ਲਈ ਟਰੇਨਿੰਗ ਸੈਂਟਰ ਬਾਰਡਰ ਏਰੀਆ ਦੇ ਵਿਚ ਖੋਲ੍ਹਦੇ ਜਿਥੇ ਯੰਗ, ਯੂਥ, ਨੌਜਵਾਨ ਲੜਕੇ ਉਨ੍ਹਾਂ ਟਰੇਨਿੰਗ ਸੈਂਟਰਾਂ ਵਿਚ ਟਰੇਨਿੰਗ ਲੈਣ। ਉਨ੍ਹਾਂ ਨੂੰ ਟਰੇਨਿੰਗ ਦੇ ਕੇ ਫਿਰ ਇਸ ਕਿਸਮ ਦੇ ਬਾਰਡਰ ਏਰੀਆ ਵਿਚ ਯੂਨਿਟ ਸੈਟ ਅੱਪ ਕਰੋ ਨਹੀਂ ਤਾਂ ਇਸ ਦਾ ਕੋਈ ਫਾਇਦਾ ਨਹੀਂ ਹੋਣਾ। ਤੁਸੀਂ ਪਹਿਲਾਂ ਯੂਥ ਨੂੰ ਟਰੇਂਡ ਕਰੋ ਅਤੇ ਇਸ ਤਰੀਕੇ ਨਾਲ ਪੈਸਾ ਖਰਚ ਕੀਤਾ ਜਾਵੇ। ਪਹਿਲਾਂ ਯੂਥ, ਯੰਗ ਲੋਕ ਟਰੇਂਡ ਹੋ ਜਾਣ। ਫਿਰ ਹਾਇਰ ਪਰਚੇਜ਼ ਬੇਸਿਜ਼ ਉਤੇ ਇੰਡਸਟਰੀਆਂ ਦਿੱਤੀਆਂ ਜਾਣ, ਇਸ ਤਰ੍ਹਾਂ ਉਹ ਕਾਮਯਾਬ ਹੋ ਸਕਦੇ ਹਨ। ਇਸ ਤਰੀਕੇ ਨਾਲ ਉਨ੍ਹਾਂ ਨੂੰ ਚਲਾਓ ਨਹੀਂ ਤਾਂ ਪੈਸਾ ਜ਼ਾਇਆ ਹੋਵੇਗਾ। ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਇਹ ਮੱਦਦ ਕਰ ਰਹੇ ਹਨ। ਇਸ ਤੋਂ ਜਿਆਦਾ ਮੈਂ ਕੁਝ ਨਹੀਂ ਕਹਿ ਸਕਦਾ। (ਘੰਟੀ)

ਸ੍ਰੀ ਸਪੀਕਰ: ਮੈਂ ਬੇਨਤੀ ਕਰ ਦਿਆਂ ਕਿ ਸਮਾਂ ਸਾਡੇ ਕੋਲ ਇਸ ਤਰ੍ਹਾਂ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ 34 ਮਿੰਟ ਅਤੇ ਕਾਂਗਰਸ ਪਾਰਟੀ ਦੇ 21 ਮਿੰਟ ਬਣਦੇ ਹਨ। ਤੁਸੀਂ ਥੋੜ੍ਹੇ ਟਾਈਮ ਵਿਚ ਖਤਮ ਕਰੋ ਤਾਂਕਿ ਦੂਸਰੇ ਮੈਂਬਰ ਸਾਹਿਬਾਨ ਵੀ ਬੋਲ ਸਕਣ। ਤੁਸੀਂ ਇਕ ਡੇਢ ਮਿੰਟ ਵਿਚ ਵਾਈਂਡ ਅੱਪ ਕਰੋ।

ਸ੍ਰੀ ਬਾਲ ਮੁਕੰਦ ਸ਼ਰਮਾ: ਠੀਕ ਹੈ, ਜੀ। ਮੈਂ ਇੰਡਸਟਰੀ ਦੀ ਗੱਲ ਕਰ ਰਿਹਾ ਸੀ ਕਿ ਅਸੀਂ ਕੀ ਕਰਦੇ ਹਾਂ ਕਿ ਅਸੀਂ ਪੈਸਾ ਦੇ ਦਿੰਦੇ ਹਾਂ ਪਰ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਰਾ ਮੈਟੀਰੀਅਲ ਕਿਥੋਂ ਲੈਣਾ ਹੈ, ਇਸ ਦੀ ਸੇਲ ਕਿਥੇ ਅਤੇ ਕਿਵੇਂ ਕਰਨੀ ਹੈ, ਪਰੋਡੱਕਸ਼ਨ ਕਿਵੇਂ ਕਰਨੀ ਹੈ ਅਤੇ ਟਰਾਂਸਪੋਰਟ ਕਿਵੇਂ ਤੇ ਕਿਥੇ ਲੈ ਜਾਣੀ ਹੈ। ਇਸ ਕਰਕੇ ਇਹ ਜਿਹੜੀ ਕਮੀ ਹੈ ਇਸ ਨੂੰ ਪੂਰਾ ਕਰਨ ਵਾਸਤੇ ਲੋਕਾਂ ਨੂੰ ਟਰੇਂਡ ਕਰੋ ਤਾਂ ਹੀ ਇਸ ਦਾ ਫਾਇਦਾ ਹੋ ਸਕਦਾ ਹੈ। ਇਹ ਪੈਸਾ ਉਨ੍ਹਾਂ ਨੂੰ ਡਾਇ-

ਰੈਕਟ ਨਹੀਂ ਦੇਣਾ ਚਾਹੀਦਾ। ਪੈਸਾ ਉਨ੍ਹਾਂ ਨੂੰ ਕਿਸੇ ਟੈਕਨੀਕਲ ਅਦਾਰੇ ਦੇ ਰਾਹੀਂ ਦਿਓ। ਫਾਈਨੈਂਸ਼ਲ ਕਾਰਪੋਰੇਸ਼ਨ ਹੈ, ਟੈਕਨੀਕਲ ਅਦਾਰੇ ਹਨ ਉਨ੍ਹਾਂ ਦੇ ਰਾਹੀਂ ਪੈਸਾ ਦਿਓ। ਪਹਿਲਾਂ ਉਨ੍ਹਾਂ ਨੂੰ ਟਰੇਨਿੰਗ ਦਿਓ ਤਾਂ ਹੀ ਉਹੋ ਕਾਮਯਾਬ ਹੋ ਸਕਦੇ ਹਨ। ਟੈਕਨੀਕਲ ਅਦਾਰਿਆਂ ਦੇ ਰਾਹੀਂ ਉਨ੍ਹਾਂ ਨੂੰ ਪੈਸੇ ਦਿੱਤੇ ਜਾਣੇ ਚਾਹੀਦੇ ਹਨ ਤਾਂਕਿ ਉਸ ਯੂਥ ਨੂੰ ਫਾਇਦਾ ਪਹੁੰਚ ਸਕੇ ਨਹੀਂ ਤਾਂ ਉਨ੍ਹਾਂ ਨੇ ਕਾਮਯਾਬ ਨਹੀਂ ਹੋਣਾ ਔਰ ਉਸ ਦੀ ਦੇਖ ਭਾਲ ਗੌਰਮਿੰਟ ਨੂੰ ਕਰਨੀ ਚਾਹੀਦੀ ਹੈ। ਜੇਕਰ ਇਸੇ ਤਰ੍ਹਾਂ ਹੀ ਪੈਸਾ ਦਿੰਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਅਸੀਂ ਕੁਰੱਪਸ਼ਨ ਨੂੰ ਜਨਮ ਦਿੰਦੇ ਹਾਂ। ਉਹ ਪੈਸਾ ਬਿਲਕੁਲ ਖ਼ਤਮ ਹੋ ਜਾਂਦਾ ਹੈ ਅਤੇ ਕਿਸੇ ਕੰਮ ਨਹੀਂ ਆਉਂਦਾ। (ਘੰਟੀ) ਜਿਹੜਾ ਆਊਟਲੇਅ ਇਨ੍ਹਾਂ ਨੇ 26 ਕਰੋੜ 33 ਲਖ ਰੁਪਏ ਦਾ ਇੰਡਸਟਰੀਜ਼ ਵਾਸਤੇ ਰਖਿਆ ਹੈ ਇਹ ਵੀ ਇਨ੍ਹਾਂ ਨੂੰ ਉਸੇ ਤਰੀਕੇ ਨਾਲ ਦੇਣਾ ਚਾਹੀਦਾ ਹੈ ਜਿਸਦਾ ਕਿ ਲਾਭ ਹੋਵੇ। (ਘੰਟੀ) ਮੈਂ ਸ਼ਾਰਟ ਕੱਟ ਕਰ ਰਿਹਾ ਹਾਂ, ਤੁਸੀਂ ਕਾਹਲੇ ਨਾ ਪਵੋ ਕਿਉਂਕਿ ਕਾਫੀ ਸਮੇਂ ਬਾਅਦ ਮੈਨੂੰ ਬੋਲਣ ਦਾ ਟਾਈਮ ਮਿਲਿਆ ਹੈ।

ਇਕ, ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਿਹਾ ਹੈ ਕਿ 10-15 ਹਜ਼ਾਰ ਜਾਂ 20 ਹਜ਼ਾਰ ਰੁਪਿਆ ਉਨ੍ਹਾਂ ਇੰਡਸਟਰੀਆਲਿਸਟਸ ਨੂੰ ਦੇਣਾ ਹੈ ਜਿਨ੍ਹਾਂ ਦੀਆਂ ਇੰਡਸਟਰੀਜ਼ ਅੱਛੀਆਂ ਚਲਦੀਆਂ ਹਨ, ਮੈਂ ਤੁਹਾਡਾ ਧਿਆਨ ਇਸ ਗੱਲ ਵਲ ਦੁਆਉਣਾ ਚਾਹੁੰਦਾ ਹਾਂ, ਚੀਫ ਮਨਿਸਟਰ ਸਾਹਿਬ ਵੀ ਬੈਠੇ ਹਨ, ਕਿ ਇਹ ਜਿਹੜਾ ਰੁਪਿਆ ਹੈ ਇਹ ਕਿਸੇ ਐਸੇ ਯੂਨਿਟ ਨੂੰ ਮਿਲੇਗਾ ਜਿਹੜੇ ਓਲਡ ਯੂਨਿਟਸ ਹਨ ਅਤੇ ਜਿਹੜੇ ਚੰਗੇ ਚਲ ਰਹੇ ਹਨ, ਮੇਰਾ ਖਿਆਲ ਹੈ ਕਿ ਇਨ੍ਹਾਂ ਦਾ ਸਾਨੂੰ ਫਾਇਦਾ ਨਹੀਂ ਹੋਵੇਗਾ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੈਸਾ ਹੈ ਇਹ ਜਿਹੜੇ ਨੌਜਵਾਨ ਨਵੀਂ ਇੰਡਸਟਰੀ ਲਗਾਉਂਦੇ ਹਨ, ਜਿਹੜੇ ਨਵੇਂ ਮੁੰਡੇ ਕੰਮ ਕਰਦੇ ਹਨ ਉਨ੍ਹਾਂ ਨੂੰ ਇਹ ਪੈਸਾ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਨੂੰ ਬੂਸਟ ਕੀਤਾ ਜਾਵੇ, ਉਨ੍ਹਾਂ ਨੂੰ ਖੜ੍ਹਾ ਕੀਤਾ ਜਾਵੇ ਅਤੇ ਨਵੀਂ ਇੰਡਸਟਰੀ ਤਰੱਕੀ ਕਰ ਸਕੇ।

*11.15 A.M. (ਇਸ *ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

ਕਿਉਂਕਿ ਟਾਈਮ ਬਹੁਤ ਥੋੜ੍ਹਾ ਹੈ ਪਰ ਹਾਲੀਂ ਮੈਂ ਪੰਜ ਚਾਰ ਮਿੰਟ ਹੀ ਬੋਲਿਆ ਹਾਂ, ਇਸ ਕਰਕੇ ਬਾਕੀ ਡੀਮਾਂਡਜ਼ ਨੂੰ ਛੱਡ ਕੇ ਮੈਂ ਡੀਮਾਂਡ ਨੰਬਰ 11, ਜੋ ਜਨਰਲ ਐਡਮਨਿਸਟਰੇਸ਼ਨ ਦੀ ਡੀਮਾਂਡ ਹੈ, ਉਸ ਤੇ ਥੋੜ੍ਹਾ ਜਿਹਾ ਸਮਾਂ ਲੈਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਜਨਰਲ ਐਡਮ-ਨਿਸਟਰੇਸ਼ਨ ਦੇ ਵਿੱਚ ਸੋਚਣ ਵਾਲੀ ਗੱਲ ਇਹ ਹੈ ਕਿ ਅਸੀਂ ਇਥੇ ਵੋਟਾਂ ਨਾਲ ਚੁਣ ਕੇ ਆਉਂਦੇ ਹਾਂ, ਸਰਕਾਰ ਜਿਹੜੀ ਡੈਮੋਕਰੇਸੀ ਦੀ ਬਣਦੀ ਹੈ ਇਹ ਵੋਟਾਂ ਨਾਲ ਬਣਦੀ ਹੈ ਔਰ ਵੋਟਰਾਂ ਦੀ ਜੋ ਖਾਹਿਸ਼ ਹੁੰਦੀ ਹੈ ਉਸ ਦੇ ਮੁਤਾਬਿਕ ਅਸੀਂ ਚਾਹੁੰਦੇ ਹਾਂ ਕਿ ਸਰਕਾਰ ਚੱਲੇ। ਡਿਪਟੀ ਸਪੀਕਰ ਸਾਹਿਬ, ਇਸ ਦਫਾ ਜਿਹੜੀਆਂ ਇਲੈਕਸ਼ਨਾਂ ਹੋਈਆਂ ਹਨ ਉਨ੍ਹਾਂ ਵਿੱਚ ਲੋਕਾਂ ਨੇ ਅੱਤਵਾਦੀਆਂ ਅਤੇ ਵੱਖਵਾਦੀਆਂ ਨੂੰ ਰਿਜੈਕਟ ਕੀਤਾ ਹੈ ਅਤੇ ਇਸ ਦੇ ਨਾਲ ਹੀ ਹਿੰਦੂ ਸਿਖ ਏਕਤਾ ਦੇ ਨਾਅਰੇ ਲੱਗੇ। ਆਪ ਨੂੰ ਪਤਾ ਹੈ ਕਿ ਅਕਾਲੀ ਪਾਰਟੀ ਦੇ 73 ਮੈਂਬਰਜ਼ ਚੁਣ ਕੇ ਆਏ ਹਨ ਅਤੇ ਉਨ੍ਹਾਂ ਨੂੰ ਸ਼ਹਿਰਾਂ ਦੇ ਵਿੱਚ ਹਿੰਦੂਆਂ ਦੀਆਂ ਵੋਟਾਂ ਵੀ ਮਿਲੀਆਂ ਹਨ। ਸਾਡੇ ਸੰਤ ਬਾਬਾ ਲੌਂਗੋਵਾਲ ਜੀ ਨੇ ਸ਼ਹੀਦੀ ਦਿੱਤੀ ਅਤੇ ਉਨ੍ਹਾਂ ਦੀ ਸ਼ਹੀਦੀ ਤੋਂ ਬਾਅਦ ਲੋਕਾਂ ਦੇ ਦਿਮਾਗ ਵਿੱਚ ਇਕ ਗੱਲ ਪੈਦਾ ਹੋ ਗਈ ਸੀ, ਇਕ ਸੋਚ ਪੈਦਾ ਹੋ ਗਈ ਕਿ ਇਹ ਸਰਕਾਰ ਸਰਬਤ ਦਾ ਭਲਾ ਮੰਗਣ ਵਾਲੀ ਸਰਕਾਰ ਹੈ, ਜਿਸ ਤਰ੍ਹਾਂ ਪਿੱਛੇ ਜਿਹੇ ਜੋ ਬਰਨਾਲਾ ਸਾਹਿਬ ਨੇ ਡਾਇਰੀਆਂ ਵੀ ਛਪਵਾਈਆਂ ਸਨ ਅਤੇ ਜਿਸ ਦੇ ਹਰ ਪੇਜ ਤੇ ਛਪਿਆ ਸੀ 'ਸਰਬਤ ਦਾ ਭਲਾ', ਕਿਉਂਕਿ ਨਵੀਆਂ ਨਵੀਆਂ ਵੋਟਾਂ ਹਿੰਦੂਆਂ ਤੇ ਸਿੱਖਾਂ ਦੀਆਂ ਇਨ੍ਹਾਂ ਨੂੰ ਮਿਲੀਆਂ ਸਨ।

[ਸ੍ਰੀ ਬਾਲ ਮੁਕੰਦ ਸ਼ਰਮਾ]

ਇਹੀ ਵਜ੍ਹਾ ਹੈ ਕਿ ਕਾਂਗਰਸ ਹਾਰੀ ਸੀ ਅਤੇ ਅਕਾਲੀ ਪਾਰਟੀ ਬਹੁ-ਗਿਣਤੀ ਵਿੱਚ ਜਿੱਤੀ ਸੀ। ਇਨ੍ਹਾਂ ਸਾਰਿਆਂ ਨੇ ਇਕੱਠੇ ਹੋ ਕੇ ਵੋਟਾਂ ਲਈਆਂ ਸਨ ਔਰ ਸੰਤ ਬਾਬਾ ਲੌਂਗੋਵਾਲ ਜੀ ਦੇ ਨਾਮ ਤੇ ਵੋਟਾਂ ਲੈ ਕੇ ਇਥੇ ਆਏ ਸੀ ਪਰ ਅੱਜ ਮੈਂ ਅਫ਼ਸੋਸ ਨਾਲ ਕਹਿੰਦਾ ਹਾਂ ਕਿ ਇਹ ਜਿਹੜੇ ਦੋਸਤ ਅਲਹਿਦਾ ਬੈਠੇ ਹਨ ਇਹ ਇਸ ਗੱਲ ਨੂੰ ਭੁੱਲ ਗਏ ਹਨ ਕਿ ਕਿਸ ਖਿਆਲ ਨਾਲ ਇਹ ਵੋਟਾਂ ਲੈ ਕੇ ਆਏ ਹਨ, ਲੋਕਾਂ ਨੂੰ ਇਹ ਕੀ ਨਾਅਰਾ ਦੇ ਕੇ ਆਏ ਸੀ। ਡਿਪਟੀ ਸਪੀਕਰ ਸਾਹਿਬ, ਜਦੋਂ ਸਰਕਾਰ ਬਣਦੀ ਹੈ ਉਦੋਂ ਅਸੀਂ ਸੋਚਦੇ ਹਾਂ ਕਿ ਪੋਲੀਟੀਕਲ ਲੋਕ ਐਡਮਨਿਸਟਰੇਸ਼ਨ ਵਿੱਚ ਦਖ਼ਲ ਨਾ ਦੇਣ ਪਰ ਜੇ ਪੁਲਿਟੀਕਲ ਲੋਕ ਐਡਮਨਿਸਟਰੇਸ਼ਨ ਵਿੱਚ ਦਖ਼ਲ ਨਾ ਦੇਣ ਤਾਂ ਲੋਕਾਂ ਦੀਆਂ ਜੋ ਖ਼ਾਹਸ਼ਾਤ ਹਨ ਉਹ ਅਸੀਂ ਪੂਰੀਆਂ ਨਹੀਂ ਕਰ ਸਕਦੇ। ਜਿਸ ਹਿਸਾਬ ਦੇ ਨਾਲ ਬਰਨਾਲਾ ਸਾਹਿਬ ਨੇ ਵਾਇਦੇ ਜੋ ਲੋਕਾਂ ਨਾਲ ਕੀਤੇ ਸਨ ਉਸੇ ਹਿਸਾਬ ਨਾਲ ਐਡਮਨਿਸਟਰੇਸ਼ਨ ਨੂੰ ਚਲਾਉਣਾ ਪੈਂਦਾ ਹੈ ਲੇਕਿਨ ਅਫ਼ਸੋਸ ਦੀ ਗੱਲ ਹੈ ਕਿ ਬਰਨਾਲਾ ਸਾਹਿਬ ਦਾ ਤਾਂ ਜੋ ਰਵੱਈਆਂ ਸੀ, ਉਨ੍ਹਾਂ ਦੀ ਜੋ ਸੋਚ ਹੈ ਉਹ ਬਿਲਕੁਲ ਉਹੀ ਹੈ ਜਿਹੜੀ ਉਹ ਲੈ ਕੇ ਆਏ ਸੀ ਕਿਉਂਕਿ ਸੰਤ ਬਾਬਾ ਲੌਂਗੋਵਾਲ ਜੀ ਦੇ ਸੰਪਰਕ ਨਾਲ ਉਨ੍ਹਾਂ ਨੂੰ ਉਨ੍ਹਾਂ ਕੋਲੋਂ ਕੁਝ ਮਿਲਿਆ ਉਹ ਉਸ ਉਤੇ ਅਮਲ ਕਰਨਾ ਚਾਹੁੰਦੇ ਹਨ ਪਰ ਅਫ਼ਸੋਸ ਹੈ ਕਿ ਜਿਹੜੇ ਉਨ੍ਹਾਂ ਦੇ ਸਾਥੀ ਮੰਤਰੀ ਬਣੇ ਹਨ ਜਾਂ ਹੋਰ ਅਦਾਰਿਆਂ ਤੇ ਬੈਠੇ ਹਨ ਉਨ੍ਹਾਂ ਦੀ ਥਿੰਕਿੰਗ ਦੂਜੀ ਤਰਫ਼ੀ ਹੋ ਜਾਂਦੀ ਹੈ। ਇਥੇ ਅਸੈਂਬਲੀ ਵਿਚ ਬੈਠੇ ਬੈਠੇ ਕੁਝ ਹੋਰ ਹਿਸਾਬ ਨਾਲ ਗੱਲਾਂ ਕਰਦੇ ਹਾਂ, ਇਸ ਨਾਲ ਐਡਮਨਿਸਟਰੇਸ਼ਨ ਵਿਚ ਫ਼ਰਕ ਪੈਂਦਾ ਹੈ। ਐਡਮਨਿਸਟਰੇਸ਼ਨ ਦੀ ਥਿੰਕਿੰਗ ਚੇਂਜ ਹੋ ਜਾਂਦੀ ਹੈ, ਇਸ ਕਰਕੇ ਸਾਨੂੰ ਸੋਚਣਾ ਚਾਹੀਦਾ ਹੈ। ਜਿਸ ਤਰ੍ਹਾਂ ਅਸੀਂ ਸਰਕਾਰ ਚਲਾਉਣਾ ਚਾਹੁੰਦੇ ਹਾਂ ਉਸ ਤਰ੍ਹਾਂ ਸਾਡੇ ਮਨਿਸਟਰਾਂ ਦੀ ਥਿੰਕਿੰਗ ਹੋਣੀ ਚਾਹੀਦੀ ਹੈ। ਬਰਨਾਲਾ ਸਾਹਿਬ ਨੂੰ ਆਪਣੇ ਮੰਤਰੀਆ ਨੂੰ ਇਕੱਠੇ ਬਿਠਾ ਕੇ ਟਰੇਨਿੰਗ ਦੇਣੀ ਚਾਹੀਦੀ ਹੈ ਕਿ ਤੁਹਾਨੂੰ ਇਥੇ ਖੜ੍ਹੇ ਹੋ ਕੇ ਕੀ ਕਹਿਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਸ ਐਡਮਨਿਸਟਰੇਸ਼ਨ ਵਿਚ ਟਰਾਂਸਫ਼ਰਜ਼ ਦੀ ਗੱਲ ਆਉਂਦੀ ਹੈ। ਟਰਾਂਸਫ਼ਰਜ਼ ਨਾਲ ਐਡਮਨਿਸਟਰੇਸ਼ਨ ਵਿਚ ਦਖ਼ਲ ਦੇ ਕੇ ਔਰ ਉਸ ਦਖ਼ਲ ਨਾਲ ਜਿਹੜਾ ਕੰਮ ਕਾਰ ਹੈ ਉਹ ਠੀਕ ਨਹੀਂ ਚਲਦਾ (ਘੰਟੀ)

ਸ੍ਰੀ ਡਿਪਟੀ ਸਪੀਕਰ : ਤੁਸੀਂ ਵਾਈਂਡ ਅੱਪ ਕਰੋ, ਕਿਉਂਕਿ ਤੁਹਾਡੀ ਪਾਰਟੀ ਦੇ ਲੀਡਰ ਨੇ ਵੀ ਬੋਲਣਾ ਹੈ।

ਸ੍ਰੀ ਬਾਲ ਮੁਕੰਦ ਸ਼ਰਮਾ : ਮੈਨੂੰ ਤਾਂ ਹਾਲੇ ਦਸ ਮਿੰਟ ਹੀ ਹੋਏ ਹਨ।

ਸ੍ਰੀ ਡਿਪਟੀ ਸਪੀਕਰ : ਨਹੀਂ ਜੀ, 16 ਮਿੰਟ ਹੋ ਚੁੱਕੇ ਹਨ। ਤੁਹਾਡੀ ਪਾਰਟੀ ਦੇ ਲੀਡਰ ਵੀ ਬੋਲਣਾ ਚਾਹੁੰਦੇ ਹਨ, ਉਨ੍ਹਾਂ ਨੂੰ ਵੀ ਥੋੜ੍ਹਾ ਟਾਈਮ ਦੇਣਾ ਹੈ।

ਸ੍ਰੀ ਬਾਲ ਮੁਕੰਦ ਸ਼ਰਮਾ : ਐਡਮਨਿਸਟਰੇਸ਼ਨ ਬਾਰੇ ਮੈਂ ਇਕ ਗੱਲ ਦਸਣੀ ਹੈ। ਜਿਹੜਾ ਐਡਮਨਿਸਟਰੇਸ਼ਨ ਵਿਚ ਦਖ਼ਲ ਹੁੰਦਾ ਹੈ ਇਸ ਦੇ ਨਾਲ ਬਹੁਤ ਸਾਰੀਆਂ ਗਲਤ ਗੱਲਾਂ ਹੋ ਜਾਂਦੀਆਂ ਹਨ। ਮੈਂ ਕੁਰੱਪਸ਼ਨ ਦਾ ਲਫਜ਼, ਜਿਹੜਾ ਬੜਾ ਅੱਛਾ ਲਫ਼ਜ਼ ਹੈ ਕਿਉਂਕਿ ਇਹ ਖ਼ਤਮ ਨਹੀਂ ਹੋਣਾ, ਵਰਤਦਾ ਹਾਂ। ਇਸ ਦੇ ਨਾਲ ਕੁਰੱਪਸ਼ਨ ਵਧਦੀ ਹੈ। ਮੇਰੇ ਇਲਾਕੇ ਫ਼ਿਰੋਜ਼ਪੁਰ ਵਿਚ ਕੁਝ ਘਟਨਾਵਾਂ ਹੋਈਆਂ ਹਨ। ਅਗਰ ਚੀਫ਼ ਮਨਿਸਟਰ ਸਾਹਿਬ ਥੋੜ੍ਹਾ ਬਹੁਤ ਦਖ਼ਲ ਨਾ ਦਿੰਦੇ ਜਿਸ ਤਰ੍ਹਾਂ ਕੋਟ ਈਸਾ ਵਿਚ ਹੋਇਆ ਤਾਂ ਕੰਮ ਵਧ ਜਾਣਾ ਸੀ। ਸਰਦਾਰ ਹਰੀ ਸਿੰਘ ਜ਼ੀਰਾ ਉਥੇ ਦੇ ਮੰਤਰੀ ਹਨ। ਇਨ੍ਹਾਂ

ਨੇ 30 ਸਾਲਾਂ ਤੋਂ ਬੈਠੇ ਸ਼ਹਿਰ ਦੇ ਲੋਕਾਂ ਨੂੰ ਡਿਸਟਰਬ ਕਰ ਦਿਤਾ ਅਤੇ ਉਨ੍ਹਾਂ ਦੀ ਜ਼ਮੀਨ ਤੇ ਕਬਜ਼ਾ ਕਰ ਲਿਆ। ਮੈਂ ਵਾਵੇਲਾ ਕੀਤਾ ਅਤੇ ਸੀ.ਐਮ. ਸਾਹਿਬ ਦੇ ਨੋਟਿਸ ਵਿਚ ਲਿਆਂਦਾ। ਉਨ੍ਹਾਂ ਨੇ ਇੰਨਕੁਆਇਰੀ ਕੀਤੀ ਔਰ ਉਹ ਸੱਚ ਨਿਕਲੀ ਕਿ ਉਥੇ ਆਰਾਮ ਘਰ ਬਣਾ ਦਿੱਤਾ ਹੈ। ਇਹ ਹਸਪਤਾਲ ਦੀ ਜਗ੍ਹਾ ਤੇ ਬਣਿਆ ਹੈ। ਨੀਂਹ ਪਥਰ ਤਾਂ ਰਖ ਦਿਤਾ ਪਰ ਇਹ ਨਹੀਂ ਵੇਖਿਆ ਕਿ ਜਗ੍ਹਾ ਹਸਪਤਾਲ ਦੀ ਵਿਚ ਹੈ। ਜੇ ਹਸਪਤਾਲ ਬਣ ਜਾਂਦਾ ਤਾਂ ਠੀਕ ਗੱਲ ਸੀ ਪਰ ਉਹ ਨਹੀਂ ਬਣਾਇਆ ਗਿਆ। ਦੂਸਰੇ ਹੁਣ ਉਥੇ ਕੀ ਹੋ ਰਿਹਾ ਹੈ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਵਾਈਂਡ ਅੱਪ ਕਰੋ ਜੀ।

ਸ੍ਰੀ ਬਾਲ ਮੁਕੰਦ ਸ਼ਰਮਾ : ਇਰੀਗੇਸ਼ਨ ਡਿਪਾਰਟਮੈਂਟ, ਜਦੋਂ ਬਾਦਲ ਸਾਹਿਬ ਚੀਫ਼ ਮਨਿਸਟਰ ਸਨ, ਉਨ੍ਹਾਂ ਕੋਲ ਹੁੰਦਾ ਸੀ ਅਤੇ ਅਸੀਂ ਬਰਨਾਲਾ ਸਾਹਿਬ ਕੋਲ ਚਲੇ ਜਾਂਦੇ ਸੀ। ਉਦੋਂ ਸਾਈਆਂ ਵਾਲਾ ਸਾਹਿਬ ਚੀਫ਼ ਮਨਿਸਟਰ ਬਣੇ ਹੋਏ ਸਨ। ਅੱਜ ਕਲ ਸਰਦਾਰ ਹਰੀ ਸਿੰਘ ਮਿੰਨੀ ਚੀਫ਼ ਮਨਿਸਟਰ ਬਣਿਆ ਹੋਇਆ ਹੈ ਕਿਉਂਕਿ ਬਰਨਾਲਾ ਸਾਹਿਬ ਸਮਝਦੇ ਹਨ ਕਿ ਇਹ ਬੜੇ ਨੇਕ ਹਨ, ਲੇਕਿਨ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਟਰਾਂਸਫਰਜ਼ ਕੀਤੀਆਂ ਹਨ, ਲੋਕਾਂ ਨੂੰ ਰੱਖਣ ਦੇ ਪੈਸੇ ਲਏ ਗਏ ਹਨ। ਜੇ ਟਰਾਂਸਫਰ ਹੋ ਗਈ ਤਾਂ ਪੈਸੇ ਲੈ ਲਏ ਉਹ ਹੋਰ ਗੱਲ ਹੈ ਪਰ ਇਹ ਤਾਂ ਉਥੇ ਹੀ ਰਹਿਣ ਦੇ ਪੈਸੇ ਲਏ ਗਏ ਹਨ। ਇਨ੍ਹਾਂ ਦੇ ਰਿਸ਼ਤੇਦਾਰ ਥੈਲੇ ਫੜੀ ਫਿਰਦੇ ਹਨ। ਛੋਟੇ ਛੋਟੇ ਮੁਲਾਜ਼ਮਾਂ ਤੋਂ ਪੈਸੇ ਲਏ ਜਾਂਦੇ ਹਨ (ਵਿਘਨ) ਫਿਰ ਬੋਗਸ ਫ਼ਰਮਾਂ ਬਣਾਈਆਂ ਹਨ। ਉਹ ਬਣਾ ਕੇ ਲੱਖਾਂ ਰੁਪਿਆ ਹੜੱਪ ਕੀਤਾ ਜਾ ਰਿਹਾ ਹੈ। ਕਾਗਜ਼ਾਂ ਵਿਚ ਫ਼ਰਮਾਂ ਅਤੇ ਬਿਲ ਥੈਲਿਆਂ ਵਿਚ ਪਾ ਲਏ ਇਹ ਵੇਖਣਾ ਚਾਹੀਦਾ ਹੈ ਸਰਕਾਰ ਦਾ ਕਰੋੜਾਂ ਰੁਪਿਆ ਜਿਹੜਾ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਹੈ, ਲੁਟਾਇਆ ਜਾ ਰਿਹਾ ਹੈ। ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਕਰਾਏ ਜਾ ਰਹੇ ਹਨ। (ਘੰਟੀ) ਠੀਕ ਹੈ ਜੀ, ਧੰਨਵਾਦ ।

ਸਰਦਾਰਨੀ ਗੁਰਬਿੰਦਰ ਕੌਰ ਬਰਾੜ (ਮੁਕਤਸਰ) : ਡਿਪਟੀ ਸਪੀਕਰ ਸਾਹਿਬ, ਵੈਸੇ ਅੱਜ ਮੈਂ ਬੋਲਣਾ ਤਾਂ ਨਹੀਂ ਸੀ ਕਿਉਂਕਿ ਵਕਤ ਤਾਂ ਸ੍ਰੀ ਬਾਲਮੁਕੰਦ ਸ਼ਰਮਾ ਔਰ ਦੋ ਹੋਰ ਸਾਥੀਆਂ ਦਾ ਸੀ ਲੇਕਿਨ ਮੇਰੇ ਨੋਟਿਸ ਵਿਚ ਦੋ ਗੱਲਾਂ ਆਈਆਂ ਹਨ, ਉਹ ਇਸ ਹਾਊਸ ਵਿਚ ਰੱਖਣ ਲਈ ਮੈਂ ਖੜ੍ਹੀ ਹੋਈ ਹਾਂ। ਉਮੀਦ ਹੈ ਕਿ ਮੇਰੇ ਸਾਥੀ ਮੈਨੂੰ ਮਾਫ਼ ਕਰਨਗੇ।

ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਸ੍ਰੀ ਬਾਲਮੁਕੰਦ ਸ਼ਰਮਾ ਨਾਲ ਬਿਲਕੁਲ ਸਹਿਮਤ ਹਾਂ ਕਿ ਮਨਿਸਟਰ ਸਾਹਿਬ ਕੇਵਲ ਆਪਣੇ ਹਲਕੇ ਵਿਚ ਹੀ ਨਹੀਂ ਬਲਕਿ ਮੇਰੇ ਹਲਕੇ ਵਿਚ ਵੀ ਕਾਫ਼ੀ ਦਖ਼ਲ ਦਿੰਦੇ ਹਨ । ਮੇਰੇ ਕਹਿਣ ਦਾ ਮਤਲਬ ਹੈ (ਵਿਘਨ) ਮੈਂ ਡਿਮਾਂਡ ਨੰ: 11 ਜੋ ਜਨਰਲ ਐਡਮਨਿਸਟਰੇਸ਼ਨ ਦੀ ਹੈ, ਤੇ ਬੋਲਦੀ ਹਾਂ। ਵਾਕਈ ਇਨ੍ਹਾਂ ਦੇ ਮਨਿਸਟਰਜ਼ ਬੇਹੱਦ ਦਖ਼ਲ ਐਡਮਨਿਸਟਰੇਸ਼ਨ ਵਿਚ ਦਿੰਦੇ ਹਨ । ਜਿਸ ਤਰ੍ਹਾਂ ਇਨ੍ਹਾਂ ਵਜ਼ੀਰਾਂ ਦੀ ਥਿੰਕਿੰਗ ਹੈ ਉਸ ਤਰ੍ਹਾਂ ਦੀ ਐਡਮਨਿਸਟਰੇਸ਼ਨ ਦੀ ਥਿੰਕਿੰਗ ਬਣ ਜਾਂਦੀ ਹੈ।

ਬਾਕੀ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਦੇ ਧਿਆਨ ਵਿਚ ਇਕ ਗੱਲ ਲਿਆਉਣਾ ਚਾਹੁੰਦੀ ਹਾਂ। ਚਾਰ ਪੰਜ ਦਿਨ ਹੋਏ ਮੇਰੇ ਨੋਟਿਸ ਵਿਚ ਇਕ ਸਟੇਟਮੈਂਟ ਆਈ ਜੋ ਕਿਸੇ ਪ੍ਰਮਿਨੈਂਟ ਆਦਮੀ ਨੇ ਦਿਤੀ ਸੀ। ਉਸ ਨੇ ਕਿਹਾ ਕਿ ਜਿਹੜੀ ਜੁਡੀਸ਼ਿਅਰੀ ਹੈ, ਬੜੀ ਡੀਮਾਰੇਲਾਈਜ਼ ਹੋ ਰਹੀ ਹੈ, ਜੁਡੀਸ਼ਿਅਰੀ ਕੁਲੈਪਸ ਹੋ ਰਹੀ ਹੈ। ਇਹ ਬਿਲਕੁਲ ਗਲਤ ਗੱਲ ਹੈ। ਉਹ

[ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ]

ਪੁਲਿਸ ਅਫਸਰ ਆਪਣੀਆਂ ਆਪਣੀਆਂ ਕਮਜ਼ੋਰੀਆਂ ਨੂੰ ਲੁਕਾਉਣ ਵਾਸਤੇ ਇਸ ਤਰ੍ਹਾਂ ਦੀ ਸਟਟਮੈਂਟ ਦਿੰਦਾ ਹੈ। ਵੈਸੇ ਵੀ ਜੁਡੀਸ਼ੀਅਰੀ ਬਾਰੇ ਇਸ ਤਰ੍ਹਾਂ ਦੀ ਸਟੇਟਮੈਂਟ ਦੇਣਾ, ਬਿਲਕੁਲ ਗਲਤ ਹੈ। ਕਿਸੇ ਵੀ ਪੁਲਿਸ ਅਫਸਰ ਨੂੰ ਸਟੇਟਮੈਂਟ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਦੀ ਬਜਾਏ ਉਸ ਨੂੰ ਆਪਣੀ ਪੁਲਿਸ ਨੂੰ ਤਕੜਾ ਕਰਨਾ ਚਾਹੀਦਾ ਹੈ ਤਾਂ ਕਿ ਕਿਤੇ ਇਸ ਤਰ੍ਹਾਂ ਦਾ ਵਾਕਿਆ ਹੋਵੇ ਹੀ ਨਾਂ। ਡਾਕਟਰ ਮਾਂਗਟ ਨੂੰ ਮਾਰ ਦਿਤਾ ਗਿਆ, ਦੋ ਮੈਂਬਰ ਮਾਰ ਦਿਤੇ ਗਏ। ਅਗਰ ਇਹ ਫੋਰਸ ਉਨ੍ਹਾਂ ਨੂੰ ਨਹੀਂ ਬਚਾ ਸਕਦੀ ਤਾਂ ਡੀਮਾਰੇਲਾਈਜ਼ ਪਬਲਿਕ ਹੁੰਦੀ ਹੈ। ਜੇਕਰ ਪੁਲਿਸ ਵਾਲੇ ਇਸ ਤਰ੍ਹਾਂ ਦੇ ਵਿਅਕਤੀਆਂ ਨੂੰ ਨਹੀਂ ਬਚਾ ਸਕਦੇ ਤਾਂ ਲੋਕਾਂ ਨੂੰ ਕੀ ਬਚਾਉਣਗੇ ?

ਦੂਸਰੀ ਗੱਲ ਹੈ ਪਿਲੀਅਨ ਰਾਇਡਿੰਗ ਦੀ। ਮੈਂ ਸਿਰਫ ਇਹ ਪੁੱਛਣਾ ਚਾਹੁੰਦੀ ਹਾਂ ਕਿ ਜਿਹੜਾ ਕਾਨੂੰਨ ਬਣਾਇਆ ਹੈ ਕਿ ਪਿਲੀਅਨ ਰਾਈਡਿੰਗ ਨਹੀਂ ਹੋਣੀ ਚਾਹੀਦੀ, ਆਇਆ ਇਸ ਦੇ ਅਧੀਨ ਕੋਈ ਕੇਸ ਦਰਜ ਹੋਇਆ ਹੈ, ਜਦੋਂ ਅਤਿਵਾਦੀ ਔਰ ਵਖਵਾਦੀ ਮੋਟਰ ਸਾਇਕਲ ਤੇ ਆਉਂਦੇ ਹਨ ਔਰ ਬੰਦੂਕਾਂ ਲੈ ਕੇ ਜਾਂਦੇ ਹਨ, ਉਹ ਤਾਂ ਫੜੇ ਨਹੀਂ ਜਾਂਦੇ ਪਰ ਜਿਹੜੇ ਆਮ ਘਰਾਂ ਦੇ ਬੱਚੇ ਕਿਧਰੇ ਜਾਂਦੇ ਹਨ ਤਾਂ ਉਨ੍ਹਾਂ ਤੋਂ 25-25 ਰੁਪਏ ਲੈ ਕੇ ਪੁਲਿਸ ਛੱਡ ਦਿੰਦੀ ਹੈ।

ਸ੍ਰੀ ਸ਼ਿਵ ਚੰਦ ਮਲੋਟ (ਬੈਠੇ ਬੈਠੇ): ਹੁਣ 50 ਰੁਪਏ ਹੋ ਗਿਆ ਹੈ ਜੀ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਠੀਕ ਹੈ, ਹੁਣ 50 ਰੁਪਏ ਹੋ ਗਿਆ ਹੋਣਾ ਹੈ। ਮੇਰਾ ਭਾਵ ਕਹਿਣ ਦਾ ਇਹ ਹੈ ਕਿ ਸਰਕਾਰ ਕਾਨੂੰਨ ਉਹ ਬਣਾਵੇ ਜਿਹੜਾ ਲਾਗੂ ਕਰ ਸਕੇ। ਕਾਨੂੰਨ ਉਹ ਬਣਾਵੇ ਜਿਸ ਦਾ ਕੋਈ ਅਸੁਰ ਹੋਵੇ। ਉਹ ਕਾਨੂੰਨ ਨਾ ਬਣਾਵੇ ਜਿਹੜਾ ਚੁਪ ਚਾਪ ਰਹਿਣ ਵਾਲੇ ਲੋਕਾਂ ਨੂੰ, ਜੋ ਅਮਨ ਚਾਹੁੰਦੇ ਹਨ, ਪਰੇਸ਼ਾਨ ਕਰੇ। ਐਡਮਨਿਸਟਰੇਸ਼ਨ ਬਾਰੇ ਮੈਂ ਕਹਿਣਾ ਚਾਹੁੰਦੀ ਹਾਂ ਕਿ ਇਕ ਕਮੇਟੀ ਬਣਾਉ ਜਿਹੜੀ Administration ਬਾਰੇ ਜਾਇਜ਼ਾ ਲਏ ਮੇਰਾ ਖਿਆਲ ਹੈ ਕਿ ਕਰੋੜ ਰੁਪਿਆ ਬਚ ਸਕਦਾ ਹੈ। ਉਹ ਜਾ ਕੇ ਐਡਮਨਿਸਟਰੇਸ਼ਨ ਵਿਚ ਜੋ extra officers ਹਨ ਉਸ ਦੀ ਜਾਂਚ ਪੜਤਾਲ ਕਰੇ, ਸੈਕਟਰੀਜ਼ ਕਿਤਨੇ ਫਾਲਤੂ ਹਨ ਔਰ ਕੰਮ ਨੂੰ ਵੇਖਣ। ਇਸ ਤਰ੍ਹਾਂ ਸਾਰਾ ਕੁਝ ਵੇਖਿਆ ਜਾਵੇ। ਮੈਂ ਜ਼ਿਆਦਾ ਟਾਈਮ ਨਾ ਲੈਂਦੀ ਹੋਈ ਤੁਹਾਡਾ ਧੰਨਵਾਦ ਕਰਦੀ ਹਾਂ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ।

ਰਾਜਾ ਨਰਿੰਦਰ ਸਿੰਘ (ਨਾਭਾ) : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਡਿਮਾਂਡ ਨੰ: 11 ਤੇ ਕੁਝ ਤੁਹਾਡੀ ਮਾਰਫਤ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ। ਜਰਨਲ ਐਡਮਨਿਸਟਰੇਸ਼ਨ ਤੇ ਔਰ ਲਾਅ ਐਂਡ ਆਰਡਰ ਤੇ ਮੈਂ ਕੁਝ ਕਹਿਣਾ ਹੈ। ਜਿਥੇ ਇਹ ਗੱਲ ਪੈਦਾ ਹੁੰਦੀ ਹੈ ਕਿ ਸਟਰੈਂਗੂਲੇਸ਼ਨ ਆਫ ਡੈਮੋਕਰੇਸੀ ਹੋ ਜਾਵੇ, ਅੱਛੇ ਬੰਦੇ ਜਿਹੜੇ ਲੋਕਾਂ ਦਾ ਭਲਾ ਕਰਨ ਵਾਲੇ ਹੋਣ ਉਨ੍ਹਾਂ ਦਾ ਗਲਾ ਘੁਟ ਦਿਤਾ ਜਾਵੇ ਤਾਂ ਲਾਅ ਐਂਡ ਆਰਡਰ ਦੀ ਜਰਨਲ ਪਰਾਬਲਮ ਹੋ ਜਾਂਦੀ ਹੈ। ਅਜ ਨਹਾਂ ਬਹੁਤ ਚਿਰ ਦੀ ਇਹ ਗੱਲ ਚਲੀ ਆ ਰਹੀ ਹੈ। ਤੁਹਾਨੂੰ ਯਾਦ ਹੋਵੇਗਾ ਜਦੋਂ ਪੰਡਿਤ ਜੀ ਦੇ ਸਮੇਂ ਚੀਫ ਮਨਿਸਟਰ ਸਚਰ ਜੀ ਸਨ, ਉਹ ਬੜੇ ਨੇਕ ਇਨਸਾਨ ਸਨ। ਉਸ ਵੇਲੇ ਸਾਡੇ ਤੇ ਪਾਬੰਦੀ ਲਗੀ ਸੀ ਕਿ ਤੁਸੀ 'ਪੰਜਾਬੀ ਸੂਬਾ, ਜਿੰਦਾਬਾਦ ਨਹੀਂ ਕਹਿ ਸਕਦੇ ਜਿਸ ਨਾਲ ਸਟਰੈਂਗੂਲੇਸ਼ਨ ਆਫ ਡੈਮੋਕਰੇਸੀ ਸ਼ੁਰੂ ਹੋ ਗਈ। ਗੱਲ ਚਲਦੀ ਰਹੀ। ਉਸ ਵੇਲੇ ਪੰਜਾਬ ਵੱਡਾ ਸੀ ਕੇਵਲ ਪੰਜਾਬੀ ਸੂਬਾ ਬਣਨਾ ਸੀ। ਇਸ ਗੱਲ ਤੋਂ ਇਲਾਵਾ ਨਾ ਹਰਿਆਣੇ ਦਾ ਨਾ ਹਿਮਾਚਲ ਦਾ ਜ਼ਿਕਰ ਸੀ। Punjabi Suba will be carved out of the existing Punjab.

ਸਿਰਫ ਇਤਨੀ ਹੀ ਗੱਲ ਸੀ। ਫਿਰ ਮਗਰੋਂ ਬੇਇਨਸਾਫੀ ਹੋ ਗਈ। ਉਸ ਤੋਂ ਪੰਜਾਬੀ ਸੂਬੇ ਵਿਚ ਜੋ ਹੋ ਰਿਹਾ ਹੈ, ਉਹ ਤੁਹਾਨੂੰ ਪਤਾ ਹੈ। ਕਾਫੀ ਮੋਰਚੇ ਚੱਲੇ, ਧਰਮਯੁੱਧ ਮੋਰਚਾ ਚੱਲਿਆ ਔਰ ਜਿਹੜਾ ਮੋਰਚਾ ਪੰਜਾਬ ਵਿਚ ਚੱਲਿਆ ਉਸ ਨੂੰ ਲਿੰਕ ਕਰ ਦਿਤਾ ਗਿਆ ਕਿ ਇਹ ਸਿੱਖਾਂ ਦਾ ਹੈ, ਅਕਾਲੀ ਦਲ ਦਾ ਹੈ। ਪਰ ਨਹੀਂ ਉਹ ਤਾਂ ਸਾਰੇ ਸੂਬੇ ਦਾ ਸੀ। ਚਾਹੀਦਾ ਇਹ ਸੀ ਕਿ ਸਾਰੀਆਂ ਪਾਰਟੀਆਂ ਰਲ ਕੇ ਸਲਾਹ ਨਾਲ ਚਲਾਉਂਦੇ ਤਾਂ ਕਿ ਪੰਜਾਬ ਦੀ ਬਿਹਤਰੀ ਹੋ ਸਕੇ। ਇਥੇ ਦੀ ਜਿਹੜੀ ਅਕਾਨੋਮੀ ਹੈ ਉਹ ਐਗਰੀਕਲਚਰ ਬੇਸਡ ਹੈ। ਜੇ ਜੱਟ ਖੁਸ਼ ਹੈ, ਖੇਤੀ ਕਰਨ ਵਾਲਾ ਖੁਸ਼ ਹੈ ਤਾਂ ਵਪਾਰੀ ਤਾਂ ਹੀ ਖੁਸ਼ ਹੋਵੇਗਾ। ਜੇ ਉਹ ਪੈਦਾਵਾਰ ਜ਼ਿਆਦਾ ਕਰੇਗਾ ਤਾਂ ਹੀ ਵਪਾਰੀ ਕੋਲ ਕੋਈ ਚੀਜ਼ ਆਵੇਗੀ ਇਸ ਵਾਸਤੇ ਉਸ ਦੀ ਮਦਦ ਜ਼ਰੂਰੀ ਕਰਨੀ ਚਾਹੀਦੀ ਹੈ। ਅੱਜ ਹਾਲਤ ਇਹ ਆ ਗਈ ਹੈ, ਕੁਝ ਕਾਂਗਰਸ ਬੈਂਚਿਜ਼ ਤੋਂ ਵੀ ਇਹ ਆਵਾਜ਼ ਆਈ ਸੀ, ਪਰ ਮੈਂ ਇਹ ਕਹਿੰਦਾ ਹਾਂ ਕਿ ਕਾਂਗਰਸ ਫੇਲ੍ਹ ਹੋਈ ਹੈ ਔਰ ਲੋਕਾਂ ਨੇ ਅਕਾਲੀ ਪਾਰਟੀ ਨੂੰ ਇਨ੍ਹਾਂ ਗੱਦੀਆਂ ਤੇ ਬੈਠਾਇਆ ਉਸ ਵਾਸਤੇ ਇਹ ਲੋਕਾਂ ਨਾਲ ਕੁਝ ਵਾਇਦੇ ਕਰਕੇ ਆਏ ਪਰ ਉਹ ਵਾਇਦੇ ਅੱਜ ਤੱਕ ਪੂਰੇ ਨਹੀਂ ਹੋਏ। ਅਸੀਂ ਅਕਾਰਡ ਦੀ ਬਿਨਾਂ ਤੇ ਇਥੇ ਆਏ। ਸਵਰਗਵਾਸੀ ਲੌਂਗੋਵਾਲ ਔਰ ਦੇਸ਼ ਦੇ ਪ੍ਰਾਈਮ ਮਨਿਸਟਰ ਨੇ ਜੋ ਫੈਸਲਾ ਕਰ ਲਿਆ। ਭਾਵੇਂ ਉਹ ਦਿਲ ਤੇ ਪੱਥਰ ਰਖਕੇ ਹੀ ਫੈਸਲਾ ਕੀਤਾ ਸੀ, ਤੁਹਾਨੂੰ ਪਤਾ ਹੈ ਕਿ ਕਿੰਨੀ ਕਤਲੋਗਾਰਤ ਦਿੱਲੀ ਵਿਚ ਹੋਈ ਸੀ। ਇਨ੍ਹਾਂ ਹਾਲਾਤ ਵਿਚ ਹਿਕ ਤੇ ਪੱਥਰ ਰੱਖ ਕੇ ਸੰਤ ਜੀ ਨੇ ਸਮਝੌਤਾ ਕੀਤਾ ਸੀ। ਉਹ ਵਾਇਦਾ ਕਰਕੇ ਆਏ ਸਨ ਔਰ ਉਨ੍ਹਾਂ ਨੇ ਕਿਹਾ ਸੀ ਕਿ 2 ਮਹੀਨੇ ਜੇ ਮੈਂ ਇਹ ਸਮਝੌਤਾ ਲਾਗੂ ਨਾ ਕਰਾ ਸਕਿਆ ਤਾਂ ਮੈਂ ਸਮਝਾਂਗਾ ਕਿ ਸਮਝੌਤੇ ਦਾ ਕੋਈ ਫਾਇਦਾ ਨਹੀਂ। ਪਰ ਅੱਜ ਤੁਸੀਂ ਵੇਖੋ ਕਿਤਨਾ ਸਮਾਂ ਹੋ ਗਿਆ ਹੈ, ਕਮੀਸ਼ਨਾ ਤੇ ਕਮੀਸ਼ਨ ਬੈਠਾਈ ਜਾਂਦੇ ਹਨ ਔਰ ਹਾਲਤ ਇਹ ਹੈ ਕਿ ਅੱਜ ਪੰਜਾਬ ਵਿਚ ਹੀ ਨਹੀਂ ਸਾਰੇ ਦੇਸ਼ ਭਰ ਵਿਚ ਇਨ੍ਹਾਂ ਕਮਿਸ਼ਨਾਂ ਤੋਂ ਲੋਕਾਂ ਦਾ ਵਿਸ਼ਵਾਸ਼ ਹੀ ਉਠ ਗਿਆ ਹੈ। ਇਥੇ ਕੱਲ੍ਹ ਗੁੱਸਾ ਕਰ ਲਿਆ ਸੀ ਜਦੋਂ ਸਰਦਾਰ ਕਿਰਪਾਲ ਸਿੰਘ ਨੇ ਕਮਿਸ਼ਨਾਂ ਦੇ ਬਾਰੇ ਕੋਈ ਕੌੜੇ ਸ਼ਬਦ ਕਹੇ ਸੀ। ਇਥੇ ਕਿਹਾ ਗਿਆ ਕਿ ਜੁਡੀ-ਸ਼ਰੀ ਦੇ ਖਿਲਾਫ ਕੁਝ ਨਹੀਂ ਕਿਹਾ ਜਾ ਸਕਦਾ। ਪਰ ਤੁਸੀਂ ਜਾਣਦੇ ਹੋ ਕਿ ਕਮਿਸ਼ਨ ਔਰ ਜੁਡੀਸ਼ਰੀ ਵਿਚ ਫਰਕ ਹੈ ਭਾਵੇਂ ਉਹ ਇਕੋ ਜਿਹਾ ਕੰਮ ਕਰਦੇ ਹਨ ਪਰ ਉਹ ਚੀਜ਼ ਨਹੀਂ ਹੈ। ਜੇ ਇਕ ਹਾਈ ਕੋਰਟ ਦਾ ਜੱਜ ਇਸ ਤਰ੍ਹਾਂ ਕਹੇ, ਜਿਵੇਂ ਉਸ ਨੂੰ ਰਾਤੋ ਰਾਤ ਸੁਪਨਾ ਆ ਗਿਆ ਹੋਵੇ ਕਿ 70 ਹਜ਼ਾਰ ਏਕੜ ਜ਼ਮੀਨ ਦੇ ਦਿਓ ਅਤੇ ਚੰਡੀਗੜ੍ਹ ਲੈ ਜਾਓ। ਕੀ ਇਸ ਤਰ੍ਹਾਂ ਕੋਈ ਕਹਿ ਸਕਦਾ ਹੈ? ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਬੇਸ਼ਕ ਇਹ 70 ਹਜ਼ਾਰ ਏਕੜ ਜ਼ਮੀਨ ਦੇ ਵੀ ਦੇਣ ਪਰ ਇਨ੍ਹਾਂ ਨੂੰ ਚੰਡੀਗੜ੍ਹ ਨਹੀਂ ਮਿਲ ਸਕੇਗਾ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਜਦੋਂ ਐਡਮਨਿਸਟਰੇਸ਼ਨ ਵਿਚ ਅਜਿਹੇ ਹਾਲਾਤ ਪੈਦਾ ਹੋ ਜਾਣ, ਲਾਅ ਐਂਡ ਆਰਡਰ ਦੀ ਹਾਲਤ ਇਹੋ ਜਿਹੀ ਹੋ ਜਾਵੇ, ਜਦੋਂ ਸਰਕਾਰ ਅਰਥਾਤ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਹਾਲਤ ਬਹੁਤ ਭੈੜੀ ਹੋ ਜਾਵੇਗੀ। ਇਸ ਸਬੰਧ ਵਿਚ ਮੈਂ ਇਕ ਸਵਾਲ ਵੀ ਦਿੱਤਾ ਸੀ। ਇਥੇ ਮੈਂ ਇਕ ਪੁਲਿਸ ਅਫਸਰ ਦਾ ਜਿਕਰ ਕਰਦਾ ਹਾਂ। ਉਸ ਅਫਸਰ ਨੇ ਕਿਸੇ ਸ਼ੈਲਰ ਵਾਲੇ ਨੂੰ ਨਜਾਇਜ਼ ਕਬਜ਼ਾ ਦਿਵਾਉਣ ਲਈ ਉਸ ਕੋਲੋਂ ਕੰਟਾਸਾ ਕਾਰ ਲੈ ਲਈ। ਜਦੋਂ ਸ਼ਿਕਾਇਤ ਕੀਤੀ ਗਈ ਤਾਂ ਉਸ ਨੇ ਇਹ ਚੈਕ ਦੇ ਦਿੱਤਾ, ਇਹ ਮੈਂ ਟੇਬਲ ਆਫ ਦੀ ਹਾਊਸ ਤੇ ਰੱਖਦਾ ਹਾਂ, ਹਾਲੇ ਇਹ ਕਹਿੰਦੇ ਹਨ ਕਿ ਪਟਿਆਲੇ ਦੇ ਅਫਸਰ ਇਮਾਨਦਾਰ ਹਨ। ਮੈਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਕੁਰੱਪਟ ਅਫਸਰਾਂ ਨੂੰ ਕੌਣ ਸ਼ੀਲਡ ਕਰਦਾ ਹੈ? ਜੋ ਡਿਸਟਰਿਕਟ ਐਡਮਿਨਿਸਟਰੇਸ਼ਨ ਨਹੀਂ ਕਰਦੀ, ਮਨਿਸਟਰ ਨਹੀਂ ਕਰਦਾ ਤਾਂ ਫਿਰ ਕੌਣ ਸ਼ੀਲਡ ਕਰਦਾ ਹੈ? ਇਹ ਚੈਕ ਮੈਂ ਸਦਨ ਦੀ ਮੇਜ਼ ਤੇ ਰਖਦਾ ਹਾਂ (ਵਿਘਨ) ਇਹ ਫੋਟੋ ਸਟੈਟ ਕਾਪੀ ਹੈ ਅਸਲੀ ਤਾਂ ਇਨਕੁਆਇਰੀ ਨਾਲ ਲੱਗਾ ਹੈ। (ਕੋਈ ਚੈਕ ਹਾਊਸ ਦੀ ਮੇਜ਼ ਦੀ ਤੇ ਨਹੀਂ ਰਖਿਆ ਗਿਆ।)

[ਰਾਜਾ ਨਰਿੰਦਰ ਸਿੰਘ]

ਮੈਂ ਇਕ ਸਪੈਸੀਫਿਕ ਕੇਸ ਹੋਰ ਦੱਸਦਾ ਹਾਂ। ਅਮਲੋਹ ਵਿਚ ਮਾਰਕਫੈਡ ਦੇ ਗੋਦਾਮ ਹਨ। ਉਥੇ 1194 ਕੁਇੰਟਲ ਕਣਕ ਘੱਟ ਤੋਲੀ ਗਈ ਔਰ ਸਾਬਤ ਹੋ ਗਿਆ। ਫਿਰ ਇਸ ਨੂੰ ਪੂਰਾ ਕਰਨ ਵਾਸਤੇ ਇਸ ਮਹਿਕਮੇ ਦੇ ਕੋਆਪਰੇਸ਼ਨ ਮਨਿਸਟਰ ਨੇ ਉਥੋਂ ਦੇ ਇਮਾਨਦਾਰ ਅਫਸਰ ਨੂੰ ਬਦਲ ਦਿੱਤਾ ਔਰ ਉਥੇ ਉਸ ਨੂੰ ਲਾਇਆ ਗਿਆ ਜਿਸ ਨੇ ਬੋਰੀਆਂ ਤਾਂ ਉਤਨੀਆਂ ਰਹਿਣ ਦਿੱਤੀਆਂ ਪਰ ਉਨ੍ਹਾਂ ਵਿਚੋਂ 10-10 ਕਿਲੋ ਕਣਕ ਕੱਢ ਕੇ ਪੂਰੀ ਕਰ ਲਈ।

ਮੈਂ ਹਾਊਸ ਵਿਚ ਜ਼ੋਰ ਨਾਲ ਕਹਿੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਅੱਜ ਹੀ ਸ਼ਾਮ ਨੂੰ ਰੇਡ ਕਰਵਾਓਣ ਅਤੇ ਉਸ ਅਫਸਰ ਨੂੰ ਫੜ ਲੈਣ । ਉਹ ਆਪਣੇ ਆਪ ਹੀ ਮਨਿਸਟਰ ਦਾ ਨਾਂ ਦੱਸ ਦੇਵੇਗਾ। ਜੇ ਖੇਤ ਨੂੰ ਵਾੜ ਹੀ ਖਾਣ ਲੱਗ ਜਾਵੇ ਤਾਂ ਫੇਰ ਕੀ ਬਣੇਗਾ। ਜੇ ਕੋਈ ਮਾਸੂਮ ਮਾਰਿਆ ਜਾਵੇ ਤਾਂ ਅਸੀਂ ਕਹਿੰਦੇ ਹਾਂ ਕਿ ਮਾਸੂਮ ਮਾਰਿਆ ਗਿਆ ਹੈ । ਇਹ ਭਰਾ ਗੁੱਸਾ ਖਾ ਜਾਂਦੇ ਹਨ । ਅੱਜ ਉਬੋਕੇ ਸਾਹਿਬ ਨੇ ਸਵੇਰੇ ਜਵਾਬ ਦਿੰਦੇ ਹੋਏ ਦੱਸਿਆ ਸੀ ਕਿ ਕਿੰਨੇ ਆਦਮੀ ਪੰਜਾਬ ਵਿਚੋਂ ਬਾਹਰ ਦੂਜੀਆਂ ਸਟੇਟਾਂ ਦੇ ਵਿਚ ਗਏ ਹਨ। ਇਹ ਲੋਕ ਦਿੱਲੀ, ਹਿਮਾਚਲ, ਹਰਿਆਣਾ ਅਤੇ ਯੂ.ਪੀ. ਵਿਚ ਗਏ ਸਨ। ਕੋਈ ਅਸੀਂ ਨੋਕ ਟੋਕ ਨਹੀਂ ਕੀਤੀ । ਅਸੀਂ ਵੀ ਇਹ ਸਵਾਲ ਕਰ ਦਿੱਤਾ ਅਤੇ ਪੁੱਛਿਆ ਕਿ ਜਿਹੜੇ ਸਿੱਖ ਪਰਿਵਾਰ ਦਿੱਲੀ ਤੋਂ ਅਤੇ ਹੋਰ ਸੂਬਿਆਂ ਤੋਂ ਇਥੇ ਆਏ ਸਨ ਆਇਆ ਉਨ੍ਹਾਂ ਨੂੰ ਵੀ ਕੋਈ ਵਾਪਸ ਲੈਣ ਵਾਸਤੇ ਆਇਆ ਸੀ ਤਾਂ ਜਵਾਬ ਆ ਗਿਆ ਕਿ ਇਕ ਵਾਰ ਆਏ ਸਨ, ਉਸ ਤੋਂ ਬਾਦ ਕੋਈ ਨਹੀਂ ਆਇਆ ਕੀ ਉਹ ਸਾਡੇ ਭੈਣ ਭਰਾ ਨਹੀਂ ਹਨ ? ਕਾਂਗਰਸੀ ਵੀਰਾਂ ਨੂੰ ਗੁੱਸਾ ਆ ਜਾਂਦਾ ਹੈ । ਦੇਸ਼ ਦੇ ਪ੍ਰਧਾਨ ਮੰਤਰੀ ਹਰਿਆਣੇ ਦੀਆਂ ਇਲੈਕਸ਼ਨਾਂ ਦੀ ਇੰਤਜ਼ਾਰ ਕਰ ਰਹੇ ਹਨ ਕਿ ਉਹ ਹੋ ਜਾਣ ਤਾਂ ਫੈਸਲਾ ਲਾਗੂ ਕਰ ਸਕਣ । ਐਸੇ ਹਾਲਾਤ ਵਿਚ ਪੁਲਿਟੀਕਲ ਮੋਟਿਵ ਰਖਿਆ ਜਾਂਦਾ ਹੈ ਅਤੇ ਇਨਸਾਫ ਦੇਣ ਵਿਚ ਵੀ ਪੁਲਿਟੀਕਲ ਮੋਟਿਵ ਰਖਿਆ ਹੋਇਆ ਹੈ। ਲੋਕ ਅੰਗਰੇਜ਼ਾਂ ਨੂੰ ਮਾੜਾ ਸਮਝਦੇ ਸਨ ਅਤੇ ਅਸੀਂ ਸਾਰਿਆਂ ਨੇ ਰਲ ਕੇ ਉਨ੍ਹਾਂ ਨੂੰ ਦੇਸ਼ ਵਿਚੋਂ ਕੱਢਿਆ ਸੀ ਪਰ ਇਹ ਗੱਲ ਮੰਨਣੀ ਪਵੇਗੀ ਕਿ ਇਨਸਾਫ ਦੇਣ ਵਿਚ ਉਹ ਬਹੁਤ ਹੀ ਤਕੜੇ ਸਨ ਅਤੇ ਇਨਸਾਫ ਕਰਦੇ ਸਨ । ਡਿਪਟੀ ਸਪੀਕਰ ਸਾਹਿਬ, ਰੂਲਿੰਗ ਪਾਰਟੀ ਦੇ ਪਾਰਲੀਮੈਂਟਰੀ ਸੈਕਟਰੀ ਸਰਦਾਰ ਗੋਬਿੰਦ ਸਿੰਘ ਕਾਂਜਲਾ ਨੂੰ ਇਨਸਾਫ ਲੈਣ ਲਈ ਥਾਣੇ ਦੇ ਅੱਗੇ ਧਰਨਾ ਮਾਰਨਾ ਪਿਆ ਸੀ। ਇਹ ਤਾਂ ਹਾਲਤ ਹੈ (ਸ਼ੇਮ, ਸ਼ੇਮ) ਇਹ ਲੋਕ ਮਹਾਰਾਜਾ ਸਾਹਿਬ ਤੇ ਚਿੱਕੜ ਸੁੱਟਦੇ ਹਨ । ਗੱਲਾਂ ਉਨ੍ਹਾਂ ਦੀਆਂ ਕਰਦੇ ਹਨ । ਉਨ੍ਹਾਂ ਨੇ ਇਥੇ ਕਿਹਾ ਸੀ ਕਿ ਤੁਸੀਂ ਮੇਰੇ ਪਰਿਵਾਰ ਤੇ ਡਿਸਕਸ਼ਨ ਕਰਵਾ ਲਓ । ਇਥੇ ਕੱਲ੍ਹ ਸਰਦਾਰ ਰਵੀ ਇੰਦਰ ਸਿੰਘ, ਜੋ ਪਹਿਲੇ ਸਪੀਕਰ ਰਹੇ ਹਨ, ਉਨ੍ਹਾਂ ਨੇ ਪੁਆਇੰਟ ਆਊਟ ਕੀਤਾ ਸੀ ਕਿ ਇਹੋ ਜਿਹੀ ਗੱਲ ਨਹੀਂ ਹੋਣੀ ਚਾਹੀਦੀ। ਪਰ ਜਵਾਬ ਮਿਲਿਆ ਕਿ ਇਸ ਤਰ੍ਹਾਂ 2-3 ਦਿਨਾਂ ਤੋਂ ਚਲ ਰਿਹਾ ਹੈ । ਤੁਸੀਂ ਇਥੇ ਹੈ ਨਹੀਂ ਸੀ ਇਸ ਕਰਕੇ ਤੁਹਾਨੂੰ ਪਤਾ ਨਹੀਂ ਹੈ । ਇਸ ਹਾਊਸ ਨੂੰ ਚਲਾਉਣ ਵਾਸਤੇ ਕੋਈ ਕਾਇਦਾ ਕਾਨੂੰਨ ਹੋਵੇਗਾ ਅਤੇ ਇਹ ਕਾਇਦਾ ਕਾਨੂੰਨ ਬਣਾਇਆ ਹੋਇਆ ਹੈ । ਇਸ ਕਾਇਦੇ ਕਾਨੂੰਨ ਤੋਂ ਬਗੈਰ ਹਾਊਸ ਚੱਲ ਨਹੀਂ ਸਕਦਾ । ਫੇਰ ਇਥੇ ਇਹ ਠੀਕਰੀਵਾਲੇ ਦਾ ਵਾਰਸ ਬਣਦੇ ਹਨ ।

ਸ਼੍ਰੀ ਡਿਪਟੀ ਸਪੀਕਰ : ਰਾਜਾ ਸਾਹਿਬ, ਤੁਸੀਂ ਡੀਮਾਂਡ ਤੇ ਬੋਲੋ ।

ਰਾਜਾ ਨਰਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਡੀਮਾਂਡ ਤੇ ਹੀ ਬੋਲ ਰਿਹਾ ਹਾਂ। ਸੁਰਿੰਦਰ ਸਿੰਘ ਨੂੰ ਇੰਪੂਰਵਮੈਂਟ ਟ੍ਰੱਸਟ, ਬਰਨਾਲਾ ਦਾ ਚੇਅਰਮੈਨ ਲਗਾਇਆ ਗਿਆ ਹੈ। ਇਹ ਉਸ ਆਦਮੀ ਦਾ ਪੋਤਰਾ ਹੈ ਜਿਸ ਨੇ ਸੇਵਾ ਸਿੰਘ ਠੀਕਰੀਵਾਲੇ ਦੇ ਖਿਲਾਫ ਗਵਾਹੀ ਦੇ ਕੇ ਫਾਂਸੀ ਲਵਾਈ ਸੀ ।

ਸਰਦਾਰ ਬਲਵੰਤ ਸਿੰਘ ਸਰਹਾਲ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਿਹੜੀ ਲੀਡਰਸ਼ਿਪ ਦੇ ਥੱਲੇ ਬੈਠੇ ਹੋਏ ਹਨ ?

*11.37. A.M. (*ਇਸ ਸਮੇਂ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ)

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਹੁਣ ਮੈਂ ਐਜੂਕੇਸ਼ਨ ਦੇ ਮੁਤੱਲਿਕ ਵਿਚਾਰ ਰੱਖਣਾ ਚਾਹੁੰਦਾ ਹਾਂ। ਕਦੇ ਇਹ 10+2 ਦਾ ਸਿਸਟਮ ਕਰ ਦਿੰਦੇ ਹਨ ਕਦੇ ਇਹ ਹਾਇਰ ਸੈਕੰਡਰੀ ਸਿਸਟਮ ਲਾਗੂ ਕਰ ਦਿੰਦੇ ਹਨ। ਬਾਜ਼ਾਰ ਵਿਚ ਕਿਤਾਬਾਂ ਬੱਚਿਆਂ ਨੂੰ ਮਿਲਦੀਆਂ ਨਹੀਂ ਹਨ ਜਿਸ ਪ੍ਰਿੰਟਰ ਨਾਲ ਇਨ੍ਹਾਂ ਦਾ ਸੌਦਾ ਹੋ ਜਾਦਾਂ ਹੈ ਉਹ ਕਿਤਾਬ ਮਾਰਕਿਟ ਵਿਚ ਆ ਜਾਂਦੀ ਹੈ, ਦੂਜੀਆਂ ਕਿਤਾਬਾਂ ਮਾਰਕਿਟ ਵਿਚ ਨਹੀਂ ਆਉਂਦੀਆਂ। ਸਰਕਾਰੀ ਕਿਤਾਬਾਂ ਹੀ ਨਹੀਂ ਛਪਦੀਆਂ। ਸਪੀਕਰ ਸਾਹਿਬ, ਇਨ੍ਹਾਂ ਨੇ ਅਨਾਊਂਸ ਕੀਤਾ ਸੀ ਕਿ ਇਸੇ ਸੈਸ਼ਨ ਵਿਚ ਹੀ, ਜੋ ਕਿ ਖਤਮ ਹੋ ਰਿਹਾ ਹੈ, ਬੱਚਿਆਂ ਨੂੰ ਕਿਤਾਬਾਂ ਮਿਲ ਜਾਣਗੀਆਂ। ਬਜਟ ਸਪੀਚ ਵਿਚ ਵੀ ਕਿਹਾ ਗਿਆ।

ਹੁਣ ਮੈਂ ਸਕੂਲਾਂ ਦੀ ਗੱਲ ਕਰਦਾ ਹਾਂ। ਕੋਈ ਸਕੂਲ, ਸਪੀਕਰ ਸਾਹਿਬ, ਤੁਹਾਡੇ ਏਰੀਏ ਵਿਚ ਖੁਲ੍ਹਿਆ ਹੋਵੇ ਤਾਂ ਤੁਹਾਨੂੰ ਪਤਾ ਹੋਵੇਗਾ ਪਰ ਸਾਡੇ ਏਰੀਏ ਵਿਚ ਕੋਈ ਵੀ ਸਕੂਲ ਨਹੀਂ ਖੋਲ੍ਹਿਆ ਗਿਆ। ਆਪਣਾ ਕੰਮ ਕਾਗਜ਼ਾਂ ਵਿਚ ਕਰਕੇ ਨੇਕਨਾਮੀ ਲੈ ਲੈਂਦੇ ਹਨ। ਹੁਣ ਵੀ ਬਜਟ ਸਪੀਚ ਵਿਚ ਕਿਹਾ ਗਿਆ ਕਿ ਨਵੇਂ ਸਕੂਲ ਖੁੱਲ੍ਹਣਗੇ। ਇਹ ਬਹੁਤ ਸ਼ੱਕ ਵਾਲੀ ਬਾਤ ਹੈ। ਫਲੋਰ ਆਫ ਦੀ ਹਾਊਸ ਵਿਚ ਗਲਤ ਕਹਿਣਾ ਔਰ ਫਿਰ ਮੁਕਰ ਜਾਣਾ ਇਸ ਤਰ੍ਹਾਂ ਤਾਂ ਫਿਰ ਸਾਰਿਆਂ ਨੂੰ ਸ਼ੰਕਾ ਪੈਦਾ ਹੋ ਜਾਂਦੀ ਹੈ।

ਸਪੀਕਰ ਸਾਹਿਬ, ਬਾਰਡਰ ਤੇ ਵੀ ਇੰਡਸਟਰੀ ਲੱਗਣੀ ਚਾਹੀਦੀ ਹੈ। ਆਰੀਆ ਜੀ ਨੇ ਵੀ ਕਿਹਾ ਕਿ ਸਮਾਲ ਸਕੇਲ ਇੰਡਸਟਰੀ ਲੱਗਣੀ ਚਾਹੀਦੀ ਹੈ। ਅਸੀਂ ਇੰਡਸਟਰੀ ਵਿਚ ਬਹੁਤ ਬੈਕਵਰਡ ਹਾਂ। ਜਿਤਨਾ ਚਿਰ ਤਕ ਅਨਇੰਮਲਾਇਮੈਂਟ ਦੂਰ ਨਹੀਂ ਹੁੰਦੀ ਔਰ ਇੰਡਸਟਰੀ ਇਥੇ ਨਹੀਂ ਲਗਦੀ ਤਦ ਤੱਕ ਲਾਅ ਐਂਡ ਆਰਡਰ ਦੀ ਪਰਾਬਲਮ ਐਡਮਨਿਸਟਰੇਸ਼ਨ ਵਾਸਤੇ ਰਹੇਗੀ। (ਘੰਟੀ) ਜੋ, ਸਪੀਕਰ ਸਾਹਿਬ, ਨੌਜਵਾਨ ਬੀ. ਏ., ਐਮ. ਏ. ਪਾਸ ਕਰਦੇ ਹਨ ਔਰ ਟੈਕਨੀਕਲ ਐਜੂਕੇਸ਼ਨ ਲੈਂਦੇ ਹਨ ਉਨ੍ਹਾਂ ਨੂੰ ਰੋਜ਼ੀ ਕਮਾਉਣ ਵਾਸਤੇ ਨੌਕਰੀ ਨਹੀਂ ਮਿਲਦੀ। ਮਨਿਸਟਰੀਆਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। (ਵਿਘਨ) ਇਹ ਮੇਰੇ ਦੋਸਤ ਹਨ। (ਵਿਘਨ)। ਸਪੀਕਰ ਸਾਹਿਬ, ਹਰ ਗੱਲ ਮਜ਼ਬੂਰੀ ਦੇ ਨਾਲ ਚੱਲ ਰਹੀ ਹੈ। ਇਨ੍ਹਾਂ ਵਿਚ ਤਾਕਤ ਨਹੀਂ ਹੈ ਕਿ ਇਹ ਸੈਂਟਰ ਵਿਚ ਜਾ ਕੇ ਕਹਿਣ। ਇਨ੍ਹਾਂ ਦੀ ਕੋਈ ਸੇਅ ਨਹੀਂ ਹੈ। ਸਪੀਕਰ ਸਾਹਿਬ, ਕਿਉਂ ਨਾ ਅਸੀਂ ਐਸਾ ਫੈਸਲਾ ਕਰੀਏ ਜਿਸ ਨਾਲ ਕਿ ਸਾਰੀ ਪਰਾਬਲਮ ਹੱਲ ਹੋ ਜਾਵੇ। ਸਾਨੂੰ ਇਹ ਕਹਿੰਦੇ ਹਨ ਕਿ ਤੁਸੀਂ ਇਨ੍ਹਾਂ ਦਾ ਸਾਥ ਛਡ ਗਏ। ਤੁਸੀਂ ਤਾਂ ਇਨ੍ਹਾਂ ਦੇ ਸਾਥੀ ਹੋ ਔਰ ਦਿੱਲੀ ਸਰਕਾਰ ਦੇ ਨੇੜੇ ਹੋ। ਤੁਸੀਂ ਉਥੇ ਜਾ ਕੇ ਦਸੋ। ਇਥੇ ਗਾਲਾਂ ਕੱਢਦੇ ਹੋ। ਇਨ੍ਹਾਂ ਨੂੰ ਹਮੇਸ਼ਾ, ਸਪੀਕਰ ਸਾਹਿਬ, ਡਰ ਰਹਿੰਦਾ ਹੈ।

ਸ੍ਰੀ ਸਪੀਕਰ : ਹੁਣ ਤੁਸੀਂ ਇਕ, ਦੋ ਮਿੰਟਾਂ ਵਿਚ ਵਾਈਂਡ ਅਪ ਕਰੋ।

ਰਾਜਾ ਨਰਿੰਦਰ ਸਿੰਘ : ਬੱਸ ਜੀ, ਮੈਂ ਇਤਨਾ ਟਾਈਮ ਹੀ ਲਵਾਂਗਾ। ਮੈਂ ਹੁਣ, ਸਪੀਕਰ ਸਾਹਿਬ, ਪਬਲਿਕ ਵਰਕਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਰੋਡਜ਼ ਦਾ ਪਰੋਗਰਾਮ ਹੈ ਪਿੰਡਾਂ ਨੂੰ ਸੜਕਾਂ ਨਾਲ ਜੋੜਨਾ ਹੈ। ਕਿਉਂਕਿ ਪਹਿਲਾਂ ਪਿੰਡਾਂ ਵਿਚ ਬੱਸਾਂ ਨਹੀਂ ਸੀ ਜਾਂਦੀਆਂ ਔਰ ਟਰੱਕ ਨਹੀਂ ਸੀ

[ਰਾਜਾ ਨਰਿੰਦਰ ਸਿੰਘ]

ਜਾਂਦੇ । ਸਪੀਕਰ ਸਾਹਿਬ, ਬਿਮਾਰ ਆਦਮੀ ਨੂੰ ਹਸਪਤਾਲ ਲਿਜਾਣ ਵਾਸਤੇ ਵੀ ਟੈਕਸੀ ਅਤੇ ਟਰਾਂਸ-ਪਰਟ ਦਾ ਕੋਈ ਪ੍ਰਬੰਧ ਨਹੀਂ ਸੀ। ਅੱਜ ਪਿੰਡਾਂ ਵਿਚ ਟਰਾਂਸਪੋਰਟ ਦੀਆਂ ਫੈਸਿਲਿਟੀਜ਼ ਹਨ। ਰੋਡਜ਼ ਬਣਾ ਦਿਤੀਆਂ ਗਈਆਂ ਹਨ । ਮੈਂ ਪੀ.ਡਬਲਿਊ.ਡੀ. ਮਨਿਸਟਰ ਨੂੰ ਸਵਾਲ ਕੀਤਾ ਸੀ ਕਿ ਬੱਸਾਂ ਕਿਉਂ ਨਹੀਂ ਚਲਦੀਆਂ ਤਾਂ ਉਹ ਕਹਿੰਦੇ ਹਨ ਕਿ ਰੋਡ ਖਰਾਬ ਹੋ ਗਈ ਹੈ । ਜੇਕਰ ਰੋਡ ਖਰਾਬ ਹੋ ਗਈ ਹੈ ਤਾਂ ਉਸ ਦੀ ਰਿਪੇਅਰ ਕੌਣ ਕਰੇਗਾ ? ਇਨ੍ਹਾਂ ਕੋਲ ਪੈਸਾ ਨਹੀਂ ਹੈ । ਮਾਰਕਿਟ ਕਮੇਟੀਆਂ ਨੂੰ ਇਹ ਪੈਸੇ ਨਹੀਂ ਦਿੰਦੇ । ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਕੋਲ ਕੋਈ ਫੰਡਜ਼ ਨਹੀਂ ਹਨ । ਇਨ੍ਹਾਂ ਕੋਲ ਫੰਡਜ਼ ਨਹੀਂ ਹਨ ਤਾਂ ਰੋਡਜ਼ ਕਿਵੇਂ ਰਿਪੇਅਰ ਹੋਣਗੀਆਂ ? ਜੇਕਰ ਸਾਡੇ ਵਲੋਂ ਕੁਝ ਲਿਖਕੇ ਜਾਂਦਾ ਹੈ ਤਾਂ ਕਹਿੰਦੇ ਹਨ ਕਿ ਕੀਪ ਪੈਂਡਿੰਗ । ਇਨ੍ਹਾਂ ਦਾ ਹਮੇਸ਼ਾ ਰਾਜ ਨਹੀਂ ਰਹਿਣਾ। ਸੜਕਾਂ ਜ਼ਰੂਰ ਰਿਪੇਅਰ ਹੋਣੀਆਂ ਚਾਹੀਦੀਆਂ ਹਨ । (ਘੰਟੀ) ਤੋਤਾ ਸਿੰਘ ਹਮੇਸ਼ਾ ਨਹੀਂ ਰਹਿਣਾ। (ਘੰਟੀ) ਮੈਂ, ਸਪੀਕਰ ਸਾਹਿਬ, ਤੁਹਾਡੀ ਮਾਰਫਤ ਪੀ. ਡਬਲਿਊ. ਡੀ. ਮਨਿਸਟਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਰੋਡਜ਼ ਦੀ ਮੈਨਟੀਨੈਂਸ ਵਾਸਤੇ ਕੁਝ ਰਕਮ ਜੋ ਵਾਜਬ ਹੋਵੇ, ਰੱਖਣ ਤਾਂਕਿ ਰੋਡਜ਼ ਦੀ ਹਾਲਤ ਵੀ ਚੰਗੀ ਰਹੇ । ਧੰਨਵਾਦ ।

ਸਰਦਾਰ ਕੁਲਵੰਤ ਸਿੰਘ, ਐਡਵੋਕੇਟ : ਸਪੀਕਰ ਸਾਹਿਬ, ਮੈਂ ਮੱਦ ਨੰਬਰ 11, 6 ਅਤੇ 14 ਤੇ ਬੋਲਣਾ ਚਾਹੁੰਦਾ ਹਾਂ ....

ਸ੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਸਾਨੂੰ ਵੀ ਬੋਲਣ ਦਾ ਟਾਈਮ ਦਿਓ ।

ਸ੍ਰੀ ਸਪੀਕਰ : ਤੁਹਾਡਾ 21 ਮਿੰਟ ਦਾ ਟਾਈਮ ਸੀ। 21 ਮਿੰਟ ਤਾਂ ਇਕੱਲੇ ਬਾਲਮੁਕੰਦ ਸ਼ਰਮਾ ਜੀ ਬੋਲਦੇ ਰਹੇ ਹਨ ।

ਸ੍ਰੀ ਸ਼ਿਵ ਚੰਦ ਮਲੋਟ : ਉਹ ਸਿਰਫ 5 ਮਿੰਟ ਬੋਲੇ ਹਨ ਜੀ ।

ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ : ਸਪੀਕਰ ਸਾਹਿਬ, ਰਾਜਾ ਨਰਿੰਦਰ ਸਿੰਘ ਜੀ ਨੇ ਜੋ ਕੁਝ ਬੋਲਆ ਹੈ, ਉਸ ਵਿਚੋਂ ਬਹੁਤ ਸਾਰੀਆਂ ਗੱਲਾਂ ਸੱਚੀਆਂ ਨਹੀਂ ਹਨ । ਜਦੋਂ 70,000 ਏਕੜ ਦੀ ਗੱਲ ਹੋਈ ਸੀ, ਇਨ੍ਹਾਂ ਨੇ ਏਥੇ ਮੈਨੂੰ ਵਿਧਾਨ ਸਭਾ ਵਿੱਚ ਕਿਹਾ ਸੀ ਕਿ ਜੇ ਤੁਸੀਂ ਨਹੀਂ ਦਿਉਗੇ ਤਾਂ ਅਸੀਂ 25 ਦੇ 25 ਤੁਹਾਡੇ ਨਾਲ ਰਲਾਂਗੇ । ਪਰ ਅਜੇ ਵੀ ਇਹ ਉਥੇ ਹੀ ਬੈਠੇ ਹਨ ।

ਸ੍ਰੀ ਸਪੀਕਰ : ਮੈਂ ਸਰਦਾਰ ਕੁਲਵੰਤ ਸਿੰਘ ਜੀ, ਤੁਹਾਨੂੰ ਕਹਾਂਗਾ ਕਿ ਤੁਸੀਂ 10 ਮਿੰਟ ਦੇ ਅੰਦਰ ਅੰਦਰ ਕੰਪਲੀਟ ਕਰ ਦਿਓ । ਮੈਂ 8 ਮਿੰਟ ਤੇ ਘੰਟੀ ਵਜਾਵਾਂਗਾ ।

ਸਰਦਾਰ ਕੁਲਵੰਤ ਸਿੰਘ, ਐਡਵੋਕੇਟ (ਕਾਦੀਆਂ): ਮੈਂ, ਸਪੀਕਰ ਸਾਹਿਬ, ਮੱਦ ਨੰਬਰ 11, 6 ਅਤੇ 14 ਤੇ ਕਹਿਣਾ ਚਾਹੁੰਦਾ ਹਾਂ। ਜੋ ਐਜੂਕੇਸ਼ਨ ਦਾ ਵਿਸ਼ਾ ਹੈ ਇਸ ਜ਼ਮਾਨੇ ਵਿੱਚ, ਜੋ ਵਿਦਿਆ ਹੈ, ਉਹ ਲਾਜ਼ਮੀ ਹੈ ਔਰ ਪਹਿਲੇ ਜੋ ਵਿਦਿਆ ਦਾ ਮਿਆਰ ਸੀ, ਉਹ ਹੁਣ ਘਟਦਾ ਜਾ ਰਿਹਾ ਹੈ । ਇਸ ਦੀ ਵਜ੍ਹਾ ਇਹ ਹੈ ਕਿ ਕਾਫੀ ਪੁਰਾਣੇ ਮੈਂਬਰ ਸਾਹਿਬਾਨ ਏਥੇ ਬੈਠੇ ਹਨ, ਸਾਨੂੰ ਪਤਾ ਹੈ ਕਿ ਪਹਿਲਾਂ ਮੈਟ੍ਰਿਕ ਤੱਕ 5 ਸਬਜੈਕਟਸ ਹੁੰਦੇ ਸੀ, ਐਫ.ਏ. ਵਿੱਚ 4 ਅਤੇ ਇਕ ਆਪਸ਼ਨਲ, ਬੀ.ਏ. ਵਿੱਚ 3 ਸਬਜੈਕਟਸ ਅਤੇ ਇਕ ਆਪਸ਼ਨਲ ਹੁੰਦਾ ਸੀ। ਅੱਜ ਜਿਹੜਾ ਕੇ.ਜੀ. ਔਰ ਫਸਟ ਕਲਾਸ ਦਾ ਬੱਚਾ ਹੈ, ਕੀ ਉਹ ਏਨਾ ਬੋਝ ਚੁਕ ਸਕਦਾ ਹੈ ? ਇਹ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਆਏ ਦਿਨ ਸਕੂਲਾਂ ਵਿੱਚ, ਕਾਲਜਾਂ ਵਿੱਚ ਹੜਤਾਲਾਂ ਰਹਿੰਦੀਆਂ ਹਨ, ਕੋਈ ਗੱਲ ਵੀ ਹੋ ਜਾਵੇ, ਚਾਹੇ ਛੋਟੀ ਹੋਵੇ ਚਾਹੇ ਉਸ ਦਾ ਸਕੂਲ ਨਾਲ ਜਾਂ

ਕਾਲਜ ਨਾਲ ਕੋਈ ਸਬੰਧ ਹੋਵੇ, ਨਾ ਹੋਵੇ, ਹੜਤਾਲ ਹੋ ਜਾਂਦੀ ਹੈ । ਬੱਚੇ ਜਿਹੜੇ ਹਨ ਉਹ ਵਿਦਿੱਆ ਪੂਰੀ ਠੀਕ ਢੰਗ ਨਾਲ ਪਰਾਪਤ ਨਹੀਂ ਕਰ ਸਕਦੇ ਅਤੇ ਟੀਚਰ ਸਾਹਿਬਾਨ ਵੀ ਵਕਤ ਸਿਰ ਆਪਣੀ ਡਿਊਟੀ ਨਿਭਾਉਣ ਵਿੱਚ ਨਾਕਾਮਯਾਬ ਹੁੰਦੇ ਹਨ। ਇਸ ਦੇ ਨਾਲ ਵਿਦਿਆ ਦਾ ਜੋ ਮਿਆਰ ਹੈ, ਉਹ ਦਿਨ ਪ੍ਰਤੀ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ । ਅਸੀਂ ਦੇਖਿਆ ਹੈ ਜਦੋਂ ਕੋਈ ਵੀ ਐਗਜ਼ਾਮੀਨੇਸ਼ਨ ਹੁੰਦਾ ਹੈ ਤਾਂ ਲਾਈਨਾਂ ਲਗੀਆਂ ਹੁੰਦੀਆਂ ਹਨ ਨਕਲਾਂ ਮਰਵਾਉਣ ਲਈ। ਮੈਂ ਬੇਨਤੀ ਕਰਾਂਗਾ ਕਿ ਇਹ ਜਿਹੜਾ ਐਜੂਕੇਸ਼ਨ ਦਾ ਪ੍ਰਬੰਧ ਹੈ, ਇਸ ਵਿੱਚ ਸਾਰੇ ਪੰਜਾਬ ਦੇ ਸਕੂਲਾਂ, ਕਾਲਜਾਂ ਵਿੱਚ ਸਬਜੈਕਟਸ ਦੀ ਯੂਨੀ-ਫਾਰਮਿਟੀ ਹੋਣੀ ਚਾਹੀਦੀ ਹੈ ਨਾ ਕਿ ਆਪਣੀ ਮਰਜ਼ੀ ਨਾਲ ਹੋਣਾ ਚਾਹੀਦਾ ਹੈ । ਜੇ ਇਕ ਬੱਚੇ ਦੀ ਮਾਈਗਰੇਸ਼ਨ ਕਰਾਉਣੀ ਪੈਂਦੀ ਹੈ ਤਾਂ ਅੱਗੇ ਉਹ ਸਬਜੈਕਟਸ ਅਵੇਲੇਏਬਲ ਨਹੀਂ ਹੁੰਦਾ। ਇਸ ਲਈ ਯੂਨੀਫਾਰਮਿਟੀ ਹੋਣੀ ਚਾਹੀਦੀ ਹੈ । ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਵਿਦਿਆ ਵਿੱਚ ਜੋ ਖੇਡਾਂ ਦਾ ਵੀ ਹਿੱਸਾ ਹੈ, ਉਸਨੂੰ ਵੀ ਮੇਨਟੇਨ ਕਰਨਾ ਚਾਹੀਦਾ ਹੈ । ਪਿੰਡਾਂ ਵਿੱਚ ਸਟੇਡੀਅਮਜ਼ ਹੋਣੇ ਚਾਹੀਦੇ ਹਨ ਕਿਉਂਕਿ ਪਿੰਡਾਂ ਦੇ ਲੋਕ ਸ਼ਹਿਰਾਂ ਦੇ ਲੋਕਾਂ ਨਾਲੋਂ ਚੰਗੇ ਤੰਦਰੁਸਤ ਹੁੰਦੇ ਹਨ। ਅਸੀਂ ਪਿੰਡਾਂ ਵਿੱਚ ਸਟੇਡੀਅਮਜ਼ ਬਣਾ ਕੇ ਉਨ੍ਹਾਂ ਨੂੰ ਸਪੋਰਟਸ ਵੱਲ ਲਿਜਾਣ ਵਿੱਚ ਖਾਸ ਤੌਰ ਤੇ ਧਿਆਨ ਦੇਈਏ। ਨਾਲ ਹੀ ਜੋ ਸਕੂਲਾਂ ਦੀਆਂ ਬਿਲਡਿੰਗਾਂ, ਜੋ ਨਵਾਂ ਸ਼ਹਿਰ ਜਾਂ ਹੋਰ ਕਈ ਥਾਵਾਂ ਤੇ ਪਤਾ ਲੱਗਾ ਹੈ, ਬੜੀਆਂ ਪੁਰਾਣੀਆਂ ਬਿਲਡਿੰਗਾਂ ਹਨ, ਉਨ੍ਹਾਂ ਵਾਸਤੇ ਵੀ ਬਜਟ ਵਿੱਚ ਪੈਸਾ ਵੱਧ ਹੋਣਾ ਚਾਹੀਦਾ ਹੈ। ਜੋ ਐਡਲਟ ਐਜੂਕੇਸ਼ਨ ਹੈ, ਵੱਡੀ ਉਮਰ ਦੇ ਕਈ ਆਦਮੀ ਅਤੇ ਬੀਬੀਆਂ ਪੜ੍ਹਾਈ ਤੋਂ ਰਹਿ ਗਈਆਂ ਹਨ, ਉਨ੍ਹਾਂ ਵਾਸਤੇ ਐਡਲਟ ਐਜੂਕੇਸ਼ਨ ਲਾਜ਼ਮੀ ਹੋਵੇ ।

ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਹਾਊਸ ਵਿੱਚ ਇਕ ਗੱਲ ਦੀ ਬੜੀ ਚਰਚਾ ਹੋਈ ਹੈ, ਮਾਸਟਰ ਮੋਹਨ ਲਾਲ ਜੀ ਵਲੋਂ ਵੀ, ਕਿ ਪੰਜਾਬ ਦੇ ਹਾਲਾਤ ਠੀਕ ਨਹੀਂ। ਆਏ ਦਿਨ ਕੋਈ ਨਾ ਕੋਈ ਵਾਰਦਾਤ ਹੁੰਦੀ ਰਹਿੰਦੀ ਹੈ ਲੇਕਿਨ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਇਹ ਸਾਡੀ ਸਭ ਦੀ ਜ਼ਿੰਮੇਵਾਰੀ ਹੈ । ਅੱਜ ਤੱਕ ਕਿਸੇ ਵੀ ਪਿੰਡ ਵਿੱਚ ਜੇ ਕੋਈ ਬੰਦਾ ਕਤਲ ਹੋਇਆ ਹੈ, ਕੋਈ ਮਾਰਿਆ ਗਿਆ ਹੈ, ਕਦੇ ਹਜੂਮ ਇਕੱਠਾ ਨਹੀਂ ਹੋਇਆ, ਕਦੇ ਕੋਈ ਐਸੀ ਗੱਲ ਨਹੀਂ ਹੋਈ। ਲੇਕਿਨ ਸ਼ਹਿਰਾਂ ਵਿਚ ਜੇਕਰ ਕੋਈ ਐਸੀ ਅਨ-ਹੈਪਨਿੰਗ ਹੋ ਜਾਂਦੀ ਹੈ, ਕੋਈ ਬੰਦਾ ਮਰ ਜਾਂਦਾ ਹੈ ਤਾਂ ਸ਼ਹਿਰ ਵਾਲੇ ਇਕੱਠੇ ਹੋ ਕੇ ਮਾਬ ਮੈਨਟੈਲਿਟੀ ਬਣ ਕੇ ਦੁਕਾਨਾਂ ਨੂੰ ਅੱਗ ਲਗਾਉਣ ਲਗ ਜਾਂਦੇ ਹਨ ਜਿਸ ਨਾਲ ਲਾਅ ਐਂਡ ਆਰਡਰ ਪ੍ਰਾਬਲਮ ਬਣ ਜਾਂਦੀ ਹੈ । ਮੈਂ ਅਪੀਲ ਕਰਾਂਗਾ ਆਪਣੇ ਸ਼ਹਿਰੀ ਵੀਰਾਂ ਨੂੰ ਕਿ ਇਸ ਵਲ ਧਿਆਨ ਦੇਣਾ ਚਾਹੀਦਾ ਹੈ ਤਾਕਿ ਕਰਫੀਊ ਲਗਾਣ ਦੀ ਲੋੜ ਨਾ ਪਏ। ਠੀਕ ਹੈ ਅੱਜ ਅੱਤਿਵਾਦੀਆਂ ਦਾ ਨਿਸ਼ਾਨਾਂ ਇਹੀ ਹੈ ਕਿ ਆਪਸ ਵਿਚ ਲੜਾਈ ਕਰਾਈ ਜਾਏ, ਫਸਾਦ ਕਰਾਏ ਜਾਣ । ਜੇਕਰ ਇਨ੍ਹਾਂ ਲੋਕਾਂ ਦੇ ਮਗਰ ਲਗ ਜਾਵਾਂਗੇ ਤਾਂ ਉਨ੍ਹਾਂ ਦੀ ਪਾਲਿਸੀ ਕਾਮਯਾਬ ਹੋ ਜਾਏਗੀ । ਇਸ ਲਈ ਸ਼ਹਿਰੀ ਵੀਰਾਂ ਨੂੰ ਮੇਰੀ ਅਪੀਲ ਹੈ, ਮੇਰੀ ਬੇਨਤੀ ਹੈ ਕਿ ਮਹੌਲ ਨੂੰ ਠੰਡਾ ਰੱਖਣ ਵਾਸਤੇ ਇਹ ਸਾਨੂੰ ਸਹਿਯੋਗ ਦੇਣ ਤਾਕਿ ਲਾਅ ਐਂਡ ਆਰਡਰ ਦੀ ਪ੍ਰਾਬਲਮ ਨੂੰ ਠੀਕ ਰਖ ਸਕੀਏ ।

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਲੋਕਾਂ ਕੋਲੋਂ ਅਸੀਂ ਵੋਟਾਂ ਲਈਆਂ ਸਨ ਤਾਂ ਉਸ ਵੇਲੇ ਅਸੀਂ ਵਾਅਦਾ ਕੀਤਾ ਸੀ ਕਿ ਪਿੰਡਾਂ ਵਿਚ ਦਰਖਤ ਲਗਾਵਾਂਗੇ, ਉਥੇ ਸੜਕਾਂ ਬਣਵਾਂਗੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੋ ਟਰਾਂਸਪੋਰਟ ਦਾ ਬਜਟ ਹੈ ਇਸ ਵਿਚ ਜੋ ਕੱਟ ਲਗਾਈ ਗਈ ਹੈ ਇਸ ਨਾਲ ਪੰਜਾਬ ਅੰਦਰ ਲਾਅ ਐਂਡ ਆਰਡਰ ਦੀ ਪ੍ਰਾਬਲਮ ਹੋਰ ਵਧੇਗੀ। ਪਹਿਲਾਂ ਦੱਸ ਲਈਆਂ ਫਿਰ 400 ਬੱਸਾਂ ਹੋਰ ਲੈਣ ਦਾ ਟੀਚਾ ਸੀ। ਜੇਕਰ ਇਹ ਬੱਸਾਂ ਸਾਰੀਆਂ ਨਾ ਲਈਆਂ ਗਈਆਂ

[ਸਰਦਾਰ ਕੁਲਵੰਤ ਸਿੰਘ, ਐਡਵੋਕੇਟ]

ਤਾਂ ਸਾਡੇ ਸੂਬੇ ਦੀ ਲਾਅ ਐਂਡ ਆਰਡਰ ਦੀ ਪ੍ਰਾਬਲਮ ਹੋਰ ਵਧੇਗੀ। ਇਸ ਲਈ ਮੈਂ ਅਪੀਲ ਕਰਾਂਗਾ ਕਿ ਇਹ ਕੱਟ ਜੋ ਕਿ ਟਰਾਂਸਪੋਰਟ ਦੇ ਬਜਟ ਵਾਸਤੇ ਲਗਾਇਆ ਗਿਆ ਹੈ ਇਹ ਕੱਟ ਨਹੀਂ ਲੱਗਣਾ ਚਾਹੀਦਾ ਔਰ ਪੂਰਾ ਬਜਟ ਪਾਸ ਹੋਣਾ ਚਾਹੀਦਾ ਹੈ। ਸਪੀਕਰ ਸਾਹਿਬ, ਇੱਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ। ਸਾਡੇ ਮੈਂਬਰ ਸਾਹਿਬਾਨ, ਅਸੀਂ ਕੋਸ਼ਿਸ਼ ਕਰਦੇ ਹਾਂ ਕਿ ਆਪਣੀ ਜ਼ਿਮੇਵਾਰੀ ਦੂਜੇ ਤੇ ਪਾਈ ਜਾਏ। ਢੀਂਡਸਾ ਸਾਹਿਬ ਆਪ ਵਜ਼ੀਰ ਰਹੇ ਹਨ ਔਰ ਇਹ ਪਹਿਲਾਂ ਤੋਂ ਚਲੇ ਆ ਰਹੇ ਹਨ। ਇਨ੍ਹਾਂ ਨੂੰ ਪਤਾ ਹੈ। ਪਹਿਲਾਂ ਪੰਜਾਬ ਵਿਚ ਅਮਨ ਔਰ ਸ਼ਾਂਤੀ ਬਹਾਲ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਜੋ ਪਿੰਡਾਂ ਦੇ ਮਸਲੇ ਹਨ, ਜੋ ਪਿੰਡਾਂ ਨੂੰ ਰੂਟ ਦੇਣੇ ਹਨ ਉਹ ਹਲ ਹੋ ਸਕਦੇ ਹਨ। ਨਵੀਂ ਪਾਲਿਸੀ ਲਈ ਇੱਕ ਹਾਈ ਪਾਵਰਡ ਕਮੇਟੀ ਬਣਾਈ ਹੈ। ਉਸ ਨੇ ਪਾਸ ਕਰਕੇ ਨਵੇਂ ਰੂਟ ਦੇਣੇ ਹਨ। ਉਸ ਨਾਲ ਫਾਇਦਾ ਹੋਇਆ ਹੈ। ਕਈਆਂ ਨੂੰ ਐਂਪਲਾਇਮੈਂਟ ਮਿਲੀ ਹੈ। ਇੱਕ ਗੱਲ ਹੋਰ ਹੈ ਕਿ ਕਿਸੇ ਵੇਲੇ ਐਸੀ ਗੱਲ ਹੋ ਜਾਂਦੀ ਹੈ ਕਿ ਸੀ.ਆਰ.ਪੀ.ਐਫ. ਵਾਲੇ ਜਾਂ ਪੁਲਿਸ ਵਾਲੇ ਜਦੋਂ ਕਿਸੇ ਡਰਾਈਵਰ ਜਾਂ ਕੰਡਕਟਰ ਨੂੰ ਮਾਰ ਦਿੰਦੇ ਹਨ ਤਾਂ ਬੱਸਾਂ ਦੀ ਹੜਤਾਲ ਹੋ ਜਾਂਦੀ ਹੈ। ਇਸ ਲਈ ਵੀ ਪ੍ਰਾਈਵੇਟ ਬੱਸਾਂ ਉਸ ਵੇਲੇ ਬਹੁਤ ਕੰਮ ਆਉਂਦੀਆਂ ਹਨ ਅਤੇ ਸਵਾਰੀਆਂ ਨੂੰ ਤਕਲੀਫ ਨਹੀਂ ਹੁੰਦੀ। ਫਿਰ ਸਰਕਾਰੀ ਬੱਸਾਂ ਦਾ ਪ੍ਰਾਈਵੇਟ ਬੱਸਾਂ ਨਾਲ ਕੰਪੀਟੀਸ਼ਨ ਹੋਏਗਾ ਜਿਸ ਨਾਲ ਲੋਕਾਂ ਨੂੰ ਬੈਨੀਫਿਟ ਮਿਲੇਗਾ। ਸਰਕਾਰੀ ਬੱਸਾਂ ਤੇ ਡਿਪੈਂਡ ਨਹੀਂ ਕੀਤਾ ਜਾਏਗਾ ਔਰ ਸਵਾਰੀਆਂ ਨੂੰ ਤਕਲੀਫ ਨਹੀਂ ਹੋਏਗੀ।

ਸਪੀਕਰ ਸਾਹਿਬ, ਪਿਛਲੇ ਸਾਲ ਇਸ ਹਾਊਸ ਵਿਚ 31 ਮਾਰਚ, 1986 ਨੂੰ ਸਾਰੇ ਹਾਊਸ ਨੇ ਸਰਬ-ਸੰਮਤੀ ਨਾਲ ਇਕ ਮਤਾ ਪਾਸ ਕੀਤਾ ਸੀ ਕਿ ਜੋਧਪੁਰ ਵਿਚ ਜਿਹੜੇ ਬੰਦੇ ਜੇਲ੍ਹਾਂ ਵਿਚ ਹਨ ਉਨ੍ਹਾਂ ਨੂੰ ਰਿਹਾਅ ਕੀਤਾ ਜਾਏ। ਸਾਰੇ ਹਾਊਸ ਨੇ ਇਹ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਸੀ ਕਿ ਪੰਜਾਬ ਅਕਾਰਡ ਨੂੰ ਲਾਗੂ ਕੀਤਾ ਜਾਏ। ਮੈਂ ਕਿਹਾ ਸੀ ਕਿ ਸੈਂਟਰ ਔਰ ਸਟੇਟ ਰਿਲੇਸ਼ਨਜ਼ ਠੀਕ ਹੋਣੇ ਚਾਹੀਦੇ ਹਨ। ਜੋ ਇਸ ਵਿਚ ਘਾਟਾਂ ਹਨ ਉਹ ਪੂਰੀਆਂ ਹੋਣੀਆਂ ਚਾਹੀਦੀਆਂ ਹਨ ਤਾਕਿ ਆਪਣੇ ਲੋਕਾਂ ਵਾਸਤੇ ਕੀਤੇ ਹੋਏ ਵਾਅਦੇ ਪੂਰੇ ਕਰ ਸਕੀਏ। ਇੱਕ ਗੱਲ ਮੈਂ ਹੋਰ ਕਹਿਣਾ ਚਾਹੁੰਦਾ ਹਾਂ ਕਿ ਜੋਧਪੁਰ ਦੇ ਕੈਦੀਆਂ ਵਾਸਤੇ ਅਸੀਂ ਤਾਂ ਉਦਮ ਕਰ ਰਹੇ ਹਾਂ ਪਰ ਮੈਂ ਬੇਨਤੀ ਕਰਾਂਗਾ ਆਪਣੇ ਵੀਰਾਂ ਨੂੰ ਕਿ ਤੁਸੀਂ ਨਾਰਾਜ਼ ਕਿਉਂ ਹੁੰਦੇ ਹੋ। ਮੈਂ ਇਨ੍ਹਾਂ ਕੋਲੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜੋਧਪੁਰ ਦੇ ਕੈਦੀਆਂ ਨੂੰ ਛੁਡਵਾਉਣ ਵਾਸਤੇ ਅਤੇ ਫੌਜੀਆਂ ਨੂੰ ਰਿਹਾਅ ਕਰਾਉਣ ਵਾਸਤੇ ਕੀ ਕੀਤਾ ਹੈ? ਕੀ ਸੈਂਟਰ ਵਿਚ ਜਾਕੇ ਉਥੇ ਕੋਈ ਇਨ੍ਹਾਂ ਨੇ ਧਰਨਾ ਦਿੱਤਾ ਹੈ? ਕੀ ਕੋਈ ਜਲੂਸ ਆਦਿ ਉਥੇ ਇਨ੍ਹਾਂ ਨੇ ਕਢੇ ਹਨ? ਇਸ ਲਈ ਬੇਨਤੀ ਹੈ ਕਿ ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ ਅਤੇ ਇਕ ਦੀ ਨਹੀਂ ਜਾਂ ਬਰਨਾਲਾ ਸਰਕਾਰ ਦੀ ਨਹੀਂ। ਇਹ ਸਾਰੇ ਪੰਜਾਬ ਦੀ ਜ਼ਿੰਮੇਵਾਰੀ ਹੈ ਕਿਉਂਕਿ ਅਸੀਂ ਵੋਟਾਂ ਲੈ ਕੇ ਉਨ੍ਹਾਂ ਲੋਕਾਂ ਕੋਲੋਂ ਆਏ ਹਾਂ।

ਮੈਂ ਹੁਣ ਹੋਮ ਅਫੇਅਰਜ਼ ਅਤੇ ਜਸਟਿਸ ਤੇ ਇਕ ਮਿੰਟ ਲੈਣਾ ਚਾਹੁੰਦਾ ਹਾਂ। ਮੈਂ ਬੇਨਤੀ ਕਰਾਂਗਾ ਕਿ ਇਸ ਵੇਲੇ ਜੋ ਸਿਸਟਮ ਚੱਲ ਰਿਹਾ ਹੈ, ਇਹ ਜਿਹੜੀਆਂ ਕੋਰਟਸ ਹਨ, ਜੱਜ ਹਨ, ਪੁਲਿਸ ਹੈ ਅਤੇ ਜੇਲ੍ਹਾਂ ਹਨ, ਉਥੇ ਕੀ ਹੋ ਰਿਹਾ ਹੈ। ਜੁਡੀਸ਼ਲ ਮੈਜਿਸਟਰੇਟ ਸੇਫ ਨਹੀਂ ਹਨ। ਅਦਾਲਤਾਂ ਵਿਚ ਜਾ ਕੇ ਉਨ੍ਹਾਂ ਨੂੰ ਗੋਲੀ ਮਾਰੀ ਜਾ ਰਹੀ ਹੈ। ਜੇਲ੍ਹਾਂ ਵਿਚ ਕੀ ਹੋ ਰਿਹਾ ਹੈ? ਜੇਲ੍ਹਾਂ ਵਿਚ ਅਸੀਂ ਵੀ ਹੋਕੇ ਆਏ ਹਾਂ, ਉਥੇ ਦਾ ਪ੍ਰਬੰਧ ਹੋਰ ਸੁਧਾਰਨਾ ਚਾਹੀਦਾ ਹੈ। ਪੁਲਿਸ ਡੀਪਾਰਟਮੈਂਟ ਹੈ, ਹੋਮ ਮਨਿਸਟਰ ਸਾਹਿਬ ਬੈਠੇ ਹਨ, ਮੈਂ ਕਹਾਂਗਾ ਕਿ ਪੁਲਿਸ ਦਾ ਸੁਧਾਰ ਹੋਣਾ ਲਾਜ਼ਮੀ ਹੈ। ਇਹ ਜਿਹੜਾ

ਟਰੈਫਿਕ ਸਟਾਫ ਵਾਲੇ ਹਨ ਉਹ ਟਰੱਕਾਂ, ਬੱਸਾਂ ਵਾਲਿਆਂ ਕੋਲੋਂ ਸਿਵਾਏ ਪੈਸੇ ਉਗਰਾਹੁਣ ਦੇ ਕੋਈ ਕੰਮ ਨਹੀਂ ਕਰਦੇ। ਉਹ ਆਪਣੀ ਟਰੈਫਿਕ ਦੀ ਡਿਊਟੀ ਨਹੀਂ ਦਿੰਦੇ, ਉਹ ਪੈਸੇ ਉਗਰਾਹੁਣ ਦਾ ਕੰਮ ਕਰਦੇ ਹਨ। ਇਸ ਲਈ ਟਰੈਫਿਕ ਸਟਾਫ ਦਾ ਸੁਧਾਰ ਹੋਣਾ ਚਾਹੀਦਾ ਹੈ ਤਾਕਿ ਉਹ ਲੋਕਾਂ ਨੂੰ ਐਵੇਂ ਤੰਗ ਨਾ ਕਰਨ। ਇਕ ਮੈਂ ਹੋਰ ਬੇਨਤੀ ਕਰਦਾ ਹਾਂ ਕਿ ਇਸ ਵੇਲੇ ਪੰਜਾਬ ਵਿੱਚ ਸੀ.ਆਰ.ਪੀ. ਐਫ. ਅਤੇ ਬੀ.ਐਸ.ਐਫ. ਦੀਆਂ ਬਟਾਲੀਅਨਜ਼ ਲੱਗੀਆਂ ਹਨ ਕਿਉਂਕਿ ਇਥੇ ਲਾਅ ਐਂਡ ਆਰਡਰ ਦੀ ਪ੍ਰਾਬਲਮ ਹੈ। ਮੈਂ ਬੇਨਤੀ ਕਰਾਂਗਾ ਕਿ ਜਿਹੜੀ ਸਾਡੀ ਪੰਜਾਬ ਦੀ ਪੁਲਿਸ ਹੈ ਇਸ ਦੀ ਸਕਰੀਨਿੰਗ ਹੋਣੀ ਚਾਹੀਦੀ ਹੈ। ਇਸ ਵਿਚ ਕੁਝ ਐਸੇ ਬੰਦੇ ਹਨ ਜਿਹੜੇ ਠੀਕ ਡਿਊਟੀ ਨਹੀਂ ਦੇ ਰਹੇ। ਉਨ੍ਹਾਂ ਦੀ ਸਕਰੀਨਿੰਗ ਕਰਕੇ ਜਿਹੜੇ ਮਾੜੇ ਆਦਮੀ ਹਨ ਅਤੇ ਜਿਨ੍ਹਾਂ ਦਾ ਸਬੰਧ ਹੋਰਨਾਂ ਨਾਲ ਹੈ ਉਨ੍ਹਾਂ ਨੂੰ ਉਥੋਂ ਕੱਢਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਕਰਕੇ ਕਲੀਨ ਐਡਮਨਿਸਟਰੇਸ਼ਨ ਦਿਓ। ਇਸ ਤਰ੍ਹਾਂ ਕਰਕੇ ਅਸੀਂ ਕਲੀਨ ਐਡਮਨਿਸਟਰੇਸ਼ਨ ਅਤੇ ਇਨਸਾਫ ਕਰ ਸਕਦੇ ਹਾਂ। ਇਨ੍ਹਾਂ ਲਫਜ਼ਾਂ ਨਾਲ ਮੈਂ ਆਪ ਦਾ ਧੰਨਵਾਦੀ ਹਾਂ ਅਤੇ ਇਨ੍ਹਾਂ ਮੰਗਾਂ ਦੀ ਪ੍ਰੋੜ੍ਹਤਾ ਕਰਦਾ ਹਾਂ।

ਸ਼੍ਰੀ ਸਪੀਕਰ : ਮਾਸਟਰ ਮੋਹਨ ਲਾਲ ਜੀ, ਤੁਸੀਂ 5 ਮਿੰਟਾਂ ਵਿਚ ਸਮਾਪਤ ਕਰੋ।

ਆਵਾਜ਼ਾਂ : ਸਾਨੂੰ ਵੀ ਟਾਈਮ ਦਿਓ ਜੀ।

ਸ਼੍ਰੀ ਸਪੀਕਰ : ਜੇ ਹਾਊਸ ਦਾ ਟਾਈਮ ਐਕਸਟੈਂਡ ਹੋਇਆ ਤਾਂ ਤਹਾਨੂੰ ਟਾਈਮ ਮਿਲੇਗਾ।

ਮਾਸਟਰ ਮੋਹਨ ਲਾਲ (ਪਠਾਨਕੋਟ) : ਸਪੀਕਰ ਸਾਹਿਬ, ਮੈਂ ਡੀਮਾਂਡ ਨੰ. 12, 21, 19, 23 ਅਤੇ 28 ਦੇ ਮੁਤੱਲਕ ਕੁਝ ਸਜੈਸ਼ਨਜ਼ ਦੇਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਟਰਾਂਸਪੋਰਟ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ। ਪੰਜਾਬ ਰੋਡਵੇਜ਼ ਦਾ ਮਸਲਾ, ਬੱਸਾਂ ਦਾ ਮਸਲਾ ਪੰਜਾਬ ਦਾ ਬੜਾ ਸੰਗੀਨ ਮਸਲਾ ਹੈ। ਖਾਸ ਤੌਰ ਤੇ ਉਹ ਲੋਕ ਜਿਹੜੇ ਕੰਡੀ ਏਰੀਆ, ਸੈਮੀ ਹਿੱਲ ਏਰੀਆ ਵਾਲੇ ਹਨ ਉਨ੍ਹਾਂ ਨੂੰ ਬੜੀ ਤਕਲੀਫ ਹੈ। ਇਨ੍ਹਾਂ ਨੇ 20 ਕਰੋੜ ਰੁਪਏ ਦਾ ਪਰੋਵੀਜ਼ਨ ਰੱਖਿਆ ਸੀ ਪਰ ਉਸ ਵਿਚ ਇਨ੍ਹਾਂ ਨੇ 50 ਪ੍ਰਤੀਸ਼ਤ ਕੱਟ ਲਗਾ ਦਿੱਤੀ। ਟਰਾਂਸਪੋਰਟ ਦੀ ਬੜੀ ਮਾੜੀ ਹਾਲਤ ਹੈ। ਇਸ ਦੀ ਹਾਲਤ ਸੁਧਾਰਨ ਵਾਸਤੇ 20 ਕਰੋੜ ਰੁਪਏ ਦਾ ਜਿਹੜਾ ਪ੍ਰੋਵੀਜ਼ਨ ਰੱਖਿਆ ਗਿਆ ਸੀ ਇਸ ਨੂੰ ਇਸ ਤੋਂ ਵੀ ਵੱਧ ਕਰੋ ਤਾਂਕਿ ਲੋਕਾਂ ਨੂੰ ਪਰਾਪਰ ਬੱਸ ਸੇਵਾ ਮੁਹੱਈਆ ਕੀਤੀ ਜਾਵੇ। ਸੈਮੀ ਹਿੱਲ ਏਰੀਆ, ਕੰਡੀ ਏਰੀਆ ਵਿਚ ਟਰਾਂਸਪੋਰਟ ਸਾਧਨ ਜ਼ਿਆਦਾ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ।

ਦੂਸਰੀ ਗੱਲ ਰੂਰਲ ਡੀਵੈਲਪਮੈਂਟ ਪੰਚਾਇਤੀ ਰਾਜ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ। ਪੰਜਾਬ ਦੇ ਪਿੰਡ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ। ਆਜ਼ਾਦੀ ਦੇ 40 ਸਾਲਾਂ ਦੇ ਅੰਦਰ ਪਿੰਡਾਂ ਅਤੇ ਸ਼ਹਿਰਾਂ ਦਰਮਿਆਨ ਡਿਸਪੈਰਿਟੀ ਵਧੀ ਹੈ। ਸਪੀਕਰ ਸਾਹਿਬ, ਮੈਂ ਕੁਝ ਅੰਕੜਿਆਂ ਰਾਹੀਂ ਜਾਣਕਾਰੀ ਦੇਣਾ ਚਾਹੁੰਦਾ ਹਾਂ। ਪਿੰਡਾਂ ਦੇ ਅੰਦਰ ਤਕਰੀਬਨ ਪਾਣੀ 5 ਪ੍ਰਤੀਸ਼ਤ ਲੋਕਾਂ ਨੂੰ ਮੁਹੱਈਆ ਹੈ ਜਦ ਕਿ ਸ਼ਹਿਰਾਂ ਵਿਚ 95 ਪ੍ਰਤੀਸ਼ਤ। ਚਕਿਤਸਾ ਪਿੰਡਾਂ ਵਿਚ 7 ਪ੍ਰਤੀਸ਼ਤ ਲੋਕਾਂ ਨੂੰ ਮੁਹੱਈਆ ਹੈ ਜਦ ਕਿ ਸ਼ਹਿਰਾਂ ਵਿਚ 93 ਪ੍ਰਤੀਸ਼ਤ। ਇਸੇ ਤਰ੍ਹਾਂ ਪੜ੍ਹੇ ਲਿਖਿਆਂ ਦੀ ਗੱਲ ਹੈ ......

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ** ** **

Mr. Speaker: Please take your seat. This is no point of order.

**Expunged as ordered by the Chair.

[ਸ਼੍ਰੀ ਸਪੀਕਰ]

ਮਾਸਟਰ ਜੀ, ਤੁਸੀਂ ਕਿਸ ਡੀਮਾਂਡ ਤੇ ਬੋਲ ਰਹੇ ਹੋ ?

ਮਾਸਟਰ ਮੋਹਨ ਲਾਲ : ਮੈਂ ਡੀਮਾਂਡ ਨੰ: 23 ਤੇ ਬੋਲ ਰਿਹਾ ਹਾਂ ਜੋ ਕਿ ਰੂਰਲ ਡੀਵੈਲਪਮੈਂਟ ਐਂਡ ਪੰਚਾਇਤਸ ਦੀ ਹੈ ।

ਸ਼੍ਰੀ ਸਪੀਕਰ : ਇਹ ਜਿਹੜੀਆਂ ਡੀਮਾਂਡਜ਼ ਹਨ ਉਨ੍ਹਾਂ ਤੇ ਗਿਲੋਟੀਨ ਅਪਲਾਈ ਹੋਣੀ ਹੈ, ਜਿਹੜੀ ਡਿਸਕਸ਼ਨ ਹੋਣੀ ਹੈ ਉਹ ਸਿਰਫ ਜਨਰਲ ਐਡਮਨਿਸਟਰੇਸ਼ਨ, ਐਜੂਕੇਸ਼ਨ, ਪਬਲਿਕ ਵਰਕਸ ਅਤੇ ਇੰਡਸਟਰੀਜ਼ ਦੀਆਂ ਡੀਮਾਂਡਜ਼ ਤੇ ਹੋਣੀ ਹੈ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਇਨ੍ਹਾਂ ਡੀਮਾਂਡਜ਼ ਤੇ ਹੀ ਡਿਸਕਸ਼ਨ ਹੋਵੇਗੀ ਤੇ ਬਾਕੀਆਂ ਤੇ ਗਿਲੋਟੀਨ ਅਪਲਾਈ ਹੋਵੇਗੀ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਨਿਵੇਦਨ ਕਰਦਾ ਹਾਂ ਕਿ ਮੈਂ ਡੇਲੀ ਵੇਜਿਜ਼ ਮਜ਼ਦੂਰਾਂ ਦੀ ਗੱਲ ਕਰਨ ਲਗਾ ਹਾਂ ਜਿਹੜੇ ਕਿ ਪਬਲਿਕ ਵਰਕਸ ਡੀਪਾਰਟਮੈਂਟ ਵਿੱਚ ਕੰਮ ਕਰਦੇ ਹਨ ।

Mr. Speaker: As per rules, the Guillotine was to be applied at 12.00 noon. But now some more members want to speak. If this hon'ble House agrees, the Guilltoine may be applied at 1.00 P.M. Is it the pleasure or the House?

(Voices: Yes, yes)

ਅੱਧਾ ਘੰਟਾ ਲਗ ਜਾਵੇਗਾ ਡੀਮਾਂਡਜ਼ ਪੁੱਟ ਕਰਨ ਵਾਸਤੇ, ਇਸ ਕਰਕੇ ਗਿਲੋਟੀਨ 1.00 ਵਜੇ ਅਪਲਾਈ ਹੋਵੇਗੀ ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਜਿਹੜੇ ਡੇਲੀ ਵੇਜਿਜ਼ ਤੇ ਵਰਕਰਜ਼ ਲਗੇ ਹਨ ਜਲੰਧਰ, ਰੋਪੜ ਅਤੇ ਹੁਸ਼ਿਆਰਪੁਰ ਵਿੱਚ, ਇਨ੍ਹਾਂ ਤਿੰਨ ਜ਼ਿਲ੍ਹਿਆਂ ਵਿੱਚ ਜਿਹੜੇ ਡੇਲੀ ਵੇਜਿਜ਼ ਤੇ ਕੰਮ ਕਰਨ ਵਾਲੀ ਅਨਸਕਿਲਡ ਲੇਬਰ ਹੈ ਉਨ੍ਹਾਂ ਨੂੰ ਜੋ ਡੇਲੀ ਮਿਲਦੀ ਹੈ ਉਸ ਦੇ ਵਿੱਚ ਡਿਸਪੈਰਿਟੀ ਹੈ । ਜਲੰਧਰ ਵਿੱਚ ਅਨਸਕਿਲਡ ਲੇਬਰ ਨੂੰ 17 ਰੁਪਏ ਡੇਲੀ ਮਿਲਦੀ ਹੈ, ਰੋਪੜ ਵਿੱਚ 17 ਰੁਪਏ ਮਿਲਦੀ ਹੈ, ਹੁਸ਼ਿਆਰਪੁਰ ਵਿੱਚ ਹਰ ਮਹੀਨੇ 445 ਰੁਪਏ ਅਤੇ ਗੁਰਦਾਸਪੁਰ ਵਿੱਚ 12 ਰੁਪਏ ਅਨਸਕਿਲਡ ਵਰਕਰ ਨੂੰ ਜੋ ਡੇਲੀ ਵੇਜਿਜ਼ ਤੇ ਸੜਕਾਂ ਤੇ ਕੰਮ ਕਰਦਾ ਹੈ ਉਸ ਨੂੰ ਮਿਲਦੇ ਹਨ । ਮੇਰੀ ਸਬਮਿਸ਼ਨ ਹੈ ਕਿ ਇਹ ਡੇਲੀ ਵੇਜਿਜ਼ ਸਾਰੇ ਜ਼ਿਲ੍ਹਿਆਂ ਵਿੱਚ ਐਟ ਪਾਰ ਕੀਤਾ ਜਾਵੇ ਔਰ ਇਹ ਵਧਾ ਕੇ ਘੱਟੋ ਘੱਟ 20 ਰੁਪਏ ਡੇਲੀ ਉਨ੍ਹਾਂ ਅਨਸਕਿਲਡ ਵਰਕਰਾਂ ਨੂੰ, ਜੋ ਸੜਕਾਂ ਤੇ ਕੰਮ ਕਰਦੇ ਹਨ, ਉਨ੍ਹਾਂ ਨੂੰ ਦਿੱਤੇ ਜਾਣ ।

ਸ਼੍ਰੀ ਸਪੀਕਰ : ਮਾਸਟਰ ਜੀ, ਤੁਸੀਂ ਲੇਬਰ ਡਿਪਾਰਟਮੈਂਟ ਦੀ ਗੱਲ ਕਰ ਰਹੇ ਹੋ ਜਿਹੜੀ ਅੱਜ ਦੀ ਡਿਸਕਸ਼ਨ ਦਾ ਮੌਜ਼ੂਹ ਨਹੀਂ ਹੈ ।

ਮਾਸਟਰ ਮੋਹਨ ਲਾਲ : ਜਨਰਲ ਐਡਮਨਿਸਟਰੇਸ਼ਨ ਦੇ ਵਿੱਚ ਹਰ ਮਸਲਾ ਆ ਸਕਦਾ ਹੈ ਜੀ (ਹਾਸਾ) ।

ਸ਼੍ਰੀ ਸਪੀਕਰ : ਜੇ ਜਨਰਲ ਐਡਮਨਿਸਟਰੇਸ਼ਨ ਦੇ ਵਿੱਚ ਹਰ ਮਸਲਾ ਆ ਜਾਂਦਾ ਹੈ ਤਾਂ ਇਕੱਲਾ ਜਨਰਲ ਐਡਮਨਿਸਟਰੇਸ਼ਨ ਹੀ ਕਹਿ ਦੇਈਏ, ਬਾਕੀਆਂ ਦੀ ਫਿਰ ਕੀ ਲੋੜ ਹੈ । (ਵਿਘਨ) Please wind up in two minutes.

ਮਾਸਟਰ ਮੋਹਨ ਲਾਲ : ਮੈਂ ਐਜੂਕੇਸ਼ਨ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ । ਐਜੂਕੇਸ਼ਨ ਦਾ ਮਿਆਰ, ਸਪੀਕਰ ਸਾਹਿਬ, ਜਿਸ ਤਰ੍ਹਾਂ ਸਰਦਾਰ ਕੁਲਵੰਤ ਸਿੰਘ ਜੀ ਨੇ ਕਿਹਾ ਹੈ, ਦਿਨ ਪ੍ਰਤੀ ਦਿਨ ਗਿਰਦਾ ਜਾ ਰਿਹਾ ਹੈ । ਹਰ ਬੁਧੀਜੀਵੀ ਆਦਮੀ ਇਹੀ ਕਹਿੰਦਾ ਹੈ ਕਿ ਪੰਜਾਬ ਵਿਚ ਐਜੂਕੇਸ਼ਨ ਦਾ ਸਿਸਟਮ ਠੀਕ ਤਰੀਕੇ ਨਾਲ ਚਲਣਾ ਚਾਹੀਦਾ ਹੈ । ਇਮਤਿਹਾਨਾਂ ਦਾ ਦੌਰ ਜਦੋਂ ਸ਼ੁਰੂ ਹੁੰਦਾ ਹੈ ਜੇ, ਸਪੀਕਰ ਸਾਹਿਬ, ਤੁਹਾਨੂੰ ਐਗਜ਼ਾਮੀਨੇਸ਼ਨ ਸੈਂਟਰਜ਼ ਵਿੱਚ ਜਾਣ ਦਾ ਮੌਕਾ ਮਿਲੇ ਤਾਂ ਆਪ ਦੇਖੋਗੇ ਕਿ ਬੇਤਹਾਸ਼ਾ ਕਿਤਾਬਾਂ ਉਥੇ ਮਿਲਣਗੀਆਂ । ਜੇ ਐਗਜ਼ਾਮੀਨੇਸ਼ਨ ਸੈਂਟਰ ਦਾ ਸੁਪਰਡੰਟ ਪਹਿਲੇ ਦੌਰ ਵਿੱਚ ਇਕ ਬੋਰੀ ਕਾਗਜ਼ਾਂ ਦੀ ਇਕੱਠੀ ਕਰਦਾ ਹੈ ਤਾਂ ਦੂਜੇ ਦੌਰ ਵਿੱਚ ਹੋਰ ਬੋਰੀ ਭਰ ਜਾਂਦੀ ਹੈ। ਸਪੀਕਰ ਸਾਹਿਬ, ਐਗਜ਼ਾਮੀਨੇਸ਼ਨ ਦਾ ਸਿਸਟਮ ਇਤਨਾ ਮਾੜਾ ਹੋ ਚੁੱਕਾ ਹੈ ਕਿ ਪੰਜਾਬ ਦੇ ਐਜੂਕੇਸ਼ਨ ਡੀਪਾਰਟਮੈਂਟ ਨੂੰ ਇਸ ਤੇ ਚੰਗੀ ਤਰ੍ਹਾਂ ਵਿਚਾਰ ਕਰਨਾ ਚਹੀਦਾ ਹੈ ਕਿ ਕੀ ਇਸੇ ਸਿਸਟਮ ਨਾਲ ਚਲਣਾ ਚਾਹੀਦਾ ਹੈ ਜਾਂ ਕੋਈ ਹੋਰ ਤਰੀਕਾ ਅਪਨਾਉਣਾ ਚਾਹੀਦਾ ਹੈ ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਮੈਂ ਇਹ ਨਿਵੇਦਨ ਕਰਨਾ ਚਾਹੁੰਦਾ ਹਾਂ ਕਿ ਆਏ ਦਿਨ ਔਰ ਅੱਜ ਕੱਲ ਵੀ ਕਾਲਜਾਂ ਦੇ ਟੀਚਰਜ਼ ਵਲੋਂ ਇਕ ਹੜਤਾਲ ਦੀ ਕਾਲ ਦਿੱਤੀ ਗਈ ਹੈ। ਉਹ ਕਹਿੰਦੇ ਹਨ ਕਿ ਪ੍ਰਾਈਵੇਟ ਕਾਲਜਾਂ ਦੇ ਟੀਚਰਜ਼ ਨੂੰ 1977 ਵਿੱਚ ਜਿਹੜੀ ਫਰੀਜ਼ ਲਗੀ ਸੀ ਉਹ ਅੱਜ 1987 ਵਿਚ ਵੀ ਹੁਣ ਤਕ ਚਲੀ ਆਉਂਦੀ ਹੈ ਔਰ ਉਨ੍ਹਾਂ ਕਾਲਜਾਂ ਨੂੰ ਕੋਈ ਗਰਾਂਟ ਮੁਹੱਈਆ ਨਹੀਂ ਕੀਤੀ ਗਈ। ਇਕ ਤਾਂ ਇਹ ਗੱਲ ਕਰਨੀ ਚਾਹੀਦੀ ਹੈ ਕਿ ਜਿਸ ਤਰੀਕੇ ਨਾਲ ਸਕੂਲਾਂ ਤੇ ਕਾਲਜਾਂ ਦੇ ਖਰਚ ਵੱਧ ਰਹੇ ਹਨ ਉਸੇ ਤਰੀਕੇ ਨਾਲ ਸਰਕਾਰ ਵਲੋਂ ਇਨ੍ਹਾਂ ਸਕੂਲਾਂ ਨੂੰ, ਇਨ੍ਹਾਂ ਕਾਲਜਾਂ ਨੂੰ ਗਰਾਂਟਾਂ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ ।

ਸਪੀਕਰ ਸਾਹਿਬ, ਮੈਂ ਜਨਰਲ ਐਡਮਨਿਸਟਰੇਸ਼ਨ ਤੇ ਬੇਨਤੀ ਕਰਨਾ ਚਾਹੁੰਦਾ ਹਾਂ। ਆਏ ਦਿਨ ਇਸ ਫਲੋਰ ਦੇ ਅੰਦਰ ਕੋਈ ਨਾ ਕੋਈ ਸ਼ੋਰ ਸ਼ਰਾਬਾ , ਕੋਈ ਕਾਲ ਅਟੈਨਸ਼ਨ ਨੋਟਿਸ , ਕੋਈ ਐਡ-ਜਰਨਮੈਂਟ ਮੋਸ਼ਨ ਆਉਂਦੀ ਰਹਿੰਦੀ ਹੈ ਅਤੇ ਬਜਟ ਤੇ ਬਹਿਸ ਚਲਦੀ ਰਹੀ ਹੈ। ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਤ ਜਿਹੜੀ ਹੈ, ਬਹੁਤ ਮਾੜੀ ਹੈ ਭਾਵੇਂ ਉਹ ਅੰਮ੍ਰਿਤਸਰ ਦੀ ਘਟਨਾ ਹੋਵੇ ਜਾਂ ਪਟਿਆਲਾ ਦੀ ਘਟਨਾ ਹੋਵੇ । ਕਲ ਤੁਸੀਂ ਵੇਖਿਆ ਹੈ ਅਤੇ ਅਖ਼ਬਾਰਾਂ ਵਿਚ ਪੜ੍ਹਿਆ ਹੈ ਕਿ ਫਗਵਾੜੇ ਕੋਲ ਜਿਹੜਾ ਵਾਕਿਆ ਹੋਇਆ। ਮੀਆਂ ਬੀਵੀ ਨਵਾਂ ਸਕੂਟਰ ਜਲੰਧਰ ਤੋਂ ਲੈ ਕੇ ਲੁਧਿਆਣੇ ਵੱਲ ਜਾ ਰਹੇ ਸਨ ਰਸਤੇ ਵਿਚ ਖਾਵੰਦ ਨੂੰ ਮਾਰ ਦਿਤਾ ਅਤੇ ਬੀਵੀ ਦੇਖਦੀ ਰਹਿ ਗਈ। ਇਹੀ ਨਹੀਂ ਦਿਨ ਪ੍ਰਤੀ ਦਿਨ ਇਥੇ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਐਡਮਨਿਸਟੇਰਸ਼ਨ ਇਸ ਗੱਲ ਤੇ ਜ਼ੋਰ ਦਿੰਦੀ ਰਹੀ ਹੈ , ਬੀ. ਐਸ. ਐਫ, ਪੀ. ਏ. ਪੀ. ਦੀਆਂ ਬਟਾਲਨਾਂ ਮੰਗਾਉਂਦੀ ਰਹੀ ਹੈ ਅਤੇ ਪੁਲੀਸ ਫੋਰਸ ਵਧਾਉਂਦੀ ਰਹੀ ਹੈ। ਇਸ ਦੇ ਨਾਲ ਲਾਅ ਐਂਡ ਆਰਡਰ ਦੀ ਹਾਲਤ ਸੁਧਰਨੀ ਚਾਹੀਦੀ ਸੀ ਪਰ ਉਹ ਦਿਨ ਬਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਨਿਵੇਦਨ ਇਹ ਹੈ ਕਿ ਇਨ੍ਹਾਂ ਸਾਰੇ ਹਾਲਾਤ ਤੇ ਸਰਕਾਰ ਨੂੰ ਕਾਬੂ ਪਾਉਣਾ ਚਾਹੀਦਾ ਹੈ ਲੋਕਾਂ ਦੀ ਜਾਨ ਮਾਲ ਦੀ ਸੁਰੱਕਸ਼ਾ ਕਰਨੀ ਚਾਹੀਦੀ ਹੈ ।

ਇਕ ਗੱਲ ਮੈਂ ਹੁਣ ਥੀਨ ਡੈਮ ਦੇ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਥੀਨ ਡੈਮ ਮੇਰੀ ਕੰਸਟੀਚਿਊਐਂਸੀ ਵਿਚ ਹੈ (ਵਿਘਨ)

ਸ੍ਰੀ ਸਪੀਕਰ: ਮਾਸਟਰ ਜੀ ਹੁਣ ਜੋ ਕੁਝ ਵੀ ਕਹੋਗੇ ਉਹ ਰਿਕਾਰਡ ਤੇ ਨਹੀਂ ਆਏਗਾ। ਇਸ ਤੇ ਤੁਸੀਂ ਇਰੀਗੇਸ਼ਨ ਦੀ ਡਿਮਾਂਡ ਤੇ ਬੋਲਣਾ ਸੀ। ਹੁਣ ਤੁਸੀਂ ਤਸ਼ਰੀਫ਼ ਰਖੋ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ (ਲੁਧਿਆਣਾ ਪੱਛਮੀ) : ਸਪੀਕਰ ਸਾਹਿਬ, ਮੈਂ ਡਿਮਾਂਡ ਨੰ: 11 ਜਨਰਲ ਐਡਮਨਿਸਟਰੇਸ਼ਨ, ਡਿਮਾਂਡ ਨੰ : 6 ਐਜੂਕੇਸ਼ਨ, ਡਿਮਾਂਡ ਨ: 14 ਇੰਸਡਸਟਰੀ ਔਰ ਡਿਮਾਂਡ ਨੂੰ 21 ਪਬਲਿਕ ਵਰਕਸ ਤੇ ਆਪਣੇ ਵਿਚਾਰ ਰਖਾਂਗਾ। ਸਪੀਕਰ ਸਾਹਿਬ, ਲੋਕਾਂ ਦੇ ਲਈ ਬਹੁਤ ਵੱਡਭਾਗਾ ਦਿਨ ਸੀ ਜਦੋਂ ਮੁਆਇਦਾ ਸੰਤ ਲੌਂਗੋਵਾਲ ਔਰ ਰਾਜੀਵ ਗਾਂਧੀ ਵਿਚਕਾਰ ਹੋਇਆ। ਲੋਕ ਬੜੇ ਖੁਸ਼ ਸਨ ਕਿ ਜਮਹੂਰੀਅਤ ਆ ਗਈ ਹੈ, ਲੋਕਤੰਤਰ ਆ ਗਿਆ ਹੈ। ਉਸ ਮੁਆਇਦੇ ਦੇ ਥੱਲੇ ਚੋਣਾਂ ਹੋਈਆਂ ਔਰ ਚੋਣਾਂ ਵਿਚ ਅਕਾਲੀ ਮਜਾਰਟੀ ਵਿਚ ਆਏ ਔਰ ਇਨ੍ਹਾਂ ਨੇ ਆਪਣੀ ਸਰਕਾਰ ਬਣਾਈ। ਬੜੀ ਬਦਕਿਸਮਤੀ ਦੀ ਗੱਲ ਸੀ ਕਿ ਲੋਕਾਂ ਦੀਆਂ ਆਸਾਂ ਜਲਦੀ ਨਿਰਾਸ਼ਾ ਵਿਚ ਬਦਲ ਗਈਆਂ ਔਰ ਲੋਕਾਂ ਵਿਚ ਮਾਯੂਸੀ ਆ ਗਈ। ਲੋਕ ਸਮਝਦੇ ਸਨ ਕਿ ਅਮਨ ਅਮਾਨ ਕਾਇਮ ਹੋਵੇਗਾ, ਐਡਮਨਿਸਟਰੇਸ਼ਨ ਅੱਛੀ ਹੋਵੇਗੀ, ਲਾਅ ਐਂਡ ਆਰਡਰ ਸੁਧਰੇਗਾ, ਖੁਸ਼ਹਾਲੀ ਆਏਗੀ ਅਤੇ ਤਰੱਕੀ ਹੋਵੇਗੀ। ਪਰ ਕਈਆਂ ਵੀਰਾਂ ਨੇ ਆਪਣਾ ਇਤਿਹਾਸ ਦੁਹਰਾਇਆ ਔਰ ਆਪਸ ਵਿਚ ਲੜਾਈ ਸ਼ੁਰੂ ਕਰ ਦਿਤੀ। ਅੱਜ ਲੋਕ ਸੋਚਦੇ ਹਨ ਕਿ ਉਹ ਬੜਾ ਬਦਕਿਸਮਤ ਦਿਨ ਸੀ ਜਿਸ ਵੇਲੇ ਅਕਾਲੀ ਸਰਕਾਰ ਬਣੀ ਸੀ। ਕੁਝ ਸੱਜਣ ਐਸੇ ਸਨ ਜਿਨ੍ਹਾਂ ਨੇ ਐਸੇ ਹਾਲਾਤ ਪੈਦਾ ਕਰ ਦਿਤੇ। ਹੁਣ ਪੋਜ਼ੀਸ਼ਨ ਇਹ ਹੋ ਗਈ ਕਿ ਲਾਅ ਐਂਡ ਆਰਡਰ ਦੀ ਹਾਲਤ ਖਰਾਬ ਹੋ ਗਈ। ਰੋਜ਼ ਦਿਨ ਦਿਹਾੜੇ ਡਾਕੇ ਪੈਣ ਲਗ ਪਏ, ਰੋਜ਼ ਡਕਾਇਤੀਆਂ, ਖੋਹਾਂ ਹੋਣ ਲਗ ਪਈਆਂ। ਲੋਕ ਮਰਨ ਲਗ ਪਏ। ਇਨ੍ਹਾਂ ਦੀ ਆਪਣੀ ਲੜਾਈ ਸੀ। ਇਕ ਬਹੁਤ ਵੱਡੇ ਪੁਰਾਣੇ ਮੁੱਖ ਮੰਤਰੀ ਜੀ ਕੁਰਸੀ ਦੇ ਬੜੇ ਸ਼ੌਕੀਨ ਸਨ। ਉਨ੍ਹਾਂ ਨੂੰ ਇਕ ਪ੍ਰੋਫੈਸ਼ਨਲ ਵਕੀਲ ਜਾਂ ਇਕ ਗਰੀਬ ਦਾ ਲੜਕਾ ਜਾਂ ਤਹਿਸੀਲਦਾਰ ਦੇ ਲੜਕੇ ਤੇ ਇਤਰਾਜ਼ ਹੋਇਆ। ਪਹਿਲਾਂ ਤਾਂ ਪਟਵਾਰੀ ਵੀ ਬਹੁਤ ਵੱਡਾ ਹੁੰਦਾ ਸੀ। ਉਸ ਨੂੰ ਮਾੜਾ ਸਮਝ ਕੇ ਪਸੰਦ ਨਾ ਕੀਤਾ ਅਤੇ ਉਨ੍ਹਾਂ ਦੀ ਹਕੂਮਤ ਦੇ ਦੋ ਫਾੜ ਕਰ ਦਿਤੇ। ਜੋ ਸਾਡਾ ਮੁੱਖ ਮੰਤਰੀ ਹੈ ਉਹ ਆਪ ਲਾਅ ਐਂਡ ਆਰਡਰ ਨੂੰ ਠੀਕ ਕਰਨਾ ਚਾਹੁੰਦਾ ਸੀ, ਅਮਨ ਅਮਾਨ ਲਿਆਉਣਾ ਚਾਹੁੰਦਾ ਸੀ ਤਾਂ ਉਨ੍ਹਾਂ ਨੂੰ ਕੋਈ ਵਕਤ ਨਾ ਦਿਤਾ। ਇਧਰ ਐਡਮਨਿਸਟਰੇਸ਼ਨ ਨੂੰ ਟੋਨ-ਅੱਪ ਕਰਨਾ ਚਾਹੁੰਦੇ ਸਨ ਅਤੇ ਕੋਈ ਤਰੱਕੀ ਦੇ ਕੰਮ ਬਗੈਰ ਅਮਨ ਤੋਂ ਨਹੀਂ ਹੋ ਸਕਦੇ ਸਨ। ਪਰ ਉਨ੍ਹਾਂ ਨੇ ਕਿਸੇ ਪਾਸੇ ਕੋਈ ਕੰਮ ਨਹੀਂ ਕਰਨ ਦਿਤਾ। ਹੁਣ ਮੈਂ ਦਸਦਾ ਹਾਂ ਕਿ ਲਾਅ ਐਂਡ ਆਰਡਰ ਦੀ ਹਾਲਤ ਇਹ ਹੈ ਕਿ ਇਨ੍ਹਾਂ ਨੂੰ 550 ਦਿਨ ਹੋਏ ਹਨ ਹਕੂਮਤ ਵਿਚ ਆਏ ਅਤੇ 1100 ਕਤਲ ਹੋ ਚੁਕੇ ਹਨ ਜਿਸ ਦੀ ਐਵਰੇਜ ਦੋ ਰੋਜ਼ ਦੀ ਹੈ। ਇਸ ਤਰ੍ਹਾਂ ਇਨ੍ਹਾਂ 18 ਮਹੀਨਿਆਂ ਵਿਚ ਕਮ-ਅਜ਼-ਕਮ 54 ਵੱਡੀਆਂ ਡਕਾਇਤੀਆਂ ਹੋਈਆਂ ਜਿਹੜੀਆਂ ਕਿ ਹਰ ਮਹੀਨੇ ਦੀਆਂ ਤਿੰਨ ਹਨ। ਕੋਈ ਦਿਨ ਨਹੀਂ ਗਿਆ ਜਦੋਂ ਛੋਟਾ ਮੋਟਾ ਸਕੂਟਰ ਜਾਂ ਮੋਟਰ ਸਾਈਕਲ ਜਾਂ ਕਾਰ ਖੋਹ ਨਾ ਲਈ ਹੋਵੇ। ਸਪੀਕਰ ਸਾਹਿਬ, ਇਨ੍ਹਾਂ ਸਾਥੀਆਂ, ਜਿਨ੍ਹਾਂ ਨੇ ਥੋੜ੍ਹੀ ਬਹੁਤ ਜੁਰੱਤ ਵਖਾਈ, ਵੱਖਰੇ ਹੋ ਗਏ, ਔਰ ਅੱਜ ਸ਼ਰਾਫਤ ਦੀ ਜੜ੍ਹ ਇਥੇ ਹੈ ਨਹੀਂ। ਇਥੇ ਆਉਂਦੇ ਨਹੀਂ ਜਿਨ੍ਹਾਂ ਨੇ ਇਨ੍ਹਾਂ ਦਾ ਗਰੁੱਪ ਵੱਖਰਾ ਬਣਾ ਦਿੱਤਾ ਔਰ ਇਨ੍ਹਾਂ ਨੇ ਫਿਰ ਵੀ ਜੁਰੱਤ ਵਿਖਾਈ। ਜਿਹੜੇ ਲਾਇਕ ਆਦਮੀ ਹਨ ਉਹ ਵੀ ਬੈਠੇ ਹਨ। ਜਿਹੜੇ ਹਕੂਮਤ ਵਿਚ ਬੈਠ ਕੇ ਹਕੂਮਤ ਦੀ ਜੋ ਬੁਰਾਈ ਸੋਚਣ ਇਸ ਤੋਂ ਜ਼ਿਆਦਾ ਅਫਸੋਸਨਾਕ ਗੱਲ ਹੋ ਨਹੀਂ ਸਕਦੀ। ਬਰਨਾਲਾ ਸਾਹਿਬ ਨੂੰ ਜੋ ਇਸ ਤਰ੍ਹਾਂ ਦੇ ਮਨਿਸਟਰ ਹਨ, ਹੋਰ ਸਾਥੀ ਹਨ ਜਿਹੜੇ ਇਨ੍ਹਾਂ ਵਿਚ ਰਹਿ ਕੇ ਸਾਰੀਆਂ ਸਰਕਾਰ ਦੀਆਂ ਹੋਰ ਵੀ ਜੋ ਗੱਡੀਆਂ ਹਨ, ਕਾਰਾਂ ਜਾਂ ਹੋਰ ਸਹੂਲਤਾਂ ਲਈਆਂ ਹੋਈਆਂ ਹਨ ਔਰ ਨਾਲ ਕੁਰੱਪਸ਼ਨ ਕਰਕੇ ਘਰ ਵੀ ਭਰ ਰਹੇ ਹਨ ਲੇਕਿਨ ਪੂਰਾ ਸਾਥ ਨਹੀਂ ਦੇ ਰਹੇ, ਉਨ੍ਹਾਂ ਬਾਰੇ ਸੋਚਣਾ ਚਾਹੀਦਾ ਹੈ। ਜਦੋਂ ਇਨ੍ਹਾਂ ਨੇ ਪੁਲਿਸ ਐਕਸ਼ਨ ਲਿਆ ਸੀ ਹਰਿਮੰਦਰ ਸਾਹਿਬ ਉਤੇ ਜਿਹੜਾ ਕਿ ਮਜਬੂਰੀ ਲੈਣਾ ਪਿਆ ਸੀ, ਇਥੇ ਇਨ੍ਹਾਂ ਵਿਚੋਂ ਹੀ ਕੋਈ ਲੀਕ ਆਊਟ ਕਰਕੇ ਆਏ ਹਨ ਔਰ ਅਤਿਵਾਦੀ ਜਿਹੜੇ ਸਨ

ਉਹ ਨਿਕਲ ਗਏ , ਦੌੜ ਗਏ। ਇਸ ਤਰ੍ਹਾਂ ਹੀ ਮੰਡ ਉਪਰੇਸ਼ਨ ਇਨ੍ਹਾਂ ਸਾਥੀਆਂ ਕਰਕੇ ਹੋਇਆ ਜਿਹੜੇ ਕਿ ਹਕੂਮਤ ਵਿਚ ਰਹਿੰਦੀਆਂ ਹੋਇਆਂ ਸਾਥ ਨਹੀਂ ਦੇ ਰਹੇ। ਇਹ ਲਾਅ ਐਂਡ ਆਰਡਰ ਦੀ ਗੱਲ ਹੈ।

ਬਹੁਤ ਸਾਰੀਆਂ ਹੋਰ ਚੀਜ਼ਾਂ ਜਿਹੜੀਆਂ ਕਿ ਪਬਲਿਕ ਵਰਕਸ ਡਿਪਾਰਟਮੈਂਟ ਦੇ ਬਾਰੇ ਆਈਆਂ ਹਨ ਉਨ੍ਹਾਂ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ 34.700 ਕਿਲੋਮੀਟਰ ਸੜਕਾਂ ਹਨ ਲੇਕਿਨ ਇਨ੍ਹਾਂ ਵਿਚੋਂ 34000 ਕਿਲੋਮੀਟਰ ਬਿਲਕੁਲ ਸਫਰ ਕਰਨ ਦੇ ਕਾਬਲ ਨਹੀਂ ਹਨ, ਉਹ ਟੁੱਟੀਆਂ ਭੱਜੀਆਂ ਪਈਆਂ ਹਨ। 700 ਕਿਲੋਮੀਟਰ ਸੜਕ ਜਿਹੜੀ ਕਿ ਕੋਈ ਬਰਨਾਲਾ ਸਾਹਿਬ ਦੇ ਪਿੰਡ ਨੂੰ ਜਾਂਦੀ ਹੈ ਜਾਂ ਹਰਦੀਪਇੰਦਰ ਸਿੰਘ ਦੇ ਪਿੰਡ ਨੂੰ ਜਾਂਦੀ ਹੈ, ਥੋੜ੍ਹੀ ਬਹੁਤ ਚੰਗੀ ਹੈ। ਧਾਲੀਵਾਲ ਵੀ ਆਪਣੇ ਹਲਕੇ ਦਾ ਖਿਆਲ ਰਖਦੇ ਹਨ ਲੇਕਿਨ ਉਹ ਲੁਧਿਆਣੇ ਵਿਚ ਰਹਿੰਦੇ ਹੋਏ ਵੀ ਲੁਧਿਆਣੇ ਦਾ ਭਲਾ ਨਹੀਂ ਕਰਦੇ। ਉਥੇ ਲਿੰਕ ਰੋਡਜ਼, ਜਿਹੜੀਆਂ ਕਿ ਸ਼ਹਿਰ ਵਿਚੋਂ ਦੀ ਲੰਘਦੀਆਂ ਹਨ, ਉਹ ਟੁੱਟੀਆਂ ਪਈਆਂ ਹਨ ਲੇਕਿਨ ਕੋਈ ਇੰਤਜ਼ਾਮ ਨਹੀਂ ਕੀਤਾ। ਇਕ ਪੁਲ ਢੋਲੇਵਾਲ ਹੈ। ਅੱਠ ਮਹੀਨੇ ਪਹਿਲਾਂ ਮੁਖ ਮੰਤਰੀ ਜੀ ਨੂੰ ਖੁਸ਼ ਕਰਨ ਵਾਸਤੇ ਉਸ ਦਾ ਫਾਊਂਡੇਸ਼ਨ ਸਟੋਨ ਰੱਖਵਾ ਲਿਆ ਸੀ ਪਰ ਕੰਮ ਨਹੀਂ ਹੋ ਰਿਹਾ। ਨੀਂਹ ਪੱਥਰ ਰਖਿਆ ਗਿਆ ਹੈ। ਪਰਸੋਂ ਸਵਾਲ ਕੀਤਾ ਸੀ। ਉਹ ਕਹਿੰਦੇ ਹਨ ਕਿ ਸਾਡੇ ਪਾਸ ਫੰਡ ਪੂਰੇ ਨਹੀਂ ਹਨ, ਅਸੀਂ ਕੋਈ ਕੰਮ ਜਲਦੀ ਸ਼ੁਰੂ ਨਹੀਂ ਕਰਨਾ। ਨਾ ਹੀ ਜਲਦੀ ਹੋਣ ਵਾਲਾ ਹੈ। ਇਸੇ ਤਰ੍ਹਾਂ ਹੀ ਜੀ. ਟੀ. ਰੋਡ ਹੈ ਜਿਹੜੀ ਕਿ ਦਿਨ ਰਾਤ ਚਲੀ ਰਹਿੰਦੀ ਹੈ। ਉਸ ਸੜਕ ਤੇ ਕਈ ਸਾਲ ਹੋਏ ਕੰਮ ਸ਼ੁਰੂ ਹੋਇਆ ਸੀ ਕਿ ਡਬਲ ਰੋਡ ਬਣਾਈ ਜਾਵੇ ਲੇਕਿਨ ਇਤਨਾ ਸੁਸਤ ਕੰਮ ਚਲ ਰਿਹਾ ਹੈ ਕਿ ਕੋਈ ਪ੍ਰਾਗਰੈਸ ਨਹੀਂ ਹੈ। ਜਲੰਧਰ ਤੋਂ ਲੁਧਿਆਣਾ ਤਕ ਕਈ ਸਾਲ ਹੋਏ ਹਾਲੇ ਤਕ ਉਹ ਕੰਪਲੀਟ ਨਹੀਂ ਹੋਇਆ। ਸਰਦਾਰ ਬਲਵੰਤ ਸਿੰਘ ਜੀ ਨੇ ਆਪਣੇ ਬਜਟ ਵਿਚ ਕਿਹਾ ਹੈ ਕਿ ਰਾਜਪੁਰੇ ਤੋਂ ਅੰਮ੍ਰਿਤਸਰ ਨੂੰ ਡਬਲ ਰੋਡ ਬਣਾਉਣਗੇ। ਮੇਰੀ ਮੰਗ ਹੈ ਕਿ ਰਾਜਪੁਰੇ ਤਕ ਨਹੀਂ ਬਲਕਿ ਜਿੱਥੇ ਤਕ ਆਪਣਾ ਬਾਰਡਰ ਹੈ ਅੰਬਾਲੇ ਤਕ ਬਣਾਉਣੀ ਚਾਹਿਦੀ ਹੈ। ਇਹ ਮੇਰੀ ਮੰਗ ਹੈ। ਇਕ ਹੋਰ ਡਿਮਾਂਡ ਹੈ, ਮੈਂ ਚਾਹੁੰਦਾ ਹਾਂ ਕਿ ਮਨਿਸਟਰ ਸਹਿਬ ਇਸ ਤੇ ਗੌਰ ਕਰਨ ਕਿ ਲੁਧਿਆਣਾ ਤੋਂ ਚੰਡੀਗੜ੍ਹ ਦੀ ਜਿਹੜੀ ਰੋਡ ਹੈ ਜਿਸ ਤੋਂ ਰੋਜ਼ ਹੀ ਸੈਂਕੜੇ ਲੋਕਾਂ ਨੂੰ ਕੈਪੀਟਲ ਹੋਣ ਕਰਕੇ ਚੰਡੀਗੜ੍ਹ ਆਉਣਾ ਪੈਂਦਾ ਹੈ, ਇਹ ਬੜੀ ਤੰਗ ਹੈ। ਇਸ ਨੂੰ ਜ਼ਰੂਰ ਡਬਲ ਕੀਤਾ ਜਾਣਾ ਚਾਹੀਦਾ ਹੈ।

ਜਿਥੋਂ ਤਕ ਐਜੂਕੇਸ਼ਨ ਪਾਲਿਸੀ ਦਾ ਸਬੰਧ ਹੈ, ਇਹ ਠੀਕ ਹੈ ਇਹ ਪਾਲਿਸੀ ਬਣਾਈ ਹੈ, ਪਰ ਮੈਂ ਸਮਝਦਾ ਹਾਂ ਕਿ ਇਹ ਅਗੇ ਦੌੜ ਤੇ ਪਿਛੇ ਚੌੜਾਵਾਲੀ ਗੱਲ ਹੈ। ਪਹਿਲੀਆਂ ਜਿਹੜੀਆਂ ਇਮਾਰਤਾਂ ਹਨ ਉਹ ਤਾਂ ਬਣੀਆਂ ਨਹੀਂ, ਪਹਿਲੇ ਟੀਚਰਜ਼ ਤਾਂ ਪੂਰੇ ਨਹੀਂ ਹੋਏ, ਹੋਰ ਨਵੀਆਂ ਬਿਲਡਿੰਗਜ਼ ਬਣਾਉਣੀਆਂ ਹਨ। ਜੇ ਤੁਸੀਂ ਆਪਸ ਦੀ ਲੜਾਈ ਕਾਰਣ ਕੋਈ ਕੰਮ ਨਹੀਂ ਕਰਦੇ ਤਾਂ ਇਹ ਠੀਕ ਨਹੀਂ। ਖਾਲਸਾ ਜੀ ਨੇ ਇਕ ਲਾਅ ਕਾਲਜ ਲੁਧਿਆਣੇ ਨੂੰ ਦਿੱਤਾ ਸੀ। ਇਹ ਲਾਅ ਕਾਲਜ ਜਿਸ ਦੀ ਇਤਨੀ ਲੋੜ ਸੀ ਕਿਉਂਕਿ ਉਥੇ ਹਜ਼ਾਰ ਤੋਂ ਵਧ ਲਾਈਅਰਜ਼ ਪ੍ਰੈਕਟਿਸ ਕਰਦੇ ਹਨ, ਉਥੇ ਲਾਅ ਕਾਲਜ ਦੀ ਅੱਜ ਜ਼ਰੂਰਤ ਸੀ ਔਰ ਦਿੱਤਾ ਗਿਆ ਸੀ ਲੇਕਿਨ ਹੁਣ ਕੁਝ ਟੈਕਨੀਕਲ ਡਿਫੈਕਟਸ ਕਰਕੇ ਇਹ ਵੀ ਕੈਂਸਲ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਸਕੂਲ ਜਿਨ੍ਹਾਂ ਨੂੰ ਅਪਗਰੇਡ ਕਰਨਾ ਸੀ ਉਹ ਵੀ ਕੋਈ ਨਾ ਕੋਈ ਕਿਸੇ ਕਿਸਮ ਦਾ ਓਬਜੈਕਸ਼ਨ ਲਾ ਕੇ ਉਹ ਵੀ ਕੈਂਸਲ ਕੀਤੇ ਜਾ ਰਹੇ ਹਨ। ਇਹ ਪਾਲਿਸੀ ਅੱਛੀ ਨਹੀਂ। ਇਕ ਵਾਰ ਤਾਂ ਇਹ ਕਹਿ ਦਿੱਤਾ ਗਿਆ ਕਿ ਲੁਧਿਆਣੇ ਵਿਚ 15 ਅਗਸਤ ਨੂੰ ਲਾਅ ਕਾਲਜ ਬਣ ਰਿਹਾ ਹੈ ਔਰ ਵਾਹ ਵਾਹ ਲੈ ਲਈ, ਬਾਅਦ ਵਿਚ ਉਸ ਨੂੰ ਕੈਂਸਲ ਕਰ ਦਿੱਤਾ। ਇਹ ਠੀਕ ਨਹੀਂ। ਇਹ ਅਕਾਲੀ ਪਾਰਟੀ ਦਾ ਹੀ

[ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ]

ਪ੍ਰੋਗਰਾਮ ਹੈ। ਜੇ ਉਹ ਮੰਤਰੀ ਨਹੀਂ ਰਿਹਾ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਬਾਅਦ ਵਿਚ ਕੰਮ ਨਾ ਹੋਵੇ ਅਜ ਜਿਹੜਾ ਮੰਤਰੀ ਐਲਾਨ ਕਰ ਰਿਹਾ ਹੈ ਉਹ ਪੂਰਾ ਹੋਣਾ ਚਾਹੀਦਾ ਹੈ। ਇਹ ਜ਼ਰੂਰੀ ਨਹੀਂ ਕਿ ਇਨ੍ਹਾਂ ਸਾਰਿਆਂ ਨੇ ਰਹਿਣਾ ਹੈ ਕਿਉਂਕਿ ਛਾਂਟੀ ਹੋਣ ਵਾਲੀ ਹੈ, ਕੁਰਪਸ਼ਨ ਦੇ ਚਾਰਜਿਜ਼ ਇਨ੍ਹਾਂ ਦੇ ਖਿਲਾਫ ਆ ਗਏ ਹਨ ਪਰ ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜੇ ਐਲਾਨ ਕੀਤੇ ਜਾਂਦੇ ਹਨ ਉਹ ਪੂਰੇ ਕਰਨੇ ਚਾਹੀਦੇ ਹਨ।

ਜਿਥੋਂ ਤਕ ਐਜੂਕੇਸ਼ਨ ਪਾਲਿਸੀ ਦਾ ਤੁਅੱਲਕ ਹੈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਟੀਚਰਜ਼ ਨੂੰ ਠੀਕ ਟਾਈਮ ਤੇ ਤਨਖ਼ਾਹ ਦੇਣੀ ਚਾਹੀਦੀ ਹੈ। ਜੇ ਉਨ੍ਹਾਂ ਨੂੰ ਟਾਈਮ ਤੇ ਤਨਖ਼ਾਹ ਨਹੀਂ ਦਿਤੀ ਜਾਵੇਗੀ ਤਾਂ ਉਹ ਪੜ੍ਹਾਉਣਗੇ ਕੀ? ਜਿਹੜੇ ਪ੍ਰਾਈਵੇਟ ਸਕੂਲਜ਼ ਰਿਕੋਗਨਾਈਜ਼ਡ ਹਨ ਉਨ੍ਹਾਂ ਨੂੰ ਗਰਾਂਟ ਇਨ-ਏਡ 9-9 ਮਹੀਨੇ ਨਹੀਂ ਮਿਲਦੀ ਜਿਸ ਕਰਕੇ ਉਥੇ ਟੀਚਰਜ਼ ਨੂੰ ਤਨਖ਼ਾਹ ਵੀ ਨਹੀਂ ਮਿਲਦੀ। ਇਸ ਨਾਲ ਉਨ੍ਹਾਂ ਦੇ ਮਨ ਤੇ ਬੋਝ ਹੁੰਦਾ ਹੈ। ਜੇ ਉਨ੍ਹਾਂ ਦੇ ਮਨ ਤੇ ਬੋਝ ਹੋਵੇਗਾ ਤਾਂ ਉਹ ਪੜ੍ਹਾਉਣਗੇ ਕੀ। ਇਸ ਕਰਕੇ ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਸਿਧੇ ਰਾਹ ਤੇ ਪਾਉਣਾ ਚਾਹੀਦਾ ਹੈ। ਉਨ੍ਹਾਂ ਗਰੀਬ ਟੀਚਰਜ਼ ਨੂੰ ਵਕਤ ਸਿਰ ਤਨਖ਼ਾਹ ਮਿਲੇ ਅਤੇ ਵਕਤ ਸਿਰ ਗਰਾਂਟ-ਇਨ-ਏਡ ਮਿਲਣੀ ਚਾਹੀਦੀ ਹੈ। (ਘੰਟੀ)

ਸ੍ਰੀ ਸਪੀਕਰ: ਤੁਸੀਂ ਵਾਈਂਡ ਅਪ ਕਰੋ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਅੱਛਾ ਜੀ। ਇੰਡਸਟਰੀ ਦੇ ਬਾਰੇ ਮੈਂ ਥੋੜ੍ਹਾ ਜਿਹਾ ਅਰਜ਼ ਕਰਾਂ ਕਿ ਇੰਡਸਟਰੀ ਵਾਸਤੇ ਜਿਥੇ ਪਹਿਲੇ ਇੰਨਟਰੈਸਟ ਫਰੀ ਲੋਨ ਦਿਤੇ ਜਾਂਦੇ ਸਨ, ਹੁਣ ਇਸ ਬਜਟ ਵਿਚ ਸਰਦਾਰ ਬਲਵੰਤ ਸਿੰਘ ਨੇ ਇਹ ਕਿਹਾ ਹੈ ਕਿ ਅਸੀਂ ਇਹ ਬੰਦ ਕਰ ਰਹੇ ਹਾਂ ਔਰ ਉਨ੍ਹਾਂ ਦੀ ਜਗ੍ਹਾ ਸੇਲਜ਼ ਟੈਕਸ 1 ਪ੍ਰਤੀਸ਼ਤ ਲਗਾਵਾਂਗੇ। ਸਪੀਕਰ ਸਾਹਿਬ, ਜਿਹੜਾ ਮੈਨੂਫੈਕਚਰਰ ਹੈ ਉਸ ਤੇ ਸੇਲਜ਼ ਟੈਕਸ ਤਾਂ ਲਗਦਾ ਨਹੀਂ ਕਿਉਂ ਕਿ ਉਸ ਨੇ ਮਾਲ ਅੱਗੇ ਵੇਚਣਾ ਹੁੰਦਾ ਹੈ। ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਇਸ ਦਾ ਕੋਈ ਲਾਭ ਨਹੀਂ ਹੋਵੇਗਾ। ਇਸ ਲਈ ਉਹ ਪਹਿਲੇ ਵਾਲਾ ਹੀ ਪਰੋਵੀਜ਼ਨ ਬਹਾਲ ਕਰਨਾ ਚਾਹੀਦਾ ਹੈ।

ਸੇਲਜ਼ ਟੈਕਸ ਦੀ ਐਡਮਨਿਸਟ੍ਰੇਸ਼ਨ ਬਿਲਕੁਲ ** **

Mr. Speaker: You are casting aspersions. It should not form part of the proceedings. Please sit down. Your time is over. Sardar Balwant Singh Sarhal.

(ਇਸ ਵੇਲੇ ਸ੍ਰੀ ਹਰਨਾਮ ਦਾਸ ਜੌਹਰ ਨਹੀਂ ਬੈਠੇ ਅਤੇ ਫਿਰ ਬੋਲਣ ਲਗ ਪਏ।)

ਸ੍ਰੀ ਸਪੀਕਰ: ਜੌਹਰ ਸਾਹਿਬ, ਤਿੰਨ ਵਾਰ ਮੈਂ ਰਿੰਗ ਕੀਤੀ ਹੈ, ਤੁਸੀਂ ਧਿਆਨ ਨਹੀਂ ਦਿਤਾ। ਹੁਣ ਤੁਸੀਂ ਬੈਠੋ।

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮਨਿਸਟਰਾਂ ਦੀ ਸਕਰੀਨਿੰਗ ਚੀਫ਼ ਮਨਿਸਟਰ ਸਾਹਿਬ ਨੂੰ ਕਰਨੀ ਚਾਹੀਦੀ ਹੈ। ਪੁਲਿਸ ਮਹਿਕਮੇ ਦੀ ਵੀ ਸਕਰੀਨਿੰਗ ਕਰਨੀ ਚਾਹੀਦੀ ਹੈ।

**Expunged as ordered by the Chair.

Mr. Speaker : Please take your seat.

ਸਰਦਾਰ ਬਲਵੰਤ ਸਿੰਘ ਸਰਹਾਲ (ਬੰਗਾ, ਐਸ. ਸੀ): ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਡੀਮਾਂਡਜ਼ ਉਤੇ ਬੋਲਣ ਲਈ ਵਕਤ ਦਿੱਤਾ ਹੈ। ਮੈਂ ਡੀਮਾਂਡ ਨੰ: 12 ਉਤੇ ਬੋਲਣਾ ਚਾਹੁੰਦਾ ਹਾਂ। ਇਨ੍ਹਾਂ ਸਾਰੀਆਂ ਡੀਮਾਂਡਾਂ ਨੂੰ ਪਾਸ ਕਰ ਦੇਣਾ ਚਾਹੀਦਾ ਹੈ। ਇਹ ਪਾਸ ਹੋਣ ਲਈ ਆਈਆਂ ਹਨ। ਪੰਜਾਬ ਦੀ ਤਰੱਕੀ ਵਿਚ ਪੰਜਾਬ ਦੇ ਲੋਕਾਂ ਦੀ ਅਤੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦਾ ਹਿੱਸਾ ਹੈ। ਪੰਜਾਬ ਦੀ ਗਰੀਬ ਅੱਧੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ। ਉਹ ਪਛੜੇ ਹੋਏ ਹਨ। 1981 ਦੀ ਜਨਗਣਨਾ ਤੋਂ ਸਾਨੂੰ ਪਤਾ ਲਗਦਾ ਹੈ ਕਿ ਕਾਫੀ ਗਰੀਬ ਪਛੜੇ ਲੋਕ ਪੰਜਾਬ ਸੂਬੇ ਵਿਚ ਰਹਿੰਦੇ ਹਨ। ਇਨ੍ਹਾਂ ਦੀ ਤਰਕੀ ਲਈ, ਭਲਾਈ ਲਈ ਅਤੇ ਅਪਲਿਫਟ ਲਈ ਪੰਜਾਬ ਸਰਕਾਰ ਕਈ ਨਵੇਂ ਪ੍ਰੋਗਰਾਮ ਸ਼ੁਰੂ ਕਰ ਰਹੀ ਹੈ। ਮੈਂ ਇਨ੍ਹਾਂ ਸਕੀਮਾਂ ਦਾ ਸਵਾਗਤ ਕਰਦਾ ਹਾਂ। ਪੰਜਾਬ ਦੇ ਗਰੀਬ ਲੋਕਾਂ ਦੇ ਘਰਾਂ ਵਿਚ, ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਘਰਾਂ ਵਿਚ ਹਨੇਰਾ ਸੀ, ਉਥੇ ਰੋਸ਼ਨੀ ਦੇਣ ਦਾ ਫੈਸਲਾ ਕੀਤਾ ਹੈ, ਉਥੇ ਸਰਕਾਰ ਰੋਸ਼ਨੀ ਪਹੁੰਚਾ ਰਹੀ ਹੈ। ਇਸ ਦੇ ਲਈ ਸਰਕਾਰ ਪ੍ਰਸ਼ੰਸਾ ਦੀ ਪਾਤਰ ਹੈ। ਇਸ ਸਰਕਾਰ ਨੇ ਗਰੀਬਾਂ ਦੇ ਘਰਾਂ ਵਿਚੋਂ ਹਨੇਰਾ ਦੂਰ ਕੀਤਾ ਹੈ, ਬਿਜਲੀ ਲਗਾਉਣ ਦਾ ਪ੍ਰਬੰਧ ਕੀਤਾ ਹੈ ਅਤੇ ਨਵੀਆਂ ਸਕੀਮਾਂ ਚਾਲੂ ਕੀਤੀਆਂ ਹਨ। ਮੈਂ ਸਮਝਦਾ ਹਾਂ ਕਿ ਸਰਕਾਰ ਨੇ ਇਸ ਵਰਗ ਉਤੇ ਬੜੀ ਮਿਹਰਬਾਨੀ ਕੀਤੀ ਹੈ। ਇਸ ਤੋਂ ਇਲਾਵਾ ਮੈਂ ਇਸ ਹਾਊਸ ਵਿਚ ਦਸਣਾ ਚਾਹੁੰਦਾ ਹਾਂ ਕਿ ਇਸ ਵਡੇ ਵਰਗ ਦੇ ਨਾਲ ਹਿੰਦੁਸਤਾਨ ਵਿਚ ਅਤੇ ਪੰਜਾਬ ਵਿਚ ਹਮੇਸ਼ਾ ਧੋਖਾ ਹੁਦਾ ਰਿਹਾ ਹੈ। ਆਜ਼ਾਦੀ ਮਿਲਣ ਤੋਂ ਬਾਦ ਜਿੰਨੀ ਤਰਕੀ ਇਸ ਵਰਗ ਨੂੰ ਕਰਨੀ ਚਾਹੀਦੀ ਸੀ ਉਤਨੀ ਉਹ ਤਰਕੀ ਨਹੀਂ ਕਰ ਸਕਿਆ। ਇਹ ਸਾਰਾ ਪਹਿਲੀਆਂ ਕਾਂਗਰਸੀ ਸਰਕਾਰਾਂ ਦਾ ਕਸੂਰ ਹੈ ਜਿਨ੍ਹਾਂ ਨੇ ਇਸ ਵਰਗ ਵਲ ਧਿਆਨ ਨਹੀਂ ਦਿੱਤਾ ਸੀ। 1967 ਵਿਚ ਜਦੋਂ ਫਰੰਟ ਦੀ ਸਰਕਾਰ ਬਣੀ ਸੀ ਫਿਰ ਪੁਲੀਟੀਕਲ ਉਥਲ ਪੁਥਲ ਸਾਰੇ ਦੇਸ਼ ਵਿਚ ਹੋਈ ਸੀ ਅਤੇ ਪੰਜਾਬ ਵਿਚ ਫਰੰਟ ਦੀ ਸਰਕਾਰ ਬਣੀ ਸੀ ਔਰ ਇਸ ਪਹਿਲੀ ਅਕਾਲੀ ਪਾਰਟੀ ਦੀ ਸਰਕਾਰ ਨੇ ਹਰੀਜਨਾਂ ਦੇ ਵਾਸਤੇ ਸਕੀਮਾਂ ਬਣਾਈਆਂ ਸਨ ਅਤੇ ਜਦੋਂ ਵੀ ਪੰਜਾਬ ਵਿਚ ਅਕਾਲੀ ਪਾਰਟੀ ਦੀ ਸਰਕਾਰ ਆਈ ਉਸ ਨੇ ਹੀ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਅਤੇ ਤਰਕੀ ਲਈ ਨਵੀਆਂ ਸਕੀਮਾਂ ਸ਼ੁਰੂ ਕੀਤੀਆਂ ਸਨ, ਕਿਉਂਕਿ ਸਾਡੇ ਬਹੁਤ ਸਾਰੇ ਲੋਕ ਪਿੰਡਾਂ ਵਿਚ ਵਸਦੇ ਹਨ। ਸਾਡੀ ਲਿਟਰੇਸੀ ਦੀ ਦਰ 23 ਪ੍ਰਤੀਸ਼ਤ ਹੈ ਜਿਹੜੀ ਬਹੁਤ ਹੀ ਘੱਟ ਹੈ, ਹਾਲੇ ਵੀ ਲੋਕ ਬਹੁਤ ਬੈਕਵਰਡ ਹਨ। ਇਹ ਠੀਕ ਹੈ ਕਿ ਸਰਕਾਰ ਨੇ ਬਹੁਤ ਸਾਰੀਆਂ ਸਕੀਮਾਂ ਅਨੁਸੂਚਿਤ ਜਾਤੀਆਂ ਦੇ ਲੋਕਾਂ ਲਈ ਚਲਾਈਆਂ ਹਨ ਜਿਸ ਤਰ੍ਹਾਂ ਜੰਜ ਘਰ ਲਈ 10 ਤੋਂ 15 ਹਜ਼ਾਰ ਰੁਪਿਆ ਕਰ ਦਿੱਤਾ ਹੈ ਅਤੇ ਇਸੇ ਤਰ੍ਹਾਂ 750 ਧਰਮਸ਼ਾਲਾਂ ਵਿਚ ਬਰਤਨ ਦੇਣ ਦੀ ਸਕੀਮ ਸ਼ੁਰੂ ਕੀਤੀ ਹੈ। ਇਸ ਦੇ ਲਈ ਸਰਕਾਰ ਦੀ ਜਿੰਨੀ ਪ੍ਰਸ਼ੰਸਾਂ ਕੀਤੀ ਜਾਵੇ ਉਹ ਥੋੜ੍ਹੀ ਹੈ। ਲੇਕਿਨ ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਵਿੱਤ ਮੰਤਰੀ ਬਹੁਤ ਹੀ ਸਿਆਣੇ ਇੰਡਸਟਰੀਅਲਿਸਟ ਹਨ ਅਤੇ ਇਸ ਦੇ ਇਹ ਮਾਹਿਰ ਹਨ ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਇਨ੍ਹਾਂ ਲੋਕਾਂ ਦੀ ਭਲਾਈ ਲਈ ਨਵੀਆਂ ਸਕੀਮਾਂ ਚਾਲੂ ਕੀਤੀਆਂ ਜਾਣ ਜਿਸ ਦੇ ਨਾਲ ਇਹ ਲੋਕ ਉਦਯੋਗ ਸਥਾਪਿਤ ਕਰ ਸਕਣ। ਕਰੈਸ਼ ਪ੍ਰੋਗਰਾਮ ਬਣਾ ਕੇ ਇਨ੍ਹਾਂ ਦੀ ਮਦਦ ਕੀਤੀ ਜਾਵੇ ਤਦੇ ਹੀ ਇਨ੍ਹਾਂ ਦੀ ਤਰਕੀ ਹੋ ਸਕਦੀ ਹੈ। ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਸਰਕਾਰ ਨੂੰ ਖਾਸ ਤੌਰ ਤੇ ਚੀਫ ਮਨਿਸਟਰ ਸਾਹਿਬ, ਫਾਈਨੈਂਸ ਮਨਿਸਟਰ ਸਾਹਿਬ ਅਤੇ ਪਾਂਧੀ ਸਾਹਿਬ ਨੂੰ ਕਿ ਇਨ੍ਹਾਂ ਦੇ ਹਿੱਤ ਸਾਡੇ ਅਨੁਸੂਚਿਤ ਜਾਤੀ ਦੇ ਵਰਗ ਨਾਲ ਹਨ। ਇਕ ਅਰਬ ਰੁਪਏ ਦੀ ਸਕੀਮ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਰਾਹੀਂ ਬਣਾ ਕੇ ਸ਼ੁਰੂ ਕਰੋ ਤਦ ਹੀ 12188 ਪਿੰਡਾਂ ਵਿਚ ਤਰੱਕੀ ਹੋ ਸਕਦੀ ਹੈ। ਇਸ ਦੇ ਵਿਚ 500 ਫੈਕਟਰੀਆਂ ਲਗਾ ਕੇ ਕੰਮ ਦੇਣਾ ਚਾਹੀਦਾ ਹੈ। ਸਾਡੇ 37 ਪ੍ਰਤੀਸ਼ਤ ਲੋਕ ਲੇਬਰ ਵਿਚ, 20 ਪ੍ਰਤੀਸ਼ਤ ਕਿੱਤੇ ਖੇਤੀ ਬਾੜੀ ਦੇ ਅਤੇ 80 ਪ੍ਰਤੀਸ਼ਤ ਲੋਕ ਹੋਰ ਹੱਥੀਂ ਕੰਮ ਕਾਰ ਕਰਦੇ ਹਨ।

[ਸਰਦਾਰ ਬਲਵੰਤ ਸਿੰਘ ਸਰਹਾਲ]

ਸਾਡੀ ਜਿਹੜੀ ਲੇਬਰ ਹੈ ਉਨ੍ਹਾਂ ਨੂੰ ਪੂਰਾ ਕੰਮ ਵੀ ਨਹੀਂ ਮਿਲਦਾ, ਉਹ ਗਰੀਬੀ ਵਿਚ ਫਸੇ ਹੋਏ ਹਨ। ਪੰਜਾਬ ਸਰਕਾਰ ਨੂੰ 12188 ਪਿੰਡਾਂ ਵਿਚ 25-25 ਪਿੰਡਾਂ ਦਾ ਇਕ ਇਕ ਬਲਾਕ ਬਣਾ ਕੇ ਫੈਕਟਰੀਆਂ ਲਗਾ ਦੇਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ 25-25 ਪਿੰਡਾਂ ਪਿਛੇ 500 ਫੈਕਟਰੀਆਂ ਲਗਦੀਆਂ ਹਨ। ਮੈਂ ਆਪਣੀ ਰਾਏ ਫਿਰ ਬੈਠ ਕੇ ਮੰਤਰੀ ਜੀ ਨਾਲ ਸਾਂਝੀ ਕਰਨੀ ਚਾਹਾਂਗਾ। ਇਸ ਨਾਲ ਪੰਜਾਬ ਦੇ ਗਰੀਬ ਲੋਕਾਂ ਨੂੰ ਕੰਮ ਮਿਲੇਗਾ। ਇਸ ਨਾਲ ਲੋਕ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਣਗੇ। ਇਨ੍ਹਾਂ ਸਕੀਮਾਂ ਨੂੰ ਸਰਕਾਰ ਜ਼ਰੂਰ ਲਾਗੂ ਕਰੇ।

ਹੁਣ ਮੈਂ, ਸਪੀਕਰ ਸਾਹਿਬ, ਐਜੂਕੇਸ਼ਨ ਦੇ ਮੁਤੱਲਕ ਕਹਿਣਾ ਚਾਹਾਂਗਾ। ਵਿਦਿਆ ਜ਼ਿੰਦਗੀ ਦਾ ਸਭ ਤੋਂ ਵਡਾ ਹਿੱਸਾ ਹੈ। ਵਿਦਿਆ ਤੋਂ ਬਗੈਰ ਇਨਸਾਨ ਕਮਜ਼ੋਰ ਰਹਿ ਜਾਂਦਾ ਹੈ। ਸਾਡੀ ਹਮੇਸ਼ਾਂ ਵਿਦਿਆ ਤੋਂ ਬਗੈਰ ਕਮਜ਼ੋਰੀ ਰਹੇਗੀ। ਵਿਦਿਆ ਤੋਂ ਬਗੈਰ ਅਸੀਂ ਤਰਕੀ ਨਹੀਂ ਕਰ ਸਕਾਂਗ। ਪਰ, ਸਪੀਕਰ ਸਾਹਿਬ, ਸਾਡੀ ਜੋ ਪ੍ਰਾਇਮਰੀ ਐਜੂਕੇਸ਼ਨ ਹੈ, ਉਸ ਦਾ ਮਦਾ ਹਾਲ ਹੈ। ਮੈਂ ਸੀ. ਐਮ. ਸਾਹਿਬ ਨੂੰ ਅਤੇ ਐਫ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਬਚੇ ਕਲ੍ਹ ਨੂੰ ਬਣਨ ਵਾਲੀ ਕੌਮ ਦੀ ਪਨੀਰੀ ਹਨ। ਉਨ੍ਹਾਂ ਬਚਿਆਂ ਨੂੰ ਪੂਰੀ ਐਜੂਕੇਸ਼ਨ ਨਹੀਂ ਮਿਲ ਰਹੀ। ਉਹ ਹਮੇਸ਼ਾਂ ਮਿੱਟੀ ਵਿਚ ਰਹੇ ਹਨ। ਇਹ ਚੰਗੀ ਗੱਲ ਹੈ ਕਿ ਨਵੇਂ ਟੀਚਰ ਭਰਤੀ ਕੀਤੇ ਗਏ ਹਨ ਔਰ ਨਵੇਂ ਸਕੂਲ ਬਣਾਏ ਜਾ ਰਹੇ ਹਨ। ਪੰਜਾਬ ਸਰਕਾਰ ਨੇ 300 ਸਕੂਲਾਂ ਨੂੰ ਅਪਗਰੇਡ ਕੀਤਾ। ਕਈਆਂ ਨੇ ਇਥੇ ਖਦਸ਼ਾ ਵੀ ਜ਼ਾਹਿਰ ਕੀਤਾ। ਸਕੂਲ ਟੀਚਰਾਂ ਨੂੰ ਟ੍ਰੇਨਿੰਗ ਦਿਤੀ ਜਾ ਰਹੀ ਹੈ। ਮੈਂ ਰਾਜਾ ਨਰਿੰਦਰ ਸਿੰਘ ਜੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਇਲਾਕੇ ਦੇ ਇਕ ਪਿੰਡ ਵਿਚ ਸਕੂਲ ਦਾ ਨੀਂਹ ਪੱਥਰ ਰਖਿਆ ਹੈ ਜੇਕਰ ਇਨ੍ਹਾਂ ਨੂੰ ਭੁਲੇਖਾ ਹੈ ਤਾਂ ਬੇਸ਼ਕ ਜਾ ਕੇ ਦੇਖ ਲੈਣ। ਸਕੂਲ ਸਾਰੇ ਅਪਗ੍ਰੇਡ ਹੋ ਗਏ ਹਨ। ਜੋ ਬਰਨਾਲਾ ਸਾਹਿਬ ਦੀ ਸਰਕਾਰ ਨੇ ਅਨਾਊਂਸ ਕੀਤਾ ਹੈ, ਉਸ ਦੇ ਮੁਤੱਲਕ ਅਮਲ ਹੋਣਾ ਸ਼ੁਰੂ ਹੋ ਗਿਆ ਹੈ। ਮੈਂ ਸਮਝਦਾ ਹਾਂ ਕਿ ਮੇਰੀ ਸਰਕਾਰ ਵਧਾਈ ਦੀ ਪਾਤਰ ਹੈ। ਮੈਂ ਇਕ ਬੇਨਤੀ ਕਰਨੀ ਚਾਹਾਂਗਾ ਕਿ ਸਾਡੇ ਐਜੂਕੇਸ਼ਨ ਦੀ ਐਨਵਾ-ਇਰਮੈਂਟ ਬਹੁਤ ਬੁਰੀ ਹੈ। ਸਕੂਲ ਪੜ੍ਹਨ ਦੇ ਯੋਗ ਨਹੀਂ ਹਨ। ਸਾਡੇ ਬਚੇ ਮਿੱਟੀ ਵਿਚ ਰਹਿੰਦੇ ਹਨ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਕੂਲਾਂ ਦੇ ਵਿਹ-ੜਿਆਂ ਵਿਚ ਫੁਲ ਲਗਾਏ ਜਾਣ। ਇਕ ਮਾਲੀ ਸਕੂਲ ਵਿਚ ਰਖਣਾ ਚਾਹੀਦਾ ਹੈ। ਮਾਲੀ ਸਕੂਲ ਵਿਚ ਫੁਲਾਂ ਦਾ ਹਾਰ ਸ਼ਿੰਗਾਰ ਕਰੇ ਅਤੇ ਬਚਿਆਂ ਨੂੰ ਦਸੇ ਕਿ ਕਿਸ ਤਰ੍ਹਾਂ ਸਕੂਲਾਂ ਵਿਚ ਸਫਾਈ ਦਾ ਪ੍ਰਬੰਧ ਹੋਣਾ ਚਾਹੀਦਾ ਹੈ। (ਘੰਟੀ) ਮੈਂ ਸੀ. ਐਮ. ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇਸ ਗੱਲ ਵਲ ਜ਼ਰੂਰ ਧਿਆਨ ਦੇਣ। 10-10 ਸਕੂਲਾਂ ਵਿਚ ਜਾਂ 15-15 ਸਕੂਲਾਂ ਵਿਚ ਇਕ ਮਾਲੀ ਹੋਲ ਟਾਈਮ ਰਖ ਦੇਣ। ਇਸ ਤਰ੍ਹਾਂ ਹਰ ਇਕ ਬਚੇ ਨੂੰ ਨਰਸਰੀ ਬਾਰੇ ਪਤਾ ਲਗੇਗਾ। ਟੀਚਰਾਂ ਨੂੰ ਜੋ ਰੈਫਰੈਸ਼ਰ ਕੋਰਸ ਦੀ ਟ੍ਰੇਨਿੰਗ ਦੇਣ ਦਾ ਪ੍ਰਬੰਧ ਕੀਤਾ ਹੈ, ਇਹ ਬਹੁਤ ਹੀ ਚੰਗਾ ਹੈ। ਮੇਰੀ ਬੇਨਤੀ ਹੈ ਕਿ ਪੰਜਾਬ ਸਰਕਾਰ ਇਸ ਗਲ ਵਲ ਜ਼ਰੂਰ ਧਿਆਨ ਦੇਵੇ। ਸਾਹਮਣੇ ਬੈਠੇ ਦੋਸਤ ਬਹਾਨਾ ਲਗਾਈ ਜਾ ਰਹੇ ਹਨ। (ਘੰਟੀ) ਜਿਹੜਾ ਸਾਡੇ ਗੁਰੂਆਂ ਨੇ ਰਾਹ ਦਿਖਾਇਆ ਹੈ, ਜਿਹੜੇ ਸਾਹਮਣੇ ਸਜਣ ਬੈਠ ਹਨ, ਉਹ ਉਨ੍ਹਾਂ ਤੋਂ ਸਬਕ ਸਿੱਖ ਲੈਣ। ਗੁਰੂ ਸਾਹਿਬਾਨ ਨੂੰ ਦੇਖੋ। ਪੰਜਾਬ ਦੇ ਹਾਲਾਤ ਠੀਕ ਕਰੋ। ਕਤਲਾਂ ਦੀ ਹਮਾਇਤ ਨਾ ਕਰੋ। ਡੈਮੋਕਰੇਟਿਕ ਤਰੀਕੇ ਦੇ ਨਾਲ ਕੰਮ ਕਰੋ। ਨੌਜਵਾਨਾਂ ਨੂੰ ਮੁੱਖ ਧਾਰਾ ਵਿਚ ਲਿਆਵੋ। ਅਤਿਵਾਦੀਆਂ ਦੇ ਖਿਲਾਫ ਲੜਾਈ ਇਕਠੇ ਹੋ ਕੇ ਲੜੋ। ਜੇਕਰ ਤੁਸੀਂ ਗਲਤ ਪਾਸੇ ਜਾਉਗੇ ਤਾਂ ਕਿਸੇ ਨੇ ਤੁਹਾਨੂੰ ਮਾਫ ਨਹੀਂ ਕਰਨਾ। ਤੁਸੀਂ ਉਨ੍ਹਾਂ ਨੂੰ ਬੜ੍ਹਾਵਾ ਦੇ ਰਹੇ ਹੋ। ਤੁਸੀਂ ਜੋ ਗੁਰਧਾਮਾਂ ਦੀ ਬੇਗੁਰਮਤੀ ਕਰਵਾ ਰਹੇ ਹੋ, ਸਿੱਖ ਧਰਮ ਦੇ ਅਸੂਲਾਂ ਨੂੰ ਕਤਲ ਕਰਵਾ ਰਹੇ ਹੋ, ਆਉਣ ਵਾਲੀਆਂ ਸਿਖ ਸੰਗਤਾਂ ਨੇ ਤੁਹਾਨੂੰ ਕਦੇ ਮੁਆਫ ਨਹੀਂ ਕਰਨਾ। ਮੈਂ ਤੁਹਾਨੂੰ ਗੁਰੂ ਨਾਨਕ ਦੇ ਨਾਂ ਦਾ

ਵਾਸਤਾ, ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਵਾਸਤਾ ਦੇ ਕੇ ਕਹਿੰਦਾ ਹਾਂ ਕਿ ਆਓ, ਅਸੀਂ ਰਲ ਕੇ ਪੰਜਾਬ ਦੀ ਸੇਵਾ ਕਰੀਏ। ਜਿਸ ਕੰਮ ਵਿਚ ਤੁਸੀਂ ਲਗੇ ਹੋਏ ਹੋ, ਇਹ ਸਿਖੀ ਦੇ ਅਨੁਕੂਲ ਨਹੀਂ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਆਦਰਸ਼ਾਂ ਦੇ ਮੁਤਾਬਿਕ ਨਹੀਂ। ਮੈਂ ਤੁਹਾਨੂੰ ਖੁੱਲ੍ਹੀ ਬੇਨਤੀ ਕਰਦਾ ਹਾਂ ਕਿ ਆਓ, ਰਲਕੇ ਪੰਜਾਬ ਦੀ ਸੇਵਾ ਕਰੀਏ, ਦੇਸ਼ ਦੀ ਸੇਵਾ ਕਰੀਏ (ਘੰਟੀ) ਅਤਿਵਾਦ ਅਤੇ ਵਖਵਾਦ ਦਾ ਨਿਪਟਾਰਾ ਕਰੀਏ। ਮੈਂ ਇਨ੍ਹਾਂ ਸਾਰੀਆਂ ਡਿਮਾਂਡਾਂ ਨਾਲ ਸਹਿਮਤ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਪੰਜਾਬ ਸਰਕਾਰ ਅਤੇ ਸਤਿਕਾਰਯੋਗ ਵਿੱਤ ਮੰਤਰੀ ਸਾਹਿਬ, ਜਿਨ੍ਹਾਂ ਨੇ ਸਿਆਣਪ ਅਤੇ ਸੂਝ ਨਾਲ ਇਹ ਮੰਗਾਂ ਰਖੀਆਂ ਹਨ, ਉਹ ਪਾਸ ਕਰ ਦੇਣੀਆਂ ਚਾਹੀਦੀਆਂ ਹਨ। ਧੰਨਵਾਦ।

ਸ੍ਰੀ ਸਪੀਕਰ : ਗਿਆਨੀ ਅਰਜਨ ਸਿੰਘ ਲਿੱਟ।

ਸ੍ਰੀ ਸ਼ਿਵ ਚੰਦ ਮਲੋਟ : ਸਪੀਕਰ ਸਾਹਿਬ, ਸਾਡਾ ਟਾਈਮ ...

ਸ੍ਰੀ ਸਪੀਕਰ : ਤੁਹਾਡਾ ਟਾਈਮ ਹੈ, ਮਿਲੇਗਾ।

ਗਿਆਨੀ ਅਰਜਨ ਸਿੰਘ ਲਿੱਟ (ਕਿਲਾ ਰਾਏਪੁਰ): ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਸਮਾਂ ਦਿੱਤਾ ਹੈ। ਮੈਂ ਡਿਮਾਂਡ ਨੰਬਰ 6, 11 ਅਤੇ 14 ਤੇ ਬੋਲਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਵਿਦਿਆ ਦਾ, ਜਿਵੇਂ ਮੇਰੇ ਪਹਿਲੇ ਦੋਸਤਾਂ ਨੇ ਕਿਹਾ ਹੈ ਕਿ ਭਠਾ ਬਹਿ ਗਿਆ ਹੈ। ਪੰਜਵੀਂ ਜਮਾਤ ਵਿਚੋਂ ਮਾਸਟਰ ਬੱਚੇ ਨੂੰ ਬਿਨਾਂ ਇਮਤਿਹਾਨ ਤੋਂ ਹੀ ਪਾਸ ਕਰ ਦਿੰਦਾ ਹੈ। ਜੇ ਨੀਂਹ ਹੀ ਕਮਜ਼ੋਰ ਹੋਵੇਗੀ, ਤਾਂ ਬੱਚਾ ਅਗੇ ਕੀ ਤਰਕੀ ਕਰੇਗਾ। ਅਗਲੀਆਂ ਕਲਾਸਾਂ ਵਿਚ ਸ਼ਰਾਬਾਂ ਦੀਆਂ ਬੋਤਲਾਂ ਅਤੇ ਪੈਸੇ ਦੇ ਕੇ ਪਾਸ ਕਰਵਾ ਲਏ ਜਾਂਦੇ ਹਨ, ਸੁਪਰਡੈਂਟ ਨੂੰ ਘੂਰਦੇ ਹਨ, ਪਰ ਸਰਕਾਰ ਕੋਈ ਪ੍ਰਬੰਧ ਨਹੀਂ ਕਰਦੀ। ਇਸ ਤਰ੍ਹਾਂ ਤਾਂ ਸਾਰੀ ਜਨਰੇਸ਼ਨ ਹੀ ਨਲਾਇਕ ਹੋ ਜਾਵੇਗੀ। ਤੁਸੀਂ ਦਸਵੀਂ ਜਮਾਤ ਦੇ ਮੁੰਡੇ ਦਾ ਇਮਤਿਹਾਨ ਲੈ ਕੇ ਦੇਖੋ, ਉਸ ਨੂੰ ਲੁਧਿਆਣੇ ਦਾ ਨਹੀਂ ਪਤਾ, ਪੰਜਾਬ ਦੇ ਜ਼ਿਲ੍ਹਿਆਂ ਦੀਆਂ ਤਹਿਸੀਲਾਂ ਦਾ ਨਹੀਂ ਪਤਾ, ਅੰਗਰੇਜ਼ੀ ਇਹੋ ਜਿਹੀ ਲਿਖਦਾ ਹੈ ਜਿਸ ਦੇ ਕਦੇ ਸਪੈਲਿੰਗ ਦਰੁਸਤ ਨਹੀਂ ਹੁੰਦੇ। ਵਿਦਿਆ ਦਾ ਕੁਝ ਕਰੋ। ਇਸ ਦਾ ਸਟੈਂਡਰਡ ਠੀਕ ਕਰਨ ਲਈ, ਸਹੀ ਵਿਦਿਆ ਦੇਣ ਲਈ ਪ੍ਰਬੰਧ ਕੀਤਾ ਜਾਵੇ। ਇਹੀ ਕਾਰਣ ਹੈ ਕਿ ਹਰ ਕਮਰੇ ਵਿੱਚ ਮਾਸਟਰ 2-2 ਜਾਂ 10-10 ਬੱਚੇ ਲੈ ਕੇ ਸਕੂਲ ਖੋਲ੍ਹੀ ਬੈਠੇ ਹਨ। ਪਰ ਗਰੀਬਾਂ ਦੇ ਬੱਚਿਆਂ ਦਾ ਕੀ ਬਣੇਗਾ ਜੋ ਕੁਝ ਵੀ ਅਫੋਰਡ ਨਹੀਂ ਕਰ ਸਕਦੇ ?

ਦੂਸਰੀ ਲਾਅ ਐਂਡ ਆਰਡਰ ਦੀ ਬਾਤ ਹੈ। ਇਸ ਦਾ ਭੱਠਾ ਬਿਠਾਉਣ ਦੀ ਸਾਰੀ ਜ਼ਿੰਮੇਵਾਰੀ ਇਨ੍ਹਾਂ ਦੋਵਾਂ ਸਾਥੀਆਂ ਦੀ ਹੈ। ਇਨ੍ਹਾਂ ਅਕਾਰਡ ਪ੍ਰਵਾਨ ਕੀਤਾ। ਸੰਤ ਹਰਚੰਦ ਸਿੰਘ ਲੌਂਗੋਵਾਲ ਇਹ ਮੰਨ ਕੇ ਆਏ। ਖੈਰ "ਬੁਰੇ ਨਾਲ ਬੁਰਾਈ ਕਰਨੀ, ਮੁਆਫ ਕਰਨਗੇ ਸਿਆਣੇ, ਬੁਰੇ ਨਾਲ ਨੇਕੀ ਕਰਨੀ, ਇਹ ਨਾਨਕ ਹੀ ਜਾਣੇ"। ਇਹ ਦਿੱਲੀ, ਕਾਨਪੁਰ ਦੇ ਸਾਰੇ ਕਤਲ ਮੁਆਫ ਕਰਕੇ ਜੱਫੀ ਪਾ ਕੇ ਆ ਗਏ, ਦਸਤਖਤ ਕਰਕੇ ਆਏ ਪਰ ਇਹ ਅਕਾਰਡ ਮੰਨਿਆ ਹੀ ਨਹੀਂ ਗਿਆ। ਅੰਗਰੇਜ਼ੀ ਦੀ ਕਹਾਵਤ ਹੈ Promise breaker is a shoe-maker.

ਸਰਦਾਰ ਬਲਵੰਤ ਸਿੰਘ ਸਰਹਾਲ: ਸਪੀਕਰ ਸਾਹਿਬ, ਗਿਆਨੀ ਜੀ ਬੜੇ ਸਤਿਕਾਰਯੋਗ ਮੈਂਬਰ ਹਨ, ਮੈਂ ਇਨ੍ਹਾਂ ਦੀ ਇੱਜ਼ਤ ਵੀ ਕਰਦਾ ਹਾਂ, ਇਹ ਬੜੀਆਂ ਸਿਆਣੀਆਂ ਗੱਲਾਂ ਵੀ ਕਰਦੇ ਹੁੰਦੇ

[ਸਰਦਾਰ ਬਲਵੰਤ ਸਿੰਘ ਸਰਹਾਲ]

ਹਨ, ਸਿਖਿਆ ਵੀ ਦਿੰਦੇ ਹਨ। ਇਨ੍ਹਾਂ ਨੇ ਇਸ ਤਰ੍ਹਾਂ ਕਿਹਾ ਹੈ ਜਿਸ ਤਰ੍ਹਾਂ ਇਹ ਆਪ ਜੋੜੇ ਪਹਿਨਦੇ ਨਹੀਂ, ਇਨ੍ਹਾਂ ਨੇ ਸ਼ੂ ਮੇਕਰ ਨੂੰ ਇਹ ਕਹਿ ਕੇ ......

ਗਿਆਨੀ ਅਰਜਨ ਸਿੰਘ ਲਿੱਟ : ਹੁਣ ਤਾਂ ਜੁੱਤੀਆਂ ਪੰਡਿਤ ਵੀ ਵੇਚਦੇ ਹਨ, ਤੁਹਾਡੀ ਸਾਰੀ ਟੈਨਰੀ ਤਾਂ ਲੈ ਗਿਆ ਬਾਟਾ। ਲਾਅ ਐਂਡ ਆਰਡਰ ਦਾ ਇਸ ਤਰ੍ਹਾਂ ਦਾ ਕਿਉਂ ਹਾਲ ਹੈ? ਇਹ ਸਖਤੀ ਨਾਲ ਨਹੀਂ ਦਬਾਈ ਜਾ ਸਕਦੀ। ਪੁਲਿਸ ਦੇ ਅਫ਼ਸਰਾਂ ਬਾਰੇ ਸਾਰਿਆਂ ਨੇ ਏਥੇ ਕਿਹਾ ਹੈ, ਰਿਸ਼ਵਤਖੋਰੀ ਬੇਇਨਤਹਾ ਹੈ, ਥਾਣਿਆਂ ਦੇ ਸੌਦੇ ਹੁੰਦੇ ਹਨ। ਸਵੇਰੇ 7 ਵਜੇ ਸੜਕ ਚਲਦੀ ਹੈ ਤੇ ਸ਼ਾਮ ਦੇ 8 ਵਜੇ ਉਥੇ ਕੋਈ ਨਹੀਂ ਦਿਖਦਾ। ਪੁਲਿਸ ਵਾਲੇ ਜ਼ਰੂਰ ਸਵੇਰੇ ਸਵੇਰੇ ਟਰੱਕਾਂ ਵਾਲਿਆਂ ਤੋਂ ਪੈਸੇ ਲੈਂਦੇ ਹੁੰਦੇ ਹਨ। ਮੈਂ ਬੇਨਤੀ ਕਰਦਾ ਹਾਂ ਚੀਫ ਮਨਿਸਟਰ ਸਾਹਿਬ ਨੂੰ ਕਿ ਲਾਅ ਐਂਡ ਆਰਡਰ ਠੀਕ ਰੱਖਣ ਲਈ ਪਰਬੰਧ ਕਰਨੇ ਚਾਹੀਦੇ ਹਨ। ਜੋ ਅਕਾਰਡ ਹੈ ਉਸ ਨੂੰ ਸਿਰੇ ਚੜ੍ਹਾਉਣਾ ਚਾਹੀਦਾ ਹੈ। ਇਹ ਸਾਨੂੰ ਕਹਿੰਦੇ ਹਨ ਕਿ ਜੋਧਪੁਰ ਦੇ ਕੈਦੀ ਛੁੜਵਾਓ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਕੈਦੀਆਂ ਨੂੰ ਛੁੜਵਾਉਣ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ। ਇਨ੍ਹਾਂ ਤੋਂ ਕੁਝ ਨਹੀਂ ਹੋਇਆ ਔਰ ਇਥੇ ਦਾ ਭੱਠਾ ਬੈਠ ਗਿਆ ਹੈ। ਇਹ ਬਰਨਾਲਾ ਸਾਹਿਬ ਨੂੰ ਕਹੀ ਜਾਂਦੇ ਹਨ ਕਿ ਤੁਸੀਂ ਬੜੇ ਤਕੜੇ ਹੋ। ਇਹ ਕਹਿਕੇ ਇਨ੍ਹਾਂ ਨੇ ਇਨ੍ਹਾਂ ਦਾ ਭੱਠਾ ਬਿਠਾ ਦਿੱਤਾ ਹੈ। ਇਹ ਆਪ ਕਹਿੰਦੇ ਹਨ ਕਿ ਅਤਿਵਾਦੀ ਵਜ਼ੀਰਾਂ ਦੇ ਘਰਾਂ ਵਿਚ ਰਹਿੰਦੇ ਹਨ। ਸਾਡੇ ਕੋਲ ਕੌਣ ਰਹਿੰਦਾ ਹੈ? ਇਨ੍ਹਾਂ ਵਜ਼ੀਰਾਂ ਨੂੰ ਕੋਈ ਕੰਮ ਨਹੀਂ, ਇਕ ਵਜ਼ੀਰ ਇਨ੍ਹਾਂ ਦੇ ਪਹਿਲੀ ਵਾਰੀ ਆਏ ਹਨ ਔਰ ਇਹ ਬੇਤੁਕੀਆਂ ਗਲਾਂ ਕਰੀ ਜਾਂਦੇ ਹਨ, ਫਜ਼ੂਲ ਗੱਲਾਂ ਕਰੀ ਜਾਂਦੇ ਹਨ। ਗੁਰਬਾਣੀ ਵਿਚ ਕਿਹਾ ਹੈ--

'ਜੇ ਤੂੰ ਅਕਲ ਲਤੀਫ ਹੈਂ, ਕਾਲੇ ਲਿਖ ਨਾ ਲੇਖ,
ਆਪਨੜੇ ਗਰੇਬਾਨ ਮੇਂ, ਸਿਰ ਨੀਵਾਂ ਕਰ ਦੇਖ।'

ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਨ੍ਹਾਂ ਨੂੰ ਮੱਤ ਦਿਓ। ਕੱਲ੍ਹ ਸਰਦਾਰ ਕਿਰਪਾਲ ਸਿੰਘ ਨੇ ਕਿਹਾ ਸੀ ਕਿ ਇਹ ਕੁਰੱਪਟ ਸਰਕਾਰ ਹੈ। ਝੋਲਾ ਚੁੱਕ ਕੇ ਇਨ੍ਹਾਂ ਦਾ ਇਕ ਮੰਤਰੀ ਪੈਸੇ ਇਕੱਠੇ ਕਰਦਾ ਫਿਰਦਾ ਹੈ। (ਵਿਘਨ) ਮੈਂ ਦਾਅਵੇ ਨਾਲ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਇਕੱਲੇ ਇਕੱਲੇ ਦੀ ਇਨਕੁਆਇਰੀ ਕਰਾਉਣੀ ਚਾਹੀਦੀ ਹੈ। ਔਰ ਜਿਹੜੇ ਪੈਸੇ ਖਾਂਦੇ ਹਨ ਉਨ੍ਹਾਂ ਨੂੰ ਕੱਢਣਾ ਚਾਹੀਦਾ ਹੈ (ਥੰਪਿੰਗ) ਇਹ ਪਹਿਲਾ ਸੈਸ਼ਨ ਹੈ ਜਿਸ ਵਿਚ ਇਹ ਐਨੀਆਂ ਘਟੀਆ ਗੱਲਾਂ ਕਰਦੇ ਹਨ। ਦਰਸ਼ਕ ਕੀ ਕਹਿਣਗੇ ਕਿ ਇਥੇ ਇਨ੍ਹਾਂ ਦੀਆਂ ਕੀ ਗੱਲਾਂ ਹਨ ਔਰ ਬਾਹਰ ਕੀ ਕਰਦੇ ਹਨ।

ਲਾਅ ਐਂਡ ਆਰਡਰ ਮੇਨਟੇਨ ਕਰਨ ਲਈ ਸੈਂਟਰ ਦੀ ਸਰਕਾਰ ਦੀ ਔਰ ਸਟੇਟ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਵੇਲੇ ਲੋਕ ਤਾਂ ਡੀਮਾਰੇਲਾਈਜ਼ ਹੋਣੇ ਹੀ ਸਨ, ਇਥੋਂ ਦੀ ਪੁਲਿਸ ਵੀ ਡੀ-ਮਾਰੇਲਾਈਜ਼ ਹੋ ਚੁੱਕੀ ਹੈ। ਜਦੋਂ ਕੋਈ ਵਾਕਿਆ ਹੁੰਦਾ ਹੈ ਲੋਕ ਅੰਦਰੋਂ ਬਾਹਰ ਨਹੀਂ ਨਿਕਲਦੇ ਔਰ ਪੁਲਿਸ ਅੰਦਰ ਵੜ ਜਾਂਦੀ ਹੈ। ਕੋਈ ਰੌਲਾ ਨਹੀਂ ਪਾਉਂਦਾ ਕੋਈ ਉਨ੍ਹਾਂ ਨੂੰ ਪਕੜਨ ਦੀ ਹਿੰਮਤ ਨਹੀਂ ਕਰਦਾ। ਦੁਕਾਨਾਂ ਬੰਦ ਕਰ ਦਿੱਤੀਆਂ ਜਾਂਦੀਆਂ ਹਨ। ਇਥੇ ਬੇਗੁਨਾਹ ਮਰ ਰਿਹਾ ਹੈ। ਲਾਅ ਐਂਡ ਆਰਡਰ ਖਤਮ ਹੋ ਗਿਆ ਹੈ। 12-12 ਬੰਦੇ ਇਕ ਦਿਨ ਵਿਚ ਮਾਰ ਦਿੱਤੇ ਗਏ ਹਨ। ਇਸ ਵਾਸਤੇ ਪਾਰਲੀਮੈਂਟ ਵਿਚ ਪੁਛਿਆ ਗਿਆ ਔਰ ਕਲੈਰੀਫਿਕੇਸ਼ਨ ਲਈ ਗਈ ਕਿ ਜੋ ਮਰੇ ਹਨ ਉਹ

ਕਿਹੜੀ ਕੌਮ ਨਾਲ ਸਬੰਧ ਰਖਦੇ ਹਨ ਤਾਂ ਇਸ ਬਾਰੇ ਦਸਿਆ ਨਹੀਂ ਗਿਆ ਕਿ ਉਹ ਸਿੱਖ ਹਨ, ਮੁਸਲਮਾਨ ਹਨ ਜਾਂ ਕੋਈ ਹੋਰ ਹਨ। ਸੈਂਟਰਲ ਸਰਕਾਰ ਕੋਲ ਇਸ ਦਾ ਕੋਈ ਜਵਾਬ ਨਹੀਂ ਹੈ। ਚੀਫ਼ ਮਨਿਸਟਰ ਸਾਹਿਬ ਨੂੰ ਇਸ ਗਲ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਹ ਜੋ ਰਾਹੂ ਕੇਤੂ ਇਨ੍ਹਾਂ ਨੂੰ ਚੰਬੜੇ ਹੋਏ ਹਨ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ। (ਵਿਘਨ) ਇਕ ਵਾਰੀ ਰਾਵਣ ਨੇ ਜੱਗ ਕੀਤਾ ਅਤੇ ਸਾਰੇ ਦੇਵਤੇ ਬੁਲਾ ਲਏ। ਸਾਰੇ ਦੇਵਤੇ ਆ ਗਏ ਔਰ ਦੋ ਦੇਵਤੇ ਰਾਹੂ ਔਰ ਕੇਤੂ ਨਹੀਂ ਆਏ। ਰਾਵਣ ਨੂੰ ਕਿਹਾ ਗਿਆ ਕਿ ਇਹ ਦੋ ਦੇਵਤੇ ਰਾਹੂ ਔਰ ਕੇਤੂ ਨਹੀਂ ਆਏ ਤਾਂ ਉਹ ਕਹਿਣ ਲਗਾ ਕਿ ਰਹਿਣ ਦਿਓ ਉਨ੍ਹਾਂ ਨੂੰ ਕਿਉਂਕਿ ਉਨ੍ਹਾਂ ਨੇ ਆ ਕੇ ਖਰਾਬੀ ਹੀ ਕਰਨੀ ਸੀ। ਇਹ ਉਹ ਰਾਹੂ ਕੇਤੂ ਹਨ। ਆਪ ਧਰਮ ਦਾ ਨਾਂ ਲੈਂਦੇ ਹਨ ਔਰ ਸਾਨੂੰ ਧਰਮ ਦਾ ਨਾਂ ਲੈਣ ਤੋਂ ਹਟਾਉਂਦੇ ਹਨ। ਜਦੋਂ ਪਾਕਿਸਤਾਨ ਨਾਲ ਲੜਾਈ ਹੋਈ ਤਾਂ ਉਦੋਂ ਤਾਂ ਧਰਮ ਦੇ ਗੀਤ ਗਾਉਣ ਲਗ ਜਾਂਦੇ ਹਨ। ਪਾਕਿਸਤਾਨ ਨਾਲ ਲੜਾਈ ਹੋਈ ਤਾਂ ਮੌਲਾ ਬਖਸ਼ ਨੇ ਕਿਹਾ ਕਿ ਸਾਬਣ ਮਹਿੰਗਾ ਹੋ ਗਿਆ ਹੈ ਜਦੋਂ ਲਾਲਾ ਚਿਟਕਨੀ ਖੋਲ੍ਹਦਾ ਹੈ ਤਾਂ ਉਸ ਦੀ ਧੋਤੀ ਲਿਬੜ ਜਾਂਦੀ ਹੈ। ਇਸ ਲਈ ਸਾਬਣ ਦੀ ਲੋੜ ਜ਼ਿਆਦਾ ਹੈ। ਬੰਬ ਚਲਣ ਨਾਲ ਦੁਕਾਨਦਾਰ ਉਥੋਂ ਦੌੜ ਕੇ ਦਿੱਲੀ ਚਲੇ ਜਾਂਦੇ ਹਨ ਜਿਸ ਨਾਲ ਚੀਜ਼ਾਂ ਮਹਿੰਗੀਆਂ ਹੋ ਜਾਂਦੀਆਂ ਹਨ। ਜਿਸ ਕੌਮ ਨੇ ਇਸ ਮੁਲਕ ਦੀ ਖਾਤਰ ਆਪਣੀਆਂ ਜਾਨਾਂ ਵਾਹੀਆਂ ਹੋਣ ਜੰਗਲਾਂ ਵਿਚ ਰਹਿ ਕੇ 1965 ਦੀ ਲੜਾਈ ਵਿਚ ਗੁਜ਼ਾਰਾ, ਕੀਤਾ ਹੋਵੇ ਪੰਜਾਬ ਦੀਆਂ ਸਿੱਖ ਬੀਬੀਆਂ ਉਸ ਵੇਲੇ ਉਨ੍ਹਾਂ ਨੂੰ ਜੰਗਲਾਂ ਵਿਚ ਹੀ ਰੋਟੀਆਂ ਪਹੁੰਚਾਉਂਦੀਆਂ ਸਨ। ਅੱਜ ਉਸ ਕੌਮ ਨੂੰ ਇਹ ਵਫ਼ਾਦਾਰ ਨਹੀਂ ਕਹਿ ਰਹੇ। ਅਗਰ ਇਹ ਵਫ਼ਾਦਾਰ ਨਹੀਂ ਹਨ ਤਾਂ ਹੋਰ ਕੌਣ ਵਫ਼ਾਦਾਰ ਹੋ ਸਕਦਾ ਹੈ? ਅੱਜ ਤੱਕ ਜੋ ਜਾਸੂਸ ਫੜੇ ਗਏ ਹਨ ਉਨ੍ਹਾਂ ਵਿਚ ਇਕ ਭੀ ਸਿੱਖ ਨਹੀਂ। ਮੈਂ ਹੈਰਾਨ ਹਾਂ ਕਿ ਕੋਈ ਤਾਂ ਅਕਲ ਦੀ ਗੱਲ ਕਰੋ। ਤੁਸੀਂ ਦੱਸੋ ਪਿੰਡ ਵਿਚ ਕਿਸੇ ਸਿੱਖ ਨੇ ਹਿੰਦੂ ਨੂੰ ਮਾਰਿਆ ਹੈ? (ਵਿਘਨ) ਇਹ ਗੁਪਤਾ ਜੀ ਬੈਠੇ ਐਵੇਂ ਡਰੀ ਜਾਂਦੇ ਹਨ। ਇਹ ਪੁਲਿਟੀਕਲ ਆਦਮੀ ਗਾਰਦ ਤੋਂ ਬਗੈਰ ਚੱਲ ਨਹੀਂ ਸਕਦੇ। ਛੇ-ਛੇ ਆਦਮੀ ਨਾਲ ਗਾਰਦ ਦੇ ਹੁੰਦੇ ਹਨ। ਤੁਸੀਂ ਦੇਖਿਆ ਹੈ ਕਿ ਗਾਰਦ ਦੇ ਕਿੰਨੇ ਆਦਮੀ ਨਾਲ ਜਾਂਦੇ ਹਨ, ਕਿੰਨੀਆਂ ਜੀਪਾਂ ਮਗਰ ਜਾਂਦੀਆਂ ਹਨ। ਪਬਲਿਕ ਦੇ ਸੇਵਾਦਾਰਾਂ ਦਾ ਇਹ ਹਾਲ ਹੈ। ਜੇ ਸੇਵਾ ਕਰਨ ਵਾਲੇ ਸੇਵਾਦਾਰ ਨੂੰ ਹੀ ਮਾਰੇ ਜਾਣ ਦਾ ਐਨਾ ਡਰ ਹੈ ਤਾਂ ਆਮ ਲੋਕਾਂ ਦਾ ਕੀ ਬਣੇਗਾ। (ਘੰਟੀ)

ਸ੍ਰੀ ਸਪੀਕਰ : ਤੁਸੀਂ ਖਤਮ ਕਰੋ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ..... (ਸਰਦਾਰ ਕੁਲਵੰਤ ਸਿੰਘ ਐਡਵੋਕੇਟ ਵਲੋਂ ਵਿਘਨ) ਇਹ ਐਡਵੋਕੇਟ ਹਨ, ਇਨ੍ਹਾਂ ਨੂੰ ਖੜ੍ਹਨਾ ਨਹੀਂ ਚਾਹੀਦਾ। ਇਨ੍ਹਾਂ ਦੀ ਜ਼ਬਾਨ ਤੇ ਲੋਕਾਂ ਨੂੰ ਇਤਬਾਰ ਨਹੀਂ ਰਿਹਾ।

ਸ੍ਰੀ ਸਪੀਕਰ : ਲਿੱਟ ਸਾਹਿਬ, ਤੁਸੀਂ ਸਮਾਪਤ ਕਰੋ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਮੇਰਾ ਟਾਈਮ ਹੈ। ਜਿਹੜੇ ਨੌਜਵਾਨ ਜੋਧਪੁਰ ਦੀਆਂ ਜੇਲ੍ਹਾਂ ਵਿਚ ਬੈਠੇ ਹਨ ਮੈਂ ਉਨ੍ਹਾਂ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਮੈਂ ਹੈਰਾਨ ਹਾਂ ਕਿ ਬਰਨਾਲਾ ਜੀ ਹੁਣ ਤਕ ਇਹ ਕਹਿੰਦੇ ਆਏ ਹਨ ਕਿ ਜੋਧਪੁਰ ਦੇ ਕੈਦੀਆਂ ਨੂੰ ਛੱਡੋ ਉਹ ਕਿਸ ਨੇ ਛਡਾਉਣੇ ਹਨ? ਛੱਡਣੇ ਤਾਂ ਇਨ੍ਹਾਂ ਨੇ ਹਨ। ਸਾਰਿਆਂ ਨੇ ਇਸ ਬਾਰੇ ਕਿਹਾ ਹੈ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਸਾਡਾ ਉਸ ਬਾਰੇ ਰੈਜ਼ੋਲਿਊਸ਼ਨ ਦਾਖਲ ਕਰੋ ਅਤੇ ਸੈਂਟਰ ਨੂੰ ਬੇਨਤੀ

[ਗਿਆਨੀ ਅਰਜਨ ਸਿੰਘ ਲਿੱਟ]

ਕਰੀਏ। ਇਹ ਕਹਿੰਦੇ ਹਨ ਕਿ ਸੈਂਟਰ ਵਾਲਿਆਂ ਨੇ ਛੱਡਣੇ ਹਨ। ਕੈਦੀ ਤਹਾਡੇ ਹਨ, FIR ਤੁਹਾਡੇ ਕੋਲ ਦਰਜ ਹੈ। ਇਸ ਲਈ ਸਾਰੇ ਮਾਹੌਲ ਨੂੰ ਹੱਲ ਕਰਨ ਲਈ ਇਨ੍ਹਾਂ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਇਨਸਾਫ ਦਿਓ। ਬਲਵੰਤ ਸਿੰਘ ਬੜੇ ਸਿਆਣੇ ਹਨ। ਇਨ੍ਹਾਂ ਨੂੰ ** ਵੀ ਕਿਹਾ ਜਾਂਦਾ ਹੈ। ਇਨ੍ਹਾਂ ਨੇ ਟੈਕਸ ਲਾਏ। ਗਰੀਬਾਂ ਤੇ ਟੈਕਸ ਲਾਇਆ। ਇਸ ਤਰ੍ਹਾਂ ਉਹ ਗਰੀਬ ਲੋਕ ਮਰ ਜਾਣਗੇ । (ਘੰਟੀ) ਬੱਸ ਸੇਵਾ ਨੂੰ ਠੀਕ ਕਰੋ।

ਸ਼੍ਰੀ ਸਪੀਕਰ : ਤੁਹਾਡਾ ਟਾਈਮ ਖਤਮ ਹੋ ਗਿਆ ਹੈ। ਅਜੇ ਹੋਰ ਸਪੀਕਰ ਬੋਲਣ ਵਾਲੇ ਰਹਿੰਦੇ ਹਨ।

ਗਿਆਨੀ ਅਰਜਨ ਸਿੰਘ ਲਿੱਟ : ਮੇਰੇ 10 ਮਿੰਟ ਹਨ ਜੀ।

ਸ਼੍ਰੀ ਸਪੀਕਰ : ਤੁਹਾਡੇ 12 ਮਿੰਟ ਹੋ ਗਏ ਹਨ। ਤੁਸੀਂ ਕਨਕਲੂਡ ਕਰੋ।

ਗਿਆਨੀ ਅਰਜਨ ਸਿੰਘ ਲਿੱਟ : ਮੈਂ ਤੁਹਾਡੇ ਭਲੇ ਦੀ ਗੱਲ ਕਰਦਾ ਹਾਂ। ਤੁਹਾਡੀ ਵਕਾਲਤ ਬਿਨਾ ਪੈਸਿਆਂ ਤੋਂ ਕਰਦਾ ਹਾਂ।

ਸ਼੍ਰੀ ਸਪੀਕਰ : ਤੁਸੀਂ ਖਤਮ ਕਰੋ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਮੈਂ ਸਿਆਣੀਆਂ ਗੱਲਾਂ ਕਰ ਰਿਹਾ ਹਾਂ।

ਸ਼੍ਰੀ ਸਪੀਕਰ : ਦੂਸਰੇ ਮੈਂਬਰਾਂ ਨੇ ਵੀ ਸਿਆਣੀਆਂ ਗੱਲਾਂ ਕਰਨੀਆਂ ਹਨ।

ਗਿਆਨੀ ਅਰਜਨ ਸਿੰਘ ਲਿੱਟ : ਕੀ ਮੈਂ ਨਿਆਣੀਆਂ ਗੱਲਾ ਕਰ ਰਿਹਾ ਹਾਂ ? (ਹਾਸਾ) ਮੈਂ ਸਹੀ ਗੱਲਾਂ ਕਰਾਂਗਾ। ਬਲਵੰਤ ਸਿੰਘ ਦੀ ਕਿਰਪਾ ਨਾਲ ਬੱਸਾਂ ਦੀ ਹਾਲਤ ਇਹ ਕਰ ਦਿੱਤੀ ਹੈ ਕਿ ਬੱਸਾਂ ਪੀਪਾਂ ਬਣ ਗਈਆਂ ਹਨ। ਇਹ ਲਾਅ ਐਂਡ ਆਰਡਰ ਕਿਸ ਤਰ੍ਹਾਂ ਠੀਕ ਕਰਨਗੇ ? ਬੱਸਾਂ ਦੀ ਹਾਲਤ ਇਹ ਹੈ ਕਿ ਲੋਕੀਂ ਛੱਤਾਂ ਤੇ ਬੈਠ ਕੇ ਜਾਂਦੇ ਹਨ। ਜੇ ਬੱਸ ਉਲਟ ਗਈ ਤਾਂ ਕਿੰਨੀਆਂ ਸਵਾਰੀਆਂ ਦਾ ਨੁਕਸਾਨ ਹੋਵੇਗਾ। ਬੱਸਾਂ ਚਲਾਉਣ ਵਾਲਿਆਂ ਦੀ ਕੋਈ ਇਨਸ਼ੋਰੈਂਸ ਨਹੀਂ। ਸਵਾਰੀਆਂ ਦੀ ਕੋਈ ਇਨਸ਼ੋਰੈਂਸ ਨਹੀਂ। ਦੂਸਰੇ ਪਾਸੇ ਇਹ ਟੈਕਸਾਂ ਦਾ ਭਾਰ ਪਾ ਕੇ ਲੋਕਾਂ ਨੂੰ ਮਾਰੀ ਜਾਂਦੇ ਹਨ। ਇਕੱਲੀ ਬੱਸ ਵਾਲਾ, ਜੇ ਉਸ ਦੀ ਬੱਸ ਉਲਟ ਗਈ, ਤਾਂ ਉਹ ਮਾਰਿਆ ਜਾਵੇਗਾ। ਹੁੰਦਾ ਕੀ ਹੈ ਕਿ 150-150 ਸਵਾਰੀਆਂ ਬਿਠਾਕੇ ਲੈ ਜਾਂਦੇ ਹਨ। ਇਸ ਲਈ ਮੈਂ ਕਹਾਂਗਾ ਉਨ੍ਹਾਂ ਗਰੀਬਾਂ ਦਾ ਕੋਈ ਖਿਆਲ ਕਰੋ।

ਪੰਜਾਬ ਦੀ ਇੰਡਸਟਰੀ ਦੀ ਜੋ ਹਾਲਤ ਹੈ, ਉਹ ਤਹਾਨੂੰ ਪਤਾ ਹੈ। ਤਿੰਨ ਸ਼ੂਗਰ ਮਿੱਲਾਂ ਮੁਸ਼ਕਿਲ ਨਾਲ ਆਈਆਂ ਹਨ। ਕੀ ਇਨ੍ਹਾਂ ਨੂੰ ਪਤਾ ਹੈ ਕਿ ਜਿਥੇ ਇਹ ਸ਼ੂਗਰ ਮਿੱਲਾਂ ਲਾਉਣਾ ਚਾਹੁੰਦੇ ਹਨ ਉਥੇ ਗੰਨਾ ਕਿੰਨਾਂ ਪੈਦਾ ਹੁੰਦਾ ਹੈ ? ਜਿਥੇ ਗੰਨਾਂ ਨਹੀਂ ਹੁੰਦਾ ਉਥੇ ਮਿੱਲ ਕਿਵੇਂ ਚੱਲੇਗੀ ? ਬੁੱਢੇਵਾਲ ਪਿੰਡ ਗਨਾਂ/ਕਮਾਦ ਨਹੀਂ ਹੈ ਪਰ ਇਹ ਕਹਿੰਦੇ ਹਨ ਕਿ ਗੰਨਾਂ ਮਿੱਲ ਉਥੇ ਲਗਾਉਣੀ ਹੈ। ਉਥੇ ਤਾਂ ਗੰਨਾਂ ਹੁੰਦਾ ਨਹੀਂ ਜਾਂ ਫਿਰ ਗੰਨਾਂ ਬਾਹਿਰ ਤੋਂ ਆਵੇਗਾ।

**Expenged as ordered by the Speaker.

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਸਪੀਕਰ ਸਾਹਿਬ, ਇਹ ਇਨ੍ਹਾਂ ਨੇ ਗਲਤ ਗੱਲ ਕੀਤੀ ਹੈ। ਜਿਹੜੀ ਭੋਗਪੁਰ ਦੀ ਮਿੱਲ ਹੈ, ਤੁਸੀਂ ਉਥੋਂ ਦੇ ਨੁਮਾਇੰਦੇ ਹੋ, ਤੁਹਾਨੂੰ ਪਤਾ ਹੈ ਕਿ ਉਥੇ ਕਿੰਨਾਂ ਗੰਨਾਂ ਹੁੰਦਾ ਹੈ। ਇਸ ਕਰਕੇ ਉਥੇ ਮਿੱਲਾਂ ਹੋਰ ਲੱਗਣੀਆਂ ਚਾਹੀਦੀਆਂ ਹਨ। ਇਹ ਗਲਤ ਗੱਲ ਕਰ ਰਹੇ ਹਨ।

ਗਿਆਨੀ ਅਰਜਨ ਸਿੰਘ ਲਿੱਟ : ਬੁੱਢੇਵਾਲ ਮੇਰੇ ਪਿੰਡ ਤੋਂ 2 ਮੀਲ ਤੇ ਹੈ। ਉਥੇ ਗੰਨਾਂ ਹੈ ਨਹੀਂ। ਕਿਥੋਂ ਗੰਨਾ ਆਵੇਗਾ ? ਤੁਸੀਂ ਇਸ ਦੀ ਇਨਕੁਆਇਰੀ ਕਰ ਲਵੋ

ਪੰਡਿਤ ਸਰਵਣ ਰਾਮ ਮਨਸੋਵਾਲੀਆ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਇਨ੍ਹਾਂ ਨੇ ਮਿੱਲਾਂ ਦੇ ਬਾਰੇ ਗੱਲ ਕੀਤੀ ਹੈ, ਗੜ੍ਹਦੀਵਾਲਾ ਸਾਹਿਬ ਨੇ ਵੀ ਕਿਹਾ ਹੈ ਕਿ ਮੇਰੇ ਇਲਾਕੇ ਵਿੱਚ ਮਿੱਲਾਂ ਦੀ ਲੋੜ ਹੈ, ਕੱਲ੍ਹ ਇਹ ਗੜ੍ਹਦੀਵਾਲਾ ਵਿੱਚ ਮਿੱਲ ਮੰਗਦੇ ਸੀ। ਉਥੇ ਤਾਂ ਪੱਥਰ ਹੀ ਪੱਥਰ ਹੈ, ਉਥੇ ਕੋਈ ਗੰਨਾ ਹੋਣਾ ਹੈ ਜਿਸ ਦੇ ਲਈ ਇਹ ਮਿੱਲ ਮੰਗਦੇ ਹਨ। (ਹਾਸਾ)

ਸ੍ਰੀ ਸਪੀਕਰ : ਗਿਆਨੀ ਜੀ, ਹੁਣ ਸਮਾਪਤ ਕਰੋ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਹੜਾ ਕੱਚਾ ਮਾਲ ਹੈ ਉਹ ਦਿਓ, ਕਿਸਾਨਾਂ ਨੂੰ ਰਿਆਇਤਾਂ ਦਿਓ, ਕਿਸਾਨਾਂ ਨੂੰ ਚੰਗੇ ਬੀਜ ਦਿਓ, ਕਿਸਾਨਾਂ ਨੂੰ ਸਸਤੇ ਭਾਅ ਦੇ ਉੱਤੇ ਖਾਦ ਦਿਓ, ਤੇਲ ਦਿਓ ਤਾਕਿ ਉਹ ਤਰੱਕੀ ਕਰ ਸਕਣ। ਜੋ ਵੀ ਚੀਜ਼ ਲਾਉਣੀ ਹੈ ਉਸ ਦੇ ਲਈ ਸਾਧਨ ਪੈਦਾ ਕਰੋ। ਜਿਹੜਾ ਵੀ ਕਾਰਖਾਨਾ ਲਾਉਣਾ ਹੈ ਉਸ ਦੇ ਵਾਸਤੇ ਸਾਧਨ ਮੁਹੱਈਆ ਕਰੋ। ਛੋਟੀਆਂ ਛੋਟੀਆਂ ਇੰਡਸਟਰੀਜ਼ ਲਾ ਕੇ ਬੇਕਾਰ ਨੌਜਵਾਨਾਂ ਨੂੰ ਰੋਜ਼ਗਾਰ ਦਿਓ। ਜਿਹੜੇ ਮੁੰਡੇ ਆਈ.ਟੀ.ਆਈਜ਼ ਵਿੱਚ ਪੜ੍ਹਦੇ ਹਨ ਉਹ ਦੋ ਸਾਲ ਦੀ ਟਰੇਨਿੰਗ ਉਥੋਂ ਲੈ ਆਉਂਦੇ ਹਨ ਪਰ ਉਨ੍ਹਾਂ ਨੂੰ ਐਨਾ ਨਹੀਂ ਪਤਾ ਹੁੰਦਾ ਕਿ ਨਟ ਬੋਲਟ ਕਿੰਨੇ ਇੰਚ ਦਾ ਹੈ, ਸਰੀਆ ਕਿੰਨੇ ਸੂਤ ਦਾ ਹੈ। ਬਸਾਂ ਤੇ ਚੜ੍ਹ ਕੇ ਚਲੇ ਗਏ, ਮੁੜ ਕੇ ਆ ਗਏ, ਉਨ੍ਹਾਂ ਨੂੰ ਬਿਲਕੁਲ ਕੁਝ ਨਹੀਂ ਪਤਾ ਹੁੰਦਾ। ਮੈਂ ਸਰਦਾਰ ਬਲਵੰਤ ਸਿੰਘ ਨੂੰ ਬੇਨਤੀ ਕਰਾਂਗਾ ਕਿ ਪਿੰਡਾਂ ਦੇ ਲੋਕਾਂ ਨੂੰ, ਪਿੰਡਾਂ ਦੇ ਮੁੰਡਿਆਂ ਨੂੰ ਛੋਟੀਆਂ ਇੰਡਸਟਰੀਜ਼ ਛੋਟਾ ਛੋਟਾ ਸਮਾਨ ਬਣਾਉਣ ਵਾਸਤੇ ਦਿਓ ਤਾਕਿ ਜਦੋਂ ਉਹ ਆਈ.ਟੀ. ਆਈਜ਼ ਤੋਂ ਨਿਕਲਣ ਤਾਂ ਉਨ੍ਹਾਂ ਨੂੰ ਰੁਜ਼ਗਾਰ ਮਿਲ ਸਕੇ। ਪਰ ਆਈ.ਟੀ.ਆਈਜ਼ ਦੀ ਜੋ ਹਾਲਤ ਹੈ ਉਸ ਦੇ ਵਿੱਚ 2 ਸਾਲ ਦੀ ਟਰੇਨਿੰਗ ਲੈ ਕੇ ਵੀ ਉਹ ਮਿਸਤਰੀ ਨਹੀਂ ਬਣ ਸਕਦਾ। ਜਦੋਂ ਉਹ ਆਈ.ਟੀ.ਆਈ. ਦਾ 2 ਸਾਲ ਦਾ ਕੋਰਸ ਕਰ ਲੈਂਦਾਂ ਹੈ ਤਾਂ ਨਾ ਉਹ ਘਰ ਦਾ ਕੋਈ ਕੰਮ ਕਰਦਾ ਹੈ ਅਤੇ ਨਾ ਉਹ ਮਿਸਤਰੀ ਬਣ ਸਕਦਾ ਹੈ। ਇਸ ਲਈ ਇਸ ਪਾਸੇ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਬੇਕਾਰ ਨੌਜਵਾਨਾਂ ਨੂੰ ਕੰਮ ਦੇਣਾ ਚਾਹੀਦਾ ਹੈ। ਇਨ੍ਹਾਂ ਆਈ.ਟੀ.ਆਈਜ਼ ਵਲ ਧਿਆਨ ਦੇਣ ਦੀ ਲੋੜ ਹੈ। ਇਕ ਵੀ ਮੁੰਡਾ ਉਥੇ ਨਹੀਂ ਪੜ੍ਹਦਾ। ਕਿੰਨੀਆਂ ਹੀ ਯੂਨੀਅਨਾਂ ਬਣੀਆਂ ਹਨ ਇਹ ਵੀ ਉਸ ਦੇ ਵਿੱਚ ਸ਼ਾਮਲ ਹੋ ਜਾਂਦੇ ਹਨ। ਕੋਈ ਕੰਮ ਨਹੀਂ ਕਰਦੇ ਅਤੇ ਅਵਾਰਾ ਹੋ ਜਾਂਦੇ ਹਨ। (ਵਿਘਨ)

ਸ੍ਰੀ ਸਪੀਕਰ : ਗਿਆਨੀ ਜੀ, ਹੁਣ ਸਮਾਪਤ ਕਰੋ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇੰਡਸਟਰੀਜ਼ ਨੂੰ ਫਰੋਗ ਦੇਣਾ ਚਾਹੀਦਾ ਹੈ, ਛੋਟੀਆਂ ਛੋਟੀਆਂ ਇੰਡਸਟਰੀਜ਼ ਲਗਾ ਕੇ ਪਿੰਡਾਂ ਦੇ ਮੁੰਡਿਆਂ ਨੂੰ ਕੰਮਾਂ ਤੇ ਲਾਓ। ਸਪੀਕਰ ਸਾਹਿਬ, ਹਰ ਮਸ਼ੀਨਰੀ 8 ਘੰਟੇ ਚਲਣੀ ਚਾਹੀਦੀ ਹੈ ਚਾਹੇ ਉਹ ਟਰੈਕਟਰ ਹੈ ਜਾਂ ਕੋਈ ਮੋਟਰ ਹੈ। ਪਰ ਦੇਖਿਆ ਇਹ ਗਿਆ ਹੈ ਕਿ ਅੱਧਾ ਘੰਟਾ ਨਹੀਂ ਉਹ ਚਲਦੀ। ਨਾ ਟਰੈਕਟਰ ਚਲਦਾ ਹੈ ਤੇ ਨਾ ਮੋਟਰ ਚਲਦੀ ਹੈ। (ਘੰਟੀ) (ਵਿਘਨ) ਉਨ੍ਹਾਂ ਨੂੰ ਟਰੈਕਟਰ ਦਿਓ, ਤੇਲ ਦਿਓ। ਸਪੀਕਰ ਸਾਹਿਬ, ਹਰ ਘਰ 10 ਹਜ਼ਾਰ ਰੁਪਏ ਦਾ ਕਰਜ਼ਾਈ ਹੈ ਔਰ 5 ਏਕੜ ਦਾ ਮਾਲਕ ਹੈ। ਸਰਕਾਰ ਨੂੰ ਇਸ ਪਾਸੇ ਸੋਚਣਾ ਚਾਹੀਦਾ ਹੈ। (ਘੰਟੀ) ਸਪੀਕਰ ਸਾਹਿਬ, ਸਰਕਾਰ ਨੂੰ ਬੇਰੁਜ਼ਗਾਰੀ ਦਾ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ। ਸਰਕਾਰ ਨੂੰ ਇਸ ਪਾਸੇ ਸੋਚ ਕੇ ਬੇਰੁਜ਼ਗਾਰ ਨੌਜਵਾਨਾਂ ਨੂੰ ਕੰਮ ਤੇ ਲਾਉਣਾ ਚਾਹੀਦਾ ਹੈ। ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਪ੍ਰਬੰਧ ਕਰੋ ਨਹੀਂ ਤਾਂ ਇਹ ਉਹੀ ਕੁਝ ਕਰਨਗੇ ਜੋ ਮੁੰਡੇ ਕਰ ਰਹੇ ਹਨ। ਇਨ੍ਹਾਂ ਲਫਜ਼ਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸ੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ।

(ਇਸ ਵਕਤ ਕਾਂਗਰਸ (ਆਈ) ਪਾਰਟੀ ਦੇ ਕੁਝ ਮਾਨਯੋਗ ਮੈਂਬਰ ਬੋਲਣ ਲਈ ਖੜੇ ਸਨ) ਮੇਰੀ ਬੇਨਤੀ ਹੈ ਕਿ ਕੱਲ੍ਹ ਵੀ ਤੁਸੀਂ ਸਮਾਂ ਲੈ ਚੁਕੇ ਹੋ। ਜਿਨ੍ਹਾਂ ਸਮਾਂ ਤੁਹਾਡਾ ਬਣਦਾ ਸੀ ਉਸ ਨਾਲੋਂ ਦੁੱਗਣਾ ਤੁਸੀਂ ਲੈ ਚੁਕੇ ਹੋ। ਅੱਜ ਫਿਰ ਮੈਂ ਅਲਾਓ ਕਰ ਦਿੰਦਾ ਹਾਂ। You will get time ਸਰਦਾਰ ਕਿਰਪਾਲ ਸਿੰਘ ਜੀ, ਪੰਜ ਮਿੰਟਾਂ ਵਿਚ ਕਨਕਲੂਡ ਕਰ ਦੇਣਾ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ ਦੱਖਣੀ) : ਸਪੀਕਰ ਸਾਹਿਬ, ਇਥੇ ਇਕ ਬੜਾ ਪਾਲਿਸੀ ਕੇਸ ਹੈ ਕਿ ਅਨੰਦਪੁਰ ਸਾਹਿਬ ਰੈਜ਼ੋਲਿਊਸ਼ਨ ਦੇ ਮੁਤਾਬਿਕ ਸਟੇਟਾਂ ਨੂੰ ਵੱਧ ਅਧਿਕਾਰ ਦਿੱਤੇ ਜਾਣ। ਇਹ ਜਿਹੜੀ ਐਜੂਕੇਸ਼ਨ ਪਾਲਿਸੀ ਹੈ ਉਸ ਦੇ ਵਿੱਚ ਐਜੂਕੇਸ਼ਨ ਕਨਕਰੰਟ ਲਿਸਟ ਵਿੱਚ ਆਂਦਾ ਹੈ। ਐਜੂਕੇਸ਼ਨ ਨੂੰ ਕਨਕਰੰਟ ਲਿਸਟ ਵਿੱਚ ਲਿਆਉਣ ਨਾਲ ਸੂਬੇ ਦਾ ਅਧਿਕਾਰ ਖੋਹ ਲਿਆ ਹੈ। ਨੈਸ਼ਨਲ ਕੌਂਸਲ ਆਫ਼ ਐਜੂਕੇਸ਼ਨ ਐਂਡ ਟਰੇਨਿੰਗ ਕੋਰਸਿਜ਼ ਦੀਆਂ ਜਿਹੜੀਆਂ ਪਹਿਲੀ ਤੋਂ 11ਵੀਂ ਜਮਾਤ ਤਕ ਕਿਤਾਬਾਂ ਲਗੀਆਂ ਹਨ ਜੇ ਉਹ ਅੱਜ ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮਾਸਟਰ ਨਾ ਕਿਤਾਬਾਂ ਪੜ੍ਹ ਸਕਦੇ ਹਨ ਅਤੇ ਨਾ ਪੜ੍ਹਾ ਸਕਦੇ ਹਨ। ਜਾਂ ਤਾਂ ਇਹ ਪਹਿਲੀ ਤੋਂ ਸਟਾਰਟ ਕਰਕੇ ਕੰਮ ਬਣਦਾ। ਸਾਰੀਆਂ ਦੀਆਂ ਸਾਰੀਆਂ ਲੱਖਾਂ ਰੁਪਏ ਦੀਆਂ ਕਿਤਾਬਾਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੀਆਂ ਛਪੀਆਂ ਛਪਾਈਆਂ ਰੱਦੀ ਬਣ ਗਈਆਂ ਹਨ। ਇਹ ਇਕ ਨੈਸ਼ਨਲ ਕੌਂਸਲਸ ਆਫ਼ ਐਜੂਕੇਸ਼ਨ, ਰਿਸਰਚ ਐਂਡ ਟਰੇਨਿੰਗ ਦੀ ਪਾਲਿਸੀ ਸਾਹਮਣੇ ਆ ਗਈ ਹੈ। ਇਸ ਦੇ ਮੁਤੱਅਲਕ ਉਨ੍ਹਾਂ ਦਾ ਲੇਖਕ ਕੋਈ ਪੰਜਾਬੀ ਨਹੀਂ ਹੈ। ਕਿਤਾਬਾਂ ਦੀ ਪੋਜ਼ੀਸ਼ਨ ਇਹ ਹੈ ਕਿ ਪੰਜਵੀਂ ਕਲਾਸ ਦੇ ਪੰਜ ਹਿੱਸੇ ਹਨ। ਇਕ ਰੋਮਨ, ਇਸ਼ਾਰੀਆ, ਬਟੇ, ਬਾਈਨਰੀ ਮੈਥਡ ਜਿਹੜਾ ਕੰਪਿਊਟਰ ਦੇ ਕੰਮ ਆਉਂਦਾ ਹੈ ਅਤੇ ਇਕ ਆਪਣੇ ਹਰਫ਼। ਇਕ ਪ੍ਰਾਇਮਰੀ ਦਾ ਬੱਚਾ ਕੀ ਕਰੇਗਾ ? ਪੰਜ ਕਿਸਮ ਦੇ ਹਿੱਸੇ ਲਿਖੇਗਾ ਅਤੇ ਗਰਦਾਨਾਂ ਯਾਦ ਕਰੀ ਜਾਇਆ ਕਰੇਗਾ। ਫਿਰ ਇਕ ਹਿਸਾਬ ਦੀ ਕਿਤਾਬ ਆ ਗਈ। ਉਸ ਦੀਆਂ 12 ਇਕਾਈਆਂ ਹਨ ਅਤੇ 72 ਨੰਬਰੀਆਂ ਹਨ। ਇਕ ਇਕ ਸੁਆਲ ਦੇ 24, 24 ਪਾਰਟ ਹਨ

ਇਹ ਦਿਹਾਤੀ ਬੱਚੇ ਕਿਸ ਤਰ੍ਹਾਂ ਪੜ੍ਹਨਗੇ। ਜਿਹੜੇ ਖੇਡਿਆਂ ਦੇ ਨਾਵਾਂ ਦਾ ਜ਼ਿਕਰ ਆਇਆ ਹੈ ਉਸ ਦੇ ਵਿਚ ਕੋਈ ਪੰਜਾਬੀ ਜਾਂ ਸਰਦਾਰ ਨਹੀਂ। ਜਿਹੜੇ ਨਾਂ ਹਨ ਉਹ ਇਸ ਤਰ੍ਹਾਂ ਦੇ ਹਨ ਕੋਈ ਸਧਾਸ਼ੂ, ਸਧਾਕਰ ਰਾਓ, ਗਨੇਸ਼ਨ, ਗਰੀਸ਼ ਆਦਿ। ਇਸ ਤਰ੍ਹਾਂ ਦੇ ਨਾਂ ਹਨ। ਕੋਈ ਪੰਜਾਬੀ ਵਿਅਕਤੀ ਵਾਲਾ ਨਾਂ ਨਹੀਂ ਹੈ। ਜਿਹੜੇ ਮੁੰਡਿਆਂ ਨੇ ਪੜ੍ਹਨਾ ਹੈ ਇਹ ਅਜੀਬ ਬਾਤ ਹੈ ਕਿ ਪੰਜਾਬ ਦੀ ਹਿਸਟਰੀ ਕੋਈ ਰੱਖੀ ਹੀ ਨਹੀਂ ਹੈ। ਹਿੰਦੁਸਤਾਨ ਦੀ ਪਹਿਲੀ ਜੰਗੇ ਆਜ਼ਾਦੀ ਦੀ ਲੜਾਈ ਜਿਹੜੀ ਜਨਰਲ ਸ਼ੇਰ ਸਿੰਘ ਔਰ ਜਨਰਲ ਸ਼ਾਮ ਸਿੰਘ ਅਟਾਰੀ ਨੇ ਲੜੀ ਸੀ ਉਸ ਦਾ ਨਾਂ ਤਕ ਨਹੀਂ ਹੈ। ਈਵਨ ਜਲ੍ਹਿਆਂਵਾਲਾ ਬਾਗ਼ ਦਾ ਜ਼ਿਕਰ ਤਕ ਨਹੀਂ ਹੈ। ਪੰਜਾਬ ਦੇ ਵਿਚੋਂ ਲੋਕਾਂ ਦੀ ਜਿਹੜੀ ਆਜ਼ਾਦੀ ਦੀ ਕੰਟਰੀਬਿਊਸ਼ਨ ਹੈ ਇਸ ਦਾ ਨਾਂ ਮਾਤਰ ਨਹੀਂ। ਦੂਸਰੀ ਪਾਲਿਸੀ ਜਿਹੜੀ ਅਸੀਂ ਬਣਾਈ ਹੈ ਐਜੂਕੇਸ਼ਨ ਨੂੰ ਰੈਸ਼ਨੇਲਾਈਜ਼ ਕਰਨ ਵਾਸਤੇ ਅਤੇ ਇਸ ਦੇ ਨਾਲ ਸਾਇੰਸ ਔਰ ਮੈਥ ਨੂੰ ਰਿਵਿਊ ਕੀਤਾ ਜਾਏਗਾ (ਘੰਟੀ) ਬਾਕੀ ਕਿੰਨੀਆਂ ਗਲਾਂ ਹਨ ਪਰ ਮੈਂ ਤੁਹਾਡੇ ਹੁਕਮ ਮੁਤਾਬਿਕ ਮਤੱਲਕਾ ਬਾਤਾਂ ਕਰਕੇ ਆਪਣੀ ਗਲ ਖ਼ਤਮ ਕਰ ਦਿੰਦਾ ਹਾਂ। ਇਸੇ ਤਰ੍ਹਾਂ ਛੋਟੀਆਂ ਕਲਾਸਾਂ ਵਿਚ ਪੰਜਾਬ ਦਾ ਕੋਈ ਲੇਖਕ ਨਹੀਂ। ਜਿਵੇਂ ਮੈਂ ਅਗੇ ਕਿਹਾ ਹੈ ਕਿ 68 ਨੰਬਰੀਆਂ ਵਿਚੋਂ ਸਿਰਫ਼ 4 ਨੰਬਰੀਆਂ ਰੋਜ਼-ਮਰਾਹ ਦੇ ਕੰਮ ਵਾਸਤੇ ਕੰਮ ਆਉਂਦੀਆਂ ਹਨ। ਜਿਹੜੀ ਪਾਲਿਸੀ ਬਣਾਈ ਹੈ ਸੈਕਟਰੀ ਸਾਹਿਬਾਨ ਨੇ ਪਹਿਲਾਂ ਤਾਂ ਸਰਦਾਰ ਹਰਦਿਆਲ ਸਿੰਘ ਸੀ ਅਤੇ ਫਿਰ ਸ੍ਰੀਮਤੀ ਊਸ਼ਾ ਵੋਹਰਾ ਸੀ। ਉਨ੍ਹਾਂ ਵਿਚ ਬੜੀ ਅਜੀਬ ਬਾਤ ਹੈ। ਜਿਹੜਾ ਹਰਦਿਆਲ ਸਿੰਘ ਦੇ ਨਾਂ ਤੇ ਹੈ ਉਸ ਵਿਚ ਹੈ ਕਿ 16 ਤੋਂ 60 ਤਕ ਦੋ ਟੀਚਰ ਅਤੇ ਊਸ਼ਾ ਵੋਹਰਾ ਦਾ ਹੈ ਕਿ 16 ਤੋਂ 30 ਤਕ ਇਕ ਟੀਚਰ ਅਤੇ 31 ਤੋਂ 91 ਤਕ ਦੋ ਟੀਚਰ। ਫਿਰ ਹਰਦਿਆਲ ਸਿੰਘ ਦਾ ਹੈ ਕਿ 61 ਤੋਂ 100 ਤਕ ਤਿੰਨ ਟੀਚਰ ਅਤੇ ਵੋਹਰਾ ਦਾ ਹੈ 91 ਤੋਂ 140 ਤਕ ਤਿੰਨ ਟੀਚਰ। ਹਰਦਿਆਲ ਸਿੰਘ ਦਾ ਹੈ 101 ਤੋਂ 150 ਤਕ 4 ਟੀਚਰ ਅਤੇ ਊਸ਼ਾ ਵੋਹਰਾ ਦਾ ਹੈ 141 ਤੋਂ 185 ਤਕ 4। ਫਿਰ ਹਰਦਿਆਲ ਸਿੰਘ ਦਾ ਹੈ 151 ਤੋਂ 220 ਤਕ ਪੰਜ ਅਤੇ ਊਸ਼ਾ ਦਾ ਹੈ 186 ਤੋਂ ਲੈ ਕੇ 250 ਤਕ। ਇਸ ਤਰ੍ਹਾਂ ਰੇਸ਼ੋ ਬਣਾ ਦਿੱਤੀ ਹੈ। ਅਗਸਤ, 1986 ਵਿਚ ਭਾਰਤ ਸਰਕਾਰ ਨੇ ਨੈਸ਼ਨਲ ਐਜੂਕੇਸ਼ਨ ਪਾਲਿਸੀ ਦਾ ਇਲਾਨ ਕੀਤਾ ਸੀ ਔਰ ਕਿਹਾ ਸੀ ਕਿ ਟੀਚਰਜ਼ ਵੀ ਦਿਆਂਗੇ। ਇਥੇ ਪੰਜਾਬ ਵਿਚ 1200 ਸਿੰਗਲ ਟੀਚਰਜ਼ ਸਕੂਲ ਹਨ ਪਰ ਉਨ੍ਹਾਂ ਨੇ ਸਿੰਗਲ ਟੀਚਰਜ਼ ਸਕੂਲ ਨੂੰ ਨਹੀਂ ਮੰਨਿਆਂ। ਜਿਹੜੇ 1200 ਸਕੂਲ ਹਨ ਉਨ੍ਹਾਂ ਵਿਚੋਂ ਸੱਤ ਅੱਠ ਸੌ ਟੀਚਰਲੈਸ ਹਨ ਜਿਹੜੇ ਕਿ 75% ਬਣਦੇ ਹਨ। ਦੂਸਰੇ ਕਲਾਸਵਾਈਜ਼ ਟੀਚਰ ਨਹੀਂ। 25 ਮਜ਼ਮੂਨ ਇਕ ਟੀਚਰ ਨੂੰ ਦਿਤੇ ਗਏ ਹਨ। ਜਿਹੜੀ ਉਥੇ ਦੀ ਸਟਰੈਂਥ ਹੈ ਉਥੇ ਇਕੋ ਟੀਚਰ ਹੈ ਅਤੇ ਕੋਈ ਕਲਰਕ ਤਕ ਨਹੀਂ ਹੁੰਦਾ ਮਿਡਲ ਤਕ। ਹਾਈ ਸਕੂਲ ਦੇ ਵਿਚ ਤਿੰਨ ਕਲਾਸਾਂ ਹੁੰਦੀਆਂ ਹਨ, 6 ਟੀਚਰਜ਼ ਹਨ ਇਕ ਕਲਾਸ ਵਾਸਤੇ, ਇਕ ਚੌਕੀਦਾਰ ਹੈ, ਇਕ ਫੋਰਥ ਕਲਾਸ ਦਾ ਬੰਦਾ ਦਿੱਤਾ ਜਾਂਦਾ ਹੈ। ਐਨ.ਸੀ.ਈ. ਆਰ.ਟੀ. ਦੀਆਂ ਕਲਾਸਾਂ ਜਿਹੜੀਆਂ ਸ਼ੁਰੂ ਕੀਤੀਆਂ ਹਨ ਉਸ ਕੋਰਸ ਦੀਆਂ ਜਿਹੜੀਆਂ ਕਿਤਾਬਾਂ ਹਨ ਉਹ ਟੀਚਰ ਆਪ ਦੋ ਸਾਲਾਂ ਵਿਚ ਨਹੀਂ ਪੜ੍ਹ ਸਕਦੇ। (ਘੰਟੀ)

ਮੈਂ, ਸਪੀਕਰ ਸਾਹਿਬ, ਜਨਰਲ ਐਜੂਕੇਸ਼ਨ ਦੇ ਮੁਤੱਅਲਕ ਕਈ ਬਾਤਾਂ ਕਰਨੀਆਂ ਸਨ, ਪਰ ਚੂੰਕਿ ਟਾਇਮ ਦੀ ਗਲ ਹੈ ਹੁਣ ਮੈਂ ਇੰਡਸਟਰੀ ਦੇ ਮੁਤੱਅਲਕ ਕਹਿਣਾ ਚਾਹੁੰਦਾ ਹਾਂ। 35 ਲੱਖ ਰੁਪਏ ਤੋਂ ਉਪਰ ਵਾਲੀ ਜਿਹੜੀ ਇੰਡਸਟਰੀ ਹੈ ਉਹ ਵੱਡੀ ਇੰਡਸਟਰੀ ਵਿਚ ਲਈ ਜਾਂਦੀ ਹੈ। 35 ਲੱਖ ਤੋਂ ਥਲੇ ਜਿਹੜੀ ਹੈ ਉਹ ਪੰਜਾਬ ਦੀ ਸਮਾਲ ਸਕੇਲ ਇੰਡਸਟਰੀ ਵਿਚ ਆਉਂਦੀ ਹੈ। ਇਹ

[ਸਰਦਾਰ ਕਿਰਪਾਲ ਸਿੰਘ]

ਕੋਈ 1,10,000 ਦੇ ਕਰੀਬ ਸਮਾਲ ਸਕੇਲ ਇੰਡਸਟਰੀਜ਼ ਦੇ ਯੂਨਿਟ ਸਾਡੇ ਪੰਜਾਬ ਵਿਚ ਹਨ। ਇਨ੍ਹਾਂ ਵਿਚੋਂ ਜਿਹੜੇ 90% ਯੂਨਿਟ ਹਨ ਉਹ ਸਿਰਫ਼ ਦੋ ਤਿੰਨ ਲੱਖ ਦੀ ਲਾਗਤ ਦੇ ਹਨ। ਜਿਹੜੀ ਵੀ ਸਬਸਿਡੀ ਆਉਂਦੀ ਹੈ ਉਸ ਨੂੰ ਤਕਸੀਮ ਕਰਨ ਲਗਿਆਂ ਤੁਸੀਂ ਦੇਖ ਲਵੋ ਕਿ ਉਸ ਦੀ ਰੇਸ਼ੋ ਕੀ ਰਹਿ ਜਾਂਦੀ ਹੈ। ਇਸ ਦੀ ਰੇਸ਼ੋ ਦਾ ਧਿਆਨ ਰੱਖਣਾ ਚਾਹੀਦਾ ਹੈ । ਉਨ੍ਹਾਂ ਲੋਕਾਂ ਨੂੰ ਜ਼ਿਆਦਾ ਮਿਲੇ ਜਿਹੜੇ ਛੋਟੇ ਯੂਨਿਟਸ ਹਨ।

ਸ੍ਰੀ ਸਪੀਕਰ : ਸਰਦਾਰ ਕਿਰਪਾਲ ਸਿੰਘ ਜੀ, ਵਾਈਂਡ ਅੱਪ ਕਰੋ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਕੋਈ ਗੈਰ-ਮੁਤੱਲਕਾ ਗਲਾਂ ਤਾਂ ਨਹੀਂ ਕੀਤੀਆਂ। ਮੈਂ ਇਸ ਨੂੰ ਇਥੇ ਹੀ ਛਡਦਾ ਹਾਂ।

ਇਕ ਲਾਅ ਐਂਡ ਆਰਡਰ ਦੀ ਗੱਲ ਸੀ। ਉਸ ਬਾਰੇ ਇਹ ਕਹਣਾ ਚਾਹੁੰਦਾ ਹਾਂ ਕਿ ਬਰਨਾਲਾ ਸਰਕਾਰ, ਅਕਾਲੀ ਸਰਕਾਰ ਜੋ ਐਂਟੀ-ਕਾਂਗਰਸ ਵੋਟਾਂ ਨਾਲ ਬਣੀ ਹੈ ਉਨ੍ਹਾਂ ਦਾ ਕਰੈਕਟਰ ਐਂਟੀ-ਕਾਂਗਰਸ ਰਹਿਣਾ ਚਾਹੀਦਾ ਹੈ, ਤਾਂ ਹੀ ਉਹ ਆਪਣੇ ਵੋਟਰਾਂ ਦਾ ਇਤਬਾਰ ਕਾਇਮ ਰੱਖ ਸਕਣਗੇ। ਜਿਉਂ ਜਿਉਂ ਬਰਨਾਲਾ ਸਰਕਾਰ ਕਾਂਗਰਸ ਦੀ ਦੋਸਤੀ ਵਲ ਵਧ ਰਹੀ ਹੈ ਤਿਉਂ ਤਿਉਂ ਉਨ੍ਹਾਂ ਦੇ ਵੋਟਰ ਉਨ੍ਹਾਂ ਨਾਲੋਂ ਟੁੱਟ ਰਹੇ ਹਨ। ਦਿੱਲੀ ਉਜਾੜੇ ਦੀਆਂ ਵਿਧਵਾਵਾਂ ਦੇ ਮੁਤੱਲਕ ਇਕ ਖਬਰ ਅਖਬਾਰਾਂ ਵਿਚ ਆਈ ਹੈ ਕਿ 40 ਵਿਧਵਾ ਔਰਤਾਂ ਨੂੰ ਸਵੀਪਰੈਸ ਦੀ ਨੌਕਰੀ ਆਫਰ ਕੀਤੀ ਗਈ ਹੈ। ਇਹ ਬੇਇਜ਼ਤੀ ਦੀ ਬਾਤ ਹੈ--

"ਫਰਾਜ਼ੇ ਫਲਕ ਤਕ ਥੀ ਪਰਵਾਜ਼ ਜਿਨ ਕੀ, ਵੋਹ ਤਾ ਇਰ ਅਭੀ ਆਸ਼ੀਆਂ ਢੂੰਡਤੇ ਹੈਂ "।

ਚੰਗੇ ਭਲੇ ਖਾਨਦਾਨ ਜੋ ਉਜਾੜੇ ਗਏ ਉਹ ਵਿਚਾਰੇ ਆਹਲਣਾ ਲਭਦੇ ਫਿਰਦੇ ਹਨ ਪਰ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਸਫਾਈ ਕਰੋ। ਜਿਹੜੇ ਜ਼ਖਮ, ਸਪੀਕਰ ਸਾਹਿਬ, ਲਗੇ ਹਨ ਉਨ੍ਹਾਂ ਉਤੇ ਇਹ ਬਦਸੂਰਤ ਮਲ੍ਹਮ ਰਖੀ ਜਾ ਰਹੀ ਹੈ। ਜਿਹੜੀ ਇਹ ਬਾਤ ਇਨ੍ਹਾਂ ਮੈਂਬਰ ਸਾਹਿਬਾਨ ਨੇ ਕੀਤੀ ਹੈ, (ਘੰਟੀ) ਮੈਂ ਇਹ ਕਹਿ ਕੇ ਖਤਮ ਕਰਨਾ ਚਾਹੁੰਦਾ ਹਾਂ ਕਿ ਇਸ ਦਾ ਠੀਕ ਹੱਲ ਢੂੰਡਣਾ ਚਾਹੀਦਾ ਹੈ।

ਅੱਜ ਵਾਲੀ ਗੱਲ ਤਾਂ ਕੁਝ ਇਸ ਤਰ੍ਹਾਂ ਹੈ ਕਿ ਇਕ ਦਿਹਾਤੀ ਕੁਝ ਦਿਨਾਂ ਲਈ ਸ਼ਹਿਰ ਵਿਚ ਆਇਆ। ਉਸ ਨੇ ਇਕ ਵਡੀ ਸਾਰੀ ਰੋਟੀ ਬਾਜਰੇ ਦੀ ਆਪਣੇ ਪਰਨੇ ਵਿਚ ਬੰਨ੍ਹ ਲਈ ਕਿ ਥੋੜ੍ਹੀ ਖਾ ਕੇ ਪਾਣੀ ਪੀ ਲਵਾਂਗਾ ਅਤੇ ਇਸ ਤਰ੍ਹਾਂ ਕੁਝ ਦਿਨ ਲੰਘਾ ਲਵਾਂਗਾ। ਸ਼ਹਿਰ ਵਿਚ ਉਸ ਨੇ ਇਕ ਹਲਵਾਈ ਦੀ ਹੱਟੀ ਤੇ ਵੇਖਿਆ ਕਿ ਉਹ ਕੁਝ ਪਤਲੀਆਂ ਪਤਲੀਆਂ ਚੀਜ਼ਾਂ ਤਲ ਰਿਹਾ ਸੀ। ਉਸ ਨੇ ਹਲਵਾਈ ਨੂੰ ਪੁਛਿਆ ਕੀ ਤਲ ਰਿਹਾ ਹੈਂ। ਹਲਵਾਈ ਨੇ ਕਿਹਾ ਮੈਂ ਲੁੱਚੀਆਂ ਤਲ ਰਿਹਾ ਹਾਂ। ਉਸ ਨੇ ਪਰਨੇ ਵਿਚੋਂ ਆਪਣੀ ਬਾਜਰੇ ਦੀ ਵੱਡੀ ਸਾਰੀ ਰੋਟੀ ਕੱਢੀ ਤੇ ਕੜਾਹੀ ਵਿਚ ਛੱਡ ਦਿੱਤੀ। ਹਲਵਾਈ ਨੂੰ ਕਿਹਾ ਇਕ ਸਾਡਾ ਵੀ ਲੁੱਚ ਤਲ ਦੇ। ਸਪੀਕਰ ਸਾਹਿਬ, ਇਹ ਕਾਂਗਰਸੀ ਅਕਾਲੀਆਂ ਦੀ ਕੜਾਹੀ ਵਿਚ ਆਪਣਾ ਲੁੱਚ ਤਲ ਰਹੇ ਹਨ। ਜਿਵੇਂ ਹਲਵਾਈ ਦੀ ਕੜਾਹੀ ਦਾ ਘਿਉ ਦਿਹਾਤੀ ਦਾ ਲੁੱਚ ਪੀ ਗਿਆ ਸੀ ਇਸੇ ਤਰ੍ਹਾਂ ਇਨ੍ਹਾਂ ਦੀਆਂ ਸਾਰੀਆਂ ਕੁਰਬਾਨੀਆਂ ਦੇ ਘਿਓ ਨੂੰ ਕਾਂਗਰਸੀ ਪੀ ਜਾਣਗੇ। (ਥੰਪਿੰਗ) (ਬਹੁਤ ਹਾਸਾ)

ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ : ਸਪੀਕਰ ਸਾਹਿਬ, ਮੈਂ ਥੋੜ੍ਹੀ ਜਿਹੀ ਕਲੈਰੀਫਿਕੇਸ਼ਨ ਹੀ ਦੇਣੀ ਚਾਹੁੰਦਾ ਹਾਂ। ਜ਼ਿਆਦਾ ਪੜ੍ਹਿਆ ਲਿਖਿਆ ਨੂੰ, ਜਿੰਨੇ ਦੰਗਾ ਪੀੜਤ ਲੋਕ ਸਨ.....

ਸ੍ਰੀ ਸਪੀਕਰ : ਇਕ ਵਜੇ ਗਿਲੋਟੀਨ ਅਪਲਾਈ ਹੋਣੀ ਹੈ, ਦੋ ਤਿੰਨ ਮਿੰਟ ਫਾਇਨਾਂਸ ਮਨਿਸਟਰ ਸਾਹਿਬ ਨੇ ਵੀ ਲੈਣੇ ਹੋਣਗੇ। ਅੱਛਾ ਹੋਵੇਗਾ ਜੇ ਅੱਜ ਡਿਸਕਸ਼ਨ ਇਥੇ ਬੰਦ ਕਰ ਦਿੱਤੀ ਜਾਵੇ। (ਵਿਘਨ) (ਇਸ ਸਮੇਂ ਕਈ ਮਾਨਯੋਗ ਮੈਂਬਰ ਖੜ੍ਹੇ ਹੋ ਕੇ ਬੋਲਣ ਲਈ ਆਗਿਆ ਮੰਗ ਰਹੇ ਸਨ) ਸਾਰਾ ਟਾਈਮ ਪੂਰਾ ਪੂਰਾ ਲੈ ਚੁਕੇ ਹਨ। ਜਿਸ ਮੈਂਬਰ ਨੂੰ ਦਸ ਮਿੰਟ ਟਾਈਮ ਦਿੱਤਾ ਜਾਂਦਾ ਹੈ ਉਹ 20/21 ਮਿੰਟ ਬੋਲ ਕੇ ਜਾਂਦਾ ਹੈ।

ਪੰਡਿਤ ਸਰਵਣ ਰਾਮ ਮਾਨਸੋਵਾਲੀਆ : ਸਾਡੇ ਨਾਲ ਬੇਇਨਸਾਫੀ ਹੋਈ ਹੈ ਜੀ।

ਸ੍ਰੀ ਸਪੀਕਰ : ਤੁਸੀਂ ਬਹੁਤ ਤਕੜੇ ਹੋ। ਬੇਇਨਸਾਫੀ ਨਹੀਂ ਹੋਣ ਦਿੰਦੇ। (ਹਾਸਾ)

ਰਾਜ ਮੰਤਰੀ, ਅਨਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ : ਸਪੀਕਰ ਸਾਹਿਬ, ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਕ ਤਾਂ 40 ਹਜ਼ਾਰ ਅਰਜ਼ੀਆਂ ਪੰਜਾਬ ਵਿਚੋਂ ਪਾਸਪੋਰਟ ਲਈ ਆਈਆਂ ਪਈਆਂ ਹਨ। ਕਿਉਂਕਿ ਪਿਛਲੇ ਸਮੇਂ ਵਿਚ ਪਾਸਪੋਰਟ ਗਲਤ ਬਣਦੇ ਰਹੇ। ਵਿਜੀਲੈਂਸ ਵਾਲਿਆਂ ਨੇ ਵੇਰੀਫਿਕੇਸ਼ਨ ਕੀਤੀ ਹੈ, ਉਹ ਯੂ. ਟੀ. ਵਾਲਿਆਂ ਤੋਂ ਵੀ ਕਰਾਉਣੀ ਹੈ। ਇਹ ਚੀਜ਼ ਸਰ, ਸਾਰੇ ਪੰਜਾਬ ਵਿਚ ਲਾਗੂ ਹੈ, ਹੋਰ ਕਿਤੇ ਨਹੀਂ ਹੈ। ਯੂਨੀਅਨ ਹੋਮ ਮਨਿਸਟਰ ਤੇ ਗੱਲ ਆਉਂਦੀ ਹੈ। ਉਸ ਬਾਰੇ ਪੇਪਰ ਵਿਚ ਦਿੱਤਾ ਹੋਇਆ ਹੈ ਅੱਜ ਹੀ ਪੜ੍ਹਿਆ ਹੈ। ਪੰਜਾਬ ਦੇ ਲੋਕਾਂ ਨਾਲ ਜੋ ਬੇਇਨਸਾਫੀ ਹੁੰਦੀ ਹੈ ਉਸ ਤੋਂ ਰੋਕਿਆ ਜਾਵੇ। ਜੇਕਰ ਪਾਸਪੋਰਟ ਗਲਤ ਬਣਦੇ ਰਹੇ ਹਨ ਤਾਂ ਉਸ ਵਿਚ ਵੀ ਇਕ ਸਾਬਕਾ ਮੰਤਰੀ ਤੇ ਮੀਤ ਪ੍ਰਧਾਨ ਦਾ ਮੁੰਡਾ ਇਨਵਾਲਵਡ ਹਨ।

ਸ੍ਰੀ ਸਪੀਕਰ : ਮੈਂ ਫਾਇਨਾਂਸ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹਵਾਂਗਾ ਕਿ ਕਿੰਨਾਂ ਸਮਾਂ ਲਵੋਗੇ ?

ਵਿੱਤ ਮੰਤਰੀ : ਪੰਜ ਮਿੰਟ ਲਵਾਂਗਾ।

ਸ੍ਰੀ ਸਪੀਕਰ : ਇਕ ਵਜੇ ਗਿਲੋਟੀਨ ਅਪਲਾਈ ਹੋਣਾ ਸੀ। ਪੰਜ ਮਿੰਟ ਇਹ ਲੈਣ ਔਰ ਪੰਜ ਕੁ ਮਿੰਟ ਸੀ.ਐਮ. ਸਾਹਿਬ ਵੀ ਲੈਣਗੇ। ਜੇਕਰ ਹਾਊਸ ਦੀ ਇੱਛਾ ਹੋਵੇ ਤਾਂ 1 ਵਜੇ ਦੀ ਬਜਾਏ 1.10 ਮਿੰਟ ਤੇ ਗਿਲੋਟੀਨ ਅਪਲਾਈ ਕਰ ਦਿੱਤਾ ਜਾਵੇ ?

(ਆਵਾਜ਼ਾਂ : ਠੀਕ ਹੈ ਜੀ)

1.10 ਵਜੇ ਗਿਲੋਟੀਨ ਅਪਲਾਈ ਹੋਵੇਗਾ।

WALK OUT

(ਇਸ ਸਮੇਂ ਕਾਂਗਰਸ (ਆਈ) ਪਾਰਟੀ ਦੇ ਕਈ ਮਾਨਯੋਗ ਮੈਂਬਰ ਖੜ੍ਹੇ ਸਨ)

ਪੰਡਿਤ ਸਰਵਣ ਰਾਮ ਮਨਸੋਵਾਲੀਆ : ਸਪੀਕਰ ਸਾਹਿਬ, ਕਿਰਪਾਲ ਸਿੰਘ ਨੂੰ ਇਕ ਇਕ ਘੰਟਾ ਦੇ ਕੇ ਬੁਲਾਉਂਦੇ ਹੋ। ਇਸ ਤਰ੍ਹਾਂ ਹੈ ਤਾਂ ਫਿਰ ਅਸੀਂ ਚੱਲੇ ਹਾਂ। ਉਸ ਨੂੰ ਕਾਫੀ ਟਾਈਮ ਦਿੱਤਾ ਗਿਆ ਹੈ। ਤੁਸੀਂ ਇਸ ਤਰ੍ਹਾਂ ਬੇਇਨਸਾਫੀ ਕਰਨੀ ਹੈ ਤਾਂ ਕਰੀ ਜਾਓ। ਸਾਨੂੰ ਟਾਈਮ ਨਹੀਂ ਦਿੰਦੇ, ਅਸੀਂ ਚਲੇ ਹਾਂ। (ਵਿਘਨ)

ਸ੍ਰੀ ਸਪੀਕਰ : ਗਿਲੋਟੀਨ ਫਿਰ ਅਪਲਾਈ ਹੋਣਾ ਹੈ। ਕੋਈ ਬੇਇਨਸਾਫੀ ਨਹੀਂ ਹੋਈ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ਨਹੀਂ ਦੇਣਾ ਟਾਈਮ ਤਾਂ ਤੁਹਾਡੀ ਮਰਜ਼ੀ ਹੈ। ਆਓ ਜੀ ਚੱਲੀਏ।

(ਇਸ ਸਮੇਂ ਸਦਨ ਵਿਚ ਕਾਂਗਰਸ (ਆਈ) ਪਾਰਟੀ ਦੇ ਹਾਜ਼ਰ ਕੁਝ ਮਾਨਯੋਗ ਮੈਂਬਰ ਵਾਕ ਆਊਟ ਕਰ ਗਏ ਅਤੇ ਉਹ ਬਾਹਿਰ ਜਾਂਦੇ ਹੋਏ ਕੁਝ ਨਾਹਰੇ ਲਗਾ ਰਹੇ ਸਨ ** ** **)

ਸ੍ਰੀ ਸਪੀਕਰ : ਇਹ ਜਿਹੜੇ ਨਾਹਰੇ ਰਿਮਾਰਕਸ ਦਿਤੇ ਜਾ ਰਹੇ ਹਨ ਇਹ ਕੋਈ ਰਿਕਾਰਡ ਦਾ ਹਿਸਾ ਨਾ ਬਣਨ।

DISCUSSION AND VOTING OF DEMANDS FOR GRANTS FOR THE YEAR 1987-88 (RESUMPTION)

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ) : ਸਪੀਕਰ ਸਾਹਿਬ, ਇਸ ਹਾਊਸ ਵਿਚ ਇੰਡਸਟਰੀ ਉਤੇ ਬਹੁਤ ਕੁਝ ਕਿਹਾ ਗਿਆ ਹੈ। ਮੈਂ ਇਹ ਕਹਾਂਗਾ ਕਿ ਇਸ ਸਮੇਂ ਜਦੋਂ ਕਿ ਸੂਬੇ ਦੇ ਹਾਲਾਤ ਨਾਰਮਲ ਨਹੀਂ ਸਨ, ਬੜੇ ਐਬਨਾਰਮਲ ਸਨ ਉਸ ਸਮੇਂ ਵੀ ਅਸੀਂ ਬਹੁਤ ਤਰੱਕੀ ਕੀਤੀ ਹੈ। 16 ਯੂਨਿਟ 200 ਕਰੋੜ ਰੁਪਏ ਦੇ ਲਾਏ ਹਨ ਔਰ ਇਹ ਵੇਰੀਅਸ ਸਟੇਜਿਜ਼ ਤੇ ਇੰਪਲੀਮੈਂਟੇਸ਼ਨ ਤੇ ਹਨ। ਇਸੇ ਤਰ੍ਹਾਂ ਪੰਜਾਬ ਫਿਨਾਂਸਲ ਕਾਰਪੋਰੇਸ਼ਨ ਨੇ ਵੀ ਮਾਰਚ ਤੋਂ ਦਸੰਬਰ, 1987 ਤਕ 9 ਮਹੀਨੇ ਵਿਚ ਜਿੰਨੇ ਕਰਜ਼ੇ ਦਿੱਤੇ ਹਨ ਉਹ ਪਿਛਲੇ ਸਾਲ ਨਾਲੋਂ 160% ਜ਼ਿਆਦਾ ਹਨ। ਇਥੇ ਕਿਹਾ ਗਿਆ ਹੈ ਕਿ ਕੈਪਟਿਲਿਸਟਸ ਫਲੀਟ ਹੋ ਰਹੀ ਹੈ, ਪੰਜਾਬ ਵਿਚੋਂ ਇੰਡਸਟਰੀ ਬਾਹਰ ਜਾ ਰਹੀ ਹੈ, ਸਮਾਲ ਸਕੇਲ ਇੰਡਸਟਰੀ ਖਤਮ ਹੋ ਰਹੀ ਹੈ। ਪਰ ਮੈਂ ਦਸਦਾ ਹਾਂ ਕਿ ਪਿਛਲੇ ਸਾਲ ਵਿਚ 10,494 ਸਮਾਲ ਸਕੇਲ ਇੰਡਸਟਰੀ ਦੇ ਯੂਨਿਟ ਰਜਿਸਟਰ ਹੋਏ ਔਰ ਇਸ ਸਮਾਲ ਸਕੇਲ ਇੰਡਸਟਰੀ ਤੇ ਕੋਈ 66.43 ਕਰੋੜ ਰੁਪਿਆ ਖਰਚਿਆ ਗਿਆ ਹੈ। 9952 ਨੌਜਵਾਨਾਂ ਨੂੰ ਇਹ ਕੰਮ ਕਰਨ ਵਾਸਤੇ ਕਰਜ਼ੇ ਦਿੱਤੇ ਗਏ ਹਨ। ਹਾਂ, ਪਬਲਿਕ ਸੈਕਟਰ ਵਿਚ ਸਾਡੀ ਇਨਵੈਸਟਮੈਂਟ ਘਟੀ ਹੈ ਕਿਉਂਕਿ ਇਸ ਦਾ ਫੈਸਲਾ ਗੌਰਮਿੰਟ ਆਫ਼ ਇੰਡੀਆ ਨੇ ਕਰਨਾ ਹੁੰਦਾ ਹੈ। ਅਸੀਂ ਗੌਰਮਿੰਟ ਆਫ਼ ਇੰਡੀਆ ਤੇ ਜ਼ੋਰ ਦੇ ਰਹੇ ਹਾਂ। 1978-79 ਵਿਚ 2.20% ਪੰਜਾਬ ਵਿਚ ਪਬਲਿਕ ਸੈਕਟਰ ਤੇ ਇਨਵੈਸਟਮੈਂਟ ਹੋਈ ਸੀ ਹੁਣ ਜਦ ਕਿ ਸਿਰਫ਼ ਇਕ ਪਰਸੈਂਟ ਰਹਿ ਗਈ ਹੈ। ਇਸ ਵਾਸਤੇ ਅਸੀਂ ਗੌਰਮਿੰਟ ਆਫ਼ ਇੰਡੀਆ ਤੇ ਜ਼ੋਰ ਦੇ ਰਹੇ ਹਾਂ ਕਿ ਇਹ ਘਾਟਾ ਪੂਰਾ ਕੀਤਾ ਜਾਵੇ। ਇਸ ਤੋਂ ਇਲਾਵਾ 15 ਸੌ ਕਰੋੜ ਦੇ ਮੈਟਰੋ ਕੰਪਲੈਕਸ ਦੀ ਵੀ ਮੰਗ ਕਰ ਰਹੇ ਹਾਂ, ਰੇਲਵੇ ਡਵੀਜ਼ਨ ਦੀ ਡਿਵੈਲਪਮੈਂਟ ਦਾ ਕੰਮ ਵੀ ਕੀਤਾ ਜਾਵੇ। ਕਮਿਊਨੇਕੇਸ਼ਨ ਦਾ ਯੂਨਿਟ ਵੀ ਪੰਜਾਬ ਵਿਚ ਲਾਇਆ ਜਾਵੇ। ਪੰਜਾਬ ਗੌਰਮਿੰਟ ਦੀ ਕੋਸ਼ਿਸ਼ ਹੈ ਕਿ ਜ਼ਿਆਦਾ ਇੰਡਸਟਰੀ ਪੰਜਾਬ ਨੂੰ ਦਿੱਤੀ ਜਾਵੇ। ਤੁਸੀਂ ਵੇਖਿਆ ਹੈ ਕਿ ਸਾਰੇ ਬਜਟ ਵਿਚ ਐਗਰੋ ਇੰਡਸਟਰੀ ਤੇ ਕਾਫੀ ਜ਼ੋਰ ਦਿੱਤਾ ਹੈ। ਸ਼ੂਗਰ ਮਿਲਜ਼ ਲਗ ਰਹੀਆਂ ਹਨ, ਕਤਾਈ ਮਿਲਜ਼ ਲਗ ਰਹੀਆਂ ਹਨ। ਇਸ ਤਰ੍ਹਾਂ ਇੰਡਸਟਰੀ ਚਾਰ ਚਫੇਰੇ ਤਰੱਕੀ ਕਰ ਰਹੀ ਹੈ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਗੁਜਰਾਤ, ਮਹਾਰਾਸ਼ਟਰਾ, ਯੂ.ਪੀ. ਦੇ ਬਰਾਬਰ ਤੇ ਇੰਡਸਟਰੀ ਮਿਲੇ। ਇਸ ਨਾਲ ਇੰਡਸਟਰੀ ਹੋਰ ਜ਼ਿਆਦਾ ਤਰੱਕੀ ਕਰੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਕਹਾਂਗਾ ਕਿ ਇਹ ਡਿਮਾਂਡਜ਼ ਪਾਸ ਕਰ ਦਿੱਤੀਆਂ ਜਾਣ।

**Expunged as ordered by the Chair.

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਮੈਂ ਵੀ ਜ਼ਿਆਦਾ ਟਾਈਮ ਨਹੀਂ ਲੈਣਾ। ਇਥੇ ਐਜੂਕੇਸ਼ਨ ਬਾਰੇ ਕਾਫੀ ਗਲ ਕਹੀ ਗਈ ਹੈ ਕਿ ਤਨਖਾਹਾਂ ਵਗੈਰਾ ਨਹੀਂ ਮਿਲੀਆਂ ਖਾਸ ਕਰਕੇ ਪ੍ਰਾਈਵੇਟ ਟੀਚਰਜ਼ ਨੂੰ। ਮੈਂ ਅਰਜ਼ ਕਰਾਂਗਾ ਕਿ ਉਹ ਕਹਿਣ ਵਾਲੇ ਹੁਣ ਬਾਹਰ ਚਲੇ ਗਏ ਹਨ। ਮੈਂ ਉਨ੍ਹਾਂ ਨੂੰ ਦਸਣਾ ਸੀ ਕਿ ਸਮੇਂ ਸਿਰ ਤਨਖ਼ਾਹ ਨਾਂ ਮਿਲਣ ਦਾ ਕਾਰਨ ਲਾਈਬਿਲਟੀ ਕਲਾਜ਼ ਵਿਚ ਆ ਗਈ ਸੀ। ਪ੍ਰਾਈਵੇਟ ਸਕੂਲਜ਼ ਨੇ ਜਿਹੜੇ ਪੈਸੇ ਵਸੂਲਣੇ ਹਨ ਉਸ ਬਾਰੇ ਫੈਸਲਾ ਕਰਨਾ ਸੀ। ਇਸ ਸਬੰਧ ਵਿਚ ਮੈਨੂੰ ਟੀਚਰਜ਼ ਦੇ ਨੁਮਾਇੰਦੇ ਮਿਲੇ ਸਨ ਅੌਰ ਮੈਂ ਉਨ੍ਹਾਂ ਦੀ ਸਾਰੀ ਗਲ ਸੁਣੀ ਸੀ ਫਿਰ ਡਿਪਾਰਟਮੈਂਟ ਨੇ ਮੀਟਿੰਗ ਬੁਲਾਈ ਅੌਰ ਇਹ ਫੈਸਲਾ ਕਰ ਦਿੱਤਾ ਕਿ ਲਾਇਬਿਲਟੀ ਕਲਾਜ ਰਿਮੂਵ ਕਰ ਦਿੱਤੀ ਜਾਵੇ। ਢਾਈ ਕਰੋੜ ਰੁਪਏ ਦਾ ਖਰਚਾ ਪਾਇਆ ਹੈ ਤਾਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਅੌਕੜ ਨਾ ਆਵੇ ਅਤੇ ਉਨ੍ਹਾਂ ਨੂੰ ਤਨਖਾਹਾਂ ਸਮੇਂ ਸਿਰ ਮਿਲਦੀਆਂ ਰਹਿਣ।

ਗਿਆਨੀ ਅਰਜਨ ਸਿੰਘ ਲਿੱਟ ਨੇ ਕਿਹਾ ਸੀ ਕਿ ਇਮਤਿਹਾਨਾਂ ਦਾ ਬੜਾ ਨਾਕਸ ਪ੍ਰਬੰਧ ਹੈ। ਇਹ ਠੀਕ ਹੈ ਕਿ ਅੱਜ ਕਲ੍ਹ ਨਕਲਾਂ ਦਾ ਇਕ ਰਿਵਾਜ ਚਲ ਪਿਆ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਨਕਲਾਂ ਨੂੰ ਘਟਾਇਆ ਜਾ ਸਕੇ। ਇਹ ਨਕਲਾਂ ਦੀ ਬਿਮਾਰੀ ਇਕ ਦਮ ਖਤਮ ਹੋਣ ਵਾਲੀ ਨਹੀਂ ਹੈ। ਅਸੀਂ ਪੂਰੇ ਜ਼ੋਰਾਂ ਦੇ ਨਾਲ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਨੂੰ ਰੋਕਿਆ ਜਾਵੇ ਲੇਕਿਨ ਕੁਝ ਲੋਕ ਐਸੇ ਹਨ ਜਿਨ੍ਹਾਂ ਨੇ ਇਹ ਕਾਲ ਦਿੱਤੀ ਹੈ ਕਿ ਅਸੀਂ ਇਮਤਿਹਾਨ ਨਹੀਂ ਹੋਣ ਦੇਣੇ, ਉਨ੍ਹਾਂ ਦਾ ਇਹ ਸਮਰਥਨ ਕਰਦੇ ਹਨ। ਇਨ੍ਹਾਂ ਨੂੰ ਇਸ ਤੋਂ ਦੂਰ ਰਹਿਣਾ ਚਾਹੀਦਾ ਹੈ ਕਿਉਂਕਿ ਕਿਸੇ ਨੇ ਇਮਤਿਹਾਨ ਪਾਸ ਕਰਕੇ ਕਿਸੇ ਟੈਕਨੀਕਲ ਕਾਲਜ ਵਿਚ ਜਾਂ ਕਿਸੇ ਹੋਰ ਪਰੋਫੈਸ਼ਨਲ ਕਾਲਜ ਵਿਚ ਜਾਣਾ ਹੁੰਦਾ ਹੈ ਅਤੇ ਉਨ੍ਹਾਂ ਥਾਵਾਂ ਤੇ ਦਾਖਲੇ ਲੈਣੇ ਹੁੰਦੇ ਹਨ ਜਿਥੇ ਸਮਾਂਬੱਧ ਦਾਖਲਾ ਲੈਣਾ ਹੁੰਦਾ ਹੈ। ਫਿਰ ਉਹ ਛੋਟ ਮੰਗਦੇ ਫਿਰਦੇ ਹਨ। ਮੈਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਮਤਿਹਾਨ ਸ਼ੁਰੂ ਹੋਣ ਦੇਣ ਅਤੇ ਇਸ ਗੱਲ ਦਾ ਸਮਰਥਨ ਕਰਨ ਤਾਕਿ ਇਹ ਇਮਤਿਹਾਨ ਟਾਈਮ ਸਿਰ ਕਰਵਾ ਲਏ ਜਾਣ।

ਜਨਰਲ ਐਡਮਨਿਸਟਰੇਸ਼ਨ ਬਾਰੇ ਮਿਸਿਜ਼ ਬਰਾੜ ਨੇ ਕਿਹਾ ਸੀ ਕਿ ਮਨਿਸਟਰ ਐਡਮਨਿਸਟਰੇਸ਼ਨ ਵਿਚ ਦਖਲ ਦਿੰਦੇ ਹਨ। ਐਡਮਨਿਸਟਰੇਸ਼ਨ ਵਿਚ ਕੰਮ ਹੀ ਮਨਿਸਟਰਾਂ ਦਾ ਹੁੰਦਾ ਹੈ ਅਤੇ ਗੌਰ-ਮਿੰਟ ਕਨਸਿਸਟਸ ਆਫ ਆਫੀਸਰਜ਼ ਐਂਡ ਮਨਿਸਟਰਜ਼। ਜੇਕਰ ਮਨਿਸਟਰ ਐਡਮਨਿਸਟਰੇਸ਼ਨ ਤੋਂ ਦੂਰ ਰਹਿਣ ਫੇਰ ਕੰਮ ਕਿਸ ਤਰ੍ਹਾਂ ਚਲ ਸਕਦਾ ਹੈ। ਐਡਮਨਿਸਟਰੇਸ਼ਨ ਨੂੰ ਮਨਿਸਟਰਾਂ ਨੇ ਚਲਾਉਣਾ ਹੁੰਦਾ ਹੈ ਅਤੇ ਕਈ ਜਗ੍ਹਾਂ ਦਖਲ ਦੇਣਾ ਵਾਜਬ ਹੁੰਦਾ ਹੈ। ਕਿਸੇ ਨੇ ਇਧਰ ਤੋਂ ਬਿਆਨ ਦੇ ਦਿੱਤਾ ਅਤੇ ਕਿਸੇ ਨੇ ਉਧਰ ਤੋਂ ਮਨਿਸਟਰਾਂ ਬਾਰੇ ਬਿਆਨ ਦੇ ਦਿੱਤਾ, ਇਹ ਕੋਈ ਵੀ ਐਲੀਗੇਸ਼ਨ ਲਗਾਉਣ ਉਹ ਸਪੈਸਿਫਿਕ ਹੋਣਾ ਚਾਹੀਦਾ ਹੈ । ਇਥੇ ਕੱਲ੍ਹ ਵੀ ਅਤੇ ਅੱਜ ਵੀ ਬੜਾ ਰੌਲਾ ਪਾਇਆ ਗਿਆ। ਕੁਝ ਗੱਲਾਂ ਇਧਰ ਤੋਂ ਅਤੇ ਕੁਝ ਉਧਰ ਤੋਂ ਕਹੀਆਂ ਗਈਆਂ ਐਲ.ਵੀ.ਓ. ਦੀਆਂ ਪੋਸਟਾਂ ਦੀ ਭਰਤੀ ਬਾਰੇ ਪਰ, ਸਪੀਕਰ ਸਾਹਿਬ, ਮੈਂ ਦਸਦਾ ਹਾਂ ਕਿ 24,000 ਦੇ ਕਰੀਬ ਲੋਕਾਂ ਨੇ ਇੰਟਰਵਿਊ ਦਿੱਤੀ। ਇਨ੍ਹਾਂ ਵਿਚੋਂ 54 ਬੰਦਿਆਂ ਦੀ ਸਿਲੈਕਸ਼ਨ ਹੋਣੀ ਸੀ। ਬਾਕੀ ਜਿਹੜੇ ਰਹਿ ਗਏ ਉਹ 23,946 ਹਨ ਅੌਰ ਜਿਹੜੇ ਸਿਲੈਕਟ ਨਹੀਂ ਹੋਏ ਉਹ ਨਾਰਾਜ਼ ਹੋ ਗਏ ਹਨ ਕਿਉਂਕਿ ਕੋਈ ਕਿਸੇ ਦਾ ਲੜਕਾ ਸੀ, ਕਿਸੇ ਦਾ ਭਤੀਜਾ ਸੀ ਅਤੇ ਕੋਈ ਕਿਸੇ ਦਾ ਪੋਤਰਾ ਸੀ, ਜਿਸ ਕਰਕੇ ਇਹ ਲੋਕ ਨਾਰਾਜ਼ ਹੋ ਗਏ। ਇਹ ਕਿਸੇ ਕਿਸਮ ਦਾ ਸਪੈਸਿਫਿਕ ਇਲਜ਼ਾਮ ਲਗਾਉਣ, ਐਵੇਂ ਇਧਰ ਉਧਰ ਦੀਆਂ ਗਲਾਂ ਕਰੀ ਜਾਂਦੇ ਹਨ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀਆਂ ਗੱਲਾਂ ਨਾ

[ਮੁੱਖ ਮੰਤਰੀ]

ਹੀ ਹੋਣ ਤਾਂ ਅੱਛਾ ਹੈ। ਅੱਜਵੀ ਡੀਮਾਂਡਜ਼ ਤੇ ਬੋਲਦੇ ਹੋਏ ਕਈ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਹਨ ਜਦ ਕਿ ਇਨ੍ਹਾਂ ਗੱਲਾਂ ਦੀ ਇਥੇ ਲੋੜ ਨਹੀਂ ਸੀ। ਮਹਿਜ਼ ਇਕ ਸਿਆਸੀ ਨੁਕਤਾ ਨਿਗਾਹ ਨਾਲ ਇਥੇ ਗੱਲਾਂ ਕੀਤੀਆਂ ਗਈਆਂ। ਇਥੇ ਸੇਵਾ ਸਿੰਘ ਠੀਕਰੀਵਾਲਾ ਸ਼ਹੀਦ ਦਾ ਜ਼ਿਕਰ ਕੀਤਾ ਗਿਆ ਕਿ ਜਿਸ ਬੰਦੇ ਨੇ ਉਸ ਦੇ ਖਿਲਾਫ ਗਵਾਹੀ ਦਿੱਤੀ ਸੀ ਉਸ ਦੇ ਪੋਤੇ ਨੂੰ ਕਿਸੇ ਟਰੱਸਟ ਦਾ ਚੇਅਰਮੈਨ ਬਣਾ ਦਿੱਤਾ ਹੈ। ਮੇਰਾ ਇਤਨਾ ਗੁਨਾਹ ਦਸਿਆ ਹੈ ਪਰ ਖ਼ੁਦ ਕਿਤਨੇ ਵੱਡੇ ਗੁਨਾਹ ਦੇ ਇਕਬਾਲ ਹਨ ਕਿ ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਹੀਦ ਕਰਨ ਵਾਲੇ ਰਾਜਾ ਦੇ ਪੋਤੇ ਨੂੰ ਲੀਡਰ ਬਣਾਈ ਬੈਠੇ ਹਨ। ਸਰਦਾਰ ਸੇਵਾ ਸਿਘ ਠੀਕਰੀਵਾਲਾ ਨੂੰ ਇਕ ਗੜਵੀ ਦੀ ਚੋਰੀ ਦੇ ਕੇਸ ਵਿਚ ਫਸਾਇਆ ਸੀ ਜੋ ਇਕ ਬਹੁਤ ਵੱਡਾ ਜਗੀਰਦਾਰ ਸੀ ਅਤੇ ਰਹੀਸ ਸੀ, ਜਿਸ ਨੇ ਆਪਣੀ ਸਾਰੀ ਜ਼ਮੀਨ ਅਤੇ ਜਾਇਦਾਦ ਆਪਣੇ ਕਾਸ਼ਤਕਾਰਾਂ ਨੂੰ ਅਤੇ ਮੁਜਾਹਰਿਆਂ ਨੂੰ ਦੇ ਦਿੱਤੀ ਸੀ। ਉਹ ਬੜਾ ਹਿੰਮਤੀ ਅਤੇ ਦਲੇਰ ਬੰਦਾ ਸੀ। ਉਸ ਨੇ ਪ੍ਰਜਾ ਮੰਡਲ ਮੂਵਮੈਂਟ ਨੂੰ ਸ਼ੁਰੂ ਕੀਤਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚ ਅੱਗੇ ਵੱਧ ਚੜ੍ਹ ਕੇ ਕੰਮ ਕੀਤਾ ਅਤੇ ਬੜੇ ਮਾਨਤਾ ਪ੍ਰਾਪਤ ਸਥਾਨ ਲਏ। ਉਨ੍ਹਾਂ ਦੇ ਉਤੇ ਇਕ ਗੜਵੀ ਦੀ ਚੋਰੀ ਦਾ ਕੇਸ ਪਾ ਦਿੱਤਾ। ਉਸ ਨੂੰ ਕਿਸੇ ਗਵਾਹ ਨੇ ਸਾਬਿਤ ਨਹੀਂ ਕੀਤਾ ਅਤੇ ਨਾ ਕੋਈ ਗਵਾਹ ਸੀ ਪਰ ਇਕ ਮਹੰਤ ਦੇ ਕਹਿਣ ਤੇ ਕਿ ਮੇਰੇ ਡੇਰੇ ਤੋਂ ਗੜਵੀ ਚੋਰੀ ਹੋਈ ਹੈ ਉਸ ਦੇ ਕਹਿਣ ਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਗਈ। ਉਨ੍ਹਾਂ ਦੀ ਪਟਿਆਲਾ ਜੇਲ੍ਹ ਵਿਚਲੀ ਥਾਂ ਤੇ ਬੜਾ ਮੁਬਾਰਕ ਕਮਰਾ ਰਖਿਆ ਹੋਇਆ ਹੈ। ਇਹ ਇਕ ਪਵਿੱਤਰ ਥਾਂ ਹੈ ਜਿਥੇ ਅਸੀਂ ਫੁੱਲ ਰੋਜ਼ ਚੜ੍ਹਾਉਂਦੇ ਸੀ। ਇਨ੍ਹਾਂ ਦੀ ਪਟਿਆਲਾ ਜੇਲ੍ਹ ਵਿਚ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਨੇ ਇਸੇ ਦੌਰਾਨ ਭੁੱਖ ਹੜਤਾਲ ਕਰ ਦਿੱਤੀ ਸੀ ਔਰ ਤਕਰੀਬਨ 9 ਮਹੀਨੇ ਤੋਂ ਬਾਅਦ ਉਹ ਸ਼ਹੀਦ ਹੋ ਗਏ। ਇਹ ਉਸ ਰਾਜੇ ਦੇ ਪੋਤਰੇ ਨੂੰ ਲੀਡਰ ਬਣਾਈ ਬੈਠੇ ਹਨ। ਸਪੀਕਰ ਸਾਹਿਬ, ਇਸ ਕਰਕੇ ਇਨ੍ਹਾਂ ਦੀ ਗੱਲ ਸਮਝ ਨਹੀਂ ਆਉਂਦੀ। ਇਹ ਨਹੀਂ ਸਮਝਦੇ ਕਿ ਕਿਹੜੀ ਗੱਲ ਕਹਿਣ ਵਾਲੀ ਹੈ ਔਰ ਕਿਹੜੀ ਗੱਲ ਨਹੀਂ ਕਹਿਣ ਵਾਲੀ। ਕਈ ਦਫਾ ਇਹ ਉਲਟ ਗੱਲ ਕਹਿ ਦਿੰਦੇ ਹਨ। ਉਨ੍ਹਾਂ ਗੱਲਾਂ ਦਾ ਇਸ ਡਿਮਾਂਡ ਦੇ ਨਾਲ ਕੋਈ ਤੁਅਲਕ ਨਹੀਂ ਸੀ। ਕੋਈ ਲਾਅ ਐਂਡ ਆਰਡਰ ਦੀ ਗੱਲ ਨਹੀਂ ਸੀ। (ਵਿਘਨ) ਇਨ੍ਹਾਂ ਨੇ ਪੋਤਰੇ ਦੀ ਗੱਲ ਕੀਤੀ ਹੈ। ਇਨ੍ਹਾਂ ਨੇ ਸਰਦਾਰ ਸੇਵਾ ਸਿੰਘ ਠੀਕਰੀਵਾਲਾ ਦੇ ਖਿਲਾਫ ਗਵਾਹੀ ਦਿਤੀ। ਜਦੋਂ ਸਰਦਾਰ ਸੇਵਾ ਸਿੰਘ ਸ਼ਹੀਦ ਹੋਏ, ਸਪੀਕਰ ਸਾਹਿਬ, ਇਨ੍ਹਾਂ ਦੇ ਲੀਡਰ ਨੇ ਸਰਦਾਰ ਸੇਵਾ ਸਿੰਘ ਜੀ ਦੀਆਂ ਅਸਥੀਆਂ ਤਿੰਨ ਸਾਲ ਸੰਭਾਲ ਕੇ ਰਖੀਆਂ। ਉਨ੍ਹਾਂ ਨੂੰ ਹੱਥ ਤਕ ਨਹੀਂ ਲਗਵਾਉਣ ਦਿੱਤਾ। ਸਪੀਕਰ ਸਾਹਿਬ, ਵਾਰਸਾਂ ਨੇ ਠੀਕਰੀਵਾਲਾ ਵਿਖੇ ਸੰਸਕਾਰ ਕਰਨਾ ਸੀ। ਉਨ੍ਹਾਂ ਅਸਥੀਆਂ ਨੂੰ ਜ਼ਬਰਦਸਤੀ ਰਖਿਆ। ਸਪੀਕਰ ਸਾਹਿਬ, ਫਿਰ ਤਿੰਨ ਸਾਲ ਬਾਅਦ ਸੋਚ ਕੇ ਜਲਪ੍ਰਵਾਹ ਕੀਤੀਆਂ। (ਵਿਘਨ) (ਸ਼ੋਰ) ਤੁਸੀਂ ਇਥੇ ਬੈਠਦੇ ਨਹੀਂ ਔਰ ਕਹਿਕੇ ਚਲੇ ਜਾਂਦੇ ਹੋ। ਜੇਕਰ ਤੁਸੀਂ ਇਥੇ ਬੈਠੋ ਤਾਂ ਸਾਰੀਆਂ ਗਲਾਂ ਦਾ ਪਤਾ ਲਗੇ। ਇਹ ਧਿਆਨ ਦੇਣ ਦੀਆਂ ਗਲਾਂ ਹਨ। ਜੋ ਕੁਝ ਡਿਮਾਂਡਾਂ ਵਿਚ ਗਲਾਂ ਹਨ, ਉਹ ਸਾਰੀਆਂ ਪ੍ਰੋਗਰੈਸਿਵ ਹਨ ਅਤੇ ਪ੍ਰਗਤੀ ਵਾਲੀਆਂ ਹਨ। ਹਰ ਗਲ ਵਧੀ ਹੋਈ ਹੈ ਔਰ ਸਾਨੂੰ ਬਹੁਤ ਮੁਸ਼ਕਲਾਂ ਆਉਂਦੀਆਂ ਹਨ। ਸਪੀਕਰ ਸਾਹਿਬ, ਇਹ ਇਧਰ ਉਧਰ ਦੀਆਂ ਗਲਾਂ ਕਰਦੇ ਰਹੇ ਔਰ ਡਿਮਾਂਡਜ਼ ਤੇ ਨਹੀਂ ਬੋਲ ਸਕੇ।

ਸਪੀਕਰ ਸਾਹਿਬ, ਅਸੀਂ ਬਿਜਲੀ ਦਾ ਪ੍ਰਬੰਧ ਬਹੁਤ ਅੱਛਾ ਕੀਤਾ ਹੈ ਔਰ ਇਥੇ ਹਾਊਸ ਵਿਚ ਵੀ ਕਿਹਾ ਗਿਆ ਕਿ ਪ੍ਰਬੰਧ ਬਹੁਤ ਅੱਛਾ ਹੈ। ਸਪੀਕਰ ਸਾਹਿਬ, ਸਾਡੀ ਰੋਪੜ ਥਰਮਲ ਪਲਾਂਟ ਵਿਚ ਐਕਸੇਲੈਂਟ ਪਰਫਾਰਮੈਂਸ ਹੋਈ ਹੈ ਔਰ ਸਾਨੂੰ 9 ਲੱਖ ਰੁਪਏ ਦਾ ਇਨਾਮ ਮਿਲਿਆ ਹੈ। (ਥੰਪਿੰਗ) ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਾਰੀਆਂ ਡਿਮਾਂਡਾਂ ਪਾਸ ਕਰ ਦੇਣੀਆਂ ਚਾਹੀਦੀਆਂ ਹਨ।

Mr. Speaker : Now I put the Demands for Grants to the Vote of the House.

Demand No. 11

Mr. Speaker : Now I shall put Demand No. 11 to the vote of the House.

Mr. Speaker : Question is—

That a sum not exceeding Rs. 11,85,76,000 be granted to the Governor to defray the charges that will come in course of payment for the year, 1987-88 in respect of General Administration.

The motion was carried.

Demand No. 6

Mr. Speaker : There is a cut motion to this Demand by Sardar Kirpal Singh (Amritsar).

Sardar Kirpal Singh (Amritsar) : Sir, I withdraw my cut motion.

Mr. Speaker : Has the hon. Member leave of the House to withdraw his cut motion ?

(Voices : yes, yes).

The cut motion was, by leave, withdrawn.

Mr. Speaker : Now I shall not put second cut motion given notice of by Master Mohan Lal to the vote of the House.

Master Mohan Lal : Sir, I also withdraw my cut motion.

Mr. Speaker : Has the hon'ble Member leave of the House to withdraw his cut motion ?

(Voices : yes, yes).

The cut motion was, by leave, withdrawn.

Mr. Speaker: Now I shall put Demand No. 6 to the vote of the House.

Mr. Speaker : Question is—

That a sum not exceeding Rs. 2,68,00,94,000 on Revenue Account and Rs. 12,15,000 on Capital Account be granted to the Governor to defray the charges that will come in course of payment for the year, 1987-88 in respect of Education.

The motion was carried.

Demand No. 14

Mr. Speaker : There is a cut motion to this Demand by Sardar Kirpal Singh (Amritsar) First I will put this cut motion to the vote of the House.

Sardar Kirpal Singh (Amritsar) : Sir, I withdraw my cut motion.

Mr. Speaker: Has the hon. member leave of the House to withdraw his cut motion

(**Voices :** Yes, yes.)

The cut motion was, by leave, withdrawn

Mr. Speaker : Now I shall put Demand No. 14 to the vote of the House.

Mr. Speaker : Question is—

That a sum not exceeding Rs. 16,25,07,000 on Revenue Account and Rs. 17,77,50,000 on Capital Account be granted to the Governor to defray the charges that will come in course of payment for the year, 1987-88 in respect of Industries.

The motion was carried.

Demand No. 1

Mr. Speaker : Question is—

That a sum not exceeding Rs. 1,03,00,69,000 on Revenue Account and Rs. 6,05,22,000 on Capital Account be granted to the Governor to defray the charges that will come in course of payment for the year, 1987-88 in respect of Public Works.

The motion was carried.

Demand No. 2

Mr. Speaker : Question is—

That a sum not exceeding Rs. 21,30,65,000 on Revenue Account and Rs. 1,03,00,000 on Capital Account be granted to the Governor to defray the charges that will came in course of payment for the year, 1987-88 in respect of Animal Husbandry and Fisheries.

The motion was carried.

Demand No. 4

Mr. Speaker : Question is—

That a sum not exceeding Rs. 3,77,48,000 on Revenue Account and Rs. 13,00,000 on Capital Account be granted to the Governor to defray the charges that will come in course of payment for the year, 1987-88 in respect of Defence Services Welfare.

The motion was caried.

Demand No. 5

Mr. Speaker: Question is—

That a sum not exceeding Rs. 3,00,000 on Revenue Account be granted to the Governor to defray the charges that will come in course of payment for the year, 1987-88 in respect of Economic Coordination and Twenty Point Programme.

The motion was carried.

Demand No.. 7

Mr. Speaker : Question is—

That a sum not exceeding Rs. 88,99,000 on Revenue Account be granted to the Governor to defray the charges that will come in course of payment for the year, 1987-88 in respect of Elections.

The motion was carried.

Demand No. 8

Mr. Speaker : Question is—

That a sum not exceeding Rs. 6,86,56,000 on Revenue Account be granted to the Governor to defray the charges that will come in course of payment for the year, 1987-88 in respect of Excise and Taxation.

The motion was carried.

Demand No. 9

Mr. Speaker : Question is—

That a sum not exceeding Rs. 1,25,40,88,000 on Revenue Account and Rs. 6,52,60,000 on Capital Account be granted to the Governor to defray the charges that will come in course of payment for the year, 1987-88 in respect of Finance.

The motion was carried.

Demand No. 10

Mr. Speaker : Question is—

That a sum not exceeding Rs. 2,18,97,000 on Revenue Account and Rs. 6,70,77,02,000 on Capital Account be granted to the Governor to defray the charges that will come in course of payment for the year, 1987-88 in respect of Food and Supplies.

The motion was carried.

Demand No. 12

Mr. Speaker: Question is—

That a sum not exceeding Rs. 96,64,43,000 on Revenue Account be granted to the Governor to defray the charges that will come in course of payment for the year, 1987-88 in respect of Health and Family Welfare.

The motion was carried.

Demand No. 13

Mr. Speaker: Question is—

That a sum not exceeding Rs. 90,30,90,000 on Revenue Account be granted to the Governor to defray the charges that will come in course of payment for the year, 1987-88 in respect of Home Affairs and Justice.

The motion was carried.

Demand No. 15

Mr. Speaker : Question is—

That a sum not exceeding Rs. 2,66,98,000 on Revenue Account be granted to the Governor to defray the charges that will come in course of payment for the year, 1987-88 in respect of Information and Public Relations.

The motion was carried.

Demand No. 17

Mr. Speaker : Question is—

That a sum not exceeding Rs. 3,15,80,000 on Revenue Account be granted to the Governor to defray the charges that will come in course of payment for the year, 1987-88 in respect of Labour and Employment.

The motion was carried.

Demand No. 18

Mr. Speaker : Question is—

That a sum not exceeding Rs. 3,11,73,000 on Revenue Account and Rs. 24,77,50,000 on Capital Account be granted to the Governor to defray the charges that will come in course of payment for the year, 1987-88 in respect of Local Government, Housing and Urban Development.

The motion was carried.

Demand No. 19

Mr. Speaker : Question is—

That a sum not exceeding Rs. 51,52,000 on Revenue Account be granted to the Governor to defray the charges that will come in course of payment for the year, 1987-88 in respect of personnel and Administrative reforms.

The motion was carried.

Demand No. 20

Mr. Speaker : Question is—

That a sum not exceeding Rs. 1,98,13,000 on Revenue Account be granted to the Governor to defray the charges that will come in course of payment for the year 1987-88 in respect of planning.

The motion was carried.

Demand No. 22

Mr. Speaker : Question is—

That a sum not exceeding Rs. 28,88,67,000 on Revenue Account be granted to the Governor to defray the charges that will come in course of payment for the year, 1987-88 in respect of Revenue and Rehabilitation.

The motion was carried.

Demand No. 23

Mr. Speaker : Question is—

That a sum not exceeding Rs. 36,58,55,000 on Revenue Account and Rs. 46,00,000 on Capital Account be granted to the Governor to defray the charges that will come in course of payment for the year, 1987-88 in respect of Rural Development and Panchayats.

The motion was carried.

Demand No. 24

Mr. Speaker: Question is—

That a sum not exceeding Rs. 17,00,000 on Revenue Account and Rs. 2,48,00,000 on Capital Account be granted to the Governor to defray the charges that will come in course of payment for the year, 1987-88 in respect of Science, Technology and Environment.

The motion was carried.

Demand No. 25

Mr. Speaker : Question is—

That a sum not exceeding Rs. 37,92,52,000 on Revenue Account and Rs. 1,32,00,000 on Capital Account be granted to the Governor to defray the charges that will come in course on payment for the year, 1987-88 in respect of Social and Woman's Welfare and Welfare of Scheduled Castes and Beckward Classes.

The motion was carried.

Demand No. 26

Mr. Speaker : Question is—

That a sum not exceeding Rs. 13,00,15,000 on Revenue Account and Rs. 31,78,000 on Capital Account be granted to the Governor to defray the charges that will come in course of payment for the year, 1987-88 in respect of Technical Education and Industrial Training.

The motion was carried.

Demand No. 27

Mr. Speaker : Question is—

That a sum not exceeding Rs. 1,60,35,000 on Revenue Account and Rs. 1,15,30,000 on Capital Account be granted to the Governor to defray the charges that will come in course of payment for the year, 1987-88 in respect of Tourism and Cultural Affairs.

The motion was carried.

Demand No. 28

Mr. Speaker : Question is—

That a sum not exceeding Rs. 82,54,58,000 on Revenue Account and Rs. 15,84,00,000 on Capital Account be granted to the Governor to defray the charges that will come in course of payment for the year, 1987-88 in respect of Transport.

The motion was carried.

Demand No. 29

Mr. Speaker : Question is—

That a sum not exceeding Rs. 1,24,55,000 on Revenue Account be granted to the Gocernor to defray the charges that will come in course of payment for the year, 1987-88 in respect of vigilance.

The motion was carried.

Mr. Speaker : The House stands adjourned till 11.00 A.M. on Monday, the 30th March, 1987.

*1.18 P.M.)

(*The Sabha then adjourned* till* 11.00 *A.M. on Monday, the* 30*th March,* 1987)

26355 PVS—Govt. Press, Chd.

Published under the authority of the Punjab Vidhan Sabha and printed by the Controller, Govt. Press, U.T., Chandigarh.

14

PUNJAB VIDHAN SABHA DEBATES

30th March, 1987

Vol. V—No. 14

OFFICIAL REPORT

CONTENTS

Monday, the 30th March, 1987

Punjab Vidhan Sabha Secretariat, Chandigarh.

Price Rs. Rs 46-00

ERRATA

to

PUNJAB VIDHAN SABHA DEBATES

Vol. V—No. 14

Dated 30th March, 1987

Read	*For*	*Page*	*Line*
ਮਿਡਲ	ਮਿੰਡਲ	(14)15	16
introduced	introduce	(14)16	10th from below
ਪੂਰੀ	ਪੂਰੀ	(14)19	8
ਰਾਮ	ਰਾਾਮ	(14)19	11th from below
ਮਾਨਯੋਗ	ਮਾਨਯਗ	(14)20	4
employees	employes	(14)23	11
restrictions	retriction	(14)23	14
ਮੁੱਖ ਮੰਤਰੀ	ਮੱਖ ਮੰਤਰੀ	(14)24	5
ਕੌਣ	ਕਣ	(14)55	last

PUNJAB VIDHAN SABHA

Monday, the 30th March, 1987

The Vidhan Sabha met in the Punjab Vidhan Sabha Hall, Vidhan Bhavan, Chandigarh, at 11.00 *A.M. of the Clock. Mr. Speaker (Sardar Surjit Singh Minhas) in the Chair.*

Mr. Speaker : The House will first take up supplementaries to Starred Question No. 661 answered on 26th March, 1987 (A.S.) and thereafter the List of Starred Questions will be taken up.

SUPPLEMENTARIES TO STARRED QUESTION NO. 661*

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਮੇਰੇ ਸਵਾਲ ਦੇ ਜਵਾਬ ਵਿਚ ਇਹ ਕਿਹਾ ਸੀ ਕਿ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ 60:40 ਦੀ ਰੇਸ਼ੋ ਨਾਲ ਕੋਈ ਇਸ ਵੇਲੇ ਸੜਕ ਤੇ ਨਹੀਂ ਚਲ ਰਹੀ। ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅੱਜ ਤੋਂ ਪਹਿਲਾਂ 60:40 ਦੀ ਰੇਸ਼ੋ ਨਾਲ ਇਹ ਬਸਾਂ ਚਲਦੀਆਂ ਸਨ, ਇਹ ਪਾਲਿਸੀ ਕਦੋਂ ਤੋਂ ਬੰਦ ਕੀਤੀ ਹੈ ਔਰ ਇਸ ਲਈ ਪਬਲੀਕੇਸ਼ਨ ਕਦੋਂ ਤੋਂ ਹੋਈ ਹੈ ?

Minister of State for Transport (Sardar Hardipinder Singh) : In the year 1959 share of passenger transport was regulated on 50 : 50 basis. However, there were to be monopoly routes by Government, private and mixed routes. This scheme was to last for 10 years. After 10 years one scheme of the Erstwhile Punjab was prepared on 19th November, 1969, in the ratio of 60 : 40 for 10 years'. During the last three years of the scheme, entire transport was to be nationalised progressively by taking 1/3rd share every year. Again routes were to be of monopoly and mixed nature. For Erstwhile Pepsu Scheme was prepared on 18th February, 1972 with 60 : 40 ratio for 8 years. During the last three years entire transport was to be nationalised by taking over 1/3rd private share every year. This was also to contain exclusive and mixed routes. Though the policy of 60 : 40 ratio was followed but no attempt was made to nationalise the transport by taking over 1/3rd private routes from the stipulated date in both the areas of Erstwhile Punjab and Pepsu. Another draft scheme in 1979 was proposed for the entire State in the ratio of 70 : 30 for exclusive and mixed routes. This draft notification dated 17th September, 1979 was not processed further.

New Transport policy is according to the decision taken by the C.M.M. on 1st October, 1986. New Transport Policy is as follows :—

> "As regards Transport policy, having regard to the financial constraints of the State, the huge investments required and the desirabilily of encouraging private enterprise in the Transport Sector, there should be no further expansion of operations of State Transport Undertakings. Consequently, new routes should be given to the private operators. Due reservation should be made for Scheduled Castes, Ex-servicemen, Educated un-employed youth etc. There should, however, be no retrenchment of the Staff of Punjab Roadways, Pepsu Road Transport Corporation on this account."

---

*For Starred Question No. 661 and reply thereto, please see Punjab Vidhan Sabha Debates dated 26th March, 1987 (A.S.)

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਇਹ ਜਿਹੜੀ ਲੰਬੀ ਚੌੜੀ ਸਟੇਟਮੈਂਟ ਅਗਰੇਜ਼ੀ ਵਿਚ ਮਨਿਸਟਰ ਸਾਹਿਬ ਨੇ ਪੜ੍ਹ ਕੇ ਸੁਣਾ ਦਿੱਤੀ ਹੈ, ਮੈਂ ਸਮਝਦਾ ਹਾਂ ਕਿ ਉਸ ਦਾ ਮਤਲਬ ਕੋਈ ਨਹੀਂ ਪਰ ਜਿਹੜੀ ਇਨ੍ਹਾਂ ਨੇ ਅਖੀਰ ਤੇ ਗੱਲ ਕਹੀ ਹੈ ਕਿ ਨਿਊ ਟਰਾਂਸਪੋਰਟ ਪਾਲਿਸੀ ਹੈ, ਟਰਾਂਸਪੋਰਟ ਤੇ ਹਿਊਜ ਅਮਾਊਂਟ ਖਰਚ ਨਹੀਂ ਕਰ ਸਕਦੇ ਔਰ ਡੀ- ਨੈਸ਼ਨੇਲਾਈਜ਼ੇਸ਼ਨ ਕਰਨਾ ਚਾਹੁੰਦੇ ਹਾਂ। Sir, I would like to know under which section this decision has been taken by the Government and whether it was published by the Government; if so, when?

ਰਾਜ ਮੰਤਰੀ : ਸੈਕਸ਼ਨ 43 ਅਧੀਨ। ਪਬਲੀਕੇਸ਼ਨ ਕੋਈ ਨਹੀਂ ਹੋਈ, 1979 ਤੋਂ ਨਹੀਂ ਹੋਈ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਜਦੋਂ 60.40 ਦੀ ਇਕ ਸਕੀਮ ਚਲ ਰਹੀ ਹੈ, ਉਸ ਨੂੰ ਖ਼ਤਮ ਕਰਨ ਵਾਸਤੇ ਕਹਿੰਦੇ ਹਨ ਕੋਈ ਪਬਲੀਕੇਸ਼ਨ ਨਹੀਂ ਕੀਤੀ। ਕੀ ਗੱਲ ਹੈ? ਜ਼ਬਾਨੀ ਕਲਾਮੀ ਚੱਲ ਰਿਹਾ ਹੈ, ਕਿਸ ਨੇ ਕੀਤੀ, ਕੌਣ ਕਰਨ ਵਾਲਾ ਹੈ, ਕਿਸ ਨੂੰ ਅਖਤਿਆਰ ਹੈ? At least we should know something about it.

ਰਾਜ ਮੰਤਰੀ: 1979 ਵਿਚ 10 ਸਾਲ ਹੋ ਗਏ ਹਨ, It died its own death. ਇਸ ਕਰਕੇ ਉਸ ਤੋਂ ਬਾਅਦ ਕੋਈ ਪਬਲੀਕੇਸ਼ਨ ਨਹੀਂ ਹੋਈ। ਕੋਈ ਡਰਾਫਟ ਪਾਲਿਸੀ ਦਾ ਬਣਿਆ ਸੀ। That draft according to the Motor Vehicles Act ਪਬਲਿਸ਼ ਹੋਣਾ, ਉਸ ਉਤੇ ਓਬਜੈਕਸ਼ਨਜ਼ ਹੋਣੇ ਸਨ ਅਤੇ ਓਬਜੈਕਸ਼ਨਜ਼ ਸੁਣ ਕੇ ਆਫਟਰ ਥਰਟੀ ਡੇਜ਼ ਉਸ ਦੀ ਪਰਾਪਰ ਨੋਟੀਫਿਕੇਸ਼ਨ ਹੋਣੀ ਸੀ,, ਉਹ ਨਹੀਂ ਹੋਈ। 1969 ਤੋਂ 1979 ਤੱਕ ਜਿਹੜੀ ਪਾਲਿਸੀ ਸੀ ਉਹ ਖਤਮ ਹੋ ਗਈ।

Sardar Gurcharan Singh Nihalsinghwala : Supplementary Sir.

Mr. Speaker : You are being allowed last supplementary.

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਪਰਾਪਰ ਨੋਟੀਫਿਕੇਸ਼ਨ ਨਹੀਂ ਹੋਈ। Routes were issued without notification. New permits cannot be issued to any private operator unless and until those are given under some rule. (interruption)

ਸਪੀਕਰ ਸਾਹਿਬ, ਵਜ਼ੀਰ ਸਾਹਿਬ ਜਵਾਬ ਗਲਤ ਦੇ ਰਹੇ ਹਨ। ਤੁਸੀਂ ਮੈਨੂੰ ਸਮਝਾ ਦਿਓ ਉਹ ਕਹਿੰਦੇ ਹਨ ਕਿ ਕੋਈ ਪਰਾਪਰ ਨੋਟੀਫਿਕੇਸ਼ਨ ਨਹੀਂ ਹੋਈ। ਇਸ ਦਾ ਮਤਲਬ ਹੈ ਕਿ ਬਗੈਰ ਨੋਟੀਫਿਕੇਸ਼ਨਜ਼ ਤੋਂ ਇਨ੍ਹਾਂ ਨੇ ਰੂਟ ਇਸ਼ੂ ਕੀਤੇ। ਉਹ ਕਿਸ ਐਕਟ ਅਧੀਨ ਕੀਤੇ?

ਰਾਜ ਮੰਤਰੀ : ਸੈਕਸ਼ਨ 43 ਮੋਟਰ ਵਹੀਕਲ ਐਕਟ ਦਾ ਹੈ, ਉਸ ਦੇ ਅੰਡਰ ਕੀਤੇ। 1979-80 ਵਿਚ 1146 ਕੀਤੇ ਅਤੇ 1980-81 ਵਿਚ 205 ਕੀਤੇ ....(ਵਿਘਨ)

Sardar Gurcharan Singh Nihalsinghwala : I have not asked this question.

Minister of State : That policy died. The Government is empowered under Section 43 of the Motor Vehicles Act, 1939. Further permits are issued by the R.T.A.

Sardar Gurcharan Singh Nihalsinghwala : Supplementary Sir.

Mr. Speaker : You have already asked so many supplementaries.

Sardar Gurcharan Singh Nihalsinghwala : Whether the Government wants to de-nationalise transport?

Mr. Speaker : The reply of the Minister is self-explanatory. You may read it as you like. The answer is clear.

Sardar Gurcharan Singh Nihalsinghwala : Whether the Government has decided to de-nationalise the transport ?

Finance Minister : There is no policy of denationalisation of transport in the State.

Sardar Gurcharan Singh Nihalsinghwala : Supplementary, Sir.

ਸ਼੍ਰੀ ਸਪੀਕਰ : 5 ਸਪਲੀਮੈਂਟਰੀਜ਼ ਹੋ ਗਈਆਂ ਹਨ ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ: ** ** **

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ): ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਜਵਾਬ ਦਿੱਤਾ ਹੈ ਕਿ ਡੀਨੈਸ਼ਨੇਲਾਈਜ਼ੇਸ਼ਨ ਦੀ ਕੋਈ ਪਾਲਿਸੀ ਨਹੀਂ ਹੈ ਪਰ ਐਕਟ ਉਸੇ ਤਰ੍ਹਾਂ ਕਰ ਰਹੇ ਹਨ । ਕੀ ਵਜ਼ੀਰ ਸਾਹਿਬ ਦੱਸਣਗੇ ਕਿ 60:40 ਦੀ ਪਾਲਿਸੀ ਜੋ ਬਣੀ ਸੀ ਉਹ ਇਸ ਹਾਊਸ ਦੇ ਨੋਟਿਸ ਵਿਚ ਆਈ ਸੀ ਤੇ ਇਸ ਹਾਊਸ ਦੇ ਨੋਟਿਸ ਵਿਚ ਆਈ ਹੋਈ ਚੀਜ਼ ਨੂੰ ਮੁੜਕੇ ਖ਼ਤਮ ਕਰਨਾ ਜਾਂ ਨਵੀਂ ਗੱਲ/ਸਕੀਮ ਬਣਾਉਣ ਲਈ ਹਾਊਸ ਦੀ ਸੈਂਕਸ਼ਨ ਦੀ ਲੋੜ ਹੈ ਜਾਂ ਨਹੀਂ? ਇਕ ਸਵਾਲ ਤਾਂ ਮੇਰਾ ਇਹ ਸੀ ।

ਦੂਜਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਹੁਣ ਪਾਲਿਸੀ ਬਣੀ, ਜੇ ਟੋਟਲ ਡੀਨੈਸ਼ਨੇਲਾਈ-ਜ਼ੇਸ਼ਨ ਦੀ ਨਹੀਂ ਤਾਂ ਹੁਣ ਇਨ੍ਹਾਂ ਦੇ ਦਿਮਾਗ ਵਿਚ ਕੋਈ ਰੇਸ਼ੋ 70:30 ਦੀ ਜਾਂ ਕੋਈ ਹੋਰ ਰੇਸ਼ੋ ਦੀ ਹੈ ਤਾਂ ਇਸ ਦੇ ਮੁਤੱਲਕ ਦੱਸਣਾ ਚਾਹੀਦਾ ਹੈ ?

Minister of State for Transport : As already pointed out all the provisions of the new Transport policy are under study. (*Interruptions*). We have gone into this including the reply......(*Interru-ptions*). The House is not required to be consulted. However, the Punjab Vidhan Sabha is an august body and any hon'ble Member can raise an issue and discuss.

STARRED QUESTIONS AND ANSWERS

Mr. Speaker : Now Questions. S. Q. No. 854 *Comrade Mehtab Singh.

ਸਬੰਧਤ ਮਾਨਯੋਗ ਮੈਂਬਰ ਹਾਜ਼ਰ ਨਹੀਂ ਹੈ । ਅਗਲਾ ਸਵਾਲ ਨੰ: 859 *ਸੰਧੂ ਸਾਹਿਬ ਵੀ ਨਹੀਂ ਹਨ।

ਤਾਰਾਂਕਿਤ ਪ੍ਰਸ਼ਨ ਨੰਬਰ 859

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਉਪਰੋਕਤ ਪ੍ਰਸ਼ਨ ਪੇਸ਼ ਨਹੀਂ ਹੋਇਆ)

Mr. Speaker: Next question No. 851. Doctor Dalbir Singh.

**Expunged under orders of the Speaker.

*For Starred Question No. 854 and reply thereto, please see page (14)24 *infra* of this Debate.

Theft Case in Tehsil Kharar

*851. **Dr. Dalbir Singh :** Will the Chief Minister be pleased to state—

(a) the number of theft cases registered with the Police in Tehsil Kharar, District Ropar during the year 1985 and 1986, separately, together with the year-wise number of cases which have since been traced out ;

(b) the present position of the remaining cases out of those mentioned in part (a) above alongwith the action taken by the Government to arrest the thieves?

ਕੈਪਟਨ ਕੰਵਲਜੀਤ ਸਿੰਘ (ਰਾਜ ਮੰਤਰੀ, ਗ੍ਰਹਿ); (ੳ) ਅਤੇ (ਅ) ਬਾਰੇ ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ :

		ਸਾਲ 1985	ਸਾਲ 1986
(ੳ) ਖਰੜ ਤਹਿਸੀਲ ਵਿਚ ਪੁਲਸ ਦੁਆਰਾ ਦਰਜ ਕੀਤੇ ਚੋਰੀ ਦੇ ਕੇਸ	...	16	31
ਲੱਭੇ ਗਏ ਚੋਰੀ ਦੇ ਕੇਸ	...	8	12
(ਅ) ਪੁਲਸ ਦੀ ਤਫਤੀਸ਼ ਅਧੀਨ ਚੋਰੀ ਦੇ ਕੇਸ		6	19
ਨਾ ਲੱਭੇ ਗਏ ਕੇਸ		2	...

ਪੁਲਸ ਪਾਸ ਹੁਣ ਤੱਕ ਤਫਤੀਸ਼ ਅਧੀਨ ਕੇਸਾਂ ਵਿੱਚ ਤਫਤੀਸ਼ ਮੁਕੰਮਲ ਕਰਨ ਲਈ ਅਤੇ ਮੁਲਜ਼ਮਾਂ ਨੂੰ ਫੜਨ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਕੁੱਲ 16 ਕੇਸ ਰਜਿਸਟਰ ਹੋਏ ਅਤੇ ਇਨ੍ਹਾਂ ਵਿਚੋਂ 8 ਕੇਸਿਜ਼ ਟਰੇਸ ਆਊਟ ਹੋ ਗਏ ਹਨ। ਮੈਂ ਤੁਹਾਡੇ ਰਾਹੀਂ, ਸਪੀਕਰ ਸਾਹਿਬ, ਮੰਤਰੀ ਜੀ ਨੂੰ ਪੁੱਛਾਂਗਾ ਕਿ ਇਹ ਜੋ ਤਰੀਕਾ ਐਫ. ਆਈ. ਆਰ. ਜਾਂ ਕੇਸ ਦਰਜ ਕਰਨ ਦਾ ਥਾਣਿਆਂ ਵਿੱਚ ਹੈ, ਉਹ ਤਰੀਕਾ ਕੀ ਹੈ ? ਕੀ ਇਹ ਦੱਸਣਗੇ?

ਸ੍ਰੀ ਸਪੀਕਰ : ਇਹ ਐਕੇਡੈਮਿਕ ਕੁਐਸਚਨ ਹੈ। He is not an authority on law. Please study the Criminal Procedure Code.

ਡਾਕਟਰ ਦਲਬੀਰ ਸਿੰਘ : ਨੈਕਸਟ ਮੈਂ, ਮੰਤਰੀ ਜੀ ਨੂੰ, ਇਹ ਪੁੱਛਣਾ ਚਾਹੁੰਦਾ ਹਾਂ ਕਿ ਬਾਕੀ ਦੇ ਜਿਹੜੇ ਕੇਸਿਜ਼ ਰਹਿੰਦੇ ਹਨ ਉਨ੍ਹਾਂ ਨੂੰ ਟਰੇਸ ਆਊਟ ਕਰਨ ਵਿੱਚ ਕੀ ਅੜਿਚਨ ਆ ਰਹੀ ਹੈ?

ਰਾਜ ਮੰਤਰੀ, ਗ੍ਰਹਿ: ਸਪੀਕਰ ਸਾਹਿਬ, ਮੈਂ ਆਪਣੇ ਜਵਾਬ ਵਿੱਚ ਕਿਹਾ ਹੈ ਕਿ ਅੱਠ ਕੇਸਿਜ਼ ਟਰੇਸ ਆਊਟ ਹੋ ਗਏ ਹਨ ਅਤੇ 6 ਅੰਡਰ ਐਕਟਿਵ ਕੰਸਿਡਰੇਸ਼ਨ ਹਨ ਔਰ ਜਲਦੀ ਹੀ ਸਾਲਵ ਹੋ ਜਾਣਗੇ ।

ਡਾਕਟਰ ਦਲਬੀਰ ਸਿੰਘ : ਮੈਂ ਮੰਤਰੀ ਜੀ ਨੂੰ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਜਿਹੜੀ ਲਿਸਟ ਜਵਾਬ ਦੇ ਨਾਲ ਲਾਈ ਹੈ ਉਸ ਦੇ ਵਿੱਚ ਦੱਸਿਆ ਹੈ ਕਿ 1985 ਵਿੱਚ 16 ਅਤੇ 1986 ਵਿੱਚ 31 ਕੇਸ ਚੋਰੀ ਦੇ ਦਰਜ ਹੋਏ ਹਨ, ਇਕ ਇਕ ਸਾਲ ਤਕ ਚੋਰੀ ਦੇ ਕੇਸਿਜ਼ ਟਰੇਸ ਆਊਟ ਨਹੀਂ ਹੁੰਦੇ ਔਰ ਪੁਲਿਸ ਵਾਲੇ ਚੋਰੀ ਦਾ ਸਾਮਾਨ ਖਾ ਜਾਂਦੇ ਹਨ, ਇਕ ਇਕ ਸਾਲ ਤਕ ਜਿਹੜੇ ਕੇਸਿਜ਼ ਟਰੇਸ ਆਊਟ ਨਹੀਂ ਹੁੰਦੇ ਇਸ ਦਾ ਕੀ ਰੀਜ਼ਨ ਹੈ?

ਰਾਜ ਮੰਤਰੀ : ਸਪੀਕਰ ਸਾਹਿਬ, ਕੇਸਿਜ਼ ਨੂੰ ਟਰੇਸ ਆਊਟ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਕਈ ਵਾਰੀ ਕਈ ਮੁਸ਼ਕਲਾਂ ਹੁੰਦੀਆਂ ਹਨ ਔਰ ਜਿਤਨੀ ਜਲਦੀ ਮਾਨਯੋਗ ਮੈਂਬਰ ਸਾਹਿਬ ਕਹਿੰਦੇ ਹਨ ਉਤਨੀ ਜਲਦੀ ਟਰੇਸ ਨਹੀਂ ਹੋ ਸਕਦੇ ਲੇਕਿਨ ਪੁਲਿਸ ਵਾਲੇ ਆਪਣੀ ਪੂਰੀ ਕੋਸ਼ਿਸ਼ ਕਰਦੇ ਹਨ ਕਿ ਜਲਦੀ ਟਰੇਸ ਆਊਟ ਹੋਣ ।

ਸ੍ਰੀ ਸਪੀਕਰ : ਜੇ ਤੁਹਾਡੇ ਨੋਟਿਸ ਵਿੱਚ ਕੋਈ ਸਪੈਸੀਫ਼ਿਕ ਕੇਸ ਹੋਵੇ ਤਾਂ ਇਨ੍ਹਾਂ ਦੇ ਨੋਟਿਸ ਵਿੱਚ ਲਿਆ ਦਿਓ । ਸ੍ਰੀ ਰਾਮ ਪ੍ਰਕਾਸ਼ ਬਾਲੀ ।

ਸ੍ਰੀ ਰਾਮ ਪ੍ਰਕਾਸ਼ ਬਾਲੀ: ਮੈਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਕੋਈ ਐਸਾ ਪ੍ਰਬੰਧ ਕਰਨਗੇ ਜਿਸ ਦੇ ਨਾਲ ਜਿਹੜੇ ਚੋਰੀ ਦੇ ਕੇਸਿਜ਼ ਦਰਜ ਹੁੰਦੇ ਹਨ ਉਨ੍ਹਾਂ ਦੇ ਲਈ ਕੋਈ ਟਾਈਮ ਲਿਮਿਟ ਹੋ ਜਾਵੇ ਕਿ ਇਤਨੇ ਸਮੇਂ ਦੇ ਦੌਰਾਨ, ਇਤਨੇ ਸਮੇਂ ਦੇ ਅੰਦਰ ਅੰਦਰ ਇਹੋ ਜਿਹੇ ਕੇਸਿਜ਼ ਟਰੇਸ ਆਊਟ ਹੋ ਜਾਣ ਜਾਂ ਉਸ ਦੇ ਵਿੱਚ ਇਨਕੁਆਇਰੀ ਜੋ ਹੋਣੀ ਹੈ ਉਹ ਹੋ ਜਾਵੇ ਅਤੇ ਜੇ ਕੋਈ ਕੋਤਾਹੀ ਹੋਵੇ ਤਾਂ ਥਾਣੇਦਾਰ ਦੇ ਖ਼ਿਲਾਫ਼ ਕੋਈ ਐਕਸ਼ਨ ਲਿਆ ਜਾਵੇ।ਕੀ ਮਨਿਸਟਰ ਸਾਹਿਬ ਇਸ ਦੇ ਵਾਸਤੇ ਕੋਈ ਰੂਲਜ਼ ਬਣਾਉਣਗੇ ? ਨੰਗਲ ਵਿੱਚ ਵੀ ਬਹੁਤ ਚੋਰੀਆਂ ਹੁੰਦੀਆਂ ਹਨ ਔਰ ਤਕਰੀਬਨ 50 ਪ੍ਰਤੀਸ਼ਤ ਟਰੇਸ ਨਹੀਂ ਹੁੰਦੀਆਂ ਜਾਂ ਸਮਝ ਲਓ ਕਿ 25 ਪ੍ਰਤੀਸ਼ਤ ਹੀ ਟਰੇਸ ਹੁੰਦੀਆਂ ਹਨ, ਹੁਣ ਥੋੜ੍ਹੀ ਜਿਹੀ ਐਸ. ਪੀ. ਸਾਹਿਬ ਨੇ ਸਖ਼ਤੀ ਕੀਤੀ ਹੈ ਅਤੇ ਉਨ੍ਹਾਂ ਦੀ ਕੁਝ ਸਖ਼ਤੀ ਨਾਲ ਫਰਕ ਪਿਆ ਹੈ। ਕੀ ਮਨਿਸਟਰ ਸਾਹਿਬ ਕੋਈ ਟਾਈਮ ਲਿਮਿਟ ਫਿਕਸ ਕਰਨਗੇ ਕਿ ਇਤਨੇ ਸਮੇਂ ਵਿੱਚ ਟਰੇਸ ਹੋ ਕੇ ਮਾਲਕ ਨੂੰ ਆਪਣਾ ਬਰਾਮਦ ਹੋਇਆ ਮਾਲ ਵਾਪਸ ਮਿਲ ਜਾਵੇ?

ਰਾਜ ਮੰਤਰੀ : ਸਪੀਕਰ ਸਾਹਿਬ, ਸਰਕਾਰ ਵਲੋਂ ਬੜੀਆਂ ਸਖ਼ਤ ਹਦਾਇਤਾਂ ਜਾਰੀ ਹਨ ਕਿ ਸਾਰੇ ਕੇਸਿਜ਼ ਵਿੱਚ ਤਫਤੀਸ਼ ਜਲਦੀ ਕੀਤੀ ਜਾਵੇ ਲੇਕਿਨ ਕਈ ਵਾਰੀ ਇਨ੍ਹਾਂ ਗੱਲਾਂ ਵਿੱਚ ਸਮਾਂ ਤਹਿ ਕਰਨਾ ਮੁਸ਼ਕਲ ਹੁੰਦਾ ਹੈ। ਜੇ ਕੋਈ ਸਪੈਸੀਫਿਕ ਕੇਸ ਹੋਵੇ ਤਾਂ ਮੈਂਬਰ ਸਾਹਿਬ ਦੱਸ ਦੇਣ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੌਜੂਦਾ ਸਰਕਾਰ ਦੇ ਚਾਰਜ ਸੰਭਾਲਣ ਤੋਂ ਬਾਅਦ ਥਾਣਿਆਂ ਵਿੱਚ ਇਸ ਟਰੈਂਡ ਦੀ ਕੋਈ ਚੇਂਜ ਆਈ ਹੈ? ਥਾਣਿਆਂ ਵਿੱਚ ਦੇਖਣ ਵਿੱਚ ਆਇਆ ਹੈ ਕਿ ਉਹ ਚੋਰੀ ਜੋ ਹੋ ਜਾਂਦੀ ਹੈ ਉਸ ਦੀ ਕੋਈ ਰਿਪੋਰਟ ਹੀ ਨਹੀਂ ਲਿਖਦੇ। ਪਿਛਲੇ ਅੰਕੜੇ ਵਗੈਰਾ ਦੇਖ ਕੇ ਇਹ ਕੋਈ ਦੱਸਣਗੇ ਕਿ ਕੋਈ ਟਰੈਂਡ ਵਿੱਚ ਚੇਂਜ ਆਈ ਹੈ? (ਵਿਘਨ)

ਸ੍ਰੀ ਸਪੀਕਰ: ਇਹ ਸਪਲੀਮੈਂਟਰੀ ਤਾਂ ਤੁਸੀਂ ਬੜਾ ਡਿਫਰੈਂਟ ਜਿਹਾ ਕੀਤਾ ਹੈ । The hon. Minister would ask for a separate notice.

ਸਰਦਾਰ ਕਿਰਪਾਲ ਸਿੰਘ: ਸਪੀਕਰ ਸਾਹਿਬ, ਮੇਰੀ ਪ੍ਰਸਨਲ ਨਾਲਿਜ ਵਿੱਚ ਹੈ ਕਿ ਥਾਣੇ ਵਾਲੇ ਚੋਰੀ ਦੀ ਕੋਈ ਰਿਪੋਰਟ ਲਿਖਦੇ ਹੀ ਨਹੀਂ। (ਵਿਘਨ) ਕੀ ਕੋਈ ਇਮਪਰੂਵਮੈਂਟ ਹੋਈ ਹੈ ਅਤੇ ਇਸ ਦੀ ਇਮਪਰੂਵਮੈਂਟ ਵਾਸਤੇ ਕੋਈ ਫਾਰਮੂਲਾ ਅਡਾਪਟ ਕੀਤਾ ਹੈ ਜਾਂ ਕੀ ਕੀਤਾ ਹੈ?

ਰਾਜ ਮੰਤਰੀ: ਸਪੀਕਰ ਸਾਹਿਬ, ਇਨ੍ਹਾਂ ਦਾ ਇਹ ਸਵਾਲ ਤਾਂ ਬਣਦਾ ਨਹੀਂ ਲੇਕਿਨ ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਇਤਨਾ ਕਹਿ ਦੇਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਸਾਡੇ ਆਉਣ ਤੋਂ ਬਾਅਦ ਕੇਸਿਜ਼ ਰਜਿਸਟਰ ਹੁੰਦੇ ਹਨ ਅਤੇ ਤਫਤੀਸ਼ ਦੇ ਟਰੈਂਡ ਵਿੱਚ ਬਹੁਤ ਹੀ ਤਬਦੀਲੀ ਆਈ ਹੈ।

ਤਾਰਾਂਕਿਤ ਪ੍ਰਸ਼ਨ ਨੰਬਰ 845

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਉਪਰੋਕਤ ਪ੍ਰਸ਼ਨ ਪੇਸ਼ ਨਹੀਂ ਹੋਇਆ)

Surgical Goods Complex at Jalandhar

***795. Vaid Om Parkash Datta :** Will the Minister for Finance be pleased to state whether the Punjab Surgical Instruments Manufacturers and Suppliers Association has submitted any Memorandum to the Government for developing a Surgical Goods Complex at Jalandhar ; if so, the action taken or proposed to be taken thereon ?

ਸਰਦਾਰ ਬਲਵੰਤ ਸਿੰਘ : ਜੀ ਹਾਂ। ਇਹ ਸਰਕਾਰ ਦੇ ਵਿਚਾਰ ਅਧੀਨ ਹੈ ।

ਵੈਦ ਓਮ ਪ੍ਰਕਾਸ਼ ਦੱਤਾ : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸਰਜੀਕਲ ਕੰਪਲੈਕਸ ਜਲੰਧਰ ਵਿਚ ਬਣਾਇਆ ਹੈ ਕੀ ਉਸ ਦੇ ਵਿਚ ਫੋਕਲ ਪੁਆਇੰਟਸ ਦੀਆਂ ਫੈਸੀਲਿਟੀਜ਼ ਮਿਲੀਆਂ ਹੋਈਆਂ ਹਨ? ਜਿਹੜਾ ਇਹ ਸਰਜੀਕਲ ਕੰਪਲੈਕਸ ਹੈ ਇਸ ਦਾ ਅੱਧਾ ਹਿੱਸਾ ਲੋਅ ਲੈਵਲ ਵਿਚ ਹੈ, ਕੋਈ ਚਾਰ-ਪੰਜ ਫੁਟ ਨੀਂਵਾ ਹੈ, ਇਸ ਦੇ ਬਾਰੇ ਕੋਈ ਧਿਆਨ ਦੇਣਗੇ? ਤੀਸਰਾ, ਇਸ ਦੇ ਵਿਚ ਚਾਰ ਪੰਜ ਹਜ਼ਾਰ ਦੇ ਕਰੀਬ ਲੋਕ ਕੰਮ ਕਰਦੇ ਹਨ, ਕਿਉਂਕਿ ਸਰਜੀਕਲ ਇੰਸਟਰੂਮੈਂਟਸ ਹੋਰ ਕਿਤੇ ਨਹੀਂ ਬਣਦੇ, ਕੀ ਉਨ੍ਹਾਂ ਦੀ ਫੈਸੀਲਿਟੀਜ਼ ਬਾਰੇ ਕੀ ਉਨ੍ਹਾਂ ਨੂੰ ਆਈ. ਟੀ. ਆਈ. ਵਿਚ ਮਾਡਰਨ ਟੈਕਨਾਲੋਜੀ ਬਾਰੇ ਟਰੇਨਿੰਗ ਲਈ ਭੇਜਣਗੇ?

ਮੰਤਰੀ: ਸਪੀਕਰ ਸਾਹਿਬ, ਜਿਹੜਾ ਮੈਮੋਰੈਂਡਮ ਸਰਜੀਕਲ ਮੈਨੂਫੈਕਚੱਰਰ ਅਤੇ ਸਪਲਾਇਰਜ਼ ਐਸੋਸੀਏਸ਼ਨ ਨੇ ਦਿੱਤਾ ਹੈ ਉਸ ਦੇ ਵਿਚ ਕਈ ਚੀਜ਼ਾਂ ਕਹੀਆਂ ਹਨ। ਇਹ ਜਿਹੜਾ ਸਰਜੀਕਲ ਕੰਪਲੈਕਸ ਹੈ ਇਹ 105 ਏਕੜ ਵਿੱਚ ਹੈ, ਇਸ ਦੇ ਵਿੱਚ 150 ਪਲਾਟ ਬਣਾਏ ਹਨ ਅਤੇ ਇਨ੍ਹਾਂ ਵਿਚੋਂ 149 ਅਲਾਟ ਹੋ ਚੁਕੇ ਹਨ ਔਰ ਕੁਝ ਤੇ ਕੰਮ ਚਲ ਰਿਹਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਵਸੂਲੀ ਕਰਜ਼ਾ ਦੋ ਸਾਲ ਪਿਛੇ ਕੀਤੀ ਜਾਵੇ, ਸੂਦ ਘਟਾਇਆ ਜਾਵੇ ਜਾਂ ਇੰਟਰੈਸਟ ਫ਼ਰੀ ਲੋਨਜ਼ ਦਿੱਤੇ ਜਾਣ। ਗੌਰਮਿੰਟ ਇਸ ਤੇ ਵਿਚਾਰ ਕਰ ਰਹੀ ਹੈ। ਜਿਹੜਾ ਇਨ੍ਹਾਂ ਨੇ ਵਰਕਰਜ਼ ਨੂੰ ਟਰੇਨਿੰਗ ਫੈਸਿਲਿਟੀ ਪ੍ਰੋਵਾਈਡ ਕਰਨ ਬਾਰੇ ਕਿਹਾ ਹੈ ਇਸ ਦੇ ਬਾਰੇ ਵੀ ਵਿਚਾਰ ਕਰ ਲਵਾਂਗੇ। ਪੰਜਾਬ ਗੌਰਮਿੰਟ ਬੜੀ ਕੀਨ ਹੈ ਕਿ ਪੰਜਾਬ ਵਿਚ ਟੈਕਨਾਲੋਜੀ ਦੇ ਖੇਤਰ ਵਿਚ ਅਗੇ ਵਧੇ, ਇਹ ਜੋ ਇਸ ਬਾਰੇ ਸੁਜੈਸ਼ਨਜ਼ ਦੇਣਗੇ ਉਸ ਵਲ ਧਿਆਨ ਦੇਵਾਂਗੇ।

ਵੈਦ ਓਮ ਪ੍ਰਕਾਸ਼ ਦੱਤਾ: ਸਪੀਕਰ ਸਾਹਿਬ, ਕੀ ਇਥੇ ਦੇ ਲੋਕਾਂ ਦੀ ਕੋਈ ਟੀਮ ਸਰਕਾਰ ਵਲੋਂ ਬਾਹਰਲੇ ਦੇਸ਼ਾਂ ਵਿੱਚ ਭੇਜਣਗੇ, ਜਿਵੇਂ ਵੈਸਟ ਜਰਮਨ ਦੀ ਐਡਵਾਂਸ ਟੈਕਨਾਲੋਜੀ ਹੈ ਕਿਉਂਕਿ ਉਥੋਂ ਸਾਡੇ ਬਹੁਤ ਮਾਡਰਨ ਇੰਸਟਰੂਮੈਂਟਸ ਆਉਂਦੇ ਹਨ? ਕੀ ਇਹ ਕੋਈ ਟੀਮ ਵੈਸਟ ਜਰਮਨ ਭੇਜਣਗੇ ਤਾਂ ਕਿ ਉਹ ਲੋਕ ਉਥੋਂ ਜਾ ਕੇ ਸਿਖ ਸਕਣ ਕਿ ਕਿਵੇਂ ਡਿਜ਼ਾਈਨਿਗ ਕਰਨੀ ਹੈ ਜਾਂ ਹੋਰ ਜਿਹੜੀਆਂ ਸਿਖਣ ਵਾਲੀਆਂ ਗੱਲਾਂ ਹਨ ਸਿਖ ਸਕਣ?

ਮੰਤਰੀ: ਸਪੀਕਰ ਸਾਹਿਬ, ਪਿੱਛੇ ਜਿਹੇ ਵੈਸਟ ਜਰਮਨ ਦੇ ਅੰਬੇਸਡਰ ਇਥੇ ਆਏ ਸਨ ਅਤੇ ਮੈਂ ਵੀ ਉਨ੍ਹਾਂ ਨੂੰ ਮਿਲਿਆ ਸੀ ਅਤੇ ਚੀਫ ਮਨਿਸਟਰ ਸਾਹਿਬ ਵੀ ਮਿਲੇ ਸਨ। ਅਸੀਂ ਗੱਲਾਂ ਕੀਤੀਆ ਅਤੇ ਅਸੀਂ ਵੈਸਟ ਜਰਮਨ ਨਾਲ ਟੈਕਨਾਲੋਜੀ ਐਕਸਚੇਂਜ ਕਰ ਰਹੇ ਹਾਂ। ਉਥੇ ਇਕ ਡੈਪੂਟੇਸ਼ਨ ਭੇਜ ਰਹੇ ਹਾਂ ਤਾਂ ਕਿ ਉਥੇ ਦੀ ਟੈਕਨਾਲੋਜੀ ਨੂੰ ਪਿਕ ਅੱਪ ਕਰ ਸਕਣ। ਉਸ ਡੈਪੂਟੇਸ਼ਨ ਵਿਚ ਸਰਜੀਕਲ ਇਨਸਟਰੂਮੈਂਟ ਕੰਪਲੈਕਸ ਦੇ ਕੁਝ ਬੰਦਿਆ ਦਾ ਨਾਂ ਵੀ ਪਾ ਦਿਆਂਗੇ।

ਕਾਮਰੇਡ ਮਹਿਤਾਬ ਸਿੰਘ: ਸਪੀਕਰ ਸਾਹਿਬ, ਮੇਰਾ ਪਹਿਲਾ ਸੁਆਲ ਸੀ ਅਤੇ ਮੈਂ ਕੁਝ ਲੇਟ ਹੋ ਗਿਆ ਹਾਂ, ਕੀ ਉਹ ਸੁਆਲ ਨੰ: 854 ਹੁਣ ਲੈ ਲਿਆ ਜਾਏਗਾ ?

ਸ੍ਰੀ ਸਪੀਕਰ: ਜੇ ਸਮਾਂ ਰਹਿ ਗਿਆ ਤਾਂ ਸੁਆਲਾਂ ਦੇ ਐਂਡ ਵਿਚ ਲੈ ਲਵਾਂਗੇ।

ਤਾਰਾਂਕਿਤ ਪ੍ਰਸ਼ਨ ਨੰਬਰ: 860 ਅਤੇ 853

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਹਾਜ਼ਰ ਨਾ ਹੋਣ ਕਾਰਨ ਉਪਰੋਕਤ ਪ੍ਰਸ਼ਨ ਪੇਸ਼ ਨਹੀਂ ਹੋਏ।)

Villages in Pathankot Tehsil covered under the Rural Water Supply Scheme

***754. Shri Raghu Nath Sahai Puri** : Will the Minister of State for Public Health be pleased to state whether all the villages falling in Pathankot Tehsil have been covered under Rural Water Supply Schemes; if not, the names of the villages which have not so far been covered and the time by which they are likely to be covered ?

ਸਰਦਾਰ ਸ਼ਸ਼ਪਾਲ ਸਿੰਘ : ਨਹੀਂ ਜੀ। ਪਠਾਨਕੋਟ ਤਹਿਸੀਲ ਵਿਚ 350 ਕਿੱਲਤ ਵਾਲੇ ਪਿੰਡ ਹਨ। ਇਨ੍ਹਾਂ ਵਿਚੋਂ 99 ਪਿੰਡ ਵਾਟਰ ਸਪਲਾਈ ਸਕੀਮ ਹੇਠ ਕਵਰ ਕੀਤੇ ਜਾ ਚੁੱਕੇ ਹਨ 39 ਪਿੰਡਾਂ ਵਿਚ ਕੰਮ ਚਾਲੂ ਹੈ। ਬਾਕੀ ਦੇ 212 ਪਿੰਡ ਪੈਸਿਆਂ ਦੀ ਉਪਲਬਧੀ ਦੇ ਹਿਸਾਬ ਨਾਲ ਪੜਾਵਾਂ ਵਿਚ ਕਵਰ ਕੀਤੇ ਜਾਣਗੇ। ਇਨ੍ਹਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖ ਦਿਤੀ ਗਈ ਹੈ।

[Minister of State for Public Health]

STATEMENT

TEHSIL : PATHANKOT

Block Pathankot

1. Ali Khan
2. Andoi
3. Aner
4. Bahadar Lahri
5. Bahdo Chak
6. Balsua
7. Bahladpur
8. Barath
9. Bassi Afghana
10. Bali Aklian
11. Bharial
12. Chak Bhatian
13. Chahani Mazimpur
14. Chuhan
15. Dala Balian
16. Daulatpur
17. Dhalo Riyan
18. Dholowal
19. Dibku
20. Farakpur
21. Gandhian Lehri
22. Garhmal
23. Ghebe
24. Gujrat
25. Gurah Kalan
26. Jangal
27. Jakho Lahri
28. Kale Chak
29. Kanwan
30. Kataru Chak
31. Arian
32. Lad Palwan
33. Maira Mahantan
34. Manial
35. Mari
36. Milwal
37. Namala
38. Paharo Chak
39. Parmanand
40. Phulara
41. Rahimpur
42. Shahidpur
43. Tajpura
44. Talwara Gujran
45. Talwara Jattan
46. Bhimpur
47. Saili
48. Pandin Lahri
49. Farida Nagar
50. Malikpur
51. Saidpur
52. Tanzo Shah
53. Saidwal
54. Lehri Gujjran
55. Hayati Chak
56. Malkana
57. Sherpur Gidderpur
58. Gurdaspur Bhaina
59. Jagapur
60. Dhabra
61. Akhrota
62. Pathan Chak

63. Narot Mehra
64. Chasma
65. Simbli
66. Khani Khoi
67. Haibo
68. Bagial
69. Najo Chak
70. Panjupur
71. Lahri
72. Chak Barian
73. Fatehgarh
74. Bias Lahri
75. Mirzapur
76. Guasipur
77. Khanpur
78. Abadgarh
79. Aima Changa
80. Bhawani
81. Chhawala
82. Chak Manhansan
83. Darsopur
84. Ferozepur Khurd
85. Ghotran Lahri
86. Gulpur
87. Gandhran
88. Jakhbar
89. Kalesar
90. Kunda
91. Lehri Sarman
92. Nalonga-Naushera
93. Nalbander
94. Naurangpur
95. Nala
96. Panjora
97 Dhala pura
98. Wadela

Block Dhar Kalan

99. Harpur
100. Shahar
101. Thara

Block : Hargobindpur

102. Ghur
103. Nangal

Block : Dinanagar

104. Dansur
105. Madarpur
106. Najowal
107. Phangarian
108. Salowal
109. Thakarpur

Block : Gurdaspur

110. Datial
111. Dhaki
112. Dhakhi Shada
113 Jandri

Block : Bamial

114. Ayal
115. Bhakheri
116. Bamial
117. Bhalotal
118. Bhopalpur
119. Chak Amir
120. Dostpur
121. Darwal
122. Dhindo
123. Ghola
124. Kot Bhatian
125. Kotli Jawahar
126. Muthi
127. Marwal Marial

[Minister of State for Public Health]

128. Pindi Bhorlian
129. Palah
130. Samrala
131. Sarota
132. Sakal
133. Simble

Block : Narot Jaimal Singh

134. Adalatgarh
135. Antaur
136. Aima Saidan
137. Akhwara
138. Alyal
139. Bhatoia
140. Bairupur
141. Bhaknaur
142. Bhagwal
143. Bhadurpur
144. Bhagwanpur
145. Belaur
146. Begowal
147. Chola Chak
148. Charok
149. Chhawian
150. Chakral
151. Darsopur
152. Dotyal
153. Feroza
154. Fatehpur
155. Fateh Chak
156. Fidaipur
157. Gande Pindi
158. Gaju Chalsa
159. Gaju Jagir
160. Gazi Barwan.
161. Gugran
162. Habit Pindi
163. Jani Chak
164. Jogar
165. Jhela Amda Gurdaspur
166. Jhela Amda Shakergarh
167. Jaitpur
168. Jaswan
169. Jainpur
170. Kojle
171. Khiala
172. Khokar Kotli
173. Kilpur
174. Khushi Balwan
175. Kollian
176. Kathlour
177. Katni
178. Kio Khurd
179. Kharkhsa Thutrwala
180. Lassian
181. Majra
182. Man Nangal
183. Mohiya Udianpur
184. Mast Pur
185. Makhanpur
186. Mirpur Anyal
187. Madho Jainpur
188. Malpur
189. Man Singhpura
190. Narianpur
191. Nangal Faridan
192. Pakho Chak
193. Pharwal
194. Paharipur

195. Pola
196. Rattangarh
197. Raji
198. Rakwal
199. Ram Kalwan
200. Ratterwan
201. Raipur
202. Sharif Chak
203. Shekhu Chak
204. Sharanpur
205. Sheikhpur Majri
206. Soharwala Kalan
207. Soharwala Kalan
208. Sharif Chak
209. Sionti Taifnast
210. Talaur
211. Talharpur
212. Udaipur Aima.

ਸ੍ਰੀ ਰਘੂਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਪਿੰਡਾਂ ਵਿਚ ਸਭ ਤੋਂ ਪਹਿਲਾ ਕੰਮ ਲੋਕਾਂ ਨੂੰ ਪਾਣੀ ਦੇਣਾ ਚਾਹੀਦਾ ਹੈ। ਲੋਕ ਪਿਆਸੇ ਮਰ ਰਹੇ ਹਨ, ਬਹੁਤ ਦੂਰ ਦੂਰ ਤੋਂ ਪਾਣੀ ਲਿਆਣਾ ਪੈਂਦਾ ਹੈ। ਇਹ ਦੱਸ ਦੇਣ ਕਿ ਇਹ ਜਿਹੜੇ ਦੋ ਸੌ ਪਿੰਡ ਰਹਿ ਗਏ ਹਨ ਇਨ੍ਹਾਂ ਨੂੰ ਕਿੰਨੀ ਦੇਰ ਵਿਚ ਵਾਟਰ ਦੀ ਸਪਲਾਈ ਹੋ ਜਾਏਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਡਿਟੇਲਜ਼ ਦੇ ਦਿੱਤੀਆਂ ਹਨ ਜਿਹੜੇ ਪਿੰਡ ਹੋ ਗਏ, ਬਾਕੀ 212 ਪਿੰਡਾਂ ਬਾਰੇ ਅਤੇ ਹਾਊਸ ਵਿਚ ਦੱਸਿਆ ਗਿਆ ਸੀ ਕਿ ਸੈਂਟਰ ਗੌਰਮਿੰਟ ਦੀ ਤਜਵੀਜ਼ ਹੈ ਕਿ 4 ਸਾਲਾਂ ਦੇ ਅੰਦਰ ਅੰਦਰ ਸਾਰੇ ਪਿੰਡਾਂ ਨੂੰ ਪਾਣੀ ਦਿੱਤਾ ਜਾਏਗਾ। ਅਵੇਲੇਬਿਲਿਟੀ ਆਫ ਫ਼ੰਡਜ਼ ਤੇ ਡਿਪੈਂਡ ਕਰਦਾ ਹੈ। ਜੇਕਰ ਫ਼ੰਡ ਛੇਤੀ ਆ ਗਏ ਤਾਂ ਕੰਮ ਛੇਤੀ ਹੋ ਜਾਵੇਗਾ ਨਹੀਂ ਤਾਂ ਮੇਰਾ ਅੰਦਾਜ਼ਾ ਹੈ ਕਿ ਚਾਰ ਸਾਲਾਂ ਵਿਚ ਤਾਂ ਜ਼ਰੂਰ ਹੋ ਜਾਵੇਗਾ।

ਸ੍ਰੀ ਰਘੂਨਾਥ ਸਹਾਏ ਪੁਰੀ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ, ਨੂੰ ਪੁੱਛਣਾ ਚਾਹੁੰਦਾ ਹਾਂ ਕਿ, ਇਨ੍ਹਾਂ ਨੇ ਕਿਹਾ ਹੈ, ਕਿ ਅੰਦਾਜਾ ਹੈ ਕਿ ਚਾਰ ਸਾਲਾਂ ਵਿਚ ਕੰਮ ਹੋਵੇਗਾ, ਚਾਰ ਸਾਲ ਦਾ ਅਰਸਾ ਤਾਂ ਬਹੁਤ ਲੰਬਾ ਹੈ, ਅਗਰ ਪੰਜਾਬ ਵਿਚ ਪਾਣੀ ਨਹੀਂ ਦਿੱਤਾ ਜਾਂਦਾ ਤਾਂ ਹੋਰ ਇਸ ਤੋਂ ਵੱਡੀ ਮਾੜੀ ਗੱਲ ਕੀ ਹੋ ਸਕਦੀ ਹੈ। ਮੈਂ ਕਹਾਂਗਾ ਕਿ ਇਹ ਦੱਸਣ ਕਿ ਕਿਤਨੇ ਚਿਰ ਵਿਚ ਇਹ ਕੰਮ ਕਰ ਦੇਣਗੇ ਕਿਉਂਕਿ ਚਾਰ ਸਾਲਾ ਤਾਂ ਬਹੁਤ ਲੰਬਾ ਅਰਸਾ ਹੈ ?

ਸ੍ਰੀ ਸਪੀਕਰ: ਸਵਾਲ ਦਾ ਜਵਾਬ ਆ ਗਿਆ ਹੈ। ਇਨ੍ਹਾਂ ਨੇ ਕਿਹਾ ਹੈ ਚਾਰ ਸਾਲ ਦਾ ਫੇਜ਼ਡ ਪ੍ਰੋਗਰਾਮ ਹੈ।

ਸ੍ਰੀ ਰਘੂਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਫੰਡਜ਼ ਸੈਂਟਰ ਤੋਂ ਆਉਣਗੇ ਤਾਂ ਚਾਰ ਸਾਲ ਲੱਗਣਗੇ। ਪੰਜਾਬ ਸਰਕਾਰ ਦੱਸੇ ਕਿ ਇਸ ਨੇ ਕੀ ਕਰਨਾ ਹੈ ?

ਸ੍ਰੀ ਸਪੀਕਰ: ਹਾਂ ਜੀ, ਸਰਦਾਰ ਸ਼ਸ਼ਪਾਲ ਸਿੰਘ ਜੀ।

ਰਾਜ ਮੰਤਰੀ: ਮੈਂ ਬੇਨਤੀ ਕਰਦਾ ਹਾਂ ਕਿ ਇਕ ਜਿਹੜੀ ਸਕੀਮ ਹੁੰਦੀ ਹੈ ਉਸ ਤੇ ਤਿੰਨ ਚਾਰ ਪਿੰਡਾਂ ਦਾ ਗਰੁੱਪ ਹੁੰਦਾ ਹੈ ਔਰ ਉਸ ਤੇ ਘਟੋ ਘਟ 3/4 ਲੱਖ ਰੁਪਿਆ ਲਗਦਾ ਹੈ। ਬੜੀ ਕਾਸਟਲੀ ਸਕੀਮ ਹੁੰਦੀ ਹੈ। ਜਿਉਂ ਜਿਉਂ ਸਾਨੂੰ ਪੈਸੇ ਮਿਲਣਗੇ ਅਸੀਂ ਫੇਜ਼ਡ ਪ੍ਰੋਗਰਾਮ ਦੇ ਹਿਸਾਬ ਨਾਲ ਕੰਮ ਕਰ ਦੇਵਾਂਗੇ। 350 ਪਿੰਡ ਪਠਾਨਕੋਟ ਦੇ ਹਨ। ਉਨ੍ਹਾਂ ਵਿਚ ਕੰਮ ਜ਼ਰੂਰ ਕਰਨਾ ਹੈ ਔਰ ਤੇਜ਼ੀ ਨਾਲ ਕਰਨਾ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ: ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਸੀ ਕਿ ਸੈਂਟਰ ਤੋਂ ਫੰਡਜ਼ ਆਉਣਗੇ ਤਾਂ ਫਿਰ ਕੰਮ ਕਰ ਦੇਣਗੇ। ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਤੇ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਨੇ ਵੀ ਕਿਹਾ ਹੈ ਕਿ ਸਾਡੇ ਵਾਸਤੇ ਪ੍ਰਾਇਰਟੀ ਹੈ ਕਿ ਜਿੱਥੇ ਪਾਣੀ ਨਹੀਂ ਹੈ, ਪਾਣੀ ਦੇਣਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਦੋ ਸੌ ਪਿੰਡਾਂ ਵਿਚ ਪਾਣੀ ਨਹੀਂ ਹੈ। ਔਰ ਵਜ਼ੀਰ ਸਾਹਿਬ ਜਵਾਬ ਦਿੰਦੇ ਹਨ ਕਿ ਸੈਂਟਰ ਤੋਂ ਪੈਸਾ ਆਉਣਾ ਹੈ। ਸੈਂਟਰ ਭੇਜਦੀ ਹੈ ਜਾਂ ਨਹੀਂ ਭੇਜਦੀ, ਕੋਈ ਪਤਾ ਨਹੀਂ ਹੈ। ਪੰਜਾਬ ਦੀ ਸਰਕਾਰ ਦੀ ਰਿਸਪਾਂਸੇਬਿਲਟੀ ਹੈ। ਸਪੀਕਰ ਸਾਹਿਬ, ਤਾਂ ਹੀ ਇਹ ਕਿਹਾ ਸੀ ਕਿ ਇਹ ਟਾਈਮ ਲਿਮਿਟ ਕਰਨ ਕਿ ਮਹੀਨੇ ਵਿਚ ਕਰਾਂਗੇ ਜਾਂ ਸਾਲ ਵਿਚ ਕਰਾਂਗੇ ਪਰ ਇਸ ਤਰ੍ਹਾਂ ਦਾ ਇਵੇਸਿਵ ਰਿਪ- ਲਾਈ ਠੀਕ ਨਹੀਂ ਹੈ। ਚਾਰ ਸਾਲਾਂ ਤਕ ਸੈਂਟਰ ਸਰਕਾਰ ਦਾ ਪਤਾ ਨਹੀਂ ਹੈ ਕਿ ਪੈਸਾ ਕਦੋਂ ਆਉਣਾ ਹੈ, ਪਰ ਪੰਜਾਬ ਸਰਕਾਰ ਦਾ ਕੀ ਪ੍ਰੋਗਰਾਮ ਹੈ, ਉਹ ਦੱਸਣ ?

ਰਾਜ ਮੰਤਰੀ: ਮੈਂ ਇਹ ਗੱਲ ਦੱਸੀ ਨਹੀਂ ਸੀ। ਇਹ ਜਿਹੜੇ ਫੰਡਜ਼ ਹਨ ਇਹ ਸੈਂਟਰ ਵਲੋਂ ਵੀ ਆਉਂਦੇ ਹਨ ਔਰ ਪੰਜਾਬ ਸਰਕਾਰ ਵਲੋਂ ਵੀ ਆਉਂਦੇ ਹਨ। ਇਸ ਤਰ੍ਹਾਂ ਰਿਸੋਰਸਿਜ਼ ਪੂਲ ਕਰਕੇ ਕੰਮ ਕੀਤਾ ਜਾਂਦਾ ਹੈ। ਸਾਰੇ ਜ਼ਿਲ੍ਹਿਆਂ ਵਿਚ ਵੰਡ ਕੇ ਕੰਮ ਕਰਦੇ ਹਾਂ ਔਰ ਇਸ ਕੰਮ ਵਿਚ ਕਿਧਰੇ ਕੁਤਾਹੀ ਨਹੀਂ ਹੈ।

ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਜੋ ਵਾਟਰ ਲਾਗਿੰਗ ਏਰੀਆ ਹੈ, ਨੀਚੇ ਡਿਗੀਆਂ ਬਹੁਤ ਸਾਰੀਆਂ ਟੁੱਟੀਆਂ ਭੱਜੀਆਂ ਪਈਆਂ ਹਨ, ਔਰ ਇਸ ਤਰ੍ਹਾਂ ਨੀਚਲਾ ਪਾਣੀ ਮਿਕਸ ਅੱਪ ਹੋ ਰਿਹਾ ਹੈ, ਇਸ ਤਰ੍ਹਾਂ ਨੀਚਲਾ ਪਾਣੀ ਯੂਜ਼- ਲੈਸ ਹੋ ਚੁਕਾ ਹੈ, ਕੀ ਉਸ ਦਾ ਕੋਈ ਪ੍ਰਬੰਧ ਕਰਨਗੇ?

ਰਾਜ ਮੰਤਰੀ : ਸਰ, ਇਸ ਕੁਐਸ਼ਚਨ ਤੋਂ ਤਾਂ ਇਹ ਨਿਕਲਦਾ ਨਹੀਂ ਹੈ। ਸੈਪੇਰੇਟ ਨੋਟਿਸ ਦੇ ਦੇਣ, ਮੈਂ ਇਨਫਰਮੇਸ਼ਨ ਦੇ ਦੇਵਾਂਗਾ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਕਿਹਾ ਹੈ, ਇਕ ਸਰਵੇ ਹੋਇਆ ਸੀ ਜੋ ਗੌਰਮਿੰਟ ਆਫ ਇੰਡੀਆ ਨੇ ਕੀਤਾ ਸੀ ਔਰ ਉਨ੍ਹਾਂ ਨੇ ਸਾਰੀਆਂ ਸਟੇਟਾਂ ਨੂੰ ਭੇਜਿਆ ਹੈ ਕਿ ਪੀਣ ਵਾਲੇ ਪਾਣੀ ਦੀ ਲਿਮਿਟ ਨੀਚੇ ਜਾ ਰਹੀ ਹੈ, ਔਰ ਦਰਿਆ ਨਾਲਿਆਂ ਦਾ ਪਾਣੀ ਸੁੱਕੀ ਜਾ ਰਿਹਾ ਹੈ, ਕੀ ਇਸ ਨੂੰ ਬਚਾਉਣ ਵਾਸਤੇ ਕੋਈ ਆਲਟਰਨੇਟਿਵ ਸਕੀਮ ਬਣਾ ਰਹੇ ਹਨ?

ਰਾਜ ਮੰਤਰੀ : ਸਪੀਕਰ ਸਾਹਿਬ, ਕੁਝ ਗਾਈਡਲਾਈਨਜ਼ ਬਣਾ ਚੁਕੇ ਹਾਂ। ਪਹਿਲੀ ਗੱਲ ਤਾਂ ਇਹ ਹੈ ਕਿ ਜਿਥੇ ਸਕੇਰਸਿਟੀ ਹੋਵੇ, ਪਾਣੀ ਦੀ ਕਮੀ ਹੋਵੇ, ਉਸ ਪਿੰਡ ਨੂੰ ਸਿਲੈਕਟ ਕੀਤਾ ਜਾਂਦਾ ਹੈ। ਦੂਸਰਾ, 15 ਮੀਟਰ ਤੋਂ ਜ਼ਿਆਦਾ ਨੀਚੇ ਪਾਣੀ ਹੋਵੇ, ਉਸ ਨੂੰ ਵੀ ਸਕੇਰਸਿਟੀ ਮੰਨਿਆ ਜਾਂਦਾ ਹੈ। ਤੀਸਰੀ ਗੱਲ ਡਿਸਟੈਂਸ ਦੀ ਹੈ। ਇਕ ਪਿੰਡ ਨੂੰ ਪਾਣੀ ਜੋ ਦੇਣਾ ਹੈ, ਉਥੋਂ ਦਾ ਡਿਸਟੈਂਸ 1.6 ਕਿਲੋ- ਮੀਟਰ ਦਾ ਡਿਸਟੈਂਸ ਪਹਿਲਾ ਲਿਆ ਜਾਂਦਾ ਸੀ ਹੁਣ ਉਹ 1/2 ਕਿਲੋਮੀਟਰ ਕਰ ਦਿੱਤਾ ਗਿਆ ਹੈ। (4) ਜਿਸ ਪਾਣੀ ਵਿਚ ਸਾਲਟਡਿਟੀ ਹੋਵੇ, ਖਾਰਾ ਹੋਵੇ (5) ਜਿਸ ਵਿਚ ਕਲੋਰਾਈਡ ਹੋਵੇ, (6) ਜਿੱਥੇ ਕਲੋਰੀਨ ਹੋਵੇ, ਇਹ ਖਤਰਨਾਕ ਹਨ। ਇਨ੍ਹਾਂ ਨੂੰ ਮੁੱਖ ਰਖਕੇ ਵਿਲੇਜਿਜ਼ ਦੀ ਲਿਸਟ, ਜਿਹੜੇ ਵਿਲੇਜਿਜ਼ ਸਮਝਦੇ ਹਾਂ, ਉਨ੍ਹੀ ਦੀ ਲਿਸਟ, ਬਣਾਉਂਦੇ ਹਾਂ।

ਤਾਰਾਂਕਿਤ ਪ੍ਰਸ਼ਨ ਨੰਬਰ 843

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਉਪਰੋਕਤ ਪ੍ਰਸ਼ਨ ਪੇਸ਼ ਨਹੀਂ ਹੋਇਆ)

Construction of Tehsil Complex at Nawanshahar

***774. Sardar Dilbagh Singh:** Will the Minister of State for Public Works be pleased to state—

(a) the amount earmarked for the construction of Tehsil Complex at Nawanshahr, district Jalandhar during the year 1986-87;

(b) the amount so far spent on the construction of the said complex;

(c) the time by which the remaining construction work is likey to be completed.

ਸਰਦਾਰ ਮੇਜਰ ਸਿੰਘ ਉਬੋਕੇ (ਮਾਲ ਅਤੇ ਪੁਨਰਵਾਸ ਮੰਤਰੀ): (ੳ) 10.69 ਲੱਖ ਰੁਪਏ ।

(ਅ) ਮਿਤੀ 28-2-1987 ਤੱਕ 5.05 ਲੱਖ ਰੁਪਏ ।

(ੲ) ਅਗਲੇ ਦੋ ਸਾਲਾਂ ਤਕ ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, 1986-87 ਦੇ ਬਜਟ ਵਿਚ 24 ਲੱਖ 40 ਹਜ਼ਾਰ ਰੁਪਿਆ ਇਸ ਕੰਮ ਵਾਸਤੇ ਰਖਿਆ ਸੀ ਲੇਕਿਨ ਉਸ ਦੇ ਬਾਅਦ 10 ਲੱਖ 69 ਹਜ਼ਾਰ ਰੁਪਿਆ ਖਰਚਾ ਕਰਨਾ ਸੀ ਪਰ ਮਹਿਕਮੇ ਵਾਲਿਆਂ ਨੇ ਇਹ ਕਿਹਾ ਕਿ 5 ਲੱਖ 59 ਹਜ਼ਾਰ ਰੁਪਿਆ ਖਰਚ ਦਿੱਤਾ ਹੈ। ਮਗਰ ਮੌਕੇ ਤੇ ਇਕ ਇੱਟ ਵੀ ਨਹੀਂ ਲਗੀ, ਪਤਾ ਨਹੀਂ ਕਿਥੇ ਖਰਚਿਆ ਹੈ। ਦੂਸਰੇ ਪਾਸੇ ਜਿਹੜੀ ਬਿਲਡਿੰਗ ਸ਼ਿਫਟ ਕਰਨੀ ਸੀ ਉਹ ਵੀ ਗਿਰ ਗਈ ਹੈ ਔਰ ਲੋਕਾਂ ਦਾ ਸਾਰਾ ਰਿਕਾਰਡ ਖ਼ਰਾਬ ਹੋ ਗਿਆ ਹੈ, ਜੋ ਕੁਝ ਰਹਿ ਗਈ ਹੈ ਤਾਂ ਇਨ੍ਹਾਂ ਬਾਰਸ਼ਾਂ ਦੇ ਵਿਚ ਗਿਰ ਜਾਵੇਗੀ। ਇਸ ਰਿਕਾਰਡ ਨੂੰ ਸੰਭਾਲਣ ਵਾਸਤੇ, ਜਿਸ ਤਰ੍ਹਾਂ ਡਿਵੈਲਪਮੈਂਟ ਦਾ ਕੰਮ ਚਲ ਰਿਹਾ ਹੈ ਉਹ ਤਾਂ ਲਗਦਾ ਹੈ ਕਿ ਅਗਲੇ 10 ਸਾਲਾਂ ਵਿਚ ਵੀ ਨਾ ਬਣੇ ਕੀ ਕੋਈ ਹੋਰ ਬਿਲਡਿੰਗ ਲੈ ਕੇ ਰਿਕਾਰਡ ਨੂੰ ਬਚਾਉਣ ਦਾ ਪ੍ਰਬੰਧ ਕਰਨਗੇ ?

ਮਾਲ ਮੰਤਰੀ : ਸਪੀਕਰ ਸਾਹਿਬ, ਇਸ ਵਿਚ ਸ਼ਕ ਨਹੀਂ ਕਿ ਇਸ ਸਾਲ ਇਸ ਵਾਸਤੇ 24 ਲੱਖ 40 ਹਜ਼ਾਰ ਰੁਪਏ ਰਖੇ ਸੀ। ਲੇਕਿਨ ਮਹਿਕਮਾ ਪੀ. ਡਬਲਿਊ. ਡੀ. ਦੇ ਚੀਫ਼ ਇੰਜੀਨੀਅਰਜ਼ ਨੇ ਕਿਹਾ ਕਿ ਅਜੇ ਨਕਸ਼ੇ ਮੁਕੰਮਲ ਨਹੀਂ ਹੋਏ, ਇਸ ਲਈ ਇਸ ਵਾਸਤੇ 15 ਲੱਖ 69 ਹਜ਼ਾਰ ਰੁਪਿਆ ਹੀ ਪੀ. ਡਬਲਿਊ. ਡੀ. ਨੂੰ ਦਿੱਤਾ। ਇਸ ਸਬੰਧ ਵਿਚ ਇਕ ਮੀਟਿੰਗ 5 ਜੁਲਾਈ, 1986 ਨੂੰ ਪੀ.ਡਬਲਿਊ. ਡੀ. ਅਤੇ ਪਬਲਿਕ ਹੈਲਥ ਦੇ ਚੀਫ਼ ਇੰਜੀਨੀਅਰਜ਼ ਨਾਲ ਹੋਈ ਸੀ ਉਨ੍ਹਾਂ ਨੇ ਉਸ ਵਿਚ ਅਸਮਰਥਾ ਪ੍ਰਗਟ ਕੀਤੀ ਸੀ ਕਿ ਉਹ ਸਾਰਾ ਪੈਸਾ ਨਹੀਂ ਖਰਚ ਸਕੇ ਔਰ 5 ਲੱਖ ਰੁਪਿਆ ਹੀ ਵਰਤਿਆ ਹੈ।ਬਾਕੀ 10 ਲੱਖ 59 ਹਜ਼ਾਰ ਰੁਪਿਆ ਇਸ ਸਾਲ ਖਰਚ ਦਿਆਂਗੇ। 28 ਫਰਵਰੀ ਤਕ ਕੋਈ 5 ਲੱਖ ਹੀ ਖਰਚਿਆ ਗਿਆ ਸੀ। ਇਸ, ਤਰ੍ਹਾਂ ਸਾਡੇ ਕੋਲ ਐਨਾ ਰੁਪਿਆ ਪੀ. ਡਬਲਿਊ. ਡੀ. ਨੂੰ ਚਲਾ ਗਿਆ ਹੈ, ਇਨ੍ਹਾਂ ਨੇ ਖਰਚਾਉਣਾ ਹੈ ਜਿਵੇਂ ਮਰਜ਼ੀ ਖਰਚਾ ਲੈਣ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਸਰਦਾਰ ਸਾਹਿਬ ਕਹਿੰਦੇ ਹਨ ਕਿ ਪੈਸਾ ਮੈਂ ਖਰਚਾਉਣਾ ਹੈ, । ਮੈਂ ਖਰਚਾਉਣਾ ਹੈ ਜਾਂ ਇਨ੍ਹਾਂ ਦੇ ਮਹਿਕਮੇ ਨੇ ਖਰਚਣਾ ਹੈ ਇਨ੍ਹਾਂ ਨੂੰ ਪਤਾ ਹੈ। ਲੇਕਿਨ ਜਿਹੜੀ ਮੈਂ ਪਰਾਬਲਮ ਦਸੀ ਹੈ ਕਿ ਸਾਰਾ ਰਿਕਾਰਡ ਉਥੇ ਖਰਾਬ ਹੋ ਰਿਹਾ ਹੈ ਕੀ ਉਸ ਰਿਕਾਰਡ ਨੂੰ ਬਚਾਉਣ ਵਾਸਤੇ ਕੋਈ ਹੋਰ ਬਿਲਡਿੰਗ ਲੈ ਕੇ ਰਿਕਾਰਡ ਸੰਭਾਲ ਲੈਣਗੇ ?

ਮੰਤਰੀ : ਇਹ ਗਲ ਠੀਕ ਹੈ ਕਿ ਜੋ ਮੌਜੂਦਾ ਤਹਿਸੀਲ ਦੀ ਬਿਲਡਿੰਗ ਹੈ ਉਸ ਦੀ ਹਾਲਤ ਖਰਾਬ ਹੈ ਲੇਕਿਨ ਅਸੀਂ ਤਾਂ ਮਹਿਕਮਾ ਮਾਲ ਨੇ ਜਿੰਨਾ ਪੈਸਾ ਕਿਹਾ ਦੇ ਦਿੱਤਾ । ਉਹ ਹੀ ਸਰੰਡਰ ਕਰ ਗਏ ਹਨ। 28 ਲੱਖ ਰੁਪਿਆ ਅਗਲੇ ਸਾਲ ਹੋਰ ਦੇ ਰਹੇ ਹਾਂ ਔਰ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਉਥੇ ਜੇਕਰ ਹੋਰ ਪੈਸੇ ਦੀ ਲੋੜ ਹੋਵੇਗੀ ਤਾਂ ਸਾਡੇ ਕੋਲ 2.5 ਕਰੋੜ ਰੁਪਿਆ ਬਿਲ-ਡਿੰਗਜ਼ ਵਾਸਤੇ ਪਿਆ ਹੋਇਆ ਹੈ ; ਇਹ ਰੁਪਿਆ ਅਸੀਂ ਸ਼ਿਫਟ ਕਰਾਂਗੇ ਔਰ 2 ਸਾਲ ਦੇ ਅਰਸੇ ਵਿਚ ਮੁਕੰਮਲ ਕਰ ਦਿੱਤਾ ਜਾਵੇਗਾ ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਇਹ ਜਿਹੜਾ ਰਿਕਾਰਡ ਪੁਰਾਣੀ ਬਿਲਡਿੰਗ ਵਿਚ ਪਿਆ ਹੋਇਆ ਹੈ ਅਤੇ ਇਹ ਬਿਲਡਿੰਗ ਅਗਰ ਗਿਰ ਗਈ ਤਾਂ ਬੰਦਿਆਂ ਨੇ ਮਰ ਜਾਣਾ ਹੈ। ਇਹ ਰਿਕਾਰਡ ਜ਼ਮੀਨਾਂ ਦੇ ਨਾਲ ਸਬੰਧਤ ਹੈ ਅਤੇ ਇਹ ਸਰਕਾਰ ਵੀ ਜ਼ਮੀਨਾਂ ਵਾਲਿਆਂ ਦੀ ਹੈ। ਇਸ ਰਿਕਾਰਡ ਦੀ ਹਿਫਾਜ਼ਤ ਕਰਨ ਵਾਸਤੇ ਕੀ ਕੋਈ ਕਦਮ ਚੁਕੇ ਜਾਣਗੇ?

ਮੰਤਰੀ : ਸਪੀਕਰ ਸਾਹਿਬ, ਅਸੀਂ ਰਿਕਾਰਡ ਨੂੰ ਹਿਫਾਜ਼ਤ ਵਿਚ ਰਖਾਂਗੇ ਔਰ ਇਸ ਨੂੰ ਪੂਰੀ ਤਰ੍ਹਾਂ ਸੰਭਾਲ ਕੇ ਰੱਖਾਂਗੇ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਫ਼ੁਰਮਾਇਆ ਹੈ ਕਿ 5 ਲੱਖ ਰੁਪਿਆ ਅਸੀਂ 10 ਲੱਖ ਰੁਪਏ ਵਿਚੋਂ ਖਰਚ ਕਰ ਦਿੱਤਾ ਹੈ ਜਦ ਕਿ ਮੈਂਬਰ ਸਾਹਿਬ ਨੇ ਇਥੇ ਫ਼ੁਰਮਾਇਆ ਹੈ ਕਿ ਉਥੇ ਕੋਈ ਇੱਟ ਹਾਲੇ ਤੱਕ ਨਹੀਂ ਲਗੀ ਹੈ ਅਤੇ ਇਸ ਨੂੰ ਉਹ ਚੈਲਿੰਜ ਕਰਦੇ ਹਨ ਔਰ ਇਨ੍ਹਾਂ ਨੇ 5 ਲੱਖ ਰੁਪਿਆ ਸਰੰਡਰ ਵੀ ਕੀਤਾ ਹੈ। ਜੇਕਰ ਉਥੇ ਕੋਈ ਹਾਲੇ ਤੱਕ ਇੱਟ ਨਹੀਂ ਲਗੀ ਤਾਂ ਫੇਰ ਉਹ 5 ਲੱਖ ਰੁਪਿਆ ਕਿਥੇ ਗਿਆ ਹੈ?

ਸ਼੍ਰੀ ਸਪੀਕਰ : ਹੋ ਸਕਦਾ ਹੈ ਕਿ ਮਹਿਕਮੇ ਨੇ ਸਾਮਾਨ ਖਰੀਦ ਲਿਆ ਹੋਵੇ।

ਮੰਤਰੀ : ਸਪੀਕਰ ਸਾਹਿਬ, ਅਸੀਂ ਇਹ ਪੈਸਾ ਪੀ. ਡਬਲਿਊ. ਡੀ. ਨੂੰ ਦੇ ਦਿੱਤਾ ਸੀ । ਇਹ ਕਾਂਗਰਸ ਪਾਰਟੀ ਦੇ ਵੇਲੇ ਦਾ ਚਲਿਆ ਆ ਰਿਹਾ ਹੈ। ਮੈਂ ਹੈਰਾਨ ਹਾਂ ਕਿ ਸਾਡੇ ਅੰਮ੍ਰਿਤਸਰ ਲਈ 16 ਲੱਖ ਰੁਪਿਆ ਤਹਿਸੀਲ ਕੰਪਲੈਕਸ ਵਾਸਤੇ ਰਖਿਆ ਗਿਆ ਸੀ ਪਰ ਉਥੇ ਹਾਲੇ ਤੱਕ ਇਕ ਵੀ ਇੱਟ ਨਹੀਂ ਲਗੀ ਹੈ ।

ਸ਼੍ਰੀ ਸਪੀਕਰ : ਮੈਂ ਸਮਝਦਾ ਹਾਂ ਕਿ ਜਿਹੜਾ ਕੁਐਸ਼ਚਨ ਸਰਦਾਰ ਦਿਲਬਾਗ ਸਿੰਘ ਨੇ ਕੀਤਾ ਸੀ ਉਸ ਦੇ ਦੋ ਹਿਸੇ ਸਨ। ਇਕ ਉਨ੍ਹਾਂ ਨੇ ਕਿਹਾ ਕਿ ਉਥੇ 5 ਲੱਖ ਰੁਪਿਆ ਖਰਚ ਕੀਤਾ ਗਿਆ ਹੈ ਲੇਕਿਨ ਉਨ੍ਹਾਂ ਨੇ ਬੇਨਤੀ ਕੀਤੀ ਹੈ ਕਿ ਉਥੇ ਮੌਕੇ ਤੇ ਕੋਈ ਇੱਟ ਨਹੀਂ ਹੈ। ਹੋ ਸਕਦਾ ਹਾਂ ਕਿ ਮਹਿਕਮੇ ਨੇ ਸਾਮਾਨ ਖਰੀਦ ਲਿਆ ਹੋਵੇ। ਇਸ ਦੀ ਤਫਤੀਸ਼ ਕਰਵਾ ਲਓ ।

Finance Minister : I understand that it is quite a serious matter.

ਇਸ ਕੰਪਲੈਕਸ ਲਈ 24 ਲੱਖ 40 ਹਜ਼ਾਰ ਰੁਪਿਆ ਸੈਂਕਸ਼ਨ ਹੋਇਆ ਸੀ ਅਤੇ ਪੀ. ਡਬਲਿਊ. ਡੀ. ਨੇ ਕਿਹਾ ਕਿ ਇਸ ਨੂੰ ਘਟਾ ਦਿਓ ਕਿਉਂਕਿ ਹਾਲੇ ਨਕਸ਼ਾ ਪਾਸ ਨਹੀਂ ਹੋਇਆ ਸੀ ਅਤੇ ਰੈਵੇਨਿਊ ਵਾਲਿਆਂ ਨੇ ਘਟਾ ਦਿਤਾ ਅਤੇ ਕਾਗਜ਼ਾਂ ਵਿਚ 5 ਲੱਖ ਰੁਪਿਆ ਖਰਚ ਹੋ ਚੁੱਕਾ ਹੈ। ਇਹ ਬੜਾ ਸੀਰੀਅਸ ਕੇਸ ਹੈ ਔਰ ਇਸ ਦੀ ਇਨਕੁਆਇਰੀ ਜ਼ਰੂਰ ਹੋਣੀ ਚਾਹੀਦੀ ਹੈ। It is a fit case for an enquiry.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਸ ਮਾਮਲੇ ਲਈ ਹਾਊਸ ਦੀ ਕਮੇਟੀ ਬਣਾਉਣੀ ਚਾਹੀਦੀ ਹੈ।

ਸ਼੍ਰੀ ਸਪੀਕਰ : ਡਾਕਟਰ ਸਾਹਿਬ, ਹਾਊਸ ਦੇ ਕਨਸਰਨ ਨੂੰ ਮੈਂ ਸਰਕਾਰ ਨੂੰ ਕਨਵੇ ਕਰ ਦਿੱਤਾ ਹੈ ਔਰ ਉਹ ਕੇਸ ਦੀ ਇਨਵੈਸਟੀਗੇਸ਼ਨ ਕਰਵਾ ਲੈਣਗੇ। It is a very serious matter.

Upgradation of Schools in Tehsil Sunam

***863. Sardar Inderjit Singh Jaijee** : Will the Chief Minister be pleased to state the number of schools upgraded from Primary to Middle and from Middle to High in Sunam Tehsil of District Sangrur during the current financial year ?

ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ (ਸਹਿਕਾਰਤਾ ਮੰਤਰੀ) : ਚਾਲੂ ਮਾਲੀ ਸਾਲ ਦੌਰਾਨ ਤਿੰਨ ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਸਕੂਲ ਅਤੇ ਦੋ ਮਿਡਲ ਸਕੂਲਾਂ ਦਾ ਦਰਜਾ ਵਧਾ ਕੇ ਹਾਈ ਸਕੂਲ ਕੀਤਾ ਗਿਆ ਹੈ।

ਸਰਦਾਰ ਇੰਦਰਜੀਤ ਸਿੰਘ ਜੇਜੀ : ਸਪੀਕਰ ਸਾਹਿਬ, ਜਿਥੋਂ ਤੱਕ ਮੈਨੂੰ ਇਨਫਰਮੇਸ਼ਨ ਹੈ ਕਿ ਲਹਿਰਾ ਕਾਂਸਟੀਚਿਊਐਂਸੀ ਸੁਨਾਮ ਦਾ ਇਕ ਅੰਗ ਹੈ, ਇਸ ਦਾ ਕੋਈ ਸਕੂਲ ਅਪਗਰੇਡ ਨਹੀਂ ਹੋਇਆ ਹੈ; ਜੇਕਰ ਹੋਇਆ ਹੈ ਤਾਂ 250 ਦੇ ਵਿਚੋਂ 1-2 ਹੀ ਮਿਲਣਗੇ। ਸਪੀਕਰ ਸਾਹਿਬ, ਸੁਨਾਮ ਤਹਿਸੀਲ ਇਕ ਬੈਕਵਰਡ ਏਰੀਆ ਹੈ ਅਤੇ ਇਸ ਦੀ ਡਿਵੈਲਪਮੈਂਟ ਯੂਨੀਫਾਰਮ ਤਰੀਕੇ ਨਾਲ ਹੋਣੀ ਚਾਹੀਦੀ ਸੀ। ਇਸ ਏਰੀਆ ਨੂੰ ਵੱਧ ਤੋਂ ਵੱਧ ਸਕੂਲ ਮਿਲਣੇ ਚਾਹੀਦੇ ਸਨ ਔਰ ਇਹ ਜਿਹੜੀ ਸਬ-ਤਹਿਸੀਲ, ਬਾਰਡਰ ਸਬ-ਤਹਿਸੀਲ ਹੈ ਇਸ ਦੇ ਨਾਲ ਹਰਿਆਣੇ ਦੇ 50-60 ਪਿੰਡ ਲਗਦੇ ਹਨ ਅਤੇ ਉਨ੍ਹਾਂ ਦੀ ਬੋਲੀ ਹਿੰਦੀ ਹੈ। ਉਹ ਪਿੰਡਾਂ ਦੇ ਲੋਕ ਆਪਣੇ ਬਚਿਆ ਨੂੰ ਸਾਡੇ ਸਕੂਲਾਂ ਵਿਚ ਪੰਜਾਬੀ ਪੜ੍ਹਨ ਵਾਸਤੇ ਭੇਜਦੇ ਹਨ। ਮੈਂ ਇਹ ਪੁਆਇੰਟ ਚੀਫ਼ ਮਨਿਸਟਰ ਸਾਹਿਬ ਨੂੰ ਵੀ ਕਿਹਾ ਸੀ ਪਰ ਉਧਰ ਕੋਈ ਧਿਆਨ ਨਹੀਂ ਦਿੱਤਾ ਗਿਆ।

ਸ਼੍ਰੀ ਸਪੀਕਰ : ਤੁਸੀਂ ਸਪੈਸਿਫਿਕ ਕੁਐਸਚਨ ਕਰੋ, ਸਪੀਚ ਨਾ ਕਰੋ।

ਸਰਦਾਰ ਇੰਦਰਜੀਤ ਸਿੰਘ ਜੇਜੀ : ਸਪੀਕਰ ਸਾਹਿਬ, ਇਹ ਕਾਂਸਟੀਚਿਊਐਂਸੀ ਹਰਚੰਦ ਸਿੰਘ ਦੀ ਹੈ ਜਿਸ ਦੀ ਡਿਵੈਲਪਮੈਂਟ ਅਸੀਂ ਮੰਗਦੇ ਹਾਂ। ਉਥੇ 40—50 ਟੀਚਰਜ਼ ਸਨ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਉਹ 50 ਟੀਚਰਜ਼ ਨੂੰ ਵਿਦ ਪੋਸਟ ਚੁਕਿਆ ਗਿਆ ਹੈ ?

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਨੇ ਸਵਾਲ ਕੀਤਾ ਸੀ ਕਿ ਜ਼ਿਲ੍ਹਾ ਸੰਗਰੂਰ, ਸੁਨਾਮ ਤਹਿਸੀਲ ਵਿਚ ਕਿਤਨੇ ਸਕੂਲ ਪ੍ਰਾਇਮਰੀ ਤੋਂ ਮਿਡਲ ਔਰ ਮਿਡਲ ਤੋਂ ਹਾਈ ਕੀਤੇ ਗਏ ਹਨ। ਲਹਿਰਾਗਾਗਾ ਦਾ ਸਕੂਲ ਅਪਗਰੇਡ ਨਹੀਂ ਹੋਇਆ ਪਰ ਬਾਅਦ ਵਿਚ ਮੰਨ ਗਏ ਕਿ

[ਸਹਿਕਾਰਤਾ ਮੰਤਰੀ]

ਹੋਏ ਵੀ ਹਨ। ਮੈਂ ਨਾਮ ਪੜ੍ਹ ਕੇ ਦਸ ਦਿੰਦਾ ਹਾਂ ਔਰ ਮੈਂਬਰ ਸਾਹਿਬ ਵੇਖ ਲੈਣ ਕਿ ਇਨ੍ਹਾਂ ਦਾ ਪਿੰਡ ਵਿਚ ਆਉਂਦਾ ਹੈ ਜਾਂ ਨਹੀਂ। ਸਪੀਕਰ ਸਾਹਿਬ, ਬਲਿਆਲ, ਭਘਰੋਲ, ਗੋਬਿੰਦਨਗਰੀ, ਛਿਆਨ ਕਲਾਂ ਅਤੇ ਛਿਆਟ ਪੰਜ ਸਕੂਲਾਂ ਨੂੰ ਅਪਗਰੇਡ ਕੀਤਾ ਗਿਆ ਹੈ। ਕੁਝ ਸ਼ਰਤਾਂ ਸਨ ਔਰ ਉਨ੍ਹਾਂ ਸ਼ਰਤਾਂ ਨੂੰ ਵੇਖ ਕੇ ਹੀ, ਸਪੀਕਰ ਸਾਹਿਬ, ਸਕੂਲ ਅਪਗਰੇਡ ਕੀਤੇ ਗਏ ਸਨ।

ਸਰਦਾਰ ਇੰਦਰਜੀਤ ਸਿੰਘ ਜੇਜੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਜਿਹੜੇ ਸਕੂਲਾਂ ਦੇ ਨਾਂ ਦਸੇ ਹਨ ਇਨ੍ਹਾਂ ਵਿਚ ਮੇਰੇ ਹਲਕੇ ਦਾ ਇਕ ਵੀ ਸਕੂਲ ਨਹੀਂ ਹੈ। ਸੁਨਾਮ ਤੋਂ ਘਨੌਰੀ 80 ਕਿਲੋਮੀਟਰ ਦਾ ਫਾਸਲਾ ਹੈ। ਸਪੀਕਰ ਸਾਹਿਬ, ਉਥੇ ਨਾ ਹੀ ਸਕੂਲ ਹੈ ਔਰ ਨਾ ਹੀ ਕਾਲਜ ਹੈ। ਨਰਵਾਣੇ ਕਾਲਜ ਪੈਂਦਾ ਹੈ ਜੋ ਕਿ 80 ਕਿਲੋਮੀਟਰ ਦਾ ਫਾਸਲਾ ਹੈ। ਹੋਰ ਉਥੇ ਕੋਈ ਵੀ ਕਾਲਜ ਨਹੀਂ ਹੈ। ਸਪੀਕਰ ਸਾਹਿਬ, ਸਰਕਾਰ ਨੇ ਇਕ ਕਾਲਜ ਸੈਂਕਸ਼ਨ ਵੀ ਕੀਤਾ ਸੀ ਔਰ ਉਥੇ ਜਾ ਕੇ ਅਨਾਊਂਸਮੈਂਟ ਵੀ ਕੀਤੀ ਸੀ। ਡੀ. ਸੀ. ਨੇ ਵੀ ਕਿਹਾ ਸੀ। ਕੀ ਮੰਤਰੀ ਜੀ ਉਹ ਕਾਲਜ ਹੁਣ ਬਣਵਾ ਦੇਣਗੇ ?

ਸ੍ਰੀ ਸਪੀਕਰ : ਜੇਜੀ ਜੀ, ਤੁਹਾਡਾ ਸਵਾਲ ਸੀ ਕਿ ਜ਼ਿਲ੍ਹਾ ਸੰਗਰੂਰ ਔਰ ਤਹਿਸੀਲ ਸੁਨਾਮ ਵਿਚ ਚਾਲੂ ਮਾਲੀ ਸਾਲ ਦੇ ਦੌਰਾਨ ਕਿੰਨੇ ਸਕੂਲਾਂ ਨੂੰ ਪ੍ਰਾਇਮਰੀ ਤੋਂ ਮਿਡਲ ਅਤੇ ਮਿਡਲ ਤੋਂ ਹਾਈ ਅੱਪਗਰੇਡ ਕੀਤਾ ਗਿਆ ਹੈ। This was the question. The Minister replied and the question ends there. ਹੁਣ ਤੁਸੀਂ ਕਾਲਜ ਬਾਰੇ ਪੁਛਦੇ ਹੋ। ਇਸ ਵਿਚ ਕੋਈ ਇਤਰਾਜ਼ ਨਹੀਂ ਹੈ ਪਰ ਇਸ ਲਈ ਸਪੈਸੇਫਿਕ ਕੁਐਸਚਨ ਕਰੋ। ਕੀ ਮੰਤਰੀ ਜੀ ਤੁਸੀਂ ਇਸ ਸਵਾਲ ਦਾ ਜਵਾਬ ਦੇਣਾ ਚਾਹੁੰਦੇ ਹੋ ?

ਮੰਤਰੀ : ਸਪੀਕਰ ਸਾਹਿਬ, ਕੁਝ ਸ਼ਰਤਾਂ ਸਨ। ਉਹ 100 ਪ੍ਰਤੀਸ਼ਤ ਸ਼ਰਤਾਂ ਪੂਰੀਆਂ ਨਹੀਂ ਕਰਦਾ ਹੋਵੇਗਾ। ਇਸ ਬਾਰੇ ਮੈਂਬਰ ਸਾਹਿਬ ਵੱਖਰਾ ਸਵਾਲ ਦੇ ਦੇਣ ਤਾਂ ਜਵਾਬ ਦੇ ਦਿੱਤਾ ਜਾਵੇਗਾ।

ਸਰਦਾਰ ਭਾਗ ਸਿੰਘ : ਮੇਰੇ ਹਲਕੇ ਚਮਕੌਰ ਸਾਹਿਬ ਵਿਚ ਇਕ ਸਕੂਲ ਨੂੰ ਅਪਗਰੇਡ ਕੀਤਾ ਗਿਆ। ਉਸ ਸਕੂਲ ਦੀ ਬਿਲਡਿੰਗ ਆਪਣੀ ਹੈ। ਉਸ ਸਕੂਲ ਵਿਚ 550 ਸਟੂਡੈਂਟਸ ਹਨ। ਸਪੀਕਰ ਸਾਹਿਬ, ਸਾਇੰਸ ਲੈਬਾਰਟਰੀ ਲਈ 10,000 ਰੁਪਿਆ ਵੀ ਜਮ੍ਹਾਂ ਕਰਾ ਦਿੱਤਾ ਗਿਆ ਹੈ। ਹੁਣ ਉਸ ਸਕੂਲ ਨੂੰ ਅਪ-ਗਰੇਡ ਕਰਕੇ ਹੋਰ ਪਾਸੇ ਲਿਜਾਣਾ ਚਾਹੁੰਦੇ ਹਨ। ਕੀ ਮੰਤਰੀ ਜੀ ਇਸ ਦਾ ਜਵਾਬ ਦੇਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਸਾਡੇ ਨੋਟਿਸ ਵਿਚ ਨਹੀਂ ਹੈ। ਇਹ ਇਸ ਸਬੰਧੀ ਵੱਖਰਾ ਸਵਾਲ ਦੇ ਦੇਣ।

Training to Auxiliary Nurses Midwives

***844. Shri Hans Raj Arya**: Will the Chief Minister be pleased to state—

(a) whether the Government had introduce a course for the Lady Health Visitors, Auxiliary Nurses, Midwives who were in service during the year 1983-84; for appointment as General Nurse and Public Health Nurse, if so, the number of candidates who undertook this training during the 1983-1984, 1984-85 and 1985-86 yearwise;

(b) whether all Lady Health Visitors who qualified the course referred to in para (a) above have since been absorbed as Public Health Nurses in the Department; if so, the number thereof?

ਸਰਦਾਰ ਨੱਥਾ ਸਿੰਘ ਦਾਲਮ (ਸਿਹਤ ਅਤੇ ਲੋਕ ਸੰਪਰਕ ਮੰਤਰੀ) : (ਏ)ਹਾਂ ਜੀ। ਸਿਰਫ਼ ਜਨਰਲ ਨਰਸਿਜ਼ ਦੀ ਨਿਯੁਕਤੀ ਲਈ।

ਏ.ਐਨ.ਐਮਜ਼./ਐਲ.ਐਚ.ਵੀਜ਼, ਜਿਨ੍ਹਾਂ ਨੂੰ ਇਨ੍ਹਾਂ ਸਾਲਾਂ ਵਿਚ ਸਟਾਫ਼ ਨਰਸਿਜ਼ ਕੋਰਸ ਵਿਚ ਦਾਖ਼ਲਾ ਦਿਤਾ ਗਿਆ, ਦੀ ਸਾਲ-ਵਾਰ ਗਿਣਤੀ ਹੇਠ ਲਿਖੇ ਅਨੁਸਾਰ ਹੈ :—

1983-84	:	74
1984-85	:	35
1985-86	:	86

(ਬੀ) ਨਹੀਂ ਜੀ।

ਐਲ.ਐਚ.ਵੀਜ਼. ਜਿਨ੍ਹਾਂ ਨੇ ਇਹ ਕੋਰਸ ਪਾਸ ਕੀਤਾ ਹੈ, ਉਹ ਪਬਲਿਕ ਹੈਲਥ ਨਰਸਿਜ਼ ਦੀ ਨਿਯੁਕਤੀ ਲਈ ਯੋਗ ਨਹੀਂ ਹਨ।

ਸ੍ਰੀ ਹੰਸ ਰਾਜ ਆਰੀਆ : ਸਪੀਕਰ ਸਾਹਿਬ , ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿਤਨੇ ਪਿੰਡਾਂ ਵਿਚ ਔਰ ਕਿਤਨੇ ਸ਼ਹਿਰਾਂ ਵਿਚ ਇਨ੍ਹਾਂ ਦੀ ਗਿਣਤੀ ਕਿਤਨੀ ਹੈ ਔਰ ਕਿਤਨੇ ਸ਼ਡਿਊਲਡ ਕਾਸਟਸ ਹਨ?

ਸਿਹਤ ਅਤੇ ਲੋਕ ਸੰਪਰਕ ਮੰਤਰੀ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਦਾ ਸਪਲੀਮੈਂਟਰੀ ਇਸ ਸਵਾਲ ਨਾਲ ਸਬੰਧ ਨਹੀਂ ਰਖਦਾ। ਕਿਤਨੇ ਪਿੰਡਾਂ ਵਿਚ ਔਰ ਕਿਤਨੇ ਸ਼ਹਿਰਾਂ ਵਿਚ ਇਨ੍ਹਾਂ ਦੀ ਗਿਣਤੀ ਹੈ , ਇਸ ਬਾਰੇ ਇਹ ਸੈਪਰੇਟ ਨੋਟਿਸ ਦੇ ਦੇਣ।

ਸ੍ਰੀ ਹੰਸ ਰਾਜ ਆਰੀਆ : ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਇਸ ਸਵਾਲ ਨਾਲ ਕੋਈ ਤੁਅੱਲਕ ਨਹੀਂ ਹੈ। ਸਪਲੀਮੈਂਟਰੀ ਜਿਤਨੀ ਮਰਜ਼ੀ ਹੋਵੇ ਮੈਂਬਰ ਕਰ ਸਕਦਾ ਹੈ। ਇਹ ਮੰਤਰੀ ਸਾਹਿਬ ਜਵਾਬ ਦੇ ਦਿੰਦੇ ਹਨ ਕਿ ਸੈਪਰੇਟ ਨੋਟਿਸ ਦੇ ਦਿਉ। (ਵਿਘਨ)

ਸ੍ਰੀ ਸਪੀਕਰ : ਤੁਹਾਡੇ ਕੋਲ ਜੇ ਇਨਫਰਮੇਸ਼ਨ ਹੈ ਤਾਂ ਦੱਸ ਦਿਓ, ਜੇ ਨਹੀਂ ਤਾਂ ਫੇਰ ਦੇ ਦੇਣਾ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਿਹਾ ਹੈ ਕਿ ਇਸ ਦੇ ਨਾਲ ਇਸ ਦਾ ਕੋਈ ਸਬੰਧ ਨਹੀਂ ਹੈ। ਇਹ ਪੁੱਛਦੇ ਹਨ ਕਿ ਕਿੰਨਿਆਂ ਪਿੰਡਾਂ ਵਿੱਚ ਲਾਈਆਂ ਗਈਆਂ, ਕਿੰਨਿਆਂ ਸ਼ਹਿਰਾਂ ਵਿੱਚ ਲਾਈਆਂ ਗਈਆਂ। ਇਸ ਬਾਰੇ ਇਹ ਸੈਪਰੇਟ ਕੁਐਸਚਨ, ਸੈਪਰੇਟ ਨੋਟਿਸ ਦੇ ਦੇਣ, ਇਨਫਰਮੇਸ਼ਨ ਲੈ ਕੇ ਦੇ ਦੇਵਾਂਗੇ।

Shortage of Furnace Oil in the State

***797. Vaid Om Parkash Datta** : Will the Minister for Finance be pleased to state whether there is shortage of furnace oil in the State; if so, the reasons therefor and the steps being taken to meet the same ?

ਸਰਦਾਰ ਬਲਵੰਤ ਸਿੰਘ : ਨਹੀਂ ਜੀ।

ਵੇਦ ਓਮ ਪ੍ਰਕਾਸ਼ ਦੱਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹਵਾਂਗਾ ਕਿ ਜਿਨ੍ਹਾਂ ਦੀਆਂ ਸਾਰੇ ਪੰਜਾਬ ਦੀ ਡਿਵੈਲਪਮੈਂਟ ਕਰਨ ਵਾਸਤੇ ਇੰਡਸਟਰੀਜ਼ ਦੀਆਂ ਵੱਡੀਆਂ ਵੱਡੀਆਂ ਪਲਾਨਿੰਗਜ਼ ਹਨ, ਜਿਸ ਨਾਲ ਬੜੀ ਤਰੱਕੀ ਹੋਵੇਗੀ, ਉਥੇ ਸਮਾਲ ਸਕੇਲ ਇੰਡਸਟਰੀ ਜਿਹੜੀ ਜਲੰਧਰ ਵਿੱਚ ਕਾਫੀ ਬੜ੍ਹ ਗਈ ਹੈ ਉਸ ਲਈ ਲੋਕਾਂ ਨੇ ਫਰਨੇਸ ਆਇਲ ਵਾਸਤੇ ਅਰਜ਼ੀਆਂ ਦਿੱਤੀਆਂ ਹਨ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਵਾਸਤੇ ਚੰਡੀਗੜ੍ਹ ਤੋਂ ਕੋਈ ਟੀਮ ਭੇਜੀ ਜਾਵੇ ਜਿਹੜੀਆਂ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੇ, ਉਨ੍ਹਾਂ ਲੋਕਾਂ ਦੀ ਕਿੱਲਤ ਕਦੋਂ ਤਕ ਦੂਰ ਹੋ ਜਾਵੇਗੀ?

ਵਿੱਤ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਫਰਨੇਸ ਆਇਲ ਬਾਰੇ ਦੱਸਿਆ ਹੈ ਕਿ ਬੜੀ ਸ਼ਾਰਟੇਜ ਹੈ। ਫਰਨੇਸ ਆਇਲ ਨੂੰ ਇੰਡੀਅਨ ਆਇਲ ਕਾਰਪੋਰੇਸ਼ਨ ਸਪਲਾਈ ਕਰਦੀ ਹੈ। ਇਸ ਗੱਲ ਦੀ ਅਸੈਸਮੈਂਟ ਕਿ ਕਿਹੜੀ ਫੈਕਟਰੀ ਨੂੰ ਕਿੰਨਾ ਚਾਹੀਦਾ ਹੈ, ਡਿਸਟ੍ਰਿਕਟ ਇੰਡਸਟਰੀਜ਼ ਆਫੀਸਰਜ਼ ਕਰਦੇ ਹਨ। ਇਸ ਤੋਂ ਬਾਅਦ ਸਟੇਟ ਲੈਵਲ ਦੇ ਉਤੇ ਇੰਡੀਅਨ ਆਇਲ ਕਾਰਪੋਰੇਸ਼ਨ ਤੇ ਇੰਡਸਟਰੀਅਲ ਕਾਰਪੋਰੇਸ਼ਨ ਦੇ ਆਫੀਸਰਜ਼ ਕਰਦੇ ਹਨ। ਸਾਡੀ ਨਜ਼ਰ ਵਿੱਚ ਜਿੰਨਾ ਫਰਨੇਸ ਆਇਲ ਚਾਹੀਦਾ ਹੈ, ਉਹ ਅਵੇਲੇਬਲ ਹੈ। ਜੇ ਕੋਈ ਸਪੈਸਿਫਿਕ ਐਗਜ਼ਾਂਪਲਜ਼ ਇਨ੍ਹਾਂ ਕੋਲ ਹੋਣ, ਤਾਂ ਦੱਸ ਦੇਣ, ਮੈਂ ਇੰਡੀਅਨ ਆਇਲ ਕਾਰਪੋਰੇਸ਼ਨ ਨਾਲ ਇਸ ਮੁਤੱਲਕ ਗੱਲਬਾਤ ਕਰ ਲਵਾਂਗਾ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪਤਾ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕੋਈ ਸ਼ਾਰਟੇਜ ਦੀ ਗੱਲ ਕੀਤੀ ਹੈ। ਕੀ ਇਨ੍ਹਾਂ ਦੇ ਨੋਟਿਸ ਵਿੱਚ ਕੋਈ ਐਸੀ ਗੱਲ ਹੈ ਕਿ ਫਰਨੇਸ ਆਇਲ ਬੜਾ ਬਲੈਕ ਹੋ ਰਿਹਾ ਹੈ, ਯੂਜ਼ ਕਰਨ ਵਾਲਿਆਂ ਨੂੰ ਮਿਲ ਨਹੀਂ ਰਿਹਾ ਅਤੇ ਬਲੈਕ ਵਾਲੇ ਜ਼ਿਆਦਾ ਲੈ ਜਾਂਦੇ ਹਨ। ਕੀ ਇਹ ਸਾਰੀ ਘੋਖ ਕਰਨਗੇ ਕਿ ਐਕਚੂਅਲੀ ਯੂਜ਼ ਹੋ ਵੀ ਰਿਹਾ ਹੈ ਜਾਂ ਨਹੀਂ ?

ਮੰਤਰੀ : ਸਪੀਕਰ ਸਾਹਿਬ, ਮੇਰੇ ਨੋਟਿਸ ਵਿੱਚ ਕੋਈ ਐਸੀ ਗੱਲ ਨਹੀਂ ਆਈ। ਜੇ ਇਨ੍ਹਾਂ ਦੇ ਨੋਟਿਸ ਵਿੱਚ ਆਈ ਹੈ ਤਾਂ ਮੈਨੂੰ ਮੈਮੋਰੰਡਾ ਦੇ ਦੇਣ, ਇਸ ਬਾਰੇ ਪੜਤਾਲ ਕਰਾ ਲਵਾਂਗੇ।

ਤਾਰਾਂਕਿਤ ਪ੍ਰਸ਼ਨ ਨੰ: 846

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

Villages in Pathankot Tehsil Not connected with link/approach roads

*755. **Shri Raghu Nath Sahai Puri**: Will the Minister of State for Public Works be pleased to state whether all the villages in Pathankot Tehsil have been connected with the link/approach roads; if not, the names of the villages which are yet to be connected and the time by which they are likely to be connected ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਤਹਿਸੀਲ ਪਠਾਨਕੋਟ ਵਿਚ 380 ਪਿੰਡ ਹਨ, ਇਨ੍ਹਾਂ ਵਿਚੋਂ 367 ਪਿੰਡ ਲਿੰਕ ਸੜਕਾਂ ਨਾਲ ਜੁੜੇ ਹੋਏ ਹਨ। ਬਾਕੀ ਰਹਿੰਦੇ 13 ਪਿੰਡਾਂ ਵਿਚੋਂ 5 ਪਿੰਡ ਫੌਜੀ-ਅਧਿਕਾਰੀਆਂ ਨੇ ਇਕੁਆਇਰ ਕਰ ਲਏ ਹਨ, 7 ਪਿੰਡ ਬੇਚਰਾਗ ਹੋ ਗਏ ਹਨ ਅਤੇ ਤੇਰਵੇ ਪਿੰਡ ਦਾ ਕੱਚਾ ਰਾਹ ਹਵਾਈ ਫੌਜ ਦੇ ਅਧਿਕਾਰੀਆਂ ਨੇ ਇਕੁਆਇਰ ਕਰ ਲਿਆ।

ਸ੍ਰੀ ਰਘੂਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਹਾਊਸ ਨੂੰ ਕਿ ਸਾਰੇ ਪਿੰਡਾਂ ਦੀਆਂ ਲਿੰਕ ਰੋਡਜ਼ ਬਣਾ ਦਿੱਤੀਆਂ ਗਈਆਂ ਹਨ। ਮੈਂ ਬੇਨਤੀ ਕਰਾਂਗਾ ਕਿ ਮੇਰੇ ਹਲਕੇ ਵਿੱਚ ਪਿੰਡ ਮਲਕਪੁਰ, ਸਲਾਮਪੁਰ, ਮੁਬਾਰਕ, ਘਿਆਲਾ, ਮਾਧੋਪੁਰ, ਸਮਾਲਚਲਾੜੀ ਹਨ, ਜਿਨ੍ਹਾਂ ਦੀਆਂ ਲਿੰਕ ਰੋਡਜ਼ ਨਹੀਂ ਬਣੀਆਂ। ਇਹ ਕਦੋਂ ਤੱਕ ਬਣਾ ਦੇਣਗੇ ਅਤੇ ਇਹ ਕਦੋਂ ਤੱਕ ਦਾ ਵਾਇਦਾ ਕਰਦੇ ਹਨ ਕਿ ਮੁਕੰਮਲ ਹੋ ਜਾਣਗੀਆ ?

ਰਾਜ ਮੰਤਰੀ : ਸਪੀਕਰ ਸਾਹਿਬ, ਸਾਡੀ ਰਿਪੋਰਟ ਦੇ ਮੁਤਾਬਿਕ ਇਹ ਦਰੁਸਤ ਇਨਫਰਮੇਸ਼ਨ ਹੈ। ਲੇਕਿਨ ਜੇ ਕੋਈ ਇਸ ਤਰ੍ਹਾਂ ਦੀ ਗੱਲ ਹੈ ਤਾਂ ਪੜਤਾਲ ਕਰਾ ਕੇ ਦੇਖ ਲਵਾਂਗੇ।

ਸ੍ਰੀ ਰਘੂ ਨਾਥ ਸਹਾਏ ਪੁਰੀ : ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਮੇਰੇ ਖਿਆਲ ਮੁਤਾਬਿਕ ਅਜੇ ਹੋਰ ਵੀ ਬਹੁਤ ਸੜਕਾਂ ਹਨ, ਜਿਹੜੀਆਂ ਬਣਨੀਆਂ ਰਹਿੰਦੀਆਂ ਹਨ। ਕੀ ਇਹ ਇਸ ਸਬੰਧੀ ਲਿਸਟ ਦੋਬਾਰਾ ਮੰਗਵਾਉਣ ਦੀ ਖੇਚਲ ਕਰਨਗੇ ਅਤੇ ਨਾਮੁਕੰਮਲ ਸੜਕਾਂ ਨੂੰ ਕਦੋਂ ਤੱਕ ਮੁਕੰਮਲ ਕਰਵਾਉਣ ਦਾ ਵਾਇਦਾ ਕਰਨਗੇ?

ਸ੍ਰੀ ਸਪੀਕਰ : ਪੁਰੀ ਸਾਹਿਬ, ਇਨ੍ਹਾਂ ਨੇ ਆਫਰ ਕੀਤਾ ਹੈ ਕਿ ਇਨਫਰਮੇਸ਼ਨ ਵਿੱਚ ਕੋਈ ਗਲਤੀ ਹੈ ਤਾਂ ਨੋਟਿਸ ਵਿੱਚ ਲਿਆ ਦਿਓ, ਲਿਖ ਕੇ ਦੇ ਦਿਓ, ਇਹ ਜ਼ਰੂਰ ਇਸ ਦੀ ਇਨਕੁਆਇਰੀ ਕਰਾ ਲੈਣਗੇ ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਅੱਗੇ ਵੀ ਆਖਿਆ ਸੀ ਕਿ ਕਈ ਪਿੰਡਾਂ ਦੀ ਹੱਦਬਸਤ ਇਕ ਹੈ ਅਤੇ ਪਿੰਡ 4-4 ਹਨ। ਉਥੇ ਹੱਦਬਸਤ ਨੂੰ ਗਿਣ ਕੇ ਸੜਕ ਪਹੁੰਚਾ ਦਿੱਤੀ ਜਾਂਦੀ ਹੈ ਅਤੇ ਪਿੰਡਾਂ ਵਿਚ 2-3 ਕਿਲੋਮੀਟਰ ਦਾ ਫਰਕ ਹੁੰਦਾ ਹੈ। ਕੀ ਇਹ ਇਕ ਪਿੰਡ ਦੀ ਹਰ ਬਸਤੀ ਨੂੰ ਇਕਾਈ ਗਿਣਨਗੇ ਅਤੇ ਹੱਦਬਸਤੀ ਨੂੰ ਇਕਾਈ ਨਹੀਂ ਗਿਣਨਗੇ? ਕੀ ਇਹ ਇਕ ਪਿੰਡ ਨੂੰ ਇਕਾਈ ਸਮਝਣਗੇ?

ਰਾਜ ਮੰਤਰੀ : ਸਪੀਕਰ ਸਾਹਿਬ, ਇਕ ਪਿੰਡ ਹੀ ਇਕਾਈ ਰਖੀ ਜਾਂਦੀ ਹੈ। ਇਹ ਗੱਲ ਪਹਿਲਾਂ ਵੀ ਆਈ ਹੈ ਕਿ ਇਕ ਪਿੰਡ ਵਿੱਚ ਕਈ ਹਿੱਸੇ ਹੋ ਜਾਂਦੇ ਹਨ ਜਿਹੜੇ ਦੂਰ ਦੂਰ ਹੁੰਦੇ ਹਨ। ਇਨ੍ਹਾਂ ਪੁਛਿਆ ਕਿ ਤੁਸੀਂ ਉਸ ਨੂੰ ਇਕ ਪਿੰਡ ਕੰਸਿਡਰ ਕਰਦੇ ਹੋ ਜਾਂ ਵੱਖ ਵੱਖ। ਉਸ ਨੂੰ ਇਕ ਹੀ ਪਿੰਡ ਕੰਸਿਡਰ ਕੀਤਾ ਜਾਂਦਾ ਹੈ। ਫੇਰ ਵੀ ਜੇ ਇਨ੍ਹਾਂ ਦੇ ਨੋਟਿਸ ਵਿੱਚ ਕੋਈ ਇਸ ਤਰ੍ਹਾਂ ਦੀ ਔਖ ਆਉਂਦੀ ਹੈ ਤਾਂ ਵਿਚਾਰ ਕਰ ਲਵਾਂਗੇ।

ਸ੍ਰੀ ਰਾਮ ਪ੍ਰਕਾਸ਼ ਬਾਲੀ : ਸਪੀਕਰ ਸਾਹਿਬ, ਮੈਂ ਬੜੀ ਕਲੀਅਰ ਬੇਨਤੀ ਕੀਤੀ ਹੈ ਕਿ ਪਿੰਡ 4-4 ਹਨ ਅਤੇ ਹੱਦਬਸਤ ਇਕ ਪੈਂਦੀ ਹੈ। ਆਬਾਦੀਆਂ ਵੀ ਹਨ, ਉਹ ਵੀ 300—400 ਘਰਾਂ ਦੀਆਂ ਹਨ। ਕੀ ਇਹ ਉਨ੍ਹਾਂ ਬਾਰੇ ਵੀ ਵਿਚਾਰ ਕਰਨਗੇ ?

ਰਾਜ ਮੰਤਰੀ : ਇਸ ਬਾਰੇ ਪੜਤਾਲ ਕਰਾ ਲਵਾਂਗੇ।

ਕਾਮਰੇਡ ਮਹਿਤਾਬ ਸਿੰਘ : ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ, ਇਹ ਬਾਰ ਬਾਰ ਬਾਲੀ ਸਾਹਿਬ ਨੇ ਫਰਮਾਇਆ ਹੈ ਕਿ ਪਿੰਡ ਦੇ ਥੋੜ੍ਹੇ ਜਿਹੇ ਘਰ ਹਨ ਜਿਨ੍ਹਾਂ ਦੀਆਂ ਬਾਹਰ ਆਬਾਦੀਆਂ ਹਨ ; ਕੋਈ ਡੇਢ ਸੌ , ਦੋ ਸੌ ਦੀ ਆਬਾਦੀ ਹੁੰਦੀ ਹੈ ਜੋ ਕਿ ਉਥੇ ਪਿੰਡ ਤੋਂ ਬਾਹਰ 40-40 ਸਾਲਾਂ ਤੋਂ ਬੈਠੇ ਹਨ ਉਥੇ ਕੋਈ ਸੜਕਾਂ ਨਹੀਂ ਬਣੀਆਂ ਹਨ, ਕੀ ਉਥੇ ਲਈ ਇਹ ਪੜਤਾਲ ਕਰਾਉਣਗੇ ਕਿ ਸੜਕਾਂ ਕਿਉਂ ਨਹੀਂ ਬਣੀਆਂ? ਦੂਸਰਾ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਕਿੰਨੇ ਪਿੰਡ ਹਨ? ਹੱਦਬਸਤ ਕੋਈ ਵੀ ਹੋਵੇ ਪਰ ਬਾਹਰ ਜਿਨ੍ਹਾਂ ਦੇ ਆਬਾਦੀਆਂ ਹਨ ਪਰ ਸੜਕਾਂ ਨਹੀਂ ਬਣੀਆਂ, ਇਹੋ ਜਿਹੇ ਪੰਜਾਬ ਦੇ ਕਿੰਨੇ ਪਿੰਡ ਹਨ ?

ਰਾਜ ਮੰਤਰੀ: ਇਹ ਸਮੱਸਿਆ ਨਵੀਂ ਕਿਸਮ ਦੀ ਆਈ ਹੈ। ਇਸ ਤੇ ਵਿਚਾਰ ਕਰ ਲਵਾਂਗੇ ਔਰ ਜੋ ਕੁਝ ਕਰ ਸਕੇ ਜ਼ਰੂਰ ਕਰਾਂਗੇ।

ਤਾਰਾਂਕਿਤ ਪ੍ਰਸ਼ਨ ਨੰਬਰ 725

(ਸਬੰਧਤ ਮਾਨਯੋਗ ਮੈਂਬਰ ਸਾਹਿਬ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਉਪਰੋਕਤ ਪ੍ਰਸ਼ਨ ਪੇਸ਼ ਨਹੀਂ ਹੋਇਆ)

Persons killed in the State

*831. **Shri Brij Bhushan Mehra**: Will the Chief Minister be pleased to state—

(a) the number of families whose members having been killed by the terrorists have been given the financial relief as per the Government policy from 1st October, 1985 to 28th February, 1987;

(b) the number of families whose members have been given employment in the Government services as per the Government policy during the said period?

ਸਰਦਾਰ ਮੇਜਰ ਸਿੰਘ ਉਬੋਕੇ (ਮਾਲ ਅਤੇ ਪੁਨਰਵਾਸ ਮੰਤਰੀ) : (ੳ) ਮਿਤੀ 1.10.85 ਤੋਂ 28.2.87 ਸਮੇ ਦੇ ਦੌਰਾਨ, ਅਤਿਵਾਦੀਆਂ ਹੱਥੋਂ 591 ਨਾਗਰਿਕ ਜਿਨ੍ਹਾਂ ਵਿਚ ਸਰਕਾਰੀ/ਨੀਮ ਸਰਕਾਰੀ ਅਦਾਰਿਆਂ ਦੇ ਕਰਮਚਾਰੀ ਸ਼ਾਮਲ, ਨਹੀਂ ਮਾਰੇ ਗਏ 20 ਹਜ਼ਾਰ ਰੁਪਏ ਪ੍ਰਤੀ ਪ੍ਰਵਾਰ ਦੇ ਹਿਸਾਬ ਨਾਲ, 551 ਮਾਰੇ ਗਏ ਵਿਅਕਤੀਆਂ ਦੇ ਵਾਰਸਾਂ ਨੂੰ ਐਕਸ-ਗਰੇਸ਼ੀਆਂ ਗ੍ਰਾਂਟ, ਸਹਾਇਤਾ ਤੇ ਮੁੜ ਵਸਾਉ ਵਿਭਾਗ ਵਲੋਂ ਦਿਤੀ ਜਾ ਚੁੱਕੀ ਹੈ। ਬਕਾਇਆਂ ਕੇਸਾਂ ਤੇ ਸਰਗਰਮੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

(ਅ) ਇਸ ਸਮੇਂ ਦੇ ਦੌਰਾਨ, ਅਤਿਵਾਦੀਆਂ ਹੱਥੋਂ ਮਾਰੇ ਗਏ ਵਿਅਕਤੀਆਂ ਦੇ ਪਰੀਵਾਰਾਂ ਦੇ 213 ਮੈਂਬਰਾਂ ਨੂੰ ਪਹਿਲ ਦੇ ਤੌਰ ਤੇ ਨੌਕਰੀਆ ਦਿੱਤੀਆਂ ਗਈਆਂ ਹਨ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ: ਸਪਲੀਮੈਂਟਰੀ, ਸਰ। ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ 551 ਆਦਮੀਂ ਮਾਰੇ ਗਏ, 551 ਪ੍ਰੀਵਾਰ ਅਫੈਕਟਿਡ ਹੋਏ ਔਰ ਨੌਕਰੀਆਂ ਸਿਰਫ 213 ਨੂੰ ਦਿੱਤੀਆਂ ਗਈਆਂ ਜਿਹੜੀਆਂ ਕਿ 40 ਪ੍ਰਤੀਸ਼ਤ ਤੋਂ ਵੀ ਘੱਟ ਹਨ। ਕੀ ਇਹ ਦੱਸਣਗੇ ਕਿ ਬਾਕੀ ਪਰਿਵਾਰ ਜਿਹੜੇ 340 ਦੇ ਕਰੀਬ ਹਨ ਉਨ੍ਹਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀਆਂ ਕਿਉਂ ਨਹੀਂ ਦਿੱਤੀਆਂ ਗਈਆਂ?

ਮਾਲ ਮੰਤਰੀ: ਸਪੀਕਰ ਸਾਹਿਬ, ਇਹ ਸਕੀਮ ਬਹੁਤ ਥੋੜ੍ਹਾ ਸਮਾਂ ਹੋਇਆ ਉਦੋਂ ਲਾਗੂ ਕੀਤੀ ਗਈ ਸੀ। ਇਸ ਤੋਂ ਪਹਿਲਾ ਇਹ ਸਕੀਮ ਪਰਵਾਸੀ ਪਰਿਵਾਰਾਂ ਤੋਂ ਜਿਹੜੇ ਬਾਹਰਲਿਆਂ ਸੂਬਿਆਂ ਤੋਂ ਆਏ ਸਨ ਉਨ੍ਹਾਂ ਵਾਸਤੇ ਲਾਗੂ ਕੀਤੀ ਗਈ ਸੀ। ਉਨ੍ਹਾਂ ਪਰਿਵਾਰਾਂ ਨੇ ਜੋ ਬਾਹਰੋਂ ਆਏ ਹਨ ਔਰ ਜੋ ਇਥੇ ਦੇ ਪਰਿਵਾਰ ਹਨ ਇਨ੍ਹਾਂ ਦੋਨਾਂ ਵਲੋਂ 1186 ਦਰਖਾਸਤਾਂ ਆਈਆਂ। ਦੋਵੇਂ ਕੈਟੇਗਰੀਆਂ ਵਿਚੋਂ 555 ਆਦਮੀਆਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਇਨ੍ਹਾਂ ਨੇ ਲਿਸਟ ਮੰਗੀ ਹੈ, ਇਸ ਦੇ ਲਈ ਕੱਲ ਪਰਸੋਂ ਸਵਾਲ ਆ ਰਿਹਾ ਹੈ। ਇਹ ਸਕੀਮ ਲੇਟ ਸ਼ੁਰੂ ਕੀਤੀ ਸੀ। ਤੁਸੀਂ ਸਮਝੋ ਕਿ ਇਹ ਬਹੁਤ ਤਰੱਕੀ ਵਾਲੀ ਗੱਲ ਹੈ। ਹੁਣ ਤਕ ਅਸੀਂ 213 ਕੋਈ ਥੋੜ੍ਹੇ ਨਹੀਂ ਜਿਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਹਨ। ਅਪਲਾਈ ਵੀ ਸਾਰਿਆਂ ਨੇ ਨਹੀਂ ਕੀਤਾ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ: ਮਨਿਸਟਰ ਸਾਹਿਬ ਨੇ ਕਿਹਾ ਹੈ ਕਿ 213 ਨੂੰ ਨੌਕਰੀਆਂ ਦਿੱਤੀਆਂ ਹਨ ਕੀ ਉਹ ਥੋੜ੍ਹੇ ਹਨ, ਇਹ ਇਨ੍ਹਾਂ ਦਾ ਐਟੀਚਿਊਡ ਦੱਸਦਾ ਹੈ ਕਿ ਇਹ ਮਸਲੇ ਨੂੰ ਕਿਸ ਤਰ੍ਹਾਂ ਨਾਲ ਲੈ ਰਹੇ ਹਨ। ਲਾਅ ਐਂਡ ਆਰਡਰ ਪੰਜਾਬ ਸਰਕਾਰ ਦਾ ਮਸਲਾ ਹੈ। ਅਗਰ ਟੈਰੋਰਿਸਟ ਕਿਸੇ ਨੂੰ ਮਾਰ

ਜਾਂਦਾ ਹੈ ਤਾਂ ਪਰਾਇਰਟੀ ਤੇ ਉਸ ਦੇ ਟੱਬਰ ਦੇ ਜੀਅ ਨੂੰ ਨੌਕਰੀ ਮਿਲਣੀ ਚਾਹੀਦੀ ਹੈ ਔਰ ਮੈਂ ਵਜ਼ੀਰ ਸਾਹਿਬ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪਰਿਵਾਰ ਦਾ ਕੋਈ ਸਦੱਸਿਆ ਮਾਰਿਆ ਜਾਏ ਤਾਂ ਤਿੰਨ ਮਹੀਨੇ ਦੇ ਅੰਦਰ ਅੰਦਰ ਉਸ ਨੂੰ ਨੌਕਰੀ ਮਿਲਣੀ ਚਾਹੀਦੀ ਹੈ। ਪਹਿਲਾਂ ਪਰਾਇਰਿਟੀ ਜਿਹੜੇ ਬੰਦੇ ਇਥੇ ਪੰਜਾਬ ਵਿਚ ਮਰਦੇ ਹਨ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ ਕਿਉਂਕਿ ਪੰਜਾਬ ਸਰਕਾਰ ਉਨ੍ਹਾਂ ਨੂੰ ਬਚਾ ਨਹੀਂ ਸਕੀ। ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਇਹ ਵਚਨ ਲੈਣਾ ਚਾਹੁੰਦਾ ਹਾਂ ਕਿ ਜਿਹੜੇ ਬਾਕੀ ਪਰਿਵਾਰ ਰਹਿ ਗਏ ਹਨ ਕੀ ਉਨ੍ਹਾਂ ਨੂੰ 3 ਮਹੀਨਿਆਂ ਦੇ ਅੰਦਰ ਅੰਦਰ ਨੌਕਰੀਆਂ ਮਿਲ ਜਾਣਗੀਆਂ ?

ਮੰਤਰੀ : ਇਨ੍ਹਾਂ ਸਾਰਿਆਂ ਪਰਿਵਾਰਾਂ ਵਿਚੋਂ ਸਾਰਿਆਂ ਨੇ ਦਰਖਾਸਤਾਂ ਨੌਕਰੀ ਵਾਸਤੇ ਨਹੀਂ ਦਿੱਤੀਆਂ। ਜਿਨ੍ਹਾਂ ਨੇ ਦਰਖਾਸਤਾਂ ਦਿੱਤੀਆਂ ਹਨ ਅਸੀਂ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਉਨ੍ਹਾਂ ਦੀਆਂ ਕੁਆਲੀ-ਫੀਕੇਸ਼ਨਜ਼ ਦੇ ਹਿਸਾਬ ਨਾਲ ਕਲਾਸ-4 ਅਤੇ ਕਲਾਸ-3 ਸਰਵਿਸਿਜ਼ ਦੇ ਦਿੰਦੇ ਹਾਂ । ਇਨ੍ਹਾਂ ਨੇ ਇਸ ਗੱਲ ਉਤੇ ਇਤਰਾਜ਼ ਕੀਤਾ ਹੈ। ਮੈਂ ਇਨ੍ਹਾਂ ਨੂੰ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਜਿਹੜੇ ਸਾਡੇ ਕੋਲ ਪਰਵਾਸੀ ਪਰੀਵਾਰ ਆਏ ਹਨ ਇਨ੍ਹਾਂ ਦੇ ਵਿਚਾਰ ਅਨੁਸਾਰ ਉਨ੍ਹਾਂ ਸਾਰਿਆਂ ਨੂੰ ਨੌਕਰੀ ਨਹੀਂ ਦਿੱਤੀ ਗਈ। ਇਨ੍ਹਾਂ ਵਿਚੋਂ ਕੁਝ ਆਦਮੀ ਰਹਿੰਦੇ ਹਨ, ਇਹ ਕਹਿੰਦੇ ਹਨ ਕਿ ਬਹੁਤ ਸਾਰੇ ਆਦਮੀ ਰਹਿੰਦੇ ਹਨ, ਇਸ ਵਾਸਤੇ ਅਸੀਂ ਕੋਸ਼ਿਸ਼ ਇਹ ਕਰ ਰਹੇ ਹਾਂ ਔਰ ਸਾਰੇ ਮਹਿਕਮਿਆਂ ਨੂੰ ਹਦਾਇਤ ਦਿੱਤੀ ਹੈ ਕਿ ਇਨ੍ਹਾਂ ਦੋਨਾਂ ਕੈਟੇਗਰੀਆਂ ਨੂੰ ਪਹਿਲ ਦੇ ਅਧਾਰ ਤੇ ਨੌਕਰੀ ਵਿਚ ਲਿਆਂਦਾ ਜਾਵੇ ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੈਂ ਇਹ ਸਪੈਸੀਫਿਕ ਗੱਲ ਪੁੱਛੀ ਸੀ ਕਿ ਇਹ ਆਪਣੇ ਆਪਣੇ ਅਦਾਰੇ ਨੂੰ ਹਦਾਇਤ ਦੇਣਗੇ ਕਿ 3 ਮਹੀਨਿਆਂ ਦੇ ਅੰਦਰ ਅੰਦਰ ਕੋਸ਼ਿਸ਼ ਕਰਨ ਕਿ ਜਿਹੜੇ ਆਦਮੀ ਟੈਰੋਰਿਸਟਾਂ ਦੇ ਹੱਥੋਂ ਮਾਰੇ ਗਏ ਹਨ ਉਨ੍ਹਾਂ ਦੇ ਪਰੀਵਾਰਾਂ ਨੂੰ ਨੌਕਰੀ ਦਿੱਤੀ ਜਾਵੇ ? ਸਪੀਕਰ ਸਾਹਿਬ, ਮੇਰਾ ਖਿਆਲ ਹੈ ਇਨ੍ਹਾਂ ਦੀ ਇਨਫਰਮੇਸ਼ਨ ਗ਼ਲਤ ਹੈ। ਤਕਰੀਬਨ ਹਰ ਪਰੀਵਾਰ ਦੇ ਬੰਦੇ ਨੇ ਐਪਲੀਕੇਸ਼ਨ ਦਿੱਤੀ ਹੈ। ਮਨਿਸਟਰ ਸਾਹਿਬ ਨੇ ਪਰਵਾਸੀ ਪਰੀਵਾਰਾਂ ਦੀ ਵਿੱਚ ਕਹਾਣੀ ਪਾ ਦਿੱਤੀ ਹੈ। ਪਰਵਾਸੀ ਪਰੀਵਾਰ ਜਿਨ੍ਹਾਂ ਵਿਚੋਂ ਕਈਆਂ ਨੇ ਫਾਇਦੇ ਲਏ ਹਨ ਉਹ ਵਾਪਿਸ ਚਲੇ ਗਏ ਹਨ। ਮੈਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ 13 ਡਿਪੋ ਕੈਂਸਲ ਹੋਏ ਹਨ। ਉਹ ਪਰਵਾਸੀ ਪਰੀਵਾਰ ਦਿੱਲੀ, ਕਾਨ੍ਹਪੁਰ ਚਲੇ ਗਏ ਹਨ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਦਾਇਤਾਂ ਇਸ਼ੂ ਕਰਨਗੇ ਕਿ 3 ਮਹੀਨਿਆਂ ਦੇ ਅੰਦਰ ਅੰਦਰ ਉਨ੍ਹਾਂ ਨੂੰ ਨੌਕਰੀ ਦਿਤੀ ਜਾਵੇ?

ਮੰਤਰੀ : ਮੈਂ ਹਦਾਇਤਾਂ ਆਪਣੇ ਮਹਿਕਮੇ ਵਲੋਂ ਜਾਰੀ ਕਰ ਦਿਆਂਗਾ ਲੇਕਿਨ ਬਾਕੀ ਸਰਕਾਰ ਦੇ ਦੂਸਰੇ ਮਹਿਕਮਿਆਂ ਦਾ ਵੀ ਇਸ ਨਾਲ ਸਬੰਧ ਹੈ ਜਿਨ੍ਹਾਂ ਵਿਚ ਨੌਕਰੀ ਦੀ ਅਲੇਵੇਬਿਲਟੀ, ਕਈ ਕਿਸਮ ਦੀਆਂ ਉਨ੍ਹਾਂ ਨੂੰ ਮੁਸ਼ਕਲਾਂ ਦਰਪੇਸ਼ ਹਨ। ਲੇਕਿਨ ਸਾਡੇ ਵਲੋਂ ਇਨ੍ਹਾਂ ਦੀ ਸਹਾਇਤਾ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਹੈ। ਜੇ ਤੁਸੀਂ ਪੁੱਛੋ ਤਾਂ ਹੁਣ ਤੱਕ ਜਿਨ੍ਹਾਂ ਦੀਆਂ ਜਾਇਦਾਦਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ 2, 36, 60,543 ਰੁਪਏ ਦੀ ਰਕਮ ਅਸੀਂ ਦੇ ਚੁੱਕੇ ਹਾਂ। (ਥੰਪਿੰਗ) ਕੋਈ ਵੀ ਕਿਸੇ ਕਿਸਮ ਦੀ ਵਿੱਤਕਰੇ ਦੀ ਗੱਲ ਨਹੀਂ ਹੈ।

ਸ੍ਰੀ ਮਹਿੰਦਰ ਸਿੰਘ ਕੇ. ਪੀ. : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਕੁਝ ਐਪਲੀਕੇਸ਼ਨਾਂ ਲੋਕਾਂ ਨੇ ਨਹੀਂ ਦਿੱਤੀਆਂ। ਸਪੀਕਰ ਸਾਹਿਬ, ਮੇਰੇ ਨੋਟਿਸ ਦੇ ਵਿਚ ਹੈ ਕਿ ਸਾਡੇ ਜ਼ਿਲ੍ਹੇ ਵਿਚ ਡਾਕਟਰ ਸੁਰਿੰਦਰ ਕੁਮਾਰ ਦੀ ਬੱਸ ਵਿੱਚੋਂ ਕੱਢ ਕੇ ਹੱਤਿਆ ਕਰ ਦਿੱਤੀ ਸੀ। ਉਸ ਦੀ ਵਾਈਫ ਜੋ ਕਿ ਐਮ. ਏ:, ਐਮ.ਐਡ. ਹੈ, ਉਸ ਨੇ ਐਪਲੀਕੇਸ਼ਨ ਦਿੱਤੀ ਸੀ । ਇਨ੍ਹਾਂ ਨੇ ਇਹਾ ਕਿ ਅਸੀਂ ਗੌਰ ਕਰ ਰਹੇ ਹਾਂ। ਉਸ ਨੂੰ 3 ਮਹੀਨੇ ਨੌਕਰੀ ਨਹੀਂ ਮਿਲੀ। ਇਸ ਲਈ

[ਸ੍ਰੀ ਮਹਿੰਦਰ ਸਿੰਘ ਕੇ.ਪੀ.]

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਨੇ ਆਲਰੇਡੀ ਐਪਲੀਕੇਸ਼ਨ ਦਿਤੀ ਹੋਈ ਹੈ ਉਸ ਨੂੰ ਜਲਦੀ ਨੌਕਰੀ ਦਿਵਾਉਣ ਦੀ ਕੋਸ਼ਿਸ਼ ਕਰਨਗੇ?

ਮੰਤਰੀ : ਇਹ ਇੰਡੀਵਿਜੁਅਲ ਕੇਸ ਇਨ੍ਹਾਂ ਨੇ ਦਿੱਤਾ ਹੈ, ਇਸ ਕੇਸ ਤੇ ਉਚੇਚੇ ਤੌਰ ਤੇ ਧਿਆਨ ਦੇ ਕੇ ਵਿਚਾਰ ਕਰਾਂਗੇ ।

ਪ੍ਰੋਫੈਸਰ ਦਰਬਾਰੀ ਲਾਲ : ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਇਸ ਦੌਰਾਨ ਜਿਹੜੇ 18 ਮਹੀਨੇ ਗੁਜ਼ਰੇ ਹਨ ਇਸ ਵਿਚ 551 ਆਦਮੀ ਅੱਤਿਵਾਦੀਆਂ ਦੇ ਹੱਥੋਂ ਮਾਰੇ ਗਏ ਹਨ। ਰੋਜ਼ ਅਖਬਾਰਾਂ ਵਿਚ ਆਉਂਦਾ ਹੈ ਜਿੰਨੇ ਆਦਮੀ ਮਾਰੇ ਜਾਂਦੇ ਹਨ। ਸਪੀਕਰ ਸਾਹਿਬ, ਇਸ ਵੇਲੇ ਤੱਕ 1482 ਆਦਮੀ ਮਾਰੇ ਗਏ ਹਨ, ਜਿਹੜੇ ਅੱਜ ਮਾਰੇ ਗਏ ਹਨ ਉਨ੍ਹਾਂ ਨੂੰ ਮਿਲਾਕੇ, ਯਾਨੀ 3-3 ਰੋਜ਼ ਮਰਦੇ ਹਨ, ਕਿਸੇ ਦਿਨ ਜ਼ਿਆਦਾ ਵੀ ਮਰਦੇ ਹਨ, ਜਿਹੜੇ ਲੋਕ ਮਾਰੇ ਗਏ ਹਨ ਉਨ੍ਹਾਂ ਦੇ ਪਰਿਵਾਰਾਂ ਨੂੰ ਅਜੇ ਆਰਥਿਕ ਮੱਦਦ ਵੀ ਨਹੀਂ ਮਿਲ ਸਕੀ। ਹਾਲਾਤ ਬੜੇ ਖ਼ਰਾਬ ਹਨ। ਇਸ ਲਈ ਇਹ ਉਨ੍ਹਾਂ ਦੇ ਪਰਿਵਾਰਾਂ ਨੂੰ ਜਲਦੀ ਤੋਂ ਜਲਦੀ ਨੌਕਰੀ ਦਿਵਾਉਣ ਦਾ ਭਰੋਸਾ ਦੇਣ। ਮਾਲੀ ਮੱਦਦ ਦਿਤੀ ਜਾਵੇ ਤਾਂਕਿ ਉਨ੍ਹਾਂ ਦੀ ਮੱਦਦ ਹੋ ਸਕੇ ਅਤੇ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ।

ਮੰਤਰੀ : ਸਪੀਕਰ ਸਾਹਿਬ, ਮੈਂ ਜੋ ਜਵਾਬ ਦਿੱਤਾ ਸੀ ਉਸ ਵਿਚ ਮੈਂ ਕਿਹਾ ਸੀ ਕਿ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਦੇ ਕਰਮਚਾਰੀਆਂ ਤੋਂ ਇਲਾਵਾ । ਭਾਵ ਕੁਝ ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਦੇ ਕਰਮਚਾਰੀ ਵੀ ਮਾਰੇ ਗਏ ਹਨ, ਉਨ੍ਹਾਂ ਨੂੰ ਰਿਲੀਫ ਸਾਡਾ ਮਹਿਕਮਾ ਨਹੀਂ ਦਿੰਦਾ, ਉਨ੍ਹਾਂ ਦਾ ਆਪਣਾ ਮਹਿਕਮਾ ਰਿਲੀਫ ਦਿੰਦਾ ਹੈ, ਉਨ੍ਹਾਂ ਦੀ ਗਿਣਤੀ 81 ਇਸ ਤੋਂ ਇਲਾਵਾ ਹੈ। ਜਿਹੜਾ ਇਨ੍ਹਾਂ ਨੇ ਕਿਹਾ ਹੈ ਅਸੀਂ ਉਨ੍ਹਾਂ ਨੂੰ ਜਲਦੀ ਦੇ ਅਧਾਰ ਤੇ ਪਹਿਲ ਦਿਆਂਗੇ, ਮੈਂ ਪਹਿਲਾਂ ਹੀ ਇਹ ਕਹਿ ਦਿੱਤਾ ਹੈ। ਅਸੀਂ ਇਸ ਦੇ ਉਤੇ ਹਦਾਇਤਾਂ ਜਲਦੀ ਜਾਰੀ ਕਰ ਦਿਆਂਗੇ।

Posts of Specialists in the Primary Health Centre, Sujjon, District Jalandhar

*775. **Sardar Dilbagh Singh :** Will the Chief Minister be pleased to state whether any posts of Specialists have been sanctioned for the Primary Health Centre, Sujjon in district Jalandhar; if so, whether appointments thereto have since been made; if not, the reasons therefor ?

ਸਰਦਾਰ ਨੱਥਾ ਸਿੰਘ ਦਾਲਮ (ਸਿਹਤ ਅਤੇ ਲੋਕ ਸੰਪਰਕ ਮੰਤਰੀ) : ਨਹੀਂ ਜੀ ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਮੈਂ ਪੁੱਛਿਆ ਸੀ ਕਿ ਕੀ ਪਰਾਇਮਰੀ ਹੈਲਥ ਸੈਂਟਰ, ਸੁਜੋਂ, ਜ਼ਿਲ੍ਹਾ ਜਲੰਧਰ ਵਾਸਤੇ ਕੋਈ ਸਪੈਸ਼ਲਿਸਟ ਦੀ ਪੋਸਟ ਸੈਂਕਸ਼ਨ ਹੋਈ ਹੈ, ਉਥੇ ਸਪੈਸ਼ਲਿਸਟ ਲਗਾਉਣ ਦੀ ਕੋਈ ਪਰਪੋਜ਼ਲ ਹੈ ਤਾਂ ਇਨ੍ਹਾਂ ਨੇ ਕਹਿ ਦਿਤਾ ਹੈ ਕਿ 'ਨਹੀਂ ਜੀ'। ਮੇਰਾ ਸਪਲੀਮੈਂਟਰੀ ਇਹ ਹੈ ਕਿ 85% ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ, ਕੀ ਪਿੰਡਾਂ ਵਿੱਚ ਪ੍ਰਾਇਮਰੀ ਹੈਲਥ ਸੈਂਟਰ ਲਿਆਉਣ ਦੀ ਕੋਈ ਸਰਕਾਰ ਦੀ ਤਜਵੀਜ਼ ਹੈ ਜਾਂ ਨਹੀਂ ?

ਸਿਹਤ ਅਤੇ ਲੋਕ ਸੰਪਰਕ ਮੰਤਰੀ : ਸਰ, ਹੈ । Seventh Five Year Plan ਵਿੱਚ ਕਮਿਊਨਿਟੀ ਹੈਲਥ ਸੈਂਟਰ ਬਣਾਉਣ ਦੀ ਤਜਵੀਜ਼ ਹੈ ।

Restriction on the Employees from raising Loans from the Banks

*852. **Doctor Dalbir Singh**: Will the Chief Minister be pleased to state—

(a) whether it is a fact that there is restriction on the Government Employees for raising loans from the Banks; if so, the reasons therefor;

(b) whether the Government proposes to revoke the said restriction, if so, when ?

Sardar Surjit Singh Barnala: (a) Government employees can raise loans from Banks in the ordinary course of business with them; however, there is restriction on Government employes to borrow money as a principal or an agent of such person or private company which falls within their official jurisdiction or with whom they are likely to have official dealings.

(b) Government have no proposal to remove these retrictions.

ਡਾਕਟਰ ਦਲਬੀਰ ਸਿੰਘ : ਸਰ, ਚੀਫ਼ ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਪ੍ਰਾਈਵੇਟ ਕੰਪਨੀ ਐਜ਼ ਏ ਪ੍ਰਿੰਸੀਪਲ ਜਾਂ ਉਨ੍ਹਾਂ ਦੇ ਏਜੰਟਸ ਤੋਂ ਲੈਣ ਲਈ ਰਿਸਟ੍ਰਿਕਸ਼ਨ ਹੈ। ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਪੈਸ਼ਿਲਿਸਟਸ ਜਾਂ ਸਪੈਸ਼ਲੀ ਟਰੇਂਡ ਲੋਕ ਸਰਵਿਸ ਕਰਦੇ ਹਨ ਜਿਸ ਤਰ੍ਹਾਂ ਜੂਨੀਅਰ ਇੰਜੀਨੀਅਰਜ਼ ਜਾਂ ਹੋਰ ਬਾਕੀ ਡੀਪਾਰਟਮੈਂਟਸ ਵਿੱਚ ਟੈਕਨੀਕਲੀ ਟਰੇਂਡ ਲੋਕ ਸਰਵਿਸ ਕਰਦੇ ਹਨ ਉਹ ਆਪ ਟੈਕਨੀਕਲੀ ਟਰੇਂਡ ਲੋਕ ਹੁੰਦੇ ਹਨ ਔਰ ਇਸ ਹੁਨਰ ਨਾਲ ਜੇ ਕਿਸੇ ਕੰਪਨੀ ਨਾਲ ਮਿਲ ਕੇ ਜੋ ਕੋਈ ਛੋਟਾ ਮੋਟਾ ਕੰਮ ਕਰਨਾ ਚਾਹੇ ਤਾਂ ਉਨ੍ਹਾਂ ਨੂੰ ਕਰਜ਼ਾ ਦਿਵਾ-ਉਣ ਵਾਸਤੇ ਕੀ ਚੀਫ਼ ਮਨਿਸਟਰ ਸਾਹਿਬ ਕੋਈ ਨਵੀਂ ਪ੍ਰੋਪੋਜ਼ਲ ਬਣਾਉਣ ਦਾ ਵਿਸ਼ਵਾਸ ਦਿਵਾਉਣ-ਗੇ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਅਰਜ਼ ਕੀਤੀ ਹੈ ਕਿ ਇਨ੍ਹਾਂ ਦੀ ਰਿਸਟ੍ਰਿਕਸ਼ਨਜ਼ ਕਿਸੇ ਕਾਰਨ ਕਰਕੇ ਲਗੀਆਂ ਹਨ। ਪੰਜਾਬ ਗੌਰਮਿੰਟ ਇਮਪਲਾਈਜ਼ (ਕੰਡਕਟ) ਰੂਲਜ਼, 1966 ਹਨ। ਇਸ ਦਾ ਰੂਲ 16(4) ਹੈ ਜਿਹੜਾ ਮੈਂ ਪੜ੍ਹ ਦਿੰਦਾ ਹਾਂ।

According to rule 16(4)of the Rules laid :

"No Government employee shall, save in the ordinary Course of business with a bank or a public limited Company, either himself or through any member of his family or any other person acting on his behalf:—

(a) Lend or borrow or deposit money, as a principal or an agent, to, or from, or with any person or firm or private limited Company within the local limits of his authority or with whom he is likely to have official dealings, or otherwise place himself under any Pecuniary obligation to such person or firm or Private Limited Company."

ਇਸ ਅਨੁਸਾਰ ਰਿਸਟ੍ਰਿਕਸ਼ਨ ਲਗੀ ਹੋਈ ਹੈ ਜਿਹੜੀ ਕਿ ਰਿਮੂਵ ਨਹੀਂ ਕੀਤੀ ਜਾ ਸਕਦੀ।

ਡਾਕਟਰ ਦਲਬੀਰ ਸਿੰਘ : ਸਪੀਕਰ ਸਾਹਿਬ, ਉਹ ਤਾਂ ਮੰਨ ਲਈ ਗੱਲ, ਰਿਸਟ੍ਰਿਕਸ਼ਨ ਦਾ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਦੱਸ ਦਿੱਤਾ ਕਿ ਕਿਸ ਕਰਕੇ ਰਿਸਟ੍ਰਿਕਸ਼ਨ ਲਗੀ ਹੈ। ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕੀ ਰਿਸਟ੍ਰਿਕਸ਼ਨ ਹਟਾਉਣ ਤੇ ਕੋਈ ਪ੍ਰੋਪੋਜ਼ਲ ਇਨ੍ਹਾਂ ਦੇ ਵਿਚਾਰ ਅਧੀਨ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਦੱਸਿਆ ਹੈ ਕਿ ਇਸ ਵੇਲੇ ਕੋਈ ਪ੍ਰੋਪੋਜ਼ਲ ਨਹੀਂ ਹੈ।

ਸ਼੍ਰੀ ਸਪੀਕਰ : ਸਟਾਰਡ ਸਵਾਲ ਨੰਬਰ 679 ਵਿੱਚ ਐਕਸਟੈਨਸ਼ਨ ਮੰਗੀ ਗਈ ਹੈ।

ਤਾਰਾਂਕਿਤ ਪ੍ਰਸ਼ਨ ਨੰ: 679

ਅ: ਸ:ਪ: ਨੰ: ਤਾਲਮੇਲ –3/87/4966

ਸੁਰਜੀਤ ਸਿੰਘ ਬਰਨਾਲਾ

ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ–160001.
27 ਮਾਰਚ, 1987।

ਪਿਆਰੇ ਮਿਨਹਾਸ ਸਾਹਿਬ ਜੀ,

ਮਿਤੀ 30 ਮਾਰਚ, 1987 ਲਈ ਪ੍ਰਸ਼ਨਾਂ ਦੀ ਸੂਚੀ ਵਿਚ ਦਰਜ ਪੰਜਾਬ ਵਿਧਾਨ ਸਭਾ ਦੇ ਚਿੰਨ ਅੰਕਿਤ ਪ੍ਰਸ਼ਨ ਨੰ: 679 ਤੋਂ ਮੁੱਖ ਮੰਤਰੀ, ਪੰਜਾਬ ਦੇ ਨਾਂ ਹੈ, ਦਾ ਉੱਤਰ ਅਜੇ ਤਿਆਰ ਨਹੀਂ ਹੋਇਆ। ਲੋੜੀਂਦੀ ਜਾਣਕਾਰੀ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਕਿਰਪਾ ਕਰਕੇ ਇਸ ਦਾ ਉੱਤਰ ਦੇਣ ਲਈ ਘਟੋ ਘੱਟ 7 ਦਿਨਾਂ ਦਾ ਸਮਾਂ ਵਧਾ ਦਿੱਤਾ ਜਾਵੇ।

ਹਿੱਤੂ
(ਸਹੀ)......
(ਸੁਰਜੀਤ ਸਿੰਘ ਬਰਨਾਲਾ)

ਸਰਦਾਰ ਸੁਰਜੀਤ ਸਿੰਘ ਮਿਨਹਾਸ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਤੁਸੀਂ ਹੁਕਮ ਕੀਤਾ ਸੀ ਕਿ ਸਵਾਲਾਂ ਦੇ ਐਂਡ ਵਿੱਚ ਸਵਾਲ ਨੰਬਰ 854 ਲੈ ਲਵਾਂਗੇ।

ਸ਼੍ਰੀ ਸਪੀਕਰ : ਠੀਕ ਹੈ।

Prisons in the State

***854. Comrade Mehtab Singh:** Will the Minister of State for Cultural Affairs and Jails be pleased to state—

(a) the jail-wise number of such prisoners in the State who have since completed their terms of imprisonment and are due for release;

(b) whether it is a fact that the said prisoners are not being released for want of their records ; if so, the action, if any, being taken by the Government to trace out their records and to release all such prisoners ?

ਸ਼੍ਰੀ ਨੁਸਰਤ ਅਲੀ ਖਾਂ : (ੳ) ਨਿੱਲ।

(ਅ) ਉਪਰੋਕਤ 'ੳ' ਦੇ ਜ਼ਵਾਬ ਅਨੁਸਾਰ ਸਵਾਲ ਹੀ ਪੈਦਾ ਨਹੀਂ ਹੁੰਦਾ।

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਜਵਾਬ ਵਿਚ ਜੇ ਇਸ ਤਰ੍ਹਾਂ ਕਿਹਾ ਜਾਵੇ ਤਾਂ ਘੱਟ ਖੇਚਲ ਕਰਨੀ ਪੈਂਦੀ ਹੈ। ਸਪੀਕਰ ਸਾਹਿਬ, ਸੁਆਲ ਵਿਚ ਜਿਹੜਾ ਪ੍ਰਿੰਟ ਹੈ ਉਹ ਨਕਸ਼ੇ ਦੀ ਥਾਂ ਤੇ ਰਿਕਾਰਡ ਹੋ ਗਿਆ ਸੀ। ਮੇਰਾ ਸੁਆਲ ਇਹ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ ਕਾਫ਼ੀ ਕੈਦੀ ਹਨ। ਸਮਾਜ ਵਿਚ ਜਿਹੜੇ ਲੋਕ ਰਹਿੰਦੇ ਹਨ ਕਿਸੇ ਗੱਲੋਂ ਕੋਈ ਮਰਡਰ ਹੋ ਜਾਂਦੇ ਹਨ ਜਾਂ ਹੋਰ ਇਸ ਤਰ੍ਹਾਂ ਦੀਆਂ ਗੱਲਾਂ ਹੋ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਲੰਮੇਆਂ ਕੈਦੀ ਹੋ ਜਾਂਦੀਆਂ ਹਨ, ਉਨ੍ਹਾਂ ਦੀ ਕੋਈ ਆਵਾਜ਼ ਨਹੀਂ ਹੁੰਦੀ। ਉਹ ਕੈਦ ਵੀ ਪੂਰੀ ਕੱਟ ਲੈਂਦੇ ਹਨ ਪਰ ਕੈਦ ਵਿਚ ਹੀ ਪਏ ਰਹਿੰਦੇ ਹਨ ਉਨ੍ਹਾਂ ਦਾ ਨਕਸ਼ਾ ਪਾਸ ਨਾ ਹੋਣ ਕਾਰਨ ਜਦੋਂ ਉਹ ਕੈਦ ਹੀ ਕੱਟ ਚੁਕੇ ਹਨ ਤਾਂ ਉਨ੍ਹਾਂ ਦੀ ਰਿਹਾਈ ਬਣਦੀ ਹੈ। ਕੀ ਉਨ੍ਹਾਂ ਦੇ ਨਕਸ਼ਿਆਂ ਦਾ ਜਲਦੀ ਨਿਪਟਾਰਾ ਕਰਕੇ ਉਨ੍ਹਾਂ ਲੋਕਾਂ ਨੂੰ ਰਿਹਾ ਕਰ ਦੇਣਗੇ?

ਰਾਜ ਮੰਤਰੀ : ਸਪੀਕਰ ਸਾਹਿਬ, ਐਸਾ ਕੋਈ ਕੈਦੀ ਨਹੀਂ ਹੈ ਜਿਸ ਨੇ ਆਪਣੀ ਕੈਦ ਪੂਰੀ ਕਰ ਲਈ ਹੋਵੇ ਅਤੇ ਉਸ ਨੂੰ ਨਾ ਛੱਡਿਆ ਗਿਆ ਹੋਵੇ। ਜਿਨ੍ਹਾਂ ਦੀ ਕੈਦ ਫਿਕਸ ਹੈ ਉਨ੍ਹਾਂ ਦਾ ਟਾਈਮ ਖ਼ਤਮ ਹੋਣ ਤੇ ਉਨ੍ਹਾਂ ਨੂੰ ਜੇਲ੍ਹ ਸੁਪਰਡੰਟ ਆਪਣੇ ਆਪ ਰਿਲੀਜ਼ ਕਰ ਦਿੰਦੇ ਹਨ।

Mr. Speaker: Question Hour is over.

UNSTARRED QUESTIONS AND ANSWERS

Tubewells in Hamirpur Colony, Pathankot

97. **Master Mohan Lal:** Will the Minister of State for Public Health be pleased to state whether it is a fact that the Tubewell dug in Hamirpur Colony in Pathankot four years ago to supply the drinking water to the people of the area is not working; if so, the reasons therefor ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ (ਰਾਜ ਮੰਤਰੀ, ਸਥਾਨਕ ਸਰਕਾਰ) : ਹਾਂ ਜੀ, ਇਹ ਠੀਕ ਹੈ ਕਿ ਟਿਊਬਵੈੱਲ ਠੀਕ ਢੰਗ ਨਾਲ ਕੰਮ ਨਹੀਂ ਕਰ ਰਿਹਾ। ਹਮੀਰਪੁਰ ਕਾਲੋਨੀ, ਪਠਾਨਕੋਟ ਵਿਖੇ ਟਿਊਬਵੈੱਲ ਠੀਕ ਢੰਗ ਨਾਲ ਕੰਮ ਨਾ ਕਰਨ ਦੇ ਕਾਰਨਾਂ ਦੀ ਪੜਤਾਲ ਕਰਨ ਬਾਰੇ ਹੁਕਮ ਦੇ ਦਿੱਤੇ ਗਏ ਹਨ।

Pay Scales to the Police Personnel on the Haryana Pattern

100. **Sardar Kirpal Singh (Amritsar):** Will the Chief Minister be pleased to state whether there is any proposal under the consideration of the Government to give the scales of pay to the police personnel in the State on the pattern of the pay scales given by the Haryana to its Police Personnel; if so, the time by which the decision is likely to be taken in the matter ?

ਸਰਦਾਰ ਸੁਰਜੀਤ ਸਿੰਘ ਬਰਨਾਲਾ: ਨਹੀਂ ਜੀ, ਫਿਰ ਵੀ ਪੰਜਾਬ ਸਰਕਾਰ ਨੇ ਜੁਲਾਈ, 1986 ਵਿਚ ਪੰਜਾਬ ਸਰਕਾਰ ਦੇ ਕਰਮਚਾਰੀਆਂ ਜਿਨ੍ਹਾਂ ਵਿਚ ਪੁਲਿਸ ਕਰਮਚਾਰੀ ਵੀ ਸ਼ਾਮਲ ਹਨ, ਦੇ ਤਨਖਾਹ ਸਕੇਲਾਂ ਨੂੰ ਸੋਧ ਕਰਨ ਲਈ ਤਨਖਾਹ ਕਮਿਸ਼ਨ ਬਣਾਇਆ ਹੈ ਜੋ ਇਹ ਮਾਮਲਾ ਵਿਚਾਰੇਗਾ।

Closure of Science Wings in the Government in-service Training Centres at Gurdaspur and Ludhiana

99. **Prof. Kumari Susheel Mahajan** : Will the Chief Minister be pleased to state whether it is a fact that Science Wings in the Government-in-Service Training Centres at Guradaspur and Ludhiana which impart training (Refresher Course) to the Science Masters in the respective areas have since been closed; if so, the reasons therefor.

ਸਰਦਾਰ ਸੁਰਜੀਤ ਸਿੰਘ ਬਰਨਾਲਾ : ਹਾਂ ਜੀ, ਸਰਕਾਰੀ ਇਨ ਸਰਵਿਸ ਟਰੇਨਿੰਗ ਸੈਂਟਰਾਂ, ਗੁਰਦਾਸਪੁਰ ਅਤੇ ਲੁਧਿਆਣਾ ਵਿਖੇ ਸਾਇੰਸ ਦੇ ਰਿਫਰੈਸ਼ਰ ਕੋਰਸ ਦੂਹਰ ਤੋਂ ਬਚਣ ਲਈ ਬੰਦ ਕਰ ਦਿਤੇ ਗਏ ਹਨ ਕਿਉਂਕਿ ਰਾਜ ਸਾਇੰਸ ਸਿਖਆ ਸੰਸਥਾ ਪੰਜਾਬ ਚੰਡੀਗੜ੍ਹ ਵਲੋਂ ਸਰਕਾਰੀ ਮਿਡਲ, ਹਾਈ ਅਤੇ ਹਾਇਰ ਸਕੈਂਡਰਾਂ ਸਕੂਲਾਂ ਦੇ ਸਾਇੰਸ ਲੈਕਚਰਾਰਾਂ, ਸਾਇੰਸ ਮਾਸਟਰਾਂ/ਮਿਸਟਰੈਸਾਂ ਨੂੰ ਸਾਇੰਸ ਦੀ ਟਰੇਨਿੰਗ ਦੇਣੀ ਸ਼ੁਰੂ ਕਰ ਦਿੱਤੀ ਗਈ ਹੈ।

Recovery of a Contessa Car from the residence of Police Officer at Nabha

101. **Sardar Narinder Singh**: Will the Chief Minister be pleased to state—

(a) whether the High Police Officers, on the basis of a complaint, recently recovered a Contessa Car from the residence of a Police Officer at Nabha; if so the name of the person from whom the said car was obtained by the said Police officer;

(b) the name and the address of the actual owner of the said car;

(c) whether it is a fact that the said owner was kept under illegal confinement by the said Police Officer if so, the reasons therefor?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਨਹੀਂ ਜੀ।

(ਅ ਤੇ ੲ) ਸਵਾਲ ਹੀ ਨਹੀਂ ਉਠਦਾ ਜੀ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ** ** **

Mr. Speaker : This is no point of order. Please come to my Chamber and we will talk about it. (Interruptions)

ਸਰਦਾਰ ਬਚਿੱਤਰ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ** ** ** **

**Expunged as ordered by the Chair.

Mr. Speaker : This is no point of order.

ਸਰਦਾਰ ਕਿਰਪਾਲ ਸਿੰਘ : ਮੇਰੀ ਕਾਲ ਅਟੈਨਸ਼ਨ ਮੋਸ਼ਨ ਸੀ ਜਿਹੜੀ ਤੁਸੀਂ ਡਿਸਅਲਾਓ ਕੀਤੀ ਹੈ ਔਰ ਜੋ ਰਿਮਾਰਕਸ ਦਿੱਤੇ ਹਨ ਉਹ ਅਜੀਬ ਹਨ.....

ਸ਼੍ਰੀ ਸਪੀਕਰ: ਸਰਦਾਰ ਕਿਰਪਾਲ ਸਿੰਘ ਜੀ ਜੋ ਰਿਮਾਰਕਸ ਦਿੱਤੇ ਹਨ that cannot be the subject matter of discussion in this Hon. House. Please see me in my Chamber. Please sit down. ਤੁਸੀਂ ਇੰਨੇ ਪੁਰਾਣੇ ਲੈਜਿਸਲੇਟਰ ਹੋ।

ਪੰਡਿਤ ਮੋਹਨ ਲਾਲ: ਸਪੀਕਰ ਸਾਹਿਬ, ਜੋ ਕੁਝ ਸਰਦਾਰ ਕਿਰਪਾਲ ਸਿੰਘ ਹੋਰਾਂ ਜਾਂ ਹੋਰ ਮੈਂਬਰਜ਼ ਪੁਆਇੰਟ ਆਫ ਆਰਡਰ ਉਠਾਉਂਦੇ ਹਨ ਔਰ ਤੁਸੀਂ ਰੂਲ ਆਊਟ ਕਰ ਦਿੰਦੇ ਹੋ, ਕੀ ਇਹ ਕੀਤੀਆਂ ਹੋਈਆਂ ਸਪੀਚਾਂ ਰਿਕਾਰਡ ਦਾ ਪਾਰਟ ਬਣ ਸਕਦੀਆਂ ਹਨ? ਜਿਹੜੀਆਂ ਸਪੀਚਾਂ ਕੀਤੀਆਂ ਹੋਣ ਇਸ ਤਰ੍ਹਾਂ they should not form a part of the record.

ਸ਼੍ਰੀ ਸਪੀਕਰ: ਬਜਾ ਹੈ ਜੀ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ: ** ** **

ਸ਼੍ਰੀ ਸਪੀਕਰ: ਜੋ ਮਹਿਰਾ ਸਾਹਿਬ ਨੇ ਕਿਹਾ ਹੈ this is no Point of Ordor. ਜੋ ਇਨ੍ਹਾਂ ਨੇ ਕਿਹਾ ਹੈ ਚੀਫ਼ ਮਨਿਸਟਰ ਸਾਹਿਬ ਨੂੰ ਕਿ ਸਟੇਟਮੈਂਟ ਦੇਣਗੇ in case you insist he will certainly reply.

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ: ** ** **

ਮੁੱਖ ਮੰਤਰੀ: ਇਹ ਇਥੇ ਬੜੀ ਸਡਨਲੀ ਪੁੱਛਦੇ ਹਨ। ਜੇ ਇਹ ਮੈਨੂੰ ਪਹਿਲੇ ਕਿਹਾ ਕਰਨ ਤਾਂ ਮੈਂ ਲੈ ਆਇਆ ਕਰਾਂ। ਅੱਜ ਕਿਹਾ ਹੈ ਕਲ੍ਹ ਲੈ ਆਵਾਂਗੇ।

Mr. Speaker : That point does not form any Point of Order.

ਕਾਮਰੇਡ ਮਹਿਤਾਬ ਸਿੰਘ: ਸਪੀਕਰ ਸਾਹਿਬ, ਜੋ ਹਾਲਤ ਪਹਿਲਾਂ ਸੀ ਉਹ ਹੁਣ ਸਾਡੇ ਤਹਿ-ਸੀਲ ਫਾਜ਼ਿਲਕਾ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋ ਰਹੀ ਹੈ। ਉਥੋਂ 27 ਤਾਰੀਖ ਨੂੰ ਇਥੇ ਕੁਝ ਆਦਮੀ ਆਏ ਸਨ ਉਨ੍ਹਾਂ ਨੇ ਮੈਨੂੰ ਦਸਿਆ ਕਿ ਉਥੇ ਉਨ੍ਹਾਂ ਨੇ ਛੋਟੇ ਛੋਟੇ ਦੁਕਾਨਦਾਰਾਂ ਨੂੰ ਜਿਹੜੇ ਕਿ ਸਿਗਰੇਟ ਬੀੜੀ ਦਾ ਕੰਮ ਕਰਦੇ ਹਨ ਕਿਹਾ ਕਿ 31 ਤਾਰੀਖ ਤਕ ਦੁਕਾਨਾਂ ਛੱਡ ਦਿਓ ਨਹੀਂ ਤਾਂ ਤੁਹਾਨੂੰ ਸੋਧ ਦਿਆਂਗੇ। ਉਹ ਵਿਚਾਰੇ ਡਰੇ ਹੋਏ ਹਨ। ਇਸੇ ਤਰ੍ਹਾਂ ਇਕ ਉਥੇ ਗੁਰਦੁਆਰੇ ਦਾ ਗ੍ਰੰਥੀ ਹੈ, ਬੜਾ ਸਜਣ ਆਦਮੀ ਹੈ, ਧਾਰਮਿਕ ਹੈ ਪਰ ਉਸ ਨੇ ਅੰਮ੍ਰਿਤ ਨਹੀਂ ਛਕਿਆ ਉਸ ਨੂੰ ਵੀ ਕਿਹਾ ਗਿਆ ਕਿ ਜੇ 31 ਤਾਰੀਖ ਤਕ ਅੰਮ੍ਰਿਤ ਨਹੀਂ ਛਕਿਆ ਤਾਂ ਤੈਨੂੰ ਵੀ ਸੋਧ ਦਿਆਂਗੇ। ਉਹ ਮੇਰੇ ਕੋਲ ਆਏ ਸਨ ਉਨ੍ਹਾਂ ਨੂੰ 31 ਤਾਰੀਖ ਤਕ ਦਾ ਅਲਟੀਮੇਟਮ ਮਿਲਿਆ ਹੋਇਆ ਹੈ। ਇਸ ਵਾਸਤੇ ਮੈਂ ਤੁਹਾਡੀ ਮਾਰਫ਼ਤ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਕੋਈ ਆਦੇਸ਼ ਜਾਰੀ ਕਰਨ ਔਰ ਉਸ ਨੂੰ ਰੋਕਿਆ ਜਾਵੇ ਨਹੀਂ ਤਾਂ ਇਥੇ ਵੀ ਉਹੀ ਹਾਲਾਤ ਸ਼ੁਰੂ ਹੋ ਜਾਣਗੇ ਜੋ ਬਾਕੀ ਪੰਜਾਬ ਵਿਚ ਹੋ ਰਹੇ ਹਨ।

**Expunged as ordered by the Chair.

[ਕਾਮਰੇਡ ਮਹਿਤਾਬ ਸਿੰਘ]

ਦੂਸਰੀ ਗਲ ਇਥੇ ਕੈਪਟਨ ਅਮਰਿੰਦਰ ਸਿੰਘ ਨੇ ਹੀ ਸੀ ਕਿ ਲਾਇਸੈਂਸ ਖੱਬੇ ਪਾਸਿਆਂ ਨੂੰ ਦਿੱਤੇ ਜਾ ਰਹੇ ਹਨ। ਸਾਡਾ ਇਲਾਕਾ ਪੀਸਫੁਲ ਸੀ ਉਥੇ ਕਿਸੇ ਕਮਿਊਨਿਸਟ ਨੂੰ ਕੋਈ ਲਾਇਸੈਂਸ ਨਹੀਂ ਮਿਲਿਆ। ਇਹ ਮੈਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ।

ਇਸ ਲਈ ਮੇਰੀ ਫਿਰ ਬੇਨਤੀ ਹੈ ਕਿ ਮੁੱਖ ਮੰਤਰੀ ਸਾਹਿਬ ਕੋਈ ਆਦੇਸ਼ ਜਾਰੀ ਕਰਨ ਜਿਸ ਨਾਲ ਕਿ ਲੋਕਾਂ ਵਿਚ ਜਿਹੜੀ ਘਬਰਾਹਟ ਹੈ ਉਹ ਰੋਕੀ ਜਾ ਸਕੇ।

CALL ATTENTION NOTICES UNDER RULE 66

ਸ੍ਰੀ ਸਪੀਕਰ : ਕਾਲ ਅਟੈਨਸ਼ਨ ਨੋਟਿਸ ਨੰ: 27

(ਕ੍ਰਮ ਨੰ: 27)

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਅਰਥਾਤ ਪੰਜਾਬ ਸਰਕਾਰ ਵਲੋਂ ਸਵਤੰਤਰਤਾ ਸੰਗ-ਰਾਮੀਆਂ ਨੂੰ ਸਰਕਾਰੀ ਬੱਸਾਂ ਦੁਆਰਾ ਜਿਹੜੀ ਸਹੂਲਤ ਦਿਤੀ ਗਈ ਹੈ ਉਸ ਵਿਚ ਨੁਕਸ ਹਨ ਜਿਸ ਕਰਕੇ ਸਵਤੰਤਰਤਾ ਸੰਗਰਾਮੀਆਂ ਨੂੰ ਸਖ਼ਤ ਪਰੇਸ਼ਾਨੀਆਂ ਔਰ ਮੁਸ਼ਕਲਾਂ ਪੇਸ਼ ਆਉਂਦੀਆਂ ਹਨ।

(i) ਵੌਚਰ ਕੇਵਲ ਇਕ ਮਹੀਨੇ ਲਈ ਜਾਰੀ ਕੀਤੇ ਜਾਂਦੇ ਹਨ ਨਵਾਂ ਵਾਊਚਰ ਬੁਕ ਲੈਣ ਲਈ ਹਰ ਮਹੀਨੇ ਦੀ ਪਹਿਲੀ ਤਰੀਖ ਨੂੰ ਜ਼ਿਲ੍ਹਾ ਹੈਡ ਕੁਆਰਟਰਜ਼ ਤੇ ਜਾਣਾ ਪੈਂਦਾ ਹੈ; ਕਿਉਂਕਿ ਨਵੇਂ ਮਹੀਨੇ ਦਾ ਕੋਈ ਵਾਊਚਰ ਸੁਵਤੰਤਰਤਾ ਸੰਗਰਾਮੀ ਪਾਸ ਨਹੀਂ ਹੁੰਦਾ, ਇਸ ਲਈ ਉਸ ਨੂੰ ਨਵੀਂ ਵਾਊਚਰ ਬੁੱਕ ਲੈਣ ਲਈ ਜਦ ਜ਼ਿਲ੍ਹਾ ਹੈਡਕੁਆਰਟਰਜ਼ ਤੇ ਜਾਣਾ ਪੈਂਦਾ ਹੈ ਉਨ੍ਹਾਂ ਨੂੰ ਬਸ ਦਾ ਕਿਰਾਇਆ ਨਕਦ ਦੇਣਾ ਪੈਂਦਾ ਹੈ।

(ii) ਬੱਸ ਵਿਚ ਸਫਰ ਦੀ ਹਦ 500 ਕਿਲੋਮੀਟਰ ਰਖੀ ਗਈ ਹੈ ਜਿਹੜੇ ਜ਼ਿਲ੍ਹਾ ਅੰਮ੍ਰਿਤਸਰ ਦੇ ਖੇਮਕਰਨ ਸਕਟਰ ਤੋਂ ਚੰਡੀਗੜ੍ਹ ਜਾਣ ਆਉਣ ਲਈ ਵੀ ਕਾਫ਼ੀ ਨਹੀਂ; ਇਸ ਲਈ ਇਹ ਹਦ ਖ਼ਤਮ ਕਰ ਦਿੱਤੀ ਜਾਵੇ ਔਰ ਭਾਰਤ ਸਰਕਾਰ ਦੇ ਰੇਲਵੇ ਮੰਤਰਾਲੇ ਵਲੋਂ ਪ੍ਰਚਲਤ ਰਾਹ ਅਪਣਾਇਆ ਜਾਵੇ। ਉਹਨਾਂ ਸਫਰ ਦੀ ਕੋਈ ਹਦ ਨਿਯੁਕਤ ਨਹੀਂ ਕੀਤੀ ਬਲਕਿ ਸਵਤੰਤਰਤਾ ਸੰਗਰਾਮੀ ਨੂੰ ਆਪਣੇ ਨਾਲ ਇਕ ਹੋਰ ਸਹਾਇਕ ਵੀ ਬਿਨਾਂ ਕਰਾਏ ਲੈ ਜਾਣ ਦਾ ਹੱਕ ਦਿੱਤਾ ਗਿਆ ਹੈ।

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਪੰਜਾਬ ਸਰਕਾਰ ਨੇ ਅਸੂਲੀ ਤੌਰ ਤੇ ਯਾਤਰਾ ਵਾਊਚਰ ਤਿਮਾਹੀ ਜਾਂ ਛਿਮਾਹੀ ਦੇ ਅਧਾਰ ਤੇ ਦੇਣਾ ਮੰਨ ਲਿਆ ਹੈ। ਇਸ ਸਬੰਧੀ ਅੰਤਮ ਫੈਸਲਾ ਜਲਦੀ ਹੀ ਲੈ ਲਿਆ ਜਾਵੇਗਾ।

ਉਪਰੋਕਤ ਪੈਰਾ (i) ਵਿਚ ਦਿੱਤੇ ਉੱਤਰ ਨੂੰ ਮੁੱਖ ਰਖਦੇ ਹੋਏ ਖੇਮ ਕਰਨ ਤੋਂ ਚੰਡੀਗੜ੍ਹ ਨੂੰ ਸਫਰ ਕਰਨ ਲਈ ਕੋਈ ਔਕੜ ਨਹੀਂ ਆਵੇਗੀ ਕਿਉਂਕਿ ਤਿਮਾਹੀ/ਛਿਮਾਹੀ ਅਧਾਰ ਤੇ ਯਾਤਰਾ ਵਾਊਚਰ 1500/3000 ਕਿਲੋਮੀਟਰ ਤਕ ਦੇ ਹੋਣਗੇ। ਪਰ ਰਾਜ ਸਰਕਾਰ ਦੀ ਮਾਲੀ ਹਾਲਤ ਚੰਗੀ ਨਾ ਹੋਣ ਕਾਰਨ ਸੁਤੰਤਰਤਾ ਸੰਗਰਾਮੀਆਂ ਨੂੰ ਅਣਮਿਥੇ ਸਫ਼ਰ ਲਈ ਮੁਫਤ ਯਾਤਰਾ ਕਰਨ ਅਤੇ ਆਪਣੇ ਨਾਲ ਇਕ ਸਹਾਇਕ ਲੈ ਜਾਣ ਦੀ ਸਹੂਲਤ ਦੇਣਾ ਸੰਭਵ ਨਹੀਂ ਹੋਵੇਗਾ।

ਸਰਦਾਰ ਕਿਰਪਾਲ ਸਿੰਘ (ਅੰਮ੍ਰਿਤਸਰ) : ਸਪੀਕਰ ਸਾਹਿਬ, ਸਾਰੇ ਸੁਤੰਤਰਤਾ ਸੰਗ੍ਰਾਮੀ 60 ਸਾਲ ਤੋਂ ਘੱਟ ਕੋਈ ਨਹੀਂ ਹੋਵੇਗਾ, 60 ਸਾਲ ਤੋਂ 90 ਸਾਲ ਤਕ ਦੇ ਹੋਣਗੇ। ਇਸ ਕਰਕੇ ਬਗੈਰ ਸਹਾਇਕ ਦੇ ਸਫਰ ਕਰਨਾ ਬੜਾ ਕਠਿਨ ਹੈ।

ਨੰਬਰ ਦੋ, ਜੇ ਸਫ਼ਰ ਦੇ ਮਾਮਲੇ ਵਿਚ ਭਾਰਤ ਸਰਕਾਰ ਆਪਣੀ ਕਲਾਜ਼ ਦੇ ਮੁਤਾਬਿਕ ਇਕ ਹੋਰ ਆਦਮੀ ਨੂੰ ਸਫਰ ਕਰਨ ਦੀ ਇਜਾਜ਼ਤ ਦੇ ਸਕਦੀ ਹੈ ਤਾਂ ਫਿਰ ਪੰਜਾਬ ਸਰਕਾਰ ਨੂੰ ਕੋਈ ਅਪੱਤੀ ਨਹੀਂ ਹੋਣੀ ਚਾਹੀਦੀ। ਪੰਜਾਬ ਸਰਕਾਰ ਦੀਆਂ ਸਾਰੀਆਂ ਬੱਸਾਂ ਵਿਚ ਚਾਹੇ ਉਹ ਡੀਲਕਸ ਹੋਣ ਜਾਂ ਹੋਰ ਉਨ੍ਹਾਂ ਵਿਚ ਸਫ਼ਰ ਕਰਨ ਦੀ ਸਹੂਲਤ ਦੇਣ ਵਾਸਤੇ ਸਰਕਾਰ ਨੂੰ ਗੌਰ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ : ਰੇਲਵੇ ਵਾਲਿਆਂ ਦੇ ਪਾਸ ਸਰਪਲੱਸ ਬਜਟ ਹੁੰਦਾ ਹੈ ਅਤੇ ਉਨ੍ਹਾਂ ਨੂੰ ਕਰੋੜਾਂ ਰੁਪਏ ਦਾ ਪ੍ਰਾਫਿਟ ਹਰ ਸਾਲ ਹੁੰਦਾ ਹੈ। ਉਹ ਆਪਣਾ ਕਿਰਾਇਆ ਹਰ ਸਾਲ ਵਧਾ ਦਿੰਦੇ ਹਨ ਪਰ ਅਸੀਂ ਆਪਣਾ ਕਿਰਾਇਆ ਹਰ ਸਾਲ ਨਹੀਂ ਵਧਾ ਸਕਦੇ, ਇਸ ਲਈ ਉਨ੍ਹਾਂ ਨੂੰ ਹਰ ਮਹੀਨੇ ਨਹੀਂ ਜਾਣਾ ਪੈਂਦਾ ਬਲਕਿ 3 ਮਹੀਨੇ ਬਾਅਦ ਰੀਨਿਊ ਕਰਵਾਉਂਦੇ ਹਨ। ਇਹ ਰੀਨਿਊਅਲ ਕਰਵਾਉਣੀ 6 ਮਹੀਨਿਆਂ ਦੇ ਵਿਚ ਕਰ ਦੇਵਾਂਗੇ। 3 ਹਜ਼ਾਰ ਕਿਲੋਮੀਟਰ ਤੱਕ ਦਾ ਸਫ਼ਰ ਕਰ ਦਿੱਤਾ ਹੈ, ਉਹ ਘਰ ਹੀ ਬੈਠੇ ਰਹਿੰਦੇ ਹਨ, ਉਨ੍ਹਾਂ ਨੂੰ ਮਜਬੂਰੀ ਵਿਚ ਹੀ ਬਾਹਰ ਜਾਣਾ ਪੈਂਦਾ ਹੈ।

Serial no 67.

Sardar Sukhdev Singh Dhindsa
Giani Arjan Singh Litt : Sir, I beg to draw the attention of the Government towards a matter of urgent public importance, namely, the State Government had appointed Justice C.S. Tiwana to inquire into the allegations of torture, maltreatment and inhuman measures adopted by the Punjab Police against the youth detained in the Ladda Kothi, District Sangrur. However the Government has not published the said report submitted by Justice C.S. Tiwana. A great resentment and anger is prevailing amongst the people of Punjab, particularly the Sikhs against the inability of the Government regarding making the said report public. In view of the urgency of the matter the Government should make a statement on the Floor of the House regarding publication of the report of Justice C.S. Tiwana.

Minister of State for Home (Captain Kanwaljit Singh) : Speaker Sahib, in Criminal Misc. writ Petition No. 833-M of 1985, "Court on its own Motion Versus Home Secretary to Government, Punjab and others" the Hon'ble Punjab and Haryana High Court passed orders on 16th September, 1985 directing that Shri S.S. Dhanoa, the then Adviser to the Punjab Governor shall hold an inquiry in relation to the allegations of torture of some detenus at Ladha Kothi Jail in District Sangrur. On the revocation of the President's Rule and the coming into power of a popular Government in the State in September, 1985, Shri S.S. Dhanoa vacated his position as Adviser to the Governor Punjab and was transferred to New Delhi, in the Government of India. Because of these developments he could not hold the said enquiry. It was proposed to the Hon'ble High Court that the said inquiry may be entrusted to Shri C.S. Tiwana, Retired Judge of the Punjab and Haryana High Court. The Hon'ble Court agreed to this proposal and modified its earlier orders dated 16th September, 1985 and entrusted the Enquiry to

[Minister of State for Home]

Shri C.S. Tiwana. The Hon'ble Court further observed that "in order to facilitate the enquiry, the Government would be well advised to consider issuing a notification under the Commissions of Inquiry Act, 1952 with regard to this enquiry by Justice C.S. Tiwana". Justice C.S. Tiwana, Retired Judge of the Punjab and Haryana High Court, Chandigarh was accordingly appointed as one-man Commission under the Commissions of Inquiry Act, 1952,—*vide* Punjab Government Notification No. 12832-1 HIII-85/8281, dated 29th November, 1985. Justice C.S. Tiwana (Retired) submitted his report to the State Government on 30th May, 1986.

2. The enquiry report made by the Tiwana Commission of Enquiry is being laid on the Table of the House during the current session of the Punjab Vidhan Sabha.

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਕਿਤੇ ਹੋਰ ਲੈ ਗਏ। ਉਥੇ ਨੌਜਵਾਨਾਂ ਤੇ ਤਸ਼ੱਦਦ ਅਤੇ ਭੈੜਾ ਸਲੂਕ ਅਫਸਰਾਂ ਵਲੋਂ ਕੀਤਾ ਗਿਆ। ਸਪੀਕਰ ਸਾਹਿਬ, ਇਸ ਦੀ ਚੰਗੀ ਤਰ੍ਹਾਂ ਇਨਕੁਆਇਰੀ ਕਰਨੀ ਚਾਹੀਦੀ ਸੀ। ਜਸਟਿਸ ਸੀ.ਐਸ. ਟਿਵਾਣਾ ਕਮਿਸ਼ਨ ਦੀ ਰਿਪੋਰਟ ਛਾਪਣੀ ਸੀ, ਇਹ ਇਨਕੁਆਇਰੀ ਕਮਿਸ਼ਨ ਐਕਟ ਦੇ ਅਧੀਨ ਕਮਿਸ਼ਨ ਬਣਾਇਆ ਗਿਆ ਸੀ। ਅੱਜ ਸਰਕਾਰ ਇਸ ਤੋਂ ਮੁੱਕਰ ਰਹੀ ਹੈ। ਇਹੀ ਕਾਰਨ ਹੈ, ਸਪੀਕਰ ਸਾਹਿਬ, ਕਿ ਪੰਜਾਬ ਵਿਚ ਅਮਨ ਨਹੀਂ ਹੁੰਦਾ। ਬੇਗੁਨਾਹ ਬੱਚਿਆਂ ਤੇ ਤਸ਼ੱਦਦ ਕੀਤਾ ਗਿਆ ਪਰ ਸਰਕਾਰ ਇਨਕੁਆਇਰੀ ਕਰਨ ਲਈ ਤਿਆਰ ਨਹੀਂ। ਮੈਂ, ਸਪੀਕਰ ਸਾਹਿਬ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕਹਾਂਗਾ ਕਿ ਇਸ ਕੇਸ ਦੀ ਇਨਕੁਆਇਰੀ ਕਰਕੇ ਕਸੂਰਵਾਰ ਅਫਸਰਾਂ ਨੂੰ ਜਿਨ੍ਹਾਂ ਨੇ ਭੈੜਾ ਸਲੂਕ ਕੀਤਾ ਹੈ ਕੀ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇਗੀ ?

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਆਨਰੇਬਲ ਮੈਂਬਰ ਸਾਹਿਬ, ਗਿਆਨੀ ਅਰਜਨ ਸਿੰਘ ਲਿੱਟ ਜੀ ਨੇ ਸੁਣਿਆ ਨਹੀਂ ਜਾਂ ਸਮਝ ਨਹੀਂ ਸਕੇ। ਇਸ ਕੇਸ ਦੀ ਇਨਕੁਆਇਰੀ ਹੋ ਗਈ ਹੈ ਔਰ ਇਨਕੁਆਇਰੀ ਰਿਪੋਰਟ ਵੀ ਮੁਕੰਮਲ ਹੋ ਚੁੱਕੀ ਹੈ। ਇਸ ਵੇਲੇ ਇਨਕੁਆਇਰੀ ਰਿਪੋਰਟ ਗੌਰਮਿੰਟ ਕੋਲ ਆ ਗਈ ਹੈ। ਦੋ ਤਿੰਨ ਦਿਨਾਂ ਵਿਚ, ਸਪੀਕਰ ਸਾਹਿਬ, ਇਹ ਸਦਨ ਦੀ ਮੇਜ਼ ਤੇ ਰੱਖੀ ਜਾ ਰਹੀ ਹੈ। (ਥੰਪਿੰਗ)

ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਗਿਆਤ ਵਾਸਤੇ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਬੰਦਿਆਂ ਨੂੰ ਟੌਰਚਰ ਕੀਤਾ ਗਿਆ ਸੀ ਉਨ੍ਹਾਂ ਨੌਜਵਾਨਾਂ ਨੂੰ 9 ਲੱਖ ਰੁਪਏ ਦਾ ਮੁਆਵਜ਼ਾ ਵੀ ਪੰਜਾਬ ਗੌਰ-ਮਿੰਟ ਨੇ ਦੇਣ ਦਾ ਫੈਸਲਾ ਕੀਤਾ ਹੈ। (ਥੰਪਿੰਗ) ਸਪੀਕਰ ਸਾਹਿਬ, ਇਹ ਇਸ ਗੱਲ ਦੀ ਖੁਸ਼ੀ ਵੀ ਇਥੇ ਜ਼ਾਹਿਰ ਨਹੀਂ ਕਰ ਸਕਦੇ ਕਿ ਗੌਰਮਿੰਟ ਨੇ 9 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਫ਼ੈਸਲਾ ਕੀਤਾ ਹੈ। (ਥੰਪਿੰਗ) ਇਸ ਦਾ ਪ੍ਰਤੀਕਰਮ ਵੀ ਇਨ੍ਹਾਂ ਵਲੋਂ ਨਹੀਂ ਆਇਆ। ਇਹ ਸਪੀਕਰ ਸਾਹਿਬ, ਪਹਿਲੀ ਦਫਾ ਹੋਇਆ ਹੈ। (ਥੰਪਿੰਗ)

Serial No. 85

Mr. Speaker: Next Call Attention Notice No. 85, Sardar Bhag Singh

Sardar Bhag Singh
Sardar Gurcharan Singh Nihalsinghwala
Pandit Sarwan Ram } :Sir, I beg to draw the attention of the Government towards a matter of urgent public importance, namely, the sugar mills in Punjab are not purchasing sugarcane of farmers

Big queues of carts and trollies loaded with sugarcane are seen everywhere before the sugar mills. Many days farmers have to wait for their turn. Much resentment is prevailing amongst the farmers, particularly sugarcane growers. Moreover, very much anxiety is prevailing among the minds of farmers community because of the coming summer season. Valuable agriculture produce, it is feared, that of not consuming the sugarcane spee dily by the sugar mills shall cause unbearable loss to the people. Hence it is a fit matter for the Government to make a statement on the Floor of the House.

Cooperation Minister (Sardar Prem Singh Chandumajra) : In Punjab ten sugar mills are engaged in sugarcane crushing. They include six mills in Cooperative Sector, two on State owned and two in Private Sector. These mills started working from 3rd week of October, or early November, 1986 with the exception of Gurdaspur Sugar Mills which started on 19th November, 1986 because of strike by some Mill workers followed by another strike by the cane growers as well.

So far 180 lac quintals of cane has been crushed as against 150 lac quintals during the last full season. It is expected that the Mills would crush 220 lac quintals during the current season. The Mills in Co-operative Sector are expected to crush 137 lac quintals as against 89 lac quintals last season, showing an increase of 53% over the state average of 46%. The percentage increase in the State owned sector would be 36% and private sector 40%. This increase is due to the rise in the productivity as also area under sugarcane. The increase has also led to apparent rush to the Mills As the Mills started crushing earlier and will close later, it is expected they would be able to handle this rush effectively. The Cooperative as well as State owned sector are both sure to crush their share of the bonded cane. Similar assurance has been given by the Managements of the Private Mills to the Cane Commissioner, Punjab. In the circumstances the cane growers should have no cause to be anxious about disposal of their bonded cane.

Chief Minister (Sardar Surjit Singh Barnala) : Sir, I would like to correct the answer given by the Minister. The answer was that in Punjab ten sugar mills are engaged in sugarcane crushing. Today there are 11 sugar mills which are engaged in sugarcane crushing. Yesterday another sugar mill has started.

ਸ੍ਰੀ ਸਪੀਕਰ : ਇਹ ਤਾਂ ਐਡੀਸ਼ਨ ਹੀ ਹੋਈ ਨਾ ਫੇਰ।

ਮੁੱਖ ਮੰਤਰੀ : ਹਾਂ ਜੀ, ਅੱਜ ਹੋ ਗਈ ਹੈ।

ਸਰਦਾਰ ਭਾਗ ਸਿੰਘ : ਸਪੀਕਰ ਸਾਹਿਬ, ਸਰਕਾਰ ਦੇ ਕਰਾਪ ਡਾਈਵਰਸੀਫਿਕੇਸ਼ਨ ਪਲਾਨ ਦੇ ਤਹਿਤ ਜ਼ਿਮੀਂਦਾਰਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਕਿ ਉਹ ਵੱਧ ਤੋਂ ਵੱਧ ਗੰਨਾਂ ਪੀੜਨ ਲੇਕਿਨ ਕੀ ਵਜ਼ੀਰ ਸਾਹਿਬ ਇਹ ਐਸ਼ੋਰੈਂਸ ਦੇਣਗੇ ਕਿ ਜਿੰਨੀ ਦੇਰ ਤੱਕ ਜ਼ਿਮੀਂਦਾਰਾਂ ਦਾ ਗੰਨਾ ਕਰੱਸ਼ ਨਹੀਂ ਹੋ ਜਾਂਦਾ, ਇਹ ਮਿਲਜ਼ ਨੂੰ ਬੰਦ ਨਹੀਂ ਕਰਨਗੇ ?

ਸਹਿਕਾਰਤਾ ਮੰਤਰੀ : ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਮੈਂਬਰ ਸਾਹਿਬ ਦੀ ਕਿ ਇਸ ਸਾਲ ਗੰਨੇ ਦੀ ਪੈਦਾਵਾਰ ਬਹੁਤ ਹੋਈ ਹੈ। ਇਸ ਦਾ ਕਾਰਨ ਹੈ ਕਿ ਅਸੀਂ ਕਿਸਾਨਾਂ ਨੂੰ ਗੰਨੇ ਦੇ ਬੀਜ ਲਈ 25 ਲੱਖ ਤੋਂ ਲੈ ਕੇ 35–35 ਲੱਖ ਰੁਪਿਆ ਤੱਕ ਹਰ ਮਿੱਲ ਨੇ ਬਿਨਾਂ ਵਿਆਜ ਤੋਂ ਕਰਜ਼ੇ ਦਿੱਤੇ ਔਰ ਦਵਾਈਆਂ 25% ਸਬਸਿਡੀ ਤੇ ਦਿੱਤੀਆਂ। ਤਕਰੀਬਨ 30 ਲੱਖ ਰੁਪਿਆ ਕਿਸਾਨਾਂ ਨੂੰ

[ਸ਼ਹਿਕਾਰਤਾ ਮੰਤਰੀ]

ਦਵਾਈਆਂ ਵਾਸਤੇ, ਸਪਰੇ ਪੰਪਾਂ ਰਾਹੀਂ ਸਪਰੇ ਕਰਾਈ, ਇਸ ਕਰਕੇ ਏਰੀਏ ਵਿੱਚ ਵਾਧਾ ਹੋਇਆ ਹੈ। ਦੂਜਾ ਕਾਰਨ ਮੈਂ ਸਮਝਦਾ ਹਾਂ ਕਿ ਗੰਨੇ ਦੀ ਕੀਮਤ ਭਾਰਤ ਸਰਕਾਰ ਨੇ ਇਕ ਰੁਪਿਆ ਪ੍ਰਤੀ ਕੁਇੰਟਲ ਵਧਾਈ ਹੈ ਜਦ ਕਿ ਪੰਜਾਬ ਸਰਕਾਰ ਨੇ 2 ਰੁਪਏ ਪ੍ਰਤੀ ਕੁਇੰਟਲ ਵਧਾ ਦਿੱਤੀ ਹੈ। 4 ਕਰੋੜ ਰੁਪਿਆ ਪੰਜਾਬ ਦੇ ਲੋਕਾਂ ਨੂੰ ਗੰਨੇ ਦੀ ਵੱਧ ਕੀਮਤ ਦਿੱਤੀ। (ਥੰਪਿੰਗ) ਇਸ ਨਾਲ ਕਿਸਾਨਾਂ ਦਾ ਉਤਸ਼ਾਹ ਵਧਿਆ। ਤੀਜਾ ਕਾਰਨ, ਗੁੜ ਦੀਆਂ ਕੀਮਤਾਂ ਜਿਹੜੀਆਂ ਪਿਛਲੇ ਸਾਲ 4 ਰੁਪਏ ਕਿਲੋ ਸੀ, ਅੱਜ 3 ਰੁਪਏ ਕਿਲੋ ਹੈ। ਇਸ ਨਾਲ ਮਿਲਾਂ ਵਿੱਚ ਰੱਸ਼ ਬਹੁਤ ਹੋ ਗਿਆ ਹੈ ਅਤੇ ਇਹੀ ਕਾਰਨ ਹੈ ਕਿ ਮਿੱਲਾਂ ਪਿਛਲੇ ਸਾਲ ਨਾਲੋਂ 15 ਦਿਨ ਪਹਿਲਾਂ ਸ਼ੁਰੂ ਕੀਤੀਆਂ ਅਤੇ ਇਕ ਮਹੀਨਾ ਪਿਛੇ ਪਿੜਾਈ ਖ਼ਤਮ ਕਰਾਂਗੇ। ਇਕੱਲੇ ਕੋਆਪਰੇਟਿਵ ਸੈਕਟਰ ਵਿੱਚ 48 ਲੱਖ ਕੁਇੰਟਲ ਗੰਨਾਂ ਵੱਧ ਪੀੜ ਦੇਣਾ ਹੈ ਅਤੇ ਪੰਜਾਬ ਦੇ ਪਿੰਡਾਂ ਵਿਚ ਕੋਈ ਗੰਨੇ ਦੀ ਪੋਰੀ ਐਸੀ ਖੜ੍ਹੀ ਨਹੀਂ ਰਹਿਣ ਦਿਆਂਗੇ ਜਿਹੜੀ ਪੀੜਨ ਤੋਂ ਵਾਂਝੀ ਰਹਿ ਜਾਵੇਗੀ। ਅਤੇ ਆਉਣ ਵਾਲੇ ਸਾਲਾਂ ਵਿਚ ਯਤਨ ਕਰਾਂਗੇ, ਜਿਵੇਂ ਮੈਂਬਰ ਸਾਹਿਬ ਨੇ ਕਿਹਾ ਹੈ, ਅਤੇ ਫੇਰ ਮੁੱਖ-ਮੰਤਰੀ ਸਾਹਿਬ ਨੇ ਕਿਹਾ ਹੈ, ਇਹ ਮੇਰੇ ਧਿਆਨ ਵਿੱਚ ਸੀ, ਪਰ ਮੈਂ ਪੁਰਾਣਾ ਹਵਾਲਾ ਦਿੱਤਾ ਸੀ, ਮੈਨੂੰ ਮਾਣ ਹੈ ਕਿ ਕੱਲ ਹੀ ਸੀ.ਐਮ. ਸਾਹਿਬ ਬੁਢੇਵਾਲ ਦੀ ਮਿੱਲ ਦਾ ਉਦਘਾਟਨ ਕਰਕੇ ਆਏ ਹਨ। ਉਸ ਮਿੱਲ ਨੇ 2 ਲੱਖ ਕੁਇੰਟਲ ਗੰਨਾ ਇਸੇ ਸੀਜ਼ਨ ਵਿੱਚ ਹੀ ਪੀੜ ਦੇਣਾ ਹੈ। ਮੈਂ ਇਹ ਵੀ ਦੱਸਣਾ ਚਾਹਵਾਂਗਾ , ਮੈਂਬਰ ਸਾਹਿਬ ਨੂੰ ਕਿ 2 ਖੰਡ ਮਿਲਾਂ ਹੋਰ ਅਗਲੇ ਸਾਲ ਗੰਨੇ ਦੀ ਪਿੜਾਈ ਲਈ ਮੁਕੰਮਲ ਹੋ ਜਾਣਗੀਆਂ। ਅਤੇ ਜੇ ਹੋਰ ਵੀ ਗੰਨਾ ਹੋ ਜਾਂਦਾ ਹੈ ਤਾਂ 6 ਖੰਡ ਮਿਲਾਂ ਦਾ ਅਸੀਂ ਹੋਰ ਪ੍ਰਬੰਧ ਕਰ ਰਹੇ ਹਾਂ ਤਾਂਕਿ ਕਰਾਪ ਡਾਇਵਰਸੀਫਿਕੇਸ਼ਨ ਦੀ ਨੀਤੀ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਅਸੀਂ ਕਿਸਾਨਾਂ ਨੂੰ ਦੱਸ ਰਹੇ ਹਾਂ ਕਿ ਗੰਨੇ ਤੋਂ ਖਾਸ ਤੌਰ ਤੇ 2 ਹਜ਼ਾਰ ਰੁਪਏ ਪਰ ਏਕੜ ਖੰਡ ਮਿਲਾਂ ਕਾਰਨ ਵੱਧ ਆਮਦਨ ਹੁੰਦੀ ਹੈ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਵੀ ਇਕ ਬੇਨਤੀ ਕਰਨੀ ਹੈ......

ਸ਼੍ਰੀ ਸਪੀਕਰ : ਸ਼ਰਦਾਰ ਦਿਲਬਾਗ ਸਿੰਘ ਜੀ, ਕਾਲ ਅਟੈਨਸ਼ਨਜ਼ ਲਈ ਵੀ ਇਕ ਲਿਮਿਟ ਹੁੰਦੀ ਹੈ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਇਹ ਮੇਰੇ ਸਹਿਤ 3–4 ਮੈਂਬਰ ਸਾਹਿਬਾਨ ਵਲੋਂ ਸੀ।

ਸ਼੍ਰੀ ਸਪੀਕਰ : ਜੀ ਨਹੀਂ, ਇਹ ਠੀਕ ਨਹੀਂ। ਇਸ ਵਿੱਚ ਤੁਹਾਡਾ ਨਾਂ ਨਹੀਂ ਹੈ। ਇਹ ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ, ਪੰਡਿਤ ਸਰਵਣ ਰਾਮ ਅਤੇ ਸਰਦਾਰ ਭਾਗ ਸਿੰਘ ਵਲੋਂ ਸੀ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਇਹ ਦਿਲਬਾਗ ਸਿੰਘ ਵਲੋਂ ਵੀ ਹੈ। ਮੈਂ ਇਕ ਬੇਨਤੀ ਕਰਨੀ ਹੈ......

ਸ਼੍ਰੀ ਸਪੀਕਰ : ਉਹ ਤੁਸੀਂ out of the House ਕਰ ਲੈਣਾ। ਏਥੇ ਰਹਿਣ ਦਿਓ।

ਸਰਦਾਰ ਦਿਲਬਾਗ ਸਿੰਘ : ** ** **

**Not recorded as ordered by the Chair.

Mr. Speaker: Whatever is being said by Sardar Dilbagh Singh without my permission, that should not form part of the record.

PRESENTATION OF REPORTS

Mr. Speaker : The Chairman, Committee on Subordinate Legislation to present a Report.

The Chairman, Committee on Subordinate Legislation (Sardar Parshotam Singh) : Sir, I beg to present the Twenty Second Report of the Committee on Subordinate Legislation for the year 1986-87.

Mr. Speaker : The Chairman, Committee on Papers Laid/To be laid on the Table to present the Report.

The Chairman Committee on Papers laid/to be laid on the Table (Raja Narinder Singh) : Sir, I beg to present the Fourth Report of the Committee on Papers Laid/to be Laid on the Table for the year 1986-87.

The Chairman, Public Accounts Committee (Sardar Jasdev Singh Sandhu) ; Sir, I beg to present the—

(i) 81st Report of the Committee on Public Accounts on the Appropriation Accounts of the Government of Punjab for the years 1976-77, 1977-78, 1978-79 and 1979-80 and the Reports of the Comptroller and Auditor General of India for the years 1976-77, 1977-78, 1978-79 and 1979-80 (Revenue Receipts) relating to the Cooperation Department ;

(ii) 82nd Report of the Committee on Public Accounts on the Appropriation Accounts of the Government of Punjab for the years 1976-77 and 1977-78 and the Reports of the Comptroller and Auditor General of India for the years 1976-77 and 1977-78 (Revenue Receipts) relating to the Irrigation Department ; and

(iii) 83rd Report of the Committee on Public Accounts on the Appropriation Accounts of the Government of Punjab for the year 1976-77 and the Report of the Comptroller and Auditor General of India for the year 1976-77 (Revenue Receipts) relating to the Revenue Department.

ਸਭਾਪਤੀ, ਅਨੁਮਾਨ ਕਮੇਟੀ (ਗਿਆਨੀ ਅਰਜਨ ਸਿੰਘ ਲਿੱਟ) : ਸ੍ਰੀਮਾਨ ਜੀ, ਮੈਂ ਸਾਲ 1986-87 ਲਈ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀਆਂ—

(i) ਸਭਿਆਚਾਰਕ ਮਾਮਲੇ ਪੁਰਾਲੇਖ ਅਤੇ ਅਜਾਇਬਘਰ ਵਿਭਾਗ ; ਅਤੇ

(ii) ਜੇਲ ਵਿਭਾਗ ਦੀਆਂ ਰਿਪੋਰਟਾਂ ਪੇਸ਼ ਕਰਦਾ ਹਾਂ ।

A Member of the Committee on Government Assurances (Shri Ram Parkash Bali) : Sir, I beg to present the 26th report of the committee on Government Assurance,s for the year 1986-87.

LEGISLATIVE BUSINESS

THE PUNJAB APPROPRIATION (NO. 2) BILL, 1987

Finance Minister (Sardar Balwant Singh) : Sir, I beg to introduce the Punjab Appropriation (No. 2) Bill.

Sir, I also beg to move—

That the Punjab Appropriation (No. 2) Bill be taken into consideration at once.

Mr. Speaker : Motion moved—

That the Punjab Appropriation (No. 2) Bill be taken into consideration at once.

ਡਾਕਟਰ ਕੇਵਲ ਕ੍ਰਿਸ਼ਨ (ਮੁਕੇਰੀਆਂ) : ਸਪੀਕਰ ਸਾਹਿਬ, 41,77,78,40,000 ਰੁਪਿਆ ਐਪ੍ਰੋਪ੍ਰੀਏਸ਼ਨ ਰਾਹੀਂ ਨਿਕਾਲਿਆ ਜਾ ਰਿਹਾ ਹੈ। ਬਜਟ ਪ੍ਰੋਜ਼ਲਜ਼ ਬਾਅਦ ਐਪ੍ਰੋਪ੍ਰੀਏਸ਼ਨ ਬਿਲ ਅਜ ਸਦਨ ਵਿਚ ਪੇਸ਼ ਹੋਇਆ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬਜਟ ਪ੍ਰੋਪੋਜ਼ਲਜ਼, ਫਾਈਨਾਂਸ ਮਨਿਸਟਰ ਸਾਹਿਬ ਨੇ ਬੜੀ ਮਿਹਨਤ ਨਾਲ ਤਿਆਰ ਕੀਤੀਆਂ ਹਨ। ਸਪੀਕਰ ਸਾਹਿਬ ਇਥੇ ਪਹਿਲੀ ਵਾਰ ਮੈਂ ਦੇਖਿਆ ਹੈ ਕਿ ਫਾਈਨਾਂਸ ਮਨਿਸਟਰ ਸਾਹਿਬ ਨੇ ਸਾਰੀ ਬਜਟ ਸਪੀਚ ਜਿਹੜੀ ਹੈ ਇਹ ਪੜ੍ਹਨ ਦਾ ਕਸ਼ਟ ਨਹੀਂ ਕੀਤਾ, ਸ਼ਾਇਦ ਉਨ੍ਹਾਂ ਦੀ ਸਿਹਤ ਇਜਾਜ਼ਤ ਨਹੀਂ ਦਿੰਦੀ ਹੋਏਗੀ ਪਰ ਸਿਹਤ ਤਾਂ ਉਨ੍ਹਾਂ ਦੀ ਬੜੀ ਚੰਗੀ ਹੈ। ਇਥੇ ਬੜੇ ਜ਼ੋਰ ਨਾਲ ਤਿੰਨ ਚਾਰ ਤਕਰੀਰਾਂ ਕੀਤੀਆਂ ਹਨ ਅਤੇ ਜੋਸ਼ ਨਾਲ ਕੀਤੀਆਂ ਹਨ। (ਵਿਘਨ) ਕੱਦ ਜ਼ਰੂਰ ਛੋਟਾ ਹੈ ਪਰ ਇਰਾਦਾ ਬਹੁਤ ਉੱਚਾ ਹੈ। ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ ਇਕ ਵਾਰੀ ਚੀਫ਼ ਮਨਿਸਟਰ ਦੀ ਕੁਰਸੀ ਵੀ ਆਫਰ ਹੋਈ ਸੀ ਪਰ ਉਨ੍ਹਾਂ ਨੇ ਲਾਰਜਰ ਇੰਟ੍ਰਸਟ ਆਫ ਦੀ ਨੇਸ਼ਨ ਐਂਡ ਪੰਜਾਬ ਇੰਟ੍ਰਸਟ ਨੂੰ ਸਾਹਮਣੇ ਰਖਦੇ ਹੋਏ ਉਨ੍ਹਾਂ ਨੇ ਇਹ ਕੁਰਸੀ ਠੁਕਰਾ ਦਿੱਤੀ ਸੀ (ਥੰਪਿੰਗ) ਤਾਕਿ ਪੰਜਾਬ ਤਰੱਕੀ ਕਰੇ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ) ਪਰ ਜਿਹੜਾ,

12 33 A. M.

ਡਿਪਟੀ ਸਪੀਕਰ ਸਾਹਿਬ, ਉਹ ਬਜਟ ਸਪੀਚ ਤੇ ਸਕਿਪ ਓਵਰ ਕਰਦੇ ਚਲੇ ਗਏ, ਜਿਹੜਾ ਇਹ ਸਪੀਚ ਪੜ੍ਹਨ ਨੂੰ ਡੇਢ ਘੰਟਾ ਲਗਦਾ ਉਹ ਇਨ੍ਹਾਂ ਨੇ 15 ਮਿੰਟਾਂ ਵਿਚ ਹੀ ਖਤਮ ਕਰ ਦਿੱਤੀ, ਸ਼ਾਇਦ ਇਹ ਇਸ ਕਰਕੇ ਹੋਇਆ ਕਿ ਉਨ੍ਹਾਂ ਨੂੰ ਬਜਟ ਸਪੀਚ ਪਸੰਦ ਨਹੀਂ ਆਈ ਹੋਣੀ ਔਰ ਸਾਨੂੰ ਸੁਣਨ ਨੂੰ ਵੀ ਉਹ ਕੋਈ ਠੀਕ ਨਹੀਂ ਲਗੀ ਕਿਉਂਕਿ ਉਸ ਵਿਚ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਸੀ ਜਿਸ ਨੂੰ ਕਿ ਮੈਂਬਰ ਸਾਹਿਬ ਪਸੰਦ ਕਰਦੇ ਔਰ ਉਸ ਦੀ ਪਰਸ਼ੰਸਾ ਕਰਦੇ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਜਿਹੜਾ ਬਜਟ ਪੇਸ਼ ਹੋਇਆ ਸੀ ਉਸ ਰਾਹੀਂ 41 ਅਰਬ ਤੋਂ ਜ਼ਿਆਦਾ ਰਕਮ ਕਢਾਈ ਜਾ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਇੱਕ ਰੁਟੀਨ ਬਜਟ ਹੈ, ਜੋ ਕੁਝ ਪਿਛਲੇ ਸਾਲ 1986-87 ਵਿਚ ਹੋਇਆ। ਉਨ੍ਹਾਂ ਪੂਰਨਿਆਂ ਤੇ ਚਲਦੇ ਹੋਏ ਇਸ ਬਜਟ ਨੂੰ ਬਣਾਇਆ ਗਿਆ। ਕੋਈ ਨਵੀਂ ਸੇਧ, ਨਵਾਂ ਇਸ਼ਾਰਾ ਨਹੀਂ ਹੈ। ਤਰੱਕੀ ਦੀ ਨਵੀਂ ਦਿਸ਼ਾ, ਡਿਪਟੀ ਸਪੀਕਰ ਸਾਹਿਬ, ਇਸ ਬਜਟ ਵਿਚ ਆਨਰੇਬਲ ਮੈਂਬਰ ਸਾਹਿਬਾਨ ਔਰ ਪੰਜਾਬ ਦੇ ਲੋਕਾਂ ਨੂੰ, ਨਈ ਰੋਸ਼ਨੀ ਇਸ ਬਜਟ ਵਿਚ ਨਜ਼ਰ ਨਹੀਂ ਆਈ। ਫਿਰ, ਡਿਪਟੀ ਸਪੀਕਰ ਸਾਹਿਬ, ਐਨਾ ਇੰਬੈਲੈਂਸ ਬਜਟ, ਘਾਟੇ ਵਾਲਾ ਬਜਟ ਅੱਜ ਤਕ ਸ਼ਾਇਦ ਇਸ ਸਦਨ ਵਿਚ ਪੇਸ਼ ਨਹੀਂ ਹੋਇਆ। 225 ਕਰੋੜ ਰੁਪਏ ਦਾ ਘਾਟਾ ਦਰਸਾਇਆ ਹੋਇਆ ਹੈ। ਉਸ ਨੂੰ ਪੂਰਾ ਕਰਨ ਵਾਸਤੇ ਸੈਂਟਰਲ ਸਰਕਾਰ ਤੋਂ ਪੈਸੇ ਮੰਗੇ ਗਏ ਹਨ। ਜੋ 40 ਕਰੋੜ ਦੇ ਟੈਕਸਿਜ਼ ਲਗਾਏ ਹਨ ਉਨ੍ਹਾਂ ਬਾਰੇ ਸਪੱਸ਼ਟੀਕਰਨ ਨਹੀਂ ਕੀਤਾ ਗਿਆ। ਕਮੇਟੀਆਂ ਬਣਾ ਦਿੱਤੀਆਂ ਜਾਣਗੀਆਂ। ਮੈਂ ਸਮਝਦਾ ਹਾਂ ਕਿ ਇਸ ਨੂੰ ਅਸੀਂ ਗੈਰ-ਮੁਤਵਾਜ਼ਨ ਔਰ ਇੰਬੈਲੱਸ਼ੈਡ ਬਜਟ ਕਹਾਂਗੇ। ਡਿਪਟੀ ਸਪੀਕਰ ਸਾਹਿਬ, ਇਕ ਹਵਾਈ ਕਿਲੇ ਹੁੰਦੇ ਹਨ, ਇਕ ਹਵਾਈ ਘੋੜੇ ਹੁੰਦੇ ਹਨ ਅਤੇ ਇਕ ਹਵਾਈ ਖਿਆਲ ਹੁੰਦੇ ਹਨ। ਇਹ ਬੱਜਟ ਜੋ ਕੁਝ ਹੈ ਉਹ ਹੈ ਲੇਕਿਨ 25 ਸੌ ਕਰੋੜ ਰੁਪਏ ਦੀ ਇਕ ਪ੍ਰਧਾਨ ਮੰਤਰੀ ਦੇ ਨਾਮ ਨਾਲ ਔਰ ਸਵਰਗੀਯ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਨਾਮ ਨਾਲ ਪਲਾਨ ਜੋੜੀ ਗਈ ਹੈ। ਪਲਾਨ ਕੀ ਹੈ, ਕਿਥੇ ਹੈ, ਜ਼ਮੀਨ ਤੇ ਹੈ ਜਾਂ ਆਸਮਾਨ ਵਿਚ ਹੈ, ਉਸ ਦੇ ਲਈ ਪੈਸਾ ਕਿਥੋਂ ਆਉਣਾ ਹੈ, ਇਸ ਦਾ ਕੀ ਕੀਤਾ ਜਾਵੇਗਾ, ਇਸ ਦਾ ਕੋਈ ਵੇਰਵਾ ਨਹੀਂ ਹੈ। ਇਕ ਪੈਰਾਗ੍ਰਾਫ ਲਿਖ ਕੇ ਗੱਲ ਖ਼ਤਮ ਕਰ ਦਿਤੀ ਗਈ ਹੈ।

ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੀਆਂ ਹਵਾਈ ਗੱਲਾਂ ਬੱਜਟ ਦੇ ਵਿਚ ਨਹੀਂ ਆਉਣੀਆਂ ਚਾਹੀਦੀਆਂ ਜਿਸ ਦਾ ਨਾ ਕੋਈ ਪ੍ਰੋਗਰਾਮ ਹੋਵੇ ਔਰ ਨਾ ਹੀ ਪਤਾ ਹੋਵੇ ਕਿ ਇਹ ਗੱਲ ਕਿਸ ਪਾਸੇ ਨੂੰ ਹੋਵੇਗੀ ਅਤੇ ਇਸ ਦਾ ਕੀ ਬਣੇਗਾ। ਡਿਪਟੀ ਸਪੀਕਰ ਸਾਹਿਬ, 775 ਕਰੋੜ ਰੁਪਿਆ ਐਨੂਅਲ ਪਲਾਨ ਦਾ ਹੈ। ਮੈਂ ਸਮਝਦਾ ਹਾਂ ਕਿ ਇਹ ਸਭ ਤੋਂ ਜ਼ਿਆਦਾ ਹੈ। ਲੇਕਿਨ ਮੈਨੂੰ ਇਹ ਗੱਲ ਕਹਿੰਦੇ ਹੋਏ ਕੋਈ ਸੰਕੋਚ ਨਹੀਂ ਹੈ ਕਿ ਐਗਰੀਕਲਚਰ ਪਰੋਡਕਸ਼ਨ ਇਸ ਪੰਜਾਬ ਦੀ ਐਨੀ ਹੈ ਕਿ ਇਸ ਦੇ ਉਤੇ ਸਾਰੇ ਹਿੰਦੁਸਤਾਨ ਨੂੰ ਮਾਣ ਹੈ ਔਰ ਪੰਜਾਬ 60% ਅਨਾਜ ਸੈਂਟਰਲ ਪੂਲ ਦੇ ਵਿਚ ਦੇ ਕੇ ਸਾਰੇ ਹਿੰਦੁਸਤਾਨ ਵਿਚ ਇਕ ਮਾਣ ਪ੍ਰਾਪਤ ਕਰਦਾ ਹੈ। ਪਰ ਇਸ ਐਗਰੀਕਲਚਰ ਸੈਕਸ਼ਨ ਵਾਸਤੇ ਇਸ ਬੱਜਟ ਵਿਚ ਪਰੋਵੀਜ਼ਨ ਕਿੰਨੀ ਰੱਖੀ ਗਈ ਹੈ ? ਇਹ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ 1983-84 ਵਿੱਚ ਜਦੋਂ 440 ਕਰੋੜ ਰੁਪਏ ਦਾ ਬੱਜਟ ਸੀ ਤਾਂ ਉਦੋਂ 13.28% ਪਰੋਵੀਜ਼ਨ ਸੀ । ਔਰ ਇਹ ਪਰੋਵੀਜ਼ਨ ਬਜਟ ਐਟ ਏ ਗਲਾਂਸ ਵਿਚ ਸਾਡੇ ਫਾਈਨਾਂਸ ਮਨਿਸਟਰ ਸਾਹਿਬ ਦੇਖ ਸਕਦੇ ਹਨ 1986-87 ਵਿਚ ਇਹ 9.34% ਸੀ ਔਰ 1987-88 ਵਿਚ ਘਟ ਕੇ, ਡਿਪਟੀ ਸਪੀਕਰ ਸਾਹਿਬ, 7.54% ਹੋ ਗਈ ਹੈ। ਡਿਪਟੀ ਸਪੀਕਰ ਸਾਹਿਬ, ਟਰਾਂਸਪੋਰਟ ਦੇ ਮਹਿਕਮੇ ਦਾ ਭੱਠਾ ਬੈਠਾ ਗਿਆ ਹੈ। ਇਨ੍ਹਾਂ ਦੇ ਦਿਲ ਦਿਮਾਗ ਵਿਚ ਸ਼ਾਇਦ ਇਰਾਦਾ ਇਹ ਹੈ ਕਿ ਅਸੀਂ ਡੀਨੈਸ਼ਨੇਲਾਈਜੇਸ਼ਨ ਕਰ ਦੇਣੀ ਹੈ ਅਤੇ ਟਰਾਂਸਪੋਰਟ ਨੈਸ਼ਨੇਲਾਈਜ਼ ਨਹੀਂ ਕਰਨੀ। ਟਰਾਂਸਪੋਰਟ ਵਾਸਤੇ 1983-84 ਵਿਚ ਰੱਖਿਆ ਸੀ 5.72%, 1986-87 ਵਿਚ 4.73% ਸੀ ਅਤੇ 1987-88 ਵਿਚ 3.95%, ਯਾਨੀ ਕਿ ਘਟਾ ਦਿੱਤਾ ਹੈ। ਇਸ ਤਰ੍ਹਾਂ ਟਰਾਂਸਪੋਰਟ ਵਾਸਤੇ ਐਲੋਕੇਸ਼ਨ ਘੱਟ ਹੈ ਅਤੇ ਇਹ ਸਭ ਨਾਲੋਂ ਘੱਟ ਰੱਖੀ ਹੈ। ਐਜੂਕੇਸ਼ਨ ਦੇ ਬਾਰੇ ਜੋ ਇਸ ਵਿਚ ਲਿਖਿਆ ਹੋਇਆ ਹੈ ਉਸ ਦੇ ਮੁਤਾਬਿਕ 1983-84 ਵਿਚ 15.11% ਸੀ, 1986-87 ਵਿਚ ਇਹ 2.57% ਸੀ ਅਤੇ 1987-88 ਵਾਸਤੇ 2.62% ਰੱਖਿਆ ਹੈ। ਇਹ ਇਸ ਨੂੰ ਦੇਖ ਲੈਣ। ਇਹ ਪੈਸਾ ਥੋੜ੍ਹਾ ਹੈ। ਪਹਿਲੇ ਜਿਹੜੇ 300 ਸਕੂਲ ਹਰ ਸਾਲ ਅੱਪਗਰੇਡ ਹੁੰਦੇ ਸੀ ਉਹ ਹੁਣ ਨਹੀਂ ਹੋ ਸਕਣਗੇ । ਅਗਰ ਪਲਾਨ ਦੇ ਵਿਚ ਇਹ ਨਹੀਂ ਲਿਖਣਗੇ ਸ਼ਾਇਦ ਇਨ੍ਹਾਂ ਦਾ ਮਤਲਬ ਇਹ ਹੋਵੇਗਾ ਕਿ ਪਿਛਲੇ ਸਾਲ ਅੱਪ-ਗਰੇਡ ਕਰ ਦਿੱਤੇ ਸਨ। ਪਿਛਲੇ ਸਾਲ ਦੇ ਕੀਤੇ ਸਕੂਲਾਂ ਦਾ ਜ਼ਿਕਰ ਕੀਤਾ ਹੈ ਪਰ ਨਵੇਂ ਇਸ ਸਾਲ ਜਿਹੜੇ ਕਰਨੇ ਹਨ ਉਸ ਦਾ ਜ਼ਿਕਰ ਨਹੀਂ। ਮੈਨੂੰ ਲੱਗਦਾ ਹੈ ਕਿ ਇਸ ਸਾਲ ਕੋਈ ਅੱਪ-ਗਰੇਡ ਨਹੀਂ ਕਰਨਾ। ਜੇ ਅੱਪਗਰੇਡ ਕਰਨ ਦਾ ਇਰਾਦਾ ਨਹੀਂ ਤਾਂ ਆਪਣੀ ਸਪੀਚ ਵਿਚ ਦੱਸਣ ਕਿ ਅਸੀਂ 1987-88 ਵਿੱਚ ਕਿੰਨੇ ਸਕੂਲ ਅੱਪਗਰੇਡ ਕਰਨੇ ਹਨ ਤਾਕਿ ਐਜੂਕੇਸ਼ਨ ਪੰਜਾਬ ਦੀ ਅੱਗੇ ਚਲ ਸਕੇ। ਹੁਣ ਮੈਂ ਰੂਰਲ ਡੀਵੈਲਪਮੈਂਟ ਵੱਲ ਆਉਂਦਾ ਹਾਂ। ਇਸ ਵਾਸਤੇ ਬਹੁਤ ਵੱਡਾ ਹਿੱਸਾ ਰੱਖਿਆ ਹੈ। 1983-84 ਵਿਚ 5% ਪੈਸਾ ਇਸ ਵਾਸਤੇ ਰੱਖਿਆ ਗਿਆ ਸੀ। ਇਹ ਸਰਕਾਰ ਜੋ ਕਿ ਪਿੰਡਾਂ ਦੇ ਲੋਕਾਂ ਨਾਲ ਪਿਆਰ ਕਰਨ ਵਾਲੀ ਸਰਕਾਰ ਕਹਾਉਂਦੀ ਹੈ ਇਨ੍ਹਾਂ ਨੂੰ ਇਸ ਪਾਸੇ ਜ਼ਿਆਦਾ ਪੈਸਾ ਰੱਖਣਾ ਚਾਹੀਦਾ ਸੀ ਲੇਕਿਨ 1986-87 ਵਿਚ ਇਸ ਵਾਸਤੇ 2.9% ਰਖਿਆ। ਇਸ ਸਾਲ ਦੇ ਬੱਜਟ ਵਿਚ ਸਾਲ 1987-88 ਵਿਚ, 1.79% ਰੱਖਿਆ ਹੈ। ਇਸ ਗੱਲ ਦੀ ਮੈਂ ਸ਼ਲਾਘਾ ਕਰਦਾ ਹਾਂ। ਇਰੀਗੇਸ਼ਨ ਐਂਡ ਪਾਵਰ ਲਈ ਵੱਧ ਤੋਂ ਵੱਧ ਪੈਸਾ ਰਖਿਆ ਗਿਆ ਹੈ। ਇਹ ਕਾਬਲੇ ਤਾਰੀਫ, ਅੱਛੀ ਗੱਲ ਕੀਤੀ ਹੈ। ਬਗੈਰ ਇਰੀਗੇਸ਼ਨ ਔਰ ਪਾਵਰ ਦੇ ਨਾ ਇੰਡਸਟਰੀ ਵੱਧ ਸਕਦੀ ਹੈ ਔਰ ਨਾ ਐਗਰੀਕਲਚਰ ਅੱਗੇ ਜਾ ਸਕਦੀ ਹੈ । ਲੇਕਿਨ, ਡਿਪਟੀ ਸਪੀਕਰ ਸਾਹਿਬ ਇਨ੍ਹਾਂ ਨੇ ਇਹ ਤਾਂ ਪੈਸਾ ਜ਼ਿਆਦਾ ਰੱਖਿਆ ਹੈ ਕਿ ਇਸ ਸਾਲ ਥੀਨ ਡੈਮ ਵਾਸਤੇ ਪੈਸਾ ਸੈਂਟਰ ਤੋਂ ਮਿਲਣਾ ਹੈ ਉਹ ਪੈਸਾ ਆਉਣ ਨਾਲ ਇਸ ਦੀ ਪਰਸੈਂਟੇਜ ਵੱਧ ਗਈ ਹੈ। ਮੇਰੇ ਫਾਜ਼ਿਲ

[ਡਾਕਟਰ ਕੇਵਲ ਕ੍ਰਿਸ਼ਨ]

ਦੋਸਤ ਮੈਨੂੰ ਇਸ ਗੱਲ ਲਈ ਮੁਆਫ ਕਰਨਗੇ ਕਿ ਇਨ੍ਹਾਂ ਨੇ ਬਜਟ ਨੂੰ ਬਹੁਤ ਪੁਲਿਟੀਕੇਲਾਈਜ਼ ਕਰ ਦਿਤਾ ਹੈ। ਔਰ ਆਪਣੀ ਬਜਟ ਸਪੀਚ ਵਿੱਚ ਇਨ੍ਹਾਂ ਨੇ ਪਹਿਲੇ ਪੇਜ ਤੇ ਹੀ ਬੜਾ ਸਖ਼ਤ ਫਿਕਰਾ ਇਸਤੇਮਾਲ ਕੀਤਾ ਹੈ।

"......Punjab has once again retained its proud position of being the leading State of the Union in the matter of per capita income. This brilliant success is all the more significant because in the tenure of the previous non-Akali Governments, the State had started sliding down."

ਡਿਪਟੀ ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਮੈਂ ਤੁਹਾਡੇ ਜ਼ਰੀਏ, ਫਾਈਨਾਂਸ ਮਨਿਸਟਰ ਸਾਹਿਬ ਨੂੰ ਇਹ ਕਹਿਣੀ ਚਾਹਾਂਗਾ ਕਿ ਪਰ ਕੈਪੀਟਾ ਇਨਕਮ, ਪੰਜਾਬ ਵਿੱਚ ਭਾਵੇਂ ਕਿਸ ਤਰ੍ਹਾਂ ਦੇ ਹਾਲਾਤ ਰਹੇ, ਬੁਰੇ ਤੋਂ ਬੁਰੇ ਹਾਲਾਤ ਵੀ ਰਹੇ ਹਨ ਅਤੇ ਹੁਣ ਵੀ ਹਨ ਲੇਕਿਨ ਪਰ ਕੈਪੀਟਾ ਇਨਕਮ ਪਿਛਲੇ ਸਾਲਾਂ ਵਿੱਚ ਕਦੇ ਨਹੀਂ ਡਿਗੀ, ਕਦੇ ਨਹੀਂ ਘੱਟੀ। ਇਹ ਖਾਹ-ਮਖਾਹ ਫਿਕਰਾ ਲਿਆ ਕੇ ਮੈਂਬਰਜ਼ ਨੂੰ, ਹਾਊਸ ਨੂੰ ਮਿਸਲੀਡ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੇਜ 100-101 ਆਫ਼ ਸਟੈਟਿਸਟੀਕਲ ਐਬਸਟਰੈਕਟ ਪੰਜਾਬ, 1986 ਵਿੱਚ ਪਰ ਕੈਪੀਟਾ ਇਨਕਮ ਦਾ ਉਥੇ ਜ਼ਿਕਰ ਕੀਤਾ ਹੈ। ਇਥੇ ਹੈ ਤਾਂ 19 ਸਟੇਟਾਂ ਪਰ ਮੈਂ ਦੱਸਣਾ ਚਾਹਾਂਗਾ ਕਿ 1970-71 ਵਿੱਚ ਪੰਜਾਬ ਦੀ ਪਰ ਕੈਪੀਟਾ ਇਨਕਮ ਜੋ ਸੀ ਉਹ 1070 ਸੀ ਔਰ ਹਰਿਆਣੇ ਦੀ ਸੀ 877, ਕਰਨਾਟਕਾ ਦੀ 641, ਰਾਜਿਸਥਾਨ ਦੀ 65। ਔਰ ਗੁਜਰਾਤ ਦੀ ਸੀ 829 ਯਾਨੀ ਕਿਸੇ ਸਟੇਟ ਦੀ ਜ਼ਿਆਦਾ ਨਹੀਂ। ਇਸੇ ਤਰ੍ਹਾਂ ਮੈਂ 1983-84 ਦੀਆਂ ਜੋ ਫਿਗਰਜ਼ ਹਨ ਉਹ ਵੀ ਦੱਸਣਾ ਚਾਹੁੰਦਾ ਹਾਂ ਕਿਉਂਕਿ ਮੇਰੇ ਪਾਸ 1970-71 ਦੀਆਂ ਔਰ 1983-84, 1984-85 ਦੀਆਂ ਕੰਪੈਰੇਟਿਵ ਫਿਗਰਜ਼ ਹਨ। ਡਿਪਟੀ ਸਪੀਕਰ ਸਾਹਿਬ, 1983-84 ਵਿੱਚ ਸਾਡੀ 3732 ਸੀ ਔਰ ਦੂਸਰੇ ਦਰਜੇ ਤੇ ਹਰਿਆਣਾ ਸੀ ਜਿਸ ਦੀ 3037 ਸੀ। ਇਸੇ ਤਰ੍ਹਾਂ 1984-85 ਵਿੱਚ ਸਾਡੀ 4103 ਸੀ ਅਤੇ ਹਰਿਆਣੇ ਦੀ 3269 ਸੀ। ਮੈਂ ਕਹਿਣਾ ਚਾਹਾਂਗਾ ਕਿ ਐਵੇਂ ਇਨ੍ਹਾਂ ਨੂੰ ਲੋਕਾਂ ਦੀ ਅੱਖਾਂ ਵਿੱਚ ਧੂੜ ਨਹੀ ਝੋਂਕਣੀ ਚਾਹੀਦੀ, ਫੈਕਟਸ ਲੋਕਾਂ ਦੇ ਸਾਹਮਣੇ ਰਖਣੇ ਚਾਹੀਦੇ ਹਨ।

ਵਿੱਤ ਮੰਤਰੀ (ਬੈਠੇ, ਬੈਠੇ): ਡਾਕਟਰ ਸਾਹਿਬ, ਅੱਗਲਾ ਸਫ਼ਾ ਵੀ ਪੜ੍ਹ ਲਓ।

ਡਾਕਟਰ ਕੇਵਲ ਕ੍ਰਿਸ਼ਨ : ਪਰ ਕੇਪੀਟਾ ਇਨਕਮ ਇਸ ਤਰ੍ਹਾਂ ਇਨ੍ਹਾਂ ਦੱਸ ਕੇ ਗ਼ਲਤ ਗੱਲ ਕੀਤੀ ਹੈ, ਹਾਊਸ ਨੂੰ ਮਿਸਲੀਡ ਕੀਤਾ ਹੈ। ਇਹ ਆਪਣੀ ਸਪੀਚ ਵਿਚ ਸਪੱਸ਼ਟ ਕਰਨੇ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਨਾਨ-ਅਕਾਲੀ ਗੌਰਮਿੰਟਸ ਦੇ ਕਾਰਨ ਇਹ ਪੰਜਾਬ ਦੀ ਜੋ ਆਰਥਕ ਹਾਲਤ ਹੈ ਉਹ ਖ਼ਰਾਬ ਹੋ ਗਈ ਹੈ ਇਹ ਇਨ੍ਹਾਂ ਨੇ ਇਕ ਇਲਜ਼ਾਮ ਲਗਾਇਆ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਫਾਈਨਾਂਸ ਮਨਿਸਟਰ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ ਹਿੰਦੁਸਤਾਨ ਨੂੰ ਆਜ਼ਾਦ ਹੋਇਆਂ ਅੱਜ 40 ਸਾਲ ਹੋ ਹੋ ਗਏ ਹਨ, 39 ਸਾਲ 6 ਮਹੀਨੇ ਔਰ 15 ਦਿਨ ਹੋ ਗਏ ਹਨ ਔਰ ਇਸ ਸਾਰੇ ਵਕਤ ਵਿਚੋਂ, ਡਿਪਟੀ ਸਪੀਕਰ ਸਾਹਿਬ, 30 ਸਾਲ ਤੋਂ ਜ਼ਿਆਦਾ ਵਕਤ ਇਸ ਪੰਜਾਬ ਦੀ ਸੇਵਾ ਕਾਂਗਰਸ ਪਾਰਟੀ ਨੇ, ਕਾਂਗਰਸ ਗੌਰਮਿੰਟ ਨੇ ਕੀਤੀ ਹੈ ਹੋਰ ਕਿਸੇ ਨੇ ਨਹੀਂ ਕੀਤੀ ਔਰ 9 ਸਾਲ 6 ਮਹੀਨੇ 15 ਦਿਨ ਜੋ ਸਰਕਾਰ ਰਹੀ ਹੈ ਉਸ ਦਾ ਅਨਲੇਸਿਜ਼ ਕਰਕੇ ਮੈਂ ਕਹਾਂਗਾ ਕਿ ਇਥੇ ਅਕਾਲੀ ਸਰਕਾਰ ਪਿਓਰ ਕਦੇ ਨਹੀਂ ਬਣੀ ਸਵਾਏ 1985 ਦੇ, 1967 ਵਿੱਚ ਕੁਲੀਸ਼ਨ ਸਰਕਾਰ ਬਣੀ ਸੀ, 1969 ਵਿੱਚ ਕੁਲੀਸ਼ਨ ਸਰਕਾਰ ਬਣੀ ਸੀ ਪਿਓਰ ਅਕਾਲੀ ਸਰਕਾਰ ਮੈਜਾਰਿਟੀ ਦੀ ਇਥੇ ਕਦੀ ਨਹੀਂ ਆਈ। ਮੈਂ ਇਹ ਗੱਲ ਵਾਜ਼ੇ ਕਰਨਾ ਚਾਹੁੰਦਾ ਹਾਂ, ਸਾਫ਼ ਕਰਨਾ ਚਾਹੁੰਦਾ ਹਾਂ। 1985 ਵਿੱਚ 73 ਐਮ. ਐਲ. ਏਜ਼, ਅਕਾਲੀ ਪਾਰਟੀ ਦੇ ਜਿੱਤ ਕੇ ਆਏ ਔਰ ਇਨ੍ਹਾਂ ਦੀ ਜ਼ੋਰਦਾਰ ਸਰਕਾਰ ਬਣੀ ਔਰ ਇਸ ਸਾਰੇ ਹਿੰਦੁਸਤਾਨ ਦੇ ਲੋਕਾਂ ਨੇ ਹੀ ਨਹੀਂ

ਬਲਕਿ ਪੰਜਾਬ ਦੇ ਲੋਕਾਂ ਨੇ ਵੀ ਸੁਖ ਦਾ ਸਾਹ ਲਿਆ ਕਿਉਂਕਿ ਇਲੈਕਸ਼ਨ ਦੇ ਦਿਨਾਂ ਕੋਈ ਗੋਲੀ ਨਹੀਂ ਚਲੀ, ਕੋਈ ਐਸੀ ਵਾਰਦਾਤ ਨਹੀਂ ਹੋਈ ਸਭ ਕੁਝ ਠੀਕ ਰਿਹਾ ਔਰ ਲੋਕਾਂ ਨੇ ਕਿਹਾ ਕਿ ਪੰਜਾਬ ਵਿਚ ਵੀ ਅਮਨ ਦਾ ਮਾਹੌਲ ਹੁਣ ਆਵੇਗਾ। ਡਿਪਟੀ ਸਪੀਕਰ ਸਾਹਿਬ, ਜਿਹੜੀ ਅਕਾਲੀ ਸਰਕਾਰ ਹੈ, ਜਿਹੜੀ ਸੱਚਮੁੱਚ ਅਕਾਲੀਆਂ ਦੀ ਸੀ ਉਹ ਕਿੰਨੇ ਮਹੀਨੇ ਚਲੀ; ਮੁਆਫ਼ ਕਰਨਾ ਜੇ ਮੈਂ ਕਹਾਂ ਕਿ ਛੇ ਮਹੀਨੇ ਤੋਂ ਜ਼ਿਆਦਾ ਨਹੀਂ ਚਲੀ। ਬਾਕੀ ਜਿਹੜੀਆਂ ਸਰਕਾਰਾਂ ਸਨ ਤੁਸੀਂ ਭਾਵੇਂ ਉਸ ਨੂੰ ਅਕਾਲੀ ਸਰਕਾਰ ਕਹਿ ਲਵੋ, ਕਿਸੇ ਦੀ ਸਪੋਰਟ ਤੇ ਖੜੀ ਹੈ ਕਹਿ ਲਵੋ, ਸੈਂਟਰ ਦੇ ਸਹਾਰੇ ਖੜੀ ਕਹਿ ਲਵੋ, ਪਰ ਇਹ ਕਲੇਮ ਕਰਨਾ ਕਿ ਅਕਾਲੀ ਸਰਕਾਰ ਨੇ ਤਰੱਕੀ ਕੀਤੀ ਹੈ ਅਤੇ ਨਾਨ ਅਕਾਲੀ ਸਰਕਾਰਾਂ ਨੇ ਕੁਝ ਨਹੀਂ ਕੀਤਾ ਇਹ ਸਚਾਈ ਤੇ ਪਰਦਾ ਪਾਉਣ ਵਾਲੀ ਗੱਲ ਹੈ, ਜਦ ਕਿ ਪੰਜਾਬ ਦੀ ਕਾਂਗਰਸ ਗੌਰਮਿੰਟ ਔਰ ਨਾਨ-ਕਾਂਗਰਸ ਗੌਰਮਿੰਟਾਂ 39 ਸਾਲ ਰਹੀਆਂ। ਕੀ ਇਹ ਛੇ ਮਹੀਨਿਆਂ ਲਈ ਕੁਝ ਕਲੇਮ ਕਰ ਸਕਦੇ ਹਨ। ਇਨ੍ਹਾਂ ਦਾ ਇਹ ਕਲੇਮ ਠੀਕ ਨਹੀਂ। ਹੁਣ ਵੀ ਜਿਸ ਤਰ੍ਹਾਂ ਸਰਕਾਰ ਚਲ ਰਹੀ ਹੈ, ਜੋ ਕੁਝ ਹੋ ਰਿਹਾ ਹੈ ਮੈਂ ਉਸ ਬਾਰੇ ਕਹਿਣਾ ਚਾਹਾਂਗਾ ਕਿ ਅਕਾਲੀ ਸਰਕਾਰ ਦੀ ਕੁਲ ਉਮਰ ਹੀ ਸਿਰਫ਼ ਛੇ ਮਹੀਨੇ ਹੈ ਬਾਕੀ ਜੋ ਕੁਝ ਚਲ ਰਿਹਾ ਹੈ ਉਹ ਤੁਹਾਡੇ ਸਾਹਮਣੇ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਹ ਵੀ ਕਹਾਂਗਾ ਕਿ ਪਰੋਫਿਉਡਲਜ਼ ਔਰ ਬੜੇ ਬੜੇ ਲੈਂਡ ਲਾਰਡਜ਼, ਬੜੇ ਬੜੇ ਇੰਡਸਟਰੀਆਲਿਸਟਸ ਵਾਸਤੇ ਸਭ ਕੁਝ ਹੈ ਪਰ ਗਰੀਬ ਵਾਸਤੇ ਇਨ੍ਹਾਂ ਕੋਲ ਕੁਝ ਨਹੀਂ। ਇਨ੍ਹਾਂ ਨੇ 350 ਕਰੋੜ ਰੁਪਿਆ ਫਿਉਡਾਲਿਸਟਸ ਨੂੰ ਮੁਆਫ਼ ਕਰ ਦਿੱਤਾ, ਜਿਹੜਾ ਸਿਰਫ਼ ਮਾਲਵੇ ਦੇ ਸੈਕਟਰ ਨੂੰ ਫਾਇਦਾ ਮਿਲਿਆ, 14 ਲੱਖ ਰੁਪਏ ਦਾ ਇਕੱਲਾ ਬਾਦਲ ਸਾਹਿਬ ਨੂੰ ਫ਼ਾਇਦਾ ਪਹੁੰਚਿਆ ਹੈ। ਮਾਫ਼ ਕਰਨਾ ਇਨ੍ਹਾਂ ਨੇ ਫ਼ਾਇਦਾ ਤਾਂ ਪਹੁੰਚਾ ਦਿੱਤਾ ਪਰ ਇਨ੍ਹਾਂ ਨੂੰ ਭੁਲਣਾ ਨਹੀਂ ਚਾਹੀਦਾ ਕਿ 26 ਪ੍ਰਤੀਸ਼ਤ ਲੋਕ ਕਸਬਿਆਂ ਜਾਂ ਮਿਉਂਸਪਲ ਏਰੀਆ ਵਿਚ ਰਹਿੰਦੇ ਹਨ। ਡਿਪਟੀ ਸਪੀਕਰ ਸਾਹਿਬ, 68 ਕਰੋੜ ਰੁਪਿਆ ਖਰਚ ਹੋਇਆ ਸੀ ਲੁਧਿਆਣਾ, ਅੰਮ੍ਰਿਤਸਰ, ਜਲੰਧਰ ਦੇ ਬੜੇ ਸ਼ਹਿਰਾਂ ਵਿਚ ਸੀਵਰੇਜ ਅਤੇ ਵਾਟਰ ਸਪਲਾਈ ਵਾਸਤੇ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਬੜੇ ਬੜੇ ਜ਼ਿਮੀਦਾਰਾਂ ਦੀ ਮਦਦ ਕੀਤੀ ਹੈ ਤਾਂ ਸ਼ਹਿਰਾਂ ਵਿਚ ਵਸਣ ਵਾਲਿਆਂ ਦੀ ਵੀ ਮਦਦ ਕਰੋ। ਜਿਹੜੇ ਲੋਕ ਸੀਵਰੇਜ ਔਰ ਡਰਿੰਕਿੰਗ ਵਾਟਰ ਬਿਲਾਂ ਨਾਲ ਦਬੇ ਹੋਏ ਹਨ ਉਹ ਪੈਸੇ ਅਦਾ ਨਹੀਂ ਕਰ ਸਕਦੇ ਉਨ੍ਹਾਂ ਨੂੰ ਵੀ ਰਾਹਤ ਦਿਓ ਤਾਂ ਕਿ ਉਹ ਲੋਕ ਵੀ ਇਹ ਸਮਝਣ ਕਿ ਇਹ ਪੰਜਾਬੀਆਂ ਦੀ ਸਰਕਾਰ ਹੈ ਸਭ ਦਾ ਸੋਚਦੀ ਹੈ। ਡਿਪਟੀ ਸਪੀਕਰ ਸਾਹਿਬ, ਮੈਨੂੰ ਕੋਈ ਇਤਰਾਜ਼ ਨਹੀਂ ਜਿਹੜੇ ਰਾਇਟ ਹਿੱਟਿਡ ਹਨ, ਮਾਈਗਰੈਂਟ ਫੈਮਿਲੀਜ਼ ਆਈਆਂ ਹਨ ਉਹ ਬੜੀਆਂ ਪਰੇਸ਼ਾਨ ਅਤੇ ਬੇਸਹਾਰਾ ਹਨ ਉਨ੍ਹਾਂ ਨੂੰ ਸਹਾਰਾ ਦੇਣਾ ਚਾਹੀਦਾ ਹੈ। ਜਿਨ੍ਹਾਂ ਹਾਲਾਤ ਵਿਚੋਂ ਉਹ ਆਏ ਹਨ ਉਨ੍ਹਾਂ ਹਾਲਾਤ ਦੀ ਜਿੰਨੀ ਨਿੰਦਾ ਕੀਤੀ ਜਾਏ ਉਤਨੀ ਥੋੜ੍ਹੀ ਹੈ ਅਤੇ ਜਿਨ੍ਹਾਂ ਨੇ ਉਹ ਹਾਲਾਤ ਬਣਾਏ ਉਹ ਦੇਸ਼ ਧ੍ਰੋਹੀ ਹਨ ਉਨ੍ਹਾਂ ਨੂੰ ਕਾਨੂੰਨ ਮੁਤਾਬਿਕ ਸਜ਼ਾ ਦੇਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, ਉਹ ਲੋਕ ਪੰਜਾਬ ਦੇ ਵਿਚ ਆਉਂਦੇ ਹਨ ਔਰ ਇਕ ਐਮ.ਐਲ.ਏ. ਦਸਤਖਤ ਕਰ ਦੇਵੇ ਤਾਂ ਉਸ ਨੂੰ ਸਮਝਿਆ ਜਾਏ ਕਿ ਉਹ ਮਾਈਗਰੇਂਟ ਹੈ। ਅੰਮ੍ਰਿਤਸਰ ਵਿਚ 12 ਡਿਪੂ ਕੈਂਸਲ ਹੋਏ ਹਨ ਕਿਉਂਕਿ ਲੋਕ ਵਾਪਸ ਬੰਗਾਲ ਵਿਚ, ਪਟਨਾ ਵਿਚ, ਬਿਹਾਰ ਵਿਚ, ਦਿਲੀ ਵਿਚ ਚਲੇ ਗਏ ਹਨ। ਉਨ੍ਹਾਂ ਦੀਆਂ ਉਥੇ ਜਾਇਦਾਦਾਂ ਹਨ ਇਸ ਗਲ ਤੇ ਹਾਊਸ ਵਿਚ ਬਹਿਸ ਹੋਈ। 1984 ਤੋਂ ਹੁਣ ਤਕ ਦੂਸਰੇ ਸੂਬਿਆਂ ਵਿਚ ਇਹੋ ਜਿਹੇ ਹਾਲਤ ਦੀ ਅਖਬਾਰਾਂ ਵਿਚ ਕੋਈ ਖ਼ਬਰ ਨਹੀਂ ਆਈ ਕਿ ਕਿਸੇ ਸੂਬੇ ਵਿਚ ਸਾਡੇ ਕਿਸੇ ਕੇਸਧਾਰੀ ਭਰਾਵਾਂ ਨੂੰ ਕੋਈ ਤਕਲੀਫ਼ ਜਾਂ ਕੋਈ ਜ਼ੁਲਮ ਹੋਇਆ ਹੋਵੇ। ਲੇਕਿਨ ਇਥੇ ਐਨਕਰੋਜ ਕੀਤਾ ਜਾ ਰਿਹਾ ਹੈ ਔਰ 26 ਹਜ਼ਾਰ ਰਜਿਸਟਰਡ ਹੋ ਚੁੱਕੇ ਹਨ ...

ਸਰਦਾਰ ਜਸਦੇਵ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਆਰਡਰ। ਇਹ ਬੜੇ ਆਨਰੇਬਲ ਮੈਂਬਰ ਹਨ, ਬੜੀ ਜ਼ਿਮੇਂਵਾਰੀ ਨਾਲ ਗਲ ਕਰ ਰਹੇ ਹਨ। ਮੈਂ ਇਨ੍ਹਾਂ ਨੂੰ

[ਸਰਦਾਰ ਜਸਦੇਵ ਸਿੰਘ ਸੰਧੂ]

ਦੱਸਣਾ ਚਾਹੁੰਦਾ ਹਾਂ ਕਿ ਹਿਮਾਚਲ ਵਿਚ ਹੁਣੇ ਹੀ ਤਿੰਨ ਬੰਦੇ ਡੇਰਾ ਵੱਡਭਾਗ ਸਿੰਘ ਵਿਚ ਜ਼ਿੰਦਾ ਜਲਾ ਕੇ ਮਾਰੇ ਹਨ ਅਤੇ ਗੁਰੂ ਨਾਨਕ ਯੂਨੀਵਰਸਿਟੀ ਦੇ ਵਿਦਿਆਰਥੀ ਜੋ ਡਲਹੌਜ਼ੀ ਗਏ ਸਨ ਉਨ੍ਹਾਂ ਦੀ ਬੇਪੱਤੀ ਕੀਤੀ ਗਈ ਹੈ ਤੇ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਹੁਣੇ ਹੀ ਕੰਢਾਘਾਟ ਵਿਖੇ ਬੇਪੱਤੀ ਕੀਤੀ ਗਈਹੈ। ਇਹ ਕੁਝ ਇਨ੍ਹਾਂ ਦੀ ਕਾਂਗਰਸ ਦੇ ਰਾਜ ਵਿਚ ਹੋ ਰਿਹਾ ਹੈ। ਇਹ ਬਾਹਰ ਜਾ ਕੇ ਵੇਖਣ ਕਿ ਕਿਸ ਤਰ੍ਹਾਂ ਪੰਜਾਬੀ ਘੁਟੀ ਹੋਈ ਜ਼ਿੰਦਗੀ ਬਸਰ ਕਰ ਰਹੇ ਹਨ। ਇਹ ਸਭ ਕੁਝ ਅਖ਼ਬਾਰਾਂ ਵਿਚ ਆਇਆ ਹੈ।

ਡਾਕਟਰ ਕੇਵਲ ਕ੍ਰਿਸ਼ਨ: ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਤੇ ਤੁਸੀਂ ਸੰਧੂ ਸਾਹਿਬ ਨੂੰ ਇੰਟਰਪਟ ਕਰਨ ਦਾ ਮੌਕਾ ਦਿੱਤਾ ਹੈ, ਮੈਂ ਸਮਝਦਾ ਹਾਂ ਕਿ ਕੋਈ ਰੂਲਜ਼ ਦੇ ਮੁਤਾਬਿਕ ਤਾਂ ਹੈ ਨਹੀਂ, ਨਾ ਤੁਸੀਂ ਇਹ ਨੋ-ਪੁਆਇੰਟ ਆਫ਼ ਆਰਡਰ ਕੀਤਾ ਹੈ। ਮੈਂ ਕਿਹਾ ਹੈ ਕਿ ਜਿਥੇ ਕਿਤੇ ਵੀ ਕੋਈ ਇਸ ਤਰ੍ਹਾਂ ਦੀ ਗੱਲ ਹੋਈ ਹੈ, ਮਦਦ ਦੇਣੀ ਚਾਹੀਦੀ ਹੈ। ਮੈਂ ਇਹ ਵੀ ਕਿਹਾ ਹੈ ਕਿ ਕਿਤੇ ਵੀ ਜ਼ੁਲਮ ਕੀਤਾ ਜਾਂਦਾ ਹੈ, ਕਾਬਲੇ ਮੁਜ਼ੱਮਤ ਹੈ, ਐਸਾ ਕਰਨ ਵਾਲੇ ਨੂੰ ਵਧ ਤੋਂ ਵੱਧ ਸਜ਼ਾ ਦੇਣੀ ਚਾਹੀਦੀ ਹੈ ਲੇਕਿਨ ਨਾਲ ਦੀ ਨਾਲ ਡਿਮਾਂਡ ਕਰਦਾ ਹਾਂ ਕਿ ਜਿਹੜਾ ਆਦਮੀ ਰਹੇ ਵੀ ਉਧਰ, ਕਾਰੋਬਾਰ ਵੀ ਉਧਰ ਕਰੇ, ਔਰ ਇਥੇ ਵੀ ਮਕਾਨ ਬਣਾ ਕੇ ਰਖ ਲਵੇ ਤਾਂ ਡਿਪਟੀ ਸਪੀਕਰ ਸਾਹਿਬ, ਇਸ ਦਾ ਮਤਲਬ ਇਹ ਹੋਵੇਗਾ ਕਿ ਇਨਡਾਇਰੈਕਟਲੀ ਉਨ੍ਹਾਂ ਨੂੰ ਸਰਕਾਰ ਜੋ ਇਸ ਤਰ੍ਹਾਂ ਕਰਦੇ ਹਨ ਇਨਕਰਜ ਕਰਦੀ ਹੈ। ਅਸੀਂ ਚਾਹੁੰਦੇ ਹਾਂ ਕਿ ਉਸ ਸਟੇਟ ਤੋਂ ਵੇਰੀਫਿਕੇਸ਼ਨ ਹੋਣੀ ਚਾਹੀਦੀ ਹੈ ਕਿ ਇਹ ਬੰਦਾ ਇਸ ਜਗ੍ਹਾ ਰਹਿੰਦਾ ਸੀ, ਰਾਇਟਸ ਦਾ ਸਿਕਾਰ ਹੋਇਆ ਹੈ ਔਰ ਇਥੋਂ ਸਭ ਕਝ ਛੱਡ ਕੇ ਪੰਜਾਬ ਚਲਾ ਗਿਆ ਹੈ। ਇਸ ਦੀ ਵੇਰੀਫਿਕੇਸ਼ਨ ਅਗਰ ਵਿਅਕਤੀ ਨਹੀਂ ਕਰਵਾ ਸਕਦੇ ਤਾਂ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਵੇਰੀਫਿਕੇਸ਼ਨ ਕਰੇ। ਤੀਸਰੀ ਗੱਲ, ਡਿਪਟੀ ਸਪੀਕਰ ਸਾਹਿਬ, ਇਸ ਸਬੰਧ ਵਿਚ ਮੈਂ ਕਹਾਂਗਾ ਕਿ ਇਸ ਬਜਟ ਸਪੀਚ ਵਿਚ 15 ਪੁਆਇੰਟ ਹਨ ਔਰ 14 ਪੁਆਇੰਟ ਤਕਰੀਬਨ ਐਸੇ ਹਨ ਜਿਹੜੇ ਕਿ ਮਾਈਗਰੈਂਟ ਦੀ ਮਦਦ ਦੇ ਹਨ। ਮੈਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ। ਸਰਕਾਰ ਨੇ ਇਸ ਤਰ੍ਹਾਂ ਦੀ ਪਾਲਿਸੀ ਰੱਖੀ ਹੈ ਕਿ ਜਿਹੜੇ ਟੈਰਾਰਿਸਟਸ ਹਿੱਟਿਡ ਲੋਕ ਹਨ ਉਨ੍ਹਾਂ ਦੀ ਮੱਦਦ ਐਟ-ਪਾਰ ਕਰਾਂਗੇ। ਮੈਂ ਚਾਹਵਾਂਗਾ ਕਿ ਕਿੰਨੀਆਂ ਵਿਧਵਾਵਾਂ ਹਨ ਟੈਰਾਰਿਸਟ-ਵਿਕਟਮਜ਼ ਜਿਨ੍ਹਾਂ ਦੀ ਮੱਦਦ ਕੀਤੀ ਹੈ, ਲੋਨ ਕਿੰਨਾਂ ਦਿੱਤਾ ਹੈ, ਕਿੰਨੇ ਮਕਾਨ ਦਿੱਤੇ ਹਨ, ਕਿੰਨੇ ਪਲਾਟ ਦਿੱਤੇ ਹਨ। ਅਗਰ ਐਟ-ਪਾਰ ਦਿੱਤਾ ਹੈ ਤਾਂ ਸਾਰੀਆਂ ਚੀਜ਼ਾਂ ਉਸ ਦੇ ਮਤਾਬਿਕ ਦਿੱਤੀਆਂ ਹਨ ਜਾਂ ਨਹੀਂ ਦਿੱਤੀਆਂ। ਸਾਨੂੰ ਇਤਰਾਜ਼ ਹੈ ਕਿ ਉਨ੍ਹਾਂ ਨੂੰ ਸਹੀ ਸਹੂਲਤਾਂ ਐਟ-ਪਾਰ ਨਹੀਂ ਮਿਲ ਰਹੀਆਂ। ਜੇਕਰ ਨਹੀਂ ਮਿਲ ਰਹੀਆਂ ਤਾਂ ਜਲਦੀ ਤੋਂ ਜਲਦੀ ਮਿਲਣੀਆਂ ਚਾਹੀਦੀਆਂ ਹਨ ਔਰ ਇਸ ਤਰ੍ਹਾਂ ਦੇ ਦੁੱਖੀ ਪਰਿਵਾਰ ਜੋ ਹਨ ਉਨ੍ਹਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਚਾਹੀਦੀ ਹੈ। ਜੇਕਰ ਅਸੀਂ ਭਾਈਚਾਰਾ ਠੀਕ ਰਖਣਾ ਹੈ, ਦੇਸ਼ ਦੀ ਏਕਤਾ ਔਰ ਅਖੰਡਤਾ ਨੂੰ ਮਜ਼ਬੂਤੀ ਨਾਲ ਖੜੇ ਰਹਿਣ ਦੇਣਾ ਹੈ ਤਾਂ, ਡਿਪਟੀ ਸਪੀਕਰ ਸਾਹਿਬ, ਮੈਂ ਇੱਕ ਗੱਲ ਪੰਜਾਬ ਬਾਰੇ ਕਹਾਂਗਾ ਕਿ ਇਹ ਜਿਹੜਾ ਬਜਟ ਹੈ, ਇਹ ਪਰੋਪੋਜ਼ਲਜ਼ ਹਨ, ਉਸ ਦੇ ਵਿਚ ਗਰੀਬ ਹੋਰ ਗਰੀਬ ਹੋਵੇਗਾ। ਇਨ੍ਹਾਂ ਗਰੀਬਾਂ ਨੂੰ ਮੱਦਦ ਦੇਣ ਲਈ ਜਿਨ੍ਹਾਂ ਨੂੰ ਯੈਲੋ ਕਾਰਡ ਦੇ ਕੇ ਆਈਡੈਂਟੀਫਾਈ ਕੀਤਾ ਸੀ ਉਹ 10 ਲੱਖ ਦੇ ਕਰੀਬ ਸੀ। ਸਰਕਾਰ ਨੇ ਪਾਲਿਸੀ ਬਣਾਈ ਹੈ ਕਿ ਹੋਰ ਗਿਣਤੀ ਵਧਾ ਦੇਣੀ ਹੈ। ਹੁਣ ਸ਼ਾਇਦ 11/12 ਲੱਖ ਹੋਏ ਹਨ। ਮੈਂ ਸਪੈਸੀਫਿਕਲੀ ਜਾਣਨਾ ਚਾਹਵਾਂਗਾ ਕਿ ਜਿਹੜੇ ਬੀਲੋਅ ਪਾਵਰਟੀ ਲਾਈਨ ਹਨ ਉਹ ਕਿੰਨੇ ਹਨ ਜਿਨ੍ਹਾਂ ਨੂੰ ਮੱਦਦ ਦਿੱਤੀ ਹੈ ਔਰ 9 ਲੱਖ ਜਾਂ 11 ਲੱਖ ਪਰਿਵਾਰਾਂ ਵਿਚੋਂ ਕਿੰਨਾਂ ਟਾਰਗੈਟ ਹੈ ਮੱਦਦ ਦੇਣ ਦਾ। ਜੇਕਰ ਇਸ ਤਰ੍ਹਾਂ ਪਤਾ ਨਾ ਲਗੇ ਤਾਂ ਲੋਕ ਕਹਿਣਗੇ ਕਿ ਗੌਰਮਿੰਟ ਕੁਝ ਨਹੀਂ ਕਰਨਾ ਚਾਹੁੰਦੀ। (ਵਿਘਨ)

ਡਿਪਟੀ ਸਪੀਕਰ ਸਾਹਿਬ, ਗਰੀਬੀ ਕਰਕੇ ਵਿਅਕਤੀ ਕਰਾਈਮ ਵੀ ਕਰਦਾ ਹੈ, ਗਰੀਬੀ ਲਾਹਨਤ ਹੈ। ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਅਗਰ ਇਕ ਵੀ ਗਰੀਬ ਦੀ ਅੱਖ ਵਿਚ ਆਂਸੂ ਹੈ ਤਾਂ ਸਾਨੂੰ

ਚੈਨ ਵਿਚ ਨਹੀਂ ਬੈਠਣਾ ਚਾਹੀਦਾ। ਇਸ ਤਰ੍ਹਾਂ ਸਮਾਲ ਸਕੇਲ ਇੰਡਸਟਰੀ ਹੈ। ਲੁਧਿਆਣੇ ਨੂੰ ਮਾਨ-ਚੈਸਟਰ ਕਿਹਾ ਜਾਂਦਾ ਸੀ, ਕਿਸ ਤਰ੍ਹਾਂ ਉਹ ਉਜੜਿਆ ਰਿਹਾ ਹੈ। ਅੰਮ੍ਰਿਤਸਰ ਇੰਡਸਟਰੀ ਦਾ ਬੁਰਾ ਹਾਲ ਹੋ ਗਿਆ ਹੈ। ਸਮਾਲ ਸਕੇਲ ਇੰਡਸਟਰੀਜ਼ ਨੂੰ ਉਥੇ ਦੇ ਹਾਲਾਤ ਨੇ ਤਬਾਹ ਕਰ ਦਿੱਤਾ ਹੈ। ਸਮਾਲ ਸਕੇਲ ਇੰਡਸਟਰੀਜ਼ ਵਾਸਤੇ ਫਾਇਨਾਂਸ ਮਨਿਸਟਰ ਸਾਹਿਬ ਨੇ ਕੋਈ ਨਵਾਂ ਇਨਸੈਂਟਿਵ ਅਨਾਊਂਸ ਨਹੀਂ ਕੀਤਾ। ਮੈਂ ਸਵਾਲ ਕੀਤਾ ਸੀ ਕਿ ਇਹ ਦੱਸਣ ਕਿ ਪਿੱਛਲੇ ਸਾਲ ਕਿਤਨੇ ਪ੍ਰਾਜੈਕਟਸ ਲਾਏ ਹਨ, ਕੀ ਉਹ ਪਰੋਡਕਸ਼ਨ ਦੇਣ ਲਗ ਗਏ ਹਨ। ਮੈਂ ਇਹ ਵੀ ਪੁੱਛਿਆ ਸੀ ਕਿ ਦੱਸਣ ਕਿ ਉਹ ਪਰੋਡਕਸ਼ਨ ਕਦੋਂ ਤੋਂ ਸ਼ੁਰੂ ਹੋਈ ਹੈ, ਕਿੰਨੀ ਹੋਈ ਹੈ। ਇਨ੍ਹਾਂ ਨੇ ਦੱਸਿਆ ਸੀ ਕਿ ਹਾਲੀ ਤੀਕਰ ਕਨਸਟਰੱਕਸ਼ਨ ਹੋ ਰਹੀ ਹੈ, ਪਰੋਡਕਸ਼ਨ ਜਦੋਂ ਸ਼ੁਰੂ ਹੋਵੇਗੀ ਦੱਸ ਦਿੱਤਾ ਜਾਵੇਗਾ। ਇਸ ਲਈ ਮੈਂ ਬਜਟ ਨੂੰ ਐਂਟੀ ਪੂਅਰ ਅਤੇ ਐਂਟੀ ਸਮਾਲ ਸਕੇਲ ਇੰਡਸਟਰੀਜ਼ ਕਹਾਂਗਾ। ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਲੇਬਰਰਜ਼ ਅਤੇ ਇੰਡਸਟਰੀਅਲ ਲੇਬਰਰਜ਼ ਵਾਸਤੇ ਇਸ ਵਿਚ ਕੋਈ ਸਹੂਲਤ ਨਹੀਂ। ਸਪੈਸੀਫਿਕਲੀ ਜਿਹੜੇ ਖੇਤਾਂ ਵਿਚ ਬਗੈਰ ਜ਼ਮੀਨ ਤੋਂ ਕੰਮ ਕਰਦੇ ਹਨ ਜਾਂ ਜਿਹੜੇ ਇੰਡਸਟਰੀਜ਼ ਵਿਚ ਬਗੈਰ ਮਾਲਕ ਬਣੇ ਕੰਮ ਕਰਦੇ ਹਨ ਉਹ ਆਪਣਾ ਪਸੀਨਾ ਵਹਾ ਕੇ ਕੰਮ ਕਰਦੇ ਹਨ ਪਰ ਉਨ੍ਹਾਂ ਦੀ ਇਸ ਵਿਚ ਕੋਈ ਮੱਦਦ ਨਹੀਂ ਨਹੀਂ ਕੀਤੀ ਗਈ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਇਸ ਬਜਟ ਸਪੀਚ ਦੇ ਪੇਜ 6 ਤੋਂ ਲੈ ਕੇ 14 ਤਕ, 8 ਸਫ਼ੇ ਐਫ. ਐਮ. ਸਾਹਿਬ ਨੇ ਸੈਂਟਰ ਨੂੰ ਗਾਲਾਂ ਕੱਢਣ ਤੇ ਹੀ ਲਾ ਦਿੱਤੇ ਹਨ (ਵਿਘਨ) ਜੇ ਗਾਲਾਂ ਕੱਢਣ ਤੇ ਨਹੀਂ ਕਹਿੰਦੇ ਤਾਂ ਸੈਂਟਰ ਸਟੇਟ ਦੀ ਫਿਜ਼ੀਕਲ ਪਾਲਿਸੀ ਨੂੰ ਡਿਸਕਸ ਕਰਨ ਤੇ ਹੀ ਲਾ ਦਿਤੇ ਹਨ। ਸ਼ਾਇਦ ਸਾਰਾ ਬਜਟ ਹੀ ਸਰਕਾਰੀਆ ਕਮਿਸ਼ਨ ਨੂੰ ਪੇਸ਼ ਕਰ ਰਹੇ ਹੋਣ। ਸੈਂਟਰ ਸਟੇਟ ਦੇ ਰਿਲੇਸ਼ਨ ਬਾਰੇ ਜੋ ਕੁਝ ਕਿਹਾ ਹੈ ਉਸ ਦੇ 2-3 ਫਿਕਰੇ ਮੈਂ ਸੁਣਾਉਣਾ ਚਾਹਾਂਗਾ ਕਿਉਂਕਿ ਉਹ ਅੱਛੇ ਟੇਸਟ ਵਿਚ ਨਹੀਂ ਹਨ। ਇਕ ਪਾਸੇ ਤਾਂ ਇਹ ਸੈਂਟਰ ਨੂੰ ਕੋਸੀ ਜਾ ਰਹੇ ਹਨ ਔਰ ਦੂਸਰੇ ਪਾਸੇ ਹਰ ਕੰਮ ਵਾਸਤੇ ਸੈਂਟਰ ਤੋਂ ਹੀ ਮੱਦਦ ਮੰਗਦੇ ਹਨ। ਔਰ ਮੈਂ ਤਾਂ ਇਹ ਕਹਾਂਗਾ ਕਿ ਪਿਛਲੇ ਡੇਢ ਸਾਲ ਵਿਚ ਤਾਂ ਇਕ ਐਸਾ ਐਟਮਾਸਫੀਅਰ ਪੈਦਾ ਕਰ ਦਿੱਤਾ ਹੈ ਕਿ ਸੈਂਟਰ ਨੂੰ ਹਰ ਜਗ੍ਹਾ ਪੰਜਾਬ ਦੇ ਕੋਨੇ ਕੋਨੇ ਵਿਚ ਗਾਲਾਂ ਕੱਢਣ ਔਰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ ਔਰ ਦੂਜੇ ਪਾਸੇ ਸੈਂਟਰ ਤੋਂ ਮੱਦਦ ਮੰਗਦੇ ਹਨ। ਇਹ ਲਾਈਨਾਂ ਮੈਂ ਇਥੇ ਪੜ੍ਹ ਦਿੰਦਾ ਹਾਂ :

"..Nothing would promote national unity and safeguard national integrity so much as a proper Central-State financial balance and judiciously determined Central State financial flows."

ਡਿਪਟੀ ਸਪੀਕਰ ਸਾਹਿਬ ਸਾਫ਼ ਸ਼ਬਦਾਂ ਵਿਚ ਮੈਂ ਇਹ ਕਹਾਂਗਾ ਕਿ ਇਨ੍ਹਾਂ ਦੇ ਲਫਜ਼ਾਂ ਮੁਤਾਬਿਕ ਹਿੰਦੁਸਤਾਨ ਦੀ ਯੂਨਿਟੀ ਔਰ ਇੰਟੈਗਰਿਟੀ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ। ਇਹ ਕਹਿ ਕਹਿ ਕੇ ਸੈਂਟਰ ਸਟੇਟ ਦੇ ਰਿਲੇਸ਼ਨ ਠੀਕ ਨਹੀਂ, ਇਸ ਕਰਕੇ ਯੂਨਿਟੀ ਨਹੀਂ ਹੋ ਸਕਦੀ। ਮੈਂ ਤਾਂ ਇਸ ਸਬੰਧ ਵਿਚ ਇਹੀ ਕਹਾਂਗਾ ਕਿ ਇਹ ਦੇਸ਼ ਦੀ ਯੂਨਿਟੀ ਔਰ ਇੰਟੈਗਰਿਟੀ ਇਤਨੀ ਕੱਚੀ ਨਹੀਂ ਜਾਂ ਕਮਜ਼ੋਰ ਨਹੀਂ ਜੋ 2-4 ਇਨ੍ਹਾਂ ਦੇ ਅਲਫਾਜ਼ ਕਹਿਣ ਤੇ ਖ਼ਤਮ ਹੋ ਜਾਵੇ। ਡਿਪਟੀ ਸਪੀਕਰ ਸਾਹਿਬ, ਹਾਲਾਤ ਔਰ ਵਾਕਿਆਤ ਤੋਂ ਬਾਹਰ ਨਹੀਂ ਜਾਣਾ ਚਾਹੀਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸੈਂਟਰ ਪੰਜਾਬ ਨੂੰ ਹਿੰਦੁਸਤਾਨ ਦਾ ਇਕ ਅਟੁੱਟ ਹਿੱਸਾ ਸਮਝਦਾ ਹੈ ਔਰ ਸੈਂਟਰ ਨੇ ਹਮੇਸ਼ਾਂ ਹੀ ਪੰਜਾਬ ਦੀ ਵੱਧ ਤੋਂ ਵੱਧ ਮੱਦਦ ਕੀਤੀ ਹੈ। ਤੁਹਾਨੂੰ ਪਤਾ ਹੈ ਕਿ ਪ੍ਰਾਈਮ ਮਨਿਸਟਰ ਸਾਹਿਬ ਨੇ ਇਥੇ ਆ ਕੇ ਕਪੂਰਥਲੇ ਵਿਚ 200 ਕਰੋੜ ਰੁਪਏ ਦੀ ਕੋਚ ਫੈਕਟਰੀ ਲਾਉਣ ਲਈ ਕਿਹਾ ਹੈ ਜਿਸ ਨਾਲ 10 ਹਜ਼ਾਰ ਲੋਕਾਂ ਨੂੰ ਫਾਇਦਾ ਹੋਵੇਗਾ। ਇਸੇ ਤਰ੍ਹਾਂ ਹੁਸੈਨੀਵਾਲਾ ਵਿਚ ਸਰਦਾਰ ਊਧਮ ਸਿੰਘ ਦੀ ਸਮਾਧ ਤੇ 1132 ਕਰੋੜ ਰੁਪਿਆ ਥੀਨ ਡੈਮ ਦੇ ਬਣਾਉਣ

[ਡਾਕਟਰ ਕੇਵਲ ਕ੍ਰਿਸ਼ਨ]

ਵਾਸਤੇ ਕਿਹਾ ਹੈ। ਇਹ ਕਿਹਾ ਹੈ ਕਿ ਜਿੰਨਾ ਪੈਸਾ ਇਸ ਡੈਮ ਦੇ ਬਣਨ ਤੇ ਆਏਗਾ ਉਹ ਸਾਰੇ ਦਾ ਸਾਰਾ ਸੈਂਟਰ ਦੇਵੇਗੀ। ਇਹ ਬਹੁਤ ਵੱਡੀ ਮੱਦਦ ਹੈ। ਇਸ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਸੀ। ਪਰ ਇਹ ਸੈਂਟਰ ਨੂੰ ਬਦਨਾਮ ਕਰਨ ਵਾਸਤੇ ਲਗੇ ਹੋਏ ਹਨ। ਮੈਂ ਸਮਝਦਾ ਹਾਂ ਕਿ ਇਹ ਮੁਨਾਸਬ ਨਹੀਂ। ਪਿਛਲੀ ਵਾਰ ਮੈਂ ਇਕ ਸਵਾਲ ਕੀਤਾ ਸੀ ਕਿ ਕਿੰਨੀ ਫਾਈਨਾਂਸ਼ਿਅਲ ਅਸਿਸਟੈਂਸ ਸੈਂਟਰ ਤੋਂ ਮਿਲੀ ਹੈ ਤਾਂ ਜਵਾਬ ਵਿਚ ਇਹ ਕਿਹਾ ਸੀ ਕਿ 636 ਕਰੋੜ ਰੁਪਏ ਦੀ ਸਹਾਇਤਾ ਮਿਲੀ ਹੈ। ਮੈਂ ਕਿਹਾ ਕਿ ਤੁਹਾਡੀ ਪਲਾਨ ਤਾਂ 500 ਕਰੋੜ ਰੁਪਏ ਦੀ ਹੈ ਤਾਂ ਉਨ੍ਹਾਂ ਨੇ ਕਿਹਾ ਕਿ 136 ਕਰੋੜ ਦੀ ਕੋਈ ਹੋਰ ਮੱਦਦ ਮਿਲ ਗਈ ਹੈ। ਇਹ ਚੰਗੀ ਗਲ ਸੀ। ਇਸੇ ਤਰ੍ਹਾਂ 1986-87 ਵਿਚ ਇਨ੍ਹਾਂ ਨੂੰ 139 ਕਰੋੜ ਰੁਪਿਆ ਦਿੱਤਾ ਹੈ ਔਰ 1987-88 ਵਿ ਚ 185 ਕਰੋੜ ਰੁਪਿਆ ਦੇਣ ਦਾ ਸੈਂਟਰ ਇਰਾਦਾ ਰਖਦੀ ਹੈ। ਇਹ ਪੈਸਾ ਇਨ੍ਹਾਂ ਨੂੰ ਜ਼ਰੂਰ ਮਿਲੇਗਾ। ਇਸ ਤੋਂ ਇਲਾਵਾ 187 ਕਰੋੜ ਰੁਪਿਆ ਸੈਂਟਰਲ ਇਨਕਮ ਟੈਕਸ ਔਰ ਐਕਸਾਈਜ਼ ਵਿਚੋਂ ਵੀ ਮਿਲਣਾ ਹੈ।

ਸੋ, ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਸਾਨੂੰ ਤਾਂ ਸੈਂਟਰਲ ਸਕੀਮਾਂ ਉਤੇ ਸੈਂਟਰਲ ਗੌਰਮਿੰਟ ਤੋਂ 315 ਕਰੋੜ ਰੁਪਿਆ ਮਿਲਣਾ ਹੈ ਅਤੇ ਇਹ 1985 ਤੋਂ 1995 ਤੱਕ ਮਿਲੇਗਾ।

ਗਿਆਨੀ ਅਰਜਨ ਸਿੰਘ ਲਿੱਟ: ਆਨ ਏ ਪੁਆਇੰਟ ਆਫ ਆਰਡਰ ਸਰ। ** **

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਡਾਕਟਰ ਸਾਹਿਬ, ਤੁਹਾਡੀ ਪਾਰਟੀ ਦੇ 25 ਮਿੰਟ ਸਨ, ਉਹ ਖ਼ਤਮ ਹੋ ਗਏ ਹਨ, ਇਸ ਲਈ ਤੁਸੀਂ 2—4 ਮਿੰਟ ਵਿਚ ਕਨਕਲੂਡ ਕਰੋ।

ਡਾਕਟਰ ਕੇਵਲ ਕ੍ਰਿਸ਼ਨ: ਡਿਪਟੀ ਸਪੀਕਰ ਸਾਹਿਬ, ਮੈਨੂੰ ਇਹ ਕਹਿਣ ਵਿਚ ਅਫਸੋਸ ਹੈ ਕਿ ਦੇਸ਼ ਵਿਚ ਅਨਇੰਪਲਾਇਮੈਂਟ ਅਤੇ ਗਰੀਬੀ ਬਹੁਤ ਵੱਡਾ ਮਸਲਾ ਹੈ। ਜੇਕਰ ਅਸੀਂ ਯੂਥ ਨੂੰ ਮੇਨਸਟਰੀਮ ਤੇ ਲਿਆਉਣਾ ਚਾਹੁੰਦੇ ਹਾਂ ਫੇਰ ਸਾਨੂੰ ਉਨ੍ਹਾਂ ਲਈ ਰੋਜ਼ਗਾਰ ਦੇ ਪ੍ਰਬੰਧ ਕਰਨੇ ਪੈਣਗੇ ਨਹੀਂ ਤਾਂ ਉਹ ਯੂਥ ਗਲਤ ਰਸਤੇ ਤੇ ਚਲੇ ਜਾਣਗੇ। ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਜਿਹੜੇ ਤੁਸੀਂ ਅੰਕੜੇ ਦੱਸੇ ਹਨ ਉਸ ਮੁਤਾਬਿਕ 6,36,408 ਪੰਜਾਬ ਵਿਚ ਬੇਰੁਜ਼ਗਾਰ ਐਜੂਕੇਟਿਡ ਯੂਥ ਹਨ ਜਿਨਾਂ ਨੇ 6-7 ਸਾਲਾਂ ਤੋਂ ਰੋਜ਼ਗਾਰ ਦਫਤਰਾਂ ਵਿਚ ਆਪਣੇ ਨਾਂ ਦਰਜ ਕਰਵਾਏ ਹੋਏ ਹਨ। ਇਨ੍ਹਾਂ ਵਿਚ ਐਮ.ਏ. ਦੀ ਡਿਗਰੀ ਵਾਲੇ ਹਨ, ਬੀ.ਏ. ਵਾਲੇ ਹਨ, ਮੈਟ੍ਰਿਕ ਵਾਲੇ ਹਨ, ਆਈ.ਟੀ.ਆਈ. ਡਿਪਲੋਮਾ ਹੋਲਡਰਜ਼ ਵੀ ਹਨ, ਜੋ ਬੇਕਾਰ ਫਿਰ ਰਹੇ ਹਨ। ਜੇਕਰ ਉਨ੍ਹਾਂ ਬੇਕਾਰ ਨੌਜਵਾਨਾਂ ਨੂੰ ਕੰਮ ਨਾ ਦਿੱਤਾ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਸ਼ਾਇਦ ਉਹ ਗਲਤ ਰਸਤੇ ਤੇ ਲਗਣਗੇ। ਉਨ੍ਹਾਂ ਵਾਸਤੇ ਖੁਲਕੇ ਲੋਨ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਅਗਰ ਤੁਸੀਂ ਕਿਸੇ ਬੜੇ ਵੱਡੇ ਕਾਰਖਾਨੇ ਤੇ 200—500 ਕਰੋੜ ਰੁਪਿਆ ਖਰਚ ਕਰਨਾ ਹੈ ਅਤੇ ਉਸ ਨੂੰ ਬਣਨ ਲਈ 5—10 ਸਾਲ ਲਗ ਜਾਣੇ ਹਨ ਤਾਂ ਬੇਹਤਰ ਇਹ ਹੋਵੇਗਾ ਕਿ ਤੁਸੀਂ ਇਹ ਰੁਪਿਆ ਬੇਕਾਰ ਯੂਥ ਦੇ ਵਿਚ ਅਨਇੰਪਲਾਇਮੈਂਟ ਅਲਾਉਂਸ ਦੇ ਤੌਰ ਤੇ ਦੇ ਦੇਣਾ ਚਾਹੀਦਾ ਹੈ ਤਾਕਿ ਉਹ ਮਹਿਸੂਸ ਕਰਨ ਕਿ ਸਾਡੀ ਪੰਜਾਬ ਸਰਕਾਰ ਸਾਡਾ ਖਿਆਲ ਰੱਖ ਰਹੀ ਹੈ ਅਤੇ ਅਸੀਂ ਇਸ ਅਜ਼ਾਦ ਦੇਸ਼ ਦੇ ਵਾਸੀ ਹਾਂ। ਸਾਨੂੰ ਨੌਜਵਾਨਾਂ ਨੂੰ ਗਲਤ ਰਸਤੇ ਤੇ ਨਹੀਂ ਜਾਣ ਦੇਣਾ ਚਾਹੀਦਾ ਅਗਰ ਉਹ ਗਏ ਤਾਂ ਸਾਡੇ ਲਈ ਬੜਾ ਖਤਰਨਾਕ ਹੋਵੇਗਾ। ਸੈਂਟਰਲ ਪੇ ਕਮਿਸ਼ਨ ਨੇ ਆਪਣੇ ਮੁਲਾਜ਼ਮਾਂ ਲਈ ਪੇ ਸਕੇਲ ਬਾਰੇ ਰਿਪੋਰਟ ਦੇ ਦਿੱਤੀ ਹੈ ਅਤੇ ਜਿਸ ਨੂੰ ਹਰਿਆਣਾ ਗੌਰਮਿੰਟ ਨੇ ਆਪਣੇ ਮੁਲਾਜ਼ਮਾਂ ਉਤੇ ਲਾਗੂ ਵੀ ਕਰ ਦਿੱਤੇ ਹਨ ਲੇਕਿਨ ਸਾਡੀ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਬਾਰੇ ਇਸ ਮਾਮਲੇ ਉਤੇ ਬਿਲਕੁਲ ਖਾਮੋਸ਼ ਹੈ। ਇਸ ਲਈ ਮੈਂ

**Expunged as ordered by the Chair.

ਕਹਾਂਗਾ ਕਿ ਟੀਚਰਜ਼, ਡਾਕਟਰਜ਼, ਬਿਜਲੀ ਬੋਰਡ ਦੇ ਮੁਲਾਜ਼ਮਾਂ ਅਤੇ ਜਿਹੜੇ ਮੁਲਾਜ਼ਮ ਸਰਕਾਰ ਦੇ ਹਨ ਉਨ੍ਹਾਂ ਨੂੰ ਇਹ ਸੈਂਟਰਲ ਸਕੇਲ ਦੇਣੇ ਚਾਹੀਦੇ ਹਨ। ਜਿਹੜੇ ਮੁਲਾਜ਼ਮ ਅੱਤਵਾਦ ਦਾ ਸ਼ਿਕਾਰ ਹੋਏ ਹਨ ਉਨ੍ਹਾਂ ਨੂੰ 20 ਹਜ਼ਾਰ ਰੁਪਏ ਦੀ ਰਕਮ ਨਹੀਂ ਮਿਲਦੀ ਹੈ, ਇਹ ਰਕਮ ਉਨ੍ਹਾਂ ਦਾ ਮਹਿਕਮਾ ਦਿੰਦਾ ਹੈ । ਪੁਲਿਸ ਦਾ ਕਰਮਚਾਰੀ ਅਗਰ ਟੈਰੋਰਿਸਟ ਦਾ ਸ਼ਿਕਾਰ ਹੁੰਦੇ ਹਨ ਤਾਂ ਸਰਕਾਰ ਉਨ੍ਹਾਂ ਨੂੰ ਇਕ ਲੱਖ ਰੁਪਿਆ ਦੇ ਦਿੰਦੀ ਹੈ ਅਤੇ ਉਸ ਨੂੰ ਤਨਖਾਹ ਉਤਨੀ ਦੇਰ ਤੱਕ ਮਿਲਦੀ ਰਹਿੰਦੀ ਹੈ ਜਿਤਨੀ ਦੇਰ ਤੱਕ ਉਹ ਰਿਟਾਇਰ ਨਹੀਂ ਸੀ ਹੁੰਦਾ ਅਤੇ ਉਸ ਤੋਂ ਬਾਦ ਉਸ ਦੀ ਪੈਨਸ਼ਨ ਉਸ ਦੇ ਪਰਿਵਾਰ ਨੂੰ ਮਿਲਦੀ ਰਹਿੰਦੀ ਹੈ। ਜੇ ਅਸੀਂ ਟੈਰੋਰਿਸਟਾਂ ਦਾ ਮੁਕਾਬਲਾ ਕਰਨਾ ਚਾਹੁੰਦੇ ਹਾਂ ਅਤੇ ਜਿਹੜੇ ਪਰਿਵਾਰ ਟੈਰੋਰਿਸਟਾਂ ਦੇ ਹੱਥੋਂ ਮਾਰੇ ਜਾਂਦੇ ਹਨ ਉਨ੍ਹਾਂ ਦੇ ਪਰਿਵਾਰ ਨੂੰ ਪੈਰਾਂ ਤੇ ਖੜ੍ਹਾ ਕਰਨਾ ਹੈ ਅਤੇ ਉਨ੍ਹਾਂ ਦੀ ਮਦੱਦ ਕਰਨੀ ਹੈ ਤਾਂ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੋਚੇ ਕਿ ਉਨ੍ਹਾਂ ਨੂੰ ਵੀ ਇਕ ਲੱਖ ਰੁਪਿਆ ਮਿਲਣਾ ਚਾਹੀਦਾ ਹੈ ਅਤੇ ਪੂਰੀ ਤਨਖਾਹ ਮਿਲਣੀ ਚਾਹੀਦੀ ਹੈ। ਅਨਪੜ੍ਹਤਾ ਵਲ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ ਜਿਸ ਕਰਕੇ ਇਹ ਅਨਪੜ੍ਹਤਾ ਗਰੀਬੀ ਲਿਆਂਦੀ ਹੈ। ਮੈਨੂੰ ਇਹ ਦਸਦੇ ਹੋਏ ਦੁੱਖ ਹੋ ਰਿਹਾ ਹੈ ਕਿ ਜਿਹੜਾ ਪੰਜਾਬ ਇਕ ਖੁਸ਼ਹਾਲ ਸੂਬਾ ਹੈ ਉਸ ਦੇ ਵਿਚ 40 ਪ੍ਰਤੀਸ਼ਤ ਲੋਕ ਅਨਪੜ੍ਹ ਹਨ। ਇਸ ਦੇ ਵਿਚ ਅੰਕੜੇ ਦਸਦੇ ਹਨ ਕਿ ਉਹ 68 ਲੱਖ ਦੇ ਕਰੀਬ ਹਨ। ਜਿਨ੍ਹਾਂ ਵਿਚ 44 ਪ੍ਰਤੀਸ਼ਤ ਮੇਲ ਅਤੇ 56 ਪ੍ਰਤੀਸ਼ਤ ਫੀਮੇਲ ਹਨ। ਮੈਂ ਮੰਗ ਕਰਾਂਗਾ ਕਿ ਇਨ੍ਹਾਂ ਨੂੰ ਅਸੀਂ ਪੜ੍ਹਾਈ ਦਾ ਪ੍ਰਬੰਧ ਕਰਕੇ ਦੇਈਏ ਜਿਹੜੇ ਗਨਮੈਨ ਵਜ਼ੀਰਾਂ ਨਾਲ ਲਗੇ ਹੋਏ ਹਨ ਉਨ੍ਹਾਂ ਨੂੰ 100 ਰੁਪਿਆ ਐਕਸਟਰਾ ਮਿਲਦਾ ਹੈ ਜਦ ਕਿ ਜਿਹੜੇ ਐਮ.ਐਲ.ਏਜ਼. ਦੇ ਨਾਲ ਲਗੇ ਹੋਏ ਹਨ ਉਨ੍ਹਾਂ ਨੂੰ ਨਹੀਂ ਮਿਲਦਾ ਹੈ ਇਸ ਕਰਕੇ ਉਨ੍ਹਾਂ ਨੂੰ ਵੀ ਇਹ 100 ਰੁਪਿਆ ਮਿਲਣਾ ਚਾਹੀਦਾ ਹੈ। (ਘੰਟੀ) (ਵਿਘਨ)

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕੁਝ ਸੁਜੈਸ਼ਨਜ਼ ਵੀ ਫਾਈਨਾਂਸ ਮਨਿਸਟਰ ਸਾਹਿਬ ਨੂੰ ਦੇਣੀਆਂ ਚਾਹਵਾਂਗਾ । ਜਿਹੜੀ ਇਹ ਮਨਿਸਟਰੀ ਹੈ, ਮੈਂ ਇਸ ਨੂੰ ਇਕ ਸੁਜੈਸ਼ਨ ਦੇਵਾਂਗਾ, ਪੰਜਾਬ ਦੀ ਮਨਿਸਟਰੀ ਕੁਝ ਮਜ਼ਬੂਰੀ ਵਿਚ ਵੀ ਬਣੀ ਹੈ । ਇਸ ਵੇਲੇ 28 ਮਨਿਸਟਰ ਹੋਣਗੇ ਔਰ ਬਾਕੀ ਕਾਰਪੋਰੇਸ਼ਨਾਂ ਦੇ ਚੇਅਰਮੈਨ ਹੋਣਗੇ, ਮਿਲ ਮਿਲਾਕੇ 35 ਦੀ ਤਾਦਾਦ ਬਣ ਜਾਂਦੀ ਹੈ । ਬੇਸ਼ਕ ਪੰਜ ਮਨਿਸਟਰ ਹੋਰ ਬਣਾ ਲਵੋ ਔਰ ਫਿਰ 40 ਪੂਰੇ ਹੀ ਹੋ ਜਾਣਗੇ । ਜੇਕਰ ਇਸ ਤਰ੍ਹਾਂ ਪੰਜਾਬ ਦੀ ਵੱਧ ਸੇਵਾ ਹੁੰਦੀ ਹੈ ਤਾਂ ਇਸ ਤਰ੍ਹਾਂ ਜ਼ਰੂਰ ਕਰੋ ਪਰ ਜੇਕਰ ਪੰਜਾਬ ਦੇ ਐਕਸਚੇਕਰ ਤੇ ਬੋਝ ਹੈ ਤਾਂ ਮੈਂ, ਡਿਪਟੀ ਸਪੀਕਰ ਸਾਹਿਬ, ਮੰਗ ਕਰਾਂਗਾ ਕਿ ਇਸ ਮਨਿਸਟਰੀ ਨੂੰ ਛੋਟਾ ਕਰੋ ਤਾਕਿ ਪੰਜਾਬ ਨੂੰ ਕੁਝ ਰਿਲੀਫ ਮਿਲੇ । ਇਥੇ ਡਿਪਟੀ ਸਪੀਕਰ ਸਾਹਿਬ, ਮਨਿਸਟਰਾਂ ਤੇ ਇਲਜ਼ਾਮ ਲਗਦੇ ਹਨ ਕਿ ਕੁਰਪਸ਼ਨ ਹੁੰਦੀ ਹੈ। ਇਸ ਬਾਰੇ ਲੋਕ ਆਯੁਕਤ ਨਿਯੁਕਤ ਕੀਤਾ ਜਾਵੇ ਜੋ ਕਿ ਇਨਕੁਆਇਰੀ ਕਰੇ। ਡਿਪਟੀ ਸਪੀਕਰ ਸਾਹਿਬ, ਨਾਨ-ਪਲਾਨ ਸਾਈਡ ਤੇ ਬਚਤ ਕਰਨੀ ਚਾਹੀਦੀ ਹੈ । ਇਸ ਵਿਚ 10 ਪ੍ਰਤੀਸ਼ਤ ਦੀ ਕਟ ਲਗਣੀ ਚਾਹੀਦੀ ਹੈ । ਟੈਕਸ ਈਵੇਜ਼ਨ ਨੂੰ ਸਟਰੀਮ ਲਾਈਨ ਕਰਨਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਫੰਡਜ਼ ਦੀ ਮਿਸਯੂਟੇਲਾਈਜੇਸ਼ਨ ਨਾ ਹੋਵੇ । ਇਸ ਨੂੰ ਵੀ ਚੈਕ ਕਰਨਾ ਚਾਹੀਦਾ ਹੈ । ਟ੍ਰਿਬਿਊਨਲ ਐਕਟ ਹੈ, ਉਸ ਨੂੰ ਵੀ ਦੇਖਣਾ ਚਾਹੀਦਾ ਹੈ । ਪੰਜਾਬ ਸਟੇਟ ਦੀ ਇਲੈਕਟ੍ਰਿਸਿਟੀ ਦੇ ਲਾਸਿਜ਼ ਔਰ ਜੋ ਪਾਵਰਜ਼ ਵਿਚ ਨੁਕਸਾਨ ਹੋਇਆ ਹੈ ਉਸ ਨੂੰ ਵੀ ਚੈਕ ਕਰਨਾ ਚਾਹੀਦਾ ਹੈ । 100 ਕਰੋੜ ਰੁਪਏ ਦਾ ਬਿਜਲੀ ਬੋਰਡ ਵਿਚ ਹੀ ਘਾਟਾ ਪਿਆ ਹੈ । ਡਿਪਟੀ ਸਪੀਕਰ ਸਾਹਿਬ, ਇਥੇ ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਨੇ ਦੱਸਿਆ ਕਿ 10 ਲੱਖ ਰੁਪਏ ਵਿਚੋਂ 5 ਲੱਖ ਰੁਪਿਆ ਖਰਚ ਕਰ ਦਿੱਤਾ ਗਿਆ ਹੈ । ਐਮ.ਐਲ.ਏ. ਸਾਹਿਬ ਨੇ ਕਿਹਾ ਹੈ ਕਿ ਉਥੇ ਇਕ ਵੀ ਇੱਟ ਨਹੀਂ ਲਗੀ । ਡਿਪਟੀ ਸਪੀਕਰ ਸਾਹਿਬ, ਇਸ ਤਰ੍ਹਾਂ ਦੇ ਪ੍ਰਾਜੈਕਟਸ ਨੂੰ ਚੈਕ ਕਰਨਾ ਚਾਹੀਦਾ

[ਡਾਕਟਰ ਕੇਵਲ ਕ੍ਰਿਸ਼ਨ]

ਹੈ। ਪੰਜਾਬੀ ਸੰਸਥਾ ਵਿਚ ਕੋਈ ਵੀ ਸੇਵਾ ਨਹੀਂ ਹੋ ਰਹੀ। ਡਿਪਟੀ ਸਪੀਕਰ ਸਾਹਿਬ ਦੋ ਤਿੰਨ ਦਿਨ ਤੋਂ ਬਾਅਦ ਸਰਕਾਰ ਨੇ ਕਹਿਣਾ ਹੈ ਕਿ 1985 ਤੋਂ ਬਾਅਦ ਇਹ ਹੋ ਗਿਆ ਹੈ, ਉਹ ਹੋ ਗਿਆ ਹੈ। ਇਤਨਾ ਕੁਝ ਵੱਧ ਗਿਆ ਹੈ। ਡਿਪਟੀ ਸਪੀਕਰ ਸਾਹਿਬ ਪੰਜਾਬ ਸਰਕਾਰ ਕਿਲਿੰਗਜ਼ ਵਿਚ ਵੀ ਸਭ ਤੋਂ ਅਗੇ ਹੈ। 25 ਬੰਦੇ ਖੁਡਾ ਕਾਂਡ ਵਿਚ ਮਾਰੇ ਗਏ। 5 ਕਰੋੜ 70 ਲੱਖ ਰੁਪਏ ਦਾ ਡਾਕਾ ਪਿਆ। ਪੰਜਾਬ ਵਿਚ ਮਾਈਗਰੈਂਟਸ ਵੱਧ ਰਹੇ ਹਨ। ਅਕਾਲੀ ਸਰਕਾਰ ਵੇਲੇ ਪੰਜਾਬ ਵਿਚੋਂ ਹਜ਼ਾਰਾਂ ਲੋਕ ਬਾਹਰ ਚਲੇ ਗਏ। ਇਹ ਬੜੇ ਦੁੱਖ ਦੀ ਗੱਲ ਹੈ। ਇਹ ਇਕ ਪੰਜਾਬ ਸਰਕਾਰ ਤੇ ਕਲੰਕ ਹੈ। ਇਸ ਨੂੰ ਧੋਣਾ ਚਾਹੀਦਾ ਹੈ। ਇਸ ਬਾਰੇ ਪੰਜਾਬ ਸਰਕਾਰ ਨੂੰ ਜ਼ਰੂਰ ਕੁਝ ਕਰਨਾ ਚਾਹੀਦਾ ਹੈ। ਅਕਾਲੀ ਗੌਰਮਿੰਟ ਦੀ ਪਾਲਿਸੀ ਦੇ ਮੁਤਾਬਿਕ ਸ਼ੁਰੂ ਤੋਂ ਲੈ ਕੇ ਅੱਜ ਤਕ ਸਚਰ ਫਾਰਮੂਲਾ, ਰਿਜਨਲ ਫਾਰਮੂਲਾ ਅਤੇ ਹੋਰ ਫਾਰਮੂਲੇ ਪੰਜਾਬੀ ਸੂਬੇ ਦੀ ਭਾਸ਼ਾ ਦੇ ਆਧਾਰ ਤੇ ਕੀਤੇ ਗਏ ਸੀ। ਉਸ ਵੇਲੇ ਪਾਪੂਲੇਸ਼ਨ ਪੰਜਾਬ ਵਿਚ 52 : 48 ਰੇਸ਼ੋ ਦੀ ਸੀ। ਡਿਪਟੀ ਸਪੀਕਰ ਸਾਹਿਬ, 1971 ਵਿਚ ਸੈਨਸਿਜ਼ ਕੀਤੀ ਗਈ ਔਰ 1981 ਦੀ ਸੈਨਸਿਜ਼ ਰਿਪੋਰਟ ਪੇਜ 3 ਤੇ ਮੇਰੇ ਕੋਲ ਹੈ।

ਸ੍ਰੀ ਡਿਪਟੀ ਸਪੀਕਰ : ਡਾਕਟਰ ਸਾਹਿਬ, ਤੁਸੀਂ ਖਤਮ ਕਰੋ ਔਰ ਲਾਸਟ ਗੱਲ ਕਹਿ ਲਵੋ।

ਡਾਕਟਰ ਕੇਵਲ ਕ੍ਰਿਸ਼ਨ : ਡਿਪਟੀ ਸਪੀਕਰ ਸਾਹਿਬ, ਇਹ ਪਾਪੂਲੇਸ਼ਨ ਮੈਂ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਔਰ ਹਿੰਦੁਸਤਾਨ ਦੇ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ, ਇਸ ਗੱਲ ਵੱਲ ਜ਼ਰੂਰ ਸੋਚਣਾ ਚਾਹੀਦਾ ਹੈ। ਪਹਿਲਾ ਪਾਪੂਲੇਸ਼ਨ 45 : 55 ਦੀ ਸੀ, 55 ਪ੍ਰਤੀਸ਼ਤ ਸਿੱਖ ਭਰਾਵਾਂ ਦੀ ਹੈ। ਕੁੱਲ 26,000 ਪਰਿਵਾਰ ਆਏ ਹਨ। ਇਹ ਵੱਧਦੀ ਵੱਧਦੀ 1991 ਵਿਚ 70 : 30 ਦੀ ਰੇਸ਼ੋ ਹੋ ਜਾਵੇਗੀ ਜਾਂ 75 : 25 ਦੀ ਰੇਸ਼ੋ ਹੋ ਜਾਵੇਗੀ ਜਾਂ 80 : 20 ਦੀ ਰੈਸ਼ੋ ਹੋ ਜਾਵੇਗੀ। ਇਹ ਸਾਰਾ ਕੁਝ ਪਲਾਨ ਤਰੀਕੇ ਦੇ ਨਾਲ ਹੋ ਰਿਹਾ ਹੈ। (ਘੰਟੀ) ਜੇਕਰ ਡਿਪਟੀ ਸਪੀਕਰ ਸਾਹਿਬ, ਇਸ ਨੂੰ ਨਾ ਰੋਕਿਆ ਗਿਆ ਤਾਂ ਮੈਂ ਸਮਝਦਾ ਹਾਂ ਕਿ ਠੀਕ ਨਹੀਂ ਹੋਵੇਗਾ। ਕਿਤੇ ਧਰਮ ਦੇ ਆਧਾਰ ਤੇ ਕੁਝ ਮੰਗਦੇ ਹਨ। ਇਹ ਬੜੀ ਹੀ ਖੁਸ਼ੀ ਦੀ ਗੱਲ ਹੈ ਕਿ ਖਾਲਿਸਤਾਨ ਬਾਰੇ ਇਧਰੋਂ ਵੀ ਔਰ ਉਧਰੋਂ ਵੀ ਨਿੰਦਿਆ ਹੋਈ ਹੈ। ਸਰਦਾਰ ਬਲਵੰਤ ਸਿੰਘ, ਵਿੱਤ ਮੰਤਰੀ ਸਾਹਿਬ ਨੇ ਵੀ ਇਥੇ ਜ਼ੋਰਦਾਰ ਲਫਜ਼ਾਂ ਵਿਚ ਖਾਲਿਸਤਾਨ ਬਾਰੇ ਕਿਹਾ ਸੀ ਕਿ ਬਿਲਕੁਲ ਵੀ ਨਹੀਂ ਬਣਨ ਦਿਆਂਗੇ। ਅਸੀਂ ਸਾਰੇ ਇਸ ਬਾਰੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਦੇ ਨਾਲ ਹਾਂ। ਅਗਰ ਡਿਪਟੀ ਸਪੀਕਰ ਸਾਹਿਬ, ਅਸੀਂ ਨਹੀਂ ਸਮਝਾਂਗੇ ਤਾਂ ਠੀਕ ਨਹੀਂ ਹੋਵੇਗਾ। (ਵਿਘਨ)

'ਸੁਨਾ ਹੈ ਕਿ ਅਕਸਰ ਬਦਲਤਾ ਹੈ ਜ਼ਮਾਨਾ,
ਮਰਦ ਵੋ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।'

ਮੈਂ ਕਹਾਂਗਾ ਕਿ ਜਿਹੜਾ ਬਰਨਾਲਾ ਸਾਹਿਬ ਨੇ ਸਟੈਂਡ ਲਿਆ ਹੈ, ਉਸ ਨੂੰ ਜ਼ੁਰਅਤ ਨਾਲ ਲੈਣਾ ਚਾਹੀਦਾ ਹੈ ਤਾਂਕਿ ਸਾਰੇ ਹਿੰਦੁਸਤਾਨ ਦੀ ਵੱਧ ਤੋਂ ਵੱਧ ਸੇਵਾ ਹੋ ਸਕੇ। ਧੰਨਵਾਦ।

ਸ੍ਰੀ ਰਾਮ ਕਿਸ਼ਨ ਕਟਾਰੀਆ (ਬਲਾਚੌਰ): ਡਿਪਟੀ ਸਪੀਕਰ ਸਾਹਿਬ, ਮੈਂ ਬੜਾ ਆਭਾਰੀ ਹਾਂ ਕਿ ਤੁਸੀਂ ਮੈਨੂੰ ਵੀ ਬੋਲਣ ਦਾ ਮੌਕਾ ਦਿੱਤਾ ਹੈ। ਜਦ ਤੋਂ ਸੈਸ਼ਨ ਚਲਿਆ ਹੈ, ਬਜਟ ਇਜਲਾਸ ਤੋਂ ਹੁਣ ਤੱਕ ਮੈਨੂੰ ਕੋਈ ਟਾਈਮ ਨਹੀਂ ਮਿਲਿਆ। ਐਸਾ ਸ਼ਾਇਦ ਇਸ ਕਰਕੇ ਹੈ ਕਿ ਇਥੇ ਬੜੇ ਹੀ ਲੱਛੇਦਾਰ ਭਾਸ਼ਣ ਚਲਦੇ ਹਨ। ਇਸ ਲਈ ਇਹ ਸੋਚਦੇ ਹਨ ਕਿ ਇਸ ਨੇ ਤਾਂ ਕੋਈ ਦੁੱਖ ਦੀ

ਦਾਸਤਾਨ ਹੀ ਸ਼ੁਰੂ ਕਰ ਦੇਣੀ ਹੈ ਅਤੇ ਸ਼ਾਇਦ ਇਸ ਕਰਕੇ ਵੀ ਕਿ ਰੰਗ ਵਿੱਚ ਭੰਗ ਪੈ ਜਾਵੇਗਾ। ਪਰ ਕੌਣ ਨਹੀਂ ਚਾਹਵੇਗਾ ਕਿ ਉਹ ਵੀ ਖੁਸ਼ਹਾਲ ਹੋਵੇ, ਆਪਣੀ ਜ਼ੁਬਾਨ ਤੇ ਹਰ ਵੇਲੇ ਦੁੱਖਾਂ ਦੀਆਂ ਗੱਲਾਂ ਕੌਣ ਕਰਨਾ ਚਾਹੇਗਾ। ਇਹ ਸਾਡੀ ਬਦਕਿਸਮਤੀ ਹੈ ਕਿ ਕੰਡੀ ਏਰੀਆ ਵਿੱਚ ਏਨਾ ਪਛੜਾਪਨ ਹੈ। ਪਾਂਧੀ ਸਾਹਿਬ ਕਟਾਕਸ਼ ਕਰਦੇ ਸੀ ਕਿ ਇਹ ਮੈਂਬਰ ਐਸੇ ਹਨ ਜਿਹੜੇ ਸਿਰਫ ਆਪਣੇ ਹਲਕੇ ਤੋਂ ਬਾਹਰ ਦੀ ਗੱਲ ਹੀ ਨਹੀਂ ਕਰਦੇ। ਬਲਾਚੌਰ ਅਤੇ ਸੜੋਆ ਵਿੱਚ ਹੀ ਚਕੱਰ ਮਾਰਦੇ ਰਹਿੰਦੇ ਹਨ। ਪਾਂਧੀ ਸਾਹਿਬ ਦਾ ਕਿਉਂਕਿ ਅਮਲੋਹ ਹਲਕੇ ਵਿੱਚ ਜਨਮ ਹੋਇਆ ਹੈ ਅਤੇ ਜੇ ਬਦਕਿਸਮਤੀ ਨਾਲ ਏਧਰ ਜਨਮ ਹੋ ਜਾਂਦਾ ਤਾਂ ਅਜ ਇਹ ਪਾਂਧੀ ਦੀ ਬਜਾਏ ਪਾਂਡੀ ਹੁੰਦੇ। ਪਾਂਡੀ ਸਾਡੇ ਹਲਕੇ ਵਿੱਚ ਪੱਲੇਦਾਰ ਨੂੰ ਕਹਿੰਦੇ ਹਨ। ਬਲਾਚੌਰ ਤੋਂ ਲੈ ਕੇ ਜਾਮਨਗਰ ਤੱਕ ਅਤੇ ਬੰਬਈ ਤੱਕ ਵੀ ਜਿਹੜੀ ਲੇਬਰ ਕੰਮ ਕਰਦੀ ਹੈ, ਪੁੱਛ ਲਓ ਤਾਂ ਕਹਿਣਗੇ ਕਿ ਅਸੀਂ ਬਲਾਚੌਰ ਤੋਂ ਹਾਂ। ਤੁਸੀਂ ਸਾਰੇ ਪੰਜਾਬ ਦੀ ਗੱਲ ਕਰਦੇ ਹੋ, ਸਾਨੂੰ ਵੀ ਖੁਸ਼ੀ ਹੁੰਦੀ ਹੈ। ਪੰਜਾਬ ਇਕ ਰਿਕਾਰਡ ਤੋੜ ਸੂਬਾ ਹੈ। ਇਸ ਨੇ ਏਨੀ ਪ੍ਰਾਗਰੈਸ ਕੀਤੀ ਹੈ ਕਿ ਸੈਂਟਰ ਦੇ ਅੰਨ ਭੰਡਾਰ ਵਿੱਚ 60 ਫੀਸਦੀ ਅਨਾਜ ਵਿੱਚ ਗੇਹੂੰ ਦਿੱਤਾ ਅਤੇ 40 ਫੀਸਦੀ ਚਾਵਲ ਦਿੱਤੇ ਔਰ ਹਰ ਪੱਖ ਤੋਂ ਹੀ ਪੰਜਾਬ ਆਪਣੇ ਦੇਸ਼ ਵਿਚ ਹੀ ਨਹੀਂ ਬਲਕਿ ਸਾਰੀ ਦੁਨੀਆਂ ਵਿਚ ਮਸ਼ਹੂਰ ਸੂਬਾ ਹੈ। ਇਸੇ ਪ੍ਰਦੇਸ਼ ਵਿੱਚ ਅਸੀਂ ਵੀ ਰਹਿੰਦੇ ਹਾਂ। ਜਦੋਂ ਵੀ ਪੰਡਿਤ ਸਰਵਣ ਰਾਮ, ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ ਜੀ ਅਤੇ ਅਸੀਂ ਪਾਣੀ ਦੀਆਂ ਗੱਲਾਂ, ਸੜਕਾਂ ਦੀਆਂ ਗੱਲਾਂ ਕਰਦੇ ਹਾਂ, ਦੱਸਦੇ ਹਾਂ ਕਿ ਸਾਨੂੰ 10-10 ਕਿਲੋਮੀਟਰ ਤੇ ਕੋਈ ਕਨਵੇਐਂਸ ਨਹੀਂ ਮਿਲਦੀ, ਅਤੇ ਸਾਮਾਨ ਸਿਰ ਤੇ ਲੱਦ ਕੇ ਮੇਨ ਰੋਡ ਤੱਕ ਲਿਜਾਣਾ ਪੈਂਦਾ ਹੈ, ਤਾਂ ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਦੇ ਇਲਾਕੇ ਵੀ ਇਸ ਪ੍ਰਦੇਸ਼ ਵਿੱਚ ਆਈਡੈਂਟੀਫਾਈ ਹੋਣੇ ਚਾਹੀਦੇ ਹਨ। ਇਕ ਸਾਡੇ ਡਾਕਟਰ ਡੀ.ਆਰ. ਭੁੰਬਲਾ ਹੋਏ ਹਨ, ਉਨ੍ਹਾਂ ਦਾ ਇੰਟਰੱਸਟ ਸੀ ਕਿ ਪੰਜਾਬ ਵਿੱਚ ਉਹ ਏਰੀਆ ਦੇਖਿਆ ਜਾਵੇ ਜਿਹੜਾ ਸਭ ਤੋਂ ਪੱਛੜਿਆ ਹੋਇਆ ਹੈ ਅਤੇ ਉਨ੍ਹਾਂ ਨੇ ਮੇਰਾ ਏਰੀਆ ਆਈਡੈਂਟੀਫਾਈ ਕੀਤਾ। ਉਨ੍ਹਾਂ ਲਿਖਿਆ ਹੈ —

> 'there are nearly 200 such villages spread over in Balachaur Tehsil, Malnutrition and poverty have led to extreme backwardness. Politically they are weak. For nearly 4 dacades the population has been fed on promises.'

ਡਿਪਟੀ ਸਪੀਕਰ ਸਾਹਿਬ, ਚਾਰ ਡਿਕੇਡਸ ਵਿੱਚ ਸਾਨੂੰ ਇਹੀ ਕਿਹਾ ਜਾਂਦਾ ਰਿਹਾ ਹੈ ਕਿ ਤੁਹਾਡਾ ਇਹ ਹੋ ਜਾਣਾ ਹੈ, ਉਹ ਹੋ ਜਾਣਾ ਹੈ। ਕੰਡੀ ਨਹਿਰ ਆ ਗਈ, ਸ਼ਾਹ ਨਹਿਰ ਆ ਰਹੀ ਹੈ। ਸਾਡਾ ਏਰੀਆ, ਸਾਡਾ ਹਲਕਾ ਉਹ ਹੈ, ਜਿਸ ਦੇ ਵਿਚੋਂ ਹੀ ਦਰਿਆ ਆਪ ਲੰਘਦੇ ਹਨ, ਸਤਲੁਜ ਦਰਿਆ ਮੇਰੇ ਏਰੀਏ ਵਿਚੋਂ ਜਾਂਦਾ ਹੈ। ਇਸੇ ਡਿਸਟ੍ਰਿਕਟ ਵਿਚੋਂ ਬਿਆਸ ਦਰਿਆ ਲੰਘਦਾ ਹੈ। ਜੇ ਸਿੰਚਾਈ ਦੀ ਐਵਰੇਜ ਦੇਖੀਏ ਤਾਂ ਪੰਜਾਬ ਦੀ 86 ਪ੍ਰਤੀਸ਼ਤ ਧਰਤੀ ਨੂੰ ਪਾਣੀ ਲਗਦਾ ਹੈ ਅਤੇ ਹੁਸ਼ਿਆਰਪੁਰ ਨੂੰ ਸਿਰਫ 39 ਪ੍ਰਤੀਸ਼ਤ ਲਗਦਾ ਹੈ। ਅੱਗੇ ਜਾ ਕੇ ਇਨ੍ਹਾਂ ਫੇਰ ਲਿਖਿਆ ਹੈ —

> 'Balachaur tehsil is the most backward tehsil of Hoshiarpur district with only one small town with a population of 6,000. Out of a total population of 1·28 lakhs, 1·12 or 95% is rural. The Scheduled Castes population in the tehsil is 26·1%. This tehsil has the lowest literacy percentage.'

ਇਸ ਨੂੰ ਬੇਸ਼ਕ ਅਸੀਂ ਟਾਊਨ ਕਹਿ ਲਈਏ ਲੇਕਿਨ ਹਾਲੇ ਤੱਕ ਇਥੇ ਗ੍ਰਾਮ ਪੰਚਾਇਤ ਹੀ ਹੈ। ਪਿਛੇ ਨੋਟੀਫਾਈਡ ਏਰੀਆ ਡਿਕਲੇਅਰ ਕੀਤਾ ਗਿਆ ਸੀ ਲੇਕਿਨ ਜਦੋਂ ਡਾਕਟਰ ਸਾਹਿਬ ਦੀ ਹਕੂਮਤ ਆਈ, ਤਾਂ ਫੇਰ ਮੁੜ ਕੇ ਪੰਚਾਇਤ ਬਣਾ ਦਿੱਤੀ ਗਈ ਅਤੇ ਨੋਟੀਫਾਈਡ ਏਰੀਆ ਕਮੇਟੀ ਸੁਪਰਸੀਡ ਕਰ ਦਿੱਤੀ ਗਈ ਸੀ।

[ਸ੍ਰੀ ਰਾਮ ਕਿਸ਼ਨ ਕਟਾਰੀਆ]

ਡਿਪਟੀ ਸਪੀਕਰ ਸਾਹਿਬ, ਉਨ੍ਹਾਂ ਨੇ ਹਾਲਤ ਇਨ੍ਹਾਂ ਦੀ ਦੱਸੀ ਹੈ—

'Most of the villages particularly in the hilly areas remained in rainy season.'

ਸਾਰੇ ਸਰੋਆ ਬਲਾਕ ਵਿਚ ਨਾ ਤਾਂ ਕੋਈ ਟੈਲੀਫੋਨ ਹੈ, ਨਾ ਕੋਈ ਹੋਰ ਚੀਜ਼ ਹੈ। ਅਗਰ ਬਰਸਾਤ ਪੈ ਜਾਂਦੀ ਹੈ ਤਾਂ ਸਭ ਤੋਂ ਜ਼ਿਆਦਾ ਬੀ.ਡੀ.ਓ. ਦੇ ਕਮਰੇ ਵਿਚ ਪਾਣੀ ਗਿਰਦਾ ਹੈ। ਉਹ ਇਕ ਭੂਤ ਬੰਗਲੇ ਵਰਗਾ ਹੈ। ਇਸ ਬਾਰੇ ਉਨ੍ਹਾਂ ਨੇ ਕੁਮੈਂਟਰੀ ਦਿੱਤੀ ਹੈ —

In the area the literacy percentage is very low, particularly amongst the females. The female literacy is less than 10%.

Regarding socio-economic conditions, the Shivalik Foothill area is the most backward area in Saroya block'.

He further added :

'Because of long period of drought or earlier withdrawal of monsoon crop failures are common. Even in good years the crop yields are low. The investment in land is marginal and standard of cultivation below average. The farmers do not even have bullock carts. Even animal manure is transported as head load in baskets.

Most of the able bodied persons work as labourers in the grain markets for 4-5 months in a year. About 5 per cent of these labourers now work as labour contractors.'

Deputy Speaker Sahib, this is the commentary of a world scientist. He further wrote :

'Agriculture is the main occupation. Land holdings are small with practically no irrigation facilities. The men go to the grain markets labourers and women devote considerable portion of their time in animal husbandry.'

ਇਹ ਸਾਡੇ ਦੁੱਖਾਂ ਦੀ ਦਾਸਤਾਂ ਹੈ। ਅਗੇ ਉਨ੍ਹਾਂ ਨੇ ਲਿਖਿਆ ਹੈ—

'These trees are sold in times of emergency. About 50 per cent of the population is below the poverty line.'

ਮੈਂ ਸਾਰੇ ਹਾਊਸ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਨੂੰ ਜ਼ਿਆਦਾ ਫੈਸਿਲਿਟੀ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ ਤਾਂਕਿ ਉਸ ਏਰੀਆ ਦੇ ਲੋਕ ਵੀ ਖੁਸ਼ਹਾਲੀ ਮਾਣ ਸਕਣ।

ਡਿਪਟੀ ਸਪੀਕਰ ਸਾਹਿਬ, ਇਰੀਗੇਸ਼ਨ ਦੇ ਬਾਰੇ ਵਿਚ ਡਾਕਟਰ ਸਾਹਿਬ ਬੋਲ ਕੇ ਹਟੇ ਹਨ। ਇਹ ਖਜ਼ਾਨਾ ਮੰਤਰੀ ਵੀ ਰਹੇ ਹਨ। ਪਰ ਬੜੇ ਦੁੱਖ ਦੀ ਗਲ ਹੈ ਉਨ੍ਹਾਂ ਨੇ ਆਪਣੇ ਟਾਈਮ ਵਿਚ ਵੀ ਸਾਡੇ ਹਲਕੇ ਲਈ ਕੰਡੀ ਏਰੀਆ ਲਈ ਜ਼ਿਆਦਾ ਕੁਝ ਨਹੀਂ ਕੀਤਾ। ਨਲਕੇ ਦੀ ਟੂਟੀ ਤੇ ਉਸ ਵੇਲੇ ਬੈਨ ਲਗਿਆ ਜਿਸ ਲਈ ਲੋਕ ਜ਼ੋਰ ਪਾਉਂਦੇ ਸੀ। ਬਾਅਦ ਵਿਚ ਪਤਾ ਲਗਿਆ ਕਿ ਇਹ ਬੈਨ ਜੋ ਲਗਾਇਆ ਗਿਆ ਉਸ ਕਮੇਟੀ ਦੇ ਮੈਂਬਰ ਡਾਕਟਰ ਸਾਹਿਬ ਸਨ। ਸਾਨੂੰ ਇਹ ਪਤਾ ਲਗਣ ਤੇ ਬੜਾ ਦੁੱਖ ਹੋਇਆ। ਕਿਹਾ ਜਾਂਦਾ ਹੈ ਕਿ ਕੰਡੀ ਨਹਿਰ 1992-93 ਤਕ ਆ ਜਾਏਗੀ ਪਰ ਸਾਨੂੰ ਸ਼ੱਕ ਹੈ ਕਿ ਇਹ ਨਹਿਰ 20ਵੀਂ ਸੈਂਚਰੀ ਵਿਚ ਉਥੇ ਪਹੁੰਚ ਜਾਏਗੀ। ਇਹ ਲਾਰੇ ਲੱਪੇ ਵਾਲੀ ਗਲ ਕਹੀ ਜਾਂਦੇ ਹਨ। ਕੰਡੀ ਨਹਿਰ ਲਈ 40 ਕਰੋੜ ਰੁਪਿਆ ਲਗਦਾ ਹੈ। ਮੇਰੀ ਬੇਨਤੀ ਹੈ ਕਿ ਜਦੋਂ ਤੁਸੀਂ ਤਿੰਨ-ਤਿੰਨ ਸੌ ਕਰੋੜ ਰੁਪਏ ਸਕੀਮਾਂ ਲਈ ਖਰਚ ਕਰ ਦਿੰਦੇ ਹੋ ਤਾਂ ਇਹ 40 ਕਰੋੜ ਕੋਈ ਜ਼ਿਆਦਾ ਹੈ। 40 ਕਰੋੜ ਖਰਚ ਕਰਕੇ ਕੰਡੀ ਨਹਿਰ ਜਲਦੀ ਬਣਾਉਣੀ ਚਾਹੀਦੀ ਹੈ ।

Voices: He has taken too much time.

Sardar Gurcharan Singh Nihalsinghwala: We are the second largest party, Sir, and he is all alone. (*Interruption*).

ਸ੍ਰੀ ਡਿਪਟੀ ਸਪੀਕਰ : ਡਾਕਟਰ ਸਾਹਿਬ 12 ਮਿੰਟ ਉਪਰ ਲੈ ਗਏ ਹਨ। (ਵਿਘਨ)

ਸ੍ਰੀ ਰਾਮ ਕਿਸ਼ਨ ਕਟਾਰੀਆ : ਅਗਰ ਕੰਡੀ ਨਹਿਰ ਇਥੇ ਆ ਜਾਂਦੀ ਹੈ ਤਾਂ ਵੀ— people can be economically more advanced. ਜਦੋਂ ਤੱਕ ਉਥੇ ਡੀਪ ਟਿਊਬਵੈਲ ਨਹੀਂ ਲਗਦੇ ਪਾਣੀ ਦਾ ਸਾਧਨ ਨਹੀਂ ਪ੍ਰਾਪਤ ਹੋ ਸਕਦਾ। ਹਰ ਪਿੰਡ ਨੂੰ ਡੀਪ ਟਿਊਬਵੈਲਜ਼ ਦੇ ਦਿੱਤੇ ਜਾਣ ਤਾਂ ਹੀ ਉਥੇ ਦੇ ਲੋਕ ਫਾਇਦਾ ਉਠਾ ਸਕਦੇ ਹਨ। ਡਿਪਟੀ ਸਪੀਕਰ ਸਾਹਿਬ, ਹੁਸ਼ਿਆਰਪੁਰ ਲੋਅੈਸਟ ਇਰੀਗੇਟਿਡ ਹੈ ਸਾਰੇ ਪੰਜਾਬ ਵਿਚ। ਹੁਸ਼ਿਆਰਪੁਰ ਦੇ ਵਿਚ, ਡਿਪਟੀ ਸਪੀਕਰ ਸਾਹਿਬ, 3.91 ਲੱਖ ਹੈਕਟੇਅਰ ਧਰਤੀ 83 ਪ੍ਰਤੀਸ਼ਤ ਟਿਊਬਵੈਲਾਂ ਦੇ ਰਾਹੀਂ ਸਿੰਜੀ ਜਾਂਦੀ ਹੈ ਅਤੇ ਸਿਰਫ 17 ਪ੍ਰਤੀਸ਼ਤ ਧਰਤੀ ਨੂੰ ਨਹਿਰਾਂ ਦਾ ਪਾਣੀ ਲੱਗਦਾ ਹੈ। ਚੋਆਂ ਦੇ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬ ਵਿਚ 26 ਹਜ਼ਾਰ ਹੈਕਟੇਅਰ ਧਰਤੀ ਚੋਅ ਬੈਡ ਹੈ, ਚੋਅ ਅਧੀਨ ਹੈ ਅਤੇ ਹੁਸ਼ਿਆਰਪੁਰ ਵਿਚ ਇਹ 75 ਪ੍ਰਤੀਸ਼ਤ ਹੈ। ਪਰ ਜਦੋਂ ਫੰਡਜ਼ ਦੀ ਅਲਾਟਮੈਂਟ ਹੁੰਦੀ ਹੈ ਤਾਂ ਹੁਸ਼ਿਆਰਪੁਰ ਦਾ ਪੈਸਾ ਬਾਹਰ ਤਕਸੀਮ ਕਰ ਦਿੱਤਾ ਜਾਂਦਾ ਹੈ ਅਤੇ ਹੁਸ਼ਿਆਰਪੁਰ ਨੂੰ ਨਹੀਂ ਦਿੱਤਾ ਜਾਂਦਾ। ਜਿਨ੍ਹਾਂ ਜ਼ਿਲ੍ਹਿਆਂ ਵਿਚ ਫਲੈਸ਼ ਫਲੱਡ ਨਹੀਂ ਆਉਂਦੇ ਉਨ੍ਹਾਂ ਨੂੰ ਹੁਸ਼ਿਆਰਪੁਰ ਦਾ ਪੈਸਾ ਡਾਈਵਰਟ ਕਰਕੇ ਦਿੱਤਾ ਜਾਂਦਾ ਹੈ। ਹੁਣੇ ਹੀ ਪਿਛਲੇ ਮਹੀਨੇ ਜਿਹੜੀ ਅਲਾਟਮੈਂਟ ਹੋਈ, ਹੁਸ਼ਿਆਰਪੁਰ ਜ਼ਿਲ੍ਹੇ ਨੂੰ ਬਿਲਕੁਲ ਮਾਰਜਨਲ ਪੈਸਾ ਦਿੱਤਾ ਗਿਆ ਅਤੇ ਸਾਰਾ ਪੈਸਾ ਪਾਸੇ ਡਾਈਵਰਟ ਕਰ ਦਿੱਤਾ ਗਿਆ। ਜਦ ਫਲੱਡ ਆਉਂਦੇ ਹਨ ਤਾਂ ਆਮ ਤੌਰ ਤੇ ਪਹਾੜੀ ਏਰੀਆ ਜਿਹੜਾ ਹੈ ਉਥੋਂ ਪਾਣੀ ਬੜੀ ਤੇਜ਼ੀ ਨਾਲ ਥੱਲੇ ਨੂੰ ਆਉਂਦਾ ਹੈ ਅਤੇ ਉਥੇ ਜਿਹੜੇ ਪਿੰਡ ਆਉਂਦੇ ਹਨ ਉਨ੍ਹਾਂ ਨੂੰ ਬਰਬਾਦ ਕਰਦਾ ਹੈ। ਇਸ ਵਾਸਤੇ ਕੰਡੀ ਏਰੀਆ ਵਾਸਤੇ ਜਿਥੇ ਫਲੱਡਾਂ ਨਾਲ ਨੁਕਸਾਨ ਹੁੰਦਾ ਹੈ ਪੈਸਾ ਜ਼ਿਆਦਾ ਰੱਖਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਉਥੇ ਇਕ 66 ਕੇ.ਵੀ. ਸਬ-ਸਟੇਸ਼ਨ ਬਣ ਰਿਹਾ ਸੀ। ਜ਼ਮੀਨ ਖਰੀਦ ਲਈ ਸੀ। ਉਸ ਦਾ ਲੈਵਲ ਕਰਨ ਵਾਸਤੇ ਕੋਈ 40 ਹਜ਼ਾਰ ਰੁਪਿਆ ਵੀ ਉਥੇ ਖਰਚ ਹੋ ਗਿਆ ਸੀ। ਉਸ ਦੀ ਬਿਲਡਿੰਗ ਦੀ ਉਸਾਰੀ ਸ਼ੁਰੂ ਹੋ ਗਈ। ਦੀਵਾਰਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਸ਼ਟਰਿੰਗ ਲੱਗੀ ਸੀ ਲੇਕਿਨ ਸਿਆਸੀ ਤਾਕਤ, ਦਬਾਅ ਕਾਰਨ ਉਥੋਂ ਸਾਰਾ ਸਾਮਾਨ ਚੁੱਕ ਕੇ ਲੈ ਗਏ। ਉਥੇ ਦਾ ਕੰਮ ਉਸੇ ਸਥਿਤੀ ਵਿਚ ਛੱਡ ਕੇ ਚਲੇ ਗਏ। 3 ਸਾਲ ਹੋ ਗਏ ਹਨ। ਦੋ ਚਾਰ ਏਕੜ ਜ਼ਮੀਨ ਵਿਚ ਇਹ ਕੰਮ ਹੋ ਰਿਹਾ ਸੀ। ਜਦ ਕਿ ਲਾਈਨਾਂ ਵਗੈਰਾ ਖਿੱਚੀਆਂ ਜਾ ਰਹੀਆਂ ਹਨ, ਇਸ ਲਈ ਉਨ੍ਹਾਂ ਨੂੰ ਰਿਸੀਵ ਕਰਨ ਵਾਸਤੇ ਉਥੇ 66 ਕੇ.ਵੀ. ਦਾ ਸਬ-ਸਟੇਸ਼ਨ ਜਿਹੜਾ ਬਣ ਰਿਹਾ ਸੀ ਉਸ ਨੂੰ ਜ਼ਰੂਰ ਬਣਾਓ। ਉਥੇ ਦੀ ਹਾਲਤ ਬੜੀ ਮਾੜੀ ਹੈ। ਮੈਂ ਬੇਨਤੀ ਕਰਾਂਗਾ ਕਿ ਜੋ ਵੀ ਪਰਾਜੈਕਟ ਮਨਜ਼ੂਰ ਹੋਇਆ ਸੀ ਅਤੇ ਜਿਸ ਨੂੰ ਪਾਸੇ ਸ਼ਿਫਟ ਕੀਤਾ ਗਿਆ ਸੀ ਉਸ ਨੂੰ ਪਹਿਲੀ ਜਗ੍ਹਾ ਤੇ ਸ਼ਿਫਟ ਕੀਤਾ ਜਾਵੇ।

ਇਸੇ ਤਰ੍ਹਾਂ ਇਕ ਦੇਣ ਜੋ ਸਾਡੇ ਕੰਡੀ ਏਰੀਆ ਨੂੰ ਦਿੱਤੀ ਗਈ ਹੈ, ਮੈਨੂੰ ਦੁੱਖ ਹੈ ਕਿ ਉਸ ਗੱਲ ਦਾ ਜ਼ਿਕਰ ਇਸ ਹਾਊਸ ਵਿਚ ਨਹੀਂ ਆਇਆ। ਇਹ ਇਕ ਬਹੁਤ ਵੱਡੀ ਇਸ ਸਰਕਾਰ ਦੀ ਦੇਣ ਹੈ ਜਿਸ ਦੀ ਜਿੰਨੀ ਸ਼ਲਾਘਾ ਕੀਤੀ ਜਾਵੇ ਥੋੜ੍ਹੀ ਹੈ। ਸਾਡੇ ਕੰਡੀ ਏਰੀਆ ਵਿਚ ਜਿਥੇ ਕੋਈ

[ਸ੍ਰੀ ਰਾਮ ਕਿਸ਼ਨ ਕਟਾਰੀਆ]

ਕਾਲਜ ਨਹੀਂ ਸੀ, ਇਸੇ ਤਰ੍ਹਾਂ ਡੋਗਰਾ ਜੀ ਦੇ ਹਲਕੇ ਤਲਵਾੜੇ ਵਿਚ ਕਾਲਜ ਨਹੀਂ ਸੀ, ਸੋ ਸਾਨੂੰ ਕਾਲਜ ਦੇ ਕੇ ਇਕ ਬਹੁਤ ਵੱਡਾ ਇਸ ਸਰਕਾਰ ਨੇ ਉਪਕਾਰ ਕੀਤਾ ਹੈ ਅਤੇ ਇਹ ਇਨ੍ਹਾਂ ਦੀ ਸਾਨੂੰ ਬਹੁਤ ਵੱਡੀ ਦੇਣ ਹੈ। ਜਿਸ ਨੂੰ ਸਾਡਾ ਕੰਡੀ ਏਰੀਆ ਕਦੇ ਵੀ ਨਹੀਂ ਭੁਲਾ ਸਕਦਾ। ਲੇਕਿਨ ਉਸ ਦਾ ਫਾਇਦਾ, ਡਿਪਟੀ ਸਪੀਕਰ ਸਾਹਿਬ, ਤਦ ਹੀ ਅਸੀਂ ਉਠਾ ਸਕਦੇ ਹਾਂ ਅਗਰ ਆਵਾਜਾਈ ਦਾ ਕੋਈ ਸਾਧਨ ਹੋਵੇ। ਸੜਕਾਂ ਦੇ ਬਾਰੇ ਮੈਂ ਸਾਰੇ ਸੈਸ਼ਨ ਵਿਚ ਕਹਿੰਦਾ ਰਿਹਾ ਹਾਂ। ਜਿਥੇ ਪਹਿਲਾਂ ਬੱਸ ਚਲਦੀ ਸੀ, ਉਹ ਬੰਦ ਹੋ ਗਈ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਇਥੇ ਸਾਨੂੰ ਸਾਦੇ ਕਾਰਡ ਦਿੱਤੇ ਗਏ ਹਨ ਜਿਸ ਦੇ ਉਤੇ ਕੋਈ ਨਾਮ ਨਹੀਂ ਲਿਖਿਆ। (ਇਕ ਆਵਾਜ਼: ਉਹ ਖਾਣੇ ਦੇ ਦਿੱਤੇ ਗਏ ਹਨ।) ਖਾਣੇ ਤੇ ਬੁਲਾਉਣ ਵਾਸਤੇ ਸਰਦਾਰ ਬਲਵੰਤ ਸਿੰਘ ਨੇ ਕਾਰਡ ਦੇ ਦਿੱਤੇ ਹਨ। ਕਿਤੇ ਗਲਤ ਕਾਰਡ ਤਾਂ ਨਹੀਂ ਦਿੱਤੇ ਗਏ। ਇਹ ਸਦਨ ਵਿਚ ਵੰਡੇ ਗਏ ਹਨ। ਇਹ ਮੈਂ ਤੁਹਾਡੇ ਕੋਲ ਭੇਜਣ ਲੱਗਾ ਹਾਂ। ਇਨ੍ਹਾਂ ਉਤੇ ਕਿਸੇ ਦਾ ਨਾਮ ਨਹੀਂ ਲਿਖਿਆ। ਇਹ ਬਗੈਰ ਨਾਮ ਲਿਖੇ ਕਾਰਡ ਵੰਡੇ ਗਏ ਹਨ। ਇਹ ਮੈਂਬਰਾਂ ਦੀ ਤੌਹੀਨ ਹੈ।

ਸ੍ਰੀ ਡਿਪਟੀ ਸਪੀਕਰ: ਇਸ ਵਿਚ ਕਾਰਡ ਹੈ। ਤੁਹਾਡੀ ਮੇਜ਼ ਤੇ ਚਲਾ ਗਿਆ ਫਿਰ ਉਹ ਤੁਹਾਡਾ ਹੀ ਬਣ ਗਿਆ। ਜਦ ਤੁਹਾਡੀ ਮੇਜ਼ ਤੇ ਆ ਗਿਆ ਹੈ ਤਾਂ ਉਹ ਤੁਹਾਡਾ ਬਣ ਗਿਆ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ: ਇਹ ਮੈਂਬਰਾਂ ਦੀ ਤੌਹੀਨ ਹੈ। ਬੇਰੰਗ ਕਾਰਡ ਦਿੱਤੇ ਹਨ। ਇਹ ਮੈਂ ਸਦਨ ਦੀ ਮੇਜ਼ ਤੇ ਰੱਖਣ ਲੱਗਾ ਹਾਂ। 3-4 ਕਾਰਡ ਮੇਰੇ ਕੋਲ ਹਨ। ਇਹ ਮੈਂ ਮੇਜ਼ ਤੇ ਰੱਖਣ ਲੱਗਾ ਹਾਂ।

Minister for Public Relations: Very sorry, Sir.

ਸ੍ਰੀ ਰਾਮ ਕਿਸ਼ਨ ਕਟਾਰੀਆ : ਮੈਂ ਪਿਛਲੇ 5 ਸਾਲਾਂ ਦਾ ਵੇਰਵਾ ਮੰਗਿਆ ਸੀ ਕਿ ਮੇਰੇ ਜ਼ਿਲ੍ਹੇ ਵਿਚ ਕਿੰਨੀਆਂ ਸੜਕਾਂ ਬਣੀਆਂ। ਜੋ ਵੇਰਵਾ ਆਇਆ ਹੈ ਉਸ ਦੇ ਵਿਚ ਜੋ ਕੁਝ ਵੀ ਜ਼ਿਕਰ ਕੀਤਾ ਹੈ, ਮੈਂ ਬੜੀ ਨਿਮਰਤਾ ਪੂਰਵਕ ਅਰਜ਼ ਕਰਾਂਗਾ ਕਿ ਇਨ੍ਹਾਂ ਨੇ ਬੜੀ ਕਿਰਪਾ ਕੀਤੀ ਹੈ ਤੇ ਕਿਹਾ ਹੈ ਕਿ ਆਪ ਜਾ ਕੇ ਅਸੀਂ ਚੈਕ ਕਰ ਲਵਾਂਗੇ। ਜਦੋਂ ਇਹ ਜਾਣਗੇ ਤਾਂ ਸਾਰੀ ਗੱਲ ਦਾ ਨਿਸਤਾਰਾ ਹੋ ਜਾਵੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਗਜ਼ਾਂ ਵਿੱਚ ਸੜਕਾਂ ਬਣੀਆਂ ਹਨ ਅਤੇ ਜਦੋਂ ਇਹ ਜਾਣਗੇ ਤਾਂ ਸਾਰੀ ਗੱਲ ਇਨ੍ਹਾਂ ਨੂੰ ਸਪੱਸ਼ਟ ਹੋ ਜਾਵੇਗੀ। ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਨਵਰੀ, 1981 ਤੋਂ ਦਸੰਬਰ, 1985 ਤਕ ਕਿਸ ਕਿਸ ਜਗ੍ਹਾ ਤੇ ਸੜਕਾਂ ਬਣੀਆਂ ਹਨ ਅਤੇ ਕਿੰਨੇ ਕਿੰਨੇ ਕਿਲੋਮੀਟਰ ਬਣੀਆਂ ਹਨ। ਡਾਕਟਰ ਸਾਹਿਬ ਦੇ ਹਲਕੇ ਵਿੱਚ 31 ਕਿਲੋਮੀਟਰ, ਬਜਵਾੜਾ ਵਿੱਚ 22 ਕਿਲੋਮੀਟਰ ਅਤੇ ਮੇਰੇ ਹਲਕੇ ਵਿੱਚ .89 ਕਿਲੋਮੀਟਰ। (ਘੰਟੀ)

ਸ੍ਰੀ ਡਿਪਟੀ ਸਪੀਕਰ : ਕਟਾਰੀਆ ਸਾਹਿਬ, ਵਾਈਂਡ ਅੱਪ ਕਰੋ ਹੁਣ।

ਸ੍ਰੀ ਰਾਮ ਕਿਸ਼ਨ ਕਟਾਰੀਆ : ਡਿਪਟੀ ਸਪੀਕਰ ਸਾਹਿਬ, ਮੈਨੂੰ 2-4 ਮਿੰਟ ਦਿਓ, ਮੈਨੂੰ ਤਾਂ ਪਹਿਲਾਂ ਵੀ ਟਾਈਮ ਨਹੀਂ ਮਿਲਿਆ।

ਕਲਵਰਟਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਮੁਕੇਰੀਆਂ ਵਿੱਚ 136 ਕਲਵਰਟ ਬਣੇ ਹਨ, ਹੁਸ਼ਿਆਰਪੁਰ ਵਿੱਚ 32, ਟਾਂਡਾ ਵਿੱਚ 21 ਅਤੇ ਸਰੋਆ ਵਿੱਚ ਫਿਰ ਜ਼ੀਰੋ । ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਮਾਰਕੀਟਿੰਗ ਬੋਰਡ ਨੇ ਕਿੰਨੀਆਂ ਸੜਕਾਂ ਲਈ ਪੈਸੇ ਦਿੱਤੇ ਉਸ ਦੇ ਵਿੱਚ ਵੀ ਬਹੁਤ ਫਰਕ ਹੈ । ਬਠਿੰਡਾ ਵਿੱਚ 4 ਕਰੋੜ 66 ਲੱਖ ਰੁਪਿਆ, ਪਟਿਆਲੇ ਵਿੱਚ 4 ਕਰੋੜ 37 ਲੱਖ ਰੁਪਿਆ, ਸੰਗਰੂਰ ਵਿੱਚ 3 ਕਰੋੜ 18 ਲੱਖ ਰੁਪਿਆ, ਲੁਧਿਆਣਾ ਵਿੱਚ 2 ਕਰੋੜ 91 ਲੱਖ ਰੁਪਿਆ ਅਤੇ ਹੁਸ਼ਿਆਰਪੁਰ ਵਿੱਚ ਸਿਰਫ 1 ਕਰੋੜ 95 ਲੱਖ ਰੁਪਏ ਔਰ ਉਸ ਦੇ ਵਿਚੋਂ ਵੀ ਪਤਾ ਨਹੀਂ ਬਲਾਚੌਰ ਦੇ ਹਿਸੇ ਕਿੰਨੇ ਆਉਂਦੇ ਹਨ । . (ਘੰਟੀ)

ਡਿਪਟੀ ਸਪੀਕਰ ਸਾਹਿਬ, ਐਜੂਕੇਸ਼ਨ ਦੇ ਮੁਤੱਲਕ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਸਕੂਲ ਅੱਪਗਰੇਡ ਹੋਏ ਹਨ ਉਸ ਦੇ ਬਾਰੇ ਵੀ ਦੱਸਣਾ ਚਾਹੁੰਦਾ ਹਾਂ । ਅੱਜ ਸਵੇਰੇ ਹੀ ਇਕ ਕੁਐਸਚਨ ਦੇ ਜਵਾਬ ਵਿੱਚ ਕਿਹਾ ਗਿਆ ਸੀ ਕਿ ਫਲਾਣੀ ਥਾਂ ਤੇ ਇਤਨੇ ਸਕੂਲ ਅੱਪਗਰੇਡ ਕੀਤੇ ਗਏ ਹਨ, ਫਲਾਣੀ ਥਾਂ ਤੇ ਇਤਨੇ ਸਕੂਲ ਅੱਪਗਰੇਡ ਹੋਏ ਹਨ ਪਰ ਮੇਰੇ ਬਲਾਕ ਸਰੋਆ ਅਤੇ ਬਲਾਚੌਰ ਵਿਚ ਸਿਰਫ ਇਕ ਦੋ ਹੀ ਹੋਏ ਹਨ । (ਘੰਟੀ) (ਵਿਘਨ) ਐਜੂਕੇਸ਼ਨ ਮਨਿਸਟਰ ਸਾਹਿਬ ਵਲੋਂ ਮਾਰਕ ਹੋ ਕੇ ਡੀ.ਪੀ.ਆਈ. ਨੂੰ ਚਲੇ ਗਏ ਹਨ ਔਰ ਇਹ ਪ੍ਰਾਈਮਰੀ ਤੋਂ ਮਿਡਲ ਕਰਨੇ ਸੀ ਪਰ ਉਹ ਲਿਸਟ ਵਿਚ ਨਹੀਂ ਆਏ । ਡਿਪਟੀ ਸਪੀਕਰ ਸਾਹਿਬ, ਜਿਹੜਾ 50 ਸਕੂਲਾਂ ਵਿੱਚ ਵਾਧਾ ਕੀਤਾ ਹੈ ਉਸ ਦੇ ਵਿੱਚ ਮੇਰੀ ਬੇਨਤੀ ਹੈ ਕਿ ਇਹ ਜ਼ਰੂਰ ਕੀਤੇ ਜਾਣੇ ਚਾਹੀਦੇ ਹਨ। ਇਹ ਸਕੂਲ ਜੋ ਹਨ ਉਹ ਹਨ ਮੋਜੋਵਾਲ ਮਜਾਰਾ ਅਤੇ ਸਹੌਂਗੜਾ ਜੋ ਪ੍ਰਾਈਮਰੀ ਤੋਂ ਮਿਡਲ ਹੋਏ ਹਨ ਅਤੇ ਇਸੇ ਤਰ੍ਹਾਂ ਮਿਡਲ ਤੋਂ ਹਾਈ ਸਕੂਲ ਜੋ ਹੋਣਾ ਹੈ ਉਹ ਹੈ ਬਕਾਪੁਰ । ਇਹ ਸਕੂਲ ਜੇ ਅੱਪਗਰੇਡ ਹੋ ਜਾਣ ਤਾਂ ਕਮ-ਅਜ਼-ਕਮ ਅਸੀਂ ਸਮਝਾਂਗੇ ਕਿ ਸਾਨੂੰ ਕੁਝ ਤਾਂ ਸਕੂਲ ਅਪਗਰੇਡ ਹੋ ਕੇ ਮਿਲ ਜਾਣਗੇ ਜਿਸ ਦੇ ਨਾਲ ਲੋਕਾਂ ਨੂੰ ਕੁਝ ਸਹੂਲਤ ਹੋਵੇਗੀ। (ਘੰਟੀ)

ਟਰਾਂਸਪੋਰਟ ਦੇ ਮੁਤੱਲਕ, ਡਿਪਟੀ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਟਰਾਂਸਪੋਰਟ ਕਮਿਸ਼ਨਰ ਸਾਹਿਬ ਸਾਡੇ ਗਿਰਾਈਂ ਹਨ ਪਰ ਟਰਾਂਸਪੋਰਟ ਦੀ ਸਾਨੂੰ ਸ਼ਿਕਾਇਤ ਹੈ ਕਿ ਇਸ ਦੀ ਸਥਿੱਤੀ ਪਹਿਲਾਂ ਨਾਲੋਂ ਵੀ ਖ਼ਰਾਬ ਹੋ ਗਈ ਹੈ । ਪਹਿਲਾਂ ਜਿਹੜੀਆਂ ਬਸਾਂ ਚਲਦੀਆਂ ਸਨ ਉਹ ਵੀ ਬੰਦ ਹੋ ਗਈਆਂ ਹਨ ਅਤੇ ਕਹਿੰਦੇ ਹਨ ਕਿ ਉਥੇ ਸੜਕ ਠੀਕ ਨਹੀਂ । ਮੈਂ ਕਹਾਂਗਾ ਕਿ ਜੇ ਪੀ.ਡਬਲਿਯੂ.ਡੀ. ਵਾਲੇ ਸੜਕਾਂ ਨਹੀਂ ਬਣਾ ਕੇ ਦੇ ਸਕਦੇ ਤਾਂ ਸਾਡੇ ਲੋਕ ਆਪ ਸੜਕਾਂ ਬਣਾ ਕੇ ਦੇ ਸਕਦੇ ਹਨ ਪਰ ਉਥੇ ਟਰਾਂਸਪੋਰਟ ਚਾਲੂ ਕਰਨੀ ਚਾਹੀਦੀ ਹੈ। ਇਹ ਕਹਿੰਦੇ ਹਨ ਕਿ ਧਨ ਮਿਲਣ ਤੇ ਬਸਾਂ ਚਲਾਈਆਂ ਜਾਣਗੀਆਂ। (ਘੰਟੀ)

ਸ੍ਰੀ ਡਿਪਟੀ ਸਪੀਕਰ : ਕਟਾਰੀਆ ਸਾਹਿਬ, ਵਾਈਂਡ ਅੱਪ ਕਰੋ ਤੇ ਆਪਣੀ ਲਾਸਟ ਗੱਲ ਕਹਿ ਲਓ ।

ਸ੍ਰੀ ਰਾਮ ਕਿਸ਼ਨ ਕਟਾਰੀਆ : ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਹਸਪਤਾਲਾਂ ਦਾ ਜ਼ਿਕਰ ਆਇਆ ਸੀ। ਮੇਰਾ ਇਕ ਐਡਾ ਵੱਡਾ ਹਲਕਾ ਹੈ ਜਿਹੜਾ ਪੱਛੜਿਆ ਹੋਇਆ ਹੈ ਔਰ ਜਿਸ ਦੇ ਵਿੱਚ ਮੇਰੇ ਹਲਕੇ ਦੇ ਦੋ ਬਲਾਕ ਹਨ ਜਿਥੇ ਹਸਪਤਾਲ ਦੀ ਕੋਈ ਬਿਲਡਿੰਗ ਨਹੀਂ ।

***1.28 P.M** | (ਇਸ ਸਮੇਂ* ਸ੍ਰੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)

[ਸ਼੍ਰੀ ਰਾਮ ਕਿਸ਼ਨ ਕਟਾਰੀਆ]

ਮੇਰੇ ਸਾਰੇ ਡਿਵੀਜ਼ਨ ਵਿੱਚ, ਸਪੀਕਰ ਸਾਹਿਬ, ਕੋਈ ਹਸਪਤਾਲ ਦੀ ਬਿਲਡਿੰਗ ਨਹੀਂ ਹੈ ਜਦੋਂ ਕਿ 1972 ਵਿੱਚ ਇਹ ਮਨਜ਼ੂਰ ਹੋਈ ਸੀ । ਕਈ ਵਾਰੀ ਜ਼ਮੀਨ ਐਕੁਆਇਰ ਹੋਈ ਹੈ ਅਤੇ ਫਿਰ ਡੀ-ਨੋਟੀਫਾਈ ਕਰ ਦਿੱਤੀ। (ਘੰਟੀ) ਪ੍ਰਾਈਮਰੀ ਹੈਲਥ ਸੈਂਟਰ ਹੁਸ਼ਿਆਰਪੁਰ ਵਿੱਚ ਜਿਹੜਾ ਐਗਜ਼ਿਸਟ ਕਰਦਾ ਹੈ ਉਸ ਦੀ ਹਾਲਤ ਜੋ ਹੈ ਉਹ ਹਾਲਤ ਬੜੀ ਅਫ਼ਸੋਸਨਾਕ ਹੈ । ਉਸ ਪ੍ਰਾਈਮਰੀ ਹੈਲਥ ਸੈਂਟਰ ਵਿੱਚ ਕੋਈ ਸਹੂਲਤ ਨਹੀਂ, ਕੋਈ ਕਿਸੇ ਕਿਸਮ ਦਾ ਕੋਈ ਸਾਧਨ ਨਹੀਂ ਹੈ । ਉਥੇ ਲੈਟਰੀਨ ਦਾ ਕੋਈ ਸਾਧਨ ਨਹੀਂ ਹੈ, ਯੂਰੀਨਲ ਦਾ ਕੋਈ ਸਾਧਨ ਨਹੀਂ ਹੈ। ਉਥੇ ਕੋਈ ਸਹੂਲਤ ਨਹੀਂ ਹੈ । ਉਥੇ ਜਾ ਕੇ ਕੋਈ ਦੇਖੇ ਤਾਂ ਪਤਾ ਲਗੇਗਾ ਕਿ ਕਿੰਨੀ ਤਰਸਯੋਗ ਹਾਲਤ ਹੈ ।

Mr. Speaker : Please conclude within a minute.

ਸ਼੍ਰੀ ਰਾਮ ਕਿਸ਼ਨ ਕਟਾਰੀਆ : ਮੇਰੀ ਬੜੀ ਲੰਮੀ ਦਾਸਤਾਂ ਸੀ ਜੀ। ਸਪੀਕਰ ਸਾਹਿਬ, ਮੈਂ ਦੋ ਮਿੰਟਾਂ ਵਿਚ ਹੀ ਖ਼ਤਮ ਕਰ ਦਿਆਂਗਾ ।

ਜਿਥੋਂ ਤਕ ਇੰਡਸਟਰੀ ਦੀ ਗਲ ਹੈ ਮੇਰੇ ਹਲਕੇ ਵਿਚ ਬਲਾਚੌਰ ਵਿਚ ਇੰਡਸਟਰੀ ਲਗਾਈ ਹੈ। ਸਾਰੇ ਉਧਰ ਜਾਂਦੇ ਹਨ ਔਰ ਰਸਤੇ ਵਿਚ ਇਹ ਵੇਖਦੇ ਹਨ। ਉਸ ਦਾ ਜਿਹੜਾ ਫ਼ਾਇਦਾ ਹੋਇਆ ਹੈ ਉਹ ਵੱਡੀਆਂ ਇੰਡਸਟਰੀਆਂ ਵਾਲਿਆਂ ਨੂੰ ਗਿਆ ਹੈ, ਸਾਰੀ ਸਬਸਿਡੀ ਦਾ ਫ਼ਾਇਦਾ ਉਨ੍ਹਾਂ ਇੰਡ-ਸਟਰੀਆਲਿਟਸ ਨੇ ਉਠਾਇਆ ਹੈ, ਬਾਕੀ ਸਾਨੂੰ ਕੋਈ ਫ਼ਾਇਦਾ ਨਹੀਂ ਹੋਇਆ । ਸਾਡੇ ਇਲਾਕੇ ਦਾ ਕੋਈ ਬੰਦਾ ਨਹੀਂ ਲਗਾਇਆ ਅਤੇ ਨਾ ਹੀ ਸਾਡੀ ਟਰੱਕ ਯੂਨੀਅਨ ਨੂੰ ਫ਼ਾਇਦਾ ਹੋਇਆ ਹੈ। ਸਪੀਕਰ ਸਾਹਿਬ, ਮੇਰੀ ਇਹ ਬੇਨਤੀ ਹੈ ਕਿ ਇਹ ਸਾਡੇ ਸਾਰੇ ਮਾਨਯੋਗ ਮੰਤਰੀ ਸਾਹਿਬ ਕਮ-ਅਜ਼-ਕਮ ਇਕ ਦਿਨ ਮੇਰੇ ਹਲਕੇ ਦਾ ਦੌਰਾ ਕਰ ਲੈਣ ਜੇ ਮੈਂ ਗਲਤ ਹੋਵਾਂ ਤਾਂ ਇਹ ਕਹਿਣ। ਧੰਨਵਾਦ । (ਵਿਘਨ)

ਸ਼੍ਰੀ ਸਪੀਕਰ : ਤੁਸੀਂ ਬੈਠੋ। Naturally we have to distribute the time equally. ਮੈਂ ਬੇਨਤੀ ਕਰਾਂਗਾ ਕਿ ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿਚ ਫੈਸਲਾ ਹੋਇਆ ਹੈ ਕਿ 2.00 ਵਜੇ ਡਿਸਕਸ਼ਨ ਕਨਕਲੂਡ ਕਰਨੀ ਹੈ ਇਸ ਲਈ ਹਰ ਮੈਂਬਰ ਸਿਰਫ਼ 5 ਮਿੰਟ ਹੀ ਲਵੇ । (ਵਿਘਨ)

ਆਵਾਜ਼ਾਂ : ਹਾਊਸ ਸੁਪਰੀਮ ਹੈ ।

ਸ਼੍ਰੀ ਸਪੀਕਰ : ਠੀਕ ਹੈ, ਜੋ ਹਾਊਸ ਦੀ ਇਛਾ ਹੋਵੇਗੀ ਮੈਂ ਉਹ ਕਰਾਂਗਾ ਪਰ ਜੋ ਫੈਸਲਾ ਹੋਇਆ ਹੈ ਉਹ ਮੈਂ ਦੱਸ ਦਿਤਾ ਹੈ (ਵਿਘਨ)

(ਇਸ ਸਮੇਂ ਸਰਦਾਰ ਬਚਿੱਤਰ ਸਿੰਘ ਅਤੇ ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਬੋਲਣ ਲਈ ਖੜੇ ਸਨ)

Mr. Speaker: Please sit down Sardar Gurcharan Singh Nihalsingh-wala. Some body from that side has also to take, Sardar Bachittar Singh.

ਸਰਦਾਰ ਬਚਿੱਤਰ ਸਿੰਘ (ਖਰੜ) : ਸਪੀਕਰ ਸਾਹਿਬ, ਜੋ ਸਰਕਾਰੀ ਖ਼ਜ਼ਾਨਾ ਹੈ ਸਰਕਾਰ ਦੇ ਹੱਥਾਂ ਵਿਚ ਲੋਕਾਂ ਦੀ ਇਕ ਬੜੀ ਪਵਿੱਤਰ ਅਮਾਨਤ ਹੈ । ਲੋਕਾਂ ਤੋਂ ਟੈਕਸ ਉਗਰਾਹ ਕੇ ਉਨ੍ਹਾਂ

ਦੇ ਖੂਨ ਪਸੀਨੇ ਦਾ ਪੈਸਾ ਹੈ ਇਸ ਪੈਸੇ ਨੂੰ ਬਿਨਾਂ ਕਿਸੇ ਲਿਹਾਜ਼ ਨਾਲ ਕਿ ਇਹ ਕਿਸ ਮੈਂਬਰ ਸਾਹਿਬ ਦਾ ਹਲਕਾ ਹੈ ਖਰਚ ਕਰਨਾ ਚਾਹੀਦਾ ਹੈ । ਸੋ ਸਭ ਤੋਂ ਪਹਿਲਾਂ ਦੁੱਖ ਨਾਲ ਕਹਿੰਦਾ ਹਾਂ ਕਿ ਜਦੋਂ ਵੀ ਫੰਡਜ਼ ਖਰਚ ਕੀਤੇ ਜਾਂਦੇ ਹਨ ਇਹ ਵੇਖਿਆ ਜਾਂਦਾ ਹੈ ਕਿ ਇਹ ਹਲਕਾ ਕਿਸ ਐਮ.ਐਲ.ਏ. ਨਾਲ ਸਬੰਧ ਰਖਦਾ ਹੈ ਔਰ ਇਹ ਐਮ.ਐਲ.ਏ. ਕਿਸ ਪਾਰਟੀ ਨਾਲ ਸਬੰਧਤ ਹੈ। ਮੈਂ ਕਹਿੰਦਾ ਹਾਂ ਕਿ ਜੇ ਤੁਸੀਂ ਮੁਹਾਲੀ ਜਾ ਕੇ ਵੇਖੋ, ਤੁਸੀਂ ਹਰ ਰੋਜ਼ ਉਥੋਂ ਲੰਘਦੇ ਹੋ, ਜਿਸ ਨੂੰ ਗੇਟ ਵੇਅ ਆਫ਼ ਪੰਜਾਬ ਕਿਹਾ ਜਾਂਦਾ ਹੈ, ਸੜਕਾਂ ਦੀ ਉਥੇ ਖ਼ਸਤਾ ਹਾਲਤ ਹੈ। ਜਿਹੜੇ ਉਥੇ ਦੇ ਲੋਕ ਹਨ ਉਹ ਇਹ ਸਮਝਦੇ ਹਨ ਕਿ ਸਾਡੀਆਂ ਸਾਰੀਆਂ ਵੋਟਾਂ ਬੇਕਾਰ ਚਲੀਆਂ ਗਈਆਂ । ਨਾ ਮੇਰੇ ਹਲਕੇ ਵਿੱਚ ਕਿਤੇ ਕੋਈ ਟਿਊਬਵੈਲ ਲਗਿਆ ਹੈ, ਨਾ ਮੇਰੇ ਹਲਕੇ ਵਿਚ ਨਾਲੀਆਂ ਗਲੀਆਂ ਪੱਕੀਆਂ ਹੁੰਦੀਆਂ ਹਨ ਅਤੇ ਨਾ ਹੀ ਲੋਕਾਂ ਦੀ ਰਾਏ ਬਿਲਕੁਲ ਲਈ ਜਾਂਦੀ ਹੈ। ਇਸ ਤਰ੍ਹਾਂ ਜਦੋਂ ਤੁਸੀਂ ਖਰੜ ਤੋਂ ਮੁਰਿੰਡੇ ਨੂੰ ਜਾਣ ਵਾਸਤੇ ਮੋੜ ਮੁੜਦੇ ਹੋ ਤਾਂ ਉਥੇ 100 ਏਕੜ ਦਾ ਜ਼ਮੀਨ ਦਾ ਟੁਕੜਾ ਹੈ ਜਿਸ ਦੇ ਉਤੇ ਸਾਬਕਾ ਮੁੱਖ ਮੰਤਰੀ ਸਰਦਾਰ ਦਰਬਾਰਾ ਸਿੰਘ ਨੇ ਬਿੰਗੇ ਟੇਢੇ ਤਰੀਕੇ ਨਾਲ ਕਬਜ਼ਾ ਕਰਾ ਲਿਆ ਔਰ ਉਹ ਜ਼ਮੀਨ ਆਪਣੀ ਧਰਮਪਤਨੀ ਦੇ ਨਾਂ ਤੇ ਲੈ ਲਈ। ਉਸ ਦੀ ਧਰਮਪਤਨੀ ਨੇ ਆਪਣੇ ਪਤੀ ਦਾ ਨਾਂ ਨਹੀਂ ਲਿਖਵਾਇਆ (ਵਿਘਨ)

ਸ੍ਰੀ ਸਪੀਕਰ : ਮੇਰੀ ਬੇਨਤੀ ਹੈ ਕਿ ਇਹ ਜਿਹੜੀ ਗਲ ਹੈ ਐਪਰੋਪਰੀਏਸ਼ਨ ਬਿਲ ਤਕ ਹੀ ਰਖੋ (ਵਿਘਨ)

ਸਰਦਾਰ ਬਚਿੱਤਰ ਸਿੰਘ : ਸਪੀਕਰ ਸਾਹਿਬ, ਜੇ ਬਾੜ ਹੀ ਖੇਤ ਨੂੰ ਖਾਣ ਲਗ ਜਾਏ ਫਿਰ ਖੇਤੀ ਦਾ ਕੀ ਹਾਲ ਹੋਵੇਗਾ । (ਵਿਘਨ) ਸਪੀਕਰ ਸਾਹਿਬ, ਮੈਂ ਲਾਅ ਐਂਡ ਆਰਡਰ ਉਤੇ ਜੋ ਹੋਮ ਦੀ ਮੱਦ ਹੈ, ਜਨਰਲ ਐਡਮਨਿਸਟਰੇਸ਼ਨ ਦੀ ਮਦ ਹੈ ਉਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਉਸ ਉਤੇ ਕੋਈ 91 ਕਰੋੜ ਰੁਪਿਆ ਖਰਚਿਆ ਜਾ ਰਿਹਾ ਹੈ। ਮੈਂ ਸਮਝਦਾ ਹਾਂ ਕਿ ਲਾਅ ਐਂਡ ਆਰਡਰ ਨੂੰ ਮੇਨਟੇਨ ਕਰਨ ਵਾਲੇ ਲੋਕ ਇਸ ਕਿਸਮ ਦੀ ਧੱਕੇਸ਼ਾਹੀ ਦੇ ਵਿਰੁੱਧ ਆਵਾਜ਼ ਨਹੀਂ ਉਠਾ ਰਹੇ । ਮੈਂ ਉਨ੍ਹਾਂ ਵੀਰਾਂ ਨੂੰ ਪੁੱਛਦਾ ਹਾਂ, ਸਪੀਕਰ ਸਾਹਿਬ, ਕਿ ਉਨ੍ਹਾਂ ਨੇ ਵਜ਼ੀਰਾਂ ਦੀ ਇਕ ਫੌਜ ਖੜੀ ਕਰ ਲਈ ਹੈ, 30, 35 ਵਜ਼ੀਰ ਬਣਾ ਲਏ ਹਨ, ਸਾਨੂੰ ਤਾਂ ਕਈਆਂ ਦੇ ਨਾਮ ਤਕ ਨਹੀਂ ਪਤਾ ਔਰ ਜੇ ਕੋਈ ਰਹਿ ਗਿਆ ਹੈ ਤਾਂ ਉਨ੍ਹਾਂ ਨੂੰ ਇਨ੍ਹਾਂ ਨੇ ਚੇਅਰਮੈਨ ਬਣਾ ਦਿੱਤੇ । ਪੱਟੀ ਸਾਹਿਬ ਵਰਗੇ ਸ਼ਰੀਫ਼ ਆਦਮੀ ਹੀ ਸਿਰਫ਼ ਐਮ.ਐਲ.ਏ. ਰਹਿ ਗਏ, ਮੈਂ ਇਹ ਪੁੱਛਦਾ ਹਾਂ ਕਿ ਇੰਨਾਂ ਖਰਚ ਇਨ੍ਹਾਂ ਹਾਲਾਤ ਵਿਚ ਵਜ਼ੀਰਾਂ ਤੇ ਖਰਚ ਕਰ ਰਹੇ ਹਨ । ਮੈਂ ਵਧਾਈ ਦਿੰਦਾ ਹਾਂ ਮੈਨੂੰ ਹੁਣੇ ਦਸਿਆ ਗਿਆ ਹੈ ਕਿ ਸਰਦਾਰ ਨਰੰਜਨ ਸਿੰਘ ਪੱਟੀ ਨੇ ਆਪਣੀਆਂ ਸੇਵਾਵਾਂ ਅਕਾਲ ਤਖਤ ਨੂੰ ਸਮੱਰਪਤ ਕਰ ਦਿੱਤੀਆਂ ਹਨ। ਇਸੇ ਤਰ੍ਹਾਂ ਢਿਲੋਂ ਸਾਹਿਬ ਬੈਠੇ ਹਨ, ਖਾਲਸਾ ਜੀ ਬੈਠੇ ਹਨ। ਇਹ ਸਰਦਾਰ ਬਲਵੰਤ ਸਿੰਘ ਨੇ। ਇਨ੍ਹਾਂ ਬਾਰੇ ਕਹਿ ਸਕਦਾ ਹਾਂ :

'ਮੁੰਡਾ ਦਿਸਦਾ ਹੌਸਲੇ ਵਾਲਾ, ਡਰਦਾ ਘਰਦਿਆਂ ਤੋਂ'

ਇਕ ਵਾਤਾਵਰਨ ਜੋ ਪੈਦਾ ਹੋਇਆ ਹੈ, ਮੈਂ ਸਮਝਦਾ ਹਾਂ ਕਿ ਐਸਾ ਵਾਤਾਵਰਨ ਤੁਸੀਂ ਪੈਦਾ ਕੀਤਾ ਜਿਸ ਦੇ ਵਿਚ ਅੱਧਾ ਖਜ਼ਾਨਾ ਆਪਣੇ ਆਪ ਤੇ ਹੀ ਖਰਚ ਕਰੀ ਜਾਂਦੇ ਹੋ । ਮੈਂ ਕੱਲ ਇਕ ਵਿਆਹ ਤੇ ਚਲਾ ਗਿਆ। ਮੈਨੂੰ ਲੋਕ ਕਹਿਣ ਲਗੇ, ਤੁਸੀਂ ਤਾਂ ਲੇਟ ਆਏ ਹੋ, ਤੁਹਾਡੇ ਤੋਂ ਪਹਿਲਾਂ ਵਜ਼ੀਰ

[ਸਰਦਾਰ ਬਚਿੱਤਰ ਸਿੰਘ]

ਸਾਹਿਬ ਏਥੇ ਆਏ ਸਨ, ਉਨ੍ਹਾਂ ਦਾ ਜਲੂਸ ਵੇਖਣ ਵਾਲਾ ਸੀ। 20/25 ਗੰਨਾਂ ਵਾਲੇ ਸਨ, ਉਨ੍ਹਾਂ ਨੇ ਕਿਸੇ ਨਾਲ ਨਾ ਗੱਲ ਕੀਤੀ ਔਰ ਨਾ ਕੋਈ ਉਨ੍ਹਾਂ ਕੋਲ ਜਾ ਸਕਦਾ ਸੀ। ਮੈਂ ਸਮਝਦਾ ਹਾਂ ਕਿ ਤੁਸੀਂ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਹੋ ਔਰ ਮੈਨੂੰ ਪਤਾ ਲਗਾ ਹੈ ਕਿ ਬਰਨਾਲਾ ਸਾਹਿਬ ਦੀ ਐਸਕਾਰਟ ਨੂੰ 183 ਸਿਕਿਉਰਿਟੀ ਮੈਂਬਰ ਰਹਿੰਦੇ ਹਨ, ਸ਼ਾਇਦ ਇਸ ਤੋਂ ਵੀ ਵੱਧ ਹੋਣ। ਮੈਂ ਸਮਝਦਾ ਹਾਂ ਕਿ ਇਹੋ ਜਿਹੇ ਹਾਲਾਤ ਦੇ ਵਿੱਚ ਜਿਹੜੇ ਲੋਕ ਆਪਣੇ ਆਪ ਨੂੰ ਲੋਕਾਂ ਦੇ ਨੁਮਾਇੰਦੇ ਕਹਾਉਣ ਔਰ ਲਾਅ ਐਂਡ ਆਰਡਰ ਦੇ ਜੋ ਨਾਮ ਉਤੇ ਸਰਕਾਰ ਆਪਣੇ ਤੇ ਹੀ ਖਰਚ ਕਰੀ ਜਾਂਦੀ ਹੈ, ਮੈਂ ਕਹਿੰਦਾ ਹਾਂ ਕਿ ਇਹ ਜਦੋਂ ਬਾਹਰ ਜਾਂਦੇ ਹਨ ਤਾਂ ਨਾਲ ਜੀਪਾਂ, ਕਾਰਾਂ ਤੇ ਸਟੇਨਗਨਾਂ ਦੀ ਧਾੜ ਦੀ ਧਾੜ ਜਾਂਦੀ ਹੈ, ਜੇਕਰ ਡਰ ਨਹੀਂ ਤਾਂ ਜਿਨ੍ਹਾਂ ਲੋਕਾਂ ਨੇ ਚੁਣ ਕੇ ਭੇਜਿਆ ਹੈ, ਵੋਟਾਂ ਦਿਤੀਆਂ ਹਨ, ਤੁਸੀਂ ਉਨ੍ਹਾਂ ਕੋਲ ਜਾਣ ਤੋਂ ਕਿਉਂ ਘਬਰਾਂਦੇ ਹੋ। (ਵਿਘਨ) ਮੈਂ ਕਹਿੰਦਾ ਹਾਂ ਕਿ ਤੁਸੀਂ ਚਲ ਕੇ ਤਾਂ ਵੇਖੋ ਬਿਨਾਂ ਇਨ੍ਹਾਂ ਤੋਂ। (ਵਿਘਨ) ਮੈਂ ਲਾਅ ਐਂਡ ਆਰਡਰ ਦੀ ਗੱਲ ਕਰਦਾ ਹਾਂ। ਮੈਂ ਕੈਪਟਨ ਕੰਵਲਜੀਤ ਸਿੰਘ ਹੋਰਾਂ ਨੂੰ ਕਹਾਂਗਾ ਕਿ ਇਹ ਪੁਜ਼ੀਸ਼ਨ ਹੈ ਤੁਹਾਡੇ ਲਾਅ ਐਂਡ ਆਰਡਰ ਦੀ। ** ** ** ਮੈਂ ਕਹਿੰਦਾ ਹਾਂ ਕਿ ਸਮਾਂ ਖਾਮੋਸ਼ ਹੈ। ਕਈ ਗਲਾਂ ਤਾਂ ਸੱਚੀਆਂ ਹਨ। ਪੰਜਾਬ ਦਾ ਜੋ ਵਾਤਾਵਰਨ ਹੈ ਬਿਲਕੁਲ ਉਹੀ ਹੋ ਗਿਆ ਹੈ ਜੋ 1947 ਵਿਚ ਸੀ ਜਿਸ ਦੇ ਬਾਰੇ ਅੰਮ੍ਰਿਤਾ ਪ੍ਰੀਤਮ ਨੇ ਲਿਖਿਆ ਹੈ —

"ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤਾ ਜ਼ਹਿਰ ਰਲਾ
ਇੰਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ"

ਅੱਜ ਏਹੋ ਜਿਹੇ ਹਾਲਾਤ ਪੈਦਾ ਹੋਏ ਹੋਏ ਹਨ। ਹਰ ਕੋਈ ਚਿੰਤਾ ਵਿਚ ਹੈ। ਹਰ ਕੋਈ ਅਸ਼ਾਂਤ ਹੈ, ਹਰ ਕੋਈ ਪੁੱਛਦਾ ਹੈ ਕਿ ਕਿਆ ਹਾਲ ਹੈ। ਮੈਂ ਸਰਦਾਰ ਕਿਰਪਾਲ ਸਿੰਘ ਹੋਰਾਂ ਜੋ ਸ਼ੇਅਰ ਪੜ੍ਹਿਆ ਸੀ ਉਸ ਦਾ ਜ਼ਿਕਰ ਕਰਦਾ ਹਾਂ —

""ਨਹੀਂ ਮੁਮਕਿਨ ਕਿ ਹਾਲਾਤ ਕੀ ਗੁੱਥੀ ਸੁਲਝੇ
ਅਹਿਲੇ ਦਾਨਿਸ਼ ਨੇ ਬੜੀ ਸੋਚ ਕੇ ਉਲਝਾਈ ਹੈ"

ਬੜੀ ਮੁਸ਼ਕੱਲ ਨਾਲ ਹਾਲਾਤ ਪੈਦਾ ਕੀਤੇ ਹਨ। ਇਨ੍ਹਾਂ ਹਾਲਾਤ ਬਾਰੇ ਹੀ ਅਚਾਰੀਆ ਰਜਨੀਸ਼ ਨੇ ਕਿਹਾ ਹੈ: 'ਇਨ੍ਹਾਂ ਹਾਲਾਤ ਕੀ ਬਿਨਾ ਪਰ ਪ੍ਰਾਇਮ ਮਨਿਸਟਰ ਬਨਾ ਬੈਠਾ ਹੈ, ਰਾਜੀਵ ਗਾਂਧੀ ਅਪਨੀ ਮਾਂ ਕਾ ਖ਼ੂਨ ਬੇਚ ਕਰ। ਉਸ ਕੇ ਲੜਕੇ, ਉਸ ਕੇ ਛੋਕਰੇ ਕੋ ਦੇਸ਼ ਕੀ ਛਾਤੀ ਪਰ ਬੈਠਾ ਦੀਆ।'

ਜਿਹੜਾ ਕਿਹਾ ਕਿ ਅਸੀਂ ਪੰਥ ਦੇ ਨਾਮ ਤੇ, ਅਕਾਰਡ ਕਰਕੇ, ਵੋਟਾਂ ਲਈਆਂ ਹਨ ..

Mr. Speaker: Sardar Bachittar Singh ji, please conclude.

ਸਰਦਾਰ ਬਚਿੱਤਰ ਸਿੰਘ: ਇਹ ਇਨ੍ਹਾਂ ਦੀ ਚੁੱਕ ਵਿਚ ਆਏ ਹੋਏ ਹਨ ਔਰ ਹਾਲਾਤ ਐਸੇ ਹਨ ਕਿ ਲੋਕ ਰਾਜ ਦੇ ਚਾਰ ਥੰਮ ਜੋ ਹਨ—ਲੈਜਿਸਲੇਚਰ, ਐਗਜ਼ੈਕਟਿਵ, ਜੁਡੀਸ਼ੀਅਰੀ ਤੇ ਪ੍ਰੈਸ ਉਨ੍ਹਾਂ ਵਿਚੋਂ ਲੈਜਿਸਲੇਟਰਜ਼ ਦੀ ਗੱਲ ਕਰ ਦਿੱਤੀ ਹੈ ਇਹ ਕਹੀ ਜਾਂਦੇ ਹਨ ਕਿ ਲੋਕਾਂ ਨੇ ਪੰਜਾਬ ਅਕਾਰਡ

**Expunged as ordered by the Chair on 31.3.1987.

ਨੂੰ ਵੋਟ ਪਾਇਆ ਹੈ । ਜੇਕਰ ਪਾਇਆ ਹੁੰਦਾ ਤਾਂ ਇਹ ਹਾਲ ਨਾ ਹੁੰਦਾ। ਉਹ ਸੀ.ਪੀ.ਆਈ. ਨੇ ਵੀ ਬੜਾ ਢੋਲ ਪਿਟਿਆ ਪਰ ਲੋਕਾਂ ਨੇ ਮੂੰਹ ਨਹੀਂ ਲਾਇਆ। ਇਹ ਪੰਜਾਬ ਅਕਾਰਡ ਕਰਕੇ ਨਹੀਂ ਸੀ . . . (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ** ** **

Mr. Speaker: This is no point of order.

ਸਰਦਾਰ ਬਚਿੱਤਰ ਸਿੰਘ: ਸਪੀਕਰ ਸਾਹਿਬ, ਚਾਰ ਅੰਗ ਹਨ . .

ਸ੍ਰੀ ਸਪੀਕਰ : ਤੁਸੀਂ ਹੁਣ ਵਿਦਿਨ ਏ ਮਿੰਟ ਖਤਮ ਕਰ ਦਿਓ।

ਸਰਦਾਰ ਬਚਿੱਤਰ ਸਿੰਘ: ਸਪੀਕਰ ਸਾਹਿਬ, ਮੈਂ ਦੱਸ ਰਿਹਾ ਸੀ ਕਿ ਚਾਰ ਅੰਗ ਹਨ ਇਕ ਲੈਜਿਸਲੇਚਰ, ਦੂਸਰਾ ਐਗਜ਼ੈਕਟਿਵ, ਤੀਸਰਾ ਜੁਡੀਸ਼ਰੀ ਅਤੇ ਚੌਥਾ ਪ੍ਰੈਸ। ਇਨ੍ਹਾਂ ਚਾਰਾਂ ਦਾ ਹੀ ਭੱਠਾ ਬੈਠ ਗਿਆ ਹੈ। ਹਾਲਾਤ ਜੋ ਹੋ ਗਏ ਹਨ ਉਹ ਤੁਹਾਨੂੰ ਪਤਾ ਹਨ। ਲੈਜਿਸਲੇਚਰ ਦੇ ਬਾਰੇ ਮੈਂ ਦਸਿਆ ਹੈ। ਐਗਜ਼ੈਕਟਿਵ ਦਾ ਜੋ ਹਾਲ ਹੈ ਉਹ ਮੈਂ ਦੱਸਦਾ ਹਾਂ ਕਿ ਮੇਰੇ ਹਲਕੇ ਵਿਚ ਸਰਦਾਰ ਬਲਵੰਤ ਸਿੰਘ ਦੇ ਮਹਿਕਮੇ ਦੀ ਇਕ ਲੜਕੀ ਦੇ ਖਿਲਾਫ ਸੀ. ਬੀ. ਆਈ ਨੇ ਕੁਰੱਪਸ਼ਨ ਦੇ ਚਾਰਜਿਜ਼ ਐਸਟੈਬ-ਲਿਸ਼ ਕਰ ਦਿੱਤੇ ਪਰ ਇਨ੍ਹਾਂ ਨੇ ਉਸ ਨੂੰ ਡਿਸਟ੍ਰਿਕਟ ਇੰਡਸਟਰੀਜ਼ ਅਫਸਰ ਲਾ ਦਿੱਤਾ। ਇਸ ਤਰ੍ਹਾਂ ਦੀਆਂ ਮਿਸਾਲਾਂ ਕਈ ਦਿੱਤੀਆਂ ਜਾ ਸਕਦੀਆਂ ਹਨ। 107/151 ਦੇ ਕੇਸ ਜ਼ਮਾਨਤ ਤੇ ਰਿਹਾ ਹੋ ਸਕਦੇ ਹਨ। ਸਾਡੇ ਦੋ ਆਦਮੀ ਸਰਦਾਰ ਸੰਤ ਸਿੰਘ ਰੁੜਕੀ ਵਾਲੇ ਅਤੇ ਸਰਦਾਰ ਅਜੀਤ ਸਿੰਘ ਦੋਨੋਂ ਹੀ 107/151 ਦੇ ਅਧੀਨ ਅੰਦਰ ਹਨ ਪਰ ਜੱਜ ਜ਼ਮਾਨਤ ਨਹੀਂ ਲੈਂਦਾ। ਇਹ ਹਾਲ ਹੋ ਗਿਆ ਹੈ। ਜੁਡੀਸ਼ਰੀ ਨੂੰ ਡਰ ਦੇ ਦਿੱਤਾ ਹੈ ਪੋਸਟਿੰਗ ਦਾ, ਟਰਾਂਸਫਰ ਦਾ।

ਮੈਂ ਦੱਸਦਾ ਹਾਂ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਜਿਸ ਦੇ ਵਾਸਤੇ ਹੈਬੀਅਸ ਕੋਰਪਸ ਦੇ ਅਧੀਨ ਰਿਟ ਪਟੀਸ਼ਨ ਪਾਈ ਸੀ ਜਿਹੜੀ ਕਿ ਬਹੁਤ ਐਮਰਜੈਂਟ ਹੁੰਦੀ ਹੈ ** ** **

ਸ੍ਰੀ ਸੇਵਾ ਰਾਮ ਅਰੋੜਾ : ਸਪੀਕਰ ਸਾਹਿਬ, ਮੈਂਬਰ ਸਾਹਿਬ ਸੁਪ੍ਰੀਮ ਕੋਰਟ ਦੀ ਗਲ ਕਰ ਰਹੇ ਹਨ ਜਿਹੜੀ ਕਿ ਰਿਵਾਇਤ ਦੇ ਖਿਲਾਫ ਹੈ। ਇਹ ਐਕਸਪੰਜ ਹੋਣੇ ਚਾਹੀਦੇ ਹਨ। (ਵਿਘਨ) ਇਨ੍ਹਾਂ ਨੇ ਕਿਹਾ ਹੈ ਕਿ ** **ਇਹ ਐਕਸਪੰਜ ਹੋਣਾ ਚਾਹੀਦਾ ਹੈ।

ਸ੍ਰੀ ਸਪੀਕਰ : ਇਹ ਜਿਹੜੇ ਲਾਸਟ ਵਰਡਜ਼ ਹਨ, ਇਹ ਐਕਸਪੰਜ ਕਰ ਦਿਓ। ਸਰਦਾਰ ਬਚਿੱਤਰ ਸਿੰਘ ਜੀ ਹੁਣ ਤੁਸੀਂ ਬੈਠ ਜਾਓ। ਮੈਨੂੰ ਮਜਬੂਰਨ ਹੁਣ ਇਹ ਕਹਿਣਾ ਪਵੇਗਾ।

(ਇਸ ਵੇਲੇ ਸਰਦਾਰ ਬਚਿੱਤਰ ਸਿੰਘ ਨੇ ਬੋਲਣਾ ਜਾਰੀ ਕਰ ਦਿੱਤਾ ** ** ਅਤੇ ਕਈ ਮਾਨਯੋਗ ਮੈਂਬਰਜ਼ ਬੋਲਣ ਲਈ ਬਾਰ ਬਾਰ ਮੰਗ ਕਰ ਰਹੇ ਸਨ।)

ਸ੍ਰੀ ਸਪੀਕਰ : ਹੁਣ ਇਹ ਜੋ ਕੁਝ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ।

**Expunged not recorded as ordered by the Chair.

FORTH REPORT OF THE BUSINESS ADVISORY COMMITTEE

Mr. Speaker : I have to present to the House the Fourth Report of the Business Advisory Committee which reads as under :—

After some discussion, it was decided that the Sitting of the House be extended upto 2.00 P.M. today and that the House will meet on Wednesday, the 1st April, 1987, at 9.00 A.M. to transact the following business :—

(i) Motion regarding adjournment of the House *sine die*.

(ii) Legislative Business.

(The time of the sitting will be extended, if need be).

Minister of State for Parliamentary Affairs (Sardar Baldev Singh Maan) Sir, I beg to move—

That this House agrees with the recommendations contained in the Fourth Report of the Business Advisory Committee.

Mr. Speaker : Motion moved—

That this House agrees with the recommendations contained in the Fourth Report of the Business Advisory Committee.

Mr. Speaker : Question is—

That this House agrees with the recommendations contained in the Fourth Report of the Business Advisory Committee.

The motion was carried.

THE PUNJAB APPROPRIATION (NO. 2) BILL, 1987
(*Resumption of consideration*)

(ਇਸ ਸਮੇਂ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣ ਲਈ ਸਮਾਂ ਮੰਗ ਰਹੇ ਸਨ ।)

ਸ੍ਰੀ ਸਪੀਕਰ : ਹਾਊਸ ਦੀ ਮੀਟਿੰਗ ਦੋ ਵਜੇ ਸਮਾਪਤ ਹੋਣੀ ਹੈ ।

ਕਈ ਆਵਾਜ਼ਾਂ , ਜਵਾਬ ਬਾਅਦ ਵਿਚ ਆ ਜਾਵੇਗਾ ; ਸਮਾਂ ਵਧਾ ਲਓ । (ਇਸ ਸਮੇ ਵੀ ਬਹੁਤ ਸਾਰੇ ਮਾਨਯੋਗ ਮੈਂਬਰਜ਼ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ)

ਸ੍ਰੀ ਸਪੀਕਰ : ਡਾਕਟਰ ਸਾਹਿਬ, ਤੁਹਾਡੀ ਪਾਰਟੀ ਨੇ 38 ਮਿੰਟ ਲੈ ਲਏ ਹਨ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਤੁਸੀਂ ਵਾਇਦਾ ਕੀਤਾ ਸੀ ਕਿ ਟਾਇਮ ਦੇਵਾਂਗੇ।

ਸਰਦਾਰ ਬਚਿੱਤਰ ਸਿੰਘ: ਸਪੀਕਰ ਸਾਹਿਬ, ਤੁਸੀਂ ਮੈਨੂੰ 2 ਮਿੰਟ ਹੋਰ ਦੇ ਦਿਓ , ਮੈਂ ਖ਼ਤਮ ਕਰ ਦੇਣਾ ਹੈ।

ਸ੍ਰੀ ਸਪੀਕਰ : ਨਹੀਂ, ਤੁਸੀਂ ਬੈਠੋ ਹੁਣ। ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ। (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ (ਗੜ੍ਹਦੀਵਾਲਾ, ਐਸ. ਸੀ) : ਸਪੀਕਰ ਸਾਹਿਬ, ਇਸ ਬਿਲ ਉਤੇ ਬੋਲਣ ਲਈ ਮੈਂ ਖੜ੍ਹਾ ਹੋਇਆ ਹਾਂ। ਇਨ੍ਹਾਂ ਨੂੰ, ਸਪੀਕਰ ਸਾਹਿਬ, ਪਹਿਲੇ ਚੁੱਪ ਕਰਾਓ। (ਵਿਘਨ) ਸਪੀਕਰ ਸਾਹਿਬ, ਬਹੁਤ ਸਾਰੇ ਨੌਜਵਾਨ ਜੇਲ੍ਹਾ ਵਿੱਚ ਬੰਦ ਸਨ ਅਤੇ ਬਹੁਤ ਸਾਰੇ ਧਾਰਮਿਕ ਫੌਜੀ ਆਪਣੀਆਂ ਬੈਰਕਾਂ ਛੱਡ ਕੇ ਆ ਗਏ ਸਨ। ਇਨ੍ਹਾਂ ਨੂੰ ਪੰਜਾਬ ਵਿਚ ਵਸਾਉਣ ਦਾ ਕੰਮ ਸੀ ਅਤੇ ਨੌਕਰੀਆਂ ਦੇਣ ਦਾ ਸਵਾਲ ਸੀ ਅਤੇ ਇਸ ਦੇ ਨਾਲ ਦਿੱਲੀ ਤੋਂ ਆਏ ਦੰਗਾ ਪੀੜਤ ਪੰਜਾਬ ਵਿਚ ਜਿਹੜੇ ਆਏ ਸਨ ਉਨ੍ਹਾਂ ਨੂੰ ਵਸਾਉਣ ਦਾ ਕੰਮ ਸੀ। ਸਪੀਕਰ ਸਾਹਿਬ, ਇਨ੍ਹਾਂ ਮਸਲਿਆਂ ਦੇ ਬਾਵਜੂਦ ਸਾਡੀ ਸਰਕਾਰ ਨੇ ਜੋ ਉਨਤੀ ਦੇ ਕੰਮ ਕੀਤੇ ਹਨ, ਬਰਨਾਲਾ ਸਾਹਿਬ ਦੇ ਡੇਢ ਸਾਲ ਦੇ ਸਮੇਂ ਵਿਚ ਜਿਤਨੀ ਉਨਤੀ ਪੰਜਾਬ ਨੇ ਕੀਤੀ ਹੈ ਉਤਨੀ ਪਿਛਲੇ 30 ਸਾਲਾਂ ਵਿਚ ਨਹੀਂ ਹੋਈ। ਇਹ ਗੱਲ ਬਿਲਕੁੱਲ ਠੀਕ ਹੈ ਅਤੇ ਇਸ ਦੇ ਵਿਚ ਪਿੰਡਾਂ ਦੀ ਉਨਤੀ ਦੀ ਗੱਲ ਹੈ। ਇਸ ਸਰਕਾਰ ਨੇ ਸਰਵ ਪੱਖੀ ਸਕੀਮ ਲਾਗੂ ਕੀਤੀ ਹੈ। ਇਸ ਸਕੀਮ ਅਧੀਨ 118 ਪਿੰਡਾਂ ਨੂੰ ਲਿਆਂਦਾ ਹੈ (ਤਾੜੀਆਂ) ਇਨ੍ਹਾਂ 118 ਪਿੰਡਾਂ ਦੇ ਵਿਚ ਹਰ ਤਰ੍ਹਾਂ ਦੀਆਂ ਸਹੂਲਤਾਂ ਸਰਕਾਰ ਨੇ ਇਨ੍ਹਾਂ ਨੂੰ ਦੇਣੀਆਂ ਹਨ। ਇਨ੍ਹਾਂ ਪਿੰਡਾਂ ਦੀਆਂ ਸੜਕਾਂ ਬਣਾਉਣੀਆਂ ਹਨ, ਸਕੂਲਾਂ ਲਈ ਬਿਲਡਿੰਗਜ਼ ਦੇਣੀਆਂ ਹਨ, ਸੀਵਰੇਜ ਕੁਨੈਕਸ਼ਨਜ਼ ਦੇਣੇ ਹਨ, ਵਾਟਰ ਸਪਲਾਈ ਦਾ ਇੰਤਜ਼ਾਮ ਕੀਤਾ ਜਾਵੇਗਾ ਅਤੇ ਟੂਟੀਆਂ ਲਗਾਈਆਂ ਜਾਣਗੀਆਂ। ਸਰਕਾਰ ਵਲੋਂ ਹਰ ਕੰਮ ਵਿਚ ਸਹਾਇਤਾ ਕੀਤੀ ਜਾਵੇਗੀ। ਇਸ ਦੇ ਲਈ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਸ ਤਰ੍ਹਾਂ ਦੀਆਂ ਸਕੀਮਾਂ ਸਾਰੇ ਪੰਜਾਬ ਵਿਚ ਲਾਗੂ ਕੀਤੀਆਂ ਜਾਣ ਤਾਂਕਿ 118 ਪਿੰਡਾਂ ਤੋਂ ਇਲਾਵਾ ਬਾਕੀ ਦੇ ਪਿੰਡਾਂ ਵਿਚ ਵੀ ਤਰੱਕੀ ਹੋ ਸਕੇ। ਜਿਨ੍ਹਾਂ ਹਾਲਾਤ ਵਿਚ ਇਹ ਸਰਕਾਰ ਬਣੀ, ਇਸ ਸਰਕਾਰ ਨੇ ਗੱਲੀਆਂ, ਨਾਲੀਆਂ ਦਾ ਕੰਮ ਜਿਤਨੀ ਤੇਜ਼ੀ ਨਾਲ ਕੀਤਾ ਹੈ ਇਤਨੀ ਤੇਜ਼ੀ ਨਾਲ ਕੋਈ ਸਰਕਾਰ ਕੰਮ ਨਹੀਂ ਕਰ ਸਕੀ। (ਥੰਪਿੰਗ) ਸਪੀਕਰ ਸਾਹਿਬ, ਇਹ ਬਹੁਤ ਵੱਡੀ ਗੱਲ ਹੈ (ਵਿਘਨ)

ਹੁਣ ਮੈਂ ਆਪਣੇ ਹਲਕੇ ਦੀ ਗੱਲ ਕਰਾਂਗਾ। ਮੇਰਾ ਹਲਕਾ ਜੋ 4 ਬਲਾਕਾਂ ਵਿਚ ਵੰਡਿਆ ਹੋਇਆ ਹੈ। ਇਹ ਸੈਂਟ ਪਰਸੈਂਟ ਕੰਡੀ ਦਾ ਏਰੀਆ ਹੈ। ਇਸ ਦੀ ਇਕ ਹੱਦ ਹਿਮਾਚਲ ਪ੍ਰਦੇਸ਼ ਦੇ ਨਾਲ ਲਗਦੀ ਹੈ, ਦੂਸਰੀ ਗੁਰਦਾਸਪੁਰ ਜ਼ਿਲ੍ਹੇ ਨਾਲ ਅਤੇ ਤੀਸਰੀ ਸਰਹੱਦ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਲਗਦੀ ਹੈ। ਇਸ ਦੇ ਬਾਵਜੂਦ ਵੀ ਸਰਕਾਰ ਨੇ ਇਨ੍ਹਾਂ ਪਿੰਡਾਂ ਦੀ ਤਰੱਕੀ ਕੀਤੀ ਹੈ ਅਤੇ ਸਾਰੇ ਪੰਜਾਬ ਵਿਚ ਪਿੰਡਾਂ ਦੀ ਤਰੱਕੀ ਕੀਤੀ ਹੈ। ਸਰਕਾਰ ਨੇ ਬਹੁਤ ਸਾਰੀਆਂ ਸਕੀਮਾਂ ਚਲਾ ਕੇ ਲੋਕਾਂ ਦੀ ਮਦਦ ਕੀਤੀ ਹੈ ਅਤੇ ਪੈਸਾ ਰਖਿਆ ਹੈ।

ਪੰਡਿਤ ਸਰਵਣ ਰਾਮ ਮਨਸੋਂਵਾਲੀਆ : ਆਨ ਏ ਪੁਆਇੰਟ ਆਫ ਆਰਡਰ, ਸਰ। ** ** ** **

Mr. Speaker : This is no point of order.

ਸਰਦਾਰ ਬਚਿੱਤਰ ਸਿੰਘ: ਸਪੀਕਰ ਸਾਹਿਬ, ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ ਜੀ ਨੇ ਬੋਲਦੇ ਹੋਏ ਕਿਹਾ ਸੀ ਕਿ 'ਮੇਰੀ ਸਰਕਾਰ', ਇਹ ਚੀਜ਼ ਇਹ ਨਹੀਂ ਕਹਿ ਸਕਦੇ, ਇਹ ਚੀਜ਼ ਤਾਂ ਸਿਰਫ ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਕਹਿ ਸਕਦੇ ਹਨ। ਇਹ ਪੰਜਾਬ ਸਰਕਾਰ ਦੀ ਤੌਹੀਨ ਹੈ।

ਸ੍ਰੀ ਸਪੀਕਰ : ਇਹ ਇਨ੍ਹਾਂ ਨੇ ਰੈਕਟੀਫਾਈ ਕਰ ਲਿਆ ਸੀ।

**Expunged as ordered by the Chair

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ: ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਹੜਾ ਗੜ੍ਹਦੀਵਾਲਾ ਵਿਖੇ ਬਲਾਕ ਬਣਾਇਆ ਜਾਣਾ ਹੈ, ਉਹ ਜ਼ਰੂਰ ਬਣਾਇਆ ਜਾਵੇ। ਸਾਡੀ ਸਰਕਾਰ ਨੇ ਅਗੇ ਨਾਲੋਂ ਬਹੁਤ ਵਧੀਆ ਕੰਮ ਕੀਤਾ ਹੈ। ਮੈਂ ਪੰਡਿਤ ਜੀ ਨੂੰ ਇਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਮੈਨੀਡਾਂਗ ਪਿੰਡ ਜੋ ਕੰਢੀ ਏਰੀਏ ਵਿਚ ਪੈਂਦਾ ਹੈ, ਉਸ ਦੇ ਲਈ ਇਹ ਸਕੀਮ ਬਰਨਾਲਾ ਸਾਹਿਬ ਦੀ ਸਰਕਾਰ ਨੇ ਆ ਕੇ ਬਣਵਾਈ। (ਥੰਪਿੰਗ) ਇਹ ਇਨ੍ਹਾਂ ਦੇ ਹਲਕੇ ਵਿੱਚ ਪੈਂਦਾ ਹੈ। ਇਸ ਦੇ ਨਾਲ ਨਾਲ ਦੋ ਡੈਮ, ਢੱਲਵਾਹਾ ਸਕੀਮ ਅਤੇ ਜਨੌਰੀ ਸਕੀਮ ਸਾਡੀ ਸਰਕਾਰ ਨੇ ਡੇਢ ਸਾਲ ਵਿਚ ਤਿਆਰ ਕਰਨੀ ਸੀ ਪਰ ਸਾਡੀ ਸਰਕਾਰ ਨੇ ਹੁਣੇ ਹੀ ਤਿਆਰ ਕਰ ਦਿੱਤੀ ਹੈ। (ਥੰਪਿੰਗ) ਜਿਨ੍ਹਾਂ ਲੋਕਾਂ ਦੀ ਜ਼ਮੀਨ ਚੋਆਂ ਵਿਚ ਆਈ ਹੈ ਉਨ੍ਹਾਂ ਨੂੰ ਰਿਲੀਫ ਦਿਤਾ ਗਿਆ। ਲੋਕ, ਸਪੀਕਰ ਸਾਹਿਬ, ਕਹਿੰਦੇ ਹਨ ਕਿ ਇਹ ਰੱਬ ਵਰਗੀ ਸਰਕਾਰ ਆਈ ਹੈ। (ਘੰਟੀ) (ਥੰਪਿੰਗ) ਸਪੀਕਰ ਸਾਹਿਬ, ਇਥੇ ਬਾਰ ਬਾਰ ਹਾਊਸ ਵਿਚ ਆਉਂਦਾ ਹੈ ਕਿ ਇਥੇ ਵੱਧ ਤੋਂ ਵੱਧ ਸੜਕਾਂ ਬਣਾਉਣੀਆਂ ਚਾਹੀਦੀਆਂ ਹਨ। (ਵਿਘਨ) ਮੈਂ ਇਨ੍ਹਾਂ ਨੂੰ, ਸਪੀਕਰ ਸਾਹਿਬ, ਬੇਨਤੀ ਕਰਾਂਗਾ ਕਿ ਨੰਬਰ 3 ਤੇ ਜੋ ਧਰਮਸ਼ਾਲਾ ਦੀ ਗੱਲ ਹੈ ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਜੋ ਰੌਲਾ ਪਾਉਂਦੇ ਹਨ ਪਰ ਇਨ੍ਹਾਂ ਨੇ ਆਪਣੇ ਸਮੇਂ ਵਿਚ ਕੁਝ ਨਹੀਂ ਕੀਤਾ। ਸਾਡੇ ਗਵਰਨਰ ਸਾਹਿਬ ਦੇ ਐਡਰੈਸ ਵਿਚ ਜ਼ਿਕਰ ਆਇਆ ਹੈ ਕਿ ਰਿਜ਼ਰਵੇਸ਼ਨ ਐਕਟ ਬਣੇਗਾ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਾਹਮਣੇ ਬੈਠੇ ਭਰਾਵਾਂ ਨੂੰ ਕਹਾਂਗਾ ਕਿ ਇਨ੍ਹਾਂ ਦੀ ਸੈਂਟਰ ਵਿਚ ਸਰਕਾਰ ਹੈ ਅਤੇ ਇਥੇ ਵੀ ਇਨ੍ਹਾਂ ਦੀ ਸਰਕਾਰ ਰਹੀ ਸੀ। ਪਰ ਇਨ੍ਹਾਂ ਨੇ ਆਪਣੇ ਵੇਲੇ ਕੁਝ ਨਹੀਂ ਕਿਹਾ ਔਰ ਕੁਝ ਨਹੀਂ ਕੀਤਾ। ਸਿਰਫ ਸਾਡੀ ਸਰਕਾਰ ਦੀ ਹੀ ਗੱਲ ਕੀਤੀ ਹੈ। (ਥੰਪਿੰਗ) ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਥੋਂ ਤਕ ਧਰਮਸ਼ਾਲਾ ਦੀ ਗੱਲ ਹੈ ਸਾਡੀ ਸਰਕਾਰ ਨੇ ਧਰਮਸ਼ਾਲਾ ਬਣਾਉਣ ਲਈ ਜਿਥੇ ਪਹਿਲਾਂ 10,000 ਰੁਪਿਆ ਦਿੰਦੇ ਸੀ, ਹੁਣ ਸਾਡੀ ਸਰਕਾਰ ਨੇ 15,000 ਰੁਪਿਆ ਕਰ ਦਿੱਤਾ ਹੈ। (ਥੰਪਿੰਗ) ਜਿਹੜੀਆਂ ਅੱਛੀਆਂ ਸਕੀਮਾਂ ਸਾਡੀਆਂ ਚਲਦੀਆਂ ਹਨ, ਉਨ੍ਹਾਂ ਨੂੰ ਇਹ ਸਾਹਮਣੇ ਬੈਠੇ ਵੀਰਾਂ ਦੀ ਸਰਕਾਰ ਆ ਕੇ ਬੰਦ ਕਰ ਦਿੰਦੀ ਹੈ। ਸਪੀਕਰ ਸਾਹਿਬ, ਸਾਨੂੰ ਫਿਰ ਆ ਕੇ ਮੁੜ ਉਹ ਸਕੀਮਾਂ ਚਾਲੂ ਕਰਨੀਆਂ ਪੈਂਦੀਆਂ ਹਨ। ਧਰਮਸ਼ਾਲਾਵਾਂ ਵਾਸਤੇ ਜੋ 10,000 ਰੁਪਏ ਤੋਂ 15,000 ਰੁਪਿਆ ਸਾਡੀ ਸਰਕਾਰ ਨੇ ਕਰ ਦਿੱਤਾ ਹੈ, ਇਹ ਇਸ ਪੰਜਾਬ ਸਰਕਾਰ ਦਾ ਬਹੁਤ ਹੀ ਸ਼ਲਾਘਾਯੋਗ ਕੰਮ ਹੈ।

ਨੰਬਰ 2 ਤੇ ਸਾਡੀ ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ 1-1 ਬਲਬ 3800 ਲੋਕਾਂ ਦੇ ਘਰਾਂ ਵਿਚ ਲਗਾਇਆ ਜਾਵੇਗਾ। ਪਹਿਲਾਂ ਕਿਸੇ ਨੇ ਵੀ ਇਸ ਸਕੀਮ ਦੀ ਗੱਲ ਨਹੀਂ ਸੀ ਕੀਤੀ। ਸਪੀਕਰ ਸਾਹਿਬ, ਅਕਾਲੀ ਸਰਕਾਰ ਨੇ ਮੇਰੇ ਹਲਕੇ ਵਿਚ ਔਰ ਪੰਜ ਪਿੰਡਾਂ ਵਿਚ ਬਿਜਲੀ ਦਿੱਤੀ ਹੈ। ਡੇਅਰੀ, ਡੇਹਾ ਪਿੰਡ ਵਿਚ 40 ਸਾਲਾਂ ਤੋਂ ਲੋਕ ਹਨੇਰੇ ਵਿਚ ਬੈਠੇ ਰਹੇ ਪਰ ਹੁਣ ਬਰਨਾਲਾ ਸਾਹਿਬ ਦੀ ਸਰਕਾਰ ਨੇ ਆ ਕੇ ਇੱਕ ਲੱਖ ਰੁਪਿਆ ਖਰਚ ਕਰਕੇ ਬਿਜਲੀ ਦਿੱਤੀ ਹੈ। (ਥੰਪਿੰਗ) ਬਲਬਾਂ ਦੀ ਸਕੀਮ ਸਾਡੀ ਸਰਕਾਰ ਨੇ ਚਲਾਈ ਹੈ। ਪਿੰਡਾਂ ਵਿਚ ਬਿਜਲੀ ਲਗਾਈ ਜਾਵੇਗੀ। (ਘੰਟੀ) ਸਪੀਕਰ ਸਾਹਿਬ, ਬਲਬਾਂ ਦੀ ਸਕੀਮ ਸਾਡੀ ਸਰਕਾਰ ਨੇ ਹੀ ਚਾਲੂ ਕੀਤੀ ਹੈ। ਕੰਡੀ ਏਰੀਏ ਦੀ ਡਿਵੈਲਪਮੈਂਟ ਵਾਸਤੇ ਵੀ ਸਾਡੀ ਸਰਕਾਰ ਨੇ ਤਹੱਈਆ ਕੀਤਾ ਹੈ। ਸਪੀਕਰ ਸਾਹਿਬ, ਚੰਗੀਆਂ ਸਕੀਮਾਂ ਜਿਹੜੀਆਂ ਸਰਦਾਰ ਦਰਬਾਰਾ ਸਿੰਘ ਜੀ ਦੀ ਸਰਕਾਰ ਨੇ ਬੰਦ ਕਰ ਦਿੱਤੀਆਂ ਸਨ, ਉਨ੍ਹਾਂ ਸਕੀਮਾਂ ਨੂੰ ਮੁੜ ਚਾਲੂ ਕੀਤਾ ਹੈ। ਸਪੀਕਰ ਸਾਹਿਬ, ਇਕ ਸਕੀਮ ਸੀ ਕਿ ਗਰੀਬ ਲੋਕਾਂ ਨੂੰ 2-2 ਮਰਲੇ ਥਾਂ ਮਿਲਣੀ ਸੀ ਪਰ ਇਨ੍ਹਾਂ ਵੇਲੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਕੁਝ ਬਿਮਾਰੀ ਸ਼ੁਰੂ ਹੋ ਗਈ। ਜ਼ਮੀਨ ਜਿਹੜੀ 2-2 ਸੌ ਰੁਪਏ ਵਿੱਚ ਮਿਲਣੀ ਸੀ, ਉਹ 5-5 ਸੌ ਰੁਪਏ ਵਿਚ ਦੇਣ ਲਗੇ ਔਰ ਆ ਕੇ ਇਹ ਸਕੀਮ ਹੀ

ਬੰਦ ਕਰ ਦਿੱਤੀ। ਸਪੀਕਰ ਸਾਹਿਬ, ਗਰੀਬ ਲੋਕ ਕਿਥੇ ਜਾਣ ? ਮੈਂ ਆਪਣੀ ਸਰਕਾਰ ਨੂੰ ਕਹਾਂਗਾ, ਸਪੀਕਰ ਸਾਹਿਬ, ਕਿ ਉਹ ਸਕੀਮ ਦੁਬਾਰਾ ਚਾਲੂ ਕੀਤੀ ਜਾਵੇ ਤਾਂਕਿ ਦੁਬਾਰਾ ਉਨ੍ਹਾਂ ਗਰੀਬ ਲੋਕਾਂ ਨੂੰ ਫਾਇਦਾ ਹੋ ਸਕੇ ਔਰ ਗਰੀਬ ਲੋਕ ਜ਼ਮੀਨ ਲੈ ਸਕਣ।

ਸਪੀਕਰ ਸਾਹਿਬ, ਇਸ ਦੇ ਨਾਲ ਨਾਲ ਮੈਂ ਆਪ ਨੂੰ ਹੋਰ ਬੇਨਤੀ ਕਰਾਂਗਾ ਕਿ ਸਾਡੀ ਸਰਕਾਰ ਨੇ ਜੋ ਟਰਾਂਸਪੋਰਟ ਬਾਰੇ 80 ਪ੍ਰਤੀਸ਼ਤ ਤੱਕ ਦੀ ਗੱਲ ਕਹੀ ਹੈ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਘਟਾ ਕੇ 60 ਪ੍ਰਤੀਸ਼ਤ ਕਰ ਦੇਣਾ ਚਾਹੀਦਾ ਹੈ। ਮੈਂ ਪਹਿਲਾਂ ਵੀ ਕਿਹਾ ਸੀ ਕਿ ਮੇਰੇ ਹਲਕੇ ਵਿੱਚ ਪਹਿਲਾਂ ਬੱਸਾਂ ਚਲਦੀਆਂ ਸਨ, ਜਿਹੜੀਆਂ ਬੰਦ ਕਰ ਦਿੱਤੀਆਂ ਗਈਆਂ ਸਨ। ਜੇ ਇਸ ਨੂੰ ਘੱਟ ਕਰ ਦਿੱਤਾ ਜਾਵੇ, ਤਾਂ ਉਹ ਬੱਸਾਂ ਦੁਬਾਰਾ ਚਾਲੂ ਕੀਤੀਆਂ ਜਾ ਸਕਦੀਆਂ ਹਨ। ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੇ ਜਿੰਨੇ ਵੱਧ ਤੋਂ ਵੱਧ ਬਜਟ ਤੇ ਕੰਮ ਕੀਤੇ ਹਨ, ਹੋਰ ਵੀ ਕਰਨੇ ਵੀ ਚਾਹੀਦੇ ਹਨ। ਇਸ ਦੇ ਨਾਲ ਹੀ ਮੈਂ ਤੁਹਾਡਾ ਧੰਨਵਾਦੀ ਹਾਂ।

PERSONAL EXPLANATION BY MINISTER OF STATE FOR HOME

ਰਾਜ ਮੰਤਰੀ, ਗ੍ਰਹਿ (ਕੈਪਟਨ ਕੰਵਲਜੀਤ ਸਿੰਘ): ਆਨ ਏ ਪੁਆਇੰਟ ਆਫ ਪਰਸਨਲ ਐਕਸ-ਪਲੇਨੇਸ਼ਨ, ਸਰ। ਸਪੀਕਰ ਸਾਹਿਬ, ਸਰਦਾਰ ਬਚਿੱਤਰ ਸਿੰਘ ਨੇ ਆਪਣੀ ਸਪੀਚ ਦੌਰਾਨ ਮੇਰਾ ਨਾਂ ਲੈ ਕੇ ਕੁਝ ਮੇਰੇ ਸਬੰਧ ਵਿੱਚ ਰਿਮਾਰਕਸ ਪਾਸ ਕੀਤੇ ਹਨ, ਜਿਹੜੇ ਕਿ ਬਿਲਕੁਲ ਹੀ ਬੇਬੁਨਿਆਦ, ਬੇਅਸੂਲ ਅਤੇ ਸਰਾਸਰ *** ਹਨ। ਇਸ ਆਗਸਟ ਹਾਊਸ ਵਿੱਚ ਕਿਸੇ ਮੈਂਬਰ ਨੂੰ ਇਹ ਆਗਿਆ ਨਹੀਂ ਹੋਣੀ ਚਾਹੀਦੀ ਕਿ ਬੇਸਲੈਸ ਰਿਮਾਰਕਸ, ਕਿਸੇ ਉਪਰ ਐਸਪਰਸ਼ਨਜ਼ ਕਾਸਟ ਕੀਤੇ ਜਾਣ। ਮੈਂ ਬੇਨਤੀ ਕਰਾਂਗਾ ਕਿ ਆਪ ਹੁਕਮ ਦਿਓ ਕਿ ਜਾਂ ਤਾਂ ਇਹ ਵਿਦਡਰਾਅ ਕੀਤੇ ਜਾਣ **or they should be expunged from the record.**

ਸ੍ਰੀ ਸਪੀਕਰ : *** ਸ਼ਬਦ ਰਿਕਾਰਡ ਦਾ ਪਾਰਟ ਨਹੀਂ ਹੋਵੇਗਾ। ਦੂਸਰਾ, ਇਹ ਮੰਗਵਾ ਕੇ ਦੇਖ ਲਵਾਂਗੇ।

ਸਾਡੇ ਕੋਲ ਸਿਰਫ 2-4 ਮਿੰਟ ਹਨ। 2.00 ਵਜੇ ਐਫ. ਐਮ. ਸਾਹਿਬ ਨੇ ਸ਼ੁਰੂ ਕਰਨਾ ਹੈ। ਕਾਂਗਰਸ ਪਾਰਟੀ ਵਿੱਚ ਇਕੱਲੇ ਡਾਕਟਰ ਸਾਹਿਬ ਨੇ ਹੀ 38 ਮਿੰਟ ਲੈ ਲਏ ਹਨ। ਇਸ ਤਰ੍ਹਾਂ ਨਾਲ ਟਾਈਮ ਦੀ ਅਕਾਮੋਡੇਸ਼ਨ ਨਹੀਂ ਹੋ ਸਕਦੀ। ਇਹ ਇਕੱਲੇ ਹੀ 2-3 ਮੈਂਬਰਾਂ ਦਾ ਟਾਈਮ ਲੈ ਚੁੱਕੇ ਹਨ।

EXTENSION OF TIME OF THE SITTING

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਸਪੀਕਰ ਸਾਹਿਬ, ਮੈਂ ਵੀ ਬੋਲਣਾ ਹੈ। ਤੁਸੀਂ ਟਾਈਮ ਐਕਸਟੈਂਡ ਕਰ ਲਓ।

ਸ੍ਰੀ ਸਪੀਕਰ : ਲੰਚ ਦਾ ਵੀ ਪ੍ਰਬੰਧ ਹੈ। ਆਈ. ਪੀ. ਏ. ਅਤੇ ਸੀ. ਪੀ. ਏ. ਦੀ ਮੀਟਿੰਗ ਵੀ ਹੈ। ਜੇ ਹਾਊਸ ਦੀ ਇੱਛਾ ਹੋਵੇ, ਤਾਂ ਹਾਊਸ ਦਾ ਟਾਈਮ 15 ਮਿੰਟ ਲਈ ਹੋਰ ਐਕਸਟੈਂਡ ਕਰ ਲੈਂਦੇ ਹਾਂ।

Voices : Yes, yes.

ਸ੍ਰੀ ਸਪੀਕਰ : ਹਾਊਸ ਦਾ ਸਮਾਂ 15 ਮਿੰਟ ਲਈ ਐਕਸਟੈਂਡ ਕੀਤਾ ਜਾਂਦਾ ਹੈ। ਤੁਸੀਂ ਸਰਦਾਰ ਨਿਹਾਲਸਿੰਘਵਾਲਾ ਜੀ, 5-7 ਮਿੰਟ ਵਿੱਚ ਹੀ ਖਤਮ ਕਰ ਦਿਓ।

ਰਾਜ ਮੰਤਰੀ, ਗ੍ਰਹਿ (ਕੈਪਟਨ ਕੰਵਲਜੀਤ ਸਿੰਘ) : ਸਪੀਕਰ ਸਾਹਿਬ, ਮੈਂ ਸੈਟਿਸਫਾਈ ਨਹੀਂ ਹੋਇਆ। ਤੁਸੀਂ ਰਿਮਾਰਕਸ ਉਤੇ ਆਪਣੀ ਰੂਲਿੰਗ ਦੇ ਕੇ ਐਕਸਪੰਜ ਕਰਾਓ।

Mr. Speaker : I will look into the matter. ਜੇ ਐਕਸਪੰਜ ਕਰਨ ਦੇ ਯੋਗ ਹੋਏ ਤਾਂ ਹਰ ਹਾਲਤ ਵਿੱਚ ਕਰਾਂਗੇ।

ਸਰਦਾਰ ਬਚਿੱਤਰ ਸਿੰਘ: ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਕਹਿਣਾ ਹੈ ਕਿ ਇਥੋਂ ਤਾਂ ਇਹ ਐਕਸਪੰਜ ਕਰਾ ਲੈਣਗੇ, ਲੇਕਿਨ ਹਿਸਟਰੀ ਵਿਚੋਂ ਕੌਣ ਐਕਸਪੰਜ ਕਰਾਏਗਾ?

***Expunged as ordered by the Chair.

THE PUNJAB APPROPRIATION (NO. 2) BILL, 1987
(*Resumption of consideration*)

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੋਗਾ): ਸਪੀਕਰ ਸਾਹਿਬ, ਐਫ. ਐਮ. ਸਾਹਿਬ ਨੇ ਜਿਹੜਾ 4100 ਕਰੋੜ, 78 ਲੱਖ ਦਾ ਬਜਟ ਰਖਿਆ ਸੀ, ਉਸ ਤੇ ਅੱਜ ਐਪਰੋਪਰੀਏਸ਼ਨ ਹਾਊਸ ਵਿੱਚ ਪੇਸ਼ ਹੋਇਆ ਹੈ। ਸਪੀਕਰ ਸਾਹਿਬ, ਇਹ ਬਜਟ ਅਕਾਲੀ ਪਾਰਟੀ ਦੀ ਗੌਰਮਿੰਟ ਨੇ ਇਥੇ ਰਖਿਆ ਹੈ ਐਂਰ ਉਸ ਦੀ ਬੜੀ ਪ੍ਰਸੰਸਾ ਇਧਰੋਂ ਹੋਈ ਹੈ ਅਤੇ ਉਧਰੋਂ ਨਿੰਦਿਆ ਹੋਈ ਹੈ। ਅਸੀਂ ਸੁਣਨ ਵਾਲਿਆਂ ਵਿਚੋਂ ਹਾਂ। ਜਿਹੜੀਆਂ ਜਿਹੜੀਆਂ ਨਾਵਾਜਬ ਗੱਲਾਂ ਹਨ, ਉਨ੍ਹਾਂ ਤੇ ਸਾਡਾ ਦਖਲ ਦੇਣ ਦਾ ਹੱਕ ਹੈ। ਸਭ ਤੋਂ ਪਹਿਲਾਂ ਤੇ ਇਹ ਏਡੀ ਵੱਡੀ ਪਾਰਟੀ ਸੀ ਜਿਨ੍ਹਾਂ ਦਾ ਬਜਟ ਸੀ, ਇਹ 72 ਆਦਮੀ ਜਿੱਤ ਕੇ ਆਏ ਸਨ। 73 ਆਏ ਸਨ, ਇਕ ਦੀ ਡੈਥ ਹੋ ਗਈ ਸੀ ਤੇ 72 ਰਹਿ ਗਏ। 72 ਵਿਚੋਂ, ਸਪੀਕਰ ਸਾਹਿਬ, ਇਕੋ ਅਫਸੋਸ ਦੀ ਗੱਲ ਹੈ, ਜੋ ਅਕਾਲੀ ਪਾਰਟੀ ਸੀ, ਅਕਾਲੀ ਪਾਰਟੀ ਦੇ ਅਸੂਲਾਂ ਦੇ ਉਤੇ ਉਨ੍ਹਾਂ ਨੂੰ ਯਕੀਨ ਸੀ, ਅਕੀਦਾ ਸੀ, ਜਿਸ ਦਿਨ ਉਹ ਬੇਦਾਵਾ ਕੀਤਾ ਸੀ, ਉਸ ਦਿਨ ਆਪਣੇ ਲੀਡਰ ਨੂੰ ਕਹਿ ਦੇਣਾ ਚਾਹੀਦਾ ਸੀ ਕਿ ਸਾਡਾ ਅਕਾਲੀ ਪਾਰਟੀ ਦੇ ਅਸੂਲਾਂ ਵਿੱਚ ਪੱਕਾ ਭੇਥ ਹੈ, ਅਹੁਦਿਆਂ ਦੀਆਂ ਤਬਦੀਲੀਆਂ ਦੀ ਕੋਈ ਲੋੜ ਨਹੀਂ, ਸਾਨੂੰ ਬਜਟ ਤੇ ਬੋਝ ਨਹੀਂ ਬਣਨਾ ਚਾਹੀਦਾ, ਇਹੀ ਵਜ਼ੀਰਾਂ ਦੀ ਟੀਮ ਸਰਕਾਰ ਚਲਾਏਗੀ, ਹੋਰ ਅਹੁਦਿਆਂ ਦੀ ਲੋੜ ਨਹੀਂ। ਪਰ ਇਹ ਨਹੀਂ ਹੋਇਆ। ਉਨ੍ਹਾਂ ਨੂੰ ਸਾਰਿਆਂ ਨੂੰ ਅੱਖਾਂ ਦਿਖਾਉਣੀਆਂ ਸ਼ੁਰੂ ਕੀਤੀਆਂ (ਵਿਘਨ) ਸਪੀਕਰ ਸਾਹਿਬ, ਇਨ੍ਹਾਂ ਨੇ 26 ਵਜ਼ੀਰ ਬਣਾਏ ਔਰ ਫਿਰ ਚੇਅਰਮੈਨ ਬਣਾਉਣੇ ਸ਼ੁਰੂ ਕੀਤੇ। ਸਾਡੇ ਪੰਜਾਬੀ ਵਿਚ ਕਹਾਵਤ ਹੈ ਕਿ 8 ਟੱਟੂ ਅਤੇ 18 ਦਰੋਗੇ, 26 ਵਜ਼ੀਰ, 6 ਚੇਅਰਮੈਨ ਔਰ 10 ਮੈਂਬਰ ਵਿਚਾਰੇ। ਇਹ ਭਾਲਦੇ ਫਿਰਦੇ ਰਹੇ ਕਿ ਕਮੇਟੀ ਦਾ ਮੈਂਬਰ ਕਿਸ ਨੂੰ ਬਣਾਈਏ। ਇਹ ਪਹਿਲੀ ਦਫਾ ਬਜਟ ਪੇਸ਼ ਕੀਤਾ ਹੈ। ਇਸ ਕਿਸਮ ਦੀਆਂ ਗੱਲਾਂ ਆਈਆਂ ਹਨ। ਮੈਂ ਦੱਸਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, ਕਿ ਇਸ ਐਪ੍ਰੋਪ੍ਰੀਏਸ਼ਨ ਬਿਲ ਵਿਚ ਸਰਦਾਰ ਬਲਵੰਤ ਸਿੰਘ ਨੇ ਜੋ ਬਜਟ ਪੇਸ਼ ਕੀਤਾ ਹੈ ਉਸ ਸਬੰਧੀ ਡਾਕਟਰ ਸਾਹਿਬ ਦੀ ਗੱਲ ਮੈਂ ਰੀਪੀਟ ਨਹੀਂ ਕਰਨਾ ਚਾਹੁੰਦਾ। ਉਨ੍ਹਾਂ ਨੇ ਕਿਹਾ ਕਿ ਇਹ ਪੜ੍ਹ ਨਹੀਂ ਸਕੇ ਕਿਉਂਕਿ ਪੜ੍ਹਨ ਵਾਸਤੇ ਉਸ ਵਿਚ ਹੈ ਹੀ ਕੁਝ ਨਹੀਂ ਸੀ। ਉਨ੍ਹਾਂ ਨੁਕਤਿਆਂ ਤੇ, ਸਬਜੈਕਟਸ ਤੇ ਇਹ ਬੋਲਣਾ ਨਹੀਂ ਸੀ ਚਾਹੁੰਦੇ ਜਿਥੇ ਇਨ੍ਹਾਂ ਨੂੰ ਹਾਨੀ ਆਉਂਦੀ ਸੀ, ਸ਼ਰਮ ਆਉਂਦੀ ਸੀ। ਸਭ ਤੋਂ ਵੱਡੀ ਗਲ ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹੈ। ਪਰ ਇਸ ਬਾਰੇ ਇਸ ਵਿਚ ਇੱਕ ਲਫਜ਼ ਤਕ ਨਹੀਂ ਲਿਖਿਆ ਕਿ ਇਸ ਲਈ ਕੀ ਖਰਚ ਕਰਨਾ ਹੈ ਔਰ ਉਸ ਵਿਚ ਕੀ ਇਜ਼ਾਫਾ ਹੋਏਗਾ। ਅਗਰ ਕਮੀ ਹੋਣੀ ਹੈ ਤਾਂ ਪੈਸਾ ਕਿਥੋਂ ਲਿਆਉਣਾ ਹੈ ਔਰ ਕਿਥੇ ਖਰਚਣਾ ਹੈ। ਲਾਅ ਐਂਡ ਆਰਡਰ ਬਾਰੇ ਮੈਂ ਕੀ ਗਲ ਕਰਾਂ। ਮੈਂ ਸਮਝਦਾ ਹਾਂ ਕਿ ਇਸ ਮੁਲਕ ਦੀ, ਇਸ ਸੂਬੇ ਨੂੰ ਸਭ ਤੋਂ ਵੱਡੀ ਲਾਹਨਤ ਆਉਂਦੀ ਹੈ ਜਦੋਂ ਇਥੇ ਠੇਕੇ ਨੀਲਾਮ ਨਾ ਹੋਣ। 128 ਠੇਕੇ ਫਰੀਦਕੋਟ ਵਿਚ ਨੀਲਾਮ ਨਾ ਹੋਣ। ਸੈਂਕੜੇ ਠੇਕੇ ਅੰਮ੍ਰਿਤਸਰ ਵਿਚ ਨੀਲਾਮ ਨਹੀਂ ਹੋਏ ਔਰ ਸਰਦਾਰ ਬਲਵੰਤ ਸਿੰਘ ਹੋਰਾਂ ਦੇ ਆਪਣੇ ਜ਼ਿਲ੍ਹੇ ਵਿਚ ਠੇਕੇ ਨੀਲਾਮ ਨਹੀਂ ਹੋਏ (ਵਿਘਨ)

ਸਰਦਾਰ ਦਲੀਪ ਸਿੰਘ ਪਾਂਧੀ: ਆਨ ਏ ਪੁਆਇੰਟ ਆਫ ਆਰਡਰ, ਸਰ। (ਵਿਘਨ) ਭਾਈ ਤੁਸੀਂ ਕਈ ਨਵੇਂ ਨਵੇਂ ਮੈਂਬਰ ਹੋ। (ਵਿਘਨ) ਜਦੋਂ ਇਨ੍ਹਾਂ ਦਾ ਰਾਜ ਸੀ ਉਦੋਂ ਇਨ੍ਹਾਂ ਕੋਲੋਂ ਸਰਕਾਰ ਨੇ ਦੋਸ਼ੀ ਪਕੜੇ ਸੀ (ਵਿਘਨ) (ਸ਼ੋਰ)

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ: ਕੀ ਇਸ ਗੱਲ ਨੂੰ ਪਾਂਧੀ ਸਾਹਿਬ ਜਸਟੀਫਾਈ ਕਰਦੇ ਹਨ, ਫਾਈਨਾਂਸ ਮਨਿਸਟਰ ਸਾਹਿਬ ਜਸਟੀਫਾਈ ਕਰਦੇ ਹਨ ਕਿ ਕਿਸੇ ਸੂਬੇ ਵਿਚ ਸਰਕਾਰ

ਠੇਕੇ ਨੀਲਾਮ ਨਾ ਕਰ ਸਕਦੀ ਹੋਵੇ ? ਉਹ ਧੱਮਕੀਆਂ ਦਿੰਦੇ ਹਨ ਉਸ ਵੇਲੇ ਇਸ ਸੂਬੇ ਦੀ ਸਰਕਾਰ ਕਿਥੇ ਹੁੰਦੀ ਹੈ ? ਇਥੇ ਹੀ ਨਹੀਂ, ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਇੱਕ ਨਵੀਂ ਗਲ ਆਈ ਹੈ ਕਿ ਜਿਹੜੇ ਲੋਕਾਂ ਦੀ ਜਾਨ ਦੀ ਹਿਫਾਜ਼ਤ ਵਾਸਤੇ ਸਰਕਾਰ ਵਲੋਂ ਹਥਿਆਰ ਦਿੱਤੇ ਗਏ ਸਨ ਅੱਜ ਉਹ ਹਥਿਆਰ ਥਾਣਿਆਂ ਵਿਚ ਜਮ੍ਹਾਂ ਕਰਾਉਣੇ ਸ਼ੁਰੂ ਕਰ ਦਿੱਤੇ ਹਨ। ਜਿਹੜੇ ਹਥਿਆਰ ਲੋਕਾਂ ਦੀ ਜਾਨੋ-ਮਾਲ ਦੀ ਹਿਫਾਜ਼ਤ ਕਰਨ ਵਾਸਤੇ ਦਿੱਤੇ ਗਏ ਸਨ ਤਾਂ ਕਿ ਅੱਤਵਾਦੀਆਂ ਤੋਂ ਬਚਿਆ ਜਾ ਸਕੇ ਉਹ ਹਥਿਆਰ ਸਰਕਾਰ ਨੇ ਵਾਪਸ ਲੈਣੇ ਸ਼ੁਰੂ ਕਰ ਦਿੱਤੇ ਹਨ। ਇਹ ਹਥਿਆਰ ਜਮ੍ਹਾ ਹੋਣਗੇ ਨਹੀਂ ਤਾਂ ਅੱਤਵਾਦੀ ਖੋਹ ਕੇ ਲੈ ਜਾਣਗੇ। ਠੇਕੇ ਨੀਲਾਮ ਨਹੀਂ ਹੋ ਰਹੇ ਜਿਸ ਨਾਲ ਸਟੇਟ ਦੀ ਆਮਦਨ ਦੇ ਜ਼ਰਾਏ ਰੁਕ ਜਾਣਗੇ। ਲੋਕਾਂ ਦੇ ਜਾਨੋ-ਮਾਲ ਦੀ ਹਿਫਾਜ਼ਤ ਵਾਸਤੇ ਜੋ ਹਥਿਆਰ ਦਿੱਤੇ ਗਏ ਸਨ ਉਨ੍ਹਾਂ ਵਾਸਤੇ ਸਰਕਾਰ ਕਹਿੰਦੀ ਹੈ ਕਿ ਉਹ ਹਥਿਆਰ ਥਾਣਿਆਂ ਵਿਚ ਜਮ੍ਹਾਂ ਕਰਾ ਦਿੱਤੇ ਜਾਣ। ਫਿਰ ਸਰਕਾਰ ਕਹਿੰਦੀ ਹੈ ਕਿ ਸਰਕਾਰ ਹੈ। Is it a government ? ਮੈਂ ਸਮਝਦਾ ਹਾਂ ਕਿ ਲਾਅ ਐਂਡ ਆਰਡਰ ਮੇਨਟੇਨ ਕਰਨਾ ਇਸ ਸਰਕਾਰ ਦੀ ਸਭ ਤੋਂ ਵੱਡੀ ਗੱਲ ਹੈ। ਪਰ ਇਸ ਨੂੰ ਟੱਚ ਨਹੀਂ ਕੀਤਾ ਗਿਆ। ਮੈਂ ਸਮਝਦਾ ਹਾਂ ਕਿ ਜਿੰਨਾ ਥੋਥਾ ਅਤੇ ਵੇਗ ਬਜਟ ਇਹ ਪੇਸ਼ ਕੀਤਾ ਗਿਆ ਹੈ ਇਸ ਦੀ ਮਿਸਾਲ ਦੁਨੀਆਂ ਭਰ ਵਿਚ ਨਹੀਂ ਮਿਲ ਸਕਦੀ।

ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਕੇ ਤੁਹਾਡਾ ਜ਼ਿਆਦਾ ਟਾਈਮ ਨਹੀਂ ਲਵਾਂਗਾ ਮੈਂ ਤੁਹਾਡੇ ਕੰਮ ਦੀ ਗੱਲ ਕਰਾਂਗਾ। ਸਪੀਕਰ ਸਾਹਿਬ, ਪੰਜਾਬ ਖੇਤੀਬਾੜੀ ਪ੍ਰਧਾਨ ਸੂਬਾ ਹੈ। ਬੜੇ ਫਖਰ ਨਾਲ ਅਸੀਂ ਇਹ ਗੱਲ ਕਰਦੇ ਹਾਂ ਅਸੈਂਬਲੀ ਵਿਚ ਵੀ ਅਤੇ ਬਾਹਰ ਵੀ, ਅਸੀਂ ਵੀ ਅਤੇ ਇਧਰਲੇ ਪਾਸੇ ਵਾਲੇ ਵੀ। ਅਸੀਂ ਐਨਾ ਅਨਾਜ ਦਿੰਦੇ ਹਾਂ ਲੇਕਿਨ ਉਸ ਦਾ ਨਤੀਜਾ ਕੀ ਨਿਕਲਦਾ ਹੈ? ਸਾਡਾ ਜਿਹੜਾ ਫੂਡਗਰੇਨ ਹੈ ਉਹ 90 ਪ੍ਰਤੀਸ਼ਤ ਐਫ. ਸੀ. ਆਈ ਖਰੀਦਦੀ ਹੈ। ਕਹਿੰਦੇ ਹਨ ਕਿ ਐਫ. ਸੀ. ਆਈ ਸੈਂਟਰਲ ਸਬਜੈਕਟ ਹੈ ਇਸ ਕਰਕੇ ਅਸੀਂ ਡਿਸਕਸ ਨਹੀਂ ਕਰ ਸਕਦੇ ਪਰ ਇਨ-ਡਾਇਰੈਕਟਲੀ ਉਸ ਦਾ ਸਾਡੇ ਨਾਲ ਵਾਸਤਾ ਹੈ। ਸਾਡੀ ਸਾਰੀ ਕਣਕ, ਚਾਵਲ, ਝੋਨਾ ਐਫ. ਸੀ. ਆਈ ਖਰੀਦੀ ਹੈ। ਉਸ ਦੀ ਕੈਰਿਜ ਵੀ ਅਸੀਂ ਕਰਦੇ ਹਾਂ। ਸਪੀਕਰ ਸਾਹਿਬ, ਐਫ. ਸੀ. ਆਈ. ਦੀ ਹਾਲਤ ਇਹ ਹੈ, ਮੈਂ ਇਨ੍ਹਾਂ ਦੇ ਨੋਟਿਸ ਵਿਚ ਲਿਆਉਂਦਾ ਹਾਂ, ਤਾਂਕਿ ਅੱਗੇ ਨੂੰ ਇਸ ਦਾ ਨੋਟਿਸ ਲੈਣ। ਮੈਂ ਸਮਝਦਾ ਹਾਂ ਕਿ ਉਥੇ ਇਕ ਅਫਸਰ ਐਸਾ ਲੱਗਿਆ ਹੈ ਜਿਹੜਾ ਕਿ ਸਾਰੇ ਪੰਜਾਬ ਨੂੰ ਲੁੱਟੀ ਜਾ ਰਿਹਾ ਹੈ। ਅੱਜ ਉਸ ਅਫਸਰ ਦੇ 3 ਸਾਲਵੈਂਟ ਪਲਾਂਟ ਹਨ। ਉਹ ਚਾਰ ਪੰਜ ਹਜ਼ਾਰ ਰੁਪਿਆ ਰਾਈਸ ਬਰੇਨ ਟਰੱਕ ਦਾ ਲੈਂਦਾ ਹੈ। ਉਹ ਸ਼ੈਲਰਾਂ ਵਾਲਿਆਂ ਤੋਂ ਪੈਸੇ ਲੈਂਦਾ ਹੈ। ਉਸ ਦੇ 3 ਸਾਲਵੈਂਟ ਪਲਾਂਟ ਹਨ ਜੋ ਕਿ 3 ਕਰੋੜ ਰੁਪਏ ਦੇ ਹਨ। ਉਹ ਲੁੱਟ ਕੇ ਖਾ ਰਿਹਾ ਹੈ। ਉਸ ਦਾ ਨਾਮ ਬਿਕਰਮਾਜੀਤ ਸਿੰਘ ਹੈ। ਉਸ ਨੂੰ ਫਾਹੇ ਲਾ ਦਿਓ। ਉਹ ਇਕੱਲਾ ਹੀ ਲੁੱਟ ਕੇ ਖਾ ਰਿਹਾ ਹੈ। (ਵਿਘਨ) ਮੈਂ ਦੱਸਣਾ ਚਾਹੁੰਦਾ ਹਾਂ ਕਿ ਕੈਲਕੁਲੇਟ ਕਰਕੇ ਦੇਖ ਲਵੋ ਇਕ ਸਾਲਵੈਂਟ ਪਲਾਂਟ 1 ਕਰੋੜ ਰੁਪਏ ਦਾ ਬਣਦਾ ਹੈ।

ਰਾਜ ਮੰਤਰੀ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ : ਨਾਮ ਲੈ ਕੇ ਨਹੀਂ ਕਿਹਾ ਜਾ ਸਕਦਾ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਇਹ ਤੁਹਾਡੇ ਭਲੇ ਦੀ ਗੱਲ ਹੈ। ਸਪੀਕਰ ਸਾਹਿਬ, ਇਕ ਆਦਮੀ ਪੰਜਾਬ ਕੈਡਰ ਦਾ ਹੋਵੇ ਔਰ ਉਹ ਪੰਜਾਬ ਨੂੰ ਲੁੱਟੀ ਜਾਂਦਾ ਹੋਵੇ। Can't they ask the Central Govt. to withdraw him. ਅੱਜ ਉਸ ਦੇ

[ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ]

3 ਸਾਲਵੈਂਟ ਪਲਾਂਟ ਹਨ। ਸ਼ੈਲਰਾਂ ਵਾਲਿਆਂ ਨੂੰ ਉਸਨੇ ਲੁੱਟ ਕੇ ਖਾ ਲਿਆ ਹੈ। ਇਹ ਕਿਥੇ ਗਏ ਹਨ, ਇਹ ਕਿਥੇ ਬੈਠੇ ਹਨ ? (ਘੰਟੀ) ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਵਾਦਾ ਕੀਤਾ ਸੀ, ਮੈਂ ਇਕ ਹੋਰ ਗੱਲ ਲਾਸਟ ਕਰਾਂਗਾ ਕਿਉਂਕਿ ਟਾਈਮ ਥੋੜ੍ਹਾ ਹੈ। ਮੈਂ ਤੁਹਾਡੇ ਨਾਲ ਜ਼ਿਆਦਤੀ ਨਹੀਂ ਕਰਦਾ। ਸਪੀਕਰ ਸਾਹਿਬ, ਮੈਂ ਇਕ ਗੱਲ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਮੈਂ ਇਕ ਸਵਾਲ ਦਿੱਤਾ ਸੀ। ਸਰਦਾਰ ਹਰਦੀਪਿੰਦਰ ਸਿੰਘ ਟਰਾਂਸ-ਪੋਰਟਰ ਰਹੇ ਹਨ, ਉਨ੍ਹਾਂ ਨੇ ਜਵਾਬ ਦਿੱਤਾ ਕਿ ਅਸੀਂ ਪਰਮਿਟ ਦਿੱਤੇ ਲੇਕਿਨ ਨਾਲ ਹੀ ਕਿਹਾ ਕਿ ਅਸੀਂ ਇਕ ਹਾਈ ਪਾਵਰਡ ਕਮੇਟੀ ਬਣਾਈ ਸੀ। ਸਪੀਕਰ ਸਾਹਿਬ, ਮੈਨੂੰ ਪਹਿਲੀ ਵਾਰ ਪਤਾ ਲੱਗਾ ਹੈ ਕਿ ਕਾਇਦੇ ਕਾਨੂੰਨ ਤੋਂ ਬਿਨਾਂ ਵੀ ਸਰਕਾਰ ਚੱਲਦੀ ਹੈ। ਇਨ੍ਹਾਂ ਨੇ ਕਾਇਦੇ ਕਾਨੂੰਨ ਤੋਂ ਬਿਨਾਂ ਪਰਮਿਟ ਦੇਣੇ ਸ਼ੁਰੂ ਕਰ ਦਿਤੇ, ਪਰ ਉਹ ਇਹ ਦੱਸ ਨਹੀਂ ਸਕੇ ਕਿ 60:40 ਦੀ ਰੇਸ਼ੋ ਨੂੰ ਕਿਸ ਤਰ੍ਹਾਂ ਤੋੜਿਆ। ਇਹ ਕਹਿੰਦੇ ਹਨ ਕਿ ਹਾਈ ਪਾਵਰਡ ਕਮੇਟੀ ਨੇ 60:40 ਦੀ ਰੇਸ਼ੋ ਨੂੰ ਤੋੜਿਆ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਚੈਲੰਜ ਕਰਦਾ ਹਾਂ। ਉਸ ਕਮੇਟੀ ਨੇ ਇਸ ਰੇਸ਼ੋ ਨੂੰ ਨਹੀਂ ਤੋੜਿਆ। ਸਪੀਕਰ ਸਾਹਿਬ, ** ** **

ਸ਼੍ਰੀ ਸਪੀਕਰ : ਇਹ ਐਲੀਗੇਸ਼ਨ ਐਕਸਪੰਜ ਕੀਤੇ ਜਾਂਦੇ ਹਨ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ: ਮੈਂ ਕਹਿ ਸਕਦਾ ਹਾਂ ਕਿ ਹਾਈ ਪਾਵਰਡ ਕਮੇਟੀ ਦੀ ਕੋਈ ਰਿਪੋਰਟ ਨਹੀਂ ਹੈ 60:40 ਦੀ ਰੇਸ਼ੋ ਤੋੜਨ ਦੀ। (ਵਿਘਨ) ਕੀ ਇਹ ਟਰਾਂਸਪੋਰਟ ਨੂੰ ਡੀ-ਨੈਸ਼ਨੇਲਾਈਜ਼ ਕਰਨਾ ਚਾਹੁੰਦੇ ਹਨ? ਸਰਦਾਰ ਬਲਵੰਤ ਸਿੰਘ ਨੇ ਕਿਹਾ ਕਿ 'ਨੋ'। ਮੈਨੂੰ ਇਨ੍ਹਾਂ ਦੀ ਸਮਝ ਨਹੀਂ ਆਉਂਦੀ ਜੇ ਪੁੱਛੀਏ ਕਿ ਤੁਸੀਂ ਪ੍ਰਾਈਵੇਟ ਓਪਰੇਟਰਜ਼ ਨੂੰ ਪਰਮਿਟ ਦਿੰਦੇ ਹੋ ਤੁਹਾਡੀ ਫਲੀਟ ਘਟੀ ਹੈ ਤਾਂ ਫਾਈਨਾਂਸ ਮਨਿਸਟਰ ਸਾਹਿਬ ਕਹਿੰਦੇ ਹਨ ਕਿ 'ਨੋ'। ਇਹ ਸਾਨੂੰ ਮਿਸਲੀਡ ਕਰ ਰਹੇ ਹਨ। ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ। (ਵਿਘਨ) ਸਪੀਕਰ ਸਾਹਿਬ, ਇਹ ਜਿਹੜਾ ਇਨ੍ਹਾਂ ਦਾ ਬੱਜਟ ਹੈ, ਇਨ੍ਹਾਂ ਦੀ ਜਿਹੜੀ ਸਪੀਚ ਹੈ, ਇਹ ਜਿਹੜਾ ਇਨ੍ਹਾਂ ਦਾ ਜਵਾਬ ਹੈ, ਇਹ ਸਾਰਾ ਬੋਗਸ ਹੈ, ਲੋਕਾਂ ਨੂੰ ਧੋਖਾ ਦੇਣ ਵਾਲਾ ਹੈ। ਇਸ ਲਈ ਮੈਂ ਇਸ ਦੇ ਖਿਲਾਫ ਹਾਂ। (ਥੰਪਿੰਗ)

PERSONAL EXPLANATION BY MINISTER OF STATE FOR TRANSPORT

ਰਾਜ ਮੰਤਰੀ, ਟਰਾਂਸਪੋਰਟ (ਸਰਦਾਰ ਹਰਦੀਪਿੰਦਰ ਸਿੰਘ): ਆਨ ਏ ਪੁਆਇੰਟ ਆਫ਼ ਪ੍ਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸ਼ਾਹਿਬ, ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਬੜੇ ਪੁਰਾਣੇ ਮੈਂਬਰ ਹਨ ਔਰ ਨਿਹਾਲ ਸਿੰਘ ਵਾਲਾ ਮੇਰੇ ਰਿਸ਼ਤੇਦਾਰ ਵੀ ਹਨ। (ਆਵਾਜ਼ਾਂ: ਵਾਹ, ਵਾਹ। ਰਿਸ਼ਤੇਦਾਰੀ ਤਾਂ ਦੱਸ ਦਿਓ) ਸਪੀਕਰ ਸਾਹਿਬ, ਇਨ੍ਹਾਂ ਨੇ ਪ੍ਰਸਨਲ ਐਲੀਗੇਸ਼ਨ ਕਾਸਟ ਕੀਤਾ ਹੈ ਉਹ ਐਕਸਪੰਜ ਹੋਣਾ ਚਾਹੀਦਾ ਹੈ।

ਸ਼੍ਰੀ ਸਪੀਕਰ : ਜਿਹੜਾ ਇਨ੍ਹਾਂ ਨੇ ਇਲਜ਼ਾਮ ਲਗਾਇਆ ਹੈ ਉਹ ਆਲਰੈਡੀ ਐਕਸਪੰਜ ਹੋ ਚੁੱਕਾ ਹੈ। ਐਫ. ਐਮ. ਸਾਹਿਬ। (ਥੰਪਿੰਗ)

THE PUNJAB APPROPRIATION (NO. 2) BILL, 1987
(Resumption of consideration)

ਵਿੱਤ ਮੰਤਰੀ (ਸਰਦਾਰ ਬਲਵੰਤ ਸਿੰਘ): ਸਰ, (ਥੰਪਿੰਗ) ਮੈਂ ਬੜੇ ਧਿਆਨ ਨਾਲ ਸਾਰੇ ਆਨਰੇਬਲ ਮੈਂਬਰਜ਼ ਦੀਆਂ ਗੱਲਾਂ ਸੁਣੀਆਂ ਹਨ। ਡਾਕਟਰ ਸਾਹਿਬ ਨੇ ਬੜੀ ਮੁੱਦਲਲ ਤਕਰੀਰ

**Expunged as ordered by the Chair.

ਕੀਤੀ ਹੈ, ਇਨ੍ਹਾਂ ਨੂੰ ਬਹੁਤ ਤਜਰਬਾ ਵੀ ਹੈ ਇਸ ਫਾਈਨਾਂਸ ਦੇ ਬਾਰੇ ਵਿੱਚ। ਇਨ੍ਹਾਂ ਨੇ ਪਰ ਕੈਪੀਟਾ ਜ਼ਿਕਰ ਕੀਤਾ ਹੈ ਪਰ ਮੈਂ ਇਨ੍ਹਾਂ ਦੇ ਗਿਆਤ ਵਾਸਤੇ ਇਕ ਗੱਲ ਦੱਸਣਾ ਚਾਹੁੰਦਾ ਹਾਂ ਕਿ ਮੇਜਰ ਥੀਸਿਜ਼ ਵਿੱਚ, ਐਜੂਕੇਸ਼ਨ ਵਿੱਚ, ਐਗਰੀਕਲਚਰ ਵਿੱਚ, ਸਪੋਰਟਸ ਵਿੱਚ ਔਰ ਕੁਝ ਹੋਰ ਏਰੀਆਜ਼ ਹਨ ਜਿਨ੍ਹਾਂ ਵਿੱਚ ਬਜਟ ਥਲੇ ਜਾ ਰਿਹਾ ਹੈ, ਘਟਦਾ ਜਾ ਰਿਹਾ ਹੈ। ਮੈਂ ਖਾਸ ਤੌਰ ਤੇ ਆਪ ਦੇ ਸਾਹਮਣੇ ਇਕ ਗੱਲ ਲਿਆਉਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ 575 ਕਰੋੜ ਰੁਪਏ ਦੀ ਪਲੈਨ ਸੀ ਔਰ ਪਰ ਕੈਪੀਟਾ ਐਕਸਪੈਂਡੀਚਰ 353 ਜੀਅ ਪ੍ਰਤੀ ਖਰਚ ਸੀ। ਮੈਨੂੰ, ਸਰ, ਇਹ ਦੱਸ ਕੇ ਖੁਸ਼ੀ ਹੁੰਦੀ ਹੈ ਕਿ ਇਸ ਸਾਲ ਪਲੈਨ ਕਾਫੀ ਜ਼ੋਰ ਨਾਲ ਚੜ੍ਹੀ ਔਰ ਇਹ ਇਸ ਸਾਲ 750 ਕਰੋੜ ਰੁਪਏ ਦੀ ਹੈ ਔਰ ਜੋ ਜੀਅ ਪ੍ਰਤੀ ਖਰਚਾ ਹੈ ਉਹ 469 ਰੁਪਏ ਹੈ ਯਾਨੀ 116 ਰੁਪਏ ਅਸੀਂ ਵੱਧ ਖਰਚ ਕਰਨਾ ਹੈ। ਜੇ, ਸਪੀਕਰ ਸਾਹਿਬ, ਜੀਅ ਪ੍ਰਤੀ ਖਰਚ ਵਧੇ ਤਾਂ ਕਿਵੇਂ ਡਾਕਟਰ ਸਾਹਿਬ ਇਹ ਕਹਿੰਦੇ ਹਨ। ਮੈਂ ਡਾਕਟਰ ਸਾਹਿਬ ਦੇ ਧਿਆਨ ਵਿੱਚ ਇਹ ਗੱਲ ਵੀ ਲਿਆਉਣਾ ਚਾਹੁੰਦਾ ਹਾਂ, ਇਹ ਮੇਰੇ ਕੋਲ ਬਜਟ ਐਟ ਏ ਗਲਾਂਸ ਹੈ, ਇਹ ਵੀ ਬਜਟ ਐਟ ਏ ਗਲਾਂਸ ਬਣਾਉਂਦੇ ਰਹੇ ਹਨ, ਇਸ ਦੇ ਵਿੱਚ ਫੀਗਰਜ਼ ਬੜੀਆਂ ਕਲੀਅਰ ਹਨ। ਐਗਰੀਕਲਚਰ ਸੈਕਟਰ ਵਿੱਚ 1985-86 ਵਿੱਚ 46 ਕਰੋੜ ਰੁਪਏ ਦਾ ਸੀ ਔਰ ਪਿਛਲੇ ਸਾਲ ਇਹ 51 ਕਰੋੜ 60 ਲੱਖ ਸੀ, ਤਕਰੀਬਨ 52 ਕਰੋੜ ਰੁਪਏ ਸੀ।

ਸਰਦਾਰ ਜਸਦੇਵ ਸਿੰਘ ਸੰਧੂ: ਖੇਤੀਬਾੜੀ ਤੇ ਖਰਚੇ ਦੀ ਪਰਸੈਂਟੇਜ ਘੱਟ ਰਹੀ ਹੈ ਜਾਂ ਵੱਧ ਰਹੀ ਹੈ?

ਵਿੱਤ ਮੰਤਰੀ : ਸੰਧੂ ਸਾਹਿਬ, ਉਹ ਵੀ ਦੱਸ ਦੇਵਾਂਗਾ।

ਪਿਛਲੇ ਸਾਲ ਇਹ 51.60 ਕਰੋੜ ਸੀ ਔਰ ਅਗਲੇ ਸਾਲ ਜਿਹੜੀ ਪਲੈਨਿੰਗ ਹੈ ਉਹ 56.57 ਕਰੋੜ ਰੁਪਏ ਦੀ ਹੈ, ਇਹ 7.54 ਪ੍ਰਤੀਸ਼ਤ ਵੱਧ ਹੈ, ਘੱਟ ਨਹੀਂ। (ਇਕ ਆਵਾਜ਼: ਐਗਰੀ-ਕਲਚਰ ਵਿੱਚ) ਹਾਂ ਜੀ, ਐਗਰੀਕਲਚਰ ਵਿੱਚ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਟਰਾਂਸਪੋਰਟ ਦਾ ਜ਼ਿਕਰ ਕੀਤਾ ਗਿਆ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ 26 ਕਰੋੜ 15 ਲੱਖ ਰੁਪਿਆ ਖਰਚ ਹੋਇਆ ਹੈ। ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਨੇ ਕਿਹਾ ਹੈ ਕਿ ਅਸੀਂ ਸ਼ਾਇਦ ਇਹ ਡੀ-ਨੈਸ਼ਨੇਲਾਈਜ਼ ਕਰ ਰਹੇ ਹਾਂ, ਮੈਂ ਸਵੇਰੇ ਕਿਹਾ ਸੀ ਕਿ ਇਹ ਡੀ-ਨੈਸ਼ਨੇਲਾਈਜ਼ ਨਹੀਂ ਕਰ ਰਹੇ। ਜੇ ਕਰ ਰਹੇ ਹੁੰਦੇ ਤਾਂ ਇਹ ਨਵਾਂ ਐਕਸ-ਪੈਂਡੀਚਰ ਨਾ ਵਧਦਾ। ਪਿਛਲੇ ਸਾਲ ਇਹ 26 ਕਰੋੜ 15 ਲੱਖ ਦਾ ਖਰਚ ਸੀ, ਇਸ ਸਾਲ ਇਹ 29 ਕਰੋੜ 61 ਲੱਖ ਰੁਪਏ ਹੈ, 4% ਵੱਧ ਹੈ। ਵਧਿਆ ਤਾਂ ਹੈ। (ਵਿਘਨ)

ਸਪੀਕਰ ਸਾਹਿਬ, ਇਸੇ ਤਰ੍ਹਾਂ ਐਜੂਕੇਸ਼ਨ, ਸਪੋਰਟਸ ਔਰ ਕਲਚਰਲ ਅਫੇਅਰਜ਼ ਤੇ ਪੈਸੇ ਵੱਧੇ ਹਨ। ਮੇਰੇ ਨਾਲ ਸਾਰੇ ਮੈਂਬਰਜ਼ ਸਾਹਿਬਾਨ ਐਗਰੀ ਕਰਨਗੇ ਕਿ ਜਿਹੜਾ ਸਾਡਾ ਬੇਸਿਕ ਇਨਫਰਾ ਸਟਰੱਕਚਰ ਹੈ ਉਸ ਨੂੰ ਅਸੀਂ ਡਿਵੈਲਪ ਕਰਨਾ ਹੈ। ਇਸ ਦੇ ਵਿਚ ਪਾਵਰ ਔਰ ਇਰੀਗੇਸ਼ਨ ਦਾ ਜ਼ਿਆਦਾ ਰੋਲ ਹੁੰਦਾ ਹੈ। ਮੈਨੂੰ ਇਹ ਦੱਸ ਕੇ ਖੁਸ਼ੀ ਹੋ ਰਹੀ ਹੈ ਕਿ ਅਸੀਂ 60% ਇਨ੍ਹਾਂ ਤੇ ਵੱਧ ਖਰਚ ਕਰ ਰਹੇ ਹਾਂ ਤਾਂਕਿ ਸਾਡੇ ਬਿਜਲੀ ਪਾਣੀ ਨਾ ਘਟੇ। ਮੈਂ ਪਿਛੇ ਜਿਹੇ ਵੀ ਹਾਊਸ ਵਿਚ ਕਿਹਾ ਸੀ ਕਿ ਅਸੀਂ ਕੱਟ ਨਹੀਂ ਲਾਉਣੀ। ਐਗਰੀਕਲਚਰ ਦੇ ਆਵਰਜ਼ ਘਟਾਏ ਹਨ ਪਰ ਕਟ ਕੋਈ ਨਹੀਂ, ਇੰਡਸਟਰੀ ਤੇ ਕੋਈ ਕੱਟ ਨਹੀਂ, ਘਰਾਂ ਵਿਚ ਕੋਈ ਕੱਟ ਨਹੀਂ। ਇਸ ਚੀਜ਼ ਨੂੰ ਵੇਖ ਕੇ ਅਸੀਂ ਫਾਰਵਰਡ

[ਵਿੱਤ ਮੰਤਰੀ]

ਪਲਾਨਿੰਗ ਕੀਤੀ ਹੈ। ਮੈਨੂੰ ਖੁਸ਼ੀ ਹੈ ਕਿ ਸਾਡੀ ਸਹੀ ਪਲਾਨਿੰਗ ਚਲ ਰਹੀ ਹੈ ਜਿਸ ਦੇ ਨਾਲ ਸਾਡੇ ਪੰਜਾਬ ਦਾ ਫਿਊਚਰ ਮਹਿਫੂਜ਼ ਹੋਵੇਗਾ।

ਮੈਂ ਇਥੇ ਹਾਊਸ ਵਿਚ ਖਾਸ ਤੌਰ ਤੇ ਦੱਸਦਾ ਹਾਂ ਕਿ ਡਾਕਟਰ ਸਾਹਿਬ ਨੇ ਗੱਲ ਚਲਾਈ ਹੈ, ਉਨ੍ਹਾਂ ਨੇ ਕਿਹਾ ਹੈ ਕਿ ਇਹ ਬਹੁਤ ਅੱਛਾ ਹੈ ਜਿਹੜਾ ਬਾਹਰੋਂ ਲੋਕ ਆਏ ਸਨ ਉਨ੍ਹਾਂ ਦੀ ਮਦਦ ਕੀਤੀ ਗਈ ਹੈ ਉਨ੍ਹਾਂ ਦਾ ਵਸੇਬਾ ਕੀਤਾ ਗਿਆ ਹੈ ਲੇਕਿਨ ਜਿਹੜੇ ਰਾਇਟ ਇਫੈਕਟਿਡ ਹਨ ਉਨ੍ਹਾਂ ਦੀ ਮਦਦ ਨਹੀਂ ਕੀਤੀ ਗਈ। ਅਸੀਂ ਰਾਇਟ ਇਫੈਕਟਿਡ ਦੀ ਗੱਲ ਕਰ ਰਹੇ ਹਾਂ ਜੋ ਵੀ ਬਾਹਰੋਂ ਦੰਗਾ ਪੀੜਤ ਆਏ ਸਨ ਉਨ੍ਹਾਂ ਦੀ ਹੈਲਪ ਕਰ ਰਹੇ ਹਾਂ। ਇਸੇ ਤਰ੍ਹਾਂ ਮੈਂ ਦੱਸਦਾ ਹਾਂ ਕਿ ਜਿਹੜੇ ਟੈਰਾਰਿਸਟਸ ਦੀ ਐਕਟਿਵਿਟੀਜ਼ ਤੋਂ ਇਫ਼ੈਕਟਿਡ ਹਨ ਉਨ੍ਹਾਂ ਦੀ ਵੀ ਹੈਲਪ ਕਰ ਰਹੇ ਹਾਂ। ਮੈਂ ਇਕ ਪਰਾਮਿਜ਼ ਕੀਤਾ ਸੀ ਅਤੇ ਬਜਟ ਸਪੀਚ ਵਿਚ ਫਿਗਰਜ਼ ਵੀ ਦਿੱਤੀਆਂ ਗਈਆਂ ਹਨ। ਉਹ ਫਿਗਰਜ਼ ਮੈਂ ਦੱਸ ਦਿੰਦਾ ਹਾਂ। compensation to persons who were killed by the terrorists ਉਨ੍ਹਾਂ ਦੀ ਹੈਲਪ ਕੀਤੀ ਹੈ, 1 ਕਰੋੜ 76 ਲੱਖ 18 ਹਜ਼ਾਰ 400 ਰੁਪਏ ਦਿੱਤੇ ਜਾ ਚੁੱਕੇ ਹਨ ਇਸੇ ਤਰ੍ਹਾਂ compensation to persons injured in terrorist violence ਉਨ੍ਹਾਂ ਨੂੰ 10,32,242 ਰੁਪਏ ਦਿੱਤੇ ਜਾ ਚੁਕੇ ਹਨ। compensation paid on account of loss of property ਜਿਨ੍ਹਾਂ ਦੀ ਪ੍ਰਾਪਰਟੀ ਦਾ ਲਾਸ ਹੋਇਆ ਉਨ੍ਹਾਂ ਨੂੰ 50,10,101 ਰੁਪਏ ਦਿੱਤੇ ਗਏ। ਕੁਲ ਮਿਲਾ ਕੇ 2,36,60,743 ਰੁਪਏ ਉਨ੍ਹਾਂ ਨੂੰ ਦਿੱਤੇ ਗਏ ਹਨ ਜਿਹੜੇ ਟੈਰੋਰਿਸਟਸ ਦੀ ਐਕਟਿਵਿਟੀਜ਼ ਦੇ ਵਿਕਟਮਜ਼ ਸਨ। ਅਸੀਂ ਜਾਬਜ਼ ਵੀ ਦਿੱਤੀਆਂ ਹਨ ਜੋ ਕਿ ਸਾਡੀ ਪਾਲਿਸੀ ਦਾ ਹਿੱਸਾ ਹੈ ਕਿ ਜਿਹੜੇ ਟੈਰਾਰਿਸਟਸ ਇਫੈਕਟਿਡ ਹਨ ਉਨ੍ਹਾਂ ਨੂੰ ਨੌਕਰੀਆਂ ਦਿੱਤੀਆਂ ਜਾਣ। 213 ਬਚਿਆਂ ਨੂੰ ਨੌਕਰੀਆਂ ਦਿਤੀਆਂ ਜਾ ਚੁੱਕੀਆਂ ਹਨ। ਪਰ ਅਸੀਂ ਸੰਤੁਸ਼ਟ ਨਹੀਂ। ਮੈਂ ਨਹੀਂ ਕਹਿੰਦਾ ਕਿ ਅਸੀਂ ਸੰਤੁਸ਼ਟ ਹਾਂ। ਇਹ ਕੁਲ 551 ਸਨ, 213 ਨੂੰ ਨੌਕਰੀਆਂ ਦੇ ਦਿੱਤੀਆਂ ਹਨ ਬਾਕੀਆਂ ਨੂੰ ਜਲਦੀ ਦੇਵਾਂਗੇ। ਇਹ ਪਾਲਿਸੀ ਨਵੰਬਰ, ਦਸੰਬਰ ਵਿਚ ਕੰਪਲੀਟ ਕੀਤੀ।

EXTENSION OF TIME OF THE SITTING

ਸ੍ਰੀ ਸਪੀਕਰ: ਪਹਿਲਾਂ ਸਮਾਂ 2.15 ਤਕ ਐਕਸਟੈਂਡ ਕੀਤਾ ਗਿਆ ਸੀ। ਹਾਊਸ ਦੀ ਪਲੀਯਰ ਨਾਲ ਹਾਊਸ ਦਾ ਸਮਾਂ 2.45 ਤਕ ਐਕਸਟੈਂਡ ਕੀਤਾ ਜਾਂਦਾ ਹੈ।

THE PUNJAB APPROPRIATION (NO 2) BILL, 1987
(*Resumption of consideration*)

ਵਿੱਤ ਮੰਤਰੀ : ਸਪੀਕਰ ਸਾਹਿਬ, ਮੈਂ ਦੋ ਪੁਆਇੰਟ ਹੋਰ ਕਹਿਣਾ ਚਾਹੁੰਦਾ ਹਾਂ। ਇਥੇ ਕਿਹਾ ਗਿਆ ਕਿ ਬੜੀ ਪੁਲੀਟੀਕਲਾਈਜ਼ਡ ਸਪੀਚ ਕੀਤੀ ਗਈ ਹੈ। ਮੈਂ ਵੇਖਿਆ ਹੈ ਕਿ ਕੁਝ ਸਜਣਾਂ ਨੂੰ ਸਪੀਚ ਦੀ ਸਮਝ ਹੀ ਨਹੀਂ ਆਈ। ਇਸ ਵਿਚ ਬਿਲਕੁਲ ਕਲੀਅਰ ਹੈ ਕਿ ਇਸ ਮੁਲਕ ਦੀ ਯੂਨਿਟੀ ਰਹੇ, ਇਤਹਾਦ ਰਹੇ, ਯਕਜੇਹਤੀ ਰਹੇ। ਅਸੀਂ ਇਸ ਯੂਨਿਟੀ ਦੇ ਹਾਮੀ ਹਾਂ ਔਰ ਸੈਪ-ਰੇਟਿਜ਼ਮ ਦੇ ਖਿਲਾਫ਼ ਹਾਂ। ਮੈਂ ਪਹਿਲਾਂ ਵੀ ਕਿਹਾ ਸੀ ਕਿ ਇਸ ਧਰਤੀ ਤੇ ਖਾਲਿਸਤਾਨ ਨਹੀਂ ਬਣ ਸਕਦਾ। ਇਥੇ ਰੀਅਲ ਫੈਡਰਲ ਸਟਰਕਚਰ ਆਫ਼ ਕਾਂਸਟੀਚਿਊਸ਼ਨ ਹੋਵੇ। ਸਾਡੇ ਰੀਅਲ ਫੈਡਰਲ ਸਟਰੱਕਚਰ ਆਫ਼ ਕਾਂਸਟੀਚਿਊਸ਼ਨ ਨਹੀਂ, ਯੂਨੀਟਰੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਹਾਊਸ ਵਿਚ ਹੀ

ਸਾਰੇ ਦੇਸ਼ ਦੇ ਪ੍ਰਾਈਮ ਮਨਿਸਟਰ ਨੇ ਇਸ ਗੱਲ ਨੂੰ ਤਸਲੀਮ ਕੀਤਾ ਹੈ। ਇਹ ਜੋ ਰਾਜੀਵ ਲੌਂਗੋਵਾਲ ਮੈਮੋਰੰਡਾ ਆਫ਼ ਸੈਟਲਮੈਂਟ ਜਿਸ ਦੇ ਇਕ ਪਾਸੇ ਸੰਤ ਲੌਂਗੋਵਾਲ ਜੀ ਦੇ ਦਸਤਖਤ ਹਨ ਅਤੇ ਦੂਜੇ ਪਾਸੇ ਸ੍ਰੀ ਰਾਜੀਵ ਗਾਂਧੀ ਦੇ ਹਨ,ਇਸ ਦੇ ਸੈਕਸ਼ਨ 8.1 ਵਿੱਚ ਕਲੀਅਰ ਹੈ ਅਤੇ ਦੇਸ਼ ਦੇ ਪ੍ਰਾਈਮ ਮਨਿਸਟਰ ਨੇ ਇਹ ਗੱਲ ਮੰਨੀ ਹੈ ਕਿ ਸਾਡੇ ਕਾਂਸਟੀਚਿਊਸ਼ਨ ਯੂਨੀਟਰੀ ਟਾਈਪ ਦਾ ਹੈ। ਉਨ੍ਹਾਂ ਨੇ ਕਿਹਾ ਹੈ:

> "Shiromani Akali Dal states that the Anandpur Sahib Resolution is entirely within the framework of the Indian Constitution that it attempts to define the concept of Centre-State relations in a manner which may bring out the true federal characteristics of our unitary constitution and that the purpose of the resolution is to provide greater autonomy to States."

ਉਨ੍ਹਾਂ ਨੇ ਆਪ ਮੰਨਿਆ ਹੈ ਕਿ We will bring out the true federal characteristics of our unitary constitution.

ਉਨ੍ਹਾਂ ਨੇ ਮੰਨਿਆ ਹੈ ਕਿ ਸਾਡਾ ਕਾਂਸਟੀਚਿਊਸ਼ਨ ਬੜਾ ਯੂਨੇਟਰੀ ਹੈ। ਇਸ ਨੂੰ ਫੈਡਰਲ ਬਣਾਉਣ ਵਾਸਤੇ ਆਨੰਦਪੁਰ ਸਾਹਿਬ ਦਾ ਰੈਜ਼ੋਲਿਊਸ਼ਨ ਆਪਣੀ ਤਸਵੀਰ ਪੇਸ਼ ਕਰਦਾ ਹੈ। ਇਸ ਕਰਕੇ ਮੈਂ ਲਿਖਿਆ ਹੈ ਕਿ ਜੋ ਸਿਸਟਮ ਹੈ ਸੈਂਟਰਲ ਸਟੇਟ ਫਿਸਕਲ ਪਾਲਿਸੀ ਦਾ ਉਹ ਚੇਂਜ ਕਰਨ ਦੀ ਲੋੜ ਹੈ। ਸਾਰੀ ਇਨਕਮ ਜੋ ਹੈ ਉਹ ਸੈਂਟਰ ਗੌਰਮਿੰਟ ਕੋਲ ਚਲੀ ਜਾਂਦੀ ਹੈ ਔਰ ਸਾਨੂੰ ਹਰ ਸਟੇਟ ਨੂੰ ਸੈਂਟਰ ਕੋਲ ਨੱਕ ਰਗੜਨੇ ਪੈਂਦੇ ਹਨ। ਮੈਂ ਅਰਜ਼ ਕਰਦਾ ਹਾਂ ਕਿ 85 ਕਰੋੜ ਰੁਪਿਆਂ ਦਾ ਹਿੱਸਾ ਸਾਨੂੰ ਮਿਲਣਾ ਚਾਹੀਦਾ ਹੈ। ਚਾਰ ਹਜ਼ਾਰ ਕਰੋੜ ਰੁਪਿਆਂ ਦੀ ਫਾਰਨ ਅਸਿਸਟੈਂਸ ਹੈ, ਉਸ ਵਿਚੋਂ ਸਾਨੂੰ ਹਿੱਸਾ ਮਿਲਣਾ ਚਾਹੀਦਾ ਹੈ। ਜੇਕਰ ਕਹਿੰਦੇ ਹਾਂ ਕਿ ਐਕਸਾਈਜ਼ ਡਿਊਟੀ ਵਿਚੋਂ ਵੱਧ ਹਿੱਸਾ ਮਿਲਣਾ ਚਾਹੀਦਾ ਹੈ ਤਾਂ ਕੋਈ ਮਾੜੀ ਗੱਲ ਨਹੀਂ ਕਹਿੰਦੇ। ਅੱਜ ਤਕ ਜਿੰਨੇ ਵੀ ਫਾਈਨਾਂਸ ਕਮਿਸ਼ਨ ਆਏ ਹਨ ਉਨ੍ਹਾਂ ਨੇ ਕਿਸੇ ਨੇ ਵੀ ਪੰਜਾਬ ਨੂੰ ਠੀਕ ਤਰ੍ਹਾਂ ਮੱਦਦ ਨਹੀਂ ਦਿਵਾਈ। ਕਿਹਾ ਜਾਂਦਾ ਹੈ ਕਿ ਪੰਜਾਬ ਡਿਵਿਸਟ ਸਟੇਟ ਨਹੀਂ ਹੈ। ਇਸ ਲਈ ਹੀ ਅਸੀਂ ਕਹਿੰਦੇ ਹਾਂ ਕਿ ਸਾਨੂੰ ਸੈਂਟਰਲ ਪੂਲ ਤੋਂ ਪੈਸਾ ਮਿਲਣਾ ਚਾਹੀਦਾ ਹੈ । ਇਹ ਗੱਲ ਗੌਰਮਿੰਟ ਨੇ ਮੰਨੀ ਸੀ ਕਿ ਜੋ ਡੁਪਲੀਕੇਸੀ ਪੈਦਾ ਹੋਈ ਹੈ, ਇਹ ਨਹੀਂ ਹੋਣੀ ਚਾਹੀਦੀ। ਇਕ ਐਗਰੀਕਲਚਰ ਦਾ ਮਹਿਕਮਾਂ ਇਥੇ ਹੈ, ਇਕ ਉਥੇ ਵੀ ਹੈ। ਫਿਰ ਸੈਂਟਰਲ ਸਪਾਂਸਰਡ ਸਕੀਮਾਂ ਹਨ। ਉਨ੍ਹਾਂ ਬਾਰੇ ਵੀ ਮੈਂ ਹਾਊਸ ਦੀ ਮੱਦਦ ਚਾਹੁੰਦਾ ਹਾਂ ਕਿ ਜੋ ਡੁਪਲੀਕੇਸੀ ਹੈ ਇਹ ਬੰਦ ਹੋਣੀ ਚਾਹੀਦੀ ਹੈ। ਮੈਂ ਜ਼ਿਆਦਾ ਕੁਝ ਅੱਜ ਦੇ ਮੌਕੇ ਤੇ ਨਹੀਂ ਕਹਿਣਾ ਚਾਹੁੰਦਾ।

ਮੈਂ ਆਖਿਰ ਉਤੇ ਜੋ ਠੇਕਿਆਂ ਦੀ ਨਿਲਾਮੀ ਦੀ ਗੱਲ ਕੀਤੀ ਹੈ, ਉਸ ਤੇ ਦੱਸਣਾ ਚਾਹੁੰਦਾ ਹਾਂ। ਇਹ ਠੀਕ ਹੈ ਕਿ ਪੰਜਾਬ ਦੇ ਕੁਝ ਸੈਕਸ਼ਨਜ਼ ਹਨ ਜੋ ਆਪਣੇ ਆਪ ਨੂੰ ਅਤਿਵਾਦੀ ਸਮਝਦੇ ਹਨ, ਕੁਝ ਐਸੇ ਸੈਕਸ਼ਨ ਹਨ ਜੋ ਐਂਟੀ ਸੋਸ਼ਲ ਆਦਮੀ ਹਨ, ਬੂਟ ਲੇਗਿੰਗ ਕਰਦੇ ਹਨ ਜਿਹੜੇ ਕਿ ਸ਼ਰਾਬ ਆਪ ਕੱਢ ਕੇ ਵੇਚਦੇ ਹਨ। ਬੂਟ ਲੈਗਰਜ਼ ਹਨ, ਸਮੱਗਲਰਜ਼ ਹਨ, ਪੋਸਤ, ਅਫੀਮ ਵੇਚਦੇ ਹਨ। ਉਹ ਚਾਹੁੰਦੇ ਹਨ ਕਿ ਠੇਕੇ ਨਾ ਨਿਲਾਮ ਹੋਣ, ਉਨ੍ਹਾਂ ਦੀ ਸ਼ਰਾਬ ਜ਼ਿਆਦਾ ਵਿਕੇ, ਮੰਡ ਵਿਚ ਕੱਢ ਕੇ ਵੇਚਣ। ਉਹ ਦੋ ਤਾਕਤਾਂ ਇਕੱਠੀਆਂ ਹੋ ਗਈਆਂ। ਸਾਡੇ ਪੰਜਾਬ ਵਿਚ 2300 ਠੇਕੇ ਹਨ ਜਿਨ੍ਹਾਂ ਵਿਚੋਂ 149 ਨਿਲਾਮ ਨਹੀਂ ਹੋਏ, ਬਾਕੀ ਸਭ ਨਿਲਾਮ ਹੋ ਗਏ ਔਰ 18 ਕਰੋੜ ਰੁਪਿਆ ਪਿੱਛਲੇ ਸਾਲ ਨਾਲੋਂ ਵੱਧ ਆਇਆ ਹੈ। 2300 ਦੇ ਕਰੀਬ ਠੇਕੇ ਹਨ ਔਰ 149 ਨੂੰ ਛੱਡ ਕੇ ਬਾਕੀਆਂ ਵਿਚ ਅਸੀਂ 18 ਕਰੋੜ ਰੁਪਿਆ ਵੱਧ ਲਿਆ ਹੈ। (ਵਿਘਨ) ਜ਼ਬਾਨੀ ਤਾਂ ਯਾਦ ਨਹੀਂ ਹੈ ਪਰ ਪਿਛਲੇ ਸਾਲ ਨਾਲੋਂ 18 ਕਰੋੜ ਰੁਪਿਆ ਜ਼ਿਆਦਾ ਹੈ। ਬਾਕੀ 149 ਬਾਰੇ ਮੈਂ ਹਾਊਸ ਨੂੰ ਇਹ ਦੱਸਣਾ ਚਾਹੁੰਦਾ ਹਾਂ

[ਵਿੱਤ ਮੰਤਰੀ]

ਕਿ 149 ਜਿਹੜੇ ਹਨ ਉਹ ਜ਼ਰੂਰ ਚਾਲੂ ਕੀਤੇ ਜਾਣਗੇ ਮੈਂ ਹਾਊਸ ਦੀ ਸਪੋਰਟ ਚਾਹੁੰਦਾ ਹਾਂ। ਪੰਜਾਬ ਦੀ ਅਕਾਨੋਮੀ ਦਾ ਮਸਲਾ ਹੈ, ਕੁਝ ਲੋਕ ਇਕੱਠੇ ਹੋ ਕੇ ਸਾਨੂੰ ਖ਼ਰਾਬ ਕਰਨਾ ਚਾਹੁੰਦੇ ਹਨ, ਇਕਾਨੋਮੀ ਨੂੰ ਖਰਾਬ ਕਰਨਾ ਚਾਹੁੰਦੇ ਹਨ, ਪਰ ਅਸੀਂ ਤਕੜੇ ਹੋ ਕੇ ਫਾਈਟ ਕਰਾਂਗੇ (ਥੰਪਿੰਗ) ਕੱਲ ਹੀ ਚੀਫ ਮਨਿਸਟਰ ਸਾਹਿਬ ਦੇ ਘਰ ਇਕ ਮੀਟਿੰਗ ਕੀਤੀ ਹੈ ਔਰ ਫੈਸਲਾ ਕੀਤਾ ਹੈ ਕਿ ਫਾਈਟ ਕਰਨਾ ਹੈ ਔਰ ਜਿਹੜੇ ਸਾਰੇ ਵੈਂਡਰਜ਼ ਹਨ ਉਨ੍ਹਾਂ ਦੀ ਪੂਰੀ ਮੱਦਦ ਕੀਤੀ ਜਾਵੇਗੀ। ਪਬਲਿਕ ਨੂੰ ਕਹਾਂਗਾ ਕਿ ਮੱਦਦ ਦਿਓ। ਸਰ, 270 ਕਰੋੜ ਰੁਪਿਆ ਇਨਵਾਲਵ ਹੈ। ਪਿੱਛਲੇ ਸਾਲ 240 ਕਰੋੜ ਰੁਪਏ ਦੀ ਆਮਦਨ ਹੋਈ, ਇਸ ਸਾਲ ਸਾਡਾ ਅੰਦਾਜ਼ਾ ਹੈ ਕਿ 270 ਕਰੋੜ ਰੁਪਏ ਦੀ ਆਮਦਨ ਹੋਵੇਗੀ। ਇਸ ਕਰਕੇ ਜੇਕਰ ਪਲਾਨਜ਼ ਨੂੰ ਚਾਲੂ ਰਖਣਾ ਹੈ ਤਾਂ ਇਹ ਇਕ ਐਸਾ ਏਰੀਆ ਹੈ ਜਿਥੋਂ ਸਰਪੱਲਸ ਪੈਸੇ ਆਉਂਦੇ ਹਨ ਔਰ ਜੇਕਰ ਬੰਦ ਕਰ ਦਿੱਤਾ ਜਾਵੇ ਤਾਂ ਹਰ ਕਿਸਮ ਦੇ ਸਮੱਗਲਿੰਗ ਔਰ ਕਰਾਈਮ ਸ਼ੁਰੂ ਹੋ ਜਾਣਗੇ। ਇਨ੍ਹਾਂ ਸ਼ਬਦਾਂ ਨਾਲ ਮੈਂ ਹਾਊਸ ਦਾ ਧੰਨਵਾਦ ਕਰਦਾ ਹਾਂ ਔਰ ਬੇਨਤੀ ਕਰਦਾ ਹਾਂ ਕਿ ਐਪ੍ਰੋਪਰੀਏਸ਼ਨ ਬਿੱਲ ਪਾਸ ਕੀਤਾ ਜਾਵੇ।

Mr. Speaker : Question is—

That the Punjab Appropriation (No. 2) Bill be taken into consideration at once.

The Motion was carried.

Mr. Speaker : Now the House will proceed to consider the Bill Clause-by-Clause.

Clause 2

Mr. Speaker : Question is—

That Clause 2 stand part of the Bill.

The Motion was carried.

Clause 3

Mr. Speaker : Question is—

That Clause 3 stand part of the Bill.

The Motion was carried.

The Schedule

Mr. Speaker : Question is—

That the Schedule stand part of the Bill.

The Motion was carried.

Clause 1

Mr. Speaker : Question is—

That Clause 1 stand part of the Bill.

The Motion was carried.

Title

Mr. Speaker : Question is—

That Title be the Title of the Bill.

The Motion was carried.

Finance Minister (Sardar Balwant Singh) : Sir, I beg to move—

That the Punjab Appropriation (No. 2) Bill be passed.

Mr. Speaker : Motion moved—

That the Punjab Appropriation (No. 2) Bill be passed.

Mr. Speaker : Question is—

That the Punjab Appropriation (No. 2) Bill be passed.

The Motion was carried.

ਸ਼੍ਰੀ ਸਪੀਕਰ : ਹਾਊਸ ਐਡਜਰਨ ਹੋਣ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹਵਾਂਗਾ ਕਿ ਇਥੇ ਸਰਦਾਰ ਬਚਿੱਤਰ ਸਿੰਘ ਨੇ ਕੈਪਟਨ ਕੰਵਲਜੀਤ ਸਿੰਘ ਦੇ ਬਾਰੇ ਕੋਈ ਗੱਲ ਕਹੀ ਸੀ ਔਰ ਉਨ੍ਹਾਂ ਨੇ ਪਰਸਨਲ ਐਕਸਪਲੇਨੇਸ਼ਨ ਦਿੱਤੀ ਹੈ। The matter is still under my examination. ਕੈਪਟਨ ਸਾਹਿਬ ਨੇ ਜੋ ਕਿਹਾ ਹੈ ਉਹ ਕੁਝ ਪੋਰਸ਼ਨ ਤਾਂ ਰਕਾਰਡ ਤੇ ਨਹੀਂ ਆਏਗਾ ਕਿਉਂਕਿ ਮੈਂ ਕਹਿ ਦਿੱਤਾ ਸੀ। ਬਾਕੀ ਰਿਕਾਰਡ ਵੇਖਿਆ ਜਾ ਰਿਹਾ ਹੈ, ਟਾਈਪ ਕਰਵਾ ਰਹੇ ਹਾਂ ਉਸ ਦੇ ਬਾਅਦ ਕਾਰਵਾਈ ਕਰਾਂਗੇ। I will look into the matter. ਦੂਸਰਾ, ਲੰਚ ਵਾਸਤੇ ਹੁਣ ਸਾਰੇ ਮੈਂਬਰਜ਼ ਆਉਣ।

ਵਿੱਤ ਮੰਤਰੀ : ਸ਼ਾਮ ਨੂੰ ਡਿਨਰ ਵਾਸਤੇ ਵੀ ਮੈਂ ਰਿਕੁਐਸਟ ਕਰਾਂਗਾ।

Mr. Speaker : The House stands adjourned till 9.00 A.M. on Tuesday, the 31st March, 1987.

*2.28 P.M. (The Sabha then *adjourned till 9.00 A.M. on Tuesday, the 31st March, 1987).

26196 PVS—Govt. Press, Chd.

Published under the authority of the Punjab Vidhan Sabha and printed by the Controller, Printing and Stationary Department (U. T.) Chd.

15

Punjab Vidhan Sabha Debates

31st March, 1987

VOL. V—NO. 15

OFFICIAL REPORT

CONTENTS

Tuesday, the 31st March, 1987

Punjab Vidhan Sabha Secretariat, Chandigarh.

Price Rs.

Rs 72-00

ERRATA

TO

PUNJAB VIDHAN SABHA DEBATES

Vol. V—No. 15

Dated 31st March, 1987

Read	*For*	*Page*	*Line*
ਸਕਦੇ	ਮਕਦੇ	(15)1	6th from below
Ludhiana	Ludhianaia	(15)25	11
Serious	Seriou	(15)47	19
ਸੀ	ਸ	(15)50	11th from below
ਫਲੋਟ	ਫਲੈਟ	(15)60	6
ਡਰਿੰਕਸ	ਡਰਿੰਕਮ	(15)63	13th from below
ਬਲਕਿ	ਬਲਾਕ	(15)66	14
ਪੰਜਾਬ ਵਿਚ	ਪੰਜਾਬ ਕੇ	(15)66	14
ENCOURAGING	ENECOURAGING	(15)77	Heading
PROCESSING	PRO ESSING	(15)77	Heading
resulting	resultiny	(15)80	11
resolution	resoluation	(15)92	17
Sayianwala	Sainawala	(15)92	last
Sayianwala	Sainawala	(15)93	5
ਜੈ	ਜੇ	(15)93	20

PUNJAB VIDHAN SABHA

Tuesday, the 31st March, 1987

The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Sardar Surjit Singh Minhas) in the Chair.

ਸ੍ਰੀ ਸਪੀਕਰ : ਪ੍ਰਸ਼ਨਾਂ ਦੇ ਸਮੇਂ ਸਦਨ ਵਿਚ ਪਹਿਲੇ 31 ਮਾਰਚ, 1987 ਲਈ ਮੁਲਤਵੀ ਕੀਤੇ ਗਏ ਪ੍ਰਸ਼ਨਾਂ ਦੀ ਸੂਚੀ ਤੋਂ ਸ਼ੁਰੂ ਕਰਾਂਗੇ। ਉਸ ਤੋਂ ਬਾਅਦ ਅੱਜ ਦੇ ਨਿਸ਼ਾਨ ਵਾਲੇ ਪ੍ਰਸ਼ਨਾਂ ਦੀ ਸੂਚੀ ਤੋਂ ਸ਼ੁਰੂ ਕਰਾਂਗੇ ।

POSTPONED STARRED QUESTIONS AND ANSWERS

Allotment of Government Land to Rai Sikh Cultivators in Sidhwan Bet Area

***589. Sardar Gurdip Singh :** Will the Minister for Revenue and Rehabilitation be pleased to state whether the Government proposes to allot the Government land in Sidhwan Bet Area on permanent basis to the Rai Sikh Cultivators who are in possession thereof for the last 40 years ?

ਸਰਦਾਰ ਮੇਜਰ ਸਿੰਘ ਉਬੋਕੇ: 17 ਯੋਗ ਰਾਏ ਸਿੱਖ ਨਜ਼ਾਇਜ਼ ਕਾਬਜਕਾਰਾਂ ਦੇ ਹੱਕ ਵਿਚ ਅਲਾਟਮੈਂਟ ਦੇ ਕੇਸਾਂ ਤੇ ਜਿਨ੍ਹਾਂ ਦਾ ਘਟੀਆ ਨਿਕਾਸੀ ਭੌਂ ਤੇ ਰਬੀ – 1976 ਤੋਂ ਲਗਾਤਾਰ ਕਾਸ਼ਤਕਾਰੀ ਕਬਜ਼ਾ ਚੱਲਿਆ ਆ ਰਿਹਾ ਹੈ, ਕਾਰਵਾਈ ਹੋ ਰਹੀ ਹੈ। ਇਕ ਕੇਸ ਵਿਚ ਘਟੀਆ ਨਿਕਾਸੀ ਭੌ ਰਾਏ ਸਿੱਖ ਕਾਬਜ਼ਕਾਰ ਨੂੰ ਤਬਦੀਲ ਕਰਨ ਲਈ ਸਰਟੀਫੀਕੇਟ ਪਹਿਲਾਂ ਹੀ ਜਾਰੀ ਹੋ ਗਿਆ ਹੈ।

ਸਰਦਾਰ ਗੁਰਦੀਪ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਤੁਹਾਡੇ ਰਾਹੀਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦਸਿਆ ਹੈ ਕਿ ਇਕ ਕੇਸ ਵਿਚ ਹੁਣ ਤਕ ਫੈਸਲਾ ਡੇਢ ਸਾਲ ਹੋਇਆ ਇਕ ਰਾਏ ਸਿਖ ਦੀ ਐਲਾਟਮੈਂਟ 1976 ਤੋਂ ਬਾਦ ਕੀਤੀ ਹੈ ਅਤੇ ਇਨ੍ਹਾਂ ਨੇ ਦੱਸਿਆ ਹੈ ਕਿ ਅਜਿਹੇ 17 ਕੇਸਿਜ਼ ਤੇ ਕਾਰਵਾਈ ਹਾਲੇ ਹੋਣੀ ਹੈ। ਪਰ ਮੈਂ ਦਸਦਾ ਹਾਂ ਕਿ ਸੈਂਕੜੇ ਦੀ ਤਾਦਾਦ ਵਿਚ ਗਰੀਬ ਰਾਏ ਸਿੱਖ ਕਾਸ਼ਤਕਾਰ ਪਿਛਲੇ 40 ਸਾਲਾਂ ਤੋਂ ਨਿਕਾਸੀ ਜ਼ਮੀਨਾਂ ਤੇ ਕਾਸ਼ਤ ਕਰ ਰਹੇ ਹਨ। ਇਨ੍ਹਾਂ ਗਰੀਬ ਰਾਏ ਸਿੱਖਾਂ ਨੂੰ ਜ਼ਮੀਨ ਸਰਕਾਰ ਵਲੋਂ ਅਲਾਟ ਕਰਨ ਵਿਚ ਕਿਤਨੀ ਦੇਰ ਲੱਗੇਗੀ ਤਾਂਕਿ ਉਹ ਲੋਕ ਆਬਾਦ ਹੋ ਸਕਣ ? ਇਨ੍ਹਾਂ ਗਰੀਬ ਲੋਕਾਂ ਨੂੰ ਜ਼ਮੀਨਾਂ ਪੱਕੀਆਂ ਨਾ ਹੋਣ ਕਰਕੇ ਨਾ ਬੈਂਕਾਂ ਤੋਂ ਕਰਜ਼ਾ ਮਿਲ ਸਕਦਾ ਹੈ ਨਾ ਉਹ ਟਰੈਕਟਰਜ਼ ਖਰੀਦ ਸਕਦੇ ਹਨ ਨਾ ਕੋਈ ਮੋਟਰ ਲਵਾ ਸਕਦੇ ਹਨ। ਗਿਰਦਾਵਰੀ ਦੀ ਨੋਟੀਫਿਕੇਸ਼ਨ ਸਾਲ ਦੇ ਕਿਸ ਅਧਾਰ ਤੇ ਕਬਜ਼ੇ ਨੂੰ ਮੁੱਖ ਰਖਕੇ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਗਵਰਨਰ ਰੂਲਜ਼ ਦੇ ਸਮੇਂ ਕੁਝ ਐਮ. ਐਲ. ਏਜ਼ ਨੇ ਸਾਡੇ ਗਵਰਨਰ ਸਾਹਿਬ ਨੂੰ ਮਿਲਕੇ ਇਕ ਪ੍ਰਤੀ ਬੇਨਤੀ ਕੀਤੀ ਸੀ ਕਿ ਇਨ੍ਹਾਂ ਕੇਸਿਜ਼ ਤੇ ਮੁੜ ਵਿਚਾਰ ਕੀਤਾ ਜਾਵੇ। ਉਸ ਸਮੇਂ ਤੋਂ ਇਹ ਸਾਰੀ ਕਾਰਵਾਈ ਸਰਕਾਰ ਦੇ ਵਿਚਾਰ ਅਧੀਨ ਹੈ। ਇਨ੍ਹਾਂ ਨੇ ਸਵਾਲ ਪੁਛਿਆ ਸੀ ਕਿ ਸਿਧਵਾਂ ਬੇਟ ਵਿਚ 67 ਰਾਏ ਸਿੱਖ ਪਰਿਵਾਰ ਬੈਠੇ ਹੋਏ ਹਨ, ਇਨ੍ਹਾਂ

[ਮਾਲ ਅਤੇ ਪੁਨਰਵਾਸ ਮੰਤਰੀ]

ਵਿਚੋਂ 41 ਅਜਿਹੇ ਹਨ ਜਿਨ੍ਹਾਂ ਦਾ 1976 ਤੋਂ ਪਹਿਲੇ ਦਾ ਕਬਜ਼ਾ ਹੈ। 17 ਕੇਸਿਜ਼ ਜਿਨ੍ਹਾਂ ਵਿਚ ਜੋ ਸਰਕਾਰ ਨੇ ਉਸ ਸਮੇਂ ਫੈਸਲਾ ਕੀਤਾ ਸੀ ਉਹ 1976 ਤੋਂ ਕੇਸ ਚਲਿਆ ਆ ਰਿਹਾ ਹੈ। ਇਹ 17 ਕੇਸਿਜ਼ ਅਜਿਹੇ ਹਨ ਜਿਹੜੇ ਸਰਕਾਰ ਦੇ ਵਿਚਾਰ ਅਧੀਨ ਹਨ। ਇਨ੍ਹਾਂ ਉਤੇ ਜਲਦੀ ਫੈਸਲਾ ਹੋ ਜਾਵੇਗਾ ਅਤੇ 8 ਕੇਸਿਜ਼ ਅਜਿਹੇ ਹਨ ਜਿਨ੍ਹਾਂ ਵਿਚ ਅਰਜ਼ੀ ਨਹੀਂ ਦਿੱਤੀ ਗਈ ਕਿ ਸਾਨੂੰ ਜ਼ਮੀਨਾਂ ਅਲਾਟ ਕੀਤੀਆਂ ਜਾਣ। ਇਨ੍ਹਾਂ ਵਿਚੋਂ ਇਕ ਆਦਮੀ ਰਾਏ ਸਿਖ ਹੈ ਜਿਸ ਨੇ ਅਰਜ਼ੀ ਦਿਤੀ ਸੀ, ਉਸ ਨੂੰ ਜ਼ਮੀਨ ਅਲਾਟ ਕਰ ਦਿਤੀ ਹੈ।

ਸਰਦਾਰ ਗੁਰਦੀਪ ਸਿੰਘ : ਸਪੀਕਰ ਸਾਹਿਬ, ਜਿਨਾਂ ਦਾ 1976 ਤੋਂ ਪਹਿਲੇ ਦਾ ਕਬਜ਼ਾ ਹੈ ਅਤੇ ਇਥੇ ਪੰਜਾਬ ਵਿਚ ਸਮੇਂ ਸਮੇਂ ਦੀਆਂ ਸਰਕਾਰਾਂ ਨੋਟੀਫਿਕੇਸ਼ਨਜ਼ ਬਦਲਦੀਆਂ ਰਹੀਆਂ ਹਨ, ਕੀ ਤੁਸੀਂ ਨੋਟੀਫਿਕੇਸ਼ਨ 1976 ਦੇ ਅਧਾਰ ਤੇ ਕਰੋਗੇ ਜਾਂ ਫਿਰ ਨਵੀਂ ਨੋਟੀਫਿਕੇਸ਼ਨ ਦੇ ਅਧਾਰ ਤੇ ਜ਼ਮੀਨਾਂ ਦੀ ਅਲਾਟਮੈਂਟ ਕਰੋਗੇ ? ਕਾਫੀ ਦੇਰ ਹੋ ਗਈ ਹੈ ਉਨ੍ਹਾਂ ਲੋਕਾਂ ਨੂੰ ਜ਼ਮੀਨਾਂ ਅਲਾਟ ਨਹੀਂ ਕੀਤੀਆਂ ਗਈਆਂ। ਜ਼ਿਲ੍ਹਾ ਲੁਧਿਆਣੇ ਵਿਚ ਸੈਂਕੜੇ ਦੀ ਤਾਦਾਦ ਵਿਚ ਉਥੇ ਰਾਏ ਸਿਖ ਬੈਠੇ ਹੋਏ ਹਨ। ਕੀ ਇਹ ਯਕੀਨ ਦਿਵਾਉਣਗੇ ਕਿ ਉਨ੍ਹਾਂ ਨੂੰ ਕਦੋਂ ਤਕ ਜ਼ਮੀਨਾਂ ਸਰਕਾਰ ਅਲਾਟ ਕਰ ਦੇਵਗੀ ?

ਮੰਤਰੀ : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਸਵਾਲ ਕੀਤਾ ਸੀ ਉਹ ਸਿਧਵਾਂ ਬੇਟ ਦਾ ਸੀ। ਲੁਧਿਆਣੇ ਜ਼ਿਲ੍ਹੇ ਦੀ ਲਿਸਟ ਮੁਤਾਬਿਕ 860 ਨਜਾਇਜ਼ ਕਬਜ਼ੇ ਹਨ। ਜਿਸ ਤਰ੍ਹਾਂ ਮੈਂ ਇਨ੍ਹਾਂ ਨੂੰ ਪਹਿਲੇ ਦਸਿਆ ਹੈ ਇਹ ਮਸਲਾ ਗਵਰਨਰ ਰੂਲਜ਼ ਵੇਲੇ ਪੈਂਡਿੰਗ ਕਰ ਦਿਤਾ ਗਿਆ ਸੀ। ਇਸ ਤੇ ਪੰਜਾਬ ਸਰਕਾਰ ਵਿਚਾਰ ਕਰ ਰਹੀ ਹੈ ਅਤੇ ਜਲਦੀ ਹੀ ਫੈਸਲਾ ਕਰੇਗੀ ਤਾਂਕਿ ਇਸ ਫੈਸਲੇ ਨੂੰ ਜਲਦੀ ਹੀ ਲਾਗੂ ਕਰ ਦਿਤਾ ਜਾਵੇ।

ਡਾਕਟਰ ਰਤਨ ਸਿੰਘ : ਸਪੀਕਰ ਸਾਹਿਬ, ਸਰਦਾਰ ਗੁਰਦੀਪ ਸਿੰਘ ਹੋਰਾਂ ਨੇ ਠੀਕ ਹੀ ਕਿਹਾ ਹੈ। ਜਿਹੜੇ ਗਿਰਦਾਵਰੀਆਂ ਕਰਦੇ ਹਨ, ਉਹ ਅਫਸਰਾਂ ਦੇ ਨਾਲ ਮਿਲਕੇ ਬਦਲ ਦਿੰਦੇ ਹਨ। ਕੀ ਵਜ਼ੀਰ ਸਾਹਿਬ ਇਸਨੂੰ ਰੋਕਣ ਦਾ ਯਤਨ ਕਰਨਗੇ ?

ਮੰਤਰੀ : ਇਸ ਤਰ੍ਹਾਂ ਦਾ ਕੇਸ ਨੋਟਿਸ ਵਿਚ ਲਿਆਉਣ ਤਾਂ ਜ਼ਰੂਰ ਉਸ ਤੇ ਕਾਰਵਾਈ ਕਰਾਂਗੇ।

ਸ੍ਰੀ ਸਰਵਰ ਸਿੰਘ : ਸਪੀਕਰ ਸਾਹਿਬ, 1969 ਵਿਚ ਇਕ ਨੋਟੀਫਿਕੇਸ਼ਨ ਸਰਕਾਰ ਵਲੋਂ ਹੋਇਆ ਸੀ। ਇਹ ਰਾਏ ਸਿੱਖ ਅਤੇ ਸਰਵਿਸਮੈਨਜ ਵੈਜੀ ਹਨ, ਉਨ੍ਹਾਂ ਦੀ ਅਲਾਟਮੈਂਟ ਬਾਰੇ ਹੈ। ਇਹ ਸਕੀਮ 1976 ਵਿਚ ਲਾਗੂ ਹੋਈ ਸੀ। 1961 ਦਾ ਪੱਤਰ ਨੰ: 3355 ਐਨ-4/62) ਮਿਤੀ 11 ਮਈ, 1962 ਹੈ ਅਤੇ ਇਹ ਪੱਤਰ ਅੰਡਰ ਸੈਕਟਰੀ, ਪੰਜਾਬ ਸਰਕਾਰ ਵਲੋਂ ਇਸ਼ੂ ਹੋਇਆ ਹੈ। ਉਦੋਂ ਤੋਂ ਹੁਣ ਤਕ ਰਾਏ ਸਿਖਾਂ ਨੂੰ ਕੋਈ ਮਾਲਕੀ ਹੱਕ ਨਹੀਂ ਮਿਲਿਆ। ਇਹ ਪੰਜ ਕਿਲੋਮੀਟਰ ਦਾ ਘੇਰਾ ਪੈਂਦਾ ਹੈ। ਪਟਵਾਰੀ ਉਨ੍ਹਾਂ ਦੀਆਂ ਗਿਰਦਾਵਰੀਆਂ ਤੋੜ ਦਿੰਦੇ ਹਨ। ਕੀ ਮੰਤਰੀ ਜੀ ਇਸ ਕਾਰਵਾਈ ਨੂੰ ਰੋਕਣਗੇ ?

ਮੰਤਰੀ : ਸਪੀਕਰ ਸਾਹਿਬ, ਅਜਿਹੀਆਂ ਸ਼ਿਕਾਇਤਾਂ ਆਉਂਦੀਆਂ ਹਨ ਮੈਂਬਰ ਸਾਹਿਬ, ਇਸ ਬਾਰੇ ਕੋਈ ਸ਼ਿਕਾਇਤ ਸਾਨੂੰ ਲਿਖਕੇ ਦੇਣ ਤਾਂ ਅਸੀਂ ਉਸ ਦੀ ਪੜਤਾਲ ਕਰਵਾ ਦੇਵਾਂਗੇ। ਅਸੀਂ ਚਾਹੁੰਦੇ ਹਾਂ ਕਿ ਨਜਾਇਜ਼ ਕਬਜ਼ਾ ਜੋ ਚਲਿਆ ਆ ਰਿਹਾ ਹੈ, ਇਹ ਬੰਦ ਹੋਵੇ। ਸਰਕਾਰ ਉਨ੍ਹਾਂ ਬੰਦਿਆਂ ਤੇ ਨੱਥ ਪਾਵੇ ਔਰ ਇਸ ਗੱਲ ਵਿਚ ਕੋਈ ਸ਼ੰਕਾ ਨਹੀਂ ਹੈ ਕਿ ਗਰਦਾਵਰੀਆਂ ਗਲਤ

ਵੀ ਹੁੰਦੀਆਂ ਹਨ। ਇਨ੍ਹਾਂ ਦਾ ਸੁਧਾਰ ਕਰਨ ਵਾਸਤੇ ਅਸੀਂ ਇਹ ਕੀਤਾ ਹੈ ਕਿ ਕੋਈ ਗਿਰਦਾਵਰੀ ਤਬਦੀਲ ਕਰਨੀ ਹੋਵੇ ਉਹ ਨਾਇਬ ਤਹਿਸੀਲਦਾਰ ਅਤੇ ਤਹਿਸੀਲਦਾਰ ਤੋਂ ਘੱਟ ਕੋਈ ਗਿਰਦਾਵਰੀ ਤਬਦੀਲ ਨਹੀਂ ਕਰ ਸਕਦਾ। ਪਟਵਾਰੀ ਅਤੇ ਕਾਨੂੰਗੋ ਨੂੰ ਗਿਰਦਾਵਰੀ ਤਬਦੀਲ ਕਰਨ ਦਾ ਕੋਈ ਹੱਕ ਨਹੀਂ ਹੈ।

ਜੱਥੇਦਾਰ ਨਰੰਜਨ ਸਿੰਘ ਪੱਟੀ: ਸਪੀਕਰ ਸਾਹਿਬ, ਸਾਡਾ ਬੇਟ ਦਾ ਇਲਾਕਾ ਹੈ ਔਰ ਇਹ ਇਲਾਕਾ ਬਿਆਸ ਦਰਿਆ ਤੇ ਪੈਂਦਾ ਹੈ। ਜਿਹੜੇ ਪੁਰਾਣੇ ਕਾਸ਼ਤਕਾਰਾਂ ਦਾ ਕਬਜ਼ਾ ਚਲਿਆ ਆ ਰਿਹਾ ਹੈ ਕੀ ਉਨ੍ਹਾਂ ਕੋਲੋਂ ਕਿਸ਼ਤਾਂ ਵਿਚ ਪੈਸੇ ਲੈ ਕੇ ਕਬਜ਼ਾ ਮੰਤਰੀ ਜੀ ਦਿਵਾਉਣਗੇ ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਗਵਰਨਰ ਸਾਹਿਬ ਦੇ ਰੂਲ ਵਿਚ ਰੋਕ ਦਿਤਾ ਸੀ। ਹੁਣ ਇਸ ਦੇ ਉਤੇ ਵਿਚਾਰ ਕਰ ਰਹੇ ਹਾਂ ਔਰ ਬਹੁਤ ਹੀ ਥੋੜ੍ਹੇ ਸਮੇਂ ਵਿਚ ਫੈਸਲਾ ਹੋ ਜਾਵੇਗਾ।

Licences issued under the Punjab Regulation of Colonies Act, 1975

***613. Sardar Karnail Singh Doad :** Will the Minister of State for Housing and Urban Development be pleased to state—

(a) the number of licences issued so far under the Punjab Regulation of Colonies Act, 1975 alongwith the names of places where the housing colonies have been developed /are proposed to be developed ;

(b) the number of houses so far constructed in the developed colonies referred to in part (a) above ?

ਸਰਦਾਰ ਹਰੀ ਸਿੰਘ ਜ਼ੀਰਾ : (ੳ) ਪੰਜਾਬ ਰੈਗੂਲੇਸ਼ਨ ਆਫ ਕਾਲੋਨੀਜ਼ ਐਕਟ, 1975 ਅਧੀਨ ਹੁਣ ਤੱਕ ਵੱਖ ਵੱਖ ਸੋਸਾਇਟੀਆਂ/ਕੋਲੋਨਾਈਜ਼ਰਜ਼ ਨੂੰ 10 ਲਾਈਸੰਸ ਜਾਰੀ ਕੀਤੇ ਗਏ ਹਨ। ਵੇਰਵਾ ਅਨੁਲੱਗ 'ੲ', ਅਨੁਸਾਰ ਨੱਥੀ ਹੈ।

(ਅ) ਉਪਲਬਧ ਸੂਚਨਾ ਅਨੁਸਾਰ 298 ਮਕਾਨਾਂ ਦੀ ਉਸਾਰੀ ਹੋ ਚੁੱਕੀ ਹੈ।

ਅਨੁਲੱਗ 'ੲ'

ਰਾਜ ਵਿੱਚ ਪੰਜਾਬ ਰੈਗੂਲੇਸ਼ਨ ਆਫ ਕਾਲੋਨੀਜ਼ ਐਕਟ, 1975 ਅਧੀਨ ਜਾਰੀ ਕੀਤੇ ਲਾਇਸੰਸਾਂ ਦੀ ਗਿਣਤੀ।

ਪੰਜਾਬ ਰਾਜ ਵਿੱਚ ਪੰਜਾਬ ਰੈਗੂਲੇਸ਼ਨ ਆਫ ਕਾਲੋਨੀਜ਼ ਐਕਟ, 1975 ਅਧੀਨ ਡਿਪਟੀ ਕਮਿਸ਼ਨਰ/ ਡਾਇਰੈਕਟਰ ਹਾਊਸਿੰਗ ਜੀ ਵਲੋਂ ਕੇਵਲ 10 ਲਾਇਸੰਸ ਜਾਰੀ ਕੀਤੇ ਗਏ ਹਨ ਜਿਨ੍ਹਾਂ ਦੀ ਤਫਸੀਲ ਹੇਠ ਦਿੱਤੀ ਜਾਂਦੀ ਹੈ :—

ਲੜੀ ਨੰ:	ਕਾਲੋਨੀ/ਸੋਸਾਇਟੀ ਦਾ ਨਾਂ	ਲਾਇਸੰਸ ਕਿਸ ਵਲੋਂ ਜਾਰੀ ਕੀਤਾ ਗਿਆ	ਲਾਇਸੰਸ ਜਾਰੀ ਕਰਨ ਦੀ ਮਿਤੀ	ਕਾਲੋਨੀ ਦੀ ਥਾਂ
1	ਯੂਨਾਈਟਿਡ ਫਰੈਂਡਜ਼ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ ਮਕਸੂਦ ਪੁਰ (ਜਲੰਧਰ)	ਡਿਪਟੀ ਕਮਿਸ਼ਨਰ, ਜਲੰਧਰ	28-2-80	ਜਲੰਧਰ

[ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ]

ਲੜੀ ਨੰ:	ਕਾਲੋਨੀ/ਸੋਸਾਇਟੀ ਦਾ ਨਾਂ	ਲਾਇਸੈਂਸ ਕਿਸ ਵਲੋਂ ਜਾਰੀ ਕੀਤਾ ਗਿਆ	ਲਾਇਸੈਂਸ ਜਾਰੀ ਕਰਨ ਦੀ ਮਿਤੀ	ਕਾਲੋਨੀ ਦੀ ਥਾਂ
2	ਦੀ ਰੇਲਵੇ ਕਰਮਚਾਰੀ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ, ਫਿਰੋਜ਼ਪੁਰ	ਡਿਪਟੀ ਕਮਿਸ਼ਨਰ ਫਿਰੋਜ਼ਪੁਰ	26-11-77	ਫਿਰੋਜ਼ਪੁਰ
3	ਦੀ ਫਿਰੋਜ਼ਪੁਰ ਵਰਕਰਜ਼ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ, ਫਿਰੋਜ਼ਪੁਰ	,,	29-11-77	,,
4	ਦੀ ਕਾਲਜ ਟੀਚਰਜ਼ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ, ਫਿਰੋਜ਼ਪੁਰ	,,	16-3-78	,,
5	ਦੀ ਫਰੈਂਡਜ਼ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ, ਫਿਰੋਜ਼ਪੁਰ	,,	26-3-81	,,
6	ਸੋਢੀ ਨਗਰ ਟੀਚਰਜ਼ ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀ, ਮੋਗਾ	ਫਰੀਦਕੋਟ	10-1-81	ਮੋਗਾ
7	ਗੁਰਮੀਤ ਸਿੰਘ ਨਗਰ ਕਲੋਨੀ, ਮੁਕਤਸਰ	ਫਰੀਦਕੋਟ	20-7-82	ਮੁਕਤਸਰ
8	ਦੀ ਇੰਪਲਾਈਜ਼ ਕੋਆਪਰੇਟਿਵ ਬਠਿੰਡਾ ਹਾਊਸ ਬਿਲਡਿੰਗ ਸੋਸਾਇਟੀ, ਬਠਿੰਡਾ	ਬਠਿੰਡਾ	29-1-85	ਬਠਿੰਡਾ
9	ਵਿਕਾਸ ਇਨਵੈਸਟਮੈਂਟ ਐਂਡ ਕਲੋਨਾਈਜ਼ਰ ਪ੍ਰਾਈਵੇਟ ਲਿਮਿਟਿਡ, ਲੁਧਿਆਣਾ	ਡਾਇਰੈਕਟਰ, ਹਾਊਸਿੰਗ	17-2-76	ਲੁਧਿਆਣਾ
10	ਦੀ ਅਮਰਦੀਪ ਕੋਆਪ੍ਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਲਿਮਟਿਡ ਰਜਿਪੁਰਾ	,,	29-5-84	ਰਾਜਪੁਰ

ਸਰਦਾਰ ਕਰਨੈਲ ਸਿੰਘ ਡੋਡ : ਇਹ ਐਕਟ 1975 ਵਿੱਚ ਲਾਗੂ ਹੋਇਆ ਹੈ। 11–12 ਅਗਸਤ ਨੂੰ, ਇਸ ਦੇ 11–12 ਬਲਕਿ 12 ਸਾਲ ਪੂਰੇ ਹੋਣ ਵਾਲੇ ਹਨ। ਜੋ ਇਨਫਰਮੇਸ਼ਨ ਮਨਿਸਟਰ ਸਾਹਿਬ ਨੇ ਦਿੱਤੀ ਹੈ, ਇਸਦੇ ਮੁਤਾਬਿਕ ਪਿਛਲੇ 12 ਸਾਲਾਂ ਵਿੱਚ ਸਿਰਫ 10 ਲਾਈਸੈਂਸ ਇਸ਼ੂ ਹੋਏ ਹਨ ਕਾਲੋਨੀਜ਼ ਦੇ ਅਤੇ ਜਿਨ੍ਹਾਂ ਵਿਚੋਂ 8 ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਦੇ ਹਨ। ਜੈਨੂਇਨ ਜਿਹੜੇ ਕਲੋਨਾਈਜ਼ਰ ਸਨ, ਉਹ 2 ਸਨ। ਇਕ ਦੀ ਮੈਨੂੰ ਜਾਤੀ ਤੌਰ ਤੇ ਇਨਫਰਮੇਸ਼ਨ ਹੈ, ਗੁਰਮੀਤ ਸਿੰਘ ਨਗਰ ਕਲੋਨੀ, ਮੁਕਤਸਰ ਨੇ ਲਿਆ ਸੀ। ਜਗਮੀਤ ਸਿੰਘ ਬਰਾੜ ਨੇ ਲਾਈਸੈਂਸ ਲਿਆ ਸੀ, ਲੇਕਿਨ ਕਲੋਨੀ ਨਹੀਂ ਬਣੀ। ਪਿਛਲੇ ਏਨੇ ਸਾਲਾਂ ਵਿਚ ਕੇਵਲ 10 ਲਾਈਸੈਂਸ ਇਸ਼ੂ ਹੋਣੇ, ਉਹ ਵੀ 8 ਕੋਆਪਰੇਟਿਵ ਹਾਊਸ ਬਿਲਡਿੰਗ ਸੋਸਾਇਟੀਆਂ ਨੂੰ, 298 ਮਕਾਨ ਸਿਰਫ ਮੁਕੰਮਲ ਹੋਏ ਹਨ ਮਨਿਸਟਰ ਸਾਹਿਬ ਦੀ ਇਨਫਰਮੇਸ਼ਨ ਮੁਤਾਬਿਕ, ਤਾਂ ਇਹ ਸਿੱਧ ਕਰਦਾ ਹੈ ਕਿ ਇਹ ਐਕਟ ਬਿਲਕੁਲ ਵਰਕੇਬਲ ਨਹੀਂ ਹੈ ਅਤੇ ਪੂਰੀ ਤਰ੍ਹਾਂ ਫੇਲ੍ਹ ਹੋਇਆ ਹੈ। ਇਸ ਨੇ ਜਿਹੜੀ ਹਾਊਸਿੰਗ ਪਰਾਬਲਮ ਹੈ, ਉਸ ਨੂੰ ਹੱਲ ਕਰਨ ਵਿਚ ਅੜਿਕਾ ਹੀ ਪਾਇਆ ਹੈ। ਇਹ ਡੈਸਟ੍ਰਕਟਿਵ ਐਕਟ ਸੀ, ਇਹ ਜਿਹੜੇ ਸਟੈਟਿਸਟਿਕਸ ਮਨਿਸਟਰ ਸਾਹਿਬ ਨੇ ਦੱਸੇ ਹਨ, ਦਸਦੇ ਹਨ। ਇਹ ਐਕਟ, ਮੈਂ ਅੱਗੇ ਵੀ ਅਰਜ਼ ਕੀਤੀ ਸੀ, ਪਿੰਡਾਂ ਵਿੱਚ ਵੀ, ਜਿਥੇ ਕੋਈ ਆਬਾਦੀ ਸ਼ਹਿਰਾਂ ਦੀ ਨਹੀਂ, 2 ਕਨਾਲ, 4 ਕਨਾਲ ਜਾਂ 4 ਤੋਂ ਵੱਧ ਪਲਾਟਾਂ ਵਿਚ ਕੋਈ ਡਿਸਟਰੀਬਿਊਸ਼ਨ ਹੋਈ ਹੋਵੇ ਜ਼ਮੀਨਾਂ ਦੀ, ਚਾਹੇ ਇਕ ਪਲਾਟ ਵੀ ਵੇਚੇ ਉਥੇ ਇਹ ਐਕਟ ਲਾਗੂ ਹੁੰਦਾ ਹੈ। ਜੇ ਕੋਈ ਗਰੀਬ 8–10 ਮਰਲੇ ਪਿੰਡ ਵਿਚ ਵੀ ਖਰੀਦ ਲਵੇ, ਇਸ ਐਕਟ ਦੀ ਜ਼ੱਦ ਵਿਚ ਆਉਂਦਾ ਹੈ। ਜਿਥੇ ਮਿਉਨਿਸਪਲ ਕਮੇਟੀਆਂ ਦੀ ਵੀ ਜ਼ਿੰਮੇਵਾਰੀ ਹੈ, ਉਹ ਵੀ ਇਸਦੀ ਜ਼ੱਦ ਵਿੱਚ ਆਉਂਦੇ ਹਨ। ਇਹ ਐਕਟ ਵਰਕੇਬਲ ਨਹੀਂ ਤੇ ਇਨ੍ਹਾਂ ਤੱਥਾਂ ਦੀ ਮੌਜੂਦਗੀ ਵਿਚ ਇਸਨੂੰ ਰਿਪੀਲ ਜਾਂ ਵਿਦਡਰਾਅ ਕਰਨ ਲਈ ਕੀ ਗੌਰਮਿੰਟ ਤਿਆਰ ਹੈ ਤਾਂਕਿ ਜ਼ਮੀਨ ਮਾਲਕਾਂ ਤੇ ਨਾਜਾਇਜ਼ ਪਾਬੰਦੀ ਨਾ ਰਹੇ ਅਤੇ ਹਾਊਸਿੰਗ ਪਰਾਬਲਮ ਠੀਕ ਤਰ੍ਹਾਂ ਹੱਲ ਹੋ ਸਕੇ ?

ਰਾਜ ਮੰਤਰੀ : ਸਪੀਕਰ ਸਾਹਿਬ, ਐਮ. ਐਲ. ਏ. ਸਾਹਿਬ ਨੇ ਜਿਹੜਾ ਕਿਹਾ ਹੈ ਕਿ ਐਕਟ ਵਿਚ ਕਾਫੀ ਖਾਮੀਆਂ ਸਨ, ਅਤੇ ਜਿਨ੍ਹਾਂ ਕਰਕੇ ਅੜਿਕਾ ਲਗਦਾ ਰਿਹਾ ਹੈ, ਜਿੰਨੀਆਂ ਬਸਤੀਆਂ ਬਣੀਆਂ, ਉਹ ਮੁਕੰਮਲ ਨਹੀਂ ਹੋ ਸਕੀਆਂ। 214 ਕੇਸ ਇਹੋ ਜਿਹੇ ਹੋਏ ਜੋ ਨਜਾਇਜ਼ ਬਣੇ ਜੇ ਐਕਟ ਸਹੀ ਹੁੰਦਾ ਤਾਂ 214 ਨਾਜਾਇਜ਼ ਨਹੀਂ ਸੀ ਬਣਨੀਆਂ। ਹੁਣ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਅਰਬਨ ਡਿਵੈਲਪਮੈਂਟ ਅਥੌਰਟੀ ਦੀ ਸਥਾਪਨਾ ਵਿਚਾਰ ਅਧੀਨ ਹੈ ਇਹ ਐਕਟ ਬਦਲਿਆ ਜਾਵੇਗਾ। ਅਰਬਨ ਡਿਵੈਲਪਮੈਂਟ ਅਥੌਰਟੀ ਦੀ ਸਕੀਮ ਲਗਭਗ ਮੁਕੰਮਲ ਹੀ ਹੈ ਅਤੇ ਕੈਬਨਿਟ ਵਿੱਚ ਹੈ ਜਿਸ ਨਾਲ ਇਹ ਮਸਲਾ ਹੱਲ ਹੋ ਜਾਵੇਗਾ। 214 ਜਿਹੜੀਆਂ ਨਾਜਾਇਜ਼ ਬਸਤੀਆਂ ਬਣੀਆਂ, ਉਨ੍ਹਾਂ ਵਿਚੋਂ 10 ਵੀ ਡਿਵੈਲਪ ਨਹੀਂ ਹੋ ਸਕੀਆਂ ਇਸ ਕਰਕੇ ਸਰਕਾਰ ਇਸ ਮਸਲੇ ਨੂੰ ਹੱਲ ਕਰਨ ਬਾਰੇ ਅੱਗੇ ਹੀ ਸੋਚ ਚੁਕੀ ਹੈ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਜਿਹੜੀਆਂ 214 ਬਸਤੀਆਂ ਦੀ ਇਨਫਰਮੇਸ਼ਨ ਦਿੱਤੀ ਹੈ, ਮੇਰਾ ਅੰਦਾਜ਼ਾ ਹੈ ਕਿ ਇਸ ਤੋਂ ਇਲਾਵਾ ਵੀ ਹੋਰ ਹਨ। ਇਸ ਦਾ ਸਾਰੇ ਪੰਜਾਬ ਵਿਚ ਕੇਵਲ ਐਲਾਨ ਹੋਇਆ ਹੈ, ਇਹ ਐਕਟ ਪੰਜਾਬ ਵਿੱਚ ਸਿਰਫ ਐਬਿਊਜ਼ ਹੀ ਸਾਬਤ ਹੋਇਆ ਹੈ। 214 ਵਿਚੋਂ ਕਿੰਨੇ ਪਲਾਟ ਹਨ ਜਿਹੜੇ ਵਿਕੇ ਹਨ, ਇਲਲੀਗਲ ਤੌਰ ਤੇ ਜਿਹੜੇ ਇਸਦੀ ਜ਼ੱਦ ਵਿੱਚ ਆਉਂਦੇ ਹਨ, ਕੀ ਇਹ ਇਨਫਰਮੇਸ਼ਨ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਪਹਿਲੇ ਸਵਾਲ ਨਾਲੋਂ ਹੁਣ ਇਨ੍ਹਾਂ ਨੂੰ ਵੱਧ ਜਾਣਕਾਰੀ ਦਿੱਤੀ ਹੈ। ਇਨ੍ਹਾਂ ਨੇ ਨਾਜਾਇਜ਼ ਕਬਜ਼ਿਆਂ ਬਾਰੇ ਨਹੀਂ ਪੁਛਿਆ ਸੀ। ਉਹ 214 ਬਣੇ ਹਨ। ਸਾਰੇ ਜ਼ਿਲਿਆਂ ਵਿਚ 10-10, 5-5 ਬਣੇ ਹਨ। ਜੇ ਚਾਹੁਣ ਤਾਂ ਮੈਂ ਪੂਰੀ ਇਨਫਰ-ਮੇਸ਼ਨ ਦੇ ਸਕਦਾ ਹਾਂ। ਇਨ੍ਹਾਂ ਕੇਸਾਂ ਵਿੱਚ ਕੁਝ ਲੋਕਾਂ ਨੂੰ ਸਜ਼ਾ ਹੋਈ ਹੈ, ਕੁਝ ਵਿੱਚ ਕੇਸ ਲਮਕਦੇ ਫਿਰਦੇ ਹਨ, ਕੁਝ ਬਾਰੇ ਛੇਤੀ ਫੈਸਲਾ ਹੋਣ ਵਾਲਾ ਹੈ।

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮਨਿਸਟਰ ਸਾਹਿਬ, ਦੀ ਇਨਫਰਮੇਸ਼ਨ ਮੁਤਾਬਿਕ ਇਹ 214 ਕਲੋਨੀਆਂ ਹਨ, ਇਹੀ ਮੰਨ ਲਓ, ਪਰ ਇਥੇ ਤਾਂ ਬਾਊਂਡ੍ਰੀਜ਼, ਕੋਈ 50,000 ਐਸੇ ਲੋਕ ਹੋਣੇ ਹਨ, ਜਿਹੜੇ ਇਸਦੀ ਜ਼ੱਦ ਵਿਚ ਆਉਂਦੇ ਹਨ। ਕੀ ਜਿਹੜੀ ਏਡੀ ਵੱਡੀ ਪਾਪੂ-ਲੇਸ਼ਨ ਨਾਲ ਇਨਫਰਿਜ਼ਮੈਂਟ ਹੋ ਰਹੀ ਹੈ, ਕੀ ਇਸ ਲਿਟੀਗੇਸ਼ਨ ਅਤੇ ਹਰਾਸਮੈਂਟ ਨੂੰ ਇਹ ਅਵਾਇਡ ਕਰਾਉਣ ਦੀ ਕੋਸ਼ਿਸ਼ ਕਰਨਗੇ, ਜੋ ਕਿ ਵਾਜਬ ਨਹੀਂ ਹੈ?

ਰਾਜ ਮੰਤਰੀ : ਇਹ ਅਰਬਨ ਡਿਵੈਲਪਮੈਂਟ ਅਥਾਰਿਟੀ ਬਣਨ ਨਾਲ ਸੁਧਾਰ ਆ ਜਾਣਾ ਹੈ।

ਸਰਦਾਰ ਕਰਨੈਲ ਸਿੰਘ ਡੋਡ : ਇਸ ਵਿੱਚ ਸੁਧਾਰ ਨਹੀਂ ਜੀ, ਰਿਪੀਲ ਕਰਨ ਦੀ ਲੋੜ ਹੈ। ਜਿਸ ਕਰਕੇ 50,000 ਲੋਕ ਅਨਨਸੈਸਿਰਲੀ ਹਰਾਸ ਨਾ ਹੋਣ।

ਰਾਜ ਮੰਤਰੀ : ਸਪੀਕਰ ਸਾਹਿਬ, ਅਨਆਥੋਹਾਈਜ਼ਡ ਕਲੋਨੀਆਂ ਜਿਹੜੀਆਂ ਬਣੀਆਂ ਹਨ, ਉਨ੍ਹਾਂ ਤੇ ਵਿਚਾਰ ਅਰਬਨ ਐਸਟੇਟ ਅਥਾਰਿਟੀ ਪੂਰਾ ਕਰੇਗੀ। ਜੇ ਕੋਈ ਛੋਟ ਦੇਣ ਦੀ ਗੱਲ ਹੋਵੇਗੀ ਤਾਂ ਦਿੱਤੀ ਜਾ ਸਕਦੀ ਹੈ। ਕਈ ਨਜਾਇਜ਼ ਕੇਸਾਂ ਵਿਚ ਸਜ਼ਾ ਦਿਤੀ ਹੋਈ ਹੈ, 63 ਕਲੋਨੀਆਂ ਦੇ ਮਾਲਕਾਂ ਨੂੰ ਸਜ਼ਾ ਹੋ ਚੁਕੀ ਹੈ, ਜੇ ਕੋਈ ਉਨ੍ਹਾਂ ਨੂੰ ਜਸਟੀਫਿਕੇਸ਼ਨ ਬਣਦੀ ਹੈ, ਉਨ੍ਹਾਂ ਨੂੰ ਛੋਟ ਵੀ ਦਿਤੀ ਜਾ ਸਕਦੀ ਹੈ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਜਿਹੜੀ ਡਿਵੈਲਪਮੈਂਟ ਅਥਾਰਿਟੀ ਬਣੇਗੀ ਉਸਨੂੰ ਮਾਈਨਰ ਐਡਜਸਟਮੈਂਟ ਨਾਲ ਸਲਾਮਤ ਰਹਿਣ ਦਿੱਤਾ ਜਾਏ।

ਰਾਜ ਮੰਤਰੀ : ਅਗਰ ਨਵੀਆਂ ਕਾਲੋਨੀਆਂ ਕੋਈ ਅੜਿਕਾ ਨਹੀਂ ਲਗਾਉਂਦੀਆਂ ਤਾਂ ਤੇ ਐਡਜਸਟ ਕਰ ਲਿਆ ਜਾਏਗਾ। ਜਿਹੜੀਆਂ ਕਾਲਨੀਆਂ ਮੁਕੰਮਲ ਹਨ ਉਨ੍ਹਾਂ ਨੂੰ ਕੋਈ ਢਾਉਂਦਾ ਨਹੀਂ ਹੈ। 214 ਕਾਲੋਨੀਆਂ ਬਣੀਆਂ ਹਨ ਜਿਸ ਤਰ੍ਹਾਂ ਕਿ ਪਟਿਆਲਾ ਵਿਚ 20, ਅੰਮ੍ਰਿਤਸਰ ਵਿਚ 20, ਲੁਧਿਆਣਾ ਵਿਚ 14, ਫਿਰੋਜ਼ਪੁਰ ਵਿਚ 16 ਅਤੇ ਇਸ ਤਰ੍ਹਾਂ ਹੀ ਹੋਰ ਜ਼ਿਲਿਆਂ ਵਿਚ ਹਨ।

ਸ਼੍ਰੀ ਸਪੀਕਰ : ਇਸ ਐਕਟ ਦੀ ਵਰਕਿੰਗ ਬਾਰੇ ਪੁਜ਼ੀਸ਼ਨ ਇਹ ਹੈ ਕਿ 12 ਸਾਲਾਂ ਵਿਚ 298 ਮਕਾਨ ਬਣੇ ਹਨ ਜਦ ਕਿ ਹਾਊਸਿੰਗ ਦੀ ਨੀਡ ਦੇ ਮੁਤਾਬਿਕ ਇਹ ਹਜ਼ਾਰਾਂ ਦੀ ਤਾਦਾਦ ਵਿਚ ਹੋਣੇ ਚਾਹੀਦੇ ਹਨ। ਮੈਂਬਰ ਸਾਹਿਬ ਨੇ ਠੀਕ ਫਰਮਾਇਆ ਕਿ ਅਰਬਨ ਅਥਾਰਿਟੀ, ਦਿੱਲੀ ਪੈਟਰਨ ਤੇ ਜਿਸ ਤਰ੍ਹਾਂ ਮੁਨਾਸਿਬ ਸਮਝਣਗੇ ਜਿਨ੍ਹਾਂ ਲੋਕਾਂ ਨੂੰ ਇਸ ਐਕਟ ਅਧੀਨ ਸਜ਼ਾਵਾਂ ਹੋਈਆਂ ਉਹ ਵੀ ਵਿਚਾਰੀਆਂ ਜਾਣੀਆਂ ਚਾਹੀਦੀਆਂ ਹਨ। ਇਸ ਐਕਟ ਦੀ ਵਰਕਿੰਗ ਤੇ ਵੀ ਸ਼ੀਘਰ ਜ਼ਰੂਰ ਵਿਚਾਰ ਹੋਣੀ ਚਾਹੀਦੀ ਹੈ।

Repair of Link/Approach Roads

***626. Sardar Ranjit Singh Balian :** Will the Minister of State for Public Works be pleased to state—

(a) whether any repair work on the link/approach roads in the state was undertaken by the Government during the last five years, if so, the details thereof together with district-wise details of the amount spent thereon ;

(b) whether any amount has been earmarked during the current financial year for the patch work on the link/approach roads, if so, the districtwise details thereof, if not the reasons therefor ?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ: (ੳ) ਪਿਛਲੇ ਪੰਜ ਸਾਲਾਂ ਵਿਚ ਲਿੰਕ/ਪਹੁੰਚ ਸੜਕਾਂ ਉਤੇ ਮੁਰੰਮਤ ਦਾ ਕੰਮ ਸਰਕਾਰੀ ਧਨ ਅਤੇ ਮੰਡੀਕਰਣ ਬੋਰਡ/ਮਾਰਕੀਟ ਕਮੇਟੀਆਂ ਦੇ ਫੰਡਾਂ ਨਾਲ ਕੀਤਾ ਗਿਆ ਸੀ । ਕੁੱਲ 38365 ਕਿਲੋਮੀਟਰ ਲੰਬੀਆਂ ਸੜਕਾਂ 5239.56 ਲੱਖ ਰੁਪਏ ਦੀ ਰਾਸ਼ੀ ਨਾਲ ਮੁਰੰਮਤ ਕੀਤੀਆਂ ਗਈਆਂ ਸਨ ਜਿਸ ਦੀ ਜ਼ਿਲਾਵਾਰ ਡਿਟੇਲ ਸਦਨ ਦੀ ਮੇਜ ਤੇ ਰੱਖੀ ਜਾਂਦੀ ਹੈ–ਅਨੁਲਗ –I

(ਅ) ਸਟੇਟ ਦੇ ਬਜਟ ਵਿਚ ਲਿੰਕ ਸੜਕਾਂ ਦੀ ਮੁਰੰਮਤ ਲਈ ਕੋਈ ਵੱਖਰਾ ਉਪਬੰਧ ਨਹੀਂ ਕੀਤਾ ਗਿਆ । ਪਹਿਲਾਂ ਹੀ ਲਿੰਕ ਸੜਕਾਂ ਦੀ ਮੁਰੰਮਤ ਅਤੇ ਗੈਂਗਾਂ ਦੀਆਂ ਤਨਖਾਹਾਂ ਤੇ ਸਾਲ 1986–87 ਵਿਚ 1042.32 ਲੱਖ ਰੁਪਏ ਖਰਚ ਕੀਤੇ ਗਏ ਹਨ । ਸਟੇਟਮੈਂਟ II ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

STATEMENT-I

Districtwise Amount spent on Repair of Link Approach Roads during Last Five Years (1981-82 to 1985-86)

Serial No.	District	1981-82 to 1985-86 Government funds	Market Committees /Marketing Board funds	Total amount (Rupees in lacs)
1	Amritsar	332·44	205·86	538·30
2	Gurdaspur	250·94	98·20	349·14
3	Hoshiarpur	361·82	131·10	492·92
4	Jalandhar	284·16	95·19	379·35
5	Kapurthala	108·99	27·85	136·84
6	Ropar	208·17	190·94	409·11
7	Patiala	151·88	775·26	927·14
8	Sangrur	191·46	102·50	293·96
9	Bhatinda	164·69	63·22	227·91
10	Faridkot	311·91	127·71	439·62
11	Ferozepur	200·54	157·74	358·28
12	Ludhiana	555·30	181·69	736·99
	Total	3,082·30	2,157·26	5,239·56

[Minister of State for Public Works]

STATEMENT-II

(b) Districtwise Amount earmarked/ proposed to be spent on repair of Link/Approach Roads during 1986-87

Serial No.	District		1986-87		
			Government funds	Market Committees/Marketing Board	Total (Rupees in lacs)
1	Amritsar	..	40·23	51·60	91·23
2	Gurdaspur	..	49·22	20·76	69·98
3	Hoshiarpur	..	52·84	48·60	101·44
4	Jalandhar	..	—	52·86	52·86
5	Kapurthala	..	—	20·07	20·07
6	Ropar	..	25·80	30·21	56·01
7	Patiala	..	8·67	175·36	184·03
8	Sangrur	..	0·30	114·56	114·86
9	Bhatinda	..	—	48·60	48·60
10	Faridkot	..	27·27	67·80	95·07
11	Ferozepur	..	7·00	23·00	30·00
12	Ludhiana	..	49·23	128·00	177·57
	Total	..	260·56	781·76	1,042·32

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ 38,365 ਕਿਲੋਮੀਟਰ ਸੜਕ ਦੀ ਮੁਰੰਮਤ ਕੀਤੀ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਹ ਲਿੰਕ ਰੋਡਜ਼ ਦੀ ਮੁਰੰਮਤ ਹੋਈ ਹੈ ਜਾਂ ਫਿਰ ਮੇਨ ਰੋਡਜ਼ ਦੀ ਮੁਰੰਮਤ ਹੋਈ ਹੈ ?

ਰਾਜ ਮੰਤਰੀ : ਇਸ ਵਿਚ ਮੇਨ ਰੋਡਜ਼ ਵੀ ਆਉਂਦੀਆਂ ਹਨ ਔਰ ਕੁਝ ਲਿੰਕ ਰੋਡਜ਼ ਵੀ ਆ ਜਾਂਦੀਆਂ ਹਨ। ਕਈ ਵਾਰੀ ਕਿਤੇ ਸਟੇਟ ਫੰਕਸ਼ਨ ਹੁੰਦਾ ਹੈ ਤਾਂ ਉਸ ਦੇ ਆਲੇ ਦੁਆਲੇ ਦੀਆਂ ਸੜਕਾਂ ਦੀ ਰਿਪੇਅਰ ਦਾ ਕੰਮ ਵੀ ਹੁੰਦਾ ਹੈ।

ਸਰਦਾਰ ਰਣਜੀਤ ਸਿੰਘ ਬਾਲੀਆਂ : ਸਪੀਕਰ ਸਾਹਿਬ, ਮੇਰਾ ਸਵਾਲ ਤਾਂ ਲਿੰਕ ਰੋਡਜ਼ ਔਰ ਪੈਚ ਵਰਕ ਵਾਸਤੇ ਹੈ। ਕਿਤੋਂ ਨਾ ਕਿਤੋਂ ਇਸ ਲਈ ਫੰਡਜ਼ ਅਰੇਂਜ ਕੀਤੇ ਜਾਣੇ ਚਾਹੀਦੇ ਹਨ। ਜੋ ਸੜਕ ਇਕ ਵਾਰੀ ਰਿਪੇਅਰ ਹੋ ਜਾਂਦੀ ਹੈ ਸਾਲ ਬਾਅਦ ਉਸ ਵਿਚ ਟੋਏ ਪੈਣ ਲਗ ਜਾਂਦੇ ਹਨ। ਕੀ ਇਹ ਐਸ਼ਿਊਰ ਕਰਾਉਣਗੇ ਕਿ ਇਨ੍ਹਾਂ ਸੜਕਾਂ ਦੀ ਰਿਪੇਅਰ ਦਾ ਕੰਮ ਹੋਇਆ ਕਰੇਗਾ ?

ਰਾਜ ਮੰਤਰੀ : ਇਸ ਬਾਰੇ ਹਾਲੇ ਕੋਈ ਫੈਸਲਾ ਨਹੀਂ ਕੀਤਾ ਗਿਆ। ਇਹ ਜ਼ਰੂਰ ਔਕੜ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਕਈ ਵਾਰੀ ਛੋਟਾ ਟੋਇਆ ਹੋ ਕੇ ਵੱਡਾ ਟੋਇਆ ਬਣ ਜਾਂਦਾ ਹੈ ਅਤੇ ਉਸ ਨਾਲ ਨੁਕਸਾਨ ਹੋ ਜਾਂਦਾ ਹੈ। ਇਸ ਤੇ ਵਿਚਾਰ ਕਰ ਲਵਾਂਗੇ।

ਸਰਦਾਰ ਕਿਰਪਾਲ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸੜਕਾਂ ਦਾ ਇਥੇ ਹਾਊਸ ਵਿਚ ਬਹੁਤ ਚਰਚਾ ਰਿਹਾ ਹੈ। ਜਿੰਨੀਆਂ ਲਿੰਕ ਸੜਕਾਂ ਜਾਂ ਦੀਗਰ ਬਣਦੀਆਂ ਹਨ ਇਸ ਤੇ ਚੈਕ ਵਿਜੀਲੈਂਸ ਦਾ ਜਾਂ ਕੋਈ ਹੋਰ ਹੈ, ਸਿਰਫ ਕਾਗਜ਼ਾਂ ਤੇ ਹੀ ਹੈ। ਚੀਫ ਇੰਜੀਨੀਅਰ ਨੇ ਸਰਟੀਫਾਈ ਕਰਨਾ ਹੁੰਦਾ ਹੈ। ਬੜੇ ਬੜੇ ਮਹਾਂਪੁਰਸ਼ ਬੈਠੇ ਹਨ ਜੋ ਕਿ ਵਿਜੀਲੈਂਸ ਕੇਸਿਜ਼ ਵਿਚ ਪਕੜੇ ਜਾਂਦੇ ਹਨ ਔਰ ਫਿਰ ਬਹਾਲ ਹੋ ਜਾਂਦੇ ਹਨ। ਸਰਕਾਰ ਨੂੰ ਕੋਈ ਐਸਾ ਚੈਕ ਬਣਾਉਣਾ ਚਾਹੀਦਾ ਹੈ ਜਿਸ ਨਾਲ ਕਿ ਸਟੇਟ ਦਾ ਰੁਪਿਆ ਪਰਾਪਰਲੀ ਖਰਚ ਹੋਣ ਦੀ ਸਹੂਲਤ ਮੁਹਈਆ ਹੋਵੇ। ਕੀ ਸਰਕਾਰ ਇਸ ਤਰ੍ਹਾਂ ਕਰਨ ਨੂੰ ਤਿਆਰ ਹੈ ?

ਰਾਜ ਮੰਤਰੀ : ਆਲਰੈਡੀ ਸੈਲ ਕਾਇਮ ਹੈ ਜੋ ਇਨਵੈਸਟੀਗੇਟ ਕਰਦਾ ਹੈ। ਵਿਜੀਲੈਂਸ ਡਿਪਾਰਟਮੈਂਟ ਨੇ ਇਸ ਬਾਰੇ ਇਕ ਵਾਰੀ ਛਾਪਾ ਮਾਰਿਆ ਸੀ। ਸੋ ਇਸ ਦਾ ਆਲਰੈਡੀ ਇੰਤਜ਼ਾਮ ਹੈ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਲਿੰਕ ਰੋਡਜ਼ ਹਨ ਇਨ੍ਹਾਂ ਦੀ ਸਪੈਸੀਫੀਕੇਸ਼ਨ ਕੀ ਹੈ ? ਕਿੰਨੀ ਥਿਕਨੈਸ ਹੈ, ਕਿੰਨਾ ਸਟੋਨ ਪੈਂਦਾ ਹੈ, ਆਦਿ ? ਇਹ ਜਿਹੜੀਆਂ ਸਾਡੀਆਂ ਸਟੇਟ ਹਾਈਵੇਜ਼ ਹਨ, ਸੈਂਟਰ ਦੀਆਂ ਰੋਡਜ਼ ਹਨ ਉਨ੍ਹਾਂ ਤੋਂ ਵੱਖਰਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਸਪੈਸੀਫੀਕੇਸ਼ਨ ਕੀ ਹੈ ?

ਰਾਜ ਮੰਤਰੀ : ਇਸ ਬਾਰੇ ਵੱਖਰਾ ਸਵਾਲ ਦੇ ਦੇਣ, ਜਵਾਬ ਦੇ ਦਿਆਂਗੇ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੰਤਰੀ ਜੀ ਨੇ ਦੱਸਿਆ ਹੈ ਕਿ ਇਨ੍ਹਾਂ ਲਿੰਕ ਰੋਡਜ਼ ਦੀ ਮੁਰੰਮਤ ਵਾਸਤੇ ਸਟੇਟ ਦੇ ਬੱਜਟ ਵਿਚ ਕੋਈ ਪੈਸਾ ਨਹੀਂ। 10 ਕਰੋੜ ਰੁਪਏ ਦੀ ਰੱਕਮ ਜੋ ਬਜਟ ਵਿਚ ਰੱਖੀ ਹੈ ਇਸ ਬਾਰੇ ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਸੜਕਾਂ ਦੀ ਮੁਰੰਮਤ ਵਾਸਤੇ ਹੈ ਜਾਂ ਕਿ ਇਹ ਗੈਂਗਾਂ ਤੇ ਸਟਾਫ ਦੀਆਂ ਤਨਖਾਹਾਂ ਤੇ ਹੀ ਸੜਕਾਂ ਦੀ ਮੁਰੰਮਤ ਦੇ ਨਾਂ ਤੇ ਲਗ ਜਾਵੇਗੀ ? ਇਸ ਬਾਰੇ ਇਹ ਦੱਸ ਦੇਣ।

ਰਾਜ ਮੰਤਰੀ : ਸੜਕਾਂ ਦੀ ਮੁਰੰਮਤ ਇਸ ਦੇ ਵਿਚ ਇਨਕਲੂਡਿਡ ਹੈ। ਇਹ ਜਿਹੜਾ ਗੈਂਗ ਦਾ ਖਰਚਾ ਹੈ ਇਹ ਸੜਕਾਂ ਦੀ ਮੁਰੰਮਤ ਦੇ ਵਿਚ ਇਨਕਲੂਡਿਡ ਹੈ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਵੱਡਾ ਅਫਸਰ ਫੜਿਆ ਗਿਆ ਅਤੇ ਵਿਜੀਲੈਂਸ ਡਿਪਾਰਟਮੈਂਟ ਨੇ ਬਹਾਲ ਕਰ ਦਿੱਤਾ। ਇਕ ਤਾਂ ਇਸ ਦੇ ਬਾਰੇ ਇਹ ਦੱਸਣ। ਦੂਸਰਾ ਇਹ ਕਿ ਜਿਹੜਾ ਗੈਂਗ ਸੜਕਾਂ ਤੇ ਕੰਮ ਕਰਦਾ ਹੈ ਕੀ ਉਹ ਵੱਖਰਾ ਹੈ ?

ਰਾਜ ਮੰਤਰੀ : ਇਹ ਜਿਹੜਾ ਅਫਸਰ ਦੇ ਬਹਾਲ ਕਰਨ ਬਾਰੇ ਸਵਾਲ ਹੈ, ਉਸ ਬਾਰੇ ਇਸ ਤਰ੍ਹਾਂ ਹੈ ਕਿ ਵਿਜੀਲੈਂਸ ਵਾਲਿਆਂ ਨੇ ਉਸ ਅਫਸਰ ਤੇ ਛਾਪਾ ਮਾਰਕੇ ਉਸ ਨੂੰ ਗ੍ਰਿਫਤਾਰ ਕੀਤਾ ਲੇਕਿਨ ਉਸ ਨੂੰ ਵਿਜੀਲੈਂਸ ਡਿਪਾਰਟਮੈਂਟ ਵਲੋਂ ਹੀ ਰੀਇਨਸਟੇਟ ਕੀਤਾ ਗਿਆ। ਉਸ ਬਾਰੇ ਮੈਂ ਇਨਫਰਮੇਸ਼ਨ ਮੰਗੀ ਹੈ ਕਿ ਬਹਾਲੀ ਦੇ ਕੀ ਕਾਰਨ ਹਨ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਸੜਕਾਂ ਦਾ ਗੰਭੀਰ ਮਸਲਾ ਹੈ। ਮੇਰਾ ਸਪੈਸੀਫਿਕ ਕੁਐਸਚਨ ਹੈ ਅਤੇ ਮੈਂ ਆਮ ਤੌਰ ਤੇ ਇਨ੍ਹਾਂ ਦੇ ਨੋਟਿਸ ਵਿਚ ਲਿਆਉਂਦਾ ਰਹਿੰਦਾ ਹਾਂ। ਖਾਸ ਕਰਕੇ ਕੰਡੀ ਏਰੀਆ ਵਿਚ ਬਾਰਿਸ਼ਾਂ ਨਾਲ ਸੜਕਾਂ ਟੁੱਟ ਜਾਂਦੀਆਂ ਹਨ ਅਤੇ ਟਰੈਫਿਕ ਬਲਾਕ ਹੋ ਜਾਂਦੀ ਹੈ ਜੋ ਕਿ ਪਬਲਿਕ ਹਿੱਤ ਵਿਚ ਨਹੀਂ ਹੈ। ਜੇ ਅਸੀਂ ਉਨ੍ਹਾਂ ਨੂੰ ਕਹੀਏ ਤਾਂ ਉਹ ਕਹਿੰਦੇ ਹਨ ਕਿ ਤੁਸੀਂ ਧਨ ਪ੍ਰਾਪਤ ਕਰੋ। ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੰਡੀ ਏਰੀਆ ਵਿਚ ਸੜਕਾਂ ਦੀ ਰਿਪੇਅਰ ਕਰਾਉਣਗੇ ਕਿਉਂਕਿ ਉਥੇ ਮਾਰਕਿਟ ਕਮੇਟੀਆਂ ਪਾਸ ਕੋਈ ਪੈਸਾ ਨਹੀਂ ਹੈ ?

ਰਾਜ ਮੰਤਰੀ : ਇਸ ਦੇ ਬਾਰੇ ਬਹੁਤ ਕੁਝ ਆਖਿਆ ਜਾ ਚੁੱਕਿਆ ਹੈ। ਸਪੀਕਰ ਸਾਹਿਬ, ਜਿਥੇ ਪਹਿਲਾਂ ਲਿੰਕ ਰੋਡਜ਼ ਦੇਣੀਆਂ ਹਨ ਉਨ੍ਹਾਂ ਬਾਰੇ ਸਰਦਾਰ ਬਲਵੰਤ ਸਿੰਘ ਜੀ ਨੇ ਬੱਜਟ ਸਪੀਚ ਵਿਚ ਅਸ਼ੋਰੈਂਸ ਦਿੱਤੀ ਸੀ ਹਾਊਸ ਵਿਚ। ਸੋ ਲਿੰਕ ਸੜਕਾਂ ਦੀ ਡੀਵੈਲਪਮੈਂਟ ਵਾਸਤੇ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਨੇ ਜੋ ਕਿਹਾ ਹੈ ਉਸ ਮੁਤਾਬਿਕ ਜੋ ਕੁਝ ਕਰ ਸਕੇ ਤਾਂ ਜ਼ਰੂਰ ਕਰਾਂਗੇ।

Scarcity of Drinking Water

***828. Master Mohan Lal :** Will the Minister of State for Public Health be pleased to state whether it is a fact that there is an acute scarcity of drinking water in the following localities of Pathankot City :—

1. Siali Kullian
2. Bajri Company
3. Lamini
4. Khushi Nagar
5. Mammoon Bye Pass
6. Dhaki
7. Brahma Shell Basti
8. Patel Nagar
9. Old Siali Road

if so, the steps being taken to supply the drinking water to the said localities ?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ (ਰਾਜ ਮੰਤਰੀ, ਸਥਾਨਕ ਸਰਕਾਰ) : ਹਾਂ ਜੀ ਇਨ੍ਹਾਂ ਇਲਾਕਿਆਂ ਵਿਚ ਪਾਣੀ ਦੀ ਘਾਟ ਹੈ।

ਪਾਣੀ ਸਪਲਾਈ ਕਰਨ ਲਈ ਕੀਤੇ ਜਾਂ ਰਹੇ ਉਪਰਾਲਿਆਂ ਸਬੰਧੀ ਸੂਚਨਾ ਅਨੁਲੱਗ 'ਏ' ਅਨੁਸਾਰ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਅਨੁਲੱਗ 'ਏ'

ਪਾਣੀ ਸਪਲਾਈ ਕਰਨ ਸਬੰਧੀ ਕੀਤੇ ਜਾ ਰਹੇ ਉਪਰਾਲਿਆਂ ਦੀ ਸੂਚਨਾ।

ਬਜਰੀ ਕੰਪਨੀ ਦੇ ਏਰੀਏ ਵਿੱਚ ਇੱਕ ਟਿਊਬਵੈੱਲ ਲਗਾਇਆ ਜਾ ਰਿਹਾ ਹੈ, ਜਿਸ ਨਾਲ ਬਜਰੀ ਕੰਪਨੀ ਦੇ ਏਰੀਏ ਤੋਂ ਇਲਾਵਾ ਬ੍ਰਹਮਾ ਸ਼ੈਲ ਅਤੇ ਢੱਕੀ ਦੇ ਏਰੀਏ ਵਿੱਚ ਵੀ ਪਾਣੀ ਦੀ ਸਪਲਾਈ ਸੁਧਰੇਗੀ।

ਲੇਮਨੀ, ਖੁਸ਼ੀ ਨਗਰ ਅਤੇ ਸਿਆਲੀ ਕੁਲੀਆਂ ਵਿੱਚ ਪਾਣੀ ਦੀਆਂ ਲਾਈਨਾਂ ਜੀਵਨ ਬੀਮਾ ਨਿਗਮ ਦੀ ਸਹਾਇਤਾ ਨਾਲ ਚਲਾਏ ਪ੍ਰੋਗਰਾਮ ਅਧੀਨ ਵਿਛਾਈਆਂ ਜਾ ਰਹੀਆਂ ਹਨ।

ਪਟੇਲ ਨਗਰ, ਪਠਾਨਕੋਟ ਦੇ ਇਲਾਕੇ ਦਾ ਵਧਿਆ ਹੋਇਆ ਏਰੀਆ ਹੈ। ਨਵੀਂ ਆਬਾਦੀ ਤੱਕ ਪਾਣੀ ਦੀਆਂ ਲਾਈਨਾਂ ਵਿਛਾਈਆਂ ਗਈਆਂ ਹਨ ਪ੍ਰੰਤੂ ਬਾਕੀ ਰਹਿੰਦੀਆਂ ਗਲੀਆਂ ਵਿੱਚ ਹੋਰ

ਲਾਈਨਾਂ ਪਾਈਆਂ ਜਾਣਗੀਆਂ। ਪਟੇਲ ਨਗਰ ਸਿਆਲੀ ਸੜਕ ਤੇ ਸਥਿਤ ਹੈ, ਇਸ ਲਈ ਪਾਣੀ ਦੀ ਸਪਲਾਈ ਦੀਆਂ ਵੱਡੀਆਂ ਲਾਈਨਾਂ ਤਦ ਪਾਈਆਂ ਜਾਣਗੀਆਂ ਜਦੋਂ ਇਸ ਏਰੀਏ ਦਾ ਵਿਕਾਸ ਹੋ ਜਾਵੇਗਾ।

ਇਸ ਸਮੇਂ ਫੰਡ ਉਪਲਬਧ ਨਹੀਂ ਹਨ, ਫੰਡ ਪ੍ਰਾਪਤ ਕਰਨ ਲਈ ਕੋਸ਼ਿਸ਼ ਕੀਤੀ ਜਾਵੇਗੀ।

ਜਿਥੋਂ ਤੀਕ ਮਾਮੂਨ ਬਾਈਪਾਸ ਦਾ ਸਬੰਧ ਹੈ, ਇਹ ਨਗਰ ਪਾਲਕਾ ਹਦੂਦ ਤੋਂ ਬਾਹਰ ਹੈ। ਸੂਚਨਾ ਜਨ ਸਿਹਤ ਵਿਭਾਗ ਤੋਂ ਇਕੱਤਰ ਕੀਤੀ ਗਈ, ਜਿਸ ਨੇ ਦੱਸਿਆ ਹੈ, ਮਾਮੂਨ ਬਾਈਪਾਸ ਇੱਕ ਮਾਮੂਨ ਪਿੰਡ ਦੀ ਆਬਾਦੀ ਹੈ। ਭਾਰਤ ਸਰਕਾਰ ਵੱਲੋਂ ਨਿਰਧਾਰਤ ਕੀਤੇ ਨਾਰਮ ਅਨੁਸਾਰ ਮਾਮੂਨ ਪਿੰਡ ਵਿਚ ਮੁਹੱਲੇ ਵਾਲੀਆਂ ਸਾਰੀਆਂ ਟੂਟੀਆਂ ਲਗਾ ਦਿੱਤੀਆਂ ਗਈਆਂ ਹਨ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਪਠਾਨਕੋਟ ਦੀਆਂ 27 ਆਬਾਦੀਆਂ ਵਿਚੋਂ 9 ਆਬਾਦੀਆਂ ਬਿਲਕੁਲ ਪਾਣੀ ਤੋਂ ਬਗੈਰ ਹਨ। ਕੁਝ ਉਤੇ ਇਕ ਵਰ੍ਹਾ ਪਹਿਲਾਂ 18 ਲੱਖ ਰੁਪਿਆ ਵਜ਼ੀਰ ਸਾਹਿਬ ਨੇ ਮੰਨਿਆਂ ਸੀ, ਐਲ.ਆਈ.ਸੀ. ਵਲੋਂ ਸੈਂਕਸ਼ਨ ਕੀਤਾ ਗਿਆ ਸੀ। ਜਿਸ ਵੇਲੇ ਕੁਐਸਚਨ ਆਇਆ ਤਾਂ ਉਸੇ ਦਿਨ ਟਿਊਬਵੈੱਲ ਲਗਾਉਣੇ ਸ਼ੁਰੂ ਕਰ ਦਿਤੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪੈਸਾ ਹੈ ਇਹ ਕਦੋਂ ਤੱਕ ਖਰਚ ਕੀਤਾ ਜਾਵੇਗਾ ਅਤੇ ਕਿੰਨੇ ਟਾਈਮ ਵਿਚ ਕੰਮ ਪੂਰਾ ਕੀਤਾ ਜਾਵੇਗਾ?

ਰਾਜ ਮੰਤਰੀ, ਸਥਾਨਕ ਸਰਕਾਰ: ਹਾਂ ਜੀ, 9 ਆਬਾਦੀਆਂ ਇਹੋ ਜਿਹੀਆਂ ਹਨ, ਉਨ੍ਹਾਂ ਵਿਚ ਟਿਊਬਵੈੱਲ ਲਾਉਣ ਵਾਸਤੇ 18 ਲੱਖ ਰੁਪਿਆ ਦਿਤਾ ਗਿਆ ਸੀ। 4 ਆਬਾਦੀਆਂ ਵਿਚ ਪਾਈਪਾਂ/ਲਾਈਨਾਂ ਪੈ ਚੁੱਕੀਆਂ ਹਨ। ਇਕ ਆਬਾਦੀ 9 ਆਬਾਦੀਆਂ ਵਿਚੋਂ ਮਿਊਂਸਪਲ ਦੇ ਏਰੀਆ ਵਿਚ ਨਹੀਂ ਹੈ ਅਤੇ ਮੈਨੂੰ ਸੂਚਨਾ ਮਿਲੀ ਹੈ ਕਿ ਉਥੇ ਪਬਲਿਕ ਹੈਲਥ ਵਾਲੇ ਟੂਟੀਆਂ ਲਾ ਰਹੇ ਹਨ।

ਮਾਸਟਰ ਮੋਹਨ ਲਾਲ: ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ 18 ਲੱਖ ਰੁਪਿਆ ਇਤਨਾ ਦੇਰ ਪਿਆ ਰਿਹਾ ਔਰ ਪਾਣੀ ਦੀ ਕਮੀ ਨਾਲ ਲੋਕ ਤਰਸਦੇ ਰਹੇ? ਜਿਹੜਾ ਫੰਡ ਯੂਟੇਲਾਈਜ਼ ਨਹੀਂ ਹੋਇਆ, ਮਿਸਯੂਟੇਲਾਈਜ਼ ਹੋਇਆ ਹੈ ਕੀ ਇਸ ਦੀ ਇਨਕੁਆਇਰੀ ਵਜ਼ੀਰ ਸਾਹਿਬ ਕਰਾਉਣਗੇ?

ਰਾਜ ਮੰਤਰੀ: ਸਪੀਕਰ ਸਾਹਿਬ, ਇਸ ਦੇ ਬਾਰੇ ਪਹਿਲਾਂ ਹੀ ਸੀਵਰੇਜ ਬੋਰਡ ਤੋਂ ਪੁੱਛਿਆ ਗਿਆ ਹੈ। ਜਿਸ ਅਫ਼ਸਰ ਨੇ ਲੇਟ ਕੀਤਾ ਹੈ, ਉਸ ਦੀ ਇਨਕੁਆਇਰੀ ਕਰਵਾਈ ਜਾਵੇਗੀ।

Mr. Speaker: Now the House will take up the list of Starred Questions for today.

I call upon Sardar Jasdev Singh Sandhu to put his question.

STARRED QUESTIONS AND ANSWERS

Padam Shri/Padam Bhushan Awards

***862. Sardar Jas dev Singh Sandhu:** Will the Chief Minister be pleased to state—

(a) the names of the officers recommended by the Government for Padam Shri/Padam Bhushan awards during the year 1986-87 alongwith the criteria adopted therefor ;

(b) the names of the officers who are given the said awards ?

Sardar Surjit Singh Barnala : (a) Punjab Government had recommended the names of following officers for the conferment of Padam Shri Awards —

1. Dr. Ranbir Singh,
   Senior Sugarcane Agronomist-cum-Director, P.A.U. Sugarcane Research Stn., Jalandhar.
2. Sh. R.K. Malhotra, Chief Engineer, Bhakra Dam.
3. Sh. Kartar Singh, Deputy Supdt. of Police, V & P.O. Sursingh, Amritsar.
4. Vaidya A. N. Shastri, Jt. Director, Ayurveda, Punjab.

The basis of these recommendations is indicated in the Annexure which is laid on the Table of the House.

(b) (i) Sh. J.F. Riberio, I.P.S., Director General of Police, Punjab.

(ii) Sh. Gurbachan Jagat, I.P.S., DIG/Intelligence, Punjab.

(iii) Mohd. Izhar, Alam IPS, S.S.P., Amritsar.

(iv) Sh. J.P. Virdi, IPS, S.S.P., Gurdaspur.

(v) Sh. Kartar Singh, D.S.P., V. & P.O. Sursingh, Amritsar.

(vi) Vaidya A.N. Shastri, Jt. Director, Ayurveda, Punjab.

ANNEXURE

Dr. Ranbir Singh Kanwar, has done outstanding work of great economic benefit to the Punjab peasantry and the Sugar Industry. The pivtol point in his work was the introduction of the sugarcane variety Co-J-64. The variety has become popular in the neighbouring states. The International Business Commentary awarded him a Krishi Kulpati Vigyanik award for 1982-83.

Sh. R. K. Malhotra, Chief Engineer Bhakra Dam, showed an alround ingenuity on the construction side of the Bhakra Dam Project in the field of Engineering and Technology. After this project he made an immense contribution on the construction of Beas-Satluj link project—India's largest Hydraulic Tunnelling project. He has also selected as General Manager, National Hydro-Electric Power Corporation for pushing ahead the construction of Laktak H.E. Project, Manipur.

Sh. Kartar Singh, D.S.P. has brought many laurals to the country in sports arena, during the last eight years. He won the following Gold Awards at the International meets—

(i) Gold Medal at Bangkok, Asian Games, 1978.

(ii) Gold Medal at Karachi, 1980.

(iii) Gold Medal in Third Asian Wrestling Championship at Teheran—1983

(iv) Gold Medal in Asian Games at Seoul.

He was also conferred Arjuna Award in 1982.

Vaidya A.N. Shastri, Joint Director, Ayurveda, Punjab made peerless contribution to the Ayurvedic system of Medicine which is the pride of India, since Vedic times. His medicated "KAWACH" is a powerful armour against mental ailments of all types and stages. Besides this he made scientific research in the other fields of ailments like Kidney stone, Diabetes, paralysis and piles etc. He also won many medals/cash award in the Ayurvedic research work.

ਸਰਦਾਰ ਜਸਦੇਵ ਸਿੰਘ ਸੰਧੂ: ਕੀ ਮੁੱਖ ਮੰਤਰੀ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਪੰਜਾਬ ਸਰਕਾਰ ਨੇ ਚਾਰ ਨਾਮ ਰਿਕੁਮੈਂਡ ਕਰਕੇ ਭੇਜੇ ਸਨ ਕਿ ਇਨ੍ਹਾਂ ਨੂੰ ਪਦਮ ਸ੍ਰੀ ਜਾਂ ਪਦਮ ਭੂਸ਼ਣ ਦਿੱਤਾ ਜਾਵੇ ਪਰ ਉਨ੍ਹਾਂ ਅਫ਼ਸਰਾਂ ਨੂੰ ਛੱਡ ਕੇ ਖਾਸ ਤੌਰ ਤੇ ਜਿਹੜੇ ਅਫ਼ਸਰਾਂ, ਜਿਸ ਤਰ੍ਹਾਂ ਕਿ ਸ੍ਰੀ ਜੇ. ਐਫ. ਰਿਬੇਰੋ, ਸ੍ਰੀ ਗੁਰਬਚਨ ਜਗਤ, ਮੁਹੰਮਦ ਇਜ਼ਹਾਰ ਆਲਮ ਅਤੇ ਸ੍ਰੀ ਜੇ. ਪੀ. ਵਿਰਦੀ ਆਦਿ ਜਿਨ੍ਹਾਂ ਦੇ ਨਾਮ ਪੰਜਾਬ ਸਰਕਾਰ ਨੇ ਰਿਕੁਮੈਂਡ ਨਹੀਂ ਕੀਤੇ, ਉਨ੍ਹਾਂ ਨੂੰ ਪਦਮ ਸ੍ਰੀ ਤੇ ਪਦਮ ਭੂਸ਼ਣ ਦਿੱਤੇ ਗਏ ਹਨ ਅਤੇ ਉਨ੍ਹਾਂ ਨੂੰ ਇਹ ਇਨਾਮ ਦੇ ਕੇ ਕਿਉਂ ਨਿਵਾਜਿਆ ਗਿਆ ਹੈ?

ਮੁੱਖ ਮੰਤਰੀ: ਇਹ ਅਵਾਰਡ ਗੌਰਮਿੰਟ ਆਫ਼ ਇੰਡੀਆ ਦਿੰਦੀ ਹੈ ਔਰ ਇਹ ਹੋਮ ਡੀਪਾਰਟਮੈਂਟ ਗੌਰਮਿੰਟ ਆਫ਼ ਇੰਡੀਆ ਦੀ ਰਿਕੁਮੈਂਡੇਸ਼ਨ ਤੇ ਦਿੰਦੀ ਹੈ। ਅਗੇ ਵੀ ਐਸਾ ਕਈ ਵਾਰ ਹੁੰਦਾ ਰਿਹਾ ਹੈ ਕਿ ਪੰਜਾਬ ਗੌਰਮਿੰਟ ਕੋਈ ਹੋਰ ਨਾਮ ਭੇਜਦੀ ਰਹੀ ਹੈ ਅਤੇ ਉਥੇ ਕਿਸੇ ਹੋਰ ਨੂੰ ਅਵਾਰਡ ਦਿੰਦੇ ਹਨ ਜੈਸਾ ਕਿ 1983-84 ਵਿੱਚ ਪੰਜਾਬ ਗੌਰਮਿੰਟ ਨੇ 4 ਨਾਮ ਪਦਮਸ੍ਰੀ ਵਾਸਤੇ ਰਿਕੁਮੈਂਡ ਕਰਕੇ ਭੇਜੇ ਸਨ ਪਰ ਉਨ੍ਹਾਂ ਵਿਚੋਂ ਕਿਸੇ ਨੂੰ ਸਿਲੈਕਟ ਨਹੀਂ ਕੀਤਾ ਗਿਆ, ਉਸ ਤੋਂ ਇਲਾਵਾ ਦੋ ਹੋਰਾਂ ਨੂੰ ਡਾਕਟਰ ਗੰਡਾ ਸਿੰਘ ਅਤੇ ਸ੍ਰੀ ਸਾਧੂ ਸਿੰਘ ਹਮਦਰਦ ਨੂੰ ਜਿਨ੍ਹਾਂ ਦਾ ਨਾਮ ਸਟੇਟ ਨੇ ਨਹੀਂ ਸੀ ਭੇਜਿਆ ਉਨ੍ਹਾਂ ਨੂੰ, ਡਾਕਟਰ ਗੰਡਾ ਸਿੰਘ ਨੂੰ ਪਦਮਵਿਭੂਸ਼ਣ ਅਤੇ ਸਾਧੂ ਸਿੰਘ ਹਮਦਰਦ ਨੂੰ ਪਦਮਸ੍ਰੀ ਦਾ ਅਵਾਰਡ ਦਿੱਤਾ ਗਿਆ ਹੈ। ਇਸੇ ਤਰ੍ਹਾਂ 1984-85 ਵਿੱਚ ਸਟੇਟ ਗੌਰਮਿੰਟ ਨੇ 5 ਨਾਮ ਪਦਮਸ੍ਰੀ ਦੇ ਅਵਾਰਡ ਵਾਸਤੇ ਭੇਜੇ ਸਨ ਪਰ ਉਨ੍ਹਾਂ ਵਿੱਚੋਂ ਮਹਿਜ਼ ਇਕ ਹੀ ਸ੍ਰੀ ਚੰਦਰ ਮੋਹਨ, ਵਾਈਸ ਚੇਅਰਮੈਨ, ਪੰਜਾਬ ਟਰੈਕਟਰਜ਼ ਤੇ ਗੁਰਚਰਨ ਸਿੰਘ ਤਾਲਿਬ ਨੂੰ ਪਦਮ ਵਿਭੂਸ਼ਣ ਮਿਲਿਆ। ਇਸੇ ਤਰ੍ਹਾਂ 1985-86 ਵਿੱਚ 12 ਨਾਮ ਪੰਜਾਬ ਗੌਰਮਿੰਟ ਵਲੋਂ ਪਦਮ ਵਿਭੂਸ਼ਣ ਅਤੇ ਪਦਮਸ੍ਰੀ ਲਈ ਭੇਜੇ ਗਏ ਲੇਕਿਨ ਉਨ੍ਹਾਂ ਵਿਚੋਂ ਕਿਸੇ ਇਕ ਨੂੰ ਵੀ ਅਵਾਰਡ ਨਹੀਂ ਮਿਲਿਆ ਪਰ ਇਕ ਸ੍ਰੀ ਰਮੇਸ਼ਇੰਦਰ ਸਿੰਘ, ਆਈ.ਏ.ਐਸ., ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਹੀ ਐਸਾ ਅਵਾਰਡ ਮਿਲਿਆ ਹੈ।

ਸਰਦਾਰ ਬਚਿੱਤਰ ਸਿੰਘ: ਸਪੀਕਰ ਸਾਹਿਬ, ਇਕ ਪਾਸੇ ਤਾਂ ਅਸੀਂ ਵੱਧ ਅਧਿਕਾਰਾਂ ਦੀ ਗੱਲ ਕਰਦੇ ਹਾਂ ਅਤੇ ਦੂਸਰੇ ਪਾਸੇ ਜਿਨ੍ਹਾਂ ਅਫਸਰਾਂ ਦੀ ਕਾਰਗੁਜ਼ਾਰੀ ਦਾ ਸਰਕਾਰ ਨੂੰ ਪਤਾ ਹੁੰਦਾ ਹੈ ਉਨ੍ਹਾਂ ਦਾ ਨਾਮ ਪੰਜਾਬ ਸਰਕਾਰ ਨੇ ਰਿਕੁਮੈਂਡ ਕਰਕੇ ਭੇਜਿਆ ਔਰ ਉਹ ਬੰਦੇ ਬਿਲਕੁਲ ਨਹੀਂ ਆਏ ਅਤੇ ਉਹ ਬੰਦੇ ਆਏ ਜਿਹੜੇ ਮੈਨੂੰ ਲਗਦਾ ਹੈ ਕਿ ਕੈਪਟਨ ਕੰਵਲਜੀਤ ਸਿੰਘ ਜੀ ਜਿਨ੍ਹਾਂ ਦੀ ਸਿਫਾਰਸ਼ ਹੋਵੇਗੀ ਉਨ੍ਹਾਂ ਨੂੰ ਨਿਵਾਜਿਆ ਗਿਆ ਹੈ ਪਦਮਸ੍ਰੀ ਅਤੇ ਪਦਮ ਭੂਸ਼ਣ ਦੇ ਅਵਾਰਡਜ਼ ਨਾਲ। ਕੀ ਬਰਨਾਲਾ ਸਾਹਿਬ ਇਸ ਗੱਲ ਦਾ ਪ੍ਰੋਟੈਸਟ ਲਾਜ ਕਰਨਗੇ ਕਿ ਸਾਡੀ ਇਤਨੀ ਵੀ ਸੈਂਟਰ ਵਿੱਚ ਕੋਈ ਪੁੱਛ ਗਿੱਛ ਨਹੀਂ ਹੈ?

ਮੁੱਖ ਮੰਤਰੀ: ਸਪੀਕਰ ਸਾਹਿਬ, ਇਹ ਸ਼ਾਇਦ ਸਾਰੀ ਗੱਲ ਸਮਝ ਹੀ ਨਹੀਂ ਸਕੇ। ਇਨ੍ਹਾਂ ਦੇ ਦਿਮਾਗ ਵਿਚ ਕੋਈ ਹੋਰ ਗਲਾਂ ਚੱਕਰ ਲਾਉਂਦੀਆਂ ਰਹਿੰਦੀਆਂ ਹਨ। ਇਹ ਦੱਸਿਆ ਗਿਆ ਸੀ ਕਿ ਸਾਰੇ ਦੇਸ਼ ਦੀਆਂ ਸਟੇਟਾਂ ਕੁਝ ਸਿਫਾਰਸ਼ਾਂ ਕਰਦੀਆਂ ਹਨ। ਕਿਸੇ ਵੇਲੇ ਕੋਈ ਸਿਫਾਰਸ਼ ਮੰਨ ਲਈ ਜਾਂਦੀ ਹੈ ਕਦੇ ਕੋਈ ਵੀ ਨਹੀਂ ਮੰਨੀ ਜਾਂਦੀ, ਕਦੇ ਸਾਰੀਆਂ ਮੰਨ ਲਈਆਂ ਜਾਂਦੀਆਂ ਹਨ। ਇਸ ਤਰ੍ਹਾਂ ਸਟੇਟਾਂ ਵਿਚੋਂ ਸਿਫਾਰਸ਼ਾਂ ਜਾਂਦੀਆਂ ਹਨ। ਪ੍ਰੋਟੈਸਟ ਵਾਲੀ ਕੋਈ ਗਲ ਨਹੀਂ ਹੈ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਠੀਕ ਹੈ ਕਿ ਉਨ੍ਹਾਂ ਦੀ ਆਪਣੀ ਮਰਜ਼ੀ ਹੁੰਦੀ ਹੈ ਜਿਸ ਨੂੰ ਮਰਜ਼ੀ ਆਏ ਉਹ ਦੇ ਦੇਣ, ਲੇਕਿਨ ਸਰਦਾਰ ਬਚਿੱਤਰ ਸਿੰਘ ਨੇ ਸਪੈਸੀਫਿਕਲੀ ਕੁਐਸਚਨ ਪੁਛਿਆ ਸੀ ਕਿ ਕੀ ਕੋਈ ਚਿੱਠੀ ਲਿਖੀ ਹੈ ਜਾਂ ਕੋਈ ਪ੍ਰੋਟੈਸਟ ਕੀਤਾ ਹੈ ਕਿ ਅਸੀਂ ਇੰਨੀਆਂ ਰਿਕਮੈਂਡੇਸ਼ਨਜ਼ ਕੀਤੀਆਂ ਸਨ ਕਿਉਂ ਨਹੀਂ ਮੰਨੀਆਂ ਗਈਆਂ, ਜੇ ਕੀਤਾ ਹੈ ਤਾਂ ਉਸ ਦਾ ਕੀ ਜਵਾਬ ਆਇਆ ਹੈ ?

ਮੁੱਖ ਮੰਤਰੀ : ਇਥੋਂ ਨਾਂ ਅਗੇ ਜਾਂਦੇ ਰਹੇ ਹਨ, 12, 12 ਨਾਂ ਜਾਂਦੇ ਰਹੇ ਹਨ ਔਰ ਉਨ੍ਹਾਂ ਨੇ ਕੋਈ ਵੀ ਨਹੀਂ ਲਿਆ ਹੋਰ ਪਿਛਲੇ ਸਾਲ ਪਦਮ ਸ਼੍ਰੀ ਵਾਸਤੇ ਲੈ ਲਿਆ। ਇਸ ਦੇ ਬਾਰੇ ਕੋਈ ਪ੍ਰੋਟੈਸਟ ਨਹੀਂ ਕੀਤਾ ਜਾਂਦਾ। ਨਾ ਪਹਿਲਾਂ ਕਦੇ ਕੀਤਾ ਗਿਆ ਹੈ ਨਾ ਹੀ ਹੁਣ।

ਸ੍ਰੀ ਸਪੀਕਰ : ਅਗਲਾ ਕੁਐਸਚਨ ਵਲੋਂ ਡਾਕਟਰ ਕੇਵਲ ਕ੍ਰਿਸ਼ਨ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਕਰਨਾ ਹੈ।

ਸ੍ਰੀ ਸਪੀਕਰ : ਮੈਂ ਤਾਂ ਤੁਹਾਨੂੰ ਮੌਕਾ ਦਿੱਤਾ ਸੀ ਪਰ ਤੁਸੀਂ ਉਠੇ ਹੀ ਨਹੀਂ। ਹੁਣ ਮੈਂ ਨੈਕਸਟ ਕੁਐਸਚਨ ਕਾਲ-ਅਪਾਨ ਕਰ ਲਿਆ ਹੈ।

Grant of Pension to the widows of those killed by the Terrorists

*806. **Dr. Kewal Krishan :** Will the Chief Minister be pleased to state—

(a) whether any decision has been taken by the Government to grant pension to the widows of those killed by the Terrorists in the State on the pattern on which pensions were sactioned to widows of November, 1984 riots victims.

(b) if the reply to part (a) above be in the affirmative the names and addresses of the widows likely to be benefited by the said decision and the time by which they are liekly to be given pensions?

ਸਰਦਾਰ ਮੇਜਰ ਸਿੰਘ ਉਬੋਕੇ (ਮਾਲ ਅਤੇ ਪੁਨਰਵਾਸ ਮੰਤਰੀ) :

(ੳ) ਹਾਂ ਜੀ,

(ਅ) ਜਿਨ੍ਹਾਂ ਲਾਭਪਾਤਰੀਆਂ ਨੂੰ ਵਿੱਤੀ ਸਹਾਇਤਾ ਦੀ ਅਦਾਇਗੀ ਕੀਤੀ ਗਈ ਜਾਂ ਜਿਨ੍ਹਾਂ ਨੂੰ 31-3-1987 ਤਕ ਕੀਤੇ ਜਾਣ ਦੀ ਆਸ ਹੈ, ਉਨ੍ਹਾਂ ਦੀ ਸੂਚੀ ਨਾਲ ਨੱਥੀ ਹੈ।

ਅਤਿਵਾਦੀਆਂ ਹੱਥੋਂ ਮਾਰੇ ਵਿਅੱਕਤੀਆਂ ਦੀਆਂ ਵਿਧਵਾਵਾਂ ਦੀ ਸੂਚੀ. ਜਿਨ੍ਹਾਂ ਨੂੰ ਵਿੱਤੀ ਸਹਾਇਤਾ ਮਨਜ਼ੂਰ ਕੀਤੀ ਗਈ ਹੈ। 250 ਰੁਪਏ ਪ੍ਰਤੀ ਮਹੀਨਾ।

ਕ੍ਰਮ ਨੰ:	ਨਾਂ ਅਤੇ ਪਤਾ
1	2

1. ਅੰਮ੍ਰਿਤਸਰ :

1. ਸ੍ਰੀਮਤੀ ਰੇਨੂੰ ਬਾਲਾ ਵਿਧਵਾ, ਕੰਵਲ ਕਿਸ਼ੋਰ, ਪਿੰਡ ਤੇ ਡਾਕਖਾਨਾ ਕੱਚਾ ਪੱਕਾ ਕੋਠੀ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ।

2. ਸ੍ਰੀਮਤੀ ਦਰਸ਼ਨਾ ਰਾਣੀ ਵਿਧਵਾ ਸ੍ਰੀ ਦਰਸ਼ਨ ਕੁਮਾਰ ਪਿੰਡ ਤੇ ਡਾਕਖਾਨਾ ਸੂਗਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ।

ਕ੍ਰਮ ਨੰ:	ਨਾਂ ਅਤੇ ਪਤਾ
1	2
3.	ਸ੍ਰੀਮਤੀ ਸ਼ਾਰਦਾ ਰਾਣੀ ਵਿਧਵਾ ਸ੍ਰੀ ਸੁਰਜੀਤ ਕੁਮਾਰ, ਪਿੰਡ ਤੇ ਡਾਕਖਾਨਾ ਲੋਪੋਕੇ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ।
4.	ਸ੍ਰੀਮਤੀ ਰਮੇਸ਼ ਰਾਣੀ ਵਿਧਵਾ ਸ੍ਰੀ ਹੰਸ ਰਾਜ, ਪਿੰਡ ਕੋਠੀ ਵਧਾਵਾ ਸਿੰਘ, ਡਾਕਖਾਨਾ ਰੱਤੋਕੇ ਗੁਰਦੁਆਰਾ, ਤਹਿਸੀਲ ਪੱਟੀ, ਅੰਮ੍ਰਿਤਸਰ ।
5.	ਸ੍ਰੀਮਤੀ ਮਨਜੀਤ ਕੌਰ ਵਿਧਵਾ ਸ੍ਰੀ ਅਰਜਨ ਸਿੰਘ ਮਸਤਾਨਾ, ਐਕਸ ਐਮ. ਐਲ. ਏ. ਪਿੰਡ ਤੇ ਡਾਕਖਾਨਾ ਘਰਿਆਲਾ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ।
6.	ਸ੍ਰੀਮਤੀ ਦਰਸ਼ਨਾਂ ਰਾਣੀ ਵਿਧਵਾ ਸ੍ਰੀ ਦਲਜੀਤ ਕੁਮਾਰ, ਮਾਰਫਤ ਸਤਪਾਲ ਕਰਿਆਨਾ ਮਰਚੈਂਟ, ਪਿੰਡ ਤੇ ਡਾਕਖਾਨਾ ਖਾਲੜਾ ਮੰਡੀ, ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ ।
7.	ਸ੍ਰੀਮਤੀ ਕਾਂਤਾ ਰਾਣੀ ਵਿਧਵਾ ਸ੍ਰੀ ਜਸਪਾਲ, ਬੀ-2/657 ਕ੍ਰਿਸ਼ਨਾਂ ਗਲੀ, ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
8.	ਸ੍ਰੀਮਤੀ ਪ੍ਰਕਾਸ਼ ਕੌਰ ਵਿਧਵਾ ਜੋਗਿੰਦਰ ਸਿਘ ਬਾਜਵਾ, ਮੁਹੱਲਾ ਨਾਨਕਸਰ, 1/216, ਵਾਰਡ ਨੰ. 1, ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
9.	ਸ੍ਰੀਮਤੀ ਸੁਦਰਸ਼ਨਾ ਰਾਣੀ ਵਿਧਵਾ ਸ੍ਰੀ ਰਾਮ ਦਾਸ ਪਿੰਡ ਤੇ ਡਾਕਖਾਨਾ ਨਸ਼ਿਹਰਾ ਪਨੂਆਂ, ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
10.	ਸ੍ਰੀਮਤੀ ਕਮਲੇਸ਼ ਬਾਂਸਲ ਵਿਧਵਾ ਸ੍ਰੀ ਰਾਜ ਪਾਲ ਕੂਚਾ ਲੰਗਰ, ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
11.	ਸ੍ਰੀਮਤੀ ਭਜਨ ਕੌਰ, ਵਿਧਵਾ ਸ੍ਰੀ ਬਲਬੀਰ ਸਿੰਘ, ਪੱਟੀ ਕਾਹਨੂੰ ਕੀ, ਪਿੰਡ ਤੇ ਡਾਕਖਾਨਾ ਸਰਹਾਲੀ ਕਲਾਂ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
12.	ਸ੍ਰੀਮਤੀ ਅਮਰਜੀਤ ਕੌਰ, ਵਿਧਵਾ ਸ੍ਰੀ ਗੁਰਮੇਜ ਸਿੰਘ, ਪਿੰਡ ਤੇ ਡਾਕਖਾਨਾ ਬਾਕੀਪੁਰ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
13.	ਸ੍ਰੀਮਤੀ ਰਾਮ ਪਿਆਰੀ, ਵਿਧਵਾ ਸ੍ਰੀ ਅਜੀਤ ਰਾਮ, ਪਿੰਡ ਤੇ ਡਾਕਖਾਨਾ ਫਤਿਆਬਾਦ, ਤਹਿਸੀਲ ਤਰਨ ਤਾਰਨ , ਜ਼ਿਲ੍ਹਾ ਅੰਮ੍ਰਿਤਸਰ ।
14.	ਸ੍ਰੀਮਤੀ ਕਮਲਾ ਰਾਣੀ ਵਿਧਵਾ ਸ੍ਰੀ ਕੇ.ਐਲ. ਪਾਲ ਮਿਸਾ, ਪਿੰਡ ਤੇ ਡਾਕਖਾਨਾ ਮੁਰਾਦਪੁਰ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
15.	ਸ੍ਰੀਮਤੀ ਗਿਆਨ ਦੇਵੀ, ਵਿਧਵਾ ਸ੍ਰੀ ਚਰਨ ਦਾਸ, ਠੱਠੀਆਂ ਮਹੰਤਾ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।

[ਮਾਲ ਅਤੇ ਪੁਨਰਵਾਸ ਮੰਤਰੀ]

ਕ੍ਰਮ ਨੰ:	ਨਾਂ ਅਤੇ ਪਤਾ
1	2
16.	ਸ੍ਰੀਮਤੀ ਆਸ਼ਾ ਰਾਣੀ ਵਿਧਵਾ ਰਾਮ ਪਾਲ ਪੁਰੀ, ਸੱਚਖੰਡ ਰੋਡ, ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
17.	ਸ੍ਰੀਮਤੀ ਨਰਿੰਦਰ ਕੌਰ ਵਿਧਵਾ ਸ੍ਰੀ ਨਰਿੰਦਰ ਸਿੰਘ, ਪਿੰਡ ਤੇ ਡਾਕਖਾਨਾ ਉਨੀਆਂ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
18.	ਸ੍ਰੀਮਤੀ ਰਾਜ ਰਾਣੀ ਵਿਧਵਾ ਸ੍ਰੀ ਰਾਮ ਮੂਰਤੀ, ਪਿੰਡ ਤੇ ਡਾਕਖਾਨਾ ਫਤਿਆਬਾਦ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।
19.	ਸ੍ਰੀਮਤੀ ਦਰਸ਼ਨਾ ਕੁਮਾਰੀ ਵਿਧਵਾ ਸ੍ਰੀ ਅਮਰ ਨਾਥ ਪਿੰਡ ਤੇ ਡਾਕਖਾਨਾ ਕੰਗ, ਤਹਿਸੀਲ ਤਰਨ ਤਾਰਨ, ਜ਼ਿਲਾ ਅੰਮ੍ਰਿਤਸਰ ।
20.	ਸ੍ਰੀਮਤੀ ਮਾਇਆ ਵੰਤੀ ਵਿਧਵਾ ਸ੍ਰੀ ਜੈ ਕਿਸ਼ਨ ਰਾਮ, ਕੋਟ ਖਾਲਸਾ, ਨਿਊ ਆਬਾਦੀ, ਲੰਬੀ ਗਲੀ, ਅੰਮ੍ਰਿਤਸਰ ।
21.	ਸ੍ਰੀਮਤੀ ਕਾਂਤਾ ਰਾਣੀ ਵਿਧਵਾ ਸ੍ਰੀ ਰਮੇਸ਼ ਕੁਮਾਰ, ਕੇਅਰ ਆਫ ਬਲਬੀਰ ਸਿੰਘ, ਮਕਾਨ ਨੰ: 599/2, ਗਲੀ ਨੰ: 1, ਗੁਰੂ ਅਰਜਨ ਦੇਵ ਨਗਰ, ਅੰਮ੍ਰਿਤਸਰ ।
22.	ਸ੍ਰੀਮਤੀ ਸੰਤੋਸ਼ ਕੁਮਾਰੀ ਵਿਧਵਾ ਸ੍ਰੀ ਰਾਮ ਸ਼ਾਹ, ਟੰਡਨ ਨਗਰ, ਗਲੀ ਨੰ: 4, ਮਕਾਨ ਨੰ: 73, ਅੰਮ੍ਰਿਤਸਰ ।
23.	ਸ੍ਰੀਮਤੀ ਬਲਵੀਰੋ ਵਿਧਵਾ ਸ੍ਰੀ ਸੁਰਜੀਤ ਸਿੰਘ, ਪਿੰਡ ਧੌਤਲ, ਡਾਕਖਾਨਾ ਛੇਹਰਟਾ, ਅੰਮ੍ਰਿਤਸਰ ।
24.	ਸ੍ਰੀਮਤੀ ਸਤਿਆ ਵੰਤੀ ਵਿਧਵਾ ਗਿਰਧਾਰੀ ਲਾਲ, ਪਿੰਡ ਕਲੇਰ ਮਾਂਗਟ, ਡਾਕਖਾਨਾ ਲਿਧੱੜ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ।
25.	ਸ੍ਰੀਮਤੀ ਕਾਂਤਾ ਰਾਣੀ ਵਿਧਵਾ ਸ੍ਰੀ ਜਨਕ ਰਾਜ, ਪਿੰਡ ਕਲੇਰ ਮਾਂਗਟ, ਡਾਕਖਾਨਾ ਲਿਧੱੜ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ।
26.	ਸ੍ਰੀਮਤੀ ਪੁਸ਼ਪਾ ਕੋਹਲੀ ਵਿਧਵਾ ਚੰਮਨ ਲਾਲ ਕੋਹਲੀ, ਮਕਾਨ ਨੰ: 4807/37, ਸਰਵਰ ਪੁਰਾ, ਚੌਕ ਟਾਹਲੀਵਾਲਾ, ਸੁਲਤਾਨਵਿੰਡ ਗੇਟ, ਅੰਮ੍ਰਿਤਸਰ ।
27.	ਸ੍ਰੀਮਤੀ ਸਾਂਤ ਕੌਰ ਵਿਧਵਾ ਸ੍ਰੀ ਗਿਆਨੀ ਕਰਤਾਰ ਸਿੰਘ, ਸਾਬਕਾ ਜਥੇਦਾਰ, ਅਕਾਲ ਤਖਤ ਸਾਹਿਬ, 4772/37, ਚੌਕ ਟਾਹਲੀ ਵਾਲਾ, ਗਲੀ ਨੰ:7, ਸਰਵਰ ਪੁਰਾ, ਸੁਲਤਾਨ ਵਿੰਡ ਰੋਡ, ਅੰਮ੍ਰਿਤਸਰ।
28.	ਸ੍ਰੀਮਤੀ ਕਮਲਾ ਵੰਤੀ ਵਿਧਵਾ ਸ੍ਰੀ ਸੋਮਨਾਥ ਸ਼ਰਮਾ, ਮਕਾਨ ਨੰ: 2630/21, ਰਾਮ ਨਗਰ, ਗਲੀ ਨੰ: 1, ਸੁਲਤਾਨ ਵਿੰਡ ਰੋਡ, ਅੰਮ੍ਰਿਤਸਰ ।

ਕ੍ਰਮ ਨੰ:	ਨਾਂ ਅਤੇ ਪਤਾ
1	2
29.	ਸ਼੍ਰੀਮਤੀ ਪ੍ਰਵੀਨ ਵਿਧਵਾ ਸ਼੍ਰੀ ਪ੍ਰੇਮਪਾਲ ਧਵਨ ਮਾਰਫਤ ਇੰਦਰਜੀਤ ਧਵਨ, 46/9, ਗਲੀ ਨਥੇਖਾਨ, ਕਟੜਾ ਖਜ਼ਾਨਾ, ਅੰਮ੍ਰਿਤਸਰ ।
30.	ਸ਼੍ਰੀਮਤੀ ਜਗਦੀਸ਼ ਰਾਣੀ ਵਿਧਵਾ ਸ਼੍ਰੀ ਦੇਸਰਾਜ, ਮਾਰਫਤ ਬਲਦੇਵ ਰਾਜ ਪਕੀਜਾ ਐਮ. ਏ., ਐਲ. ਐਲ. ਬੀ., ਪਟੇਲ ਨਗਰ, ਜੰਡਿਆਲਾ ਗੁਰੂ, ਅੰਮ੍ਰਿਤਸਰ ।
31.	ਸ਼੍ਰੀਮਤੀ ਖੇਮ ਰਾਣੀ ਵਿਧਵਾ ਸ਼੍ਰੀ ਰਣਜੀਤ ਕੁਮਾਰ ,ਗੁਰੂਦੁਆਰਾ ਪਿੱਪਲੀ ਸਾਹਿਬ, ਗਲੀ ਕਪੂਰਾ ਵਾਲੀ, ਮਕਾਨ ਨੰ: 1394/22, ਪੁਤਲੀਘਰ, ਅੰਮ੍ਰਿਤਸਰ ।
32.	ਸ਼੍ਰੀਮਤੀ ਕਮਲਾ ਰਾਣੀ ਵਿਧਵਾ ਸ਼੍ਰੀ ਇੰਦਰਜੀਤ, ਮਕਾਨ ਨੰ: 5080/14-26, ਸ਼ਮੀਪੁਰਾ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ ।
33.	ਸ਼੍ਰੀਮਤੀ ਸੰਤੋਸ਼ ਕੁਮਾਰੀ ਵਿਧਵਾ ਸ਼੍ਰੀ ਚਮਨ ਲਾਲ, ਕੋਟਲਾ ਸਦਰ, ਡਾਕਖਾਨਾ ਕੋਟਲਾ ਗੁਜਰਾ, ਤਹਿਸੀਲ ਅਜਨਾਲਾ, ਅੰਮ੍ਰਿਤਸਰ ।
34.	ਸ਼੍ਰੀਮਤੀ ਕਮਲੇਸ਼ ਰਾਣੀ ਵਿਧਵਾ ਸ਼੍ਰੀ ਪ੍ਰੇਮ ਕੁਮਾਰ, ਡਾਕਖਾਨਾ ਕੋਟਲਾ ਗੁੱਜਰਾ, ਪਿੰਡ ਕੋਟਲਾ ਸਦਰ, ਤਹਿਸੀਲ ਅਜਨਾਲਾ, ਅੰਮ੍ਰਿਤਸਰ।
35.	ਸ਼੍ਰੀਮਤੀ ਸੁਰਜੀਤ ਕੌਰ ਵਿਧਵਾ ਸ਼੍ਰੀ ਸੁਰਿੰਦਰ ਸਿੰਘ ਮਜਬੀ, ਵਾਰਡ ਨੰ: 6, ਪਤੀ ਬਾਹਵਾਲ, ਡਾਕਖਾਨਾ ਸੁਲਤਾਨਵਿੰਡ, ਅੰਮ੍ਰਿਤਸਰ ।
36.	ਨੀਲਮ ਰਾਣੀ ਵਿਧਵਾ ਸ਼੍ਰੀ ਸੁਭਾਸ਼ ਚੰਦਰ, ਪਿੰਡ ਚੇਤਨਪੁਰਾ, ਬਲਾਗਰ, ਡਾਕਖਾਨਾ ਕੋਟਲਾ, ਤਹਿਸੀਲ ਅਜਨਾਲਾ, ਅੰਮ੍ਰਿਤਸਰ ।
37.	ਸ਼੍ਰੀਮਤੀ ਤ੍ਰਿਪਤਾ ਵਿਧਵਾ ਸ਼੍ਰੀ ਬਰਿੰਦਰ ਕੁਮਾਰ, ਪਿੰਡ ਤੇ ਡਾਕਖਾਨਾ, ਮਜੀਠਾ, ਅੰਮ੍ਰਿਤਸਰ।
38.	ਸ਼੍ਰੀਮਤੀ ਮਨਜੀਤ ਕੌਰ ਉਰਫ ਜਗੀਰ ਕੌਰ, ਵਿਧਵਾ ਬਲਵੀਰ ਸਿੰਘ, ਪਿੰਡ ਤੇ ਡਾਕਖਾਨਾ ਮਾਹਨੇਕੇ ਜੰਡ, ਤਹਿਸੀਲ ਪੱਟੀ. ਅੰਮ੍ਰਿਤਸਰ।
39.	ਸ਼੍ਰੀਮਤੀ ਮਨਜੀਤ ਕੌਰ ਵਿਧਵਾ ਸ਼੍ਰੀ ਸੁਰਿੰਦਰ ਸਿੰਘ, ਮਕਾਨ ਨੰ: 2071/15, ਚੌਕ ਮੰਨਾ ਸਿੰਘ, ਗਲੀ ਨਡਾਲਿਆ ਵਾਲੀ, ਅੰਮ੍ਰਿਤਸਰ ।
40.	ਸ਼੍ਰੀਮਤੀ ਸਤਿਆ ਵੰਤੀ ਵਿਧਵਾ ਸ਼੍ਰੀ ਚਮਨ ਲਾਲ, ਮਾਰਫਤ ਸ਼੍ਰੀ ਬਾਬੂ ਰਾਮ ਡਿਪੂ ਹੋਲਡਰ, ਭੂਸ਼ਨਪੁਰਾ, ਅੰਮ੍ਰਿਤਸਰ ।
41.	ਸ਼੍ਰੀਮਤੀ ਗੁਰਦੀਪ ਕੌਰ ਵਿਧਵਾ ਸ਼੍ਰੀ ਗੁਰਨਾਮ ਸਿੰਘ, ਪਿੰਡ ਕੈਰੋਂਵਾਲ, ਤਹਿਸੀਲ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ ।

[ਮਾਲ ਅਤੇ ਪੁਨਰਵਾਸ ਮੰਤਰੀ]

ਕ੍ਰਮ ਨੰ:	ਨਾਂ ਅਤੇ ਪਤਾ
1	2
42.	ਸ਼੍ਰੀਮਤੀ ਵਿਦਿਆ ਵੰਤੀ ਵਿਧਵਾ ਸ੍ਰੀ ਹੰਸਰਾਜ ਪਿੰਡ ਤੇ ਡਾਕਖਨਾ ਮੁੰਡਾ ਪਿੰਡ, ਤਹਿਸੀਲ ਤਰਨਤਾਰਨ, ਅੰਮ੍ਰਿਤਸਰ।
43.	ਸ਼੍ਰੀਮਤੀ ਜਨਕ ਰਾਣੀ ਵਿਧਵਾ ਸ੍ਰੀ ਬਰਿਜ ਲਾਲ, ਪਿੰਡ ਤੇ ਡਾਕਖਾਨਾ ਘੜਕਾ, ਤਹਿਸੀਲ ਤਰਨ ਤਾਰਨ, ਅੰਮ੍ਰਿਤਸਰ।
44.	ਸ਼੍ਰੀਮਤੀ ਕੇਸ਼ੋ ਵਿਧਵਾ ਸ੍ਰੀ ਮੂਲਾ ਰਾਮ, ਪਿੰਡ ਨੰਗਲ ਗੁਰੂ, ਡਾਕਖਾਨਾ ਬੰਡਾਲਾ।
45.	ਸ਼੍ਰੀਮਤੀ ਸੁਨੀਲ ਜੈਨ ਵਿਧਵਾ ਸ੍ਰੀ ਅਸ਼ੋਕ ਕੁਮਾਰ ਜੈਨ, ਮਹੱਲਾ ਜੈਨ, ਪਟੀ, ਜ਼ਿਲ੍ਹਾ ਅੰਮ੍ਰਿਤਸਰ।
46.	ਸ਼੍ਰੀਮਤੀ ਸੀਤਾ ਰਾਣੀ ਵਿਧਵਾ ਰਾਮ ਪ੍ਰਕਾਸ਼, ਮਕਾਨ ਨੰ. 82/8, ਮਹੱਲਾ ਬੇਦੀਆਂ, ਪੱਟੀ, ਅੰਮ੍ਰਿਤਸਰ।
47.	ਸ਼੍ਰੀਮਤੀ ਸਤਿਆ ਦੇਵੀ ਵਿਧਵਾ ਸ੍ਰੀ ਰਤਨ ਚੰਦ, ਐਚ.ਐਮ. 37, ਹਾਊਸਿੰਗ ਬੋਰਡ ਕਲੋਨੀ, ਗਰੀਨ ਐਵੀਨਿਊ, ਅੰਮ੍ਰਿਤਸਰ।
48.	ਸ਼੍ਰੀਮਤੀ ਕ੍ਰਿਸ਼ਨਾ ਵੰਤੀ ਵਿਧਵਾ ਡਾ: ਗੁਰਦਿਆਲ ਸਿੰਘ, ਪਿੰਡ ਘੰਨੂਪੁਰ, ਡਾਕਖਾਨਾ ਛੇਹਰਟਾ, ਅੰਮ੍ਰਿਤਸਰ।
49.	ਸ਼੍ਰੀਮਤੀ ਸੁਦਰਸ਼ਨਾ ਰਾਣੀ ਵਿਧਵਾ ਸ੍ਰੀ ਮੋਹਨ ਲਾਲ, ਇੰਦਰਾ ਕਲੋਨੀ, ਮਕਾਨ ਨੰ. 28, ਝਬਾਲ ਰੋਡ, ਅੰਮ੍ਰਿਤਸਰ।
50.	ਸ਼੍ਰੀਮਤੀ ਚੰਦਨ ਦੇਵੀ ਵਿਧਵਾ ਸ੍ਰੀ ਭਗਤ ਰਾਮ, ਮਾਰਫਤ ਇੰਦਰਜੀਤ, ਸੁਲਤਾਨਵਿੰਡ ਪੱਤੀ ਬਹੁਰੀ, ਨੇੜੇ ਪੁਲਿਸ ਸਟੇਸ਼ਨ, ਅੰਮ੍ਰਿਤਸਰ।
51.	ਸ਼੍ਰੀਮਤੀ ਪਰਮਜੀਤ ਕੌਰ ਵਿਧਵਾ ਅਜੀਤ ਸਿੰਘ, 8840, ਬਜਾਰ ਨੰ. 4, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ।
52.	ਸ਼੍ਰੀਮਤੀ ਸੁਰਜੀਤ ਕੌਰ ਵਿਧਵਾ ਸ੍ਰੀ ਗੁਰਦੀਪ ਸਿੰਘ, ਮਕਾਨ ਨੰ. 8840, ਬਜਾਰ ਨੰ. 4, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ।
53.	ਸ਼੍ਰੀਮਤੀ ਦਰਸ਼ਨਾ ਕੁਮਾਰੀ ਵਿਧਵਾ ਨੰਦ ਲਾਲ ਮਾਰਫਤ ਬਿਸ਼ਨ ਦਾਸ ਸ਼ਰਮਾ, ਮਕਾਨ ਨੰ. 3257. ਗੋਬਿੰਦਪੁਰਾ, ਡਾਕਖਾਨਾ ਰਿਆਨ ਸਿਲਕ ਮਿਲ, ਅੰਮ੍ਰਿਤਸਰ।
54.	ਸ਼੍ਰੀਮਤੀ ਸੀਤਾ ਰਾਣੀ ਵਿਧਵਾ ਸ੍ਰੀ ਹਰਬੰਸ ਲਾਲ, ਗਲੀ ਤੀਰਥ ਰਾਮ ਵਾਲੀ, ਖਾਲਸਾ ਪੁਰ ਰੋਡ, ਤਰਨ ਤਾਰਨ, ਅੰਮ੍ਰਿਤਸਰ।

ਕ੍ਰਮ ਨੰ:	ਨਾਂ ਅਤੇ ਪਤਾ
55.	ਸ੍ਰੀਮਤੀ ਸੁਰਜੀਤ ਕੌਰ ਵਿਧਵਾ ਸ੍ਰੀ ਇੰਦਰ ਸਿੰਘ, ਪਿੰਡ ਤੇ ਡਾਕਖਾਨਾ, ਨੂਰਦੀ, ਤਰਨ ਤਾਰਨ, ਅੰਮ੍ਰਿਤਸਰ ।
56.	ਸ੍ਰੀਮਤੀ ਸਤਿਆ ਵੰਤੀ ਵਿਧਵਾ ਹਰੀ ਚੰਦ, ਪਿੰਡ ਤੇ ਡਾਕਖਾਨਾ, ਤਰਸਿਕਾ, ਤਹਿਸੀਲ ਬਾਬਾ ਬਕਾਲਾ, ਅੰਮ੍ਰਿਤਸਰ ।
57.	ਸ੍ਰੀਮਤੀ ਦਰਸ਼ਨਾ ਕੁਮਾਰੀ ਵਿਧਵਾ ਸ੍ਰੀ ਬਲਦੇਵ ਰਾਜ, ਪਿੰਡ ਕਲੇਰ ਮਾਂਗਟ, ਡਾਕਖਾਨਾ ਲੱਧੜ, ਅੰਮ੍ਰਿਤਸਰ ।
58.	ਸ੍ਰੀਮਤੀ ਵਿਨੋਦ ਜੈਨ ਵਿਧਵਾ ਅੰਮ੍ਰਿਤ ਜੈਨ, 151/11, ਜੈਨ ਮਹੱਲਾ, ਪੱਟੀ, ਅੰਮ੍ਰਿਤਸਰ ।
59.	ਸ੍ਰੀਮਤੀ ਹਰਵਿੰਦਰ ਕੌਰ ਵਿਧਵਾ ਜਸਪਾਲ ਸਿੰਘ, ਪਿੰਡ ਦਾਲਮ, ਡਾਕਖਾਨਾ ਭਲਾ, ਤਹਿਸੀਲ ਅਜਨਾਲਾ, ਅੰਮ੍ਰਿਤਸਰ ।
60.	ਸ੍ਰੀਮਤੀ ਰੇਸ਼ਮਾ ਵਿਧਵਾ ਮੁਹੰਮਦ ਸਲੀਮ, ਮਾਰਫਤ ਉਤਰ ਪ੍ਰਦੇਸ਼ ਕਰਿਆਨਾ, ਓ.ਐਸ. ਘੀ ਮੰਡੀ, ਸਨਿਆਸ ਆਸ਼ਰਮ, ਅੰਮ੍ਰਿਤਸਰ ।
61.	ਸ੍ਰੀਮਤੀ ਆਸ਼ਾ ਦੇਵੀ ਵਿਧਵਾ ਸ੍ਰੀ ਜੈ ਗੋਪਾਲ, 2/12, ਪਵਨ ਨਗਰ ਬਟਾਲਾ ਰੋਡ, ਅੰਮ੍ਰਿਤਸਰ।
62.	ਸ੍ਰੀਮਤੀ ਕਾਂਤਾ ਰਾਣੀ ਵਿਧਵਾ ਡਾ: ਮਨੋਹਰ ਲਾਲ, ਪਿੰਡ ਤੇ ਡਾਕਖਾਨਾ ਅਮਰਕੋਟ, ਤਹਿਸੀਲ ਪੱਟੀ, ਅੰਮ੍ਰਿਤਸਰ ।
63.	ਸ੍ਰੀਮਤੀ ਗੁਰਬਚਨ ਕੌਰ ਵਿਧਵਾ ਸ੍ਰੀ ਕਰਤਾਰ ਸਿੰਘ, 2603, ਚੌਕ ਬਾਬਾ ਭੋੜੀ ਵਾਲਾ, ਗਲੀ ਮਸੀਤ ਵਾਲੀ, ਨਿਹੰਗਾ ਦੀ ਛਾਵਨੀ, ਅੰਮ੍ਰਿਤਸਰ ।
64.	ਸ੍ਰੀਮਤੀ ਅਮਨਦੀਪ ਕੌਰ ਵਿਧਵਾ ਸੁਰਜੀਤ ਸਿੰਘ, ਪਿੰਡ ਤੇ ਡਾਕਖਾਨਾ ਠਰੂ, ਤਹਿਸੀਲ ਤਰਨ ਤਾਰਨ, ਅੰਮ੍ਰਿਤਸਰ ।
65.	ਸ੍ਰੀਮਤੀ ਪੰਮੀ ਵਿਧਵਾ ਸ੍ਰੀ ਮੁਖਤਿਆਰ ਸਿੰਘ, ਪਿੰਡ ਤੇ ਡਾਵਕਖਾਨਾ ਫਤਹਬਾਦ, ਤਹਿਸੀਲ ਤਰਨ ਤਾਰਨ, ਅੰਮ੍ਰਿਤਸਰ ।
66.	ਸ੍ਰੀਮਤੀ ਲਖਬੀਰ ਕੌਰ ਵਿਧਵਾ ਸ੍ਰੀ ਕਿਰਪਾਲ ਸਿੰਘ, ਪਿੰਡ ਤੇ ਡਾਕਖਾਨਾ ਨੌਸਿਹਰਾ ਪੰਨੂੰਆਂ, ਅੰਮ੍ਰਿਤਸਰ
67.	ਸ੍ਰੀਮਤੀ ਲਖਬੀਰ ਕੌਰ ਵਿਧਵਾ ਸ੍ਰੀ ਕਿਰਪਾਲ ਸਿੰਘ, ਪੱਟੀ ਮੰਨੂੰਦੀ, ਪਿੰਡ ਤੇ ਡਾਕਖਾਨਾ ਨੌਸ਼ਿਹਰਾ ਪੰਨੂੰਆਂ, ਤਹਿਸੀਲ ਤਰਨ ਤਾਰਨ, ਅੰਮ੍ਰਿਤਸਰ ।
68.	ਸ੍ਰੀਮਤੀ ਸਤਵਿੰਦਰ ਕੌਰ ਵਿਧਵਾ ਸ੍ਰੀ ਸੰਤ ਸਿੰਘ ਐਮ.ਐਲ.ਏ., ਪਿੰਡ ਤੇ ਡਾਕਖਾਨਾ ਲਿਧੜ ਵਾਇਆ ਰਈਆ, ਤਹਿਸੀਲ ਬਾਬਾ ਬਕਾਲਾ, ਅੰਮ੍ਰਿਤਸਰ ।

[ਮਾਲ ਅਤੇ ਪੁਨਰਵਾਸ ਮੰਤਰੀ]

ਕ੍ਰਮ ਨੰ.	ਨਾਂ ਅਤੇ ਪਤਾ
69.	ਸ੍ਰੀਮਤੀ ਨਰਿੰਦਰ ਕੁਮਾਰੀ ਵਿਧਵਾ ਸ੍ਰੀ ਸਤਪਾਲ ਮਾਰਫਤ ਏ.ਟੀ. ਦੇਸ ਰਾਜ 3300/14, ਗਲੀ ਨੰ. 7 ਹਰੀ ਪੁਰਾ, ਅੰਮ੍ਰਿਤਸਰ ।
70.	ਸ੍ਰੀਮਤੀ ਮਹਿੰਦਰ ਕੌਰ ਵਿਧਵਾ ਗੁਲਜ਼ਾਰੀ ਲਾਲ ਮਾਰਫਤ ਟੇਕ ਚੰਦ, ਕਲਾਥ ਮਰਚੰਟ, ਅਮਰਕੋਟ, ਤਹਿਸੀਲ ਪੱਟੀ, ਅੰਮ੍ਰਿਤਸਰ ।
71.	ਸ੍ਰੀਮਤੀ ਰਮੇਸ਼ ਰਾਣੀ ਵਿਧਵਾ ਮੰਗਲ ਦਾਸ, ਮਾਰਫਤ ਬਾਲਕ ਰਾਮ, ਪਿੰਡ ਤੇ ਡਾਕਖਾਨਾ ਭਕਨਾਂ ਕਲਾਂ ਤਹਿਸੀਲ ਤੇ ਜ਼ਿਲਾ ਅੰਮ੍ਰਿਤਸਰ ।
72.	ਸ੍ਰੀਮਤੀ ਸ਼ਕੁੰਤਲਾ ਰਾਣੀ ਵਿਧਵਾ ਦਰਸ਼ਨ ਲਾਲ, ਪਿੰਡ ਮਾੜੀ ਉਧੋਕੇ, ਡਾਕਖਾਨਾ ਕਥੋਕੇ, ਅੰਮ੍ਰਿਤਸਰ ।
73.	ਸ੍ਰੀਮਤੀ ਬਿਮਲਾ ਵਿਧਵਾ ਮੋਹਨ ਲਾਲ, ਪਿੰਡ ਬੋਹਲੀਆਂ, ਪਿੰਡ ਅਜਨਾਲਾ, ਅੰਮ੍ਰਿਤਸਰ ।
74.	ਸ੍ਰੀਮਤੀ ਬਆ ਦਿੱਤੀ ਵਿਧਵਾ ਧਰਮਪਾਲ ਅਹਾਤਾ ਰਾਏ ਸਾਹਿਰ, ਸੁਭਾਸ਼ ਰੋਡ, ਛੇਹਰਟਾ, ਅੰਮ੍ਰਿਤਸਰ ।
75.	ਸ੍ਰੀਮਤੀ ਸਵਿੰਦਰ ਕੌਰ ਵਿਧਵਾ ਸ੍ਰੀ ਤਰਸੇਮ ਸਿੰਘ, ਨਥੂਆਨਾ ਗੇਟ, ਜੰਡਿਆਲਾ ਗੁਰੂ, ਅੰਮ੍ਰਿਤਸਰ ।
76.	ਸ੍ਰੀਮਤੀ ਬਰਮੋ ਦੇਵੀ ਵਿਧਵਾ ਪੂਰਨ ਚੰਦ ਮਾਰਫਤ ਕਿਸ਼ਨ ਹੇਅਰ ਡਰੈਸਰ, ਗਲੀ ਨੰ. 3, ਕ੍ਰਿਸ਼ਨ ਨਗਰ, ਅੰਮ੍ਰਿਤਸਰ ।
77.	ਸ੍ਰੀਮਤੀ ਹਰਇੰਦਰ ਕੌਰ ਵਿਧਵਾ ਸ੍ਰੀ ਬਜਿੰਦਰ ਸਿੰਘ ਬੇਦੀ, ਮਕਾਨ ਨੰ. 1991/5 ਗਲੀ ਪੰਜਾਬ ਸਿੰਘ ਨਜ਼ਦੀਕ ਚੌਕ ਬਾਬਾ ਸਾਹਿਬ, ਅੰਮ੍ਰਿਤਸਰ ।
78.	ਸ੍ਰੀਮਤੀ ਪਰਵੀਨ ਕੁਮਾਰੀ ਵਿਧਵਾ ਸ੍ਰੀ ਰਾਜ ਕੁਮਾਰ ਕਪੂਰ, 2428 ਗਲੀ ਕਾਲਾ ਖੂਹ, ਸੁਨਆਰਿਆਂ, ਅੰਮ੍ਰਿਤਸਰ ।
79.	ਸ੍ਰੀਮਤੀ ਸੁਖਵਿੰਦਰ ਕੌਰ ਵਿਧਵਾ ਕੁਲਵੰਤ ਸਿੰਘ ਮਕਾਨ ਨੰ. 2582/2, ਰਾਮਸਰ ਰੋਡ, ਕੋਹਲੀਵਾਲੀ ਹਵੇਲੀ, ਅੰਮ੍ਰਿਤਸਰ ।
80.	ਸ੍ਰੀਮਤੀ ਸੁਦੇਸ਼ ਰਾਣੀ ਵਿਧਵਾ ਸ੍ਰੀ ਸੁਰਿੰਦਰਪਾਲ, ਪਿੰਡ ਤੇ ਡਾਕਖਾਨਾ ਬਾਠ, ਤਸੀਲ ਬਾਬਾ ਬਕਾਲਾ, ਅੰਮ੍ਰਿਤਸਰ ।

ਕ੍ਰਮ ਨੰ:	ਨਾਂ ਅਤੇ ਪਤਾ

2. ਬਠਿੰਡਾ :

1. ਸ੍ਰੀਮਤੀ ਡਿੰਪਲ ਮਿੱਤਲ ਵਿਧਵਾ ਦਵਾਰਕਾ ਦਾਸ, ਵਾਸੀ ਭਾਈ ਰੂਪਾ, ਤਹਿਸੀਲ ਫੂਲ, ਬਠਿੰਡਾ ।
2. ਸ੍ਰੀਮਤੀ ਕ੍ਰਿਸ਼ਨਾ ਦੇਵੀ ਵਿਧਵਾ ਗੁਰਚਰਨਦਾਸ, ਵਾਸੀ ਰਾਮ ਪੁਰਾ, ਬਠਿੰਡਾ ।
3. ਸ੍ਰੀਮਤੀ ਸਤਿਆ ਦੇਵੀ ਵਿਧਵਾ ਸ੍ਰੀ ਸ਼ਾਮ ਲਾਲ, ਵਾਸੀ ਰਾਮਪੁਰਾ, ਬਠਿੰਡਾ ।
4. ਸ੍ਰੀਮਤੀ ਬਿਮਲਾ ਦੇਵੀ ਵਿਧਵਾ ਸ੍ਰੀ ਸੋਹਨ ਲਾਲ, ਵਾਸੀ ਜਿੰਦਾ, ਜ਼ਿਲਾ ਬਠਿੰਡਾ ।
5. ਸ੍ਰੀਮਤੀ ਕਮਲੇਸ਼ ਰਾਨੀ ਵਿਧਵਾ ਅਸ਼ੋਕ ਕੁਮਾਰ, ਵਾਸੀ ਮਾਨਸਾ ।
6. ਸ੍ਰੀਮਤੀ ਮੂਰਤੀ ਦੇਵੀ ਵਿਧਵਾ ਰਜਿੰਦਰ ਕੁਮਾਰ ਪਹਾੜੀਆ, ਵਾਸੀ ਮਾਨਸਾ

3. ਫਿਰੋਜ਼ਪੁਰ

1. ਸ੍ਰੀਮਤੀ ਬਰਕਤੀ ਵਿਧਵਾ ਸ੍ਰੀ ਨਾਜਰ ਖਾਤਕ ਮੰਡੀ ਫਿਰੋਜਪੁਰ ਕੈਂਟ ।
2. ਸ੍ਰੀਮਤੀ ਕੀਰਤੀ ਖੁਰਾਨਾ ਵਿਧਵਾ ਦਰਸ਼ਨ ਕੁਮਾਰ, ਤਲਵੰਡੀ ਭਾਈ ।
3. ਸ੍ਰੀਮਤੀ ਗੀਤਾ ਗੁਪਤਾ ਵਿਧਵਾ ਅਵੀਨਾਸ਼ ਚੰਦਰ, ਤਲਵੰਡੀ ਭਾਈ ।
4. ਸ੍ਰੀਮਤੀ ਗੁਰਮੀਤ ਕੌਰ ਵਿਧਵਾ ਬਿਕਰ ਸਿੰਘ ਪਿੰਡ ਲੋਹਮ ।
5. ਸ੍ਰੀਮਤੀ ਪੁਸ਼ਪਾ ਰਾਣੀ ਵਿਧਵਾ ਪ੍ਰੇਮ ਨਾਥ, ਬਸਤੀ ਕੰਮਬੋਆਂ, ਜੀਰਾ ।
6. ਸ੍ਰੀਮਤੀ ਪ੍ਰੀਤਮ ਕੌਰ ਵਿਧਵਾ ਗੁਰਦਿਆਲ ਸਿੰਘ, ਹਰਾਜ ।
7. ਸ੍ਰੀਮਤੀ ਜੀਵਨ ਕੌਰ ਵਿਧਵਾ ਸੁਰਿੰਦਰ ਸਿੰਘ, ਬਸਤੀ ਭਈਆ, ਫਿਰੋਜ਼ਪੁਰ ਸਿਟੀ ।
8. ਸ੍ਰੀਮਤੀ ਸੁਰਿੰਦਰ ਕੌਰ ਵਿਧਵਾ ਕ੍ਰਿਸ਼ਨ ਲਾਲ ਜੀਰਾ ਗੇਟ, ਫਿਰੋਜ਼ਪੁਰ ।
9. ਸ੍ਰੀਮਤੀ ਆਸ਼ਾ ਗੁੰਬਰ ਵਿਧਵਾ ਸ੍ਰੀ ਰਤਨ ਲਾਲ ਫਾਜਿਲਕਾ ।
10. ਸ੍ਰੀਮਤੀ ਗੀਤਾ ਰਾਣੀ ਵਿਧਵਾ ਸ੍ਰੀ ਜਸ ਪਾਲ ਮਖੂਗੇਟ ਫਿਰੋਜਪੁਰ ਸਿਟੀ ।
11. ਸ੍ਰੀਮਤੀ ਪ੍ਰਕਾਸ਼ ਵਿਧਵਾ ਮੋਹਨ ਲਾਲ, ਬਸਤੀ ਬਲੋਚਾ ਫਿਰੋਜ਼ਪੁਰ ।
12. ਸ੍ਰੀਮਤੀ ਮੀਰਾ ਰਾਣੀ ਵਿਧਵਾ ਤੀਰਥ ਰਾਮ ਬਸਤੀ ਕੰਬੋਆਂ, ਜੀਰਾ ।

4. **ਗੁਰਦਾਸਪੁਰ**

1. ਸ੍ਰੀਮਤੀ ਸੰਤੋਸ਼ ਕੁਮਾਰੀ, ਵਿਧਵਾ ਸ੍ਰੀ ਲੇਖ ਰਾਜ ਅੰਦਰਲੀ ਮੰਡੀ, ਕਾਹਨੂੰਵਾਨ ।

[ਮਾਲ ਅਤੇ ਪੁਨਰਵਾਸ ਮੰਤਰੀ]

ਕ੍ਰਮ ਨੰ:	ਨਾਂ ਤੇ ਪਤਾ
2.	ਸ਼੍ਰੀਮਤੀ ਬਲਬੀਰ ਕੌਰ ਵਿਧਵਾ ਸ਼੍ਰੀ ਪੰਜਾਬ ਸਿੰਘ, ਪਿੰਡ ਫਜੂਲਾ ਚੱਕ।
3.	ਸ਼੍ਰੀਮਤੀ ਨੀਲਮ ਰਾਣੀ ਵਿਧਵਾ ਬੂਆ ਦਾਸ ਵਾਰਡ ਨੰ: 3 ਕੈਨਾਲ ਕਲੋਨੀ, ਧਾਰੀਵਾਲ।
4.	ਸ਼੍ਰੀਮਤੀ ਕੁਸ਼ਲਿਆ ਦੇਵੀ ਵਿਧਵਾ ਜਗਨ ਨਾਥ, ਪਿੰਡ ਤੇ ਡਾਕਖਾਨਾ ਭੈਣੀ ਮੀਆਂਖਾਨ, ਤਹਿਸੀਲ ਗੁਰਦਾਸਪੁਰ।
5.	ਸ਼੍ਰੀਮਤੀ ਅਰਵਿੰਦਰ ਕੌਰ ਵਿਧਵਾ ਸ਼੍ਰੀ ਕਿਰਪਾਲ ਸਿੰਘ, ਮੁਹੱਲਾ ਕ੍ਰਿਸ਼ਨਾ ਨਗਰ B/11/112 ਕਾਦੀਆਂ।
6.	ਸ਼੍ਰੀਮਤੀ ਊਸ਼ਾ ਰਾਣੀ ਵਿਧਵਾ ਓਮ ਪ੍ਰਕਾਸ਼ ਪਿੰਡ ਮੰਡ, ਡਾਕਖਾਨਾ ਦਕੋਹਾ, ਤਹਿਸੀਲ ਬਟਾਲਾ।
7.	ਸ਼੍ਰੀਮਤੀ ਛਿਬੋ ਦੇਵੀ ਵਿਧਵਾ ਸ਼੍ਰੀ ਰਮੇਸ਼ ਚੰਦਰ, ਪਿੰਡ ਘਰਾਲਾ, ਪੋਸਟ ਆਫਿਸ ਗੁਰਦਾਸਪੁਰ।
8.	ਸ਼੍ਰੀਮਤੀ ਨਿਰਮਲਾ ਰਾਣੀ ਵਿਧਵਾ ਰਮੇਸ਼ ਚੰਦਰ, ਪਿੰਡ ਤੇ ਡਾਕਖਾਨਾ ਸੇਖਵਾਂ।
9.	ਸ਼੍ਰੀਮਤੀ ਕ੍ਰਿਸ਼ਨਾ ਰਾਣੀ ਵਿਧਵਾ ਸ਼੍ਰੀ ਰਣਜੀਤ ਰਾਏ, ਪਿੰਡ ਤੇ ਡਾਕਖਾਨਾ ਭੈਣੀ ਮੀਆਂ ਖਾਨ।
10.	ਸ਼੍ਰੀਮਤੀ ਸੁਰਜੀਤ ਕੌਰ ਵਿਧਵਾ ਸ਼੍ਰੀ ਈਸ਼ਵਰ ਸਿੰਘ, ਪਿੰਡ ਦੌਲਾ ਨਾਗਲ, ਬਟਾਲਾ
11.	ਸ਼੍ਰੀਮਤੀ ਸੁਦੇਸ਼ ਰਾਣੀ ਵਿਧਵਾ ਸ਼੍ਰੀ ਰਾਜ ਪਾਲ, ਪਿੰਡ ਤੇ ਡਾਕਖਾਨਾ ਫਤਿਹਗੜ੍ਹ ਚੂੜੀਆਂ, ਵਾਰਡ ਨੰ: 9, ਤਹਿਸੀਲ ਬਟਾਲਾ।
12.	ਸ਼੍ਰੀਮਤੀ ਕਸ਼ਮੀਰ ਕੌਰ ਵਿਧਵਾ ਕਸ਼ਮੀਰ ਸਿੰਘ, ਪਿੰਡ ਤੇ ਡਾਕਖਾਨਾ ਦਿਆਲ ਗੜ੍ਹ।
13.	ਸ਼੍ਰੀਮਤੀ ਪ੍ਰੀਤੋ ਵਿਧਵਾ ਸ਼੍ਰੀ ਤਰਸੇਮ ਲਾਲ, ਪਿੰਡ ਭਗਤਪੁਰ ਰਾਵਵਾਲਾ ਪੱਟੀ ਰਾਮਪੁਰ।
14.	ਸ਼੍ਰੀਮਤੀ ਦਰਸ਼ਨਾ ਕੁਮਾਰੀ ਵਿਧਵਾ ਸ਼੍ਰੀ ਸਤਪਾਲ, ਪਿੰਡ ਤੇ ਡਾਕਖਾਨਾ ਹਰਪੁਰਾ।
15.	ਸ਼੍ਰੀਮਤੀ ਜੋਗਿੰਦਰ ਕੌਰ ਵਿਧਵਾ ਸ਼੍ਰੀ ਜਗਦੀਸ਼ ਰਾਜ, ਪਿੰਡ ਤੇ ਡਾਕਖਾਨਾ ਗੁਰਾ ਕਲਾਂ।
16.	ਸ਼੍ਰੀਮਤੀ ਗੀਤਾ ਦੇਵੀ ਵਿਧਵਾ ਸ਼੍ਰੀ ਓਮ ਪ੍ਰਕਾਸ਼, ਪਿੰਡ ਬਜੋਪੁਰ ਡਾਕਖਾਨਾ ਫਤਿਹ ਨੰਗਲ।
	5. ਹੁਸ਼ਿਆਰਪੁਰ
1.	ਸ਼੍ਰੀਮਤੀ ਸੁਰੇਸ਼ ਗੁਪਤਾ ਵਿਧਵਾ ਸ਼੍ਰੀ ਜੋਗਿੰਦਰ ਪਾਲ, ਮਾਰਫਤ ਐਸ. ਈ., ਪੀ. ਡਬਲਿਯੂ. ਡੀ. (ਬੀ ਐਂਡ ਆਰ) ਹੁਸ਼ਿਆਰਪੁਰ।
2.	ਸ਼੍ਰੀਮਤੀ ਹਰਬੀਰ ਕੌਰ ਵਿਧਵਾ ਸ਼੍ਰੀ ਗੁਰਮੇਲ ਸਿੰਘ ਪਿੰਡ ਤੇ ਡਾਕਖਾਨਾ ਗੋਬਿੰਦਪੁਰ ਖੁਨ ਖੁਨ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ।

ਕ੍ਰਮ ਨੰ :	ਨਾਂ ਅਤੇ ਪਤਾ

3. ਸ੍ਰੀਮਤੀ ਜਨਕ ਸ਼ਰਮਾ ਵਿਧਵਾ ਸ੍ਰੀ ਸਤਪਾਲ ਸ਼ਰਮਾ, ਮਾਰਫਤ ਪੰਡਿਤ ਰਾਮ ਰੱਖਾ, ਐਕਸ ਕੰਟਰੈਕਟਰ, ਪਿੰਡ ਤੇ ਡਾਕਖਾਨਾ ਬਸੀ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ ।

4. ਸ੍ਰੀਮਤੀ ਹਰਦੀਪ ਕੌਰ ਵਿਧਵਾ ਸ੍ਰੀ ਮੋਹਨ ਸਿੰਘ, ਪਿੰਡ ਤੇ ਡਾਕਖਾਨਾ ਚਿਪਰਾ, ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ

5. ਸ੍ਰੀਮਤੀ ਰੂਪ ਰਾਣੀ ਵਿਧਵਾ ਸ੍ਰੀ ਸੁਰਿੰਦਰ ਪਾਲ ਅਲੀਆਸ ਕੇਸਰ ਦਾਸ, ਪਿੰਡ ਤੇ ਡਾਕਖਾਨਾ ਕੈਂਨਟਾਂ ਹੁਸ਼ਿਆਰਪੁਰ ।

6. ਸ੍ਰੀਮਤੀ ਹਰਚਰਨ ਕੌਰ ਵਿਧਵਾ ਸ੍ਰੀ ਰਵੇਲ ਸਿੰਘ, ਪਿੰਡ ਡੇਲਰੋਂ ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ।

7. ਸ੍ਰੀਮਤੀ ਜਨਕ ਦੁਲਾਰੀ ਵਿਧਵਾ ਧਨਵੀਰ ਚੰਦ, ਪਿੰਡ ਤਿਲ੍ਹਵਾਲ, ਡਾਕਖਾਨਾ ਖੁਨ ਖੁਨ ਕਲਾਂ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ

6. **ਜਲੰਧਰ :**

1. ਸ੍ਰੀਮਤੀ ਚਰਨਜੀਤ ਕੌਰ ਵਿਧਵਾ ਸ੍ਰੀ ਊਧਰ ਸਿੰਘ ਪਿੰਡ ਸਾਮੀ, ਡਾਕਖਾਨਾ ਖੁਜਰਾਲਾ, ਤਹਿਸੀਲ ਤੇ ਜਿਲ੍ਹਾ ਜਲੰਧਰ ।

2. ਸ੍ਰੀਮਤੀ ਕਮਲਾ ਰਾਣੀ ਵਿਧਵਾ ਸ੍ਰੀ ਮੋਹਨ ਲਾਲ ਪਿੰਡ ਮਲੀਆਂ ਖੁਰਦ, ਡਾਕਖਾਨਾ ਤਲਵੰਡੀ, ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ।

3. ਸ੍ਰੀਮਤੀ ਨੀਲਮ ਬਜਾਜ ਵਿਧਵਾ ਸ੍ਰੀ ਜੰਗ ਬਹਾਦਰ, 97 ਆਦਰਸ਼ ਨਗਰ, ਜਲੰਧਰ ।

4. ਸ੍ਰੀਮਤੀ ਪੁਸ਼ਪਾ ਰਾਣੀ ਵਿਧਵਾ ਸ੍ਰੀ ਕ੍ਰਿਸ਼ਨ ਲਾਲ. ਪਿੰਡ ਕਲਿਆਨਪੁਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ।

5. ਸ੍ਰੀਮਤੀ ਸੋਮਾ ਰਾਣੀ ਵਿਧਵਾ ਸ੍ਰੀ ਜੀਤ ਮੋਹਨ ਪਾਸੀ, ਨਵਾਂ ਬਜ਼ਾਰ ਫਲੌਰ, ਜਲੰਧਰ ।

6. ਸ੍ਰੀਮਤੀ ਸ਼ਾਂਤੀ ਦੇਵੀ ਵਿਧਵਾ ਸ੍ਰੀ ਸ਼ਾਜਨ ਲਾਲ ਡਬਲਿਊ. ਐਸ 243 ਬਸਤੀ ਸ਼ੇਖ, ਜਲੰਧਰ ।

7. ਸ੍ਰੀਮਤੀ ਊਸ਼ਾ ਪਾਠਕ ਵਿਧਵਾ ਸ੍ਰੀ ਸ਼ਤੀਸ਼ ਕੁਮਾਰ ਪਾਠਕ, ਗੀਤਾ ਮੰਦਰ, ਜਲੰਧਰ ।

8. ਸ੍ਰੀਮਤੀ ਵੀਨਾ ਙਿੰਗਾਰੀ ਵਿਧਵਾ ਸੁਭਾਸ਼ਚੰਦਰ ਮਕਾਨ ਨੰ : 865 ਵਾਰਡ ਨੰ : 5 ਆਦਮ ਪੁਰ, ਜਲੰਧਰ ।

[ਮਾਲ ਅਤੇ ਪੁਨਰਵਾਸ ਮੰਤਰੀ]

ਕ੍ਰਮ ਨੰ :	ਨਾਂ ਅਤੇ ਪਤਾ

9. ਸ੍ਰੀਮਤੀ ਸਤੀਸ਼ ਕੁਮਾਰੀ ਕੋਛੜ ਵਿਧਵਾ ਸ੍ਰੀ ਕੇਸ਼ਵ ਚੰਦਰ ਕੋਛੜ, ਪਿੰਡ ਸਲੋਚਨ, ਡਾਕਖਾਨਾ ਸ਼ਾਹਕੋਟ, ਜ਼ਿਲ੍ਹਾ ਜਲੰਧਰ ।

10. ਸ੍ਰੀਮਤੀ ਕਮਲੇਸ਼ ਰਾਣੀ ਵਿਧਵਾ ਪ੍ਰਵੀਨ ਕੁਮਾਰ ਗੁਪਤਾ, ਮੁਹੱਲਾ ਕੌਂਡਾ, ਨੇੜੇ ਜਨਤਾ ਮਾਡਲ ਸਕੂਲ, ਕਰਤਾਰਪੁਰ, ਜਿਲ੍ਹਾ ਜਲੰਧਰ ।

7. **ਪਟਿਆਲਾ :**

1. ਸ੍ਰੀਮਤੀ ਬੰਤ ਕੌਰ ਵਿਧਵਾ ਸ੍ਰੀ ਜੰਡੂ ਰਾਮ, ਪਿੰਡ ਦਮਨਹੇੜੀ, ਡਾਕਖਾਨਾ ਤੇ ਤਹਿਸੀਲ ਰਾਜਪੁਰਾ ਜ਼ਿਲ੍ਹਾ ਪਟਿਆਲਾ ।

2. ਸ੍ਰੀਮਤੀ ਸਵਿਤਰੀ ਦੇਵੀ ਵਿਧਵਾ ਸ੍ਰੀ ਵਲੈਤੀ ਰਾਮ, ਪਿੰਡ ਤੇ ਡਾਕਖਾਨਾ ਬਲਵੇਹੜਾ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ।

3. ਸ੍ਰੀਮਤੀ ਸੁਸ਼ੀਲ ਸਾਹੀ ਵਿਧਵਾ ਸ੍ਰੀ ਸਰਜੀਵਨ ਸਾਹੀ ਮਕਾਨ ਨੰ: 2223/2 ਹਕੀਮਾਂ ਸਟਰੀਟ, ਨਜ਼ਦੀਕ ਛੱਤਾ ਮੰਗਲੀ ਰਾਮ, ਪਟਿਆਲਾ ।

4. ਸ੍ਰੀਮਤੀ ਪ੍ਰਕਾਸ਼ ਕੌਰ ਵਿਧਵਾ ਸ੍ਰੀ ਗੁਰਮੇਲ ਸਿੰਘ, ਮਕਾਨ ਨੰ : 344, ਦਸਮੇਸ਼ ਨਗਰ, ਪਟਿਆਲਾ ।

5. ਸ੍ਰੀਮਤੀ ਕ੍ਰਿਸ਼ਨਾ ਦੇਵੀ ਵਿਧਵਾ ਸ੍ਰੀ ਅਮਰ ਨਾਥ, ਹੀਜੜਾ ਮਹੱਲਾ ਪਾਤੜਾਂ, ਜਿਲ੍ਹਾ ਪਟਿਆਲਾ ।

6. ਸ੍ਰੀਮਤੀ ਨੀਲਮ ਸੂਦ ਵਿਧਵਾ ਸ੍ਰੀ ਅਰੁਨ ਕੁਮਾਰ ਸੂਦ ਐਫ/59 ਰਾਜਪੁਰਾ ਕਲੋਨੀ, ਪਟਿਆਲਾ ।

7. ਸ੍ਰੀਮਤੀ ਸ਼ਾਂਤੀ ਦੇਵੀ ਵਿਧਵਾ ਸ੍ਰੀ ਬਨਾਰਸੀ ਦਾਸ, ਪਿੰਡ ਤੇ ਡਾਕਖਾਨਾ ਬਲਵੇਹੜਾ ਤਹਿਸੀਲ ਤੇ ਜ਼ਿਲ੍ਹਾ ਪਟਿਆਲਾ ।

8. ਸ੍ਰੀਮਤੀ ਰਾਜ ਰਾਣੀ ਵਿਧਵਾ ਸ੍ਰੀ ਮਧੂ ਸੂਦਨ ਜੋਸ਼ੀ, ਮਕਾਨ ਨੰ: 21, ਅਨੰਦ ਨਗਰ-ਬੀ-ਤ੍ਰਿਪੜੀ ਟਾਊਨ, ਪਟਿਆਲਾ ।

8. **ਸੰਗਰੂਰ :**

1. ਸ੍ਰੀਮਤੀ ਹਰਬੰਸ ਕੌਰ ਵਿਧਵਾ ਸ੍ਰੀ ਅਵਤਾਰ ਸਿੰਘ, ਪਿੰਡ ਥਲੇਸ, ਤਹਿਸੀਲ ਤੇ ਜ਼ਿਲ੍ਹਾ ਸੰਗਰੂਰ ।

2. ਸ੍ਰੀਮਤੀ ਜਸਵਿੰਦਰ ਕੌਰ ਵਿਧਵਾ ਸ੍ਰੀ ਜਗਮੇਲ ਸਿੰਘ, ਪਿੰਡ ਘਨੌਰ ਖੁਰਦ, ਤਹਿਸੀਲ ਮਲੇਰ ਕੋਟਲਾ, ਜ਼ਿਲ੍ਹਾ ਸੰਗਰੂਰ ।

3. ਸ੍ਰੀਮਤੀ ਪ੍ਰਸਿੰਨ ਦੇਵੀ ਵਿਧਵਾ ਸ੍ਰੀ ਜਸਦੇਵ ਆਰ. ਓ. ਭਦੌੜ, ਤਹਿਸੀਲ ਬਰਨਾਲਾ, ਸੰਗਰੂਰ ।

4. Smt. Karnail Kaur wd/o Sh. Gurcharan Singh R/o Mazoran Wala Mohalla, Sunam.

Sr. No.	Name and address

9. **Kapurthala:**

1. Smt. Rai Rani Kaourcha Wd/o Sh. Prem Nath Kourcha, Mandi Road Sultanpur Lodhi Distt. Kapurthala.

2. Smt. Durshan Kaur Wd/o Sh. Balwinder Singh, Vill. Qograwala, Teh. & Distt. Kapurthala.

3. Smt. Bhajan Kaur Wd/o Sh. Shishan Singh Vill. Jallospur Teh. Sultanpur Lodhi.

4. Smt. Amar Kaur, Wd/o Sh. Bakhshish Singh, Vill. Changawan Teh. & Distt. Kapurthala.

10. **Ludhianaia** : Nil

11. **Ropar:** Nil

12. **Faridkot:**

1. Smt. Gurjeet Kaur Wd/o Sh. Ram Parkash Singh H.No. 1539 Street No. 2 Nam Dev Nagar, Mukatsar.

2. Smt. Suman Bala Wd/o Sh. Om Prakash Midda C/O Lok Nath Taneja, College Road, Malot.

3. Smt. Gurmeet Kaur Wd/o Sh. Kulwant Singh Jan Street, Faridkot.

4. Smt. Kamlesh Rani Wd/o Sh. Pawan Kumar, Malot Mandi, Teh. Mukatsar.

5. Smt. Krishna Devi Wd/o Sh Vashamber Lal Malot, Teh. Mukatsar

6. Smt. Krishana Devi Wd/o Sh. Gopi Chand, C/o Gulshan Hand Loom Gha Mandi, Mukatsar.

7. Smt. Svitra Devi Wd/o Sh. Mohan Lal, Abohar Road Mukatsar, Distt. Faridkot.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੈਂ ਸੁਆਲ ਕੀਤਾ ਸੀ ਵਿਡੋਜ਼ ਪੈਨਸ਼ਨ ਬਾਰੇ ਔਰ ਬੜਾ ਕਲੀਅਰ ਹੈ, ਪਰ ਜਵਾਬ ਮਿਲਿਆ ਹੈ ਵਿੱਤੀ ਸਹਾਇਤਾ। ਮੈਂ ਮਹਿਸੂਸ ਕਰਦਾ ਹਾਂ ਕਿ 'ਸੁਆਲ ਗੰਦਮ ਜਵਾਬ ਚਨਾ'। ਇਹ ਸਿੱਧਾ ਦਸ ਦੇਣ ਜੇਕਰ ਪੈਨਸ਼ਨ ਦਿੱਤੀ ਹੈ ਤਾਂ ਦਸਣ। 152 ਵਿਡੋਜ਼ ਨੂੰ ਮਾਲੀ ਸਹਾਇਤਾ ਦਿੱਤੀ ਹੈ ਇਹ 20 ਹਜ਼ਾਰ ਰੁਪਿਆ ਦਿੱਤੀ ਹੈ ਜਾਂ ਢਾਈ ਸੌ ਰੁਪਏ ਮਹੀਨਾ ਮਨਜ਼ੂਰ ਕੀਤਾ ਹੈ ?

ਮਾਲ ਅਤੇ ਪੁਨਰਵਾਸ ਮੰਤਰੀ : ਡਾਕਟਰ ਸਾਹਿਬ ਬੜੇ ਪੁਰਾਣੇ ਸਤਿਕਾਰਯੋਗ ਮੈਂਬਰ ਹਨ, ਉਹ ਪੈਨਸ਼ਨ ਜਿਹੜੀ ਹੈ ਉਹ ਕਿਸੇ ਖਾਸ ਲੰਮੀ ਸੇਵਾ ਕਰਨ ਤੋਂ ਬਾਅਦ ਦਿੱਤੀ ਜਾਂਦੀ ਹੈ। ਇਸ ਲਈ ਮੰਥਲੀ ਵਿੱਤੀ ਸਹਾਇਤਾ ਦਾ ਸ਼ਬਦ ਵਰਤਿਆ ਹੈ। ਜੋ ਮੈਂ ਲਿਸਟ ਦਿਤੀ ਹੈ ਉਨ੍ਹਾਂ ਨੂੰ 250 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਏਗਾ। ਜੋ ਮੈਂ ਲਿਸਟ ਦਿਤੀ ਹੈ ਕਿਉਂਕਿ ਇਹ ਫੈਸਲਾ 16 ਜਨਵਰੀ, 1987 ਤੋਂ ਅਸੀਂ ਲਾਗੂ ਕੀਤਾ ਹੈ ਔਰ ਨੋਟੀਫਿਕੇਸ਼ਨ ਹੋਈ ਹੈ, ਇਸ ਦੌਰਾਨ ਜੋ ਅਸੀਂ ਇਨ੍ਹਾਂ ਨੂੰ ਦੇ ਸਕੇ ਹਾਂ ਜਾਂ 31 ਮਾਰਚ ਤਕ ਦੇ ਦਿਆਂਗੇ, ਇਹ ਉਨ੍ਹਾਂ ਦੀ ਲਿਸਟ ਹੈ।

ਡਾਕਟਰ ਕੇਵਲ ਕ੍ਰਿਸ਼ਨ : ਮੈਨੂੰ ਖੁਸ਼ੀ ਹੈ ਕਿ ਇਨ੍ਹਾਂ ਨੇ ਕਿਹਾ ਹੈ ਕਿ ਪੈਨਸ਼ਨ ਦਿੱਤੀ ਹੈ ਮੈਂ ਜਾਣਨਾ ਚਾਹੁੰਦਾ ਕਿ ਕਿੰਨੀਆਂ ਵਿਡੋਜ਼ ਨੂੰ ਪੈਨਸ਼ਨ ਦਿੱਤੀ ਜਾ ਚੁੱਕੀ ਹੈ, ਕਿੰਨੇ ਕੇਸਿਜ਼ ਪੈਂਡਿੰਗ ਹਨ ਔਰ ਕਿੰਨੀਆਂ ਟੋਟਲ ਵਿਡੋਜ਼ ਹਨ ਜੋ ਇਸ ਪੈਨਸ਼ਨ ਦੇ ਕਾਬਲ ਹਨ ?

ਸ੍ਰੀ ਸਪੀਕਰ : ਡਾਕਟਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ 250 ਰੁਪਏ ਪ੍ਰਤੀ ਮਹੀਨਾ ਉਨ੍ਹਾਂ ਨੂੰ ਰੂਲਜ਼ ਜੋ ਗੌਰਮਿੰਟ ਨੇ ਬਣਾਏ ਹਨ ਉਸ ਮੁਤਾਬਿਕ ਉਹ ਫਾਈਨਾਂਸ਼ਲ ਅਸਿਸਟੈਂਸ ਦਿੱਤੀ ਜਾਏਗੀ। ਉਨ੍ਹਾਂ ਨੇ ਸੁਆਲ ਦਾ ਉੱਤਰ ਤਾਂ ਇਹੀ ਠੀਕ ਦਿਤਾ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਬਾਕੀ ਜਵਾਬ ਵੀ ਦੇ ਦਿੰਦਾ ਹਾਂ। ਡਾਕਟਰ ਸਾਹਿਬ ਹੁਣ ਤਕ ਜਿੰਨੇ ਵਿਅਕਤੀ ਅਤਿਆਚਾਰਾਂ ਤੋਂ ਪ੍ਰਭਾਵਿਤ ਹੋਏ ਹਨ ਉਨ੍ਹਾਂ ਵਿਚੋਂ 274 ਦੀਆਂ ਦਰਖਾਸਤਾਂ ਆਈਆਂ ਸਨ। ਉਨ੍ਹਾਂ ਵਿਚੋਂ 154 ਮਨਜ਼ੂਰ ਹੋ ਚੁਕੀਆਂ ਹਨ, 94 ਨਾ-ਮਨਜ਼ੂਰ ਹੋ ਚੁਕੀਆਂ ਹਨ। 26 ਕੇਸਿਜ਼ ਵਿਚਾਰ ਅਧੀਨ ਹਨ ਔਰ ਉਨ੍ਹਾਂ ਵਿਚੋਂ ਜਿਸ ਤਰ੍ਹਾਂ ਮੈਂ ਪਹਿਲਾਂ ਜਵਾਬ ਦਿੱਤਾ ਹੈ 5 ਨੂੰ ਪੈਨਸ਼ਨ ਮਿਲ ਚੁਕੀ ਹੈ, ਬਾਕੀਆਂ ਨੂੰ 31 ਮਾਰਚ ਤਕ ਅਜ ਦੇ ਦੇਣੀ ਹੈ ਜਾਂ ਕੱਲ੍ਹ ਨੂੰ ਦੇ ਦਿਆਂਗੇ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਇਹ 5 ਵਿਡੋਜ਼ ਨੂੰ ਪੈਨਸ਼ਨ ਦੇ ਸਕੇ ਹਨ। ਮੈਂ ਇਹ ਜਾਣਨਾ ਚਾਹਾਂਗਾ ਕਿ ਇਨ੍ਹਾਂ ਨੇ ਜਿਹੜੀ ਐਪਲੀਕੇਸ਼ਨਾਂ ਦੀ ਗਲ ਕੀਤੀ ਹੈ ਕਿ ਜਿਨ੍ਹਾਂ ਨੇ ਐਪਲੀਕੇਸ਼ਨਾਂ ਦਿੱਤੀਆਂ ਕੀ ਇਹ ਇਸ ਐਪਲੀਕੇਸ਼ਨਾਂ ਵਾਲੇ ਸਿਸਟਮ ਨੂੰ ਖਤਮ ਕਰਕੇ ਜਿੰਨੀਆਂ ਇਸਤਰੀਆਂ ਟੈਰੋਰਿਸਟਸ ਦੀਆਂ ਐਕਟੀਵਿਟੀਜ਼ ਨਾਲ ਵਿਡੋਜ਼ ਹੋ ਜਾਂਦੀਆਂ ਹਨ, ਜਿਥੇ ਇਹ ਯੋਗ ਸਮਝਦੇ ਹਨ, ਕੀ ਉਨ੍ਹਾਂ ਸਾਰਿਆਂ ਨੂੰ ਪੈਨਸ਼ਨ ਦੇਣ ਵਾਸਤੇ ਸਰਕਾਰ ਖੁਦ ਪ੍ਰਬੰਧ ਕਰੇਗੀ ਜਿਵੇਂ ਕਿ ਫਾਈਨਾਂਸ਼ਿਅਲ ਅਸਿਸਟੈਂਸ 20—20 ਹਜ਼ਾਰ ਰੁਪਏ ਡਿਪਟੀ ਕਮਿਸ਼ਨਰ ਖੁਦ ਜਾ ਕੇ ਘਰ ਦੇ ਆਉਂਦਾ ਹੈ, ਕੀ ਇਸੇ ਤਰ੍ਹਾਂ ਇਹ ਪੈਨਸ਼ਨ ਦਾ ਵੀ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਕਈ ਕੇਸਾਂ ਵਿਚ ਜਿਨ੍ਹਾਂ ਨੂੰ ਨੌਕਰੀ ਦਿੱਤੀ ਜਾਂਦੀ ਹੈ ਉਨ੍ਹਾਂ ਨੂੰ ਪੈਨਸ਼ਨ ਨਹੀਂ ਦਿੱਤੀ ਜਾਂਦੀ। ਫਿਰ ਫੈਸਲਾ ਪੰਜਾਬ ਸਰਕਾਰ ਨੇ ਕੀਤਾ ਸੀ। ਜਿਨ੍ਹਾਂ ਨੂੰ ਹੋਰ ਕਿਸੇ ਸਾਧਨ ਤੋਂ ਪੈਨਸ਼ਨ ਮਿਲਦੀ ਹੈ ਉਨ੍ਹਾਂ ਨੂੰ ਵੀ ਵਿੱਤੀ ਸਹਾਇਤਾ ਨਹੀਂ ਦਿਤੀ ਜਾਂਦੀ। ਇਸ ਲਈ ਇਹ ਫੈਸਲਾ ਕੀਤਾ ਸੀ ਕਿ ਅਰਜ਼ੀਆਂ ਲਈ ਜਾਣ। ਜਿਹੜੇ ਨੌਕਰੀ ਪ੍ਰਾਪਤ ਕਰ ਲੈਣਗੇ ਉਨ੍ਹਾਂ ਨੂੰ ਵੀ ਨਹੀਂ ਮਿਲੇਗੀ ਜਾਂ ਜਿਸ ਵੇਲੇ ਪ੍ਰਾਪਤ ਕਰ ਲੈਣਗੇ ਉਸ ਤੋਂ ਬਾਅਦ ਨਹੀਂ ਮਿਲੇਗੀ।

ਸਰਦਾਰ ਕਿਰਪਾਲ ਸਿੰਘ : ਮੈਂ ਇਸ ਫੈਸਲੇ ਦੀ ਸਰਾਹਨਾ ਕਰਦਾ ਹਾਂ ਕਿ ਸਰਕਾਰ ਨੇ ਇਹ ਫੈਸਲਾ ਕੀਤਾ ਹੈ। ਇਸ ਦਾ ਮੁਕਾਬਲਾ ਮੈਂ ਉਨ੍ਹਾਂ ਵਿਧਵਾਵਾਂ ਨਾਲ ਕਰਦਾ ਹਾਂ ਜਿਹੜੀਆਂ ਕਿ ਫੋਰਸਿਜ਼ ਦੇ ਹੱਥੋਂ ਉਨ੍ਹਾਂ ਦੇ ਆਦਮੀ ਮਾਰੇ ਗਏ ਔਰ ਉਹ ਮਾਸੂਮ ਸਾਬਤ ਹੋ ਚੁੱਕੇ ਹਨ, ਕੀ ਬਿਲਕੁਲ ਉਸੇ ਪਰੋਸੀਜਰ ਤੋਂ ਉਨ੍ਹਾਂ ਵਿਧਵਾਵਾਂ ਨੂੰ ਵੀ ਸਹਾਇਤਾ ਦੇਣ ਦਾ ਪ੍ਰਬੰਧ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਅੱਗੇ ਵੀ 2-3 ਵਾਰੀ ਸਵਾਲ ਆਇਆ ਹੈ ਤਾਂ ਮੈਂ ਦਸਿਆ ਹੈ ਕਿ ਅਸੀਂ ਅਜਿਹੇ ਕੇਸਾਂ ਵਿਚ 3 ਕਰੋੜ 24 ਲੱਖ ਰੁਪਏ ਦੀ ਸਹਾਇਤਾ ਦੇ ਚੁਕੇ ਹਾਂ ਔਰ ਟੈਰੋਰਿਸਟਸ ਦੇ ਹੱਥੋਂ ਮਰਨ ਵਾਲਿਆਂ ਨੂੰ 2 ਕਰੋੜ 73 ਲੱਖ ਦੇ ਚੁਕੇ ਹਾਂ। ਬਾਕੀ ਜੇ ਇਹ ਪਹਿਲੇ ਨੋਟਿਸ ਵਿਚ ਲਿਆਉਂਦੇ ਤਾਂ ਅਸੀਂ ਜ਼ਰੂਰ ਵਿਚਾਰ ਕਰਦੇ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੈਂ ਪੁਛਿਆ ਸੀ ਕਿ ਉਹ ਆਦਮੀ ਜਿਹੜੇ ਮਾਸੂਮ ਸਾਬਤ ਹੋ ਚੁੱਕੇ ਹਨ ਜਿਹੜੇ ਪੰਜਾਬ ਪੁਲਿਸ, ਸੀ. ਆਰ. ਪੀ. ਜਾਂ ਆਰਮੀ ਦੇ ਹੱਥੋਂ ਮਾਰੇ ਗਏ ਸਨ, ਕੀ ਉਨ੍ਹਾਂ ਦੀਆਂ ਵਿਧਵਾਵਾਂ ਨੂੰ ਵੀ ਉਸੇ ਪਰੋਸੀਜਰ ਤੇ ਸਹਾਇਤਾ ਦੇਣ ਦਾ ਪੈਟਰਨ ਅਡਾਪਟ ਕਰਨਗੇ ?

ਸ੍ਰੀ ਸਪੀਕਰ : ਇਸ ਦਾ ਜਵਾਬ ਉਹ ਦੇ ਚੁੱਕੇ ਹਨ।

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦਸ ਚੁੱਕਾ ਹਾਂ ਕਿ ਜਿਹੜੇ ਦਰਬਾਰ ਸਾਹਿਬ ਕੰਪਲੈਕਸ ਦੇ ਅੰਦਰ ਮਾਰੇ ਗਏ ਸਨ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ 20–20 ਹਜ਼ਾਰ ਰੁਪਏ ਦੀ ਸਹਾਇਤਾ ਦਿਤੀ ਹੈ। ਇਸੇ ਤਰ੍ਹਾਂ ਦਰਬਾਰ ਸਾਹਿਬ ਦੇ ਏਰੀਏ ਵਿਚ ਜਿਨ੍ਹਾਂ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਸਾਰਿਆਂ ਨੂੰ 3 ਕਰੋੜ 24 ਲੱਖ ਰੁਪਏ ਦੀ ਸਹਾਇਤਾ ਦੇ ਚੁਕੇ ਹਾਂ। ਬਾਕੀ ਜੋ ਇਹ ਦਸਦੇ ਹਨ ਅਸੀਂ ਉਸ ਤੇ ਵੀ ਵਿਚਾਰ ਕਰ ਲਵਾਂਗੇ। ਅਸੀਂ ਤਾਂ ਭਾਈ ਕਨ੍ਹਈਆ ਵਰਗੇ ਹਾਂ ਜਿਸ ਦਾ ਭਲਾ ਹੋ ਸਕਦਾ ਹੈ ਉਹ ਕੀਤਾ ਜਾਵੇ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਉਨ੍ਹਾਂ ਵਲੋਂ ਬਹੁਤ ਸਾਰੇ ਕੇਸਿਜ਼ ਹਨ ਜਿਨ੍ਹਾਂ ਦੀ ਮਾਲੀ ਹਾਲਤ ਬਹੁਤ ਮਾੜੀ ਹੋ ਗਈ ਹੈ, ਜਿਨ੍ਹਾਂ ਦਾ ਕੋਈ ਕਮਾਉਣ ਵਾਲਾ ਨਹੀਂ ਰਿਹਾ। ਮੈਂ ਦਸਦਾ ਹਾਂ ਕਿ ਮੇਰੇ ਹਲਕੇ ਵਿਚ ਹੀ ਇਕ ਅਯੋਧਿਆ ਪ੍ਰਸ਼ਾਦ ਨਾਂ ਦੇ ਆਦਮੀ ਨੂੰ ਮਾਰਿਆ ਗਿਆ ਸੀ। ਉਸ ਦੀ ਔਰਤ ਵਿਧਵਾ ਹੋ ਗਈ। ਉਸ ਦੇ ਚਾਰ ਲੜਕੇ ਲੜਕੀਆਂ ਛੋਟੇ ਛੋਟੇ ਹਨ। 250 ਰੁਪਏ ਨਾਲ ਉਨ੍ਹਾਂ ਦਾ ਗੁਜ਼ਾਰਾ ਨਹੀਂ ਹੋ ਸਕਦਾ। ਕੀ ਸਰਕਾਰ ਅਜਿਹੇ ਕੇਸਾਂ ਵਿਚ ਕੁਝ ਵੱਧ ਸਹਾਇਤਾ ਕਰੇਗੀ ?

ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਇਨ੍ਹਾਂ ਨੇ ਕੀਤਾ ਸੀ ਉਸੇ ਤਰ੍ਹਾਂ ਹੀ 250 ਰੁਪਿਆ ਚਲਿਆ ਆ ਰਿਹਾ ਹੈ। ਇਸ ਤੋਂ ਇਲਾਵਾ 20–20 ਹਜ਼ਾਰ ਰੁਪਿਆ ਵੀ ਦਿਤਾ ਜਾਂਦਾ ਹੈ। ਅਗਰ ਉਹ 20 ਹਜ਼ਾਰ ਰੁਪਏ ਬੈਂਕ ਵਿਚ ਫਿਕਸਡ ਡੀਪਾਜ਼ਿਟ ਕਰਵਾ ਦਿੱਤੇ ਜਾਣ ਤਾਂ ਉਸ ਉਤੇ 200–250 ਰੁਪਿਆ ਵਿਆਜ ਦਾ ਮਿਲ ਸਕਦਾ ਹੈ। ਡਾਕਟਰ ਸਾਹਿਬ, ਵੀ ਖੁਦ ਫਾਈਨੈਂਸ ਮਨਿਸਟਰ ਰਹੇ ਹਨ ਅਤੇ ਇਹ ਰਕਮ ਇਨ੍ਹਾਂ ਦੇ ਵਕਤ ਦੀ ਫਿਕਸ ਕੀਤੀ ਹੋਈ ਹੈ ਪਰ ਹੁਣ ਇਹ ਆਪ ਨੁਕਤਾਚੀਨੀ ਕਰ ਰਹੇ ਹਨ। ਅਸੀਂ ਬਿਨਾਂ ਕਿਸੇ ਭੇਦ ਭਾਵ ਦੇ ਅਤੇ ਜਿਸ ਉਤੇ ਵੀ ਅਤਿਆਚਾਰ ਹੋਇਆ ਹੋਵੇ ਭਾਵੇਂ ਉਹ ਦਰਬਾਰ ਸਾਹਿਬ ਵਿਚ ਹੋਵੇ, ਚਾਹੇ ਉਹ ਬਾਹਰ ਹੋਇਆ ਹੋਵੇ ਉਸ ਨੂੰ ਪੈਨਸ਼ਨ ਦਿਤੀ ਜਾਵੇਗੀ। ਇਸ ਦੀ ਇਨ੍ਹਾਂ ਨੂੰ ਸ਼ਲਾਘਾ ਕਰਨੀ ਚਾਹੀਦੀ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਕੁਐਸਚਨ ਆਵਰ ਇਨਫਰਮੇਸ਼ਨ ਲੈਣ ਵਾਸਤੇ ਬਣਿਆ ਹੋਇਆ ਹੈ। ਇਹ ਵਜ਼ੀਰ ਸਾਹਿਬ ਦਾ ਰਵੱਈਆ ਠੀਕ ਨਹੀਂ ਹੈ ਕਿ ਅਸੀਂ ਨੁਕਤਾਚੀਨੀ ਕਰ ਰਹੇ ਹਾਂ। ਕਾਂਸਟੀਚਿਊਸ਼ਨ ਵਿਚ ਕੁਐਸਚਨ ਆਵਰ ਦੀ ਪਰੋਵੀਜ਼ਨ ਹੈ ਜਿਸ ਵਿਚ ਕੁਐਸਚਨ ਕੀਤੇ ਜਾ ਸਕਦੇ ਹਨ। ਇਨ੍ਹਾਂ ਨੇ ਦੱਸਿਆ ਹੈ ਕਿ ਜਿਸ ਪਰਿਵਾਰ ਦੇ ਮੈਂਬਰ ਨੂੰ ਨੌਕਰੀ ਮਿਲ ਜਾਵੇਗੀ ਉਸ ਪਰਿਵਾਰ ਨੂੰ ਪੈਨਸ਼ਨ ਨਹੀਂ ਦਿੱਤੀ ਜਾਵੇਗੀ। ਮੇਰਾ ਖਿਆਲ ਹੈ ਕਿ ਵਿਧਵਾ ਨੂੰ ਪੈਨਸ਼ਨ ਮਿਲੇ ਭਾਵੇਂ ਪਰਿਵਾਰ ਦੇ ਕਿਸੇ ਮੈਂਬਰ ਨੂੰ ਨੌਕਰੀ ਮਿਲ ਜਾਵੇ, ਪਰਵਾਸੀ ਪਰਿਵਾਰ ਭਾਵੇਂ ਹੋਵੇ, ਭਾਵੇਂ ਟੈਰੋਰਿਸਟ ਅਫੈਕਟਿਡ ਪਰਿਵਾਰ, ਵਿਧਵਾ ਦਾ ਪਰਿਵਾਰ ਹੋਵੇ, ਉਸ ਪਰਿਵਾਰ ਦੀ ਪੈਨਸ਼ਨ ਕੰਟੀਨਿਊ ਕਰਨੀ ਚਾਹੀਦੀ ਹੈ ਚਾਹੇ ਪਰਿਵਾਰ ਦੇ ਕਿਸੇ ਮੈਂਬਰ ਨੂੰ ਨੌਕਰੀ ਕਿਉਂ ਨਾ ਮਿਲ ਜਾਵੇ ?

ਮੰਤਰੀ: ਸਪੀਕਰ ਸਾਹਿਬ, ਜੋ ਮੌਜੂਦਾ ਪਾਲਿਸੀ ਹੈ, ਉਹ ਮੈਂ ਦੱਸੀ ਹੈ। ਇਸ ਅਨੁਸਾਰ ਅਗਰ ਕਿਸੇ ਪਰਿਵਾਰ ਦੇ ਮੈਂਬਰ ਨੂੰ ਨੌਕਰੀ ਮਿਲ ਜਾਂਦੀ ਹੈ, ਇਹ ਫੈਸਲਾ ਪਹਿਲੀ ਸਰਕਾਰ ਨੇ ਕੀਤਾ ਹੋਇਆ ਹੈ, ਕਿ ਵਿਧਵਾ ਨੂੰ ਪੈਨਸ਼ਨ ਨਹੀਂ ਮਿਲੇਗੀ ਜੇਕਰ ਉਸ ਨੂੰ ਕੋਈ ਏਬਲਡ ਬਾਡੀ ਸਪੋਰਟ ਕਰਨ ਲਈ ਹੈ ਨਹੀਂ ਤਾਂ ਉਸ ਨੂੰ ਪੈਨਸ਼ਨ ਮਿਲਦੀ ਰਹਿੰਦੀ ਹੈ। ਅਸੀਂ ਇਹ ਵੀ ਸ਼ਰਤ ਹਟਾ ਦਿਤੀ ਹੈ। ਇਹੋ ਜਿਹੇ ਪ੍ਰੋਵੀਜ਼ਨ ਰੱਖੇ ਗਏ ਹਨ ਕਿ ਇਨ੍ਹਾਂ ਦੋਨਾਂ ਨੂੰ ਐਟ ਪਾਰ ਰਖਿਆ ਗਿਆ ਹੈ ਜਿਹੜੀ ਪ੍ਰੋਵੀਜ਼ਨ ਪਰਵਾਸੀ ਪਰਿਵਾਰਾਂ ਦੀਆਂ ਵਿਧਵਾਵਾਂ ਨੂੰ ਹੈ ਅਤੇ ਇਸੇ ਤਰ੍ਹਾਂ ਅਤਿਆਚਾਰ ਦੇ ਸ਼ਿਕਾਰ ਹੋਏ ਪਰਿਵਾਰ ਦੀ ਹੈ, ਇਨ੍ਹਾਂ ਨੂੰ ਐਟ ਪਾਰ ਦਿੱਤਾ ਜਾਂਦਾ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ: ਸਪੀਕਰ ਸਾਹਿਬ, ਗੌਰਮਿੰਟ ਦੀ ਪਾਲਿਸੀ ਹੈ ਕਿ ਜਿਹੜੇ ਲੋਕ ਬੇਦੋਸ਼ੇ ਮਾਰੇ ਜਾਂਦੇ ਹਨ ਭਾਵੇਂ ਉਹ ਦਰਬਾਰ ਸਾਹਿਬ ਵਿਚ, ਚਾਹੇ ਇਨਡੀਵੀਜੁਅਲ ਹੋਵੇ, ਚਾਹੇ ਸੀ. ਆਰ. ਪੀ. ਅਤੇ ਬੀ. ਐਸ. ਐਫ. ਦੇ ਨਾਲ ਮਾਰੇ ਜਾਂਦੇ ਹਨ ਉਨ੍ਹਾਂ ਨੂੰ ਪੈਨਸ਼ਨ ਦਿਤੀ ਜਾਵੇਗੀ। ਇਹ ਠੀਕ ਹੈ। ਇਸ ਪਾਲਿਸੀ ਅਧੀਨ 2 ਦਿਨ ਹੋਏ ਬਟਾਲਾ ਅਤੇ ਅੰਮ੍ਰਿਤਸਰ ਵਿਚ ਸੀ. ਆਰ. ਪੀ. ਨੇ 2 ਬੰਦੇ ਮਾਰ ਦਿੱਤੇ ਹਨ। ਇਸੇ ਤਰ੍ਹਾਂ ਬਾਬਾ ਬਕਾਲਾ ਵਿਚ ਸੀ. ਆਰ. ਪੀ. ਨੇ ਬੇਦੋਸ਼ਿਆਂ ਨੂੰ ਮਾਰਿਆ ਹੈ। ਕੀ ਸਰਕਾਰ ਉਨ੍ਹਾਂ ਨੂੰ ਵੀ ਪੈਨਸ਼ਨ ਦੇਵੇਗੀ?

ਮੰਤਰੀ: ਸਪੀਕਰ ਸਾਹਿਬ, ਜਿਥੋਂ ਤਕ ਅਜਿਹਾ ਐਕਸ਼ਨ ਹੋਵੇ, ਅਸੀਂ ਹਰ ਇਕ ਇਨਡੀ-ਵੀਜੁਅਲ ਕੇਸ ਨੂੰ, ਸਾਡਾ ਮਹਿਕਮਾ ਡੀ. ਸੀ. ਰਾਹੀਂ ਵਿਚਾਰਦਾ ਹੈ ਅਤੇ ਅਜਿਹੇ ਕੇਸਿਜ਼ ਦੀਆਂ ਦਰ-ਖਾਸਤਾਂ ਉੱਤੇ ਵਿਚਾਰ ਕੀਤਾ ਜਾਵੇਗਾ।

ਸਰਦਾਰ ਰਣਜੀਤ ਸਿੰਘ ਬਾਲੀਆਂ: ਸਪੀਕਰ ਸਾਹਿਬ, ਪਿਛੇ ਦਰਬਾਰ ਸਾਹਿਬ ਦੇ ਅੰਦਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੰਦੀ ਨੂੰ ਮਾਰਿਆ ਗਿਆ ਸੀ, ਕੀ ਉਸ ਦੇ ਪਰਿਵਾਰ ਦੇ ਮੈਂਬਰਾਂ ਨੂੰ ਫਾਈਨਾਂਸ਼ਿਅਲ ਏਡ ਦਿੱਤੀ ਜਾਵੇਗੀ?

ਮੰਤਰੀ: ਇਸ ਦਾ ਜਵਾਬ ਢੀਂਡਸਾ ਸਾਹਿਬ ਹੀ ਦੇਣਗੇ। ਇਹ ਹੀ ਇਨਚਾਰਜ ਹਨ ਜਦੋਂ ਮੈਂ ਅੰਮ੍ਰਿਤਸਰ ਸ਼੍ਰੋਮਣੀ ਕਮੇਟੀ ਦਾ ਜਨਰਲ ਸੈਕਟਰੀ ਸੀ, ਅਸੀਂ ਦਿੰਦੇ ਸੀ। ਜੇਕਰ ਇਹ ਏਡ ਨਹੀਂ ਦੇਣਗੇ ਤਾਂ ਅਸੀਂ ਜ਼ਰੂਰ ਦੇਵਾਂਗੇ।

Summary Assessment Scheme

*847. **Sardar Balwant Singh Sarhal :** Will the Minister for Finance be pleased to state whether he made any announcement on 13th December, 1986 at Ludhinana about the introduction of Summary Assessment scheme in the State ; if so, the time by which the said scheme is likely to be enforced ?

Sardar Balwant Singh : Yes, please. The modalities are being worked out and the scheme will be enforced shortly.

Mr. Speaker : Next Question. Shri Om Parkash Datta.

Shri Harnam Dass Johar, Advocate : Supplementary, Sir....

Mr. Speaker : I waited. None stood at that time. I have called the next question. Shri Datta

---

Small Scale Units Manufacturing Pipe Fittings,

*798. **Vaid Om Parkash Datta :** Will the Minister for Finance be pleased to state—

(a) the district-wise number of Small Scale Units engaged in the manufacture of pipe fittings in the state;

(b) whether any quota of pig iron is being given to these units if not, the reasons therefor?

ਸਰਦਾਰ ਬਲਵੰਤ ਸਿੰਘ : (ੲ) ਰਾਜ ਵਿਚ ਛੋਟੇ ਉਦਯੋਗ ਜੋ ਕਿ ਪਾਈਪ ਫਿਟਿੰਗ ਦਾ ਕੰਮ ਕਰਦੇ ਹਨ, ਉਨ੍ਹਾਂ ਦੀ ਜ਼ਿਲ੍ਹਾਂ-ਵਾਰ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

(ਬੀ) ਪਿਗ ਆਇਰਨ ਦਾ ਕੋਟਾ ਉਨ੍ਹਾਂ ਛੋਟੇ ਉਦਯੋਗਿਕ ਪਾਈਪ ਫਿਟਿੰਗ ਯੂਨਿਟਾਂ ਨੂੰ ਦਿੱਤਾ ਜਾਂਦਾ ਹੈ। ਜਿਹੜੇ ਕਿ ਕਾਸਟਿੰਗ ਕਰਦੇ ਹਨ ਅਤੇ ਪਿਗ ਆਇਰਨ ਬਤੌਰ ਕੱਚਾ ਮਾਲ ਵਰਤਦੇ ਹਨ ।

LIST

District-wise Number of Small Scale Units Manufacturing Pipe Fittings

Serial No.	Name of the district	Number of units
1.	Jalandhar	830
2.	Ludhiana	43
3.	Gurdaspur	32
4.	Sangrur	16
5.	Patiala	12
6.	Ropar	7
7.	Bhatinda	5
8.	Faridkot	2
9.	Hoshiarpur	1
10.	Kapurthala	6
	Total	954

ਵੈਦ ਓਮ ਪ੍ਰਕਾਸ਼ ਦੱਤਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹਾਂਗਾ ਕਿ ਜਿਹੜਾ ਇਨ੍ਹਾਂ ਨੇ ਟੇਬਲ ਤੇ ਜਵਾਬ ਰਖਿਆ ਹੈ ਇਸ ਵਿਚ ਜਲੰਧਰ ਵਿਚ 830 ਯੂਨਿਟਸ ਕਿਹਾ ਹੈ। ਇਹ ਬਹੁਤ ਜ਼ਿਆਦਾ ਹਨ। ਪੰਜਾਬ ਵਿਚ ਕੁਲ 954 ਯੂਨਿਟਸ ਹਨ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹਾਂਗਾ ਕਿ ਕੀ ਪਿਗ ਆਇਰਨ ਲੋਕਾਂ ਨੂੰ ਰਿਕੁਆਇਰਮੈਂਟਸ ਦੇ ਮੁਤਾਬਿਕ ਦਿਤਾ ਜਾਵੇਗਾ ? ਸਪੀਕਰ ਸਾਹਿਬ, ਪਿਗ ਆਇਰਨ ਦਾ ਹੀ ਸਾਰਾ ਮਸਲਾ ਹੁੰਦਾ ਹੈ ਅਤੇ ਇਹ ਬਹੁਤ ਭਾਰੀ ਮਾਤਰਾ ਵਿਚ ਘੱਟ ਹੈ। ਕੀ ਮੰਤਰੀ ਜੀ ਪਿਗ ਆਇਰਨ ਦਿਵਾਉਣ ਦੀ ਖੇਚਲ ਕਰਨਗੇ ?

ਮੰਤਰੀ : ਸਪੀਕਰ ਸਾਹਿਬ, ਜਲੰਧਰ ਵਿਚ 830 ਯੂਨਿਟਸ ਹਨ। ਇਹ ਗੱਲ ਬਿਲਕੁਲ ਸਹੀ ਹੈ ਕਿ ਜਿਤਨਾ ਪਿਗ ਆਇਰਨ ਚਾਹੀਦਾ ਹੈ ਉਤਨਾ ਸਾਨੂੰ ਮਿਲਦਾ ਨਹੀਂ ਹੈ। ਸਪੀਕਰ ਸਾਹਿਬ, ਅਸੀਂ ਸਮਾਲ ਸਕੇਲ ਇੰਡਸਟਰੀ ਦੇ ਥਰੂ ਪਿਗ ਆਇਰਨ ਮੰਗਦੇ ਹਾਂ ਔਰ ਸਾਡੀ ਕੋਸ਼ਿਸ਼ ਹੈ ਕਿ ਇਹ ਜ਼ਿਆਦਾ ਮਿਲੇ। ਇਸ ਬਾਰੇ ਅਸੀਂ ਗੌਰਮਿੰਟ ਆਫ ਇੰਡੀਆ ਤੇ ਜ਼ੋਰ ਪਾ ਰਹੇ ਹਾਂ ਕਿ ਜ਼ਿਆਦਾ ਮਿਲੇ ।

ਵੈਦ ਓਮ ਪ੍ਰਕਾਸ਼ ਦੱਤਾ: ਜਿਹੜਾ ਸਮਾਲ ਸਕੇਲ ਇੰਡਸਟਰੀ ਤੋਂ ਪਿਗ ਆਇਰਨ ਲੈਂਦੇ ਹਾਂ ਇਸ ਦਾ ਰੇਟ ਬਹੁਤ ਜ਼ਿਆਦਾ ਹੈ। ਦੂਸਰਾ ਇਸ ਦੇ ਮੁਕਾਬਲੇ ਹਿੰਦੁਸਤਾਨ ਸਟੀਲ ਕੰਪਨੀ ਦਾ ਬਹੁਤ ਸਸਤੇ ਰੇਟ ਤੇ ਮਾਲ ਮਿਲਦਾ ਹੈ। ਕੀ ਪੰਜਾਬ ਦੇ ਲੋਕਾਂ ਨੂੰ ਉਸ ਕੰਪਨੀ ਤੋਂ ਮਾਲ ਲੈਣ ਦੀ ਇਜਾਜ਼ਤ ਪੰਜਾਬ ਸਰਕਾਰ ਦੇਵੇਗੀ ?

ਮੰਤਰੀ : ਸਪੀਕਰ ਸਾਹਿਬ, ਸਮਾਲ ਸਕੇਲ ਇੰਡਸਟਰੀ ਕਿਸ ਰੇਟ ਤੇ ਦਿੰਦੀ ਹੈ ਔਰ ਇਹ ਕੰਪਨੀ ਕਿਸ ਰੇਟ ਤੇ ਦਿੰਦੀ ਹੈ, ਇਸ ਡਿਸਕਰੀਪੈਂਸੀ ਨੂੰ ਚੈਕ ਅਪ ਕਰ ਲਵਾਂਗੇ। ਜਲੰਧਰ ਵਾਲੇ ਆਪਣੀ ਐਸੋਸੀਏਸ਼ਨ ਬਣਾ ਲੈਣ ਜਿਸ ਤਰ੍ਹਾਂ ਬਟਾਲੇ ਵਾਲਿਆਂ ਨੇ ਵੀ ਬਣਾਈ ਹੈ। ਅਸੀਂ ਫਿਰ ਰਿਕੁਮੈਂਡ ਕਰ ਦੇਵਾਂਗੇ ਕਿ ਐਸੋਸੀਏਸ਼ਨਾਂ ਪਿਗ ਆਇਰਨ ਸਿਧਾ ਮਾਲ ਲੈ ਸਕਣ।

ਸਰਦਾਰ ਕਿਰਪਾਲ ਸਿੰਘ : ਸਪੀਕਰ ਸਾਹਿਬ, ਜਿਹੜੀ ਇਹ ਮਨਾਪਲੀ ਕਾਸਟਿੰਗ ਕਰਨ ਵਾਲਿਆਂ ਦੀ ਹੈ ਪਿਗ ਆਇਰਨ ਦੀ ਬੜੀ ਹੀ ਐਕਸਪਲਾਇਟੇਸ਼ਨ ਹੁੰਦੀ ਹੈ। ਝੂਠੀਆਂ ਭੱਠੀਆਂ ਬਣਾ ਕੇ ਕੰਮ ਕੀਤਾ ਜਾਂਦਾ ਹੈ। ਇਹ ਤਿੰਨ ਚਾਰ ਦਫਾ ਹੋ ਚੁੱਕਾ ਹੈ। ਜਿਹੜੇ ਜੈਨੂਅਨ ਵਰਕਰ ਕੰਮ ਕਰਨ ਵਾਲੇ ਹਨ ਉਨ੍ਹਾਂ ਨੂੰ ਕੋਟਾ ਨਹੀਂ ਮਿਲਦਾ। ਕੀ ਮੰਤਰੀ ਸਾਹਿਬ ਇਸ ਤੇ ਕਾਰਵਾਈ ਕਰਨਗੇ ਕਿ ਪਿਗ ਆਇਰਨ ਦਾ ਕੋਟਾ ਉਨ੍ਹਾਂ ਜੈਨੂਅਨ ਲੋਕਾਂ ਨੂੰ ਮਿਲ ਜਾਏ ? ਕੀ ਮੰਤਰੀ ਜੀ ਇਸ ਬਾਰੇ ਉਚੇਚਾ ਪ੍ਰਬੰਧ ਕਰਨਗੇ ਕਿ ਬੋਗਸ ਕੋਟੇ ਬੰਦ ਹੋਣ ?

ਮੰਤਰੀ : ਸਪੀਕਰ ਸਾਹਿਬ, ਜੇਕਰ ਆਨਰੇਬਲ ਮੈਂਬਰ ਸਾਹਿਬ ਕੋਲ ਕੋਈ ਇਨਫ਼ਰਮੇਸ਼ਨ ਹੋਵੇ ਤਾਂ ਉਹ ਦੇ ਦੇਣ ਅਸੀਂ ਉਸਦੀ ਇਨਕੁਆਇਰੀ ਕਰਵਾ ਲਵਾਂਗੇ। ਮੈਂ ਇਸ ਕਿਸਮ ਦੀ ਇਨਕੁਆਇਰੀ ਕਰਵਾਉਣ ਲਈ ਤਿਆਰ ਹਾਂ ਕਿ ਇਹੋ ਜਿਹਾ ਕੋਟਾ ਕਟ-ਆਊਟ ਹੋਣਾ ਚਾਹੀਦਾ ਹੈ ।

ਸ੍ਰੀ ਅਸ਼ਵਨੀ ਸੇਖੜੀ : ਜਿਹੜੀ ਪੰਜਾਬ ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਹੈ, ਉਹ ਪਿਗ ਆਇਰਨ ਦਿੰਦੀ ਹੈ। ਕੀ ਉਹ ਨੋ ਪ੍ਰਾਫਿਟ ਨੋ ਲਾਸ ਬੇਸਿਜ਼ ਤੇ ਕੰਮ ਕਰੇਗੀ ? (ਵਿਘਨ)

ਸ੍ਰੀ ਸਪੀਕਰ : ਤੁਸੀਂ ਦੁਬਾਰਾ ਕੁਐਸਚਨ ਕਰ ਦਿਓ।

ਸ੍ਰੀ ਅਸ਼ਵਨੀ ਸੇਖੜੀ : ਸਪੀਕਰ ਸਾਹਿਬ, ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਮਾਲ ਸਪਲਾਈ ਕਰਨ ਵੇਲੇ 100-150 ਰੁਪਿਆ ਟਨ ਮਗਰ ਕਮਿਸ਼ਨ ਲੈਂਦੀ ਹੈ ਜਿਸ ਨਾਲ ਪੈਸਾ ਵਰਕ ਆਊਟ ਕਰਨ ਨਾਲ ਕਰੋੜਾਂ ਰੁਪਿਆ ਬਣ ਜਾਂਦਾ ਹੈ। ਕੀ ਮੰਤਰੀ ਜੀ ਇਹ ਕਮਿਸ਼ਨ ਘਟ ਕਰਨਗੇ ? ਸਮਾਲ ਸਕੇਲ ਇੰਡਸਟਰੀਜ਼ ਕਾਰਪੋਰੇਸ਼ਨ ਵਿਦਆਊਟ ਕਮਿਸ਼ਨ ਲੈ ਕੇ ਮਾਲ ਦੇਵੇ।

ਮੰਤਰੀ : ਸਪੀਕਰ ਸਾਹਿਬ, ਇਸ ਪੁਆਇੰਟ ਨੂੰ ਕਮਿਸ਼ਨ ਨੂੰ ਰਿਡਿਊਸ ਕਰਨ ਲਈ ਕੋਸ਼ਿਸ਼ ਕਰਾਂਗੇ ਜੇਕਰ ਕਮਿਸ਼ਨ ਘੱਟ ਹੋ ਸਕਦਾ ਹੋਇਆ।

Rural Water Supply Scheme

*681. **Shri Ram Kishan Kataria :** Will the Minister of State for Public Health be pleased to state the number of Rural Water Supply Schemes sanctioned by the Government during the year 1986 alongwith the time by which the works under the said schemes are likely to be completed?

ਸਰਦਾਰ ਸ਼ਸ਼ਪਾਲ ਸਿੰਘ: 143 ਪੇਂਡੂ ਜਲ ਸਪਲਾਈ ਸਕੀਮਾਂ ਜਿਹੜੀਆਂ ਕਿ 342 ਪਿੰਡਾਂ ਨੂੰ ਕਵਰ ਕਰਦੀਆਂ ਹਨ ਅਤੇ ਜਿਨ੍ਹਾਂ ਦੀ ਲਾਗਤ 2085 ਲੱਖ ਰੁਪਏ ਹੈ, ਸਰਕਾਰ ਦੁਆਰਾ 1.1.86 ਤੋਂ 31.12.86 ਤੱਕ ਮਨਜ਼ੂਰ ਕੀਤੀਆਂ ਗਈਆਂ ਸਨ। ਇਹ ਸਕੀਮਾਂ ਦੋ-ਤਿੰਨ ਸਾਲਾਂ ਦੇ ਅੰਦਰ ਚਾਲੂ ਹੋ ਜਾਣ ਦੀ ਸੰਭਾਵਨਾ ਹੈ।

ਸ੍ਰੀ ਰਾਮ ਕਿਸ਼ਨ ਕਟਾਰੀਆ : ਸਪੀਕਰ ਸਾਹਿਬ, ਕੀ ਮੰਤਰੀ ਜੀ ਇਹ ਦੱਸਣਗੇ ਕਿ ਏਥੇ ਟਿਊਬਵੈਲ ਲਗਾਉਣ ਵਾਸਤੇ 3 ਸਾਲ ਦਾ ਅਰਸਾ ਦਿਤਾ ਹੈ। ਇਕ ਸਾਲ ਪਹਿਲਾਂ ਸੈਂਕਸ਼ਨ ਹੋ ਗਿਆ ਹੈ। ਕੀ ਇਸ ਕੰਮ ਨੂੰ ਇਹ ਜਲਦੀ ਕਰਾਉਣ ਦੀ ਖੇਚਲ ਕਰਨਗੇ ਵੈਸੇ ਵੀ ਇਸ ਕੰਮ ਨੂੰ ਜ਼ਿਆਦਾ ਦੇਰ ਨਹੀਂ ਲਗਦੀ ?

ਰਾਜ ਮੰਤਰੀ: ਸਪੀਕਰ ਸਾਹਿਬ, ਇਕ ਨਵਾਂ ਪ੍ਰਾਜੈਕਟ ਮੁਕਰਰ ਕੀਤਾ ਸੀ 175 ਪਿੰਡਾਂ ਦਾ, ਇਨ੍ਹਾਂ ਪਿੰਡਾਂ ਵਿਚੋਂ 153 ਪਿੰਡਾਂ ਨੂੰ ਪਾਣੀ ਦੀ ਸਪਲਾਈ ਦੇਣ ਦੀ ਸਕੀਮ ਹੈ। ਇਸ ਨੂੰ 26 ਫਰਵਰੀ, 1987 ਤਕ ਕੰਪਲੀਟ ਕਰ ਦਿੱਤਾ ਗਿਆ ਹੈ। ਬਕਾਇਆ ਕੰਮ ਨੂੰ ਵੀ ਜਲਦੀ ਕਰਨ ਦੀ ਕੋਸ਼ਿਸ਼ ਕਰਾਂਗੇ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ : ਸਰ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਪਿੰਡ ਰੱਘੋਵਾਲ ਹੈ ਅਤੇ ਇਕ ਪਿੰਡ ਦੇਹਲੀਆਂ ਹੈ, ਇਨ੍ਹਾਂ ਦੇ ਐਸਟੀਮੇਟ ਬਣ ਕੇ ਚਲੇ ਗਏ ਹਨ। ਕੀ ਇਨ੍ਹਾਂ ਨੂੰ ਪਾਣੀ ਦੇਣ ਦੀ ਖੇਚਲ ਕਰਨਗੇ ?

ਰਾਜ ਮੰਤਰੀ: ਸਪੀਕਰ ਸਾਹਿਬ, ਇਹ ਕੁਐਸਚਨ ਜ਼ਰਾ ਰਪੀਟ ਕਰ ਦੇਣ।

ਸਰਦਾਰ ਪ੍ਰਕਾਸ਼ ਸਿੰਘ ਗੜ੍ਹਦੀਵਾਲਾ: ਸਪੀਕਰ ਸਾਹਿਬ, ਇਕ ਪਿੰਡ ਰੱਘੋਵਾਲ ਹੈ ਅਤੇ ਇਕ ਪਿੰਡ ਦੇਹਲੀਆਂ ਹੈ। ਇਨ੍ਹਾਂ ਵਿਚ ਪਾਣੀ ਦੇਣ ਵਾਸਤੇ ਐਸਟੀਮੇਟਸ ਬਣ ਕੇ ਚਲੇ ਗਏ ਹਨ। ਕੀ ਇਨ੍ਹਾਂ ਨੂੰ ਪਾਣੀ ਦੇਣ ਦੀ ਖੇਚਲ ਕਰਨਗੇ ?

ਸ੍ਰੀ ਸਪੀਕਰ: ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਅਪੀਲ ਕਰਾਂਗਾ ਕਿ ਜਿਸ ਵੇਲੇ ਕੋਈ ਮੈਂਬਰ ਸਵਾਲ ਪੁੱਛਦਾ ਹੈ, ਉਸ ਵੇਲੇ ਥੋੜ੍ਹੀ ਜਿਹੀ ਸ਼ਾਂਤੀ ਰਖੀ ਜਾਵੇ ਤਾਕਿ ਮੰਤਰੀ ਸਾਹਿਬਾਨ ਵੀ ਠੀਕ ਤਰ੍ਹਾਂ ਸੁਣ ਲੈਣ।

ਰਾਜ ਮੰਤਰੀ: ਜ਼ਰੂਰ ਕਰਾਂਗੇ, ਜਿਸ ਤਰ੍ਹਾਂ ਮੈਂਬਰ ਸਾਹਿਬ ਨੇ ਕਿਹਾ ਹੈ।

Election to Block Samitis and Zila Parishads

*706. **Shri Mohinder Singh K.P. :** Will the Minister of State for Rural Development and Panchayats be pleased to state whether there is any proposal under the consideration of the Government to hold the elections to the Block Samitis and Zila Parishads in the State; if not, the reasons therefor?

ਸਰਦਾਰ ਬਲਦੇਵ ਸਿੰਘ ਖਿਆਲਾ : ਇਸ ਸਮੇਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਕਿਉਂਕਿ ਰਾਜ ਵਿਚ ਚੋਣਾਂ ਕਰਵਾਉਣ ਲਈ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਢੁਕਵੀਂ ਯੋਗ ਨਹੀਂ ਹੈ ।

ਸ੍ਰੀ ਮਹਿੰਦਰ ਸਿੰਘ ਕੇ. ਪੀ. : ਸਪੀਕਰ ਸਾਹਿਬ, ਜਿਹੜੀਆਂ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਹਨ, ਇਹ ਡੈਮੋਕਰੈਟਿਕ ਸੈਟ ਅੱਪ ਵਿੱਚ ਬਹੁਤ ਮਹੱਤਵਪੂਰਨ ਹਨ । ਜਦੋਂ ਲੋਕ ਸਭਾ ਅਤੇ ਵਿਧਾਨ ਸਭਾ ਦੀਆਂ ਚੋਣਾਂ ਪੰਜਾਬ ਵਿੱਚ ਹੋ ਸਕਦੀਆਂ ਹਨ, ਇਸ ਦੇ ਵਿਚ ਕੀ ਦਿੱਕਤ ਹੈ ਕਿ ਜ਼ਿਲ੍ਹਾ ਪਰੀਸ਼ਦਾਂ ਦੀਆਂ ਚੋਣਾਂ ਨਹੀਂ ਹੋ ਸਕਦੀਆਂ ?

ਰਾਜ ਮੰਤਰੀ : ਸਪੀਕਰ ਸਾਹਿਬ, ਜਦੋਂ ਪਹਿਲਾਂ 1974-75 ਵਿਚ ਪੰਚਾਇਤਾਂ ਦੀਆਂ ਚੋਣਾਂ ਹੋਈਆਂ, ਪੰਚਾਇਤਾਂ ਦੀਆਂ ਚੋਣਾਂ ਨਾਲ ਹੀ ਬਲਾਕ ਸੰਮਤੀਆਂ ਦੀਆਂ ਚੋਣਾਂ ਹੋ ਜਾਂਦੀਆਂ ਜਿਹੜੀਆਂ ਕਿ ਕੁਝ ਕਾਰਣਾਂ ਕਰਕੇ ਲੇਟ ਹੋ ਗਈਆਂ ਤਾਂ ਸੈਟ ਅਪ ਬਿਲਕੁਲ ਠੀਕ ਰਹਿਣਾ ਸੀ । 1978 ਵਿੱਚ ਫੇਰ ਪੰਚਾਇਤਾਂ ਦੀਆਂ ਚੋਣਾਂ ਹੋਈਆਂ। ਉਨ੍ਹਾਂ ਵਿਚ ਜਿਹੜੇ ਕੁਝ ਬਲਾਕ ਸੰਮਤੀਆਂ ਦੇ ਮੈਂਬਰ ਪੰਚ ਅਤੇ ਸਰਪੰਚ ਵੀ ਹੁੰਦੇ ਹਨ, ਉਹ ਮੈਂਬਰੀ ਗੁਆ ਬੈਠੇ। ਫੇਰ 1983 ਵਿੱਚ ਪੰਚਾਇਤਾਂ ਦੀਆਂ ਚੋਣਾਂ ਹੋ ਗਈਆਂ ਅਤੇ ਹੁਣ ਫੇਰ 1988 ਵਿੱਚ ਹੋਣੀਆਂ ਹਨ। ਹੁਣ ਸਿਰਫ ਡੇਢ ਸਾਲ ਦਾ ਸਮਾਂ ਰਹਿ ਗਿਆ ਹੈ। ਜੇ ਅੱਜ ਵੀ ਚੋਣ ਦਾ ਪ੍ਰਾਸੈਸ ਸ਼ੁਰੂ ਕਰ ਦੇਈਏ ਤਾਂ 6 ਮਹੀਨੇ ਲਗਦੇ ਹਨ। ਮਾਰਕਿਟ ਕਮੇਟੀਆਂ ਅਤੇ ਕੁਆਪਰੇਟਿਵ ਸੋਸਾਇਟੀਆਂ ਨੂੰ ਲਿਖਣਾ ਪੈਂਦਾ ਹੈ। ਉਸਦੇ ਨੁਮਾਇੰਦੇ ਆਉਂਦੇ ਹਨ । ਸੋ, ਇਸਦਾ ਕੋਈ ਲਾਭ ਨਹੀਂ ਹੋਣਾ ਅਤੇ ਸਮਾਂ ਵੀ ਠੀਕ ਨਹੀਂ ਹੈ। ਪੰਚਾਇਤਾਂ ਦੀਆਂ ਚੋਣਾਂ ਕਰਾਕੇ ਬਲਾਕ ਸੰਮਤੀਆਂ ਅਤੇ ਜ਼ਿਲ੍ਹਾ ਪਰੀਸ਼ਦਾਂ ਦੀਆਂ ਚੋਣਾਂ ਤੁਰੰਤ ਹੋਣੀਆਂ ਚਾਹੀਦੀਆਂ ਹਨ ਤਾਂਕਿ ਸੈਟ ਅੱਪ ਠੀਕ ਰਹੇ ।

ਰਾਜਾ ਨਰਿੰਦਰ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਨੇ ਕਿਹਾ ਹੈ ਕਿ ਸਟੇਟ ਵਿੱਚ ਹਾਲਾਤ ਠੀਕ ਨਹੀਂ ਹਨ। ਅਸੀਂ ਐਮ. ਐਲ. ਏ. ਚੁਣ ਕੇ ਆ ਗਏ ਹਾਂ। ਕੋਆਪਰੇਟਿਵ ਸੋਸਾਇਟੀਆਂ ਨੇ ਆਪਣੇ ਇਲੈਕਸ਼ਨ ਕਰ ਲਏ। ਐਮ. ਐਲ. ਏ. ਚੁਣਿਆ ਜਾ ਸਕਦਾ ਹੈ ਤਾਂ ਸਰਪੰਚ ਕਿਉਂ ਨਹੀਂ ਚੁਣਿਆ ਜਾ ਸਕਦਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਦੱਸ ਦਿੱਤਾ ਹੈ ਕਿ ਅਮਨ ਦੀ ਸਥਿਤੀ ਤੇ ਸਾਰੀ ਮਸ਼ੀਨਰੀ ਲਗੀ ਹੋਈ ਹੈ। ਬਹੁਤ ਸਾਰੇ ਐਮ. ਐਲ. ਏ. ਸਾਹਿਬਾਨ ਇਸ ਨੂੰ ਠੀਕ ਕਰਨ ਦੀ ਬਜਾਏ ਵਿਗਾੜਨ ਤੇ ਲੱਗੇ ਹੋਏ ਹਨ। ਮੇਰੀ ਤੁਹਾਡੇ ਰਾਹੀਂ ਬੇਨਤੀ ਹੈ ਕਿ ਤੁਸੀਂ ਛੇਤੀ ਐਸਾ ਮਾਹੌਲ ਬਣਾਓ ਜਿਹੜਾ ਖੁਸ਼ਗਵਾਰ ਮਾਹੌਲ ਹੋਵੇ ਤਾਂ ਕਿ ਅਸੀਂ ਚੋਣਾਂ ਕਰਵਾ ਸਕੀਏ ।

Passengers Insurance Scheme

*837. **Prof. Darbari Lal :** Will the Minister of State for Transport be pleased to state whether the Government has any proposal under its consideration to introduce passengers insurance scheme in the State; if so, the time by which it is likely to be done?

ਸਰਦਾਰ ਸੁਰਿੰਦਰ ਸਿੰਘ ਧੂਰੀ (ਸੰਸਦੀ ਸਕੱਤਰ, ਟਰਾਂਸਪੋਰਟ): ਨਹੀਂ ਜੀ ।

ਪ੍ਰੋਫੈਸਰ ਦਰਬਾਰੀ ਲਾਲ : ਮੇਰਾ ਸਵਾਲ ਇਹ ਸੀ ਕਿ ਪੈਸੰਜਰ ਇਨਸ਼ੋਰੈਂਸ ਸਕੀਮ ਵਿਚਾਰ ਅਧੀਨ ਹੈ, ਮਨਿਸਟਰ ਸਾਹਿਬ ਨੇ ਜਵਾਬ ਦਿਤਾ 'ਨਹੀਂ ਜੀ'। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਕੀ ਇਹ ਸਕੀਮ ਹਿੰਦੁਸਤਾਨ ਦੀ ਕਿਸੇ ਹੋਰ ਸਟੇਟ ਵਿਚ ਲਾਗੂ ਹੈ ?

ਸੰਸਦੀ ਸਕੱਤਰ, ਟਰਾਂਸਪੋਰਟ : ਇਹ ਹਿਮਾਚਲ ਸਟੇਟ ਵਿਚ ਲਾਗੂ ਹੋਈ ਹੈ ਪਰ ਉਥੇ ਇਸ ਸਕੀਮ ਦਾ ਕੋਈ ਜ਼ਿਆਦਾ ਲਾਭ ਨਹੀਂ ਹੋਇਆ।

ਪ੍ਰੋਫੈਸਰ ਦਰਬਾਰੀ ਲਾਲ : ਸਪੀਕਰ ਸਾਹਿਬ, ਅਕਸਰ ਕਈ ਵਾਰੀ ਐਕਸੀਡੈਂਟਸ ਹੋ ਜਾਂਦੇ ਹਨ ਜਿਸ ਨਾਲ ਕਈ ਮਰ ਜਾਂਦੇ ਹਨ ਜਾਂ ਕਈਆਂ ਨੂੰ ਸੱਟਾਂ ਲੱਗ ਜਾਂਦੀਆਂ ਹਨ। ਭਾਵੇਂ ਸਰਕਾਰ ਇਸ ਲਈ ਮੱਦਦ ਕਰਦੀ ਹੈ ਪਰ ਮੇਰੀ ਬੇਨਤੀ ਇਹ ਸੀ ਕਿ ਅਗਰ ਇਸ ਲਈ ਇਨਸ਼ੋਰੈਂਸ ਕਰ ਲਈ ਜਾਏ ਤਾਂ ਅਜਿਹੇ ਲੋਕਾਂ ਦੀ ਵਾਜਬ ਮਦਦ ਕੀਤੀ ਜਾ ਸਕਦੀ ਹੈ। ਕੀ ਸਰਕਾਰ ਇਸ ਤੇ ਗੌਰ ਕਰਨ ਨੂੰ ਤਿਆਰ ਹੈ ? ਕੀ ਸਰਕਾਰ ਇਸ ਤਰ੍ਹਾਂ ਦੀ ਸਕੀਮ ਬਣਾਉਣ ਵਾਸਤੇ ਕੋਸ਼ਿਸ਼ ਕਰੇਗੀ ?

ਸੰਸਦੀ ਸਕੱਤਰ : ਇਸ ਲਈ ਪਹਿਲਾਂ ਵੀ ਸਕੀਮ ਹੈ। ਅਗਰ ਦੁਰਘਟਨਾ ਹੋਵੇ, ਕਿਸੇ ਵਿਅ-ਕਤੀ ਦੀ ਡੈਥ ਹੋ ਜਾਂਦੀ ਹੈ ਤਾਂ ਉਸ ਨੂੰ 15,000 ਰੁਪਿਆ ਸਰਕਾਰ ਦਿੰਦੀ ਹੈ। ਸਖਤ ਫੱਟੜ ਹੋਣ ਦੀ ਸੂਰਤ ਵਿਚ ਸਰਕਾਰ ਉਸ ਨੂੰ ਸਾਢੇ ਸੱਤ ਹਜ਼ਾਰ ਰੁਪਿਆ ਦਿੰਦੀ ਹੈ। ਬਾਕੀ ਡੀ. ਸੀ. ਸਾਹਿਬਾਨ ਰੈਡ ਕਰਾਸ ਵਿਚੋਂ ਵੀ ਅਜਿਹੇ ਲੋਕਾਂ ਦੀ ਮਦਦ ਕਰਦੇ ਹਨ ਔਰ ਕਲੇਮ ਟਰੀਬਿਊਨਲ ਕੋਲ ਵੀ ਜਾਂਦੇ ਹਨ ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਬਹੁਤ ਅੱਛੀ ਗੱਲ ਹੈ, 15,000 ਰੁਪਿਆ ਔਰ ਸਾਢੇ ਸੱਤ ਹਜ਼ਾਰ ਰੁਪਿਆ ਦਿੰਦੇ ਹਨ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹੋ ਜਿਹੇ ਲੋਕਾਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਡੇਢ ਸਾਲ ਐਕਸੀਡੈਂਟ ਹੋਏ ਨੂੰ ਹੋਇਆ ਹੋਵੇ ਅਜਿਹੇ ਕਿੰਨੇ ਲੋਕਾਂ ਨੂੰ ਗੌਰਮਿੰਟ ਨੇ ਰੁਪਿਆ ਦਿੱਤਾ ਹੈ ?

ਸ਼੍ਰੀ ਸਪੀਕਰ : ਇਸ ਦੇ ਲਈ ਡਿਟੇਲਡ ਇਨਫਰਮੇਸ਼ਨ ਚਾਹੀਦੀ ਹੈ ।

ਸੰਸਦੀ ਸਕੱਤਰ : ਇਸ ਲਈ ਇਹ ਲਿਖ ਕੇ ਦੇ ਦੇਣ, ਮੈਂ ਦਸ ਦਿਆਂਗਾ।

ਸ਼੍ਰੀ ਸਪੀਕਰ : ਇਸ ਲਈ ਡਿਟੇਲਡ ਇਨਫਰਮੇਸ਼ਨ ਚਾਹੀਦੀ ਹੈ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ ਹਿਮਾਚਲ ਸਟੇਟ ਵਿਚ ਇਹ ਸਕੀਮ ਲਾਗੂ ਹੋਈ ਹੈ ਪਰ ਇਸ ਦਾ ਉਥੇ ਲਾਭ ਕੋਈ ਨਹੀਂ ਹੋਇਆ। ਜਿਹੜਾ ਕੋਈ ਐਕਸੀਡੈਂਟ ਹੋ ਜਾਏ ਇਨਸ਼ੋਰੈਂਸ ਜ਼ਰੂਰ ਦੇਣਾ ਪੈਂਦਾ ਹੈ। ਇਹ ਇਕ ਬੜੀ ਵੈਲਫੇਅਰ ਸਕੀਮ ਹੈ ਔਰ ਲਾਇਬਿਲਟੀ ਇਨਸ਼ੋਰੈਂਸ ਕੰਪਨੀ ਲੈ ਲੈਂਦੀ ਹੈ। ਲੋਕ ਟਰੈਵਲ ਕਰਦੇ ਹਨ ਬੱਸਾਂ ਵਿਚ ਔਰ ਬੱਸਾਂ ਦਾ ਐਕਸੀਡੈਂਟ ਹੋ ਜਾਂਦਾ ਹੈ। ਇਹ ਇਕ ਵੈਲਫੇਅਰ ਮਈਅਰ ਹੈ। ਕੀ ਇਹ ਦੱਸਣਗੇ ਕਿ ਇਹ ਮਈਅਰ ਅਡਾਪਟ ਕਰਨ ਨੂੰ ਤਿਆਰ ਹਨ ?

ਸੰਸਦੀ ਸਕੱਤਰ : ਮੈਂ ਪਹਿਲਾਂ ਜਵਾਬ ਦਿਤਾ ਹੈ 'ਨਹੀਂ ਜੀ'। ਅਜਿਹੇ ਕੇਸਿਜ਼ ਵਿਚ ਲੋਕ ਆਪਣਾ ਕਲੇਮ ਬਣਾ ਕੇ ਟਰੀਬਿਊਨਲ ਤੋਂ ਲੈ ਲੈਂਦੇ ਹਨ। ਹਿਮਾਚਲ ਅੰਦਰ ਭਾਵੇਂ ਉਹ ਸਕੀਮ ਲਾਗੂ ਹੈ ਪਰ ਕੇਸਿਜ਼ ਉਸੇ ਤਰ੍ਹਾਂ ਹੀ ਟਰੀਬਿਊਨਲ ਕੋਲ ਜਾ ਰਹੇ ਹਨ।

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਤੁਹਾਡੇ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਵਜ਼ੀਰ ਸਾਹਿਬ ਹਾਊਸ ਵਿਚ ਮੌਜੂਦ ਹਨ ਪਰ ਜਵਾਬ ਪਾਰਲੀਮੈਂਟਰੀ ਸਕੱਤਰ ਦੇ ਰਹੇ ਹਨ। (ਵਿਘਨ) ਮੈਂ ਪਾਰਲੀਮੈਂਟਰੀ ਸੈਕਟਰੀ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਿਹਾ ਹੈ ਕਿ ਹਿਮਾਚਲ ਵਿਚ ਇਹ ਸਕੀਮ ਲਾਗੂ ਹੈ ਪਰ ਉਥੇ ਇਸ ਦਾ ਕੋਈ ਲਾਭ ਨਹੀਂ ਹੋਇਆ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਸ ਸਕੀਮ ਨਾਲ ਉਥੇ ਕਿਸ ਗੱਲ ਦਾ ਫਾਇਦਾ ਨਹੀਂ ਹੋਇਆ ਔਰ ਕਿਸ ਗਲ ਦਾ ਨੁਕਸਾਨ ਹੋਇਆ ਹੈ ?

ਸੰਸਦੀ ਸਕੱਤਰ : ਕੇਸਿਜ਼ ਉਸੇ ਤਰ੍ਹਾਂ ਹੀ ਲੋਕ ਟਰੀਬਿਊਨਲ ਵਿਚ ਲੈ ਕੇ ਜਾਂਦੇ ਹਨ। ਜੇਕਰ ਲੋਕ ਉਥੇ ਨਾ ਜਾਣ ਤਾਂ ਮੈਂ ਸਮਝਾਂਗਾ ਕਿ ਕੋਈ ਫਾਇਦਾ ਹੋਇਆ ਹੈ।

Provident Fund

*848. **Master Mohan Lal :** Will the Minister of State of Local Government be pleased to state—

(a) whether it is fact that Provident Fund is deducted from the salaries of the employees of the Pathankot Municipal Committee; if so, whether the proper account thereof is maintained; if not, the reasons therefor;

(b) whether it is a fact that the M.C. Pathankot raised a loan of Rs. 5.00 lacs from the P.F. of the employees; if so, whether the same has been repaid in the said fund; if not, the reasons therefor?

ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ : (ੳ) ਜੀ ਹਾਂ, ਨਗਰਪਾਲਕਾ, ਪਠਾਨਕੋਟ ਦੇ ਕਰਮਚਾਰੀਆਂ ਦੇ ਵੇਤਨ ਵਿਚੋਂ ਪ੍ਰਾਵੀਡੈਂਟ ਫੰਡ ਕਟਿਆ ਜਾਂਦਾ ਹੈ ਅਤੇ ਇਸ ਦਾ ਹਿਸਾਬ ਕਿਤਾਬ ਪ੍ਰਾਵੀਡੰਟ ਫੰਡ ਲਾਈਬਿਲਟੀ ਰਜਿਸਟਰ ਫਾਰਮ ਪੀ.ਐਫ. 1-ਏ ਵਿਚ ਰਖਿਆ ਜਾਂਦਾ ਹੈ।

(ਅ) ਜੀ ਹਾਂ, ਇਹ ਕਰਜ਼ਾ ਸਾਲ 1983 ਵਿਚ ਸਰਕਾਰ ਦੀ ਪ੍ਰਵਾਨਗੀ ਹਾਸਲ ਕਰਨ ਉਪਰੰਤ ਲਿਆ ਸੀ ਜਿਹੜਾ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਪੰਜਾਬ ਪਾਸ ਆਈ. ਡੀ. ਏ ਸਕੀਮ ਤਹਿਤ ਜਮ੍ਹਾਂ ਕਰਵਾ ਦਿਤਾ ਸੀ। ਨਗਰਪਾਲਕਾ ਕੋਲ ਫੰਡਜ਼ ਦੀ ਘਾਟ ਹੋਣ ਕਾਰਨ ਅਤੇ ਰਾਜ ਦੀ ਵਿਗੜੀ ਹੋਈ ਸਥਿਤੀ ਦੇ ਕਾਰਨ ਘਟ ਆਮਦਨ ਹੋਣ ਕਰਕੇ ਨਗਰਪਾਲਕਾ ਜਮ੍ਹਾਂ ਨਹੀਂ ਕਰਵਾ ਸਕੀ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ 1983 ਵਿਚ ਕਰਮਚਾਰੀਆਂ ਦਾ ਪ੍ਰਵੀਡੈਂਟ ਫੰਡ 5 ਲੱਖ ਰੁਪਿਆ ਉਧਾਰ ਲਿਆ ਅਤੇ ਕਰਮਚਾਰੀਆਂ ਨੂੰ ਇਸ 5 ਲੱਖ ਰੁਪਏ ਦੇ ਇੰਟਰੈਸਟ ਤੋਂ ਮਹਿਰੂਮ ਰੱਖਿਆ ਗਿਆ। ਕੀ ਉਸ 5 ਲੱਖ ਰੁਪਏ ਦੇ ਇੰਟਰੈਸਟ ਦਾ ਫ਼ਾਇਦਾ ਉਨ੍ਹਾਂ ਕਰਮਚਾਰੀਆਂ ਨੂੰ ਦਿਤਾ ਜਾਵੇਗਾ ਜਿਨ੍ਹਾਂ ਨੂੰ ਇਸ ਤੋਂ ਮਹਿਰੂਮ ਰੱਖਿਆ ਗਿਆ ?

ਰਾਜ ਮੰਤਰੀ : ਹਾਂ ਜੀ, ਇੰਟਰੈਸਟ ਦਿਤਾ ਜਾਵੇਗਾ।

ਮਾਸਟਰ ਮੋਹਨ ਲਾਲ : ਸਪੀਕਰ ਸਾਹਿਬ, ਮੈਂ ਇਕ ਹੋਰ ਚੀਜ਼ ਜਾਣਨਾ ਚਾਹੁੰਦਾ ਹਾਂ। 1983 ਤੋਂ 1986 ਤੱਕ 1 ਲੱਖ ਰੁਪਿਆ ਹਰ ਮਹੀਨੇ ਜਿਹੜਾ ਕਰਮਚਾਰੀਆਂ ਤੋਂ ਇਕੱਠਾ ਹੁੰਦਾ ਸੀ ਉਨਾ ਹੀ 1 ਲੱਖ ਰੁਪਿਆ ਮਿਉਂਸੀਪਲ ਕਮੇਟੀ ਨੇ ਦੇਣਾ ਸੀ। ਕੀ ਉਸ ਦਾ 1983 ਤੋਂ 1986 ਤੱਕ ਦਾ ਹਿਸਾਬ ਪ੍ਰਾਵੀਡੈਂਟ ਫੰਡ ਦਾ ਮੇਨਟੇਨ ਕੀਤਾ ਗਿਆ ਹੈ ?

ਰਾਜ ਮੰਤਰੀ : ਮੈਂ ਇਨ੍ਹਾਂ ਨੂੰ ਫਾਰਮ ਦਾ ਨੰਬਰ ਵੀ ਦੱਸ ਦਿੱਤਾ ਹੈ। ਉਨ੍ਹਾਂ ਦੇ ਰਜਿਸਟਰ ਲੱਗੇ ਹੋਏ ਹਨ ਔਰ ਉਹ ਮੇਨਟੇਨ ਕਰਦੇ ਹਨ।

ਡਾਕਟਰ ਕੇਵਲ ਕ੍ਰਿਸ਼ਨ : ਮੈਂ ਜਾਣਨਾ ਚਾਹੁੰਦਾ ਹਾਂ ਕਿ ਪ੍ਰਾਵੀਡੈਂਟ ਫੰਡ ਮਿਉਂਸੀਪਲ ਕਮੇਟੀਆਂ ਦੇ ਇੰਪਲਾਈਜ਼ ਦੀ ਅਰਨਡ ਅਮਾਊਂਟ ਹੈ ਅਤੇ ਇਸ ਪ੍ਰੈਕਟਿਸ ਦੇ ਵਿਚ ਇੰਪਲਾਈਜ਼ ਅਤੇ ਦੂਸਰੇ ਲੋਕ ਡਿਪਰਾਈਵ ਹੋ ਰਹੇ ਹਨ। ਕੀ ਇਸ ਪ੍ਰੈਕਟਿਸ ਨੂੰ ਡਿਸਕੰਟੀਨਿਊ ਕਰਨਗੇ ਕਿਉਂਕਿ ਉਨ੍ਹਾਂ ਨੂੰ ਬੜੀ ਥੋੜ੍ਹੀ ਰਕਮ ਮਿਲਦੀ ਹੈ ਅਤੇ ਉਹ ਪਰੇਸ਼ਾਨ ਹੁੰਦੇ ਹਨ ?

ਰਾਜ ਮੰਤਰੀ : ਇਹ ਵਿਚਾਰ ਲਵਾਂਗੇ। 1983 ਵਿਚ ਜਿਹੜਾ ਪੈਸਾ ਦਿਤਾ ਗਿਆ ਸੀ ਉਹ ਵਾਪਿਸ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਸ੍ਰੀ ਸਪੀਕਰ : ਸਵਾਲਾਂ ਦਾ ਸਮਾਂ ਖਤਮ ਹੋ ਗਿਆ ਹੈ। ਬਾਕੀ ਰਹਿੰਦੇ ਸਵਾਲਾਂ ਦੇ ਜਵਾਬ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਨਿਯਮਾਵਲੀ ਦੇ ਨਿਯਮ 38 ਅਧੀਨ ਸਭਾ ਦੀ ਟੇਬਲ ਤੇ ਰੱਖੇ ਸਮਝੇ ਜਾਣਗੇ।

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Posts of Forest Guards

*807. **Dr. Kewal Krishan :** Will the Minister of State for Forests be pleased to state —

(a) the number of posts of Forest Guards advertised in the Newspapers during the year 1986-87;

(b) the number of applications received by the Departmental Committee in response to the said advertisements;

(c) the dates and places of the interviews held for selection of candidates for appointment to the said posts;

(d) the number of applicants interviewed and selected for the said posts, separately, together with the criteria fixed for the selection?

ਸਰਦਾਰ ਸੁਰਿੰਦਰਪਾਲ ਸਿੰਘ :

(ੳ) 32

(ਅ) 14227

(ੲ)

ਮਿਤੀ	ਇੰਟਰਵਿਊ ਦਾ ਸਥਾਨ
19 ਅਤੇ 20 ਮਾਰਚ, 1987	... ਅੰਮ੍ਰਿਤਸਰ
20 ਅਤੇ 21 ਮਾਰਚ, 1987	... ਪਟਿਆਲਾ

ਮਿਤੀ	ਇੰਟਰਵਿਊ ਦਾ ਸਥਾਨ
19, 20 ਅਤੇ 21 ਮਾਰਚ, 1987	... ਬਠਿੰਡਾ
20 ਅਤੇ 21 ਮਾਰਚ, 1987	... ਰੋਪੜ
19 ਅਤੇ 20 ਮਾਰਚ, 1987	... ਪਠਾਨਕੋਟ
20 ਮਾਰਚ, 1987	... ਫਿਰੋਜ਼ਪੁਰ
19 ਅਤੇ 20 ਮਾਰਚ, 1987	... ਕਪੂਰਥਲਾ
19 ਅਤੇ 20 ਮਾਰਚ, 1987	... ਹੁਸ਼ਿਆਰਪੁਰ
19, 20 ਅਤੇ 21 ਮਾਰਚ, 1987	... ਸੰਗਰੂਰ
20 ਮਾਰਚ, 1987	... ਲੁਧਿਆਣਾ
20 ਮਾਰਚ, 1987	.. ਮੁਕਤਸਰ

(ਸ) 6,745 ਬਿਨੈਕਾਰਾਂ ਦਾ ਇੰਟਰਵਿਊ ਲੈ ਲਿਆ ਗਿਆ ਹੈ ਅਤੇ ਹਾਲੇ ਕੋਈ ਚੋਣ ਨਹੀਂ ਕੀਤੀ ਹੈ। ਚੋਣ ਸੰਬੰਧੀ ਕਮੇਟੀ ਵਿੱਚ ਵਿਦਿਅਕ ਯੋਗਤਾਵਾਂ, ਸਿਹਤ ਅਤੇ ਇੰਟਰਵਿਊ ਵਿੱਚ ਬਰਾਬਰਤਾ ਦਿੱਤੀ ਗਈ ਹੈ ।

Construction work of the bridge on the Bein Nadi near village Jugral

*707. **Shri Mohinder Singh K.P. :** Will the Minister of State for Public Works be pleased to state—

(a) whether it is a fact that the construction work of the bridge on the Bein Nadi near village Jugral in Tehsil and District Jalandhar is incomplete; if so, the reasons therefor?

(b) whether the Government proposes to complete the construction work of the said bridge; if so, when?

ਸਰਦਾਰ ਹਰੀ ਸਿੰਘ ਜ਼ੀਰਾ (ਰਾਜ ਮੰਤਰੀ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ) : (ੳ) ਹਾਂ ਜੀ। ਸਾਲ 1983-84 ਵਿਚ ਪੰਜਾਬ ਰਾਜ ਖੇਤੀਬਾੜੀ ਮੰਡੀਕਰਣ ਬੋਰਡ ਵੱਲੋਂ 13.00 ਲੱਖ ਰੁਪਏ ਦੇ ਫੰਡ ਮਿਲਣ ਤੇ ਇਸ ਪੁਲ ਦੀ ਉਸਾਰੀ ਦਾ ਕੰਮ ਹੱਥ ਵਿਚ ਲਿਆ ਗਿਆ ਸੀ। ਮੰਡੀਕਰਣ ਬੋਰਡ ਨੇ ਬਾਕੀ ਦੀ ਰਕਮ ਨਹੀਂ ਦਿਤੀ ਜਿਸ ਕਰਕੇ ਕੰਮ ਅਧੂਰਾ ਹੈ।

(ਅ) ਲੱਗ ਭੱਗ 60% ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਦਾ ਕੰਮ ਮੰਡੀਕਰਣ ਬੋਰਡ ਵੱਲੋਂ ਲੋੜੀਂਦੇ ਫੰਡ ਮਿਲਣ ਤੇ ਮੁਕੰਮਲ ਕੀਤਾ ਜਾਵੇਗਾ।

Construction of road from Bhaddi to Balowal Sonkhri via Rajumajra in Balachaur block

*680. **Shri Ram Kishan Kataria :** Will the Minister of State for Public Works be pleased to state—

(a) whether a road from Bhaddi to Balowal Sonkhri via Raju Majra in Balachaur Block, District Hoshiarpur, has been sanctioned by the Government; if so, whether the funds for the purpose have been deposited by he Punjab State Agricultural Marketing Board;

(b) if the reply to part (a) above be in the affirmative, the time by which the said road is likely to be constructed?

ਸਰਦਾਰ ਰਾਜਿੰਦਰ ਸਿੰਘ ਧਾਲੀਵਾਲ : ਬਾਲੋਵਾਲ ਸੌਂਕਰੀ ਅਤੇ ਰਾਜੂ ਮਾਜਰਾ ਪਿੰਡ ਪਹਿਲਾਂ ਹੀ ਪੱਕੀ ਸੜਕਾਂ ਨਾਲ ਜੁੜੇ ਹੋਏ ਹਨ। ਬਰਾਸਤਾ ਰਾਜੂ ਮਾਜਰਾ ਦਰਸਾਈ ਸੜਕ ਇੰਟਰਲਿੰਕ ਹੈ। ਇਹ ਇੰਟਰਲਿੰਕ ਸੜਕ ਨਾ ਤਾਂ ਪੰਜਾਬ ਸਰਕਾਰ ਅਤੇ ਨਾ ਹੀ ਮੰਡੀਕਰਣ ਬੋਰਡ ਵੱਲੋਂ ਮਨਜ਼ੂਰ ਕੀਤੀ ਗਈ ਹੈ। ਮੰਡੀਕਰਨ ਬੋਰਡ ਵੱਲੋਂ ਇਸ ਸੜਕ ਲਈ ਕੋਈ ਧੰਨ ਜਮ੍ਹਾਂ ਨਹੀਂ ਕਰਵਾਇਆ ਗਿਆ।

— — —

Escapes from the Jails in the State

*801. **Shri Om Parkash Gupta :** Will the Minister of State for Cultural Affairs and Jails be pleased to state the district-wise number of jail escapes which took place in the State during the last three years and the number of escapees which have since been recaptured?

ਸ੍ਰੀ ਨੁਸਰਤ ਅਲੀ ਖਾਂ : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ਜੀ।

[ਰਾਜ ਮੰਤਰੀ, ਸਭਿਆਚਾਰਕ ਮਾਮਲੇ ਅਤੇ ਜੇਲ੍ਹਾਂ]

ਪਿਛਲੇ ਤਿੰਨ ਸਾਲਾਂ 1984, 1985 ਅਤੇ 1986 ਦੌਰਾਨ ਜੇਲ੍ਹ ਫਰਾਰੀ ਦੀਆਂ ਘਟਨਾਵਾਂ ਦੀ ਜ਼ਿਲ੍ਹਾ-ਵਾਈਜ਼ ਸੂਚਨਾ।

ਜ਼ਿਲ੍ਹੇ ਦਾ ਨਾਂ	1984			1985			1986		
	ਫਰਾਰੀ ਦੀਆਂ ਵਾਰਦਾਤਾਂ ਦੀ ਗਿਣਤੀ	ਫਰਾਰ ਹੋਏ ਵਿੱਅਕਤੀਆਂ ਦੀ ਗਿਣਤੀ	ਮੁੜ ਪਕੜੇ ਗਏ ਫਰਾਰੀਆਂ ਦੀ ਗਿਣਤੀ	ਫਰਾਰੀ ਦੀਆਂ ਵਾਰਦਾਤਾਂ ਦੀ ਗਿਣਤੀ	ਫਰਾਰ ਹੋਏ ਵਿਅਕਤੀਆਂ ਦੀ ਗਿਣਤੀ	ਮੁੜ ਪਕੜੇ ਗਏ ਫਰਾਰੀਆਂ ਦੀ ਗਿਣਤੀ	ਫਰਾਰੀ ਦੀਆਂ ਵਾਰਦਾਤਾਂ ਦੀ ਗਿਣਤੀ	ਫਰਾਰ ਹੋਏ ਵਿਅਕਤੀਆਂ ਦੀ ਗਿਣਤੀ	ਮੁੜ ਪਕੜੇ ਗਏ ਫਰਾਰੀਆਂ ਦੀ ਗਿਣਤੀ
(1) ਗੁਰਦਾਸਪੁਰ ...	1	1	1	--	--	--	1	5	1
(2) ਫਿਰੋਜ਼ਪੁਰ ...	1	1	1	--	--	--	1	5	3
(3) ਕਪੂਰਥਲਾ ...	--	--	--	--	--	--	1	2	2
(4) ਪਟਿਆਲਾ ...	--	--	--	2	2	1	1	1	1
(5) ਲੁਧਿਆਣਾ ...	--	--	--	--	--	--	1	1	--
(6) ਫਰੀਦਕੋਟ ...	--	--	--	1	1	1	1	1	1
(7) ਅੰਮ੍ਰਿਤਸਰ ...	3	3	2	2	3	1	--	--	--
(8) ਸੰਗਰੂਰ ...	--	--	--	1	1	1	--	--	--
ਕੁੱਲ ...	5	5	4	6	7	4	6	15	8

ਨੋਟ: ਦੂਜੇ ਜ਼ਿਲ੍ਹਿਆਂ ਬਾਰੇ ਸੂਚਨਾ ਨਿਲ ਸਮਝੀ ਜਾਵੇ ਜੀ।

Cases of illegal termination of the services of Industrial Labour

*800. **Shri Om Parkash Gupta :** Will the Minister of State for Labour and Employment be pleased to state—

(a) the number of cases of illegal termination of the services of the industrial labour received by the Ludhiana District Labour and Conciliation Officer during the last three years ;

(b) the number of cases out of those referred to in part (a) above which have been decided by the said officer and the number of such cases which were referred to the Labour Commissioner for disposal ;

(c) the number of cases which were rejected by the Labour Commissioner and the number of cases which were referred by him to the Labour Courts for adjudication ?

ਸ਼੍ਰੀ ਪ੍ਰੇਮ ਗੁਪਤਾ : (ੳ)—

1984	...	4,664
1985	...	4,675
1986	...	4,552

(ਅ) ਕਿਰਤ ਤੇ ਸੁਲਾਹ ਅਫਸਰ ਵਲੋਂ ਨਿਪਟਾਏ ਗਏ :

1984	...	2,934
1985	...	2,868
1986	...	2,917

(ੲ) ਕਿਰਤ ਕਮਿਸ਼ਨਰ ਨੂੰ ਨਿਪਟਾਰੇ ਲਈ ਭੇਜੇ ਗਏ :

1984	...	1,854
1985	...	1,534
1986	...	1,667

(ਸ) ਕਿਰਤ ਕਮਿਸ਼ਨਰ ਵਲੋਂ ਰੱਦ ਕੀਤੇ ਗਏ :

1984	...	49
1985	...	42
1986	...	46

[ਰਾਜ ਮੰਤਰੀ, ਕਿਰਤ ਅਤੇ ਰੁਜ਼ਗਾਰ]

(ਹ) ਕਿਰਤ ਕੋਰਟਾਂ ਨੂੰ ਨਿਆਂ-ਨਿਰਣੇ ਲਈ ਭੇਜੇ ਗਏ :

1984	...	1,175
1985		1,700
1986	...	1,096

Sports Industry

*817. **Vaid Om Parkash Datta :** Will the Minister for Finance be pleased to state whether the Sports Industry of the State is shifting to Meerut in Uttar Pradesh ; if so, the reasons therefor ?

ਸਰਦਾਰ ਬਲਵੰਤ ਸਿੰਘ : ਸਰਕਾਰ ਇਸ ਗੱਲ ਤੋਂ ਜਾਣੂ ਨਹੀਂ ਹੈ ਕਿ ਕੋਈ ਖਾਸ ਸਪੋਰਟਸ ਉਦਯੋਗ ਪੰਜਾਬ ਤੋਂ ਮੇਰਠ ਚਲਾ ਗਿਆ ਹੈ।

Banning the RMPs from the use of Allopathic Medicines

*821. **Shri Harnam Dass Johar, Advocate :** Will the Chief Minister be pleased to state whether the Government have stopped the Registered Medical Practitioners to use the Allopathic Medicines; if so, the reasons thereof ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਨਹੀਂ ਜੀ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਰਿਟ ਪਟੀਸ਼ਨ ਨੰ: 2204/86 ਦੇ ਫੈਸਲੇ ਦੇ ਫਲਸਰੂਪ ਆਯੁਰਵੈਦਿਕ ਅਤੇ ਯੂਨਾਨੀ ਪਰੈਕਟੀਸ਼ਨਰ ਐਕਟ ਅਧੀਨ ਰਜਿਸਟਰਡ ਹੋਏ ਵਿਅਕਤੀ ਜਿਨ੍ਹਾਂ ਨੂੰ ਡਰਗ ਅਤੇ ਕਾਸਮੈਟਿਕ ਰੂਲਜ਼ 1945 ਨਿਯਮ 2 ਈ. ਈ. (iii) ਅਧੀਨ ਪੰਜਾਬ ਸਰਕਾਰ ਦੇ ਨੋਟੀਫੀਕੇਸ਼ਨ ਨੰ: 9874-1 ਐਚ. ਬ. 2-67/34528, ਮਿਤੀ 29 ਅਕਤੂਬਰ, 1967 ਰਾਹੀਂ ਮੈਡੀਕਲ ਪਰੈਕਟੀਸ਼ਨਰ ਘੋਸ਼ਿਤ ਕੀਤਾ ਗਿਆ ਸੀ, ਮਾਡਰਨ ਸਿਸਟਮ ਆਫ ਮੈਡੀਸਨ ਦੀ ਵਰਤੋਂ ਨਹੀਂ ਕਰ ਸਕਦੇ ਕਿਉਂਕਿ ਇਹ ਨੋਟੀਫੀਕੇਸ਼ਨ ਹਾਈ ਕੋਰਟ ਦੀ ਜਜਮੈਂਟ ਰਾਹੀਂ ਰੱਦ ਕੀਤੀ ਗਈ ਸੀ ਪਰ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਫੈਸਲੇ ਤੇ ਅਮਲ ਦਰਾਮਦ ਰੋਕ ਦਿਤਾ ਹੈ।

Expenditure on the Telephones of Ministers etc.

*718. **Sardar Balwinder Singh Bhunder :** Will the Chief Minister be pleased to state the month-wise expenditure of telephones in respect of rent, local and trunk calls made from the office and residential telephones of each of the Cabinet Ministers, Ministers of State, Deputy Ministers and Parliamentary Secretaries during the period from Ist October, 1985 to 28th February, 1987 ?

ਸਰਦਾਰ ਸੁਰਜੀਤ ਸਿੰਘ ਬਰਨਾਲਾ : ਮਹੀਨਾਵਾਰ ਟੈਲੀਫੋਨਾਂ ਦਾ ਖਰਚਾ ਦੇਣਾ ਸੰਭਵ ਨਹੀਂ ਹੈ ਕਿਉਂਕਿ ਟੈਲੀਫੋਨ ਵਿਭਾਗ ਹਰ ਦੋ ਮਹੀਨੇ ਬਾਅਦ ਇਕ ਹੀ ਬਿਲ ਭੇਜਦਾ ਹੈ ਜਿਸ ਵਿਚ ਅਗਲੇ ਦੋ ਮਹੀਨਿਆਂ ਦਾ ਕਿਰਾਇਆ ਅਤੇ ਪਿੱਛਲੇ ਮਹੀਨਿਆਂ ਦੀਆਂ ਲੋਕਲ ਅਤੇ ਟਰੰਕ ਕਾਲਜ਼ ਦਾ ਖਰਚਾ ਸ਼ਾਮਲ ਹੁੰਦਾ ਹੈ। ਇਸ ਵਿਚ ਪਿਛਲੇ ਦੋ ਮਹੀਨਿਆਂ ਦੀਆਂ ਵਿਦੇਸ਼ੀ ਕਾਲਾਂ ਦਾ ਖਰਚਾ ਵੀ ਸ਼ਾਮਲ ਹੁੰਦਾ ਹੈ।

ਕਦੇ-ਕਦੇ ਬਿਲ ਵਿਚ ਸਾਰੇ ਸਾਲ ਲਈ ਟੈਲੀਫੋਨ ਦੇ ਹੋਰ ਸਮਾਨ ਦਾ ਖਰਚਾ ਵੀ ਸ਼ਾਮਲ ਹੁੰਦਾ ਹੈ। ਫਿਰ ਭੀ ਇਕ ਅਕਤੂਬਰ, 1985 ਤੋਂ 28 ਫਰਵਰੀ 1987 ਦੇ ਸਮੇਂ ਦੌਰਾਨ ਕੈਬਨਿਟ ਮੰਤਰੀਆਂ, ਰਾਜ ਮੰਤਰੀਆਂ, ਉਪ-ਮੰਤਰੀਆਂ ਅਤੇ ਸੰਸਦੀ ਸਕੱਤਰਾਂ ਦੇ ਦਫਤਰੀ ਅਤੇ ਰਿਹਾਇਸ਼ੀ ਟੈਲੀਫੋਨਾਂ ਦੇ ਖਰਚੇ ਸਬੰਧੀ ਸੂਚੀ ਸਦਨ ਦੀ ਮੇਜ਼ ਤੇ ਰਖੀ ਜਾਂਦੀ ਹੈ।

1 ਅਕਤੂਬਰ, 1985 ਤੋਂ 28 ਫਰਵਰੀ, 1987 ਦੇ ਸਮੇਂ ਦੌਰਾਨ ਕੈਬਨਿਟ ਮੰਤਰੀਆਂ, ਰਾਜ ਮੰਤਰੀਆਂ ਅਤੇ ਉਪ ਮੰਤਰੀਆਂ ਅਤੇ ਸੰਸਦੀ ਸਕੱਤਰਾਂ ਦੇ ਦਫਤਰੀ ਅਤੇ ਰਿਹਾਇਸ਼ੀ ਟੈਲੀਫੋਨਾਂ ਦੇ ਖਰਚੇ ਸਬੰਧੀ ਸੂਚੀ ਪੱਤਰ ਹੇਠ ਲਿਖੇ ਅਨੁਸਾਰ ਹੈ।

ਲੜੀ ਨੰ:	ਮੰਤਰੀ ਦਾ ਨਾਂ	ਦਫਤਰ (ਰੁਪਏ)	ਰਿਹਾਇਸ਼ (ਰੁਪਏ)
1.	ਸਰਦਾਰ ਸੁਰਜੀਤ ਸਿੰਘ ਬਰਨਾਲਾ, ਮੁੱਖ ਮੰਤਰੀ, ਪੰਜਾਬ	93,918.90	1,82,341.30
2.	ਸਰਦਾਰ ਬਲਵੰਤ ਸਿੰਘ, ਵਿੱਤ ਮੰਤਰੀ ...	42,472.50	79,208.00
3.	ਸਰਦਾਰ ਮੇਜਰ ਸਿੰਘ ਉਬੋਕੇ, ਮਾਲ ਮੰਤਰੀ ...	45,264.50	64,861.50
4.	ਸਰਦਾਰ ਨੱਥਾ ਸਿੰਘ ਦਾਲਮ, ਸੂਚਨਾ ਅਤੇ ਲੋਕ ਸੰਪਰਕ ਮੰਤਰੀ	47,811.00	50,692.90
5.	ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਸਹਿਕਾਰਤਾ ਮੰਤਰੀ ...	16,023.80	36,656.50
6.	ਸਰਦਾਰ ਸ਼ਸ਼ਪਾਲ ਸਿੰਘ, ਜਨ ਸਿਹਤ ਰਾਜ ਮੰਤਰੀ ...	13,287.00	19,547.80
7.	ਸਰਦਾਰ ਤਾਰਾ ਸਿੰਘ ਲਾਇਲਪੁਰੀ, ਚੱਕਬੰਦੀ ਰਾਜ ਮੰਤਰੀ ...	19,989.00	4,585.00
8.	ਸਰਦਾਰ ਬਲਦੇਵ ਸਿੰਘ ਖਿਆਲਾ, ਪੇਂਡੂ ਵਿਕਾਸ ਅਤੇ ਪੰਚਾਇਤ ਰਾਜ ਮੰਤਰੀ	18,536.10	19,594.10
9.	ਸ੍ਰੀ ਕਸਤੂਰੀ ਲਾਲ, ਛਪਾਈ ਅਤੇ ਸਮੱਗਰੀ ਅਤੇ ਸੈਰ ਸਪਾਟਾ ਰਾਜ ਮੰਤਰੀ	14,714.00	28,163.60
10.	ਸਰਦਾਰ ਹਰਦੀਪਇੰਦਰ ਸਿੰਘ, ਰਾਜ ਮੰਤਰੀ, ਟਰਾਂਸਪੋਰਟ	29,444.50	30,280.50
11.	ਸਰਦਾਰ ਮਲਕੀਅਤ ਸਿੰਘ ਸਿੱਧੂ, ਯੋਜਨਾ ਰਾਜ ਮੰਤਰੀ ...	8,009.00	24,127.90
12.	ਸਰਦਾਰ ਹਰੀ ਸਿੰਘ ਜ਼ੀਰਾ, ਰਾਜ ਮੰਤਰੀ, ਮਕਾਨ ਉਸਾਰੀ ਅਤੇ ਸਿੰਚਾਈ ਵਿਭਾਗ	19,732.40	11,446.90
13.	ਸਰਦਾਰ ਮਹਿੰਦਰ ਸਿੰਘ ਸਾਈਆਂਵਾਲਾ, ਰਾਜ ਮੰਤਰੀ, ਸਥਾਨਕ ਸਰਕਾਰ	25,582.40	29,445.50

[ਮੁੱਖ ਮੰਤਰੀ]

1	2	3	4
14.	ਸਰਦਾਰ ਉਪਕਾਰ ਸਿੰਘ ਰੰਧਾਵਾ, ਰਾਜ ਮੰਤਰੀ, ਆਰਥਕ ਤਾਲਮੇਲ	14,561.00	7,673.20
15.	ਸਰਦਾਰ ਸੁਰਿੰਦਰਪਾਲ ਸਿੰਘ ਬੰਮਨਵਾਲ, ਰਾਜ ਮੰਤਰੀ, ਜੰਗਲਾਤ ਅਤੇ ਭੋਂ ਵਿਕਾਸ	17,158.00	15,869.10
16.	ਸਰਦਾਰ ਜਗਦੇਵ ਸਿੰਘ ਤਾਜਪੁਰੀ, ਰਾਜ ਮੰਤਰੀ, ਪਸ਼ੂ ਪਾਲਣ	5,398.10	7,113.80
17.	ਸਰਦਾਰ ਰਾਜਿੰਦਰ ਸਿੰਘ ਧਾਲੀਵਾਲ, ਰਾਜ ਮੰਤਰੀ, ਭਵਨ ਤੇ ਮਾਰਗ	10,467.00	5,435.00
18.	ਕੈਪਟਨ ਕੰਵਲਜੀਤ ਸਿੰਘ, ਰਾਜ ਮੰਤਰੀ, ਗ੍ਰਹਿ ...	11,840.00	21,696.40
19.	ਸਰਦਾਰ ਬਲਦੇਵ ਸਿੰਘ ਮਾਨ, ਰਾਜ ਮੰਤਰੀ, ਖੁਰਾਕ ਤੇ ਸਪਲਾਈ	21,792.70	15,106.80
20.	ਸ਼੍ਰੀ ਨੁਸਰਤ ਅਲੀ ਖਾਂ, ਰਾਜ ਮੰਤਰੀ, ਜੇਲ੍ਹਾਂ ਅਤੇ ਸਿਵਲ ਡੀਫੈਂਸ	14,116.30	17,389.20
21.	ਸ਼੍ਰੀ ਦਲੀਪ ਸਿੰਘ ਪਾਂਧੀ, ਰਾਜ ਮੰਤਰੀ, ਭਲਾਈ ...	9,449.00	16,023.80
22.	ਸ਼੍ਰੀ ਪ੍ਰੇਮ ਗੁਪਤਾ, ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ ...	15,221.60	1,217.80
23.	ਸਰਦਾਰ ਕੁੰਦਨ ਸਿੰਘ ਪਤੰਗ, ਉਪ ਮੰਤਰੀ, ਸਿਹਤ ...	10,273.50	9,713.55
24.	ਸਰਦਾਰ ਸਰਵਨ ਸਿੰਘ ਫਿਲੌਰ, ਉਪ ਮੰਤਰੀ, ਲੋਕ ਨਿਰਮਾਣ ਭਵਨ ਅਤੇ ਸੜਕਾਂ	7,114.70	10,591.80
25.	ਸਰਦਾਰ ਸੁਰਿੰਦਰ ਸਿੰਘ ਧੂਰੀ, ਸੰਸਦੀ ਸਕੱਤਰ, ਟਰਾਂਸਪੋਰਟ	14,211.50	7,440.00
26.	ਸਰਦਾਰ ਗੋਬਿੰਦ ਸਿੰਘ ਕਾਂਝਲਾ, ਸੰਸਦੀ ਸਕੱਤਰ, ਭਲਾਈ	8,240.60	4,275.00

Crops Insurance

*838. **Prof. Darbari Lal** : Will the Chief Minister be pleased to state whether the Government has any proposal under its consideration to introduce Crops Insurance Scheme in the State ; if so, the time by which that is likely to be done ?

ਸਰਦਾਰ ਸੁਰਿੰਦਰਪਾਲ ਸਿੰਘ (ਰਾਜ ਮੰਤਰੀ, ਜੰਗਲਾਤ, ਭੂਮੀ ਰਖਿਆ ਤੇ ਜੰਗਲੀ ਜੀਵ) : ਹਾਂ। ਭਾਰਤ ਸਰਕਾਰ ਦੀ ਫਸਲ ਬੀਮਾ ਸਕੀਮ ਦੀ ਤਜਵੀਜ਼ ਨੂੰ ਪੰਜਾਬ ਰਾਜ ਵਿਚ ਲਾਗੂ ਕਰਨਾ ਸਰਕਾਰ ਦੇ ਵਿਚਾਰ ਅਧੀਨ ਹੈ। ਪਰ ਜਿਹੜੀ ਸਕੀਮ ਭਾਰਤ ਸਰਕਾਰ ਨੇ ਤਿਆਰ ਕਰਕੇ ਭੇਜੀ ਹੈ ਉਹ ਸਰਕਾਰ ਨੂੰ ਮਨਜ਼ੂਰ ਨਹੀਂ ਕਿਉਂਕਿ ਉਸ ਵਿਚ ਕਈ ਤਰ੍ਹਾਂ ਦੇ ਨੁਕਸ ਅਤੇ ਖਾਮੀਆਂ ਹਨ।

ਹੁਣੇ ਹੀ ਇਕ ਮੀਟਿੰਗ ਮਿਤੀ 20 ਜਨਵਰੀ, 1987 ਨੂੰ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਜਿਸ ਵਿਚ ਭਾਰਤ ਸਰਕਾਰ ਵੱਲੋਂ ਤਿਆਰ ਕੀਤੀ ਸਕੀਮ ਨੂੰ ਵਿਚਾਰਨਾ ਤੇ ਉਸ ਵਿਚ ਉਹ ਤਬਦੀਲੀਆਂ ਕਰਨਾ ਸੀ ਜਿਸ ਨਾਲ ਪੰਜਾਬ ਸਰਕਾਰ ਤੇ ਪੰਜਾਬ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਹੋਣ। ਇਸ ਮੀਟਿੰਗ ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਰਾਜ ਵਿੱਚ ਕਿਸਾਨਾਂ ਦੀਆਂ ਵੱਖ ਵੱਖ ਜਥੇਬੰਦੀਆਂ ਦੇ ਵਿਚਾਰ ਲਏ ਜਾਣ ਤੇ ਉਸ ਪਿੱਛੋਂ ਇਕ ਸੋਧੀ ਹੋਈ ਸਕੀਮ ਜਿਹੜੀ ਕਿ ਪੰਜਾਬ ਸਰਕਾਰ ਨੂੰ ਠੀਕ ਲੱਗੇ ਤਿਆਰ ਕੀਤੀ ਜਾਵੇ ਤਾਂ ਜੇ ਜ਼ਰੂਰੀ ਹੋਵੇ ਤਾਂ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀ ਜਾਵੇ।

Starred Question No. 813

(Extension has been asked for in respect of Starred Question No. 813)

D.O. No. 25(16)87-2Ed. II/Spl.

Prem Singh Chandumajra,

Minister,

Co-operation Department, Punjab,
Chandigarh.

Dated Chandigarh the 30th March, 1987.

Dear

The answer to Starred Punjab Vidhan Sabha Question No. 813 appearing in the list of Questions for 31st March, 1987 in the name of Shri Mohan Lal, M.L.A., is not ready. The requisite information is being collected from the quarters concerned. I am, therefore, to request that time for answering this Question may kindly be extended and this Question included in the list of Questions for any date after 31st March, 1987.

Yours sincerely,

(Sd. . .),

(PREM SINGH CHANDUMAJRA)

Shri Surjit Singh Minhas,
Speaker, Punjab Vidhan Sabha,
Chandigarh.

Recommendation of the Expert Committee

*820. **Shri Harnam Dass Johar, Advocate** : Will the Chief Minister be pleased to state whether the Government have accepted the recommendations of the Expert Committee on Technical Education constituted by the Central Government and headed by Prof. P.J. Madan, regarding the staff re-structure for the Polytechnics; if so, the details of the recommendations which have since been implemented ?

ਸਰਦਾਰ ਸੁਰਜੀਤ ਸਿੰਘ ਬਰਨਾਲਾ : (ੳ) ਹਾਂ ਜੀ, ਅੰਸ਼ਕ ਤੌਰ ਤੇ।

[ਮੁੱਖ ਮੰਤਰੀ]

(ਅ) ਕੇਂਦਰ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਰਾਜ ਸਰਕਾਰ ਨੇ ਮੁਖੀ ਵਿਭਾਗ (ਨਾਨ-ਇੰਜ.) ਸੀਨੀਅਰ ਲੈਕਚਰਾਰ (ਇੰਜਨੀਅਰਿੰਗ ਤੇ ਨਾਨ-ਇੰਜਨੀਅਰਿੰਗ (ਫੋਰਮੈਨ ਇੰਸਟਰਕਟਰਜ਼ ਟਰੇਨਿੰਗ ਅਤੇ ਪਲੇਸਮੈਂਟ ਅਫਸਰ (ਮੁੱਖ ਦਫਤਰ) ਦੀਆਂ ਆਸਾਮੀਆਂ ਦੀ ਰਚਨਾ ਕੀਤੀ ਹੈ ਅਤੇ ਸਰਕਾਰੀ ਬਹੁ-ਤਕਨੀਕੀਆਂ ਵਿਚ ਜੂਨੀਅਰ ਲੈਕਚਰਾਰ (ਨਾਨ ਇੰਜਨੀਅਰਿੰਗ) ਦੀਆਂ ਆਸਾਮੀਆਂ ਲੈਕਚਰਾਰ ਵਿਚ ਤਬਦੀਲ ਕੀਤੀਆਂ ਹਨ ਅਤੇ ਕੁਝ ਸਪੋਰਟਿੰਗ ਅਮਲਾ ਦਿੱਤਾ ਹੈ।

Starred Question No. 717

(Extension has been asked for in respect of Starred Question NO. 717.)

Surjit Singh Barnala

D.O. No. 18/22/87/GC(4)/Spl.

Chief Minister, Punjab,
Chandigarh.

Dated Chandigarh, the 30th March, 1987.

Dear S.S. Minhas,

The answer to Starred Punjab Vidhan Sabha Question No. 717 appearing in the list of Questions for 31st March, 1987 in the name of Sardar Balwinder Singh Bhunder, M.L.A. is not ready. The requisite information is being collected from the quarters concerned. I am, therefore, to request that time for answering this Question may kindly be extended and this Question included in the list of Questions for any date after 10th April, 1987.

With regards,

Yours sincerely,

(Sd. . .,)

(SURJIT SINGH BARNALA),.

S. Surjit Singh Minhas,
Speaker,
Punjab Vidhan Sabha,
Chandigarh.

ANNOUNCEMENT BY THE SPEAKER

ਸ਼੍ਰੀ ਸਪੀਕਰ : ਮੈਂ ਸਦਨ ਨੂੰ ਇਤਲਾਹ ਦੇ ਦਿਆਂ ਕਿ ਇਸ ਸਦਨ ਵਲੋਂ ਰਾਜਪਾਲ ਦੇ ਭਾਸ਼ਣ ਉਤੇ ਜਿਹੜਾ ਧੰਨਵਾਦ ਦਾ ਮਤਾ 19 ਮਾਰਚ, 1987 ਨੂੰ ਪਾਸ ਕੀਤਾ ਗਿਆ ਸੀ ਉਸ ਦੇ

ਸਬੰਧ ਵਿਚ ਮੈਨੂੰ ਰਾਜਪਾਲ ਜੀ ਦੀ ਜੋ ਚਿੱਠੀ ਆਈ ਹੈ ਉਹ ਮੈਂ ਸਦਨ ਨੂੰ ਪੜ੍ਹਕੇ ਸੁਣਾਉਂਦਾ ਹਾਂ, ਜੋ ਕਿ ਇਸ ਪ੍ਰਕਾਰ ਹੈ :—

"Dear Speaker,

This is with reference to your D.O. letter No. 20/LA-87/5247 dated 20th March, 1987 forwarding a copy of the Motion of Thanks passed by the Punjab Vidhan Sabha at its meeting held on the 19th March, 1987 for the Address which I delivered to the Members of the Punjab Vidhan Sabha on the 11th March, 1987. I would like to convey my thanks to you and to all the Members of the Vidhan Sabha.

With best wishes,

Yours Sincerely,

Sd/-

(Sidhartha Shankar Ray)"

ਪ੍ਰੋਫੈਸਰ ਦਰਬਾਰੀ ਲਾਲ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕੁਝ ਦਿਨ ਪਹਿਲੇ ਮਾਨਯੋਗ ਮੁੱਖ ਮੰਤਰੀ ਜੀ ਨੇ ......

ਸ਼੍ਰੀ ਸਪੀਕਰ : ਤੁਸੀਂ ਬੈਠੋ। ਢੀਂਡਸਾ ਜੀ ਨੇ ਪਰਸਨਲ ਐਕਸਪਲੇਨੇਸ਼ਨ ਦੇਣੀ ਹੈ।

PERSONAL EXPLANATION BY SARDAR SUKHDEV SINGH DHINDSA

ਸਰਦਾਰ ਸੁਖਦੇਵ ਸਿੰਘ ਢੀਂਡਸਾ : ਸਪੀਕਰ ਸਾਹਿਬ, ਹੁਣੇ ਸਵਾਲ ਦਾ ਜਵਾਬ ਦਿੰਦੇ ਹੋਏ ਮੇਜਰ ਸਿੰਘ ਉਬੋਕੇ ਨੇ ਇਕ ਗੱਲ ਕਹੀ ਕਿ ਇਸ ਗੱਲ ਦਾ ਜਵਾਬ ਢੀਂਡਸਾ ਜੀ ਦੇਣਗੇ। ਇਕ ਤਾਂ ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਮੈਂ ਕਿਸ ਕਪੈਸਿਟੀ ਵਿਚ ਜਵਾਬ ਦਿਆਂਗਾ ......

ਸ਼੍ਰੀ ਸਪੀਕਰ : ਤੁਸੀਂ ਪਰਸਨਲ ਐਕਸਪਲੇਨੇਸ਼ਨ ਦੇ ਰੂਲ ਪੜ੍ਹ ਲਓ। You cannot make a speech.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਮੈਂ ਐਸ.ਜੀ.ਪੀ.ਸੀ. ਦਾ ਮੈਂਬਰ ਵੀ ਨਹੀਂ ਲੇਕਿਨ ਵਜ਼ੀਰ ਸਾਹਿਬ ਐਸ.ਜੀ.ਪੀ.ਸੀ. ਦੇ ਮੈਂਬਰ ਹਨ। 24 ਤਾਰੀਖ ਨੂੰ ਐਸ.ਜੀ.ਪੀ.ਸੀ. ਦਾ ਸੈਸ਼ਨ ਸੀ, ਉਸ ਸੈਸ਼ਨ ਵਿਚ ਉਹ ਹਾਜ਼ਰ ਹੁੰਦੇ ਅਤੇ ਸਵਾਲ ਪੁੱਛਦੇ। ਇਹ ਵਜ਼ੀਰ ਸਾਹਿਬ ਮੈਂਬਰ ਹੋਣ ਦੇ ਨਾਤੇ ਵੀ ਐਸ.ਜੀ.ਪੀ.ਸੀ. ਦੇ ਸੈਸ਼ਨ ਵਿਚ ਨਹੀਂ ਗਏ। ਦੂਸਰੀ ਮੇਰੀ ਬੇਨਤੀ, ਸਪੀਕਰ ਸਾਹਿਬ, ਇਹ ਹੈ ਕਿ ਕੱਲ੍ਹ ਮੈਂ ਇਸ ਹਾਊਸ ਵਿਚ ਹਾਜ਼ਰ ਨਹੀਂ ਸੀ। ਮੈਨੂੰ ਪਤਾ ਲੱਗਾ ਹੈ ਕਿ ਪਤਾ ਨਹੀਂ ਇਨ੍ਹਾਂ ਦੀ ਮੇਰੇ ਤੇ ਕੀ ਨਿਗਾਹ ਹੋਈ ਹੈ ਪਹਿਲਾਂ ਸਾਡੇ ਲੀਡਰ ਦਾ ਨਾਮ ਜਪਦੇ ਰਹੇ, ਕੱਲ੍ਹ ਮੇਰਾ ਨਾਮ ਜਪਦੇ ਰਹੇ। ਜੇ ਬਹੁਤ ਲੋੜ ਹੈ ਤਾਂ ਬਹਿਸ ਕਰਾ ਲੈਣ ਕਿ ਇਹ ਕੀ ਚਾਹੁੰਦੇ ਹਨ, ਕਿਸ ਤਰ੍ਹਾਂ ਦੀ ਗੱਲ ਚਾਹੁੰਦੇ ਹਨ। ਇਸ ਵਾਸਤੇ ਇਕ ਦਿਨ ਰੱਖ ਲਓ। ਸਪੀਕਰ ਸਾਹਿਬ, ਇਕ ਮੇਰਾ ਪੁਆਇੰਟ ਆਫ ਆਰਡਰ ਹੈ। ਮੈਂ ਪਰਸੋਂ ਮੁਹਾਲੀ ਗਿਆ ਸੀ। ਉਥੇ ਕੁਝ ਸੱਜਣ ਜਿਹੜੇ ਦੰਗਾ ਪੀੜਤ ਹਨ ਉਹ ਹਾਊਸਿੰਗ ਬੋਰਡ ਦੀਆਂ ਕਾਲੋਨੀਜ਼ ਦੇ ਅੰਦਰ ......

ਸ਼੍ਰੀ ਸਪੀਕਰ : ਤੁਹਾਡੀ ਪਰਸਨਲ ਐਕਸਪਲੇਨੇਸ਼ਨ ਖਤਮ ਹੋ ਗਈ ਹੈ। ਹੁਣ ਤੁਸੀਂ ਪੁਆਇੰਟ ਆਫ ਆਰਡਰ ਤੇ ਬੋਲ ਰਹੇ ਹੋ ? Now you want to speak on a point of order.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਉਹ ਸਵਾ ਸਾਲ ਤੋਂ ਉਥੇ ਬੈਠੇ ਹਨ ਪਰ ਉਨ੍ਹਾਂ ਨੂੰ ਅਲਾਟਮੈਂਟ ਨਹੀਂ ਹੋਈ। ਉਨ੍ਹਾਂ ਨੂੰ ਬਿਜਲੀ ਨਹੀਂ ਮਿਲੀ। ਉਨ੍ਹਾਂ ਨੂੰ ਹਰ ਰੋਜ਼ ਕਹਿੰਦੇ ਹਨ ਕਿ ਵਜ਼ੀਰ ਸਾਹਿਬ ਤੋਂ ਚਿੱਠੀ ਆਵੇਗੀ। ਬਿਜਲੀ ਬੋਰਡ ਵਾਲੇ ਉਨ੍ਹਾਂ ਨੂੰ ਕਹਿੰਦੇ ਹਨ ਕਿ ਜਦ ਤੱਕ ਤੁਹਾਨੂੰ ਪੱਕੀ ਅਲਾਟਮੈਂਟ ਨਹੀਂ ਹੁੰਦੀ ਅਸੀਂ ਤੁਹਾਨੂੰ ਕੁਨੈਕਸ਼ਨ ਨਹੀਂ ਦੇ ਸਕਦੇ। ਉਨ੍ਹਾਂ ਨੂੰ ਸਵਾ ਸਾਲ ਹੋ ਗਿਆ ਹੈ। ਉਨ੍ਹਾਂ ਨੂੰ ਬੜੀ ਤਕਲੀਫ ਹੈ। ਉਨ੍ਹਾਂ ਕੋਲ ਰਹਿਣ ਲਈ ਕੋਈ ਥਾਂ ਨਹੀਂ ਹੈ। ਉਨ੍ਹਾਂ ਨੂੰ ਸਵਾ ਸਾਲ ਬੈਠਿਆਂ ਨੂੰ ਹੋ ਗਿਆ ਹੈ। ਇਸ ਲਈ, ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਉਨ੍ਹਾਂ ਨੂੰ ਅਲਾਟਮੈਂਟ ਕਰ ਦਿੱਤੀ ਜਾਵੇ, ਉਹ ਸਵਾ ਸਾਲ ਤੋਂ ਬੈਠੇ ਹਨ। ਅਲਾਟ ਤਾਂ ਕਰ ਦੇਣ ਜਿਥੇ ਸਵਾ ਸਾਲ ਤੋਂ ਉਹ ਬੈਠੇ ਹਨ, ਉਨ੍ਹਾਂ ਨੂੰ ਹੋਰ ਜ਼ਲੀਲ ਤਾਂ ਨਾ ਕਰਨ।

ਪ੍ਰੋਫੈਸਰ ਦਰਬਾਰੀ ਲਾਲ : ** ** **

Mr. Speaker: This is no point of order. ਮੈਂ ਇਸ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਪੁਆਇੰਟ ਆਫ ਆਰਡਰ ਹੈ ਉਸ ਦੇ ਬਾਰੇ ਰੂਲ 105 ਬੜਾ ਕਲੀਅਰਲੀ ਡੀਲ ਕਰਦਾ ਹੈ। ਪੁਆਇੰਟ ਆਫ਼ ਆਰਡਰ ਉਹੀ ਹੈ..

"....if it relates to maintenance of order in, or arrangement of business before, the House."

ਇਸ ਦੇ ਵਿੱਚ ਇਹ ਕਵਰ ਅੱਪ ਨਹੀਂ ਹੁੰਦਾ, ਇਸ ਲਈ this is no point of order.

ਪ੍ਰੋਫੈਸਰ ਦਰਬਾਰੀ ਲਾਲ ** ** **

Mr. Speaker : This is no point of order.

ਸ਼੍ਰੀ ਜਗਜੀਤ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਇਸ ਸੈਸ਼ਨ ਵਿੱਚ, ਮੁਕਤਸਰ ਤਹਿਸੀਲ ਵਿੱਚ ਗੜੇ ਪਏ ਹਨ, ਗੜਿਆਂ ਦੇ ਮੁਤੱਲਕ ਸਰਕਾਰ ਨੇ ਵਾਇਦਾ ਕੀਤਾ ਹੈ ਕਿ ਮੁਆਵਜ਼ਾ ਜਲਦੀ ਦਿੱਤਾ ਜਾਵੇਗਾ। ਮੈਂ ਤੁਹਾਡੀ ਮਾਰਫਤ, ਸਪੀਕਰ ਸਾਹਿਬ, ਰੈਵੇਨਿਊ ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਗੜੇ ਪਏ ਹਨ ਉਥੇ ਜਿਹੜੀ ਐਗਰੀਕਲਚਰਲ ਲੇਬਰ ਹੈ ਉਨ੍ਹਾਂ ਨੇ ਵਟਾਈ ਤੇ ਬੀਜਣ ਵਾਸਤੇ ਫਸਲ ਲਈ ਸੀ ਔਰ ਗਿਰਦਾਵਰੀਆਂ ਫਾਰਮਰਜ਼ ਦੇ ਨਾਮ ਤੇ ਹਨ। ਕੀ ਇਸ ਦੇ ਵਾਸਤੇ ਸਰਕਾਰ ਕੋਈ ਐਸਾ ਤਰੀਕਾ ਅਖਤਿਆਰ ਕਰੇਗੀ ਜਿਸ ਦੇ ਨਾਲ ਉਸ ਸੇਪੀਕਾਰ, ਐਗਰੀਕਲਚਰਲ ਲੇਬਰ ਨੂੰ ਕਮਪਨਸੇਟ ਕੀਤਾ ਜਾਵੇ ਕਿਉਂਕਿ ਗਿਰਦਾਵਰੀ ਫਾਰਮਰਜ਼ ਦੇ ਨਾਮ ਤੇ ਹੈ ਅਤੇ ਐਗਰੀਕਲਚਰਲ ਲੇਬਰ ਜੋ ਹੈ ਉਹ ਭਉਲੀ ਤੇ ਲੈ ਕੇ ਖੇਤੀ ਕਰਦੀ ਹੈ। ਜਿਹੜਾ ਪਿਛੇ ਹੋਇਆ ਹੈ ਉਨ੍ਹਾਂ ਨੂੰ ਮੁਆਵਜ਼ਾ ਨਹੀਂ ਦਿੱਤਾ ਗਿਆ। ਇਹ ਤੁਹਾਡੀ ਮਾਰਫ਼ਤ ਮੈਂ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਤਾਕਿ ਇਹ ਜਿਹੜੇ ਲੋਕ ਹਨ ਉਨ੍ਹਾਂ ਦਾ ਫੈਸਲਾ ਹੋ ਜਾਏ।

ਸ਼੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਟਾਈਮ ਤਾਂ ਸਾਰੇ ਮੈਂਬਰ ਸਾਹਿਬਾਨ ਨੂੰ ਮਿਲੇਗਾ, ਪਰ ਪੁਆਇੰਟ ਆਫ਼ ਆਰਡਰ ਦੇ ਬਾਰੇ ਰੂਲ 105 ਬੜਾ ਕਲੀਅਰ ਹੈ। ਜੇਕਰ ਕੋਈ ਹਾਊਸ ਵਿਚ ਬਿਜ਼ਨੈਸ ਹੋਵੇ ਔਰ ਜੋ ਹਾਊਸ ਵਿਚ ਮੇਨਟੀਨੈਂਸ ਆਫ ਆਰਡਰ ਨਾਲ ਡੀਲ ਕਰਦਾ ਹੋਵੇ

**Expunged as ordered by the Chair.

ਜਾਂ ਰੂਲਜ਼ ਨੂੰ ਲਾਗੂ ਕਰਨ ਵਿਚ ਕੋਈ ਹਿੱਚ ਹੋਵੇ, ਮੈਂ ਸਮਝਦਾ ਹਾਂ ਕਿ ਇਸ ਕਿਸਮ ਦੇ ਸੁਆਲਾਤ ਉਠਾਉਣੇ ਚਾਹੀਦੇ ਹਨ, ਜੇ ਕੋਈ ਮਾਮਲਾ ਹਾਊਸ ਦੇ ਵਿਚਾਰ ਅਧੀਨ ਹੀ ਨਹੀਂ ਹੈ ਤਾਂ ਫਿਰ ਇਹ ਕਿਸ ਤਰ੍ਹਾਂ ਦੇ ਪੁਆਇੰਟਸ ਆਫ ਆਰਡਰ ਹਨ।

ਚੌਧਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਮੇਰੇ ਸੁਆਲ ਦਾ ਰੈਵੇਨਿਊ ਮਨਿਸਟਰ ਸਾਹਿਬ ਜਵਾਬ ਦੇਣ ਲੱਗੇ ਸਨ ਜੀ।

ਸ੍ਰੀ ਸਪੀਕਰ : ਅਗਰ ਕੋਈ ਮਨਿਸਟਰ ਸਾਹਿਬ ਜਵਾਬ ਦੇਣਾ ਚਾਹੁੰਦੇ ਹਨ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਵੈਸੇ ਕੱਲ੍ਹ ਲੋਕ ਸਭਾ ਦੇ ਸਪੀਕਰ ਸਾਹਿਬ ਨੇ ਕਿਹਾ ਹੈ ਕਿ ਇਹ ਜਿਹੜਾ ਜ਼ੀਰੋ ਆਵਰ ਹੈ ਇਹ ਰੂਲਜ਼ ਬਰੇਕਿੰਗ ਆਵਰ ਹੈ।

ਮਾਲ ਤੇ ਪੁਨਰਵਾਸ ਮੰਤਰੀ : ਜੋ ਰਾਹਤ ਦੇ ਨਿਯਮ ਹਨ, ਜੇ ਕੋਈ ਕੁਦਰਤੀ ਆਫ਼ਤ ਆ ਜਾਏ ਉਨ੍ਹਾਂ ਵਿਚ ਸਪੱਸ਼ਟ ਤੌਰ ਤੇ ਦਰਜ ਹੈ ਸੀਰੀ, ਸੇਪੀ ਜਾਂ ਸਾਂਝੀਵਾਲ। ਜਿੰਨਾਂ ਉਸ ਦਾ ਹਿੱਸਾ ਹੋਵੇਗਾ ਫ਼ਸਲ ਵਿਚ ਜੋ ਕਿਸਾਨ ਤੋਂ ਉਸ ਨੇ ਲੈਣਾ ਹੈ ਉਸ ਨੂੰ ਰਿਲੀਫ ਵਿਚੋਂ ਉਤਨਾ ਹਿੱਸਾ ਮਿਲੇਗਾ।

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੇਰਾ ਪਹਿਲਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਸ ਹਾਊਸ ਵਿਚ ਬਾਕਾਇਦਾ ਰੋਜ਼ ਦੀ ਕਾਰਵਾਈ ਦਾ ਬੁਲਿਟਨ ਰਲੀਜ਼ ਹੁੰਦਾ ਸੀ। ਪਰ ਇਸ ਵਿਧਾਨ ਸਭਾ ਦੇ, I am sorry, ਕਿਸੇ ਦਿਨ ਦਾ ਕੋਈ ਬੁਲਿਟਨ ਇਸ਼ੂ ਨਹੀਂ ਹੋਇਆ। ਦੂਸਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਹਾਊਸ ਵਿ- ਸੀ.ਐਮ. ਸਾਹਿਬ ਨੇ ਵਾਇਦਾ ਕੀਤਾ ਸੀ ਕਿ ਉਹ ਹਾਊਸ ਵਿਚ ਇਕ ਸਟੇਟਮੈਂਟ ਦੇਣਗੇ ਜਿ । ਬਹੁਤ ਕਨਸਰਨ ਕਰਦੀ ਹੈ ਹਾਊਸ ਦੇ ਨਾਲ ਕਿ ਕਿਸੇ ਮਨਿਸਟਰ ਦੇ ਲੜਕੇ ਦਾ ਟੈਰੋਰਿ..ਟਾਂ ਦੇ ਨਾਲ ਲਿੰਕ ਹੋਵੇ। ਪੰਜਾਬ ਦੇ ਵਿਚ ਹਾਹਾਕਾਰ ਮਚੀ ਹੋਈ ਹੈ ਔਰ ਉਸ ਨੂੰ ਬਚਾਇਆ ਜਾਵੇ। I think this is a very seriou matter and Chief Minister should now make a statement in the House today which is very much needed.

ਮਾਸਟਰ ਮੋਹਨ ਲਾਲ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। ਮਾਸਟਰ ਜੀ, ਤੁਹਾਡੀ ਐਡਜਰਨਮੈਂਟ ਮੋਸ਼ਨ ਆਈ ਸੀ ਉਸ ਦੇ ਵਿਚ ਇਸ ਬਾਰੇ ਰੀਜ਼ਨਜ਼ ਦਿੱਤੇ ਜਾ ਚੁਕੇ ਹਨ।

ਪੰਡਿਤ ਸਰਵਣ ਰਾਮ ਮਨਸੋਵਾਲੀਆ : ** ** **

Mr. Speaker : This is no point of order. ਇਸ ਬਾਰੇ ਕੰਡੀ ਏਰੀਏ ਦੀ ਡਿਵੈਲਪਮੈਂਟ ਵਾਸਤੇ 16 ਤਾਰੀਖ਼ ਨੂੰ ਮੀਟਿੰਗ ਹੋ ਰਹੀ ਹੈ।

ਸਰਦਾਰ ਹਰਦਿਆਲ ਸਿੰਘ ਰਾਜਲਾ : ** ** **

Mr Speaker : This is no point of order. ਇਸ 95 ਨੰਬਰ ਕਾਲ ਅਟੈਨਸ਼ਨ ਮੋਸ਼ਨ ਬਾਰੇ ਤੁਸੀਂ ਮੇਰੇ ਦਫ਼ਤਰ/ਚੈਂਬਰ ਵਿਚ ਆ ਜਾਣਾ, ਬੈਠ ਕੇ ਗੱਲ ਕਰ ਲਵਾਂਗੇ।

**Expunged as ordered by the Chair.

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

Mr. Speaker: This is no point of order. ਮੈਂ ਕਹਿਣਾ ਚਾਹਵਾਂਗਾ ਕਿ ਕੱਲ ਸਰਦਾਰ ਬਚਿੱਤਰ ਸਿੰਘ ਨੇ ਕੁਝ ਇਲਫਾਜ਼ ਕਹੇ ਸਨ.. ..

ਕੁਝ ਅਵਾਜ਼ਾਂ : ਇਸ ਨਾਲ ਭਾਸ਼ਣ ਦਾ ਲਿੰਕ ਨਹੀਂ ਹੈ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਅੱਜ ਨਾਨ-ਆਫੀਸ਼ਲ ਡੇਅ ਇਸ ਕਰਕੇ ਰਖਿਆ ਸੀ ਕਿ ਜੇ ਕੋਈ ਆਨਰੇਬਲ ਮੈਂਬਰਜ਼ ਇਸ ਤਰ੍ਹਾਂ ਦਾ ਕੋਈ ਰੈਜ਼ੋਲਿਊਸ਼ਨ ਲਿਆਉਣਾ ਚਾਹੁਣ ਤਾਂ ਲਿਆ ਸਕਦੇ ਹਨ ਔਰ ਉਹ ਰੈਜ਼ੋਲਿਊਸ਼ਨ ਲਿਆ ਕੇ ਸਾਰੇ ਹਾਊਸ ਨੇ ਡਿਸਕਸ ਕਰਨਾ ਸੀ। ਲੇਕਿਨ ਇਹ ਇਕ ਅਜਿਹਾ ਰੈਜ਼ੋਲਿਊਸ਼ਨ ਲੈ ਆਏ ਹਨ ਕਿ ਪੈਪਸੀ ਕੋਲਾ ਪੰਜਾਬ ਵਿਚ ਬਣਨਾ ਚਾਹੀਦਾ ਹੈ। ਇਸ ਨੂੰ ਇਨ੍ਹਾਂ ਨੇ ਡਿਸਕਸ ਕਰਨਾ ਹੈ। ਇਨ੍ਹਾਂ ਨੇ ਉਹ ਰੈਜ਼ੋਲਿਊਸ਼ਨ ਨਹੀਂ ਲਿਆਂਦਾ ਜਿਸ ਦੀ ਚਿੰਤਾ ਲਗੀ ਹੋਈ ਹੈ। (ਸ਼ੇਮ, ਸ਼ੇਮ ਦੀਆਂ ਅਵਾਜ਼ਾਂ)।

(ਇਸ ਵੇਲੇ ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਬਗੈਰ ਪਰਮਿਸ਼ਨ ਦੇ ਉਠ ਕੇ ਬੋਲਣਾ ਸ਼ੁਰੂ ਕਰ ਦਿੱਤਾ ** **) ।

Mr. Speaker: Please sit down. ਇਹ ਜੋ ਕੁਝ ਕਿਹਾ ਜਾ ਰਿਹਾ ਹੈ ਰਿਕਾਰਡ ਨਾ ਕੀਤਾ ਜਾਵੇ ।

ਸਰਦਾਰ ਕਿਰਪਾਲ ਸਿੰਘ : ** ** **

Mr. Speaker : This is no Point of Order.

ਕਾਮਰੇਡ ਮਹਿਤਾਬ ਸਿੰਘ : ਸਪੀਕਰ ਸਾਹਿਬ, ਬਰਨਾਲਾ ਸਾਹਿਬ ਨੇ ਇਥੇ ਕਈ ਵਾਰ ਕਿਹਾ ਹੈ ਕਿ ਉਹ ਸਮਾਜਵਾਦ ਦੀਆਂ ਲੀਹਾਂ ਤੇ ਚਲਦੇ ਹਨ। ਇਸ ਵਿਚ ਕੁਦਰਤੀ ਗੱਲ ਹੈ ਕਿ ਜਿਹੜਾ ਸਮਾਜਵਾਦ ਸ਼ਬਦ ਵਰਤੇਗਾ ਉਹ ਪਬਲਿਕ ਸੈਕਟਰ ਨੂੰ ਅਹਿਸਤਾ ਅਹਿਸਤਾ ਹੇਠਾਂ ਲਿਆਵੇਗਾ ਔਰ ਗਰੀਬ ਵਰਗ ਨੂੰ ਉੱਚਾ ਚੁਕੇਗਾ। ਮੈਂ ਦਸੱਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਟਰਾਂਸਪੋਰਟ ਦੇ ਬਾਰੇ ਵਿਚ 60:40 ਦੀ ਰੇਸ਼ੋ ਨਾਲ ਫੈਸਲਾ ਕੀਤਾ ਸੀ ਪਰ ਜੇ ਇਹ ਅਸਲ ਵਿਚ ਸਮਾਜਵਾਦ ਤੇ ਚਲਦੇ ਤਾਂ ਅੱਜ ਤੱਕ 100% ਨੈਸ਼ਨੇਲਾਈਜ਼ੇਸ਼ਨ ਹੋ ਜਾਣੀ ਚਾਹੀਦੀ ਸੀ ਪਰ ਇਹ ਨਹੀਂ ਕਰ ਸਕੇ। ਇਨ੍ਹਾਂ ਨੇ ਇਸ ਵਾਸਤੇ ਨਵੀਆਂ ਬੱਸਾਂ ਲੈਣ ਵਾਸਤੇ ਜਿਹੜਾ 20 ਕਰੋੜ ਰੁਪਿਆ ਰਖਿਆ ਸੀ ਉਸ ਵਿਚੋਂ ਵੀ 7 ਕਰੋੜ ਦੀ ਕੱਟ ਲਾ ਦਿੱਤੀ । । ਸੋ ਬੱਸਾਂ ਖਰੀਦਣ ਵਿਚ ਜਿਹੜਾ ਤੁਸੀਂ ਕੱਟ ਲਗਾਇਆ ਸੀ ਉਸ ਕੱਟ ਨੂੰ ਤੁਸੀਂ ਖਤਮ ਕਰੋ ਅਤੇ ਪੂਰੀਆਂ ਬੱਸਾਂ ਖਰੀਦੋ ਤਾਂਕਿ ਲੋਕਾਂ ਨੂੰ ਆਵਾਜਾਈ ਵਿਚ ਤਕਲੀਫ ਨਾ ਹੋਵੇ।

ਸ਼੍ਰੀ ਸ਼ਿਵ ਚੰਦ ਮਲੋਟ : ** ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਇਹ ਮਸਲਾ ਪਹਿਲੇ ਹੀ ਹਾਊਸ ਵਿਚ ਆ ਚੁੱਕਾ ਹੈ ਅਤੇ ਸਰਕਾਰ ਵੱਲੋਂ ਜਵਾਬ ਦੇ ਦਿੱਤਾ ਜਾਵੇਗਾ। Sardar Dilbagh Singh.

**Not recorded/Expunged as ordered by the Chair.

Captain Amarinder Singh: Sir.....

Mr. Speaker: You will also get time.

ਸਰਦਾਰ ਦਿਲਬਾਗ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਕੱਲ ਇੱਕ ਕੁਐਸਚਨ ਦੇ ਜਵਾਬ ਵਿਚ ਇਹ ਕਿਹਾ ਗਿਆ ਕਿ ਤਹਿਸੀਲ ਕੰਪਲੈਕਸ ਵਾਸਤੇ 5 ਲੱਖ ਰੁਪਿਆ ਖਰਚ ਕੀਤਾ ਗਿਆ ਹੈ। ਮੈਂ ਕਿਹਾ ਸੀ ਕਿ ਇਥੇ ਇਕ ਇੱਟ ਹਾਲੇ ਤੱਕ ਨਹੀਂ ਲੱਗੀ। ਇਨ੍ਹਾਂ ਨੇ ਫੇਰ ਕਿਹਾ ਕਿ ਖਰਚ ਹੋ ਚੁੱਕਾ ਹੈ। ਇਸ ਬਾਰੇ ਹਾਊਸ ਵਿਚ ਰੌਲਾ ਪਿਆ ਸੀ ਕਿ ਇਸ ਦੀ ਇਨਕੁਆਇਰੀ ਇਸੇ ਸੈਸ਼ਨ ਵਿਚ ਕਰੋ ਪਰ ਸੈਸ਼ਨ ਤਾਂ ਕੱਲ੍ਹ ਖਤਮ ਹੋ ਜਾਣਾ ਹੈ। ਕੀ ਇਨ੍ਹਾਂ ਨੇ ਕੁਝ ਕੀਤਾ ਹੈ ਜਿਹੜੀ ਕੱਲ੍ਹ ਗੱਲ ਹੋਈ ਸੀ ?

ਮਾਲ ਤੇ ਪੁਨਰਵਾਸ ਮੰਤਰੀ : ਸਪੀਕਰ ਸਾਹਿਬ, ਅੱਜ ਹੀ ਪੀ. ਡਬਲਿਊ. ਡੀ. ਮਨਿਸਟਰ ਅਤੇ ਸਰਦਾਰ ਤਾਰਾ ਸਿੰਘ ਲਾਇਲਪੁਰੀ, ਮਨਿਸਟਰ ਫਾਰ ਕਲੋਨਾਈਜੇਸ਼ਨ, ਉਥੇ ਜਾ ਰਹੇ ਹਨ। ਅਤੇ ਸਰਦਾਰ ਦਿਲਬਾਗ ਸਿੰਘ ਨੂੰ ਮੈਂ ਬੇਨਤੀ ਕਰਾਂਗਾਂ ਕਿ ਇਹ ਵੀ ਨਾਲ ਜਾਣ।

ਸਰਦਾਰ ਜਸਮੇਲ ਸਿੰਘ : ਆਨ ਏ ਪੁਆਇੰਟ ਆਫ ਆਰਡਰ , ਸਪੀਕਰ ਸਾਹਿਬ, ਅੱਜ ਕੁਐਸਚਨ ਨੰ: 807 ਤੋਂ ਅੱਗੇ ਦੇ ਸਵਾਲ ਕਿਉਂ ਨਹੀਂ ਲਏ ਗਏ ? (ਵਿਘਨ)

ਸ੍ਰੀ ਸਪੀਕਰ : ਜਿਸ ਵੇਲੇ ਸਵਾਲਾਂ ਦਾ ਸਮਾਂ ਖ਼ਤਮ ਹੋਇਆ ਸੀ, ਤੁਸੀਂ ਖੁਸ਼ਕਿਸਮਤ ਹੋ ਕਿ ਅੱਜ ਮੈਂ ਪੰਜਾਬੀ ਵਿਚ ਹੀ ਕਿਹਾ ਸੀ ਕਿ ਜਿਹੜੇ ਬਾਕੀ ਦੇ ਸਵਾਲ ਰਹਿ ਗਏ ਹਨ ਉਨ੍ਹਾਂ ਦੇ ਜਵਾਬ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਨਿਯਮਾਵਲੀ ਦੇ ਨਿਯਮ 38 ਅਧੀਨ ਦਿੱਤੇ ਗਏ ਸਮਝੇ ਜਾਣਗੇ। ਇਸ ਨੂੰ ਤੁਸੀਂ ਧਿਆਨ ਨਾਲ ਨਹੀਂ ਸੁਣਿਆਂ। ਧਿਆਨ ਨਾਲ ਸੁਣਿਆ ਕਰੋ। (ਵਿਘਨ)

ਕੈਪਟਨ **ਅਮਰਿੰਦਰ ਸਿੰਘ** : ** ** **

Mr. Speaker: This is no point of order.

Sardar Sukhdev Singh Dhindsa : Sir...

Mr. Speaker : You have already taken time. I cannot allow twice.

ਮੁੱਖ ਮੰਤਰੀ: ਸਪੀਕਰ ਸਾਹਿਬ, ਇਸ ਬਾਰੇ ਮੈਂ ਬੇਨਤੀ ਕਰਨੀ ਚਾਹਾਂਗਾ ਕਿ ਰੂਲਜ਼ ਆਫ ਪ੍ਰੋਸੀਜਰ ਹਾਊਸ ਦੇ ਬਣੇ ਹੋਏ ਹਨ। ਜੇਕਰ ਕੋਈ ਮੈਂਬਰ ਕਹਿ ਦੇਵੇ ਕਿ ਰੈਜ਼ੋਲਿਊਸ਼ਨ ਅਸੀਂ ਹੁਣ ਦੇ ਦਿੰਦੇ ਹਾਂ ਔਰ ਸਾਥੋਂ ਪਹਿਲਾ ਭੁਲ ਹੋ ਗਈ ਹੈ ਤਾਂ ਇਹ ਠੀਕ ਨਹੀਂ ਹੈ। ਸਪੀਕਰ ਸਾਹਿਬ, ਤਰੀਕੇ ਦੇ ਮੁਤਾਬਿਕ ਹੀ ਰੈਜ਼ੋਲਿਊਸ਼ਨ ਹੁੰਦੇ ਹਨ। ਇਥੇ ਇਨ੍ਹਾ ਨੇ ਸੌਫਟ ਡਰਿੰਕਸ ਦਾ ਰੈਜ਼ੋਲਿਊਸ਼ਨ ਲਿਆਂਦਾ। ਜੇਕਰ ਇਹ ਸਮਝਦੇ ਸੀ ਕਿ ਦੂਸਰਾ ਮਸਲਾ ਜ਼ਰੂਰੀ ਹੈ ਤਾਂ ਫਿਰ ਇਨ੍ਹਾ ਨੂੰ ਉਹ ਮਸਲਾ ਇਥੇ ਪਹਿਲਾਂ ਲਿਆਉਣਾ ਚਾਹੀਦਾ ਸੀ। ਇਹ ਟਾਈਮ ਸਿਰ ਪਹਿਲਾਂ ਇਥੇ ਲਿਆਉਂਦੇ। ਹੁਣ ਕਹਿੰਦੇ ਹਨ ਕਿ ਸਾਥੋਂ ਭੁਲ ਹੋ ਗਈ। (ਥੰਪਿੰਗ)

ਕੈਪਟਨ ਅਮਰਿੰਦਰ ਸਿੰਘ : ** ** **

ਸ੍ਰੀ ਸਪੀਕਰ : ਇਹ ਜਿਹੜਾ ਬਗੈਰ ਪਰਮਿਸ਼ਨ ਦੇ ਬੋਲਿਆ ਜਾ ਰਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ।

**Expunged/Not recorded as ordered by the Chair.

ਸ੍ਰੀ ਹਰਨਾਮ ਦਾਸ ਜੌਹਰ, ਐਡਵੋਕੇਟ : ** ** **

Mr. Speaker : Please take your seat. You have already spoken on education while taking part in discussion on Budget. This is no Point of Order. Whatever Shri Johar is saying, that will not form part of the record. Brar Sahib.

ਸਰਦਾਰ ਮਹਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, 300 ਕਰੋੜ ਰੁਪਏ ਦਾ ਕਿਸਾਨਾਂ ਨੂੰ ਖਾਲੇ ਪੱਕੇ ਕਰਨ ਦਾ ਰੁਪਿਆ ਮਾਫ ਕਰ ਦਿਤਾ ਗਿਆ ਸੀ। ਇਸ ਬਾਰੇ ਵਿੱਤ ਮੰਤਰੀ ਸਾਹਿਬ ਨੇ ਵੀ ਕਹਿ ਦਿੱਤਾ ਹੈ। ਮੈਂ, ਸਪੀਕਰ ਸਾਹਿਬ, ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਕਰਜਿਆਂ ਬਾਰੇ ਗਰੀਬ ਲੋਕਾਂ ਨੂੰ ਨੋਟਿਸ ਆ ਰਹੇ ਹਨ ਕਿ ਲੋਨ ਵਾਪਸ ਕਰੋ। ਉਨ੍ਹਾਂ ਗਰੀਬ ਕਿਸਾਨਾਂ ਨੂੰ ਕਿਹਾ ਜਾ ਰਿਹਾ ਹੈ ਕਿ ਪਹਿਲਾਂ ਲੋਨ ਵਾਪਸ ਕਰੋ ਫਿਰ ਰਜਿਸਟਰੀਆਂ ਕਰਾਂਗੇ। ਕਿਸਾਨਾਂ ਨੂੰ ਬਹੁਤ ਪਰੇਸ਼ਾਨੀ ਹੈ। ਸਰਕਾਰ ਇਸ ਬਾਰੇ ਸਦਨ ਵਿਚ ਬਿਆਨ ਦੇਵੇ ਕਿਉਂਕਿ ਇਹ ਇਕ ਬਹੁਤ ਹੀ ਜ਼ਰੂਰੀ ਮਸਲਾ ਹੈ। ਸਰਕਾਰ ਇਸ ਪੁਆਇੰਟ ਨੂੰ ਕਲੀਅਰ ਕਰੇ।

ਸਰਦਾਰ ਬਲਵੰਤ ਸਿੰਘ ਸਰਹਾਲ : ਸਪੀਕਰ ਸਾਹਿਬ, ਪੰਜਾਬ ਸਰਕਾਰ ਨੇ ਤਹਿਸੀਲ ਕੰਮਪਲੇਕਸਾਂ ਦੀ ਮਦਦ ਕੀਤੀ ਹੈ ਅਤੇ ਤਹਿਸੀਲ ਕੰਪਲੈਕਸ ਬਣਾਏ ਜਾਣਗੇ। ਇ ਬਾਰੇ ਮੈਂ ਮੁੱਖ ਮੰਤਰੀ ਸਾਹਿਬ ਦਾ ਅਤੇ ਐਫ. ਐਮ. ਸਾਹਿਬ ਦਾ ਧੰਨਵਾਦੀ ਹਾਂ ਅਤੇ ਇਨ੍ਹਾਂ ਨੂੰ ਇਸ ਲਈ ਵਧਾਈ ਦਿੰਦਾ ਹਾਂ। ਬੰਗਾ ਵੀ ਤਹਿਸੀਲ ਕੰਪਲੈਕਸ ਬਣਾਈ ਗਈ ਹੈ। ਸਪੀਕਰ ਸਾਹਿਬ, ਅਕਾਲੀ ਸਰਕਾਰ ਨੇ ਪਿੰਡਾ ਅਤੇ ਸ਼ਹਿਰਾਂ ਦੀ ਤਰੱਕੀ ਕੀਤੀ ਹੈ। ਸਬ-ਤਹਿਸੀਲਾਂ ਅਕਾਲੀ ਸਰਕਾਰ ਨੇ ਬਣਾਈਆਂ ਸਨ ਪਰ ਇਕ ਵੱਡੀ ਤਕਲੀਫ ਹੈ। ਸਪੀਕਰ ਸਾਹਿਬ, ਉਥੇ ਟਰੈਜ਼ਰੀ ਆਫਿਸਿਜ਼ ਨਹੀਂ ਹਨ। ਲੋਕਾਂ ਨੂੰ ਤਹਿਸੀਲ ਹੈਡਕੁਆਰਟਰ ਤੇ ਜਾਣਾ ਪੈਂਦਾ ਹੈ। ਮੈਂ, ਸਪੀਕਰ ਸਾਹਿਬ, ਕੋਈ ਧਰਨਾ ਨਹੀਂ ਦੇਣਾ ਚਾਹੁੰਦਾ। ਮੈਂ ਪੰਜਾਬ ਸਰਕਾਰ ਨੂੰ, ਅਕਾਲੀ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਟਰੈਜ਼ਰੀ ਆਫਿਸਿਜ਼ ਜ਼ਰੂਰ ਬਣਾਏ ਜਾਣ। ਇਹ ਜੱਸ ਵੀ ਅਕਾਲੀ ਸਰਕਾਰ ਖੱਟ ਲਵੇ।

ਮਾਲ ਤੇ ਪੁਨਰਵਾਸ ਮੰਤਰੀ : ਸਪੀਕਰ ਸਾਹਿਬ, ਇਸ ਗੱਲ ਲਈ ਕਾਫੀ ਰਕਮ ਰੱਖੀ ਗਈ ਸੀ। ਸਬ-ਟਰੈਜ਼ਰੀ ਬਣਾਉਣ ਵਾਸਤੇ ਪੈਸਾ ਰਖਿਆ ਗਿਆ ਸ ਟਰੈਜਰੀ ਵਾਲਿਆਂ ਨੇ ਰਿਪੋਰਟ ਦਿੱਤੀ ਹੈ ਕਿ ਲਾਅ ਐਂਡ ਆਰਡਰ ਦੀ ਹਾਲਤ ਠੀਕ ਨਹੀਂ ਹੈ। ਇਸ ਲਈ ਉਹ ਪੈਸਾ ਵਾਪਸ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਸ ਸਮੇਂ ਸਬ-ਟਰੈਜ਼ਰੀ ਆਫਿਸਿਜ਼ ਖੋਲ੍ਹਣ ਦਾ ਫਾਇਦਾ ਨਹੀਂ ਹੈ। ਕਿਉਂਕਿ ਲਾਅ ਐਂਡ ਆਰਡਰ ਦੀ ਹਾਲਤ ਐਸੀ ਹੈ।

ਇਸ ਵਾਸਤੇ ਜਿੰਨਾ ਵੀ ਪੈਸਾ ਇਸ ਸਾਲ, ਜਿਹੜਾ ਅੱਜ ਖਤਮ ਹੋ ਰਿਹਾ ਹੈ, ਰਖਿਆ ਗਿਆ ਸੀ ਇਸ ਕੰਮ ਲਈ, ਉਹ ਸਿਰਫ ਲਾਅ ਐਂਡ ਆਰਡਰ ਦੀ ਹਾਲਤ ਕਰਕੇ ਸਾਰਾ ਸਰਕਾਰ ਦੇ ਖਜ਼ਾਨੇ ਵਿੱਚ ਜਮ੍ਹਾਂ ਹੋ ਗਿਆ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਆਨ ਏ ਪੁਆਇੰਟ ਆਫ ਆਰਡਰ, ਸਰ।

ਸਰਦਾਰ ਸੁਖਦੇਵ ਸਿੰਘ ਢੀਂਡਸਾ । ਸਪੀਕਰ ਸਾਹਿਬ, ਮੈਂ ਇਕ ਪੁਆਇੰਟ ਆਫ ਆਰਡਰ ਰੇਜ਼ ਕਰਨਾ ਹੈ। ਤੁਸੀਂ ਮੈਨੂੰ ਵੀ ਬੋਲਣ ਦਿਓ।

**Expunged as ordered by the Chair.

ਸ੍ਰੀ ਸਪੀਕਰ : ਤੁਸੀਂ ਇਕ ਵਾਰ ਕਰ ਚੁਕੇ ਹੋ । I will not allow you to speak now. Please sit down.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਇਹ ਮੇਰਾ ਹੱਕ ਬਣਦਾ ਹੈ, ਮੈਂ ਉਹੀ ਮੰਗਦਾ ਹਾਂ।

ਸ੍ਰੀ ਸਪੀਕਰ : ਹੱਕ ਤੁਹਾਡਾ ਇਕੱਲਿਆਂ ਦਾ ਹੀ ਨਹੀਂ ਬਣਦਾ । 117 ਮੈਂਬਰਾਂ ਦਾ ਹੱਕ ਬਣਦਾ ਹੈ । ਅੱਜ ਤੁਹਾਡੇ ਵੱਲੋਂ ਮਤਾ ਵੀ ਆਇਆ ਹੈ। ਉਸ ਤੇ ਵੀ ਡਿਸਕਸ਼ਨ ਦਾ ਟਾਈਮ ਘੱਟ ਜਾਵੇਗਾ । ਸ੍ਰੀ ਓਮ ਪ੍ਰਕਾਸ਼ ਗੁਪਤਾ ਜੀ, ਤੁਸੀਂ ਬੋਲੋ ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਇਥੇ ਚੀਫ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅੱਜ ਜਿਹੜਾ ਰੈਜ਼ੋਲਿਊਸ਼ਨ ਆਇਆ ਹੈ, ਉਹ ਅਕਾਰਡਿੰਗ ਟੂ ਰੂਲਜ਼ ਆਇਆ ਹੈ। ਇਹ ਬਿਲਕੁਲ ਠੀਕ ਹੈ । ਇਹ ਲਾਟਰੀ ਵੀ ਸਰਮਾਏਦਾਰਾਂ ਦੀ ਨਿਕਲ ਗਈ । ਚਲੋ, ਇਸੇ ਬਹਾਨੇ ਸਰਮਾਏਦਾਰੀ ਵੀ ਡਿਸਕਸ ਕਰ ਲਵਾਂਗੇ । ਇਸ ਤੇ ਇਨ੍ਹਾਂ ਨੇ ਵਾਰ ਵਾਰ ਸਰਕਾਰੀਆ ਕਮਿਸ਼ਨ ਦੀ ਗੱਲ ਕੀਤੀ ਹੈ ਅਤੇ ਤਲਖੀਆਂ ਨੂੰ ਮੁੜ ਕੇ ਯਾਦ ਕਰਾਇਆ ਜਾ ਰਿਹਾ ਹੈ। ਜੇ ਇਨ੍ਹਾਂ ਦੇ ਢਿੱਡ ਵਿੱਚ ਕੋਈ ਹਾਲੇ ਵੀ ਮਰੋੜ ਹੈ ਤਾਂ ਹਾਊਸ ਦਾ ਟਾਈਮ ਇਕ ਦਿਨ ਹੋਰ ਐਕਸਟੈਂਡ ਕਰ ਲਓ। ਇਨ੍ਹਾਂ ਗੱਲਾਂ ਦਾ ਕੌਣ ਜ਼ਿੰਮੇਵਾਰ ਸੀ, ਉਹ ਵੀ ਸਾਰੀਆਂ ਤੁਹਾਡੇ ਸਾਹਮਣੇ ਆ ਜਾਣਗੀਆਂ। ਤੁਸੀਂ ਇਕ ਦਿਨ ਹੋਰ ਵਧਾ ਦਿਓ, ਜੇ ਵਧਾ ਸਕਦੇ ਹੋ ।

ਸ੍ਰੀ ਸਪੀਕਰ : ਮੈਂ ਹਾਊਸ ਵਿਚ ਅਨਾਊਂਸਮੈਂਟ ਇਕ ਗੱਲ ਦੀ ਕਰਨੀ ਚਾਹਵਾਂਗਾ । ਕੱਲ੍ਹ ਹਾਊਸ ਵਿੱਚ ਸਵਾਲ ਉਠਾਇਆ ਗਿਆ ਸੀ ਕੈਪਟਨ ਕੰਵਲਜੀਤ ਸਿੰਘ ਜੀ ਵੱਲੋਂ ਕਿ ਸਰਦਾਰ ਬਚਿੱਤਰ ਸਿੰਘ ਨੇ ਆਪਣੀ ਸਪੀਚ ਦੇ ਦੌਰਾਨ ਉਨ੍ਹਾਂ ਦੇ ਮੁਤੱਲਕ ਕੁਝ ਸ਼ਬਦ ਕਹੇ ਸਨ, ਕੋਈ 40 ਰੁਪਏ ਮੰਗਦੇ ਹੋ ਵਗੈਰਾ, ਉਸ ਤੇ ਮੈਂ ਭਰੋਸਾ ਦਿਵਾਇਆ ਸੀ ਕਿ I will look into the matter. ਫੇਰ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਮੈਂ ਸੈਟਿਸਫਾਈ ਨਹੀਂ ਹਾਂ ਤੁਸੀਂ ਕੋਈ ਰੂਲਿੰਗ ਦੇ ਕੇ ਉਹ ਸ਼ਬਦ ਹਾਊਸ ਦੀ ਪ੍ਰੋਸੀਡਿੰਗਜ਼ ਵਿਚੋਂ ਐਕਸਪੰਜ ਕਰਾਓ । ਮੈਂ ਸਮਝਦਾ ਹਾਂ ਕਿ ਉਹ ਸ਼ਬਦ ਡੈਫੇਮੇਟਰੀ ਹਨ ਅਤੇ ਗੁਡ ਟੇਸਟ ਵਿੱਚ ਨਹੀਂ ਹਨ ਅਤੇ ਉਹ ਸ਼ਬਦ ਹਾਊਸ ਦੀ ਕਾਰਵਾਈ ਵਿਚੋਂ ਐਕਸਪੰਜ ਕੀਤੇ ਜਾਂਦੇ ਹਨ ।

ਆਵਾਜ਼ਾਂ : ਉਹ ਕੀ ਸ਼ਬਦ ਸਨ ?

ਸ੍ਰੀ ਸਪੀਕਰ : ਇਹ ਕਾਰਵਾਈ ਪੜ੍ਹ ਲੈਣਾ, ਪਤਾ ਲੱਗ ਜਾਵੇਗਾ ।

Mr. Speaker : Now the House will take up Call Attention Notices.

CALL ATTENTION NOTIES UNDER RULE 66

1. **Dr. Kewal Krishan**
2. **Smt. Indira Narinder Singh**
3. **Prof. Kumari Susheel Mahajan**

: Sir, We beg to draw the attention of the Government towards a matter of urgent public importance, namely, lock-out declared by the Punjab Tractors Ltd. at S.A.S. Nagar. As a result of lock-out there is a great resentment amongst the workers. The Government is, therefore, requested to make a statement on the Floor of the House.

ਸਰਦਾਰ ਬਚਿੱਤਰ ਸਿੰਘ : ਸਪੀਕਰ ਸਾਹਿਬ, ਮੈਂ ਇਕ ਮਿੰਟ ਜ਼ਰੂਰ ਲੈਣਾ ਹੈ।

ਸ਼੍ਰੀ ਸਪੀਕਰ : ਤੁਸੀਂ ਮੈਨੂੰ ਚੈਂਬਰ ਵਿੱਚ ਮਿਲ ਲੈਣਾ, ਬਚਿੱਤਰ ਸਿੰਘ ਜੀ। ਇਥੇ ਇਸ ਗੱਲ ਤੇ ਕੋਈ ਡਿਸਕਸ਼ਨ ਨਹੀਂ ਹੋਵੇਗੀ ।

Minister of State for Labour and Employment (Shri Prem Gupta) : The workmen through their Union, namely, Punjab Tractors Union (Regd), Mohali, served a demand notice on 23rd January, 1987 upon the management after the expiry of the last settlement dated 30th March, 1984, on 31st February, 1986. The management and the workmen had several meetings between themselves, but could not arrive at a settlement. However, the Labour-cum-Consiliation Officer on his own fixed and held conciliation meetings on 2nd March, 1987, 11th March, 1987, 12th March, 1987 and 19th March, 1987 ; the employer and the Union had been attending these meetings separately but did not have a joint meeting, so the dispute remained unresolved.

The workmen started gate meetings in the last week of February and on 9th March, 1987.They took mass casual leave, followed by one day token strike on 20th March, 1987 when a clash took place resulting in police intervention and arrest of 31 workmen including the union leaders. On the same day the management declared lock-out effective from 21st March, 1987, 6.00 A.M. The Labour Department is in constant touch with the situation to resolve the dispute.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਕਿਸੇ ਫੈਕਟਰੀ ਵਿਚ ਲਾਕ ਆਊਟ ਹੋ ਜਾਣਾ ਔਰ ਵਰਕਰਜ਼ ਦਾ ਵਿਹਲੇ ਹੋ ਜਾਣਾ ਬੜੀ ਬਦਕਿਸਮਤੀ ਦੀ ਗੱਲ ਹੈ। ਮੈਂ ਜਾਣਨਾ ਚਾਹੁੰਦਾ ਹਾਂ ਮਨਿਸਟਰ ਸਾਹਿਬ ਤੋਂ ਕਿ ਕੀ ਉਥੇ ਲਾਠੀਚਾਰਜ ਹੋਇਆ ? ਕੁਝ ਅਫਸਰਾਂ ਨੇ ਜ਼ਿਆਦਤੀ ਕੀਤੀ ਔਰ ਸਰਕਾਰ ਦੀ ਤਰਫੋਂ ਜੋ ਜਵਾਬ ਮਿਲਆ ਹੈ ਉਸ ਵਿਚ ਇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮੈਨੇਜਮੈਂਟ ਦੇ ਖ਼ਿਲਾਫ਼ ਔਰ ਅਫਸਰਾਂ ਦੇ ਖ਼ਿਲਾਫ਼, ਜਿਨ੍ਹਾਂ ਨੇ ਜ਼ਿਆਦਤੀਆਂ ਕੀਤੀਆਂ ਔਰ ਲਾਠੀਚਾਰਜ ਕਰਾਇਆ, ਕੀ ਉਨ੍ਹਾਂ ਦੇ ਖ਼ਿਲਾਫ਼ ਐਕਸ਼ਨ ਲਿਆ ਹੈ ਉਸ ਲਾਕ ਆਊਟ ਨੂੰ ਹਟਾ ਕੇ ਅੱਗੇ ਫੈਕਟਰੀ ਨੂੰ ਚਲਾਉਣ ਦਾ ਕੀ ਫੈਸਲਾ ਕੀਤਾ ਹੈ ?

ਰਾਜ ਮੰਤਰੀ, ਕਿਰਤ ਤੇ ਰੋਜ਼ਗਾਰ : ਜਿਥੋਂ ਤੱਕ ਲੇਬਰ ਡਿਪਾਰਟਮੈਂਟ ਦਾ ਤੁਅੱਲਕ ਹੈ, ਅਸੀਂ ਜਿਹੜਾ ਡਿਸਪਿਊਟ ਹੈ ਉਹ ਰੀਕਨਸੀਲੀਏਸ਼ਨ ਰਾਹੀਂ ਕੋਸ਼ਿਸ਼ ਕਰਦੇ ਹਾਂ ਕਿ ਸਮਝੌਤਾ ਹੋ ਜਾਏ। ਬਾਕੀ ਲੀਗਲ ਪ੍ਰਾਸੈਸ ਲਈ ਟਰੀਬਿਊਨਲ ਕੋਲ ਜਾਇਆ ਜਾ ਸਕਦਾ ਹੈ । ਮੈਨੇਜਮੈਂਟ ਵੀ ਜਾ ਸਕਦੀ ਹੈ ਔਰ ਵਰਕਰਜ਼ ਵੀ ਜਾ ਸਕਦੇ ਹਨ। ਜਿਥੋਂ ਤਕ ਤੁਅੱਲਕ ਹੈ ਕੀ ਹੋਇਆ, ਕੀ ਨਹੀਂ ਹੋਇਆ, ਲਾਅ ਐਂਡ ਆਰਡਰ ਦੀ ਪ੍ਰਾਬਲਮ ਨਾਲ ਮੇਰਾ ਡਿਪਾਰਟਮੈਂਟ ਡੀਲ-ਵਿਦ ਨਹੀਂ ਕਰਦਾ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਬੜੀ ਬਦਕਿਸਮਤੀ ਦੀ ਗੱਲ ਹੈ ਕਿ ਉਥੇ ਲਾਠੀਚਾਰਜ ਹੋਇਆ ਔਰ ਵਰਕਰਜ਼ ਨੂੰ ਕਾਫੀ ਚੋਟਾਂ ਲੱਗੀਆਂ । ਪਰ ਹੁਣ ਤੱਕ ਕਿਸੇ ਨੂੰ ਕੰਪਨਸੇਸ਼ਨ ਨਹੀਂ ਦਿੱਤਾ ਗਿਆ । ਇਸ ਇਨਸੀਡੈਂਟ ਵਿਚ ਮੈਨੇਜਮੈਂਟ ਇਨਵਾਲਵਡ ਸੀ ਪਰ ਉਸ ਨੂੰ ਪੁੱਛਿਆ ਤੱਕ ਨਹੀਂ ਗਿਆ ਬਲਕਿ ਉਸ ਨੂੰ ਬੈਕ ਅਪ ਕੀਤਾ ਗਿਆ ਹੈ। ਕੀ ਇਹ ਸੱਚ ਹੈ ਕਿ ਇਹ ਫੈਕਟਰੀ ਪਰਾਫਿਟ ਵਿਚ ਜਾ ਰਹੀ ਹੈ ਔਰ ਵਰਕਰਜ਼ ਅੱਛਾ ਕੰਮ ਕਰ ਰਹੇ ਸਨ ਔਰ ਬੋਨਸ ਲੈ ਰਹੇ ਸਨ। ਮੈਨੇਜਮੈਂਟ ਇਸ ਫੈਕਟਰੀ ਨੂੰ ਬੰਦ ਕਰਾਉਣ ਤੇ ਤੁਲੀ ਹੋਈ ਹੈ।

ਰਾਜ ਮੰਤਰੀ : ਬੈਕ ਅੱਪ ਦਾ ਤਾਂ ਮੈਨੂੰ ਪਤਾ ਨਹੀਂ ਪਰ ਫੈਕਟਰੀ ਵਧੀਆ ਟਰੈਕਟਰ ਬਣਾਉਂਦੀ ਹੈ ਔਰ ਦੇਸ਼ ਦੇ ਕਿਸਾਨਾਂ ਦੀ ਜ਼ਰੂਰਤ ਪੂਰੀ ਕਰਦੀ ਹੈ । ਇਸ ਫੈਕਟਰੀ ਵਿਚ ਅਨ-ਸਕਿਲਡ

ਵਰਕਰ ਨੂੰ 1200 ਰੁਪਿਆ ਬਤੌਰ ਤਨਖਾਹ ਮਿਲਦੀ ਹੈ । ਇਹ ਫੈਕਟਰੀ ਪਰਾਫਿਟ ਵਿਚ ਹੈ । ਅੱਜ ਕੱਲ 1200 ਰੁਪਏ ਅਨ-ਸਕਿਲਡ ਵਰਕਰਜ਼ ਨੂੰ ਕਿਥੇ ਮਿਲਦੇ ਹਨ । ਇਹ ਫੈਕਟਰੀ ਨੂੰ ਚਲਾਉਣਾ ਸਾਡੇ ਸਾਰਿਆਂ ਦੀ ਜ਼ਿਮੇਵਾਰੀ ਹੈ । ਇਹ ਸੈਮੀ-ਪਬਲਿਕ ਸੈਕਟਰ ਹੈ । ਨਵੀਆਂ ਡੀਮਾਂਡਜ਼ ਅਨੁਸਾਰ 1600 ਰੁਪਏ ਮਹੀਨਾ ਵਰਕਰਜ਼ ਮੰਗਦੇ ਹਨ । ਜੇਕਰ ਮੈਨੇਜਮੈਂਟ ਦੇ ਸਕਦੀ ਹੈ ਤਾਂ ਸਾਨੂੰ ਇਸ ਵਿਚ ਕੋਈ ਇਤਰਾਜ਼ ਨਹੀਂ ਹੈ ।

Smt. Indira Narinder Singh: May I know whether some women were also hurt in the Lathi charge; if so, whether any special compensation has been paid to them?

ਰਾਜ ਮੰਤਰੀ : ਮੈਂ, ਸਪੀਕਰ ਸਾਹਿਬ, ਬੜਾ ਕਲੀਅਰ ਕੀਤਾ ਹੈ (ਵਿਘਨ) ।

ਆਵਾਜ਼ਾਂ : ਮਨਿਸਟਰ ਸਾਹਿਬ ਅੰਗਰੇਜ਼ੀ ਵਿਚ ਜਵਾਬ ਦੇਣ ।

ਰਾਜ ਮੰਤਰੀ : ਸਪੀਕਰ ਸਾਹਿਬ, ਇਸ ਵਿਚ ਦੋ ਚੀਜ਼ਾਂ ਹਨ ਇੱਕ ਲਾਕ ਆਊਟ ਔਰ ਸਮਝੌਤਾ । ਬਾਕੀ ਕੰਪਨਸੇਸ਼ਨ ਬਾਰੇ ਇਸ ਵਿਚ ਕਿਤੇ ਨਹੀਂ ਪੁਛਿਆ ਗਿਆ । ਅਸੀਂ ਤਾਂ ਰੀ-ਕੰਸੀਲੀਏਸ਼ਨ ਕਰਾਉਂਦੇ ਹਾਂ ।

ਸ਼੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ: 87 ।

(Serial No. 87)

Sardar Jasdev Singh Sandhu : Sir, I beg to draw the attention of the Government towards a matter of urgent public importance, namely, the reported recommendations made by the Punjab Police to the Home Ministry, Government of India, to amend the Indian Evidence Act so as to make conviction by making confessional statements of accused before the police, admissible as evidence in the Courts. This has caused wide-spread resentment among the masses, especially the youth and intelligentsia, as it will infringe upon the fundamental rights of the people and also erode the well established independent judicial system in the country. The Government is, therefore, requested to make its position clear.

Chief Minister (Sardar Surjit Singh Barnala) : No formal recommendation has been made by the State Government to the Government of India to amend the Indian Evidence Act so as to make conviction by making confessional statements of accused before the police, admissible as evidence in the Courts. This was only an item, suggested by the Police Department for its inclusion in the Agenda for discussion in the Annual Conference of DGPs/IGPs for 1987. This issue had been coming under discussion at such forums from time to time. Moreover, the Indian Evidence Act is a Central Government Legislation. Any amendment in that regard exclusively falls within the jurisdiction of the Central Government and there is no information with the State Government that any such amendment is even contemplated by the Government of India.

ਸਰਦਾਰ ਜਸਦੇਵ ਸਿੰਘ ਸੰਧੂ : ਕੀ ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਜਦੋਂ ਵੀ ਇਹੋ ਜਿਹੀਆਂ ਕਾਨਫਰੰਸਾਂ ਹੁੰਦੀਆਂ ਹਨ ਸੈਂਟਰਲ ਲੈਵਲ ਤੇ ਤਾਂ ਉਸ ਮਹਿਕਮੇ ਵੱਲੋਂ ਜੋ ਏਜੰਡਾ ਜਾਂਦਾ ਹੈ ਉਹ ਉਸ ਮਹਿਕਮੇ ਦੇ ਵਜ਼ੀਰ ਦੀ ਅਪਰੂਵਲ ਨਾਲ ਭੇਜਿਆ ਜਾਂਦਾ ਹੈ ? ਇਹ ਆਈਟਮ ਬੜੀ ਇੰਪਾਰ-

[ਸਰਦਾਰ ਜਸਦੇਵ ਸਿੰਘ ਸੰਧੂ]

ਟੈਂਟ ਆਈਟਮ ਹੈ, ਇਸ ਲਈ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪੁਲਿਸ ਡੀਪਾਰਟਮੈਂਟ ਨੇ ਇਸ ਆਈਟਮ ਨੂੰ ਏਜੰਡਾ ਬਣਾਉਣ ਵਾਸਤੇ ਜਦ ਭੇਜਿਆ ਸੀ ਤਾਂ ਕੀ ਮੁੱਖ ਮੰਤਰੀ ਜਾਂ ਕਿਸੇ ਹੋਰ ਮੰਤਰੀ ਨੇ ਇਸ ਦੀ ਅਪਰੂਵਲ ਦਿੱਤੀ ਸੀ ?

ਮੁੱਖ ਮੰਤਰੀ : ਇਹ ਏਜੰਡਾ ਆਈਟਮ ਬਣਾਉਣ ਵਾਸਤੇ ਕੋਈ ਸਟੇਟ ਦੀ ਮਨਜ਼ੂਰੀ ਦੀ ਲੋੜ ਨਹੀਂ ਹੁੰਦੀ। ਅਜਿਹੀਆਂ ਕਾਨਫਰੰਸਾਂ ਹਰ ਸਾਲ ਹੁੰਦੀਆਂ ਹਨ ਅਤੇ ਡੀ.ਜੀ.ਪੀ. ਅਤੇ ਆਈ.ਜੀ.ਪੀ. ਸਾਰੀਆਂ ਸਟੇਟਸ ਦੇ ਆਉਂਦੇ ਹਨ ਅਤੇ ਉਹ ਆਪਣੀਆਂ ਆਪਣੀਆਂ ਕੁਝ ਸੁਜੈਸ਼ਨਜ਼ ਦਿੰਦੇ ਹਨ ਤਾਕਿ ਏਜੰਡੇ ਦੇ ਵਿਚ ਇਨਕਲੂਡ ਹੋ ਜਾਣ। ਇਹ ਇਸ ਤਰ੍ਹਾਂ ਦਾ ਇੰਤਜ਼ਾਮ ਹੈ। ਡਿਸਕਸ਼ਨ ਹੁੰਦੀ ਰਹੀ ਹੈ। ਬਹੁਤ ਸਾਰੇ ਕੇਸਾਂ ਵਿਚ ਐਵੀਡੈਂਸ ਮੁਹੱਈਆ ਨਹੀਂ ਹੁੰਦੀ। ਇੰਡੀਅਨ ਐਵੀਡੈਂਸ ਐਕਟ ਵਿਚ ਦੋ ਧਰਾਵਾਂ ਹਨ 24 ਅਤੇ 25 ਇਹ ਆਪ ਲਾਅ ਗਰੈਜੂਏਟ ਹਨ, ਇਹ ਜਾਣਦੇ ਹਨ ਕਿ ਧਾਰਾ 24 ਥੱਲੇ ਕਨਫੈਸ਼ਨ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਇਕ ਕਨਫੈਸ਼ਨ ਜੋ ਪੁਲਿਸ ਦੇ ਸਾਹਮਣੇ ਬਿਆਨ ਦਿੱਤਾ ਹੋਇਆ, ਸਟੇਟਮੈਂਟ ਦਿੱਤੀ ਹੋਈ, ਉਹ ਐਡਮਿਸੀਬਲ ਨਹੀਂ ਹੁੰਦੀ। ਸਪੀਕਰ ਸਾਹਿਬ, ਤੁਸੀਂ ਵੀ ਲਾਈਅਰ ਹੋ, ਤੁਸੀਂ ਵੀ ਜਾਣਦੇ ਹੋ ਉਹ ਐਡਮਿਸੀਬਲ ਨਹੀਂ ਹੁੰਦੀ। ਇਸ ਤਰ੍ਹਾਂ ਦੀਆਂ ਸੁਜੈਸ਼ਨਜ਼ ਜ਼ਰੂਰ ਜਾਂਦੀਆਂ ਰਹੀਆਂ ਹਨ। ਪਰ ਜਦ ਤੱਕ ਕਨਫੈਸ਼ਨ ਕਿਸੇ ਹਾਇਰ ਅਫਸਰ ਕੋਲ ਜਾਂ ਗਜ਼ਟਿਡ ਅਫਸਰ ਪੁਲਿਸ ਕੋਲ ਹੋ ਜਾਵੇ ਤਾਂ ਐਵੀਡੈਂਸ ਨਾ ਲਿਆ ਜਾਵੇ, ਉਹ ਪੁਲਿਸ ਸਾਹਮਣੇ ਦੱਸਣਾ ਚਾਹੁੰਦੇ ਹਨ ਅਤੇ ਕਨਫੈਸ਼ਨ ਰਿਕਾਰਡ ਕੀਤੇ ਜਾਂਦੇ ਹਨ। They become part of the evidence also. ਨਾ ਇਸ ਤੇ ਵਿਚਾਰਿਆ ਗਿਆ ਹੈ ਅਤੇ ਨਾ ਹੀ ਇਸ ਵਿਚ ਕੋਈ ਅਮੈਂਡਮੈਂਟ ਕਰਨ ਦਾ ਵਿਚਾਰ ਹੈ।

(ਕ੍ਰਮ ਨੰ: 90)

ਸਰਦਾਰ ਸੁਜਾਨ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ ਅਰਥਾਤ ਕਿ ਸਰਕਾਰ ਨੇ 31 ਜਨਵਰੀ, 1985 ਨੂੰ ਮੁੜ ਵਸਾਊ ਵਿਭਾਗ ਖਤਮ ਕਰ ਦਿਤਾ ਸੀ ਅਤੇ ਇਸ ਦੇ 45 ਕਾਨੂੰਗੋ (ਸੇਲਜ਼), 119 ਕਲਰਕ ਅਤੇ 74 ਚਪੜਾਸੀ ਵੱਖ ਵੱਖ ਜ਼ਿਲ੍ਹਿਆਂ ਵਿਚ ਭੇਜ ਦਿਤੇ ਗਏ ਸਨ। ਪਰ ਇਨ੍ਹਾਂ ਦੀ ਤਨਖਾਹ ਬਾਰੇ ਨਾ ਤਾਂ ਮੁੜ ਵਸਾਊ ਵਿਭਾਗ ਅਤੇ ਨਾ ਹੀ ਮਾਲ ਵਿਭਾਗ ਨੇ ਕੋਈ ਜ਼ਿਮੇਵਾਰੀ ਲਈ ਹੈ। ਜਿਸ ਕਾਰਨ ਇਹਨਾਂ ਕਰਮਚਾਰੀਆਂ ਨੂੰ 8 ਮਹੀਨੇ ਤੋਂ ਤਨਖਾਹ ਨਹੀਂ ਮਿਲ ਰਹੀ ਹੈ। ਇਸ ਲਈ ਉਹਨਾਂ ਮੁਲਾਜ਼ਮਾਂ ਵਿਚ ਖਾਸ ਕਰਕੇ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਵਿਚ ਆਮ ਕਰਕੇ ਬਹੁਤ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਇਸ ਲਈ ਕਿਰਪਾ ਕਰਕੇ ਸਰਕਾਰ ਸਦਨ ਵਿਚ ਇਸ ਬਾਰੇ ਬਿਆਨ ਦੇਵੇ।

ਮਾਲ ਅਤੇ ਪੁਨਰਵਾਸ ਮੰਤਰੀ (ਸਰਦਾਰ ਮੇਜਰ ਸਿੰਘ ਉਬੋਕੇ) : ਜਿਥੋਂ ਤੱਕ, ਸਪੀਕਰ ਸਾਹਿਬ, ਲੇਖਾਕਾਰਾਂ, ਕਲਰਕਾਂ ਅਤੇ ਸੇਵਾਦਾਰਾਂ ਦਾ ਸਬੰਧ ਹੈ ਇਨ੍ਹਾਂ ਨੂੰ 1 ਮਾਰਚ, 1986 ਤੋਂ ਬਾਅਦ ਤਨਖਾਹ ਦੇਣ ਵਿਚ 5 ਮਹੀਨਿਆਂ ਦੀ ਅਤੇ ਕਾਨੂੰਗੋਆਂ ਨੂੰ ਤਨਖਾਹ ਦੇਣ ਵਿਚ 6 ਮਹੀਨਿਆਂ ਦੀ ਦੇਰੀ ਇਸ ਕਰਕੇ ਹੋਈ ਕਿ ਮਾਮਲਾ ਪ੍ਰਬੰਧਕੀ ਵਿਭਾਗ ਅਤੇ ਵਿੱਤ ਵਿਭਾਗ ਵਿਚ ਕਾਰਵਾਈ ਅਧੀਨ ਰਿਹਾ ਅਤੇ 28 ਫਰਵਰੀ, 1987 ਤੱਕ ਦੀ ਤਨਖਾਹ ਇਨ੍ਹਾਂ ਕਰਮਚਾਰੀਆਂ ਨੂੰ ਮਿਲ ਚੁਕੀ ਹੈ। ਜਿਥੋਂ ਤੱਕ 1 ਮਾਰਚ, 1987 ਤੋਂ 28 ਫਰਵਰੀ, 1988 ਤੱਕ ਤਨਖਾਹ ਦੇਣ ਦਾ ਸਬੰਧ ਹੈ, ਇਸ ਬਾਰੇ ਵਿੱਤ ਵਿਭਾਗ ਤੋਂ ਮਨਜ਼ੂਰੀ ਆ ਚੁੱਕੀ ਹੈ ਪਰ ਤਨਖਾਹ ਦੀ ਅਦਾਇਗੀ ਉਦੋਂ ਹੀ ਕੀਤੀ ਜਾਵੇਗੀ ਜਦੋਂ ਗਵਰਨਰ, ਪੰਜਾਬ, ਵਿਧਾਨ ਸਭਾ ਵੱਲੋਂ ਪਾਸ ਕੀਤੇ ਬਜਟ ਦੀ ਮਨਜ਼ੂਰੀ ਦੇ ਦੇਣਗੇ।

ਸਰਦਾਰ ਸੁਜਾਨ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰੀ ਕਰਮਚਾਰੀ ਜਿਥੇ ਜਿਥੇ ਭੇਜੇ ਗਏ ਹਨ ਉਸ ਵਿਭਾਗ ਵਿਚ ਉਨ੍ਹਾਂ ਨੂੰ ਪਰਮਾਨੈਂਟ ਕਰਨਗੇ ਅਤੇ ਤਨਖਾਹ ਕਿਸ ਸਮੇਂ ਤੱਕ ਉਨ੍ਹਾਂ ਨੂੰ ਦੇਣਗੇ ? ਕੀ ਉਨ੍ਹਾਂ ਦੀ ਪੁਰਾਣੀ ਸੀਨੀਆਰਟੀ ਨੂੰ ਕਾਇਮ ਰੱਖਿਆ ਜਾਵੇਗਾ ? ਦੂਸਰਾ ਆਪ ਨੂੰ ਪਤਾ ਹੈ ਕਿ ਸਟੇਟ ਵਿਚ ਲਾਅ ਐਂਡ ਆਰਡਰ ਦੀ ਬੜੀ ਭੈੜੀ ਸਿਚੂਏਸ਼ਨ ਹੈ ਔਰ ਉਨ੍ਹਾਂ ਕਰਮਚਾਰੀਆਂ ਦੇ ਮਨਾਂ ਵਿਚ ਬੜੀ ਬੇਚੈਨੀ ਹੈ। ਇਹ ਜਿਹੜੇ ਡਾਕੇ ਮਾਰੇ ਜਾਂਦੇ ਹਨ ਕਿਸੇ ਦਾ ਮਨ ਨਹੀਂ ਕਰਦਾ ਕਿ ਉਹ ਡਾਕੇ ਮਾਰੇ। ਕੀ ਮੁੱਖ ਮੰਤਰੀ ਜੀ ਇਹ ਦੱਸਣਗੇ ਕਿ ਉਨ੍ਹਾਂ ਦੀ ਜੋ ਨਿਰਾਸ਼ਾ ਹੈ ਉਹ ਜਲਦੀ ਤੋਂ ਜਲਦੀ ਦੂਰ ਕੀਤੀ ਜਾਵੇਗੀ ?

ਮਾਲ ਤੇ ਪੁਨਰਵਾਸ ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਪਹਿਲਾਂ ਦੱਸਿਆ ਹੈ ਕਿ ਕਾਫੀ ਸਮੇਂ ਤੋਂ ਸਰਕਾਰ ਦੇ ਇਹ ਵਿਚਾਰ ਅਧੀਨ ਰਿਹਾ ਹੈ ਕਿ ਇਸ ਮਹਿਕਮੇ ਨੂੰ ਕਦੋਂ ਵਾਈਂਡ ਅੱਪ ਕਰਨਾ ਹੈ। ਇਸ ਦੇ ਬਹੁਤ ਸਾਰੇ ਕਰਮਚਾਰੀ ਜ਼ਿਲ੍ਹਿਆਂ ਵਿੱਚ ਭੇਜ ਦਿੱਤੇ ਗਏ ਅਤੇ ਕੁਝ ਕੁ ਨੂੰ ਦੂਸਰਿਆਂ ਮਹਿਕਮਿਆਂ ਵਿੱਚ ਲੈ ਲਿਆ ਗਿਆ। ਹੁਣ ਮਹਿਕਮਾ ਮੁੜ ਵਸਾਊ ਲਈ ਗਵਰਨਰ ਇਨ-ਕੌਂਸਿਲ ਨੇ ਫੈਸਲਾ ਕੀਤਾ ਹੈ ਕਿ ਜਿਹੜੇ ਬਾਕੀ ਦੇ ਕੇਸਿਜ਼ ਹਨ, ਉਨ੍ਹਾਂ ਦੇ ਬਾਰੇ ਗਵਰਨਰ ਸਾਹਿਬ ਨੇ ਕਿਹਾ ਹੈ ਕਿ ਜਿਹੜੇ ਕੇਸਿਜ਼ ਇਸ ਮਹਿਕਮੇ ਦੇ ਹਨ ਔਰ ਬਾਕੀ ਦੇ ਜੋ ਕਰਮਚਾਰੀ ਹਨ ਉਸ ਦੇ ਲਈ ਮਨਜ਼ੂਰੀ ਵਿੱਤ ਵਿਭਾਗ ਤੋਂ ਲੈਣੀ ਹੈ। ਇਸ ਦੇ ਕਾਰਨ ਮੈਂ ਆਪ ਦੀ ਮਾਰਫਤ ਦੱਸਣਾ ਚਾਹੁੰਦਾ ਹਾਂ ਕਿ ਬਾਕੀ ਕਰਮਚਾਰੀ ਰੱਖਣ ਵਾਸਤੇ ਕਿੰਨੀ ਲੋੜ ਹੈ ਅਤੇ ਕਿਉਂ ਲੋੜ ਹੈ, ਇਸ ਦੇ ਵਾਸਤੇ ਥੋੜੀ ਜਿਹੀ ਦੇਰ ਹੋ ਜਾਂਦੀ ਹੈ ਕਿਉਂਕਿ ਆਪ ਨੂੰ ਪਤਾ ਹੈ ਕਿ ਵਿੱਤ ਵਿਭਾਗ ਇਸ ਕਿਸਮ ਦੀਆਂ ਕਈ ਕੁਆਇਰੀਜ਼ ਲਾਉਂਦਾ ਹੈ। ਸਾਡੇ ਵੱਲੋਂ ਕਦੇ ਵੀ ਕੋਈ ਢਿਲ ਨਹੀਂ ਹੋਈ ਕਿ ਤਨਖਾਹ ਵਗੈਰਾ ਲੇਟ ਕੀਤੀ ਜਾਵੇ। ਇਨ੍ਹਾਂ ਕਰਮਚਾਰੀਆਂ ਨੂੰ ਜਦੋਂ ਮਹਿਕਮਾ ਵਾਈਂਡ ਅੱਪ ਕੀਤਾ ਗਿਆ ਸਰਕਾਰੀ ਮਹਿਕਮਿਆਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਅਬਜ਼ਾਰਵ ਕਰਨਾ ਹੈ, ਇਹ ਸਰਕਾਰ ਦਾ ਫੈਸਲਾ ਹੋ ਚੁਕਾ ਹੈ।

PAPERS LAID ON THE TABLE

Minister of State for Parliamentary Affairs (Sardar Baldev Singh Maan) : Sir, I beg to lay on the *Table the Seventh Annual Report of the Punjab State Seeds Corporation Ltd. for the year 1982-83, as required under section 619-A of the Companies Act, 1956.

PRESENTATION OF REPORTS

(i) Twelfth Report of the committee on the Welfare Scheduled Castes, Scheduled Tribes and Backward Classes for the year 1986-87.

ਸ੍ਰੀ ਸਪੀਕਰ : ਰਿਪੋਰਟ ਪੇਸ਼ ਕਰਨੀ ਹੈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੀ 12ਵੀਂ ਰਿਪੋਰਟ ਸਾਲ 1986-87 ਦੀ। ਸਰਦਾਰ ਗੁਰਦੇਵ ਸਿੰਘ ਬਾਦਲ ਇਹ ਰਿਪੋਰਟ ਪੇਸ਼ ਕਰਨਗੇ।

ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ (ਸਰਦਾਰ ਗੁਰਦੇਵ ਸਿੰਘ ਬਾਦਲ) : ਸਪੀਕਰ ਸਾਹਿਬ, ਮੈਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੀ 12ਵੀਂ ਰਿਪੋਰਟ ਸਾਲ

*Placed in the Library.

[ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ] 1986-87, ਜੋ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਆਸਾਮੀਆਂ ਅਤੇ ਸੇਵਾਵਾਂ ਵਿੱਚ ਪ੍ਰਤੀਨਿਧਤਾ ਬਾਰੇ ਹੈ, ਪੇਸ਼ ਕਰਦਾ ਹਾਂ।

(ii) Thirty-Ninth Report of the Committee on Public Undertakings for the year 1986-87.

ਸ੍ਰੀ ਸਪੀਕਰ : ਅਗਲੀ ਰਿਪੋਰਟ ਸਰਕਾਰੀ ਕਾਰੋਬਾਰ ਕਮੇਟੀ ਦੀ ਸਰਦਾਰ ਕਿਰਪਾਲ ਸਿੰਘ ਪੇਸ਼ ਕਰਨਗੇ।

ਸਭਾਪਤੀ, ਸਰਕਾਰੀ ਕਾਰੋਬਾਰ ਕਮੇਟੀ (ਸਰਦਾਰ ਕਿਰਪਾਲ ਸਿੰਘ) : ਸਪੀਕਰ ਸਾਹਿਬ, ਮੈਂ ਪੰਜਾਬ ਸਟੇਟ ਹੌਜ਼ਰੀ ਨਿਟਵੀਅਰ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟਿਡ ਅਤੇ ਪੰਜਾਬ ਐਕਸ ਸਰਵਿਸਮੈਨ ਕਾਰਪੋਰੇਸ਼ਨ ਦੇ ਆਮ ਕੰਮ ਕਾਰ ਸਬੰਧੀ ਸਰਕਾਰੀ ਕਾਰੋਬਾਰ ਕਮੇਟੀ ਦੀ 39ਵੀਂ ਰਿਪੋਰਟ ਸਾਲ 1986-87 ਦੀ ਪੇਸ਼ ਕਰਦਾ ਹਾਂ।

ਸ੍ਰੀ ਸਪੀਕਰ : ਹੁਣ ਮਤੇ ਲਏ ਜਾਣਗੇ।

Sardar Bachitter Singh : On a point of order, Sir.

(ਇਸ ਸਮੇਂ ਕੈਪਟਨ ਅਮਰਿੰਦਰ ਸਿੰਘ ਜੀ ਬੋਲਣ ਲਈ ਖੜੇ ਹੋਏ।)

ਸ੍ਰੀ ਸਪੀਕਰ : ਕੈਪਟਨ ਅਮਰਿੰਦਰ ਸਿੰਘ ਜੀ, ਇਕ ਮਿੰਟ। ਸਰਦਾਰ ਬਚਿੱਤਰ ਸਿੰਘ।

ਸਰਦਾਰ ਬਚਿੱਤਰ ਸਿੰਘ : ** ** **

Mr. Speaker : This is no point of order. (Interruption (Noise) There can not be Zero Hour again for the second time. I have called upon Captain Amarinder Singh (Noise).

Raja Narinder Singh : ** ** **

Mr. Speakerr : Let us not waste the time of the House. I will not allow you to speake. Whatever Raja sahib is speaking, that should not from part of the record.

POINT OF ORDER RE. ADMISSIBILITY OF RESOLUTION

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਸ ਰੈਜ਼ੋਲਿਊਸ਼ਨ ਦੇ ਸਬੰਧ ਵਿਚ ਹੈ ਕਿ ਜਿਹੜਾ ਮਤਾ .... (ਵਿਘਨ)

(ਇਸ ਸਮੇਂ ਸਰਦਾਰ ਸੁਖਦੇਵ ਸਿੰਘ ਢੀਂਡਸਾ, ਰਾਜਾ ਨਰਿੰਦਰ ਸਿੰਘ, ਸਰਦਾਰ ਬਲਵਿੰਦਰ ਸਿੰਘ ਭੂੰਦੜ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਪੀਕਰ ਸਾਹਿਬ ਦੇ ਕਹਿਣ ਤੇ ਉਹ ਬੈਠ ਗਏ)

ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਰੈਜ਼ੋਲਿਊਸ਼ਨ ਦੀ ਫਾਰਮ ਵਿਚ ਹੈ, ਇਹ ਹਾਊਸ ਵਿਚ ਪੇਸ਼ ਨਹੀਂ ਹੋ ਸਕਦਾ। ਮੇਰਾ ਰੈਲੇਵੈਂਟ ਪੁਆਇੰਟ ਆਫ ਆਰਡਰ ਹੈ। ਰੂਲਜ਼ ਆਫ ਪ੍ਰੋਸੀਜਰ ਅਤੇ ਕੰਡਕਟ ਆਫ ਬਿਜ਼ਨੈਸ ਦਾ ਜਿਹੜਾ ਚੈਪਟਰ 18 ਹੈ ਅਗਰ ਰੈਜ਼ੋਲਿਊਸ਼ਨ ਉਸਦੇ

**Expunged as ordered by the Chair.

ਬਰਖਿਲਾਫ ਹੋਵੇ ਤਾਂ ਉਹ ਰੈਜ਼ੋਲਿਊਸ਼ਨ ਮੂਵ ਨਹੀਂ ਹੋ ਸਕਦਾ । ਰੂਲ 150, ਪੇਜ 90, ਚੈਪਟਰ 18 ਦੱਸਦਾ ਹੈ :—

"In order that a resolution may be admissible, it shall satisfy the following conditions, namely—

(a) and (b) are not relevant.

(c) it shall not relate to any matter which is not primarily the concern of the state Government."

ਇਸ ਵਾਸਤੇ ਸਿਰਫ ਉਹ ਰੈਜ਼ੋਲਿਊਸ਼ਨ ਇਥੇ ਆ ਸਕਦੇ ਹਨ ਜਿਹੜੇ ਪ੍ਰਾਈਮੈਰਿਲੀ ਕਨਸਰਨਡ ਹਨ ਸਟੇਟ ਗੌਰਮਿੰਟ ਦੇ । ਅਗਰ ਸਟੇਟ ਗੌਰਮਿੰਟ ਦਾ ਕਨਸਰਨ ਨਾ ਹੋਵੇ ਤਾਂ ਉਹ ਐਡਮਿਸੀਬਲ ਨਹੀਂ ਇਸ ਹਾਊਸ ਵਿਚ ਆਉਣ ਦੇ। ਮੈਂ ਸਾਰਾ ਰੈਜ਼ੋਲਿਊਸ਼ਨ ਨਹੀਂ ਪੜ੍ਹਦਾ। ਜਿਹੜੀਆਂ ਪਹਿਲੀਆਂ 16 ਲਾਈਨਾਂ ਹਨ ਉਨ੍ਹਾਂ ਨੇ ਤੇ ਮੈਨੂੰ ਕੋਈ ਇਤਰਾਜ਼ ਨਹੀਂ ਅਗਰ ਰੈਜ਼ੋਲਿਊਸ਼ਨ ਇਥੋਂ ਤਕ ਹੋਵੇ। ਜਿਹੜਾ 17ਵੀਂ ਲਾਈਨ ਤੋਂ ਸ਼ੁਰੂ ਹੁੰਦਾ ਹੈ ਉਸ ਤੇ ਮੈਨੂੰ ਇਤਰਾਜ਼ ਹੈ। ਉਹ ਇਸ ਤਰ੍ਹਾਂ ਹੈ :—

"and draws particular attention to the proposal of the Punjab Agro Industries Corporation for an innovative, completely integrated processed food and beverage project involving a tie up with Tatas and Pepsico Inc. of U.S.A. This House expresses its concern over the inordinate delay at the level of the Government of India in sanctioning the project"

ਉਸ ਤੇ ਕੈਪਟਨ ਸਾਹਿਬ, ਆਪ ਐਡਮਿਟ ਕਰਦੇ ਹਨ ਕਿ ਇਹ ਜਿਹੜਾ ਪ੍ਰੋਜੈਕਟ ਹੈ ਇਹ ਗੌਰਮਿੰਟ ਆਫ਼ ਇੰਡੀਆ ਦੀ ਜੁਰਿਸਡਿਕਸ਼ਨ ਵਿਚ ਹੈ । ਉਹ ਇਸ ਦੇ ਲਈ ਲਸੰਸ ਗਰਾਂਟ ਕਰਨ ਨਾ ਕਰਨ ਇਹ ਐਕਸਕਲੂਸਿਵਲੀ ਉਨ੍ਹਾਂ ਤੇ ਡਿਪੈਂਡ ਕਰਦਾ ਹੈ । ਇਸ ਦੇ ਨਾਲ ਗੌਰਮਿੰਟ ਆਫ਼ ਪੰਜਾਬ ਦਾ ਕੋਈ ਕਨਸਰਨ ਨਹੀਂ ਹੈ । ਇਸ ਵਾਸਤੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਸਾਡੇ ਰੂਲ 150 (ਸੀ) ਦੇ ਮੁਤਾਬਿਕ ਇਹ ਚੂੰਕਿ ਸਟੇਟ ਗੌਰਮਿੰਟ ਦੇ ਕਨਸਰਨਡ ਨਹੀਂ, ਇਸ ਵਾਸਤੇ ਇਹ ਐਡਮਿਸੀਬਲ ਨਹੀਂ ਹੈ । ਅਗਰ ਇਨ੍ਹਾਂ ਲਾਈਨਾਂ ਨੂੰ ਡਰਾਪ ਕਰ ਦਿਓ ਰੂਲਜ਼ ਮੁਤਾਬਿਕ ਤੁਹਾਡੇ ਅਖਤਿਆਰ ਵਿਚ ਹੈ ਜਾਂ ਫਿਰ ਮੂਵਰ ਸਾਹਿਬ ਖੁਦ ਡਿਲੀਟ ਕਰ ਦੇਣ ਤਾਂ ਮੈਂ ਸਮਝਦਾ ਹਾਂ ਕਿ ਜਿਹੜਾ ਰੈਜ਼ੋਲਿਊਸ਼ਨ ਦਾ ਪਹਿਲਾ ਪਾਰਟ ਹੈ ਉਹ ਐਡਮਿਸੀਬਲ ਹੋ ਸਕਦਾ ਹੈ, ਬਾਕੀ ਦੀਆਂ ਜਿਹੜੀਆਂ 17 ਲਾਈਨਾਂ ਹਨ ਉਹ ਐਡਮਿਸੀਬਲ ਨਹੀਂ।

ਰਾਜ ਮੰਤਰੀ, ਖੁਰਾਕ ਤੇ ਸਪਲਾਈ : ਸਪੀਕਰ ਸਾਹਿਬ, ਪੰਡਿਤ ਜੀ ਬੜੇ ਪੁਰਾਣੇ ਪਾਰਲੀਮੈਂ-ਟੇਰੀਅਨ ਹਨ । ਇਹ ਐਡਮਿਸੀਬਿਲਟੀ ਤੇ ਆ ਗਏ। ਇਹ ਤਾਂ ਹੋ ਗਈ ਜਦੋਂ ਲਿਸਟ ਆਫ਼ ਬਿਜ਼ਨੈਸ ਤੇ ਆ ਗਈ । ਜਿਥੋਂ ਤਕ ਦੂਜੀ ਗਲ ਕਹੀ ਹੈ, ਉਨ੍ਹਾਂ ਬਾਰੇ ਇਹ ਦੋ ਲਾਈਨਾਂ ਪੜ੍ਹ ਲੈਂਦੇ ਹਾਂ। ਇਸ ਵਿਚ ਕੋਈ ਐਸੀ ਗਲ ਨਹੀਂ ਸੀ । ਇਹ ਤੁਹਾਡੇ ਲੈਵਲ ਤੇ ਡਿਸਾਇਡ ਹੋ ਚੁਕਾ ਹੈ। ਹੁਣ ਜਦੋਂ ਹਾਊਸ ਦੀ ਲਿਸਟ ਆਫ਼ ਬਿਜ਼ਨੈਸ ਤੇ ਆ ਚੁਕਾ ਹੈ, ਇਹ ਐਡਮਿਟ ਹੋਵੇ . . .

Pandit Mohan Lal : Aamissibility can always be discussed before the Resolution is moved in the House. It does not matter that it has been moved or it is allowed to be moved. He does not know. This is the procedure. You can consult 'Maize Parliamentary Practices and Procedures' This is the procedure. Before it is moved, the objection can be raised in the House itself.

ਸਰਦਾਰ ਸੁਖਦੇਵ ਸਿੰਘ ਢੀਂਡਸਾ: ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ: ਕੀ ਤੁਸੀਂ ਰੈਜ਼ੋਲਿਊਸ਼ਨ ਬਾਰੇ ਕੁਝ ਕਹਿਣਾ ਚਾਹੋਗੇ ?

ਸਰਦਾਰ ਸੁਖਦੇਵ ਸਿੰਘ ਢੀਂਡਸਾ: ** ** **

Mr. Speaker : This has no relevance with the Resolution. Please take your seat. This is no Point of Order.

ਡਾਕਟਰ ਕੇਵਲ ਕ੍ਰਿਸ਼ਨ : ਸਪੀਕਰ ਸਾਹਿਬ, ਮੌਜੂਦਾ ਰੈਜ਼ੋਲਿਊਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹਵਾਂਗਾ ਕਿ ਇਥੇ ਸੀ.ਐਮ. ਸਾਹਿਬ ਨੇ ਕਿਹਾ ਸੀ ਔਰ ਕਈ ਵਾਰ ਰਿਪੀਟੇਡਲੀ ਕਿਹਾ ਗਿਆ ਹੈ ਕਿ ਉਹ ਸਟੇਟਮੈਂਟ ਦੇਣਗੇ ਜੋ ਇਕ ਮਨਿਸਟਰ ਦੇ ਲੜਕੇ ਦੀ ਇਨਵਾਲਵਮੈਂਟ ਬਾਰੇ ਹੈ। ਕੱਲ੍ਹ ਹਾਊਸ ਖਤਮ ਹੋ ਜਾਣਾ ਹੈ ਪਰ ਸਟੇਟਮੈਂਟ ਨਹੀਂ ਆਈ ।

ਸ੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਸੀ ਕਿ ਕੱਲ੍ਹ ਸਟੇਟਮੈਂਟ ਦੇਣਗੇ ।

ਮੁੱਖ ਮੰਤਰੀ: ਮੈਂ ਕਿਹਾ ਸੀ ਕਿ ਸਟੇਟਮੈਂਟ ਦੇਵਾਂਗਾ। ਮੇਰੇ ਕੋਲ ਫੈਕਟਸ ਆ ਰਹੇ ਹਨ। ਹਾਊਸ ਖਤਮ ਹੋਣ ਤੋਂ ਪਹਿਲਾਂ ਮੈਂ ਦੇਵਾਂਗਾ । I will make a statement in the House today.

ਸ੍ਰੀ ਸਪੀਕਰ: ਇਸ ਰੈਜ਼ੋਲਿਊਸ਼ਨ ਦੇ ਇਸ਼ੂ ਤੇ ਕਈ ਆਨਰੇਬਲ ਮੈਂਬਰਜ਼ ਨੇ ਆਪਣੀ ਆਪਣੀ ਰਾਏ ਦਿੱਤੀ ਹੈ ਔਰ ਸਾਡੇ ਮਾਨਯੋਗ ਮੈਂਬਰ ਪੰਡਿਤ ਮੋਹਨ ਲਾਲ ਜੀ ਜਿਹੜੇ ਕਿ ਬੜੇ ਸਿਆਣੇ ਅਤੇ ਬਜ਼ੁਰਗ ਮੈਂਬਰ ਹਨ ਉਨ੍ਹਾਂ ਨੇ ਵੀ ਆਪਣੀ ਰਾਏ ਦਿੱਤੀ ਹੈ। ਟਰੇਜ਼ਰੀ ਬੈਂਚਿਜ਼ ਤੋਂ ਵੀ ਇਸ ਬਾਰੇ ਕਿਹਾ ਗਿਆ ਹੈ। ਮੈਂ ਸਮਝਦਾ ਹਾਂ ਕਿ ਇਹ ਰੈਜ਼ੋਲਿਊਸ਼ਨ ਜਿਹੜਾ ਆਇਆ ਹੈ ਇਸ ਦੀ ਬਕਾਇਦਾ ਬੈਲਟਿੰਗ ਹੋਈ ਹੈ ਅਤੇ ਐਡਮਿਟ ਕੀਤਾ ਗਿਆ ਹੈ। ਇਸ ਬਾਰੇ ਰੂਲ 150(ਸੀ) ਬੜਾ ਕਲੀਅਰ ਹੈ। ਇਥੇ ਜਿਹੜੀ ਗਲ ਸੈਂਟਰਲ ਗੌਰਮਿੰਟ ਨੂੰ ਅਪੀਲ ਕਰਨ ਬਾਰੇ ਕਹੀ ਗਈ ਹੈ, ਇਸ ਬਾਰੇ ਇਸ ਵਿਚ ਸਟੇਟ ਗੌਰਮਿੰਟ ਨੂੰ ਹੀ ਅਪੀਲ ਕਰਨ ਲਈ ਕਿਹਾ ਗਿਆ ਹੈ ।

That is in order and that can be discussed in the House. I ask the mover to move the resolution.

RESOLUTION RE. ENCOURAGING INVESTMENT IN LARGE SCALE AND TECHNOLOGICALLY ADVANCED AGRO-PROCESSING VENTURES

Captain Amarinder Singh : Sir, I beg to move—

This House expresses its deep concern for the need for improving the industrial investment climate in the State, and more particularly the need for encouraging such agro-industrial investment as can have a direct impact on the State's agricultural economy. In the context of mounting agricultural surpluses and declining from incomes, this House stresses the need for encouraging investment in large scale and technologically advanced agro processing ventures anddraws particular attention to the proposal of the Punjab Agro Industries Corporation for an inovative, completely integrated processed food and beverage project involving a tie up with Tatas and Pepsico Inc. of U.S.A. This House expresses its conconern over the inordinate delay at the level of the Government of India in sanctioning the project and urges the State Government to pursue the matter with them for early and expeditious approval.

**Expunged as ordered by the Chair.

ਸ੍ਰੀ ਸਪੀਕਰ : ਤੁਸੀਂ ਕਿਹਾ ਸੀ ਕਿ ਟਾਈਮ ਕੁਝ ਜ਼ਿਆਦਾ ਮੈਨੂੰ ਦਿੱਤਾ ਜਾਵੇ।ਤੁਸੀਂ ਦਸੋ ਕਿੰਨਾਂ ਟਾਈਮ ਲੈਣਾ ਚਾਹੋਗੇ?

Captain Amarinder Singh : I cannot say.

Mr. Speaker : I am just asking you. ਕੀ ਤੁਸੀਂ ਅੱਧੇ ਘੰਟੇ ਵਿਚ ਮੁਕਾ ਲਵੋਗੇ ?

ਪੰਡਿਤ ਮੋਹਨ ਲਾਲ : ਸਪੀਕਰ ਸਾਹਿਬ, ਇਸ ਬਾਰੇ ਰੂਲਜ਼ ਪ੍ਰੋਵਾਈਡ ਕਰਦੇ ਹਨ ਕਿ ਮੂਵਰ ਰੇਜ਼ੋਲਿਉਸ਼ਨ ਉਤੇ ਕਿੰਨਾਂ ਟਾਈਮ ਬੋਲ ਸਕਦਾ ਹੈ। ਇਹ 30 ਮਿੰਟ ਲੈ ਸਕਦੇ ਹਨ।

Mr. Speaker : Rules permit that mover can speak for 30 minutes I had just put this question to setisfy his thirst. He can speak for 30 minutes

Captain Amarinder Singh : Rule 154 says.—

> .'No speech on a resolution except with the permission of the speaker, shall exceed 15 minutes in duration"

Mr. Speaker : But I have permitted you for 30 minutes.

ਕੈਪਟਨ ਅਮਰਿੰਦਰ ਸਿੰਘ (ਤਲਵੰਡੀ ਸਾਬੋ) : ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ, ਜਦੋਂ ਇਲੈਕਸ਼ਨਾਂ ਤੋਂ ਬਾਦ ਇਥੇ ਗੌਰਮਿੰਟ ਬਣੀ ਸੀ ਔਰ ਮੈਂ ਇਸ ਸਟੇਟ ਦਾ ਐਗਰੀਕਲਚਰ ਮਨਿਸਟਰ ਸੀ ਇਥੇ ਅਸੀਂ ਆਏ ਤਾਂ ਉਸ ਵਕਤ ਪੈਡੀ ਦਾ ਬੜਾ ਗਲੱਟ ਆਇਆ ਹੋਇਆ ਸੀ। ਪੈਡੀ ਨੂੰ ਚੁਕਿਆ ਨਹੀਂ ਜਾ ਰਿਹਾ ਸੀ। ਗਰੀਬ ਕਿਸਾਨਾਂ ਦਾ ਬੜਾ ਨੁਕਸਾਨ ਹੋ ਰਿਹਾ ਸੀ। ਅਸੀਂ ਹਾਊਸ ਵਿਚ ਕਿਹਾ ਸੀ ਕਿ ਅਗਰ ਇਸ ਤਰ੍ਹਾਂ ਕਿਸਾਨਾਂ ਦੇ ਨਾਲ ਵਰਤਾਉ ਹੁੰਦਾ ਰਿਹਾ ਅਤੇ ਸਾਡੀ ਟਰੈਡੀਸ਼ਨਲ ਕਰਾਪਸ ਜੀਰੀ ਅਤੇ ਕਣਕ ਰਹੀ ਤਾਂ ਫੇਰ ਕਿਸਾਨਾਂ ਦਾ ਬੜਾ ਨੁਕਸਾਨ ਹੋਵੇਗਾ। ਇਸ ਬਾਰੇ ਅਸੀਂ ਇਕ ਕਮੇਟੀ ਡਾਕਟਰ ਜੌਹਲ ਦੇ ਅਧੀਨ ਬਣਾਈ ਸੀ ਜਿਸ ਦੀ ਰਿਪੋਰਟ ਮਈ ਦੇ ਵਿਚ ਆ ਗਈ ਸੀ ਕਿ ਕਿਸ ਤਰ੍ਹਾਂ ਅਸੀਂ ਆਪਣੀ ਐਗਰੀਕਲਚਰ ਦੀ ਡਾਈਵਰਸੀਫੀਕੇਸ਼ਨ ਕਰ ਸਕਦੇ ਹਾਂ ਅਤੇ ਕਿਸ ਤਰ੍ਹਾਂ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਆਪਣੀ ਰਿਪੋਰਟ ਇਸ ਬਾਰੇ ਸਟੇਟ ਗੌਰਮਿੰਟ ਨੂੰ ਦੇ ਦਿਤੀ। ਲੇਕਿਨ ਜੋ 3 ਗੱਲਾਂ ਵੱਡੀਆਂ ਉਨ੍ਹਾਂ ਨੇ ਆਪਣੀ ਰਿਪੋਰਟ ਵਿਚ ਦਿੱਤੀਆਂ, ਇਕ ਉਨ੍ਹਾਂ ਨੇ ਆਇਲ ਸੀਡ ਦੀ ਡਿਵੈਲਪਮੈਂਟ ਬਾਰੇ ਕਿਹਾ, ਹੈ ਦੂਜਾ ਉਨ੍ਹਾਂ ਹਾਰਟੀਕਲਚਰ ਦੀ ਡਿਵੈਲਪਮੈਂਟ ਬਾਰੇ ਕਿਹਾ ਹੈ ਅਤੇ ਚੀਨੀ ਦੇ ਕਾਰਖਾਨੇ ਲਗਾਉਣ ਬਾਰੇ ਕਿਹਾ ਹੈ। ਉਨ੍ਹਾਂ ਨੇ ਗੰਨੇ ਦੀ ਪੈਦਾਵਾਰ ਵਧਾਉਣ ਲਈ ਜੋਰ ਦਿਤਾ ਹੈ। ਜਿਥੋਂ ਤਕ ਆਇਲ ਸੀਡ, ਸੂਗਰ ਕੇਨ ਦਾ ਸਵਾਲ ਹੈ, ਇਸ ਦੇ ਲਈ ਪੰਜਾਬ ਸਰਕਾਰ ਨੂੰ 7 ਚੀਨੀ ਦੀਆਂ ਮਿਲਾਂ ਦਿੱਤੀਆਂ ਜਾਣ ਅਤੇ ਬਨਸਪਤੀ ਦੀਆਂ ਮਿਲਾਂ ਦਿੱਤੀਆਂ ਜਾਣ। ਇਹ ਗੱਲ ਸੈਂਟਰਲ ਸਰਕਾਰ ਦੀ ਪ੍ਰਾਈਸ ਕਮਿਸ਼ਨ ਦੇ ਨਾਲ ਸਬੰਧਤ ਸੀ ਅਤੇ ਅਸੀਂ ਚਾਹੁੰਦੇ ਸੀ ਕਿ ਇਹੋ ਜਿਹੇ ਸਾਧਨ ਪੈਦਾ ਕੀਤੇ ਜਾਣ ਅਤੇ ਅਜਿਹੀਆਂ ਫਸਲਾਂ ਇਥੇ ਪੈਦਾ ਕੀਤੀਆਂ ਜਾਣ ਜਿਸ ਦਾ ਕਿਸਾਨਾਂ ਨੂੰ ਫਾਇਦਾ ਹੋਵੇ। ਪਰ ਪ੍ਰਾਈਸ ਉਤੇ ਪੰਜਾਬ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਹਾਰਟੀਕਲਚਰ ਦੀ ਡਿਵੈਲਪਮੈਂਟ ਲਈ ਤਰੀਕੇ ਬੜੇ ਆਸਾਨ ਹਨ ਪਰ ਇਸ ਦੀ ਮਾਰਕਿਟ ਬਣਾਉਣਾ ਬੜਾ ਜ਼ਰੂਰੀ ਹੈ। ਪਿਛਲੇ ਸਾਲ ਇਸ ਕੰਮ ਲਈ 90 ਲੱਖ ਰੁਪਿਆ ਰਖਿਆ ਗਿਆ ਸੀ ਅਤੇ ਇਸ ਸਾਲ ਸਰਕਾਰ ਨੇ 3 ਕਰੋੜ ਰੁਪਿਆ ਪ੍ਰੋਵਾਈਡ ਕੀਤਾ ਹੈ ਤਾਂਕਿ ਇਸ ਦੀ ਡਿਵੈਲਪਮੈਂਟ ਹੋ ਸਕੇ। ਇਸ ਦੀ ਪ੍ਰੋਡਿਊਸ ਚਾਹੇ ਉਹ ਸਬਜ਼ੀਆਂ ਦੀ ਹੋਵੇ, ਇਸ ਦੀ ਮਾਰਕਿਟ ਬਾਹਰਲੇ ਮੁਲਕਾਂ ਦੇ ਵਿਚ ਵੀ ਹੋਵੇ ਤਾਂਕਿ ਕਿਸਾਨਾਂ ਦਾ ਫਾਇਦਾ ਹੋ ਸਕੇ ਔਰ ਉਨ੍ਹਾਂ ਦਾ ਨੁਕਸਾਨ ਨਾ ਹੋਵੇ। ਅਸੀਂ ਇਹ ਕਿਹਾ ਸੀ ਕਿ ਸਾਨੂੰ ਇਹੋ

[ਕੈਪਟਨ ਅਮਰਿੰਦਰ ਸਿੰਘ]

ਜਿਹੀ ਸੈਪਰੇਟ ਏਜੰਸੀ ਪੈਦਾ ਕਰਨੀ ਪਵੇਗੀ ਜਿਹੜੀ ਕਿਸਾਨਾਂ ਨੂੰ ਸਪੋਰਟ ਪ੍ਰਾਈਸ ਦੇ ਸਕੇ। ਇਸ ਦੇ ਲਈ ਅਸੀਂ ਆਪਣੀ ਮਾਰਕਫੈਡ ਨੂੰ ਕਿਹਾ ਸੀ ਅਤੇ ਉਨ੍ਹਾਂ ਨੇ ਐਗਰੀਕਲਚਰਲ ਮਨਿਸਟਰ ਆਫ ਇੰਡੀਆ ਦੇ ਨਾਲ ਕੰਟਰੈਕਟ ਵੀ ਕੀਤਾ ਸੀ ਅਤੇ ਉਨ੍ਹਾਂ ਨੇ ਇਸ ਮੈਟਰ ਨੂੰ ਟੇਕ ਅਪ ਕੀਤਾ ਸੀ। ਗੌਰਮਿੰਟ ਆਫ ਇੰਡੀਆ ਨੇ ਟਾਈ ਅਪ ਕੀਤਾ ਅਤੇ ਪੈਪਸੀ ਕੋਲਾ, ਟਾਟਾ ਨੂੰ ਵਿਚ ਇਨਵਾਲਵ ਕੀਤਾ ਗਿਆ। ਕਈ ਕੰਪਨੀਜ਼ ਫਲੋਟ ਕਰਨ ਦਾ ਫੈਸਲਾ ਕੀਤਾ ਗਿਆ।

11.03 A. M. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਫੇਰ ਐਸਾ ਹੋਇਆ ਕਿ 2 ਪਰਪੋਜ਼ਲਜ਼ ਧਿਆਨ ਵਿਚ ਆਈਆਂ ਜਿਸ ਬਾਰੇ ਅਸੀਂ ਗੱਲ ਕਰ ਰਹੇ ਹਾਂ। ਉਨ੍ਹਾਂ ਦੀ ਪਰਪੋਜ਼ਲ ਇਹ ਵੀ ਹੈ ਕਿ ਆਉਣ ਵਾਲੇ ਸਮੇਂ ਵਿਚ ਹਰ ਜ਼ਿਲ੍ਹੇ ਵਿਚ ਫੈਕਟਰੀ ਲਗਾਈ ਜਾਵੇਗੀ ਤਾਂਕਿ ਕਿਸਾਨਾਂ ਨੂੰ ਸਪੋਰਟ ਪ੍ਰਾਈਸ ਮਿਲ ਸਕੇ। 25 ਮਾਰਚ, 1986 ਨੂੰ ਮੈਂ ਐਜ਼ ਐਨ ਐਗਰੀਕਲਚਰ ਮਨਿਸਟਰ ਗੌਰਮਿੰਟ ਆਫ ਇੰਡੀਆ ਨਾਲ ਇਹ ਕੇਸ ਮੂਵ ਕੀਤਾ ਅਤੇ ਇਸ ਬਾਰ ਪ੍ਰਧਾਨ ਮੰਤਰੀ ਜੀ ਨੂੰ ਵੀ ਮਿਲਿਆ ਸੀ ਅਤੇ ਪੰਜਾਬ ਸਰਕਾਰ ਵਲੋਂ ਪਰਪੋਜ਼ਲ ਦਿੱਤੀ ਸੀ। ਹੁਣ 31 ਮਾਰਚ, 1987 ਆ ਗਿਆ ਹੈ ਯਾਨੀ ਇਕ ਸਾਲ ਬੀਤ ਚੁਕਾ ਹੈ ਪਰ ਹਾਲੇ ਤੱਕ ਕੋਈ ਫੈਸਲਾ ਨਹੀਂ ਹੋਇਆ ਜਿਸ ਕਰਕੇ ਕਿਸਾਨਾਂ ਦਾ ਨੁਕਸਾਨ ਹੋਇਆ ਹੈ। ਨੁਕਸਾਨ ਕਿਉਂ ਹੋ ਰਿਹਾ ਹੈ ਕਿਉਂਕਿ ਉਥੇ ਦਿੱਲੀ ਸੋਫਟ ਡਰਿੰਕਸ ਦੀ ਲਾਬੀ ਬੈਠੀ ਹੋਈ ਹੈ। ਉਨ੍ਹਾਂ ਦਾ ਇਤਨਾ ਪ੍ਰੈਸ਼ਰ ਪੈ ਰਿਹਾ ਹੈ ਉਹ ਮੈਂ ਦਸ ਨਹੀਂ ਸਕਦਾ। ਇਥੇ ਪੰਜਾਬ ਦਾ ਮਸਲਾ ਹੈ ਪਰ ਉਥੇ ਇਕ ਦੋ ਕੰਪਨੀਆਂ ਦਾ ਮਸਲਾ ਹੈ। ਜਿਸ ਬਾਰੇ ਮੈਂ ਜਿਕਰ ਕਰਨਾ ਚਾਹੁੰਦਾ ਹਾਂ। ਇਕ ਪਾਰਲੇ ਗਰੁਪ ਦਾ 1977 ਵਿਚ ਪੂਰੇ ਹਿੰਦੁਸਤਾਨ ਵਿਚ 20% ਹਿਸਾ ਸੀ ਪਰ ਹੁਣ 1987 ਵਿਚ ਇਸ ਦਾ ਹਿਸਾ 70% ਤਕ ਬਣ ਗਿਆ ਹੈ। ਇਹ ਮੈਂ ਸਮਝਦਾ ਹਾਂ ਕਿ ਕੰਟਰੋਲ ਉਨ੍ਹਾਂ ਦੇ ਹੱਥ ਵਿਚ ਹੈ ਚਾਹੇ ਹਿੰਦੁਸਤਾਨ ਦੇ ਲੋਕਾਂ ਦਾ, ਪੰਜਾਬ ਦੇ ਲੋਕਾਂ ਦਾ ਜਿੰਨਾ ਮਰਜ਼ੀ ਨੁਕਸਾਨ ਹੋ ਜਾਵੇ ਪਰ ਸੈਂਟਰਲ ਗੌਰਮਿੰਟ ਮਨਾਪਲਿਸਟਾਂ ਦੇ ਪ੍ਰੈਸ਼ਰ ਥੱਲੇ ਕੰਮ ਕਰ ਰਹੀ ਹੈ। ਡਿਪਟੀ ਸਪੀਕਰ ਸਾਹਿਬ, ਇਸ ਰੈਜ਼ੋਲਿਊਸ਼ਨ ਨੂੰ ਯੂਨੈਨੀਮਸਲੀ ਮੂਵ ਕਰਨਾ ਚਾਹੀਦਾ ਹੈ। ਪੰਜਾਬ ਦੀ ਆਰਥਿਕਤਾ ਦਾ ਮਸਲਾ ਹੈ। ਪੰਜਾਬ ਦੇ ਕਿਸਾਨਾਂ ਦਾ ਮਸਲਾ ਹੈ। ਇਸ ਲਈ ਇਸ ਰੈਜ਼ੋਲਿਊਸ਼ਨ ਨੂੰ ਯੂਨੈਨੀਮਸਲੀ ਮੂਵ ਕਰਨਾ ਚਾਹੀਦਾ ਹੈ। ਇਹ ਕਿਸੇ ਪਾਰਟੀ ਦਾ ਇਕੱਲਾ ਮਸਲਾ ਨਹੀਂ ਹੈ। ਇਸ ਨਾਲ ਸਾਰੇ ਪੰਜਾਬ ਦੀ ਸ਼ਾਨ ਹੋਵੇਗੀ। ਇਹ ਕੋਈ ਇਕੱਲੀ ਆਪੋਜ਼ੀਸ਼ਨ ਦੀ ਗੱਲ ਨਹੀਂ ਹੈ। ਅਸੀਂ, ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਕਿਸਾਨਾਂ ਦੀ ਭਲੇ ਦੀ ਗੱਲ ਕੀਤੀ ਹੈ। ਪੰਜਾਬ ਦੇ ਲੋਕਾਂ ਦੀ ਭਲੇ ਦੀ ਗੱਲ ਕੀਤੀ ਹੈ। ਅਸੀਂ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ। ਇਹ ਰੈਜ਼ੋਲਿਊਸ਼ਨ ਜੇ ਯੂਨੈਨੀਮਸਲੀ ਪਾਸ ਹੋਵੇ ਤਾਂ ਜ਼ਿਆਦਾ ਠੀਕ ਹੈ।

ਰਾਜ ਮੰਤਰੀ, ਜੰਗਲਾਤ ਭੂਮੀ ਰੱਖਿਆ ਤੇ ਜੰਗਲੀ ਜੀਵ : ਡਿਪਟੀ ਸਪੀਕਰ ਸਾਹਿਬ, ਜੋ ਆਨਰੇਬਲ ਮੈਂਬਰ ਸਾਹਿਬ ਨੇ ਦਸਿਆ ਹੈ, ਇਹ ਸਾਰਿਆਂ ਨੂੰ ਮਿਲਕੇ ਹੀ ਰੈਜ਼ੋਲਿਊਸ਼ਨ ਮੂਵ ਕਰਨਾ ਚਾਹੀਦਾ ਹੈ। ਅਸੀਂ ਆਨਰੇਬਲ ਮੈਂਬਰ ਦਾ ਕੋਈ ਪੁਆਇੰਟ ਅਪੋਜ਼ ਨਹੀਂ ਕਰ ਰਹੇ। ਡਿਪਟੀ ਸਪੀਕਰ ਸਾਹਿਬ, ਇਹ ਮਹੱਤਵ ਪੂਰਨ ਮਸਲਾ ਹੈ ਔਰ ਸਾਰੀਆਂ ਪਾਰਟੀਆਂ ਇਸ ਰੈਜ਼ੋਲਿਊਸ਼ਨ ਦੇ ਫੇਵਰ ਵਿਚ ਹੋਣਗੀਆਂ। (ਥੰਪਿੰਗ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਸਾਡੀ ਕਾਂਗਰਸ ਪਾਰਟੀ ਦੀ ਗੱਲ ਕੀਤੀ ਹੈ ਸਾਡੀ ਪਾਰਟੀ ਨੇ ਇਸ ਰੈਜ਼ੋਲਿਊਸ਼ਨ ਦੀ ਵਿਰੋਧਤਾ ਕਰਨੀ ਹੈ। ਅਸੀਂ ਇਸ ਰੈਜ਼ੋਲਿਊਸ਼ਨ ਨੂੰ ਅਪੋਜ਼ ਕਰਦੇ ਹਾਂ। ਮਨਿਸਟਰ ਸਾਹਿਬ, ਸਾਡੀ ਪਾਰਟੀ ਬਾਰੇ ਕਿਵੇਂ ਕਹਿ ਸਕਦੇ ਹਨ ?

ਸ੍ਰੀ ਡਿਪਟੀ ਸਪੀਕਰ : ਤੁਸੀਂ ਜੋ ਮਰਜ਼ੀ ਕਰ ਲੈਣਾ।

ਕੈਪਟਨ ਅਮਰਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਇਸ ਨਾਲ ਪੰਜਾਬ ਦੇ ਲੋਕਾਂ ਦੀ ਹੀ ਬੇਹਤਰੀ ਹੈ। ਜੇਕਰ ਕਾਂਗਰਸ ਪਾਰਟੀ ਆਪੋਜ਼ੀਸ਼ਨ ਕਰਦੀ ਹੈ ਤਾਂ ਕਰੀ ਜਾਣ ਦਿਓ। ਡਿਪਟੀ ਸਪੀਕਰ ਸਾਹਿਬ, ਇਹ ਗੱਲ ਬਹੁਤ ਹੀ ਜ਼ਰੂਰੀ ਹੈ। ਵੋਲਟਾਜ਼ ਟਾਟਾ ਦਾ ਯੂਨਿਟ ਹੈ। ਇਸ ਨੇ ਪਿਛਲੇ ਸਾਲ ਬੜੀ ਪਰਚੇਜ਼ ਕੀਤੀ ਸੀ। ਕਿਸਾਨਾਂ ਨੂੰ 1986 ਵਿਚ 2 ਰੁਪਏ ਮਾਲਟੇ ਦੀ ਪਰਚੇਜ਼ ਮਿਲੀ ਪਰ ਐਤਕੀਂ ਸੇਲ ਹੀ ਨਹੀਂ ਹੋ ਰਹੀ। ਇਸ ਵਾਰ ਮਾਲਟੇ ਦਾ ਭਾਅ ਕਿਸਾਨ ਨੂੰ 1 ਰੁਪਿਆ 20 ਪੈਸੇ ਮਿਲਿਆ। ਇਸੇ ਤਰ੍ਹਾਂ, ਡਿਪਟੀ ਸਪੀਕਰ ਸਾਹਿਬ, ਟਮਾਟਰ ਦਾ ਭਾਅ 60 ਪੈਸੇ ਜਾਂ 1 ਰੁਪਿਆ ਮਿਲਿਆ। ਇਹ ਇਕ ਕਿਲੋ ਦੇ ਹਿਸਾਬ ਦਾ ਰੇਟ ਹੈ। ਕਿਸਾਨ ਨੂੰ ਬਹੁਤ ਘਾਟਾ ਪਿਆ। ਪੰਜਾਬ ਦਾ ਕਿਸਾਨ ਘਾਟੇ ਵਿਚ ਰਿਹਾ।

ਮਲਟੀਨੈਸ਼ਨਲਜ਼ ਹਿੰਦੁਸਤਾਨ ਦੀ ਇੱਕ ਬਹੁਤ ਵੱਡੀ ਚੀਜ਼ ਹੈ। 40 ਸਾਲ ਹੋ ਗਏ ਇਸ ਮੁਲਕ ਦੀ ਅਜ਼ਾਦੀ ਨੂੰ। ਇਹ 40 ਸਾਲਾਂ ਵਿੱਚ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਬਣੀ ਹੈ। ਅਸੀਂ ਆਰਥਿਕ ਤੌਰ ਤੇ ਵੀ ਤੇਜ਼ੀ ਨਾਲ ਅੱਗੇ ਵੱਧ ਰਹੇ ਹਾਂ। ਮਲਟੀਨੈਸ਼ਨਲਜ਼ ਤਾਂ ਪਹਿਲਾਂ ਵੀ ਇਥੇ ਆਏ ਹਨ। 1952 ਵਿੱਚ ਕੋਕਾ-ਕੋਲਾ ਆਇਆ। ਉਦੋਂ ਕਿਉਂ ਨਹੀਂ ਰਕਿਆ ਗਿਆ ? ਹੋਰ ਪਤਾ ਨਹੀਂ ਕਿਹੜੇ ਕਿਹੜੇ ਆਏ ਸਨ। ਜਦੋਂ ਪੰਜਾਬ ਦਾ ਮਸਲਾ ਆਉਂਦਾ ਹੈ ਤਾਂ ਮਲਟੀਨੈਸ਼ਨਲ ਦੀ ਗੱਲ ਆ ਗਈ ਕਿਉਂਕਿ ਜੋ ਸਾਊਥ ਦੀਆਂ ਲਾਬੀਜ਼ ਉਥੇ ਬੈਠੀਆਂ ਹਨ, ਪਾਰਲੀਆਮੈਂਟ ਵਿਚ ਆ ਜਾਂਦੀਆਂ ਹਨ, ਉਨ੍ਹਾਂ ਦੇ ਪਰੈਸ਼ਰ ਅਧੀਨ ਇਹ ਇਸ ਤਰ੍ਹਾਂ ਦੇ ਕੰਮ ਕਰ ਲੈਂਦੇ ਹਨ। ਫੇਰ ਇਹ ਮਲਟੀਨੈਸ਼ਨਲ ਦੀ ਗੱਲ ਚਲਾ ਲੈਂਦੇ ਹਨ। ਇਹ ਬੜੇ ਅਫਸੋਸ ਦੀ ਗੱਲ ਹੈ ਕਿ 40 ਸਾਲ ਹੋ ਗਏ ਹਨ, ਸਾਡਾ ਏਡਾ ਵੱਡਾ ਮੁਲਕ ਹੈ, ਸਾਡੀ ਆਜ਼ਾਦੀ ਤੋਂ ਬਾਅਦ ਵਾਲਾ ਮਜ਼ਬੂਤ ਮੁਲਕ ਹੈ, ਪਰ ਏਨੀਆਂ ਛੋਟੀਆਂ ਛੋਟੀਆਂ ਗੱਲਾਂ ਤੋਂ ਅਸੀਂ ਕਤਰਾਉਂਦੇ ਹਾਂ। ਪੈਪਸੀ ਕੋਲਾ ਦੀ ਟਾਈਅਪ ਕੀ ਹੈ, ਇਹ ਦੇਖ ਲਈਏ ਕਿ ਪੰਜਾਬ ਨੂੰ ਇਸ ਦਾ ਫਾਇਦਾ ਕੀ ਹੈ? ਪਿਛਲੇ ਸਾਲ ਤੁਹਾਡੇ 1986-87 ਵਿਚ ਹਾਰਟੀਕਲਚਰ ਦੇ ਤਹਿਤ ਜਿਹੜੇ ਫਲ ਲਗੇ ਸਨ, ਉਹ ਪੰਜਾਬ ਵਿਚ 46,502 ਹੈਕਟੇਅਰ ਜ਼ਮੀਨ ਵਿਚ ਲਗੇ ਸਨ। ਐਤਕੀਂ ਹਾਰਟੀਕਲਚਰ ਡਿਪਾਰਟਮੈਂਟ ਦੀ ਪਲਾਨ ਇਸਨੂੰ 4109 ਹੈਕਟੇਅਰ ਹੋਰ ਵਧਾਉਣ ਦੀ ਹੈ। ਤੁਸੀਂ ਇਸ ਨੂੰ 10% ਹੋਰ ਅਗੇ ਵਧਾ ਰਹੇ ਹੋ। ਇਸਦੇ ਵਾਸਤੇ ਗੌਰਮਿੰਟ ਨੇ 3 ਕਰੋੜ ਰੁਪਿਆ ਰਖਿਆ ਹੈ। ਪਿਛਲੇ ਸਾਲ ਇਹ 90 ਲੱਖ ਸੀ ਇਹ ਕਿਸਾਨਾਂ ਨੂੰ 3 ਕਰੋੜ 10 ਲੱਖ ਰੁਪਏ ਦੇ ਕਰਜ਼ੇ ਵੀ ਦਿਵਾ ਰਹੇ ਹਨ। ਇਸ ਤਰ੍ਹਾਂ ਤੁਸੀਂ 6 ਕਰੋੜ ਹੋਰ ਵਧਾ ਰਹੇ ਹੋ ਪਰ ਸਪੋਰਟ ਪ੍ਰਾਈਸ ਦਾ ਪ੍ਰਬੰਧ ਨਹੀਂ ਕਰ ਰਹੇ। ਫਲ ਜੋ ਵਿਕੇਗਾ ਨਹੀਂ ਤਾਂ ਕੀ ਕਿਸਾਨਾਂ ਨੂੰ ਹੋਰ ਕਰਜ਼ੇ ਵਿੱਚ ਪਾਉਣਾ ਹੈ ? ਇਹ ਬਹੁਤ ਸੋਚਣ ਵਾਲੀਆਂ ਅਤੇ ਅਹਿਮ ਗੱਲਾਂ ਹਨ। ਸੀ. ਐਸ.ਸੀ. ਜਾਂ ਹੋਰ ਸੇਲਜ਼ ਐਕਟ ਹੈ। ਇਸ ਦੇ ਤਹਿਤ ਡੇਢ ਸੌ ਕਰੋੜ ਰੁਪਿਆ ਟੈਕਸ ਹੀ ਲਗਣਾ ਹੈ ਜਿਸ ਨੂੰ ਸਟੇਟ ਐਕਸਚੈਕਰ ਵਿਚ ਆ ਜਾਣ ਕਰਕੇ ਅਸੀਂ ਵਰਤ ਸਕਾਂਗੇ। ਫੇਰ ਜਿਹੜਾ ਐਗਰੋ ਰਿਸਰਚ ਸੈਂਟਰ ਪੰਜਾਬ ਐਗਰੀਕਲਚਰਲ

[ਸ੍ਰੀ ਮਨ ਅਮਰਿੰਦਰ ਸਿੰਘ]

ਯੂਨੀਵਰਸਿਟੀ, ਲੁਧਿਆਣਾ ਨਾਲ ਬਣਾਉਣਾ ਹੈ, ਇਹ ਚੰਗੀ ਪਰੋਪੋਜ਼ਲ ਹੈ। ਇਸ ਵਿਚ ਨਵੀਂਆਂ ਪਰਾਸੈਸਿੰਗ ਵੈਰਾਇਟੀਆਂ ਬਾਰੇ, ਡਿਜ਼ੀਜ਼ਿਜ਼ ਦੇ ਬਾਰੇ ਗਲ ਕਰ ਸਕਾਂਗੇ। ਇਸ ਨਾਲ ਯੀਲਡ ਵਧਾਉਣ ਦੀ ਗੱਲ ਵੀ ਹੋਵੇਗੀ। ਮੇਰੇ ਕੋਲ ਕੁਝ ਕੰਪੈਰੇਟਿਵ ਫਿਗਰਜ਼ ਹਨ ਪੰਜਾਬ ਵਿੱਚ ਜਿੰਨੀ ਪੈਦਾਵਾਰ ਹੋਈ ਅਤੇ ਬਾਹਰਲੇ ਮੁਲਕਾਂ ਵਿਚ, ਮੈਂ ਅਮਰੀਕਾ ਬਾਰੇ ਲਿਖਿਆ ਹੋਇਆ ਹੈ, ਉਸ ਵਿੱਚ ਜਿੰਨੀ ਪੈਦਾਵਾਰ ਹੋਈ। ਸੀਟਰਸ ਦੀ ਸਾਡੇ ਇਸ ਵੇਲੇ ਐਵਰੇਜ ਯੀਲਡ 8.5 ਟਨਜ਼ ਪਰ ਹੈਕਟੇਅਰ ਹੈ ਜਦ ਕਿ ਅਮਰੀਕਾ ਵਿੱਚ 40 ਟਨਜ਼ ਪਰ ਹੈਕਟੇਅਰ ਹੈ ਯਾਨੀ ਸਾਡੇ ਨਾਲੋਂ 5 ਗੁਣਾਂ ਜ਼ਿਆਦਾ ਹੈ। ਜੇ ਉਥੋਂ ਕੋਈ ਫਾਇਦਾ ਆ ਜਾਵੇ, ਨਵੇਂ ਬੂਟਿਆਂ ਦੀ ਵਰਾਇਟੀ ਆ ਜਾਵੇ ਜਿਹੜੀ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਐਕਸਪਰਟਸ ਦੇਖ ਕੇ ਡਿਵੈਲਪ ਕਰ ਸਕਣ ਤਾਂ ਪੰਜਾਬ ਦਾ ਫਾਇਦਾ ਹੀ ਹੋ ਸਕਦਾ ਹੈ। ਨਾਖਾਂ ਏਥੇ 15 ਟਨਜ਼ ਪਰ ਹੈਕਟੇਅਰ, ਅਮਰੀਕਾ ਵਿੱਚ 45 ਟਨਜ਼ ਪਰ ਹੈਕਟੇਅਰ ਹੁੰਦੀਆਂ ਹਨ। ਆੜੂ ਏਥੇ 7 ਟਨਜ਼ ਪਰ ਹੈਕਟੇਅਰ, ਉਥੇ 30 ਟਨਜ਼ ਪਰ ਹੈਕਟੇਅਰ ਹੁੰਦਾ ਹੈ। ਟਮਾਟਰ ਏਥੇ 10 ਟਨਜ਼ ਪਰ ਹੈਕਟੇਅਰ, ਉਥੇ 48 ਟਨਜ਼ ਪਰ ਹੈਕਟੇਅਰ ਹੁੰਦਾ ਹੈ। ਆਲੂ ਜਿਹੜਾ ਏਥੇ ਤਕਰੀਬਨ ਖਤਮ ਹੀ ਹੋ ਰਿਹਾ ਹੈ, 19 ਟਨ ਪਰ ਹੈਕਟੇਅਰ, ਉਥੇ 32 ਟਨਜ਼ ਪਰ ਹੈਕਟੇਅਰ ਹੁੰਦਾ ਹੈ। ਕਈ ਵੈਰਾਇਟੀਆਂ ਤਾਂ ਆਲੂ ਦੀਆਂ ਪਰਾਸੈਸ ਇੰਡਸਟਰੀ ਵਿੱਚ ਨਹੀਂ ਆਉਂਦੀਆਂ। ਫੂਡ ਪ੍ਰਾਸੈਸ ਇੰਡਸਟਰੀ ਤੋਂ ਬਗੈਰ ਤੁਸੀਂ ਸਪੋਰਟ ਪ੍ਰਾਈਸ ਨਹੀਂ ਦੇ ਸਕਦੇ। ਤੁਸੀਂ ਐਗਰੋ ਰਿਸਰਚ ਸੈਂਟਰ ਤੇ 60 ਲੱਖ ਰੁਪਿਆ ਲਗਾਉਣ ਦੀ ਗੱਲ ਕੀਤੀ ਹੈ। ਇਹ ਗਾਲ ਚੰਗੀ ਹੈ। ਫੇਰ ਇਹ ਪੈਪਸੀ ਕੋਲਾ ਕਿਸ ਤਰੀਕੇ ਨਾਲ ਮਲਟੀ-ਨੈਸ਼ਨਲ ਹੈ, ਇਸ ਦੇ ਵਿਚ ਪੰਜਾਬ ਦਾ ਡਾਇਰੈਕਟ ਫਾਇਦਾ ਹੈ। ਜਦੋਂ ਇਹ ਯੂਨਿਟ ਲਗੇਗਾ, ਇਸ ਵਿੱਚ ਅਬੋਹਰ ਦੀਆਂ ਅਤੇ ਹੋਰ 10 ਜ਼ਿਲ੍ਹਿਆਂ ਦੀਆਂ ਫੈਕਟਰੀਆਂ ਹੀ ਸ਼ਾਮਲ ਨਹੀਂ

ਇਸ ਤੋਂ ਇਲਾਵਾ 20,000 ਬੰਦਿਆਂ ਨੂੰ ਨੌਕਰੀਆਂ ਵੀ ਪ੍ਰਾਪਤ ਹੋਣਗੀਆਂ। ਹੋਰ ਐਨਸਿਲਰੀ ਇਸ ਵਿਚ ਲਗੇਗੀ। ਹਾਰਟੀਕਲਚਰ ਇੰਡਸਟਰੀ ਜਿਹੜੀ ਲਗਦੀ ਹੈ ਉਹ ਐਗਰੀਕਲਚਰ ਨਾਲੋਂ ਜ਼ਿਆਦਾ ਇਨਟੈਂਸਿਵ ਹੁੰਦੀ ਹੈ। ਇਸ ਲਈ ਇਹ ਸਕੀਮ ਉਥੇ ਬਣਾਈ ਸੀ। ਅਗਲ ਪੰਜ ਦਸ ਸਾਲਾਂ ਦਰਮਿਆਨ ਹਰ ਕਿਸਾਨ ਜਿਸ ਕੋਲ ਇਕ ਹੈਕਟੇਅਰ ਜ਼ਮੀਨ ਹੋਏਗੀ ਖੇਤੀਬਾੜੀ ਕਰਨ ਨਾਲ ਉਸ ਦੀ ਇਨਕਮ 8,000 ਤੋਂ 35,000 ਰੁਪਏ ਸਾਲਾਨਾ ਦੀ ਵਧੇਗੀ। ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦਾ ਫਾਇਦਾ ਹੋਵੇ। ਇਹ ਕਹਿਣਾ ਕਿ ਇਹ ਮਲਟੀਨੈਸ਼ਨਲ ਹੈ, ਇਸ ਤਰ੍ਹਾਂ ਦੇ ਬਹਾਨੇ ਬਣਾਉਣਾ, ਇਹ ਗਲਤ ਹੈ।

ਨੈਸ਼ਨਲ ਲੈਵਲ ਤੋਂ ਪਹਿਲਾਂ ਮੈਂ ਪੰਜਾਬ ਦੀ ਗਲ ਕਰਨਾ ਚਾਹੁਦਾ ਹਾਂ। ਪਿਛਲੇ ਦਸ ਸਾਲਾਂ ਦੀ ਔਸਤ ਕਢੋ ਤਾਂ ਪਤਾ ਲਗਦਾ ਹੈ ਕਿ 137 ਕੋਲਡ ਸਟੋਰੇਜ ਪੰਜਾਬ ਵਿਚ ਹਨ ਜਿਸ ਦੀ ਕਪੈਸਟੀ 3.5 ਲੱਖ ਟਨ ਹੈ। ਇਹ ਦੋ ਫੈਕਟਰੀਆਂ ਵਿਚ 25,00 0 ਮੀਟਰਿਕ ਟਨ ਆਲੂ ਔਰ 5,000 ਟਨ ਗਰੇਨ ਵਗੈਰਾ ਲੈਣਗੀਆਂ। 80,000 ਟਨ ਫਰੂਟ ਅਰ ਵੈਜੀਟੇਬਲ ਆਏਗਾ। ਹਰ ਜ਼ਿਲ੍ਹੇ ਵਿਚ ਇਹ ਹੋਣਾ ਚਾਹੀਦਾ ਹੈ ਕਿ ਇਸ ਨਾਲ ਕਿੰਨਾ ਫਾਇਦਾ ਹੋਵਗਾ। ਇਹ ਕਹੀ ਜਾਣਾ ਕਿ ਇਹ ਬੜਾ ਐਂਟੀ ਸੋਸ਼ਲਿਸਟ ਹੈ, ਇਹ ਬੜੀ ਹੈਰਾਨੀ ਦੀ ਗੱਲ ਹੈ। ਪੈਪਸੀ ਕੋਲਾ ਦੇ ਚਾਈਨਾ ਵਿਚ 17 ਪਲਾਂਟ ਲਗੇ ਹੋਏ ਹਨ ਔਰ ਰਸ਼ੀਆ ਵਿਚ ਇਸ ਦੇ 24 ਪਲਾਂਟ ਲਗੇ ਹੋਏ ਹਨ। ਕੋਈ ਵੈਸਟ-ਈਸਟ ਯੂਰਪੀਨ ਕੰਟਰੀ ਐਸਾ ਨਹੀਂ ਜਿਥੇ ਕਿ ਪੈਪਸੀ ਕੋਲਾ ਨਾ ਲਗਿਆ ਹੋਵੇ। ਪਰ ਇਥੇ ਭੜਕਾਇਆ ਜਾਂਦਾ ਹੈ। ਇਸ ਨਾਲ ਪੰਜਾਬ ਦਾ ਕਿੰਨਾ ਜ਼ਿਆਦਾ ਫਾਇਦਾ ਹੋਏਗਾ। ਮੈਨੂੰ

ਸਮਝ ਨਹੀਂ ਆਉਂਦੀ ਇਥੇ ਗੁਪਤਾ ਜੀ ਨੇ ਕਿਹਾ ਕਿ ਉਹ ਸਾਡੀ ਪਾਰਟੀ ਨਾਲ ਸਹਿਮਤ ਨਹੀਂ ਹਨ ਕਿਉਂਕਿ ਤੁਸੀਂ ਨਹੀਂ ਚਾਹੁੰਦੇ ਕਿ ਪੰਜਾਬ ਦੇ ਕਿਸਾਨ ਦਾ ਫਾਇਦਾ ਹੋਵੇ ਔਰ ਉਸ ਦਾ ਭਵਿਖ ਬਣੇ। (ਵਿਘਨ) ਐਸੀ ਗਲ ਨਹੀਂ । ਇਹੀ ਲੋਕ ਪੰਜਾਬ ਦੀ ਆਬੋਹਵਾ ਖਰਾਬ ਕਰਦੇ ਹਨ । ਅਸੀਂ ਆਰਥਿਕ ਤੌਰ ਤੇ ਮਜ਼ਬੂਤ ਹੋਣਾ ਚਾਹੁੰਦੇ ਹਾਂ। ਕਈ ਤਕਰੀਰਾਂ ਵਿਚ ਮੈਂ ਕਿਹਾ ਹੈ ਕਿ ਪੰਜਾਬ ਦੀ ਇੰਡਸਟਰੀ ਬੰਦ ਹੋਈ ਹੈ। ਨਵੀਂ ਇੰਡਸਟਰੀ ਨਹੀਂ ਆ ਰਹੀ ਔਰ ਮੌਜੂਦਾ ਇੰਡਸਟਰੀ 35% ਸਿੱਕ ਪਈ ਹੈ। ਸਾਢੇ ਛੇ ਲੱਖ ਨੌਜਵਾਨ ਪੜ੍ਹਾਈ ਕੰਪਲੀਟ ਕਰਕੇ ਆ ਰਿਹਾ ਹੈ। ਇਨ੍ਹਾਂ ਨੂੰ ਨੌਕਰੀਆਂ ਦੀ ਲੋੜ ਹੈ। ਸਾਢੇ ਚਾਰ ਲੱਖ ਸਕੂਲਾਂ ਵਿਚੋਂ ਆ ਰਹੇ ਹਨ। 1.57 ਲਖ ਕਾਲਜਾਂ ਵਿਚੋਂ ਆ ਰਹੇ ਹਨ ਔਰ 14,000 ਯੂਨੀਵਰਸਿਟੀਆਂ ਵਿਚੋਂ ਪੋਸਟ-ਗਰੈਜੂਏਟ ਆਦਿ ਹੋ ਕੇ ਆ ਰਹੇ ਹਨ। ਇਹ ਕਿਥੇ ਜਾਣਗੇ ? ਇਨ੍ਹਾਂ ਨੌਜਵਾਨਾਂ ਵਾਸਤੇ ਨੌਕਰੀਆਂ ਦਾ ਪ੍ਰਬੰਧ ਔਰ ਕਿਸਾਨਾਂ ਵਾਸਤੇ ਮਜ਼ਬੂਤ ਆਰਥਿਕਤਾ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਅੱਜ ਤੁਹਾਨੂੰ ਪਤਾ ਹੈ ਕਿ ਐਡਾ ਵੱਡਾ ਮੁਲਕ ਹੈ, 12,000 ਕਰੋੜ ਰੁਪਿਆ ਡੀਫੈਂਸ ਤੇ ਲਗਦਾ ਹੈ। ਇਸ ਦੇ ਮੁਕਾਬਲੇ ਸਾਡੇ ਪੰਜਾਬ ਦੀ ਐਗਰੀਕਲਚਰ ਦੀ ਐਕਸਪੋਰਟ ਤੇ ਕੀ ਕੰਟ੍ਰੀਬਿਊਸ਼ਨ ਹੈ ? 300 ਕਰੋੜ ਰੁਪਏ ਦੀ ਐਗਰੋ ਫੂਡ ਦੀ ਐਕਸਪੋਰਟ ਸਾਰੇ ਹਿੰਦੁਸਤਾਨ ਭਰ ਵਿਚੋਂ ਹੋ ਰਹੀ ਹੈ ਜਿਸ ਵਿਚੋਂ 250 ਕਰੋੜ ਚਾਹ ਔਰ ਕਾਫੀ ਲਈ ਹੈ ਔਰ 50 ਕਰੋੜ ਜੋ ਫੂਡ ਰਸ਼ੀਆ ਨੂੰ ਜਾਂਦਾ ਹੈ, ਉਸ ਲਈ ਹੈ। ਜਦੋਂ ਦੀ ਐਕਸਪੋਰਟ ਸ਼ੁਰੂ ਹੋਈ ਹੈ ਸਿਰਫ 11 ਕਰੋੜ ਸਾਲ ਦਾ ਪੰਜਾਬ ਨੂੰ ਜਾਏਗਾ। ਸਾਰੇ ਮੁਲਕ ਨੂੰ ਤਾਂ ਐਕਸਪੋਰਟ ਦਾ ਅੱਧਾ ਕਰੋੜ ਜਾਂਦਾ ਹੈ ਔਰ ਇਕੱਲੇ ਪੰਜਾਬ ਨੂੰ 11 ਕਰੋੜ ਜਾਂਦਾ ਹੈ। ਪੰਜਾਬ ਦਾ ਕਿੰਨਾ ਫਾਇਦਾ ਹੈ, ਸੋਚਣਾ ਚਾਹੀਦਾ ਹੈ। ਪੰਜਾਬ ਦੀ ਗੱਲ ਹੈ, ਪੰਜਾਬ ਦੇ ਭਵਿਖ ਦੀ ਗੱਲ ਹੈ । ਮੈਂ ਹੁਣੇ ਬੀ.ਜੇ.ਪੀ. ਵਾਲਿਆਂ ਨਾਲ ਗੱਲ ਕਰ ਰਿਹਾ ਸੀ। ਇਹ ਕੋਈ ਪਾਰਟੀ ਦੇ ਮਸਲੇ ਦੀ ਗੱਲ ਨਹੀਂ ਹੈ। ਇਹ ਸੂਬੇ ਦਾ ਮਸਲਾ ਹੈ ਔਰ ਸੂਬੇ ਦੇ ਲੋਕਾਂ ਦਾ ਮਸਲਾ ਹੈ। ਸਾਨੂੰ ਰਲ ਕੇ ਚਲਣਾ ਚਾਹੀਦਾ ਹੈ। ਜਦੋਂ ਪੰਜਾਬ ਦਾ ਮਸਲਾ ਹੋਵੇ, ਪੰਜਾਬ ਦੀ ਬਿਹਤਰੀ ਦਾ ਮਸਲਾ ਹੋਵੇ, ਇਥੋਂ ਦੇ ਬੱਚਿਆਂ ਦੀ ਬਿਹਤਰੀ ਦਾ ਮਸਲਾ ਹੋਵੇ, ਉਸ ਵੇਲੇ ਸਾਨੂੰ ਸਾਰਿਆਂ ਨੂੰ ਰਲ ਕੇ ਚਲਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਕ ਬੜੀ ਇੰਟਰੈਸਟਿੰਗ ਗੱਲ ਮੈਂ ਤੁਹਾਨੂੰ ਦੱਸਣੀ ਚਾਹੁੰਦਾ ਹਾਂ। ਇਹ ਜਿਹੜੀ ਸਾਫਟ ਡਰਿੰਕਸ ਇੰਡਸਟਰੀ ਹੈ ਜੋ ਕਿ ਸ਼ੁਰੂ ਤੋਂ ਚਲੀ ਆ ਰਹੀ ਹੈ ਇਹ 1 ਰੁਪਏ ਦੀ ਬੋਤਲ ਕਰ ਰਹੀ ਹੈ ਔਰ ਪਿਛਲੇ ਸਾਲ 1984-85 ਦੀਆਂ ਸਾਡੇ ਕੋਲ ਫਿੱਗਰਜ਼ ਹਨ ਕਿ 10 ਕਰੋੜ ਦੀ ਇਸ ਕੰਪਨੀ ਨੇ ਐਕਸਪੋਰਟ ਕੀਤੀ ਸੀ। 57 ਕਰੋੜ ਦੀ ਐਕਸਪੋਰਟ ਕਰਨ ਦੀ ਗਰੰਟੀ ਹੈ। ਹੁਣ ਜੋ ਮੈਂ ਆਈਟਮ ਲੈਣ ਲੱਗਾ ਹਾਂ ਉਹ ਬੜੀ ਇੰਪਾਰਟੈਂਟ ਹੈ ਅਤੇ ਉਸ ਦਾ ਇਸ ਕਰਕੇ ਜ਼ਿਕਰ ਕਰ ਰਿਹਾ ਹਾਂ ਕਿਉਂਕਿ ਇਸ ਦਾ ਜ਼ਿਕਰ ਪਾਰਲੀਮੈਂਟ ਵਿਚ ਇਕ ਮੈਂਬਰ ਨੇ ਕੀਤਾ ਸੀ ਕਿ ਕੀ ਲੋੜ ਇਨ੍ਹਾਂ ਕੋਕਾ ਕੋਲਾ ਆਦਿ ਦੀ। ਇਨ੍ਹਾਂ ਦੀ ਹਿੰਦੁਸਤਾਨ ਨੂੰ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਅਸੀਂ ਕੋਕਾ ਕੋਲਾ ਕੱਢ ਦਿੱਤਾ, ਇਸ ਨੂੰ ਵੀ ਕੱਢ ਦਿਓ। ਇਹ ਇਹੋ ਜਿਹੀਆਂ ਕੰਪਨੀਆਂ ਸਨ ਜਿਹੜੀਆਂ ਹਿੰਦੁਸਤਾਨ ਵਿਚੋਂ ਕੁਝ ਲਿਜਾ ਰਹੀਆਂ ਹਨ ਅਤੇ ਦੇ ਨਹੀਂ ਸੀ ਰਹੀਆਂ। ਲੇਕਿਨ ਉਹ ਕੰਪਨੀ 1 ਰੁਪਏ ਦੀ ਬੋਤਲ ਲੈ ਕੇ ਜਾ ਰਹੀ ਹੈ। ਇਹ ਜਿਹੜਾ ਮੈਂ 57 ਕਰੋੜ ਦੱਸਿਆ ਹੈ ਇਹ 45 ਮਿਲੀਅਨ ਡਾਲਰ ਬਣਦਾ ਹੈ ਅਤੇ ਇਸ ਨਾਲ ਬਹੁਤ ਸਾਰਾ ਫਾਇਦਾ ਹੋਵੇਗਾ। ਇਸ ਨਾਲ ਹਿੰਦੁਸਤਾਨ ਵਿਚ ਫੈਕਟਰੀਆਂ ਵੱਧਣਗੀਆਂ। ਇਸ 45 ਮਿਲੀਅਨ ਡਾਲਰ ਨਾਲ ਸਾਨੂੰ ਫਾਰੇਨ ਐਕਸਚੇਂਜ ਦਾ ਫਾਇਦਾ ਹੋਵੇਗਾ। ਕੋਈ 150 ਕਰੋੜ ਰੁਪਿਆ ਆਵੇਗਾ ਅਤੇ ਜਿਸ ਦਾ ਪੰਜਾਬ ਨੂੰ ਅਤੇ ਹਿੰਦੁਸਤਾਨ ਨੂੰ ਫਾਇਦਾ ਹੋਵੇਗਾ। ਇਸ ਤਰ੍ਹਾਂ ਪੰਜਾਬ ਦੇ ਜਿਹੜੇ ਕਿਸਾਨ ਹਨ ਉਨ੍ਹਾਂ ਦੀ

[ਕੈਪਟਨ ਅਮਰਿੰਦਰ ਸਿੰਘ]

ਇਨਕਮ ਇਨਕਰੀਜ਼ ਹੋਵੇਗੀ, ਪੰਜਾਬ ਦੀ ਇੰਡਸਟਰੀ ਦੀ ਇੰਪਰੂਵਮੈਂਟ ਹੋਵੇਗੀ, ਨੌਜਵਾਨਾਂ ਨੂੰ ਨੌਕਰੀਆਂ ਮਿਲਣਗੀਆਂ। ਇਹ ਬਹੁਤ ਵੱਡੀ ਗੱਲ ਹੈ। ਪੰਡਿਤ ਜੀ ਸਾਡੇ ਬਜ਼ੁਰਗ ਦੋਸਤ ਹਨ, ਮੈਂ ਉਨ੍ਹਾਂ ਦੀ ਇੱਜ਼ਤ ਕਰਦਾ ਹਾਂ, ਲੇਕਿਨ ਪੈਟੀ ਗੱਲਾਂ ਕਰਨੀਆਂ ਠੀਕ ਨਹੀਂ ਹਨ। ਰੂਲਜ਼ ਅਸੀਂ ਵੀ ਪੜ੍ਹ ਸਕਦੇ ਹਾਂ ਲੇਕਿਨ ਰੂਲਜ਼ ਦੀ ਅਮੈਂਡਮੈਂਟ, ਰੂਲਜ਼ ਦੀ ਤਬਦੀਲੀ ਕਰਨੀ ਜੇ ਪੰਜਾਬ ਸੂਬੇ ਦੇ ਭਲੇ ਦੀ ਗੱਲ ਹੋਵੇ ਤਾਂ ਜ਼ਰੂਰ ਕਰਨੀ ਚਾਹੀਦੀ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਸਾਡਾ ਕੰਸਟੀਚਿਊਐਂਟ ਅਸੰਬਲੀ ਦਾ ਸੰਵਿਧਾਨ ਬਣਿਆ ਉਹ ਵੀ 54 ਵਾਰ ਤੁਸੀਂ ਅਮੈਂਡ ਕਰ ਦਿੱਤਾ ਹੈ। ਤੁਸੀਂ ਪੰਜਾਬ ਦੇ ਭਵਿੱਖ ਬਾਰੇ ਸੋਚੋ। ਰੂਲਜ਼ ਤਾਂ ਰੂਲਜ਼ ਹੀ ਹਨ। ਰੂਲਜ਼ ਨੂੰ ਪਾਸੇ ਮਾਰੋ, ਤੁਸੀਂ ਪੰਜਾਬ ਦੇ ਹਿੱਤ ਦੀ ਗੱਲ ਕਰੋ ਜਿਸ ਨਾਲ ਪੰਜਾਬ ਦੇ ਲੋਕਾਂ ਦਾ ਭਵਿੱਖ ਚੰਗਾ ਹੋਵੇ।

ਇਕ ਗੱਲ, ਡਿਪਟੀ ਸਪੀਕਰ ਸਾਹਿਬ, ਮੇਰੀ ਰਹਿ ਗਈ ਹੈ, ਉਹ ਮੈਂ ਕਰਨਾ ਚਾਹੁਦਾ ਹਾਂ। ਇਹ ਜਿਹੜੀ ਕਮਿਟਮੈਂਟ ਦੇ ਚੁੱਕੇ ਹਨ, ਮੈਂ ਕਹਿੰਦਾ ਹਾਂ ਕਮਿਟਮੈਂਟ ਦੀ ਕੋਈ ਲੋੜ ਨਹੀਂ ਸੀ ਲੇਕਿਨ ਕਮਿਟਮੈਂਟ ਉਹ ਦੇ ਚੁੱਕੇ ਹਨ। ਪੰਜਾਬ ਦੇ ਹਾਲਾਤ ਬਾਰੇ ਅਸੀਂ 40 ਸਾਲਾਂ ਤੋਂ ਸੁਣਦੇ ਆ ਰਹੇ ਹਾਂ। ਕਦੇ ਕਹਿੰਦੇ ਹਨ ਕਿ ਸੀ.ਆਈ.ਏ. ਹਾਲਾਤ ਖਰਾਬ ਕਰਦੀ ਹੈ, ਕਦੇ ਕਹਿੰਦੇ ਹਨ ਕਿ ਅਮਰੀਕਾ, ਰੂਸ ਹਾਲਾਤ ਖਰਾਬ ਕਰਦਾ ਹੈ। ਉਨ੍ਹਾਂ ਤੋਂ ਡਰਦੇ ਰਹੇ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡਾ ਦੇਸ਼ ਮਜ਼ਬੂਤ ਹੈ, ਸਾਡੇ ਦੇਸ਼ ਦੀ ਸਰਕਾਰ ਮਜ਼ਬੂਤ ਹੈ। ਸਾਨੂੰ ਅਜਿਹੀਆਂ ਗੱਲਾਂ ਤੋਂ ਡਰਨਾ ਨਹੀਂ ਚਾਹੀਦਾ। ਜੇ ਅਮਰੀਕਾ ਵਾਲੇ ਆ ਜਾਣ, ਰੂਸ ਵਾਲੇ ਆ ਜਾਣ ਜਾਂ ਚੀਨ ਵਾਲੇ ਆ ਜਾਣ ਤਾਂ ਸਾਨੂੰ ਕੋਈ ਨੁਕਸਾਨ ਨਹੀਂ ਹੋਣ ਲੱਗਾ। ਮੈਂ ਇਸ ਗੱਲ ਨੂੰ ਛੋਟੀ ਗੱਲ ਸਮਝਦਾ ਹਾਂ। ਕਮਿਟਮੈਂਟ ਇਨ੍ਹਾਂ ਨੇ ਦੇ ਦਿੱਤੀ ਹੈ। ਸਾਡੇ ਦੇਸ਼ ਦੇ ਲੋਕ ਵੀ ਤਾਂ ਬਾਹਰ ਗਏ ਹਨ, ਉਥੇ ਕੰਮ ਕਰਦੇ ਹਨ, ਉਨ੍ਹਾਂ ਨੇ ਇਥੇ ਆਦਮੀ ਭੇਜਣੇ ਹਨ ਅਤੇ ਉਨ੍ਹਾਂ ਨੇ ਕੰਮ ਕਰਨਾ ਹੈ। ਇਨ੍ਹਾਂ ਨੇ ਕਮਿਟਮੈਂਟ ਦੇ ਦਿੱਤੀ ਸੋ ਦੇ ਦਿੱਤੀ। ਇਕ ਐਸੀ ਲਾਬੀ ਹੈ ਪਾਰਲੀਆਮੈਂਟ ਵਿਚ ਜੋ ਪਰੈਸ਼ਰ ਪਾ ਰਹੀ ਹੈ। ਮੈਂ ਕਹਿੰਦਾ ਹਾਂ ਕਿ ਪੰਜਾਬ ਦੇ ਭਵਿੱਖ ਬਾਰੇ ਕੋਈ ਇੰਟਰਫੀਅਰ ਕਰੇ ਤਾਂ ਅਸੀਂ ਯੂਨਾਈਟ ਹੋ ਕੇ ਉਸ ਦਾ ਮੁਕਾਬਲਾ ਕਰਾਂਗੇ। ਜੇ ਸਾਨੂੰ ਕੋਈ ਕਮਜ਼ੋਰ ਕਰਨਾ ਚਾਹੇ ਤਾਂ ਇਹ ਬਰਦਾਸ਼ਤ ਨਹੀਂ ਕਰਾਂਗੇ। ਡਿਪਟੀ ਸਪੀਕਰ ਸਾਹਿਬ, ਸ਼ਰਦ ਜੋਸ਼ੀ ਜੋ ਕਿ ਭਾਰਤੀਯ ਕਿਸਾਨ ਯੂਨੀਅਨ ਦੇ ਫਾਊਂਡਰ ਪ੍ਰੈਜ਼ੀਡੈਂਟ ਹਨ ਉਨ੍ਹਾਂ ਦੀ ਆਪਣੀ ਸਟੇਟਮੈਂਟ ਹੈ।

According to Joshi:—

> "the import of technology for the food processing industry is "more justified than in any other field, particularly if the objective is to influence the international market." In the absence of processing facilities on a significant scale, farmers in Maharashtra in particular are in deep difficulties because of a glut in the production of table grapes. "Farmers have also been persuaded to plant pomegranates during the last six years and in a year or two there is going to be a surfeit of this fruit, which will ruin its producers. I only wish the government of Maharashtra had got in touch with Pepsi Co."

ਉਹ ਤਾਂ ਸਾਰੇ ਪ੍ਰੋਜੈਕਟਸ ਨੂੰ ਖਿਚਣ ਨੂੰ ਤਿਆਰ ਹਨ ਪਰ ਇਹ ਪਾਰਟੀ ਪੰਜਾਬ ਵਿਚੋਂ ਬਾਹਰ ਕੱਢਣ ਨੂੰ ਕਹਿੰਦੀ ਹੈ। ਮੈਂ ਸਮਝਦਾ ਹਾਂ ਕਿ ਇਹੋ ਜਿਹੀਆਂ ਗੱਲਾਂ ਨਾ ਕਰੀਏ, ਇਸ ਦਾ ਕੋਈ ਫਾਇਦਾ ਨਹੀਂ ਹੋਵੇਗਾ। ਇਸ ਦਾ ਲੌਂਗ ਟਰਮਜ਼ ਵਿਚ ਗੇਨ ਨਹੀਂ ਹੈ। ਮੇਰੀ ਤਾਂ ਇਹੀ ਬੇਨਤੀ ਹੈ ਕਿ

ਸਾਰੀਆਂ ਪਾਰਟੀਆਂ, ਸਾਰੀਆਂ ਸਾਈਡਾਂ ਤੋਂ, ਪੋਲਿਟੀਕਲ ਗੱਲਾਂ ਨੂੰ ਛੱਡ ਕੇ ਪੰਜਾਬ ਦੀ ਆਰਥਕ ਹਾਲਤ ਦੇ ਹਿਤ ਵਿੱਚ ਜੋ ਗੱਲ ਹੈ ਉਸ ਨੂੰ ਅਸੀਂ ਸਾਰੇ ਰਲ ਕੇ ਸੋਚੀਏ, ਰਲ ਕੇ ਯੂਨੈਨੀਮਸ ਤੌਰ ਤੇ ਰੈਜ਼ੋਲਿਊਸ਼ਨ ਲਿਆਈਏ ਜਿਸ ਦੇ ਨਾਲ ਸੈਂਟਰਲ ਗੌਰਮਿੰਟ ਤੇ ਇਸ ਗੱਲ ਦਾ ਪਰੈਸ਼ਰ ਪਾਇਆ ਜਾਵੇ ਕਿ ਇਕ ਸਾਲ ਤੋਂ ਕੇਸ ਪਿਆ ਹੈ ਉਸ ਦਾ ਜਲਦੀ ਤੋਂ ਜਲਦੀ ਫੈਸਲਾ ਉਹ ਕਰਨ। ਇਸ ਲਈ ਮੈਂ ਬੇਨਤੀ ਕਰਾਂਗਾ ਕਿ ਇਹ ਰੈਜ਼ੋਲਿਊਸ਼ਨ ਹਾਊਸ ਦੇ ਸਾਹਮਣੇ ਮੂਵ ਕਰਾਓ।

Mr. Deputy Speaker : Motion moved—

This House expresses its deep concern for the need for improving the industrial investment climate in the State, and more particularly the need for encouraging such agro industrial investment as can have a direct impect on the State's agricultural economy. In the context of mounting agricultural surpluses and declining farm incomes, this House stresses the need for encouraging investment in large scale and technologically advanced agro processing venture and draws particular attention to the proposal of the Punjab Agro Industries Corporation for an innovative, completely integrated processed food and beverage project involving a tie up with Tates and Pepsico Inc. of U.S.A. This House expresses its concern over the inordinate delay at the level of the Government of India in sanctioning the project and urges the State Government to pursue the matter with them for early and expeditious approval.

ਸ੍ਰੀ ਓਮ ਪ੍ਰਕਾਸ਼ ਗੁਪਤਾ (ਲੁਧਿਆਣਾ ਪੂਰਬੀ) : ਡਿਪਟੀ ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਤੇ ਰਾਜਾ ਨਰਿੰਦਰ ਸਿੰਘ ਵਲੋਂ ਇਹ ਰੈਜ਼ੋਲਿਊਸ਼ਨ ਆਇਆ ਹੈ, ਇਹ ਰੈਜ਼ੋ-ਲਿਊਸ਼ਨ ਇਨ੍ਹਾਂ ਦੇ ਹਿੱਸੇ ਵਿੱਚ ਜੋ ਆਇਆ ਹੈ ਉਸ ਦੇ ਨਾਲ ਮੈਂ ਸਮਝਦਾ ਹਾਂ ਕਿ ਅਸੀਂ ਸਦਨ ਦਾ ਟਾਈਮ ਹੀ ਵੇਸਟ ਕਰਾਂਗੇ। (ਇਕ ਅਵਾਜ਼: ਲਓ, ਇਨ੍ਹਾਂ ਦੀ ਸੁਣੋ) (ਹਾਸਾ) ਗਲ ਤੇ ਸੁਣ ਲਓ। ਅਸੀਂ ਆਰਾਮ ਨਾਲ ਤੁਹਾਡੀ ਗੱਲ ਸੁਣੀ ਹੈ। ਮੈਂ ਆਪਣੀ ਪਾਰਟੀ ਦੇ ਹੁਕਮ ਤੇ ਇਸ ਰੈਜ਼ੋਲਿਊਸ਼ਨ ਦੀ ਜ਼ੋਰਦਾਰ ਮੁਖਾਲਫਤ ਕਰਾਂਗਾ ਇਸ ਵਾਸਤੇ ਕਿ ਇਹ ਜਿਹੜਾ ਰੈਜ਼ੋਲਿਊਸ਼ਨ ਆਇਆ ਹੈ......... (ਵਿਘਨ) (ਇਕ ਅਵਾਜ਼: ਬੀਬੀ ਜੀ ਸੁਣ ਲਓ, ਮੁਖਾਲਫਤ ਕਰਦੇ ਹ ?) ਮੈਂ ਜਿਹੜੀ ਅਰਜ਼ ਕਰਨਾ ਚਾਹੁੰਦਾ ਹਾਂ ਮੈਂ ਆਪਣੇ ਵਲੋਂ ਅਰਜ਼ ਕਰ ਰਿਹਾ ਹਾਂ। ਇਹ ਜਿਹੜਾ ਰੈਜ਼ੋਲਿਊਸ਼ਨ ਆਇਆ ਹੈ ਅਸੀਂ ਸਮਝਦੇ ਸੀ ਕਿ ਜਿਹੜੇ ਪੰਜਾਬ ਦੇ ਮੌਜੂਦਾ ਹਾਲਾਤ ਸੀ, ਪੰਜਾਬ ਵਿਚ ਇੰਡਸਟਰੀਅਲ ਸਲਨਸ ਆਈ ਹੈ, ਇਸ ਦੇ ਵਿਚ ਨੁਕਸਾਨ ਹੋ ਰਿਹਾ ਹੈ, ਐਟਮਾਸਫੀਅਰ ਬਣ ਨਹੀਂ ਰਿਹਾ। ਕੋਈ ਮਹਾਰਾਜਾ ਸਾਹਿਬ ਗਲ ਕਰਨਗੇ ਕਿ ਕਿਸ ਤਰ੍ਹਾਂ ਸੁਧਾਰਨਾ ਹੈ, ਕਿਸ ਤਰ੍ਹਾਂ ਤਲਖੀ ਦੂਰ ਕਰਨੀ ਹੈ ਪਰ ਇਨ੍ਹਾਂ ਨੇ ਸਰਮਾਇਦਾਰਾਂ ਦੀ ਬੜੀ ਸੋਹਣੀ ਵਕਾਲਤ ਕੀਤੀ ਹੈ। ਇਨ੍ਹਾਂ ਨੇ ਇਸ ਵਿਚ ਦੋ ਤਿੰਨ ਪੁਆਇੰਟਾਂ ਤੇ ਸਟਰੈਸ ਕੀਤਾ ਹੈ। ਇਕ ਤਾਂ ਇਹ ਕੀਤਾ ਹੈ ਕਿ ਇੰਡਸਟਰੀ ਦੀ ਆਰਥਿਕਤਾ ਨੂੰ ਠੀਕ ਕਰਨ ਦੀ ਗਲ ਹੈ। ਇਕ ਇਹ ਕਿ ਐਗਰੀਕਲਚਰ ਸਰਪਲੱਸ ਹੈ। ਆਖਰ ਵਿਚ ਕਿਹਾ ਹੈ ਕਿ ਕੋਈ ਹੋਰ ਪਰਪੋਜ਼ਲ ਨਹੀਂ ਪੈਪਸੀ ਕੋਲਾ ਲਿਆਉਣਾ ਚਾਹੁੰਦੇ ਹਨ ਅਤੇ ਕਹਿੰਦੇ ਹਨ ਕਿ ਇਸ ਦੇ ਨਾਲ ਸਾਰੇ ਪੰਜਾਬ ਦੀ ਅਕਾਨੋਮੀ ਠੀਕ ਹੋ ਜਾਵੇਗੀ।

ਇਨ੍ਹਾਂ ਨੇ ਕਿਹਾ ਹੈ ਕਿ ਐਗਰੀਕਲਚਰ ਸਰਪੱਲਸ ਹੈ। ਪੰਜਾਬ ਗੌਰਮਿੰਟ ਨੇ ਹੁਣ ਸਾਨੂੰ ਜੋ 1986 ਦੇ ਸਟੈਟਿਸਟਿਕਸ ਦਿੱਤੇ ਹਨ ਮੈਂ ਉਸ ਦੇ ਵਿਚੋਂ ਤੁਹਾਨੂੰ ਫਿਗਰਜ਼ ਦੱਸਣ ਲਗਾ ਹਾਂ ਜੋ ਪੰਜਾਬ ਗੌਰਮਿੰਟ ਨੇ ਸਰਪੱਲਸ ਕਿਹਾ ਹੈ। ਇਹ ਇਸ ਕਿਤਾਬ ਦੇ ਸਫ਼ਾ 124-125 ਤੇ ਵੇਖ ਲੈਣ। ਇਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਵਿਚ ਮੇਜਰ ਪ੍ਰੋਡਕਟਸ ਰਾਈ, ਜਵਾਰ ਬਾਜਰਾ, ਮੇਜ਼, ਦਾਲਾਂ, ਮੂੰਗਫਲੀ, ਕਪਾਹ ਆਦਿ ਦੀ ਹੈ। ਇਹ ਜਿਹੜੀ ਸਾਡੇ ਕੋਲ ਜ਼ਮੀਨ ਹੈ, ਇਹ 88%

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਜ਼ਮੀਨ ਤੇ ਪ੍ਰੋਡਿਊਸ ਹੁੰਦੀਆਂ ਹਨ। ਰਹਿ ਗਈ ਬਾਕੀ 12% ਇਨ੍ਹਾਂ ਨੇ ਕਿਹਾ ਹੈ ਕਿ 10% ਦੇ ਕਰੀਬ ਤਾਂ ਬੰਜਰ ਹੈ ਜਾਂ ਪਥਰੀਲੀ ਹੈ ਅਤੇ ਜਿਹੜੀ ਬਾਕੀ ਦੀ 2% ਹੈ ਉਹ ਨਮਕ ਵਾਲੀ ਹੈ। ਇਨ੍ਹਾਂ ਕੋਲ ਜ਼ਮੀਨ ਕਿਥੇ ਹੈ ਜਿਹੜੀਆਂ ਚੀਜ਼ਾਂ ਇਹ ਕਰਾਉਣਾ ਚਾਹੁੰਦੇ ਹਨ ਸਰਮਾਇਦਾਰਾਂ ਦੀ ਕੰਪਨੀ ਤੋਂ ? ਇਨ੍ਹਾਂ ਸਾਹਮਣੇ ਜੋ ਚੀਜ਼ ਹੈ, ਜੋ ਪ੍ਰੋਡਿਊਸ ਹੈ, ਉਹ ਆ ਗਈ ਹੈ। ਇਥੇ ਕਪਾਹ ਹੁੰਦੀ ਹੈ ਉਸ ਦੀਆਂ ਮਿੱਲਾਂ ਲਗੀਆਂ ਹੋਈਆਂ ਹਨ, ਗੰਨਾ ਹੁੰਦਾ ਹੈ ਉਸ ਦੀਆਂ ਮਿੱਲਾਂ ਲਗੀਆਂ ਹੋਈਆਂ ਹਨ। ਜਵਾਰ, ਮੇਜ਼ ਦੀ ਪ੍ਰੋਡਕਟ ਲਈ ਸਟਾਰਚ ਆਦਿ ਦੀਆਂ ਮਿੱਲਾਂ ਲਗੀਆਂ, ਹੋਈਆਂ ਹਨ ਜੌਂ ਲਈ ਬੀਅਰ ਦੇ ਕਾਰਖਾਨੇ ਹਨ। ਸਬਜ਼ੀਆਂ ਜਿਹੜੀਆਂ ਹਨ ਉਹ ਅਸੀਂ ਆਪ ਖਾ ਜਾਂਦੇ ਹਾਂ। ਟਮਾਟਰ ਜਿਹੜੇ ਹਨ ਪੰਜਾਬ ਦੇ ਇਨਫੀਰੀਅਰ ਹਨ, ਇਹ ਸ਼ਿਮਲੇ ਦੇ ਅੱਛੇ ਹਨ। ਕੁਝ ਤਾਂ ਅਸੀਂ ਆਪ ਖਾ ਜਾਂਦੇ ਹਾਂ ਬਾਕੀ ਦੇ ਇਸ ਲਈ 800 ਦੇ ਕਰੀਬ ਛੋਟੇ ਕਾਰਖਾਨੇ ਲਗੇ ਹੋਏ ਹਨ ਔਰ ਉਨ੍ਹਾਂ ਵਿਚ ਹਜ਼ਾਰਾਂ ਆਦਮੀ ਐਮਪਲਾਇਡ ਹਨ। ਇਹ ਉਨ੍ਹਾਂ ਨੂੰ ਅਨਐਮਪਲਾਇਡ ਕਰਨਾ ਚਾਹੁੰਦੇ ਹਨ। ਪੰਜਾਬ ਨੇ 40 ਸਾਲ ਲਗਾ ਕੇ ਉਹ ਕਾਰਖਾਨੇ ਖੜ੍ਹੇ ਕੀਤੇ ਹਨ, ਇਹ ਉਸ ਨੂੰ ਬੰਦ ਕਰਨਾ ਚਾਹੁੰਦੇ ਹਨ। ਜਿੰਨਾ ਟਮਾਟਰ ਬਚਦਾ ਹੈ ਉਸ ਦੀ ਸਾਰੀ ਸੌਸ ਬਣ ਜਾਂਦੀ ਹੈ, ਕੋਈ ਸੁਟਣਾ ਨਹੀਂ ਪੈਂਦਾ। ਸੌਸ ਇਹ ਚਟਕਾਰੇ ਮਾਰ ਕੇ ਖਾਂਦੇ ਹਨ। ਬਲਾਕ ਸਾਡੇ ਪੰਜਾਬ ਦੇ ਅੰਗੂਰ, ਅਦਰਕ, ਪਿਆਜ਼, ਲਾਲ ਮਿਰਚ, ਜ਼ਿਮੀਕੰਦ ਬਾਹਰੋਂ ਆਉਂਦਾ ਹੈ। (ਵਿਘਨ)

ਸ਼੍ਰੀ ਸਪੀਕਰ : ਬੈਠੇ ਬੈਠੇ ਨਾ ਬੋਲੋ ਜੀ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਇਸ ਦੇ ਵਿਚ ਫਰੂਟ ਦਾ ਜ਼ਿਕਰ ਕੀਤਾ ਹੈ। ਜਿੰਨਾ ਫਰੂਟ ਪੰਜਾਬ ਪੈਦਾ ਕਰਦਾ ਹੈ ਉਹ ਅਸੀਂ ਆਪ ਖਾ ਜਾਂਦੇ ਹਾਂ। ਕਈ ਵਾਰੀ ਫਰੂਟ ਖਰਾਬ ਵੀ ਹੋ ਜਾਂਦਾ ਹੈ ਉਹ ਸੁਟਣਾ ਵੀ ਪੈਂਦਾ ਹੈ। ਫਰੂਟ ਤਾਂ ਸਾਡੇ ਕਸ਼ਮੀਰ ਵਿਚੋਂ ਜਾਂ ਹਿਮਾਚਲ ਵਿਚੋਂ ਆਉਂਦਾ ਹੈ। ਮੈਂ ਸਰਕਾਰ ਦੀਆਂ ਫਿਗਰਜ਼ ਦੱਸ ਰਿਹਾ ਸੀ। 880 ਯੂਨਿਟਸ ਤਾਂ ਫਰੂਟ ਪ੍ਰਾਸੈਸਿੰਗ ਦੇ ਹਨ ਅਤੇ 15 ਫੈਕਟਰੀਆਂ ਬਿਵਰੀਜ਼ ਦੀਆਂ ਪੰਜਾਬ ਦੇ ਅੰਦਰ ਹਨ। ਇਹ ਸਾਰੀਆਂ ਪੰਜਾਬ ਵਿਚੋਂ ਬੰਦ ਕਰਨੀਆਂ ਹਨ। ਇਨ੍ਹਾਂ ਤੇ ਪੰਜਾਬ ਦਾ ਸਰਮਾਇਆ ਲੱਗਾ ਹੋਇਆ ਹੈ। ਇਨ੍ਹਾਂ ਵਿਚ ਅਨਐਮਪਲਾਇਮੈਂਟ ਸ਼ੁਰੂ ਹੋ ਜਾਵੇਗੀ, ਉਨ੍ਹਾਂ ਦਾ ਇਹ ਕੀ ਕਰਨਗੇ ? ਕੋਈ ਚੀਜ਼ ਹੈ ਇਨ੍ਹਾਂ ਵਾਸਤੇ ? (ਵਿਘਨ)

ਸਰਦਾਰ ਬਚਨ ਸਿਘ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਮੈਨੂੰ ਐਗਰੀਕਲਚਰ ਬਾਰੇ ਪੂਰਾ ਪਤਾ ਹੈ। ਮੈਂ ਸਾਰਾ ਕੁਝ ਜਾਣਦਾ ਹਾਂ। ਸਾਰੇ ਮੇਰੇ ਨਾਨਕੇ ਐਗਰੀਕਲਚਰਿਸਟਸ ਹਨ। (ਵਿਘਨ)

ਡਿਪਟੀ ਸਪੀਕਰ ਸਾਹਿਬ, ਇਹ ਜਿਹੜੀ ਕੰਪਨੀ ਹੈ ਇਹ ਪੰਜਾਬ ਦੀ ਇੰਡਸਟਰੀ ਵਿਚ ਨਹੀਂ ਹੈ। ਇਹ ਗੱਲ ਪੰਜਾਬ ਦੇ ਅਗੇਂਸਟ ਜਾਂਦੀ ਹੈ। ਜੇਕਰ ਇਹ ਪੰਜਾਬ ਦੀ ਕੋਈ ਕੰਪਨੀ ਬਣਾਉਂਦੇ ਬੇਸ਼ਕ ਉਸ ਵਿਚ ਮਹਾਰਾਜਾ ਸਾਹਿਬ ਸ਼ੇਅਰ ਹੋਲਡਰ ਹੁੰਦੇ, ਪੰਜਾਬ ਗੌਰਮਿੰਟ ਦਾ ਕੋਈ ਸ਼ੇਅਰ ਹੁੰਦਾ, ਰਾਜਾ ਨਰਿੰਦਰ ਸਿੰਘ ਦਾ ਕੋਈ ਸ਼ੇਅਰ ਹੁੰਦਾ ਤਾਂ ਫਿਰ ਵੀ ਕੋਈ ਗਲ ਸੀ ਪਰ ਇਹ ਤਾਂ ਪੰਜਾਬ ਤੋਂ ਬਾਹਰੋਂ ਲਿਆਉਣੀ ਹੈ। ਇਸ ਨੂੰ ਇਥੇ ਲਿਆਉਣ ਵਾਸਤੇ ਇਸ ਦੇ ਪਿਛੇ ਕੀ ਛਿਪਿਆ ਹੋਇਆ

**Expunged as ordered by the Chair.

ਹੈ ਉਹ ਮੈਂ ਬਾਅਦ ਵਿਚ ਦੱਸਾਂਗਾ ਪਹਿਲੇ ਮੈਂ ਇਹ ਦੱਸਦਾ ਹਾਂ ਕਿ ਪੰਜਾਬ ਵਿਚ ਕਿੰਨੇ ਕਿਸਮ ਦੀ ਪਰੋਡਕਸ਼ਨ ਹੁੰਦੀ ਹੈ ਔਰ ਉਸ ਨਾਲ ਕਿੰਨਾ ਮਾਲ ਤਿਆਰ ਹੁੰਦਾ ਹੈ ਤਾਂਕਿ ਇਨ੍ਹਾਂ ਨੂੰ ਪਤਾ ਲਗ ਜਾਵੇ। ਪੰਜਾਬ ਵਿਚ ਕਣਕ, ਮੱਕੀ, ਬਾਜਰਾ, ਬਨਾਸਪਤੀ ਘੀ, ਆਇਲ ਸੀਡਜ਼, ਸੂਜੀ, ਸਾਬੂਦਾਨਾ, ਸਕਿਮਡ ਮਿਲਕ, ਬਿਸਕੁਟ, ਟਾਫੀਜ਼ ਅਤੇ ਇਸੇ ਤਰ੍ਹਾਂ ਹੋਰੀ ਕਈ ਚੀਜ਼ਾਂ ਕਾਟਨ, ਕਾਟਨ ਯਾਰਨ, ਕਲਾਥ ਆਦਿ ਤੇ ਉਨ ਵੀ ਬਹੁਤ ਹੁੰਦੀ ਹੈ। ਉਨ ਨਾਲ ਵੂਲਨ ਯਾਰਨ ਬਣਦਾ ਹੈ, ਵੂਲਨ ਕਲਾਥ ਬਣਦਾ ਹੈ, ਲੋਈਆਂ ਬਣਦੀਆਂ ਹਨ, ਸ਼ਾਲਾਂ ਬਣਦੀਆਂ ਹਨ, ਮਿਲਟਰੀ ਬਲੈਂਕਟਸ ਬਣਦੇ ਹਨ, ਜਰਸੀਆਂ ਬਣਦੀਆਂ ਹਨ। ਇਸੇ ਤਰ੍ਹਾਂ ਕਾਟਨ ਹੌਜ਼ਰੀ ਪੰਜਾਬ ਦੀ ਬਹੁਤ ਮਸ਼ਹੂਰ ਹੈ, ਪੰਜਾਬ ਤੋਂ ਬਾਹਰ ਵੀ ਬਹੁਤ ਮਾਲ ਜਾਂਦਾ ਹੈ। ਇਸੇ ਤਰ੍ਹਾਂ ਇਥੇ ਸ਼ਹਿਦ ਪਰੋਡਿਊਸ ਹੁੰਦਾ ਹੈ, ਹੋਰ ਕਈ ਚੀਜ਼ਾਂ ਪੰਜਾਬ ਵਿਚ ਬਣਦੀਆਂ ਹਨ। ਲਕੜੀ ਦਾ ਬਹੁਤ ਸਮਾਨ ਬਣਦਾ ਹੈ, ਚਮੜੇ ਦਾ ਸਮਾਨ ਬਣਦਾ ਹੈ ...... (ਵਿਘਨ)

ਰਾਜਾ ਨਰਿੰਦਰ ਸਿੰਘ : ** ** **

ਸ੍ਰੀ ਡਿਪਟੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ।

ਸਰਦਾਰ ਸੁਖਦੇਵ ਸਿੰਘ ਢਿੱਲੋਂ: ** ** **

Mr. Deputy Speaker : No point of order. ਗੁਪਤਾ ਸਾਹਿਬ, ਤੁਸੀਂ ਕਾਂਟੀਨਿਊ ਕਰੋ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਡਿਪਟੀ ਸਪੀਕਰ ਸਾਹਿਬ, ਮੈਂ ਦੱਸ ਰਿਹਾ ਹਾਂ ਕਿ ਪੰਜਾਬ ਵਿਚ ਕੀ ਕੀ ਬਣਦਾ ਹੈ ......

ਸ੍ਰੀ ਡਿਪਟੀ ਸਪੀਕਰ: ਤੁਸੀਂ ਮਤੇ ਨਾਲ ਆਪਣੀ ਸਪੀਚ ਲਿੰਕ ਕਰੋ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਮੈਂ ਦੱਸ ਰਿਹਾ ਸੀ ਕਿ ਇਥੇ ਚਮੜੇ ਦਾ ਸਮਾਨ ਵੀ ਬਣਦਾ ਹੈ। ਚਪਲਾਂ ਬਣਦੀਆਂ ਹਨ, ਸੈਂਡਲ ਬਣਦੇ ਹਨ (ਵਿਘਨ) ਲੇਡੀਜ਼ ਸੂਟ ਬਣਦੇ ਹਨ, ਮੈਨ ਵੋਮੈਨ ਵੀਅਰਜ਼ ਬਣਦੇ ਹਨ ......(ਵਿਘਨ) ਇਹ ਸਾਰੀ ਐਗਰੀਕਲਚਰ ਬੇਸਡ ਇੰਡਸਟਰੀ ਹੈ।

ਸ੍ਰੀ ਡਿਪਟੀ ਸਪੀਕਰ: ਗੁਪਤਾ ਸਾਹਿਬ, ਤੁਸੀਂ ਚੱਪਲ ਕਿਹਾ ਹੈ, ਇਹ ਕਿਸ ਤਰ੍ਹਾਂ ਲਿੰਕ ਕਰ ਗਈ?

ਸ੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਜਾਨਵਰ ਹੁੰਦੇ ਹਨ ਅਤੇ ਉਨ੍ਹਾਂ ਦੇ ਚਮੜੇ ਨਾਲ ਚਪਲਾਂ ਬਣਦੀਆਂ ਹਨ। ਇਹ ਵੀਅਰਜ਼ ਸਾਰੀ ਸਿਨਥੈਟਿਕ ਹੁੰਦੀ ਹੈ। ਤੁਸੀਂ ਡਾਕਟਰਾਂ ਨੂੰ ਪੁੱਛ ਲਓ ਕਿ ਇਹ ਸਿਨਥੈਟਿਕ ਸਿਹਤ ਲਈ ਕਿਤਨੀ ਖਤਰਨਾਕ ਹੈ। ਇਨ੍ਹਾਂ

**Expunged as ordered by the Chair.

[ਸ੍ਰੀ ਓਮ ਪ੍ਰਕਾਸ਼ ਗੁਪਤਾ]

ਨੇ ਕਿਹਾ ਕਿ ਇਹ ਅਮਰੀਕਨ ਲਾਬੀ ਦਾ ਹੈ ਜਿਹੜੀ ਹਿੰਦੁਸਤਾਨ ਵਿਚ ਚਲਾ ਰਹੀ ਹੈ। ਇਹ ਪੈਪਸੀ ਕੋਲਾ ਨੂੰ ਵੀ ਅਮਰੀਕਾ ਵਾਲੇ ਹੀ ਬਣਾ ਕੇ ਦੇਣਗੇ। ਤੁਹਾਨੂੰ ਪਤਾ ਹੈ ਕਿ ਅੰਗਰੇਜ਼ ਪਹਿਲੇ ਬਹੁਤ ਥੋੜ੍ਹੇ ਜਿਹੇ ਹਿੰਦੁਸਤਾਨ ਵਿਚ ਬਿਜ਼ਨੈਸ ਕਰਨ ਵਾਸਤੇ ਆਏ ਸਨ। ਉਹ 2 ਆਦਮੀ ਹੀ ਸਨ ਜਿਨ੍ਹਾਂ ਨੇ ਹਿੰਦੁਸਤਾਨ ਉਤੇ ਕਬਜ਼ਾ ਕੀਤਾ ਸੀ। ਉਨ੍ਹਾਂ ਦੇ 22,000 ਆਦਮੀਆਂ ਨੇ ਹਿੰਦੁਸਤਾਨ ਦੀ 39 ਕਰੋੜ ਆਬਾਦੀ ਉਤੇ ਰਾਜ ਕੀਤਾ ਅਤੇ ਅਸੀਂ ਆਜ਼ਾਦ ਹੋਣ ਦੇ ਵਾਸਤੇ ਲੜਦੇ ਰਹੇ। ਇਨ੍ਹਾਂ ਨੇ ਕਿਸੇ ਨੇ ਆਜ਼ਾਦੀ ਲੈਣ ਵਾਸਤੇ ਹਿੱਸਾ ਪਾਇਆ ਨਹੀਂ। ਅਮਰੀਕਨ ਹਮੇਸ਼ਾ ਸਾਡੇ ਖਿਲਾਫ ਰਹੇ ਹਨ ਅਤੇ ਮੁਖਾਲਫਿਤ ਕਰਦੇ ਆ ਰਹੇ ਹਨ। ਅੱਜ ਵੀ ਉਹ ਲਾਬੀ ਬਣੀ ਹੋਈ ਹੈ।

ਸਰਦਾਰ ਬਲਵੰਤ ਸਿੰਘ ਸਰਹਾਲ : ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਗੁਪਤਾ ਜੀ ਬੜੇ ਸੁਲਝੇ ਹੋਏ ਅਤੇ ਸਿਆਣੇ ਹਾਊਸ ਦੇ ਮੈਂਬਰ ਹਨ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਅਮਰੀਕਨ ਦੇ ਨਾਲ ਮਿਲ ਕੇ ਕਲੈਬੋਰੇਸ਼ਨ ਕਰਕੇ ਇਹ ਇੰਡਸਟਰੀ ਕਾਇਮ ਕਰ ਰਹੇ ਹਾਂ ਤਾਂਕਿ ਅਸੀਂ ਪੰਜਾਬ ਦੇ ਨੌਜਵਾਨਾਂ ਨੂੰ ਕੰਮ ਧੰਦਾ ਦੇ ਸਕੀਏ। ਇਹ ਰੂਸ, ਜਰਮਨ ਦੇ ਨਾਲ ਐਗਰੀਮੈਂਟ ਕਰਦੇ ਰਹੇ ਹਨ।

ਸ੍ਰੀ ਡਿਪਟੀ ਸਪੀਕਰ : ਗੁਪਤਾ ਜੀ, ਤੁਸੀਂ ਹੁਣ ਖਤਮ ਕਰੋ (ਘੰਟੀ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਟਾਈਮ ਦਿਓ, ਮੈਂ ਚੰਗੀਆਂ ਗੱਲਾਂ ਕਰ ਰਿਹਾ ਹਾਂ, ਕੋਈ ਮਾੜੀ ਗੱਲ ਤਾਂ ਨਹੀਂ ਕਰ ਰਿਹਾ। ਇਹ ਅਮਰੀਕਨ ਲਾਬੀ ਦੇ ਭਰਾ ਬੈਠੇ ਹਨ ਜਿਨ੍ਹਾਂ ਦੀ ਤੁਸੀਂ ਹਿਸਟਰੀ ਖੋਲ੍ਹ ਕੇ ਵੇਖ ਲਵੋ ਜਦੋਂ ਦਾ ਹਿੰਦੁਸਤਾਨ ਆਜ਼ਾਦ ਹੋਇਆ ਹੈ ਇਹ ਸਾਡੇ ਖਿਲਾਫ ਹੀ ਰਹੇ ਹਨ। 2 ਲੜਾਈਆਂ ਸਾਡੀਆਂ ਪਾਕਿਸਤਾਨ ਦੇ ਨਾਲ ਹੋਈਆਂ ਹਨ। ਉਨ੍ਹਾਂ ਨੇ ਪਾਕਿਸਤਾਨ ਦਾ ਹੀ ਸਾਥ ਦਿੱਤਾ ਹੈ ਅਤੇ ਉਨ੍ਹਾਂ ਦੀ ਮਦਦ ਕੀਤੀ ਅਤੇ ਸਾਨੂੰ ਹੀ ਲੈਡ ਡਾਊਨ ਕੀਤਾ ਹੈ। ਫੇਰ 1971 ਦੀ ਲੜਾਈ ਵਿਚ ਅਮਰੀਕਾ ਨੇ ਆਪਣਾ 7ਵਾਂ ਜੰਗੀ ਬੇੜਾ ਪਾਣੀ ਵਿਚ ਖੜ੍ਹਾ ਕਰ ਦਿਤਾ ਸੀ। ਉਹ ਹਾਲੇ ਤਕ ਵਾਪਸ ਨਹੀਂ ਗਿਆ। ਬਲਕਿ ਉਸ ਨੇ ਪਾਣੀ ਉਤੇ ਕਬਜ਼ਾ ਕਰ ਲਿਆ ਹੈ। ਹਿੰਦੁਸਤਾਨ ਲੜਾਈਆਂ ਲੜਦਾ ਰਿਹਾ ਅਤੇ ਉਹ ਚਾਹੁੰਦੇ ਹਨ ਕਿ ਹਿੰਦੁਸਤਾਨ ਦੇ ਟੁਕੜੇ ਟੁਕੜੇ ਹੋ ਜਾਣ। ਇਤਨੀ ਗੱਲ ਕਰਦਾ ਹੋਇਆ ਮੈਂ ਦਸਦਾ ਹਾਂ ਕਿ ਸਾਡੇ ਪੰਜਾਬ ਦੇ ਹਾਲਾਤ ਬੜੇ ਖਰਾਬ ਹਨ। ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ (ਘੰਟੀ).........

ਸਰਦਾਰ ਬਲਵੰਤ ਸਿੰਘ ਸਰਹਾਲ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਗੁਪਤਾ ਸਾਹਿਬ, ਤੁਸੀਂ 1-2 ਮਿੰਟਾਂ ਵਿਚ ਖਤਮ ਕਰ ਦਿਓ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਸਾਰਿਆਂ ਨੂੰ ਪੰਜਾਬ ਦੇ ਹਾਲਾਤ ਦਾ ਪਤਾ ਹੈ ਕਿ ਬਾਹਰਲੇ ਦੇਸ਼ਾਂ ਨੇ ਪੰਜਾਬ ਨੂੰ ਖਰਾਬ ਕੀਤਾ ਹੈ। ਵਿਦੇਸ਼ੀ ਸ਼ਕਤੀਆਂ ਸਾਡੇ ਪੰਜਾਬ ਵਿਚ ਹਾਲਾਤ ਖਰਾਬ ਕਰ ਰਹੀਆਂ ਹਨ ਅਤੇ ਹਿੰਦੁਸਤਾਨ ਨੂੰ ਖਰਾਬ ਕਰ ਰਹੀਆਂ ਹਨ। ਉਨ੍ਹਾਂ ਦੀ ਨੀਅਤ ਸਾਫ ਨਹੀਂ ਹੈ। ਪੰਜਾਬ ਵਿਚ ਬੇਗੁਨਾਹ ਮਾਰੇ ਜਾ ਰਹੇ ਹਨ। ਇਥੇ ਕਤਲ ਹੋ ਰਹੇ ਹਨ।

**Expunged as ordered by the Chair.

ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਦੀ ਗੱਲ ਹੈ । ਪਰ ਪੰਜਾਬ ਵਿਚ ਪੀਸ ਹੋਣਾ ਬਹੁਤ ਜ਼ਰੂਰੀ ਹੈ ਜੇਕਰ ਪੰਜਾਬ ਵਿਚ ਪੀਸ ਹੋਵੇਗਾ ਤਾਂ ਹੀ ਪੰਜਾਬ ਵਿਚ ਕਾਰਖਾਨੇ ਲਗ ਸਕਣਗੇ । ਅੱਜ ਪੰਜਾਬ ਵਿਚ ਕਤਲ ਹੋ ਰਹੇ ਹਨ ਔਰ ਅੱਗਾਂ ਲੱਗ ਰਹੀਆਂ ਹਨ। ਜੋ ਅੱਜ ਪੰਜਾਬ ਵਿਚ ਹਾਲਾਤ ਹਨ, ਉਹ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਸਾਹਮਣੇ ਹਨ। (ਵਿਘਨ) (ਸ਼ੋਰ) ਸਰਦਾਰ ਸੁਰਜੀਤ ਸਿੰਘ ਬਰਨਾਲਾ ਸਾਹਿਬ ਵੀ ਜ਼ੋਰ ਲਗਾ ਰਹੇ ਹਨ ਕਿ ਪੰਜਾਬ ਵਿਚ ਕਿਸੇ ਤਰੀਕੇ ਦੇ ਨਾਲ ਸ਼ਾਂਤੀ ਆ ਜਾਵੇ। ਤੁਹਾਡੀ ਪਾਰਟੀ ਵੀ ਇਸ ਲਈ ਲਗੀ ਹੋਈ ਹੈ ਕਿ ਪੰਜਾਬ ਵਿਚ ਕਿਸ ਤਰ੍ਹਾਂ ਸ਼ਾਂਤੀ ਆਵੇਗੀ। ਅੱਜ ਹਾਲਾਤ ਨਜ਼ਰ ਨਹੀਂ ਆਉਂਦੇ ਕਿ ਪੰਜਾਬ ਵਿਚ ਸ਼ਾਂਤੀ ਆਵੇਗੀ। ਡਿਪਟੀ ਸਪੀਕਰ ਸਾਹਿਬ, ਰੱਬ ਹੈ ਹੀ ਨਹੀਂ। ਮੈਂ ਇਕ ਸ਼ੇਅਰ ਤੁਹਾਨੂੰ ਦੱਸਣ ਲਗਾ ਹਾਂ :--

ਯੇ ਕਤਲ-ਓ-ਖ਼ੂਨ ਯੇ ਗਾਰਤ ਗਰੀ ਯੇ ਜ਼ੁਲਮੋਂ ਸਿੱਤਮ,
ਮੈਂ ਸੋਚਤਾ ਹੂੰ ਕਿ ਪਰਵਰਦਿਗਾਰ ਹੈ ਕਿ ਨਹੀਂ।

ਅੱਜ, ਡਿਪਟੀ ਸਪੀਕਰ ਸਾਹਿਬ, ਹਾਲਾਤ ਇਸ ਤਰ੍ਹਾਂ ਦੇ ਹਨ ਕਿ ਪਤਾ ਨਹੀਂ ਕਿਸ ਨੇ ਆਉਣਾ ਹੈ ਔਰ ਕਿਸ ਨੇ ਕਦੋਂ ਚਲੇ ਜਾਣਾ ਹੈ। ਕਿਸ ਨੇ ਕਿਸ ਵੇਲੇ ਮਰ ਜਾਣਾ ਹੈ ਕੋਈ ਕਿਸੇ ਨੂੰ ਪਤਾ ਨਹੀਂ ਹੈ। (ਘੰਟੀ) ਪੰਜਾਬ ਵਿਚ ਪੀਸ ਲਿਆਉਣਾ ਬਹੁਤ ਹੀ ਜ਼ਰੂਰ ਹੈ। ਜੂਡੀਸ਼ਲ ਅਫ਼ਸਰ ਕੋਈ ਫੈਸਲਾ ਨਹੀਂ ਲੈ ਸਕਦਾ। ਸਾਡੇ ਲੇਬਰ ਅਫ਼ਸਰ ਹਨ, ਉਹ ਕੀ ਕਰਨ ਲਗ ਪਏ ਹਨ।

ਸ੍ਰੀ ਡਿਪਟੀ ਸਪੀਕਰ : ਤੁਸੀਂ ਗੁਪਤਾ ਜੀ ਹੋਰ ਪਾਸੇ ਹੀ ਤੁਰ ਪਏ ਹੋ। ਤੁਹਾਡਾ ਟਾਈਮ ਖਤਮ ਹੋ ਗਿਆ ਹੈ ਤੁਸੀਂ ਹੁਣ ਵਾਈਂਡ ਅੱਪ ਕਰੋ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਗਰੀਬ ਦੀ ਆਹ ਨਹੀਂ ਲੈਣੀ ਚਾਹੀਦੀ। ਇਕ ਸ਼ੇਅਰ ਹੈ :--

ਬਦ ਦੁਆ ਤਾਸੀਰ ਦਿਖਲਾਏਗੀ ਜਬ,
ਜ਼ਾਲਿਮ ਖੁਦ ਸਰ ਫ਼ਨਾ ਹੋ ਜਾਏਗਾ।

ਮੈਨੂੰ, ਡਿਪਟੀ ਸਪੀਕਰ ਸਾਹਿਬ, ਪਤਾ ਹੈ, ਇਹ ਵੀ ਉਨ੍ਹਾਂ ਦੀ ਹੀ ਲਾਬੀ ਹੈ। ਜੱਟ ਵਾਲੀ ਗੱਲ ਇਥੇ ਕੋਈ ਨਹੀਂ ਆਈ। ਮੈਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰ ਰਿਹਾ ਸੀ ਕਿ ਮਨਾਰਿਟੀ ਵਾਲੇ 1500 ਦੇ ਕਰੀਬ ਬੰਦੇ ਮਾਰੇ ਗਏ।

ਸ੍ਰੀ ਡਿਪਟੀ ਸਪੀਕਰ : ਹੁਣ ਤੁਸੀਂ ਵਾਈਂਡ ਅਪ ਕਰੋ। ਮੈਂ ਨੈਕਸਟ ਸਪੀਕਰ ਨੂੰ ਬੋਲਣ ਦਾ ਟਾਈਮ ਦੇਣਾ ਹੈ।

ਸ੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਤੁਸੀਂ ਦੇਖਿਆ ਹੈ ਕਿ ਮਨਾਰਿਟੀ ਦੀ ਗਿਣਤੀ ਕਿੰਨੀ ਹੈ। ਗੁਰਦਾਸਪੁਰ, ਅੰਮ੍ਰਿਤਸਰ, ਫ਼ਿਰੋਜ਼ਪੁਰ ਅਤੇ ਕਪੂਰਥਲਾ, ਇਨ੍ਹਾਂ ਚਾਰ ਜ਼ਿਲ੍ਹਿਆਂ ਵਿਚ ਸਰਕਾਰ ਜਾ ਨਹੀਂ ਸਕਦੀ। ਕੋਈ ਆਦਮੀ ਇਧਰ ਉਧਰ ਨਹੀਂ ਜਾ ਸਕਦਾ। ਕੋਈ ਵੀ ਬੰਦਾ ਜੁਅਰਤ ਨਹੀਂ ਕਰ ਸਕਦਾ ਕੋਈ ਵੀ ਆਦਮੀ ਪਿੰਡਾਂ ਵਿਚ ਨਹੀਂ ਜਾ ਸਕਦਾ ਇਸ ਮਾਹੌਲ ਨੂੰ ਠੀਕ ਕਰਨ ਦੀ ਜ਼ਰੂਰਤ ਹੈ। ਪੰਜਾਬ ਵਿਚ ਜਲਦੀ ਤੋਂ ਜਲਦੀ ਪੀਸ ਲਿਆਉਣੀ ਚਾਹੀਦੀ ਹੈ। ਡਿਪਟੀ ਸਪੀਕਰ ਸਾਹਿਬ, 60,000 ਦੇ ਕਰੀਬ ਸਮਾਲ ਸਕੇਲ ਇੰਡਸਟਰੀ ਹੈ। (ਵਿਘਨ)

ਕੈਪਟਨ ਅਮਰਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਹੜੀ ਗੱਲ ਮੈਂਬਰ ਸਾਹਿਬ ਜ਼ਮੀਨ ਦੀ ਕਹਿੰਦੇ ਹਨ ਔਰ 60,000 ਦੇ ਕਰੀਬ ਸਮਾਲ ਸਕੇਲ ਇੰਡਸਟਰੀ ਦੇ ਬਾਰੇ ਕਹਿੰਦੇ ਹਨ, ਇਸ ਦਾ ਇਸ ਰੈਜ਼ਲਿਊਸ਼ਨ ਨਾਲ ਕੋਈ ਤੁਅੱਲਕ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਹੈਰਾਨ ਹਾਂ......

ਸ਼੍ਰੀ ਡਿਪਟੀ ਸਪੀਕਰ : ਮੈਂ ਪਹਿਲਾਂ ਹੀ ਉਨ੍ਹਾਂ ਨੂੰ ਕਹਿ ਚੁਕਾ ਹਾਂ।

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, ਜੇਕਰ ਐਗਰੋ ਇੰਡਸਟਰੀਜ਼ ਦੀ ਗਲ ਆਵੇ, ਮੈਨੂੰ ਇਹ ਬੋਲਣ ਨਹੀਂ ਦਿੰਦੇ। (ਵਿਘਨ) ਇਹ ਮੇਰਾ ਟਾਈਮ ਖਰਾਬ ਕਰ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ : ** ** **

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ : ਡਿਪਟੀ ਸਪੀਕਰ ਸਾਹਿਬ, ਇਹ ਸਾਡੀ ਪਾਰਟੀ ਦਾ ਟਾਈਮ ਹੈ, ਇਹ ਉਸ ਨੂੰ ਜ਼ਾਇਆ ਕਰ ਰਹੇ ਹਨ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਆਨਰੇਬਲ ਮੈਂਬਰ ਖੜ੍ਹੇ ਹਨ ਉਨ੍ਹਾਂ ਨੂੰ ਸੁਣ ਤਾਂ ਲਓ।

ਕੈਪਟਨ ਅਮਰਿੰਦਰ ਸਿੰਘ ** ** **

ਸ਼੍ਰੀ ਡਿਪਟੀ ਸਪੀਕਰ : ਕੈਪਟਨ ਸਾਹਿਬ, ਤੁਹਾਨੂੰ ਦੱਸਣ ਦੀ ਲੋੜ ਨਹੀਂ। This is no Point of Order.

ਸ਼੍ਰੀ ਓਮ ਪ੍ਰਕਾਸ਼ ਗੁਪਤਾ : ਡਿਪਟੀ ਸਪੀਕਰ ਸਾਹਿਬ, 60,000 ਸਮਾਲ ਸਕੇਲ ਇੰਡਸਟਰੀ ਇਨ੍ਹਾਂ ਨੇ ਕਹੀ ਹੈ ਤੇ ਉਸ ਦੀ ਹਾਲਤ ਖਰਾਬ ਹੈ। (ਘੰਟੀ) 10,000 ਇਨ੍ਹਾਂ ਨੇ ਕਿਹਾ ਹੈ ਕਿ ਵੱਡੇ ਕਾਰਖਾਨੇ ਹਨ। ਜਿਸ ਵਿਚ 30 ਲੱਖ ਮਰਦ ਅਤੇ ਔਰਤਾਂ ਕੰਮ ਕਰਦੇ ਹਨ।

ਸ਼੍ਰੀ ਡਿਪਟੀ ਸਪੀਕਰ : ਸਰਦਾਰ ਪਰਸ਼ੋਤਮ ਸਿੰਘ ਜੀ, ਤੁਸੀਂ ਬੋਲੋ।

ਸਰਦਾਰ ਪਰਸ਼ੋਤਮ ਸਿੰਘ (ਬੁਢਲਾਡਾ) : ਡਿਪਟੀ ਸਪੀਕਰ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਕੈਪਟਨ ਅਮਰਿੰਦਰ ਸਿੰਘ ਨੇ ਹਾਊਸ ਵਿੱਚ ਰਖਿਆ ਹੈ, ਮੈਂ ਉਸ ਦੀ ਤਾਈਦ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਤੁਹਾਨੂੰ ਪਤਾ ਹੈ ਕਿ ਪੰਜਾਬ ਸਟੇਟ ਐਗਰੀਕਲਚਰ ਦਾ ਸੂਬਾ ਹੈ। ਇਸਦੇ 80% ਆਦਮੀਆਂ ਦਾ ਰੋਜ਼ਗਾਰ ਐਗਰੀਕਲਚਰ ਤੇ ਚਲਦਾ ਹੈ। ਇਹ ਸਾਡੀ ਸਰਕਾਰ ਦੀ ਹਿੰਮਤ ਦਾ ਨਤੀਜਾ ਹੈ ਕਿ ਸਾਡਾ ਸੂਬਾ ਹੁਣ ਅਨਾਜ ਦੇ ਮਾਮਲੇ ਵਿਚ ਸਰਪਲੱਸ ਹੋ ਗਿਆ ਹੈ। ਏਥੇ ਹਾਰਟੀਕਲਚਰ ਵੀ ਕਾਫੀ ਇਮਪਰੂਵਮੈਂਟ ਕਰ ਗਈ ਹੈ। ਸਾਡੇ ਕਿਸਾਨਾਂ ਦੇ ਹੌਂਸਲਾ ਅਫਜ਼ਾਈ ਕਰਨ ਵਾਸਤੇ ਅਤੇ ਪੂਰਾ ਮੁਆਵਜ਼ਾ ਦੇਣ ਵਾਸਤੇ ਸਰਕਾਰ ਨੇ ਕਾਫੀ ਕੁਝ ਕੀਤਾ ਹੈ। ਗੌਰਮਿੰਟ ਆਫ ਪੰਜਾਬ ਨੇ ਇਕ ਸਕੀਮ ਬਣਾਈ ਸੀ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਦੇ ਜ਼ਰੀਏ ਕਿ ਕੋਈ ਕੰਪਲੀਟ ਇਨਟੈਗਰੇਟਿਡ ਫੂਡ ਪਰਾਸੈਸ ਸੈਂਟਰ ਲਾਈਏ ਅਤੇ ਆਪਣੀ ਹਾਰਟੀਕਲਚਰ ਵਿਚੋਂ ਪ੍ਰੋਸੈਸਡ ਫੂਡ ਬਣਾਈਏ ਤਾਂਕਿ ਜ਼ਿਮੀਦਾਰਾਂ ਨੂੰ ਵੀ ਫਾਇਦਾ ਹੋ ਸਕੇ। ਮੈਂ ਸਮਝਦਾ ਹਾਂ ਕਿ ਇਹ ਸਾਡੀ ਇਕਾਨਮੀ ਵਾਸਤੇ ਬਹੁਤ ਜ਼ਰੂਰੀ ਹੈ। ਜਿਹੜੀ ਪੰਜਾਬ ਸਰਕਾਰ ਨੇ ਪੈਪਸੀ ਕੋਲਾ, ਯੂ. ਐਸ. ਏ. ਨਾਲ ਮਿਲ ਕੇ ਇਨਟੈਗਰੇਟਿਡ ਸਕੀਮ ਬਣਾਈ ਹੈ, ਮੈਂ ਸਮਝਦਾ ਹਾਂ ਕਿ ਇਹ ਨਿਹਾਇਤ ਹੀ ਪੰਜਾਬ ਦੇ ਲੋਕਾਂ ਵਾਸਤੇ ਫਾਇਦੇਮੰਦ ਹੈ। ਜਿਥੋਂ ਤੱਕ ਸਾਡੇ ਗੁਪਤਾ ਸਾਹਿਬ ਨੇ ਗੱਲ ਕਹੀ ਹੈ ਕਿ ਇਹ ਫਜ਼ੂਲ ਗੱਲਾਂ ਹਨ,

**Expunged as ordered by the Chair.

ਸਾਡੇ ਲੋਕਾਂ ਵਾਸਤੇ ਫਰੂਟ ਖਾਣ ਵਾਸਤੇ ਵੀ ਥੋੜ੍ਹਾ ਹੈ, ਟਮਾਟਰ ਜਿਹੜੇ ਸਾਡੇ ਲੋਕ ਹੋਰ ਖਾਣ ਦੇ ਆਦੀ ਹੋ ਗਏ ਹਨ, ਉਨ੍ਹਾਂ ਵਾਸਤੇ ਨਾਕਾਫੀ ਹੈ। ਹਰੇਕ ਜਿਹੜਾ ਕੋਈ ਚੀਜ਼ ਪ੍ਰੋਡਿਊਸ ਕਰਦਾ ਹੈ, ਉਸ ਦੇ ਵਾਸਤੇ ਮਾਰਕਿਟ ਵੀ ਚਾਹੀਦੀ ਹੈ। ਮੈਨੂੰ ਜ਼ਾਤੀ ਤਜ਼ਰਬਾ ਹੈ ਕਿ ਸਾਡਾ ਫਰੂਟ ਤਬਾਹ ਹੋ ਰਿਹਾ ਹੈ। ਫਰੂਟ ਦੀ ਚੌਥਾ ਹਿਸਾ ਕੀਮਤ ਮਿਲਦੀ ਹੈ ਪ੍ਰੋਡਿਊਸਰ ਨੂੰ 1/4 ਕੀਮਤ ਮਿਲਦੀ ਹੈ। ਅਗਰ ਕੋਈ ਐਸਾ ਪ੍ਰਾਜੈਕਟ ਲਗ ਜਾਵੇ ਜਿਸ ਦਾ ਡਾਇਰੈਕਟ ਫਾਇਦਾ ਹੋ ਸਕੇ, ਮਾਲ ਵੀ ਵਿਕ ਜਾਵੇ ਅਤੇ ਲੋਕਾਂ ਨੂੰ ਪੀਣ ਵਾਸਤੇ ਜੂਸ ਵੀ ਮਿਲ ਗਿਆ, ਅਤੇ ਪੈਸੇ ਨੂੰ ਅਸੀਂ ਫਾਰੇਨ ਐਕਸਚੇਂਜ ਵਿੱਚ ਕਨਵਰਟ ਕਰ ਸਕਦੇ ਹਾਂ ਤਾਂ ਇਸ ਤੋਂ ਚੰਗੀ ਹੋਰ ਕਿਹੜੀ ਗੱਲ ਹੋਵੇਗੀ।

ਸ਼੍ਰੀ ਸ਼ਿਵ ਚੰਦ ਮਲੋਟ: ਡਿਪਟੀ ਸਪੀਕਰ ਸਾਹਿਬ, ਇਹ ਕਿਹੜੇ ਫਰੂਟ ਦੀ ਗੱਲ ਕਰ ਰਹੇ ਹਨ ?

ਸ਼੍ਰੀ ਡਿਪਟੀ ਸਪੀਕਰ: ਤੁਸੀਂ ਪਰਸ਼ੋਤਮ ਸਿੰਘ ਜੀ ਮਾਈਕ ਨੇੜੇ ਕਰ ਲਓ। ਥੋੜ੍ਹਾ ਜਿਹਾ ਨੇੜੇ ਹੋ ਕੇ ਬੋਲੋ।

ਸਰਦਾਰ ਪਰਸ਼ੋਤਮ ਸਿੰਘ: ਇਹ ਰੈਜ਼ੋਲਿਊਸ਼ਨ ਸਾਰੇ ਹਾਊਸ ਨੂੰ ਯੂਨੈਨੀਮਸਲੀ ਪਾਸ ਕਰ ਦੇਣਾ ਚਾਹੀਦਾ ਹੈ। ਇਹ ਐਗਰੀਕਲਚਰਿਸਟਸ ਵਾਸਤੇ ਬੜਾ ਜ਼ਰੂਰੀ ਹੈ। ਜਿਥੋਂ ਤਕ ਇਸ ਗਲ ਦਾ ਸਵਾਲ ਹੈ ਕਿ ਇਹ ਕੰਪਨੀ ਦੂਸਰੀ ਹੈ, ਦੂਸਰੀ ਕੰਟਰੀ ਦੀ ਹੈ, ਮੈਂ ਸਮਝਦਾ ਹਾਂ ਕਿ ਅਗਰ ਦੂਸਰੇ ਮੁਲਕ ਦੀ ਕੰਪਨੀ ਏਨਾ ਪੈਸਾ ਖਰਚ ਕੇ ਆਪਣੀ ਟੈਕਨਾਲੋਜੀ ਸਾਨੂੰ ਦੇ ਦੇਵੇ, ਤਾਂ ਅਸੀਂ ਉਸ ਟੈਕਨਾਲੋਜੀ ਦਾ ਫਾਇਦਾ ਉਠਾ ਕੇ ਆਪਣੇ ਹੋਰ ਕਾਰਖਾਨੇ ਲਾ ਲਈਏ, ਹਰ ਇਕ ਜ਼ਿਲ੍ਹੇ ਦੇ ਵਿਚ ਕਾਰਖਾਨੇ ਲਾ ਲਈਏ ਅਤੇ ਐਗਰੀਕਲਚਰ ਦੇ ਸਮਾਨ ਨੂੰ ਕੰਜ਼ਿਊਮ ਕਰਕੇ ਫਾਰੇਨ ਐਕਸਚੇਂਜ ਕੱਢ ਲਈਏ ਤਾਂ ਇਹ ਬੜੀ ਲਾਹੇਵੰਦ ਚੀਜ਼ ਹੈ। ਇਸ ਤੇ ਇਨ੍ਹਾਂ ਦਾ ਕ੍ਰਿਟਿਸਿਜ਼ਮ ਬੇਬੁਨਿਆਦ ਹੈ।

ਐਗਰੋ ਇੰਡਸਟਰੀ ਦਾ ਸਵਾਲ ਹੈ ਜ਼ਿਮੀਦਾਰਾਂ ਦੀ ਹਾਲਤ ਬਿਹਤਰ ਬਣਾਉਣ ਵਾਸਤੇ, ਉਨ੍ਹਾਂ ਦੀ ਇਨਕਮ ਵਧਾਉਣ ਵਾਸਤੇ ਐਗਰੋ-ਇੰਡਸਟਰੀ ਬਹੁਤ ਜ਼ਰੂਰੀ ਹੈ। ਜੀਰੀ ਵਗੈਰਾ ਜਿਹੜੀ ਵੇਸਟ ਹੈ ਉਸ ਤੋਂ ਬਿਜਲੀ ਬਣਾਉਣਾ, ਯੂਰੀਆ ਬਣਾਉਣਾ ਔਰ ਫਿਰ ਵੇਸਟ ਤੋਂ ਐਨਰਜੀ ਪੈਦਾ ਕਰਨੀ, ਸੌ ਕਰੋੜ ਰੁਪਏ ਦਾ ਪ੍ਰਾਜੈਕਟ ਹੈ ਇਸ ਨਾਲ 30 ਮੈਗਾਵਾਟ ਬਿਜਲੀ ਪੈਦਾ ਕਰਨੀ, ਇਹ ਬਹੁਤ ਅੱਛੀਆਂ ਗੱਲਾਂ ਹਨ। ਅਗਰ ਐਗਰੋ-ਇੰਡਸਟਰੀ ਇਸ ਤਰੀਕੇ ਨਾਲ ਚਲਦੀ ਰਹੀ ਤਾਂ ਜ਼ਿਮੀਦਾਰਾਂ ਨੂੰ ਕਾਫੀ ਫਾਇਦਾ ਹੋਏਗਾ। ਜਿਥੋਂ ਤਕ ਇਸ ਗਲ ਦਾ ਸਵਾਲ ਹੈ ਕਿ ਪੰਜਾਬ ਸਰਕਾਰ ਤੇ ਸੁਟਰੇਸ ਕੀਤਾ ਜਾਵੇ, ਪੰਜਾਬ ਗੌਰਮਿੰਟ ਦੀ ਇਸ ਮਾਮਲੇ ਵਿਚ ਇਹ ਪੁਜੀਸ਼ਨ ਹੈ ਜੋ ਕਿ ਮੈਂ ਤੁਹਾਡੀ ਇਜਾਜ਼ਤ ਨਾਲ ਪੜ੍ਹ ਦਿੰਦਾ ਹਾਂ:--

> "The State Government appreciates the concern of the members towards encouraging agro-industrial investment particularly for setting up large scale technologically advanced agro processing ventures. In fact, it was for this reason that the State Government had initiated the proposed joint venture between Punjab Agro Industries Corporation-Tata-Pepsico Inc of U.S.A. for an integrated processed food and beverage project. The highlights of the project are placed on the floor of the House.
>
> The State Government has been taking up the matter actively with the Government of India both at the level of officials as well as at the highest levels with the Union Minister for Industry and the Prime Minister and is confident that the Government of India will give due consideration to the proposal submitted. The Government appreciates the support expressed by the members of the Vidhan Sabha for pursuing the matter with the Goverenment of India."

[ਸਰਦਾਰ ਪਰਸ਼ੋਤਮ ਸਿੰਘ]

ਮੈਂ ਇਹ ਸਾਰੀ ਚੀਜ਼ ਤੁਹਾਨੂੰ ਇਸ ਲਈ ਦੱਸ ਰਿਹਾ ਹਾਂ ਕਿ ਪੰਜਾਬ ਸਰਕਾਰ ਇਸ ਲਈ ਆਲਰੈਡੀ ਕਮਿਟਿਡ ਹੈ। ਪੰਜਾਬ ਸਰਕਾਰ ਇਥੋਂ ਦੇ ਕਿਸਾਨਾਂ ਦਾ, ਜ਼ਿਮੀਦਾਰਾਂ ਦਾ ਭਲਾ ਚਾਹੁੰਦੀ ਹੈ ਔਰ ਐਸੀਆਂ ਸਕੀਮਾਂ ਲਈ ਪੂਰੀ ਕੋਸ਼ਿਸ਼ ਕਰੇਗੀ। ਮੈਂ ਸਾਰੇ ਆਨਰੇਬਲ ਮੈਂਬਰ ਸਾਹਿਬਾਨ ਨੂੰ ਅਪੀਲ ਕਰਾਂਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਯੂਨੇਨੀਮਸਲੀ ਪਾਸ ਕਰਾਇਆ ਜਾਏ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ: ਮੈਂ ਬੋਲਣਾ ਚਾਹੁੰਦਾ ਹਾਂ......(ਵਿਘਨ)

ਸ੍ਰੀ ਡਿਪਟੀ ਸਪੀਕਰ: ਬੋਲਣ ਦਾ ਟਾਈਮ ਨਹੀਂ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ: ਇਸ ਰੈਜ਼ੋਲਿਊਸ਼ਨ ਤੇ ਸਾਡਾ ਇਕ ਆਦਮੀ ਬੋਲਿਆ ਹੈ, ਚਾਰ ਆਦਮੀ ਹਾਲੇ ਬੋਲਣ ਵਾਲੇ ਰਹਿੰਦੇ ਹਨ।

ਸ੍ਰੀ ਡਿਪਟੀ ਸਪੀਕਰ: ਪਹਿਲਾਂ ਜੋ ਲਿਸਟ ਬਣੀ ਹੈ ਉਸ ਦੇ ਮੁਤਾਬਿਕ ਚਲਣਾ ਹੈ ਔਰ ਉਸ ਦੇ ਬਾਅਦ ਫਿਰ ਤੁਹਾਨੂੰ ਟਾਈਮ ਦਿਆਂਗੇ।

ਰਾਜਾ ਨਰਿੰਦਰ ਸਿੰਘ (ਨਾਭਾ): ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਮੇਰਾ ਰੈਜ਼ੋਲਿਊਸ਼ਨ ਪੜ੍ਹਿਆ ਨਹੀਂ ਹੈ। ਇਹ ਰੈਜ਼ੋਲਿਊਸ਼ਨ ਮੇਰੇ ਵੱਲੋਂ ਵੀ ਹੈ। ਉਨ੍ਹਾਂ ਸੇਮ ਲਾਈਨਜ਼ ਤੇ ਹੈ, ਮੈਨੂੰ ਬੋਲਣ ਦੀ ਆਗਿਆ ਦੇ ਦਿਓ। ਦਰਅਸਲ ਇਨ੍ਹਾਂ ਨੇ ਇਹ ਸਟੱਡੀ ਨਹੀਂ ਕੀਤਾ। ਜੇਕਰ ਸਟੱਡੀ ਕੀਤਾ ਹੁੰਦਾ ਤਾਂ ਇਨ੍ਹਾਂ ਨੂੰ ਪਤਾ ਹੁੰਦਾ ਕਿ ਇਹ ਰੈਜ਼ੋਲਿਊਸ਼ਨ ਨਾਨ-ਕੰਟ੍ਰਾਵਰਸ਼ੀਅਲ ਹੈ। ਇਸ ਤੇ ਬਹਿਸ ਦੀ ਲੋੜ ਨਹੀਂ ਸੀ। ਰਿਸਰਚ ਸੈਂਟਰ ਬਾਰੇ ਇਨ੍ਹਾਂ ਨੂੰ ਪੁਛੋ ਕਿ ਕੀ ਇਨ੍ਹਾਂ ਨੂੰ ਫਰੂਟ ਪਲਾਂਟਸ ਦੀ ਡਿਸੀਜ਼ ਬਾਰੇ ਕੋਈ ਵਾਕਫੀਅਤ ਹੈ? ਇਕ ਅੰਬ ਦੀ ਗਰੋਥ ਕਰਦੇ ਹਾਂ। ਇਸ ਤੇ ਇਕ ਡਿਸੀਜ਼ ਲਗਦੀ ਹੈ ਜਿਸ ਦਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਕੋਲੋਂ ਹਾਲੇ ਕੋਈ ਇਲਾਜ ਨਹੀਂ ਨਿਕਲਿਆ। (ਇਕ ਆਵਾਜ਼: ਇਸ ਦਾ ਨਾਂ ਕੀ ਹੈ ?) ਇਸ ਨੂੰ ਮੇਲਫਾਰਮੇਸ਼ਨ ਕਹਿੰਦੇ ਹਨ। ਇਸ ਬਾਰੇ ਕੋਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ ਇਲਾਜ ਨਹੀਂ ਨਿਕਲਿਆ। (ਵਿਘਨ) ਐਨਾ ਖਤਰਾ ਮਹਿਸੂਸ ਕਰਨਾ ਕਿ ਬਾਹਰਲਾ ਮੁਲਕ ਆ ਜਾਏਗਾ, ਇਹ ਠੀਕ ਨਹੀਂ ਹੈ। ਅੱਗੇ ਕਿੰਨਿਆਂ ਨਾਲ ਟਾਈ-ਅਪ ਕੀਤਾ ਹੋਇਆ ਹੈ? ਪੈਪਸੀ ਨਾਂ ਮਾੜਾ ਹੈ। ਮੈਨੂੰ ਯਾਦ ਹੈ ਜਦੋਂ ਸਾਡੇ ਕੋਲ ਖੁਰਾਕ ਨਹੀਂ ਸੀ ਤਾਂ ਉਸ ਵੇਲੇ ਅਮਰੀਕਾ ਤੋਂ ਕਣਕ ਮੰਗਾਉਂਦੇ ਸੀ। ਇਕ ਜਹਾਜ਼ ਕਣਕ ਦਾ ਲੱਦ ਕੇ ਅਮਰੀਕਾ ਤੋਂ ਆਇਆ। ਪੰਡਿਤ ਜੀ ਦਾ ਕਿਉਂਕਿ ਆਪਣਾ ਉਨ੍ਹਾਂ ਦਾ ਸੁਭਾਅ ਸੀ ਗੱਲ ਕਰਨ ਦਾ ਉਹ ਕਹਿਣ ਲੱਗੇ ਕਿ ਇਕੱਲੀ ਕਣਕ ਦਿੱਤੀ ਜਾਂ ਜਹਾਜ਼ ਵੀ ਦਿਤਾ ਹੈ। ਇਸ ਤੇ ਅਮਰੀਕਾ ਗੌਰਮਿੰਟ ਨੇ ਕਿਹਾ ਕਿ ਜਹਾਜ਼ ਵੀ ਲੈ ਲਵੋ। ਅਸੀਂ ਉਨ੍ਹਾਂ ਕੋਲੋਂ ਲੈਣਾ ਕੁਝ ਨਹੀਂ (ਵਿਘਨ) ਮੇਰਾ ਭਾਵ ਇਹ ਹੈ ਕਿ ਅਸੀਂ ਉਥੋਂ ਲਿਆਉਣਾ ਕੁਝ ਨਹੀਂ। ਮੈਂ, ਡਿਪਟੀ ਸਪੀਕਰ ਸਾਹਿਬ, ਰਿਪੀਟ ਨਹੀਂ ਕਰਾਂਗਾ ਜੋ ਮਹਾਰਾਜਾ ਜੀ ਨੇ ਕਿਹਾ ਹੈ। ਮਹਾਰਾਜਾ ਜੀ ਨੇ ਕਿਹਾ ਕਿ ਉਨ੍ਹਾਂ ਨੇ ਸਾਡੇ ਕੰਟਰੀ ਵਿਚ ਲਿਆਉਣਾ ਕੁਝ ਨਹੀਂ, ਉਨ੍ਹਾਂ ਨੇ ਐਕਸਪੋਰਟ ਕਰਕੇ ਗੌਰਮਿੰਟ ਨੂੰ ਇਨਕਮ ਦੇਣੀ ਹੈ ਅਤੇ ਇਸ ਤਰ੍ਹਾਂ ਸਾਡੀ ਆਮਦਨ ਵਿਚ ਵਾਧਾ ਕਰਨਾ ਹੈ। (ਵਿਘਨ) ਗੁਪਤਾ ਜੀ ਇਹ ਗੱਲ ਭੁੱਲ ਗਏ, ਉਹ ਕਹਿੰਦੇ ਹਨ ਕਿ ਜ਼ਮੀਨ ਕਿਥੋਂ ਆਵੇਗੀ। ਉਹ ਡਾਈਵਰਸੀਫੀਕੇਸ਼ਨ ਦਾ ਮਤਲਬ ਨਹੀਂ ਸਮਝੇ।

ਸ੍ਰੀ ਓਮ ਪ੍ਰਕਾਸ਼ ਗੁਪਤਾ: ਕੀ ਇਹ ਮੈਨੂੰ ਦੱਸ ਰਹੇ ਹਨ ਜਾਂ ਚੇਅਰ ਨੂੰ ਐਡਰੈਸ ਕਰ ਰਹੇ ਹਨ? ਇਨ੍ਹਾਂ ਨੂੰ ਕਹੋ ਕਿ ਉਹ ਚੇਅਰ ਨੂੰ ਐਡਰੈਸ ਕਰਨ।

ਸ੍ਰੀ ਡਿਪਟੀ ਸਪੀਕਰ : ਤੁਸੀਂ ਚੇਅਰ ਨੂੰ ਐਡਰੈਸ ਕਰੋ।

ਰਾਜਾ ਨਰਿੰਦਰ ਸਿੰਘ : ਡਾਈਵਰਸੀਫੀਕੇਸ਼ਨ ਦਾ ਮਤਲਬ ਇਹ ਹੈ ਕਿ ਇਕ ਅਨਾਜ ਛੱਡ ਕੇ ਦੂਸਰਾ ਅਨਾਜ ਪੈਦਾ ਕਰਨਾ। ਇਕ ਫਸਲ ਜ਼ਮੀਨ ਵਿਚੋਂ ਲੈ ਕੇ ਫਿਰ ਦੂਸਰੀ ਕਿਸਮ ਦੀ ਫਸਲ ਪੈਦਾ ਕਰਨੀ। ਜ਼ਰੂਰੀ ਨਹੀਂ ਕਿ ਕਣਕ ਹੀ ਪੈਦਾ ਕਰਨੀ ਹੈ। ਪੋਟੈਟੋ ਲਗਾਉਣੇ, ਕੋਈ ਹੋਰ ਫਸਲ ਲਗਾਉਣੀ। (ਵਿਘਨ) ਬਹੁਤ ਸਾਰੇ ਮੈਂਬਰ ਸਾਹਿਬਾਨ ਨੂੰ ਇਸ ਦਾ ਪਤਾ ਨਹੀਂ ਹੈ ਕਿ ਸਾਡੇ ਇਕ ਸੱਜਣ ਹਨ ਵਸਣ ਸਿੰਘ। ਉਨ੍ਹਾਂ ਦਾ ਅੰਮ੍ਰਿਤਸਰ ਕੋਲ ਪਿੰਡ ਹੈ। ਉਹ ਅਮਰੀਕਾ ਨੂੰ ਟਮਾਟਰ ਦਾ ਸੀਡ ਦੇ ਰਹੇ ਹਨ। ਉਹ ਸਿਰਫ ਇਕੱਲੇ ਹੀ ਵਾਹਦ ਆਦਮੀ ਹਨ ਜੋ ਅਮਰੀਕਾ ਨੂੰ ਟਮਾਟਰ ਦਾ ਸੀਡ ਦੇ ਰਹੇ ਹਨ। ਜੇ ਇਹੋ ਜਿਹੇ ਸੱਜਣ ਹੋਰ ਹੋ ਜਾਣ ਤਾਂ ਅਸੀਂ ਕਿਥੇ ਪਹੁੰਚ ਸਕਦੇ ਹਾਂ। ਇਹ ਜਿਹੜੀ ਜ਼ਮੀਨ ਹੈ ਇਹ ਰਬੜ ਨਹੀਂ ਹੈ। ਇਹ ਰਬੜ ਵਾਂਗ ਵੱਧ ਨਹੀਂ ਸਕਦੀ ਪਰ ਅਸੀਂ ਇਸ ਵਿਚ ਵੀ ਟੈਕਨੋਲੋਜੀਕਲੀ ਪੈਦਾਵਾਰ ਵਧਾ ਸਕਦੇ ਹਾਂ। ਮਹਾ-ਰਾਜਾ ਜੀ ਨੇ ਫਿਗਰਜ਼ ਦਿੱਤੀਆਂ ਸਨ ਅਤੇ ਦੱਸਿਆ ਸੀ ਕਿ ਬਾਹਰ ਦੇ ਕੰਟਰੀਜ਼ ਕਿੰਨੇ ਐਡਵਾਂਸਡ ਕੰਟਰੀਜ਼ ਹਨ। ਉਨ੍ਹਾਂ ਦੀ ਪਰ ਹੈਕਟੇਅਰ ਯੀਲਡ ਸਾਡੇ ਨਾਲੋਂ 5–4 ਗੁਣਾਂ ਜ਼ਿਆਦਾ ਹੈ। ਜੇ ਜੱਟ ਦੇ ਪੱਲੇ ਚਾਰ ਪੈਸੇ ਆ ਜਾਣਗੇ ਤਾਂ ਇਹ ਜਿਹੜੇ ਇੰਡਸਟਰੀਅਲਿਸਟਸ ਹਨ, ਬਲੈਕ–ਮਨੀ ਵਾਲੇ ਹਨ ਇਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੁੰਦਾ ਹੈ। ਜੇ ਜ਼ਿਮੀਂਦਾਰ ਦਾ ਟਮਾਟਰ ਬਾਜ਼ਾਰ ਵਿਚ ਰੁਲਦਾ ਫਿਰੇ ਚਾਰ ਆਨੇ ਕਿਲੋ ਵਿਕੇ ਤਾਂ ਇਨ੍ਹਾਂ ਲੋਕਾਂ ਨੂੰ ਬੜੀ ਖੁਸ਼ੀ ਹੁੰਦੀ ਹੈ। ਤੁਹਾਨੂੰ ਪਤਾ ਹੈ ਕਿ ਕੀਨੂੰ ਅਤੇ ਸੇਬ ਫੁੱਟ ਪਾਥ ਤੇ ਪਏ ਰਹੇ ਅਤੇ ਕਿਸੇ ਨੇ ਚੁੱਕੇ ਨਹੀਂ।

ਸ੍ਰੀ ਓਮ ਪ੍ਰਕਾਸ਼ ਗੁਪਤਾ (ਬੈਠੇ ਬੈਠੇ) : ਇਕ ਰੁਪਏ ਦਾ ਇਕ ਵਿਕਿਆ ਹੈ।

ਰਾਜਾ ਨਰਿੰਦਰ ਸਿੰਘ : ਇੰਡਸਟਰੀਅਲਿਸਟਸ ਦੀ ਖੁਸ਼ਕਿਸਮਤੀ ਹੈ ਕਿ ਉਹ ਜਿਹੜਾ ਮਾਲ ਤਿਆਰ ਕਰਦਾ ਹੈ ਭਾਵੇਂ ਉਹ ਨਟ ਬੋਲਟ ਹੀ ਹੋਵੇ ਉਸ ਦਾ ਮੁੱਲ ਉਹ ਆਪ ਰੱਖਦਾ ਹੈ। ਪਰ ਸਾਡੇ ਜ਼ਿਮੀਦਾਰ ਦੀ ਬਦਕਿਸਮਤੀ ਇਹ ਹੈ ਕਿ ਫੂਡ ਪਰੋਡਕਸ਼ਨ ਉਹ ਕਿੰਨੀ ਕਰਦਾ ਹੈ ਪਰ ਉਸ ਦੀ ਪਰੋਡਕਸ਼ਨ ਦਾ ਮੁੱਲ ਦਿੱਲੀ ਵਿਚ ਫਿਕਸ ਕੀਤਾ ਜਾਂਦਾ ਹੈ ਭਾਵੇਂ ਉਹ ਚਾਵਲ ਹੋਵੇ, ਕਾਟਨ ਹੋਵੇ ਜਾਂ ਕਣਕ ਹੋਵੇ। ਜ਼ਿਮੀਂਦਾਰ ਆਪਣੀ ਜਿਣਸ ਦਾ ਆਪ ਭਾਅ ਨਹੀਂ ਫਿਕਸ ਕਰ ਸਕਦਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਵੀ ਅਕਾਲੀ ਪਾਰਟੀ ਦੀ ਸਰਕਾਰ ਆਈ, ਕਾਂਗਰਸ ਪਾਰਟੀ ਵਿਚ ਵੀ ਅਜਿਹੇ ਬੰਦੇ ਹਨ ਜਿਹੜੇ ਖੇਤੀਬਾੜੀ ਤੋਂ ਵਾਕਿਫ ਹਨ ਅਤੇ ਖੇਤੀਬਾੜੀ ਕਰਦੇ ਹਨ, ਉਦੋਂ ਹੀ ਕਹਿੰਦੇ ਰਹੇ ਕਿ ਜ਼ਿਮੀਦਾਰ ਨੂੰ ਰੈਮੂਨਰੇਟਿਵ ਪ੍ਰਾਈਸ ਮਿਲਣੀ ਚਾਹੀਦੀ ਹੈ ਅਤੇ ਮਿਲੀ। ਮੈਂ ਦੱਸਣਾ ਜਾਹੁੰਦਾ ਹਾਂ ਕਿ ਜ਼ਿਮੀਂਦਾਰ ਦਾ ਘਰ ਪੂਰਾ ਨਹੀਂ ਹੁੰਦਾ। ਕਣਕ ਦੀ ਫਸਲ ਨਾਲ ਤਾਂ ਜ਼ਿਮੀਂਦਾਰ ਦਾ ਘਰ ਪੂਰਾ ਨਹੀਂ ਹੁੰਦਾ ਪਰ ਝੋਨੇ ਦੀ ਫਸਲ ਨਾਲ ਥੋੜ੍ਹਾ ਬਹੁਤ ਪੂਰਾ ਹੋ ਜਾਂਦਾ ਹੈ। ਇਹ ਗੱਲ ਭੁੱਲ ਜਾਂਦੇ ਹਨ ਕਿ ਉਸ ਦਾ ਸਾਰਾ ਪਰੀਵਾਰ, ਉਸ ਦਾ ਪੁੱਤਰ, ਉਸ ਦਾ ਬਜ਼ੁਰਗ ਪਿਉ, ਉਸ ਦੀ ਸੁਆਣੀ ਸਾਰਾ ਟੱਬਰ 18–20 ਘੰਟੇ ਕੰਮ ਕਰਦਾ ਹੈ। ਇੰਡਸਟਰੀਅਲਿਸਟਸ ਵਾਂਗ 8 ਘੰਟੇ ਦਾ ਕੰਮ ਹੀ ਨਹੀਂ ਕਰਨਾ ਪੈਂਦਾ। ਜ਼ਿਮੀਂਦਾਰ ਆਪਣੇ ਖੇਤਾਂ ਵਿਚ ਸਾਰੇ ਪਰੀਵਾਰ ਸਮੇਤ 18–20 ਘੰਟੇ ਰੋਜ਼ਾਨਾ ਕੰਮ ਕਰਦਾ ਹੈ। ਇਹ 8 ਘੰਟੇ ਕੰਮ ਕਰਕੇ ਵੀ ਸਾਨੂੰ ਦਬਾ ਕੇ ਰੱਖਣਾ ਚਾਹੁੰਦੇ ਹਨ। ਫਿਰ ਜੇ ਸੀਰੀ ਦੀ ਥਰੈਸ਼ਰ ਵਿਚ ਬਾਂਹ ਕੱਟੀ ਜਾਵੇ ਤਾਂ ਹੋਰ ਮੁਸੀਬਤ ਬਣ ਜਾਂਦੀ ਹੈ। ਉਹ ਚਾਹੁੰਦੇ ਹਨ ਕਿ ਖੇਤੀ ਕਰਨ ਵਾਲਿਆਂ ਨੂੰ ਸਹੀ ਕੀਮਤ ਨਾ ਮਿਲੇ। ਮੈਂ, ਡਿਪਟੀ ਸਪੀਕਰ ਸਾਹਿਬ, ਆਪ ਦਾ ਬਹੁਤਾ ਸਮਾਂ ਨਹੀਂ ਲੈਂਦਾ। ਆਲੂਆਂ ਦੀ ਹੀ ਗੱਲ ਲੈ ਲਓ। ਇਹ

[ਰਾਜਾ ਨਰਿੰਦਰ ਸਿੰਘ]

ਆਲੂ ਤੋਂ ਪਟੈਟੋ ਚਿਪਸ ਬਣਾ ਕੇ ਇਕ ਪਲਾਸਟਿਕ ਦੇ ਲਫਾਫੇ ਵਿੱਚ ਬੰਦ ਕਰਕੇ ਵੇਚਦੇ ਹਨ ਔਰ ਉਸ ਪੈਕਟ ਦੀ ਕੀਮਤ ਸਾਢੇ ਤਿੰਨ ਰੁਪਏ ਲੈਂਦੇ ਹਨ। ਉਸ ਦੇ ਵਿੱਚ ਲਗਦਾ ਸਿਰਫ ਅੱਧਾ ਆਲੂ ਹੈ ਔਰ ਇਹ ਅੱਧੇ ਆਲੂ ਦੀ ਕੀਮਤ ਇਸ ਤਰ੍ਹਾਂ ਸਾਢੇ ਤਿੰਨ ਰੁਪਏ ਲੈਂਦੇ ਹਨ। ਜੋ ਸਾਡੀ ਆਪਣੀ ਇੰਡਸਟਰੀ ਹੈ ਜਿਵੇਂ ਬਾਹਰਲੇ ਮੁਲਕਾਂ ਵਿੱਚ ਹੈ ਤਾਂ ਉਸ ਦੇ ਨਾਲ ਫਾਇਦਾ ਹੋ ਸਕਦਾ ਹੈ। ਅੱਧੇ ਆਲੂ ਦੇ ਸਾਢੇ ਤਿੰਨ ਰੁਪਏ ਲੈਂਦੇ ਹਨ। ਕਰਦੇ ਕੀ ਹਨ ਕਿ ਆਲੂ ਨੂੰ ਡਰਾਈ ਕਰਕੇ ਲੂਣ ਲਾ ਦਿੱਤਾ। ਜਦੋਂ ਸਾਡੀ ਆਲੂ ਦੀ ਫਸਲ ਵੱਧ ਹੋਈ। ਆਲੂ ਜਦੋਂ ਅਸੀਂ ਵੱਧ ਪੈਦਾ ਕੀਤਾ ਜਿਵੇਂ ਪਿਛਲੇ 10 ਸਾਲਾਂ ਦੇ ਵਿੱਚ ਹੁੰਦਾ ਰਿਹਾ ਹੈ ਉਹ ਕੋਲਡ ਸਟੋਰੇਜ਼ ਦੇ ਵਿੱਚ ਜ਼ਿਮੀਂਦਾਰ ਨੇ ਰੱਖ ਦਿੱਤਾ, ਕੋਈ ਉਸ ਨੂੰ ਚੱਕਣ ਨਹੀਂ ਗਿਆ। ਉਹ ਜ਼ਿਮੀਂਦਾਰ ਕੋਲਡ ਸਟੋਰੇਜ ਦਾ ਕਿਰਾਇਆ ਨਹੀਂ ਦੇ ਸਕਿਆ, ਕੋਲਡ ਸਟੋਰੇਜ ਬੰਦ ਹੋ ਗਏ। ਜੇ ਜ਼ਿਮੀਦਾਰ ਨੂੰ ਕੋਈ ਫਾਇਦਾ ਹੁੰਦਾ ਹੈ ਜਾਂ ਉਹ ਆਪਣੀ ਕਰਾਪ ਥੋੜ੍ਹੀ ਬਹੁਤ ਡਾਇਵਰਟ ਕਰਦਾ ਹੈ ਜਿਵੇਂ ਉਹ ਕੋਈ ਗੰਨਾਂ ਬੀਜਦਾ ਹੈ, ਟਮਾਟਰ ਜਾਂ ਕੋਈ ਹੋਰ ਬੀਜਦਾ ਹੈ ਜਾਂ ਫਰੂਟ ਦੀ ਕੋਈ ਕਲਟੀਵੇਸ਼ਨ ਕਰਦਾ ਹੈ ਤਾਂ ਇਨ੍ਹਾਂ ਭਰਾਵਾਂ ਨੂੰ ਖੁਸ਼ੀ ਹੋਣੀ ਚਾਹੀਦੀ ਹੈ। ਇਨ੍ਹਾਂ ਦੇ ਚਿਹਰਿਆਂ ਤੇ ਜਿਹੜੀ ਰੌਣਕ ਹੈ ਉਹ ਸਾਰੀ ਖੇਤੀਬਾੜੀ ਕਰਕੇ ਹੈ, ਜੱਟ ਦੀ ਮਿਹਨਤ ਦੇ ਕਰਕੇ ਹੈ। ਜੇ ਜ਼ਿਮੀਂਦਾਰ ਕੋਈ ਉਪਜ ਪੈਦਾ ਕਰਦਾ ਹੈ ਤਾਂ ਇਨ੍ਹਾਂ ਕੋਲ ਜਾ ਕੇ ਵੇਚਦਾ ਹੈ, ਜੇ ਉਸ ਦੇ ਕੋਲ ਚਾਰ ਪੈਸੇ ਹੁੰਦੇ ਹਨ ਤਾਂ ਉਹ ਇਨ੍ਹਾਂ ਕੋਲੋਂ ਸਾਮਾਨ ਖਰੀਦਣ ਜਾਂਦਾ ਹੈ। ਫਿਰ, ਡਿਪਟੀ ਸਪੀਕਰ ਸਾਹਿਬ, ਜਦੋਂ ਉਹ ਇਨ੍ਹਾਂ ਕੋਲ ਕੁਝ ਲੈਣ ਜਾਂਦਾ ਹੈ ਤਾਂ ਜਿਹੜੀ ਛਿਲ ਇਹ ਲਾਉਂਦੇ ਹਨ ਉਸ ਦਾ ਮੈਂ ਜ਼ਿਕਰ ਨਹੀਂ ਕਰਦਾ। ਕਾਫੀ ਬਲੈਕ-ਮਨੀ ਇਨ੍ਹਾਂ ਨੇ ਅੰਦਰ ਲਕੋਈ ਹੋਈ ਹੈ। ਜੱਟ ਜ਼ਿਮੀਂਦਾਰ ਕੋਲ ਬਲੈਕ-ਮਨੀ ਕਿਥੇ ਹੈ, ਉਸ ਕੋਲ ਵਾਈਟ ਹੈ ਅਤੇ ਉਹ ਉਸ ਦੀ ਬੜੀ ਮਿਹਨਤ ਦੀ ਕਮਾਈ ਹੈ। ਜੇ ਜ਼ਿਮੀਂਦਾਰ ਕੋਈ ਕਣਕ ਪੈਦਾ ਕਰਦਾ ਹੈ ਤਾਂ ਆੜ੍ਹਤੀਆ ਉਸ ਨੂੰ ਪੈਸੇ ਪੂਰੇ ਨਹੀਂ ਦਿੰਦਾ, ਉਸ ਵਿਚ ਆਪਣੀ ਆੜ੍ਹਤ ਲਾਉਂਦਾ ਹੈ। ਜੇ ਉਹ ਕੋਈ ਸਬਜ਼ੀ ਜਾਂ ਫਰੂਟ ਲਿਆਉਂਦਾ ਹੈ ਤਾਂ ਇਹ ਉਪਰੋਂ ਉਪਰੋਂ ਚੰਗਾ ਚੰਗਾ ਫਰੂਟ ਰੱਖ ਲੈਂਦੇ ਹਨ ਅਤੇ ਇਨ੍ਹਾਂ ਦੇ ਘਰਾਂ ਵਿੱਚ ਭੇਜਦੇ ਹਨ। ਇਹ ਹੁਣ ਇਨ੍ਹਾਂ ਨੂੰ ਸਵਾਦ ਪਿਆ ਹੋਇਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਭਰਾਵਾਂ ਨੂੰ ਵੀ ਜਿਹੜੇ ਵਿਚਾਰੇ ਪਾਟੇ ਕਪੜ ਪਾਉਂਦੇ ਹਨ ਉਨ੍ਹ ਨੂੰ ਵੀ ਟੈਰੀਕਾਟ ਪਾ ਲੈਣ ਦਿਓ। 24 ਘੰਟਿਆਂ ਵਿੱਚ ਜਿਹੜਾ 18--20 ਘੰਟੇ ਕੰਮ ਕਰਦਾ ਹੈ ਉਸ ਨੂੰ ਵੀ ਚੰਗੀ ਰੋਟੀ ਮਿਲ ਜਾਵੇ, ਇਹ 8 ਘੰਟੇ ਕੰਮ ਕਰਕੇ ਇਤਨਾ ਕੁਝ ਖਾ ਰਹੇ ਹਨ ਉਨ੍ਹਾਂ ਨੂੰ ਇਤਨੀ ਮਿਹਨਤ ਕਰਕੇ, 18-20 ਘੰਟੇ ਕੰਮ ਕਰਕੇ ਵੀ ਚੰਗੀ ਰੋਟੀ ਖਾਣ ਨੂੰ ਮਿਲ ਜਾਵੇ। ਡਿਪਟੀ ਸਪੀਕਰ ਸਾਹਿਬ, 8 ਘੰਟੇ ਕਹਿ ਕੇ ਵੀ ਮੈਂ ਇਨ੍ਹਾਂ ਦਾ ਲਿਹਾਜ਼ ਕਰ ਰਿਹਾ ਹਾਂ, ਇਹ ਚੰਗਾ ਖਾਂਦੇ ਹਨ ਤੇ ਮੰਦਾ ਬੋਲਦੇ ਹਨ। (ਹਾਸਾ) 8 ਘੰਟੇ ਵੀ ਕਿਹੜਾ ਆਪ ਕੰਮ ਕਰਦੇ ਹਨ, ਉਹ ਵੀ ਲੇਬਰ ਤੋਂ ਕੰਮ ਕਰਾਉਂਦੇ ਹਨ, ਲੇਬਰ ਦੀ ਝੂਠੀ ਇਮਦਾਦ ਕਰਦੇ ਹਨ। ਜ਼ਿਮੀਂਦਾਰ ਤਾਂ ਆਪਣੇ ਕਾਮੇ, ਆਪਣੇ ਸੀਰੀ ਦੀ ਬਿਨਾਂ ਵਿਆਜ ਤੋਂ ਰਕਮ ਦੇ ਕੇ ਵੀ ਉਸ ਦੀ ਮਦਦ ਕਰਦਾ ਹੈ ਪਰ ਇਹ ਕੋਈ ਦੱਸ ਦੇਣ। ਜੇ ਕਿਸੇ ਲੇਬਰ ਨੂੰ ਬਿਨਾਂ ਵਿਆਜ ਤੋਂ ਕੋਈ ਸੌ ਰੁਪਏ ਦੀ ਵੀ ਇਨ੍ਹਾਂ ਨੇ ਮਦਦ ਕੀਤੀ ਹੋਵੇ। ਕੋਈ ਜ਼ਿਮੀਂਦਾਰ ਐਸਾ ਨਹੀਂ ਜਿਸ ਨੇ ਆਪਣੇ ਸੀਰੀ ਨੂੰ, ਆਪਣੇ ਕਾਮੇ, ਨੂੰ ਬਿਨਾਂ ਵਿਆਜ ਪੈਸੇ ਨਾ ਦਿੱਤੇ ਹੋਣ। ਇਕ ਇਨ੍ਹਾਂ ਨੇ ਬੌਂਡਿਡ ਲੇਬਰ ਲਿਖ ਦਿੱਤੀ। ਭੱਠੇ ਇਹ ਆਪ ਕਰਦੇ ਹਨ ਔਰ ਉਨ੍ਹਾਂ ਨੂੰ ਬੌਂਡਿਡ ਲੇਬਰ ਦੱਸਦੇ ਹਨ। ਡਿਪਟੀ ਸਪੀਕਰ ਸਾਹਿਬ, ਇਕ ਵਾਰੀ ਮੈਂ ਪ੍ਰੈਸ ਨੂੰ ਇੰਟਰ-ਵਿਊ ਦਿੱਤੀ ਅਤੇ ਇੰਟਰਵਿਊ ਦੇ ਕੇ ਮੈਂ ਉਨ੍ਹਾਂ ਨੂੰ ਆਪਣੇ ਫਾਰਮ ਤੇ ਲੈ ਗਿਆ, ਹੋਰ ਕਈ ਦੋਸਤਾਂ ਦੇ ਫਾਰਮ ਤੇ ਲੈ ਗਿਆ। ਉਨ੍ਹਾਂ ਨੂੰ ਦਿਖਾਇਆ ਕਿ ਕਿਸ ਤਰ੍ਹਾਂ ਉਨ੍ਹਾਂ ਲੋਕਾਂ ਨੂੰ ਜ਼ਿਮੀਂਦਾਰ

ਨੇ ਐਡਵਾਂਸ ਪੈਸੇ ਦਿੱਤੇ ਹੋਏ ਹਨ। ਕਿਸੇ ਨੇ ਕਿਹਾ ਕਿ ਮੈਂ ਪੰਜ ਹਜ਼ਾਰ ਐਡਵਾਂਸ ਲਿਆ ਹੈ, ਕਿਸੇ ਨੇ ਕਿਹਾ ਮੈਂ ਇਤਨਾ ਐਡਵਾਂਸ ਲਿਆ ਹੈ ਜਿਸ ਦਾ ਕੋਈ ਇਨਟਰੈਸਟ ਨਹੀਂ ਲੈਂਦਾ। ਇਹ ਕੋਈ ਐਸਾ ਇੰਡਸਟਰੀਅਲਿਸਟ ਦੱਸ ਦੇਣ ਜਿਸ ਨੇ ਸੌ ਰੁਪਿਆ ਵੀ ਬਿਨਾ ਵਿਆਜ ਤੋਂ ਆਪਣੀ ਲੇਬਰ ਨੂੰ ਦਿੱਤਾ ਹੋਵੇ ਜਾਂ ਉਸ ਦੇ ਬਾਰੇ ਕੁਝ ਸੋਚਿਆ ਹੋਵੇ। ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੋ ਜਿਹੀ ਸਾਡੇ ਜ਼ਿਮੀਦਾਰ ਦੀ ਹਾਲਤ ਹੈ, ਸਾਡੀ ਹਾਲਤ ਹੈ ਉਹੋ ਜਿਹੀ ਸਾਡੀ ਲੇਬਰ ਦੀ ਹਾਲਤ ਹੈ ਪਰ ਇਨ੍ਹਾਂ ਦੇ ਪੇਟ ਇਤਨੇ ਇਤਨੇ ਵਡੇ ਹਨ ਅਤੇ ਇਨ੍ਹਾਂ ਦੀ ਲੇਬਰ ਦੇ ਪੇਟ ਸੁੰਗੜ ਕੇ ਅੰਦਰ ਨੂੰ ਲਗੇ ਹੋਏ ਹਨ। ਫਿਰ ਇਹ ਲੇਬਰ ਦੇ ਹਮ-ਦਰਦ ਬਣਦੇ ਹਨ। ਸੋ ਮੇਰੀ ਬੇਨਤੀ ਇਹ ਹੈ ਕਿ ਇਹ ਰੈਜ਼ੋਲਿਊਸ਼ਨ ਜਿਹੜਾ ਕਿ ਐਡਾ ਨਾਨ-ਕੰਟਰੋਵਰਸ਼ੀਅਲ ਰੈਜ਼ੋਲਿਊਸ਼ਨ ਹੈ, ਜ਼ਿਮੀਂਦਾਰਾਂ ਦੇ ਹੱਕ ਦਾ ਰੈਜ਼ੋਲਿਊਸ਼ਨ ਹੈ, ਜਿਹੜਾ ਜ਼ਿਮੀਂ-ਦਾਰਾਂ ਨਾਲ ਹਮਦਰਦੀ ਰਖਦਾ ਹੈ ਉਹ ਇਸ ਦੀ ਹਮਾਇਤ ਕਰਨਗੇ ਅਤੇ ਰਿਕਮੈਂਡ ਕਰਕੇ ਸੈਂਟਰਲ ਸਰਕਾਰ ਨੂੰ ਜ਼ਰੂਰ ਭਿਜਵਾਉਣਗੇ। ਡਿਪਟੀ ਸਪੀਕਰ ਸਾਹਿਬ, ਅਸੀਂ ਤਾਂ ਕੇਵਲ ਰਿਕਮੈਂਡ ਹੀ ਕਰਨਾ ਹੈ ਪਤਾ ਨਹੀਂ ਉਹ ਕਰਦੇ ਹਨ ਜਾਂ ਨਹੀਂ ਕਰਦੇ। ਇਹ ਦਿੱਲੀ ਦੀ ਸਰਕਾਰ ਦੀ ਮਰਜ਼ੀ ਹੈ। ਮੈਂ ਤੁਹਾਡਾ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਆਸ ਕਰਦਾ ਹਾਂ ਕਿ ਜ਼ਿਮੀਂਦਾਰ ਦੇ ਹੱਕ ਲਈ, ਪੰਜਾਬ ਦੇ ਹੱਕ ਲਈ ਇਹ ਸਾਰੇ ਇਸ ਰੈਜ਼ੋਲਿਊਸ਼ਨ ਦੀ ਸਪੋਰਟ ਕਰਨਗੇ। ਜੇਕਰ ਜੱਟ ਦੇ ਮੂੰਹ ਤੇ ਰੌਣਕ ਹੋਵੇਗੀ ਤਾਂ ਤੁਹਾਡੇ ਮੂੰਹ ਤੇ ਵੀ ਰੌਣਕ ਆ ਜਾਏਗੀ।

ਸ਼੍ਰੀ ਬ੍ਰਿਜ ਭੂਸ਼ਨ ਮਹਿਰਾ (ਅੰਮ੍ਰਿਤਸਰ ਉੱਤਰੀ): ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊ-ਸ਼ਨ ਜਿਹੜਾ ਹਾਊਸ ਦੇ ਸਾਹਮਣੇ ਹੈ ਇਸ ਦੇ ਬਾਰੇ ਮਹਿਸੂਸ ਕਰ ਰਹੇ ਸਨ ਕਿ ਪੰਜਾਬ ਸਰਕਾਰ ਸੈਂਟਰ ਦੀ ਸਰਕਾਰ ਨਾਲ ਟੇਕ ਅੱਪ ਕਰ ਰਹੀ ਸੀ। ਪਰ ਇਹ ਗਲਤ ਰਾਹ ਹੈ ਜਿਸ ਤੇ ਪੰਜਾਬ ਗੌਰਮਿੰਟ ਚਲ ਰਹੀ ਹੈ। ਜਿਸ ਵੇਲੇ ਮੈਂ ਗਵਰਨਰ ਐਡਰੈਸ ਤੇ ਆਪਣੀ ਪਾਰਟੀ ਵਲੋਂ ਬੋਲ ਰਿਹਾ ਸੀ, ਮੈਂ ਮਹਿਸੂਸ ਕਰਦਾ ਸੀ ਕਿ ਜਿਹੜੀ ਪੈਪਸੀਕੋ ਨਾਂ ਦੀ ਟਾਈ ਅੱਪ ਹੋ ਰਹੀ ਹੈ ਇਹ ਪੰਜਾਬ ਸਰਕਾਰ ਇੰਡਸਟਰੀਅਲਾਈਜੇਸ਼ਨ ਨਹੀਂ ਕਰ ਰਹੀ ਬਲਕਿ ਪੰਜਾਬ ਦੇ ਸਵੈ ਅਭਿਮਾਨ ਨੂੰ ਧੱਕਾ ਲਗਾ ਰਹੀ ਹੈ। ਅਗਰ ਤੁਸੀਂ ਪੰਜਾਬ ਦਾ ਨਕਸ਼ਾ ਦੇਖੋ, ਪਤਾ ਨਹੀਂ ਇਨ੍ਹਾਂ ਨੇ ਘੋਖਿਆ ਹੈ ਜਾਂ ਨਹੀਂ ਘੋਖਿਆ, ਪੰਜਾਬ ਦੇ ਵਿਚ ਜਿਹੜੀ ਫੂਡ ਪ੍ਰੋਸੈਸਿੰਗ ਇੰਡਸਟਰੀ ਹੈ, ਜਿਹੜੇ 20,21 ਯੂਨਿਟ ਪਹਿਲੋਂ ਹੀ ਭਾਰੀ ਮਿਕਦਾਰ ਵਿਚ ਲਗੇ ਹਨ, ਇਹ ਲਾਰਜ ਸਕੇਲ ਵਿਚ ਹਨ। ਇੰਡਸਟਰੀ ਡਿ-ਪਾਰਟਮੈਂਟ ਦੇ ਅੰਕੜਿਆਂ ਅਨੁਸਾਰ ਮੈਂ ਉਨ੍ਹਾਂ ਦਾ ਇਨ੍ਹਾਂ ਨੂੰ ਵੇਰਵਾ ਦਿੰਦਾ ਹਾਂ। ਲਾਰਜ ਸਕੇਲ ਦੇ 48 ਯੂਨਿਟਸ ਹਨ ਜਿਸ ਦੀ ਐਮਪਲਾਇਮੈਂਟ 20725 ਹੈ, ਇਨਵੈਸਟਮੈਂਟ 92.70 ਕਰੋੜ ਰੁਪਏ ਹੈ ਔਰ ਸਾਲਾਨਾ ਵੈਲਿਊ ਪ੍ਰੋਡਕਟਸ 327 ਕਰੋੜ ਰੁਪਏ ਹੈ। ਸਮਾਲ ਸਕੇਲ ਵਿਚ 8611 ਯੂਨਿਟ ਹਨ। ਰਾਜਾਂ ਜੀ ਜਿਸ ਦੀ ਐਮਪਲਾਇਮੈਂਟ 35418 ਹੈ ਕੇਪੀਟਲ ਲਗਾ ਹੋਇਆ ਹੈ 95.18 ਕਰੋੜ ਰੁਪਏ ਦਾ ਔਰ ਪ੍ਰੋਡਕਟਸ 259.87 ਕਰੋੜ ਰੁਪਏ ਦੇ। ਇਹ ਤਾਂ ਇਸ ਤਰ੍ਹਾਂ ਗੱਲ ਕਰਦੇ ਹਨ ਜਿਸ ਤਰ੍ਹਾਂ ਕਿ ਚੰਦ ਤੋਂ ਨਵੀਂ ਚੀਜ਼ ਲਿਆਉਣੀ ਹੈ। ਜਿਹੜੀ ਇੰਡਸਟਰੀ ਪੰਜਾਬ ਦੇ ਵਿਚ ਲਗੀ ਹੈ, ਜਿਹੜੀ ਇੰਡਸਟਰੀ ਪੰਜਾਬ ਦਾ ਕੰਮ ਆਪ ਕਰ ਸਕਦਾ ਹੈ, ਇਹ ਜਿਹੜੀ ਫੂਡ ਪ੍ਰੋਡਕਟਸ ਇੰਡਸਟਰੀ ਹੈ ਇਸ ਦੇ ਵਿਚ ਕਿਹੜੀ ਟੈਕਨਾਲੋਜੀ ਇਨਵਾਲਵਡ ਹੈ, ਇਹ ਦਸ ਨਹੀਂ ਸਕੇ। ਇਸ ਦੇ ਵਿਚ ਤਾਂ ਜੂਸ ਕਢਣਾ ਹੈ ਅਤੇ ਪ੍ਰੀਜ਼ਰਵੇਟਿਵ ਪਾਉਣਾ ਹੈ। ਇਹ ਤਾਂ ਕਿਸੇ ਸਾਇੰਸ ਦੇ ਗਰੈਜੂਏਟ ਨਾਲ ਗੱਲ ਕਰਕੇ ਪਤਾ ਕਰ ਸਕਦੇ ਸਨ। ਇਨ੍ਹਾਂ ਨੇ ਇਸ ਗੱਲ ਲਈ ਬੜਾ ਭਰਮ ਬਨ੍ਹ ਦਿੱਤਾ ਹੈ। ਇਹ ਕਹਿੰਦੇ ਹਨ ਕਿ ਜੇਕਰ ਪੈਪਸੀਕੋ ਨਹੀਂ ਆਏਗਾ ਤਾਂ ਕਿਸਾਨ ਮਰ ਜਾਏਗਾ, ਪੰਜਾਬ ਮਰ ਜਾਏਗਾ। ਇਹ ਬੜੇ ਅਫਸੋਸ ਦੀ ਗੱਲ ਹੈ ਕਿ ਪੰਜਾਬ ਦਾ ਕਿਸਾਨ, ਹਿੰਦੁਸਤਾਨ ਦਾ

[ਸ੍ਰੀ ਬ੍ਰਿਜ ਭੂਸ਼ਨ ਮਹਿਰਾ]

ਕਿਸਾਨ ਦੁਨੀਆਂ ਦੇ ਕਿਸਾਨ ਨਾਲੋਂ ਅੱਗੇ ਹੈ। ਅਸੀਂ ਟੈਕਨਾਲੋਜੀ ਜਿਹੜੀ ਇਥੇ ਡਿਵੈਲਪ ਕੀਤੀ ਹੈ, ਜਿਹੜੇ ਬੀਜ ਟਮਾਟੋ ਦੇ ਡਿਵੈਲਪ ਕੀਤੇ ਹਨ, ਅੰਮ੍ਰਿਤਸਰ ਦਾ ਇਕ ਸੀਡ ਫਾਰਮ ਦਾ ਮਾਲਕ ਹੈ ਉਹ ਟਮਾਟਰ ਦੇ ਸੀਡ ਪੰਜਾਬ ਵਿਚੋਂ ਅਮਰੀਕਾ ਵਿਚ ਭੇਜਦਾ ਹੈ, ਇਹ ਸਾਡੇ ਪੰਜਾਬ ਦਾ ਪੱਧਰ ਹੈ। ਕੀ ਇਹ ਗੁਲਾਮੀ ਦੀ ਨਿਸ਼ਾਨੀ ਨਹੀਂ ਕਿ ਅਸੀਂ ਆਪ ਅਮਰੀਕਾ ਨੂੰ ਟੈਕਨਾਲੋਜੀ ਦਿੰਦੇ ਹਾਂ, ਪਰ ਅੱਜ ਉਥੋਂ ਆਏਗੀ ਫੂਡ ਅਤੇ ਫੂਡ ਬ੍ਰਿਵਰੀਜ਼ ਵਾਸਤੇ। ਫੂਡ ਪ੍ਰੋਡਕਟਸ ਦੀ ਕੋਈ ਗਲ ਨਹੀਂ। ਅੱਜ ਹਿਮਾਚਲ ਇਨ੍ਹਾਂ ਫਰੂਟ ਪ੍ਰੋਡਿਊਸ ਕਰ ਰਿਹਾ ਹੈ ਔਰ ਉਸ ਦਾ ਉਹ ਆਪਣਾ ਜੈਮ ਬਣਾ ਕੇ ਸਾਰੇ ਹਿੰਦੁਸਤਾਨ ਵਿਚ ਭੇਜ ਰਿਹਾ ਹੈ। ਇਸ ਤੋਂ ਇਲਾਵਾ ਕਾਫੀ ਐਕਸਪੋਰਟ ਹੋ ਰਿਹਾ ਹੈ। ਜੇ ਐਕਸਪੋਰਟ ਦੇ ਅੰਕੜੇ ਵੇਖਣ ਤਾਂ ਇਨ੍ਹਾਂ ਨੂੰ ਪਤਾ ਚਲੇਗਾ।

ਸਾਡੇ ਹਿੰਦੁਸਤਾਨ ਨੇ ਜਿਹੜਾ 1974 ਵਿਚ ਰਾਜਿਸਥਾਨ ਵਿਚ ਅਟਾਮਿਕ ਧਮਾਕਾ ਕੀਤਾ ਸੀ ਕਿਸੇ ਦੀ ਮਦਦ ਨਹੀਂ ਲਈ ਸੀ ਔਰ ਅਮਰੀਕਾ ਹੈਰਾਨ ਹੋ ਗਿਆ ਸੀ। ਸਾਡੇ ਕੋਲ ਇਹੋ ਜਿਹੇ ਸਾਇੰਟਿਸਟਸ ਹਨ, ਇਹੋ ਜਿਹੇ ਵਰਕਰਜ਼ ਹਨ, ਟੈਕਨਾਲੋਜਿਸਟਸ ਹਨ। ਮੈਂ ਸਮਝਦਾ ਹਾਂ ਕਿ ਰਾਜਾ ਸਾਹਿਬ ਨੂੰ ਇੰਡਸਟਰੀ ਮੁਤੱਅਲਕ ਕੋਈ ਨਾਲਜ ਨਹੀਂ ਹੈ। ਇਹ ਤਾਂ ਰਜਵਾੜੇ ਹਨ, ਖੇਤੀਬਾੜੀ ਦੀ ਗਲ ਕਰ ਸਕਦੇ ਹਨ। ਮੈਂ ਇੰਡਸਟਰੀ ਦੀ ਗੱਲ ਜਾਣਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਟਾਟਾ ਨਾਲ ਟਾਈ ਅੱਪ ਕੀਤਾ ਹੋਇਆ ਹੈ। ਮੈਂ ਅਪਣੀ ਹੱਡ ਬੀਤੀ ਦੱਸਦਾ ਹਾਂ। ਮੈਂ ਜਮਸ਼ੇਦਪੁਰ ਗਿਆ ਟਾਟਾ ਦਾ ਕਾਰਖਾਨਾ ਦੇਖਣ ਵਾਸਤੇ। ਉਥੇ ਫਰਨੈਸ ਹੀ ਫਰਨੈਸ ਲਗੀਆਂ ਹੋਈਆਂ ਸਨ। ਮੈਂ ਇੰਜੀਨੀਅਰਜ਼ ਨੂੰ ਪੁਛਿਆ ਕਿ ਇਨ੍ਹਾਂ ਵਿਚ ਕਿਹੜੀ ਗੱਲ ਐਸੀ ਹੈ ਜਿਸ ਕਰਕੇ ਇਸ ਨੂੰ ਜਾਪਾਨ ਨਾਲ ਟਾਈ-ਅੱਪ ਕੀਤਾ ਹੋਇਆ ਹੈ। ਕਾਰਖਾਨਾ ਟਾਟਾ ਯੋਡੋਗਾਵਾ ਸੀ, ਯੋਡੋਗਾਵਾ ਜਾਪਾਨ ਦੀ ਫਰਮ ਹੈ। ਉਹ ਇੰਜੀਨੀਅਰ ਕਹਿਣ ਲਗਾ ਇਹੋ ਜਿਹੇ ਕਾਰਖਾਨੇ ਤਾਂ ਮੈਂ 10 ਲਾ ਸਕਦਾ ਹਾਂ ਲੇਕਿਨ ਕਰਾਂ ਕੀ ਇਹ ਫਾਰੇਨ ਟੈਕਨਾਲੋਜੀ ਮੰਗਦੇ ਹਨ। ਸੋ, ਡਿਪਟੀ ਸਪੀਕਰ ਸਾਹਿਬ, ਜਿਥੇ ਫਾਰੇਨ ਟੈਕਨਾਲੋਜੀ ਦੀ ਹਰ ਖੇਤਰ ਵਿਚ ਗਲ ਕੀਤੀ ਜਾਵੇ, ਫਾਰੇਨ ਟੈਕਨਾਲੋਜੀ ਤੇ ਹਰ ਚੀਜ਼ ਬਣਾਈ ਜਾਵੇ, ਉਸ ਫਰਮ ਦੀ ਜ਼ਹਿਨਿਅਤ ਬਾਰੇ ਕੀ ਕਿਹਾ ਜਾ ਸਕਦਾ ਹੈ। ਸੋ ਇਸੇ ਤਰ੍ਹਾਂ ਇਹ ਵੀ ਟੈਕਨਾਲੋਜੀ ਇੰਪੋਰਟ ਕਰਨਾ ਚਾਹੁੰਦੇ ਹਨ। ਮੈਂ ਸਮਝਦਾ ਹਾਂ ਕਿ ਇਹ ਗੱਲ ਠੀਕ ਨਹੀਂ ਹੈ। ਇਹ ਚੀਜ਼ਾਂ ਅਸੀਂ ਆਪਣੇ ਦੇਸ਼ ਵਿਚ ਹੀ ਪੈਦਾ ਕਰ ਸਕਦੇ ਹਾਂ ਅਤੇ ਬਣਾ ਸਕਦੇ ਹਾਂ। ਮੈਂ ਤਾਂ ਇਹ ਸਮਝਦਾ ਹਾਂ ਕਿ ਉਹ ਮੁਲਕ ਜਿਹੜਾ ਫਾਰੇਨ ਟੈਕਨਾਲੋਜੀ ਏਡ ਦੇ ਸਹਾਰੇ ਚਲਦਾ ਹੈ ਉਹ ਮੁਲਕ ਕਦੇ ਤਰੱਕੀ ਨਹੀਂ ਕਰ ਸਕਦਾ। ਅੱਜ ਹਿੰਦੁਸਤਾਨ ਨੂੰ ਅਜ਼ਾਦ ਹੋਇਆਂ ਨੂੰ 40 ਸਾਲ ਹੋ ਗਏ ਹਨ, ਜਿਸ ਤਰੀਕੇ ਨਾਲ ਇਸ ਨੇ ਤਰੱਕੀ ਕੀਤੀ ਹੈ ਉਹ ਸਾਨੂੰ ਸਾਰਿਆਂ ਨੂੰ ਪਤਾ ਹੈ। ਪ੍ਰਾਈਮ ਮਨਿਸਟਰ ਸਾਹਿਬ ਨੇ ਵੀ ਕਿਹਾ ਹੈ ਕਿ ਇਕ ਦਿਨ ਇਹ ਸੁਪਰ ਪਾਵਰ ਦੁਨੀਆਂ ਵਿਚ ਹੋਵੇਗਾ। ਪਰ ਜੇ ਅਸੀਂ ਵੱਡੀ ਇੰਡਸਟਰੀ ਵਾਸਤੇ ਫਾਰੇਨ ਟੈਕਨਾਲੋਜੀ ਇੰਪੋਰਟ ਕੀਤੀ ਤਾਂ ਅਸੀਂ ਸੈਲਫ ਰਿਲਾਇੰਟ ਕਦੇ ਨਹੀਂ ਹੋ ਸਕਦੇ। ਇਸ ਤਰ੍ਹਾਂ ਨਾਲ ਸਾਡੇ ਤੇ ਇਹ ਬੜਾ ਭਾਰੀ ਧੱਕਾ ਲਗਦਾ ਹੈ। ਫਾਰੇਨ ਟੈਕਨਾਲੋਜੀ ਇੰਪੋਰਟ ਕਰਨਾ ਇਕ ਗੁਲਾਮੀ ਦੀ ਜ਼ਹਿ-ਨੀਅਤ ਹੈ। ਇਸ ਨਾਲ ਦੇਸ਼ ਆਜ਼ਾਦ ਨਹੀਂ ਰਹਿ ਸਕਦਾ। ਜਿੰਨੀ ਵੀ ਅਮਰੀਕਾ ਔਰ ਰਸ਼ੀਆ ਵਰਗੇ ਦੇਸ਼ਾਂ ਨੇ ਤਰੱਕੀ ਕੀਤੀ ਹੈ ਤਾਂ ਉਹ ਆਪਣੇ ਦੇਸ਼ ਦੇ ਸਾਧਨਾਂ ਨਾਲ ਕੀਤੀ ਹੈ, ਕੋਈ ਟੈਕਨਾਲੋਜੀ ਇੰਪੋਰਟ ਨਹੀਂ ਕੀਤੀ ਸੀ। ਮੈਂ ਦਸਦਾ ਹਾਂ ਕਿ ਪਹਿਲੇ ਤਾਂ ਫੌਜਾਂ ਰਾਹੀਂ ਦੂਜੇ ਮੁਲਕਾਂ ਤੇ ਕਾਬੂ ਪਾਇਆ ਜਾਂਦਾ ਸੀ ਫਿਰ ਕੁਝ ਸਮਾਂ ਬੀਤਣ ਬਾਅਦ ਆਪਣੇ ਆਪਣੇ ਮਿਸ਼ਨਰੀਜ਼ ਰਾਹੀਂ ਇਕ ਦੂਜੇ ਮੁਲਕ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ।

ਪਰ ਜਿਹੜਾ ਅੱਜ ਦਾ ਯੁਗ ਹੈ ਇਸ ਵਿਚ ਆਪਣੀ ਟੈਕਨਾਲੋਜੀ ਦੇ ਕੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਮਰੀਕਾ ਵਰਗੇ ਦੇਸ਼ਾਂ ਨੇ ਸੀ.ਆਈ. ਏ. ਔਰ ਫਰੰਟ ਆਰਗੇਨਾਈਜ਼ੇਸ਼ਨ ਦੁਆਰਾ ਭਾਵੇਂ ਉਹ ਪੈਪਸੀ ਕੋਲਾ ਹੋਵੇ ਜਾਂ ਕੋਈ ਹੋਰ ਇਸ ਤਰ੍ਹਾਂ ਦੀਆਂ ਮਲਟੀਨੈਸ਼ਨਲ ਕੰਪਨੀਆਂ ਲਿਆ ਕੇ ਦੂਜੇ ਦੇਸ਼ਾਂ ਨੂੰ ਤਰੱਕੀ ਨਹੀਂ ਕਰਨ ਦੇਣਾ ਚਾਹੁੰਦੇ ਔਰ ਉਨ੍ਹਾਂ ਰਾਹੀਂ ਆਪਣੀ ਗਰਿਫਤ ਮਜ਼ਬੂਤ ਕਰਦੇ ਹਨ। ਇਥੇ ਤੁਹਾਨੂੰ ਪਤਾ ਹੈ ਕਿ ਕਈ ਵਾਰ ਇਹ ਗੱਲ ਆਈ ਹੈ ਔਰ ਇਹ ਪਰੂਵ ਹੋ ਚੁੱਕਾ ਹੈ ਕਿ ਪੰਜਾਬ ਦੇ ਜਿਹੜੇ ਮਸਲੇ ਹਨ ਇਨ੍ਹਾਂ ਵਿਚ ਪਾਕਿਸਤਾਨ ਦਾ ਸਿੱਧਾ ਹੱਥ ਹੈ ਔਰ ਪਾਕਿਸਤਾਨ ਅਮਰੀਕਾ ਨਾਲ ਮਿਲਿਆ ਹੋਇਆ ਹੈ। ਇਹੋ ਜਿਹੇ ਸੈਨਸੇਟਿਵ ਏਰੀਆਜ਼ ਦੇ ਵਿਚ ਇਸ ਤਰ੍ਹਾਂ ਦੀ ਫਾਰੇਨ ਟੈਕਨਾਲੋਜੀ ਲਿਆਉਣਾ ਬੜੀ ਭਾਰੀ ਗਲਤੀ ਹੈ। ਇਸ ਨਾਲ ਪੰਜਾਬ ਤਰੱਕੀ ਨਹੀਂ ਕਰ ਸਕੇਗਾ। ਮੈਂ ਕੱਲ੍ਹ ਹੀ ਇਕ ਮੈਗਜ਼ੀਨ ਪੜ੍ਹ ਰਿਹਾ ਸੀ ਉਸ ਵਿਚ ਫਾਰੇਨ ਸੈਕਟਰੀ ਸ੍ਰੀ ਨਰਾਇਣ ਕ੍ਰਿਸ਼ਨ ਨੇ ਇਹ ਜ਼ਿਕਰ ਕੀਤਾ ਹੈ ਕਿ 2 ਸਾਲ ਹੋ ਗਏ ਹਨ ਪਾਕਿਸਤਾਨ ਵਿਚ ਐਟਮ ਬੰਬ ਬਣ ਚੁਕਿਆ ਹੈ ਔਰ ਇਸ ਵਾਸਤੇ ਸਾਰਾ ਸਮਾਨ ਅਮਰੀਕਾ ਤੋਂ ਆਇਆ ਹੈ। ਸੋ ਇਹੋ ਜਿਹੇ ਹਾਲਾਤ ਵਿਚ ਜਿਥੇ ਐਟਮ ਬੰਬ ਬਣਾਏ ਜਾ ਰਹੇ ਹੋਣ ਇਹੋ ਜਿਹੀਆਂ ਗਲਾਂ ਕਰਨਾ ਠੀਕ ਨਹੀਂ। ਇਹ ਸਾਡੇ ਸਵੈ-ਅਭਿਮਾਨ ਤੇ ਧੱਕਾ ਹੈ। ਜੇ ਅਸੀਂ ਕੋਈ ਫਾਰੇਨ ਟੈਕਨਾਲੋਜੀ ਇੰਪੋਰਟ ਕਰਦੇ ਹਾਂ ਤਾਂ, ਇਸ ਨਾਲ ਸਾਡਾ ਨੱਕ ਕੱਟਦਾ ਹੈ। ਭਾਰਤ ਦੇ ਕਿਸਾਨ ਨੇ ਅਜਿਹੀ ਜਗ੍ਹਾ ਨੂੰ ਅਬਾਦ ਕੀਤਾ ਜਿਥੇ ਕਿ ਕੁਝ ਨਹੀਂ ਸੀ ਹੋ ਸਕਦਾ। ਅਜਿਹੀਆਂ ਜਗ੍ਹਾਂ ਤੇ ਸੁਧਾਰ ਕਰਕੇ ਕੰਮ ਕੀਤਾ ਹੈ ਤਾਂ ਫਿਰ ਉਹ ਇਥੇ ਹੋਰ ਕਿਹੜੀ ਤਰੱਕੀ ਨਹੀਂ ਕਰ ਸਕਦਾ। ਡਿਪਟੀ ਸਪੀਕਰ ਸਾਹਿਬ, ਇਕ ਦਿਨ ਆਏਗਾ ਕਿ ਪੰਜਾਬ ਹਰ ਖੇਤਰ ਵਿਚ ਤਰੱਕੀ ਕਰੇਗਾ। ਇਹ ਜਿੰਨੀਆਂ ਵੱਡੀਆਂ ਇੰਡਸ-ਟਰੀਜ਼ ਹਨ ਇਨ੍ਹਾਂ ਨੂੰ ਬਾਹਰੋਂ ਨਹੀਂ ਲੈਣਾ ਚਾਹੀਦਾ। ਸਾਡੇ ਆਪਣੇ ਦੇਸ਼ ਵਿਚ ਬਹੁਤ ਵਡੀਆਂ ਇੰਡਸਟਰੀਜ਼ ਹਨ। ਮੇਰੇ ਕੋਲ ਅੰਕੜੇ ਹਨ, ਮੈਂ ਦਸਦਾ ਹਾਂ ਕਿ ਇਸ ਵੇਲੇ ਹਰ ਸਾਲ ਸਾਢੇ 4 ਲੱਖ ਬੱਚੇ ਸਕੂਲਾਂ ਵਿਚੋਂ ਨਿਕਲਦੇ ਹਨ ਅਤੇ ਡੇਢ ਲੱਖ ਕਾਲਜ ਵਿਚੋਂ ਨਿਕਲਦੇ ਹਨ। ਜਿਹੜੀਆਂ ਵੱਡੀਆਂ ਇੰਡਸਟਰੀਆਂ ਇਥੇ ਲਗੀਆਂ ਹੋਈਆਂ ਹਨ ਉਹ 90 ਹਨ, ਜਿਨ੍ਹਾਂ ਵਿਚ 954 ਕਰੋੜ ਰੁਪਿਆ ਲਗਿਆ ਹੋਇਆ ਹੈ ਅਤੇ ਇਨ੍ਹਾਂ ਵਿਚ 1 ਲੱਖ 44 ਹਜ਼ਾਰ ਲੋਕਾਂ ਨੂੰ ਇੰਪਲਾਇਮੈਂਟ ਮਿਲੀ ਹੋਈ ਹੈ। ਸਾਡੇ ਇਥੇ 88 ਹਜ਼ਾਰ ਯੂਨਿਟ ਲਗੇ ਹੋਏ ਹਨ ਅਤੇ ਇਸ ਉਤੇ ਕੈਪੀਟਲ 622 ਕਰੋੜ ਰੁਪਏ ਦਾ ਲਗਾ ਹੋਇਆ ਹੈ ਲੇਕਿਨ ਇੰਪਲਾਇਮੈਂਟ ਕਿੰਨੇ ਲੋਕਾਂ ਨੂੰ ਮਿਲੀ ਹੋਈ ਹੈ ਉਹ 4 ਲੱਖ 96 ਹਜ਼ਾਰ ਬੰਦਿਆਂ ਨੂੰ ਹੈ। ਹਰ ਜ਼ਿਲ੍ਹੇ ਵਿਚ ਕੋਈ ਨਾ ਕੋਈ ਫੂਡ ਪ੍ਰੋਡਿਊਸਿੰਗ ਇੰਡਸਟਰੀ ਹੋਵੇ ਅਤੇ ਲੋਕਲ ਇੰਡਸਟਰੀਲਿਸਟ ਹੋਣ। ਸਰਕਾਰ ਸਾਡੀ ਇੰਡਸਟਰੀ ਨੂੰ ਐਗਰੋ ਇੰਡਸਟਰੀ ਨੂੰ ਇਨਸੈਂਟਿਵ ਦੇਵੇ। ਇਸ ਨੂੰ ਮੇਰਾ ਖਿਆਲ ਹੈ ਕਿ ਸਾਰਾ ਹਾਊਸ ਯੂਨੈਨੀਮਸਲੀ ਪਾਸ ਕਰੇਗਾ ਅਤੇ ਮੇਰੀ ਪਾਰਟੀ ਇਸ ਨੂੰ ਸਪੋਰਟ ਕਰੇਗੀ। ਅਗਰ ਤੁਸੀਂ ਮਲਟੀ ਨੈਸ਼ਨਲ ਇੰਡਸਟਰੀ ਲਿਆਓ ਪੰਜਾਬ ਦੇ ਵਾਸਤੇ ਫੇਰ ਤੁਸੀਂ ਸਾਰੇ ਪੰਜਾਬ ਦੇ ਲੋਕਾਂ ਦਾ ਰੋਜ਼ਗਾਰ ਬੰਦ ਕਰ ਦੇਵੋਗੇ। ਇੰਪਲਾਇਮੈਂਟ ਫੇਰ ਨਹੀਂ ਮਿਲਣੀ। ਕੈਪੀਟੇਲਿਸਟ ਲਈ ਕੈਪੀਟਿਜ਼ਮ ਨੂੰ ਵਧਾਉਣ ਲਈ ਰੋਜ਼ਗਾਰ ਖਤਮ ਕਰਨੇ ਪੈਂਦੇ ਹਨ ਅਤੇ ਉਹ ਮਸ਼ੀਨਰੀ ਦੇ ਸਹਾਰੇ ਕੰਮ ਚਲਾਉਂਦਾ ਹੈ। ਜਿਸ ਦੇ ਨਾਲ ਲੋਕਾਂ ਨੂੰ ਰੋਜ਼ਗਾਰ ਨਹੀਂ ਮਿਲਦਾ। ਹਿੰਦੁਸਤਾਨ ਦੇ ਵਿਚ ਅਗਰ ਐਕਸਪੋਰਟ ਵੱਲ ਧਿਆਨ ਦੇਈਏ ਤਾਂ ਜਿਹੜਾ ਸਾਡਾ ਹੱਥ ਕਪੜਾ ਬੁਣਿਆਂ ਹੋਇਆ ਹੈ ਉਸ ਦੀ ਮੰਗ ਬਾਹਰਲ ਮੁਲਕਾਂ ਦੇ ਵਿਚ ਬਹੁਤ ਹੈ। ਜਦ ਕਿ ਸੋਸਾਇਟੀ ਇਥੇ ਵੱਡੀਆਂ ਵੱਡੀਆਂ ਟੈਕਸਟਾਈਲ ਮਿੱਲਾਂ ਦੀ ਮੰਗ ਕਰਦੀ ਹੈ। ਜਿਤਨਾ ਅਸੀਂ ਪੰਜਾਬ ਵਿਚ ਕਾਟਨ ਇੰਡਸਟਰੀ ਨੂੰ ਫਰੋਗ਼ ਦੇਵਾਂਗੇ ਉਤਨਾ ਹੀ ਪੰਜਾਬ ਦੇ ਲੋਕਾਂ ਲਈ ਫਾਇਦਾ ਹੋਵੇਗਾ ਅਤੇ ਸੇਵਾ ਹੋਵੇਗੀ। ਇਸ ਦੇ ਨਾਲ ਪੰਜਾਬ

[ਸ੍ਰੀ ਬ੍ਰਿਜ ਭੂਸ਼ਨ ਮਹਿਰਾ]

ਵਿਚ ਰੋਜ਼ਗਾਰ ਪੈਦਾ ਹੋਵੇਗਾ। ਮੈਂ ਤੁਹਾਨੂੰ ਦੱਸਦਾ ਹਾਂ ਕਿ ਕੈਪੀਟੇਲਿਜ਼ਮ ਕਿਵੇਂ ਫੇਲ ਹੋ ਗਈ ? ਮੇਰੇ ਕੋਲ ਇਕ ਕਿਤਾਬ ਫੀਲਿਸ਼ ਗਰੀਨੇ ਦੀ ਹੈ, ਇਹ ਇਕ ਬੜਾ ਇਕਨੋਮਿਸਟ ਹੈ, ਜਿਸ ਨੇ ਪਿਕਚਰ ਡੀਪਿਕਟ ਕੀਤੀ ਹੈ।

"American capitalism came to an unspoiled continent and has ravished it mercilessly......

In the short life of this country, we have essentially destroyed 282 million acres of crop and rangeland.. About 100 million acres of cropland, much of it representing the best cropland we have, is finished in this country. We cannot restore it.......

The result of massive production is massive filth. Every year Americans junk 7 million cars, 100 million tyres, 20 million tons of paper, 28 billion bottles and 48 billion cans......

American technology is already pressuring nature with tens of thousands of synthetic substances, many of which almost totally resist decay thus poisoning man's fellow creatures, to say nothing of himself. The burden includes smog fumes, aluminimum cans that do not rust, inorganic plastics that may last for decades..."

ਇਹ ਚੀਜ਼ ਇਕ ਪੱਖ ਤੋਂ ਵੇਖੀ ਗਈ ਹੈ ਇਸ ਕਰਕੇ ਅਸੀਂ ਇਸ ਚੀਜ਼ ਨੂੰ ਰਿਕੁਮੈਂਡ ਨਹੀਂ ਕਰ ਸਕਦੇ। ਤੁਸੀਂ ਪੰਜਾਬ ਵਿਚ ਐਗਰੋ ਬੇਸਡ ਇੰਡਸਟਰੀ ਨੂੰ ਫਲੋਟ ਕਰੋ ਤਾਕਿ ਪੰਜਾਬ ਦੇ ਲੋਕਾਂ ਨੂੰ ਫਾਇਦਾ ਹੋਵੇ ਅਤੇ ਰੋਜ਼ਗਾਰ ਮਿਲ ਸਕੇ। ਇਤਨੇ ਛੋਟੇ ਜਿਹੇ ਕੰਮ ਵਾਸਤੇ ਤੁਸੀਂ ਅਮਰੀਕਨ ਵੱਡੀ ਕੰਪਨੀ ਨੂੰ ਪੈਪਸੀ ਕੋਲਾ ਬਣਾਉਣ ਲਈ ਦਿਓ, ਇਹ ਇਕ ਅੱਛੀ ਗੱਲ ਨਹੀਂ ਹੋਵੇਗੀ। ਇਸ ਦੇ ਪਿਛੇ ਕੋਈ ਰਾਜ਼ ਹੈ। ਇਸ ਦੇ ਪਿਛੇ ਕੋਈ ਮਕਸਦ ਹੈ। ਪੰਜਾਬ ਪਹਿਲੇ ਹੀ ਬੜੇ ਨਾਜ਼ਕ ਹਾਲਾਤ ਵਿਚ ਖੜ੍ਹਾ ਹੈ ਇਹ ਵੀ ਪੁਲਿਟੀਕਲ ਆਈਡੀਆਲੋਜੀ ਵੱਡੇ ਕੈਪੀਟੇਲਿਸਟਾਂ ਦੀ ਹੈ, ਰਾਜੇ ਮਹਾਰਾਜਿਆਂ ਦੀ ਹੈ ਅਤੇ ਵੱਡੇ ਜਗੀਰਦਾਰਾਂ ਦੀ ਹੈ ਤਾਕਿ ਪੰਜਾਬ ਵਿਚ ਕੁਝ ਕੀਤਾ ਜਾ ਸਕੇ।

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ : ਆਨ ਏ ਪੁਆਇੰਟ ਆਫ ਆਰਡਰ, ਸਰ। ਆਫਟਰ ਸੀਲਿੰਗ ਕਿਹੜੇ ਵੱਡੇ ਜ਼ਿਮੀਂਦਾਰ ਰਹਿ ਗਏ ਹਨ ? ਪੰਜਾਬ ਵਿਚ ਕਿੰਨੇ ਰਹਿ ਗਏ ਹਨ ?

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਸਰ, ਮੈਂ ਆਈਡੀਆਲੋਜੀ ਦੀ ਗੱਲ ਕੀਤੀ ਸੀ। ਇਹ ਯੂਨੀਵਰਸਲ ਟਰੁੱਥ ਹੈ।

ਕੈਪਟਨ ਅਮਰਿੰਦਰ ਸਿੰਘ : ਡਿਪਟੀ ਸਪੀਕਰ ਸਾਹਿਬ, ਜਿਹੜਾ ਇਹ ਕਹਿੰਦੇ ਹਨ ਕਿ ਰਜਵਾੜਿਆਂ ਦੀ ਆਪਣੀ ਸਪੀਚ ਵਿਚ ਗੱਲ ਕੀਤੀ ਹੈ, ਮੈਂ ਇਹ ਗੱਲ ਨਹੀਂ ਕਹੀ। ਇਕ ਕੰਪਨੀ ਹੈ ਹਿੰਦੁਸਤਾਨ ਵਿਚ ਪਿਓਰ ਡਰਿੰਕਸ ਦੀ ਜੋ ਕਿ ਕੈਂਪਾ ਕੋਲਾ ਬਣਾਉਂਦੀ ਹੈ। ਅਗਰ ਕਿਸੇ ਨੂੰ ਇੰਡਸਟਰੀ ਦੇ ਨਾਲ ਨੁਕਸਾਨ ਹੁੰਦਾ ਹੈ ਮੈਂ ਵੀ ਇਕ ਬਿਜ਼ਨਸਮੈਨ ਹਾਂ ਪਰ ਜਦੋਂ ਸਾਰੇ ਪੰਜਾਬ ਦਾ ਸਵਾਲ ਆਉਂਦਾ ਹੈ ਤਾਂ ਉਸ ਗੱਲ ਨੂੰ ਪਹਿਲਾਂ ਵੇਖਿਆ ਜਾਂਦਾ ਹੈ। (ਥੰਪਿੰਗ)

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਡਿਪਟੀ ਸਪੀਕਰ ਸਾਹਿਬ, ਮੈਂ ਕਿਸੇ ਬਾਰੇ ਪਰਸਨਲ ਗੱਲ ਨਹੀਂ ਕੀਤੀ। ਮੈਂ ਤਾਂ ਮਹਿਸੂਸ ਕਰ ਰਿਹਾ ਹਾਂ ਕਿ ਇਸ ਵਿਚ ਆਬਜੈਕਟਿਵ ਨੈਸ਼ਨੇਲਿਜ਼ਮ ਹੈ। ਪੰਜਾਬ ਦੀ ਸਹੂਲਤ ਨੂੰ ਮੁੱਖ ਰਖ ਕੇ ਹੀ ਮੈਂ ਅਨੈਲਸਿਜ਼ ਕਰ ਰਿਹਾ ਹਾਂ। ਮੈਂ ਦੱਸਣਾ ਚਾਹੂੰਗਾ ਕਿ ਅਮਰੀਕਨ ਟੈਕਨਾਲੋਜੀ ਕੀ ਹੈ ? ਮੈਂ ਯੂਨੀਅਨ ਕਾਰਬਾਈਡ ਦੀ ਮਿਸਾਲ ਦਿੰਦਾ ਹਾਂ। ਅੱਜ ਉਹ ਕੀ ਕਰ ਰਹੇ ਹਨ ? ਉਹ ਅੱਜ ਕਿਸ ਤਰ੍ਹਾਂ ਪਲੇਅ ਕਰ ਰਹੇ ਹਨ ? ਉਨ੍ਹਾਂ ਦੀ ਕਿਹੋ ਜਿਹੀ ਫੀਲਿੰਗ ਹੈ ?

ਸਰਦਾਰ ਬਚਨ ਸਿੰਘ : ਡਿਪਟੀ ਸਪੀਕਰ ਸਾਹਿਬ, ਮਹਿਰਾ ਜੀ ਨੂੰ ਬੋਲਣ ਤੋਂ ਬੰਦ ਕਰੋ ਕਿਉਂਕਿ ਟਾਈਮ ਹੋ ਗਿਆ ਹੈ।

ਸ੍ਰੀ ਬ੍ਰਿਜ ਭੂਸ਼ਨ ਮਹਿਰਾ : ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਦਾ ਟਾਈਮ ਲੈ ਰਿਹਾ ਹਾਂ। ਪਾਰਟੀਵਾਈਜ਼ ਟਾਈਮ ਦਿਤਾ ਹੋਇਆ ਹੈ। ਡਿਪਟੀ ਸਪੀਕਰ ਸਾਹਿਬ, ਅਸੀਂ ਪੰਜਾਬ ਨੂੰ ਖੁਸ਼ਹਾਲ ਵੇਖਣਾ ਚਾਹੁੰਦੇ ਹਾਂ। (ਵਿਘਨ) ਸਾਨੂੰ ਇਸ ਤੇ ਕੋਈ ਇਤਰਾਜ਼ ਨਹੀਂ ਹੈ। ਜੇਕਰ ਦਿਹਾਤ ਖੁਸ਼ਹਾਲ ਹੋਵੇਗਾ ਤਦ ਹੀ ਸ਼ਹਿਰ ਵਸੇਗਾ। ਪੰਜਾਬ ਦੀ ਹਾਲਤ ਦੇ ਅਧਾਰ ਤੇ ਹੀ ਪੰਜਾਬ ਵਿਚ ਛੋਟੀ ਛੋਟੀ ਇੰਡਸਟਰੀ ਦੇ ਕਾਰਖਾਨੇ ਲਗਣੇ ਚਾਹੀਦੇ ਹਨ। ਇਸ ਨਾਲ ਅਸੀਂ ਪੰਜਾਬ ਨੂੰ ਤਰੱਕੀ ਦੇ ਰਸਤੇ ਤੇ ਲਿਜਾ ਸਕਦੇ ਹਾਂ ਅਤੇ ਪੰਜਾਬ ਦੀ ਮਰਿਆਦਾ ਨੂੰ ਕਾਇਮ ਰੱਖ ਸਕਦੇ ਹਾਂ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਨੂੰ ਖੁਸ਼ਹਾਲ ਬਣਾਓ ਔਰ ਇਸ ਨੂੰ ਮਲਟੀਨੈਸ਼ਨਲ ਵਾਲੇ ਪਾਸੇ ਨਾ ਲਿਜਾਓ। ਇਸ ਨਾਲ ਪੰਜਾਬ ਦਾ ਚਿਹਰਾ ਖਰਾਬ ਹੋ ਜਾਵੇਗਾ। ਇਸ ਤਰੀਕੇ ਦੇ ਨਾਲ ਪੰਜਾਬ ਤਰੱਕੀ ਨਹੀਂ ਕਰ ਸਕੇਗਾ। ਇਸ ਤਰ੍ਹਾਂ ਪੰਜਾਬ ਦਾ ਮਾਹੌਲ ਖਰਾਬ ਹੋ ਜਾਵੇਗਾ। ਪੰਜਾਬ ਨੂੰ ਖੁਸ਼ਹਾਲੀ ਵਾਲੇ ਪਾਸੇ ਲਿਜਾਉ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਸਰਦਾਰ ਰਣਜੀਤ ਸਿੰਘ ਬਾਲੀਆਂ (ਸੰਗਰੂਰ) : ਮੈਂ, ਡਿਪਟੀ ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਜੀ ਦੇ ਰੈਜ਼ੋਲਿਊਸ਼ਨ ਤੇ ਬੋਲਣ ਲਈ ਖੜ੍ਹਾ ਹੋਇਆ ਹਾਂ। ਸਭ ਤੋਂ ਪਹਿਲਾਂ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬੋਲਣ ਦੇ ਲਈ ਸਮਾਂ ਦਿੱਤਾ ਹੈ। ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ। ਅੱਜ ਪੰਜਾਬ ਨੇ ਖੇਤੀ ਦੇ ਵਿਚ ਬਹੁਤ ਜ਼ਿਆਦਾ ਤਰੱਕੀ ਕੀਤੀ ਹੈ। ਜੋ ਫੂਡ-ਗਰੇਨ ਦਾ ਟਾਰਗੇਟ ਸੱਤਵੀਂ ਪਲਾਨ ਵਿਚ ਅਚੀਵ ਕਰਨਾ ਸੀ, ਉਹ ਟਾਰਗੇਟ ਪਿਛਲੇ ਸਾਲ ਹੀ ਪੂਰਾ ਕਰ ਲਿਆ ਗਿਆ ਹੈ। (ਥੰਪਿੰਗ) ਪੰਜਾਬ ਵਿਚ ਜੋ ਫੂਡ-ਗਰੇਨ ਹੈ ਉਹ 7 ਲੱਖ ਟਨ ਹੋ ਗਈ ਹੈ। ਸੈਂਟਰਲ ਗੌਰਮਿੰਟ ਉਸ ਫੂਡ-ਗਰੇਨ ਨੂੰ ਚੁੱਕਣ ਲਈ ਤਿਆਰ ਨਹੀਂ ਹੈ। ਸੈਂਟਰਲ ਗੌਰਮਿੰਟ ਫੂਡ ਨੂੰ ਖਰੀਦਣ ਵਾਸਤੇ ਵੀ ਤਿਆਰ ਨਹੀਂ ਹੈ। ਸੈਂਟਰਲ ਗੌਰਮਿੰਟ ਕਿਸਾਨਾਂ ਨੂੰ ਜਿਨਸ ਦੇ ਭਾਅ ਵੀ ਠੀਕ ਦੇਣ ਲਈ ਤਿਆਰ ਨਹੀਂ ਹੈ। ਅੱਜ ਸਮੇਂ ਦੀ ਲੋੜ ਹੈ ਕਿ ਫਸਲਾਂ ਦੀ ਡਾਇਵਰਸੀਫਿਕੇਸ਼ਨ ਕੀਤੀ ਜਾਵੇ। ਪੰਜਾਬ ਦੇ ਕਿਸਾਨ ਨੂੰ ਝੋਨੇ ਦਾ ਠੀਕ ਭਾਅ ਨਹੀਂ ਮਿਲ ਰਿਹਾ। ਇਹ ਇਕ ਮਿਸਾਲ ਸਾਡੇ ਸਾਹਮਣੇ ਆਈ ਹੈ। ਕਿਸਾਨ ਨੂੰ ਆਪਣਾ ਹੱਕ ਨਹੀਂ ਮਿਲ ਰਿਹਾ। ਕਿਸਾਨ ਨੂੰ ਉਸ ਦਾ ਹੱਕ ਮਿਲਣਾ ਚਾਹੀਦਾ ਹੈ। ਜਿਸ ਨਾਲ, ਡਿਪਟੀ ਸਪੀਕਰ ਸਾਹਿਬ, ਉਹ ਉਨਤੀ ਕਰ ਸਕੇ। ਜੇਕਰ ਕਿਸਾਨ ਨੂੰ ਠੀਕ ਭਾਅ ਮਿਲੇਗਾ ਤਾਂ ਕਿਸਾਨ ਦੀ ਉਨਤੀ ਹੋਵੇਗੀ। (ਵਿਘਨ) ਇਸ ਸਬੰਧੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਨੇ ਪਹਿਲਾਂ ਹੀ ਜਿਹੜਾ ਮੈਟਰ ਹੈ ਉਹ ਸੈਂਟਰ ਗੌਰਮਿੰਟ ਨਾਲ ਲੈ ਰਖਿਆ ਹੈ। ਇਸ ਮਾਮਲੇ ਸਬੰਧੀ ਜੋ ਇਥੇ ਕਿੰਤੂ ਪਰੰਤੂ ਹੋ ਰਿਹਾ ਹੈ, ਉਸ ਸਬੰਧੀ ਸਰਦਾਰ ਸੁਰਜੀਤ ਸਿੰਘ ਬਰਨਾਲਾ ਦੀ ਸਟੇਟਮੈਂਟ ਹੈ September 6, 1986 ਦੇ ਇੰਡੀਅਨ ਐਕਸਪ੍ਰੈਸ ਵਿੱਚ ਹੈ, ਉਹ ਮੈਂ ਪੜ੍ਹ ਕੇ ਸੁਣਾਉਂਦਾ ਹਾਂ :—

The Punjab Chief Minister, Mr. Surjit Singh Barnala said that criticism in various quarters against the setting up of a Pepsi Cola plant in Punjab was "unnecessary and without any reason".

Such an agro based venture, he said, was the basic need of Punjab as there were surplus agriculture produce like sugarcane, vegetables and rice grain.

[ਸਰਦਾਰ ਰਣਜੀਤ ਸਿੰਘ ਬਾਲੀਆਂ]

*12.31 p.m. (ਇਸ *ਸਮੇਂ ਸ੍ਰੀ ਸਪੀਕਰ ਨੇ ਕੁਰਸੀ ਸੰਭਾਲੀ।)

ਸੋ, ਅਸੀਂ ਸਰਕਾਰ ਦੇ ਲੈਵਲ ਤੇ ਪਹਿਲਾਂ ਹੀ ਇਸ ਮਾਮਲੇ ਨੂੰ ਸੈਂਟਰ ਨਾਲ ਲੈ ਚੁਕੇ ਹਾਂ ਤੇ ਇਸ ਦੇ ਰਿਪਲਾਈ ਸਬੰਧੀ ਆਪਣੇ ਚੇਅਰਮੈਨ ਜੋ ਐਗਰੋ ਇੰਡਸਟਰੀ ਦੇ ਹਨ, ਉਨ੍ਹਾਂ ਨੇ ਵੀ ਲੈਟਰ ਪੜ੍ਹ ਕੇ ਸੁਣਾਇਆ ਹੈ। ਲੋੜ ਹੈ ਅਜਿਹੇ ਪ੍ਰਾਜੈਕਟਾਂ ਦੀ ਜਿਨ੍ਹਾਂ ਦੇ ਨਾਲ ਪੰਜਾਬ ਦਾ ਕਿਸਾਨ ਕੋਈ ਹੋਰ ਫਸਲਾਂ ਪੈਦਾ ਕਰਕੇ ਆਪਣੇ ਸੋਰਸ ਪੈਦਾ ਕਰ ਸਕੇ ਤਾਕਿ ਪੰਜਾਬ ਦਾ ਕਿਸਾਨ ਜਿਹੜੀ ਦਲਦਲ ਵਿਚ ਅੱਜ ਫਸਿਆ ਹੋਇਆ ਹੈ, ਉਸ ਦੇ ਵਿਚੋਂ ਨਿਕਲ ਸਕੇ। ਕਿਉਂਕਿ ਜੋ ਰੇਟਸ ਹਨ, ਉਹ ਸੈਂਟਰਲ ਗੌਰਮਿੰਟ ਕਿਸੇ ਵੀ ਸਮੇਂ ਨਾ ਤਾਂ ਪਹਿਲਾਂ ਨਿਰਧਾਰਤ ਕਰਦੀ ਹੈ ਨਾਂ ਬਾਅਦ ਵਿੱਚ ਦਿੰਦੀ ਹੈ। ਪੰਜਾਬ ਗੌਰਮਿੰਟ ਉਸ ਦੇ ਰੇਟਸ ਜੋ ਖੇਤੀ ਨਾਲ ਸਬੰਧਤ ਹਨ, ਫਿਕਸ ਨਹੀਂ ਕਰ ਸਕਦੀ। ਭਾਵੇਂ ਪੰਜਾਬ ਕਿਸਾਨ ਯੂਨੀਅਨ ਦੀ ਮੰਗ ਹੈ ਕਿ ਜੋ ਖੇਤੀ ਦੀਆਂ ਜਿਣਸਾਂ ਹਨ, ਉਨ੍ਹਾਂ ਦੇ ਰੇਟ ਸੂਚਕ ਅੰਕ ਨਾਲ ਜੋੜੇ ਜਾਣ ਤਾਕਿ ਲਾਹੇਵੰਦ ਭਾਅ ਮਿਲ ਸਕੇ। ਇਸ ਪ੍ਰਾਜੈਕਟ ਦੇ ਆਉਣ ਨਾਲ ਪੰਜਾਬ ਵਿੱਚ ਇਸ ਤਰ੍ਹਾਂ ਦੀ ਆਪਣੀ ਡਿਵੈਲਪਮੈਂਟ ਹੋਣੀ ਹੈ ਜਿਸ ਨਾਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋ ਸਕੇ। ਮੈਂ ਇਸ ਪ੍ਰਾਜੈਕਟ ਦਾ, ਜੋ ਪ੍ਰਾਜੈਕਟ ਰਿਪੋਰਟ ਵਿੱਚ ਮੰਤਵ ਰਖਿਆ ਗਿਆ ਹੈ, 2-3 ਮੇਨ ਮੋਟਿਵਜ਼ ਹਨ, ਪੜ੍ਹ ਕੇ ਸੁਣਾਉਣ ਲਗਾ ਹਾਂ:—

1. "An Agro Research Centre with a capital outlay of Rs. 1.55 crores. This unit will be instrumental in developing high yields. disease-resistant seed varieties and promoting rapid seed multiplication for broad distribution to farmers.

2. Potato Grain and Fruit Vegitable Processing Plants. In this area the projected capital outlay including the Research Centre is Rs. 17 crores. 74% of the total investment.

3. A soft-drink Concentrate Manufacturing unit with an investment of Rs. 5.6 crores, to supply a range of concentrate flavours to a net-work of independent bottlers. This will estimulate a rapid expansion of the soft-drink market with the attendant development of ancillary industries and service, resultiny in substancial new employment and a significant increase in revenues to the exchequer. The venture will expand to introduce natural juice and other nutritional soya-based beverages."

ਸੋ, ਏਥੇ ਹਾਸਾ ਕੀਤਾ ਗਿਆ ਹੈ ਕਿ ਪੈਪਸੀ ਦੇ ਆਉਣ ਨਾਲ ਇਥੋਂ ਦੀ ਜੋ ਇੰਡਸਟਰੀ ਹੈ ਜਾਂ ਪੈਪਸੀ ਨੂੰ ਮਲਟੀਨੈਸ਼ਨਲ ਦਾ ਜੋ ਖਿਤਾਬ ਦਿੱਤਾ ਗਿਆ ਹੈ, ਇਸ ਤਰ੍ਹਾਂ ਦੀਆਂ ਫੈਕਟਰੀਆਂ ਅੱਜ ਪਹਿਲਾਂ ਵੀ ਬਹੁਤ ਚਲਦੀਆਂ ਪਈਆਂ ਹਨ ਜਿਸ ਨਾਲ ਬਾਹਰੋਂ ਟੈਕਨਾਲੋਜੀ ਨੂੰ ਲੈ ਕੇ ਏਥੇ ਹਿੰਦੁਸ-ਤਾਨ ਦੀ ਡਿਵੈਲਪਮੈਂਟ ਵਿੱਚ ਬਹੁਤ ਜ਼ਿਆਦਾ ਯੋਗਦਾਨ ਪਾਇਆ ਗਿਆ ਹੈ। ਸੋ, ਇਸ ਦੇ ਨਾਲ ਇਸ ਪ੍ਰਾਜੈਕਟ ਦੀ ਟੋਟਲ ਕਾਸਟ 22 ਕਰੋੜ ਰੁਪਿਆ ਹੈ। ਜਿਸ ਦੇ ਨਾਲ ਡੇਢ ਕਰੋੜ ਰੁਪਏ ਦਾ ਰਿਸਰਚ ਸੈਂਟਰ ਬਣਨਾ ਹੈ। ਰਿਸਰਚ ਸੈਂਟਰ ਦੇ ਬਣਨ ਨਾਲ ਪੰਜਾਬ ਦੇ ਕਿਸਾਨਾਂ ਨੂੰ ਐਗਰੀ-ਕਲਚਰ ਡਾਈਵਰਸੀਫਿਕੇਸ਼ਨ ਵਾਸਤੇ ਬੜੀ ਸਹੂਲਤ ਮਿਲਣੀ ਹੈ। ਪੰਜਾਬ ਦੇ ਕਿਸਾਨਾਂ ਨੂੰ ਹਾਈ-

ਬਰਿਡ ਜੋ ਬੀਜ ਹਨ, ਉਹ ਸੀਡ ਮਿਲਣੇ ਹਨ ਜਿਸ ਦੇ ਨਾਲ ਪੰਜਾਬ ਦੇ ਕਿਸਾਨਾਂ ਦੀ ਆਪਣੀ ਖੁਸ਼ਹਾਲੀ ਹੋਣੀ ਹੈ। ਟਾਈਮਜ਼ ਆਫ ਇੰਡੀਆ ਦੇ ਸਤੰਬਰ–1, 1986 ਦੇ ਪੇਪਰ ਵਿਚੋਂ ਮੈਂ ਕੁਝ ਪੜ੍ਹ ਕੇ ਸੁਣਾਵਾਂਗਾ।

"The PAIC-Pepsico project's main contribution will be to provide a stable market for fruits and vegetables and cut out the middleman altogether."

ਹਾਰਟੀਕਲਚਰ ਨੂੰ ਬੜ੍ਹਾਵਾ ਦੇਣ ਵਾਸਤੇ ਬਜਟ ਵਿਚ ਵੀ ਰਖਿਆ ਗਿਆ ਹੈ। ਇਹ ਜੋ ਗੁਪਤਾ ਜੀ ਕਹਿ ਰਹੇ ਸੀ ਕਿ ਪਤਾ ਨਹੀਂ ਕਿਥੋਂ ਜ਼ਮੀਨ ਲੈਣਗੇ, ਬੜੇ ਅਫਸੋਸ ਦੀ ਗਲ ਹੈ ਕਿ ਇਨ੍ਹਾਂ ਭਾਈਆਂ ਨੂੰ ਆਪ ਨਹੀਂ ਪਤਾ ਇਕ ਪਾਸੇ ਤਾਂ ਫੂਡ ਗਰੇਨ ਖਰੀਦਣ ਨੂੰ ਤਿਆਰ ਨਹੀਂ ਹਨ (ਵਿਘਨ) ਇਹ ਵੀਰ ਨਹੀਂ ਚਾਹੁੰਦੇ ਕਿ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇ। ਇਸ ਤਰ੍ਹਾਂ ਹਾਰਟੀਕਲਚਰ ਨੂੰ ਬੜ੍ਹਾਵਾ ਦੇਣ ਵਾਸਤੇ ਜਿਸ ਤਰ੍ਹਾਂ ਇਥੇ ਕਿਹਾ ਹੈ ਕਿ ਕਿੰਨੀ ਵੇਸਟ ਜਾਂਦੀ ਹੈ, 40% of the 33,000 tonnes of stone pears being produced in Punjab are going waste.

ਇਨ੍ਹਾਂ ਚੀਜ਼ਾਂ ਨੂੰ ਫਰੂਟ ਵਿਚ ਲੈਣ ਵਾਸਤੇ ਸਾਨੂੰ ਲੋੜ ਹੈ ਪਰਾਜੈਕਟਾਂ ਦੀ। ਇਸ ਤਰ੍ਹਾਂ ਅੱਗੇ ਜਾ ਕੇ ਪੇਪਰ ਵਿਚ ਕਿਹਾ ਗਿਆ ਹੈ :--

"Using selected clones and tissue culture Pepsico develops about 50,000 new varieties of potato every year.

If over the next five to ten years, the project raises yields by 50 per cent every peasant family that diverts a single hectare from rice and wheat to fruit or vegetables will gain from Rs. 8,000 to Rs. 35,000, depending on what it is growing."

ਸੋ, ਜਦੋਂ ਇਸ ਤਰ੍ਹਾਂ ਦਾ ਪੰਜਾਬ ਦੇ ਕਿਸਾਨ ਨੂੰ ਫਾਇਦਾ ਹੋਣ ਲਗਿਆ ਤਾਂ ਪੰਜਾਬ ਦਾ ਕਿਸਾਨ ਆਪਣੇ ਆਪ ਡਾਈਵਰਸੀਫੀਕੇਸ਼ਨ ਵਲ ਚਲਿਆ ਜਾਏਗਾ। ਇਸ ਨਾਲ ਜ਼ਰੂਰੀ ਹੈ ਕਿ ਇਸ ਤਰ੍ਹਾਂ ਦੇ ਪਰਾਜੈਕਟ ਪੰਜਾਬ ਵਿਚ ਲਗਾਏ ਜਾਣ। ਗਲ ਹੈ ਲੋਕੇਸ਼ਨ ਦੀ। ਲੋਕੇਸ਼ਨ ਜਿਥੇ ਵੀ ਮਰਜ਼ੀ ਲਗਾ ਦੇਣ ਪੰਜਾਬ ਵਿਚ ਕਿਸਾਨ ਮਿਹਨਤੀ ਹੈ। ਜਿਥੇ ਵੀ ਇਹ ਪਰਾਜੈਕਟ ਲਗੇਗਾ ਉਸ ਦਾ ਆਲਾ ਦੁਆਲਾ ਸਰਾਊਂਡਿੰਗਜ਼ ਏਰੀਆ ਡਿਵੈਲਪਮੈਂਟ ਕਰਕੇ ਪਰਾਜੈਕਟ ਵਾਸਤੇ ਤਿਆਰ ਕੀਤਾ ਜਾਂਦਾ ਹੈ। ਪੰਜਾਬ ਦਾ ਕਿਸਾਨ, ਪੰਜਾਬੀ ਜਿਥੇ ਵੀ ਕਿਤੇ ਹੋਵੇਗਾ ਉਹ ਆਪਣਾ ਕੰਮ ਮਿਹਨਤ ਨਾਲ ਕਰਕੇ ਆਪਣਾ ਸਿਰ ਉੱਚਾ ਰਖੇਗਾ। ਇਸ ਪਰਾਜੈਕਟ ਤੋਂ ਹੋਰ ਵੀ ਕਈ ਫਾਇਦੇ ਹੋਣਗੇ। ਇਸ ਪਰਾਜੈਕਟ ਤੇ 22 ਕਰੋੜ ਰੁਪਿਆ ਲਗਣਾ ਹੈ। ਇਸ ਵਿਚ ਜੋ ਇਸ ਵੇਲੇ ਵੇਸਟ ਜਾਂਦੀ ਹੈ ਉਹ ਇਸ ਵਿਚ ਵਰਤੀ ਜਾਣੀ ਹੈ ਔਰ ਉਸ ਨਾਲ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਏਗਾ। ਇਸ ਨਾਲ ਇੰਡਸਟਰੀ ਦਾ ਟੈਕਸ ਰੈਵੇਨਿਊ ਵੀ ਵਧੇਗਾ। 150 ਕਰੋੜ ਰੁਪਿਆ ਪਰ ਐਨਮ ਫਾਇਦਾ ਹੋਏਗਾ। ਇਸੇ ਤਰ੍ਹਾਂ ਇਸ ਪ੍ਰਾਜੈਕਟ ਦੀ ਜੋ ਰਿਪੋਰਟ ਹੈ ਉਸ ਵਿਚ ਲਿਖਿਆ ਹੈ ਕਿ 1 ਡਾਲਰ ਇਸ ਦੇ ਨਾਲ ਜੋ ਇੰਪੋਰਟ ਕਰਨੀ ਹੈ ਹੋਰ ਇੰਪੋਰਟ ਕਰਨ ਤੋਂ ਪਹਿਲਾਂ 3 ਡਾਲਰ ਦੀ ਐਕਸਪੋਰਟ ਕਰਨੀ ਹੈ ਤਾਂ ਉਸ ਨੂੰ ਕਵਰੇਜ ਦੇ ਕੇ ਹਿੰਦੁਸਤਾਨ ਗੌਰਮਿੰਟ ਨੂੰ 55 ਕਰੋੜ ਰੁਪਏ ਦਾ ਫਾਰੇਨ ਐਕਸਚੇਂਜ ਦਾ ਫਾਇਦਾ ਹੋਵੇਗਾ। ਸੋ ਜਿਵੇਂ ਗੱਲ ਆਈ ਸੀ ਕਿ ਇਸ ਦਾ ਕੌਣ ਵਿਰੋਧ ਕਰ ਰਹੇ ਹਨ, ਇਸ ਬਾਰੇ ਹਿੰਦੁਸਤਾਨ ਵਿਚ ਇਕ ਲਾਬੀ ਹੈ। ਕੈਂਪਾ ਕੋਲਾ ਵਾਲੇ ਹਨ ਜਾਂ ਹੋਰ ਹਨ ਉਹ ਨਹੀਂ ਚਾਹੁੰਦੇ ਕਿ ਪੰਜਾਬ ਵਿਚ, ਹਿੰਦੁਸਤਾਨ ਵਿਚ ਕੋਈ ਇਸ ਤਰ੍ਹਾਂ ਦੀ ਇੰਡਸਟਰੀ ਆਵੇ। ਉਹ ਸਮਝਦੇ ਹਨ ਕਿ ਇਸ ਤਰ੍ਹਾਂ ਉਨ੍ਹਾਂ

[ਸਰਦਾਰ ਰਣਜੀਤ ਸਿੰਘ ਬਾਲੀਆਂ]

ਦੀ ਮਨਾਪਲੀ ਖਤਮ ਹੋਵੇਗੀ। ਸੋ ਲੋੜ ਹੈ ਇਸ ਤਰ੍ਹਾਂ ਦੇ ਪ੍ਰਾਜੈਕਟ ਨੂੰ ਚਾਲੂ ਕਰਨ ਵਾਸਤੇ। ਜਿਵੇਂ ਪਹਿਲਾਂ ਇਹ ਦੱਸਿਆ ਜਾ ਚੁੱਕਾ ਹੈ ਕਿ ਇਸ ਪ੍ਰਾਜੈਕਟ ਤੋਂ ਜੋ ਬੈਨੀਫਿਟ ਹੋਣਾ ਹੈ ਉਹ ਪ੍ਰਾਜੈਕਟ ਰਿਪੋਰਟ ਦੇ ਅਨੁਸਾਰ ਮੈਂ ਪੜ੍ਹ ਕੇ ਸੁਣਾਉਣ ਦੀ ਕੋਸ਼ਿਸ਼ ਕਰਾਂਗਾ। ਉਹ ਇਸ ਤਰ੍ਹਾਂ ਹੈ :--

"1. Major investment of Rs. 22 crores in a large food project. This will poineer and catalyse growth of the processed food industry.

2. Large scale utilisation of 1,00,000 MT of agro output helping to reduce crop wastage and improve farm incomes.

3. The transfer of advanced agro-industrial technology to improve farm practices, crop yields, and introduction of high-yield, disease resistent, hybrid varieties of oilseeds, potato and tomato.

4. A significant increase in processed food exports-equivalent to 20% of the current national exports.

The project commits itself to Rs. 55 crores (exports) in the first 5 years atleast 3 times the total foreign exchange requirement for machinery, dividend repatriation, essential raw materials etc.

5. The acquisition of state-of-the-art technology in food and beverage processing, packaging etc. with accompanying water/effluent treatment and waste disposal."

ਸ੍ਰੀ ਜਗਜੀਤ ਸਿੰਘ : ਸਪੀਕਰ ਸਾਹਿਬ, ਕੀ ਕੋਈ ਮੈਂਬਰ ਪੜ੍ਹ ਕੇ ਬੋਲ ਸਕਦਾ ਹੈ ?

ਸ੍ਰੀ ਸਪੀਕਰ : ਉਹ ਪੜ੍ਹਕੇ ਨਹੀਂ ਬੋਲ ਰਹੇ। He is referring to some document or some written thing.

ਸਰਦਾਰ ਰਣਜੀਤ ਸਿੰਘ ਬਾਲੀਆਂ : ਮੈਂ ਪ੍ਰਾਜੈਕਟ ਰਿਪੋਰਟ ਪੜ੍ਹ ਕੇ ਸੁਣਾ ਰਿਹਾ ਹਾਂ। ਅੱਗੇ ਇਸ ਤਰ੍ਹਾਂ ਹੈ :

"6. A tremendous boost to employment-both direct and indirect.

7. An increase in industry tax revenues by Rs. 150 crores per annum within a 5 year period.

8. Expansion and technological upgradation of ancillary industries in packaging, machinery and raw materials."

ਤੇ ਮੈਂ ਸਮਝਦਾ ਹਾਂ ਕਿ ਇਸ ਦੇ ਨਾਲ ਇਥੇ ਜਿਹੜੀ ਅਨਇੰਪਲਾਇਮੈਂਟ ਦੀ ਪ੍ਰਾਬਲਮ ਹੈ, ਉਹ ਦੂਰ ਹੁੰਦੀ ਹੈ। ਫਿਰ ਪੰਜਾਬ ਦੇ ਕਿਸਾਨ ਨੂੰ ਵੀ ਫਾਇਦਾ ਮਿਲਦਾ ਹੈ। ਪੰਜਾਬ ਦਾ ਕਿਸਾਨ ਆਪਣੀ ਖੇਤੀ ਦੀ ਡਾਈਵਰਸੀਫੀਕੇਸ਼ਨ ਕਰੇਗਾ ਜਿਸ ਨਾਲ ਉਹ ਖੁਸ਼ਹਾਲ ਹੋਵੇਗਾ। ਸੋ, ਸਪੀਕਰ ਸਾਹਿਬ, ਮੈਂ ਇਸ ਰੈਜ਼ੋਲਿਊਸ਼ਨ ਦੀ ਸਪੋਰਟ ਕਰਦਾ ਹੋਇਆ ਹਾਊਸ ਨੂੰ ਕਹਾਂਗਾ ਕਿ ਇਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਜਾਵੇ। ਐਨਾ ਕਹਿੰਦਾ ਹੋਇਆ ਮੈਂ ਖਿਮਾਂ ਮੰਗਦਾ ਹਾਂ।

ਸਰਦਾਰ **ਕਰਨੈਲ ਸਿੰਘ ਡੋਡ** (ਫਰੀਦਕੋਟ) : ਜਨਾਬ, ਸਪੀਕਰ ਸਾਹਿਬ, ਅੱਜ ਹਾਊਸ ਦੇ ਸਾਹਮਣੇ ਜੋ ਰੈਜ਼ੋਲਿਊਸ਼ਨ ਪੇਸ਼ ਹੋਇਆ ਹੈ .....

ਸਰਦਾਰ ਸੁਖਦੇਵ ਸਿੰਘ ਢਿੱਲੋਂ: ਸਪੀਕਰ ਸਾਹਿਬ, ਮੈਨੂੰ ਵੀ ਬੋਲਣ ਲਈ ਟਾਈਮ ਦਿਓ। ਮੈਨੂੰ ਕਿਹਾ ਗਿਆ ਸੀ ਕਿ ਟਾਈਮ ਮਿਲੇਗਾ।

ਸ੍ਰੀ ਸਪੀਕਰ: ਮੈਂ ਚੈੱਕ ਕਰ ਲਵਾਂਗਾ। ਜੇ ਟਾਈਮ ਹੋਇਆ ਤਾਂ ਮਿਲੇਗਾ। We will certainly accommodate you. We have to accommodate others also. ਡੋਡ ਸਾਹਿਬ, ਤੁਸੀਂ 10 ਮਿੰਟਾਂ ਵਿਚ ਕਨਕਲੂਡ ਕਰੋ।

ਸਰਦਾਰ **ਕਰਨੈਲ ਸਿੰਘ ਡੋਡ**: ਸਪੀਕਰ ਸਾਹਿਬ, ਅੱਜ ਜੋ ਹਾਊਸ ਵਿਚ ਰੈਜ਼ੋਲਿਊਸ਼ਨ ਪੇਸ਼ ਹੋਇਆ ਹੈ ਉਹ ਪੰਜਾਬ ਦੀ ਆਰਥਿਕਤਾ, ਪੰਜਾਬ ਦੇ ਕਿਸਾਨ ਦੀ ਆਰਥਿਕਤਾ ਨਾਲ ਗਹਿਰਾ ਸਬੰਧ ਰੱਖਦਾ ਹੈ। ਮੈਂ ਰਾਜਾ ਸਾਹਿਬ, ਸਰਦਾਰ ਨਰਿੰਦਰ ਸਿੰਘ ਤੇ ਮਹਾਰਾਜਾ ਸਾਹਿਬ ਸਰਦਾਰ ਅਮਰਿੰਦਰ ਸਿੰਘ ਨੂੰ ਮੁਬਾਰਕਬਾਦ ਦਿੰਦਾ ਹਾਂ ਜੋ ਇਨ੍ਹਾਂ ਨੇ ਪੰਜਾਬ ਦੇ ਸਾਂਝੇ ਮਸਲੇ ਤੇ ਇਹ ਰੈਜ਼ੋਲਿਊਸ਼ਨ ਪੇਸ਼ ਕਰਕੇ ਪੰਜਾਬ ਦੀ ਸਰਕਾਰ ਐਂਰ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੂੰ ਪਾਰਟੀ ਪੱਧਰ ਤੋਂ ਉਠ ਕੇ, ਸਹਿਯੋਗ ਦਿੱਤਾ ਹੈ ਨਹੀਂ ਤਾਂ ਅਸੀਂ ਦੇਖਿਆ ਹੈ ਕਿ ਭਾਵੇਂ ਕੋਈ ਗੱਲ ਚੰਗੀ ਹੈ ਜਾਂ ਮਾੜੀ ਹੈ ਇਹ ਅਪੋਜ਼ ਹੀ ਕਰਦੇ ਰਹੇ ਹਨ। ਮੁਬਾਰਕਬਾਦ ਇਸ ਗੱਲ ਦੀ ਹੈ ਕਿ ਇਸ ਚੰਗੀ ਗੱਲ ਨੂੰ ਇਨ੍ਹਾਂ ਨੇ ਚੰਗਾ ਕਿਹਾ ਹੈ। ਪਰ ਅਫ਼ਸੋਸ ਹੈ ਕਿ ਮੇਰੇ ਸਾਹਮਣੇ ਸੱਜੇ ਹੱਥ ਬੈਠੇ ਜੋ ਸੱਜਣ ਹਨ, ਸਪੀਕਰ ਸਾਹਿਬ, ਜੇ ਪੰਜਾਬ ਦੀ ਹਿਸਟਰੀ ਦੇਖੀਏ ਤਾਂ ਪੰਜਾਬ ਦੇ ਜਿੰਨੇ ਵੀ ਦੁਖਾਂਤ ਹਨ ਤਾਂ ਉਹ ਸਭ ਇਨ੍ਹਾਂ ਦੀ ਦੇਣ ਹਨ। ਮੈਂ ਸਰਦਾਰ ਕਿਰਪਾਲ ਸਿੰਘ ਦੀ ਇਸ ਗੱਲ ਦੀ ਤਾਈਦ ਕਰਦਾ ਹਾਂ ਕਿ ਇਹ ਸਭ ਕੁਝ ਇਨ੍ਹਾਂ ਦੀ ਹੀ ਦੇਣ ਹੈ। ਨਾ ਪੰਜਾਬੀਆਂ ਦੇ ਮਸਲੇ ਤੇ ਇਨ੍ਹਾਂ ਨੇ ਪੰਜਾਬ ਦਾ ਸਾਥ ਦਿੱਤਾ, ਨਾ ਪਾਣੀਆਂ ਦੇ ਮਸਲੇ ਤੇ ਇਨ੍ਹਾਂ ਨੇ ਪੰਜਾਬ ਦਾ ਸਾਥ ਦਿੱਤਾ ਐਂਰ ਨਾ ਪੰਜਾਬੀ ਬੋਲਦੇ ਇਲਾਕਿਆਂ ਤੇ ਇਨ੍ਹਾਂ ਨੇ ਪੰਜਾਬ ਦਾ ਸਾਥ ਦਿੱਤਾ। (ਵਿਘਨ) (ਇਕ ਆਵਾਜ਼: ਦਸੋ ਇਹ ਦੁਖਾਂਤ ਇਨ੍ਹਾਂ ਦੇ ਕਾਰਨ ਹਨ ਕਿ ਸਾਡੇ ਕਾਰਨ?) ਸਪੀਕਰ ਸਾਹਿਬ, ਕਿੰਨੇ ਦੁੱਖ ਦੀ ਗੱਲ ਹੈ ਕਿ ਇਤਨਾ ਜ਼ਰੂਰੀ ਮਸਲਾ ਹੈ ਜਿਸ ਦੇ ਨਾਲ ਪੰਜਾਬ ਦੀ ਕਿਰਸਾਨੀ ਸਬੰਧਤ ਹੈ, ਪੰਜਾਬ ਦੀ ਐਗਰੀਕਲਚਰਲ ਸਾਈਡ ਦੀ ਆਰਥਿਕਤਾ ਸਬੰਧਤ ਹੈ, ਉਸ ਦੇ ਵਿੱਚ ਆਪਣੇ ਮੈਂਬਰਜ਼ ਨੂੰ ਇਨ੍ਹਾਂ ਨੇ ਖੁਲ੍ਹ ਕੇ ਬਹਿਸ ਕਰਨ ਦੀ ਇਜਾਜ਼ਤ ਨਹੀਂ ਦਿੱਤੀ, ਮੈਂਬਰਜ਼ ਨੂੰ ਆਪਣੀ ਜ਼ਮੀਰ ਨਾਲ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ। ਧੱਕੇ ਨਾਲ ਪਾਰਟੀ ਮੀਟਿੰਗ ਵਿਚ ਫੈਸਲਾ ਲੈ ਲਿਆ ਕਿ ਅਪੋਜ਼ ਕਰਨਾ ਹੈ। ਅੱਜ ਨਾਨ-ਆਫ਼ੀਸ਼ੀਅਲ ਦਿਨ ਹੈ ਐਂਰ ਨਾਨ-ਆਫ਼ੀਸ਼ੀਅਲ ਰੈਜ਼ੋਲਿਊਸ਼ਨ ਅੱਜ ਪੇਸ਼ ਹੋਇਆ ਹੈ ਪਰ ਉਸ ਵਿੱਚ ਵੀ ਮੈਂਬਰਜ਼ ਨੂੰ ਆਪਣੀ ਜ਼ਮੀਰ ਮੁਤਾਬਿਕ ਬੋਲਣ ਨਹੀਂ ਦਿੱਤਾ ਤਾਕਿ ਮੈਂਬਰਜ਼ ਜੋ ਕੁਝ ਆਪ ਕਹਿਣਾ ਚਾਹੁੰਦੇ ਹਨ ਉਹ ਨਾ ਕਹਿ ਸਕਣ ਅਤੇ ਇਸ ਰੈਜ਼ੋਲਿਊਸ਼ਨ ਨੂੰ ਅਪੋਜ਼ ਕਰਨ। (ਇਕ ਅਵਾਜ਼: ਫਾਇਦਾ ਕੀ ਹੋਣਾ ਹੈ?)

ਸਪੀਕਰ ਸਾਹਿਬ, ਮੈਂ ਵੀ ਕਿਰਸਾਣੀ ਨਾਲ ਸਬੰਧਤ ਹਾਂ ਐਂਰ ਮੈਂ ਪੰਜਾਬ ਮੰਡੀਕਰਨ ਬੋਰਡ ਦਾ ਪ੍ਰਧਾਨ ਰਿਹਾ ਹਾਂ। ਮੇਰਾ ਇਹ ਤਜਰਬਾ ਹੈ ਕਿ ਪੰਜਾਬ ਵਿੱਚ ਹੀ ਨਹੀਂ ਬਲਕਿ ਸਾਰੇ ਹਿੰਦੁ-ਸਤਾਨ ਵਿੱਚ ਹੀ ਇਹ ਜੋ ਮੰਡੀਕਰਨ, ਐਗਰੀਕਲਚਰਲ ਪ੍ਰੋਡਿਊਸ ਦੀ ਜੋ ਮਾਰਕੀਟਿੰਗ ਹੈ ਉਸ ਦੇ ਵਿੱਚ ਨਾ ਸੈਂਟਰ ਦੀ ਸਰਕਾਰ ਨੇ ਨਾ ਸੂਬਿਆਂ ਦੀਆਂ ਸਰਕਾਰਾਂ ਨੇ ਕੋਈ ਖਾਸ ਯੋਗਦਾਨ ਪਾਇਆ ਹੈ, ਇਸ ਦੇ ਵਿੱਚ ਇਸ ਦੀ ਇਮਪਰੂਵਮੈਂਟ ਵਾਸਤੇ ਕਿਸੇ ਨੇ ਕੋਈ ਖਾਸ ਯੋਗਦਾਨ ਨਹੀਂ ਪਾਇਆ। ਅੱਜ ਵੀ, ਸਪੀਕਰ ਸਾਹਿਬ, ਕਾਣੀ ਡੰਡੀ ਉਸੇ ਤਰ੍ਹਾਂ ਕੰਮ ਕਰਦੀ ਹੈ ਜਿਵੇਂ ਸਰ ਛੋਟੂ ਰਾਮ ਦੇ ਜ਼ਮਾਨੇ ਵਿੱਚ ਕਰਦੀ ਸੀ। ਮੈਂ ਬਤੌਰ ਚੇਅਰਮੈਨ ਆਫ ਦੀ ਮਾਰਕੀਟਿੰਗ ਬੋਰਡ ਦੀ ਵੀ ਕਹਿੰਦਾ

[ਸਰਦਾਰ ਕਰਨੈਲ ਸਿੰਘ ਡੋਡ]

ਰਿਹਾ ਹਾਂ ਔਰ ਅੱਜ ਵੀ ਕਹਿੰਦਾ ਹਾਂ, ਪਿਛਲੇ ਸੈਸ਼ਨ ਵਿੱਚ ਵੀ ਮੈਂ ਕਿਹਾ ਸੀ ਕਿ ਸਰਕਾਰ ਨੂੰ, ਐਗਰੀਕਲਚਰਲ ਯੂਨੀਵਰਸਿਟੀ ਨੂੰ ਐਗਰੀਕਲਚਰ ਪ੍ਰੋਡਿਊਸ ਦੀ ਮਾਰਕੀਟਿੰਗ ਲਈ ਕੋਈ ਪ੍ਰਬੰਧ ਕਰਨੇ ਚਾਹੀਦੇ ਹਨ। ਕੱਲ੍ਹ ਹੀ ਟੈਲੀਵੀਯਨ ਤੇ ਟਾਕ ਆਈ ਸੀ, ਉਸ ਦੇ ਵਿੱਚ ਐਗਰੀਕਲਚਰਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਰਦਾਰ ਮਨੋਹਰ ਸਿੰਘ ਗਿੱਲ ਔਰ ਖੇਤੀਬਾੜੀ ਦੇ ਮਹਿਕਮੇ ਦੇ ਸਰਵ ਉਚ ਅਧਿਕਾਰੀ ਜੋ ਹਨ, ਉਹ ਸਨ। ਉਨ੍ਹਾਂ ਦੇ ਉਥੇ ਡਾਇਲਾਗ ਵਿੱਚ ਇਕ ਸਵਾਲ ਕੀਤਾ ਗਿਆ ਗਿੱਲ ਸਾਹਿਬ ਨੂੰ ਕਿ ਮੰਡੀਕਰਨ, ਐਗਰੀਕਲਚਰਲ ਪ੍ਰੋਡਿਊਸ ਦੀ ਮਾਰਕੀਟਿੰਗ ਪਿੱਛੇ ਹੈ ਉਸ ਦੇ ਲਈ ਸਰਕਾਰ ਕੀ ਕਰ ਰਹੀ ਹੈ ? ਮੈਂ ਉਸ ਗੱਲ ਨੂੰ ਨੋਟ ਕੀਤਾ ਹੈ ਕਿ ਉਹ ਕੋਈ ਉਸ ਦਾ ਖਾਸ ਜਵਾਬ ਨਹੀ ਦੇ ਸਕੇ। ਗਿੱਲ ਸਾਹਿਬ ਨੇ ਇਹ ਤਾਂ ਕਿਹਾ ਹੈ ਕਿ ਅਸੀਂ ਡਾਈਵਰ-ਸੀਫੀਕੇਸ਼ਨ ਕਰ ਰਹੇ ਹਾਂ ਲੇਕਿਨ ਮੇਰਾ ਅਨੁਭਵ ਹੈ ਕਿ ਇਸ ਗੱਲ ਦਾ ਉਹ ਯੋਗ ਜਵਾਬ ਨਹੀਂ ਸੀ ਕਿਉਂਕਿ ਇਸ ਪਾਸੇ ਸਰਕਾਰ ਨੂੰ, ਐਗਰੀਕਲਚਰਲ ਯੂਨੀਵਰਸਿਟੀ ਨੂੰ ਜਿਹੜਾ ਨਿਘਰ ਕੰਮ ਕਰਨਾ ਚਾਹੀਦਾ ਸੀ ਉਹ ਨਹੀਂ ਕੀਤਾ।

ਇਹ ਜੋ ਪ੍ਰੋਜੈਕਟ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੇ ਸ਼ੁਰੂ ਕੀਤਾ ਹੈ, ਪੰਜਾਬ ਸਰਕਾਰ ਜਿਸ ਲਈ ਫ਼ਾਲੋ ਅੱਪ ਕਰ ਰਹੀ ਹੈ, ਜਿਹੜੀ ਪੰਜਾਬ ਦੀ ਖੇਤੀ ਦੀ ਉਪਜ ਹੈ ਉਸ ਦੇ ਮੰਡੀਕਰਨ ਵਿਚ ਇਹ ਪ੍ਰੋਜੈਕਟ ਬਹੁਤ ਸਹਾਇਕ ਹੋਵੇਗਾ। ਇਸ ਦੇ ਨਾਲ ਸਾਡੀ ਐਗਰੀਕਲਚਰਲ ਪ੍ਰੋਡਕਟਸ ਵੈਜੀਟੇਬਲਜ਼, ਫਰੂਟਸ, ਗਰੇਨ ਦੀ ਪ੍ਰੋਸੈਸਿੰਗ ਹੋਵੇਗੀ। ਮੇਰਾ ਇਹ ਤਜਰਬਾ ਹੈ ਅਤੇ ਇਸ ਦਾ ਇਕੋ ਹਲ ਹੈ ਕਿ ਜਿਹੜੀ ਖੇਤੀ ਦੀ ਉਪਜ ਹੈ, ਐਗਰੀਕਲਚਰਲ ਪ੍ਰੋਡਿਊਸ ਹੈ ਇਸ ਦੀ ਪ੍ਰੋਸੈਸਿੰਗ ਹੋਣੀ ਚਾਹੀਦੀ ਹੈ। ਜਿਸ ਤਰ੍ਹਾਂ ਸ਼ੂਗਰ ਮਿੱਲਾਂ ਹਨ, ਸਪਿਨਿੰਗ ਮਿੱਲਾਂ ਹਨ ਇਸ ਤਰ੍ਹਾਂ ਫੂਡ ਪ੍ਰਾਸੈਸਿੰਗ ਯੂਨਿਟਸ ਹੋਣੇ ਚਾਹੀਦੇ ਹਨ ਔਰ ਇਹ ਖੇਤੀਬਾੜ ਦੀ ਤਰੱਕੀ ਲਈ ਬਹੁਤ ਜ਼ਰੂਰੀ ਹੈ। ਇਸ ਦੇ ਵਿਚ ਇਨ੍ਹਾਂ ਨੇ ਇਤਰਾਜ਼ ਕੀਤਾ ਹੈ। ਮੈਂ ਅਗੇ ਉਨ੍ਹਾਂ ਨੂੰ ਅਰਜ਼ ਕੀਤੀ ਹੈ ਪੰਜਾਬ ਦੇ ਹਿਤ ਨਾਲ, ਪੰਜਾਬ ਦੇ ਕਿਸਾਨ ਦੇ ਹਿਤ ਨਾਲ ਇਨ੍ਹਾਂ ਨੂੰ ਕੀ ਦੁੱਖ ਹੈ। ਇਹ ਪੰਜਾਬ ਦੇ ਹਿਤ ਦੇ ਉਲਟ ਫੈਸਲਾ ਕਰਦੇ ਹਨ। ਇਨ੍ਹਾਂ ਨੇ ਕਿਹਾ ਕਿ ਇਹ ਤਾਂ ਗੁਲਾਮੀ ਹੋ ਜਾਏਗੀ ਅਮਰੀਕਾ ਦੀ। ਮਹਿਰਾ ਸਾਹਿਬ ਇੰਨੇ ਅਨਜਾਣ ਤਾਂ ਨਹੀਂ ਹਨ ਲੇਕਿਨ ਇਨ੍ਹਾਂ ਨੇ ਸਾਰੀ ਗਲ ਪਰਦੇ ਪਾ ਕੇ ਕਰਨੀ ਹੈ। ਕੀ ਸਾਡੇ ਹਿੰਦੁਸਤਾਨ ਵਿਚ ਕੋਈ ਬਾਹਰਲੀ ਕੋਲੈਬੋਰੇਸ਼ਨ ਨਹੀਂ ਹੋਈ, ਕਿਸੇ ਮਲਟੀਨੇਸ਼ਨਲ ਕੰਪਨੀ ਨਾਲ ਜਾਂ ਅਮਰੀਕਾ ਦੀ ਕੰਪਨੀ ਨਾਲ ? ਕੀ ਸਾਰੇ ਸਫ਼ੀਅਰਜ਼ ਵਿਚ ਸਾਰੀ ਟੈਕਨਾਲੋਜੀ ਵਿਚ ਹਿੰਦੁਸਤਾਨ ਸਫੀਸ਼ੈਂਟ ਹੈ ? ਨਹੀਂ, ਅਸੀਂ ਟੈਕਨਾਲੋਜੀ ਦੇ ਕਈ ਸ਼ੋਭਿਆਂ ਵਿਚ ਪਿਛੇ ਹਾਂ ਅਤੇ ਜਿਹੜੀਆਂ ਅਗਾਂਹ- ਵਧੂ ਕੌਮਾਂ ਹਨ ਉਹ ਅਗਾਂਹ ਵਧੂ ਟੈਕਨਾਲੋਜੀ ਪ੍ਰਾਪਤ ਕਰਦੀਆਂ ਹਨ ਭਾਵੇਂ ਕਿਤੋਂ ਮਿਲੇ। ਇਲੈਕਟ੍ਰਾਨਿਕਸ ਦੇ ਫ਼ੀਲਡ ਵਿਚ ਅਸੀਂ ਬਿਲਕੁਲ ਪਛੜੇ ਹੋਏ ਹਾਂ। ਇਸ ਦੇ ਵਿਚ ਅਗਾਂਹ-ਵੱਧੂ ਇਕ ਅਮਰੀਕਾ ਹੈ ਜਾਂ ਜਾਪਾਨ ਹੈ। ਕੀ ਜਾਪਾਨ ਜਾਂ ਅਮਰੀਕਾ ਤੋਂ ਅਸੀਂ ਇਲੈਕਟ੍ਰਾਨਿਕ ਟੈਕਨਾਲੋਜੀ ਕੌਮ ਦੇ ਹਿਤ ਲਈ ਦੇਸ਼ ਦੇ ਹਿਤ ਲਈ ਲੈਣ ਨੂੰ ਤਿਆਰ ਨਹੀਂ ? ਸਾਡੇ ਦੇਸ਼ ਦੇ ਪ੍ਰਾਈਮ ਮਨਿਸਟਰ ਰੋਜ਼ ਕਹਿੰਦੇ ਹਨ ਕਿ ਕੰਪਿਊਟਰਜ਼ ਅਮਰੀਕਾ ਤੋਂ ਲੈਣੇ ਹਨ, ਰਸ਼ੀਆ ਤੋਂ ਲੈਣੇ ਹਨ। ਇਹ ਪੈਪਸੀਕੋ ਇਸ ਕਰਕੇ ਨਹੀਂ ਆਉਣੀ ਕਿਉਂਕਿ ਇਹ ਇਕ ਅਮਰੀਕਨ ਕੰਪਨੀ ਹੈ, ਇਸ ਕਰਕੇ ਪੰਜਾਬ ਦੇ ਕਿਸਾਨ ਦੇ ਹਿਤ ਨੂੰ ਇਗਨੋਰ ਕਰ ਦਿਓ। ਮੇਰੇ ਮੋਗੇ ਵਿਚ ਫੂਡ ਸਪੈਸ਼ਲਟੀਜ਼ ਲਗੀ ਹੋਈ ਹੈ ਔਰ ਉਹ ਦੁੱਧ ਦੀਆਂ ਚੀਜ਼ਾਂ ਬਣਾਉਂਦੀ ਹੈ। ਉਥੇ ਦੁਧ ਫਿਰੋਜ਼ਪੁਰ ਤੋਂ, ਫਰੀਦਕੋਟ ਤੋਂ ਅਤੇ ਹੋਰ ਦੂਰੋਂ ਦੂਰੋਂ ਆਉਂਦਾ ਹੈ ਅਤੇ ਉਹ ਪ੍ਰੋਸੈਸ ਕਰਦੇ ਹਨ। ਮੇਰੇ ਇਲਾਕੇ ਵਿਚ ਮਿਲਕ

ਦੀ ਪ੍ਰੋਡਕਸ਼ਨ ਬਹੁਤ ਵਧੀ ਹੈ। ਕਿਸਾਨ ਜਿਹੜੀ ਬਰੀਡਿੰਗ ਕਰਦਾ ਹੈ ਉਹ ਅਛੀਆਂ ਨਸਲਾਂ ਦੀਆਂ ਬਫੈਲੋਜ਼ ਅਤੇ ਕੋਊਜ਼ ਦੀ ਬਰੀਡਿੰਗ ਕਰਦਾ ਹੈ। ਉਹ ਸਵਿਟਜ਼ਰਲੈਂਡ ਤੋਂ ਆਈਆਂ ਹਨ। ਉਸ ਫੈਕਟਰੀ ਨੇ ਬਹੁਤ ਤਰੱਕੀ ਕੀਤੀ ਹੈ। ਇਸ ਤਰ੍ਹਾਂ ਗੌਰਮਿੰਟ ਆਫ਼ ਇੰਡੀਆ ਨੇ ਪਹਿਲਾਂ ਵੀ ਫਾਰੇਨ ਕੋਲੈਬੋਰੇਸ਼ਨ ਦੇ ਪਲਾਂਟਸ ਕਲੀਅਰ ਕੀਤੇ ਹਨ। ਜਿਸ ਤਰ੍ਹਾਂ ਪੁਖਾਰੀ ਹੈ ਅਤੇ ਸਿੰਥੈਟਿਕ ਸੌਫਟ ਡਰਿੰਕ ਹੈ। ਯੂ.ਐਸ.ਏ. ਨਾਲ ਵੀ ਗੌਰਮਿੰਟ ਆਫ਼ ਇੰਡੀਆ ਨੇ ਕੋਲੈਬੋਰੇਸ਼ਨ ਕਲੀਅਰ ਕੀਤੀ ਹੈ। ਇਹ ਸਭ ਤੋਂ ਵੱਡੀ ਮਲਟੀ-ਨੈਸ਼ਨਲ ਕੰਪਨੀ ਹੈ। ਪੈਪਸੀਕੋ ਦਾ ਤਾਂ ਨਾਂ ਵੱਡਾ ਹੈ। ਉਸ ਦਾ ਪੈਪਸੀਕੋਲਾ ਹੈ ਜਿਹੜਾ ਸੌਫਟ ਡਰਿੰਕ ਹੈ ਉਹ ਅਮਰੀਕਨ ਫ਼ਰਮ ਹੈ। ਹੁਣ ਇਨ੍ਹਾਂ ਵਾਸਤੇ ਨੈਸ਼ਨਲ ਹਿਤ ਦੀ ਗਲ ਆ ਗਈ ਹੈ। ਜੇ ਪੰਜਾਬ ਦੇ ਕਿਸਾਨ ਲਈ ਸਰਕਾਰ ਨੇ ਜਾਂ ਪੰਜਾਬ ਦੀ ਐਗਰੋ-ਇੰਡਸਟਰੀ ਨੇ ਇਹ ਪਰਪੋਜ਼ਲ ਲਿਆਂਦੀ ਹੈ ਤਾਂ ਇਨ੍ਹਾਂ ਨੂੰ ਕਿਉਂ ਤਕਲੀਫ਼ ਹੋਣ ਲਗ ਪਈ ਹੈ। ਗੁਪਤਾ ਜੀ ਔਰ ਮਹਿਰਾ ਸਾਹਿਬ ਨੂੰ ਬੜੀ ਤਕਲੀਫ਼ ਹੋਈ ਹੈ। ਤੁਸੀਂ ਅਗੇ ਪੰਜਾਬ ਦਾ ਬੇੜਾ ਗਰਕ ਕੀਤਾ ਹੈ। ਇਨ੍ਹਾਂ ਨੇ ਪੰਜਾਬ ਵਿਚ ਅੱਗ ਲਾ ਰਖੀ ਹੈ। (ਵਿਘਨ)

ਸ੍ਰੀ ਓਮ ਪ੍ਰਕਾਸ਼ ਗੁਪਤਾ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਇਸ ਕੰਪਨੀ, ਜਿਹੜੀ ਅਮਰੀਕਾ ਦੀ ਹੈ, ਇਸ ਦੇ ਬਾਰੇ ਗਲ ਨਹੀਂ ਕੀਤੀ ਮੈਂ ਤਾਂ ਇੰਡਸਟਰੀ ਲਾਉਣ ਦੀ ਗਲ ਕੀਤੀ ਹੈ। ਇਹ ਨਾ ਤਾਂ ਐਗਰੀਕਲਚਰ ਦੀ ਗਲ ਜਾਣਦੇ ਹਨ ਅਤੇ ਨਾ ਹੀ ਇੰਡਸਟਰੀ ਦੀ। ਇਹ ਇਕੱਲਾ ਆਦਮੀ ਹੈ, ਇਹ ਕੁਝ ਨਹੀਂ ਜਾਣਦਾ .. (ਵਿਘਨ)

ਸਰਦਾਰ ਕਰਨੈਲ ਸਿੰਘ ਡੋਡ : ਮੈਂ ਤੁਹਾਡੀ ਧੌਣ ਭੰਨ ਕੇ ਆਇਆ ਹਾਂ। (ਵਿਘਨ)

ਸ੍ਰੀ ਸਪੀਕਰ : ਇਹ ਆਪਸ ਵਿਚ ਰਿਮਾਰਕਸ ਨਾ ਕਰੋ (ਵਿਘਨ)।

ਸਰਦਾਰ ਕਰਨੈਲ ਸਿੰਘ ਡੋਡ : ਇਹ ਕਾਗਜ਼ੀ ਸ਼ੇਰ ਬਣੇ ਫਿਰਦੇ ਹਨ। ਇਹ ਲੋਕਾਂ ਨੂੰ ਜਾ ਕੇ ਦੱਸਣ ਇਨ੍ਹਾਂ ਦੇ ਕੀ ਕਿਰਦਾਰ ਸਨ। ਇਹ ਇਥੇ ਹੀਰੋ ਬਣੇ ਫਿਰਦੇ ਹਨ। ਮੈਂ ਆਪਣੀ ਕੰਸਟੀਚਊਐਂਸੀ ਦੀ 35 ਸਾਲ ਸੇਵਾ ਕੀਤੀ ਹੈ ਤਾਂ ਹੀ ਆਇਆ ਹਾਂ। ਮੈਂ ਆਪਣੇ ਕਰੈਕਟਰ ਔਰ ਸੇਵਾ ਕਰਕੇ ਚੁਣ ਕੇ ਆਇਆ ਹੈ। (ਵਿਘਨ)

ਸ੍ਰੀ ਸ਼ਿਵ ਚੰਦ ਮਲੋਟ : ** ** **

Mr. Speaker : This is no point of order.

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਅੱਜ ਜੇ ਪੰਜਾਬ ਤਰੱਕੀ ਕਰਨ ਲਗਾ ਹੈ ਤਾਂ ਇਨ੍ਹਾਂ ਨੂੰ ਤਕਲੀਫ਼ ਹੁੰਦੀ ਹੈ (ਵਿਘਨ) ਜੇ ਕੋਈ ਚੰਗੀ ਟੈਕਨਾਲੋਜੀ ਪੰਜਾਬ ਵਿਚ ਬਾਹਰ ਤੋਂ ਆਕੇ ਚਲਦੀ ਹੈ ਤਾਂ ਇਹ ਚੰਗੀ ਗਲ ਹੈ। ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਪੰਜਾਬ ਦੀ ਕੁਝ ਹਾਲਤ ਬੇਹਤਰ ਹੋ ਲੈਣ ਦਿਓ। (ਵਿਘਨ) ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਰੈਜ਼ੋਲਿਊਸ਼ਨ ਦੀ ਤਾਰੀਫ਼ ਕਰਦਾ ਹਾਂ ਔਰ ਇਸ ਦੀ ਤਾਈਦ ਕਰਦਾ ਹਾਂ। (ਵਿਘਨ)

(ਇਸ ਵੇਲੇ ਰਾਜ ਮੰਤਰੀ, ਜੰਗਲਾਤ, ਭੂਮੀ ਰੱਖਿਆ ਤੇ ਜੰਗਲੀ ਜੀਵ ਬੋਲਣ ਲਈ ਖੜੇ ਹੋਏ।)

**Expunged as ordered by the Chair.

ਸ੍ਰੀ ਸਪੀਕਰ : ਤੁਸੀਂ ਕਿੰਨੇ ਮਿੰਟ ਲਵੋਗੇ ? ਜੇ 5 ਮਿੰਟ ਵਿਚ ਖਤਮ ਕਰ ਦਿਓ ਤਾਂ ਠੀਕ ਹੈ।

(ਇਸ ਵੇਲੇ ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ ਵੀ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਕੁਝ ਆਵਾਜ਼ਾਂ : ਲੇਡੀਜ਼ ਨੂੰ ਪਹਿਲੇ ਟਾਈਮ ਦਿਓ।

ਸ੍ਰੀ ਸਪੀਕਰ : ਠੀਕ ਹੈ, ਪਹਿਲੇ ਪ੍ਰੋਫੈਸਰ ਜੀ ਨੂੰ ਬੋਲ ਲੈਣ ਦਿਓ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ (ਗੁਰਦਾਸਪੁਰ) : ਸਪੀਕਰ ਸਾਹਿਬ, ਇਥੇ ਮਾਨਯੋਗ ਮੈਂਬਰਜ਼ ਨੇ ਐਲੀਗੇਸ਼ਨ ਲਾਏ ਹਨ ਕਿ ਤੁਸੀਂ ਲੜ ਕੇ ਆਏ ਹੋ ਔਰ ਮੈਂ ਇਸ ਤਰ੍ਹਾਂ ਆਇਆ ਹਾਂ, ਪਹਿਲੇ ਇਸ ਦਾ ਫੈਸਲਾ ਹੋ ਲੈਣ ਦਿਓ......

ਸ੍ਰੀ ਸਪੀਕਰ : ਉਹ ਆਲਰੈਡੀ ਐਕਸਪੰਜ ਕਰਵਾ ਦਿੱਤੇ ਹਨ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਮੈਂ ਚਾਹੁੰਦੀ ਹਾਂ ਕਿ ਇਹ ਇਸ ਤਰ੍ਹਾਂ ਮੈਨੂੰ ਵੀ ਸਪੀਚ ਕਰਦੇ ਹੋਏ ਡਿਸਟਰਬ ਨਾ ਕਰਨ...... (ਵਿਘਨ)

ਸ੍ਰੀ ਸਪੀਕਰ : ਡੋਡ ਜੀ, ਤੁਸੀਂ ਡਿਸਟਰਬ ਨਾ ਕਰਨਾ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਪੰਜਾਬ ਦੇ ਬਾਰੇ ਜਿਸ ਤਰ੍ਹਾਂ ਤੁਹਾਨੂੰ ਪਤਾ ਹੈ ਕਿ ਇਹ ਰਿਸ਼ੀਆਂ, ਮੁਨੀਆਂ, ਪੀਰਾਂ, ਪੈਗੰਬਰਾਂ ਅਤੇ ਗੁਰੂਆਂ ਦੀ ਧਰਤੀ ਰਹੀ ਹੈ ਇਹ ਬੜੀ ਪਵਿੱਤਰ ਧਰਤੀ ਹੈ ਅਤੇ ਅਸੀਂ ਇਸ ਨੂੰ ਉਸੇ ਤਰ੍ਹਾਂ ਪਵਿੱਤਰ, ਸੁਚੱਜੀ ਅਤੇ ਸੁੰਦਰ ਰੱਖਣਾ ਚਾਹੁੰਦੇ ਹਾਂ। ਇਸ ਧਰਤੀ ਤੇ ਅਮਰੀਕਾ ਵਰਗਿਆਂ ਦੀ ਟੈਕਨਾਲੋਜੀ ਲਿਆ ਕੇ ਅਸੀਂ ਹਿੰਦੁਸਤਾਨ ਦੀ ਤਰੱਕੀ ਨਹੀਂ ਕਰ ਸਕਦੇ। ਮੈਂ ਤਾਂ ਸਮਝਦੀ ਹਾਂ ਕਿ ਸਾਡੇ ਦੇਸ਼ ਵਿਚ ਆਪਣੀ ਇਹੋ ਜਿਹੀ ਟੈਕਨਾਲੋਜੀ ਹੈ ਜੇ ਅਸੀਂ ਉਸ ਨੂੰ ਵਰਤੀਏ ਔਰ ਉਨ੍ਹਾਂ ਦੀ ਕੋਲੈਬੋਰੇਸ਼ਨ ਨਾਲ ਚਲੀਏ ਤਾਂ ਸਾਡਾ ਪੰਜਾਬ ਬਹੁਤ ਤਰੱਕੀ ਕਰ ਸਕਦਾ ਹੈ। ਮੈਂ ਸਮਝਦੀ ਹਾਂ ਕਿ ਪੈਪਸੀ ਕੋਲਾ ਵਗੈਰਾ ਨੂੰ ਇਥੇ ਲਿਆਕੇ ਇਕ ਤਾਂ ਸਾਡੀ ਲੇਬਰ ਦੀ ਐਕਸਪਲਾਇਟੇਸ਼ਨ ਹੋਵੇਗੀ ਔਰ ਦੂਜਾ ਪੰਜਾਬ ਦਾ ਮੈਟੀਰੀਅਲ ਖਰਾਬ ਹੋਵੇਗਾ। ਜੇ ਇਥੇ ਅਮਰੀਕਾ ਤੋਂ ਟੈਕਨਾਲੋਜੀ ਲਿਆਉਗੇ ਤਾਂ ਬਾਹਰੋਂ ਐਕਸਪਰਟਸ ਵੀ ਆਉਣਗੇ, ਮਸ਼ੀਨਾਂ ਵੀ ਆਉਣਗੀਆਂ, ਐਡਮਨਿਸਟਰੇਸ਼ਨ ਵੀ ਉਨ੍ਹਾਂ ਦੀ ਹੋਵੇਗੀ ਔਰ ਲੇਬਰ ਸਾਡੀ ਐਕਸਪਲਾਇਟ ਕੀਤੀ ਜਾਵੇਗੀ। ਪੰਜਾਬ ਦਾ ਕਰੋੜਾਂ ਰੁਪਿਆ ਬਾਹਰ ਚਲਾ ਜਾਏਗਾ। ਜਿਸ ਤਰ੍ਹਾਂ ਇਥੇ ਈਸਟ ਇੰਡੀਆ ਕੰਪਨੀ ਹਿੰਦੁਸਤਾਨ ਵਿਚ ਕੰਮ ਕਰਨ ਦੇ ਬਹਾਨੇ ਆਈ ਸੀ।......

ਸਰਦਾਰ ਬਚਨ ਸਿੰਘ : ਸਪੀਕਰ ਸਾਹਿਬ, ਸਾਡੇ ਭੈਣ ਜੀ ਲੇਬਰ ਦੀ ਗਲ ਕਰਦੇ ਹਨ ਕਿ ਲੇਬਰ ਦਾ ਨੁਕਸਾਨ ਹੋਵੇਗਾ। ਲੇਬਰ ਤਾਂ ਸਾਨੂੰ ਲਭਦੀ ਨਹੀਂ ਹੈ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਮੈਂ ਕਹਿ ਰਹੀ ਹਾਂ ਕਿ ਲੇਬਰ ਦੀ ਐਕਸਪਲਾਇਟੇਸ਼ਨ ਹੋਵੇਗੀ ਔਰ ਦਾਵੇ ਨਾਲ ਇਹ ਗਲ ਕਹਿ ਸਕਦੀ ਹਾਂ ਕਿ ਇਨ੍ਹਾਂ ਵਡੇ ਵਡੇ ਜ਼ਿਮੀਂਦਾਰਾਂ ਨੂੰ.. (ਵਿਘਨ)

ਸ੍ਰੀ ਸਪੀਕਰ: ਮੈਂ ਗੁਜ਼ਾਰਿਸ਼ ਕਰਾਂਗਾ ਕਿ ਪ੍ਰੋਫੈਸਰ ਸਾਹਿਬਾ ਨੂੰ ਡਿਸਟਰਬ ਨਾ ਕੀਤਾ ਜਾਵੇ।

Sardar Karnail Singh Doad: Sir, On a point of order ......

Mr. Speaker: Let her continue. Let her speak.

ਸਰਦਾਰ ਕਰਨੈਲ ਸਿੰਘ ਡੋਡ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਗਿਆਤ ਲਈ ਦੱਸਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਪ੍ਰੋਜੈਕਟ ਹੈ ਇਸ ਦੇ ਵਿਚ 60 ਪ੍ਰਤੀਸ਼ਤ ਸ਼ੇਅਰ ਸਾਡਾ ਹੈ। ਇਸ ਦੇ ਵਿਚ 24 ਪ੍ਰਤੀਸ਼ਤ ਸ਼ੇਅਰ ਸਿਰਫ ਟਾਟੇ ਦਾ ਹੈ, 36 ਪ੍ਰਤੀਸ਼ਤ ਐਗਰੋ ਇੰਡਸਟਰੀ ਕਾਰਪੋਰੇਸ਼ਨ ਦਾ ਹੈ ਅਤੇ 40 ਪ੍ਰਤੀਸ਼ਤ ਸ਼ੇਅਰ ਪੈਪਸੀ ਕੋਲਾ ਦਾ ਹੈ। ਇਤਨੀ ਹਨੇਰ ਵਾਲੀ ਗੱਲ ਨਹੀਂ ਬਣੀ ਹੋਈ।

ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ : ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਤੋਂ ਕਲੀਅਰ ਹੋ ਗਿਆ ਹੈ ਕਿ ਸ਼ੇਅਰ ਪਹਿਲੇ ਹੀ ਫਿਕਸ ਹੋ ਚੁੱਕੇ ਹਨ। ਇਸ ਲਈ ਮੈਂ ਇਸ ਨੂੰ ਅਪੋਜ਼ ਕਰਦੀ ਹਾਂ। ਇਸ ਦੇ ਨਾਲ ਸਾਡੀ ਲੇਬਰ ਦਾ ਨੁਕਸਾਨ ਹੈ। ਇਸ ਨੂੰ ਸਾਡੇ ਹਿੰਦੁਸਤਾਨ ਦੇ ਬਣਦੇ ਫੂਡ ਪ੍ਰੋਡਕਟਸ ਦੇ ਨਾਲ ਤਿਆਰ ਕੀਤਾ ਜਾਣਾ ਚਾਹੀਦਾ ਹੈ। ਸੋਫਟ ਡਰਿੰਕਸ ਵਿਚ ਰਸਨਾ, ਲਿਮਕਾ ਵਗੈਰਾ ਅਸੀਂ ਤਿਆਰ ਕਰਦੇ ਹਾਂ। ਫੇਰ ਪੈਪਸੀ ਕੋਲਾ ਦੀ ਕੋਈ ਫੂਡ ਵੈਲਿਊ ਨਹੀਂ ਹੈ। ਸਾਡੇ ਪੰਜਾਬੀਆਂ ਲਈ ਸੋਫਟ ਡਰਿੰਕਸ ਉਹ ਤਿਆਰ ਕਰਨਾ ਚਾਹੀਦਾ ਹੈ ਜਿਹੜਾ ਮੌਸਮ ਦੇ ਲਿਹਾਜ਼ ਨਾਲ ਠੀਕ ਹੋਵੇ। ਪੈਪਸੀ ਕੋਲਾ ਦੀ ਟੈਕਨਾਲੋਜੀ ਇਥੇ ਨਹੀਂ ਲਿਆਉਣੀ ਚਾਹੀਦੀ। ਸਾਨੂੰ ਆਪਣਾ ਪੰਜਾਬੀ ਭੰਗੜਾ ਛੱਡ ਕੇ ਡਿਸਕੋ ਡਾਂਸ ਵਿਚ ਨਹੀਂ ਪੈਣਾ ਚਾਹੀਦਾ। ਇਹ ਬੜਾ ਸੀਰੀਅਸ ਮੈਟਰ ਹੈ। ਸੀ.ਆਈ.ਏ. ਦੀ ਪੰਜਾਬ ਵਿਚ ਦਖਲ ਅੰਦਾਜ਼ੀ ਹੈ ਅਤੇ ਉਹ ਗੜਬੜ ਕਰਵਾ ਰਿਹਾ ਹੈ। ਬੜੇ ਨਾਜ਼ਕ ਦੌਰ ਵਿਚੋਂ ਪੰਜਾਬ ਗੁਜ਼ਰ ਰਿਹਾ ਹੈ। ਦੁਨੀਆਂ ਦਾ ਕੋਈ ਦੇਸ਼ ਐਸਾ ਨਹੀਂ ਹੋਵੇਗਾ ਜਿਥੇ ਸੀ.ਆਈ.ਏ. ਨੇ ਦਖਲ ਨਾ ਦਿੱਤਾ ਹੋਵੇ ਅਤੇ ਉਸਨੂੰ ਬਰਬਾਦ ਨਾ ਕੀਤਾ ਹੋਵੇ। ਪਾਕਿਸਤਾਨ ਦਾ ਇਸ ਵੇਲੇ ਕੀ ਹਾਲ ਹੈ? ਪਾਕਿਸਤਾਨ ਵਿਚ ਫੌਜੀ ਸਰਕਾਰ ਦੇ ਪਿਛੇ ਸੀ.ਆਇ.ਏ. ਦਾ ਹੱਥ ਹੈ। ਇਸ ਕਰਕੇ ਉਥੇ ਡੈਮੋਕਰੇਸੀ ਨਹੀਂ ਆ ਰਹੀ। ਇਸ ਕਰਕੇ ਅਸੀਂ ਨਹੀਂ ਚਾਹੁੰਦੇ ਕਿ ਸਾਡੇ ਪੰਜਾਬ ਵਿਚ ਸੀ.ਆਈ.ਏ. ਵਾਲੇ ਆਪਣੀਆਂ ਕਲੋਨੀਆਂ ਬਣਾ ਲੈਣ ਅਤੇ ਸਾਡੀ ਪੰਜਾਬੀਅਤ ਨੂੰ ਖਰਾਬ ਕਰ ਦੇਣ। ਈਸਟ ਇੰਡੀਆ ਕੰਪਨੀ ਇਥੇ ਵਪਾਰ ਕਰਨ ਵਾਸਤੇ ਆਈ ਸੀ ਅਤੇ ਉਨ੍ਹਾਂ ਨੇ ਹਿੰਦੁਸਤਾਨ ਨੂੰ ਗੁਲਾਮ ਬਣਾ ਲਿਆ ਅਤੇ 250 ਸਾਲ ਤੱਕ ਇਥੇ ਰਾਜ ਕੀਤਾ। ਸਾਡੀ ਆਪਣੀ ਆਜ਼ਾਦੀ ਲਈ ਨੌਜਵਾਨਾਂ ਨੂੰ ਕਿਤਨੀਆਂ ਕੁਰਬਾਨੀਆਂ ਦੇਣੀਆਂ ਪਈਆਂ। ਬਚਿਆਂ ਨੂੰ ਅਨਾਥ ਹੋਣਾ ਪਿਆ ਔਰਤਾਂ ਨੂੰ ਵਿਧਵਾ ਹੋਣਾ ਪਿਆ ਅਤੇ ਮਹਾਨ ਨੇਤਾਵਾਂ ਨੇ ਕੁਰਬਾਨੀਆਂ ਦਿੱਤੀਆਂ। ਇਸ ਸਾਜਿਸ਼ ਵਿਚ ਬਹੁਤ ਸਾਰੇ ਨੌਜਵਾਨਾਂ ਅਤੇ ਨੇਤਾਵਾਂ ਨੂੰ ਕੁਰਬਾਨੀਆਂ ਦੇਣੀਆਂ ਪਈਆਂ। ਸਾਡਾ ਪੰਜਾਬ ਬਹੁਤ ਛੋਟਾ ਹੋ ਗਿਆ ਹੈ ਅਤੇ ਇਥੇ ਸੀ.ਆਈ.ਏ. ਦਖਲ ਦੇ ਰਿਹਾ ਹੈ। ਸਾਡਾ ਪਾਕਿਸਤਾਨ ਦੇ ਨਾਲ ਬਾਰਡਰ ਲਗਦਾ ਹੈ। ਉਹ ਲੋਕ ਪਾਕਿਸਤਾਨ ਰਾਹੀਂ ਇਥੇ ਆ ਜਾ ਸਕਣਗੇ ਅਤੇ ਸਾਡੇ ਪੀਸ ਨੂੰ ਖਰਾਬ ਕਰਨਗੇ। ਸਾਡੇ ਵਜ਼ੀਰ ਸਰਦਾਰ ਮਲਕੀਅਤ ਸਿੰਘ ਸਿੱਧੂ ਕਨੇਡਾ ਵਿਚ ਗਏ ਸਨ, ਉਨ੍ਹਾਂ ਨੇ ਇਨ੍ਹਾਂ ਉਤੇ ਵੀ ਹਮਲਾ ਕਰ ਦਿੱਤਾ। ਚਾਹੇ ਉਥੇ ਸਾਡੀ ਲੇਬਰ ਗਈ ਹੋਈ ਹੈ, ਜਿਸ ਤਰ੍ਹਾਂ ਮਹਾਰਾਜਾ ਸਾਹਿਬ ਨੇ ਕਿਹਾ ਕਿ ਸਾਡੀ ਲੇਬਰ ਕਨੇਡਾ ਵਿਚ ਹੈ, ਉਹ ਵਾਪਿਸ ਆ ਜਾਵੇਗੀ। ਅਗਰ ਇਥੇ ਇਹ ਏਜੰਸੀ ਖੋਲ੍ਹੀ ਗਈ ਤਾਂ ਇਥੇ ਘਰ ਘਰ ਵਿਚ ਬੇਆਰਾਮੀ ਹੋ ਜਾਵੇਗੀ। ਮਨਾਪਲਿਸਟ ਏਜੰਸੀ ਪੰਜਾਬ ਵਿਚ ਮਿੰਨੀ ਰਾਜੇ, ਮਹਾਰਾਜੇ ਦਾ ਘਰ ਬਣ ਜਾਵੇਗਾ ਅਤੇ ਟਾਟੇ ਬਿਰਲੇ ਵਰਗੇ ਪੰਜਾਬ ਵਿਚ ਆਪਣੀ ਮਲਕੀਅਤ ਬਣਾਉਣਗੇ। ਇਨ੍ਹਾਂ ਭਰਾਵਾਂ ਨੂੰ ਗੱਲ ਨੂੰ ਸਮਝਣਾ ਚਾਹੀਦਾ ਹੈ। ਇਸ ਕਰਕੇ ਮੈਂ ਕਹਾਂਗੀ ਕਿ ਸੋਫਟ ਡਰਿੰਕਸ ਦੀ ਕੋਈ ਫੂਡ ਵੈਲਿਉ ਨਹੀਂ ਹੈ। ਇਸ ਲਈ ਮੈਂ ਦੁਬਾਰਾ ਕਹਾਂਗੀ ਕਿ ਇਹੋ ਜਿਹੀ ਚੀਜ਼ ਪੰਜਾਬ

[ਪ੍ਰੋਫੈਸਰ ਕੁਮਾਰੀ ਸੁਸ਼ੀਲ ਮਹਾਜਨ]

ਵਿਚ ਨਾ ਲਿਆਂਦੀ ਜਾਵੇ ਜਿਹੜੀ ਸਾਡੀ ਪੰਜਾਬੀਅਤ ਨੂੰ ਖਰਾਬ ਕਰੇ । ਉਹ ਚੀਜ਼ ਤਿਆਰ ਕਰਨੀ ਚਾਹੀਦੀ ਹੈ ਜਿਹੜੀ ਸਾਡੇ ਮੌਸਮ ਦੇ ਮੁਤਾਬਿਕ ਹੋਵੇ । ਗਰਮੀਆਂ ਦੇ ਲਈ ਸ਼ਰਬਤ ਹੋਵੇ।

ਸਰਦਾਰ ਸੁਖਦੇਵ ਸਿੰਘ ਢਿੱਲੋਂ (ਰਾਮਪੁਰਾ ਫੂਲ) : ਸਪੀਕਰ ਸਾਹਿਬ, ਤੁਹਾਡੀ ਬਹੁਤ ਹੀ ਮਿਹਰਬਾਨੀ ਹੈ ਕਿ ਤੁਸੀਂ ਮੈਨੂੰ ਇਸ ਰੇਜ਼ੋਲਿਊਸ਼ਨ ਤੇ ਬੋਲਣ ਲਈ ਸਮਾਂ ਦਿਤਾ ਹੈ। ਇਸ ਨਾਲ ਪੰਜਾਬ ਦਾ ਕਿਸਾਨ ਅਤੇ ਸਾਰੇ ਪੰਜਾਬ ਦੀ ਆਰਥਿਕ ਪੁਜ਼ੀਸ਼ਨ ਵਿਚ ਵਾਧਾ ਹੋਣਾ ਹੈ। ਪਰ ਮੈਨੂੰ ਸਾਹਮਣੇ ਬੈਠੇ ਵੀਰਾਂ ਤੇ, ਸਪੀਕਰ ਸਾਹਿਬ, ਬੜਾ ਹੀ ਅਫਸੋਸ ਆਉਂਦਾ ਹੈ ਕਿ ਆਪੋਜ਼ੀਸ਼ਨ ਵਿਚ ਬੈਠਕੇ ਜੋ ਇਨ੍ਹਾਂ ਦੀ ਡਿਊਟੀ ਸੀ, ਉਸ ਨੂੰ ਨਹੀਂ ਨਿਭਾਅ ਰਹੇ। ਅੱਜ ਪੰਜਾਬ ਦੇ ਚੰਗੇ ਮਸਲੇ ਬਾਰੇ ਵੀ ਅਫਸੋਸ ਹੀ ਕਰੀ ਜਾਂਦੇ ਹਨ। ਅੱਜ ਪੰਜਾਬ ਦੇ ਕਿਸਾਨ ਨੇ ਆਪਣੀ ਮਿਹਨਤ ਦੇ ਨਾਲ ਪੰਜਾਬ ਦਾ ਹੀ ਭਲਾ ਨਹੀਂ ਕੀਤਾ ਸਗੋਂ ਹਿੰਦੁਸਤਾਨ ਦਾ ਸਿਰ ਉਚਾ ਕੀਤਾ ਹੈ। ਹਿੰਦੁਸਤਾਨ ਦੀ ਭੁੱਖ ਨੂੰ ਦੂਰ ਕੀਤਾ ਹੈ। ਅੱਜ ਸਾਡੇ ਹਿੰਦੁਸਤਾਨ ਦੀ ਸਰਕਾਰ ਕਿਸੇ ਦੇਸ਼ ਅਗੇ ਹੱਥ ਨਹੀਂ ਅੱਡਦੀ । (ਵਿਘਨ) (ਥੰਪਿੰਗ) ਪੰਜਾਬ ਦੇ ਕਿਸਾਨ ਨੇ ਹਿੰਦੁਸਤਾਨ ਦੀ ਇਜ਼ਤ ਵਧਾਈ ਹੈ । ਕਣਕ ਅਤੇ ਚੌਲਾਂ ਦੀ ਫਸਲ ਨੂੰ ਬਦਲ ਕੇ ਕਿਸਾਨ ਅੱਜ ਹੋਰ ਪਾਸੇ ਵੀ ਜਾਣ ਲਗਾ ਹੈ । ਦਾਲਾਂ, ਸਰੋਂ ਦਾ ਤੇਲ ਅਤੇ ਹੋਰ ਚੀਜ਼ਾਂ ਜੋ ਕਿ ਇੰਡਸਟਰੀ ਵਾਸਤੇ ਕਾਫੀ ਹਦ ਤਕ ਠੀਕ ਹਨ, ਦੇ ਖੇਤਰ ਵਿਚ ਬੜੀ ਮਿਹਨਤ ਕੀਤੀ ਹੈ । ਇਹ ਪੰਜਾਬ ਸਰਕਾਰ ਦੀ ਮਦੱਦ ਦੇ ਨਾਲ ਸਭ ਕੁਝ ਹੋਇਆ ਹੈ। ਅਬੋਹਰ ਵਿਚ ਛੋਟਾ ਜਿਹਾ ਕਾਰਖਾਨਾ ਫੂਡ ਦੀ ਪ੍ਰੋਸੈਸਿੰਗ ਦਾ ਲਗਿਆ ਹੈ। ਸਪੀਕਰ ਸਾਹਿਬ, ਜਿਥੇ ਪਹਿਲਾਂ ਦੋ, ਦੋ, ਤਿੰਨ, ਤਿੰਨ ਸੌ ਰੁਪਏ ਆਮਦਨ ਨਹੀਂ ਸੀ ਲੇਕਿਨ ਅੱਜ ਉਥੇ ਟਮਾਟਰ 12,000 ਰੁਪਏ ਪਰ ਏਕੜ ਠੇਕੇ ਤੇ ਦੇ ਰਹੇ ਹਨ । ਅਮਰੂਦ 12,000 ਰੁਪਏ ਪਰ ਏਕੜ ਠੇਕੇ ਤੇ ਦੇ ਰਹੇ ਹਨ। ਸਪੀਕਰ ਸਾਹਿਬ, ਕਿੰਨੂ 25,000 ਰੁਪਏ ਪਰ ਏਕੜ ਤੇ ਠੇਕੇ ਤੇ ਉਹ ਦੇ ਰਹੇ ਹਨ। ਅੰਗੂਰ 25 ਤੋਂ 40 ਹਜ਼ਾਰ ਰੁਪਏ ਵਿਚ ਠੇਕੇ ਦੇ ਰਹੇ ਹਨ। ਮੈਨੂੰ ਬਹੁਤ ਅਫਸੋਸ ਹੈ ਕਿ ਜਦੋਂ ਕਿਸਾਨਾਂ ਤੇ ਲਾਲੀ ਆਉਂਦੀ ਹੈ ਤਾਂ ਸਾਹਮਣੇ ਬੈਠੇ ਭਰਾਵਾਂ ਨੂੰ, ਜੋ ਕਿ ਆਪੋਜ਼ੀਸ਼ਨ ਵਿਚ ਬੈਠੇ ਹਨ, ਤਕਲੀਫ ਹੁੰਦੀ ਹੈ । (ਥੰਪਿੰਗ) ਮੈਂ ਮਹਿਰਾ ਸਾਹਿਬ ਦਾ ਸਤਿਕਾਰ ਕਰਦਾ ਹਾਂ ਔਰ ਇਹ ਸਪੀਕਰ ਵੀ ਰਹੇ ਹਨ। ਹੁਣ ਇਹ ਕਹਿੰਦੇ ਹਨ ਕਿ ਫਾਰੇਨ ਏਡ ਨਾਲ ਪੰਜਾਬ ਦਾ ਨੁਕਸਾਨ ਹੋਵੇਗਾ । ਅਮਰੀਕਨ ਟੈਕਨਾਲੋਜੀ ਦੇ ਨਾਲ ਦੇਸ਼ ਗੁਲਾਮ ਹੋ ਜਾਵੇਗਾ । ਇਸ ਨਾਲ ਦੇਸ਼ ਗੁਲਾਮ ਨਜ਼ਰ ਆਉਣ ਲਗ ਪਵੇਗਾ । ਪਰ ਮੈਨੂੰ, ਸਪੀਕਰ ਸਾਹਿਬ, ਬੜਾ ਹੀ ਅਫਸੋਸ ਹੈ ਕਿ ਜਿਹੜੀ ਸਾਡੀ ਵਿਦਿਆ ਹੈ ਉਹ ਵੀ ਬਾਹਰੋਂ ਆਈ ਹੈ । ਮੈਂ ਇਨ੍ਹਾਂ ਤੋਂ ਹੀ ਸ਼ੁਰੂ ਕਰਦਾ ਹਾਂ। ਮਹਾਤਮਾ ਗਾਂਧੀ ਜੀ ਵੀ ਬਾਹਰੋਂ ਪੜ੍ਹ ਕੇ ਆਏ ਸਨ। ਉਨ੍ਹਾਂ ਨੇ ਇਥੇ ਆ ਕੇ ਚੰਗੀ ਗੱਲ ਦਸੀ ਹੈ। ਪੰਡਿਤ ਜਵਾਹਰ ਲਾਲ ਨਹਿਰੂ ਵੀ ਬਾਹਰੋਂ ਪੜ੍ਹ ਕੇ ਆਏ ਸਨ ਔਰ ਉਨ੍ਹਾਂ ਦੇ ਤਾਂ ਕਪੜੇ ਵੀ ਬਾਹਰੋਂ ਧੁਲਕੇ ਆਉਂਦੇ ਸਨ। ਸਪੀਕਰ ਸਾਹਿਬ, ਅੱਜ ਦੇ ਪ੍ਰਾਈਮ ਮਨਿਸਟਰ ਸਾਹਿਬ ਨੇ ਬ੍ਰੀਡ ਨੂੰ ਬਦਲਣ ਵਾਸਤੇ ਵਿਆਹ ਵੀ ਬਾਹਰੋਂ ਕੀਤਾ ਹੈ । 50,000 ਰੁਪਏ ਦੀ ਇੰਡਸਟਰੀ ਲਗਾਉਣ ਲਈ ਅਸੀਂ ਛੋਟੇ ਜਿਹੇ ਲਾਇਸੰਸ ਮੰਗਦੇ ਹਾਂ। (ਵਿਘਨ) ਅਸੀਂ, ਸਪੀਕਰ ਸਾਹਿਬ, ਇੰਡਸਟਰੀ ਲਗਾਉਣ ਲਈ ਪੈਪਸੀ ਕੋਲਾ ਦੀ ਮੰਗ ਕੀਤੀ ਹੈ । ਇਸ ਦੇ ਨਾਲ ਕਿਸਾਨ ਦਾ ਫਾਇਦਾ ਹੋਵੇਗਾ । ਜਿਹੜੀ ਕਾਰਪੋਰੇਸ਼ਨ ਬਣੀ ਹੈ, ਮੈਂ ਸਪੀਕਰ ਸਾਹਿਬ, ਤੁਹਾਨੂੰ ਦਸਦਾ ਹਾਂ ਕਿ ਪਿਛਲੇ 20—22 ਸਾਲਾਂ ਵਿਚ ਇਹ ਬਹੁਤ ਥੋੜ੍ਹੇ ਲਾਇਸੰਸ ਲੈ ਸਕੇ ਸਨ ਪਰ ਅਸੀਂ ਥੋੜ੍ਹੇ ਸਮੇਂ ਵਿਚ ਬਹੁਤ ਸਾਰੇ ਲਾਇਸੰਸ ਲੈ ਕੇ ਇੰਡਸਟਰੀ ਲਗਾਈ ਹੈ। (ਥੰਪਿੰਗ) ਜਦੋਂ ਕਿਸਾਨਾਂ ਦੇ ਭਲੇ ਦੀ ਗੱਲ ਹੁੰਦੀ ਹੈ ਤਾਂ ਇਨ੍ਹਾਂ ਦੇ ਹਿਰਦੇ ਨੂੰ ਦੁਖ ਹੁੰਦਾ ਹੈ । ਅੱਜ ਕਿਸਾਨਾਂ ਦੀ ਆਰਥਿਕ ਪੋਜ਼ੀਸ਼ਨ ਠੀਕ ਨਹੀਂ ਹੈ । ਇਨਾਂ ਨੂੰ ਪੰਜਾਬ

ਸਰਕਾਰ ਵਲੋਂ ਪੈਪਸੀ ਕੋਲੇ ਦੇ ਪ੍ਰਾਜੈਕਟ ਬਾਰੇ ਅਪੋਜ਼ ਨਹੀਂ ਕਰਨਾ ਚਾਹੀਦਾ । ਇਨ੍ਹਾਂ ਨੂੰ ਇਕ-ਨਾਮਿਕਸ ਦੀ ਖੋਜ ਕਰਨੀ ਚਾਹੀਦੀ ਹੈ। ਇਨ੍ਹਾਂ ਨੇ ਸੋਫਟ ਡਰਿੰਕਸ ਦੀ ਕੀਮਤ ਵਧਾਈ ਹੈ, ਜਿਸ ਦੀ ਕੋਈ ਜਸਟੀਫਿਕੇਸ਼ਨ ਨਹੀਂ ਹੈ । ਡਿਵੈਲਪਮੈਂਟ ਵਾਸਤੇ, ਸਪੀਕਰ ਸਾਹਿਬ, ਸਰਕਾਰ ਨੇ ਬਜਟ ਵਿਚ ਵੀ ਪੈਸਾ ਰਖਿਆ ਹੈ ਜਿਸ ਨਾਲ ਬੇਰੁਜ਼ਗਾਰੀ ਦੂਰ ਹੋਵੇਗੀ ਔਰ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਲੋਕਾਂ ਨੇ ਗਾਈਆਂ ਲੈ ਕੇ ਦੁਧ ਵਿਚ ਵਾਧਾ ਕੀਤਾ ਹੈ। ਇਨ੍ਹਾਂ ਦਾ ਔਰ ਸਾਡਾ ਇਕ ਦੋ ਰੁਪਏ ਦਾ ਫਰਕ ਹੈ । ਨਵੀਂ ਇੰਡਸਟਰੀ ਵਾਸਤੇ ਪੈਸਾ ਰਖਿਆ ਗਿਆ ਹੈ ।

ਇਨ੍ਹਾਂ ਦਾ ਜਿਹੜਾ ਕੈਂਪਾ ਕੋਲਾ ਹੈ, ਉਸਦੀ ਕੀਮਤ ਸਾਡੀ ਦੁੱਧ ਦੀ ਬੋਤਲ ਨਾਲੋਂ ਹਾਲੇ ਵੀ ਜ਼ਿਆਦਾ ਹੈ। ਅਸੀਂ ਲਾਸ ਵਿਚ ਜਾਂਦੇ ਹਾਂ, ਇਹ ਪਰਾਫਿਟ ਵਿੱਚ ਜਾਂਦੇ ਹਨ। ਹੁਣ ਸੌਫਟ ਡਰਿੰਕਸ ਦੀ ਕੀਮਤ ਹੋਰ ਵਧਾ ਦਿੱਤੀ ਹੈ। ਅਸੀਂ ਗਰੀਨ ਰੈਵੋਲਿਊਸ਼ਨ ਵਿੱਚ ਏਨੀ ਸੇਵਾ ਕੀਤੀ, ਉਸਦਾ ਸਾਨੂੰ ਕੀ ਦਿਤਾ ਗਿਆ ਹੈ। ਫੇਰ ਜਿਹੜਾ ਐਗਰੀਕਲਚਰਲ ਪ੍ਰਾਈਸ ਕਮਿਸ਼ਨ ਹੈ, ਉਸਦੇ ਤਰੀਕੇ ਹੋਰ ਹੀ ਹਨ! ਉਸਨੂੰ ਹਰ ਸਾਲ ਪਤਾ ਨਹੀਂ ਕੀ ਹੋ ਜਾਂਦਾ ਹੈ। ਇਨ੍ਹਾਂ ਦੀ ਜਿਹੜੀ ਮਾਰੂਤੀ ਕਾਰ ਦੀ ਕੀਮਤ ਹੈ, ਉਹ ਕਦੇ 6,000 ਰੁਪਏ ਵਧਾ ਲੈਂਦੇ ਹਨ, ਕਦੇ 8,000 ਰੁਪਏ ਵਧਾ ਲੈਂਦੇ ਹਨ। ਜਦੋਂ ਬਰਨਾਲਾ ਸਾਹਿਬ ਸੈਂਟਰ ਵਿੱਚ ਐਗਰੀਕਲਚਰ ਮਨਿਸਟਰ ਸਨ, ਉਸ ਸਮੇਂ ਫੋਰਡ ਟਰੈਕਟਰ ਦੀ ਕੀਮਤ 32–33 ਹਜ਼ਾਰ ਰੁਪਏ ਸੀ ਜਿਹੜੀ ਹੁਣ 1 ਲੱਖ 32–33 ਹਜ਼ਾਰ ਹੋਈ ਪਈ ਹੈ। ਉਸਦਾ ਕੀਮਤਾਂ ਵਧਾਉਣ ਦਾ ਤਰੀਕਾ ਹੋਰ ਹੈ ਕਿਸਾਨ ਦੀ ਚੀਜ਼ ਦੀ ਕੀਮਤ ਵਧਾਉਣ ਦਾ ਤਰੀਕਾ ਹੋਰ ਹੈ ਅਤੇ ਦੂਜੀਆਂ ਚੀਜ਼ਾਂ ਦਾ ਹੋਰ ਹੈ। ਤਾਂਕਿ ਕਿਸਾਨ ਉਨ੍ਹਾਂ ਦੇ ਮੂਹਾਂ ਵੱਲ ਹੀ ਦੇਖਦਾ ਰਹੇ। ਇਹ ਕਹਿੰਦੇ ਹਨ ਕਿ ਬਾਹਰਲੀ ਟੈਕਨਾਲੋਜੀ ਲੈ ਕੇ ਅਸੀਂ ਗੁਲਾਮ ਹੋ ਜਾਵਾਂਗੇ। ਪਰ ਮੈਂ ਦੱਸਦਾ ਹਾਂ ਇਸ ਸਾਲ ਮਾਰੂਤੀ ਕੰਪਨੀ ਨੇ 1 ਲੱਖ ਕਾਰ ਬਣਾਈ ਅਤੇ ਪਿਛਲੇ ਸਾਲ 50,000 ਦੀ ਪ੍ਰੋਡਕਸ਼ਨ ਸੀ। ਉਸ ਇਕ ਲੱਖ ਕਾਰ ਵਿਚੋਂ 90% ਮੈਟੀਰੀਅਲ ਬਾਹਰ ਦਾ ਹੈ ਅਤੇ 10% ਹਿੰਦੁਸਤਾਨ ਵਿੱਚ ਬਣਿਆ ਹੈ। ਜਿਹੜੀਆਂ ਪਿਛਲੇ ਸਾਲ 50,000 ਕਾਰਾਂ ਬਣੀਆਂ ਉਨ੍ਹਾਂ ਦਾ ਸੈਂਟ ਪਰਸੈਂਟ ਮੈਟੀਰੀਅਲ ਬਾਹਰੋਂ ਆਇਆ ਹੈ। ਅਮਰੀਕਾ ਵਰਗੇ ਮੁਲਕ, ਜਿਨ੍ਹਾਂ ਨੇ ਕਾਰ ਇੰਡਸਟਰੀ ਵਿੱਚ ਹੀ ਨਹੀਂ ਬਲਕਿ ਹਰ ਇਕ ਇੰਡਸਟਰੀ ਵਿਚ ਜਿੰਨੀ ਤਰੱਕੀ ਕੀਤੀ ਹੈ, ਉਹ ਵੀ ਸਾਡੀ ਇਸ ਕਾਰ ਦੇ ਗਾਹਕ ਬਣ ਕੇ ਆਏ ਹਨ। ਉਹ ਕਹਿੰਦੇ ਹਨ ਕਿ ਜੋ ਛੋਟੀ ਕਾਰ ਅਸੀਂ ਕੋਰੀਆ ਅਤੇ ਜਪਾਨ ਤੋਂ ਲੈਂਦੇ ਹਾਂ, ਜੇ ਉਹ ਇੰਡੀਆ ਵਿੱਚ ਹੀ ਅੱਛੀ ਮਿਲ ਰਹੀ ਹੈ, ਤਾਂ ਇਥੋਂ ਹੀ ਲੈਂਦੇ ਹਾਂ। ਜੁੱਤੀਆਂ ਤਾਂ ਤੁਸੀਂ ਰਸ਼ੀਆ ਨੂੰ ਐਕਸਪੋਰਟ ਕਰ ਰਹੇ ਹੋ ਜਿਸ ਕਾਰਣ ਅਜ ਚਮੜੇ ਦੀ ਇੰਡਸਟਰੀ ਬਾਹਰ ਐਕਸਪੋਰਟ ਹੋਣ ਕਰਕੇ ਗਰੀਬ ਆਦਮੀ ਚੱਜ ਦੀ ਜੁੱਤੀ ਨਹੀਂ ਪਾ ਸਕਦਾ। ਇਹ ਇਸਦੇ ਲਈ ਚਿੰਤਿਤ ਨਹੀਂ ਹਨ। ਹਾਂ, ਕਿਸਾਨ ਨੂੰ ਚੰਗਾ ਭਾਅ ਨਾ ਕਿਸੇ ਚੀਜ਼ ਦਾ ਮਿਲ ਜਾਵੇ, ਇਸਦੇ ਲਈ ਚਿੰਤਿਤ ਹਨ। ਤੁਹਾਡਾ ਕੈਂਪਾ ਕੋਲਾ ਦਾ ਵੀ ਜਿਹੜਾ ਪ੍ਰਾਜੈਕਟ ਹੈ, ਸ਼ਾਇਦ ਤੁਹਾਨੂੰ ਪਤਾ ਨਹੀਂ, ਉਸਦਾ ਜਿਹੜਾ ਮਿਕਸਚਰ ਹੁੰਦਾ ਹੈ, ਉਹ ਵੀ ਫਾਰੇਨ ਤੋਂ ਹੀ ਲਿਆ ਜਾਂਦਾ ਹੈ। ਅਤੇ ਹੋਰ ਮੈਟੀਰੀਅਲ ਵੀ ਬਾਹਰੋਂ ਆਉਂਦਾ ਹੈ। ਜੇ 700 ਕਰੋੜ ਰੁਪਏ ਵਿਚੋਂ 45–50 ਕਰੋੜ ਕਿਸਾਨਾਂ ਨੂੰ ਉਨ੍ਹਾਂ ਦੀਆਂ ਜਿਣਸਾਂ ਦਾ ਰੇਟ ਮਿਲ ਜਾਂਦਾ ਹੈ, ਤਾਂ ਤੁਹਾਨੂੰ ਕੀ ਫਰਕ ਪੈਣ ਲਗਾ ਹੈ। ਹੁਣ ਅਸੀਂ ਡਾਈਵਰਸੀਫਿਕੇਸ਼ਨ ਦੀ ਸਕੀਮ ਚਾਲੂ ਕੀਤੀ ਹੈ ਕਿਉਂਕਿ ਕਣਕ ਦਾ ਭਾਅ ਸਾਨੂੰ ਨਹੀਂ ਮਿਲ ਰਿਹਾ। ਚੌਲਾਂ ਦੀ ਕੀਮਤ ਵੀ ਸਾਲ ਮਗਰੋਂ ਅਠੰਨੀ ਰੁਪਿਆ ਵਧਾ ਦਿਤੀ ਜਾਂਦੀ ਹੈ। ਹੁਣ ਜੇ ਕਿਸਾਨ ਕੁਝ ਕਮਾ ਲੈਣਗੇ, ਤਾਂ ਤੁਹਾਨੂੰ ਅਫਸੋਸ ਨਹੀਂ ਹੋਣਾ ਚਾਹੀਦਾ। ਫੇਰ ਇਨ੍ਹਾਂ ਨੇ ਰਜਵਾੜਾਂ ਸ਼ਾਹੀ ਤੇ ਐਲੀਗੇਸ਼ਨ ਲਾਏ ਹਨ। ਪਰ ਇਲੈਕਸ਼ਨਾਂ

[ਸਰਦਾਰ ਸੁਖਦੇਵ ਸਿੰਘ ਢਿੱਲੋਂ]

ਵਿੱਚ ਹੀ ਹਰੇਕ ਦਾ ਅਸਲੀ ਚਿਹਰਾ ਸ਼ੀਸ਼ੇ ਵਿੱਚ ਨਜ਼ਰ ਆਉਂਦਾ ਹੈ। ਜਨਰਲ ਇਲੈਕਸ਼ਨਾਂ ਇਕ ਵਾਰੀ ਆਈਆਂ। ਇਨ੍ਹਾਂ ਨੇ ਦੋ ਨਾਅਰੇ ਦਿਤੇ। ਇਕ ਗਰੀਬੀ ਦੂਰ ਕਰਨੀ ਹੈ, ਰਜਵਾੜਿਆਂ ਰਾਜਿਆਂ ਦੇ ਜਿਹੜੇ ਭੱਤੇ ਹਨ, ਬੰਦ ਕਰਨੇ ਹਨ ਅਤੇ ਬੈਂਕਾਂ ਨੂੰ ਨੈਸ਼ਨੇਲਾਈਜ਼ ਕੀਤਾ ਜਾਵੇਗਾ। ਗਰੀਬੀ ਕਿੰਨੇ ਪਰਸੈਂਟ ਦੂਰ ਹੋਈ ਅਤੇ ਪਰ ਕੈਪਿਟਾ ਇਨਕਮ ਕਿੰਨੀ ਲੋਅ ਆ ਗਈ, ਇਹ ਗੱਲ ਤੁਹਾਡੇ ਸਾਹਮਣੇ ਆ ਹੀ ਗਈ ਸੀ। ਰਜਵਾੜੇ ਕਿੰਨਿਆਂ ਦੇ ਪੈਸੇ ਬੰਦ ਕੀਤੇ, ਇਹ ਤਾਂ ਮਹਾਰਾਜਾ ਸਾਹਿਬ ਦੱਸ ਸਕਦੇ ਹਨ। ਉਦੋਂ ਹੀ ਇਨ੍ਹਾਂ ਨੇ 19 ਐਸੇ ਬੰਦੇ ਜਿਹੜੇ ਰਾਜੇ ਸਨ, ਉਨ੍ਹਾਂ ਨੂੰ ਟਿਕਟ ਦਿੱਤੇ ਅਤੇ ਪਿਛਲੀ ਵਾਰੀ 39 ਨੂੰ ਦਿੱਤੇ ਜਿਨ੍ਹਾਂ ਵਿਚੋਂ ਅਜ 7 ਵਜ਼ੀਰ ਰਾਜੇ ਹਨ। ਅੱਜ ਇਨ੍ਹਾਂ ਨੂੰ ਰਜਵਾੜਾਸ਼ਾਹੀ ਨਜ਼ਰ ਆਉਣ ਲਗ ਪਈ। ਇਨ੍ਹਾਂ ਨੇ ਕਦੇ ਵੀ ਪੰਜਾਬ ਦੇ ਹਿੱਤ ਵਿੱਚ ਗੱਲ ਆਈ ਹੈ, ਉਸਨੂੰ ਅਪੋਜ਼ ਹੀ ਕੀਤਾ ਹੈ। ਇਹ ਬੈਂਕਾਂ ਦੀ ਨੈਸ਼ਨੇਲਾਈਜੇਸ਼ਨ ਬਾਰੇ ਗੱਲ ਕਰ ਰਹੇ ਸੀ। ਕਿੰਨੇ ਕੀਤੇ ਉਸ ਸਾਲ ਬੈਂਕ ? ਜਿੰਨੇ ਵੀ ਕੀਤੇ, ਪਰ ਉਨ੍ਹਾਂ ਦੇ ਬੋਰਡ ਆਫ ਡਾਇਰੈਕਟਰਜ਼ ਬਾਰੇ ਵੀ ਪਾਸ ਕਰ ਦਿਤਾ ਕਿ ਉਹ 5 ਸਾਲ ਉਹੀ ਰਹਿਣਗੇ ਜਿਹੜੇ ਪਹਿਲਾਂ ਲੱਗੇ ਸੀ। ਪਾਸ ਤਾਂ ਕਰ ਦਿੱਤਾ ਪਰ ਲਾਗੂ ਕੋਈ ਨਹੀਂ ਕੀਤਾ। ਇਲੈਕਸ਼ਨਾਂ ਜਿੱਤ ਕੇ ਮੌਜਾਂ ਲੁਟਦੇ ਰਹੇ ਅਤੇ ਸਾਰਾ ਦੇਸ਼ ਭੁਖਾ ਮਾਰ ਦਿਤਾ। ਇਹ ਤਾਂ ਨੁਕਸਾਨ ਇਨ੍ਹਾਂ ਨੇ ਵੈਸੇ ਹੀ ਕੀਤਾ ਹੈ। ਬਾਕੀ ਜਿਹੜੇ ਚੱਜ ਦੇ ਇੰਸਟੀਚਿਊਸ਼ਨ ਸਨ ਵਿਧਾਨ ਦੇ ਅੰਦਰ, ਉਨ੍ਹਾਂ ਦਾ ਬੇੜਾ ਹੀ ਬਹਾ ਦਿਤਾ। ਇਲੈਕਸ਼ਨ ਕਮਿਸ਼ਨ, ਜੁਡੀਸ਼ੀਅਰੀ, ਪਰੈਜ਼ੀਡੈਂਸ਼ਲ ਸਿਸਟਮ, ਪ੍ਰਾਈਮ ਮਨਿਸਟਰ ਦਾ ਸਿਸਟਮ ਅਤੇ ਹਾਲੇ ਵੀ ਪਤਾ ਨਹੀਂ ਇਹ ਕਿਥੇ ਜਾ ਕੇ ਖੜ੍ਹਨਗੇ। ਇਨ੍ਹਾਂ ਦੇ ਲੀਡਰਾਂ ਦੀ ਲੜਾਈ ਹੈ ਅਤੇ ਅਤਿਵਾਦ ਪੰਜਾਬ ਵਿੱਚ ਹੈ। ਸਾਡੀ ਸਰਕਾਰ ਸੁਲਝਾਉਂਦੀ ਰਹਿੰਦੀ ਹੈ, ਉਹ ਉਲਝਾਉਣ ਤੇ ਲੱਗੇ ਹੋਏ ਹਨ। ਮੈਂ ਇਨ੍ਹਾਂ ਨੂੰ ਵੀ ਕਿਹਾ ਸੀ ਕਿ ਇਨ੍ਹਾਂ ਦਾ ਸਹਾਰਾ ਨਾ ਲਓ, ਇਹ ਕੱਚੀਆਂ ਇੱਟਾਂ ਦੀ ਕੰਧ ਹੈ, ਇਸ ਨੇ ਆਪ ਤਾਂ ਗਿਰਨਾ ਹੈ, ਸਾਨੂੰ ਨਾ ਮਰਵਾ ਦੇਣ। ਅੱਜ ਪੈਪਸੀ ਕੋਲਾ ਦੇ ਲਾਈਸੰਸ ਦੀ ਗੱਲ ਨੂੰ ਵੀ ਅਪੋਜ਼ ਕਰ ਰਹੇ ਹਨ। ਕੀ ਕੋਈ ਐਸੀ ਪਾਰਟੀ ਵੀ ਹਿੰਦੁਸਤਾਨ ਵਿੱਚ ਹੋ ਸਕਦੀ ਹੈ ?

ਸ੍ਰੀ ਓਮ ਪ੍ਰਕਾਸ਼ ਗੁਪਤਾ : ** ** **

ਸ੍ਰੀ ਸਪੀਕਰ: ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

ਸਰਦਾਰ ਸੁਖਦੇਵ ਸਿੰਘ ਢਿੱਲੋਂ : ਮੇਰੇ ਚੈਂਬਰ ਵਿਚ ਆ ਜਾਣਾ ਮੈਂ ਤੁਹਾਨੂੰ ਸਮਝਾ ਦਿਆਂਗਾ। (ਵਿਘਨ)

ਸ੍ਰੀ ਸਪੀਕਰ : ਮੇਰੀ ਬੇਨਤੀ ਹੈ ਕਿ ਇਹ ਨੋ ਪੁਆਇੰਟ ਆਫ ਆਰਡਰ ਕਰ ਦਿੱਤਾ ਹੈ। ਤੁਸੀਂ ਇਕ ਦੋ ਮਿੰਟਾਂ ਵਿਚ ਕਨਕਲੂਡ ਕਰੋ।

ਸਰਦਾਰ ਸੁਖਦੇਵ ਸਿੰਘ ਢਿੱਲੋਂ: ਮੈਂ ਪਾਰਟੀ ਬਾਰੇ ਬਿਲਕੁਲ ਜ਼ਿਕਰ ਨਹੀਂ ਕਰਨਾ ਚਾਹੁੰਦਾ (ਵਿਘਨ) ਪੰਜਾਬ ਅਕਾਰਡ ਦੀ ਗੱਲ ਲੈ ਲਓ। ਬਰਨਾਲਾ ਸਾਹਿਬ ਉਸ ਵੇਲੇ ਸਾਡੀ ਪਾਰਟੀ ਦੇ ਜਨਰਲ ਸੈਕਟਰੀ ਹੁੰਦੇ ਸਨ। ਇਨ੍ਹਾਂ ਨੇ ਕਾਨੂੰਨ ਪਾਸ ਕਰ ਦਿਤਾ ਔਰ ਇਕ ਨਵਾਂ ਕਾਨੂੰਨ ਪਾਸ ਕਰ ਦਿਤਾ ਕਿ ਗੁਰਦਵਾਰੇ, ਮੰਦਰ ਔਰ ਮਸਜ਼ਿਦ ਤੇ ਇਨਕਮ ਟੈਕਸ ਨਹੀਂ ਲਗਿਆ ਕਰੇਗਾ ਬਲਿਕ ਇਕੱਲੇ ਐਸ. ਜੀ. ਪੀ. ਸੀ. ਤੇ ਇਨਕਮ ਟੈਕਸ ਲਗਾ ਦਿਤਾ। ਇੱਕ ਕਾਨੂੰਨ ਬਣਾ ਦਿਤਾ ਹਰਿਆਣਾ ਵਿਚ। (ਵਿਘਨ)

**Expunged as ordered by the Chair.

ਸ੍ਰੀ ਸਪੀਕਰ : ਤੁਸੀਂ ਰੈਲੇਵੈਂਟ ਰਹੋ, ਤੁਸੀਂ ਕਿਸ ਪਾਸੇ ਤੁਰ ਪਏ।

ਸਰਦਾਰ ਸੁਖਦੇਵ ਸਿੰਘ ਢਿੱਲੋਂ : ਫਿਰ ਇਨ੍ਹਾਂ ਨੇ ਬਾਅਦ ਵਿਚ ਕਿਹਾ ਕਿ ਇਹ ਗਲਤ ਪਾਸ ਹੋਇਆ ਹੈ ਇਸ ਲਈ ਮੁਆਫੀ ਦਿਓ। (ਵਿਘਨ) ਮੇਰੀ ਗਲ ਤਾਂ ਸੁਣ ਲਓ। ਤੁਸੀਂ ਇਸ ਚੇਅਰ ਤੇ ਬੈਠੇ ਹੋ। ਜੇਕਰ ਕੋਈ ਮੇਰੀ ਗਲ ਗਲਤ ਹੋਈ ਤਾਂ ਤੁਸੀਂ ਉਸ ਨੂੰ ਕੱਟ ਦੇਣਾ। ਮੈਨੂੰ ਫਰੀਡਮ ਹੈ ਬੋਲਣ ਦੀ। ਮੈਂ ਰੈਜ਼ੋਲਿਊਸ਼ਨ ਤੇ ਬੋਲ ਰਿਹਾ ਹਾਂ। ਮੈਂ 40 ਕਰੋੜ ਦੀ ਬਜਾਏ 700 ਕਰੋੜ ਲੈ ਕੇ ਆਇਆ ਹਾਂ। ਪਹਿਲਾਂ ਗਲਤੀ ਕੀਤੀ ਸੀ ਤਾਂ ਮੁਆਫੀ ਮੰਗਣੀ ਪਈ। ਸਾਡਾ ਰੈਜ਼ੋਲਿਊਸ਼ਨ ਯੂਨੈਨੀਮਸਲੀ ਪਾਸ ਹੋਣਾ ਚਾਹੀਦਾ ਹੈ। ਤੁਸੀਂ ਮੈਨੂੰ ਕਿਉਂ ਰੋਕਦੇ ਹੋ ? ਤੁਹਾਨੂੰ ਤਾਂ ਬਲਕਿ ਮੈਨੂੰ ਸ਼ਾਬਾਸ਼ ਦੇਣੀ ਚਾਹੀਦੀ ਹੈ। ਐਸ. ਜੀ. ਪੀ. ਸੀ. ਤੇ ਇਨਕਮ ਟੈਕਸ ਲਗਾ ਦਿਤਾ ਜਿਸ ਲਈ ਐਜੀਟੇਸ਼ਨ ਕਰਨੀ ਪਈ। ਔਰ ਜਿਸ ਵੇਲੇ ਰੌਲਾ ਪੈ ਗਿਆ ਤਾਂ ਇਹ ਕਹਿਣ ਲਗੇ ਕਿ ਗਲਤੀ ਹੋ ਗਈ ਹੈ, ਠੀਕ ਕਰ ਦਿੰਦੇ ਹਾਂ। ਇਹ ਗਲਤੀ ਨਾਲ ਲਗਾ ਦਿਤਾ ਗਿਆ ਹੈ। ਅਸੀਂ ਜਦੋਂ ਜੇਲ੍ਹਾਂ ਵਿਚ ਜਾਂਦੇ ਹੁੰਦੇ ਸੀ ਉਦੋਂ ਇਨ੍ਹਾਂ ਨੇ ਮੁਆਫੀ ਮੰਗੀ, ਨਾਲੇ ਇਹ ਟੈਕਸ ਐਸ. ਜੀ ਪੀ. ਸੀ. ਤੋਂ ਵਾਪਿਸ ਲਿਆ। ਹਰਿਆਣਾ ਵਿਚ ਨਾਂ ਤਾਂ ਕਿਸੇ ਵਿਦਿਆਲੇ ਤੇ ਟੈਕਸ ਸੀ, ਨਾ ਕਿਸੇ ਹੋਰ ਜਗ੍ਹਾ ਤੇ ਟੈਕਸ ਸੀ ਪਰ ਐਸ. ਜੀ. ਪੀ. ਸੀ. ਤੇ ਜਿਸ ਕੋਲ 17 ਏਕੜ ਜ਼ਮੀਨ ਹੋਵੇ ਉਸ ਤੇ ਟੈਕਸ ਲਗਾਇਆ ਗਿਆ ਚਾਹੇ ਉਹ ਜ਼ਮੀਨ ਸਰੋਵਰ ਵਾਸਤੇ ਰੱਖ ਲਓ ਚਾਹੇ ਕਿਸੇ ਹੋਰ ਪਰਪਜ਼ ਵਾਸਤੇ ਰੱਖ ਲਓ। ਉਥੇ ਵੀ ਐਜੀਟੇਸ਼ਨ ਚਲਾਉਣੀ ਪਈ ਔਰ ਫਿਰ ਉਨ੍ਹਾਂ ਨੇ ਮੁਆਫੀ ਮੰਗੀ ਔਰ ਉਹ ਟੈਕਸ ਵਾਪਸ ਲਿਆ। ਪੰਜਾਬ ਅਕਾਰਡ ਵਿਚ 'ਐਨਅਦਰ ਫੈਕਟਰ' ਐਡ ਹੋ ਗਿਆ। ਉਸ ਲਈ ਰਾਜੀਵ ਗਾਂਧੀ, ਪ੍ਰਾਈਮ ਮਨਿਸਟਰ ਨੂੰ ਇਹ ਕਹਿਣਾ ਪਿਆ ਕਿ ਐਰਰ ਹੋ ਗਈ ਹੈ ਔਰ ਇਸ ਲਈ ਮੇਰੀ ਪਾਰਟੀ ਕੋਈ ਫਾਇਦਾ ਨਹੀਂ ਉਠਾਏਗੀ। (ਘੰਟੀ) ਇਹ ਚਿੱਟੇ ਕੱਪੜੇ ਪਾ ਕੇ ਆ ਜਾਂਦੇ ਹਨ ਇਨ੍ਹਾਂ ਨੂੰ ਨਾ ਚੰਡੀਗੜ੍ਹ ਦਾ ਫਿਕਰ ਹੈ, ਨਾ ਮਿਸ਼ਰਾ ਕਮਿਸ਼ਨ ਦਾ ਫਿਕਰ ਹੈ, ਨਾ ਇਰੈਡੀ ਕਮਿਸ਼ਨ ਦਾ ਫਿਕਰ ਹੈ। ਸਵੇਰੇ ਹੀ ਬੱਸਾਂ ਲੈ ਕੇ ਆ ਜਾਂਦੇ ਹਨ ਔਰ ਲੋਕਾਂ ਨੂੰ ਨਹਿਰ ਦਿਖਾਈ ਜਾਂਦੇ ਹਨ। ਇਸ ਨਹਿਰ ਵਿਚੋਂ ਸਾਡੇ ਪੰਜਾਬੀਆਂ ਦਾ ਖੂਨ ਜਾਏਗਾ, ਪਾਣੀ ਨਹੀਂ ਜਾਏਗਾ। (ਵਿਘਨ) ਮੈਂ ਬੇਨਤੀ ਕਰਦਾ ਹਾਂ ਕਿ ਪਹਿਲਾਂ ਹਰਿਆਣਾ ਵਾਲਿਆਂ ਨੇ ਇਨਕਮ ਟੈਕਸ ਲਗਾਕੇ ਰਾਜਵਾੜਾਸ਼ਾਹੀ ਕੀਤੀ, ਫਿਰ ਬੈਂਕਾਂ ਦੀ ਨੈਸ਼ਨੇਲਾਈਜ਼ੇਸ਼ਨ ਕਰਕੇ ਕਿੰਨੀ ਗਲਤੀ ਕੀਤੀ। ਫਿਰ ਆਨੰਦਪੁਰ ਸਾਹਿਬ ਦਾ ਮਤਾ ਸਾਰੇ ਹਿੰਦੁਸਤਾਨ ਵਿਚ ਦਿਖਾਉਂਦੇ ਰਹੇ ਕਿ ਪਤਾ ਨਹੀਂ ਉਸ ਵਿਚੋਂ ਕੀ ਨਿਕਲੇਗਾ। ਫਿਰ ਪਾਰਲੀਮੈਂਟ ਵਿਚ ਵੀ ਇਹ ਮਤਾ ਦਿਖਾਇਆ ਗਿਆ ਔਰ ਇਸ ਵਿਚੋਂ ਕੁਝ ਨਜ਼ਰ ਨਹੀਂ ਆਇਆ। ਮੈਂ ਬੇਨਤੀ ਕਰਦਾ ਹਾਂ ਕਿ ਕ੍ਰਿਪਾ ਕਰਕੇ ਇਸ ਰੈਜ਼ੋਲਿਊਸ਼ਨ ਨੂੰ ਰਿਕੁਮੈਂਡ ਕਰੋ ਔਰ ਯੂਨੈਨੀਮਸਲੀ ਪਾਸ ਕਰਕੇ ਇਸ ਨੂੰ ਉਪਰ ਭੇਜੋ ਕਿਉਂਕਿ ਇਸ ਨਾਲ ਕਿਸਾਨਾਂ ਦਾ ਭਲਾ ਹੋਵੇਗਾ।

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਭੂੰਦੜ ਬੋਲਣ ਲਈ ਖੜ੍ਹੇ ਹੋਏ।)

ਸ੍ਰੀ ਸਪੀਕਰ : ਨਹੀਂ ਜੀ, ਤੁਸੀਂ ਬੈਠੋ ਪਲੀਜ਼।

Shrimati Indira Narinder Singh : On a Point of Order, Sir...

Mr. Speaker : If you want to speak something I will give you an opportunity. Naturally it will take 7/8 minutes.

Shrimati Indira Narinder Singh : Sir, we have to consider this whether I must have my say. We have to consider this matter with great respect.

ਸ੍ਰੀ ਸਪੀਕਰ : ਤੁਸੀਂ ਪੁਆਇੰਟ ਆਫ ਆਰਡਰ ਤੇ ਬੋਲ ਰਹੇ ਹੋ ਜਾਂ ਇਸ ਰੈਜ਼ੋਲਿਊਸ਼ਨ ਤੇ ?

Shrimati Indira Narinder Singh : Sir, I would like to say a few words.

Mr. Speaker : I have not granted you time to speak on resolution.

Shrimati Indira Narinder Singh : May I have your permission to say a few words.

Mr. Speaker : Let us hear her.

Shrimati Indira Narinder Singh : The point to consider is whether this industry is going to benefit a small number of rich people in Punjab or are the benefits going to accrue to the smaller, to the weaker sections of society like Harijans of villages. Food processing is already existing in Ludhiana. The technology is very well advanced. It is so well and advanced that it would be endeavour on the part of the government to make honest effort to spare cottage industry which would process our food whether it be.....

Mr. Speaker : Madam, perhaps you have not followed me. Whether you would like to speak on a Point of Order or on the resoluation? If you speak on the resolution, I have not permitted you to do so.

ਪ੍ਰੋਫੈਸਰ ਦਰਬਾਰੀ ਲਾਲ : ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਪੁਆਇੰਟ ਆਫ ਆਰਡਰ ਤੇ ਤਾਂ ਮਿਸਿਜ਼ ਇੰਦਰਾ ਨਰਿੰਦਰ ਸਿੰਘ ਪਹਿਲਾਂ ਹੀ ਖੜ੍ਹੇ ਹਨ। ਇੰਦਰਾ ਨਰਿੰਦਰ ਸਿੰਘ ਜੀ, ਮੈਂ ਤੁਹਾਨੂੰ ਪੁਆਇੰਟ ਆਫ ਆਰਡਰ ਤੇ ਅਲਾਓ ਕੀਤਾ ਸੀ।

Shrimati Indira Narinder Singh : ** ** **

Mr. Speaker : This is no Point of Order. Please sit down. I will now call upon the Chief Minister Sahib.

STATEMENT BY CHIEF MINISTER *Re.* THE INVOLVEMENT OF A SON OF A MINISTER IN A CASE REGISTERED AGAINST HIM

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ) : ਸਪੀਕਰ ਸਾਹਿਬ, ਜਿਸ ਤਰ੍ਹਾਂ ਕੁਝ ਮੈਂਬਰਜ਼ ਨੇ ਇਤਰਾਜ਼ ਕੀਤਾ ਸੀ, ਮੈਂ ਅਸ਼ੋਰੈਂਸ ਦਿੱਤੀ ਸੀ ਕਿ ਹਾਊਸ ਐਡਜਰਨ ਹੋਣ ਤੋਂ ਪਹਿਲਾਂ ਬਿਆਨ ਦਿਆਂਗਾ। ਇਸ ਬਾਰੇ ਮੈਂ ਉਹ ਬਿਆਨ ਦੇ ਰਿਹਾ ਹਾਂ।

On 7th February, 1987 at about 7.30 P.M., information was received by Balbir Singh, ASI, in-charge Police Force, Gharial while he was on patrol duty that Harprit Singh S/o Sardar Mohinder Singh Sainawala of P.S.

**Expunged as ordered by the Chair.

Valtoha alongwith Satinder Singh alias Bhola, resident of Bhatinda and another person were making inflamatory speech at Bus Stand, Barnala on which a case U/s 3/4 of Terrorists & Disruptive Activities Prevention Act, 1985 was registered at PS Valtoha. Balbir Singh ASI reached there and arrested Harprit Singh S/o Sardar Mohinder Singh Sainawala. On a personal search, a revolver of .38 bore 30 live and 2 empty cartridges were recovered from right pocket of the trouser of Harprit Singh. Since he did not have a licence for the said revolver, a case FIR No. 27 dt. 7th February, 1987 u/s 25/54/59 of Arms Act, at P.S. Valtoha was registered against him. A revolver was later on found to be in the name of Smt. Amrjit Kaur Widow of Late S. Balwinder Singh, brother of Sardar Harprit Singh. Harprit Singh remained in police remand from 6th February, 1987 to 13th February, 1987 in case FIR No. 27. Thereafter he was sent to judicial custody. He was again taken in police remand on 2nd March, 1987 to 6th March, 1987. He was released on bail by the orders of the court on 6th March, 1987. The above mentioned cases against him are under investigation.

RESOLUTION *Re.* ENCOURAGING INVESTMENT IN LARGE SCALE AND TECHNOLOGICALLY ADVANCED AGRO-PROCESSING VENTURES (*Resumption of discussion*)

ਮੁੱਖ ਮੰਤਰੀ (ਸਰਦਾਰ ਸੁਰਜੀਤ ਸਿੰਘ ਬਰਨਾਲਾ): ਸਪੀਕਰ ਸਾਹਿਬ, ਇਹ ਜੋ ਰੈਜ਼ੋਲਿਊਸ਼ਨ ਚਲ ਰਿਹਾ ਹੈ, ਮੈਂ ਉਸ ਉਤੇ 2-4 ਮਿੰਟ ਬੋਲਣਾ ਚਾਹੁੰਦਾ ਹਾਂ, ਵਿਦ ਯੂਅਰ ਪਰਮਿਸ਼ਨ।

ਸ੍ਰੀ ਸਪੀਕਰ: : ਠੀਕ ਹੈ, ਹਾਲਾਂ 4 ਮਿੰਟ ਰਹਿੰਦੇ ਹਨ।

ਮੁੱਖ ਮੰਤਰੀ: ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਨੇ ਇਕ ਪ੍ਰਾਜੈਕਟ ਤਿਆਰ ਕੀਤਾ ਇਥੇ ਰੈਜ਼ੋਲਿਊਸ਼ਨ ਆਇਆ ਜਿਸ ਤੇ ਡਿਸਕਸ਼ਨ ਚਲ ਰਹੀ ਹੈ। ਇਹ ਪ੍ਰਾਜੈਕਟ ਇਸ ਲਈ ਤਿਆਰ ਕਰਨਾ ਪਿਆ ਕਿਉਂਕਿ ਪੰਜਾਬ ਵਿਚ ਕਣਕ ਅਤੇ ਝੋਨੇ ਦੀ ਪੈਦਾਵਾਰ ਇਸ ਹੱਦ ਤੱਕ ਪਹੁੰਚ ਗਈ ਹੈ ਕਿ ਹੁਣ ਸੈਚਰੇਸ਼ਨ ਪੁਆਇੰਟ ਆ ਗਿਆ ਹੈ। ਸਾਨੂੰ ਦਿੱਕਤਾਂ ਆਉਂਦੀਆਂ ਹਨ ਮਾਰਕਿਟਿੰਗ ਲਈ, ਮੰਡੀਆਂ ਵਿਚ ਝੋਨਾ ਰੁਲ ਜਾਂਦਾ ਹੈ। ਪਰਚੇਜ਼ਿੰਗ ਏਜੰਸੀ ਜੋ ਹੈ ਉਹ ਐਫ. ਸੀ. ਆਈ. ਹੈ, ਉਹ ਕਈ ਵਾਰੀ ਨਖਰਾ ਕਰਦੀ ਹੈ ਔਰ ਉਹ ਚੁਕਦੀ ਨਹੀਂ। ਬੜੀ ਮੁਸ਼ਕਿਲ ਨਾਲ ਇਸ ਸਾਲ ਅਸੀਂ ਅਨਾਜ਼ ਚੁਕਵਾਇਆ ਹੈ। ਪਹਿਲਾਂ ਟਰੇਨਜ਼ ਰਾਹੀਂ ਫਿਰ ਦੂਸਰੇ ਤਰੀਕੇ ਨਾਲ ਮੂਵਮੈਂਟ ਹੋਈ, ਕੁਝ ਐਫ. ਸੀ. ਆਈ. ਨੇ ਅਨਾਜ ਦੀ ਮੂਵਮੈਂਟ ਕੀਤੀ, ਕੁਝ ਅਸੀਂ ਟਰੱਕਾਂ ਰਾਹੀਂ ਮੂਵਮੈਂਟ ਕਰਵਾਈ ਹੈ। ਇਸ ਨਾਲ ਟਰੱਕਾਂ ਵਾਲਿਆਂ ਨੂੰ, ਟਰੱਕ ਓਨਰਜ਼ ਨੂੰ ਵੀ ਫਾਇਦਾ ਹੋਵੇਗਾ ਅਤੇ ਅਨਾਜ ਵੀ ਬਾਹਰ ਜਾਵੇਗਾ। ਡਾਈਵਰਸੀਫਿਕੇਸ਼ਨ, ਸਪੀਕਰ ਸਾਹਿਬ, ਹੋ ਸਕਦੀ ਹੈ ਥੋੜੀ ਬਹੁਤ ਸ਼ੂਗਰਕੇਨ ਵਿੱਚ ਹੋ ਸਕਦੀ ਹੈ ਔਰ ਉਸ ਦੇ ਵਿਚ ਅਸੀਂ ਡਾਈਵਰਸੀਫਿਕੇਸ਼ਨ ਕੀਤੀ ਵੀ ਹੈ। ਇਸੇ ਤਰ੍ਹਾਂ ਡਾਈਵਰਸੀਫੀਕੇਸ਼ਨ ਪੰਜਾਬ ਵਿੱਚ ਜੇ ਹੋ ਸਕਦੀ ਹੈ ਤਾਂ ਉਹ ਦਾਲਾਂ ਅਤੇ ਤੇਲ ਦੇ ਬੀਜਾਂ ਵਿੱਚ ਹੋ ਸਕਦੀ ਹੈ ਔਰ ਅਸੀਂ ਇਧਰ ਲਗੇ ਹੋਏ ਹਾਂ। ਇਸੇ ਤਰ੍ਹਾਂ, ਸਪੀਕਰ ਸਾਹਿਬ, ਵੈਜੀਟੇਬਲਜ਼ ਅਤੇ ਫਰੂਟਸ ਦੀ ਡਾਈਵਰਸੀਫੀਕੇਸ਼ਨ ਹੋ ਸਕਦੀ ਹੈ। ਫਰੂਟ ਦੀ ਬੜੀ ਗੁੰਜਾਇਸ਼ ਹੈ। ਸਰਦਾਰ ਪ੍ਰਤਾਪ ਸਿੰਘ ਕੈਰੋਂ ਵੇਲੇ ਫਰੂਟਸ ਦੇ ਵੱਲ ਤਵੱਜੋ ਦਿੱਤੀ ਗਈ ਸੀ ਔਰ ਉਸ ਨੂੰ ਬੜ੍ਹਾਵਾ ਦੇਣ ਵਾਸਤੇ ਕਈ ਫੈਸਿਲਟੀਜ਼ ਦਿੱਤੀਆਂ ਗਈਆਂ। ਜਿਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਦੇ ਇਕ ਖਿਤੇ ਵਿੱਚ ਮਾਲਟੇ, ਕਿੰਨੂ ਅਤੇ ਸੰਤਰੇ ਜੋ ਹਨ ਉਹ ਸਾਰੇ ਦੇ ਸਾਰੇ ਉਸ ਏਰੀਏ ਵਿੱਚ ਹੋਣ ਲੱਗ ਪਏ।

[ਮੁੱਖ ਮੰਤਰੀ]

ਅੱਜ ਵੀ ਇਕ ਛੋਟਾ ਜਿਹਾ ਕੰਪੋਨੈਂਟ ਅਬੋਹਰ ਵਿੱਚ ਜੂਸ ਕੱਢਣ ਦਾ ਹੈ। ਪਿਛੇ ਜਿਹੇ ਟਮਾਟਰ ਦਾ ਜੂਸ ਉਥੇ ਬਣਨਾ ਸ਼ੁਰੂ ਹੋ ਗਿਆ। ਕਿਸਾਨ ਕੁਝ ਬੜੀ ਛੇਤੀ ਜਿਹੀ ਕਰ ਜਾਂਦੇ ਹਨ, ਜਦੋਂ ਕਿਸਾਨ ਨੇ ਇਸ ਨੂੰ ਦੇਖਿਆ ਤਾਂ ਉਸ ਨੇ ਟਮਾਟਰ ਦੀ ਪੈਦਾਵਾਰ ਕਰਨੀ ਸ਼ੁਰੂ ਕਰ ਦਿਤੀ ਜਿਸ ਦਾ ਨਤੀਜਾ ਇਹ ਹੋਇਆ ਕਿ ਟਮਾਟਰ ਬਹੁਤ ਪੈਦਾ ਹੋ ਗਿਆ। ਉਨ੍ਹਾਂ ਦੀ ਕਪੈਸਟੀ ਇਤਨੀ ਹੈ ਨਹੀਂ ਸੀ, ਉਹ ਇਤਨਾ ਟਮੈਟੋ ਜੂਸ ਕੱਢ ਨਾ ਸਕੇ ਜਿਤਨਾ ਟਮਾਟਰ ਪੈਦਾ ਹੋ ਗਿਆ। ਨਤੀਜਾ ਇਹ ਹੋਇਆ ਕਿ ਟਮਾਟਰ ਦੀ ਕੀਮਤ ਗਿਰ ਗਈ ਔਰ ਇਹ ਭਾਅ ਸ਼ਾਇਦ ਚਾਰ ਆਨੇ ਜਾਂ ਅੱਠ ਆਨੇ ਕਿਲੋ ਤੇ ਵੀ ਆ ਗਿਆ। ਐਸਾ ਵੀ ਹੋਇਆ ਕਿ ਕਿਸਾਨ ਟਮਾਟਰਾਂ ਦੀਆਂ ਟਰਾਲੀਆਂ ਭਰ ਕੇ ਮੰਡੀਆਂ ਵਿੱਚ ਸੁਟ ਕੇ ਜਾਂਦਾ ਰਿਹਾ। ਇਹ ਵੀ ਪੁਜੀਸ਼ਨ ਪੈਦਾ ਹੋਈ ਹੈ। ਕਹਿਣ ਦਾ ਭਾਵ ਪ੍ਰੋਸੈਸਿੰਗ ਦੀ ਲੋੜ ਹੈ। ਪ੍ਰੋਸੈਸਿੰਗ ਦੇ ਲਈ ਜਿਹੜੀਆਂ ਫੈਸਿਲਟੀਜ਼ ਹਨ ਉਸ ਨੂੰ ਦੇਖਣ ਦੀ ਲੋੜ ਹੈ। ਇਸ ਦੇ ਵਿਚ ਇਹ ਦੇਖਣ ਵਾਲੀ ਗੱਲ ਹੈ ਕਿ ਪ੍ਰੋਸੈਸਿੰਗ ਕਿਵੇਂ ਹੋ ਸਕਦੀ ਹੈ।

ਸਰਦਾਰ ਸੁਖਦੇਵ ਸਿੰਘ ਢਿੱਲੋਂ ਨੇ ਅੰਗੂਰਾਂ ਦਾ ਜ਼ਿਕਰ ਕੀਤਾ ਸੀ। ਉਸ ਇਲਾਕੇ ਵਿਚ ਟਿੱਬੇ ਹਨ ਅਤੇ ਰੇਤਾ ਹੈ ਔਰ ਉਸ ਇਲਾਕੇ ਵਿਚ ਫਸਲ ਹੋਰ ਕੋਈ ਪੈਦਾ ਨਹੀਂ ਸੀ ਹੋ ਸਕਦੀ। ਕੋਈ ਇਸ ਕਿਸਮ ਦਾ ਖਿਆਲ ਸੀ। ਉਸ ਇਲਾਕੇ ਵਿਚ ਅੰਗੂਰ ਦੀ ਫਸਲ ਪੈਦਾ ਹੋਈ ਅਤੇ ਇਸ ਵੇਲੇ ਪੋਜੀਸ਼ਨ ਇਹ ਹੈ ਕਿ ਏਕੜਾਂ ਦੇ ਏਕੜ ਜ਼ਮੀਨ ਵਿਚ ਲੋਕੀਂ ਅੰਗੂਰ ਲਾ ਰਹੇ ਹਨ। ਸਪੀਕਰ ਸਾਹਿਬ, ਫਸਲ ਜੋ ਹੈ ਉਹ ਤਾਂ ਬਹੁਤ ਛੇਤੀ ਛੇਤੀ ਜਾਂਦੀ ਹੈ ਪਰ ਉਸ ਦੀ ਮਾਰਕਿਟਿੰਗ ਵਾਸਤੇ ਫਿਰ ਬੜੀ ਮੁਸ਼ਕਿਲ ਆ ਜਾਂਦੀ ਹੈ। ਮਾਰਕਿਟ ਛੇਤੀ ਨਾ ਹੋਣ ਕਾਰਣ ਕਿਸਾਨ ਘਾਟਾ ਖਾ ਜਾਂਦਾ ਹੈ। ਇਸ ਵੇਲੇ ਉਸ ਨੂੰ 25-30 ਹਜ਼ਾਰ ਰੁਪਿਆ ਇਕ ਏਕੜ ਦੀ ਪੈਦਾਵਾਰ ਪਿਛੇ ਮਿਲ ਸਕਦਾ ਹੈ ਜੇ ਉਹ ਪ੍ਰੋਸੈਸਿੰਗ ਵਿੱਚ ਆ ਜਾਵੇ। ਸੋ ਲੋੜ ਪ੍ਰੋਸੈਸਿੰਗ ਦੀ ਹੈ ਫਰੂਟਸ ਦੀ ਜਾਂ ਵੈਜੀਟੇਬਲਜ਼ ਦੀ ਅਤੇ ਇਸ ਦੇ ਨਾਲ ਇਹ ਕੰਮ ਬਹੁਤ ਅੱਛੇ ਚਲਣਗੇ ਔਰ ਇਸ ਤੋਂ ਲਾਭ ਹੋ ਸਕਦਾ ਹੈ। ਕੁਝ, ਸਪੀਕਰ ਸਾਹਿਬ, ਇਥੇ ਸ਼ੰਕੇ ਜ਼ਾਹਰ ਕੀਤੇ ਗਏ ਹਨ ਔਰ ਪੈਪਸੀ ਦਾ ਨਾਮ ਸੁਣ ਕੇ ਤਾਂ ਕੁਝ ਮੈਂਬਰ ਸਾਹਿਬਾਨ ਅਲਰਜਕ ਹੋ ਗਏ। ਇਹ ਪੈਪਸੀ ਇੰਟਰਨੈਸ਼ਨਲ ਨਾਮ ਹੈ। ਇਸ ਨਾਮ ਦੀ ਸ਼ਾਇਦ ਮਨਾਪਲੀ ਹੋ ਗਈ ਹੈ। ਚੀਨ ਵਿਚ ਔਰ ਰਸ਼ੀਆ ਵਿਚ ਇਸ ਨੇ ਆਪਣਾ ਨਾਮ ਪੈਦਾ ਕਰ ਲਿਆ ਹੈ, ਉਥੇ ਇਹ ਪੈਪਸੀ ਛਾ ਗਈ ਹੈ। ਨਾ ਕੇਵਲ ਕੋਲਡ ਡਰਿੰਕਸ ਵਿੱਚ ਬਲਕਿ ਐਗਰੋ ਇੰਡਸਟਰੀ ਵਿੱਚ ਵੀ ਪੈਪਸੀ ਦਾ ਨਾਮ ਬਹੁਤ ਵੱਡਾ ਹੋ ਗਿਆ ਹੈ। ਪੈਪਸੀ ਦੇ ਜੋ ਕੰਮ ਹਨ ਉਨ੍ਹਾਂ ਨੂੰ ਐਗਜ਼ਾਮਿਨ ਕੀਤਾ ਗਿਆ। ਜੋ ਪ੍ਰੋਜੈਕਟ ਤਿਆਰ ਕੀਤਾ ਗਿਆ ਉਸ ਨੂੰ ਐਗਜ਼ਾਮਿਨ ਕੀਤਾ ਗਿਆ। ਪੈਪਸੀ ਦਾ ਜੋ ਕੰਮ ਹੈ ਉਹ ਹੈ ਫਰੂਟ ਕਿਸ ਤਰ੍ਹਾਂ ਪ੍ਰੋਸੈਸ ਕਰਨਾ ਹੈ। ਉਨ੍ਹਾਂ ਦਾ ਫਰੂਟ ਪ੍ਰੋਸੈਸਿੰਗ ਦਾ ਕੰਮ ਹੈ, ਸਾਫਟ ਡ੍ਰਿੰਕਸ ਦਾ ਕੰਮ ਹੈ। ਮੇਨ ਕੰਪੋਨੈਂਟ ਫੂਡ ਪ੍ਰੋਸੈਸਿੰਗ ਦਾ ਹੈ ਇਸ ਦੇ ਵਾਸਤੇ ਜਿਹੜੀ ਲੇਟੈਸਟ ਟੈਕਨਾਲੋਜੀ ਦੁਨੀਆਂ ਵਿਚ ਹੈ ਉਹ ਸਾਨੂੰ ਪ੍ਰੋਵਾਈਡ ਕਰੇਗੀ। ਇਥੇ ਦੇ ਕਿਸਾਨ ਨੂੰ ਫਾਇਦਾ ਹੋ ਸਕੇਗਾ। ਇਹ ਟੈਕਨਾਲੋਜੀ ਸਾਡੇ ਆਏਗੀ ਫਿਰ ਅਸੀਂ ਆਪਣੀ ਨੋ ਹਾਉ ਅੱਗੇ ਦੇਣ ਲਈ ਕਾਬਲ ਹੋ ਸਕਾਂਗੇ। ਅਸੀਂ ਇਹ ਕਰ ਰਹੇ ਹਾਂ ਕਿ ਪੰਜਾਬ ਕੋਲ ਟੈਕਨਾ-ਲੋਜੀ ਆਏ। ਇਥੇ ਈਸਟ ਇੰਡੀਆ ਕੰਪਨੀ ਦੀ ਗਲ ਆ ਗਈ। ਮੈਂ ਦਸਦਾ ਹਾਂ ਕਿ ਉਨ੍ਹਾਂ ਦਾ ਬਹੁਤ ਥੋੜਾ ਜਿਹਾ ਹਿੱਸਾ ਹੋਣਾ ਹੈ ਬਾਕੀ ਸਾਡੀ ਪੰਜਾਬ ਸਟੇਟ ਦਾ ਹੋਵੇਗਾ, ਪੰਜਾਬ ਐਗਰੋ ਇੰਡਸਟਰੀ ਦਾ ਹੋਵੇਗਾ ਜਾਂ ਟਾਟਾ ਹੈ ਉਸ ਦਾ ਹਿੱਸਾ ਹੋਵੇਗਾ। ਇਸ ਪ੍ਰੋਜੈਕਟ ਦੀ ਸਿਰਫ 55 ਕਰੋੜ ਰੁਪਏ ਦੀ ਐਕਸਪੋਰਟ ਹੋਵੇਗੀ ਪਹਿਲੇ ਪੰਜ ਸਾਲਾਂ ਵਿਚ 11 ਕਰੋੜ ਰੁਪਏ ਦੀ ਇਕ ਸਾਲ ਵਿਚ ਐਕਸ-

ਪੋਰਟ ਹੋਵੇਗੀ। ਜੂਸ ਕਢਕੇ ਬਾਹਰ ਜਾਣ ਲਗ ਪਏਗਾ। ਇਸ ਦੇ ਨਾਲ ਕਿਸਾਨ ਨੂੰ ਉਤਸ਼ਾਹ ਮਿਲੇਗਾ। ਹੋ ਸਕਦਾ ਹੈ ਅਸੀਂ ਸਾਰੇ ਜ਼ਿਲ੍ਹਿਆਂ ਵਿਚ ਛੋਟੇ ਛੋਟੇ ਯੂਨਿਟ ਲਗਾ ਸਕੀਏ ਜਿਸ ਨਾਲ ਪੰਜਾਬ ਨੂੰ ਕਾਫੀ ਫਾਇਦਾ ਹੋ ਸਕਦਾ ਹੈ। ਸਾਡਾ ਮੁੱਦਾ ਤਾਂ ਇਹੀ ਹੈ ਪਰ ਸਾਡਾ ਦੇਸ਼ ਦੇ ਅੰਦਰ ਇਸ ਤਰ੍ਹਾਂ ਵਿਰੋਧ ਕਰ ਰਹੇ ਹਨ। ਅਸੀਂ ਤਾਂ ਇਧਰ ਡਾਈਵਰਸੀਫਿਕੇਸ਼ਨ ਕਰ ਰਹੇ ਹਾਂ ਪਰ ਸਾਡੇ ਖਿਲਾਫ ਲਾਬੀਆਂ ਹਨ ਜਿਹੜੀਆਂ ਸਾਨੂੰ ਨਹੀਂ ਵਧਣ ਦਿੰਦੀਆਂ। ਇਸ ਤਰ੍ਹਾਂ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਕਿ ਇਹ ਪੰਜਾਬ ਆਪਣੇ ਆਪ ਲਾ ਲਵੇ। ਅਸੀਂ ਕਹਿੰਦੇ ਰਹੇ ਕਿ ਸਾਨੂੰ ਪਾਵਰ ਹੋਣੀ ਚਾਹੀਦੀ ਹੈ। ਇਹ ਸਾਰਾ 22 ਕਰੋੜ ਰੁਪਏ ਦਾ ਪ੍ਰੋਜੈਕਟ ਹੈ। ਇਹ ਬਹੁਤ ਜ਼ਿਆਦਾ ਨਹੀਂ ਪਰ ਇੰਨਾਂ ਤਾਂ ਸਟੇਟ ਨੂੰ ਅਖਤਿਆਰ ਹੋਵੇ। ਇਸ ਕਰਕੇ ਅਨੰਦਪੁਰ ਸਾਹਿਬ ਦਾ ਰੈਜ਼ੋ-ਲਿਊਸ਼ਨ ਲਿਆਂਦਾ ਸੀ। ਉਸ ਵਿਚ ਇਹੀ ਗੱਲਾਂ ਹਨ ਕਿ ਸਟੇਟਸ ਨੂੰ ਅਧਿਕਾਰ ਦਿਓ, ਇਕੱਲੇ ਪੰਜਾਬ ਵਾਸਤੇ ਹੀ ਨਹੀਂ ਸਾਰੀਆਂ ਸਟੇਟਾਂ ਕਹਿੰਦੀਆਂ ਹਨ ਸਾਨੂੰ ਅਖਤਿਆਰ ਦਿਓ। ਜਿੰਨੇ ਅਸੀਂ ਅਗੇ ਵੱਧ ਸਕਦੇ ਹਾਂ, ਵੱਧੀਏ। ਅਸੀਂ ਇਹ ਵੀ ਕੀਤਾ ਹੈ ਕਿ ਪ੍ਰਾਸੈਸਿੰਗ ਯੂਨਿਟਸ ਜਿਹੜੇ ਬਾਹਰੋਂ ਆਉਂਦੇ ਹਨ ਉਨ੍ਹਾਂ ਨੂੰ ਵਧਾ ਦਿਓ ਲੇਕਿਨ ਇਸ ਦੇ ਵਿਚ ਗੁੰਜਾਇਸ਼ ਨਹੀਂ। ਸੋ ਮੈਂ ਅਰਜ਼ ਇਹ ਕਰ ਰਿਹਾ ਹਾਂ ਕਿ......... (ਵਿਘਨ)।

ਸ੍ਰੀ ਸਪੀਕਰ : ਜੇ ਹਾਊਸ ਦੀ ਆਗਿਆ ਹੋਵੇ ਤਾਂ ਹਾਊਸ ਦਾ ਸਮਾਂ ਵਧਾ ਦਿਤਾ ਜਾਏ ?

Voices : No, No.

ਮੁੱਖ ਮੰਤਰੀ : ਬੱਸ ਜੀ ਮੈਂ ਖਤਮ ਹੀ ਕਰਨ ਲੱਗਾ ਹਾਂ।

ਮੈਂ ਅਰਜ਼ ਕਰ ਰਿਹਾ ਸੀ ਕਿ ਅਸੀਂ ਮੋਸਟ ਐਡਵਾਂਸ ਟੈਕਨਾਲੋਜੀ ਦੁਨੀਆਂ ਦੀ ਹਾਸਲ ਕਰਾਂਗੇ, ਇਸ ਦੇ ਨਾਲ ਰਿਸਰਚ ਸੈਂਟਰਜ਼ ਮਿਲਣਗੇ, ਉਸ ਤੇ ਦੋ ਕਰੋੜ ਰੁਪਏ ਲਗਣੇ ਹਨ। ਰਿਸਰਚ ਹੋਣੀ ਹੈ ਤਾਕਿ ਅਸੀਂ ਅੱਗੇ ਵੱਧ ਸਕੀਏ ਅਤੇ ਲਾਭ ਉਠਾ ਸਕੀਏ। ਦੂਜੇ ਸੂਬੇ ਹਨ ਉਹ ਵੀ ਇਥੋਂ ਲਾਭ ਲੈ ਸਕਣ, ਕਿਸਾਨ ਲਾਭ ਲੈ ਸਕਣ, ਇਸ ਲਈ ਇਹ ਉਦਮ ਕੀਤਾ ਹੈ।

ਸ੍ਰੀ ਸਪੀਕਰ : ਸਦਨ ਬੁੱਧਵਾਰ ਮਿਤੀ 1 ਅਪਰੈਲ, 1987 ਸਵੇਰ ਦੇ 9.00 ਵਜੇ ਤਕ ਸਥਗਿਤ ਕੀਤਾ ਜਾਂਦਾ ਹੈ।

*1.30 P.M. | (ਸਭਾ ਬੁੱਧਵਾਰ ਮਿਤੀ 1 ਅਪਰੈਲ, 1987 ਸਵੇਰ ਦੇ 9.00 ਵਜੇ ਤੱਕ *ਸਥਗਿਤ ਹੋ ਗਈ।)

26322 PVS—Govt. Press, Chd.

Published under the authority of the Punjab Vidhan Sabha and printed by the Controller, Printing and Stationery Department, U.T., Chandigarh.

[illegible] ਜਿਸਲ ਰਿਕਾਰਡ ਕੀਤੀ ਗਈ ਅਤੇ ਉਸ ਦਾ ਸੰਭਾਲ ਸਮਾਂ 'A' 'B' or 'C' proceedings in which the file was recorded and its retention period	
ਕੀ ਕੇਸ ਸਬੰਧੀ ਨੋਟ ਸ਼ਾਖਾ/ ਸੈਕਸ਼ਨ ਦੀ ਨੋਟ ਬੁੱਕ ਵਿਚ ਰੱਖਿਆ ਹੋਇਆ ਹੈ ਜਾਂ ਨਹੀਂ Whether note regarding case has been kept in the Branch/Sectional Note Book or not	
ਸਬੰਧਤ ਸਹਾਇਕ ਦੇ ਹਸਤਾਖਰ Initials of the concerned Assistant	
ਰਿਕਾਰਡਰ ਦੇ ਹਸਤਾਖਰ Initials of the Recorder	

ਪਿਛਲੇ ਹਵਾਲੇ Previous References	ਬਾਅਦ ਦੇ ਹਵਾਲੇ Later References